ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਪ੍ਰਾਚੀਨ
# ਪੰਥ ਪ੍ਰਕਾਸ਼

## ਸਟੀਕ

ਸ਼ਹੀਦ ਭਾਈ ਰਤਨ ਸਿੰਘ ਜੀ ਭੰਗੂ ਵਾਲਾ

ਭਾਗ ਦੂਜਾ

ਟੀਕਾਕਾਰ :-

ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ 'ਅਕਾਲੀ'

ਜਥੇਦਾਰ 96 ਕ੍ਰੋੜੀ ਬੁੱਢਾ ਦਲ ਪੰਜਵਾਂ ਤਖ਼ਤ

# ਪ੍ਰਾਚੀਨ ਪੰਥ ਪ੍ਰਕਾਸ਼

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਤਬ ਸਹਿਜੈ ਪ੍ਰਗਟਿਉ ਜਗਤ ਮੈਂ ਗੁਰੂ ਜਾਪ ਅਪਾਰਾ॥
ਇਉਂ ਉਪਜੇ ਸਿੰਘ ਭੁਜੰਗੀਏ ਨੀਲ ਅੰਬਰ ਧਾਰਾ॥

# ਪ੍ਰਾਚੀਨ ਪੰਥ ਪ੍ਰਕਾਸ਼

## ਸਟੀਕ

ਸ਼ਹੀਦ ਭਾਈ ਰਤਨ ਸਿੰਘ ਜੀ ਭੰਗੂ ਵਾਲਾ

## (ਭਾਗ ਦੂਜਾ)

ਟੀਕਾਕਾਰ :-

**ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ "ਅਕਾਲੀ"**

ਜਥੇਦਾਰ ੯੬ ਕ੍ਰੋੜੀ ਬੁੱਢਾ ਦਲ ਪੰਜਵਾਂ ਤਖ਼ਤ

ਪ੍ਰਕਾਸ਼ਕ :

**ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ**

ਚਲਦਾ ਵਹੀਰ ਪੰਜਾਬ (ਹਿੰਦੁਸਤਾਨ)

© ਪ੍ਰਕਾਸ਼ਕ

ਭੇਟਾ : 350-00

*ਪ੍ਰਿੰਟਰ ਤੇ ਪ੍ਰਕਾਸ਼ਕ :-*

ਸੁਲਤਾਨੁਲ ਕੌਮ-ਪੰਥ ਰਤਨ

**ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਜਥੇਦਾਰ ਛਿਆਨਵੇਂ ਕ੍ਰੋੜੀ**

**ਸ਼੍ਰੋ: ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਪੰਜਾਬ (ਹਿੰਦੁਸਤਾਨ)**

ਦੀ ਆਗਿਆ ਅਨੁਸਾਰ

**ਬੁੱਢਾ ਦਲ ਪੰਜਵਾਂ ਤਖ਼ਤ ਪ੍ਰਿੰਟਿੰਗ ਪ੍ਰੈਸ**

ਬਾਬਾ ਬੰਬਾ ਸਿੰਘ ਜੀ ਦੀ ਬਗ਼ੀਚੀ ਲੋਇਰ ਮਾਲ ਰੋਡ, ਪਟਿਆਲਾ ਵਿਖੇ ਜਥੇਦਾਰ ਦਿਆਲ ਸਿੰਘ ਲਿਖਾਰੀ ਦੇ ਪ੍ਰਬੰਧ ਹੇਠ ਛਾਪਿਆ ਗਿਆ ਤੇ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਬਠਿੰਡਾ ਤੋਂ ਖਾਲਸਾ ਸੰਮਤ 302, ਕਤਕ ਸੁਦੀ ਪੂਰਨਮਾਸ਼ੀ ਮੁਤਾਬਿਕ 11 ਨਵੰਬਰ ਸੰਨ 2000 ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬ੍ਰ : (0175) 301814, 212719, 213091

Email : uday_pat@123india.com

Website : www.budhadal.com

## ਦੋ ਸ਼ਬਦ

ਪ੍ਰਾਚੀਨ ਪੰਥ ਪ੍ਰਕਾਸ਼ ਭਾਈ ਰਤਨ ਸਿੰਘ ਜੀ ਭੰਗੂ ਦਾ ਖਾਲਸਾ ਪੰਥ ਦੇ ਗੁਰਮਤਿ ਇਤਿਹਾਸ ਦੀ ਪਹਿਲੀ ਸਰੋਤ ਹੈ। ਖਾਲਸੇ ਦਾ ਬੀਰ ਰਸੀ ਇਤਿਹਾਸ ਲਿਖਣ ਦਾ ਕਾਰਨ ਟੀਕੇ ਵਿਚ ਵਰਣਨ ਹੈ। ਮੂਲ ਪਾਠਾਂ ਸਹਿਤ ਇਹ ਪਹਿਲਾ ਮੁਕੰਮਲ ਸਟੀਕ ਸਰਲ ਭਾਸ਼ਾ ਵਿਚ ਹਰ ਇਕ ਪ੍ਰਸੰਗ ਅਤੇ ਸਾਖੀ ਨੂੰ ਵਿਸਥਾਰ ਨਾਲ ਪ੍ਰਗਟ ਕਰਨ ਦਾ ਯਤਨ ਕੀਤਾ ਹੋਇਆ ਹੈ। ਇਕ ਪ੍ਰਸੰਗ ਨੂੰ ਪੜ੍ਹਨਾ ਆਰੰਭ ਕਰੀਏ ਤਾਂ ਸਾਰਾ ਪ੍ਰਸੰਗ ਪੜ੍ਹ ਕੇ ਹੀ ਉਠਣ ਨੂੰ ਦਿਲ ਕਰਦਾ ਹੈ। .

ਟੀਕਾਕਾਰ ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ ਦੀ ਸਿਹਤ ਭਾਵੇਂ ਠੀਕ ਨਹੀਂ ਰਹਿੰਦੀ ਪਰ ਫਿਰ ਵੀ ਜੱਥੇਦਾਰ ਉਦੇ ਸਿੰਘ ਜੀ, ਵਹੀਰ ਦੇ ਸਿੰਘਾਂ, ਸਮੂੰਹ ਬੁੱਢਾ ਦਲ ਜਥੇਬੰਦੀ ਅਤੇ ਸੰਗਤਾਂ ਦੀ ਪ੍ਰੇਰਨਾ ਤੇ ਪੰਥ ਪ੍ਰਕਾਸ਼ ਦੀ ਲੜੀਵਾਰ ਕਥਾ ਪ੍ਰਾਰੰਭ ਕੀਤੀ। ਸਾਰੀ ਕਥਾ ਨੂੰ ਟੇਪ ਰੀਕਾਰਡ ਕੀਤਾ ਗਿਆ। ਟੇਪਾਂ ਤੋਂ ਕਥਾ ਕਾਪੀਆਂ ਤੇ ਗਿਆਨੀ ਰੇਸ਼ਮ ਸਿੰਘ ਜੀ ਕੋਲੋਂ ਲਿਖਵਾਈ।

ਕਥਾ ਛਪਾਉਣ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਸਾਰਾ ਟੀਕਾ ਦੌ ਭਾਗਾਂ ਵਿਚ ਸੋਧ ਅਤੇ ਪਰੂਫ ਪੜ੍ਹਨ ਦੀ ਸੇਵਾ ਦਾਸ ਨੂੰ ਸੌਂਪੀ ਗਈ। ਦੁਬਾਰਾ ਸੋਧੀਆਂ ਹੋਈਆਂ ਕਾਪੀਆਂ ਤੇ ਪਰੂਫ ਨੂੰ ਪੜ੍ਹ ਕੇ ਅੰਤਮ ਰੂਪ ਦੇਣ ਦੀ ਸੇਵਾ ਜਥੇਦਾਰ ਉਦੇ ਸਿੰਘ ਜੀ ਵਾਇਸ ਪ੍ਰੈਜੀਡੈਂਟ ਬੁੱਢਾ ਦਲ ਪਬਲਿਕ ਸਕੂਲ ਪਟਿਆਲਾ ਨੇ ਕੀਤੀ।

ਸਿੰਘ ਸਾਹਿਬ ਬਾਬਾ ਜੀ ਦਾ ਸਕੂਲ ਦੀ ਵਿੱਦਿਆ ਤੋਂ ਵਾਂਝੇ ਰਹਿਣ ਦਾ ਕਾਰਨ ਬਾਰਾਂ ਸਾਲ ਦੀ ਉਮਰ ਵਿਚ ਘਰ-ਬਾਰ ਤਿਆਗ ਕੇ ਬੁੱਢੇ ਦਲ ਦੇ ਵਹੀਰ ਵਿਚ ਸ਼ਾਮਿਲ ਹੋਣਾ ਸੀ। ਪ੍ਰੰਤੂ ਧਾਰਮਿਕ ਵਿਦਿਆ ਅਤੇ ਸ਼ਸਤ੍ਰ ਵਿਦਿਆ ਦੀ ਮਨ ਵਿਚ ਤੀਬਰ ਇੱਛਾ ਸੀ। ਸ਼ਸਤ੍ਰ ਵਿਦਿਆ ਵਿਚ ਛੋਟੀ ਉਮਰ ਵਿਚ ਹੀ ਆਪ ਦੇ ਸਾਹਮਣੇ ਸ਼ਸਤ੍ਰ ਅਖਾੜੇ ਵਿਚ ਉਤਰਨ ਨੂੰ ਮਾਸਟਰ ਵੀ ਕੰਨੀ ਕਤਰਾਉਂਦੇ। ਸ਼ਸਤ੍ਰ ਵਿਦਿਆ ਦੀ ਉਸਤਾਦੀ ਦੀ ਪੱਗ ਹੁਣ ਤਕ ਬਾਬਾ ਜੀ ਪਾਸ ਹੈ।

ਧਾਰਮਿਕ ਵਿਦਿਆ ਲਈ ਸੱਚਖੰਡ ਵਾਸੀ ਤਿੰਨ ਮਹਾਂ ਪੁਰਸ਼ਾਂ ਸਿੰਘ ਸਾਹਿਬ ਜਥੇਦਾਰ ਬਾਬਾ ਸਾਹਿਬ ਸਿੰਘ ਜੀ 'ਕਲਾਧਾਰੀ' ਜਥੇਦਾਰ ਬੁੱਢਾ ਦਲ, ਬ੍ਰਹਮ ਬੇਤਾ ਬਾਬਾ ਮਿਤ ਸਿੰਘ ਜੀ ਅਤੇ ਬਾਬਾ ਧਰਮ ਸਿੰਘ ਜੀ ਜਥੇਦਾਰ ਗੁਰਦੁਆਰਾ ਮਾਤਾ ਸਾਹਿਬ ਦੇਵਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਦੀ ਅਥਾਹ ਸੇਵਾ ਨੇ ਆਪ ਜੀ ਦੇ ਅਨੁਭਵੀ ਕਪਾਟ ਖੋਲ੍ਹ ਦਿੱਤੇ। ਸ੍ਰੀ ਦਸਮ ਗ੍ਰੰਥ, ਸ੍ਰੀ ਸਰਬ ਲੋਹ ਗ੍ਰੰਥ ਅਤੇ ਹੋਰ ਇਤਿਹਾਸਕ ਗ੍ਰੰਥਾਂ ਦੀ ਕਥਾ ਸ੍ਰੋਤਿਆਂ ਨੂੰ ਅਨੰਦ ਦਿੰਦੀ ਹੈ।

ਇਕ ਵਾਰੀ ਬਾਬਾ ਧਰਮ ਸਿੰਘ ਜੀ ਨੂੰ ਸਿੰਘ ਸਾਹਿਬ ਜੀ ਨੇ ਕਿਹਾ ਬਾਬਾ ਜੀ ਮੈਨੂੰ ਵਿਦਿਆ ਪੜ੍ਹਾਉ ਤਾਂ ਮਹਾਂ ਪੁਰਸ਼ਾਂ ਨੇ ਉਤਰ ਦਿੱਤਾ ਤੁਸੀਂ ਤਾਂ ਪੜ੍ਹੇ ਪੜ੍ਹਾਏ ਹੋ ਦੂਜੀ ਵਾਰ ਫਿਰ ਬਚਨ ਕੀਤਾ ਤੁਹਾਡੇ ਪਾਸ ਬੇਅੰਤ ਗੁਣੀ ਗਿਆਨੀ ਰਹਿਣਗੇ ਇਹ ਬਚਨ ਅਟਲ ਵਰਤ ਰਹੇ ਹਨ। ਗੁਰਦੁਆਰਾ ਮਾਤਾ ਸਾਹਿਬ ਦੇਵਾ ਸ੍ਰੀ ਹਜ਼ੂਰ ਸਾਹਿਬ ਵਿਖੇ ਬਾਬਾ ਮਿਤ ਸਿੰਘ ਜੀ ਅਤੇ ਬਾਬਾ ਧਰਮ ਸਿੰਘ ਜੀ ਨੇ ਵਿਦਿਅਕ ਟਕਸਾਲ ਚਲਾਈ ਹੋਈ ਸੀ। ਜਿਥੋਂ ਅਨੇਕਾਂ ਪ੍ਰਾਣੀਆਂ ਨੇ ਬ੍ਰਹਮ ਤੇ ਗੁਰਮਤਿ ਦੀ ਵਿਦਿਆ ਪ੍ਰਾਪਤ ਕੀਤੀ।

ਸਿੰਘ ਸਾਹਿਬ ਜਥੇਦਾਰ ਬਾਬਾ ਚੇਤ ਸਿੰਘ ਜੀ ੯੬ ਕ੍ਰੋੜੀ ਦੇ ਅਕਾਲ ਚਲਾਣੇ ਉਪਰੰਤ ਸਿੰਘ ਸਾਹਿਬ ਜੀ ਬੁੱਢੇ ਦਲ ਦੇ ਤੇਰਵੇਂ ਜਥੇਦਾਰ ਬਣੇ। ਥੋੜੇ ਸਮੇਂ ਅੰਦਰ ਗੁਰੂ ਕੇ ਬਾਗ ਸ੍ਰੀ ਅਨੰਦਪੁਰ ਸਾਹਿਬ ਪ੍ਰੈਸ ਚਾਲੂ ਕਰ ਕੇ ਸ੍ਰੀ ਸਰਬ ਲੋਹ ਗ੍ਰੰਥ ਮੂਲ ਰੂਪ ਅਤੇ ਭਾਗਾਂ ਵਿਚ ਪ੍ਰਯਾਵਾਂ ਸਹਿਤ ਅਤੇ ਬਾਬਾ ਮਿਤ ਸਿੰਘ ਜੀ ਦੀ ਲਖਵਾਈ ਦੁਸਿਹਰਾਂ ਮਹਾਤਮ ਪੋਥੀ (ਇਹ ਪੋਥੀ ਮਰਯਾਦਾ ਅਲੋਪ ਹੁੰਦੀ ਵੇਖ ਕੇ ਬਾਬਾ ਮਿਤ ਸਿੰਘ ਜੀ ਲਿਖਵਾ ਗਏ ਸਨ।) ਦੋ ਬਾਰ ਛਾਪ ਕੇ ਦੇਸ਼ ਪ੍ਰਦੇਸ਼ ਵਿਚ

ਫਰੀ (ਬਿਨਾ ਭੇਟਾ) ਵੰਡ ਰਹੇ ਹਨ। ਸਿੰਘ ਸਾਹਿਬ ਬਾਬਾ ਜੀ ਨੇ ਉਪਰੋਕਤ ਗ੍ਰੰਥ ਛਪਵਾ ਕੇ ਬਾਬਾ ਮਿਤ ਸਿੰਘ ਜੀ ਦੇ ਸੁਪਨਿਆਂ ਨੂੰ ਸਕਾਰਥ ਕੀਤਾ।

ਬੁੱਢਾ ਦਲ ਦੀ ਪ੍ਰੈਸ ਹੁਣ ਲੋਇਰ ਮਾਲ ਰੋਡ ਬਾਬਾ ਬੰਬਾ ਸਿੰਘ ਦੀ ਬਗੀਚੀ ਪਟਿਆਲਾ ਵਿਖੇ ਚਲ ਰਹੀ ਹੈ। ਮਾਸਿਕ ਪਤ੍ਰ *ਨਿਹੰਗ ਸਿੰਘ ਸੰਦੇਸ਼* ਅਤੇ ਪੁਰਾਤਨ ਮਰਯਾਦਾ ਨੂੰ ਮੁੱਖ ਰਖਦੇ ਹੋਏ ਬਾਣੀ ਦੇ ਨਿਤਨੇਮ ਦੇ ਗੁਟਕੇ, ਰਹਿਰਾਸ ਤੇ ਆਰਤੀ-ਆਰਤਾ ਆਪਣੀ ਪ੍ਰੈਸ ਵਿਚ ਛਪ ਰਹੇ ਹਨ। ਮਹਾਂ ਪੁਰਸ਼ ਬਾਬਾ ਜੀ ਅਨੇਕਾਂ ਗੁਰਦੁਆਰਿਆਂ ਅਤੇ ਸਰੋਵਰਾਂ ਦੀ ਸੇਵਾ ਕਰਵਾ ਰਹੇ ਹਨ।

ਅਜੋਕੇ ਯੁਗ ਵਿਚ ਅਜ ਕਲ ਦੀ ਮਾਡਰਨ ਪੜ੍ਹਾਈ ਨੂੰ ਮੁੱਖ ਰੱਖਦਿਆਂ ਸਿੰਘ ਸਾਹਿਬ ਜੀ ਨੇ ੧੯੮੪ ਈ: ਨੂੰ ਬੁੱਢਾ ਦਲ ਪਬਲਿਕ ਸਕੂਲ ਪਟਿਆਲਾ ਦਾ ਨੀਂਹ ਪੱਥਰ ਆਪਣੇ ਕਰ ਕਮਲਾਂ ਨਾਲ ਰਖਿਆ। ਸਕੂਲ ਅਜ ਕਲ ਪਲੱਸ ਟੂ ਮੈਡੀਕਲ, ਨਾਨ-ਮੈਡੀਕਲ ਅਤੇ ਕਾਮਰਸ ਦੀਆਂ ਕਲਾਸਾਂ ਵਿਚ ਤਕਰੀਬਨ ਚੌਬੀਸ ਸੌ ਬੱਚੇ ਵਿਦਿਆ ਪ੍ਰਾਪਤ ਕਰ ਰਹੇ ਹਨ। ਇਸ ਲੜੀ ਵਿਚ ਬੁੱਢਾ ਦਲ ਪਬਲਿਕ ਸਕੂਲ ਸਮਾਣਾ ਵਿਖੇ ਵੀ ਚਲ ਰਿਹਾ ਹੈ। ਉਪਰੋਕਤ ਦੋਨੋਂ ਸਕੂਲ ਸੀ. ਬੀ. ਐਸ. ਈ. ਤੋਂ ਮਨਜ਼ੂਰ ਸ਼ੁਦਾ ਹਨ। ਇੰਨ੍ਹਾਂ ਸਕੂਲਾਂ ਵਿਚ ਨਿਹੰਗ ਸਿੰਘਾਂ ਦੇ ਬਚਿਆਂ ਨੂੰ ਫਰੀ (ਮੁਫਤ) ਵਿਦਿਆ ਦਿੱਤੀ ਜਾਂਦੀ ਹੈ। ਸਕੂਲ ਪੜ੍ਹਾਈ ਵਿਚ ਪੰਜਾਬ ਅੰਦਰ ਪਹਿਲੇ ਨੰਬਰ ਤੇ ਜਾ ਰਹੇ ਹਨ। ਵਿਦਿਆ ਅਤੇ ਹੋਰ ਮੱਲਾਂ ਮਾਰਨ ਵਿਚ ਸਿੰਘ ਸਾਹਿਬ ਜੀ ਦਾ ਹੋਰ ਸਕੂਲ ਖੋਲ੍ਹਣ ਦਾ ਫੁਰਨਾ ਹੈ।

ਗੁਰੂ ਪੰਥ ਦੀ ਸੇਵਾ ਕਰਦਿਆਂ ਅੱਜ ਦੇ ਅਜੋਕੇ ਯੁਗ ਵਿਚ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ 'ਅਕਾਲੀ' ਜੀ ਨੇ ਬੁੱਢਾ ਦਲ ਦੇ ਇਤਿਹਾਸ ਨੂੰ ਦੇਸ਼ ਪ੍ਰਦੇਸ਼ ਵਿਚ ਭੇਜਣ ਲਈ ਬੁੱਢਾ ਦਲ ਦੀ ਇਕ ਵੈਬ ਸਾਈਟ ਤਿਆਰ ਕਰਵਾਈ ਹੈ। ਜਿਸ ਨਾਲ ਕੰਪਿਊਟਰ ਦੇ ਯੁਗ ਵਿਚ ਬੁੱਢਾ ਦਲ ਪਿੱਛੇ ਨ ਰਹੇ। ਬੁੱਢੇ ਦਲ ਦੀ ਵੈਬ-ਸਾਈਟ ਦਾ ਨਾਮ *www. Budha Dal.com* ਹੈ।

ਦੂਜੇ ਭਾਗ ਵਿਚ ਪ੍ਰਸੰਗਾਂ ਦੀ ਆਰੰਭਤਾ ਪੁਰਾਤਨ ਹੱਥ ਲਿਖਤ ਪੰਥ ਪ੍ਰਕਾਸ਼ ਤੋਂ ਵੀ ਲਿਖ ਦਿੱਤੀ ਹੈ। ਜੋ ਸਾਰਿਆ ਪ੍ਰਸੰਗਾਂ ਵਿਚ "੧ੴ ਵਾਹਿਗੁਰੂ ਜੀ ਕੀ ਫਤੇ" ਤੋਂ ਪ੍ਰਾਰੰਭ ਹੁੰਦੀ ਹੈ। ਛਾਪੇ ਵਾਲੇ ਪੰਥ ਪ੍ਰਕਾਸ਼ਾਂ ਵਿਚ ਪੁਰਾਤਨ ਵਿਧੀ ਅਲੋਪ ਕੀਤੀ ਹੋਈ ਹੈ। ਅਜ ਲੋੜ ਹੈ ਪੁਰਾਤਨ ਵਿਰਸੇ ਨੂੰ ਸੰਭਾਲਣ ਦੀ।

ਸਿੰਘ ਸਾਹਿਬ ਬਾਬਾ ਜੀ ਪੰਥ ਨਾਲ ਜੁੜੇ ਹੋਏ ਵਿਦਵਾਨਾਂ ਅਤੇ ਟਕਸਾਲਾਂ ਨੂੰ ਖੁਲ੍ਹੇ ਦਿਲ ਨਾਲ ਮਾਇਕ ਸਹਾਇਤਾ ਦਿੰਦੇ ਹਨ। ਗੁਰੂ ਮਹਾਰਾਜ ਜੀ ਅੱਗੇ ਅਰਦਾਸ ਬੇਨਤੀ ਹੈ ਕਿ ਸਿੰਘ ਸਾਹਿਬ ਜੀ ਨੂੰ ਦੇਹ ਅਰੋਗਤਾ ਅਤੇ ਪੰਥ ਦੀ ਸੇਵਾ ਕਰਨ ਦਾ ਹੋਰ ਬਲ ਬਖਸ਼ਿਸ਼ ਕਰਨ।

*ਪੰਥ ਦਾ ਦਾਸਰਾ*

(ਸੰਤ) ਲਾਲ ਸਿੰਘ 'ਨਿਹੰਗ ਸਿੰਘ'

ਦੀਨਾ ਨਗਰ (ਗੁਰਦਾਸਪੁਰ)

# ਤਤਕਰਾ


**ਬੰਦੇ ਨੂੰ ਕੈਦ ਕਰਕੇ ਤੁਰਕ ਮੇਲ ਤੋੜ ਕੇ ਸਿੱਖਾਂ ਦੇ ਵੈਰੀ ਹੋ ਖੜ੍ਹੋਤੇ** ੯

**ਸਾਖੀ ਮੁਲਖਯਨ ਔਬਿਵਾਸਤੇ ਔਦੀਨੀ ਖ਼ੁਦਾਇਨ ਕੀ**

(ਮੁਲਖਈਏ ਦੀ ਸਿੰਘਾਂ ਨਾਲ ਮੁੱਠ-ਭੇੜ) ੧੦

**(ਭਗਵੰਤੇ ਖ਼ੱਤਰੀ ਦੀ ਹਵੇਲੀ ਵਿਚ ਸਿੰਘਾਂ 'ਤੇ ਹੱਲਾ)** ੧੭

**(ਮਾਰਨ ਆਯਾ ਪਰ ਸਿੰਘਾਂ ਦਾ ਹੱਲਾ)** ੨੧

**ਕਪੂਰ ਸਿੰਘ ਕੋ ਨਵਾਬੀ ਮਿਲਨ ਕਾ ਪ੍ਰਸੰਗ**

ਅਸਲਮ ਖ਼ਾਂ ਨੇ ਸ਼ਾਹ ਨੂੰ ਸਿੰਘਾਂ ਨਾਲ ਮੇਲ ਕਰਨ ਹਿਤ ਲਿਖਣਾ ੨੭

**(ਅਕਾਲੀ (ਨਿਹੰਗ) ਕਪੂਰ ਸਿੰਘ ਨੂੰ ਨਵਾਬੀ ਦਿੱਤੀ)** ੩੧

**(ਨਵਾਬ ਕਪੂਰ ਸਿੰਘ ਨੇ ਖਾਲਸੇ ਦੇ ਪੰਜ ਜਥੇ ਬਣਾਏ)** ੩੮

**ਸਾਖੀ ਜੱਸਾ ਸਿੰਘ ਕੀ**

(ਜੱਸਾ ਸਿੰਘ ਆਹਲੂਵਾਲੀਏ ਦੀ ਮੁੱਢਲੀ ਵਿਥਿਆ) ੪੬

**ਅਸਲਮ ਖ਼ਾਂ ਦੀ ਥਾਵੇਂ ਸਮੁੰਦ ਖ਼ਾਂ ਨੇ ਬੈਠਣਾ** ੫੦

**ਸਾਖੀ ਨਵਾਬ ਕਪੂਰ ਸਿੰਘ ਭੁਜੰਗੀ ਕੀ**

(ਖਾਲਸੇ ਨੂੰ ਲੰਗਰ, ਫੂਲਵੰਸ਼ੀ ਆਲਾ ਸਿੰਘ ਨੇ ਅੰਮ੍ਰਿਤ ਛਕਿਆ ਤੇ ਦੇਸ਼ ਮੱਲਿਆ) ੫੦

**ਸਾਖੀ ਖਾਲਸੇ ਪ੍ਰਥਮ ਸਰਹੰਦ ਮਾਰੀ**

(ਸਰਹੰਦ ਮਾਰੀ, ਅੰਮ੍ਰਿਤਸਰ ਸਰੋਵਰ ਵਿੱਚੋਂ ਮਲਬਾ ਕੱਢ ਕੇ ਸਾਫ਼ ਕੀਤਾ) ੫੩

**ਸਾਖੀ ਭਾਈ ਮਨੀ ਸਿੰਘ ਜੀ ਬਿਦੇਹੀ ਕੀ**

(ਸ਼ਹੀਦੀ ਭਾਈ ਮਨੀ ਸਿੰਘ ਜੀ ਕੀ) ੫੮

**ਉਸ ਵਕਤ ਕੇ ਭੱਟ ਕੋ ਵਾਕ**

(ਭਾਈ ਮਨੀ ਸਿੰਘ ਦੀ ਮਹਿਮਾ ਭਟ ਦੀ ਜ਼ਬਾਨੀ) ੭੨

**ਸਾਖੀ ਨਾਦਰ ਸ਼ਾਹ ਕੀ**

(ਨਾਦਰ ਸ਼ਾਹ ਦਾ ਹੱਲਾ ਤੇ ਦਿੱਲੀ ਦੀ ਲੁੱਟ) ੭੩

**ਖਾਲਸੇ ਦੀ ਫ਼ਰਯਾਦ ਸੱਚੀ ਦਰਗਾਹ ਪਹੁੰਚੀ**

(ਨਾਦਰ ਸ਼ਾਹ ਨੇ ਖ਼ਾਨ ਬਹਾਦਰ ਤੋਂ ਸਿੰਘਾਂ ਦੇ ਹਾਲ ਪੁੱਛਣੇ) ੮੨

**ਸਾਖੀ ਖ਼ਾਨੂ ਨਬਾਬ ਕੀ** (ਖਾਲਸੇ ਦਾ ਪੱਤਾ-ਪੱਤਾ ਵੈਰੀ) ੮੬

**ਮਤਾਬ ਸਿੰਘ ਤੇ ਰਾਇ ਸਿੰਘ ਮੀਰਾਂ ਕੋਟੀਏ ਭੰਗੂ ਕੀ ਸਾਖੀ**

(ਮਤਾਬ ਸਿੰਘ, ਸੁੱਖਾ ਸਿੰਘ ਨੇ ਮੱਸੇ ਦਾ ਸਿਰ ਵੱਢਣਾ) ੯੧

ਸਾਖੀ ਬੋਤਾ ਸਿੰਘ ਸ਼ਹੀਦ ਕੀ

(ਬੋਤਾ ਸਿੰਘ ਸ਼ਹੀਦ ਦਾ ਪ੍ਰਸੰਗ) ੧੧੨

**ਭਾਈ ਸੁੱਖਾ ਸਿੰਘ ਜੀ ਦੀ ਬਹਾਦਰੀ ਕੀ ਸਾਖੀ**

(ਭਾਈ ਸੁੱਖਾ ਸਿੰਘ ਦੀ ਆਦ ਕਥਾ) ੧੨੦

**ਸਾਖੀ ਹੋਰ ਸੁੱਖਾ ਸਿੰਘ ਕੀ**

(ਭਾਈ ਸੁੱਖਾ ਸਿੰਘ ਦਾ ਇਕ ਗਿਲਜੇ ਨਾਲ ਦੁੰਦ ਯੁੱਧ) ੧੨੯

**ਸਾਖੀ ਸੁੱਖਾ ਸਿੰਘ ਕੀ ਹੋਰ ਤੁਰੀ**

(ਭਾਈ ਸੁੱਖਾ ਸਿੰਘ ਨੇ ਕਰਮੇ ਛੀਨੇ ਨੂੰ ਮਾਰਿਆ) ੧੪੦

**ਸਾਖੀ ਸੁੱਖਾ ਸਿੰਘ ਕੀ ਬਹਾਦਰੀ ਕੀ ਹੋਰ ਤੁਰੀ**

(ਭਾਈ ਸੁੱਖਾ ਸਿੰਘ ਨੇ ਦਿਨ ਦਿਹਾੜੇ ਅੰਮ੍ਰਿਤਸਰ ਇਸ਼ਨਾਨ ਕਰਨਾ) ੧੪੪

**ਸਾਖੀ ਮਤਾਬ ਕੇ ਕੋਟ ਕੀ**

(ਮਤਾਬ ਦੇ ਕੋਟ ਦੇ ਸਿੰਘਾਂ ਪਰ ਤੁਰਕਾਂ ਦਾ ਹੱਲਾ ਤੇ ਉਨ੍ਹਾਂ ਦਾ ਮਾਰਿਆ ਜਾਣਾ) ੧੪੮

**ਸਾਖੀ ਸ੍ਰੀ ਖਾਲਸੇ ਕੇ ਬਿਵਹਾਰ ਕੀ ਤੁਰੀ ਸਿੰਘਾਂ ਦੀ ਦਸ਼ਾ** ੧੫੪

**ਸਾਖੀ ਸ਼ੇਰ ਬਘਿਆੜ ਖੱਡਨ ਕੀ ਤੁਰੀ**

(ਖੱਡ ਵਿਚ ਸਿੰਘ ਲੁਕੇ ਤੱਕ, ਤੁਰਕਾਂ ਨੇ ਖੱਡ ਨੂੰ ਅੱਗ ਲਾਉਣੀ) ੧੫੫

**ਸਾਖੀ ਸੁਬੇਗ ਸਿੰਘ ਜੰਬਰ ਕੀ ਤੁਰੀ**

(ਭਾਈ ਸੁਬੇਗ ਸਿੰਘ ਤੇ ਉਸ ਦੇ ਸਪੁੜ੍ਹ ਦੀ ਗ੍ਰਿਫਤਾਰੀ ਦੇ ਕਸ਼ਟ) ੧੬੦

**ਸਾਖੀ ਭਾਈ ਤਾਰੂ ਸਿੰਘ ਭੁਜੰਗੀ ਬਿਦੇਹੀ ਸ਼ਹੀਦ ਕੀ**
(ਭਾਈ ਤਾਰੂ ਸਿੰਘ ਦੀ ਗ੍ਰਿਫ਼ਤਾਰੀ) ੧੭੩
**ਸਾਖੀ ਬਾਬਰ ਕੀ ਤੁਰੀ**
(ਬਾਬਰ ਦੇ ਹਿੰਦ ਵਿਚ ਆਉਣ ਦਾ ਕਾਰਨ) ੧੮੪
**ਸਾਖੀ ਸਤਿਸਯੇ ਕਾ॥** **੧੯੩**
**ਸਾਖੀ ਸਤਿਗੁਰ ਕੇ ਪ੍ਰਸੰਗ ਕੀ**
(ਬਾਬਰ ਨੂੰ ਪਾਤਸ਼ਾਹੀ ਗੁਰੂ ਜੀ ਨੇ ਦਿੱਤੀ) ੧੯੪
**ਅਥ ਔਰ ਪ੍ਰਸੰਗ** (ਭਾਈ ਤਾਰੂ ਸਿੰਘ ਜੀ ਕੈਦ ਹੋਏ) ੨੧੬
**ਸਾਖੀ ਮਤਾਬ ਸਿੰਘ ਕੀ** (ਸ਼ਹੀਦੀ ਭਾਈ ਮਤਾਬ ਸਿੰਘ) ੨੧੮
**ਸਾਖੀ ਤਾਰੂ ਸਿੰਘ ਕੇ ਪ੍ਰਸੰਗ ਕੀ** **੨੨੨**
(ਭਾਈ ਤਾਰੂ ਸਿੰਘ ਜੀ ਦਾ ਸ਼ਹੀਦ ਹੋਣਾ)
**(ਨਵਾਬ ਦਾ ਪਿਸ਼ਾਬ ਬੰਦ ਹੋਣਾ)**
ਸਾਖੀ ਨਵਾਬ ਕੋ ਤਸਦੀਹੇ ਜਾਨ ਕੰਦਨ ਕੇ ਅਜ਼ਾਬ ਕੀ ੨੩੦
ਸਾਖੀ ਪੰਥ ਕੈ ਪੂਰੈ ਕੀ ਭਈ ਹੋਰ ਸਾਖੀ ਨਵਾਬ ਕੀ
(ਨਵਾਬ ਦੀ ਮੌਤ 'ਤੇ ਸੁਬੇਗ ਸਿੰਘ ਜੰਬਰ ਦਾ ਸਿੱਕਾ) ੨੪੮
**ਸਾਖੀ ਭਾਈ ਤਾਰੂ ਸਿੰਘ ਜੀ**
(ਭਾਈ ਤਾਰੂ ਸਿੰਘ ਜੀ ਸ਼ਹੀਦ ਹੋਏ ਤੇ ਦਾਹ ਸੰਸਕਾਰ) ੨੫੨
**ਸਾਖੀ ਜਸੂ ਬਧੇ ਕੀ ਲਿਖਜਤੇ॥**
**ਸਾਖੀ ਜਸੂ ਬਧੇ ਕੀ ਚਲੀ**
(ਖਾਲਸੇ ਦੀਆਂ ਭਾਜੜਾਂ ਤੇ ਜਸਪਤ ਦਾ
ਸਿੰਘਾਂ 'ਤੇ ਹੱਲਾ ਤੇ ਉਸ ਦਾ ਮਾਰਿਆ ਜਾਣਾ) ੨੫੫
**ਸਾਖੀ ਘੱਲੂਘਾਰੇ ਪੜੋਲ ਕਹੂਹੇ ਕੀ**
(ਛੋਟਾ ਘੱਲੂਘਾਰਾ ਪੜੋਲ ਕਹੂਹੇ ਵਾਲਾ) ੨੬੭
**ਅਥ ਔਰ ਪ੍ਰਸੰਗ**
(ਪਹਾੜੀ ਰਾਜਿਆਂ ਦੀਆਂ ਰਿਆਸਤਾਂ ਵਿਚ ਸਿੰਘਾਂ
ਨਾਲ ਸਲੂਕ) ੩੦੧
**ਅਥ ਔਰ ਪ੍ਰਸੰਗ**
(ਘਲੂਘਾਰੇ ਵਿਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ) ੩੦੫
**ਸਾਖੀ ਲਖੂ ਔ ਸ਼ਾਹਿ ਨਿਵਾਜ਼ ਸਿਰ ਹੋਣੀ ਕੀ**
(ਅਹਿਮਦ ਸ਼ਾਹ ਦਾ ਹਮਲਾ, ਲੱਖੂ ਸਿੰਘਾਂ ਦੇ ਹਵਾਲੇ) ੩੦੭
**ਸਾਖੀ ਰਾਮ ਰੌਣੀ ਕੀ**
(ਰਾਮ ਰੌਣੀ ਦਾ ਬਨਣਾ ਤੇ ਉਸ ਪਰ ਅਦੀਨਾਂ
ਬੇਗ ਦਾ ਹਮਲਾ) ੩੧੨
**ਸਾਖੀ ਕੌੜਾ ਮੱਲ ਜੀ ਦੀ ਬਹਾਦਰੀ**
(ਕੌੜਾ ਮੱਲ ਨੇ ਸਿੰਘਾਂ ਦੀ ਕੁਮਕ ਨਾਲ ਸ਼ਾਹ
ਨਿਵਾਜ਼ ਨੂੰ ਮਾਰਿਆ) ੩੨੫
**ਸਾਖੀ ਸ੍ਰੀ ਅੰਮ੍ਰਿਤਸਰ ਜੀ ਕੀ (ਸ੍ਰੀ ਅੰਮ੍ਰਿਤਸਰ ਡੇਰੇ)** ੩੨੯
**ਸਾਖੀ ਅਹਿਮਦ ਸ਼ਾਹ ਔਰ ਸੁੱਖਾ ਸਿੰਘ ਕੀ**
(ਖਾਲਸੇ ਵਿਚ ਫੁੱਟ, ਸੁੱਖਾ ਸਿੰਘ ਸ਼ਹੀਦ) ੩੩੦
**ਇਤੀ ਸੁੱਖਾ ਸਿੰਘ ਸ਼ਹੀਦੀ ਪਾਈ॥**
**ਬਾਕੀ ਪ੍ਰਸੰਗ ਅਗੈ ਤੁਰਯੋ**
(ਮਹਾਰਾਜਾ ਕੌੜਾ ਮਲ ਦਾ ਜੁੱਧ ਵਿਚ ਸ਼ਹੀਦ ਹੋਣਾ) ੩੩੯
**ਅਥ ਸਾਖੀ ਦੁਆਬੇ ਕੀ॥**
(ਆਦੀਨਾਂ ਬੇਗ ਤੇ ਸੋਢੀ ਬਢਭਾਗ ਸਿੰਘ,
ਜਲੰਧਰ ਕਤਲ) ੩੪੦
**ਸਾਖੀ ਮਰਹੱਟਨ ਔ ਪੰਥ ਖਾਲਸੇ ਨੇ ਸ਼ਹਿਰ ਲੁੱਟ ਕੇ**
**ਅਹਿਮਦ ਸ਼ਾਹ ਕੰਧਾਰੀ ਕੋ ਸੂਬਾ ਅਸਮੁੰਦ ਖਾਂ**
**ਪਕੜਾਯਾ** (ਸਰਹੰਦ ਲੁੱਟਣੀ ਤੇ ਮਰਹੱਟਿਆਂ
ਨਾਲ ਮੁਠਭੇੜ) ੩੫੬
**ਅਥ ਸਾਖੀ ਮੁਗਲ ਸਦੀਕ ਬੇਗ ਕੀ ਯਾਰੀ ਮੈਂ**
**ਖੁਆਰੀ ਕੀ** (ਸਦੀਕ ਬੇਗ ਸਰਹੰਦੀ ਨਾਲ ਮੁਕਾਬਲਾ
ਤੇ ਫੇਰ ਸੁਲਹ) ੩੬੨
**ਅਥ ਸਾਖੀ ਮੁਗਲ ਗਾਜਦੀਂ ਵਜ਼ੀਰ ਕੀ ਤੁਰੀ**
(ਗਾਜ਼ੀ ਦੀਨ ਵਜ਼ੀਰ ਤੇ ਗੰਗ ਕਵੀ) ੩੬੬
**ਸਾਖੀ ਤੁਰਕ ਸਰਬਤ ਹਿੰਦੁਸਤਾਨੀ ਔ ਗਿਲਜ਼ੋਂ ਕੀ**
(ਤੁਰਕਾਂ ਨੇ ਰਲ ਕੇ ਮਰਹੱਟਿਆਂ ਨੂੰ ਕੱਢਣ ਹਿਤ
ਸਲਾਹ ਕੀਤੀ) ੩੬੮
**ਸਾਖੀ ਖਾਲਸੇ ਔ ਗਿਲਜੇ ਕੇ ਦਾਈਏ ਕੀ**
(ਖਾਲਸੇ ਤੇ ਗਿਲਜਿਆਂ ਦੀ ਖਿਚਾ-ਖਿਚੀ) ੩੬੯
**(ਸਾਖੀ ਹਾਠੂ ਸਿੰਘ ਮਝੈਲ ਕੀ)** ੩੭੦

(**ਬੀਕਾਨੇਰੀਏ ਦੀ ਸਹੈਤਾ ਕੀਤੀ**) ੩੭੨

(**ਅਥ ਸਾਖੀ ਬਾਂਗਰ ਦੇਸ਼ ਕੀ**) ੩੭੨

**ਸਾਖੀ ਮਿਤ ਸਿੰਘ ਸ਼ਹੀਦ ਕੀ ਲਿਖਯਤੇ॥**

(ਮਿਤ ਸਿੰਘ ਦਾ ਸ਼ਹੀਦ ਹੋਣਾ,

ਜਹਾਨ ਖ਼ਾਂ ਨਾਲ ਟਾਕਰਾ) ੩੭੪

**ਸਾਖੀ ਮੀਰ ਮੰਨੂੰ ਕੀ ਤੁਰੀ**

(ਦਾਦੂ ਰਾਮ ਸਾਧ ਨੂੰ ਕਸ਼ਟ। ਮੀਰ ਮੰਨੂੰ ਦੀ ਮੌਤ) ੩੭੮

**ਅਥ ਸਾਖੀ ਮਥਰਾ ਔ ਕੋਇਲ ਕਤਲ ਕਰੀ ਕੀ ਤੁਰੀ**

(ਮਥਰਾ ਲੁੱਟੀ ਤੇ ਅਲੀਗੜ੍ਹ ਦਾ ਕਿਲ੍ਹਾ ਮਾਰਿਆ) ੩੮੨

**ਅਥ ਸਾਖੀ ਘਲੂਘਾਰੇ ਮਲੇਰ ਔ ਕੁਪਰਹੀੜੇ ਕੀ ਤੁਰੀ**

(ਵੱਡਾ ਘੱਲੂਘਾਰਾ, ਕੁਪਰਹੀੜੇ) ੩੯੪

**ਅਥ ਬਿਰਾੜਨ ਔ ਖਾਲਸੇ ਕੋ ਬਖੇੜੋ**

(ਵੈਰਾੜਾਂ ਤੇ ਖਾਲਸੇ ਦੀ ਅਣਬਣ) ੪੨੨

**ਅਥ ਸਾਖੀ ਦੂਜੀ ਬਿਰਾੜਨ ਕੀ ਤੁਰੀ**

(ਵੈਰਾੜਾਂ ਨਾਲ ਫਿਰ ਮੇਲ) ੪੩੦

**ਸਾਖੀ ਕਪੂਰੇ ਬਰਾੜ ਕੀ ਤੁਰੀ**

(ਕਪੂਰੇ ਦਾ ਫਾਹੇ ਲੱਗਣਾ) ੪੩੩

**ਸਾਖੀ ਮੋਰੰਡੇ ਕਤਲ ਕੀ** (ਮੁਰੰਡੇ ਦੇ ਰੰਘੜਾਂ ਦੀ ਸੋਧ) ੪੩੫

**ਅਥ ਲਛਮੀ ਨਰਾਇਣ ਖੱਤ੍ਰੀ ਲੂਟਜੋ**

ਲਖਮੀ ਨਰੈਣ ਨੱਠਾ

(ਬਾਦਸ਼ਾਹ ਨੇ ਸਿੰਘਾਂ ਨਾਲ ਮੇਲ ਹਿਤ ਕਿਹਾ) ੪੪੫

**ਅਥ ਸਾਖੀ ਪ੍ਰਿਥਮੈ ਕਸੂਰ ਮਾਰਨ ਕੀ ਲਿਖਤੇ**

(ਕਸੂਰ ਮਾਰ ਕੇ ਬ੍ਰਾਹਮਣ ਦੀ ਬ੍ਰਾਹਮਣੀ ਦਿਵਾਈ) ੪੪੭

ਸਾਖੀ ਦਿਲੇ ਰਾਮੀਆਂ ਕੀ ਲਿਖਜਤੇ

(ਰਾਮਗੜੀਆਂ ਦਾ ਗਿਰਾਉ) ੪੫੯

**ਅਥ ਪ੍ਰਸੰਗ ਦਿਲੇ ਰਾਮੀਆਂ ਕਾ ਤੁਰਿਆ**

(ਕਸੂਰ ਵਿਚ ਦਿਲੇ ਰਾਮ ਦਾ ਸਰਬੰਸ ਨਾਸ਼) ੪੬੧

**ਅਥ ਸਾਖੀ ਦੁਆਬੇ ਕੇ ਰੋਕਨ ਕੀ ਤੁਰੀ**

(ਬਿਸ਼ੰਭਰ ਦੀਵਾਨ ਨੂੰ ਸੋਧ ਕੇ ਦੁਆਬਾ ਮੱਲਣਾ) ੪੭੩

**ਆਗੈ ਮੁਲਖ ਮੱਲਨ ਕੀ ਸਾਖੀ ਤੁਰੀ**

(ਵਜਕਤੀ ਗਤ ਮੁਲਖ ਮੱਲਣਾ) ੪੭੭

**ਸਾਖੀ ਦੂਜੇ (ਦੂਜੀ) ਤਰਨਾ ਦਲ ਕੀ ਚਲੀ**

(ਖਾਲਸੇ ਨੂੰ ਖੁੱਲ੍ਹਾਂ, ਅਹਿਮਦ ਸ਼ਾਹ ਨੇ ਤੁੰਮਣਦਾਰ ਛੱਡੇ) ੪੭੯

**ਸਾਖੀ ਦੋਊ ਦਲ ਕੀ ਲਿਖਜਤੇ**

(ਬੁੱਢਾ ਤੇ ਤਰਨਾਂ ਦਲ।

ਕੁਜਰਾਂਵਾਲੇ ਪਰ ਸੂਬੇ ਦਾ ਹੱਲਾ) ੪੮੨

**ਸਾਖੀ ਨਵਾਬ ਸਰ ਬੁਲੰਦ ਫੜਨੇ ਕੀ ਤੁਰੀ**

(ਸਰ ਬੁਲੰਦ ਨੂੰ ਫੜ ਕੇ ਛਡਿਆ ਤੇ ਸਫਰ ਖ਼ਰਚ

ਦੇ ਕੇ ਕਾਬਲ ਨੂੰ ਟੋਰ ਦਿੱਤਾ) ੪੮੫

**ਅਥ ਸਾਖੀ ਸਿਰਹੰਦ ਮੱਲਨੇ ਕੀ ਔਰ ਨਿਬਾਬ**

**ਜੈਨੇ ਮਾਰਨ ਕੀ ਲਿਖਜਤੇ** (ਜੈਨ ਖਾਂ ਮਾਰਿਆ) ੪੯੦

**ਸਾਖੀ ਫੇਰ ਸਰਹੰਦ ਕੀ ਲਿਖਯਤੇ**

(ਸਰਹੰਦ ਤੀਜੀ ਵਾਰ ਉਜਾੜੀ) ੪੯੫

**ਸਾਖੀ ਦੇਹੁਰੇ ਕੇ ਪ੍ਰਸੰਗ ਕੀ ਲਿਖਯਤੇ**

(ਸਰਹੰਦ ਵਿਖੇ ਦੇਹੁਰੇ ਬਣਵਾਏ) ੪੯੭

**ਸਾਖੀ ਸਿਰਹੰਦ, ਰੋਕਣੇ ਕੀ ਔ ਸੌਂਪਣੇ ਕੀ ਲਿਖਯਤੇ**

(ਸਰਹੰਦ ਉਜਾੜੀ ਤੇ ਕਿਲ੍ਹਾ ਮੱਲਿਆ) ੫੦੨

**ਸਾਖੀ ਮੁਲਕ ਰੋਕਨ ਔਰ ਸ਼ਹਿਰ ਸੌਂਪਨ ਕੀ**

ਭਾਈ ਭਗਤੂ ਕਿਆਂ ਔ ਫੂਲਕਿਆਂ ਕੋ ਔਰ ਰਯਤ

ਕੀ ਲਿਖਯਤੇ (ਖਾਲਸੇ ਦੀਆਂ ਮੱਲਾਂ ਦੀ ਵੰਡ) ੫੦੫

**ਸਾਖੀ ਖਾਲਸੋ ਦੋਇ ਥਾਂ ਹੋਯੋ**

(ਲਾਹੌਰ 'ਤੇ ਚੜ੍ਹਾਈ ਤੇ ਗਿਲਜਿਆਂ ਦੀ ਘਬਰਾਹਟ) ੫੧੧

**ਅਥ ਸਾਖੀ ਨਿਹੰਗ ਭੁਜੰਗੀ ਗੁਰਬਖ਼ਸ਼ ਸਿੰਘ**

**ਸ਼ਹੀਦ ਜੀ ਕੀ ਲਿਖਯਤੇ**

(ਸ਼ਹੀਦੀ ਗੁਰਬਖ਼ਸ਼ ਸਿੰਘ ਸ਼ਹੀਦ ਜੀ ਦੀ) ੫੧੨

**ਅਗੈ ਸਾਖੀ ਅਹਿਮਦ ਸ਼ਾਹ ਕੀ ਔ ਭਰਤਪੁਰੀਏ**

**ਜਵਾਹਰ ਮੱਲ ਕੀ। ਔਰ ਨਜੀਬ ਖਾਨ ਰੁਹੇਲੇ ਕੀ**

**ਲਿਖਯਤੇ** (ਜਵਾਹਰ ਮੱਲ ਭਰਤਪੁਰੀਏ ਨੂੰ ਖਾਲਸੇ

ਨੇ ਮਦਦ ਦਿੱਤੀ) ੫੩੬

**ਅਥ ਔਰ ਪ੍ਰਸੰਗ ਅਹਿਮਦ ਸ਼ਾਹ ਕੋ ਲਿਖਯਤੇ**

(ਅਹਿਮਦ ਸ਼ਾਹ ਦਾ ਆਖਰੀ ਹਮਲਾ,

ਸਿੰਘਾਂ ਦੇ ਛਾਪੇ ਤੇ ਅਹਿਮਦ ਸ਼ਾਹ ਦਾ ਮਰਨਾ) ੫੪੬

(ਸਿੱਖਾਂ ਪਰ ਜ਼ੁਲਮਾਂ ਦੀ ਵੀਚਾਰ ਮਰੀ ਸਾਹਿਬ ਨਾਲ) ੫੫੭
(ਸ਼ਾਮ ਸਿੰਘ ਦੀ ਮਿਸਲ, ਅਮਰ ਸਿੰਘ ਪਟਲੇਸੁਰ ਨਾਲ
ਬਘੇਲ ਸਿੰਘ ਦਾ ਯੁੱਧ ਤੇ ਫਿਰ ਮਿਤ੍ਰਤਾ) ੫੬੨
ਲੁਹਾਰੀ ਦੇ ਹਾਕਮ ਪਾਸੋਂ ਦਿਜ ਸੁਤਾ ਛੁਡਾਈ
ਸ੍ਰ. ਬਘੇਲ ਸਿੰਘ ਨੇ ਦਿੱਲੀ ਦੇਹੁਰੇ ਬਣਾਏ ੫੮੬
ਸ੍ਰ. ਬਘੇਲ ਸਿੰਘ ਦੀ ਹੋਰ ਸਾਖੀ
(ਪਾਤਸ਼ਾਹ ਨਾਲ ਬਘੇਲ ਸਿੰਘ ਦੀ ਮੁਲਾਕਾਤ,
ਲੁੱਟ ਦਾ ਨਮੂਨਾ ਦਿਖਾਇਆ) ੬੦੫
ਅਥ ਸਾਖੀ ਡੀਗ ਘੁਮੇਰ ਔ ਭਰਤਪੁਰੇ ਕੀ ਲਿਖਯਤੇ
(ਭਰਤਪੁਰੀਏ ਸੂਰਜ ਮਲ ਨਾਲ ਮੇਲ ਤੇ
ਪੰਜ ਲੱਖ ਟਕਾ ਮਾਮਲਾ ਲੈ ਕੇ ਮਿਸਲਾਂ ਵਿਚ ਵੰਡਿਆ) ੬੧੫
ਸਾਖੀ ਮਾਲਵੇ ਕੀ ਲਿਖਯਤੇ (ਮਹਾਰਾਜ ਦੀਆਂ ਤੇ
ਫੂਲਕਿਆਂ ਦੀ ਆਦਿ ਕਥਾ। ਰਾਜਾ ਚਤਰਸ਼ਾਲ।) ੬੨੦
ਇਸ ਤੋਂ ਅਗਲਾ ਪ੍ਰਸੰਗ (ਮੋਹਣ ਨੂੰ ਪਟਾ ਜ਼ਮੀਨ
ਦਾ ਮਿਲਿਆ) ੬੩੧
ਫੂਲਕਿਆਂ ਦਾ ਪ੍ਰਸੰਗ (ਫੂਲ ਤੇ ਕਾਲੇ ਦੇ
ਪੁੱਤ੍ਰ ਨੂੰ ਗੁਰੂ ਕਾ ਵਰ) ੬੩੪
ਫੂਲਕਿਆਂ ਦਾ ਔਰ ਪ੍ਰਸੰਗ
(ਫੂਲਕਿਆਂ ਮਲੂਕ ਮੱਲਣਾ) ੬੩੮
ਔਰ ਸਾਖੀ ਮਾਲਵੇ ਕੀ ਤੁਰੀ
(ਮਲੇਰੀਏ ਪਠਾਣਾਂ ਤੋਂ ਆਲਾ ਸਿੰਘ ਦੀ ਰੱਖਿਆ)
(ਬੀਰ ਸਿੰਘ ਰੰਘਰੇਟਾ) ੬੪੦
ਔ ਬੁੰਗੇ ਕੇ ਪ੍ਰਸੰਗ ਲਿਖਯਤੇ ਪੰਥ ਨੇ ਬੁੰਗੇ
ਬਨਾਉਣੇ ਤੇ ਗ੍ਰੰਥ ਸਮਾਪਤੀ। ੬੫੦

## (ਬੰਦੇ ਨੂੰ ਕੈਦ ਕਰਕੇ ਤੁਰਕ ਮੇਲ ਤੋੜ ਕੇ ਸਿੱਖਾਂ ਦੇ ਵੈਰੀ ਹੋ ਖੜ੍ਹੋਤੇ)

***ਦੋਹਰਾ॥ ਜਬ ਬੰਦੋ ਤੁਰਕਨ ਬੰਧਿਓ ਭਈ ਔਰ ਹੀ ਤੌਰ॥*** ਜਦੋਂ ਤੁਰਕਾਂ ਨੇ ਬੰਦੇ ਬਹਾਦਰ ਨੂੰ ਬੰਨ੍ਹ ਲਿਆ, ਤਾਂ ਉਨ੍ਹਾਂ ਦਾ ਤੌਰ ਹੀ ਬਦਲ ਗਿਆ, ਹੋਰ ਹੀ ਤਰੀਕੇ 'ਤੇ ਆ ਗਏ।

***ਸਿੰਘਨ ਮਾਰਨ ਉਇ ਚਹੈਂ, ਸਭਹਨ ਕਰ ਇਕ ਠੌਰ॥ ੧॥*** ਹੁਣ ਤੁਰਕ ਸਿੰਘਾਂ ਨੂੰ ਇਕ ਜਗ੍ਹਾ ਇਕੱਠੇ ਕਰਕੇ ਮਾਰਨਾ ਚਾਹੁੰਦੇ ਹਨ। ੧।

***ਚੌਪਈ॥ ਸਿੰਘਨ ਉਨ ਕੋ ਦਗੋ ਨ ਖਾਯੋ॥*** ਸਿੰਘਾਂ ਨੇ ਉਨ੍ਹਾਂ ਤੋਂ (ਦਗਾ) ਧੋਖਾ ਨਹੀਂ ਖਾਧਾ, ਬੜੇ ਸੁਚੇਤ ਹੋ ਕੇ ਤਿਆਰ-ਬਰ-ਤਿਆਰ ਰਹਿੰਦੇ ਹਨ।

***ਡੇਰਾ ਆਗੈ ਸਿੰਘਨ ਚਲਾਯੋ॥*** ਸ੍ਰੀ ਅੰਮ੍ਰਿਤਸਰ ਤੋਂ ਸਿੰਘਾਂ ਨੇ ਆਪਣਾ ਡੇਰਾ ਕੂਚ ਕਰ ਦਿੱਤਾ, ਚਾਲਾ ਪਾ ਦਿੱਤਾ ਹੈ, ਉਥੇ ਜਿਹੜੇ ਸਿੰਘ ਪੂਜਾ ਕਰਨ ਵਾਲੇ ਜਾਂ ਅਰਦਾਸੀਏ, ਉਨ੍ਹਾਂ ਨੂੰ ਰਹਿਣ ਦਿੱਤਾ ਹੈ ਆਪ ਸਿੰਘ ਅੱਗੇ ਹੋ ਗਏ ਹਨ।

***ਐਸੀ ਭਈ ਸਿੰਘਨ ਕੀ ਚਾਲ॥*** ਸਿੰਘਾਂ ਨੇ ਐਸੀ ਚਾਲ ਫੜ ਲਈ ਹੈ।

***ਤੁਰਕ ਨ ਛੋਡੈਂ ਪੰਥਹਿ ਖਿਆਲ॥ ੨॥*** ਤੁਰਕ ਵੀ ਖਾਲਸਾ ਪੰਥ ਦਾ ਖਿਆਲ ਨਹੀਂ ਛੱਡਦੇ, ਬੰਦੇ ਬਹਾਦਰ ਤੋਂ ਬਾਅਦ ਤੁਰਕਾਂ ਨੇ ਹੁਣ ਪੰਥ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ੨।

***ਨਹਿੰ ਸਿੰਘਨ ਪੈ ਗੜ੍ਹ ਕੋਊ ਕੋਟ॥*** ਸਿੰਘਾਂ ਦੇ ਕੋਲ ਕਿਸੇ ਕਿਲ੍ਹੇ, ਕੋਟ ਦਾ ਕੋਈ ਆਸਰਾ ਨਹੀਂ ਹੈ।

***ਜਹਾਂ ਲੜੈਂ ਵੜ ਜਾਂਕੀ ਓਟ॥*** ਜਿਸ ਦੇ ਵਿਚ ਵੜ ਕੇ, ਜਿਸ ਦੀ ਓਟ ਲੈ ਕੇ ਉਹ ਲੜਨ, ਐਸੀ ਜਗ੍ਹਾ ਹੀ ਕੋਈ ਨਹੀਂ ਸੀ।

***ਕੋਟ ਬਡ ਪਰਬਤਨ ਸਿੰਘਨ ਪਾਸ॥*** ਕੋਈ ਵੱਡਾ ਕਿਲ੍ਹਾ ਜਾਂ ਵੱਡਾ ਪਹਾੜ ਵੀ ਸਿੰਘਾਂ ਕੋਲ ਨਹੀਂ ਹੈ।

***ਜਹਾਂ ਚੜ੍ਹੇ ਹੁਇ ਰਹੈਂ ਮਵਾਸ॥ ੩॥*** ਜਿਸ ਪਹਾੜ 'ਤੇ ਚੜ੍ਹ ਕੇ ਖਾਲਸਾ(ਮਵਾਸ)ਆਕੀ ਹੋ ਕੇ ਰਹੇ। ੩।

***ਬਹੁਤ ਠੌਰ ਸਿੰਘ ਖੜ ਭੀ ਲੜੈਂ॥*** ਬਹੁਤ ਥਾਵਾਂ 'ਤੇ ਸਿੰਘ ਤੁਰਕਾਂ ਦੇ ਅੱਗੇ ਖੜ੍ਹ ਕੇ ਲੜੇ ਹਨ।

***ਹੋਇ ਦੁਖੀ ਲੈ ਸ਼ਹੀਦੀ ਮਰੈਂ॥*** ਕਿਉਂਕਿ ਖਾਣ-ਪੀਣ ਦੀ ਤੰਗੀ, ਤੁਰਨ ਫਿਰਨ ਦੀ ਤੰਗੀ, ਕਿਤੇ ਕਿਰਤ ਕਰਨ ਨੂੰ ਥਾਂ ਨਹੀਂ, ਤੁਰਕ ਫ਼ੌਜ ਮਾਰਨ ਨੂੰ ਫਿਰਦੀ ਹੈ। ਜਿਥੇ ਸਿੰਘ ਖੜ੍ਹ ਕੇ ਲੜੇ, ਉਥੇ ਬਹੁਤ ਦੁਖੀ ਹੋ ਕੇ ਮਰਦੇ ਹਨ, ਭਾਵ ਸ਼ਹੀਦੀ ਲੈਂਦੇ ਹਨ।

***ਐਸੀ ਭਈ ਪੰਥਹ ਲਾਚਾਰ॥*** ਖਾਲਸਾ ਪੰਥ ਨੂੰ ਐਸੀ ਲਚਾਰੀ ਹੋ ਗਈ ਹੈ।

***ਭਏ ਪੰਥ ਜਨ ਛਿਦ੍ਰੇ ਝਾੜ॥ ੪॥*** ਜਾਣੋ ਪੰਥ ਝਾੜਾਂ ਬੇਲਿਆਂ ਵਿਚ ਵਿਰਲਾ ਵਾਂਝਾ ਹੀ ਰਹਿ ਗਿਆ। ੪।

***ਸੋਰਠਾ॥ ਹੁਤਿ ਬੰਦੈ ਦਯੋ ਸ੍ਰਾਪ ਘਿਰਯੋ ਹੁਤੋ ਜਬ ਗੜ੍ਹ ਬਿਖੈ॥*** ਭਾਈ ਰਤਨ ਸਿੰਘ ਜੀ ਦਸਦੇ ਹਨ ਕਿ ਬੰਦਾ ਬਹਾਦਰ ਜਦੋਂ ਗੁਰਦਾਸ ਨੰਗਲ ਦੇ ਕਿਲ੍ਹੇ ਵਿਚ ਘਿਰਿਆ ਹੋਇਆ ਸੀ, ਉਸ ਸਮੇਂ ਉਸ ਨੇ ਅਕ ਕੇ ਪੰਥ ਨੂੰ ਸਰਾਪ ਦੇ ਦਿੱਤਾ ਸੀ।

***ਸੋ ਲਗਯੋ ਪੰਥ ਜਨੁ ਪਾਪ ਮਦਦ ਉਸ ਕੀ ਨਹਿੰ ਕਰੀ॥ ੫॥*** ਸਿੰਘ ਮਦਦ ਨਾ ਕਰ ਸਕੇ ਉਸ ਦੀ, ਤਦ ਬਹੁਤੀ

ਈਰਖਾ ਵਧ ਚੁੱਕੀ ਸੀ। ਉਹ ਬੰਦਈ ਪੰਥ ਬਣਾ ਚੁੱਕੇ ਨੇ, ਸਿੰਘ ਇਸ ਦੇ ਖਿਲਾਫ਼ ਸਨ। ਸਿੰਘਾਂ ਨੇ ਛੁਡਾਇਆ ਨਾ ਉਸ ਨੂੰ ਬੰਦੇ ਬਹਾਦਰ ਨੇ ਦੁਖੀ ਹੋ ਕੇ ਸ੍ਰਾਪ ਦੇ ਦਿੱਤਾ ਸੀ, ਉਹ ਇਕ ਕਿਸਮ ਦਾ ਪੰਥ ਨੂੰ ਪਾਪ ਲੱਗਾ ਹੋਇਆ ਸੀ। ੫।

***ਦੋਹਰਾ॥ ਤੌ ਸਿੰਘ ਖਿੰਡ ਬਣ ਲੁਕ ਗਏ ਥੋੜੇ ਬਹੁਤੇ ਹੋਇ॥*** ਜਦੋਂ ਸਿੰਘਾਂ ਨੂੰ ਐਸੀ ਮੁਸੀਬਤ ਆਈ, ਹੁਣ ਰਹਿਣਾ ਮੁਸ਼ਕਲ ਹੋ ਗਿਆ ਪੰਜਾਬ ਵਿਚ, ਤਾਂ ਸਿੰਘ ਖਿੰਡ ਕੇ ਚਾਰ-ਚੁਫੇਰੇ ਆਪਸ ਵਿਚ ਵੰਡ ਕੇ , ਥੋੜ੍ਹੇ ਬਹੁਤੇ ਹੋ ਕੇ ਜੰਗਲਾਂ ਵਿਚ ਜਾ ਲੁਕੇ ਸਨ ਸਿੰਘ।

***ਲਗੇ ਗੁਜ਼ਾਰਨ ਦਿਨ ਇਮੈਂ ਆਗੈ ਪਾਛੈ ਸੋਇ॥ ੬॥*** ਸਿੰਘ ਅੱਗੇ ਪਿੱਛੇ ਹੋ ਕੇ ਇਸ ਤਰ੍ਹਾਂ ਦਿਨ ਗੁਜਾਰਨ ਲੱਗੇ ਹਨ, ਦਿਨ ਕਟੀ ਕਰਨ ਲੱਗੇ ਹਨ। ੬।

***ਇਸ ਹੀ ਮੈਂ ਇਕ ਔਰ ਭੀ ਸਾਖੀ ਦੇਊਂ ਸੁਨਾਇ॥*** ਭਾਈ ਰਤਨ ਸਿੰਘ ਜੀ ਕਹਿੰਦੇ, ਏਸੇ ਵਿਚ ਹੀ ਇਕ ਹੋਰ ਸਾਖੀ ਤੁਹਾਨੂੰ ਸੁਣਾਉਂਦੇ ਹਾਂ।

***ਫੇਰ ਨਿਬਾਬੀ ਭੀ ਕਹੂੰ ਜਿਮ ਭਈ ਕਪੂਰ ਸਿੰਘ ਆਇ॥ ੭॥*** ਫੇਰ ਨਵਾਬੀ ਦੀ ਸਾਖੀ ਵੀ ਦੱਸਾਂਗੇ, ਜਿਵੇਂ ਕਪੂਰ ਸਿੰਘ ਅੱਗੇ ਨਵਾਬੀ ਪੇਸ਼ ਹੋਈ, ਉਹ ਪ੍ਰਸੰਗ ਵੀ ਫੇਰ ਸੁਣਾਵਾਂਗੇ।

## ਸਾਖੀ ਮੁਲਖਯਨ ਔਬਿਵਾਸਤੇ ਔਦੀਨੀ ਖੁਦਾਇਨ ਕੀ

### (ਮੁਲਖਈਏ ਦੀ ਸਿੰਘਾਂ ਨਾਲ ਮੁੱਠ-ਭੇੜ)

***ਦੋਹਰਾ॥ ਸਾਖੀ ਸੁਨੋ ਬਿਵਾਸਤੈ ਮੁਏ ਦੀਨ ਮਜ਼ਹਬ ਕੇ ਹੇਤ॥*** ਜਿਹੜੇ ਮੁਸਲਮਾਨ ਦੀਨ ਮਜ਼ਹਬ ਦੇ ਵਾਸਤੇ ਕਿ ਦੀਨ ਮਜ਼ਹਬ ਦਾ ਵਾਧਾ ਕਰਨਾ ਹੈ, ਫਿਰ ਸਲਾਹ ਕਰਕੇ ਰਲ ਕੇ ਗਏ ਸਨ। ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਸੁਣੋ ਖਾਲਸਾ ਜੀ! ਕਿ ਕਿਵੇਂ ਦੀਨ ਮਜ਼ਹਬ ਨੂੰ ਪਿਆਰ ਕਰਕੇ ਇਹ ਮਰੇ ਸਨ, ਇਹਨਾਂ ਨੇ ਚੁੱਕਣ ਚੁੱਕਿਆ ਸੀ ਸਾਰਾ, ਜਿਨਾਂ ਚੁੱਕਣ ਚੁੱਕਿਆ ਸੀ, ਉਹ ਕਿਵੇਂ (ਬਿਵਾਸਤੈ) ਮੈਦਾਨ ਵਿਚ ਗੜ੍ਹੇ ਹਨ।

***ਮੁਲਖੱਯਨ ਖੁਦਾਈਅਨ ਚਕੇ ਰਹੈਂ ਜਿਮ ਖੇਤ॥ ੧॥*** ਇਹ ਖੁਦਾ ਦੇ ਨਾਮ ਉੱਤੇ ਮਰਨ ਵਾਲੇ ਜਿਨ੍ਹਾਂ ਨੇ ਇਹ ਚੁੱਕਣ ਚੁੱਕਿਆ ਸੀ, ਜਿਵੇਂ ਉਹ ਮੈਦਾਨ ਵਿਚ ਰਹੇ ਹਨ। ੧।

***ਚੌਪਈ॥ ਸੋਊ ਸੁਨੋ ਤੁਮ ਉਨੈ ਕਹਾਨੀ॥*** ਭਾਈ ਰਤਨ ਸਿੰਘ ਜੀ ਕਹਿੰਦੇ, ਖਾਲਸਾ ਜੀ! ਸੁਣੋ ਉਹਨਾਂ ਦੀ ਕਹਾਣੀ ਕਿਵੇਂ ਵਾਪਰੀ ਉਹਨਾਂ ਦੇ ਨਾਲ।

***ਜਿਮੈਂ ਖੁਦਾਈਅਨ ਆਨ ਬਿਹਾਨੀ॥*** (ਖੁਦਾਈਅਨ) ਜੋ ਖੁਦਾ ਦੇ ਨਾਮ 'ਤੇ ਜੋ ਦੀਨ ਮਜ਼ਹਬ ਦਾ ਜੁੱਧ ਖਾਲਸੇ ਨਾਲ ਲੜਨ ਵਾਸਤੇ ਆਏ ਸਨ, ਉਨਾਂ ਦੇ ਸਿਰ 'ਤੇ ਆ ਕੇ ਬੀਤੀ ਹੈ ਜਿਵੇਂ।

***ਅਸਲਮ ਖਾਂ ਥਕ ਵੜਯੋ ਲਹੌਰ॥*** ਅਸਲਮ ਖ਼ਾਂਨ ਲਹੌਰ ਦਾ ਸੂਬਾ ਸਿੰਘਾਂ ਨਾਲ ਲੜ ਥੱਕ ਕੇ ਲਹੌਰ ਜਾ ਵੜਿਆ, ਕਿਉਕਿ ਇਨ੍ਹਾਂ ਸਿੰਘਾਂ ਨਾਲ ਲੜਾਈ ਵਿਚ ਕੋਈ ਪੂਰਾ ਉਤਰ ਸਕਦਾ ਸੀ।

***'ਮੁਲਕ ਭਯੋ ਉਸ ਥੋਂ ਸਭ ਚੌੜ॥ ੨॥*** ਮੁਲਕ ਸਾਰਾ ਚੌੜ ਹੋ ਗਿਆ, ਹੁਣ ਨਾ ਕੋਈ ਸੂਬੇਦਾਰ ਬਾਹਰ ਨਿਕਲੇ ਨਾ ਫ਼ੌਜ ਬਾਹਰ ਆਵੇ, ਕੌਣ ਦਿੰਦਾ ਹੈ ਘਰ ਬੈਠਿਆਂ ਨੂੰ। ੨।

***ਮੁਲਖੋਂ ਵਸੂਲ ਟਕੋ ਨ ਭਯੋ॥*** ਮੁਲਖ ਦੇ ਵਿੱਚੋਂ ਕੋਈ ਟਕਾ ਵਸੂਲ ਨਾ ਹੋਇਆ, ਕਿਸੇ ਨੇ ਨਾ ਭਰਿਆ ਸਰਕਾਰੀ ਮਾਮਲਾ।

***ਕਹੈਂ ਮੁਲਖ ਲੂਟ ਖਾਲਸੇ ਲਯੋ॥*** ਜੇ ਕੋਈ ਦਿੱਲੀ ਤੋਂ ਸਰਕਾਰੀ ਅਫ਼ਸਰ ਆਉਂਦਾ, ਕਹਿੰਦੇ ਜੀ ਸਾਰਾ ਮੁਲਖ ਖਾਲਸੇ ਨੇ ਲੁੱਟ ਲਿਆ ਹੈ, ਹੁਣ ਸਾਡੇ ਕੋਲ ਕੀ ਹੈ? ਹੁਣ ਕਿਥੋਂ ਦੇਈਏ ਅਸੀਂ ਮਾਮਲਾ?

***ਬਿਨਾਂ ਟਕੇ ਉਸ ਫੌਜ ਛਡ ਗਈ॥*** ਜਦੋ ਪੈਸਾ ਨਾ ਵਸੂਲ ਹੋਇਆ, ਫੇਰ ਫ਼ੌਜ ਕਿੱਥੇ ਰਹਿਣੀ ਸੀ? ਫ਼ੌਜ ਵਾਲੇ ਵੀ ਜਵਾਬ ਦੇ ਗਏ, ਲਉ ਜੀ! ਜਦੋਂ ਟਕੇ ਹੋਣਗੇ, ਉਦੋਂ ਆ ਜਾਵਾਂਗੇ ਅਸੀਂ, ਹੁਣ ਬਿਨਾਂ ਤਨਖ਼ਾਹ ਤੋਂ ਨਹੀਂ ਰਹਿ ਸਕਦੇ, ਇਉਂ ਫ਼ੌਜ ਜਵਾਬ ਦੇ ਕੇ ਘਰਾਂ ਨੂੰ ਤੁਰ ਗਈ।

***ਫੌਜ ਬਿਨਾਂ ਕਹੋ ਕਿਨ ਦ੍ਰਬ ਲਈ॥ ੩॥*** ਜਦੋਂ ਫ਼ੌਜ ਹੀ ਨਹੀਂ ਸੂਬੇ ਕੋਲ, ਉਨ੍ਹਾਂ ਨੂੰ ਕੌਣ ਧਨ ਦੇਵੇਗਾ? ਫ਼ੌਜ ਤੋਂ ਬਿਨਾਂ ਦੱਸੋ ਕਿਸ ਨੇ ਲੋਕਾਂ ਤੋਂ ਧਨ ਲਿਆ ਹੈ?। ੩।

***ਬਿਨਾਂ ਦਰਬ ਹੈ ਮਿਤ੍ਰ ਨ ਸ਼ਾਹੁ॥*** ਅਤੇ ਜੇ ਪੈਸਾ ਨਹੀਂ ਹੈ ਕੋਲ, ਤਾਂ ਬਾਦਸ਼ਾਹ ਵੀ ਮਿੱਤਰ ਨਹੀਂ ਬਣਦਾ, ਉਹ ਵੀ ਮਦਦ ਨਹੀਂ ਕਰਦਾ।

***ਦਰਬ ਆਵਨ ਕੋ ਮੁਲਕ ਹੀ ਰਾਹੁ॥*** ਧਨ ਆਉਣ ਦਾ ਇਕ ਹੀ ਰਸਤਾ ਸੀ ਕਿ ਮੁਲਖ ਉਗਰਾਹਿਆ ਜਾਏ, ਟੈਕਸ ਲਾਇਆ ਜਾਏ, ਫੇਰ ਹੀ ਚਲੇਗੀ ਸਰਕਾਰ।

***ਪ੍ਰਿਥਮ ਬੰਦੇ ਕੀਓ ਮੁਲਖ ਖੁਵਾਰ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਪਹਿਲਾਂ ਤਾਂ ਬੰਦੇ ਬਹਾਦਰ ਨੇ ਬੜਾ ਖੁਆਰ ਕੀਤਾ ਮੁਲਕ ਨੂੰ, ਲਹੌਰ ਦੁਆਬੇ ਅਤੇ ਹੁਸ਼ਿਆਰਪੁਰ ਦਾ ਇਲਾਕਾ ਇਹ ਤਾਂ ਰੋਲ ਮਾਰਿਆ ਸੀ ਬੰਦੇ ਬਹਾਦਰ ਨੇ।

***ਫਿਰ ਖਾਲਸੈ ਔਰ ਦਯੋ ਉਜਾਰ॥ ੪॥*** ਬਾਕੀ ਰਹਿੰਦਾ-ਖੂੰਹਦਾ ਖਾਲਸੇ ਪੰਥ ਨੇ ਉਜਾੜ ਦਿੱਤਾ। ੪।

***ਪੁਜੇ ਨ ਟਕੇ ਦਿੱਲੀ ਕੇ ਸ਼ਾਹਿ॥*** ਜਦੋਂ ਦਿੱਲੀ ਦੇ ਬਾਦਸ਼ਾਹ ਨੂੰ ਟਕੇ ਨਾ ਪਹੁੰਚੇ।

***ਉਸ ਨੇ ਭੇਜੀ ਤਲਬ ਚੜ੍ਹਾਇ॥*** ਉਸ ਨੇ (ਤਲਬ) ਫ਼ੌਜ ਚੜ੍ਹਾ ਕੇ ਭੇਜ ਦਿੱਤੀ ਹੈ, ਜਾਉ ਮਾਮਲਾ ਜ਼ਬਰਦਸਤੀ ਉਗਰਾਹ ਕੇ ਲਿਆਉ।

***ਅਸਵਾਰ ਖਾਸ ਕੀ ਇੱਕ ਹਜ਼ਾਰ॥*** ਸ਼ਾਹੀ ਫ਼ੌਜ ਖਾਸ ਚੁਣਵੇ ਇਕ ਹਜ਼ਾਰ ਘੋੜ ਅਸਵਾਰ ਭੇਜਿਆ।

***ਤਿਨ ਮੈਂ ਥੇ ਦੁਇ ਪਠਾਨ ਸੁਦਾਰ॥ ੫॥*** ਉਨ੍ਹਾਂ ਦੇ ਵਿੱਚ ਦੋ ਪਠਾਣ ਸਰਦਾਰ ਸਨ, ਜੋ ਕਿ ਫ਼ੌਜ ਦੇ ਜ਼ਿੰਮੇਦਾਰ ਸਨ। ੫।

***ਦੋਹਰਾ॥ ਅਤਿਉਲ ਮੁਹਬਤ ਖਾਂ ਕਹੈਂ ਸੁੰਦਰ ਖੂਬ ਜਵਾਨ॥*** ਕਹਿੰਦੇ ਹਨ, ਅਤਾਉਲਾ ਖ਼ਾਂ ਤੇ ਮਹਾਬਤ ਖਾਂ ਬੜੇ ਸੁੰਦਰ ਜਵਾਨ ਸਨ, ਬੜੇ ਕੱਦਾਵਰ ਤੇ ਬੜੀ ਚੜ੍ਹਦੀ ਕਲਾ ਦੇ ਪਠਾਣ ਸਨ।

***ਕਹੈਂ ਸਿਪਾਹੀ ਉਨ ਬਡੇ ਤਿਹ ਫਰੀਦਾਬਾਦ ਮਕਾਨ॥ ੬॥*** ਇਹਨਾਂ ਨੂੰ ਵੱਡੇ ਸਿਪਾਹੀਆਂ ਵਿਚ ਗਿਣਿਆਂ ਸੀ ਵੱਡੇ ਜਵਾਨ ਸਨ, ਦਿੱਲੀ ਕੋਲ ਫਰੀਦਾਬਾਦ ਹੈ, ਉਥੇ ਉਨ੍ਹਾਂ ਦੇ ਘਰ ਸਨ। ੬।

***ਚੌਪਈ॥ ਉਤ ਤੇ ਆਏ ਤੇਊ ਲਹੌਰ॥*** ਉਧਰੋਂ ਦਿੱਲੀ ਤੋਂ ਉਹ ਲਹੌਰ ਆਏ ਸਨ, ਸ਼ਾਹੀ ਮਾਮਲਾ ਲੈਣ ਵਾਸਤੇ।

***ਸੁਨੋਂ ਈਹਾਂ ਜੋ ਹੋਯੋ ਤੌਰ॥*** ਹੁਣ ਏਥੋਂ ਦਸਦੇ ਹਨ, ਜੋ ਤਰੀਕਾ ਵਰਤਿਆ ਇਹਨਾਂ ਨੇ, ਜਦੋ ਦਿੱਲੀ ਤੋਂ ਫ਼ੌਜ ਆ ਗਈ ਮਾਮਲਾ ਲੈਣ ਵਾਸਤੇ।

***ਮੁਲਖਈਏ ਇਤ ਆਏ ਫਰਯਾਦ॥*** ਏਸ ਪੰਜਾਬ ਮੁਲਖ਼ ਦੇ ਮੁਸਲਮਾਨ ਫ਼ਰਿਆਦ ਕਰਨ ਵਾਸਤੇ ਆ ਗਏ ਹਨ ਇੱਕਠੇ ਹੋ ਕੇ ਲਹੌਰ ਵਿਚ, ਕਿਉਂਕਿ ਸਿੰਘਾਂ ਨੇ ਗਦਰ ਪਾਇਆ ਹੋਇਆ ਸੀ।

***ਮੁਸਲਮਾਨ ਬਹੁ ਕਰ ਇਤਕਾਦ॥ ੭॥*** ਮੁਸਲਮਾਨਾਂ ਨੇ ਬਹੁਤਾ ਜ਼ੋਰ ਦੇ ਕੇ। ੭।

***ਮੁੱਲਾਂ ਕਾਜ਼ੀ ਹੋਰ ਮਲੰਗ॥*** (ਮਲੰਗ) ਮੁਸਲਮਾਨ ਫ਼ਕੀਰ ਭੰਗ ਪੀਣ ਵਾਲੇ, ਮੁੱਲਾਂ ਅਤੇ ਕਾਜ਼ੀ ਮੁਸਲਮਾਨਾਂ ਦੇ ਮਜ਼ਹਬੀ ਲੋਕ।

***ਰਲ ਮਿਲ ਕੀਓ ਨਵਾਬ ਉਨ ਤੰਗ॥*** ਉਨ੍ਹਾਂ ਨੇ ਆਪਸ ਵਿਚ ਇਕੱਠੇ ਹੋ ਕੇ ਲਹੌਰ ਦੇ ਨਵਾਬ ਅਸਲਮ ਖ਼ਾਂ ਨੂੰ ਬੜਾ ਤੰਗ ਕੀਤਾ ਹੈ ਕਿ ਸਾਡੀ ਮਦਦ ਕਰ।

**ਮੁਸਲਮਾਨ ਥੀ ਕਚਹਿਰੀ ਸਭ॥** ਸਾਰੀ ਕਚਹਿਰੀ ਮੁਸਲਮਾਨਾਂ ਦੀ ਸੀ, ਉਥੇ ਹੋਰ ਤਾਂ ਕਿਸੇ ਦੀ ਦਾਦ-ਫ਼ਰਿਆਦ ਨਹੀਂ ਸੀ।

**ਕੀਓ ਉਪਰਾਲੋ ਸਬਹਨ ਤੱਬ॥ ੮॥** ਤਦੋਂ ਸਾਰਿਆਂ ਨੇ ਰਲ ਕੇ ਉਪਰਾਲਾ ਕੀਤਾ ਕਿ ਅਸੀਂ ਸਾਰੇ ਜਤਨ ਕਰੀਏ ਰਲ ਮਿਲ ਕੇ ਇਕੱਲੇ ਦੇ ਜ਼ੁੰਮੇ ਨਾ ਪਾਉ ਸਭ ਕੁਛ। ੮।

**ਦੀਨ ਮਜ਼ਬ ਕੋ ਰਖ ਉਪਰਾਲਾ॥** ਦੀਨ ਮਜ਼ਹਬ ਨੂੰ ਅੱਗੇ ਰੱਖ ਕੇ ਉਪਰਾਲਾ ਕਰਨਾ ਹੈ। ਆਪਣੇ ਦੀਨ ਮਜ਼ਹਬ ਨੂੰ ਬਚਾਉਣਾ ਹੈ, ਦੀਨ ਨੂੰ ਖ਼ਤਰਾ ਹੋ ਗਿਆ ਹੈ।

**ਮੁਸਲਮਾਨ ਇਮ ਪੱਖ ਸੰਭਾਲਾ॥** ਇਸ ਤਰ੍ਹਾਂ ਮੁਸਲਮਾਨਾਂ ਨੇ ਆਪਣਾ ਮਜ਼ਹਬੀ ਪੱਖ ਸੰਭਾਲਿਆ ਕਿ ਮਜ਼ਹਬ ਦਾ ਨਾਮ ਰੱਖੋ ਮੂਹਰੇ ਤਾਂ ਆਪਣੇ ਨਾਲ ਸਾਰੇ ਮੁਸਲਮਾਨ ਰਲਣਗੇ।

**ਜਿਸ ਜਿਸ ਮੌਤ ਨਜੀਕੈ ਆਈ॥** ਭਾਈ ਰਤਨ ਸਿੰਘ ਜੀ ਕਹਿੰਦੇ ਨੇ, ਉਹ ਕੋਈ ਦੀਨ ਮਜ਼ਹਬ ਦਾ ਜੰਗ ਸੀ, ਜਿਨ੍ਹਾਂ ਦੀ ਮੌਤ ਨੇੜੇ ਆ ਗਈ ਸੀ, ਥੋੜ੍ਹੇ ਦਿਨ ਰਹਿੰਦੇ ਸੀ ਮਰਨ ਵਿਚ, ਉਹਨਾਂ ਸਾਰਿਆਂ ਨੇ ਚੁੱਕਣ ਚੁੱਕ ਲਿਆ।

**ਆਇ ਉਸੈ ਮਤ ਖੋਟ ਸਿਖਾਈ॥ ੯॥** ਉਨ੍ਹਾਂ ਨੇ ਆ ਕੇ ਖੋਟੀ ਮੱਤ ਸਿਖਾ ਦਿੱਤੀ ਹੈ ਕਿ ਹੁਣ ਥੋੜ੍ਹੇ ਜਿਹੇ ਸਿੰਘ ਰਹਿੰਦੇ ਹਨ, ਉਨ੍ਹਾਂ ਨੂੰ ਖ਼ਤਮ ਕਰੀਏ, ਇਹਨਾਂ 'ਤੇ ਫਤ੍ਹੇ ਪਾਵਾਂਗੇ। ੯।

**ਅਸਲਮ ਖਾਂ ਐਸੇ ਕਹੀ ਬਾਤ॥** ਸੂਬੇਦਾਰ ਅਸਲਮ ਖ਼ਾਂ ਨੂੰ ਇਸ ਤਰ੍ਹਾਂ ਗੱਲ ਆਖੀ ਹੈ ਮੁਲਖਈਆਂ ਨੇ।

**ਤੁਰਤ ਲਹੌਰ ਆਇ ਹਮ ਜਾਤ॥** ਦੀਨੀਏ ਕਹਿਣ ਲੱਗੇ, ਅਸੀਂ ਤੁਰੰਤ ਹੀ ਲਹੌਰ ਆ ਜਾਂਦੇ ਹਾਂ।

**ਨਹਿ ਮੰਗੈਂ ਹਮ ਦਾਨਾ ਖਾਣ॥** ਅਸਾਂ ਨੂੰ ਖਾਣ-ਪੀਣ ਵਾਸਤੇ ਦਾਣਾਂ-ਪਾਣੀ ਵੀ ਕੁਛ ਨਹੀਂ ਚਾਹੀਦਾ, ਉਹ ਵੀ ਅਸੀਂ ਆਪੋ ਆਪਣਾ ਨਾਲ ਲਿਆਵਾਂਗੇ।

**ਨਹਿ ਚਾਹੈਂ ਹਮ ਸਾਥ ਤੁਹਿ ਜਾਣ॥ ੧੦॥** ਅਸੀਂ ਇਹ ਵੀ ਨਹੀਂ ਚਾਹੁੰਦੇ ਕਿ ਤੁਸੀਂ ਸਾਡੇ ਨਾਲ ਜਾਉ, ਸਿੰਘਾਂ ਦੇ ਮੁਕਾਬਲੇ 'ਤੇ। ੧੦।

**ਦੋਹਰਾ॥ ਝੰਡੋ ਗਡਯੋ ਕਢ ਈਦਗਾਹੈ ਹੈਦ੍ਰੀ ਨਾਮ ਰਖਾਇ॥** ਇਨ੍ਹਾਂ ਦੀਨੀਆਂ ਨੇ ਹੈਦਰੀ ਝੰਡਾ ਜੋ ਕਿ ਹਰੇ ਰੰਗ ਦਾ ਹੁੰਦਾ ਹੈ, ਉਹ (ਈਦਗਾਹ) ਜੋ ਸ਼ਹਿਰੋਂ ਬਾਹਰ ਖੁਲ੍ਹਾ ਮੈਦਾਨ ਹੋਵੇ, ਜਿਸ ਵਿਚ ਮੁਸਲਮਾਨ ਲੋਕ ਈਦ ਵਾਲੇ ਦਿਨ ਇਕੱਠੇ ਹੁੰਦੇ ਹਨ, ਉਸ ਮੈਦਾਨ ਵਿਚ ਜਾ ਝੰਡਾ ਗੱਡਿਆ ਦੀਨ ਮਜ਼ਹਬ ਦਾ, ਕਿ ਆਉ, ਜਿਸ ਨੇ ਦੀਨ ਮਜ਼ਹਬ ਦੇ ਵਾਸਤੇ ਲੜਨਾ ਹੈ, ਉਹ ਸਾਡੇ ਝੰਡੇ ਹੇਠ ਆ ਜਾਉ ਸਾਰੇ ਇਕੱਠੇ ਹੋ ਕੇ।

**ਜੋ ਕਾਇਮ ਦੀਨ ਪੈ ਰਲੈ ਹਮੈ ਸੋ ਆਇ॥ ੧੧॥** ਢੋਲ ਵਜਾ ਦਿੱਤਾ ਕਿ ਜਿਹੜਾ-ਜਿਹੜਾ ਵੀ ਆਪਣੇ ਦੀਨ ਮਜ਼ਹਬ 'ਤੇ ਕਾਇਮ ਹੈ, ਜਿਸ-ਜਿਸ ਨੂੰ ਮਜ਼ਹਬ ਪਿਆਰਾ ਲਗਦਾ ਹੈ, ਉਹ ਸਾਰੇ ਸਾਡੇ ਨਾਲ ਆ ਕੇ ਰਲੋ।

**ਸੋਰਠਾ॥ ਗਲ ਪਰੀ ਖੁਦਾਈਅਨ ਕਾਨ, ਬੱਧ ਬੱਧ ਲੱਕ ਬਹੁ ਜਾ ਖੜੇ॥** ਇਹ ਗੱਲ ਖੁਦਾ-ਪ੍ਰਸਤਾਂ ਦੇ ਕੰਨਾਂ ਵਿਚ ਪੜੀ ਕਿ ਮਵਾਸਤੇ ਵਿਚ ਜਾ ਕੇ ਇੱਕਠੇ ਹੋ ਗਏ, ਦੀਨ ਮਜ਼ਹਬ ਦਾ ਹੈਦਰੀ ਝੰਡਾ ਗੱਡ ਦਿੱਤਾ ਗਿਆ, ਨਵਾਬ ਵੀ ਸਾਰੇ ਤਿਆਰ ਹੋ ਗਿਆ, ਸਾਰੇ ਤਿਆਰ ਹੋ ਗਏ ਹਨ ਜੰਗ ਲੜਨ ਵਾਸਤੇ, ਅਸੀਂ ਵੀ ਚੱਲੀਏ, ਸਭ ਨੇ ਲੱਕ ਬੰਨ ਲਏ ਹਨ ਤੇ ਹਥਿਆਰ ਚੁੱਕ ਲਏ ਕਿ ਚਲੋ ਦੀਨ ਮਜ਼ਹਬ ਦੇ ਨਾਂ 'ਤੇ ਯੁੱਧ ਕਰੀਏ।

**ਜਨੁ ਚਲੇ ਜ਼ਿਆਫ਼ਤ ਖਾਨ, ਪੈ ਜਮ ਭੱਛਨ ਉਨ ਤਕੈ॥ ੧੨॥** ਭਾਈ ਰਤਨ ਸਿੰਘ ਜੀ ਪ੍ਰਮਾਣ ਦਿੰਦੇ ਨੇ ਜਾਣੋ ਆਪਣੇ ਵੱਲੋਂ ਤਾਂ ਚੱਲੇ ਨੇ ਸ਼ੀਰਨੀਆਂ ਖਾਵਾਂਗੇ, ਉਥੇ ਚੰਗੀਆਂ ਜਲੇਬੀਆਂ ਨਿਕਲਣਗੀਆਂ, ਸੇਵੀਆਂ ਬਣਨਗੀਆਂ, ਉਹ ਖਾਵਾਂਗੇ, ਪਰ ਇਹ ਨਹੀਂ ਪਤਾ ਕਿ ਜਮ ਉਨ੍ਹਾਂ ਨੂੰ (ਭਛਨ) ਖਾਣ ਵਾਸਤੇ ਤੱਕ ਰਿਹਾ ਹੈ। ੧੨।

**ਚੌਪਈ॥ ਉਠਾਯੋ ਗੁਲਗੁਲੋ ਤੌ ਇਸ ਤੌਰ॥** ਇਸ ਤਰੀਕੇ ਨਾਲ ਇਹਨਾਂ ਨੇ ਦੀਨ ਮਜ਼ਹਬ ਦੇ ਨਾਮ 'ਤੇ (ਗੁਲਗੁਲੋ)

ਡੰਡ ਰੌਲਾਂ, ਸ਼ੋਰ-ਸ਼ਰਾਬਾ ਪਾਉਣਾ ਸ਼ੁਰੂ ਕਰ ਦਿੱਤਾ ਹੈ।

***ਜਿਮ ਡੇਰਾ ਕੀਓ ਆਇ ਲਹੌਰ॥*** ਇਹਨਾਂ ਮੁਗਲਾਂ, ਪਠਾਣਾਂ, ਅਰਾਈਆਂ ਆਦਿਕਾਂ ਨੇ ਜਿਵੇਂ ਲਹੌਰ ਆ ਕੇ ਡੇਰਾ ਕੀਤਾ ਹੈ।

***ਮੁਹੰਮਦ ਤਕੀ ਔ ਇਨਾਇਤ ਖਾਨ॥*** ਮੁਹੰਮਦ ਤਕੀ ਅਤੇ ਅਨਾਇਤ ਖ਼ਾਂਨ, ਇਹ ਦੋਵੇਂ ਇਸ ਇਲਾਕੇ ਦੇ ਰਹਿਣ ਵਾਲੇ ਸਨ।

***ਝੰਡੋ ਜੁਦੋ ਜਾ ਗੱਡਯੋ ਮਦਾਨ॥ ੧੩॥*** ਇਹਨਾਂ ਨੇ ਜਾ ਕੇ ਸਾਰਿਆਂ ਤੋਂ ਵੱਖਰਾ ਝੰਡਾ ਕੱਢ ਲਿਆ ਹੈ, ਰੜੇ ਮੈਦਾਨ ਵਿਚ ਵੱਖਰਾ ਝੰਡਾ ਜਾ ਗੱਡਿਆ ਹੈ। ੧੩।

***ਉਨ੍ਹੈਂ ਕਹਯੋ ਯੌ ਹੋਕੋ ਦਿਵਾਇ॥*** ਉਨ੍ਹਾਂ ਨੇ ਹੋਕਾ ਦਿਵਾ ਕੇ ਸਾਰਿਆਂ ਨੂੰ ਇਉਂ ਕਿਹਾ ਹੈ।

***'ਹੁਇ ਬੇਖਰਚ ਰਲੈ ਹਮ ਆਇ॥*** ਸਾਡਾ ਐਲਾਨ ਹੈ, ਜਿਨ੍ਹਾਂ ਕੋਲ (ਬੇਖ਼ਰਚ) ਖ਼ਰਚ ਨਾ ਹੋਵੇ, ਜਿਨ੍ਹਾਂ ਕੋਲ ਰੋਟੀ-ਪਾਣੀ ਦਾ ਇੰਤਜ਼ਾਮ ਨਾ ਹੋਵੇ, ਉਹ ਸਾਡੇ ਝੰਡੇ ਹੇਠ ਆਉਣ, ਅਸੀਂ ਉਨ੍ਹਾਂ ਦਾ ਸਾਰਾ ਖ਼ਰਚਾ ਪੂਰਾ ਕਰਾਂਗੇ, ਹਥਿਆਰ ਵੀ ਦੇਵਾਂਗੇ, ਉਨ੍ਹਾਂ ਨੂੰ ਰੋਟੀ ਪਾਣੀ ਆਦਿਕ ਵੀ ਦੇਵਾਂਗੇ, ਆਉ! ਸਾਡੇ ਨਾਲ ਜਿਨ੍ਹਾਂ ਨੇ ਮਜ਼ਹਬ ਦੇ ਨਾਮ 'ਤੇ ਲੜਨਾ ਹੈ।

***ਹੁਤੋ ਸੁਦਾਗਰ ਮੁਰਤਜ਼ਾ ਖ਼ਾਨ॥*** ਇਕ ਮੁਰਤਜ਼ਾ ਖ਼ਾਨ(ਸੁਦਾਗਰ)ਵਪਾਰੀ ਸੀ।

***ਰਲਯੋ ਸਿੰਘਨ ਮਾਰਨ ਸ੍ਵਾਬੇ ਜਾਨ॥ ੧੪॥*** ਉਹ ਵੀ ਸਿੰਘਾਂ ਨੂੰ ਮਾਰਨ ਵਾਸਤੇ ਇਨ੍ਹਾਂ ਦੇ ਨਾਲ ਆ ਰਲਿਆ ਹੈ, (ਸ੍ਵਾਬ) ਪੁੰਨ ਦਾ ਕੰਮ ਸਮਝ ਕੇ, ਚਲੋ ਦੀਨ ਮਜ਼ਹਬ ਦੇ ਨਾਮ 'ਤੇ ਸਿਰ ਲਾ ਦੇਈਏ। ੧੪।

***ਔਰ ਰਲਯੋ ਹਾਜ਼ੀ ਬੇਗ ਮੁਗਲ॥*** ਹੋਰ ਇਕ ਹਾਜ਼ੀ ਬੇਗ ਨਾਮ ਦਾ ਮੁਗਲ ਵੀ ਇਹਨਾਂ ਦੀਨੀਆਂ ਨਾਲ ਆ ਰਲਿਆ ਹੈ।

***ਪੀਰ ਮੁਹੰਮਦ ਮੁੱਲਾਂ ਚੁਗ਼ਲ॥*** ਇਕ ਪੀਰ ਮੁਹੰਮਦ ਨਾਮ ਦਾ ਮੌਲਾਣਾ, ਜੋ ਬੜਾ ਚੁਗਲਖੋਰ ਸੀ, ਉਹ ਵੀ ਆ ਰਲਿਆ ਹੈ।

***ਇਨਾਇਤੁੱਲਾ ਤ੍ਰੂਵਾੜੀਓ ਰਜਪੂਤ॥*** ਤ੍ਰਾਵੜੀ ਤੋਂ ਇਨਾਇਤਉਲਾ ਵੀ ਆ ਰਲਿਆ ਹੈ।

***ਆਇ ਸੁ ਫਸਿਓ ਕਿਸੈ ਕਸੂਤ॥ ੧੫॥*** ਕਿ ਦੀਨ ਮਜ਼ਹਬ ਦਾ ਕੰਮ ਹੈ, ਥੋੜ੍ਹੇ ਜਿਹੇ ਸਿੰਘ ਨੇ, ਨਾਲੇ ਆਪਾਂ ਉਥੋਂ ਲੁੱਟ-ਮਾਰ ਕਰਕੇ ਲਿਆਵਾਂਗੇ, ਉਹ ਵੀ ਏਥੇ ਆ ਕੇ ਕਿਸੇ ਤਰ੍ਹਾਂ ਕਸੂਤਾ ਫਸ ਗਿਆ ਹੈ। ੧੫।

***ਦੋਹਰਾ॥ ਰਾਜੋ ਟੋਡਰ ਮਲ ਹੁਤੋ ਸ਼ਾਹਿ ਅਕਬਰ ਦੀਵਾਨ॥*** ਟੋਡਰ ਮੱਲ ਰਾਜਾ ਅਕਬਰ ਬਾਦਸ਼ਾਹ ਦਾ ਦੀਵਾਨ ਸੀ, ਇਹ ਅਕਬਰ ਦਾ ਵਜ਼ੀਰ ਰਿਹਾ ਸੀ।

***ਪਹਾੜ ਮੱਲ ਉਸ ਸੁਤ ਹੁਤੋ, ਉਸ ਸੁਤ ਔਰ ਨਿਦਾਨ॥ ੧੬॥*** ਉਸ ਟੋਡਰ ਮੱਲ ਦਾ ਪੁੱਤਰ ਪਹਾੜ ਮੱਲ ਸੀ ਤੇ ਪਹਾੜ ਮੱਲ ਦਾ ਹੋਰ ਪੁੱਤਰ ਸੀ (ਨਿਦਾਨ) ਬੇਸਮਝ। ੧੬।

***ਚੌਪਈ॥ ਵਹਿ ਭੀ ਸ਼ਾਮਤ ਆ ਤਬ ਘੇਰੋ॥*** ਉਸ ਦੀ ਵੀ ਮੌਤ ਆ ਗਈ, ਉਸ ਨੂੰ ਵੀ ਹੋਣੀ ਨੇ ਆ ਘੇਰਿਆ ਹੈ, ਭਾਵ ਉਸ ਦੀ ਵੀ ਸ਼ਾਮਤ ਆ ਗਈ ਹੈ।

***ਆਨ ਲਾਯੋ ਉਨ ਬੀ ਵਿਚ ਡੇਰੋ॥*** ਜਦੋਂ ਉਹਨਾਂ ਨੇ ਕਿਹਾ ਕਿ ਅਸੀਂ ਮਦਦ ਕਰਾਂਗੇ, ਜਿਸ ਦੇ ਕੋਲ ਨਾ ਕੁਝ ਹੋਵੇ, ਉਨ੍ਹਾਂ ਤੁਰਕਾਂ ਦੇ ਵਿਚ ਹਿੰਦੂਆਂ ਨੇ ਵੀ ਆਣ ਡੇਰਾ ਪਾਇਆ "ਮੁਸਲਮਾਨਾਂ ਨੂੰ ਖ਼ੁਸ਼ ਕਰਨ ਵਾਸਤੇ"।

***ਜਿਸ ਪੈ ਜਾਉਗੁ ਖਰਚ ਮੁਕਾਇ॥*** ਇਸ ਨੇ ਵੀ ਆ ਕੇ ਐਲਾਨ ਕਰ ਦਿੱਤਾ ਕਿ ਜੇ ਕਿਸੇ ਮੁਸਲਮਾਨ ਕੋਲੋਂ ਖ਼ਰਚ ਆਦਿਕ ਮੁੱਕ ਗਿਆ ਤਾਂ।

***ਮੈਂ ਦੇਉਂਗੁ ਉਨ ਕਹਯੋ ਸੁਨਾਇ॥ ੧੭॥*** ਪਹਾੜ ਮੱਲ ਦੇ ਪੁੱਤਰ ਨੇ 'ਮੈਂ ਦੇਊਂਗਾ ਖ਼ਰਚ ਉਹਨੂੰ' ਇਉਂ ਸੁਣਾ ਕੇ ਆਖਿਆ ਹੋਇਆ ਹੈ। ੧੭।

***ਦੋਹਰਾ॥ ਆਯੋ ਹੁਤੋ ਅਸ੍ਵਾਰ ਜੋ ਤਲਬੀਓ ਇੱਕ ਹਜ਼ਾਰ॥*** ਜੋ ਇਕ ਹਜ਼ਾਰ ਘੋੜਸਵਾਰ ਮਾਮਲਾ ਤਲਬ ਕਰਨ ਦਿੱਲੀ ਤੋਂ ਆਇਆ ਹੋਇਆ ਸੀ।

***ਉਨ ਕੀ ਮੱਤ ਗਵਾਇ ਕੇ, ਕੀਏ ਜਮਨ ਤੇਊ ਨਾਰ॥ ੧੮॥*** ਕਹਿੰਦੇ ਹਨ ਉਨ੍ਹਾਂ ਦੀ ਮੱਤ ਗਵਾ ਦਿੱਤੀ, (ਜਮਨ)ਜਮਰਾਜ ਨੇ ਬੁੱਧਿ ਫੇਰ ਦਿੱਤੀ। ਤੁਸੀਂ ਸ਼ਾਹੀ ਨੌਕਰ ਹੋ, ਤੁਸੀਂ ਤਾਂ ਇਨ੍ਹਾਂ ਤੋਂ ਲੈਣਾ ਹੈ, ਤੁਹਾਨੂੰ ਲੋੜ ਕੀ ਹੈ ਇਹਨਾਂ ਦੇ ਨਾਲ ਰਲਣ ਦੀ? ਪਰ ਦੀਨ ਮਜ਼ਹਬ ਦੇ ਨਾਮ ਉੱਤੇ ਇਹਨਾਂ ਨੂੰ ਵੀ ਚਾਉ ਚੜ੍ਹਿਆ, ਜਮਰਾਜ ਨੇ ਇਹਨਾਂ ਨੂੰ ਵੀ ਦੀਨੀਆਂ ਦੇ ਨਾਲ ਰਲਾ ਦਿੱਤਾ ਹੈ ਕਿ ਅਸੀਂ ਵੀ ਇਹਨਾਂ ਦੀ ਮਦਦ ਕਰੀਏ। ੧੮।

***ਚੌਪਈ॥ ਨਬਾਬ ਖਾਤ੍ਰ ਉਨ ਤੋਪੈਂ ਦਈ॥*** ਉਨ੍ਹਾਂ ਨੇ ਨਵਾਬ ਦੀ ਖ਼ਾਤਰ ਤੋਪਾਂ ਦਿੱਤੀਆਂ ਹਨ, ਸਿੰਘਾਂ ਨਾਲ ਲੜਨ ਵਾਸਤੇ ਕਿ ਇਹ ਤੋਪਖਾਨਾ ਸਾਡਾ ਲੈ ਜਾਉ ਸਿੰਘਾਂ ਨੂੰ ਮਾਰਨ ਨੂੰ।

***ਜੰਬੂਰਖਾਨੋ ਉਨ ਦਯੋ ਘਲਈ॥*** (ਜੰਬੂਰ) ਛੋਟੀਆਂ ਤੋਪਾਂ, ਜੰਬੂਰ ਖਾਨਾ ਵੀ ਭੇਜ ਦਿੱਤਾ, ਉਹਨਾਂ ਦੀ ਮਦਦ ਵਾਸਤੇ।

***'ਜਿਸ ਜਿਸ ਹਿੰਮਤ ਜਾਨੈ ਹੋਇ॥*** ਜਿਸ ਦੇ ਵਿਚ ਵੀ ਸਿੰਘਾਂ ਦੇ ਸਾਹਮਣੇ ਜਾਣ ਦੀ ਹਿੰਮਤ ਹੋਵੇ, ਜਿਸ ਕਿਸੇ ਦੇ ਵੀ ਖ਼ੂਨ ਨੇ ਉਬਾਲਾ ਖਾਧਾ,ਦੀਨ ਮਜ਼ਹਬ ਦਾ ਯੁੱਧ ਲੜਨ ਵਾਸਤੇ।

***ਬੇਸ਼ਕ ਚੜ੍ਹੈ ਹ੍ਵੈ ਚਾਕਰ ਮੋਹਿ' ॥ ੧੯॥*** ਆਉ ਨੌਕਰੀ ਵੀ ਦਿਆਂਗਾ,ਇਹਨਾਂ ਨੇ ਐਲਾਨ ਕਰ ਦਿੱਤਾ, ਮੈਥੋਂ ਅਸਲਾ ਲੈ ਕੇ ਬਿਨਾਂ ਸ਼ੱਕ ਤੋਂ ਮੇਰੇ ਨੌਕਰ ਹੋ ਕੇ ਸਿੰਘਾਂ ਨੂੰ ਮਾਰਨ ਵਾਸਤੇ ਚੜ੍ਹੋ। ੧੯।

***ਮੁਸਲਮਾਨੀ ਬਹੁ ਆਈ ਵੱਲ॥*** ਪਾਣੀਪਤ ਕਰਨਾਲ ਤੱਕ ਜਿੰਨੇ ਮੁਸਲਮਾਨ ਰਈਸ ਸਨ, ਉਹ ਸਾਰੇ ਇੱਕਠੇ ਹੋ ਕੇ ਆ ਗਏ ਸਨ।

***ਅਲੀ ਅਲੀ ਕਹਿਕੇ ਭਈ ਰੱਲ॥*** ਯਾ ਅਲੀ, ਯਾ ਅਲੀ ਦੇ ਨਾਹਰੇ ਮਾਰ ਕੇ ਲੱਖਾਂ ਹੀ ਮੁਸਲਮਾਨ ਰਲ ਕੇ ਆ ਗਏ ।

***ਕਈ ਝੰਡੇ ਔ ਕਈ ਨਿਸ਼ਾਨ॥*** ਜਦੋਂ ਆ ਕੇ ਮੁਸਲਮਾਨੀ ਇਕੱਠੀ ਹੋਈ, ਅਨੇਕਾਂ ਹੀ ਝੰਡੇ ਗੱਡੇ, ਕਿਤੇ ਅਨੇਕਾਂ ਪ੍ਰਕਾਰ ਦੇ ਨਿਸ਼ਾਨ ਲਾਏ ਨੌਬਤਾਂ ਨਗਾਰੇ ਇਕੱਠੇ ਹੋਏ ਸਨ।

***ਅਯੋ ਇਕੱਤ੍ਰ ਹੁਇ ਅੱਧ ਜਹਾਨ॥ ੨੦॥*** ਭਾਈ ਰਤਨ ਸਿੰਘ ਜੀ ਕਹਿੰਦੇ ਨੇ ਹੁਣ ਸੈਂਕੜਿਆਂ ਹਜ਼ਾਰਾਂ ਤੋਂ ਟੱਪ ਗਿਆ ਕੰਮ, ਜਾਣੋਂ ਅੱਧਾ ਜਹਾਨ ਇਕੱਤਰ ਹੋ ਗਿਆ, ਜਿੰਨਾਂ ਮੁਲਕ ਵਸਦਾ ਸੀ, ਤਕਰੀਬਨ ਅੱਧਾ ਚੜ੍ਹ ਕੇ ਆ ਗਿਆ ਖਾਲਸੇ ਉੱਤੇ। ੨੦।

***ਸਿੰਘ ਨਹੀਂ ਆਟੇ ਮਧ ਲੂਣ॥*** ਹੁਣ ਸਿੰਘਾਂ ਦੀ ਗਿਣਤੀ ਦਸਦੇ ਹਨ ਕਿ ਜੇ ਹਿਸਾਬ ਕਰੀਏ ਕਿ ਸਿੰਘ ਕਿੰਨੇ ਸੀ ਤੇ ਤੁਰਕ ਕਿੰਨੇਂ ਸੀ, ਸਿੰਘ ਤਾਂ ਆਟੇ ਵਿਚ ਲੂਣ ਵੀ ਨਹੀਂ ਸਨ, ਪ੍ਰਾਤ ਭਰੀ ਹੋਈ ਆਟੇ ਦੀ ਵਿਚ ਚੂੰਡੀ ਕੁ ਲੂਣ ਹੀ ਪਾਈਏ ਤਾਂ ਬਰਾਬਰ ਹੋ ਜਾਂਦਾ ਹੈ, ਕਹਿੰਦੇ ਹਨ, ਸਿੰਘਾਂ ਦੀ ਐਨੀ ਘੱਟ ਗਿਣਤੀ ਸੀ ਕਿ ਆਟੇ ਵਿਚ ਲੂਣ ਵੀ ਨਹੀਂ ਸਨ।

***ਜਹਿਂ ਲੁਕ ਬਚੈਂ ਨ ਲਭੈ ਸੁ ਕੂਣ ॥*** ਕੋਈ (ਕੂਣ) ਕੋਣ, ਨੁੱਕਰ, ਖੂੰਜਾ ਨਹੀਂ ਲੱਭਦਾ, ਜਿੱਥੇ ਸਿੰਘ ਲੁਕ ਕੇ ਆਪਦਾ ਬਚਾ ਕਰ ਸਕਣ।

***ਤੁਰਕ ਆਂਧੀ, ਸਿੰਘ ਨਾਂਹਿ ਵਰੋਲੈ॥*** ਤੁਰਕ ਤਾਂ (ਆਂਧੀ) ਹਨੇਰੀ ਵਾਂਗ ਹਨ ਤੇ ਸਿੰਘ ਵਾ-ਵਰੋਲੇ ਵਰਗੇ ਨਹੀਂ ਸਨ। ਵਰੋਲਾ ਤਾਂ ਕਿਤੇ-ਕਿਤੇ ਉਠਦਾ ਹੈ, ਹਨੇਰੀ ਵਗੀ ਤੁਰੀ ਜਾਂਦੀ ਹੈ। ਵਾ-ਵਰੋਲ੍ਹਾ ਕੋਈ-ਕੋਈ, ਇਸ ਕਰਕੇ ਕਹਿੰਦੇ ਹਨ ਕਿ ਸਿੰਘ ਵਰੋਲੇ ਵਰਗੇ ਵੀ ਨਹੀਂ ਸਨ, ਐਨੇ ਥੋੜ੍ਹੇ ਸਨ ਉਸ ਟਾਇਮ।

***ਇਮ ਕਰ ਸਿੰਘਨ ਹਥ ਨ ਖੋਲ੍ਹੈ॥ ੨੧॥*** ਇਸ ਕਰਕੇ ਸਿੰਘ ਗੁਪਤ ਰਹੇ ਹਨ, ਸਿੰਘਾਂ ਨੇ ਆਉਂਦਿਆਂ 'ਤੇ ਹੱਥ ਨਹੀਂ ਖੋਲਿਆ ਕਿ ਐਨਾ ਮੁਲਖ ਇਕੱਠਾ ਹੋ ਗਿਆ, ਇਹਨਾਂ ਨਾਲ ਤਾਂ ਨੁਕਸਾਨ ਹੋਵੇਗਾ, ਸਿੰਘ ਆਸਾ-ਪਾਸਾ ਕਰਦੇ ਰਹੇ। ੨੧।

***ਬਹੁਤਨ ਸਯੋਂ ਕਯਾ ਥੋਰੇ ਕਰੈਂ॥*** ਬਹੁਤਿਆਂ ਨਾਲ ਥੋੜ੍ਹਿਆਂ ਦਾ ਕੀ ਮੁਕਾਬਲਾ 'ਘਣ ਜੀਤੇ ਸੂਰਮਾ ਹਾਰੇ' (ਘਣੇ) ਬਹੁਤਿਆਂ ਨੇ ਜਿੱਤਣਾ ਹੀ ਹੁੰਦਾ ਹੈ ਸੂਰਮਿਆਂ ਨੇ ਹਾਰਨਾਂ ਹੀ ਹੁੰਦਾ ਹੈ। ਸਿੰਘਾਂ ਨੇ ਤੇਜ਼ੀ ਨਹੀਂ ਕੀਤੀ ਕਿ ਇਕੱਠੇ ਹੋ ਕੇ ਇਹਨਾਂ ਦੇ ਗਲ ਪੈ ਜਾਈਏ, ਸਿੰਘ ਵਿਚਾਰਦੇ ਰਹੇ ਕਿ ਕਿਵੇਂ ਟਾਇਮ ਟਪਾ ਲਈਏ।

***ਬਖਤ ਦੇਖ ਸਿੰਘ ਜਾਵੈਂ ਟਰੈਂ॥*** ਸਮਾਂ ਦੇਖ ਕੇ ਸਿੰਘ ਟਲ ਜਾਂਦੇ ਹਨ ਪਾਸਾ ਵੱਟ ਜਾਂਦੇ ਹਨ।

***ਭਈ ਸਿੰਘਨ ਕੋ ਔਖੀ ਗੱਲ॥*** ਸਿੰਘਾਂ ਨੂੰ ਚਲਣਾ ਵੀ ਬੜਾ ਔਖਾ ਹੈ, ਸਿੰਘਾਂ ਵਾਸਤੇ ਬੜੀ ਔਖੀ ਗੱਲ ਬਣ ਗਈ ਹੈ।

***ਬਚੈਂ ਤਹਾਂ ਜਹਿ ਭਾਰੋ ਝੱਲ॥ ੨੨॥*** ਹੁਣ ਛੋਟੇ-ਛੋਟੇ ਝੱਲ ਵੀ ਨਹੀਂ ਬਚਾ ਸਕਦੇ, ਹੁਣ ਉਥੇ ਹੀ ਬਚ ਸਕਦੇ ਸਨ ਜਿਥੇ ਭਾਰੀ ਝੱਲ ਹੋਵੇ, ਐਨਾ ਸੰਘਣਾ ਹੋਵੇ, ਜਿੱਥੇ ਤੁਰਕ ਵੜ ਹੀ ਨਾ ਸਕਣ। ੨੨।

***ਦੋਹਰਾ॥ ਤੌ ਸਿੰਘ ਨਠ ਕਰ ਤਹਿ ਬਹੈਂ ਕਹੀਂ ਓਲ੍ਹਾ ਝੱਲ ਤਕਾਇ॥*** ਤਾਂ ਸਿੰਘ ਦੌੜ ਕੇ ਕਿਸੇ ਝੱਲ ਸੰਘਣੇ ਦਾ ਆਸਰਾ ਤੱਕ ਕੇ ਉਥੇ ਜਾ ਬੈਠੇ ਸਨ।

***ਕਾਹਨੂੰਆਣੇ ਛੰਭ ਵਿਗ ਮਾਸ ਮਛੀ ਚੁਨ ਖਾਹਿ॥ ੨੩॥*** ਕਾਹਨੂੰਵਾਲ ਦੀ (ਛੰਭ) ਵੱਡੀ ਢਾਬ ਕੋਲ ਮੱਛੀ ਆਦਿਕ ਦਾ ਮਾਸ ਖਾ ਕੇ ਗੁਜ਼ਾਰਾ ਕਰਨ ਲੱਗੇ ਹਨ। ੨੩।

***ਚੌਪਈ॥ ਜਿਹ ਵਲ ਜਾਵੈਂ ਲੋਕ ਖੁਦਾਈ॥*** ਆਪਣੇ ਆਪ ਨੂੰ ਖੁਦਾ ਪ੍ਰੱਸਤ ਕਹਾਉਣ ਵਾਲੇ ਤੁਰਕ ਜਿਧਰ ਨੂੰ ਵੀ ਜਾਂਦੇ ਸਨ।

***ਲਗੇ ਹਿੰਦੂਅਨ ਪਰ ਕਰਨ ਧਿੰਗਾਈ॥*** ਹਿੰਦੂਆਂ ਉਤੇ (ਧਿੰਗਾਈ) ਧੱਕਾ, ਜ਼ੋਰ-ਜਬਰਦਸਤੀ ਕਰਨ ਲੱਗੇ, ਵੱਸਣ ਵਾਲੇ ਤਾਂ ਹਿੰਦੂ ਹੀ ਸਨ ਪੰਜਾਬ ਵਿਚ ਜੱਟ ਜ਼ਿਮੀਦਾਰ ਸਨ, ਇਹਨਾਂ ਉਤੇ ਧੱਕੇ ਕਰਦੇ ਸੀ, ਬਦੋ ਬਦੀ ਖੋਹਂਦੇ ਸੀ, ਬਦੋ-ਬਦੀ ਲੁੱਟਦੇ ਸੀ, ਬਹੂ-ਬੇਟੀਆਂ ਦੀ ਬੇਇੱਜ਼ਤੀ ਕਰਦੇ ਸਨ।

***ਗਊ ਬ੍ਰਾਹਮਣ ਔ ਹਿੰਦੂਅਨ ਬੇਟੀ॥*** ਗਊ-ਗਰੀਬ, ਬ੍ਰਾਹਮਣਾਂ ਅਤੇ ਹਿੰਦੂਆਂ ਦੀਆਂ ਬੇਟੀਆਂ 'ਤੇ ਜ਼ੁਲਮ ਕਰਦੇ।

***ਟਲੈਂ ਨਹੀਂ ਕਰੈਂ ਜੁਲਮਹਿ ਭੇਟੀ॥ ੨੪॥*** ਤੁਰਕ ਟਲਦੇ ਨਹੀਂ ਹਨ, ਉਨ੍ਹਾਂ ਨੂੰ ਜ਼ੁਲਮ ਦੀ ਭੇਟਾ ਕਰਦੇ ਹਨ, ਜ਼ੁਲਮ ਕਰਦੇ ਹਨ। ੨੪।

***ਲੋਕ ਮਾਝੇ ਕੇ ਬਹੁ ਸੰਤਾਏ॥*** ਮਾਝੇ ਦੇ ਲੋਕਾਂ ਨੂੰ ਬਹੁਤ ਦੁਖੀ ਕੀਤਾ ਹੈ ਇਨ੍ਹਾਂ ਦੀਨੀਆਂ ਨੇ।

***ਕਹੈਂ ਇਨ੍ਹੈ ਸੁਤ ਘਲੇ ਸਿਖਾਏ॥*** ਮਾਝੇ ਦੇ ਲੋਕਾਂ 'ਤੇ ਜੁਰਮ ਲਾਉਂਦੇ ਹਨ ਕਿ ਇਹਨਾਂ ਨੇ ਆਪੋ-ਆਪਣੇ ਪੁੱਤਰ ਸਿਖਾ ਕੇ ਘੱਲੇ ਹਨ, ਸਿੱਖ ਬਣਾ ਕੇ, ਕਿ ਜਾਉ, ਤੁਸੀਂ ਤੁਰਕ ਹਾਕਮਾਂ ਨੂੰ ਜਾ ਕੇ ਲੁੱਟੋ।

***ਉਇ ਲੁਟ ਲਯਾਹਿਂ ਏ ਬੈਠੇ ਖਾਂਹਿਂ॥*** ਉਹ ਮੁਸਲਮਾਨਾਂ ਨੂੰ ਲੁੱਟ ਕੇ ਲਿਆਉਂਦੇ ਹਨ, ਇਹ ਘਰ ਬੈਠ ਕੇ ਖਾਂਦੇ ਹਨ, ਇਹਨਾਂ ਦਾ ਕੀ ਜਾਂਦਾ ਹੈ, ਇਉਂ ਤੁਹਮਤਾਂ ਲਾਉਂਦੇ ਹਨ, ਹਿੰਦੂਆਂ ਅਤੇ ਜੱਟ ਜ਼ਿਮੀਦਾਰਾਂ ਉਤੇ।

***ਇਮੈ ਹਿੰਦੂਅਨ ਲੋਕਨ ਅਕਾਹਿ॥ ੨੫॥*** ਇਉਂ ਹਿੰਦੂਆਂ ਨੂੰ ਸਤਾਉਂਦੇ ਸਨ ਤੁਰਕ ਜ਼ੁਲਮ ਕਰ-ਕਰ ਕੇ। ੨੫।

***ਦੋਹਰਾ॥ ਮਾਝੇ ਕੌ ਉਨ ਦੁਖ ਦਯੋ ਸੁਨੀ ਸਿੰਘ ਯੌ ਬਾਤ॥*** ਉਨ੍ਹਾਂ ਤੁਰਕਾਂ ਨੇ ਮਾਝੇ ਵਾਲਿਆਂ ਲੋਕਾਂ ਨੂੰ ਦੁਖ ਦਿੱਤੇ, ਇਹ ਖ਼ਬਰਾਂ ਝੱਲਾਂ ਵਿਚ ਸਿੰਘਾਂ ਨੂੰ ਮਿਲੀਆਂ ਸਿੰਘਾਂ ਨੇ ਤਾਂ ਜੰਗਲਾਂ, ਪਹਾੜਾਂ, ਝੱਲਾਂ ਵਿਚ ਪਹੁੰਚ ਕੇ ਨਿਰਬਾਹ ਕਰ ਲਿਆ। ਉਥੇ ਤਾਂ ਤੁਰਕ ਪਹੁੰਚ ਨਹੀਂ ਸਕੇ, ਉਨ੍ਹਾਂ ਦੇ ਪਿੰਡ ਦੇ ਲੋਕਾਂ ਨਾਲ ਸ਼ਰੀਕਾਂ ਨੂੰ ਤੰਗ ਕਰਨ ਲੱਗ ਪਏ ਸਨ। ਗਊਆਂ ਉਹਨਾਂ ਦੇ ਘਰਾਂ ਵਿਚ ਹੀ ਹਲਾਲ ਕਰਨ ਲਗ ਪਏ। ਬਹੂ-ਬੇਟੀਆਂ ਨੂੰ ਜ਼ਬਰਦਸਤੀ ਉਨ੍ਹਾਂ

ਦੇ ਪਿਤਾ ਭਰਾਵਾਂ ਦੇ ਸਾਹ੍ਮਣੇ ਹੀ ਫੜ ਲੈਂਦੇ।

***'ਧ੍ਰਿਗ ਹਮਾਰਾ ਜੀਵਿਓ ਦੁਖ ਮਿਲੇ ਹਮ ਮੈ ਪਿਤ ਮਾਤ'॥ ੨੬॥*** ਜੇ ਸਾਡੇ ਜਿਉਂਦਿਆਂ ਸਾਡੇ ਮਾਤਾ, ਪਿਤਾ ਨੂੰ ਦੁਖ ਮਿਲੇ ਤੇ ਅਸੀਂ ਏਥੇ ਮੌਜ਼ਾਂ ਨਾਲ ਬੈਠੇ ਹਾਂ, ਸਾਡਾ ਕਾਹਦਾ ਜਿਉਣਾਂ, ਸਿੰਘਾਂ ਨੇ ਲਾਹਨਤਾਂ ਪਾਈਆਂ ਆਪਣੇ ਆਪ ਨੂੰ। ੨੬।

***ਚੌਪਈ॥ ਤੌ ਸਿੰਘਨ ਨੇ ਕਾਢੇ ਕਾਨ॥*** ਜਦੋਂ ਸਿੰਘਾਂ ਦਾ ਗੁਰਮਤਾ ਹੋਇਆ ਕਿ ਮਾੜੀ ਗੱਲ ਹੈ ਸਾਡਾ ਲੁਕਣਾ ਠੀਕ ਨਹੀਂ, ਐਵੇਂ ਟਲਦੇ ਤੁਰੇ ਫਿਰਦੇ ਹਾਂ, ਸਿੰਘਾਂ ਨੇ ਝੱਲ ਤੋਂ ਕੰਨ ਕੱਢੇ ਹਨ ਬਾਹਰ, ਝੱਲ ਵਿੱਚੋਂ ਸਿੰਘ ਬਾਹਰ ਨਿੱਕਲੇ।

***ਲਾਗੇ ਤੁਰਕਨ ਪੈ ਸਿੰਘ ਪਾਨ॥*** ਤੁਰਕਾਂ 'ਤੇ ਹੱਲੇ ਬੋਲਣੇ ਸ਼ੁਰੂ ਕਰ ਦਿੱਤੇ, ਖਾਲਸੇ ਨੇ ਛੋਟੇ-ਛੋਟੇ ਜੱਥੇ ਬਣਾ ਲਏ। ਜਿਥੋਂ ਤੁਰਕਾਂ ਦਾ ਰਾਸ਼ਨ-ਪਾਣੀ ਆਉਂਦਾ ਹੋਵੇ, ਸਿੱਕਾ-ਬਰੂਦ ਆਉਂਦਾ ਹੋਵੇ, ਜਿਥੇ ਤੁਰਕ ਰਾਤ ਨੂੰ ਉਤਰੇ ਹੋਣ, ਸਿੰਘ ਜਾ ਕੇ ਛਾਪੇ ਮਾਰਦੇ।

***ਰਾਤ ਦਿਵਸ ਸਿੰਘ ਤੁਰਕ ਸਤਾਂਹਿ॥*** ਹੁਣ ਖਾਲਸਾ ਤੁਰਕਾਂ ਦੁਆਲੇ ਹੋ ਗਿਆ ਹੈ, ਰਾਤ ਦਿਨ ਟਿਕਣ ਹੀ ਨਹੀਂ ਦਿੰਦੇ, ਅਰਾਮ ਲੈਣ ਹੀ ਨਹੀਂ ਦਿੰਦੇ ਤੁਰਕਾਂ ਨੂੰ।

***ਚਲਨ ਨ ਦੇਵੈਂ ਉਨ ਕੋ ਰਾਹਿ॥ ੨੭॥*** ਤੁਰਕਾਂ ਨੂੰ ਸਿੰਘ ਕਿਸੇ ਰਾਹ 'ਤੇ ਤੁਰਨ ਵੀ ਨਹੀਂ ਦਿੰਦੇ। ੨੭।

***ਜਿਮ ਜਿਮ ਸਿੰਘਨ ਉਇ ਟੋਲ ਮਾਰਨ॥*** ਜਿਵੇਂ-ਜਿਵੇਂ ਤੁਰਕ ਸਿੰਘਾਂ ਨੂੰ ਲੱਭ-ਲੱਭ ਕੇ ਮਾਰਦੇ ਸਨ।

***ਤਿਮ ਤਿਮ ਸਿੰਘ ਲਗੇ ਉਨ੍ਹ ਖ੍ਵਾਰਨ॥*** ਤਿਉਂ-ਤਿਉਂ ਸਿੰਘ ਵੀ ਉਨ੍ਹਾਂ ਨੂੰ ਖੁਆਰ ਕਰਨ ਲਗ ਪਏ, ਸਿੰਘ ਵੀ ਉਨ੍ਹਾਂ ਦੇ ਦੁਆਲੇ ਹੀ ਰਹਿੰਦੇ ਸਨ।

***ਕਿਛਕੁ ਸੋਚ ਉਨ ਕੋ ਭੀ ਪਈ॥*** ਹੁਣ ਤੁਰਕਾਂ ਨੂੰ ਵੀ ਕੁਛ ਕੂ ਸੋਚ ਵਿਚਾਰ ਹੋਈ ਕਿ ਚੰਗੇ ਫਸੇ ਹਾਂ ਕਿ ਅਸੀਂ ਤਾਂ ਇਹਨਾਂ ਨੂੰ ਮਾਰਨ, ਫੜਨ ਆਏ ਹਾਂ, ਇਹ ਉਲਟਾ ਸਾਨੂੰ ਮਾਰਨ ਲਗ ਪਏ ਹਨ, ਜਦੋਂ ਤੁਰਕ ਲਹੌਰ ਤੋਂ ਦੂਰ ਝੱਲਾਂ ਦੇ ਨੇੜੇ ਪਹੁੰਚ ਗਏ, ਫੇਰ ਸਿੰਘਾਂ ਨੇ ਗੁਰਮਤਾ ਸੋਧਿਆ ਕਿ ਹੁਣ ਇਨ੍ਹਾਂ ਨੂੰ ਸੋਧਾ ਲਾਉ।

***ਵੜਨ ਲਹੌਰ ਉਨੈ ਦੁਸ਼ ਭਈ॥ ੨੮॥*** ਉਨ੍ਹਾਂ ਨੂੰ ਲਹੌਰ ਵਿਚ ਵੜਨਾ ਬੜਾ ਕਠਨ (ਦੁਸ਼ਵਾਰ) ਹੋ ਗਿਆ, ਸਿੰਘ ਰਾਤ ਦਿਨ ਉਨ੍ਹਾਂ ਦੀ ਤਾਕ ਵਿਚ ਸਨ। ੨੮।

***ਭਏ ਸਿੰਘ ਉਨ ਆਇ ਦੁਵਾਰੇ॥*** ਸਿੰਘ ਆ ਕੇ ਉਨ੍ਹਾਂ ਦੇ ਦੁਆਲੇ ਹੋ ਗਏ, ਬੈਠਣਾ, ਸੌਣਾਂ ਹਰਾਮ ਕਰ ਦਿੱਤਾ।

***ਜੋਹਿ ਲਏ ਵੈ ਤੁਰਕ ਥੇ ਸਾਰੇ॥*** ਸਿੰਘਾਂ ਨੇ ਸਾਰੇ ਤੁਰਕਾਂ ਨੂੰ ਚੰਗੀ ਤਰ੍ਹਾਂ ਜੋਹ ਲਿਆ ਹੈ ਕਿ ਸਾਡਾ ਇਹ ਮੁਕਾਬਲਾ ਨਹੀਂ ਕਰ ਸਕਦੇ।

***ਜਬ ਸਿੰਘਨ ਉਇ ਗੈਲ ਦਬਾਂਹਿ॥*** ਜਦੋਂ ਕਿਤੇ ਤੁਰਕ ਸਿੰਘਾਂ ਨੂੰ ਮਗਰੋ (ਦਬਾਹਿ)ਦੱਬੀ ਤੁਰੇ ਆਉਂਦੇ ਸਨ।

***ਸਿੰਘ ਵੜ ਲੁਕੈਂ ਝਾੜ ਝੁੰਡਨ ਮਾਂਹਿ॥ ੨੯॥*** ਸਿੰਘ ਛਾਲਾਂ ਮਾਰ ਕੇ (ਝੁੰਡਨ) ਝਾੜਾਂ ਦੇ ਝੁੰਡਾਂ ਵਿਚ ਭਾਵ ਸੰਘਣੇ ਜੰਗਲਾਂ ਵਿਚ ਜਾ ਲੁਕਦੇ ਸਨ ਕੰਡਿਆਲੇ ਜੰਗਲ ਵਿਚ।

***ਉਨ ਤੈ ਵੜਯੋ ਕਿਤ ਝਾੜ ਨ ਜਾਇ॥*** ਉਨ੍ਹਾਂ ਤੁਰਕਾਂ ਤੋਂ ਝਾੜਾਂ ਵਿਚ ਵੜਿਆ ਨਹੀਂ ਜਾਂਦਾ, ਉਨ੍ਹਾਂ ਦੀਆਂ ਸੁੱਥਣਾਂ ਅੜ ਜਾਂਦੀਆਂ ਸਨ ਕੰਡਿਆਲੀਆਂ ਝਾੜੀਆਂ ਵਿਚ, ਕਿਤੇ ਚੋਲੇ ਫਸ ਜਾਂਦੇ, ਉਤੋਂ ਪੱਗ ਦਾ ਤੁਰਲਾ ਫਸ ਜਾਏ, ਤਾਂ ਪੱਗ ਕੁੱਲੇ ਵਾਲੀ ਸਿਰ ਤੋਂ ਲਹਿ ਕੇ ਪਰੇ ਜਾ ਪੈਂਦੀ ਸੀ।

***ਜੋ ਕਿਤ ਵੜੈਂ ਸਿੰਘ ਮਾਰਨ ਧਾਇ॥*** ਜੇ ਕਿਤੇ ਤੁਰਕ ਝਲ ਦੇ ਵਿਚ ਵੜ ਜਾਣ, ਤਾਂ ਸਿੰਘ ਅੱਗੋਂ ਧਾਵਾ ਬੋਲ ਦਿੰਦੇ। ਸਨ, ਉਨ੍ਹਾਂ ਨੂੰ ਜਿਉਂਦਿਆਂ ਨਹੀਂ ਮੁੜਨ ਦਿੰਦੇ ਸਿੰਘ, ਉਥੇ ਹੀ ਮਾਰ ਲੈਂਦੇ ਸਨ।

***ਸਿੰਘ ਅਥੱਕ ਨਿਸ ਦਿਨ ਰਹਿ ਖੜੇ॥*** ਸਿੰਘ ਤਾਂ (ਅਥੱਕ) ਥਕੇਵੇਂ ਤੋਂ ਰਹਿਤ ਹੋਏ ਸਨ, ਉਹ ਥੱਕਦੇ ਨਹੀਂ ਸਨ, ਰਾਤ

ਦਿਨ ਖੜ੍ਹੇ ਰਹਿੰਦੇ ਸਨ।

***ਉਇ ਚਾਹੈਂ ਦਿਨ ਰਾਤ ਗੰਿਹ ਪੜੇ॥ ੩੦॥*** ਤੁਰਕ ਚਹੁੰਦੇ ਸਨ ਕਿ ਰਾਤ ਦਿਨ ਸੁੱਤੇ ਹੀ ਰਹੀਏ, ਡਬਲ ਰੋਟੀਆਂ ਖਾਧੀਆਂ ਉਤੇ ਮੱਖਣ ਲਾ ਕੇ, ਉਨ੍ਹਾਂ ਨੂੰ ਕੌਣ ਉਠਾਵੇ, ਜਿਹੜੇ ਅਰਾਮ ਖੋਰੇ ਹੋਏ ਹੋਏ ਸਨ, ਰਾਤ ਨੂੰ ਫੇਰ ਪਲਾਉ ਤਿਆਰ ਸਨ, ਵੱਡੇ-ਵੱਡੇ ਢਿੱਡ ਵਧਾਏ ਸੀ ਉਨ੍ਹਾਂ ਨੇ, ਉਹ ਸਿੰਘਾਂ ਦਾ ਮੁਕਾਬਲਾ ਕਿਵੇਂ ਕਰਨ?

***ਸੋਰਠਾ॥ ਸਿੰਘਨ ਲਏ ਥਕਾਇ ਨਿਸ ਦਿਨ ਉਨ ਗਿਰਦੈ ਰਹੇ॥*** ਸਿੰਘਾਂ ਨੇ ਤੁਰਕਾਂ ਨੂੰ ਥਕਾ ਦਿੱਤਾ ਹੈ, ਕਿਉਕਿ ਸਿੰਘ ਰਾਤ ਦਿਨ ਉਨ੍ਹਾਂ ਦੇ ਦੁਆਲੇ ਰਹਿੰਦੇ, ਉਹ ਜਿਹੜੇ ਅਰਾਮ-ਤਲਬ ਸਨ, ਉਨ੍ਹਾਂ ਨੂੰ ਅਰਾਮ ਕਰਨ ਹੀ ਨਹੀਂ ਦਿੰਦੇ ਸਨ।

***ਉਨ ਚਿਤ ਆਵੈ ਮਾਇ, ਚੁਭੈ ਕੰਡਾ ਇਕ ਝਾਰ ਕੋ॥ ੩੧॥*** ਜਦੋਂ ਝਾੜੀਆਂ ਦਾ ਇਕ ਅੱਧਾ ਕੰਡਾ ਲੱਗਦਾ, ਚੁੱਭਦਾ ਕੰਡਾ, ਤਾਂ ਤੁਰਕਾਂ ਦੇ ਮਾਂ ਚੇਤੇ ਆਉਂਦੀ ਹੈ। ਹਾਏ ਨੀ ਮਾਂ! ਮਰ ਗਿਆ, ਤੁਰਕ ਇਉਂ ਹਾਏ! ਹਾਏ! ਕਰਦੇ ਸਨ। ੩੧।

## (ਭਗਵੰਤੇ ਖ਼ੱਤਰੀ ਦੀ ਹਵੇਲੀ ਵਿਚ ਸਿੰਘਾਂ 'ਤੇ ਹੱਲਾ)

***ਚੌਪਈ॥ ਤੌ ਸਿੰਘਨ ਕੀਏ ਤੁੰਮਨ ਚਾਰ॥*** ਤਾਂ ਸਿੰਘਾਂ ਨੇ ਚਾਰ (ਤੁੰਮਨ) ਜੱਥੇ ਬਣਾ ਲਏ ਸਨ।

***ਇਕ ਮਾਝੇ ਇਕ ਢਿਗ ਪਹਾਰ॥*** ਸਿੰਘਾਂ ਦਾ ਇਕ ਜਥਾ ਮਾਝੇ ਰਹਿੰਦਾ ਅਤੇ ਇਕ ਪਹਾੜ ਦੇ ਨੇੜੇ-ਨੇੜੇ ਰਹਿੰਦਾ ਉਪਰ, ਜਿੱਥੇ ਕਿਲ੍ਹੇ ਬਣਾਏ ਹੋਏ ਸਨ, ਪੱਥਰਾਂ ਦੇ ਘੜ-ਘੜ ਕੇ ਕਿਲ੍ਹੇ ਬਣਾਏ ਸਨ, ਜਿਨ੍ਹਾਂ ਦੀ ਗਿਣਤੀ ਪੰਜ ਸੀ, ਜੋ ਅਜੇ ਵੀ ਮੌਜੂਦ ਹਨ।

***ਤੀਓ ਰਹੈਂ ਸੋ ਗਿਰਦ ਲਹੌਰ॥*** ਸਿੰਘਾਂ ਦਾ ਤੀਜਾ ਜੱਥਾ ਲਹੌਰ ਦੇ ਇਰਦ-ਗਿਰਦ ਗੇੜਾ ਰੱਖਦਾ ਸੀ।

***ਚੌਥੋ ਕਰੇ ਗਿਰਦ ਤੁਰਕਨ ਦੌਰ॥ ੩੨॥*** ਸਿੰਘਾਂ ਦਾ ਚੌਥਾ ਜਥਾ ਤੁਰਕਾਂ ਦੇ ਦੁਆਲੇ, ਤੁਰਕਾਂ ਦੇ ਮਗ਼ਰ ਲੱਗ ਕੇ ਉਨ੍ਹਾਂ ਨੂੰ (ਦੌਰ) ਦੌੜਾਈ ਭਜਾਈ ਫਿਰਦਾ ਸੀ। ਜਿਧਰ ਨੂੰ ਤੁਰਕ ਰਾਸ਼ਣ-ਪਾਣੀ ਆਦਿਕ ਲੈ ਕੇ ਨਿਕਲਦੇ ਸਨ, ਤਾਂ ਉਸ ਸਮੇਂ ਹੀ ਪਤਾ ਲਗਦਾ ਜਦੋਂ ਸਿੰਘ ਉਨ੍ਹਾਂ ਨੂੰ ਜਾ ਦਬੋਚਦੇ ਸਨ। ੩੨।

***ਦੁਇ ਦੁਇ ਸੌ ਕੇ ਤੁੰਮਨ ਬਨਾਏ॥*** ਤੁੰਮਨ ਗਿਣਤੀ ਦਾ, ਦੋ-ਦੋ ਸੌ ਦਾ, ਭਾਵ ਸਾਰੇ ਹੀ ਅੱਠ ਸੌ ਸਿੰਘ ਰਹਿ ਗਏ, ਸਾਰੇ ਮਾਝੇ ਵਿਚ ਲੜਨ ਵਾਲਾ ਸਿਰਫ ਅੱਠ ਸੌ ਸਿੰਘ ਹੀ ਰਹਿ ਗਿਆ। ਇਕ ਜਥਾ ਪਹਾੜ ਵਿਚ ਭੇਜ ਦਿੱਤਾ ਕਿ ਤੁਸੀਂ ਖਾਲਸਾ ਜੀ ਏਥੇ ਰਹਿਣਾ ਹੈ, ਤੁਸੀਂ ਨਹੀਂ ਆਉਣਾ ਪਹਾੜ ਤੋਂ ਥੱਲੇ, ਤਾਂ ਕਿ ਖਾਲਸਾ ਬਚਿਆ ਰਹੇ। ਇਕ ਜੱਥਾ ਲਹੌਰ ਦੇ ਲਾਗੇ ਰਹਿੰਦਾ 'ਤੇ ਹੱਲੇ 'ਤੇ ਹੱਲਾ ਬੋਲਦਾ।

***ਇਕੜ ਦੁਕੜ ਭੀ ਰਲੇ ਔਰ ਆਏ॥*** ਜੇ ਕੋਈ ਹੋਰ ਇੱਕੜ-ਦੁੱਕੜ ਲੁਕਿਆ ਛਿਪਿਆ ਸਿੰਘ ਸੀ, ਉਹ ਵੀ ਆ ਰਲਿਆ ਖਾਲਸੇ ਨਾਲ।

***ਜੌ ਤੁੰਮਨ ਕਿਤ ਇਕ ਫਸ ਜਾਇ॥*** ਜੇ ਕਿਤੇ ਸਿੰਘਾਂ ਦਾ ਇਕ ਜੱਥਾ ਅੜ ਜਾਂਦਾ ਹੈ ਜਾਂ ਤੁਰਕਾਂ ਦੀ ਫ਼ੌਜ ਨਾਲ ਮੱਥਾ ਲੱਗ ਜਾਂਦਾ ਹੈ।

***ਆਨ ਔਰ ਸਭ ਕਰੈਂ ਸਹਾਇ॥ ੩੩॥*** ਤਾਂ ਦੂਸਰੇ ਜੱਥੇ ਉਨ੍ਹਾਂ ਦੀ ਮਦਦ ਕਰਦੇ ਸਨ, ਸਭ ਆ ਕੇ ਸਹਾਇਤਾ ਕਰਦੇ ਸਨ। ੩੩।

***ਐਸੋ ਭਯੋ ਸਮੇਂ ਕੋ ਫੇਰ॥*** ਐਸਾ ਸਮੇਂ ਦਾ ਚੱਕਰ ਆ ਬਣਿਆ ਉਸ ਸਮੇਂ।

***ਇਕ ਤੁੰਮਨ ਉਨ ਲੀਨੋਂ ਘੇਰ॥*** ਇਕ (ਤੁੰਮਨ) ਜੱਥੇ ਨੂੰ ਘੇਰ ਲਿਆ ਸੀ ਤੁਰਕਾਂ ਨੇ।

***ਹੁਤੋ ਭਗਵੰਤ ਇਕ ਖਤ੍ਰੀ ਨਾਮ॥*** ਇਕ ਭਗਵੰਤ ਨਾਮ ਦਾ ਖੱਤਰੀ ਸੀ ।

***ਉਸ ਰਾਵੀ ਕਨਾਰੈ ਭਰਤ ਗ੍ਰਾਮ॥ ੩੪॥*** ਰਾਵੀ ਦੇ ਕਿਨਾਰੇ 'ਤੇ ਇਕ ਭਰਤਪੁਰ ਨੱਗਰ ਸੀ।

***ਹੁਤੀ ਹਵੇਲੀ ਉਨ੍ਹੈਂ ਬਨਾਈ॥*** ਉਸ ਨੇ ਆਪਣੇ ਰਹਿਣ ਵਾਸਤੇ ਇਕ ਹਵੇਲੀ ਬਣਾਈ ਹੋਈ ਸੀ।

***ਇਕ ਤੁੰਮਨ ਕਿਤ ਵੜਿਓ ਜਾਈ॥*** ਦੋ ਸੌ ਸਿੰਘਾਂ ਦਾ (ਤੁੰਮਨ)ਜੱਥਾ ਕਿਤੇ ਉਸ ਹਵੇਲੀ ਵਿਚ ਜਾ ਦਾਖ਼ਲ ਹੋਇਆ।

***ਹੁਤੀ ਬ੍ਰਖਾ ਉਨ ਚਹੀ ਗੁਜ਼ਾਰਨ॥*** ਵਰਖਾ ਦਾ ਸਮਾਂ ਸੀ, ਸਾਵਣ ਭਾਦੋਂ ਦਾ ਚੌਮਾਸਾ ਲੱਗਿਆ ਹੋਇਆ ਸੀ, ਸਿੰਘਾਂ ਨੇ ਸੋਚਿਆ ਕਿ ਏਸ ਹਵੇਲੀ ਵਿਚ ਬੈਠ ਕੇ ਗੁਜ਼ਾਰਾ ਕਰ ਲਈਏ, ਮੀਂਹ ਕਣੀ ਦੀ ਰੁਤ ਸੀ।

***ਨਹਿੰ ਜਾਨਤ ਥੋ ਕਿਮ ਭਯੋ ਕਾਰਨ॥੩੫॥*** ਗੁਰੂ ਜਾਣੇ ਇਹ ਨਹੀਂ ਪਤਾ, ਉਹ ਸਿੰਘ ਕਿਧਰੋਂ ਆਏ ਸਨ ਤੇ ਕੀ ਕਾਰਨ ਸੀ, ਜਿਹੜੇ ਏਥੇ ਅਟਕ ਗਏ, ਉਂਝ ਤਾਂ ਖਾਲਸਾ ਅਟਕਦਾ ਨਹੀਂ ਸੀ ਕਿਤੇ। ਕਵੀ ਜੀ ਕਹਿੰਦੇ ਹਨ ਕਿ ਕਿਵੇਂ ਕਾਰਨ ਬਣਿਆ ਇਹ ਨਹੀਂ ਜਾਣਦਾ ਮੈਂ। ੩੫।

***ਦੋਹਰਾ॥ ਵਹੀ ਖਬਰ ਤਿਨ ਪੈ ਗਈ ਜੋ ਹੁਤੋ ਹਜ਼ਾਰ ਅਸਵਾਰ॥*** ਇਹ ਖ਼ਬਰ ਜੋ ਦਿੱਲੀ ਤੋਂ ਇਕ ਹਜ਼ਾਰ ਘੋੜ ਸਵਾਰ ਲਹੌਰ ਦੇ ਨਵਾਬ ਤੋਂ ਮਾਮਲਾ ਉਗਰਾਹੁਣ ਵਾਸਤੇ ਆਇਆ ਹੋਇਆ ਸੀ ਤੁਰਕ ਫ਼ੌਜ ਦਾ, ਉਨ੍ਹਾਂ ਦੇ ਕੰਨੀਂ ਪੈ ਗਈ ਕਿ ਇਕ ਜੱਥਾ ਭਗਵੰਤੇ ਖੱਤਰੀ ਦੀ ਹਵੇਲੀ ਵਿਚ ਰਾਵੀ ਦੇ ਕਿਨਾਰੇ 'ਤੇ ਬੈਠਾ ਹੈ ਮੌਜ਼ ਨਾਲ।

***ਤੁਰੰਤ ਉਨ੍ਹੈਂ ਆ ਘੇਰਿਓ ਬਹੁ ਆਏ ਮਗਰ ਹਜ਼ਾਰ॥ ੩੬॥*** ਤੁਰੰਤ ਹੀ ਉਨ੍ਹਾਂ ਇਕ ਹਜ਼ਾਰ ਘੋੜ ਸਵਾਰ ਤੁਰਕ ਫ਼ੌਜੀਆਂ ਨੇ ਜਾ ਘੇਰਿਆ ਭਗਵੰਤੇ ਖੱਤਰੀ ਦੀ ਹਵੇਲੀ ਨੂੰ, ਉਹਨਾਂ ਦੇ ਮਗਰ ਹੋਰ ਹਜ਼ਾਰਾਂ ਹੀ ਮੁਸਲਮਾਨ ਇਕੱਠੇ ਹੋ ਕੇ ਪਹੁੰਚ ਗਏ ਸਨ।

***ਚੌਪਈ॥ ਆਇ ਸਿੰਘ ਉਨ ਮਧ ਲਏ ਘੇਰ॥*** ਇਹਨਾਂ ਸਿੰਘਾਂ ਨੂੰ ਉਨ੍ਹਾਂ ਤੁਰਕਾਂ ਨੇ ਆ ਹਵੇਲੀ ਵਿਚ ਘੇਰਿਆ।

***ਲਭੇ ਬਾਹਰ ਤਿਨ ਕਟ ਦੀਏ ਗੇਰ॥*** ਜਿਹੜੇ ਸਿੰਘ ਬਾਹਰ ਘਾਹ-ਪੱਠੇ ਨੂੰ, ਲੱਕੜੀ-ਬਾਲਣ ਨੂੰ ਗਏ ਹੋਏ ਸਨ, ਉਨ੍ਹਾਂ ਸਿੰਘਾਂ ਨੂੰ ਇਹਨਾਂ ਨੇ ਆਉਂਦਿਆਂ ਹੀ ਬੋਚ ਲਿਆ, ਉਨ੍ਹਾਂ ਸਿੰਘਾਂ ਨੂੰ ਵੱਢ ਸੁੱਟਿਆ। ਉਹ ਕਈਆਂ ਨੂੰ ਮਾਰ-ਮਾਰ ਕੇ ਸ਼ਹੀਦ ਹੋ ਗਏ ਸਨ।

***ਚਾਰ ਤਰਫ ਲਏ ਮੋਰਚੈ ਬੰਧ॥*** ਹਵੇਲੀ ਦੇ ਚਾਰੋਂ-ਪਾਸੀਂ ਮੋਰਚਾ-ਬੰਦੀ ਕਰ ਲਈ ਹੈ ਤੁਰਕਾਂ ਨੇ।

***ਕਰ ਕਰ ਮਦਲੈ ਔ ਬਡ ਕੰਧ॥ ੩੭॥*** (ਮਦਲੈ) ਉਹ ਉੱਚਾ ਥੜ੍ਹਾ ਜਿਸ ਦੇ ਉਪਰ ਤੋਪ ਚੜ੍ਹਾ ਕੇ ਚਲਾਈ ਜਾਂਦੀ ਹੈ, ਉਸ ਨੂੰ ਮਦਲ ਕਹਿੰਦੇ ਹਨ ਅਤੇ ਵੱਡੀਆਂ ਉੱਚੀਆਂ ਕੰਧਾਂ ਕਰ-ਕਰ ਕੇ। ੩੭।

***ਤੋਪ ਜੰਬੂਰੈ ਉਪਰ ਚੜ੍ਹਾਏ॥*** ਤੋਪਾਂ ਅਤੇ (ਜੰਬੂਰੇ) ਛੋਟੀਆਂ ਤੋਪਾਂ ਮਦਲਾਂ ਦੇ ਉੱਪਰ ਚੜ੍ਹਾ ਕੇ ਇਹਨਾਂ ਪਠਾਣਾਂ ਨੇ।

***ਇਮ ਕਰ ਕਰ ਬਹੁ ਸਿੰਘ ਅਕਾਏ॥*** ਇਉਂ ਕਰ-ਕਰ ਕੇ ਸਿੰਘਾਂ ਨੂੰ ਬੜਾ ਅਕਾਇਆ ਹੈ ਤੁਰਕਾਂ ਨੇ, ਕਦੀ ਏਧਰੋਂ ਗੋਲਾ ਵੱਜਦਾ ਹੈ, ਕਦੀ ਉਧਰੋਂ ਗੋਲਾ ਵੱਜਦਾ ਹੈ, ਕੰਧਾਂ ਹਿਲਦੀਆਂ ਨੇ, ਓਪਰੋਂ ਮੋਰਚਾਬੰਦੀ ਟੁੱਟਦੀ ਹੈ, ਜੇ ਕਿਸੇ ਸਿੰਘ ਨੂੰ ਗੋਲਾ ਵੱਜਦਾ ਹੈ, ਤਾਂ ਉਹ ਵੀ ਸ਼ਹੀਦ ਹੋ ਜਾਂਦਾ ਹੈ, ਇਉਂ ਸਿੰਘਾਂ ਨੂੰ ਬੜਾ ਤੰਗ ਕੀਤਾ।

***ਸਿੰਘਨ ਹੁਤੋ ਥੋ ਖਰਚ ਨ ਪਾਯੋ॥*** ਸਿੰਘਾਂ ਨੂੰ ਕੀ ਪਤਾ ਸੀ, ਏਥੇ ਘੇਰਾ ਪੈ ਜਾਣਾ ਹੈ, ਜਾਂ ਤੁਰਕਾਂ ਦੀ ਫ਼ੌਜ ਆ ਜਾਏਗੀ, ਸਿੰਘਾਂ ਕੋਲ ਅੰਦਰ ਕੋਈ ਖ਼ਰਚਾ, ਰਾਸ਼ਣ-ਪਾਣੀ ਜਮ੍ਹਾਂ ਨਹੀਂ ਸੀ।

***ਹੁਤੋ ਪਾਸ ਜੋ ਗਯੋ ਮੁਕਾਯੋ॥ ੩੮॥*** ਜਿਹੜਾ ਸਿੰਘਾਂ ਕੋਲ ਥੋੜ੍ਹਾ ਬਹੁਤਾ-ਰਾਸ਼ਣ ਆਦਿਕ ਹੈ ਸੀ, ਉਹ ਖ਼ਤਮ ਹੋ ਗਿਆ, ਦੋ ਚਾਰ ਦਿਨ ਵਿਚ। ੩੮।

***ਸਿੰਘਨ ਕੌ ਯੌ ਭਈ ਲਚਾਰ॥*** ਇਉਂ ਸਿੰਘਾਂ ਨੂੰ ਬੜੀ ਲਚਾਰੀ ਹੋ ਗਈ, ਕਿਉਂਕਿ ਅੰਦਰ ਭੁੱਖ ਦੇ ਨਾਲ ਟਾਕਰਾ ਹੋ ਰਿਹਾ ਸੀ।

***ਬਿਨਾ ਖਰਚ ਭਏ ਮਰਨੇ ਵਾਰ॥*** ਐਨੀ ਕਮਜ਼ੋਰੀ ਹੋ ਗਈ ਹੈ, ਬਿਨਾਂ ਖ਼ਰਚੇ ਤੋਂ ਮਰਣ ਵਾਲੇ ਹੋ ਗਏ ਸਨ, ਰਾਸ਼ਨ ਮੁੱਕ

ਗਿਆ ਸੀ ਭੁੱਖ ਹੜਤਾਲ ਹੋ ਗਈ, ਮੌਤ ਨੇੜੇ ਦਿਸ ਰਹੀ ਸੀ ਸਿੰਘ ਕੀ ਕਰਨ?

***ਮੱਦਤ ਕਰਨ ਜੋਗ ਪੰਥ ਨਾਂਹੀ॥*** ਪੰਥ ਥੋੜ੍ਹੀ ਗਿਣਤੀ ਵਿਚ ਸੀ, ਸਾਰੇ ਆਪੋ ਆਪਣੇ ਥਾਂ ਘੇਰੇ ਵਿਚ ਸਨ, ਮਦਦ ਕਰਨ ਜੋਗਾ ਪੰਥ ਨਹੀਂ ਸੀ ਕਿ ਦੋ ਚਾਰ ਹਜ਼ਾਰ ਸਿੰਘ ਆਵੇ ਤੇ ਸਿੰਘਾਂ ਨੂੰ ਛੁਡਾ ਲਵੇ, ਐਸੀ ਵੀ ਕੋਈ ਗੱਲ ਨਹੀਂ ਸੀ।

***ਉਇ ਅਪਨੀ ਛਪ ਜਾਨ ਬਚਾਹੀਂ॥ ੩੯॥*** ਦੂਸਰੇ ਜਥੇ ਦਲ ਦੇ ਛੋਟੇ-ਛੋਟੇ ਸਨ, ਉਹ ਆਪ ਆਪਣੀ ਲੁਕ ਕੇ ਜਾਨ ਬਚਾ ਰਹੇ ਸਨ, ਤੁਰਕਾਂ ਦਾ ਜ਼ੋਰ ਪੈ ਗਿਆ ਸੀ, ਹਜ਼ਾਰਾਂ ਲੱਖਾਂ ਤੁਰਕ ਇੱਕਠੇ ਹੋ ਗਏ ਸਨ, ਇਉਂ ਆਪੋ ਆਪਣੀ ਬਣੀ ਸੀ ਸਾਰਿਆਂ ਨੂੰ। ੩੯।

***ਦੋਹਰਾ॥ ਸਿੰਘ ਥਕੇ ਤੁਰਕਨ ਲਖੇ ਚੜ੍ਹੇ ਚੁਤਰਫੋਂ ਦੌੜ॥*** ਜਦੋਂ ਸਿੰਘਾਂ ਨੂੰ ਤੁਰਕਾਂ ਨੇ ਥੱਕੇ ਹੋਏ ਦੇਖਿਆ, ਹੰਭੇ ਪਏ, ਭੁੱਖ ਦੇ ਦੁੱਖ ਨਾਲ ਲਚਾਰ ਹੋ ਗਏ ਸਨ, ਇਉਂ ਸਿੰਘਾਂ ਨੂੰ ਵੇਖ ਕੇ ਤੁਰਕਾਂ ਦਾ ਹੌਂਸਲਾ ਵਧਿਆ ਅਤੇ ਚਾਰ-ਚੁਫੇਰਿਉਂ ਹੱਲਾ ਬੋਲ ਦਿੱਤਾ।

***ਖਾਈ ਕੰਧ ਭਲ ਥੀ ਨਹੀਂ ਭਈ ਸਿੰਘਨ ਬਡ ਸੌੜ॥ ੪੦॥*** ਨਾ ਹੀ ਹਵੇਲੀ ਦੁਆਲੇ ਕੋਈ ਪਾਣੀ ਨਾਲ ਭਰੀ ਹੋਈ ਖਾਈ ਸੀ, ਜਿਸ ਦੇ ਆਸਰੇ ਬਚੇ ਰਹਿਣ ਅਤੇ ਨਾ ਹੀ ਕੋਈ ਐਡੀ ਉੱਚੀ ਕੰਧ ਸੀ, ਜਿਸ ਕਰਕੇ ਸਿੰਘਾਂ ਨੂੰ ਬੜੀ ਤੰਗੀ ਆਈ, ਤੁਰਕ ਹੁਣ ਅੰਦਰ ਵੜੇ ਕਿ ਵੜੇ। ਉਧਰ ਤੋਪਖਾਨਾ ਲੱਗਾ ਹੋਇਆ ਸੀ, ਕੰਧ ਢਾਹੁਣ ਵਾਸਤੇ। ਜੇ ਕੰਧ ਗਿਰ ਜਾਂਦੀ ਹੈ, ਤਾਂ ਫ਼ੌਜ ਸਿੱਧੇ ਰਾਹ ਅੰਦਰ ਆ ਵੜਦੀ ਹੈ, ਇਉਂ ਤੁਰਕਾਂ ਨੇ ਸਾਰੀ ਗੱਲ ਵੇਖ ਕੇ ਹੱਲਾ ਬੋਲ ਦਿੱਤਾ।

***ਚੌਪਈ॥ ਆਇ ਤੁਰਕਨ ਹੱਥ ਕੰਧੀਂ ਪਾਏ॥*** ਜਦੋਂ ਤੁਰਕਾਂ ਨੇ ਪਉੜੀਆਂ ਰੱਖ-ਰੱਖ ਕੇ ਕੰਧਾਂ ਨੂੰ ਹੱਥ ਪਾਏ ਉਪਰ ਚੜ੍ਹਨ ਵਾਸਤੇ।

***ਸਿੰਘਨ ਅਗਯੋਂ ਕਟ ਗਿਰਾਏ॥*** ਅੱਗੋਂ ਸਿੰਘਾਂ ਨੇ ਹੱਥਾਂ 'ਤੇ ਤੇਗਾਂ ਮਾਰ ਕੇ ਤੁਰਕਾਂ ਦੇ ਗੁੱਟ ਵੱਢ-ਵੱਢ ਕੇ ਹੇਠਾਂ ਸੁੱਟ ਦਿੱਤੇ।

***ਔਰ ਤੁਰਕ ਬਹੁ ਪਿਛਯੋਂ ਆਵੈਂ॥*** ਹੋਰ ਤੁਰਕ ਪਿੱਛੇ ਤੋਂ ਹੱਲਾ ਬੋਲ ਕੇ ਆਉਂਦੇ।

***ਆਇ ਆਇ ਇਮ ਜੁੱਧ ਮਚਾਵੈਂ॥ ੪੧॥*** ਆ-ਆ ਕੇ ਤੁਰਕ ਇਉਂ ਜੁੱਧ ਕਰਦੇ ਸਨ ਖਾਲਸੇ ਦੇ ਨਾਲ। ੪੧।

***ਉਨ ਦੀਨੋ ਤੋਪਨ ਲਗਵਾਇ॥*** ਤੁਰਕਾਂ ਨੇ ਆਖਿਆ, ਇਹ ਤਾਂ ਅੱਗੋਂ ਹੱਥ ਵੱਡਦੇ ਨੇ, ਤੋਪਖਾਨਾ ਬੀੜੋ ਅਤੇ ਕੰਧ ਡੇਗੋ। ਉਨ੍ਹਾਂ ਨੇ ਤੋਪਾਂ ਬੀੜ ਦਿੱਤੀਆਂ ਸਨ।

***ਮਾਰ ਮਾਰ ਕੈ ਕਹਿੰ 'ਹਾਇ ਹਾਇ'॥*** ਤੋਪਾਂ ਦੇ ਗੋਲੇ ਮਾਰ-ਮਾਰ ਕੇ ਫਨਾਹ ਕਰ ਦਿੱਤਾ ਹੈ ਹਵੇਲੀ ਨੂੰ, ਚਾਰ-ਚੁਫੇਰਿਉਂ ਹਾਇ! ਹਾਇ! ਦੀ ਅਵਾਜ਼ ਆਉਂਦੀ।

***ਤੁਰਕ ਕਹੈਂ, 'ਤੁਮ ਅਏ ਅਬ ਦਾਇ॥*** ਆਹਮ- ਸਾਹਮਣੇ ਜਦੋਂ ਇਕ ਦੂਜੇ ਦਾ ਬੋਲ ਸੁਣਦਾ ਹੈ, ਤਾਂ ਤੁਰਕ ਕਹਿੰਦੇ ਸਨ ਸਿਖੋ! ਹੁਣ ਸਾਡੇ ਦਾਉ ਹੇਠਾਂ ਆ ਗਏ ਹੋ।

***ਅਬ ਕੋ ਮਿਲੈ ਨ ਜਾਨਾ ਪਾਇ'॥ ੪੨॥*** ਹੁਣ ਕੋਈ ਵੀ ਸਿੰਘੋ ਜਾ ਨਹੀਂ ਸਕੋਗੇ ਭੱਜ ਕੇ, ਹੋਰ ਸਿੰਘਾਂ ਨੂੰ ਮਿਲ ਨਹੀਂ ਸਕੋਗੇ। ੪੨।

***ਸਿੰਘ ਕਹੈਂ, 'ਹਮ ਕਬ ਮਰੈਂ ਨਿਰਾਲੇ॥*** ਸਿੰਘ ਅੱਗੋਂ ਲਲਕਾਰ ਕੇ ਕਹਿੰਦੇ ਸਨ, ਓਹ ਤੁਰਕੋ! ਅਸੀਂ ਕੋਈ ਇਕੱਲੇ ਥੋੜ੍ਹੇ ਮਰ ਚੱਲੇ ਹਾਂ ਕਿ ਸਾਨੂੰ ਮਾਰ ਕੇ ਤੁਸੀਂ ਘਰੀਂ ਜਾ ਵੜੋਗੇ, ਇਹ ਤਾਂ ਗੱਲ ਹੋਣੀ ਨਹੀਂ।

***ਲੈ ਲੈ ਮਰੈਂਗੇ ਤੁਮ ਕੋ ਨਾਲੇ'॥*** ਅਸੀਂ ਤੁਹਾਨੂੰ ਨਾਲ ਲੈ-ਲੈ ਕੇ ਮਰਾਂਗੇ, ਆਉ ਤਾਂ ਸਹੀ, ਥੋੜ੍ਹਾ ਜਿਹਾ ਹੋਰ ਅੱਗੇ ਵਧੋ।

***ਤੌ ਸਤਿਗੁਰ ਯੌਂ ਕਿਰਪਾ ਕਰੀ॥*** ਤਦ ਸਤਿਗੁਰੂ ਜੀ ਨੇ ਇਉਂ ਕਿਰਪਾ ਕੀਤੀ, ਜਦੋਂ ਸਿੰਘਾਂ ਨੇ ਹੱਠ ਨਹੀਂ ਛੱਡਿਆ

ਆਪਣਾ, ਇਉਂ ਮਰਨ ਲੜਨ ਵਾਸਤੇ ਨਿਸੰਗ ਹੋ ਕੇ ਸਿੰਘ ਜੰਗ ਕਰਨ ਲੱਗੇ, ਤਾਂ ਸਤਿਗੁਰੂ ਸਿੰਘਾਂ ਦੇ ਸਹਾਈ ਹੋ ਗਏ। ਸਤਿਗੁਰਾਂ ਨੇ ਐਸੀ ਮਦਦ ਕੀਤੀ ਖਾਲਸੇ ਦੀ।

***ਆਂਧੀ ਔ ਬਡ ਬਰਖਾ ਕਰੀ॥ ੪੩॥*** ਬੜੀ ਭਾਰੀ ਹਨੇਰੀ ਦੇ ਨਾਲ ਹੀ ਭਾਰੀ ਸੱਟ ਦਾ ਮੀਂਹ ਪਾਇਆ। ੪੩।

***ਤ੍ਰੋਪ ਬੰਦੂਕਨ ਬੁਝ ਗਏ ਤੋੜੇ॥*** ਤੋਪਾਂ, ਬੰਦੂਕਾਂ ਦਾ ਬਰੂਦ ਸਭ ਗਿੱਲਾ ਹੋ ਗਿਆ ਅਤੇ ਤੋੜੇ ਬੁੱਝ ਗਏ, ਤੋਪਾਂ ਕਿਵੇਂ ਚੱਲਣ? ਤੋਪਾਂ ਚੱਲਣੀਆਂ ਬੰਦ ਹੋ ਗਈਆਂ।

***ਤੀਰ ਤਲਵਾਰ ਫੜ ਢਾਲ ਸਿੰਘ ਦੌੜੇ॥*** ਸਿੰਘ ਤਲਵਾਰਾਂ ਢਾਲਾਂ ਫੜ ਕੇ ਅਤੇ ਤੀਰ ਕਮਾਣਾਂ ਵਿਚ ਚੜ੍ਹਾ ਕੇ ਦੌੜ ਕੇ ਮੈਦਾਨ ਵਿਚ ਉੱਤਰ ਆਏ।

***ਸਿਰ ਪਰ ਮਰਨ ਧਾਰ ਸਿੰਘ ਦੌੜੇ॥*** ਆਪਣੇ ਸਿਰ 'ਤੇ ਮੌਤ ਪ੍ਰਵਾਨ ਕਰਕੇ ਸਿੰਘਾਂ ਨੇ ਹੱਲਾ ਬੋਲ ਦਿੱਤਾ ਤੁਰਕਾਂ 'ਤੇ।

***ਮਾਰ ਤੇਗਨ ਤੁਰਕ ਕੀਏ ਚੌੜੇ॥ ੪੪॥*** ਜਿਹੜੇ ਤੁਰਕ ਟੋਲੇ ਬਣਾ-ਬਣਾ ਕੇ ਅੱਗੇ ਵਧ ਰਹੇ ਸਨ, ਸਿੰਘਾਂ ਨੇ ਮਾਰ ਮਾਰ ਕੇ ਤੇਗਾਂ ਚੌੜੇ ਕਰ ਦਿੱਤੇ, ਭਾਵ ਖਿਲਾਰ ਦਿੱਤੇ, ਤੁਰਕ ਇਕੱਲੇ-ਇਕੱਲੇ ਕਰ ਦਿੱਤੇ। ੪੪।

***ਦੋਹਰਾ॥ਦੇ ਪਿੱਠ ਆਗੇ ਤੁਰਕ ਭਏ ਵੜੇ ਡੇਰੇ ਮੁੜ ਜਾਇ॥*** ਤੁਰਕਾਂ ਦੇ ਕੋਲ ਚਾਰਾ ਕੋਈ ਨਾ ਰਹਿ ਗਿਆ, ਹੁਣ ਪਿੱਠ ਦੇ ਕੇ ਭੱਜੇ, ਜਿਥੇ ਪਿੱਛੇ ਉਨ੍ਹਾਂ ਦਾ ਡੇਰਾ ਲਾਇਆ ਹੋਇਆ ਸੀ, ਭੱਜ ਕੇ ਉਥੇ ਜਾ ਵੜੇ।

***ਸਿੰਘਨ ਪਾਯੋ ਵੇਲ ਯੌ ਵੜੇ ਬੇਟ ਪੇਟ ਧਾਇ॥ ੪੫॥*** ਸਿੰਘਾਂ ਨੇ ਆਖਿਆ ਸ਼ੁਕਰ ਹੈ, ਸਿੰਘਾਂ ਕਿਹਾ, ਹੁਣ ਮੌਕਾ ਮਿਲ ਗਿਆ, ਸਿੰਘ ਹੱਲਾ ਬੋਲ ਕੇ (ਬੇਟ) ਝੱਲ ਵਿਚ ਜਾ ਵੜੇ (ਧਾਇ) ਦੌੜ (ਹਰਨ) ਹੋ ਗਏ। ੪੫।

***ਚੌਪਈ॥ ਤੁਰਕ ਕਹੈਂ, 'ਹਮ ਬਡ ਫਤ੍ਹੇ ਪਾਈ' ॥*** ਤੁਰਕਾਂ ਨੇ ਆਖਿਆ, ਖਾਲਸਾ ਤਾਂ ਹੈ ਹੀ ਨਹੀ ਏਥੇ, ਸਭ ਉੱਡ ਗਏ, ਤੁਰਕਾਂ ਨੇ ਆਖਿਆ, ਬੜੀ ਫਤ੍ਹੇ ਪਾਈ ਏਥੇ, ਮੈਦਾਨ ਜਿੱਤ ਲਿਆ, ਇਉਂ ਫ਼ੋਕੀ ਹੀ ਜਿੱਤ ਦੀ ਖੁਸ਼ੀ ਮਨਾ ਰਹੇ ਨੇ ਤੁਰਕ।

***ਸਿੰਘ ਕਹੈ, 'ਹਮ ਜਿੰਦ ਬਚਾਈ' ॥*** ਸਿੰਘ ਸ਼ੁਕਰਾਨਾ ਕਰਦੇ ਪ੍ਰਮੇਸ਼ਰ ਦਾ, ਸਤਿਗੁਰੂ ਜੀ! ਬੜੀ ਮਦਦ ਕੀਤੀ ਹੈ ਸਾਡੀ, ਜੇ ਮੀਂਹ ਹਨੇਰੀ ਨਾ ਆਉਂਦਾ, ਤਾਂ ਸਾਨੂੰ ਅੱਜ ਮਾਰ ਲੈਣਾ ਸੀ ਇਹਨਾਂ ਨੇ, ਸਿੰਘ ਇਉਂ ਕਹਿੰਦੇ ਸਨ।

***ਤੁਰਕ ਤੁਰੇ ਮੁੜ ਲਹੌਰਹਿ ਵੱਲ॥*** ਦੀਨ ਪ੍ਰਸਤ ਤੁਰਕ ਲਹੌਰ ਵੱਲ ਨੂੰ ਮੁੜ ਤੁਰੇ।

***ਸਿੰਘ ਚਹਿਂ 'ਕਰੇਂ ਗੁਜ਼ਰ ਕਹੂੰ ਚੱਲ' ॥ ੪੬॥*** ਸਿੰਘ ਚਾਹੁੰਦੇ ਹਨ ਕਿ ਕਿਸੇ ਹੋਰ ਥਾਂ ਚੱਲ ਕੇ ਗੁਜ਼ਾਰਾ ਕਰੀਏ। ੪੬।

***ਤੁਰਕਨ ਕੋ ਥੋ ਗਰਬਾ ਆਯਾ॥*** ਤੁਰਕਾਂ ਨੂੰ ਹੰਕਾਰ ਹੋ ਗਿਆ ਸੀ ਜਿੱਤ ਦਾ।

***ਕਹੈਂ 'ਖਾਲਸੋ ਪੰਥ ਭਜਾਯਾ' ॥*** ਤੁਰਕ ਕਹਿੰਦੇ ਕਿ ਅਸੀ ਖਾਲਸੇ ਪੰਥ ਨੂੰ ਭਾਂਜ ਦੇ ਕੇ ਆਏ ਹਾਂ, ਜਿਹੜਾ ਕਿਸੇ ਤੋਂ ਭਜਦਾ ਹੀ ਨਹੀਂ, ਅਸੀਂ ਭਜਾ ਕੇ ਆਏ ਹਾਂ, ਇਉਂ ਸ਼ੇਖੀਆਂ ਮਾਰਦੇ।

***ਜਿਸੈ ਪੰਥ ਨੈ ਵਡ ਤੁਰਕ ਗਾਰੇ॥*** ਇਹ ਉਹੀ ਪੰਥ ਹੈ, ਜਿਸ ਨੂੰ ਅਸੀਂ ਭਜਾ ਕੇ ਆਏ ਹਾਂ, ਇਹਨਾਂ ਨੇ ਸ਼ਾਹੀਆਂ ਗਾਲ ਦਿੱਤੀਆਂ, ਤੁਰਕਾਂ ਨੂੰ ਗਾਲ ਦਿੱਤਾ, ਮਾਰ ਦਿੱਤਾ ਸੀ।

***ਸਭ ਅਬ ਹਮਨੈ ਵਹਿ ਸੂਰ ਮਾਰੇ॥ ੪੭॥*** ਹੁਣ ਅਸੀਂ ਉਹ ਸਾਰੇ ਸੂਰਮੇ ਮਾਰੇ ਹਨ, ਉਨ੍ਹਾਂ ਵਿੱਚੋਂ ਇਕ ਨਹੀਂ ਛੱਡਿਆ, ਇਉਂ ਲੋਕਾਂ ਅੱਗੇ ਫੜਾਂ ਮਾਰਨ ਲੱਗੇ। ੪੭।

***ਭੀਲੋਵਾਲ ਢਿਗ ਡੇਰਾ ਲਾਇ॥*** ਭਗਵੰਤੇ ਖਤ੍ਰੀ ਦੀ ਹਵੇਲੀ ਤੋਂ ਵਾਪਸ ਆ ਕੇ ਤੁਰਕਾਂ ਨੇ ਭੀਲੋਵਾਲ ਕੋਲ ਡੇਰਾ ਲਾਇਆ।

***ਬਹੇ ਤਹਾਂ ਦੇਖ ਚੰਗੋ ਥਾਂਇ॥*** ਚੰਗਾ ਉੱਚਾ ਥਾਂ ਵੇਖ ਕੇ ਵਰਖਾ ਤੋਂ ਬਚਾ ਵਾਸਤੇ, ਆਪਣੇ ਤੰਬੂ ਕਨਾਤਾਂ ਲਾ ਕੇ ਬੈਠ ਗਏ ਹਨ ਤੁਰਕ।

***ਹੁਤੋ ਗੜ੍ਹੋ ਇਕ ਖਾਲੀ ਤਾਂਹਿ॥*** ਉਥੇ ਇਕ ਕਿਲ੍ਹਾ ਖਾਲੀ ਪਿਆ ਸੀ।

***ਪਠਾਣ ਹਜ਼ਾਰ ਵੜ ਬੈਠਾ ਮਾਂਹਿ॥ ੪੮॥*** ਜਿਹੜਾ ਹਜ਼ਾਰ ਪਠਾਣ ਦਿੱਲੀ ਤੋਂ ਉਗਰਾਹੀ ਕਰਨ ਵਾਸਤੇ ਆਇਆ ਸੀ, ਉਹ ਸਾਰੇ ਕਿਲ੍ਹੇ ਵਿਚ ਵੜ ਕੇ ਬੈਠ ਗਏ, ਮੁਲਖ ਨੂੰ ਅੰਦਰ ਨ ਵੜਨ ਦਿੱਤਾ, ਫ਼ੌਜ ਸਾਰੀ ਅੰਦਰ ਵਾੜ ਲਈ ਸੀ। ੪੮।

***ਬਿਵਾਸਤੇ ਡੇਰਾ ਇਕ ਵਲ ਕਰਾ॥*** ਬਿਵਾਸਤੇ ਜਿਹੜੇ ਦੀਨ ਮਜ਼ਹਬ ਦੇ ਨਾਮ 'ਤੇ ਲੜਨ ਵਾਸਤੇ ਆਏ ਸਨ, ਉਨ੍ਹਾਂ ਨੇ ਡੇਰਾ ਇਕ ਪਾਸੇ ਲਾ ਲਿਆ।

***ਦੇਖਯੋ ਥਾਮ ਉਨ ਨੇ ਭੀ ਖਰਾ॥*** ਉਨ੍ਹਾਂ ਨੇ ਵੀ (ਖਰਾ) ਚੰਗੀ ਥਾਂ ਦੇਖ ਕੇ ਆਪੋ ਆਪਣਾ ਡੇਰਾ ਲਾਇਆ।

***ਕਹਿ 'ਘਰੀਂ ਵੜੈਂ ਕਿਤ ਹੱਛੋ ਰੋਜ॥*** ਆਪੋ ਵਿਚੀਂ ਸਲਾਹਾਂ ਕਰਦੇ ਨੇ, ਕਹਿੰਦੇ, ਚੰਗਾ ਦਿਨ ਚੜ੍ਹ ਲੈਣ ਦਿਉ, ਭਾਵ ਸ਼ੁੱਭ ਦਿਨ ਦੇਖ ਕੇ ਦਿਉ, ਅਸੀ ਜੇਤੂ ਹਾਂ, ਜਿੱਤ ਕੇ ਆਏ ਹਾਂ, ਅਤੇ ਢੋਲ ਨਗਾਰੇ ਵਜਾ ਕੇ ਜਲੂਸ ਦੀ ਸ਼ਕਲ ਬਣਾ ਕੇ ਚਲਾਂਗੇ, ਲੋਕ ਸਾਨੂੰ ਹਾਰ ਪਾਉਣਗੇ, ਮਾਣ ਕਰਨਗੇ ਕਿ ਇਹ ਖਾਲਸੇ ਪੰਥ ਨੂੰ ਜਿੱਤ ਕੇ ਆਏ ਨੇ, ਦੀਨ ਦੀ ਬੜੀ ਮਦਦ ਕੀਤੀ ਹੈ ਇਹਨਾਂ ਨੇ, ਉਨ੍ਹਾਂ ਦੇ ਮਨ ਵਿਚ ਇਉਂ ਗੁਜਰ ਰਹੀ ਸੀ ਕਿ ਕਿਸੇ ਚੰਗੇ ਦਿਨ ਆਪਣੇ ਘਰੀਂ ਜਾਣਾ ਕਰੀਏ।

***ਪੁੱਛੈਂ ਮੁਲਾਣਨ ਅੱਛੀ ਮੌਜ' ॥ ੪੯॥*** ਮੁਲਾਣਿਆਂ ਨੂੰ ਸੱਦ-ਸੱਦ ਕੇ ਪੁੱਛਦੇ ਨੇ ਦੱਸੋ ਮਹਾਰਾਜ! ਕੋਈ ਚੰਗਾ ਮੌਜ ਮੇਲੇ ਵਾਲਾ ਦਿਨ ਹੋਵੇ, ਜਿਸ ਦਿਨ ਅਸੀਂ ਖੁਸ਼ੀਆਂ ਮਨਾਈਏ ਜਸ਼ਨ ਮਨਾਈਏ ਐਸਾ ਦਿਨ ਦੱਸੋ, ਅਸੀਂ ਉਸ ਦਿਨ ਦਾਖ਼ਲ ਹੋਈਏ ਆਪਣੇ ਘਰਾਂ ਵਿਚ। ੪੯।

## (ਮਾਰਨ ਆਯਾ ਪਰ ਸਿੰਘਾਂ ਦਾ ਹੱਲਾ)

***ਦੋਹਰਾ॥ ਢੁਕੈਂ ਲਹੌਰੈ ਢਿਗ ਸੋਊ ਬੈਠੇ ਖੌਫ ਗਵਾਇ॥*** ਉਹ ਤੁਰਕ ਲੋਕ ਖੁਦਾ ਪ੍ਰਸਤ ਲਹੌਰ ਦੇ ਨੇੜੇ ਢੁਕ ਕੇ ਖਾਲਸੇ ਦਾ (ਖੌਫ) ਡਰ ਭਉ ਗਵਾ ਕੇ ਬੈਠੇ ਸਨ ਕਿ ਏਥੇ ਖਾਲਸਾ ਸਾਨੂੰ ਕੀ ਕਰ ਲਵੇਗਾ। ਦਿੱਲੀ ਵਾਲਾ ਇਕ ਹਜ਼ਾਰ ਜਵਾਨ ਸਾਡੇ ਕੋਲ ਬੈਠਾ ਹੈ ਅਤੇ ਲਹੌਰੀ ਫ਼ੌਜ਼ ਕੋਲ ਸਿਰ ਤੇ ਬੈਠੀ ਹੈ। ਨਾਲੇ ਸ਼ਹਿਰ ਵਿਚ ਐਡੀ ਦੂਰ ਕਿਥੇ ਆਉਣਗੇ ਸਿੰਘ? ਅਸੀਂ ਮਾਰ ਦਿੱਤੇ ਨੇ, ਭਜਾ ਦਿੱਤੇ, ਸਿੰਘ ਤਾਂ ਹੁਣ ਕੋਈ ਰਹਿ ਹੀ ਨਹੀਂ ਗਿਆ।

***ਉਨ ਕੀ ਹੋਣੀ ਗੋਰ ਤਹਿ ਕਿਤ ਔਰ ਜਾਣੇ ਪਾਇ? ॥ ੫੦॥*** ਇਹਨਾਂ ਦੀਆਂ (ਗੋਰ) ਕਬਰਾਂ ਤਾਂ ਉਥੇ ਹੀ ਬਨਣੀਆਂ ਸਨ। ਇਹ ਦੌੜ ਕੇ ਕਿਧਰ ਜਾਣਗੇ?। ੫੦।

***ਚੌਪਈ॥ ਉਨ ਕੀ ਹੋਣੀ ਲਏ ਦਬਾਇ॥*** ਉਨ੍ਹਾਂ ਦੀ (ਹੋਣੀ) ਮੌਤ ਨੇ ਦਬਾ ਲਿਆ ਏਥੇ, ਘੇਰੇ ਵਿਚ ਲੈ ਲਿਆ ਹੈ, ਇਨ੍ਹਾਂ ਨੂੰ।

***ਦੇਖੋ ਉਨ ਕਜਾ ਹੋਣੀ ਕਰਾਇ॥*** ਦੇਖੋ ਹੋਣੀ ਕੀ ਕਰਾਉਂਦੀ ਹੈ ਇਨ੍ਹਾਂ ਨਾਲ, ਕੀ ਭਾਣਾ ਵਰਤਦਾ ਹੈ?

***ਹੋਣੀ ਚਾਹੈ ਤਊ ਸੁ ਹੋਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਨੇ ਹੁਣ ਹੋਣੀ ਦੇ ਹੱਥ ਹੈ, ਹੁਣ ਜੇ ਤਾਂ ਇਹਨਾਂ ਦੀ ਮੌਤ ਨੇ ਇਹਨਾਂ ਨੂੰ ਆ ਕੇ ਮਾਰਨਾ ਹੀ ਹੈ, ਫੇਰ ਤਾਂ ਇਹਨਾਂ ਦੀ ਬੱਚਤ ਕੋਈ ਨਹੀਂ। ਜੋ ਹੋਣੀ ਚਾਹੁੰਦੀ, ਉਹ ਤਾਂ ਜਰੂਰ ਹੀ ਹੋਵੇਗਾ। ਹੁਣ ਐਸੇ ਮੈਦਾਨ ਵਿਚ ਫਸੇ ਨੇ ਕਿ ਇਨ੍ਹਾਂ ਦੀ ਮੌਤ ਇਹਨਾਂ ਦੇ ਸਿਰ 'ਤੇ ਕੂਕ ਰਹੀ ਸੀ।

***ਦੇਣ ਫਤ੍ਹੇ ਖਾਲਸੇ ਆਈ ਸੋਇ॥ ੫੧॥*** ਉਹ ਤਾਂ ਖਾਲਸੇ ਪੰਥ ਨੂੰ ਫਤ੍ਹੇ ਦੇਣ ਵਾਸਤੇ ਆਈ ਸੀ, ਖਾਲਸੇ ਦੀ ਜਿੱਤ ਹੋਣੀ ਹੈ ਮੈਦਾਨ ਵਿਚ। ੫੧।

***ਦੋਹਰਾ॥ ਸਿੰਘ ਨਿਕਲ ਬੇਲੇ ਵੜੇ ਫਿਰ ਤਿਨ ਕੀਓ ਹਮਸੋਸ॥*** ਭਗਵੰਤੇ ਖੱਤਰੀ ਦੀ ਹਵੇਲੀ ਵਿੱਚੋਂ ਨਿਕਲ ਕੇ ਸਿੰਘ ਜਦੋਂ ਬੇਲਿਆਂ ਵਿਚ ਵੜੇ, ਫੇਰ ਸਿੰਘਾਂ ਨੇ ਬੜਾ ਅਫ਼ਸੋਸ ਕੀਤਾ ਕਿ ਮਹਾਰਾਜ ਨੇ ਬੜਾ ਸਮਾਂ ਦਿੱਤਾ ਸੀ,

ਆਪਾਂ ਉਹ ਗਵਾ ਲਿਆ ਹੈ, ਤੁਰਕਾਂ ਨੂੰ ਮਾਰਨ ਵਾਸਤੇ ਆਪਾਂ ਸਮਾਂ ਗਵਾ ਬੈਠੇ ਹੱਥੋਂ, ਇਉਂ ਖਾਲਸਾ ਚਿਤਵਨਾ ਕਰਦਾ ਹੈ।

*ਜਿਮ ਚੋਟ ਚਿੱਤੇ ਖਾਲੀ ਜਏ ਕਰੈਂ ਮਨੈਂ ਬਡ ਰੋਸ॥ ੫੨॥* (ਚਿੱਤੇ) ਚਿੱਤਰਾ, ਛੋਟਾ ਸ਼ੇਰ, ਜਿਵੇਂ ਚਿੱਤਰਾ ਕਿਤੇ ਹੱਲਾ ਬੋਲੇ ਤੇ ਉਸ ਦਾ ਹੱਲਾ ਖਾਲੀ ਚਲਿਆ ਜਾਏ, ਉਹ ਚਿੱਤ ਵਿਚ ਫਿਰ ਬੜਾ ਕੁੜ੍ਹਦਾ ਹੈ, ਅਫ਼ਸੋਸ ਕਰਦਾ ਹੈ ਕਿ ਮੈਂ ਇਕ ਹੋਰ ਹੱਲਾ ਨਾ ਮਾਰਿਆ। ੫੨।

*ਚੌਪਈ॥ ਸੁਨੌਂ ਸੋਊ ਉਨ ਰੋਸ ਕਹਾਨੀ॥* ਜੋ ਸਿੰਘਾਂ ਨੇ ਅਫ਼ਸੋਸ ਕੀਤਾ ਹੈ ਅਤੇ ਮਨ ਵਿਚ ਬੜਾ ਗੁੱਸਾ ਖਾਧਾ ਹੈ, ਉਨ੍ਹਾਂ ਸਿੰਘਾਂ ਦੀ ਗੁੱਸੇ ਦੀ ਕਹਾਣੀ ਸੁਣੋਂ, ਕੀ ਕਰ ਗੁਜ਼ਰਿਆ ਖਾਲਸਾ।

*ਜਿਮ ਸਿੰਘਨ ਫਿਰ ਕਰੀ ਮਰਦਾਨੀ॥* ਫੇਰ ਦੁਬਾਰਾ ਸਿੰਘਾਂ ਨੇ ਜਿਵੇਂ ਮਰਦਾਨਗੀ ਕੀਤੀ, ਮਰਦਾਂ ਵਾਲੀ ਖੇਡ ਖੇਡੀ ਉਹ ਪ੍ਰਸੰਗ ਦਸਦੇ ਨੇ।

*ਉਸ ਵੇਲੇ ਕੋ ਸਿੰਘ ਪਛੁਤਾਂਹਿ॥* ਉਸ ਟਾਈਮ ਨੂੰ ਸਿੰਘ ਤਾਂ ਅੱਗੇ ਹੀ ਪਛਤਾ ਰਹੇ ਸਨ।

*ਬਰਸੇ ਮੇਹੁ ਔ ਪੌਣ ਵਗਾਹਿ॥ ੫੩॥* ਮੀਂਹ ਬਰਸ਼ ਰਿਹਾ ਸੀ, ਠੰਢੀ ਤੇਜ਼ ਹਨੇਰੀ ਚੱਲ ਰਹੀ ਸੀ। ੫੩।

*ਜੌ ਹਮ ਉਨ ਕੀ ਗੈਲਹਿ ਜਾਂਹਿ॥* ਸਿੰਘ ਕਹਿੰਦੇ, ਜੇ ਅਸੀਂ ਪਿੱਛਾ ਦੱਬੀ ਜਾਂਦੇ ਉਨ੍ਹਾਂ ਦਾ, ਡੇਰੇ ਵਿਚ ਹੀ ਜਾ ਪੈਂਦੇ ਉਨ੍ਹਾਂ ਨੂੰ।

*ਮਾਰ ਲੇਹਿਂ ਹਮ ਉਨ ਕੋ ਥਾਂਹਿ॥* ਫੇਰ ਕਿਥੇ ਛੱਡਦੇ ਸਾਂ, ਥਾਂਇ ਮਾਰ ਲੈਂਦੇ ਉਨ੍ਹਾਂ ਨੂੰ, ਇਕ ਵੀ ਨਾ ਬਚ ਕੇ ਜਾ ਸਕਦਾ।

*ਸਿੰਘ ਕਹਾਵਤ ਹਮ ਅਤਿ ਸੂਰੇ॥* ਅਸੀਂ ਆਪਣੇ ਆਪ ਨੂੰ ਅੱਤ ਸਿੰਘ ਸੂਰਮੇ ਕਹਾਉਂਦੇ ਹਾਂ।

*ਸਿਰ ਆਇ ਬਨੀ ਨਹਿਂ ਕਰਤ ਕਸੂਰੇ॥ ੫੪॥* ਜਦੋਂ ਸਿਰ 'ਤੇ ਆ ਬਣੇ, ਫੇਰ ਅਸੀ ਦਿੱਲ ਨਹੀਂ ਕਰਦੇ ਹੁੰਦੇ, ਫੇਰ ਉਥੇ ਸਾਰਾ ਤਾਣ ਲਾ ਦਿੰਦੇ ਹਾਂ, ਪਰ ਆਹ ਗੱਲ ਕਿਵੇਂ ਹੋ ਗਈ ਸਾਥੋਂ? ਇਹ ਨਾ ਅਸੀਂ ਸੋਚ ਸਕੇ, ਬੜਾ ਚੰਗਾ ਟਾਈਮ ਮਿਲਿਆ ਸੀ। ੫੪।

*ਐਸੇ ਭਾਂਤ ਤਹਿਂ ਸੋਚ ਯੌ ਕਰੈ॥* ਇਸ ਤਰ੍ਹਾਂ ਬੜੇ ਸੋਚਾਂ, ਵਿਚਾਰਾਂ ਕਰਦੇ ਹਨ ਸਿੰਘ ਉਥੇ।

*ਤਊ ਤੁਰਤ ਤਹ ਔਰ ਸਿੰਘ ਚਰੈ॥* ਅਤੇ ਕੁਦਰਤ ਮਹਾਰਾਜ ਦੀ ਹੋਰ ਸਿੰਘਾਂ ਦੇ ਜੱਥਿਆਂ ਨੇ ਉਥੇ ਚੜ੍ਹਾਈ ਕੀਤੀ ।

*ਹੁਤੀ ਖਾਲਸੇ ਕੀ ਯਹ ਬਾਨ॥* ਇਹ ਖਾਲਸੇ ਦੀ ਰੀਤੀ ਪਹਿਲੇ ਦਿਨੋਂ ਚਲੀ ਆਉਂਦੀ ਹੈ।

*ਮਰੈਂ ਦਸ ਰਹਿਂ ਬੀਸ ਸੁ ਆਨ॥ ੫੫॥* ਜੇ ਦਸ ਸਿੰਘ ਸ਼ਹੀਦ ਹੋ ਜਾਂਦੇ ਹਨ, ਤਾਂ ਵੀਹ ਸਿੰਘ ਹੋਰ ਆ ਰਲਦੇ ਸਨ, ਇਹ ਸਿੰਘਾਂ ਦਾ ਪਹਿਲਾਂ ਤੋਂ ਤਰੀਕਾ ਬਣਿਆ ਤੁਰਿਆ ਆਉਂਦਾ ਸੀ। ੫੫।

*ਔਰ ਪੰਥ ਸੁਨੀ ਬੰਦੂਖਨ ਅਵਾਜ਼॥* ਜਦੋਂ ਭਗਵੰਤੇ ਖੱਤਰੀ ਦੀ ਹਵੇਲੀ ਵਿਚ ਜੰਗ ਹੋਇਆ ਤੁਰਕਾਂ ਤੇ ਸਿੰਘਾਂ ਦਾ, ਉਥੇ ਤੋਪਾਂ ਤੇ ਬੰਦੂਕਾਂ ਵੀ ਚਲੀਆਂ। ਜਦੋਂ ਹੋਰ ਸਿੰਘਾਂ ਨੇ ਤੋਪਾਂ, ਬੰਦੂਕਾਂ ਦੀ ਅਵਾਜ਼ ਸੁਣੀ, ਉਦੋਂ ਹੀ ਪਤਾ ਲੱਗ ਗਿਆ ਕਿ ਸਿੰਘਾਂ ਦਾ ਕਿਤੇ ਹੱਥ ਜੁੜ ਗਿਆ ਹੈ।

*ਆਇ ਰਲੇ ਸੋਊ ਜਿਮ ਤਿਮ ਭਾਜ॥* ਉਹ ਵੀ ਜਿਵੇਂ, ਕਿਵੇਂ ਭੱਜ-ਨੱਠ ਕੇ ਸਿੰਘਾਂ ਨਾਲ ਆ ਰਲੇ ਖਾਲਸੇ ਦੇ ਨਾਲ ਇਕਤ੍ਰ ਹੋਏ।

*ਸਿੰਘ ਹਜ਼ਾਰ ਕੁ ਤਿਹ ਥਾਂ ਭਯੋ॥* ਜਿਥੇ ਸਾਰਾ ਦੋ ਸੌ ਸਿੰਘ ਸੀ, ਹੁਣ ਏਥੇ ਹਜ਼ਾਰ ਸਿੰਘ ਇਕੱਤਰ ਹੋ ਗਿਆ।

*ਤੌ ਸਿੰਘਨ ਮਨ ਉੱਦਮ ਅਯੋ॥ ੫੬॥* ਤਦ ਸਿੰਘਾਂ ਦੇ ਮਨ ਵਿਚ ਉੱਦਮ ਆ ਗਿਆ, ਉਤਸ਼ਾਹ ਵਧ ਗਿਆ ਕਿ ਹੁਣ ਅਸੀਂ ਤੁਰਕਾਂ ਨੂੰ ਕਿੱਥੇ ਛੱਡਦੇ ਹਾਂ, ਅੱਗੋਂ ਦੋ ਸੌ ਨਹੀਂ ਸੀ ਦਬਾਲ। ੫੬।

*ਦੋਹਰਾ॥ ਤਾਂਹਿ ਸਿੰਘ ਇਕ ਆ ਕਹਯੋ, 'ਉਇ ਵੜਤੇ ਨਾਂਹਿ ਲਹੌਰ॥* ਦੇਵ ਨੇਤ ਨਾਲ ਸਿੰਘ ਤਿਆਰ-ਬਰ-

ਤਿਆਰ ਖੜ੍ਹੇ ਸਨ ਕਿ ਇਕ ਸਿੰਘ ਤੁਰੰਤ ਹੀ ਮੌਕੇ 'ਤੇ ਆ ਗਿਆ, ਉਸ ਨੇ ਆ ਕੇ ਕਿਹਾ, ਸਿੰਘੋ! ਉਹ ਤਾਂ ਭੀਲੋਵਾਲ ਬੈਠੇ ਨੇ ਇਕੱਠੇ ਹੋ ਕੇ, ਲਹੌਰ ਜਾਣ ਦਾ ਦਿਨ ਪੁੱਛਦੇ ਫਿਰਦੇ ਨੇ।

***ਕਹੈਂ ਰੈਂ ਫਿਰ ਸਿੰਘਨ ਪਰ ਦੂਰਹੁ ਕਰਕੈ ਧੌੜ॥ ੫੭॥*** ਤੁਰਕ ਕਹਿੰਦੇ ਹਨ ਫੇਰ ਪਵਾਂਗੇ ਸਿੰਘਾਂ 'ਤੇ ਹੱਲਾ ਕਰਕੇ ਦੂਰੋਂ, ਉਥੇ ਮਾਰਾਂਗੇ ਸਿੰਘਾਂ ਨੂੰ, ਉਹ ਵੀ ਸਲਾਹਾਂ ਕਰ ਰਹੇ ਸਨ। ੫੭।

***ਚੌਪਈ ॥ ਸੁਨਤ ਖਾਲਸੈ ਆਯੋ ਰੋਸ॥*** ਇਹ ਗੱਲ ਸੁਣ ਕੇ ਸਿੰਘਾਂ ਨੂੰ ਰੋਹ ਜਾਗ ਪਿਆ, ਬੀਰ ਰਸ ਜਾਗ ਪਿਆ ਹੈ ਖਾਲਸੇ ਨੂੰ।

***ਜਨ ਚਖਮਖ ਲਗਯੋ ਕੁੰਡੋ ਜੋਸ਼॥*** ਜਾਣੋ ਚਕਮਾਕ ਪੱਥਰ ਨੂੰ ਬੰਦੂਕ ਦਾ (ਕੁੰਡਾ) ਘੋੜਾ ਜ਼ੋਸ ਨਾਲ ਵੱਜਿਆ ਸਿੰਘਾਂ ਨੂੰ, ਭਾਵ ਉਦੋਂ ਸੁਰਤ ਆਈ ਕਿ ਖਾਲਸਾ ਜੀ ਹੋਰ ਟਾਈਮ ਕਿਹੜਾ ਜੇ, ਉਹ ਇੱਕਠੇ ਹੋਏ ਨੇ ਤੇ ਉਨ੍ਹਾਂ ਨੂੰ ਖ਼ਬਰ ਕੋਈ ਨਹੀਂ, ਤਾਂ ਅਸੀਂ ਉਨ੍ਹਾਂ ਨੂੰ ਖ਼ਬਰ ਕਰੀਏ ਚਲ ਕੇ।

***ਕਹਯੋ ਸਿੰਘਨ 'ਅਬ ਕਰੋ ਤਿਆਰੀ॥*** ਖਾਲਸੇ ਦੇ ਜੱਥੇਦਾਰਾਂ ਵੱਲੋਂ ਸਿੰਘਾਂ ਨੂੰ ਹੁਕਮ ਹੋ ਗਿਆ, ਸਿੰਘੋ ਕਮਰਕੱਸੇ ਕਰਕੇ ਤਿਆਰੀ ਕਰ ਲਵੋ ਹੱਲੇ ਦੀ।

***ਆਪ ਮਰੋ ਯਾ ਉਨ ਲਿਹੁ ਮਾਰੀ' ॥ ੫੮॥*** ਆਪ ਸ਼ਹੀਦ ਹੋਵੋ ਜਾਂ ਉਨ੍ਹਾਂ ਨੂੰ ਮਾਰ ਲਵੋ। ੫੮।

***ਬੰਧ ਕਮਰ ਸਭ ਹੀ ਉਠ ਧਾਏ॥*** ਕਮਰਕੱਸੇ ਕਰ ਕੇ ਓਸੇ ਵੇਲੇ ਹੱਲਾ ਕਰ ਦਿੱਤਾ ਖਾਲਸੇ ਨੇ।

***ਨਹਿ ਚਹੀਅਤ ਥੇ ਘੋੜੇ ਪਿੜਾਏ॥*** ਸਿੰਘਾਂ ਕੋਲ ਉਸ ਵੇਲੇ ਘੋੜੇ ਕਿਥੇ ਸਨ? ਤੇ ਨਾ ਹੀ ਕਿਸੇ ਨੂੰ ਜਰੂਰਤ ਸੀ ਘੋੜਾ ਕੱਸ ਕੇ ਚੜ੍ਹੀਏ ਉਤੇ।

***ਨਹਿ ਚਹੀਅਤ ਥੋ ਕਿਸੈ ਬੋਝੈ ਚੁਕਾਏ॥*** ਅਤੇ ਨਾ ਹੀ ਕੋਈ ਭਾਰ ਬਰਦਾਰੀ ਸੀ ਸਿੰਘਾਂ ਕੋਲ ਕਿ ਕੋਈ ਤੰਬੂ, ਕਨਾਤ ਜਾਂ ਭਾਂਡੇ, ਬਿਸਤਰੇ ਲਿਜਾਣ ਵਾਸਤੇ ਚੁੱਕ ਕੇ। ਸਿੰਘਾਂ ਨੇ ਕੋਈ ਵਜ਼ਨ ਨਹੀਂ ਸੀ ਚੁੱਕਣਾ, ਕੋਈ ਕਾਠੀਆਂ ਨਹੀਂ ਸਨ ਪਾਉਣੀਆਂ ਘੋੜਿਆਂ ਉਤੇ, ਬੋਝ 'ਭਾਰ' ਚੁੱਕਣ ਵਾਸਤੇ ਕੁਝ ਵੀ ਨਹੀਂ ਸੀ ਚਾਹੀਦਾ।

***ਧਯਾਇ ਗੁਰ ਗੋਬਿੰਦ ਸਿੰਘ ਲੜਨੇ ਆਏ॥*** ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕੀਤਾ, ਅਰਦਾਸ ਕੀਤੀ ਤੇ ਲੜਨ ਆਏ ਸਨ ਸਿੰਘ।

***ਘੋੜੇ ਜਿਤਕੁ ਆਪ ਸਿੰਘ ਦੌੜੇਂ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਘੋੜੇ ਨਾਲੋਂ ਤਾਂ ਆਪ ਜ਼ਿਆਦਾ ਸਿੰਘ ਭੱਜ ਲੈਂਦੇ ਸਨ, ਇਤਨਾ ਦੌੜਾਂ ਦਾ ਸਿੰਘਾਂ ਦਾ ਅਭਿਆਸ ਹੋਇਆ ਸੀ।

***ਨਹਿ ਅਟਕੇ ਕਿਤ ਊਚ ਨੀਚ ਸੌੜੇ॥*** ਉੱਚੀ-ਨੀਵੀਂ ਅਤੇ(ਸੌੜੇ) ਤੰਗ ਥਾਵਾਂ ਤੋਂ ਸਭ ਲੰਘ ਜਾਂਦੇ ਸਿੰਘ, ਕਿਤੇ ਵੀ ਅਟਕਦੇ ਨਹੀਂ ਸਨ, ਐਸਾ ਅਭਿਆਸ ਹੋ ਚੁੱਕਾ ਸੀ ਸਿੰਘਾਂ ਦਾ।

***ਬੇਟ ਪੇਟ ਵਿਗ ਢੂਕੇ ਲਹੌਰ॥*** (ਬੇਟ ਪੇਟ ) ਭਾਵ ਦਰਿਆ ਦੇ ਪੇਟ-ਪੇਟ ਝੱਲ ਦੇ ਵਿੱਚੋ-ਵਿਚ ਲਹੌਰ ਦੇ ਨੇੜੇ ਆ ਨਿਕਲਿਆ ਖਾਲਸਾ।

***ਜਾਇ ਲਖਯੋ ਉਨ ਫੌਜਹਿ ਤੌਰ॥ ੬੦॥*** ਉਥੇ ਹੀ ਆ ਨਿਕਲੇ ਨੇ, ਜਿਥੇ ਤੁਰਕ ਉਤਰੇ ਹੋਏ ਸਨ, ਸਿੰਘਾਂ ਨੇ ਫ਼ੌਜਾਂ ਦਾ ਤੌਰ ਤਰੀਕਾ ਵੇਖਿਆ ਕਿ ਅਸਲ ਫ਼ੌਜ ਤਾਂ ਕਿਲ੍ਹੇ ਵਿੱਚ ਹੈ, ਬਾਕੀ ਦੇ ਆਹ ਡੇਰੇ ਅੱਡੋ-ਅੱਡੀ ਪਾਈ ਬੈਠੇ ਸਨ ਬੇ-ਫ਼ਿਕਰੇ ਬੈਠੇ ਨੇ ਇਹਨਾਂ ਨੂੰ ਤਾਂ ਖ਼ਬਰ ਹੀ ਕੋਈ ਨਹੀਂ। ੬੦।

***ਅਗੇ ਸੁਨੌਂ ਤੁਰਕਨ ਕੀ ਗੱਲ॥*** ਇਸ ਤੋਂ ਅੱਗੇ ਤੁਰਕਾਂ ਦੀ ਗੱਲ ਦੱਸ ਰਹੇ ਹਨ, ਇਸ ਤੋਂ ਅੱਗੇ ਤੁਰਕਾਂ ਦੀ ਗੱਲ ਸੁਣੋ, ਉਹ ਕੀ ਕਰ ਰਹੇ ਸਨ ਉਸ ਵੇਲੇ।

***ਓਇ ਭੀ ਜਾਤ ਥੇ ਲਹੌਰੈ ਵੱਲ॥*** ਉਹ ਤੁਰਕ ਵੀ ਲਹੌਰ ਵੱਲ ਨੂੰ ਜਾ ਰਹੇ ਸਨ ਕਿ ਅਸੀਂ ਵੀ ਲਹੌਰ ਪੁੱਜਣਾ ਹੈ।

***ਢੋਲ ਨਗਾਰੇ ਸ਼ਦੀਆਨ ਬਜਾਵੈਂ॥*** ਢੋਲ, ਨਗਾਰੇ ਤੇ ਸ਼ਹਿਨਾਈਆਂ ਵਜਾਉਂਦੇ ਹੋਏ।

***ਤੋਪ ਜੰਬੂਰਨ ਛਲਕ ਚਲਾਵੈਂ॥ ੬੧॥*** ਤੋਪਾਂ, ਜੰਬੂਰਿਆਂ ਦੇ ਚਲਦਿਆਂ ਦੀ ਠਾਹ-ਠਾਹ ਹੁੰਦੀ ਜਾਏ, ਐਸਾ ਜ਼ਸ਼ਨ ਮਨਾ ਕੇ ਚਲੀਏ। ੬੧।

***ਦੋਹਰਾ॥ ਦਿਨ ਆਛੋ ਘਰ ਵਰਨ ਪੁੱਛ ਕੀਯੋ ਭੀਲੋਵਾਲ ਮੁਕਾਮ॥*** ਆਪਣੇ ਘਰਾਂ ਵਿਚ ਵੜਨ ਵਾਸਤੇ ਜੋਤਸੀਆਂ ਤੋਂ ਚੰਗਾ ਦਿਨ ਪੁੱਛ ਲਿਆ ਕਿ ਅਮਕੇ ਦਿਨ ਲਹੌਰ ਆਪਣੇ ਘਰ ਵੜਾਂਗੇ ਅਤੇ ਜਿੱਤ ਦੀ ਖੁਸ਼ੀ ਦੇ ਜਸ਼ਨ ਮਨਾਵਾਂਗੇ , ਉਸ ਦਿਨ ਦੀ ਉਡੀਕ ਵਿਚ ਭੀਲੋਵਾਲ ਉਤਰੇ ਹੋਏ ਸਨ।

***ਰਹੀ ਫੌਜ ਵੜ ਗੜ੍ਹ ਭਲੈ ਅਯੋ ਪਸਿੰਦ ਉਨ ਥਾਮ॥ ੬੨॥*** ਦਿੱਲੀ ਵਾਲੀ ਫ਼ੌਜ ਕਿਲ੍ਹੇ ਵਿਚ ਵੜੀ ਹੋਈ ਸੀ, ਉਹ ਸੋਹਣੀ ਨਿਵੇਕਲੀ ਕਿਲ੍ਹੇ ਵਾਲੀ ਥਾਂ ਬੂਹੇ ਅੜਦੇ ਕੋਈ ਖ਼ਤਰਾ ਨਹੀਂ, ਇਹ ਜਗ੍ਹਾ ਉਨ੍ਹਾਂ ਨੂੰ ਪਸੰਦ ਆ ਗਈ ਸੀ, ਇਉਂ ਫ਼ੌਜ ਅੰਦਰ ਬੈਠੀ ਸੀ। ੬੨।

***ਮੌਤ ਉਨੈ ਕੇ ਢਿਗ ਅਈ ਇਮ ਉਨ ਲਾਗੀ ਢਿੱਲ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਉਨ੍ਹਾਂ ਦੀ ਮੌਤ ਨੇੜੇ ਆ ਗਈ, ਇਉਂ ਉਨ੍ਹਾਂ ਨੂੰ ਦੇਰ ਲਗ ਗਈ; ਤਿਆਰੀਆਂ ਕਰਦਿਆਂ ਫਲਾਨਾ ਦਿਨ ਚੰਗਾ ਹੋਵੇਗਾ, ਤਾਂ ਚਲਾਂਗੇ, ਮੌਤ ਜੁ ਨੇੜੇ ਆ ਗਈ। ਜਦੋਂ ਮੌਤ ਆਉਣੀ ਸੀ, ਉਸ ਦਿਨ ਹੀ ਖਾਲਸੇ ਨੇ ਆ ਕੇ ਇਹਨਾਂ ਦੀ ਮੌਤ ਕਰਨੀ ਸੀ, ਇਸ ਕਰਕੇ ਇਹਨਾਂ ਨੂੰ ਤੁਰਦਿਆਂ-ਤੁਰਾਉਂਦਿਆਂ ਢਿੱਲ ਲੱਗ ਗਈ, ਟਾਈਮ ਮਿਲ ਗਿਆ।

***ਪੜੇ ਅਚਾਨਕ ਸਿੰਘ ਤਹਿ ਜੈਸ ਅਕਾਸ਼ੋਂ ਇੱਲ॥ ੬੩॥*** ਸਿੰਘ ਅਚਨਚੇਤ ਹੀ ਆ ਪਏ ਇਹਨਾਂ ਉਤੇ, ਜਿਵੇਂ ਅਕਾਸ਼ ਵਿੱਚੋਂ ਇੱਲ ਪੈਂਦੀ ਹੈ, ਕੋਈ ਚੀਜ਼ ਚੁੱਕਣ ਵਾਸਤੇ ਧਰਤੀ ਤੋਂ। ਖਾਲਸਾ ਇੱਲ ਦੀ ਤਰ੍ਹਾਂ ਅਚਾਨਕ ਹੀ ਆ ਧਮਕਿਆ ਹੈ ਤੁਰਕਾਂ 'ਤੇ। ੬੨।

***ਚੌਪਈ॥ ਦੌੜ ਉਨ੍ਹੈਂ ਸਿੰਘ ਡੇਰੇ ਵੜੇ॥*** ਇੱਕਦਮ ਹੱਲਾ ਕਰਕੇ ਦੌੜ ਕੇ ਸਿੰਘ ਉਹਨਾਂ ਦੇ ਡੇਰੇ ਵਿਚ ਆ ਗਏ।

***ਸੋ ਭਜ ਚਲੇ ਨ ਤਹਿ ਤੁਰਕ ਅੜੇ॥*** ਜਦੋਂ ਤੁਰਕਾਂ ਨੇ ਸਿੰਘਾਂ ਨੂੰ ਵੇਖਿਆ, ਤਾਂ ਉਹਨਾਂ ਨੂੰ ਭੱਜਣ ਦੀ ਪਈ, ਤੁਰਕਾਂ ਨੇ ਕੀ ਅੜਨਾਂ ਸੀ, ਤਿਆਰੀ ਕੋਈ ਨਹੀਂ, ਹਥਿਆਰ ਹੱਥਾਂ ਦੇ ਵਿਚ ਨਹੀਂ, ਹੁਣ ਉਹ ਭੱਜ ਤੁਰੇ, ਲਾ-ਲਾ, ਲਾ-ਲਾ ਕਰਦੇ।

***ਕੋਊ ਹੁਤੋ ਥੋ ਗਯੋ ਸ਼ਿਕਾਰ॥*** ਤੁਰਕ ਕੋਈ ਤਾਂ ਸ਼ਿਕਾਰ ਖੇਡਣ ਗਏ ਸਨ।

***ਕੋਊ ਗਯੋ ਕਿਤ ਪਿੰਡ ਮਝਾਰ॥ ੬੪॥*** ਕੋਈ ਕਿਸੇ ਪਿੰਡਾਂ ਵਿਚ ਨੇੜੇ-ਤੇੜੇ ਗਏ ਹੋਏ ਸਨ ਤੁਰਕ। ੬੪।

***ਕੋਊ ਖੜੋ ਅਸਤੰਜੋ ਕਰਤ॥*** ਤੁਰਕਾਂ ਦੀ ਸਵੇਰ ਦੀ ਨਿਮਾਜ਼ ਦਾ ਸਮਾਂ ਸੀ, ਕੋਈ ਤੁਰਕ ਹੱਥ ਮੂੰਹ ਧੋ ਰਿਹਾ ਸੀ। ਅਸਤੰਜੋ ਪੰਜ ਸ਼ਨਾਨਾਂ, ਹੱਥ, ਪੈਰ ਤੇ ਮੂੰਹ ਧੋ ਰਿਹਾ ਸੀ।

***ਕੋਈ ਨਿਵਾਜੈ ਝੁਕ ਝੁਕ ਪੜਤ॥*** ਕੋਈ ਝੁੱਕ-ਝੁੱਕ ਕੇ ਨਿਮਾਜ਼ ਪੜ੍ਹ ਰਿਹਾ ਸੀ।

***ਤੋਪ ਜੰਬੂਰੇ ਕਿਤ ਪਏ ਰਹੇ॥*** ਤੋਪਾਂ ਤੇ ਜੰਬੂਰੇ ਕਿਤੇ ਹੀ ਪਏ ਸਨ, ਉਹਨਾਂ ਦੇ ਲਾਗੇ ਕੋਈ ਪਹਿਰੇਦਾਰ ਨਹੀਂ ਸੀ।

***ਬੈਲ ਉੱਠ ਰਹੇ ਬਾਹਰ ਗਏ॥ ੬੫॥*** ਜਿਹੜੇ ਤੋਪਾਂ ਨੂੰ ਖਿੱਚਣ ਵਾਲੇ ਬੈਲ ਤੇ ਊਠ ਸਨ ਜੋੜਨ ਵਾਲੇ ਪਸ਼ੂਆਂ ਨੂੰ ਚਾਰਨ ਲਈ, ਉਨ੍ਹਾਂ ਨੂੰ ਪਹਿਰੇਦਾਰ ਬਾਹਰ ਲੈ ਕੇ ਗਏ ਹੋਏ ਸਨ। ਬੈਲ ਊਠਾਂ ਨੂੰ ਘਾਹ ਚਾਰਨ ਵਾਸਤੇ। ੬੫।

***ਬਹੁ ਕਸੇ ਕਸਾਏ ਘੋੜੇ ਖੜੇ॥*** ਘੋੜਿਆਂ 'ਤੇ ਕਾਠੀਆਂ ਪਈਆਂ ਹੋਈਆਂ ਸਨ, ਜੇ ਲੋੜ ਪਈ, ਤਾਂ ਫਟਾ-ਫਟ ਉਤੇ ਸਵਾਰ ਹੋ ਜਾਂਦੇ। ਕਸੇ-ਕਸਾਏ ਖੜ੍ਹੇ ਸਨ ਘੋੜੇ, ਅਗਾੜੇ-ਪਿਛਾੜੇ ਲੱਗੇ ਹੋਏ।

***ਤੁਰਤ ਸਿੰਘ ਫੜ ਉਨ ਪਰ ਚੜ੍ਹੇ॥*** ਤੁਰੰਤ ਹੀ ਸਿੰਘ ਫੜ ਕੇ ਘੋੜਿਆਂ ਨੂੰ ਉਨ੍ਹਾਂ 'ਤੇ ਸਵਾਰ ਹੋ ਗਏ।

***ਚੜ੍ਹ ਘੋੜੇ ਸਿੰਘ ਲੜਨੇ ਲਾਗੇ॥*** ਸਿੰਘਾਂ ਨੇ ਘੋੜਿਆਂ 'ਤੇ ਸਵਾਰ ਹੋ ਕੇ ਯੁੱਧ ਕਰਨਾ ਸ਼ੁਰੂ ਕਰ ਦਿੱਤਾ।

***ਮਾਰਹਿੰ ਤੁਰਕਨ ਹੁਇ ਹੁਇ ਆਗੇ॥੬੬॥*** ਸਿੰਘ ਅੱਗੇ ਹੋ-ਹੋ ਕੇ ਤੁਰਕਾਂ ਨੂੰ ਮਾਰਦੇ ਹਨ, ਤਲਵਾਰਾਂ ਬਰਛਿਆਂ ਨਾਲ। ੬੬।

***ਤੁਰਕਨ ਟੋਲ ਦੇਖਿ ਕੈ ਮਾਰੈਂ॥*** ਖਾਲਸੇ ਤੁਰਕਾਂ ਨੂੰ ਦੇਖ ਕੇ ਟੋਲ-ਟੋਲ ਕੇ ਮਾਰਦੇ ਸਨ ਕਿਉਂਕਿ ਰਾਤ ਦਾ ਟਾਈਮ ਸੀ, ਦਿਸਦਾ ਤਾਂ ਹੈ ਨਹੀਂ ਸੀ ਕੁੱਛ।

***ਦੀਨ ਮਜ਼ਹਬ ਕੋ ਜੁੱਧ ਬਿਚਾਰੈਂ॥*** ਦੀਨ ਮਜ਼ਬ ਭਾਵ ਧਰਮ ਯੁੱਧ ਵਿਚਾਰ ਕੇ ਸਿੰਘ ਲੜ ਰਹੇ ਸਨ।

***ਇਕ ਤੇ ਦੁਇ ਤ੍ਰੈ ਕਰੇ ਸੁ ਚਾਰੇ॥*** ਸਿੰਘਾਂ ਨੇ ਜਦੋਂ ਹੱਲਾ ਬੋਲ ਲਿਆ, ਤਾਂ ਇੱਕ ਤੋਂ ਦੋ, ਦੋ ਤੋਂ ਤਿੰਨ ਅਤੇ ਕਈਆਂ ਦੇ ਚਾਰ-ਚਾਰ ਟੁੱਕੜੇ ਕਰ ਦਿੱਤੇ।

***ਇਮ ਕਰ ਸਿੰਘਨ ਕੀਏ ਅਖਾਰੇ॥ ੬੭॥*** ਇਉਂ ਸਿੰਘਾਂ ਨੇ (ਅਖਾਰੇ) ਜੁੱਧ, ਰਣ ਮੈਦਾਨ ਵਿਚ ਚੰਗੇ ਹੱਥ ਵਿਖਾਏ। ੬੭।

***ਦੋਹਰਾ॥ ਉਨ ਕੀ ਮੱਦਤ ਕੋ ਤੇਊ ਨਿਕਸੇ ਗੜ੍ਹੋਂ ਪਠਾਣ॥*** ਇਹ ਤਾਂ ਬਾਹਰਲਿਆਂ ਦੀ ਗੱਲ ਦੱਸੀ ਹੈ, ਜੋ ਦੀਨੀਏ ਕਿਲ੍ਹੇ 'ਚੋਂ ਬਾਹਰ ਤੰਬੂ ਕਨਾਤਾਂ ਵਿਚ ਡੇਰੇ ਲਾ ਕੇ ਬੈਠੇ ਹੋਏ ਸੀ। ਉਨ੍ਹਾਂ ਦੀ ਮਦਦ ਵਾਸਤੇ ਕਿਲ੍ਹੇ ਵਿੱਚੋਂ ਜੋ ਹਜ਼ਾਰ ਸ਼ਾਹੀ ਫ਼ੌਜੀ ਆਏ ਸਨ ਪਠਾਣ; ਉਹ ਨਿਕਲੇ ਹਨ ਸਿੰਘਾਂ ਦਾ ਮੁਕਾਬਲਾ ਕਰਨ ਵਾਸਤੇ।

***ਖਾਲਸੇ ਉਨ ਕੋ ਭੀ ਕਟਯੋ, ਜੋ ਖੜ ਰਹੇ ਮਦਾਨ॥ ੬੮॥*** ਜਿਹੜੇ ਅੱਗੇ ਮੈਦਾਨ ਵਿਚ ਆਏ ਸਿੰਘਾਂ ਨੇ ਉਹਨਾਂ 'ਤੇ ਵੀ ਹੱਲਾ ਬੋਲ ਕੇ ਕੱਟ-ਵੱਢ ਸੁੱਟਿਆ! ਉਹਨਾਂ ਨੂੰ, ਜੋ ਮੈਦਾਨ ਵਿਚ ਖੜ੍ਹੇ ਰਹੇ ਸਨ। ੬੮।

***ਚੌਪਈ:- ਹੁੱਤੇ ਤਰਾਵੜੀ ਕੋ ਨਕੀ ਰਜਪੂਤ॥*** ਨੱਕੀ ਰਾਜਪੂਤ ਤਰਾਵੜੀ ਦੇ ਰਹਿਣ ਵਾਲਾ ਹਾਕਮ ਸੀ, ਇਹ ਵੀ ਆਇਆ ਸੀ ਮਦਦ ਦੀਨ ਮਜ਼ਬ ਦੀ ਕਰਨ ਵਾਸਤੇ।

***ਦੇਖਯੋ ਉਨ ਯੋ ਭਯੋ ਕਸੂਤ॥*** ਉਸ ਨੇ ਵੇਖਿਆ ਇਹ ਤਾਂ ਬੜਾ ਕਸੂਤਾ ਕੰਮ ਹੋ ਗਿਆ, ਅਚਾਨਕ ਹੀ ਸਿੰਘਾਂ ਨੇ ਆ ਹੱਲਾ ਬੋਲਿਆ।

***ਚੜ ਊਚੇ ਉਨ ਹੋਕੋ ਦਯੋ॥*** ਉਸ ਨੇ ਉੱਚੀ ਜਗ੍ਹਾ 'ਤੇ ਚੜ੍ਹ ਕੇ ਹੋਕਾ ਦਿੱਤਾ ਹੈ, ਓਇ ਲੋਕੋ! ਭੱਜ ਜਾਉ! ਅੰਦਰ ਹੋ ਜਾਉ! ਪਾਸੇ ਹੋ ਜਾਉ, ਖਾਲਸੇ ਦਾ ਹੱਲਾ ਹੋਇਆ ਹੈ।

***ਨਠ ਪਿੰਡ ਵੜੋ ਕੋਊ ਬਾਹਰ ਨ ਰਹਯੋ' ॥ ੬੯॥*** ਕੋਈ ਬਾਹਰ ਨਾ ਰਹਿਉ, ਭੱਜ ਕੇ ਪਿੰਡ ਵਿਚ ਵੜ ਜਾਉ, ਅੰਦਰ ਹੋ ਜਾਉ ਸਾਰੇ ਕੋਟ ਦੇ। ੬੯।

***ਬਚੇ ਸੁ ਜੋਊ ਵੜੇ ਪਿੰਡ ਮੱਧ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਉਹੀ ਬਚਿਆ, ਜਿਹੜਾ ਭੱਜ ਕੇ ਪਿੰਡ ਵਿਚ ਜਾ ਵੜਿਆ ਹੈ, ਜਿਸ ਨੇ ਕੰਧਾਂ ਦੀ ਓਟ ਲੈ ਲਈ।

***ਬਾਹਰ ਰਹੇ ਸੋ ਕਰ ਧਰੇ ਅੱਧ॥*** ਜਿਹੜੇ ਪਿੰਡ ਵਿੱਚੋਂ ਬਾਹਰ ਰਹਿ ਗਏ ਕਿ ਸਾਨੂੰ ਕੀ ਕਰ ਲੈਣਗੇ, ਅਸੀਂ ਫ਼ੌਜ ਹਾਂ, ਉਹ ਸਿੰਘਾਂ ਨੇ ਅੱਧੇ-ਅੱਧ ਕਰ ਦਿੱਤੇ ਦੋ-ਦੋ ਟੋਟੇ ਕਰ ਦਿੱਤੇ।

***ਲਹੌਰੀ ਫੌਜ ਸਿੰਘਨ ਲੁਟ ਮਾਰੀ॥*** ਲਹੌਰ ਤੋਂ ਆਈ ਫ਼ੌਜ ਨੂੰ ਸਿੰਘਾਂ ਨੇ ਚੰਗੀ ਤਰ੍ਹਾਂ ਲੁੱਟਿਆ ਅਤੇ ਮਾਰਿਆ।

***ਬਚੀ ਵਹੀ ਜੋ ਪਿੰਡ ਪਧਾਰੀ॥੭੦॥*** ਉਹੀ ਫ਼ੌਜ ਬਚੀ ਜਿਹੜੀ ਭੱਜ ਕੇ ਪਿੰਡ ਵਿਚ ਚਲੀ ਗਈ। ੭੦।

***ਮੁਰਤਜ਼ਾ ਖਾਨ ਸੁਦਾਗਰ ਖਰਾ॥*** ਮੁਰਤਜ਼ਾ ਖ਼ਾਨ ਸੌਦਾਗਰ ਸੀ, ਸੌਦਾਗਰੀ ਕਰਦਾ ਹੁੰਦਾ ਸੀ, ਇਹ ਵੀ ਦੀਨ ਮਜ਼ਬ ਦੀ ਲੜਾਈ ਵੇਖ ਕੇ ਆਇਆ ਸੀ ਕਿ ਮੈਂ ਵੀ ਆਪਣੇ ਮੁਸਲਮਾਨ ਭਰਾਵਾਂ ਦੀ ਮਦਦ ਕਰਾਂ, ਕਿਉਂਕਿ ਇਹ ਸਰਮਾਏਦਾਰ ਸਨ, ਇਹਨਾਂ ਕੋਲ ਪੈਸਾ-ਟਕਾ ਸੀ, ਰਾਸ਼ਨ-ਪਾਣੀ ਸੀ, ਬਹੁਤ ਸਾਰੇ ਮਲੰਗ ਇਕੱਠੇ ਹੋਏ ਸੀ, ਜਿਨ੍ਹਾਂ ਕੋਲ ਕੁਛ ਨਹੀਂ ਸੀ, ਦੀਨ ਮਜ਼ਬ ਦੇ ਨਾਮ 'ਤੇ ਚਲੋ, ਮਿੱਠੇ ਚੌਲ ਹੀ ਖਾਵਾਂਗੇ। ਇਹ ਸੌਦਾਗਰ ਵੀ ਖਾਲਸੇ

ਦੀ ਤੇਗ ਦੀ ਭੇਟ ਹੋ ਗਿਆ।

***ਰਾਜੇ ਟੋਡਰ ਮਲ ਪੋਤਰੇ ਗਰਾ॥*** ਰਾਜੇ ਟੋਡਰ ਮੱਲ ਦਾ ਪੋਤਰਾ ਵੀ ਚੌੜ ਨਾਲ ਆਇਆ ਸੀ ਮੁਸਲਮਾਨਾਂ ਦੀ ਮਦਦ ਵਾਸਤੇ, ਇਹ ਹਿੰਦੂ ਸੀ। ਇਸ ਨੂੰ ਸਿੰਘਾਂ ਨੇ ਝਟਕਾ ਦਿੱਤਾ।

***ਹਾਜੀ ਬਾਬਰ ਬੇਗ ਭੀ ਮਾਰਯੋ॥*** ਇਕ ਬਾਬਰ ਬੇਗ 'ਹਾਜੀ' ਕਹਾਉਂਦਾ ਸੀ, ਇਹ ਵੀ ਆਪਣੇ ਕੋਲ ਫ਼ੌਜ ਰੱਖਦਾ ਸੀ, ਇਹ ਵੀ ਦੀਨ ਮਜ਼੍ਹਬ ਦੀ ਆਪਣੇ ਭਰਾਵਾਂ ਦੀ ਮਦਦ ਕਰਨ ਵਾਸਤੇ ਆਇਆ ਸੀ, ਇਸ ਨੂੰ ਵੀ ਖਾਲਸੇ ਨੇ ਮੈਦਾਨੇ-ਜੰਗ ਵਿਚ ਮਾਰਿਆ।

***ਪੀਰ ਫਕੀਰਨ ਕੋ ਬਹੁ ਗਾਰਯੋ॥ ੭੧॥*** ਜਿਹੜੇ ਪੀਰ, ਫਕੀਰ ਕਹਿੰਦੇ ਸੀ, ਅਸੀਂ ਮੰਤ੍ਰ ਨਾਲ ਤਲਵਾਰ ਦੀ ਧਾਰ ਬੰਨ੍ਹ ਦਿਆਂਗੇ, ਹਥਿਆਰ ਨਹੀਂ ਚਲਣਗੇ। ਸਿੰਘਾਂ ਐਸਾ ਇਨ੍ਹਾਂ 'ਤੇ ਰਗੜਾ ਮਾਰਿਆ, ਉਹ ਥਾਉਂ-ਥਾਈਂ ਮਾਰ ਕੇ ਸਥਾਰ ਕਰ ਦਿੱਤੇ। ੭੧।

***ਮੁੱਲਾਂ ਪੀਰ ਮੁਹੰਮਦ ਇਨਾਇਤ ਖ਼ਾਨ॥*** ਇਹ ਬੜੇ-ਬੜੇ ਹਾਕਮ ਸਨ, ਇਹਨਾਂ ਦੇ ਕੋਲ ਵੱਡੀਆਂ-ਵੱਡੀਆਂ ਜਗੀਰਾਂ ਸਨ ਸਰਕਾਰ ਦੀਆਂ ਦਿੱਤੀਆਂ ਹੋਈਆਂ, ਪੀਰ ਮੁਹੰਮਦ ਮੌਲਾਣਾ ਅਤੇ ਇਨਾਇਤ ਖ਼ਾਂ ਨੂੰ ਵੀ ਮਾਰਿਆ ਸਿੰਘਾਂ ਨੇ।

***ਮਿਰਜ਼ਾ ਨਕੀ ਇਕ ਬਚਿਓ ਜਾਨ॥*** ਇਕ ਮਿਰਜ਼ਾ ਨੱਕੀ ਰਾਜਪੂਤ ਹੀ ਆਪਣੀ ਜਾਨ ਬਚਾ ਸਕਿਆ ਇਹਨਾਂ ਵਿੱਚੋਂ।

***ਗਏ ਬਿਵਾਸਤੇ ਥੇ ਏਹ ਸਭ॥*** ਇਹ ਸਾਰੇ ਹੀ (ਬਿਵਾਸਤੇ) ਦੀਨ ਵਾਸਤੇ ਯੁੱਧ ਲੜਨ ਗਏ ਸਨ।

***ਸਿੰਘਨ ਮਾਰਨ ਸਵਾਬੋ ਲੱਭ॥ ੭੨॥*** ਇਹ ਸਾਰੇ ਸਿੰਘਾਂ ਨੂੰ ਮਾਰਨ ਦਾ (ਸਵਾਬ) ਪੁੰਨ ਦਾ ਕਰਮ ਲੱਭਣ ਗਏ ਸੀ ਕਿ ਇਹ ਬੜਾ ਪੁੰਨ ਹੈ, ਅਸੀਂ ਆਪਣੇ ਦੀਨ ਮਜ਼੍ਹਬ ਦੀ ਮਦਦ ਕਰਾਂਗੇ। ੭੨।

***ਦੋਹਰਾ॥ ਸਿੰਘਨ ਮਾਰਨ ਆਇ ਰਹੇ ਸੋਊ ਮਰ ਗਏ ਆਪ॥*** ਇਹ ਜਿੰਨੇ ਵੀ ਸਿੰਘਾਂ ਨੂੰ ਮਾਰਨ ਵਾਸਤੇ ਆਏ ਸਨ ਦੀਨ ਮਜ਼੍ਹਬ ਦਾ ਜਹਾਦ ਕਰਨ ਵਾਸਤੇ, ਸਾਰੇ ਦੇ ਸਾਰੇ ਇਹ ਆਪ ਹੀ ਮਰ ਗਏ ਹਨ, ਇਹ ਖਾਲਸੇ ਦੀ ਰਹੁ-ਰੀਤ ਸੀ, ਜਿਹੜਾ ਖਾਲਸੇ 'ਤੇ ਚੜ੍ਹ ਕੇ ਆਉਂਦਾ ਸੀ, ਕੋਈ ਮਾਂ ਦਾ ਪੁਤ੍ਰ ਜਾਂਦਾ ਸੀ, ਬਚ ਕੇ, ਨਹੀਂ, ਤਾਂ ਖਾਲਸੇ ਨੇ ਮੈਦਾਨੋਂ ਜਾਣ ਨਹੀਂ ਸੀ ਦਿੱਤੇ, ਥਾਂ ਹੀ ਰੱਖਦੇ ਹੁੰਦੇ ਸੀ।

***ਮਾਰ ਤੁਰਕ ਸਿੰਘ ਫਿਰ, ਗਏ 'ਅਕਾਲ ਅਕਾਲ' ਕਰ ਜਾਪ॥ ੭੩॥*** ਖਾਲਸੇ ਨੇ ਇਹ ਸਮਾਂ ਹੱਥੋਂ ਜਾਣ ਨਾ ਦਿੱਤਾ, ਸਿੰਘਾਂ ਨੇ ਮਾਰ ਕੇ ਸਥਾਰ ਕਰ ਦਿੱਤੇ, ਜਦੋਂ ਦੇਖਿਆ ਹੁਣ ਕੋਈ ਲੜਨ ਵਾਲਾ ਨਹੀਂ ਸਾਡੇ ਨਾਲ, ਉਦੋਂ ਸਿੰਘ ਪੈਦਲ ਹੀ ਹੁੰਦੇ ਸਨ, ਅੱਠ ਸੌ ਤਾਂ ਸਾਰੇ ਸਿੰਘ ਰਹਿ ਗਏ ਸਨ, ਤਦ ਸਿੰਘਾਂ ਨੇ ਲਹੌਰੀ ਫ਼ੌਜ ਵੀ ਲੁੱਟ ਲਈ, ਪਠਾਣ ਵੀ ਮਾਰ ਦਿੱਤੇ, ਜਿਹੜੇ ਦਿੱਲੀਓ ਆਏ ਸਨ। ਹੁਣ ਕੋਈ ਸਾਹਮਣੇ ਅੜਨ ਵਾਲਾ ਨਹੀਂ ਸੀ, ਸਿੰਘ 'ਅਕਾਲ ਅਕਾਲ' ਦਾ ਜਾਪ ਕਰਦੇ ਹੋਏ ਵਾਪਸ ਝੱਲ ਵਿਚ ਜਾ ਵੜੇ। ੭੩।

***ਮਾਰ ਲੁੱਟ ਕਰ ਕੁੱਟ ਬਹੁ ਡੇਰੇ ਤੁਰਕਨ ਕੇਰ॥*** ਇਸ ਤਰ੍ਹਾਂ ਡੇਰਿਆਂ ਵਿੱਚੋਂ ਬਹੁਤੇ ਤੁਰਕਾਂ ਨੂੰ ਮਾਰ ਕੇ ਅਤੇ ਲੁੱਟ ਕੇ, ਖ਼ਤਮ ਕਰਕੇ ਇਹਨਾਂ ਨੂੰ।

***ਮੱਧ ਪੰਜਾਬੇ ਸਿੰਘ ਫਿਰੈਂ ਜਿਮ ਬੇਲੇ ਕੇ ਸ਼ੇਰ॥ ੭੪॥*** ਭਾਵੇਂ ਉਹ ਮੁੱਠੀ ਭਰ ਸਨ, ਥੋੜ੍ਹੇ ਹੀ ਸਿੰਘ ਰਹਿ ਗਏ ਸਨ, ਪਰ ਇਉਂ ਫਿਰਦੇ ਸਨ, ਜਿਵੇਂ ਜੰਗਲ ਵਿਚ ਸ਼ੇਰ। ੭੪।

***ਚੌਪਈ॥ ਇਮ ਲਈ ਖਾਲਸੇ ਫੌਜ ਸੁ ਮਾਰ॥*** ਇਉਂ ਖਾਲਸੇ ਪੰਥ ਨੇ ਫ਼ੌਜ ਨੂੰ ਮਾਰ ਲਿਆ।

***ਇਕ ਇਕ ਸਿੰਘ ਜਨੁ ਫਿਰੈਂ ਹਜ਼ਾਰ॥*** ਇਕੱਲਾ-ਇਕੱਲਾ ਸਿੰਘ ਇਉਂ ਪ੍ਰਤੀਤ ਹੁੰਦਾ, ਜਿਵੇਂ ਹਜ਼ਾਰਾਂ 'ਤੇ ਭਾਰੂ ਹੋਵੇ, ਜਿਵੇਂ ਹਜ਼ਾਰਾਂ ਫ਼ੌਜਾਂ 'ਤੇ ਮਾਣ ਹੁੰਦਾ ਹੈ, ਇਉਂ ਇਕੱਲਾ-ਇਕੱਲਾ ਸਿੰਘ ਆਪਣੇ ਉਤੇ ਮਾਣ ਰੱਖਦਾ।

***ਜਿਤਕ ਸਿੰਘ ਤੁਰਕਨ ਥੇ ਮਾਰੇ॥*** ਜਿੰਨੇ ਕੁ ਸਿੰਘਾਂ ਨੂੰ ਤੁਰਕਾਂ ਨੇ ਸ਼ਹੀਦ ਕੀਤਾ ਸੀ।

***ਭਏ ਉਨ ਤੇ ਚੌਗੁਨ ਰਾਤ ਮਝਾਰੇ॥ ੭੫॥*** ਜਿੰਨੇ ਕੁ ਭਗਵੰਤੇ ਖੱਤਰੀ ਦੀ ਹਵੇਲੀ ਵਿਚ ਸਿੰਘ ਮਾਰੇ ਸਨ, ਰਾਤੋ-ਰਾਤ ਸਿੰਘ ਚੌਗਣੇ ਹੋ ਗਏ, ਏਨੇ ਸਿੰਘ ਹੋਰ ਇਕੱਤਰ ਹੋ ਗਏ ਸਨ। ੭੫।

***ਤੁਰਕ ਮਰੇਂ ਔਰ ਜਾਹਿੰ ਸਸੁਆਇ॥*** ਜਿਹੜੇ ਤੁਰਕ ਮਰ ਜਾਂਦੇ ਹੋਰ (ਸਸੁਆਇ) ਸਹਿਕ ਜਾਂਦੇ ਸਨ, ਕਹਿੰਦੇ ਜੇ ਕਿਤੇ ਸਾਡੇ ਵੱਲ ਮੋੜਾ ਕਰ ਲੈਂਦਾ ਖਾਲਸਾ, ਅਸੀਂ ਕਾਹਨੂੰ ਆਉਣਾ ਸੀ ਘਰ ਨੂੰ, ਜਿਵੇਂ ਫੱਟੜ ਪਿਆ (ਸਸੁਆਇ) ਸਹਿਆ, ਔਖਾ ਜਿਹਾ ਸਾਹ ਲੈਂਦਾ ਹੈ।

***ਮਰੀ ਮੀਢਨ ਪਰ ਜਨੁ ਪਰੀ ਆਇ॥*** ਜਿਵੇਂ (ਮੀਢਨ) ਭੇਡਾਂ, ਬੱਕਰੀਆਂ ਨੂੰ (ਮਰੀ) ਮੌਤ ਆਵੇ ਨਾ, ਬੱਸ ਇਕ ਨੂੰ ਵੇਖ ਕੇ ਦੂਜੀ ਡਿੱਗ ਪੈਂਦੀ ਹੈ, ਦੂਜੀ ਨੂੰ ਵੇਖ ਕੇ ਤੀਜੀ, ਇਉਂ ਤੁਰਕ ਮਰੀ ਜਾਂਦੇ ਨੇ, ਹੁਣ ਤੁਰਕ ਜਿਹੜੇ ਮਰੇ, ਉਹ ਤਾਂ ਮਰੇ ਹੀ ਨੇ, ਪਰ ਜਿਹੜੇ ਵੇਖਣ ਵਾਲੇ ਨੇ, ਉਹ ਵੇਖ-ਵੇਖ ਕੇ ਮਰੀ ਜਾਂਦੇ ਨੇ।

***ਤੁਰਕ ਫੌਜ ਲਗੇ ਕਰਨ ਤਿਆਰ॥*** ਜਦੋਂ ਨੂੰ ਤੁਰਕ ਫ਼ੌਜ ਇਕੱਠੀ ਕਰਕੇ ਤਿਆਰੀ ਕਰਨ ਲੱਗੇ।

***ਤੌ ਲਗ ਸਿੰਘ ਲਏ ਬਹੁ ਕੰਮ ਸਾਰ॥੭੬॥*** ਉਦੋਂ ਤੱਕ ਸਿੰਘਾਂ ਨੇ ਆਪਣੇ ਬਹੁਤੇ ਕੰਮਾਂ ਨੂੰ ਪੂਰਾ ਕਰ ਲਿਆ ਹੈ। ਖ਼ਜ਼ਾਨਾ ਵੀ ਲੁੱਟ ਲਿਆ, ਰਾਸ਼ਨ ਵੀ ਲੁੱਟ ਲਿਆ, ਕਸੇ-ਕਸਾਏ ਊਠ ਰਾਸ਼ਨ ਦੇ ਤੇ ਘੋੜੇ ਲੈ ਕੇ ਸਿੰਘ ਹਰਨ ਹੋ ਗਏ। ੭੬।

## ਕਪੂਰ ਸਿੰਘ ਕੋ ਨਵਾਬੀ ਮਿਲਨ ਕਾ ਪ੍ਰਸੰਗ।

### (ਅਸਲਮ ਖ਼ਾਂ ਨੇ ਸ਼ਾਹ ਨੂੰ ਸਿੰਘਾਂ ਨਾਲ ਮੇਲ ਕਰਨ ਹਿਤ ਲਿਖਣਾ)

***ਦੋਹਰਾ॥ ਮਾਰਯੋ ਜਬੈ ਬਿਵਾਸਤੈ ਚਿਤ ਖਾਲਸੈ ਵਧਯੋ ਹੁਲਾਸ॥*** ਜਦੋਂ ਖਾਲਸੇ ਨੇ (ਬਿਵਾਸਤੈ) ਭੀਲੋ ਵਾਲ ਦਾ ਮੈਦਾਨ ਮਾਰ ਲਿਆ, ਫਿਰ ਸਿੰਘਾਂ ਦਾ (ਹੁਲਾਸ) ਉਤਸ਼ਾਹ ਬਹੁਤ ਵਧ ਗਿਆ।

***ਤੁਰਕਨ ਕੌ ਸੰਸੌ ਪਰਯੋ ਭਯੋ ਉਨ੍ਹੈ ਬਹੁ ਨਾਸ਼॥ ੧॥*** ਤੁਰਕਾਂ ਨੂੰ ਫਿਕਰ ਪੈ ਗਿਆ ਹੈ, ਕਿਉਂਕਿ ਉਨ੍ਹਾਂ ਦੀਆਂ ਫ਼ੌਜਾਂ ਦਾ ਅਤੇ ਜਹਾਦੀ ਮੁਸਲਮਾਨਾਂ ਦਾ ਬਹੁਤ ਨਾਸ਼ ਹੋ ਚੁੱਕਾ ਸੀ, ਬਹੁਤ ਤੁਰਕਾਨੀ ਮਾਰੀ ਗਈ ਸੀ। ੧।

***ਚੌਪਈ॥ ਲਰਨ ਬਿਵਾਸਤੇ ਜੋ ਜੋ ਅਯੋ॥*** (ਬਿਵਾਸਤੇ) ਦੀਨ ਮਜ਼੍ਹਬ ਜੰਗ ਲੜਨ ਵਾਸਤੇ ਜਿਹੜਾ-ਜਿਹੜਾ ਵੀ ਆਇਆ।

***ਨਠਯੋ ਸੁ ਬਚਯੋ, ਲੜਯੋ ਮਾਰ ਲਯੋ॥*** ਜਿਹੜਾ ਤਾਂ ਜੰਗ ਵਿੱਚੋਂ ਭੱਜ ਗਿਆ, ਮੌਕਾ ਸਾਂਭ ਗਿਆ ਉਹੀ ਬਚਿਆ, ਜਿਹੜਾ ਥੋੜ੍ਹਾ ਜਿਹਾ ਵੀ ਲੜਿਆ ਖਾਲਸੇ ਨਾਲ, ਉਹ ਥਾਂਏ ਮਾਰ ਲਿਆ।

***ਤੁਰਕ ਤੌ ਪਿਛਲਨ ਆਨ ਦਬਾਏ॥*** ਜੋ ਤੁਰਕ ਮਰੇ ਹੋਏ ਸਨ, ਉਨ੍ਹਾਂ ਨੂੰ ਤਾਂ ਉਨ੍ਹਾਂ ਦੇ ਪਿਛਲਿਆਂ ਘਰਦਿਆਂ ਨੇ ਆਪੋ ਆਪਣਿਆਂ ਨੂੰ ਸੰਭਾਲ ਕੇ ਪਛਾਣ ਕੇ ਉਨ੍ਹਾਂ ਨੂੰ ਕਬਰਾਂ ਵਿਚ ਦੱਬ ਦਿੱਤਾ।

***ਸਿੰਘਨ ਢੂਕਨ ਨ ਪਾਈ ਮਾਏ॥ ੨॥*** ਸਿੰਘ ਉਸੇ ਤਰ੍ਹਾਂ ਰੜੇ ਮੈਦਾਨ ਵਿਚ ਪਏ ਹਨ, ਉਨ੍ਹਾਂ ਨੂੰ ਕਿਸ ਨੇ ਸਾਂਭਣਾ ਸੀ, ਉਸੇ ਤਰ੍ਹਾਂ ਸ਼ਹੀਦੀਆਂ 'ਲੜ-ਲੜ ਮਰਨਾ, ਮਰ-ਮਰ ਗਲਣਾ' ਸ਼ਹੀਦਨ ਕੀ ਰੀਤ' ਪਾਈਆਂ ਉਨ੍ਹਾਂ ਸ਼ਹੀਦ ਸਿੰਘਾਂ ਦੀ ਮਾਂ ਵੀ ਨੇੜੇ ਨਹੀਂ ਆਈ। ੨।

***ਹੈ ਹੈ ਕਾਰ ਤੁਰਕਨ ਘਰ ਕਯੋ॥*** ਤੁਰਕਾਂ ਦੇ ਘਰ ਹਾਹਾਕਾਰ ਹੋ ਗਈ, ਹੋ-ਹੋ ਮਾਰ ਲਏ ਮਾਰ ਲਏ, ਤੁਰਕਾਣੀਆਂ ਹਾਏ, ਹਾਏ ਕਰਦੀਆਂ ਸਨ।

***ਜੈ ਜੈ ਕਾਰ ਖਾਲਸੇ ਗ੍ਰਿਹ ਭਯੋ॥*** ਖਾਲਸੇ ਦੇ ਘਰ ਵਿਚ ਜੈ-ਜੈ ਕਾਰ ਦੇ ਜੈਕਾਰੇ, ਜਿੱਤ ਵਾਹਿਗੁਰੂ ਦੀ ਹੈ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ॥ ਜਿਨ੍ਹਾਂ ਦਾ ਖਾਲਸਾ ਹੈ, ਉਨ੍ਹਾਂ ਦੀਆਂ ਜਿੱਤਾਂ, ਉਸੇ ਦੀ ਫ਼ਤਹ ਹੈ।

***ਐਸ ਭਈ ਸਤਿਗੁਰ ਕੀ ਕਲਾ॥*** ਐਸੀ ਸਤਿਗੁਰੂ ਜੀ ਦੀ ਕਲਾ ਵਰਤੀ ਹੈ ਉਥੇ।

***ਥੋੜੇ ਖਾਲਸੇ ਲਸ਼ਕਰ ਬਹੁ ਗਲਾ॥ ੩॥*** ਥੋੜ੍ਹਾ ਜਿਹਾ ਖਾਲਸਾ ਹੁੰਦਿਆਂ ਵੀ, ਇਕ ਹਜ਼ਾਰ ਸਿੰਘ ਸੀ ਸਿਰਫ, ਏਧਰ ਤੁਰਕਾਂ ਦੀ ਹਜ਼ਾਰਾਂ ਦੀ ਗਿਣਤੀ ਵਿਚ ਫ਼ੌਜ ਸੀ, ਲਸ਼ਕਰ ਬਣਿਆ ਹੋਇਆ ਸੀ ਬੜਾ ਭਾਰੀ, ਗਾਲ ਸੁੱਟਿਆ ਹੈ ਸਿੰਘਾਂ ਨੇ, ਸਭ ਤਬਾਹ ਕਰ ਦਿੱਤੇ ਸਨ। ੩।

***ਦੋਹਰਾ॥ ਅਸਲਮ ਖਾਨ ਨਿਬਾਬ ਕੇ ਮਨੈ ਭਏ ਦੁਇ ਭਾਇ॥*** ਲਹੌਰ ਦੇ ਨਵਾਬ ਅਸਲਮ ਖ਼ਾਂ ਦੇ ਮਨ ਵਿਚ ਦੋ ਤਰ੍ਹਾਂ ਦਾ ਭਾਵ ਪੈਦਾ ਹੋਇਆ ਹੈ।

***ਮੁਏ ਤਲਬੀ ਸੋ ਖੁਸ਼ ਭਯੋ, ਮੁਏ ਦੀਨ ਸੁ ਪਛੁਤਾਇ॥ ੪॥*** ਜਿਹੜੇ ਤਾਂ ਦੀਨੀਏ ਸਨ ਜਾਂ ਇਸ ਦੀ ਲਹੌਰੀ ਫ਼ੌਜ ਮਰੀ, ਉਹਨਾਂ ਕਰਕੇ ਤਾਂ ਇਸ ਨੂੰ ਪਛਤਾਵਾ ਹੋਇਆ ਕਿ ਇਹਾ ਘਾਟਾ ਮੈਨੂੰ ਪਿਆ ਹੈ ਤੇ ਜਿਹੜੇ (ਤਲਬੀ) ਦਿੱਲੀ ਤੋਂ ਇਕ ਹਜ਼ਾਰ ਪਠਾਣਾ ਦੀ ਫ਼ੌਜ ਮਾਮਲਾ ਤਲਬ ਕਰਨ ਵਾਸਤੇ ਆਈ ਸੀ, ਭਾਵੇਂ ਉਹ ਵੀ ਤੁਰਕ ਸਨ, ਉਹ ਬਾਦਸ਼ਾਹ ਵੱਲੋਂ ਆਏ ਸਨ, ਉਹਨਾਂ 'ਤੇ ਬੜਾ ਖੁਸ਼ ਹੋਇਆ ਕਿ ਇਹ ਜਾ ਕੇ ਬਾਦਸ਼ਾਹ ਨੂੰ ਦੱਸਣਗੇ ਕਿ ਖਾਲਸੇ ਨੇ ਸਾਡਾ ਇਹ ਹਾਲ ਕੀਤਾ, ਇਸ ਕਰਕੇ ਬੜਾ ਖੁਸ਼ ਹੋਇਆ ਕਿ ਸਿੰਘਾਂ ਨੇ ਮੇਰੀ ਮਦਦ ਕੀਤੀ। ੪।

***ਚੌਪਈ॥ ਹੁਤੋ ਨਿਬਾਬ ਮਨਸੂਬੋ ਬਾਜ॥*** ਅਸਲਮ ਖ਼ਾਂ ਨਵਾਬ ਬੜਾ ਹੀ (ਮਨਸੂਬੇ-ਬਾਜ਼) ਚਾਲ-ਬਾਜ਼ ਸੀ, ਦੀਨ ਮਜ਼ਬ ਦਾ ਇਸ ਨੂੰ ਕੋਈ ਪਿਆਰ ਨਹੀਂ ਸੀ, ਭਾਵ ਮਤਲਬ-ਪ੍ਰਸਤ ਸੀ ਕਿ ਮੇਰਾ ਮਤਲਬ ਸਿੱਧ ਹੋਣਾ ਚਾਹੀਦਾ।

***ਉਨ ਸਮਝਯੋ ਭਲ ਅਪਨੋ ਕਾਜ॥*** ਉਸ ਨੇ ਸਮਝਿਆ ਆਪਣਾ ਕਾਰਜ਼ ਚੰਗਾ ਹੋ ਗਿਆ।

***ਟਕੇ ਪੁਜਤ ਕੇ ਹਮ ਤੇ ਨਾਂਹਿ॥*** ਸਾਡੇ ਕੋਲੋਂ ਮਾਮਲਾ ਉਗਰਾਹੀ ਦੇ ਟਕੇ ਦਿੱਲੀ ਪੁੱਜਣੇ ਨਹੀਂ ਸਨ, ਮੈਂ ਕਿਵੇਂ ਉਨ੍ਹਾਂ ਨੂੰ ਦਿੰਦਾ।

***ਮੁਝ ਕੋ ਫੜ ਲੈ ਦਿੱਲੀ ਜਾਂਹਿ॥ ੫ ॥*** ਜੇ ਮੈਥੋਂ ਧਨ ਨਾ ਦਿੱਤਾ ਜਾਂਦਾ, ਤਾਂ ਮੈਨੂੰ ਉਹਨਾਂ ਨੇ ਗ੍ਰਿਫਤਾਰ ਕਰਕੇ ਦਿੱਲੀ ਲੈ ਜਾਣਾ ਸੀ। ੫।

***ਭਲੀ ਭਈ ਜੋ ਉਇ ਮਰ ਗਯੋ॥*** ਚੰਗਾ ਹੀ ਹੋਇਆ, ਜੋ ਉਹ ਮਰ ਗਏ ਉਸ ਨੇ ਸ਼ੁਕਰ ਕੀਤਾ ਖ਼ੁਦਾ ਦਾ।

***ਭਲੇ ਭਾਗ ਸੋ ਸਿੰਘ ਆ ਪਏ॥*** ਮੇਰੇ ਚੰਗੇ ਭਾਗ ਸਨ, ਜਿਹੜਾ ਕੁਦਰਤੀ ਸਿੰਘਾਂ ਨੇ ਆ ਦਬੋਚਿਆ ਇਹਨਾਂ ਨੂੰ।

***ਹਮਹਿ ਕਹਨ ਕੋ ਬਨਯੋ ਵਲਾਉ॥*** ਮੈਨੂੰ ਬਹਾਨਾ ਮਿਲ ਗਿਆ, ਕਹਿਣ ਵਾਸਤੇ ਮੈਨੂੰ ਤਾਂ ਗੱਲ ਲੱਭ ਗਈ।

***ਗ਼ਨੀਮ ਬਲੀ ਪਰਯੋ ਹਮ ਪਰ ਆਇ॥ ੬॥*** ਕਿਉਂਕਿ ਮੈਂ ਕਹਾਂਗਾ ਉਥੇ ਕਿ ਇਹ ਪੁੱਛ ਲਉ ਆਪਣੀ ਫ਼ੌਜ ਨੂੰ (ਗ਼ਨੀਮ) ਦੁਸ਼ਮਨ ਕਿੱਡਾ ਬਲੀ ਸੀ, ਜੋ ਸਾਡੇ ਉਤੇ ਪਿਆ, ਉਸ ਦੇ ਨਾਲ ਕਿੱਡੀ ਜ਼ਬਰਦਸਤ ਲੜਾਈ ਹੋਈ, ਸਾਡਾ ਤਾਂ ਉਹਨਾਂ ਨਾਲ ਰੋਜ਼ ਦਾ ਟਾਕਰਾ ਹੈ, ਇਕ ਦਿਨ ਦੇ ਟਾਕਰੇ ਵਿਚ ਇਹ ਦੇਖ ਲਉ ਕਿ ਇਹਨਾਂ ਨਾਲ ਕੀ ਹੋਇਆ, ਇਉਂ ਕਹਿਣ ਨੂੰ ਮੈਨੂੰ ਬਹਾਨਾ ਬਣ ਗਿਆ, ਇਹ ਤਾਂ ਸਿੰਘਾਂ ਨੇ ਮੇਰਾ ਚੰਗਾ ਹੀ ਕੰਮ ਕੀਤਾ। ੬।

***ਬੰਦੈ ਮਰਨੇ ਨ ਗ਼ਨੀਮ ਮਰ ਗਯੋ॥*** ਕਹਿੰਦਾ ਮੈਂ ਇਹ ਗੱਲ ਕਹਿ ਸਕਦਾ ਹਾਂ ਖੁਲ੍ਹ ਕੇ ਕਿ ਜੇ ਬੰਦਾ ਬਹਾਦਰ ਤੁਸੀਂ ਮਾਰ ਲਿਆ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਦੁਸ਼ਮਣ ਸਾਰਾ ਹੀ ਮਰ ਗਿਆ।

***ਉਸ ਤੇ ਚੌਗੁਨ ਸੋ ਅਬ ਭਯੋ॥*** ਹੁਣ ਬੰਦੇ ਬਹਾਦਰ ਨਾਲੋਂ ਚਾਰ ਗੁਣਾਂ ਹੋਰ ਸਿੰਘ ਵਧ ਗਏ ਹਨ।

***ਇਮ ਲਿਖਿਕੈ ਉਨਿ ਦਿੱਲੀ ਘਲ ਦਯੋ॥*** ਇਉਂ ਲਿਖ ਕੇ ਉਸ ਨੇ ਪਰਚਾ ਦਿੱਲੀ ਭੇਜ ਦਿੱਤਾ, "ਦੇਖੋ ਬਾਦਸ਼ਾਹ! ਕੀ ਕਰੀਏ? ਕਿਥੋਂ ਮਾਮਲਾ ਲਈਏ? ਸਾਰਾ ਮੁਲਖ ਤਾਂ ਸਿੰਘਾਂ ਨੇ ਉਗਰਾਹ ਲਿਆ, ਲੁੱਟ ਲਿਆ। ਜਿਹੜੇ ਸਾਨੂੰ ਮਾਰ ਗ਼ਏ ਏਥੇ, ਤੁਹਾਡੀ ਵੀ ਫ਼ੌਜ ਸੀ ਓਥੇ" ਪੁੱਛ ਲਉ ਉਨ੍ਹਾਂ ਨੂੰ ਕੀ ਹਾਲਤ ਹੋਈ, ਦੱਸੋ ਇਹਨਾਂ ਦਾ ਕੀ ਟਾਕਰਾ ਹੈ?

***'ਸਿਰ ਸਦਕੇ ਸ਼ਾਹ ਲਸ਼ਕਰ ਭਯੋ'॥ ੭॥*** ਬਾਦਸ਼ਾਹ! ਤੇਰਾ ਲਸ਼ਕਰ ਵੀ ਤੇਰਾ ਸਿਰ ਸਦਕਾ ਹੋ ਗਿਆ, ਤੇਰੇ ਸਿਰ ਤੋਂ ਕੁਰਬਾਨ ਹੋ ਗਿਆ। ੭।

***ਬਿਵਾਸਤੇ ਕੀ ਗਲ ਉਨਿ ਨਾਂਹਿ ਕਹੀ॥*** (ਬਿਵਾਸ਼ਤੇ) ਦੀਨ ਮਜ਼ਬ ਦੀ ਗੱਲ ਉਸਨੇ ਕਹੀ ਹੀ ਨਹੀਂ ਕਿ ਅਸੀਂ ਇਕੱਠੇ ਹੋ ਕੇ ਸਾਰਾ ਸਿਲਸਲਾ ਪਹਿਲਾਂ ਹੀ ਵਿੱਢਿਆ ਹੋਇਆ ਸੀ, ਸਿੰਘਾਂ ਦੇ ਮਗਰ ਪਏ ਹੋਏ ਸਾਂ ਜਾਂ ਭਗਵੰਤੇ ਖੱਤ੍ਰੀ ਦੀ ਹਵੇਲੀ ਲੜਾਈ ਵੇਲੇ ਤੇਰੀ ਫ਼ੌਜ ਨੇ ਮਦਦ ਦਿੱਤੀ ਸੀ, ਤੋਪਾਂ ਦਿੱਤੀਆਂ ਸਨ, ਇਹ ਗੁਪਤ ਰੱਖ ਗਿਆ। ਉਸ ਨੇ ਇਉਂ ਕਿਹਾ ਦੇਖ ਲਉ, ਸਾਡੀ ਫ਼ੌਜ ਸਜੀ-ਧਜੀ ਸੀ ਅਤੇ ਮਾਮਲਾ ਲੈਣ ਗਈ ਸੀ ਕਿ ਉਥੇ ਕਿਲ੍ਹੇ ਵਿਚ ਸਨ, ਫੇਰ ਵੀ ਮਾਰੇ ਗਏ, ਫੇਰ ਵੀ ਉਨ੍ਹਾਂ ਨੂੰ ਸਿੰਘਾਂ ਨੇ ਨਹੀਂ ਛੱਡਿਆ।

***ਨਿਜ ਢਬ ਕੀ ਉਨ ਬਾਤ ਲਿਖ ਦਈ॥*** ਆਪਣੇ ਢੰਗ ਦੀ ਸਾਰੀ ਗੱਲ ਲਿਖ ਕੇ ਭੇਜ ਦਿੱਤੀ ਦਿੱਲੀ ਨੂੰ।

***ਮਨਸੂਬੇ ਸੋਂ ਉਨ ਖੇਲਜੋ ਖੇਲ॥*** ਇਉਂ ਜੁਗਤੀ ਨਾਲ ਉਸ ਨੇ ਖੇਡ ਖੇਡਿਆ।

***ਸਿੰਘਨ ਸਿਉਂ ਕਰਨ ਲਾਗਜੋ ਮੇਲ॥ ੮॥*** ਏਧਰ ਸਿੰਘਾਂ ਨਾਲ ਮਿਲਾਪ ਰੱਖਣ ਲੱਗ ਪਿਆ। ੮।

***ਅਸਲਮ ਖਾਂ ਬਡ ਸੂਬੇਦਾਰ॥*** ਇਹ ਅਸਲਮ ਖ਼ਾਂ ਲਹੌਰ ਦਾ ਵੱਡਾ ਸੂਬੇਦਾਰ ਹੈ।

***ਉਨ ਲਿਖਯੋ ਪਤਿਸ਼ਾਹੈ ਪੇਚੇ ਨਾਰ॥*** ਉਸ ਨੇ ਬੜੇ (ਪੇਚੇ) ਦਾਉ ਨਾਲ ਇਉਂ ਚਿੱਠੀ ਲਿਖੀ।

***ਯਹਿ ਗ਼ਨੀਮ ਹੈ ਬੁਰੀ ਬਲਾਇ॥*** ਹੇ ਬਾਦਸ਼ਾਹ! "ਇਹ ਦੁਸ਼ਮਣ ਬੜੀ ਬੁਰੀ ਬਲਾ ਹੈ, ਜੋ ਖਾਲਸਾ ਪੰਥ ਹੈ"।

***ਕਹੋ ਪ੍ਰਚਾਈਏ ਇਸ ਟੂਕ ਪਾਇ॥ ੯॥*** ਜੇ ਤੁਸੀਂ ਹੁਕਮ ਦਿਉ, ਤਾਂ ਇਹਨਾਂ ਨੂੰ ਥੋੜ੍ਹਾ ਬਹੁਤਾ ਟੁੱਕਰ ਪਾ ਕੇ ਪਰਚਾਅ ਲਈਏ, ਇਹਨਾਂ ਨਾਲ ਕੁਛ ਦੇ ਲੈ ਕਰ ਲਈਏ। ੯।

***ਦੋਹਰਾ॥ ਗੁੜ ਦਿੱਤੇ ਦੁਸ਼ਮਨ ਮਰੈ ਕਿਮ ਮਹੁਰੋਂ ਖਰੀਦੀਏ ਧਾਇ॥*** ਉਸ ਚਿੱਠੀ ਵਿਚ ਲਿਖਿਆ ਬਾਦਸ਼ਾਹ ਨੂੰ ਕਿ ਸਿਆਣੇ ਕਹਿੰਦੇ ਹਨ, ਜੇ ਗੁੜ ਦਿੱਤਿਆਂ ਦੁਸ਼ਮਣ ਮਰ ਜਾਏ, ਫਿਰ ਉਸ ਦੇ ਮਾਰਨ ਵਾਸਤੇ ਮਹੁਰੇ ਨੂੰ ਖ਼ਰੀਦਣ ਵਾਸਤੇ ਅਸੀਂ ਕਿਉਂ ਭੱਜੇ ਫਿਰੀਏ, ਜ਼ਹਿਰ ਕਿਉਂ ਖਰੀਦਣਾ ਕਰੀਏ।

***ਕਹੈਂ ਸਿਆਨੇ ਗਲ ਇਮੈ, ਟੂੱਕ ਪਏ ਕੁਤਾ ਨ ਕਟਾਇ॥ ੧੦॥*** ਸਿਆਣੇ ਇਸ ਤਰ੍ਹਾਂ ਗੱਲ ਕਹਿੰਦੇ ਕਿ ਜੇ ਕੁੱਤਾ ਭੌਂਕਦਾ ਹੋਵੇ, ਉਹ ਵੱਢਣ ਪੈਂਦਾ ਹੋਵੇ, ਜੇ ਉਸ ਨੂੰ ਟੁੱਕ ਪਾ ਦੇਈਏ, ਤਾਂ ਉਹ ਵਿਕ ਜਾਂਦਾ ਹੈ, ਉਹ ਚੁੱਪ ਕਰ ਰਹਿੰਦਾ ਵੱਢਦਾ ਨਹੀਂ।

***ਚੌਪਈ॥ ਕਹੋ ਤੋ ਉਸ ਸੋਂ ਛਲ ਕੋਊ ਕੀਜੈਂ॥*** ਹੇ ਬਾਦਸ਼ਾਹ! ਜੇ ਤੁਸੀਂ ਕਹੋ, ਤਾਂ ਅਸੀਂ ਕੋਈ ਛਲ, ਬਲ ਕਰੀਏ, ਸਿੰਘਾਂ ਨਾਲ, ਕਿਵੇਂ ਉਹਨਾਂ ਨੂੰ ਆਪਦੇ ਵੱਸ ਵਿਚ ਕਰੀਏ।

***ਫਿਰ ਮਾਰ ਲੇਹਿਂ ਜਬ ਆਪਨ ਪਤੀਜੈ॥*** ਜਦੋਂ ਸਾਡੇ 'ਤੇ ਇਤਬਾਰ ਕਰ ਲਵੇਗਾ ਖਾਲਸਾ, ਫਿਰ ਅਸੀਂ ਦਾਅ ਲਾ ਕੇ ਮਾਰ ਲਵਾਂਗੇ ਉਨ੍ਹਾਂ ਨੂੰ, ਫੜ ਕੇ ਤੁਹਾਡੇ ਕੋਲ ਭੇਜ ਦਿਆਂਗੇ।

***ਕਹੋ ਉਨ੍ਹੈਂ ਸਿਰ ਪਾਵ ਘਲਾਵਾਂ॥*** ਜੇ ਤੁਸੀਂ ਕਹੋ, ਤਾਂ ਅਸੀਂ ਓਨ੍ਹਾਂ ਨੂੰ ਪ੍ਰਚਾਉਣ ਵਾਸਤੇ ਸਿਰੋਪਾ ਭੇਜੀਏ, ਉਹਨਾਂ ਦਾ ਧੰਨਵਾਦ ਕਰੀਏ।

***ਲੇਟ ਪੇਟ ਸੋਂ ਉਨ੍ਹੈਂ ਪਤਯਾਵਾਂ॥ ੧੧॥*** ਜੇ ਤੁਸੀਂ ਆਖੋ, ਤਾਂ (ਲੇਟ-ਪੇਟ) ਛਲ-ਵਲ ਕਰਕੇ ਉਨ੍ਹਾਂ ਨੂੰ ਧਿਜਾ ਪ੍ਰਚਾ ਲਵਾਂ। ੧੧।

***ਉਤ ਇਮ ਲਿਖ ਇਤ ਔਰੈ ਕਰੀ॥*** ਉਧਰ ਤਾਂ ਇਸ ਤਰ੍ਹਾਂ ਚਿੱਠੀ ਲਿਖ ਦਿੱਤੀ, ਏਧਰ ਏਸ ਤਰ੍ਹਾਂ ਖਾਲਸੇ ਨਾਲ ਹੋਰ ਹੀ ਦਾਅ ਖੇਡਿਆ ਹੈ।

***ਸਬੇਗ ਸਿੰਘ ਸਦਯੋ ਉਸ ਹੀ ਘਰੀ॥*** ਸੁਬੇਗ ਸਿੰਘ ਜੋ ਕਿ ਵਕੀਲ ਸੀ ਜੰਬਰ ਪਿੰਡ ਦਾ, ਆਪਣੇ ਕੋਲ ਉਸ ਨੂੰ ਉਸੇ

ਘੜੀ ਸੱਦਿਆ।

***ਕਹਯੋ ਜਾਹਿ ਤੂੰ ਖਾਲਸੋ ਵੱਲ॥*** ਉਸ ਨੂੰ ਕਿਹਾ ਕਿ ਤੁਸੀਂ ਖਾਲਸਾ ਪੰਥ ਦੇ ਕੋਲ ਜਾਉ।

***ਹਮਰੀ ਉਨਕੀ ਕਰਾ ਦਿਹੁ ਗੱਲ॥ ੧੨॥*** ਸੁਬੇਗ ਸਿੰਘ ਜੀ ਤੁਸੀਂ ਪੰਥ ਵਿਚ ਜਾਂਦੇ ਆਉਂਦੇ ਹੋ, ਪੰਥ ਵਿਚ ਮੇਲ ਮਿਲਾਪ ਹੈ ਤੁਹਾਡਾ, ਤੁਸੀਂ ਜਾਉ, ਖਾਲਸੇ ਪੰਥ ਦੀ ਮੇਰੇ ਨਾਲ ਗੱਲਬਾਤ ਕਰਵਾ ਦਿਉ, ਅਸੀਂ ਗੱਲਬਾਤ ਕਰਨੀ ਚਾਹੁੰਦੇ ਹਾਂ। ੧੨।

***ਭਲੀ ਕਰੀ ਉਨ ਯਹ ਫੌਜ ਮਾਰੀ॥*** ਜਿਹੜੀ ਦਿੱਲੀ ਤੋਂ ਫ਼ੌਜ ਆਈ ਸੀ, ਉਹ ਮਾਰੀ ਹੈ ਸਿੰਘਾਂ ਨੇ, ਚੰਗਾ ਹੀ ਕੀਤਾ ਉਨ੍ਹਾਂ ਨੇ, ਉਹ ਤਾਂ ਮੇਰਾ ਭਲਾ ਹੀ ਹੋਇਆ।

***ਹਮਰੇ ਸਿਰ ਤੇ ਜਨ ਜੂੰ ਟਾਰੀ॥*** ਮੇਰੇ ਸਿਰ 'ਤੇ ਇਹ ਜੂੰਅ ਸੀ ਤੇ ਮੇਰੇ ਖੁਰਕ ਹੁੰਦੀ ਰਹਿੰਦੀ ਸੀ, ਏਸ ਜੂੰਅ ਨੂੰ ਟਾਲ ਕੇ ਮੇਰਾ ਭਲਾ ਹੀ ਕੀਤਾ ਹੈ ਖਾਲਸੇ ਨੇ।

***ਐਸ ਭਾਂਤ ਜਾ ਉਨ੍ਹ ਸਮਝਈਓ॥*** ਜਿਵੇਂ ਮੈਂ ਤੈਨੂੰ ਦੱਸਦਾ ਹਾਂ, ਜਾ ਕੇ ਖਾਲਸੇ ਨੂੰ ਸਮਝਾਇਉ।

***ਉਇ ਹਮੇਂ ਬ੍ਰਾਦਰ ਹਮ ਉਸ ਭਈਓ॥ ੧੩॥*** ਉਹ ਸਾਡੇ ਵੱਡੇ ਭਰਾ ਨੇ ਅਸੀਂ ਉਨ੍ਹਾਂ ਦੇ ਛੋਟੇ ਭਾਈ ਹਾਂ, ਇਉਂ ਮੇਰੇ ਵੱਲੋਂ ਜਾ ਕੇ ਆਖੀਂ ਸਿੰਘਾਂ ਨੂੰ। ੧੩।

***ਤੁਮ ਹਮ ਸੁਖ ਦੇਹੁ, ਹਮ ਤੁਮ ਸੁਖ ਦਾਇ॥*** ਖਾਲਸਾ ਜੀ! ਤੁਸੀਂ ਸਾਨੂੰ ਸੁਖ ਦਿਉ, ਮੇਰੇ ਵੱਲੋਂ ਕੋਈ ਤੱਦੀ ਨਹੀਂ ਹੋਵੇਗੀ, ਸਾਡੇ ਵੱਲੋਂ ਤੁਸੀਂ ਸੁਖ ਲਵੋ।

***ਰਲ ਮਿਲ ਲਈਐ ਮੁਲਕ ਬਸਾਇ॥*** ਅਸੀਂ ਤੁਸੀਂ ਰਲ-ਮਿਲ ਕੇ ਮੁਲਕ ਵਸਾ ਲਈਏ।

***ਜਗੀਰ ਲਿਖਾਇ ਲਿਹੁ ਗੁਰ ਚੱਕ ਨਾਲ॥*** (ਗੁਰ ਚੱਕ) ਸ੍ਰੀ ਅੰਮ੍ਰਿਤਸਰ ਦੇ ਨਾਮ ਨਾਲ ਜਗੀਰ ਲਵਾ ਲਵੋ, ਜੇ ਤੁਸੀਂ ਇਹ ਮੰਨ ਲਵੋ ਗੱਲ ਮੇਰੀ।

***ਅਬ ਤੁਮ ਕਰੋ ਨ ਮੁਲਕ ਉਜਾਰ॥ ੧੪॥*** ਹੁਣ ਤੁਸੀਂ ਅੱਗੇ ਵਾਸਤੇ ਮੁਲਕ ਦਾ ਉਜਾੜਾ ਨਾ ਕਰੋ। ੧੪।

***ਦੋਹਰਾ॥ ਸਭੀ ਤੁਮਾਰੋ ਦੇਸ਼ ਹੈ ਸਭ ਤੁਮਰੇ ਅਜ਼ੀਜ਼ ਭਿਰਾਇ॥*** ਖਾਲਸਾ ਜੀ! ਇਹ ਤੁਹਾਡਾ ਹੀ ਦੇਸ਼ ਹੈ, ਤੁਹਾਡੀ ਜਨਮ ਭੂਮੀ ਹੈ, ਅਸੀਂ ਲੋਕ ਜੋ ਵਸਦੇ ਹਾਂ, ਸਭ ਤੁਹਾਡੇ ਅਜ਼ੀਜ਼ ਛੋਟੇ ਭਰਾ ਹਾਂ।

***ਉਨ ਹੀ ਕੋ ਦੁਖ ਕਿਮ ਦਯੋ ਕੱਯੈ ਉਨ ਸੁਖਦਾਇ'॥ ੧੫॥*** ਉਨ੍ਹਾਂ ਆਪਣੇ ਵੀਰਾਂ ਨੂੰ ਕਿਉਂ ਦੁੱਖ ਦਿੰਦੇ ਹੋ, ਸੁਖ ਦਿਉ, ਰਾਜ਼ੀ ਮੰਦ ਰੱਖੋ। ੧੫।

***ਚੌਪਈ॥ ਸੁਬੇਗ ਸਿੰਘ ਉਸ ਅਗਯੋਂ ਭਾਖੀ॥*** ਅੱਗੋਂ ਸੁਬੇਗ ਸਿੰਘ ਨੇ ਨਵਾਬ ਅਸਲਮ ਖ਼ਾਂ ਨੂੰ ਆਖਿਆ।

***ਕਿਛੁ ਖਾਲਸੈ ਮੈਂ ਢਿਗ ਦੇ ਰਾਖੀ॥*** ਕੁਛ ਮਾਮਲਾ ਦੇਉ, ਜਿਹੜਾ ਮੈਂ ਖਾਲਸੇ ਦੇ ਅੱਗੇ ਜਾ ਕੇ ਰੱਖਾਂ, ਖਾਲੀ ਹੱਥ ਉਥੇ ਜਾ ਕੇ ਮੈਂ ਕੀ ਕਹਾਂਗਾ ਸਿੰਘਾਂ ਨੂੰ।

***ਕਿਛੁ ਤੋਫੋ ਤੁਫਾਯਤ ਔ ਮਗਰੋਂ ਦੇਹੁ॥*** ਕੁਛ ਹੋਰ ਤੋਹਫੇ ਸੁਗਾਤਾਂ ਮਗਰੋਂ ਦੇ ਦਿਉ।

***ਤਊ ਬਨੈ ਤੁਮ ਸਯੋਂ ਉਨ ਨੇਹੁ॥ ੧੬॥*** ਤਾਂ ਹੀ ਤੇਰੇ ਨਾਲ ਉਨ੍ਹਾਂ ਦਾ ਪਿਆਰ ਬਣੇਗਾ, ਜਿਸ ਕਰਕੇ ਤੇਰੇ 'ਤੇ ਇਤਬਾਰ ਕਰੇ ਖਾਲਸਾ ਪੰਥ। ੧੬।

***ਵਹੀ ਬਾਤ ਨਿਬਾਬੈ ਮੰਨ ਲਈ॥*** ਸੁਬੇਗ ਸਿੰਘ ਦੀ ਇਹ ਗੱਲ ਨਵਾਬ ਨੇ ਮੰਨ ਲਈ, ਕਹਿਣ ਲੱਗਾ ਠੀਕ ਹੈ ਜੀ।

***ਮਤਲਬ ਅਪਨੈ ਤੁਰਤ ਆਨ ਦਈ॥*** ਆਪਣੇ ਮਤਲਬ ਵਾਸਤੇ ਸਭ ਰਾਸ਼ਣ-ਪਾਣੀ, ਸਭ ਕੁਛ ਤੁਰੰਤ ਹੀ ਹਾਜ਼ਰ ਕੀਤਾ।

***ਸਿਰੇ ਪਾਉ ਥੋ ਉਸ ਨੌ ਆਯੋ॥*** ਦਿੱਲੀ ਤੋਂ ਜਾਂ ਕਿਸੇ ਹੋਰ ਪਾਸਿਉਂ ਲਹੌਰ ਦੇ ਨਵਾਬ ਨੂੰ ਸਿਰੋਪਾਉ ਆਇਆ ਸੀ।

***ਸੋਊ ਸੂਬੇਦਾਰੀ ਕੋ ਖਿਲਤ ਘਲਾਯੋ॥ ੧੭॥*** ਉਹੀ ਨਵੀਂ ਪੁਸ਼ਾਕ (ਸੂਬੇਦਾਰੀ) ਨਵਾਬੀ ਦੀ (ਖਿਲਤ, ਪੁਸ਼ਾਕ) ਸੁਬੇਗ ਸਿੰਘ ਦੇ ਕੋਲ ਘੱਲੀ। ੧੭।

## (ਅਕਾਲੀ (ਨਿਹੰਗ) ਕਪੂਰ ਸਿੰਘ ਨੂੰ ਨਵਾਬੀ ਦਿੱਤੀ)

***ਦੈ ਖਿਲਤ ਏਤੀ ਗਲ ਕਹੀ॥*** (ਖਿਲਤ) ਸਿਰੋਪਾਉ, ਨਵਾਬੀ ਦੀ ਪੁਸ਼ਾਕ ਦੇ ਕੇ ਇਹ ਗੱਲ ਆਖੀ ਨਵਾਬ ਅਸਲਮ ਖ਼ਾਂ ਨੇ ਭਾਈ ਸੁਬੇਗ ਸਿੰਘ ਨੂੰ।

***'ਪੁਸ਼ਾਕ ਨ ਜਾਨਯੋ ਯਹਿ ਨਿਬਾਬੀ ਭਈ॥*** ਸੁਬੇਗ ਸਿੰਘ ਜੀ ਇਸ ਨੂੰ ਇਕੱਲੀ ਪੁਸ਼ਾਕ ਨਾ ਸਮਝਿਉ, ਇਸ ਦੇ ਨਾਲ ਹੀ ਨਵਾਬੀ ਦਾ ਪਟਾ ਹੈ, ਇਹ ਗੁਰੂ ਚੱਕ ਦੇ ਇਲਾਕੇ ਦੀ ਨਵਾਬੀ ਹੋਈ ਸਮਝਿਉ।

***ਇਸੀ ਸਾਥ ਹੋਗੁ ਲਿਖੀ ਜਗੀਰ॥*** ਇਸ ਦੇ ਨਾਲ ਹੀ ਮੁਲਕ ਦੇ ਬਾਰ੍ਹਾਂ ਚੱਕ ਜੋ ਅੰਮ੍ਰਿਤਸਰ ਦੇ ਹਨ, ਉਹ ਇਹਦੇ ਨਾਲ ਹੀ ਲਿਖਿਆ ਹੈ ਪਟਾ, ਇਹ ਨਵਾਬੀ ਦੇ ਨਾਲ ਹੀ ਉਸ ਦਾ ਪਟਾ ਹੋਵੇਗਾ।

***ਇਸੀ ਸਾਥ ਹੋਗੁ ਮੁਲਕ ਤਤਬੀਰ॥ ੧੮॥*** ਜਿਹੜਾ ਇਹ ਪੁਸ਼ਾਕ ਪਹਿਨੇਗਾ, ਉਸੇ ਨੂੰ ਮੁਲਕ ਉਗਰਾਹੁਣ ਦਾ (ਤਤਬੀਰ) ਤਰੀਕਾ ਹੋਇਗਾ, ਅਧਿਕਾਰ ਹੋਇਗਾ, ਆਗਿਆ ਹੋਵੇਗੀ। ੧੮।

***ਇਹ ਹੈ ਨਿਬਾਬੀ ਅੱਧ ਸੂਬੇਦਾਰੀ॥*** ਇਹ ਨਵਾਬੀ ਲਹੌਰ ਦੀ ਅੱਧੀ ਸੂਬੇਦਾਰੀ ਹੈ।

***ਉਸੈ ਮਿਲੈਗੀ ਰੱਯਤ ਸਾਰੀ॥*** ਬਾਰ੍ਹਾਂ ਚੱਕਾਂ ਦੀ ਜਿੰਨੀ (ਰੱਯਤ) ਪਰਜ਼ਾ ਹੈ, ਜਿਸ ਦੇ ਕੋਲ ਇਹ ਪਟਾ ਹੋਵੇਗਾ, ਉਸੇ ਨੂੰ ਆ ਕੇ ਮਿਲੇਗੀ, ਸਾਰੇ ਆਪਣੇ ਕਾਰਜ਼ਾਂ ਵਾਸਤੇ ਉਸ ਦੇ ਕੋਲ ਆਉਣਗੇ। ਹਿਸਾਬ-ਕਿਤਾਬ ਲਈ।

***ਸ਼ਾਹੀ ਪ੍ਰਵਾਨੇ ਉਸ ਨਾਇ ਆਵਗੁ॥*** ਦਿੱਲੀ ਤੋਂ ਜਿਹੜਾ ਸ਼ਾਹੀ ਪ੍ਰਵਾਨਾ ਆਵੇਗਾ, ਉਹ ਵੀ ਉਸ ਦੇ ਨਾਮ ਹੀ ਆਇਗਾ, ਜਿਹੜਾ ਇਹ ਪੁਸ਼ਾਕ ਪਹਿਨੇਗਾ ਅਤੇ ਨਵਾਬੀ ਲਵੇਗਾ।

***ਉਹੀ ਵੰਡ ਸਭ ਲੋਗਨ ਖੁਲਾਵਗੁ॥ ੧੯॥*** ਕੋਈ ਗੜੇ ਮਾਰ ਹੁੰਦੀ ਹੈ ਜਾਂ ਨੁਕਸਾਨ ਹੁੰਦਾ ਹੈ, ਸਰਕਾਰ ਪੈਸਾ ਭੇਜਦੀ ਹੈ, ਕਰੋੜਾਂ ਰੁਪਏ ਭੇਜਦੇ ਨੇ, ਉਹ ਜਿਹੜਾ ਸੂਬੇਂ ਦਾ ਮੁੱਖ ਮੰਤਰੀ ਹੁੰਦਾ ਹੈ, ਉਹੀ ਵੰਡਦਾ ਹੈ, ਇਸੇ ਤਰ੍ਹਾਂ ਉਹ ਨਵਾਬ ਹੀ ਸਾਰੇ ਲੋਕਾਂ ਵਿਚ ਪੈਸਾ-ਟਕਾ ਜਾਂ ਰਾਸ਼ਨ ਆਦਿਕ ਵੰਡੇਗਾ। ੧੯।

***ਦੋਹਰਾ॥ ਸੂਰ ਸਤੀ, ਦਾਤਾ, ਹਠੀ ਤਪੀ ਜਪੀ ਜੋ ਕੋਇ॥*** ਜਿਹੜਾ ਕੋਈ ਸੂਰਮਾ, ਸੱਤ ਪ੍ਰਤੱਗੀ ਦਾਤਾ ,ਹੱਠ ਵਾਲਾ, ਤਪੀਆ, ਜਾਪ ਕਰਨੇ ਵਾਲਾ ਹੋਵੇ।

***ਦੇਵਯੋ ਉਸੇ ਬੀਚਾਰ ਕੈ ਜੋ ਇਸ ਲਾਇਕ ਹੋਇ'॥ ੨੦॥*** ਉਸ ਨੂੰ ਦੇਓ ਜੋ ਇਸ ਦੇ ਲਾਇਕ ਹੋਵੇ, ਵਿਚਾਰ ਕੇ। ੨੦।

***ਚੌਪਈ॥ ਦਈ ਨਗਦੀ ਭੀ ਖਰਚੇ ਤਾਈਂ॥*** ਖ਼ਰਚ ਵਾਸਤੇ ਨਗਦ ਪੈਸਾ ਵੀ ਭੇਜਿਆ ਖਿਲਤ ਦੇ ਨਾਲ ਸੁਬੇਗ ਸਿੰਘ ਕੋਲ।

***ਸੁਬੇਗ ਸਿੰਘ ਤੁਰਯੋ ਜੁਕਤ ਬਣਾਈ॥*** ਭਾਈ ਸੁਬੇਗ ਸਿੰਘ ਜੁਗਤ ਬਣਾ ਕੇ ਲਹੌਰ ਤੋਂ ਸਭ ਕੁਛ ਲੈ ਕੇ ਚਲਿਆ।

***ਜਹਿਂ ਡੇਰੋ ਥੋ ਖਾਲਸੈ ਲਾਯੋ॥*** ਜਿਥੇ ਖਾਲਸਾ ਪੰਥ ਨੇ ਆਪਣਾ ਡੇਰਾ ਲਾਇਆ ਹੋਇਆ ਸੀ।

***ਬਜਹਿਂ ਨਗਾਰੇ ਨਿਸ਼ਾਨ ਝੁਲਾਯੋ॥ ੨੧॥*** ਨਗਾਰੇ ਵੱਜਦੇ ਹਨ ਅਤੇ ਨਿਸ਼ਾਨ ਸਾਹਿਬ ਝੂਲ ਰਿਹਾ ਹੈ। ੨੧।

***ਜਾ ਪਹੁੰਚਯੋ ਵਹਿ ਸਿੰਘ ਸੁਜਾਨ॥*** ਸ੍ਰੇਸ਼ਟ ਸਿੰਘ ਭਾਈ ਸੁਬੇਗ ਸਿੰਘ ਜੀ ਜਾ ਪਹੁੰਚੇ ਹਨ ਉਥੇ।

***ਆਗੈ ਲਗਯੋ ਹੁਤ ਖਾਲਸੈ ਦੀਵਾਨ॥*** ਅੱਗੇ ਖਾਲਸੇ ਪੰਥ ਦਾ ਦੀਵਾਨ ਲੱਗਾ ਹੋਇਆ ਸੀ।

***ਪੜ੍ਹੈਂ ਸ਼ਬਦ ਔ ਬਜੈ ਰਬਾਬ॥*** ਰਬਾਬੀ ਸਿੰਘ ਰਬਾਬ ਵਜਾ ਕੇ (ਸ਼ਬਦ) ਗੁਰਬਾਣੀ ਦਾ ਕੀਰਤਨ ਕਰ ਰਹੇ ਸਨ ਅਤੇ

ਸਿੰਘ ਬਾਣੀ ਪੜ੍ਹ ਰਹੇ ਸਨ।

***ਸੁੱਖੇ ਘੋਟੈਂ ਭੂੰਨੈ ਮਾਹ ਪ੍ਰਸ਼ਾਦਿ॥ ੨੨॥*** ਸਿੰਘ ਸ਼ਿਕਾਰ ਖੇਡ ਕੇ ਚੁਟੰਗੇ ਆਦਿਕ ਦੇ ਡਲੇ ਭੁੰਨ ਰਹੇ ਸਨ, ਸ਼ਹੀਦੀ ਦੇਗਾਂ ਰਗੜ ਕੇ ਤਿਆਰ ਕੀਤੀਆਂ ਜਾ ਰਹੀਆਂ ਸਨ। ੨੨।

***ਕੋ ਘੋੜੇ ਕੋ ਮਾਲਸ਼ ਕਰੈ॥*** ਕੋਈ ਸਿੰਘ ਘੋੜਿਆਂ ਦੀ ਮਾਲਸ਼ ਕਰ ਰਹੇ, ਕੋਈ ਖਰਕਰੇ ਕਰਦੇ ਸਨ।

***ਕੋ ਸ਼ਸਤ੍ਰ ਮਾਂਜ ਉੱਜਲ ਕਰ ਧਰੈ॥*** ਕਈ ਸਿੰਘ ਸ਼ਸਤ੍ਰਾਂ ਨੂੰ ਮਾਂਜ ਕੇ ਚਮਕਾ ਕੇ ਰੱਖ ਰਹੇ ਸਨ।

***ਕੋਊ ਤੀਰ ਕੋ ਬੰਦੂਕ ਚਲਾਵਹਿ॥*** ਜਿਹੜੇ ਸਿੰਘ ਅਭਿਆਸ ਕਰ ਰਹੇ ਸਨ, ਕੋਈ ਤੀਰ-ਅੰਦਾਜ਼ੀ ਕਰ ਰਿਹਾ ਸੀ, ਕੋਈ ਬੰਦੂਕ ਦਾ ਨਿਸ਼ਾਨਾ ਲਾ ਰਹੇ ਸਨ।

***ਕੋਊ ਉਂਗਲ ਪਰ ਚੱਕ੍ਰ ਘੁਮਾਵਹਿ॥ ੨੩॥*** ਕੋਈ ਸਿੰਘ ਉਂਗਲ 'ਤੇ ਚੱਕਰ ਘੁਮਾ ਕੇ ਚੱਕਰ ਚਲਾਉਣ ਦਾ ਅਭਿਆਸ ਕਰ ਰਹੇ ਸਨ। ੨੩।

***ਦੋਹਰਾ॥ ਕੋਊ ਸਿੰਘਨ ਚਾਪੀ ਕਰੈ, ਕੋਊ ਚੌਰ ਝੁਲਾਇ॥*** ਸਿੰਘ ਦੂਰੋਂ-ਦੂਰੋਂ ਆਉਂਦੇ ਸਨ ਸਫ਼ਰ ਕਰਕੇ, ਉਹ ਇਕ ਦੂਜੇ ਦੀ ਸੇਵਾ ਕਰਦੇ ਕੋਈ ਮੁੱਠੀ-ਚਾਪੀ ਕਰ ਰਿਹਾ ਸੀ, ਕੋਈ ਸਾਫੇ ਨੂੰ ਹੱਥ ਵਿਚ ਫੜ ਕੇ ਚੌਰ ਵਾਂਗ ਉਸ ਦੇ ਨਾਲ ਮੱਖੀ ਆਦਿਕ ਨੂੰ ਘੋੜਿਆਂ ਤੋਂ ਉਡਾ ਰਹੇ ਸਨ।

***ਕੋ ਪਾਨੀ ਲਜਾਵਹਿ ਦੂਰ ਤੇ ਬੈਠ ਇਸ਼ਨਾਨ ਕਰਾਹਿ॥ ੨੪॥*** ਕਈ ਸਿੰਘ ਦੂਰ ਤੋਂ ਪਾਣੀ ਦੀਆਂ ਗਾਗਰਾਂ ਭਰ ਕੇ ਲਿਆ ਕੇ ਸਿੰਘਾਂ ਦਾ ਇਸ਼ਨਾਨ ਕਰਵਾਉਂਦੇ ਸਨ। ੨੪।

***ਚੌਪਈ॥ ਕਈ ਸਿੰਘ ਖੜੇ ਦਾਤਨ ਕਰਾਹਿਂ॥*** ਕਈ ਸਿੰਘ (ਦਾਤਨ) ਮੁਖ ਮਾਂਜਣਾ ਕਰਦੇ ਅਤੇ ਦੂਸਰਾ ਸਿੰਘ ਜਲ ਲੈ ਕੇ ਖੜ੍ਹਾ ਹੁੰਦਾ, ਚੂਲ੍ਹਾ ਕਰਾਉਂਦਾ ਸੀ।

***ਕਈ ਸਿੰਘ ਖੜ ਕੱਛ ਬਨ੍ਹਾਹਿਂ॥*** ਜਦੋਂ ਇਸ਼ਨਾਨ ਕਰਦੇ ਸਿੰਘ, ਉਹ ਸਿੰਘ ਕਛਹਿਰਾ ਆਦਿਕ ਫੜਾਉਂਦੇ, ਲਉ ਜੀ! ਬਦਲੋ ਕਛਹਿਰਾ ਅਤੇ ਉਹ ਕਮਰਕੱਸਾ ਫੜ ਕੇ ਰੱਖਦੇ, ਕਿਉਂਕਿ ਦੋ-ਦੋ, ਤਿੰਨ-ਤਿੰਨ ਪੇਚ ਆਉਂਦੇ ਸਨ, ਜੰਗੀ ਕਛਹਿਰੇ ਪਾਉਂਦੇ ਸਨ, ਉਹ ਇਕ ਕਛਹਿਰਾ ਹੀ ਉਨ੍ਹਾਂ ਦਾ ਸਭ ਕੁਛ ਹੁੰਦਾ ਸੀ।

***ਕਿਸੈ ਸ਼ਰੀਕੋ ਕਰੈ ਕੋਊ ਨਾਂਹਿ॥*** ਸਿੰਘ ਇਕ ਦੂਸਰੇ ਦੀ ਸੇਵਾ ਭਾਵਨਾ ਨਾਲ ਕਰਦੇ ਸਨ, ਕੋਈ ਸ਼ਰੀਕਾ, ਕੋਈ ਦੁਸ਼ਮਣੀ ਵੈਰ ਨਹੀਂ ਸੀ ਕਰਦੇ।

***ਦੌੜ ਦੌੜ ਸਿੰਘ ਟਹਲ ਕਮਾਹਿਂ॥ ੨੫॥*** ਦੌੜ-ਦੌੜ ਕੇ ਸਿੰਘ ਸੇਵਾ ਕਰਦੇ ਹਨ ਇਕ ਦੂਸਰੇ ਦੀ। ੨੫।

***ਦੇਖ ਸੁਬੇਗ ਸਿੰਘ ਛਡ ਦਯੋ ਘੋੜੈ॥*** ਭਾਈ ਸੁਬੇਗ ਸਿੰਘ ਜੀ ਦੂਰੋਂ ਆ ਰਹੇ ਸੀ ਘੋੜੇ 'ਤੇ ਅਸਵਾਰ ਹੋ ਕੇ, ਨਾਲ ਸਾਥੀਆਂ ਨੂੰ ਲੈ ਕੇ ਖਿਲਤ ਵਗੈਰਾ ਲੈ ਕੇ ਆ ਰਹੇ ਸਨ, ਜਦੋਂ ਖਾਲਸਾ ਪੰਥ ਨਜ਼ਰ ਪਿਆ, ਉਹ ਘੋੜੇ ਤੋਂ ਹੇਠਾਂ ਉੱਤਰ ਗਏ ਸਨ।

***ਕੁਨਸੈ ਕਰ ਕਰ ਹਥ ਦੁਇ ਜੋੜੈ॥*** ਦੂਰੋਂ ਹੀ ਧਰਤੀ 'ਤੇ ਹੱਥ ਲਾ-ਲਾ ਕੇ (ਕੁੰਨਸ) ਨਮਸ਼ਕਾਰਾਂ ਕਰਦੇ ਆਉਂਦੇ ਸਨ ਹੱਥ ਜੋੜ ਕੇ।

***ਵਾਹਿਗੁਰੂ ਜੀ ਕੀ ਫਤੇ ਬੁਲਾਈ॥*** ਜਦੋਂ ਸੁਬੇਗ ਸਿੰਘ ਜੀ ਪੰਥ ਦੇ ਨੇੜੇ ਆਏ ਹਨ, ਤਾਂ ਸਿੰਘਾਂ ਨੂੰ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ ਬੁਲਾਈ।

***ਅਕਾਲ ਅਕਾਲ ਕਹਿ ਊਚੈ ਸੁਨਾਈ॥ ੨੬॥*** ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ ਦੇ ਉੱਚੀ-ਉੱਚੀ ਜੈਕਾਰੇ ਗਜਾਏ ਸਿੰਘਾਂ ਨੂੰ ਸੁਣਾ ਕੇ। ੨੬।

***ਦੋਹਰਾ॥ ਅਗਯੋਂ ਖਾਲਸੈ ਅਵਾਜ਼ ਸਨ ਧਰਯੋ ਸੀਸ ਪਰ ਹਾਥ॥*** ਜੈਕਾਰਿਆਂ ਦਾ ਅਤੇ ਫਤ੍ਹੇ ਦੀ ਅਵਾਜ਼ ਸੁਣ, ਤਾਂ

ਅੱਗੋਂ ਖਾਲਸੇ ਨੇ ਦੋਵੇਂ ਹੱਥ ਸਿਰ ਤੋਂ ਉੱਚੇ ਚੁੱਕ ਕੇ ਫਤੇ ਗਜਾਈ ਸੁਬੇਗ ਸਿੰਘ ਨੂੰ।

***ਤੱਤ ਖਾਲਸੋ ਰੀਤਿ ਜੋ, ਸਿੰਘ ਕਰਹਿਂ ਉਸ ਭਾਂਤ॥ ੨੭॥*** ਭਾਈ ਸੁਬੇਗ ਸਿੰਘ ਵੀ ਤੱਤ ਖਾਲਸਾ ਸੀ, ਭਾਵ ਜੋ ਤਰੀਕਾ ਸੀ ਤੱਤ ਖਾਲਸੇ ਦਾ, ਉਸੇ ਢੰਗ ਨਾਲ ਸਿੰਘਾਂ ਨੇ ਫਤੇ ਗਜਾਈ। ੨੭।

***ਚੌਪਈ॥ ਜਿਮ ਸੁਬੇਗ ਸਿੰਘ ਢਿਗ ਢੁਕ ਆਵੈ॥*** ਜਿਉਂ-ਜਿਉਂ ਸੁਬੇਗ ਸਿੰਘ ਝੁੱਕ ਕੇ ਨੇੜੇ ਆਉਂਦਾ ਸੀ ਪੰਥ ਦੇ।

***ਕਰੈ ਕੁੰਨਸ ਔ ਸੀਸ ਝੁਕਾਵੈ॥*** ਸੀਸ ਝੁਕਾਅ ਕੇ ਧਰਤੀ 'ਤੇ ਨਮਸ਼ਕਾਰਾਂ ਕਰਦਾ ਤੁਰਿਆ ਆਉਂਦਾ ਸੀ।

***ਦੇਖ ਖਾਲਸਾ ਹੋਇ ਪ੍ਰਸੰਨ॥*** ਸੁਬੇਗ ਸਿੰਘ ਦਾ ਇਹ ਤਰੀਕਾ ਵੇਖ ਕੇ ਖ਼ਾਲਸਾ ਬੜਾ ਪ੍ਰਸੰਨ ਹੋਇਆ ਹੈ।

***ਕਹੈ ਖਾਲਸਾ ਅੱਗਯੋਂ ਧੰਨ॥ ੨੮॥*** ਖਾਲਸਾ ਕਹਿੰਦਾ ਧੰਨ ਹੈ ਸੁਬੇਗ ਸਿੰਘ, ਬਹੁਤ ਲਾਇਕ ਹੈ ਤੂੰ ਸਿੰਘਾ। ੨੮।

***ਢੁਕ ਢਿਗ ਸਿੰਘ ਸੁ ਰਹਯੋ ਖਲੋਇ॥*** ਨੇੜੇ ਆ ਕੇ ਭਾਈ ਸੁਬੇਗ ਸਿੰਘ ਗਲ ਵਿਚ ਪੱਲਾ ਪਾ ਕੇ ਖੜ੍ਹ ਗਿਆ।

***ਲਾਇ ਤਨਖਾਹ ਅਬ ਬਖਸ਼ੀਏ ਮੋਹਿ॥*** ਇਹ ਰੀਤ ਸੀ ਖਾਲਸੇ ਦੀ ਕੋਈ ਸਿੰਘ ਜਦੋਂ ਘਰੋਂ ਆਵੇ ਜਾਂ ਬਾਹਰੋਂ ਖਾਲਸੇ ਪੰਥ ਵਿਚ ਹਾਜ਼ਰ ਹੋਵੇ, ਉਦੋਂ ਉਹ ਫਤੇ ਗਜਾ ਕੇ, ਦਸ ਕਰਮਾਂ ਪਿੱਛੇ ਹੋ ਕੇ ਖੜ੍ਹ ਜਾਂਦਾ ਅਤੇ ਖਾਲਸਾ ਪੰਥ ਉਸ ਦੀ ਅਰਦਾਸ ਕਰਦਾ, ਫੇਰ ਉਸ ਨੂੰ (ਤਨਖ਼ਾਹ) ਬਿਬੇਕ ਲਾਉਂਦੇ। ਸੁਬੇਗ ਸਿੰਘ ਕਹਿਣ ਲੱਗਾ, ਖਾਲਸਾ ਜੀ! ਬਿਬੇਕ ਲਾ ਕੇ ਮੈਨੂੰ ਬਖ਼ਸ਼ੋ ਜੀ।

***ਹੈ ਖਾਲਸੋ ਸਭ ਬਖਸ਼ਨ ਜੋਗੁ॥*** ਖਾਲਸਾ ਪੰਥ ਬਖਸ਼ਿੰਦ ਹੈ, ਬਖ਼ਸ਼ਣ ਜੋਗ ਹੈ, ਗੁਰੂ ਕੀ ਸੰਗਤ, ਗੁਰੂ ਕਾ ਪੰਥ ਜੋ ਹੈ, ਏਸ ਵਿਚ ਕਲਾ ਪਾਈ ਹੈ ਸਤਿਗੁਰਾਂ ਨੇ, "ਪ੍ਰਤੱਖ ਕਲਾ ਪਾਰਬ੍ਰਹਮ ਧਣੀਛੈ ਗ੍ਰੰਥ ਪੰਥ ਖਾਲਸ ਵਰਤੰਤਾ"॥ ਜੋ ਖਾਲਸਾ ਗੁਰੂ ਗ੍ਰੰਥ ਸਾਹਿਬ ਜੀ ਕੀ ਹਾਜ਼ਰੀ ਵਿਚ ਰਹਿੰਦਾ, ਨਿਤਨੇਮ ਕਰਦੇ, ਰੋਜ਼ ਭਜਨ-ਬੰਦਗੀ ਕਰਦੇ ਹਨ, ਉਸ ਖਾਲਸੇ ਵਿਚ ਸਤਿਗੁਰੂ ਬਿਰਾਜਮਾਨ ਹਨ।

***ਹਮ ਤਨਖਾਹੀ ਘਰਬਾਰੀ ਲੋਗ॥ ੨੯॥*** ਅਸੀਂ ਤਾਂ ਮਹਾਰਾਜ਼ (ਘਰਬਾਰੀ) ਗ੍ਰਿਹਸਤੀ ਹਾਂ, ਤਨਖ਼ਾਹੀਏ ਹਾਂ, ਸਾਥੋਂ ਸੌ ਭੁੱਲਾਂ ਹੁੰਦੀਆਂ ਹਨ, ਇਉਂ ਕਿਹਾ ਸੁਬੇਗ ਸਿੰਘ ਜੀ ਨੇ। ੨੯।

***ਹੁਇ ਪ੍ਰਸੰਨ ਬਚੰ ਖਾਲਸੈ ਕੀਯੋ॥*** ਪ੍ਰਸੰਨ ਹੋ ਕੇ ਬਚਨ ਕੀਤਾ ਖਾਲਸੇ ਨੇ ਸੁਬੇਗ ਸਿੰਘ ਨੂੰ।

***ਲਾਇ ਤਨਖਾਹਿ ਬਖ਼ਸ਼ਨ ਕਹਿ ਦੀਯੋ॥*** ਖਾਲਸੇ ਨੇ ਪੰਜਾਂ ਸਿੰਘਾਂ ਨੂੰ ਕਹਿ ਦਿੱਤਾ, ਖਾਲਸੇ ਜੋ ਤਨਖਾਹ ਲਾਉਣੀ ਹੈ, ਭਾਵੇਂ ਪੰਜ ਦਾਤਣਾਂ ਦੀ ਹੀ ਲਾਓ, ਇਉਂ ਲਾ ਕੇ ਬਖ਼ਸ਼ ਦਿਉ ਇਨਾਂ ਨੂੰ, ਮੁਆਫ ਕਰ ਦਿਉ ਇਹਨਾਂ ਨੂੰ।

***ਖਾਲਸੈ ਹੁਕਮ ਕੀਯੋ ਪੰਜ ਭੁਜੰਗਨ॥*** ਖਾਲਸੇ ਪੰਥ ਨੇ ਪੰਜ ਸਿੰਘਾਂ ਨੂੰ ਹੁਕਮ ਕੀਤਾ।

***ਤਨਖ਼ਾਹ ਮਨਾਇ ਬਖ਼ਸ਼ਯੋ ਭਲ ਰੰਗਨ॥ ੩੦॥*** ਤਨਖ਼ਾਹ ਲਾ ਕੇ ਖਾਲਸੇ ਨੇ ਸੁਬੇਗ ਸਿੰਘ ਨੂੰ ਬਖ਼ਸ਼ ਦਿੱਤਾ ਤੇ ਫਿਰ (ਭਲ ਰੰਗਨ) ਫਿਰ ਚੰਗਾ ਪ੍ਰੇਮ ਕੀਤਾ ਹੈ। ੩੦।

***ਸੁਬੇਗ ਸਿੰਘ ਤਊ ਪੰਥ ਬਹਾਯੋ॥*** ਸੁਬੇਗ ਸਿੰਘ ਜੀ ਨੂੰ ਬੜੇ ਆਦਰ ਦੇ ਨਾਲ, ਆਓ ਜੀ! ਸਿੰਘ ਜੀ! ਬੈਠੋ, ਇਉਂ ਖੁਸ਼ੀਆਂ ਦੀ ਨਾਲ ਬਿਠਾਇਆ ਪੰਥ ਨੇ।

***ਕਰ ਆਦਰ ਉਸ ਪ੍ਰਸ਼ਨ ਪੁਛਾਯੋ॥*** ਸਤਿਕਾਰ ਕਰ ਕੇ ਪ੍ਰਸ਼ਨ ਕੀਤਾ ਹੈ, ਆਓ ਜੀ! ਸੁਬੇਗ ਸਿੰਘ ਜੀ, ਕਿਵੇਂ ਆਉਣਾ ਹੋਇਆ? ਇਉਂ ਤਾਂ ਪਤਾ ਸੀ ਖਾਲਸੇ ਨੂੰ ਇਹ ਲਾਹੌਰ ਰਹਿੰਦੇ ਹਨ, ਸੂਬੇਦਾਰ ਤਾਈਂ ਇਹਨਾਂ ਦੇ ਕਾਰਜ਼ ਹੁੰਦੇ ਹਨ॥ ਉਹ ਇਹਨਾਂ ਨੂੰ ਪੁੱਛ ਕੇ ਕਾਰਜ਼ ਕਰਦਾ ਹੈ। ਕੀ ਪਤਾ ਕੋਈ ਨਵੀਂ ਗੱਲ ਲੈ ਕੇ ਆਏ ਹੋਣ?

***ਸੁਬੇਗ ਸਿੰਘ ਤਬ ਸਭ ਗਲ ਕਹੀ॥*** ਜਿਵੇਂ ਨਵਾਬੀ ਦੀ ਖਿਲਤ ਦੇ ਕੇ ਘੱਲਿਆ ਸੀ, ਸੁਬੇਗ ਸਿੰਘ ਨੇ ਉਹ ਸਾਰੀ ਵਿਥਿਆ ਕਹਿ ਕੇ ਸੁਣਾਈ ਖਾਲਸੇ ਨੂੰ।

***ਲਜਾਯੋ ਹੁਤੋ ਧਰ ਮੂਹਰੈ ਦਈ॥ ੩੧॥*** ਜੋ ਵਸਤੂਆਂ ਲਿਆਏ ਸੀ ਭੇਟਾ ਕਰਨ ਵਾਸਤੇ, ਉਹ ਖਾਲਸੇ ਅੱਗੇ ਰੱਖ

ਦਿੱਤੀਆਂ। ੩੧।

***ਕੋਊ ਸਿੰਘ ਕਹੈ, 'ਲੁਟ ਮਚਾਯੋ'॥*** ਸਿੰਘਾਂ ਦੇ ਆਪੋ-ਆਪਣੇ ਬੋਲੇ ਹੁੰਦੇ ਹਨ, ਅਜ਼ਾਦ ਖਾਲਸਾ ਜੁ ਹੋਇਆ। ਜਦੋਂ ਦੇਖਿਆ ਹੈ ਤੋਹਫੇ, ਤੁਫਾਇਤ ਲਿਆਇਆ ਹੈ ਸੁਬੇਗ ਸਿੰਘ, ਕਰ ਲਉ ਲੁੱਟ-ਮਾਰ ਖਾਲਸਾ ਜੀ, ਲੁੱਟ ਲਵੋ ਸਾਰੇ, ਆਪੋ ਆਪਣਾ ਜਿੰਨਾਂ ਲੁੱਟੀਦਾ।

***ਕੋਊ ਕਹੈ, 'ਇਸ ਦੂਰ ਹਟਾਯੋ'॥*** ਕਈ ਸਿੰਘ ਜਿਹੜੇ ਸੰਤੋਖੀ ਸਨ, ਹਠੀਏ ਸੀ, ਕਹਿੰਦੇ ਦੂਰ ਕਰੋ, ਇਸ ਤਰ੍ਹਾਂ ਦੀ ਵਸਤੂ ਸਾਨੂੰ ਨਹੀ ਪ੍ਰਵਾਣ, ਅਸੀਂ ਨਹੀਂ ਨਵਾਬੀ ਲੈਣੀ ਏਸ ਤਰ੍ਹਾਂ।

***ਸੁਬੇਗ ਸਿੰਘ ਤਿਨ ਅਗਯੋਂ ਉਚਾਰੀ॥*** ਸੁਬੇਗ ਸਿੰਘ ਜੀ ਨੇ ਅੱਗੋਂ ਖਾਲਸੇ ਨੂੰ ਆਖਿਆ।

***ਯਹ ਕਯਾ ਕਹੋ ਤੁਮ ਗਲ ਅਵਿਚਾਰੀ॥ ੩੨॥*** ਖਾਲਸਾ ਜੀ ਇਹ ਕੀ ਬਚਨ ਕਹਿੰਦੇ ਹੋ ਲੁੱਟ ਲਵੋ ਜਾਂ ਇਹਨੂੰ ਪਰ੍ਹੇ ਹਟਾ ਦਿਉ, ਬਿਨਾਂ ਵਿਚਾਰ ਤੋਂ ਤੁਸੀਂ ਕਿਉਂ ਹੁਕਮ ਲਾਈ ਜਾਂਦੇ ਹੋ। ਵਿਚਾਰ ਕਰਨੀ ਚਾਹੀਦੀ ਹੈ। ੩੨।

***ਦੋਹਰਾ॥ ਸੁਬੇਗ ਸਿੰਘ ਨੇ ਤਬ ਕਹਯੋ, ਖਾਲਸੇ ਸੌਂ ਹਥ ਜੋੜ॥*** ਤਦ ਭਾਈ ਸੁਬੇਗ ਸਿੰਘ ਜੀ ਖਾਲਸੇ ਦੇ ਅੱਗੇ ਹੱਥ ਜੋੜ ਕੇ ਬੇਨਤੀ ਰੂਪ ਵਿਚ ਕਿਹਾ।

***ਗਰੀਬਨ ਕੀ ਰਛਯਾ ਕਰੋ, ਲੇਹੁ ਤੁਰਕਨ ਤੇ ਤੋੜ॥ ੩੩॥*** ਖਾਲਸਾ ਜੀ! ਮੈਂ ਕੋਈ ਪੱਕੀ ਸ਼ਰਤ ਕਰਨ ਤਾ ਨਹੀਂ ਆਇਆ, ਹੁਣ ਗਰੀਬ ਸਿੱਖਾਂ ਦੀ ਮਦਦ ਕਰੋ। ਗਰੀਬ ਜਨਤਾ ਬਹੁਤ ਵਿਰਾਨ ਹੋ ਚੁੱਕੀ ਹੈ। ਓਧਰ ਤੁਰਕ ਲੁਟਦੇ ਨੇ, ਏਧਰ ਪਠਾਣ ਲੁੱਟਦੇ ਨੇ, ਓਧਰੋਂ ਖਾਲਸਾ ਜੀ ਤੁਸੀਂ ਵੀ ਲੁੱਟਦੇ ਹੋ, ਤਾਂ ਦੱਸੋ ਇਹ ਗਰੀਬ ਕਿਥੇ ਜਾਣਗੇ, ਗਰੀਬਾਂ ਦੀ ਰੱਛਾ ਕਰੋ, ਇਹਨਾਂ ਦੀ ਮਦਦ ਕਰੋ, ਫੇਰ ਤੁਰਕਾਂ ਨਾਲੋਂ ਤੋੜ ਲਿਉ, ਜੇ ਹੁਣ ਸਾਨੂੰ ਮਿਲਦੇ ਨੇ, ਕੁਛ ਦੇਣ ਆਏ ਨੇ ਮੱਥਾ ਟੇਕਦੇ ਨੇ, ਤਾਂ ਟਿਕਾਅ ਲਵੋ। ਨਾ ਗੱਲ ਬਣੀ, ਤਾਂ ਛੱਡ ਦਿਉ ਫੇਰ, ਆਪਾਂ ਨੂੰ ਕੋਈ ਜਰੂਰੀ ਤਾਂ ਨਹੀਂ। ੩੩।

***ਚੌਪਈ॥ ਸੋਊ ਖਾਲਸੈ ਨੇ ਮੰਨ ਲਈ॥*** ਉਸ ਦੀ ਇਹ ਗੱਲ ਖਾਲਸੇ ਨੇ ਪ੍ਰਵਾਣ ਕਰ ਲਈ ਹੈ ਕਿ ਸਿਆਣਾਂ ਬਚਨ ਹੈ ਇਹਦਾ ਚਲੋ ਠੀਕ ਹੈ, ਮੰਨ ਲਉ ਇਹਦਾ ਬਚਨ, ਲੈ ਲਵੋ ਜਿਹੜੀ ਵਸਤੂ ਲਿਆਇਆ ਹੈ।

***ਪਤਿਸ਼ਾਹੀ ਕੈ ਸਿਰ ਕੋੜ ਟਿਕਵਈ॥*** ਕਈਆਂ ਸਿਆਣਿਆਂ ਸਿੰਘਾਂ ਨੇ ਕਿਹਾ ਹੈ, ਇਹ ਪਾਤਸ਼ਾਹ ਲੋਕਾਂ ਤੋਂ ਮਾਮਲਾ ਲੈਂਦੇ ਨੇ, ਖਾਲਸਾ ਇਹਨਾਂ ਤੋਂ ਲੈਂਦਾ ਹੈ, ਇਹ ਪਾਤਸ਼ਾਹ ਦੇ ਸਿਰ 'ਤੇ ਕੋੜ੍ਹ ਹੈ, ਭਾਵ ਇਹਨਾਂ ਨੂੰ ਬਿਆਧ ਲੱਗੀ ਹੈ, ਜਿਨ੍ਹਾਂ ਨੂੰ ਇਹ ਦੁਸ਼ਮਣ ਸਮਝਦੇ ਸੀ, ਉਨ੍ਹਾਂ ਦੀ ਛਿਆਨੀ ਭਰਨਗੇ ਹੁਣ, ਇਹ ਤਾਂ ਖਾਲਸਾ ਜੀ! ਤੁਹਾਡੀ ਜਿੱਤ ਹੈ ਇਸ ਗੱਲ ਵਿਚ।

***ਤੁਰਕਨ ਭੇਜਯੋ ਤੁਸੀਂ ਕਿਮ ਮੋੜੋ॥*** ਤੁਰਕਾਂ ਨੇ ਭੇਜਿਆ ਹੈ ਹੱਥ ਜੋੜ ਕੇ, ਤੁਸੀਂ ਖਾਲਸਾ ਜੀ! ਕਿਉਂ ਮੋੜਦੇ ਹੋ ਇਸ ਵਸਤੂ ਨੂੰ।

***ਖਾਹੋ ਵਰਤੋ ਔਰ ਲੈਣ ਲੋੜੋ॥ ੩੪॥*** ਇਹ ਸਗੋਂ ਲੈ ਲਵੋ ਇਹਨੂੰ ਵਰਤੋ-ਵਰਤਾਓ ਅਤੇ ਹੋਰ ਲੈਣ ਵਾਸਤੇ ਆਗਿਆ ਕਰੋ, ਹੁਕਮ ਕਰੋ ਬਈ ਹੋਰ ਲਿਆ ਮਾਮਲਾ। ੩੪।

***ਦੋਹਰਾ॥ ਦਰਬ ਜੁ ਆਈ ਥੀ ਤਊ ਖਾਲਸੈ ਲਈ ਵਰਤਾਇ॥*** ਜਿੰਨਾਂ ਧਨ ਆਇਆ ਸੀ, ਉਹ ਤਾਂ ਖਾਲਸੇ ਪੰਥ ਨੇ ਵਰਤਾਅ ਲਿਆ।

***ਕਹਯੋ ਦਰਬਾਰੇ ਸਿੰਘ ਕੋ, 'ਤੂੰ ਨਿਬਾਬੀ ਲੈ ਸਿਰੋਪਾਉ'॥ ੩੫॥*** ਦਿਵਾਨ ਦਰਬਾਰਾ ਸਿੰਘ ਜੀ ਜੋ ਓਸ ਮੌਕੇ ਜਥੇਦਾਰ ਸਨ ਪੰਥ ਦੇ, ਗੁਰੂ ਗੋਬਿੰਦ ਸਿੰਘ ਜੀ ਦੇ ਉਹ ਦਰਬਾਰੀ ਅਦਾਲਤੀਏ ਸਨ। ਇਹ ਦਿਵਾਨ ਸਨ ਉਸ ਮੌਕੇ ਦੇ, ਦਿਵਾਨ ਵਜ਼ੀਰ ਜਿਹੜਾ ਹੋਵੇ। ਸਿੰਘ ਕਹਿਣ ਲੱਗੇ, ਦਰਬਾਰਾ ਸਿੰਘ ਜੀ! ਇਹ ਨਵਾਬੀ ਦੀ ਖਿਲਤ ਤੁਸੀਂ ਲਵੋ। ੩੫।

**ਚੌਪਈ॥ ਦਰਬਾਰੈ ਸਿੰਘ ਅਗਯੋਂ ਕਹੀ॥** ਦਰਬਾਰਾ ਸਿੰਘ ਨੇ ਖਾਲਸੇ ਨੂੰ ਅੱਗੋਂ ਇਉਂ ਉੱਤਰ ਦਿੱਤਾ।

**ਅਸੀਂ ਨਿਬਾਬੀ ਕਦ ਚਹੈਂ ਲਈ॥** ਖਾਲਸਾ ਜੀ! ਅਸੀਂ ਕਦ ਨਵਾਬੀ ਲੈਣੀ ਚਾਹੁੰਦੇ ਹਾਂ, ਅਸੀਂ ਕੀ ਕਰਨੀ ਹੈ ਨਵਾਬੀ?

**ਹਮ ਕੋ ਸਤਿਗੁਰ ਬਚਨ ਪਤਿਸ਼ਾਹੀ॥** ਸਾਨੂੰ ਤਾਂ ਸਤਿਗੁਰਾਂ ਦਾ ਬਚਨ ਹੈ, ਹੰਨੇ-ਹੰਨੇ ਪਾਤਸ਼ਾਹੀ ਦੇਣੀ ਹੈ, ਭਾਵ ਕਾਠੀ ਕਾਠੀ ਨਾਲ ਪਾਤਸ਼ਾਹੀ ਦੇ ਦੇਣੀ ਹੈ ਅਸੀਂ।

**ਹਮ ਕੋ ਜਾਪਤ ਢਿਗ ਸੋਊ ਆਹੀ॥ ੩੬॥** ਸਾਨੂੰ ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਸਾਡੀ ਪਾਤਸ਼ਾਹੀ ਨੇੜੇ ਆ ਗਈ ਹੈ। ਹੁਣ ਸਾਨੂੰ ਮਿਲਣ ਵਾਲੀ ਹੈ ਪਾਤਸ਼ਾਹੀ। ੩੬।

**ਹਮ ਰਾਖਤ ਪਤਿਸ਼ਾਹੀ ਦਾਵਾ॥** ਇਸ ਵਾਸਤੇ ਖਾਲਸਾ ਜੀ! ਅਸੀਂ ਇਹ ਤੁਰਕਾਂ ਦੀਆਂ ਝੂਠੀਆਂ ਨਵਾਬੀਆਂ ਕਦੋਂ ਲੈਂਦੇ ਹਾਂ, ਸਾਡਾ ਤਾਂ ਪਾਤਸ਼ਾਹੀ ਦਾਵਾ ਹੈ, ਭਾਵ ਅਸੀਂ ਖੁਦ ਪਾਤਸ਼ਾਹ ਹਾਂ, ਅਸੀਂ ਕਿਸੇ ਦੀ ਦਿੱਤੀ ਹੋਈ ਚੀਜ਼ ਕਿਉਂ ਲਵਾਂਗੇ?

**ਜਾਂ ਇਤਕੋ ਜਾਂ ਅਗਲੋ ਪਾਵਾ॥** ਜਾਂ ਇਥੇ ਦੀ ਪਾਤਸ਼ਾਹੀ ਮਿਲੇਗੀ ਜਾਂ ਅਗਲੀ ਸੱਚੀ ਦਰਗਾਹ ਦੀ ਮਿਲੇਗੀ, ਕਿਤੋਂ ਦੀ ਤਾਂ ਮਿਲੇਗੀ।

**ਜੋ ਸਤਿਗੁਰ ਸਿੱਖਨ ਕਹੀ ਬਾਤ॥** ਜੋ ਸਤਿਗੁਰਾਂ ਨੇ ਆਪਣੇ ਸਿੱਖਾਂ ਨੂੰ ਵਰ ਦਿੱਤਾ ਹੈ।

**ਹੋਗੁ ਸਾਈ ਨਹਿ ਖਾਲੀ ਜਾਤ॥ ੩੭॥** ਉਹ ਤਾਂ ਹੋਣੀ ਹੀ ਹੋਣੀ ਹੈ, ਸਤਿਗੁਰਾਂ ਦਾ ਬਚਨ ਕੋਈ ਖਾਲੀ ਥੋੜ੍ਹੇ ਜਾਣ ਲੱਗਿਆ ਹੈ, ਸੋ ਖਾਲਸਾ ਜੀ! ਅਸੀਂ ਇਸ ਤਰ੍ਹਾਂ ਤੁਰਕਾਂ ਦੀਆਂ ਦਿੱਤੀਆਂ ਚੀਜਾਂ ਕਿਉਂ ਲਈਏ? ਇਉਂ ਸਿੰਘਾਂ ਵਿਚ ਵਿਚਾਰ-ਵਟਾਂਦਰਾ ਹੋ ਰਿਹਾ ਸੀ। ੩੭।

**ਧ੍ਰੂ ਵਿਧਰਤ ਔ ਧਵਲ ਡੁਲਾਇ॥** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਸਿੰਘਾਂ ਨੂੰ ਐਨਾ ਭਰੋਸਾ ਸੀ ਸਤਿਗੁਰਾਂ ਦੇ ਬਚਨਾਂ 'ਤੇ, ਕਹਿੰਦੇ ਧ੍ਰੂ ਤਾਰਾ ਵੀ (ਵਿਧਰਤ) ਦ੍ਰਵ ਜਾਵੇ, ਆਪਣੀ ਥਾਂ ਤੋਂ ਹਿੱਲ ਜਾਵੇ ਅਤੇ (ਧਵਲ ਡੁਲਾਇ) ਧਰਤੀ ਵੀ ਡੋਲ ਜਾਵੇ, ਇਹ ਵੀ ਹਿਲ ਜਾਏ ਆਪਣੇ ਟਿਕਾਣੇ ਤੋਂ।

**ਸਤਿਗੁਰ ਬਚਨ ਨਾ ਖਾਲੀ ਜਾਇ॥** ਜੋ ਸਤਿਗੁਰਾਂ ਨੇ ਬਚਨ ਕਹੇ ਹਨ, ਉਹ ਨਹੀਂ ਖਾਲੀ ਜਾ ਸਕਦੇ।

**ਪਾਤਿਸ਼ਾਹੀ ਛਡ ਕਿਮ ਲਹੈਂ ਨਿਬਾਬੀ॥** ਦੱਸੋ ਅਸੀ ਪਾਤਸ਼ਾਹੀ ਦਾਵਾ ਛੱਡ ਕੇ ਛੋਟੀਆਂ-ਛੋਟੀਆਂ ਨਵਾਬੀਆਂ ਕਿਉਂ ਲਈਏ?

**ਪਰਾਧੀਨ ਜਿਹ ਮਾਂਹਿ ਖਰਾਬੀ॥ ੩੮॥** ਪਰਾਏ ਅਧੀਨ ਤਾਂ ਭਾਈ ਖ਼ਰਾਬੀ ਹੀ ਹੈ, ਇਉਂ ਸਿੰਘਾਂ ਨੇ ਉੱਤਰ ਦਿੱਤਾ। ੩੮।

**ਦੋਹਰਾ॥ ਹਮ ਪਤਿਸ਼ਾਹੀ ਸਤਿਗੁਰ ਦਈ ਹੰਨੈ ਹੰਨੈ ਲਾਇ॥** ਸਾਡੇ ਸੱਚੇ ਗੁਰੂ ਨੇ ਸਾਡੇ (ਹੰਨੇ-ਹੰਨੇ) ਕਾਠੀ-ਕਾਠੀ ਨਾਲ ਪਾਤਸ਼ਾਹੀ ਲਾਈ ਹੈ, ਸਾਨੂੰ ਸਾਰਿਆਂ ਨੂੰ ਪਾਤਸ਼ਾਹ ਬਣਾਇਆ ਹੈ ਗੁਰੂ ਜੀ ਨੇ।

**ਜਹਿਂ ਜਹਿਂ ਬਹੈਂ ਜਮੀਨ ਮਲ ਤਹਿਂ ਤਹਿਂ ਤਖਤ ਬਨਾਇ॥ ੩੯॥** ਜਿਥੇ-ਜਿਥੇ ਖਾਲਸਾ ਪੰਥ ਧਰਤੀ ਮੱਲ ਲਵੇਗਾ, ਉਥੇ-ਉਥੇ ਤਖ਼ਤ ਬਣਾਇਗਾ, ਨਿਆਂ ਕਰੇਗਾ, ਇਨਸਾਫ਼ ਕਰੇਗਾ, ਅਦਾਲਤਾਂ ਆਪਣੀਆਂ ਲਾਵੇਗਾ ਖਾਲਸਾ। ੩੯।

**ਚੌਪਈ॥ ਇਸੀ ਭਾਂਤ ਬਹੁ ਸਿੱਖਨ ਕਹੀ॥** ਜੋ ਨਾਮੀ-ਗਰਾਮੀ ਸਿੰਘ ਸਨ, ਉਨ੍ਹਾਂ ਸਾਰਿਆਂ ਨੂੰ ਕਿਹਾ, ਤੁਸੀਂ ਲਵੋ ਨਵਾਬੀ ਸਿੰਘ ਜੀ! ਉਹ ਕਹਿੰਦੇ ਨਾ ਭਾਈ, ਅਸੀਂ ਨਹੀਂ ਲੈਂਦੇ, ਦੂਸਰੇ ਨੂੰ ਪੁੱਛਿਆ, ਤੀਸਰੇ ਨੂੰ ਪੁੱਛਿਆ, ਜਿੰਨੇ ਮੁਖੀ ਸਿੰਘਾਂ ਨੂੰ ਪੁੱਛਿਆ, ਸਭ ਨੇ ਨਾਂਹ ਕਰ ਦਿੱਤੀ, ਨਵਾਬੀ ਦੀ ਸਾਨੂੰ ਕੋਈ ਲੋੜ ਨਹੀਂ।

**'ਹਮ ਕੌ ਲੋੜ ਨਿਬਾਬੀ ਨਹੀਂ'॥** ਵਾਹ ਖਾਲਸਾ ਜੀ! ਸਾਨੂੰ ਕੋਈ ਲੋੜ ਨਹੀਂ ਨਵਾਬੀ ਦੀ।

**ਉਨ ਮਾਂਗੀ ਕਬ ਦਈ ਪਤਿਸ਼ਾਹੀ॥** ਸਾਨੂੰ ਤਾਂ ਪਾਤਸ਼ਾਹੀ ਦਾ ਵਰ ਹੈ, ਉਹ ਸਾਨੂੰ ਮਿਲਣੀ ਹੈ, ਜੇ ਤੁਰਕਾਂ ਤੋਂ ਅਸੀਂ

ਪਾਤਸ਼ਾਹੀ ਮੰਗੀ, ਕਦੋਂ ਦਿੱਤੀ ਇਹਨਾਂ ਨੇ।

***ਪੰਥ ਛਡ ਬਹਯੋ ਕਬ ਉਨ ਕੇ ਪਾਹੀ॥ ੪੦॥*** ਅਤੇ ਨਵਾਬੀ ਤਾਂ ਹੁੰਦੀ ਹੈ, ਛੋਟੀ ਸੂਬੇਦਾਰੀ, ਅੱਧੀ, ਤੇ ਅਸੀਂ ਪੰਥ ਦੀ ਪਾਤਸ਼ਾਹੀ, ਪੰਥ ਵਿਚ ਰਹਿਣਾ ਛੱਡ ਕੇ, ਅਸੀਂ ਤੁਰਕਾਂ ਦੇ ਦਰ ਅੱਗੇ ਬੈਠਾਂਗੇ, ਸਾਨੂੰ ਨਹੀਂ ਲੋੜ ਇਹਨਾਂ ਚੀਜ਼ਾਂ ਦੀ, ਪੰਥ ਉਨ੍ਹਾਂ ਤੁਰਕਾਂ ਦੇ ਕੋਲ ਛੱਡ ਕੇ ਪਾਤਸ਼ਾਹੀ ਕਦੋਂ ਅਰਾਮ ਨਾਲ ਬੈਠੇਗਾ?। ੪੦।

***ਪੰਥ ਤੁਰਕਨ ਕੋ ਐਸੋ ਮੇਲ॥*** ਪੰਥ ਖਾਲਸੇ ਅਤੇ ਤੁਰਕਾਂ ਦਾ ਤਾਂ ਇਉਂ ਮੇਲ ਹੈ।

***ਬਰੂਦ ਅਗਨ ਕੋ ਜੈਸੋ ਖੇਲ॥*** ਜਿਵੇਂ ਅੱਗ ਤੇ ਬਰੂਦ ਦੀ ਖੇਡ ਹੈ, ਜਿਵੇਂ ਅੱਗ ਬਰੂਦ ਦੇ ਨੇੜੇ ਕੀਤੀ ਤੋਂ ਪਟਾਕਾ ਪੈ ਜਾਂਦਾ ਹੈ, ਖਾਲਸੇ ਪੰਥ ਤੋਂ ਤੁਰਕਾਂ ਦਾ ਇਉਂ ਮੇਲ ਹੈ, ਖਾਲਸੇ ਨੂੰ ਤੁਰਕ ਦਿਸੇ ਨਹੀਂ ਤੇ ਚੰਡੀ ਖੜਕੀ ਨਹੀਂ, ਉਦੋਂ ਹੀ ਤੇਗਾਂ ਬਾਹਰ ਆ ਗਈਆਂ ਮਿਆਨਾਂ 'ਚੋਂ।

***ਕਿਸੈ ਸਿੰਘ ਕੋ ਯਹ ਭੀ ਦੇਹੋ॥*** ਸੁਬੇਗ ਸਿੰਘ ਜੀ ਕਹਿਣ ਲੱਗੇ, ਖਾਲਸਾ ਜੀ! ਕਿਸੇ ਸਿੰਘ ਨੂੰ ਇਹ ਨਵਾਬੀ ਵੀ ਦੇ ਦਿਉ।

***ਟਹਲ ਕਰਤ ਕਿਸ ਕੋ ਲਖ ਲੇਹੋ॥ ੪੧॥*** ਕਿਸੇ ਟਹਿਲੂਏ ਨੂੰ ਵੇਖ ਲਵੋ, ਕੋਈ ਘੋੜਿਆਂ ਦੀ ਲਿੱਦ ਹਟਾਉਣ ਵਾਲਾ ਵੇਖ ਲਉ, ਕੋਈ ਭਾਂਡੇ ਮਾਂਜਣ ਵਾਲਾ ਵੇਖ ਲਉ ਜਾਂ ਕੋਈ ਲੰਗਰ ਵਾਸਤੇ ਲਕੜੀਆਂ ਆਦਿਕ ਲਿਆਉਣ ਵਾਲਾ ਵੇਖ ਲਵੋ। ਕਿਸੇ ਇਹੋ ਜਿਹੇ ਸਿੱਖ ਨੂੰ ਇਹ ਬਖ਼ਸ਼ ਦਿਉ। ੪੧।

***ਕਪੂਰ ਸਿੰਘ ਥੋ ਟਹਲ ਕਮਾਵਤ॥*** ਸ੍ਰੀ ਅਕਾਲ ਤਖ਼ਤ ਦੀਵਾਨ ਲੱਗਾ ਹੋਇਆ ਸੀ, ਭਾਈ ਕਪੂਰ ਸਿੰਘ ਜੀ ਸੇਵਾ ਕਰ ਰਹੇ ਸਨ।

***ਦੌੜ ਦੌੜ ਥੋ ਪਖ ਝਲਾਵਤ॥*** ਕਪੂਰ ਸਿੰਘ ਚੜ੍ਹਦੀ ਕਲਾ ਦਾ ਜਵਾਨ ਸੀ, ਪੱਚੀ ਕੁ ਸਾਲ ਦੀ ਉਮਰ ਸੀ ਉਦੋਂ, ਗਰਮੀ ਦਾ ਮੌਸਮ ਸੀ, ਦੀਵਾਨ ਵਿਚ ਦੌੜ-ਦੌੜ ਕੇ ਸਿੰਘਾਂ ਨੂੰ ਪੱਖਾ ਝੱਲ ਰਹੇ ਸਨ।

***ਉਨ ਝਲੀ ਤੇਗ ਥੀ ਸਨਮੁਖ ਕੱਲੈ॥*** ਕਿਤੇ ਇਕੱਲੇ ਤੁਰੇ ਆਉਂਦਿਆਂ ਤੋਂ ਤੁਰਕਾਂ ਨਾਲ ਟਾਕਰਾ ਹੋ ਗਿਆ, ਭਾਈ ਕਪੂਰ ਸਿੰਘ ਸਨਮੁਖ ਹੋ ਕੇ ਲੜਿਆ ਸੀ, ਭੱਜਿਆ ਨਹੀਂ ਸੀ, ਜ਼ਖ਼ਮ ਤੇਗ ਦਾ ਤਾਹੀਓਂ ਲੱਗਿਆ ਹੋਇਆ ਸੀ ਮੂੰਹ 'ਤੇ, ਇਕੱਲੇ ਨੇ ਦੁਸ਼ਮਣਾਂ ਦੀਆਂ ਤੇਗਾਂ ਸਾਹਮਣੇ ਹੋ ਕੇ ਝੱਲੀਆਂ ਸਨ।

***ਐਸ ਸਜੀ ਜਨ ਸਸਿ ਮ੍ਰਿਗ ਛੱਲੈ॥ ੪੨॥*** ਜਿਹੜਾ ਸਿੰਘ ਬਹੁਤੇ ਫੱਟ ਖਾਵੇ, ਲੜਾਈ ਬਹੁਤੀ ਲੜੇ, ਓਸ ਸਿੰਘ ਨੂੰ ਸ਼ਾਬਾਸ਼ ਮਿਲਦੀ ਸੀ, ਉਸੇ ਨੂੰ ਸ਼ਾਬਾਸ਼ ਖਾਲਸਾ ਪੰਥ ਦਿੰਦਾ ਸੀ, ਯੋਧਾ ਸਿੰਘ ਹੈ, ਤੁਰਕਾਂ ਨਾਲ ਮੈਦਾਨ ਵਿਚ ਲੜਿਆ ਹੈ। ਕਪੂਰ ਸਿੰਘ ਨੂੰ ਲੜਾਈ ਵਿਚ ਤਲਵਾਰ ਦਾ ਤਾਜ਼ਾ ਹੀ ਜ਼ਖ਼ਮ ਲੱਗਾ ਹੋਇਆ ਸੀ ਮੂੰਹ 'ਤੇ, ਜ਼ਖ਼ਮ ਇਉਂ ਸਜ ਰਿਹਾ ਸੀ, ਜਿਵੇਂ ਚੰਦ੍ਰਮਾ ਵਿਚ ਮ੍ਰਿਗਛਾਲਾ ਦਾ ਚਿੰਨ੍ਹ। ੪੨।

***ਜ਼ਖ਼ਮ ਕਚੋ ਥੋ ਲਗਯੋ ਤਤਕਾਲ॥*** ਉਸੇ ਸਮੇਂ ਹੀ ਕਿਤੇ ਇਕ ਅੱਧੇ ਦਿਨ ਦਾ ਜ਼ਖ਼ਮ ਲੱਗਾ ਹੋਇਆ ਸੀ, ਅਜੇ ਕੱਚਾ ਹੀ ਸੀ ਜ਼ਖ਼ਮ।

***ਕਹੈਂ ਦੇਖ ਉਸ ਸਿੰਘ 'ਨਿਹਾਲ'॥*** ਉਸ ਜ਼ਖ਼ਮ ਨੂੰ ਦੇਖ ਕੇ ਸਿੰਘ ਕਹਿੰਦੇ ਹਨ, ਸਿੰਘਾ ਨਿਹਾਲ ਹੋ ਗਿਆ ਹੈਂ ਤੂੰ।

***ਉਹੀ ਬਚਨ ਖਾਲਸੈ ਕੋ ਫੁਰਯੋ॥*** ਓਹੀ ਬਚਨ ਖਾਲਸੇ ਪੰਥ ਨੂੰ ਫੁਰ ਆਇਆ।

***ਆਇ ਸਮਾਂ ਸਭ ਸਿੰਘ ਕੇ ਜੁਰਯੋ॥ ੪੩॥*** ਜਦੋਂ ਕਿਸੇ ਸਿੰਘ ਦੀ ਚੜ੍ਹਦੀ ਕਲਾ ਹੋਣੀ, ਤਾਂ ਪੰਥ ਦੀ ਮਿਹਰ ਦੀ ਨਜ਼ਰ ਹੋ ਜਾਂਦੀ ਹੈ ਉਸ 'ਤੇ, ਹੁਣ ਉਹ ਸਮਾਂ ਆ ਜੁੜਿਆ ਹੈ, ਭਾਈ ਕਪੂਰ ਸਿੰਘ 'ਤੇ ਪੰਥ ਨੇ ਮਿਹਰ ਦੀ ਨਿਗਾਹ ਕੀਤੀ। ੪੩।

***ਦੋਹਰਾ॥ ਤਹਾਂ ਸਿੰਘ ਇਕ ਆਪਨੋ ਪੜ੍ਹਤ ਬਾਣੀ ਗੁਰ ਲਾਲ॥*** ਗੁਰੂ ਕਾ ਲਾਲ ਇਕ ਸਿੰਘ ਸ੍ਰੀ ਅਕਾਲ ਤਖ਼ਤ

'ਤੇ ਇੱਕ ਪਾਸੇ ਹੋ ਕੇ ਗੁਰਬਾਣੀ ਦਾ ਨਿਤਨੇਮ ਕਰ ਰਿਹਾ ਸੀ।

***'ਟਹਲ ਮਹਲ ਤਾਕਉ ਮਿਲੈ, ਜਾ ਕਉ ਸਾਧ ਕ੍ਰਿਪਾਲ' ॥ ੪੪ ॥*** ਬਾਣੀ ਪੜ੍ਹਦਿਆਂ-ਪੜ੍ਹਦਿਆਂ ਇਹ ਤੁਕ ਆ ਗਈ ਸੀ ਕਿ (ਟਹਲ) ਸੇਵਾ ਤੋਂ ਹੀ (ਮਹਲ) ਰੁਤਬਾ ਪ੍ਰਾਪਤ ਹੁੰਦਾ, ਜਿਸ 'ਤੇ ਸਾਧੂ, ਗੁਰੂ ਕ੍ਰਿਪਾਲੂ ਹਨ। ੪੪।

***ਚੌਪਈ॥ ਸਿੰਘ ਕਪੂਰ ਝਲੈ ਪੱਖੋ ਥੋਈ॥*** ਭਾਈ ਕਪੂਰ ਸਿੰਘ ਜੀ ਅੱਗੇ ਪੰਥ ਨੂੰ ਪੱਖਾ ਝੱਲ ਰਹੇ ਸਨ।

***ਕ੍ਰਿਪਾ ਨਜ਼ਰ ਪੰਥ ਉਸ ਵਲ ਹੋਈ॥*** ਉਹਦੇ ਵੱਲ ਪੰਥ ਦੀ ਕ੍ਰਿਪਾ-ਦ੍ਰਿਸ਼ਟੀ ਹੋ ਗਈ, ਮਿਹਰ ਦੀ ਨਿਗਾਹ ਹੋ ਗਈ ਹੈ ਖਾਲਸੇ ਵਲੋਂ।

***ਅਵਾਜ਼ ਅਕਾਲੋਂ ਪੰਥਹਿ ਸੁਨ ਪਾਈ॥*** ਅਤੇ ਜਦੋਂ ਸਿੰਘ ਨੇ ਇਹ ਗੁਰਬਾਣੀ ਦੀ ਤੁਕ ਪੜ੍ਹੀ, ਅਕਾਲ ਤਖ਼ਤ ਤੋਂ ਇਕ ਮੁਖੀਆ ਸਿੰਘ ਬੋਲਿਆ, ਖਾਲਸਾ ਜੀ! ਆਹ ਦੇਖੋ ਬਾਣੀ ਦੀ ਤੁਕ ਕੀ ਕਹਿ ਰਹੀ ਹੈ, ਜਦੋਂ ਅਕਾਲੀ ਬਾਣੀ ਦੀ ਅਵਾਜ਼ ਖਾਲਸੇ ਨੇ ਸੁਣੀ।

***'ਗੁਰੂ ਗ੍ਰੰਥ ਬਚ ਮੰਨ ਲਿਹੁ ਭਾਈ' ॥ ੪੫ ॥*** ਇਹ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਹੈ, ਇਸ ਨੂੰ ਮੰਨ ਲਉ ਭਾਈ। ੪੫।

***ਟਹਲ ਕਰਤ ਇਸ ਮਹਲ ਪੁਚਾਵੋ॥*** ਇਹ ਖਾਲਸੇ ਪੰਥ ਦੀ ਟਹਿਲ ਕਰ ਰਿਹਾ ਹੈ, ਇਸ ਨੂੰ ਉੱਚੀ ਪਦਵੀ ਦਿਓ ਖਾਲਸਾ ਜੀ!

***ਕਪੂਰ ਸਿੰਘ ਕੋ ਸਿਰੋਪਾਉ ਪਹਿਰਾਵੋ॥*** ਨਵਾਬੀ ਦਾ ਸਿਰੋਪਾਉ ਭਾਈ ਕਪੂਰ ਸਿੰਘ ਨੂੰ ਪਹਿਨਾਓ ਖਾਲਸਾ ਜੀ, ਇਉਂ ਬਚਨ ਹੋ ਗਿਆ ਹੈ ਸਿੰਘ ਦਾ।

***ਕਹਯੋ ਪੰਥ, 'ਚਕੋ ਸਿੰਘ ਭੁਜੰਗੀ' ॥*** ਤਾਂ ਖਾਲਸੇ ਪੰਥ ਨੇ ਹੁਕਮ ਕੀਤਾ ਕਿ ਭੁਜੰਗ ਸਿੰਘਾ! ਉਠਾ ਭਾਈ ਪੁਸ਼ਾਕ ਨਵਾਬੀ ਦੀ।

***ਕਰ ਕਰ ਕੁਨਸ ਉਨ ਆਖੀ ਚੰਗੀ॥ ੪੬ ॥*** ਖਾਲਸੇ ਨੂੰ ਨਮਸ਼ਕਾਰ ਕਰਕੇ ਉਸ ਸਿੰਘ ਨੇ ਸੋਹਣਾ ਵਚਨ ਆਖਿਆ । ੪੬।

***ਪੰਜ ਭੁਜੰਗੀਅਨ ਚਰਨੀ ਛੁਹਾਇ॥*** ਪੰਜ ਸਿੰਘਾਂ ਦੇ ਚਰਨਾਂ ਨਾਲ ਇਹ ਨਵਾਬੀ ਦੀ ਪੁਸ਼ਾਕ ਛੁਹਾ ਕੇ।

***ਧਰੋ ਸੀਸ ਮੋਹਿ ਪਵਿਤ੍ਰ ਕਰਾਇ॥*** ਪਵਿੱਤਰ ਕਰਕੇ ਸਿਰੋਪਾਉ ਮੇਰੇ ਸੀਸ 'ਤੇ ਰੱਖੋ ਖਾਲਸਾ ਜੀ।

***ਪੰਜ ਭੁਜੰਗੀਅਨ ਚਰਨ ਬਲ ਪਾਈ॥*** ਪੰਜਾਂ ਸਿੰਘਾਂ ਦੇ ਚਰਨਾਂ ਦਾ ਬਲ ਪਾ ਕੇ।

***ਸਿੰਘ ਸਸੋ ਹੁਇ, ਪ੍ਰਬਤ ਭਏ ਰਾਈ॥ ੪੭ ॥*** (ਸਸੋ) ਸਹੇ, ਖਰਗੋਸ਼, ਤੋਂ ਸ਼ੇਰ ਹੋ ਜਾਂਦਾ ਹੈ, ਰਾਈ ਤੋਂ ਪਹਾੜ ਹੋ ਜਾਂਦਾ ਹੈ, ਐਨਾ ਬਲ ਦੱਸਿਆ ਸਿੰਘਾਂ ਦੇ ਚਰਨਾਂ ਦਾ। ੪੭।

***ਬਾਜਨ ਕੋ ਚਿਰੀਆਂ ਤੋਰ ਖਾਹਿਂ॥*** ਬਾਜਾਂ ਨੂੰ ਚਿੜੀਆਂ ਤੋੜ ਖਾਂਦੀਆਂ ਹਨ।

***ਪਾਵੈ ਖਾਲਸੋ ਬਲ ਜਿਹ ਮਾਂਹਿ॥*** ਖਾਲਸਾ ਪੰਥ ਜਿਸ ਦੇ ਵਿਚ ਬਲ ਪਾ ਦੇਵੇ, ਖਾਲਸੇ ਦੇ ਚਰਨੀਂ ਜਿਹੜਾ ਲੱਗ ਜਾਵੇ, ਭਾਵ ਜਿਹੜੇ ਗਿੱਦੜ ਬਿਰਤੀ ਲੋਕ ਮਿਲਦੇ ਨੇ, ਕਮਜ਼ੋਰ ਮਿਲਦੇ ਨੇ, ਉਹ ਵੀ ਸ਼ੇਰਾਂ ਦੀ ਨਿਆਈਂ ਹੋ ਜਾਂਦੇ ਨੇ। ਇਹ ਖਾਲਸਾ ਪੰਥ ਦੇ ਚਰਨਾਂ ਦਾ ਬਲ ਦੱਸਿਆ ਹੈ ਕਿ ਇਤਨਾ ਪ੍ਰਤਾਪੀ ਖਾਲਸਾ ਹੁੰਦਾ ਹੈ।

***ਹੋਇ ਪ੍ਰਸੰਨ ਬਿਧ ਖਾਲਸੈ ਕਰੀ॥*** ਖਾਲਸੇ ਨੇ ਪ੍ਰਸੰਨ ਹੋ ਕੇ ਬਿਧੀ ਕੀਤੀ ਨਵਾਬੀ ਦੀ ਪੁਸ਼ਾਕ ਪੰਜਾਂ ਸਿੰਘਾਂ ਦੇ ਚਰਨਾਂ ਨੂੰ ਲਾਈ।

***ਪੁਸ਼ਾਕ ਨਿਬਾਬੀ ਕਪੂਰ ਸਿੰਘ ਸਿਰ ਧਰੀ॥ ੪੮ ॥*** ਨਵਾਬੀ ਦੀ ਖਿੱਲਤ ਭਾਈ ਕਪੂਰ ਸਿੰਘ ਦੇ ਸਿਰ 'ਤੇ ਰੱਖੀ। ੪੮।

## (ਨਵਾਬ ਕਪੂਰ ਸਿੰਘ ਨੇ ਖਾਲਸੇ ਦੇ ਪੰਜ ਜਥੇ ਬਣਾਏ)

***ਦੋਹਰਾ॥ ਕਪੂਰ ਸਿੰਘ ਨਿਬਾਬੀ ਭਈ, ਤੌ ਸਿੰਘਨ ਵਧਯੋ ਪ੍ਰਤਾਪ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਦੋਂ ਭਾਈ ਕਪੂਰ ਸਿੰਘ ਜੀ ਨੂੰ ਨਵਾਬੀ ਦੀ ਖ਼ਿੱਲਤ ਪਹਿਨਾ ਦਿੱਤੀ, ਇਨ੍ਹਾਂ ਦੀ ਨਵਾਬੀ ਵੇਲੇ, ਤਦੋਂ ਖਾਲਸੇ ਦਾ ਬਹੁਤ ਪ੍ਰਤਾਪ ਵਧਿਆ ਹੈ। ਖਾਲਸਾ ਜੀ ਬੁੱਢੇ ਦਲ ਦੇ ਤੀਜੇ ਜਥੇਦਾਰ ਸਨ।

***ਤੁਰਕ ਖੁਸ਼ਾਮਦ ਬਹੁ ਕਰੈਂ, ਟਕੇ ਦਏਂ ਘਲ ਆਪ॥ ੧॥*** ਤੁਰਕ ਖਾਲਸੇ ਦੀ ਬੜੀ ਖੁਸ਼ਾਮਦ ਕਰਦੇ ਹਨ, ਜਿਹੜਾ ਖਾਲਸੇ ਨੇ ਤੁਰਕਾਂ ਤੋਂ ਰੁਜ਼ੀਨਾਂ ਲੈਣਾ ਕਰਿਆ ਸੀ, ਉਹ ਆਪਣੇ ਆਪ ਹੀ, ਬਿਨਾਂ ਪੁੱਛੇ ਤੋਂ, ਬਿਨਾਂ ਸੱਦੇ ਤੋਂ, ਲਿਆ ਕੇ ਸ੍ਰੀ ਅੰਮ੍ਰਿਤਸਰ ਖਾਲਸੇ ਦੇ ਹਾਜ਼ਰ ਕਰਦੇ ਸਨ। ੧।

***ਚੌਪਈ॥ ਪੰਥ ਓਲੈ ਸੁਖ ਅਸਲਮ ਖਾਂ ਪਾਯੋ॥*** ਪੰਥ ਦਾ ਓਲ੍ਹਾ ਲੈ ਕੇ, ਪੰਥ ਦਾ ਆਸਰਾ ਲੈ ਕੇ ਲਹੌਰ ਦੇ ਸੂਬੇ ਅਸਲਮ ਖ਼ਾਂ ਨੇ ਸੁਖ ਪ੍ਰਾਪਤ ਕੀਤਾ ਹੈ, ਕਿਉਂਕਿ ਇਹ ਬਾਦਸ਼ਾਹੀ ਮਾਮਲਾ ਵੀ ਉਗਰਾਹੁਣ ਲੱਗ ਪਿਆ ਹੈ। ਸਿੰਘ ਏਥੇ ਬੈਠੇ ਬੈਠਾਏ ਮਾਮਲਾ ਲੈ ਲੈਂਦੇ ਹਨ, ਹੁਣ ਲੁੱਟ-ਮਾਰ ਬੰਦ ਕਰ ਦਿੱਤੀ ਹੈ ਖਾਲਸੇ ਨੇ, ਉਹ ਵੀ ਸੁਖ ਲੈਂਦੇ ਹਨ।

***ਟਕੇ ਬਚੇ ਮਧ ਲਹੌਰ ਬਹਾਯੋ॥*** ਹੁਣ ਟਕੇ ਦੇਣੇ ਵੀ ਬਚ ਗਏ ਹਨ ਅਤੇ ਲਹੌਰ ਵਿਚ ਟਿਕ ਕੇ ਬੈਠ ਗਿਆ ਹੈ, ਅਸਲਮ ਖਾਂ ਸਰਕਾਰੀ ਮਾਮਲਾ ਵੀ ਦਿੱਲੀ ਨੂੰ ਦੇਣੋ ਹਟ ਗਿਆ ਹੈ।

***ਪੰਥਹਿ ਕੀ ਵਹਿ ਘੂਰ ਘਲਾਵੈ॥*** ਪੰਥ ਇਸ ਤੋਂ ਘੂਰ ਕੇ, ਓ ਤੁਰਕਾਂ! ਮਾਮਲਾ ਨਹੀਂ ਆਇਆ, ਛੇਤੀ ਕਰ, ਨਹੀਂ ਤਾਂ ਫੇਰ ਖਾਲਸਾ ਲੱਗਿਆ ਹੀ ਹੱਥ ਖੋਲ੍ਹਣ, ਇਉਂ ਪੰਥ ਲਹੌਰ ਦੇ ਸੂਬੇਦਾਰ ਨੂੰ ਘੂਰ ਦਿੰਦਾ ਹੈ ਤੇ ਅਸਲਮ ਖ਼ਾਂ ਅੱਗੋਂ ਕਹਿੰਦਾ, ਲਉ ਮਹਾਰਾਜ ਜੀ! ਹੁਣੇ ਆਏ ਦੇਰੀ ਹੋ ਗਈ ਹੈ, ਗੁਸਤਾਖ਼ੀ ਦੀ ਮੁਆਫੀ ਦਿਉ, ਇਉਂ ਮੁਆਫੀਆਂ ਮੰਗਦਾ ਹੈ ਅਤੇ ਖਾਲਸਾ ਪੰਥ ਨੂੰ ਘੂਰ ਵਜੋਂ ਟਕੇ ਭੇਜਦਾ ਹੈ।

***ਬਲਾਇ ਬੁਰੀ ਵਹਿ ਪੰਥ ਬਤਾਵੈ॥ ੨॥*** ਜੇ ਕੋਈ ਪੁੱਛਦਾ ਹੈ, ਨਵਾਬ ਸਾਹਿਬ ਤੁਸੀਂ ਇਹਨਾਂ ਨੂੰ ਛਿਆਨੀ ਕਿਉਂ ਭਰਦੇ ਹੋ? ਤਾਂ ਅੱਗੋਂ ਕਹਿੰਦਾ ਹੈ, ਬੁਰੀ ਬਲਾ ਨੇ ਇਹ, ਤੂੰ ਸ਼ੁਕਰ ਕਰ ਇਹਨਾਂ ਨੂੰ ਦਿੱਤਿਆਂ ਤੋਂ ਜਾਨ ਸੌਖੀ ਹੈ। ੨।

***ਬਾਰਾਂ ਪਿੰਡ ਦਏ ਜਗੀਰ ਲਿਖਾਈ॥*** ਸ੍ਰੀ ਅੰਮ੍ਰਿਤਸਰ ਦੇ ਬਾਰ੍ਹਾਂ ਪਿੰਡਾਂ ਦੀ ਜਗੀਰ ਲਿਖਾ ਕੇ।

***ਗੁਰੂ ਚੱਕ ਸਿਉਂ ਦਏ ਲਗਾਈ॥*** (ਗੁਰੂ ਚੱਕ) ਸ੍ਰੀ ਅੰਮ੍ਰਿਤਸਰ ਦੇ ਨਾਮ ਲਿਖਵਾ ਦਿੱਤੀ ਹੈ ਬਾਰ੍ਹਾਂ ਪਿੰਡਾਂ ਦੀ ਜਗੀਰ।

***ਕਹੈ, 'ਸਿੰਘ ਮੈਂ ਰਖੇ ਪਰਚਾਇ॥*** ਓਧਰ ਦਿੱਲੀ ਦੇ ਪਾਤਸ਼ਾਹ ਨੂੰ ਕਹਿੰਦਾ ਨਵਾਬ ਕਿ ਮੈਂ ਸਿੰਘਾਂ ਨੂੰ ਪਰਚਾ ਕੇ ਰੱਖਿਆ ਹੋਇਆ ਹੈ। ਹੁਣ ਇਹ ਲੁੱਟ-ਮਾਰ ਬੰਦ ਕਰਦੇ ਜਾਂਦੇ ਨੇ, ਹੁਣ ਅੱਗੇ ਨੂੰ ਮਾਮਲਾ ਸ਼ਾਇਦ ਉਗਰਾਹੁਣਾਂ ਸ਼ੁਰੂ ਹੋ ਜਾਏ।

***ਜੇਊ ਹੁਤੇ ਥੇ ਬੁਰੀ ਬਲਾਇ' ॥ ੩॥*** ਇਹ ਜਿਹੜੇ ਬੁਰੀ ਬਲਾ ਸਨ, ਜਿਨ੍ਹਾਂ ਦਾ ਕੋਈ ਟਾਕਰਾ ਨਹੀਂ ਸੀ ਕਰ ਸਕਦਾ। ੩।

***ਟਕੇ ਮਹੀਨਾਂ ਅੱਗੇ ਲੇਹਿ॥*** ਇਹ ਟਕੇ ਮਹੀਨਾਂ ਪਹਿਲਾਂ ਹੀ ਲੈਂਦੇ ਹਨ, ਮਹੀਨਾਂ ਲੰਘੇ ਤੋਂ ਬਾਅਦ ਨਹੀਂ, ਮਹੀਨਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਲੈਂਦੇ ਹਨ।

***ਤੌ ਮੁਲਖਈਏ ਦੁਖ ਨ ਦੇਹਿ॥*** ਫੇਰ ਕਿਸੇ ਮੁਲਖ ਵਾਲੇ ਨੂੰ ਦੁਖ ਨਹੀਂ ਦਿੰਦੇ ਹਨ ਜੇ ਉਸ ਦੇ ਵਿਚ ਦੇਰ ਹੋਵੇ, ਤਦ ਲੁੱਟ-ਮਾਰ ਸ਼ੁਰੂ ਕਰ ਦੇਂਦੇ ਹਨ। ਉਸੇ ਸਮੇਂ ਹੀ ਮਾਮਲਾ ਉਗਰਾਹੁਣਾ ਸ਼ੁਰੂ ਕਰ ਦਿੰਦੇ ਹਨ।

***ਹਮਰੀ ਉਨਕੀ ਐਸੀ ਪ੍ਰੀਤ॥*** ਸਾਡਾ ਤੇ ਉਹਨਾਂ ਦਾ ਇਹੋ ਜਿਹਾ ਪਿਆਰ ਹੈ।

***ਬਰੂਦ ਅਗਨ ਕੀ ਜੈਸੀ ਰੀਤਿ॥ ੪॥*** ਜਿਵੇਂ ਬਰੂਦ ਦੀ ਤੇ ਅੱਗ ਦੀ ਰੀਤੀ ਹੈ, ਭਾਵ ਬਰੂਦ ਦੇ ਅੱਗ ਨੂੰ ਛੋਹਦਿਆਂ ਹੀ ਧਮਾਕਾ ਹੋ ਜਾਂਦਾ ਹੈ। ੪।

***ਜੇਕਰ ਆਵੈਂ ਮੇਰੇ ਦਾਇ॥*** ਚੱਲ ਕੋਈ ਨਹੀਂ, ਮੈਂ ਵੀ ਦਾਉ ਉੱਤੇ ਹਾਂ, ਜਦੋਂ ਕਿਤੇ ਮੇਰੇ ਦਾਉ ਹੇਠਾਂ ਆ ਗਿਆ ਨਾ ਖਾਲਸਾ ਪੰਥ।

***ਬੰਦੈ ਜਿਮ ਦੇਊਂ ਅਲਖ ਮਿਟਾਇ॥*** ਜਿਵੇਂ ਬੰਦੇ ਬਹਾਦਰ ਨੂੰ ਮੈਂ ਦਿੱਲੀ ਭੇਜ ਦਿੱਤਾ ਸੀ ਬੰਨ੍ਹ ਕੇ, ਇਹਨਾਂ ਦੀ ਵੀ ਮੈਂ ਅਲਖ ਮਿਟਾ ਦੇਊਂਗਾ, ਖਾਲਸੇ ਪੰਥ ਨੂੰ ਮੈਂ ਖ਼ਤਮ ਕਰ ਦੇਣਾ ਹੈ।

***ਦਈ ਨਿਬਾਬੀ ਕਰਨਿ ਪਿਜਾਇ॥*** ਨਵਾਬ ਦਿੱਲੀ ਨੂੰ ਲਿਖ ਰਿਹਾ ਹੈ ਕਿ ਨਵਾਬੀ ਤਾਂ ਖਾਲਸੇ ਨੂੰ ਪਿਜਾਉਣ ਵਾਸਤੇ ਮੇਰੇ 'ਤੇ ਭਰੋਸਾ ਕਰ ਜਾਣਗੇ ਤਾਂ ਦਿੱਤੀ ਹੈ।

***ਉਸ ਫੜ ਲਯਾਵੋਂ ਤੁਮਰੇ ਦਾਇ॥ ੫॥*** ਜਦੋਂ ਕਪੂਰ ਸਿੰਘ ਮੇਰੇ ਦਾਉਂ ਹੇਠ ਆ ਗਿਆ, ਉਦੋਂ ਹੀ ਫੜ ਕੇ, ਲਿਆ ਕੇ ਤੁਹਾਡੇ ਪੇਸ਼ ਕਰ ਦਿਆਂਗਾ। ੫।

***ਦੋਹਰਾ॥ ਸ਼ਾਹਿ ਕਹੀ, ਜਿਮ ਨੇਕ ਹੁਇ ਤਿਮ ਹੀ ਲਓ ਬਣਾਇ॥*** ਬਾਦਸ਼ਾਹ ਕਹਿਣ ਲੱਗਾ, ਲਹੌਰ ਦੇ ਨਵਾਬ ਨੂੰ, ਜਿਵੇਂ ਠੀਕ ਹੋਵੇ, ਤੂੰ ਤਾਂ ਇਹਨਾਂ ਦੇ ਨੇੜੇ ਰਹਿੰਦਾ ਹੈਂ, ਤੂੰ ਓਵੇਂ ਹੀ ਬਣਾ ਲੈ ਇਹਨਾਂ ਨਾਲ, ਓਵੇਂ ਪਰਚਾਅ ਕੇ ਰੱਖ ਇਹਨਾਂ ਨੂੰ।

***ਹਮ ਮੁਖਤਯਾਰੀ ਤੁਝ ਦਈ, ਤੁਝ ਤੇ ਕੌਣ ਦਨਾਇ॥ ੬॥*** ਹੁਣ ਓਧਰੋਂ ਦਿੱਲੀ ਵੱਲੋਂ ਖੁੱਲ੍ਹ ਕਰਵਾ ਲਈ ਹੈ, ਦਿੱਲੀ ਦਾ ਬਾਦਸ਼ਾਹ ਕਹਿੰਦਾ ਹੈ ਨਵਾਬ ਲਹੌਰ ਨੂੰ ਕਿ ਮੈਂ ਤਾਂ ਮੁਖਤਿਆਰੀ ਹੀ ਤੈਨੂੰ ਦੇ ਦਿੱਤੀ ਹੈ, ਤੇਰੇ ਨਾਲੋਂ ਕਿਹੜਾ ਸਿਆਣਾ ਹੈ, ਤੂੰ ਤਾਂ ਬੰਦੇ ਨੂੰ ਵੀ ਵੱਸ ਕਰ ਲਿਆ ਅਤੇ ਸਿੰਘਾਂ ਨੂੰ ਵੀ ਆਪਣੇ ਦਾਉ ਹੇਠ ਲੈ ਲਿਆ ਹੈ, ਭਾਵ ਪ੍ਰਤਿਆ ਲਿਆ ਹੈ, ਤੇਰੇ ਨਾਲੋਂ ਸਿਆਣਾਂ ਕੋਈ ਨਹੀਂ ਦਿਸਦਾ। ੬।

***ਚੌਪਈ॥ ਫੇਰ ਬਾਤ ਸਿੰਘਨ ਪਰ ਆਈ॥*** ਹੁਣ ਗੱਲ ਫੇਰ ਖਾਲਸੇ 'ਤੇ ਆ ਗਈ।

***ਸੁਨੋਂ ਸੰਤ ਔ ਗੁਰਮੁਖ ਭਾਈ॥*** ਹੇ ਗੁਰਮੁਖੋ! ਹੇ ਸੰਤ ਜਨੋਂ! ਹੇ ਭਾਈਓ! ਸੁਣੋ ਅੱਗੇ ਸਾਖੀ।

***ਪੰਥ ਡੇਰਾ ਆਇ ਗੁਰ ਚੱਕ ਪਾਯੋ॥*** ਪੰਥ ਖਾਲਸੇ ਨੇ (ਗੁਰੂ ਚਕੱ) ਸ੍ਰੀ ਅੰਮ੍ਰਿਤਸਰ ਵਿਚ ਡੇਰਾ ਪਾਇਆ ਹੋਇਆ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਬੈਠੇ ਹਨ।

***ਨਿਤ ਨਿਤ ਖਾਲਸੋ ਹੁਵੈ ਸਵਾਯੋ॥ ੭॥*** ਨਿਤਾਪ੍ਰਤੀ ਖਾਲਸਾ ਦੂਣ ਸਵਾਇਆ ਹੋ ਰਿਹਾ ਹੈ, ਰੋਜ਼ ਨਵੇਂ ਸਿੰਘ ਆ ਆ ਕੇ ਅੰਮ੍ਰਿਤ ਛਕਦੇ ਹਨ, ਸਿੰਘ ਸਜਦੇ, ਸਿੱਖੀ ਦਾ ਬੜਾ ਹੀ ਪ੍ਰਚਾਰ ਹੋ ਰਿਹਾ ਹੈ। ੭।

***ਨਿਤਪ੍ਰਤਿ ਆਵਹਿਂ ਟਕੇ ਲਹੌਰ॥*** ਰੋਜ਼ਾਨਾ ਹੀ ਲੰਗਰ ਆਦਿਕ ਵਾਸਤੇ ਲਹੌਰ ਤੋਂ ਟਕੇ ਆਉਂਦੇ ਹਨ ਅਤੇ ਰਸਦ ਵਸਦ ਵੀ ਆਉਂਦੀ ਹੈ।

***ਨਿਬਾਬ ਵਰਤਾਵਹਿ ਪੰਥਹਿ ਕੋਰ॥*** ਪੰਥ ਦੇ ਨਵਾਬ ਭਾਈ ਕਪੂਰ ਸਿੰਘ ਜੀ ਵਰਤਾਉਂਦੇ ਹਨ, ਜਿਥੇ-ਜਿਥੇ ਲੰਗਰ ਚਲਦੇ ਹਨ, ਉਥੇ ਰਸਦਾਂ ਭੇਜਦੇ ਨੇ ਅਤੇ ਪੁਸ਼ਾਕ ਆਦਿਕ ਜਾਂ ਜਿਥੇ ਮਾਇਆ ਦੀ ਲੋੜ ਹੁੰਦੀ ਹੈ, ਸਭ ਨੂੰ ਪਹੁੰਚਦੀ ਕਰਦੇ ਹਨ।

***ਅਕਾਲ ਬੁੰਗੈ ਬਹਿ ਲਗੇ ਦਿਵਾਨ॥*** ਅਕਾਲ ਬੁੰਗਾ ਹੈ ਦੇਖੋ ਕਿੰਨੀ ਵਾਰੀ ਲਿਖਿਆ ਹੈ, ਹੁਣ ਆਪਾਂ ਤਖ਼ਤ ਤਖ਼ਤ ਕਰਦੇ ਹਾਂ, ਸੋ ਖਾਲਸਾ ਜੀ! ਅਕਾਲ ਬੁੰਗਾ ਹੈ, ਅਕਾਲ ਪੁਰਖ ਜੀ ਦਾ ਬੁੰਗਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਵਾਸ ਹੈ ਓਥੇ, ਕੋਠਾ ਸਾਹਿਬ ਬਣਿਆ ਹੋਇਆ ਹੈ ਬਹੁਤ ਸੁੰਦਰ। ਓਥੇ ਰੋਜ਼ ਹੀ ਦੀਵਾਨ ਸਜਦੇ ਹਨ, ਰੋਜ਼ ਖਾਲਸੇ ਪੰਥ ਦੀ ਇੱਕਤਰਤਾਈ ਹੁੰਦੀ ਹੈ।

***ਕਰੈਂ ਪ੍ਰਾਤਿ ਸਰ ਅੰਮ੍ਰਿਤ ਸ਼ਨਾਨ॥ ੮॥*** ਖਾਲਸਾ ਅੰਮ੍ਰਿਤ ਵੇਲੇ ਦਾ ਇਸ਼ਨਾਨ ਅੰਮ੍ਰਿਤ ਸਰੋਵਰ ਵਿਚ ਕਰਦਾ ਹੈ। ੮।

***ਕਪੂਰ ਸਿੰਘ ਪਰ ਕ੍ਰਿਪਾ ਪੰਥ ਕਰੀ॥*** ਨਵਾਬ ਕਪੂਰ ਸਿੰਘ ਜੀ 'ਤੇ ਖਾਲਸੇ ਪੰਥ ਨੇ ਕਿਰਪਾ ਕੀਤੀ ਹੈ।

***ਭਲੀ ਬੁਧਿ ਆਇ ਤਿਸ ਮੈਂ ਪਰੀ॥*** ਜਦ ਖਾਲਸੇ ਪੰਥ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਭਾਈ ਕਪੂਰ ਸਿੰਘ ਵਿਚ ਸ੍ਰੇਸ਼ਟ-ਬੁੱਧੀ ਪ੍ਰਵੇਸ਼ ਹੋਈ ਹੈ, ਭਾਵ ਸਾਨੂੰ ਸੰਭਾਲਣ ਵਾਲਾ ਬੜਾ ਦਾਨਾ ਜਥੇਦਾਰ ਮਿਲ ਗਿਆ ਹੈ।

**ਬਹੁਤ ਸਿੰਘਨ ਕੋ ਆਦਰ ਧਰੈ॥** ਖਾਲਸੇ ਪੰਥ ਦਾ ਪੁਰਾਤਨ ਸਿੰਘਾਂ ਦਾ ਕਪੂਰ ਸਿੰਘ ਬੜਾ ਮਾਣ, ਸਤਿਕਾਰ ਕਰਦੇ ਹਨ।

**ਬਿਨਾਂ ਪੁਛੇ ਪੰਥ ਗੱਲ ਨ ਕਰੈ॥ ੯॥** ਕੋਈ ਬਚਨ ਕਰਨਾ ਹੋਵੇ, ਪੰਥ ਨੂੰ ਸੱਦ ਕੇ ਪਹਿਲਾਂ ਦੀਵਾਨ ਲਗਾਉਂਦੇ ਹਨ, ਉਹ ਗੱਲ ਕਰਦੇ ਹਨ, ਜੋ ਸਰਬੱਤ ਖਾਲਸੇ ਨੂੰ ਮਨਜ਼ੂਰ ਹੋਵੇ। ੯।

**ਟਹਲ ਅਗੈ ਤੇ ਕਰੈ ਸਵਾਈ॥** ਸੇਵਾ ਅੱਗੇ ਨਾਲੋਂ ਵੀ ਦੂਣ-ਸਵਾਈ ਕਰਦੇ ਹਨ, ਲੰਗਰ ਦੀ ਸੇਵਾ, ਘੋੜਿਆਂ ਦੀ ਲਿੱਦ ਹਟਾਉਣ ਦੀ ਸੇਵਾ ਕਰਦੇ ਹਨ, ਭਾਈ ਕਪੂਰ ਸਿੰਘ ਜੀ।

**ਬਹੁਤ ਗਰੀਬੀ ਉਸ ਮਨ ਆਈ॥** ਨਵਾਬ ਕਪੂਰ ਸਿੰਘ 'ਤੇ ਜਿਸ ਵੇਲੇ ਕ੍ਰਿਪਾ-ਦ੍ਰਿਸ਼ਟੀ ਹੋਈ ਖਾਲਸੇ ਪੰਥ ਦੀ, ਤਾਂ ਉਸ ਦੇ ਮਨ ਵਿਚ ਬਹੁਤ ਗਰੀਬੀ ਆਈ ਹੈ, ਮਾਣ ਹੁੰਦੇ ਹੋਏ ਨਿਮਾਣੇ ਹੋ ਕੇ ਰਹਿੰਦੇ ਹਨ।

**ਜਿਮ ਜਿਮ ਪੰਥਹਿ ਟਹਿਲ ਕਮਾਵੈ॥** ਜਿਉਂ-ਜਿਉਂ ਭਾਈ ਕਪੂਰ ਸਿੰਘ ਜੀ ਖਾਲਸੇ ਪੰਥ ਦੀ ਟਹਿਲ ਸੇਵਾ ਕਰਦੇ ਹਨ।

**ਤਿਮ ਤਿਮ ਸਿੰਘ ਜੀ ਗੁਰਮਤ ਆਵੈ॥ ੧੦॥** ਤਿਉਂ-ਤਿਉਂ ਕਪੂਰ ਸਿੰਘ ਜੀ ਵਿਚ ਗੁਰੂ ਦੀ ਮਤਿ ਪ੍ਰਵੇਸ਼ ਕਰਦੀ ਹੈ। ੧੦।

**ਦੋਹਰਾ॥ ਟਕੋ ਜੁ ਆਵੈ ਇਤ ਉਤੈ ਸੋ ਧਰੈ ਦਿਵਾਨਹਿ ਪਾਸ॥** ਇਕ ਤਾਂ ਸਰਕਾਰੀ ਮਾਮਲਾ ਲੈਂਦਾ ਹੈ ਖਾਲਸਾ, ਇਕ ਐਧਰੋਂ-ਓਧਰੋਂ ਜੱਥੇ ਮਾਲ, ਧਨ ਲੈ ਕੇ ਆਉਂਦੇ, ਉਹ ਲਿਆ ਕੇ ਦੀਵਾਨ ਦਰਬਾਰਾ ਸਿੰਘ ਜੀ ਦੇ ਪਾਸ ਹਾਜ਼ਰ ਕਰਦੇ ਸਨ।

**ਦਿਵਾਨ ਬ੍ਰਤਾਵੈ ਖਾਲਸੈ ਕਰ ਕਰ ਨਿਤ ਅਰਦਾਸ॥ ੧੧॥** ਦੀਵਾਨ ਦਰਬਾਰਾ ਸਿੰਘ ਜੀ ਸੰਗਤਾਂ ਵੱਲੋਂ ਆਈ ਮਾਇਆ ਅਤੇ ਰਸਤ-ਵਸਤਾਂ ਨੂੰ ਅਰਦਾਸ ਕਰ-ਕਰ ਕੇ ਖਾਲਸੇ ਪੰਥ ਵਿਚ ਵਰਤਾਉਂਦੇ ਹਨ। ੧੧।

**ਚੌਪਈ॥ ਹਰੀ ਸਿੰਘ ਇਕ ਲਾਂਗਰੀ ਥੋਊ॥** ਨਵਾਬ ਕਪੂਰ ਸਿੰਘ ਦੇ ਸਮੇਂ ਵਿਚ ਇਕ ਭਾਈ ਹਰੀ ਸਿੰਘ ਨਾਮ ਦੇ ਇਕ ਲਾਂਗਰੀ ਸਿੰਘ ਸਨ।

**ਹਾਥ ਪਦਮ ਨਹਿੰ ਮੁਕੈ ਗਸੋਊ॥** ਉਸ ਦੇ ਹੱਥ ਵਿਚ ਪਦਮ ਸੀ, ਜਦੋਂ ਲੰਗਰ ਵਿਚ ਖੜ੍ਹਾ ਹੁੰਦਾ, ਜਿੰਨਾਂ ਮਰਜ਼ੀ ਵਰਤਾਈ ਜਾਵੇ, ਕੋਈ ਚੀਜ਼ ਮੁੱਕਦੀ ਨਹੀਂ ਸੀ, ਨਾ ਲੰਗਰ ਵਿਚ ਤੋਟ ਆਉਂਦੀ ਸੀ, ਨਾ ਕਿਸੇ ਹੋਰ ਪਦਾਰਥ ਵਿਚ, ਜਿੰਨਾਂ ਮਰਜ਼ੀ ਵਰਤਾਈ ਜਾਵੇ ਖਾਲਸੇ ਨੂੰ ਉਹ ਦੂਣ ਸਵਾਇਆ ਰਹਿੰਦਾ ਸੀ।

**ਦਾਣੈ ਦਾਰ ਕਰਯੋ ਜੱਸਾ ਸਿੰਘ ਬਾਲ॥** ਜੱਸਾ ਸਿੰਘ ਆਹਲੂਵਾਲੀਆ ਓਸ ਵੇਲੇ ਬੱਚਾ ਭਰਤੀ ਹੋਇਆ ਸੀ, ਪੰਥ ਵਿਚ, ਉਹ ਘੋੜਿਆਂ ਦਾ ਦਾਣਾ ਵਰਤਾਉਣ ਦਾ ਪਹਿਰੇਦਾਰ ਸੀ।

**ਆਹਲੂਵਾਲ ਜੁ ਹੁਤੋ ਕਲਾਲ॥ ੧੨॥** ਭਾਈ ਜੱਸਾ ਸਿੰਘ ਜੀ ਆਹਲੂਵਾਲ ਪਿੰਡ ਦਾ ਅਤੇ ਕਲਾਲਾਂ ਦੇ ਘਰ ਦਾ ਜਨਮ ਸੀ ਇਸ ਦਾ॥ ਮਾਤਾ ਸੁੰਦਰੀ ਜੀ ਨੇ ਇਸ ਨੂੰ ਕੀਰਤਨ ਸਿਖਾ ਕੇ ਪੰਥ ਵਿਚ ਸੇਵਾ ਕਰਨ ਵਾਸਤੇ ਘੱਲਿਆ ਸੀ। ਬਾਰ੍ਹਾਂ ਹਜ਼ਾਰ ਘੋੜੇ ਨੂੰ ਦਾਣਾ ਵਰਤਾਉਣ ਦੀ ਡਿਊਟੀ ਲੱਗੀ ਸੀ, ਜੱਸਾ ਸਿੰਘ ਆਹਲੂਵਾਲੀਏ ਦੀ। ੧੨।

**ਇਕ ਥਾਂ ਤੇ ਸਭ ਲੇਹੁ ਪੁਸ਼ਾਕ॥** ਸਾਰੇ ਸਿੰਘ ਇਕੋ ਥਾਂ ਤੋਂ ਵਰਦੀ ਪ੍ਰਾਪਤ ਕਰਦੇ ਸਨ, ਪੰਥ ਦੇ ਖ਼ਜਾਨੇ ਵਿੱਚੋਂ।

**ਇਕਹੀ ਥਾਇ ਸਭ ਦਵਹਿ ਰਾਖ॥** ਜੋ ਕੁਛ ਕੋਈ ਬਾਹਰੋਂ ਸਿੰਘ ਲੈ ਕੇ ਆਉਂਦਾ ਸੀ ਮਾਮਲਾ, ਉਹ ਇਕੋ ਥਾਂ ਗੁਰੂ ਕੇ ਖ਼ਜ਼ਾਨੇ ਵਿਚ ਪਾ ਦਿੱਤਾ ਜਾਂਦਾ ਸੀ।

**ਇੱਕ ਥਾਂਇ ਸਭ ਰਖਹਿ ਕਮਾਈ॥** ਜੋ ਵੀ ਕੋਈ ਸਿੰਘ ਕ੍ਰਿਤ, ਕਮਾਈ ਕਰਦੇ ਸਨ, ਉਹ ਇਕੋ ਥਾਂ ਜਮ੍ਹਾਂ ਹੁੰਦੀ ਸੀ।

**ਰਖੈ ਨਹੀਂ ਕੋਊ ਤਿਸੈ ਛਪਾਈ॥ ੧੩॥** ਕੋਈ ਵੀ ਸਿੰਘ ਆਪਣਾ ਵੱਖਰਾ ਧਨ ਛੁਪਾ ਕੇ ਨਹੀਂ ਸੀ ਰੱਖਦਾ। ੧੩।

**ਦੋਹਰਾ॥ ਤੋਪ ਰਹਕਲੈ ਸਿੰਘਨ ਪੈ ਸੋ ਤੋ ਚਕੇ ਨ ਜਾਂਹਿ॥** ਵੱਡੀਆਂ ਤੋਪਾਂ (ਰਹਿਕਲੇ)ਛੋਟੀਆਂ ਤੋਪਾਂ ਇਹ ਤਾਂ ਭਾਰੇ

ਹਨ, ਖਾਲਸੇ ਤੋਂ ਚੁੱਕੇ ਨਹੀਂ ਜਾਂਦੇ ਸਨ। ੧੩।

***ਜੰਬੂਰੈਂ, ਜੰਜਾਇਲੋਂ ਸੋ ਸਿੰਘ ਚਲੈਂ ਉਠਾਇ॥ ੧੪॥*** ਜੰਬੂਰੇ ਤੇ ਜੰਜਾਇਲਾਂ ਉਹ ਸਿੰਘਾਂ ਨੇ ਚੁੱਕ ਕੇ ਮੋਢਿਆਂ 'ਤੇ ਧਰ ਲਈਆਂ ਨੇ, ਜਿਹੜੇ ਵੱਡੇ-ਵੱਡੇ ਸਿੰਘ ਯੋਧੇ ਨੇ ਉਨ੍ਹਾਂ ਚੁੱਕ ਕੇ ਰੱਖ ਲਈਆਂ ਨੇ ਤੋਪਾਂ, ਵੱਡੀਆਂ ਤੋਪਾਂ ਰਹਿਣ ਦਿਉ ਅੰਮ੍ਰਿਤਸਰ ਹੀ। ੧੪।

***ਚੌਪਈ॥ ਕਪੂਰ ਸਿੰਘ ਸਿੰਘਨ ਕਹਿ ਦੀਓ॥*** ਨਵਾਬ ਕਪੂਰ ਸਿੰਘ ਨੇ ਸਿੰਘਾਂ ਨੂੰ ਕਹਿ ਦਿੱਤਾ ਹੈ।

***ਚੱਕਨ ਵਾਰਨ ਘਿਉ ਸੇਰ ਕੀਓ॥*** ਜੋ ਜੰਬੂਰੇ ਤੇ ਰਹਿਕਲਿਆਂ ਨੂੰ ਚੁੱਕਣ ਵਾਲੇ ਸਿੰਘ ਸਨ, ਉਨ੍ਹਾਂ ਦਾ ਸੇਰ-ਸੇਰ ਘਿਉ ਰੋਜ਼ ਦਾ ਕਰ ਦਿੱਤਾ ਹੈ, ਕਿਉਂਕਿ ਉਹਨਾਂ ਭਾਰੇ ਸ਼ਸਤ੍ਰਾਂ ਨੂੰ, ਤੋਪਾਂ ਨੂੰ ਕੌਣ ਚੁੱਕ ਸਕਦਾ ਹੈ, ਇਸ ਕਰਕੇ ਜਿਹੜੇ ਭਾਰੇ ਕੱਦਾਵਰ ਸਿੰਘ ਸਨ, ਉਹਨਾਂ ਦਾ ਕਿੱਲੋ-ਕਿੱਲੋ ਘਿਉ ਰੋਜ਼ ਦਾ ਬੰਨ੍ਹ ਦਿੱਤਾ ਹੈ।

***ਗੁਰਬਖ਼ਸ਼ ਸਿੰਘ ਹੁੰਦਿਲ ਹੁਤ ਝੀਤੈ ਗ੍ਰਾਮ॥*** ਝੀਤੇ ਪਿੰਡ ਦਾ ਹੁੰਦਲ ਗੋਤ ਦਾ ਗੁਰਬਖ਼ਸ਼ ਸਿੰਘ ਸੀ ਇਕ ਸਿੰਘ।

***ਸੌਂਪੇ ਜੰਬੂਰੇ ਤਿਸਕੇ ਨਾਮ॥ ੧੫॥*** ਉਹਨਾਂ ਦੇ ਨਾਮ ਜੰਬੂਰੇ, ਜਿਵੇਂ ਸ਼ਾਹੀ ਫ਼ੌਜ ਹੁੰਦੀ ਹੈ ਨਾ, ਇਉਂ ਜੰਬੂਰਿਆਂ ਵਾਲਿਆਂ ਦੀ ਕਮਾਂਡ ਗੁਰਬਖ਼ਸ਼ ਸਿੰਘ ਦੇ ਕੋਲ ਸੀ, ਇਹ ਤੁਸਾਂ ਚਲਵਾਉਣੇ ਹਨ। ੧੫।

***ਦੋਹਰਾ॥ ਜੋ ਨਿਸ ਸਿੰਘ ਬਾਹਿਰ ਰਹੈ, ਜੋ ਬਿਨ ਪੁਛੈ ਘਰ ਜਾਇ॥*** ਪੰਥ ਵਿੱਚੋਂ ਜਿਹੜਾ ਸਿੰਘ ਰਾਤ ਬਾਹਰ ਰਹਿ ਜਾਏ ਅਤੇ ਜੋ ਬਿਨਾਂ ਪੁੱਛੇ ਤੋਂ ਘਰ ਨੂੰ ਚਲਿਆ ਜਾਵੇ ਕਿ ਚਲੋ ਮਿਲ ਆਈਏ ਪੰਥ ਤੋਂ ਕੀ ਆਗਿਆ ਲੈਣੀ ਹੈ।

***ਸੋਊ ਖਾਲਸੈ ਨਹਿਂ ਰਲੈ ਬਿਨ ਲਾਈ ਤਨਖਾਹਿ॥ ੧੬॥*** ਜਦੋਂ ਸਿੰਘ ਦੂਜੇ ਦਿਨ ਸਵੇਰੇ ਖਾਲਸਾ ਪੰਥ ਵਿਚ ਹਾਜ਼ਰ ਹੁੰਦਾ ਹੈ, ਇਹ ਨਹੀਂ ਬਈ ਝਟ ਰਲ ਜਾਇਗਾ ਖਾਲਸੇ ਵਿਚ, ਬਿਨਾਂ ਤਨਖ਼ਾਹ ਲਾਈ ਤੋਂ ਉਹਨੂੰ ਰਲਣ ਨਹੀਂ ਦਿੰਦਾ ਖਾਲਸਾ, ਓਨਾਂ ਚਿਰ ਉਹ ਪਰ੍ਹੇ ਹੀ ਰਹੇਗਾ। ੧੬।

***ਚੌਪਈ॥ ਜੋ ਘਰ ਤੇ ਹੁਇ ਆਵੈ ਕੋਇ॥*** ਜੇ ਕੋਈ ਘਰ ਹੋ ਕੇ ਆਉਂਦਾ ਹੈ ਗੁਰੂ ਕਾ ਲਾਲ।

***ਬਖਸ਼ਾਇ ਰਲੈ ਖੜ ਆਪੇ ਸੋਇ॥*** ਉਹ ਆਪੇ ਹਾਜ਼ਰ ਹੁੰਦਾ ਹੈ, ਮੈਂ ਨਗਰ, ਪੰਥ ਦੀ ਬਿਨਾਂ ਆਗਿਆ ਤੋਂ ਚਲਿਆ ਗਿਆ ਸਾਂ, ਪੁੱਛਿਆ ਨਹੀਂ, ਇਸ ਕਰਕੇ ਕਿਰਪਾ ਕਰੋ, ਮੇਰੀ ਅਰਦਾਸ ਕਰੋ, ਮੈਂ ਪੰਥ ਵਿਚ ਸੇਵਾ ਕਰਾਂ।

***ਦਰਬ ਲਯਾਇ ਜੋ ਬਾਹਰੋਂ ਕੋਈ॥*** ਜੇ ਕੋਈ ਸਿੰਘ ਬਾਹਰੋਂ ਧਨ ਲੁੱਟ-ਮਾਰ ਕਰਕੇ ਲਿਆਉਂਦਾ ਹੈ, ਜਾਂ ਕੋਈ ਸਿੰਘ ਕਿਰਤ, ਕਮਾਈ ਕਰਕੇ ਵਪਾਰ ਆਦਿਕ ਕਰਕੇ ਧਨ ਲਿਆਉਂਦਾ ਹੈ।

***ਪਾਵੈ ਖਜ਼ਾਨੈ ਇਕ ਥਾਂ ਸੋਈ॥ ੧੭॥*** ਉਹ ਇੱਕੋ ਥਾਂ ਜਿਥੇ ਗੁਰੂ ਕਾ ਖ਼ਜ਼ਾਨਾ ਹੈ, ਭਾਵ ਦੀਵਾਨ ਦਰਬਾਰ ਸਿੰਘ ਪਾਸ ਜਮ੍ਹਾਂ ਕਰਵਾਉਂਦੇ ਹਨ। ੧੭।

***ਕਿਛੁਕ ਸਿੰਘਨ ਨੇ ਕਟਯੋ ਅਰਾਮ॥*** ਜਦੋਂ ਲਹੌਰ ਦਾ ਸੂਬੇਦਾਰ ਸਿੰਘਾਂ 'ਤੇ ਧਿਜ ਗਿਆ ਹੈ, ਤਾਂ ਖਾਲਸੇ ਪੰਥ ਨੇ ਕੁਛ ਸਮਾਂ ਅਰਾਮ ਦਾ ਸੌਖਾ ਲੰਘਾਇਆ ਹੈ ਅਰਾਮ ਨਾਲ, ਭਾਵ ਅਮਨ ਨਾਲ, ਰੋਜ਼ ਦੀ ਮੁਹਿੰਮ, ਰੋਜ਼ ਦੀਆਂ ਲੜਾਈਆਂ ਜਿਹੜੀਆਂ ਸਨ ਹਟਾ ਦਿੱਤੀਆਂ ਹਨ ਖਾਲਸੇ ਨੇ।

***ਕਈ ਸਿੰਘ ਗਏ ਮਿਲਨੇ ਧਾਮ॥*** ਕਈ ਸਿੰਘ ਮਿਲਣ ਵਾਸਤੇ ਆਪੋ ਆਪਣੇ (ਧਾਮ) ਘਰਾਂ ਨੂੰ ਚਲੇ ਗਏ।

***ਕਈਅਨ ਨਗਰਨ ਬੁੰਗੇ ਬਨਾਏ॥*** ਕਈਆਂ ਗੁਰਸਿੱਖਾਂ ਨੇ ਆਪਣੇ-ਆਪਣੇ ਨਗਰ ਵਿਚ ਬੁੰਗੇ ਬਣਾ ਲਏ ਹਨ।

***ਕਈ ਬੈਠ ਧ੍ਰਮਸ਼ਾਲ ਚਿਣਾਏ॥ ੧੮॥*** ਕਈ ਸਿੰਘ (ਧਰਮਸ਼ਾਲਾ) ਗੁਰਦੁਆਰੇ ਉਸਾਰ ਕੇ ਬੈਠ ਗਏ ਹਨ ਨਗਰਾਂ ਵਿਚ। ੧੮।

***ਕਈਅਨ ਖੇਤੀ ਜੁਗਤਿ ਕਰਾਈ॥*** ਕਈ ਗੁਰਸਿੱਖਾਂ ਨੇ ਜਿਨ੍ਹਾਂ ਕੋਲ ਜ਼ਮੀਨ ਆਦਿਕ ਸੀ, ਉਨ੍ਹਾਂ ਨੇ ਖੇਤੀ ਦੀ ਜੁਗਤੀ ਬਣਾ ਲਈ ਹੈ, ਖੇਤੀ ਕਰਾਉਣੀ ਸ਼ੁਰੂ ਕਰ ਦਿੱਤੀ।

***ਕਈ ਲਏ ਘਰ ਨਾਰਨ ਪ੍ਰਚਾਈ॥*** ਕਈਆਂ ਸਿੰਘਾਂ ਨੂੰ ਘਰ ਵਿਚ ਉਨ੍ਹਾਂ ਦੀਆਂ ਇਸਤ੍ਰੀਆਂ ਨੇ ਪਰਚਾ ਲਿਆ ਹੈ। ਉਹ ਕਹਿੰਦੀਆਂ ਹਨ, ਹੁਣ ਕਿਹੜਾ ਜੰਗ ਦਾ ਟਾਈਮ ਹੈ, ਤੁਸੀਂ ਘਰ ਵਿਚ ਹੀ ਟਿਕ ਜਾਓ, ਕਈ ਘਰ ਵਾਲੀਆਂ ਨੇ ਸਿੰਘਾਂ ਨੂੰ ਓਥੇ ਨਗਰਾਂ ਵਿੱਚ ਅਟਕਾ ਲਿਆ।

***ਕਈ ਰਖੇ ਘਰ ਘੇਰ ਸੁ ਮਾਤ॥*** ਕਈ ਸਿੰਘਾਂ ਦੀਆਂ ਮਾਤਾਵਾਂ ਨੇ ਘੇਰ ਲਿਆ ਹੈ, ਨਾ ਪੁੱਤਰ, ਹੁਣ ਤੂੰ ਜਾਣ ਦੇ, ਬਹੁਤ ਸਮਾਂ ਲਾ ਆਇਆ ਹੈਂ, ਪੰਥ ਦੀ ਸੇਵਾ ਕਰ ਆਇਆ ਹੈਂ, ਹੁਣ ਤੂੰ ਆ ਜਾ ਘਰੇ।

***ਕਈ ਲਿਆਇ ਔਰ ਬਹੁ ਸਾਥ॥ ੧੯॥*** ਕਈ ਸਿੰਘਾਂ ਨੇ ਪੰਥ ਦਾ ਪ੍ਰਚਾਰ ਕਰਕੇ ਹੋਰ ਕਈਆਂ ਨੂੰ ਆਪਣੇ ਸਾਥੀ ਬਣਾ ਕੇ ਪੰਥ ਵਿਚ ਲਿਆਂਦਾ। ੧੯।

***ਬਹੁਤ ਪੰਥ ਕੋ ਬਾਧਾ ਹੁਯੋ॥*** ਇਸ ਤਰ੍ਹਾਂ ਜਦੋਂ ਸਿੰਘਾਂ ਨੇ ਆਪਣੇ ਪ੍ਰੇਮੀਆਂ ਨੂੰ ਆਪਣੇ ਸਾਥੀਆਂ ਨੂੰ ਨਗਰ ਵਾਸੀਆਂ ਨੂੰ ਲਿਆਉਣਾ ਸ਼ੁਰੂ ਕੀਤਾ, ਫੇਰ ਤਾਂ ਪੰਥ ਦੀ ਗਿਣਤੀ ਵੱਧ ਗਈ, ਖਾਲਸੇ ਪੰਥ ਦਾ ਬਹੁਤ ਹੀ ਵਾਧਾ ਹੋ ਗਿਆ।

***ਇਕ ਥਾਂ ਬਹੁਤੇ ਥੰਭਿ ਨ ਭਯੋ॥*** ਬਹੁਤਿਆਂ ਦਾ ਇਕ ਥਾਂ 'ਤੇ ਗੁਜ਼ਾਰਾ ਨਹੀਂ ਸੀ ਹੁੰਦਾ।

***ਤਊ ਨਿਬਾਬ ਚਿਤ ਕੀਯੋ ਬਿਚਾਰ॥*** ਤਦ ਨਵਾਬ ਕਪੂਰ ਸਿੰਘ ਨੇ ਆਪਣੇ ਚਿੱਤ ਵਿਚ ਵੀਚਾਰ ਕੀਤਾ ਹੈ, ਵੱਡੀ ਫ਼ੌਜ ਦਾ ਲੰਗਰ ਘੋੜਿਆਂ ਵਾਸਤੇ ਦਾਣਾ-ਪੱਠਾ ਵੀ, ਇਹ ਕੋਈ ਆਪਾਂ ਵਿਚਾਰ ਕਰ ਲਈਏ ਇਕੱਤ੍ਰਤਾਈ ਕਰਕੇ।

***ਕੋਊ ਜੁਗਤ ਬਣਾਈਐ ਜਿਤ ਹੋਇ ਸੰਭਾਰ॥੨੦॥*** ਕੋਈ ਐਸੀ ਜੁਗਤੀ ਬਣਾਈਏ, ਜਿਸ ਦੇ ਨਾਲ ਸਾਰੇ ਪੰਥ ਦੀ ਸੰਭਾਲ ਹੋ ਸਕੇ। ੨੦।

***ਦੋਹਰਾ॥ ਉਸੀ ਦਿਨ ਸੱਦ ਖਾਲਸੋ, ਅਕਾਲ ਬੁੰਗੈ ਤਖ਼ਤ ਮਕਾਨ॥*** ਓਸੇ ਦਿਨ ਹੀ ਸ੍ਰੀ ਅਕਾਲ ਬੁੰਗੇ ਤਖ਼ਤ 'ਤੇ ਖਾਲਸੇ ਪੰਥ ਦਾ ਇਕੱਠ ਭਾਵ ਸਰਬੱਤ ਖਾਲਸਾ ਬੁਲਾ ਕੇ।

***ਦੀਨੋ ਸਭਨ ਉਚਾਰ ਢਿਗ ਨਿਬਾਬੈ ਸਿੰਘ ਸੁਜਾਨ॥ ੨੧॥*** (ਸੁਜਾਨ) ਸ੍ਰੇਸ਼ਟ-ਬੁੱਧੀ ਵਾਲੇ ਨਵਾਬ ਕਪੂਰ ਸਿੰਘ ਨੇ ਸਾਰੇ ਖਾਲਸੇ ਪੰਥ ਨੂੰ ਇਉਂ ਫੈਸਲਾ ਸੁਣਾਇਆ। ੨੧।

***ਚੌਪਈ॥ ਭਾਈ ਮਨੀ ਸਿੰਘ ਦਰਬਾਰ ਪੁਜਾਰੀ॥*** ਭਾਈ ਮਨੀ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜਾ ਕੇ ਘੱਲਿਆ ਸੀ ਕਿ ਦਰਬਾਰ ਦੀ ਸੰਭਾਲ ਕਰੋ। ਭਾਈ ਮਨੀ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਜੀ ਦੀ ਟਹਿਲ ਸੇਵਾ ਕਰਦੇ ਸਨ।

***ਲੀਨੋ ਸਭਹਨ ਮਧ ਬੈਠਾਰੀ॥*** ਸਰਬੱਤ ਖਾਲਸੇ ਨੇ ਭਾਈ ਮਨੀ ਸਿੰਘ ਜੀ ਨੂੰ ਆਪਣੇ ਵਿਚਕਾਰ ਬਿਠਾ ਲਿਆ।

***ਤੇਹਣ ਭੱਲੇ ਦੋਊ ਬਾਵੈ ਬੁਲਾਇ॥*** ਜਿੰਨਾਂ ਗੁਰੂ ਗੋਬਿੰਦ ਸਿੰਘ ਜੀ ਹਜ਼ੂਰ ਸਾਹਿਬ ਤੋਂ ਪੰਥ ਦੇ ਨਾਲ ਨਗਾਰਾ ਨਿਸ਼ਾਨ ਦੇ ਕੇ ਭੇਜਿਆ ਸੀ। ਭਾਈ ਬਿਨੋਦ ਸਿੰਘ ਅਤੇ ਕਾਨ੍ਹ ਸਿੰਘ, ਬਿਨੋਦ ਸਿੰਘ ਜੀ ਗੁਰੂ ਅੰਗਦ ਦੇਵ ਜੀ ਦੀ ਤ੍ਰੇਹਣ ਵੰਸ ਵਿੱਚੋਂ ਸਨ, ਖਡੂਰ ਸਾਹਿਬ ਦੇ ਵਾਸੀ, ਭਾਈ ਕਾਨ੍ਹ ਸਿੰਘ ਜੀ ਗੁਰੂ ਅਮਰਦਾਸ ਜੀ ਦੀ ਬੰਸ 'ਭੱਲਿਆ' ਵਿੱਚੋਂ ਸਨ, ਇਹ ਵੀ ਦੋਵੇਂ ਸਤਿਕਾਰ ਨਾਲ ਬੁਲਾਏ ਹਨ।

***ਕਾਹਨ ਸਿੰਘ ਔ ਬਨੋਦ ਸਿੰਘ ਬਾਇ॥ ੨੨॥*** ਕਾਨ੍ਹ ਸਿੰਘ ਤੇ ਬਿਨੋਦ ਸਿੰਘ ਜਿਨ੍ਹਾਂ ਦੇ ਨਾਮ ਸਨ। ੨੨।

***ਸਭੀ ਪੰਥ ਜੇ ਨਾਮ ਲਿਖੱਯੈ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਮੈਂ ਬਹੁਤ ਸਿੰਘਾਂ ਦੇ ਨਾਮ ਜਾਣਦਾ ਹਾਂ, ਜੇ ਮੈਂ ਸਾਰੇ ਪੰਥ ਦੇ ਮੁਖੀ ਮੁਖੀ ਸਿੰਘਾਂ ਦੇ ਨਾਮ ਲਿਖਾਵਾਂ।

***ਗ੍ਰੰਥ ਵਧੈ ਔ ਅੰਤ ਨਾ ਪੱਯੈ॥*** ਔਰ ਇਤਨੇ ਨਾਮ ਹੀ ਹੋ ਜਾਣਗੇ, ਜਿਨ੍ਹਾਂ ਦਾ ਅੰਤ ਪਾਰਾਵਾਰ ਨਹੀਂ ਆਵੇਗਾ ਅਤੇ ਗ੍ਰੰਥ ਬਹੁਤ ਵਧ ਜਾਇਗਾ।

***ਨਬਾਬ ਕਪੂਰ ਸਿੰਘ ਸਭ ਸੌ ਕਹੀ॥*** ਨਵਾਬ ਕਪੂਰ ਸਿੰਘ ਜੀ ਨੇ ਸਰਬੱਤ ਸਿੰਘਾਂ ਨੂੰ ਆਖਿਆ ਹੈ।

**ਯਹੀ ਬਾਤ ਅਬ ਮੈਂ ਮਨ ਅਈ॥ ੨੩॥** ਖਾਲਸਾ ਜੀ ਮੇਰੇ ਮਨ ਵਿਚ ਵੀ ਹੁਣ ਉਹੀ ਗੱਲ ਆਈ ਹੈ। ੨੩।

**ਆਗੈ ਪੰਥ ਥੋ ਪਿੰਡ ਪਿੰਡ ਫਿਰਤੋ॥** ਅੱਗੇ ਖਾਲਸਾ ਪੰਥ ਪਿੰਡ-ਪਿੰਡ ਫਿਰ ਕੇ ਪ੍ਰਚਾਰ ਕਰ ਰਿਹਾ ਸੀ।

**ਆਪੋ ਅਪਨੀ ਗੁਜਰਹਿਂ ਕਰਤੋ॥** ਕਿਤੇ ਦੋ ਸੌ, ਕਿਤੇ ਚਾਰ ਸੌ, ਕਿਤੇ ਪੰਜ ਸੌ, ਕਿਤੇ ਹਜ਼ਾਰ ਸਿੰਘ ਨਗਰ-ਨਗਰ ਵਿਚ ਵਿਚਰ ਕੇ ਆਪਣਾ ਗੁਜ਼ਾਰਾ ਕਰਦੇ ਸਨ।

**ਅਬ ਇਕ ਥਾਂ ਪੂਜੈ ਲੰਗਰ ਨਾਂਹੀ॥** ਹੁਣ ਇਕ ਥਾਂ ਸਾਰਿਆਂ ਦਾ ਲੰਗਰ ਪੂਰਾ ਨਹੀਂ ਹੁੰਦਾ, ਕਿੰਨੀ ਕੁ ਫ਼ੌਜ ਦਾ ਲੰਗਰ ਸਜਾ ਲਵਾਂਗੇ।

**ਕੋਊ ਜੁਗਤਿ ਅਬ ਲਯੋ ਬਨਾਈ॥ ੨੪॥** ਕੋਈ ਨਾ ਕੋਈ ਹੁਣ ਜੁਗਤ ਬਣਾਈਏ, ਜਿਵੇਂ ਸਾਡਾ ਨਿਰਬਾਹ ਹੋ ਸਕੇ। ੨੪।

**ਸਿੰਘਨ ਦੱਯੈ ਜਥੇ ਬਣਾਇ॥** ਨਵਾਬ ਕਪੂਰ ਸਿੰਘ ਜੀ ਕਹਿਣ ਲੱਗੇ, ਸਿੰਘਾਂ ਦੇ ਜੱਥੇ ਬਣਾ ਦੇਈਏ। ਅੱਡੋ-ਅੱਡ ਗਿਣ ਕੇ, ਫ਼ੌਜ ਜਥਿਆਂ ਵਿਚ ਭਰਤੀ ਕਰ ਦੇਈਏ।

**ਦੇ ਦੇ ਖਰਚ ਉਸ ਦੱਯੈ ਪ੍ਰਚਾਇ॥** ਸਾਰਿਆਂ ਨੂੰ ਖ਼ਰਚਾ ਰਸਤਾਂ-ਬਸਤਾਂ ਆਦਿਕ ਦਿੱਤੀਆਂ ਬਾਕੀ ਤੁਸੀਂ ਆਪੋ ਆਪਣਾ ਖ਼ਜ਼ਾਨਾ ਬਣਾ ਲਵੋ, ਆਪੋ ਆਪਣਾ ਪ੍ਰਬੰਧ ਕਰ ਲਵੋ ਸਾਰੇ।

**ਸਭੀ ਖਾਲਸੈ ਸੋ ਮੰਨ ਲਈ॥** ਸਰਬੱਤ ਖਾਲਸੇ ਪੰਥ ਨੇ ਇਹ ਗੱਲ ਪ੍ਰਵਾਨ ਕਰ ਲਈ ਹੈ, ਠੀਕ ਹੈ ਜੀ! ਹੁਣ ਸਾਨੂੰ ਖ਼ਰਚੇ ਵਾਸਤੇ ਥੋੜ੍ਹਾ-ਥੋੜ੍ਹਾ ਮਾਮਲਾ ਦਿੱਤਾ ਜਾਵੇ।

**ਪਸੰਦ ਸਭਨ ਕੇ ਯਹਿ ਗਲ ਅਈ॥ ੨੫॥** ਇਹ ਗੱਲ ਸਾਰਿਆਂ ਦੇ ਪਸੰਦ ਆ ਗਈ ਹੈ, ਸਭ ਨੇ ਪ੍ਰਵਾਨ ਕਰ ਲਈ । ੨੫।

**ਦੋਹਰਾ॥ ਪੰਜ ਡੇਰਨ ਬਿਧ ਰਚ ਦਈ, ਪੰਜ ਨਿਸ਼ਾਨ ਬਨਾਇ॥** ਪੰਜ ਨਿਸ਼ਾਨ ਸਾਹਿਬ ਬਣਾ ਕੇ ਅੱਗੇ ਪੰਥ ਦੇ ਪੰਜ ਵੱਖੋ-ਵੱਖਰੇ ਡੇਰੇ ਬਣਾਉਣ ਦੀ ਵਿਧੀ ਤਿਆਰ ਕਰ ਲਈ।

**ਪੰਜੇ ਝੰਡੇ ਤੌ ਗਡੇ ਸ੍ਰੀ ਅਕਾਲ ਬੁੰਗੇ ਤੇ ਲਯਾਇ॥ ੨੬॥** ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਲਿਆ ਕੇ ਪੰਜ ਝੰਡੇ ਗੱਡ ਦਿੱਤੇ ਹਨ ਕਿ ਪੰਜ ਜਥਿਆਂ ਦੀ ਰਚਨਾ ਕਰਨੀ ਹੈ। ੨੬।

**ਚੌਪਈ॥ ਪ੍ਰਿਥਮ ਸ਼ਹੀਦਨ ਔ ਨਿਹੰਗਨ ਫੜਾਯੋ॥** ਪਹਿਲਾ ਨਿਸ਼ਾਨ ਸਾਹਿਬ ਸ਼ਹੀਦਾਂ ਨੂੰ ਬਾਬਾ ਦੀਪ ਸਿੰਘ, ਕਰਮ ਸਿੰਘ, ਦਿਆਲ ਸਿੰਘ, ਇਹ ਮੁਖੀਏ ਸਨ ਸ਼ਹੀਦਾਂ ਵਿੱਚੋਂ, ਇਹ ਸ਼ਹੀਦ ਵਜਦੇ ਸਨ, ਖਾਲਸੇ ਨਾਲ ਇਹ ਸਿੰਘ ਤਲੀਆਂ 'ਤੇ ਸੀਸ ਰੱਖ-ਰੱਖ ਕੇ ਲੜੇ ਸਨ। ਪਹਿਲਾਂ ਨਿਸ਼ਾਨ ਇਹਨਾਂ ਨੂੰ ਫੜਾਇਆ ਹੈ, ਇਹਨਾਂ ਦਾ ਅਦਬ ਸਤਿਕਾਰ ਕਰਕੇ।

**ਦੀਪ ਸਿੰਘ, ਕਰਮ ਸੁ ਗਾਯੋ॥** ਸ਼ਹੀਦ ਦੀਪ ਸਿੰਘ ਜੀ ਅਤੇ ਕਰਮ ਸਿੰਘ ਸ਼ਹੀਦ ਨੂੰ ਸ਼ਹੀਦਾਂ ਦੇ ਜੱਥੇ ਦੇ ਮੁਖੀ ਬਣਾਇਆ।

**ਦੂਏ ਕਰਮ ਧਰਮ ਸਿੰਘ ਅੰਮ੍ਰਿਤਸਰੀਏ॥** ਦੂਜਾ ਅੰਮ੍ਰਿਤਸਰ ਵਾਲੇ ਕਰਮ ਸਿੰਘ ਤੇ ਧਰਮ ਸਿੰਘ ਜੀ ਨੂੰ ਇਹ ਖੱਤਰੀ ਸਨ, ਅੰਮ੍ਰਿਤਸਰ ਦੇ ਰਹਿਣ ਵਾਲੇ ਸ਼ਹਿਰੀਏ ਸਿੰਘ ਸਨ।

**ਦਯੋ ਉਨੈ ਥੋਊ ਜਾਤ ਖਤਰੀਏ॥ ੨੭॥** ਇਹ ਦੋਵੇਂ ਖੱਤਰੀ ਜਾਤ ਵਿੱਚੋਂ ਸਨ ਦੋਵੇਂ, ਦੂਜੇ ਜੱਥੇ ਦਾ ਨਿਸ਼ਾਨ ਸਾਹਿਬ ਉਨ੍ਹਾਂ ਦੇ ਸਪੁਰਦ ਕੀਤਾ। ੨੭।

**ਤੀਜੋ ਚਕਯੋ ਬਾਬਨ ਬਡ ਅੰਸੀ॥** ਬਾਬਾ ਬਿਨੋਦ ਸਿੰਘ ਬਾਬਾ ਕਾਨ੍ਹ ਸਿੰਘ, ਜੋ ਗੁਰੂਆਂ ਦੀ ਅੰਸ ਸਨ, ਤੀਜੇ ਜੱਥੇ ਦਾ ਨਿਸ਼ਾਨ ਸਾਹਿਬ ਇਹਨਾਂ ਨੇ ਉਠਾਇਆ।

**ਤੇਹਣ ਭੱਲੇ ਥੇ ਆਦਿ ਗੁਰ ਅੰਸੀ॥** ਆਦਿ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਇਹਨਾਂ ਦੀ ਬੰਸ ਵਿੱਚੋਂ ਸਨ।

***ਚੌਥੋ ਸਿੰਘ ਦਸੌਂਧਾ ਨਾਮ॥*** ਦਸੌਂਧਾ ਸਿੰਘ ਨਾਮ ਦਾ ਬੜਾ ਬਲੀ ਸਿੰਘ ਹੋਇਆ ਹੈ ਚੌਥੇ ਜਥੇ ਦੀ ਕਮਾਂਡ ਇਸ ਨੂੰ ਸੰਭਾਲੀ ਹੈ।

***ਗਿੱਲ ਜੱਟ ਕੋਟ ਬੁਢੇ ਥੋ ਧਾਮ॥ ੨੮॥*** ਇਹ ਗਿੱਲ ਗੋਤ ਦੇ ਜੱਟ ਸਿੰਘ ਸਨ, ਪੱਟੀ ਤੋਂ ਸਭਰਾਵਾਂ ਵੱਲ ਬੁੱਢੇ ਕਾ ਕੋਟ ਪਿੰਡ ਹੈ, ਕੋਟ ਬੁੱਢਾ ਵੱਜਦਾ ਹੈ, ਇਹ ਸ਼ਹੀਦਾਂ ਦਾ ਪਿੰਡ ਹੈ, ਉਥੇ ਉਸ ਦਾ ਘਰ ਸੀ। ੨੮।

***ਪੰਜਵੋਂ ਰੰਘਰੇਟੋ ਬੀਰ ਸਿੰਘ ਨਾਇ॥*** ਪੰਜਵਾਂ ਨਿਸ਼ਾਨ ਰੰਘਰੇਟੇ ਸਿੰਘਾਂ ਨੂੰ, ਭਾਵ ਚੌਥੇ ਪੌੜੇ ਵਾਲੇ, ਬੀਰੂ ਸਿੰਘ ਤੇ ਅਮਰ ਸਿੰਘ, ਇਹ ਦੋ ਸੂਰਮੇ ਹੋਏ ਨੇ, ਇਨ੍ਹਾਂ ਦੋਹਾਂ ਯੋਧਿਆਂ ਨੂੰ ਇਹ ਨਿਸ਼ਾਨ ਦਿੱਤਾ।

***ਹੁਤੋ ਤੇਰਾਂ ਸੈ ਘੋੜੇ ਵਾਇ॥*** ਉਦੋਂ ਇਹਨਾਂ ਦੀ ਪੰਥ ਵਿਚ ਗਿਣਤੀ ਤੇਰਾਂ ਸੌ ਘੋੜ ਸਵਾਰ ਸੀ, ਪੈਦਲ ਸਿੰਘ ਵੱਖਰੇ ਸਨ, ਪੌੜੇ ਵਾਲੇ ਰਵਿਦਾਸੀਏ ਸਿੰਘ ਅਤੇ ਕਬੀਰ ਪੰਥੀਏ, ਇਹ ਸਾਰੇ ਸਿੰਘ ਇਹਨਾਂ ਵਿਚ ਸਨ, ਕਿਉਂਕਿ ਜਾਤ-ਪਾਤ ਤਾਂ ਸਿੰਘਾਂ ਨੇ ਰੱਖੀ ਨਹੀਂ, ਉਂਞ ਤਾਂ ਇਹਨਾਂ ਦਾ ਭਾਵ ਸੋਢ ਬੰਸ ਖਾਲਸਾ ਹੀ ਹੈ, ਸਾਰੇ ਅੰਸ ਹੀ ਬਣਦੇ ਨੇ ਪਰ ਸੰਸਾਰ ਦੇ ਵਿਚ ਵਰਤਾਉ ਚਲਦਾ ਜਿਵੇਂ, ਉਸ ਤਰ੍ਹਾਂ ਪੰਥ ਖਾਲਸੇ ਨੇ ਵੀ ਪੰਜਵਾਂ ਨਿਸ਼ਾਨ ਇਹਨਾਂ ਨੂੰ ਦਿੱਤਾ ਹੈ। ਪੰਥ ਖਾਲਸੇ ਦੇ ਹਰ ਮੈਦਾਨ ਵਿਚ ਇਹ ਮੂਹਰੇ ਹੁੰਦੇ ਸੀ, ਹਰ ਜੰਗ ਵਿਚ ਅੱਗੇ ਹੁੰਦੇ ਸਨ।

***ਐਸੀ ਲੀਨੀ ਜੁਗਤ ਬਨਾਇ॥*** ਐਸਾ ਢੰਗ ਬਣਾ ਲਿਆ ਹੈ ਖਾਲਸੇ ਨੇ ਕਿ ਖਾਲਸੇ ਦੀ ਗਿਣਤੀ ਬਹੁਤੀ ਹੁੰਦੀ ਆਉਂਦੀ ਹੈ, ਇਸ ਤਰ੍ਹਾਂ ਨਿਰਬਾਹ ਨਹੀਂ ਹੁੰਦਾ ਲੰਗਰ ਆਦਿਕ ਦਾ, ਸੋ ਆਪਾਂ ਵੰਡ ਕੇ ਭਾਂਡੇ ਦੇ ਦਿਉ, ਗੱਡੇ ਦੇ ਦਿਉ, ਸਮਾਨ ਦੇ ਦਿਉ, ਘੋੜੇ ਦੇ ਦਿਉ ਵੰਡ ਕੇ, ਸਾਰੇ ਆਪੋ ਆਪਣਾ ਨਿਰਬਾਹ ਕਰਨ ਆਪੋ ਆਪਣਾ ਲੰਗਰ ਚਲਾਉਣ।

***ਜੋ ਸੁਨੀ ਰਤਨ ਸਿੰਘ ਸੋ ਦਈ ਗਾਇ॥ ੨੯॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਖਾਲਸਾ ਜੀ! ਜੋ ਮੈਂ ਬਜ਼ੁਰਗ ਸਿੰਘਾਂ ਤੋਂ,- ਪੁਰਾਤਨ ਸਿੰਘਾਂ ਤੋਂ ਸ੍ਰਵਣ ਕੀਤਾ ਹੈ ਪ੍ਰਸੰਗ, ਸੋ ਮੈਂ ਪੰਥ ਪ੍ਰਕਾਸ਼ ਵਿਚ ਲਿਖ ਦਿੱਤਾ ਹੈ। ੨੯।

***ਦੋਹਰਾ॥ ਜੇ ਕੋ ਪੁੱਛੈ ਪ੍ਰਸ਼ਨ ਯਹਿ, ਨਬਾਬ ਕਪੂਰ ਸਿੰਘ ਕੀ ਜਾਤ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜੇ ਕੋਈ ਇਹ ਪ੍ਰਸ਼ਨ ਕਰਦਾ ਹੈ, ਕਿ ਨਵਾਬ ਕਪੂਰ ਸਿੰਘ ਜੀ ਕੀ ਜਾਤ ਸੀ, ਇਹਨਾਂ ਬਾਰੇ ਦੱਸੋ?

***ਕੌਣ ਪਿੰਡ ਔ ਗੋਤ ਕੋਇ ਸੋਈ ਸੁਨੌਂ ਅਬ ਬਾਤ॥ ੩੦॥*** ਕਿਹੜਾ ਇਹਨਾਂ ਦਾ ਪਿੰਡ ਸੀ ਤੇ ਗੋਤ ਕਿਹੜੇ ਵਿੱਚੋਂ ਸਨ, ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿਵੇਂ ਮੈਂ ਸੁਣਿਆ ਹੈ, ਮੈਂ ਤੁਹਾਨੂੰ ਸੁਣਾਉਂਦਾ ਹਾਂ ਸੁਣੋ ਖਾਲਸਾ ਜੀ। ੩੦।

***ਚੌਪਈ॥ ਫਰਜੁੱਲੇ ਖਾਂ ਥੋ ਮੁਗਲਹਿ ਨਾਮ॥*** ਫਰਜੁੱਲਾ ਖ਼ਾਂ ਨਾਮ ਦਾ ਇਕ ਮੁਗ਼ਲ ਸੀ।

***ਉਨੈਂ ਬਸਾਯੋ ਫ਼ਜੁੱਲੇ ਗ੍ਰਾਮ॥*** ਉਸ ਨੇ ਲਹੌਰ ਦੇ ਕੋਲ ਫਰਜੁੱਲਾ ਪੁਰ ਨਗਰ ਵਸਾਇਆ ਸੀ।

***ਹੁਤੀ ਖਾਨੂ ਨਬਾਬ ਖਾਨੋ ਹਮਸ਼ੀਰਾ॥*** ਜੋ ਖ਼ਾਨ ਬਹਾਦਰ ਦੀ ਛੋਟੀ ਭੈਣ, ਜੋ ਖਾਨੋ ਨਾਮ ਦੀ ਸੀ, ਲਾਹੌਰ ਦੇ ਸੂਬੇਦਾਰ ਦੀ।

***ਫਰਜੁਲੈ ਕੇ ਘਰ ਵਸਤੀ ਧੀਰਾ॥ ੩੧॥*** ਉਹ ਫਰਜੁੱਲਾ ਖ਼ਾਂ ਦੇ ਘਰ ਵਸਦੀ ਸੀ, ਜਿਹਦੇ ਨਾਮ 'ਤੇ ਪਿੰਡ ਸੀ। ੩੧।

***ਹੁਤੀ ਹਮਾਇਤਨ ਬਡੀ ਕਮਜਾਤ॥*** ਜੋ ਖਾਲਸੇ ਪੰਥ ਨਾਲ ਵੈਰ ਕਰਦੇ ਸੀ, ਉਨ੍ਹਾਂ ਦੀ ਇਹ ਹਮਾਇਤ ਕਰਨ ਵਾਲੀ ਸੀ, ਬੜੀ ਕਮਜਾਤ ਸੀ, ਭਾਵ ਇਹ ਵੀ ਆਪਣੇ ਭਰਾ ਖ਼ਾਨ ਬਹਾਦਰ ਵਾਂਗ ਸਿੰਘਾਂ ਨਾਲ ਬੜਾ ਵੈਰ ਰੱਖਦੀ ਸੀ।

***ਉਨ੍ਹ ਬਹੁ ਸਿੰਘ ਥੇ ਕਰਾਏ ਘਾਤ॥*** ਇਸ ਨੇ ਕਾਜ਼ੀਆਂ, ਮੁਲਾਂ ਅਤੇ ਆਪਣੇ ਭਰਾ ਨੂੰ ਕਹਿ-ਕਹਿ ਬਹੁਤ ਸਿੰਘਾਂ ਨੂੰ ਸ਼ਹੀਦ ਕਰਵਾਇਆ ਸੀ, ਇਹ ਬਹੁਤ ਹੀ ਭੈੜੀ ਸੀ।

***ਪੰਦ੍ਰਾਂ ਸੈ ਜੁ ਹੁਤੋ ਚਕਰੈਲ॥*** (ਚਕਰੈਲ) ਜੋ ਸਰਕਾਰੀ ਨੌਕਰੀ ਕਰਦੇ ਸਨ, ਪੰਦਰਾਂ ਸੌ ਸਿੰਘ ਤੁਰਕਾਂ ਦੀ ਸਰਕਾਰੀ ਨੌਕਰੀ ਕਰਦੇ ਸਨ, ਉਨ੍ਹਾਂ ਸਿੰਘਾਂ ਦੇ ਵਿਰੁੱਧ ਏਸੇ ਖ਼ਾਨ ਬਹਾਦਰ ਦੀ ਭੈਣ ਨੇ ਰਿਪੋਟਾਂ ਕਰ ਕੇ, ਚੁਗਲੀਆਂ ਕਰਕੇ ਬਈ ਤੁਹਾਡਾ ਭੇਤ ਦਿੰਦੇ ਨੇ ਖਾਲਸੇ ਨੂੰ, ਤਾਹੀਓਂ ਤੁਹਾਡਾ ਰਾਸ਼ਨ ਲੁੱਟਿਆ ਜਾਂਦਾ ਹੈ, ਤਾਹੀਓਂ ਤੁਹਾਡੇ ਊਠ ਗੱਡੇ

ਕਿਸੇ ਪਾਸੇ ਤੁਰਨ ਨਹੀਂ ਦਿੰਦੇ, ਲੁੱਟ ਕੇ ਅਸਲਾ ਖੋਹ ਕੇ ਲੈ ਜਾਂਦੇ ਨੇ, ਇਉਂ ਕਹਿ-ਕਹਿ ਕੇ ਸ਼ਹੀਦ ਕਰਵਾਏ ਸਨ।

***ਸੋ ਉਨ੍ਹ ਮਰਵਾਏ ਕਰ ਕਰ ਫੈਲ॥ ੩੨॥*** ਇਸ ਨੇ ਬਹੁਤ ਬੇਰਹਿਮੀ ਦੇ ਨਾਲ ਸਿੰਘਾਂ ਨੂੰ ਮਰਵਾਇਆ ਸੀ, ਗੋਲੀਆਂ ਮਰਵਾ-ਮਰਵਾ ਕੇ ਪੰਦਰਾਂ ਸੌ ਸਿੰਘ ਸ਼ਹੀਦ ਕਰਵਾ ਦਿੱਤਾ ਸੀ। ੩੨।

***ਤਹਿਂ ਕਪੂਰ ਸਿੰਘ ਹੁਤੇ ਪਿਤ ਮਾਤ॥*** ਓਥੇ ਉਸ ਨਗਰ ਵਿਚ ਕਪੂਰ ਸਿੰਘ ਜੀ ਦੇ ਮਾਤਾ ਪਿਤਾ ਰਹਿੰਦੇ ਸਨ।

***ਬਿਰਕ ਗੋਤ ਔ ਜੱਟ ਥੀ ਜਾਤ॥*** ਵਿਰਕ ਗੋਤ ਤੇ ਜੱਟ ਜਾਤ ਦੇ ਸਨ, ਭਾਈ ਕਪੂਰ ਸਿੰਘ ਜੀ ਜੱਟ ਸਿੰਘ ਜਿਮੀਂਦਾਰ ਸਨ।

***ਵਹਿ ਘਰ ਸੇ ਨਿਕਸਯੋ ਸਾਇਤ ਕਿਤ ਖਰੀ॥*** ਕਿਸੇ ਚੰਗੀ (ਸਾਇਤ) ਘੜੀਂ ਘਰੋਂ ਨਿਕਲੇ ਹੋਣਗੇ।

***ਬਹੁਤ ਟਹਿਲ ਉਨ ਸਿੰਘਨ ਕਰੀ॥*** ਇਹ ਨਵਾਬ ਕਪੂਰ ਸਿੰਘ ਜੀ ਖਾਲਸੇ ਪੰਥ ਵਿਚ ਆ ਗਏ ਹਨ, ਪੰਥ ਵਿਚ ਆ ਕੇ ਸਿੰਘਾਂ ਦੀ, ਘੋੜਿਆਂ ਦੀ ਮਾਲਸ਼, ਘੋੜਿਆਂ ਦੇ ਪਿੰਡੇ ਝਾੜਨੇ, ਪਾਣੀ ਪਿਆਉਣਾ, ਪੱਠੇ ਪਾਉਣੇ, ਸਮੁੱਚੇ ਤੌਰ ਸਰਬੱਤੀ ਸੇਵਾ ਕਰਦੇ ਸਨ। ਗੁਰੂ ਦਾ ਘੋੜਾ, ਗੁਰੂ ਕਾ ਪੰਥ, ਗੁਰੂ ਕਾ ਸਿੰਘ, ਗੁਰੂ ਕਾ ਲੰਗਰ ਸਮਝ ਕੇ ਸੇਵਾ ਕਰਦੇ ਸਨ। ੩੩।

***ਉਸੀ ਟਹਿਲ ਤੇ ਯਹਿ ਪਦ ਪਾਯੋ॥*** ਓਸ ਟਹਿਲ ਸੇਵਾ ਦੇ ਪ੍ਰਤਾਪ ਨਾਲ ਹੀ ਉੱਚੀ ਪਦਵੀ ਪ੍ਰਾਪਤ ਹੋਈ ਹੈ; ਨਵਾਬੀ ਦੀ ਭਾਈ ਕਪੂਰ ਸਿੰਘ ਜੀ ਨੂੰ।

***ਸਰਬ ਪੰਥ ਕੋ ਨਵਾਬ ਸਦਾਯੋ॥*** ਸਾਰੇ ਖਾਲਸੇ ਪੰਥ ਦਾ ਨਵਾਬ ਕਹਾਏ ਹਨ ਕਪੂਰ ਸਿੰਘ ਜੀ।

***ਟਹਲ ਕਰੀ ਕਿਸ ਬ੍ਰਿਥੀ ਨ ਜਾਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਖਾਲਸੇ ਪੰਥ ਦੀ ਟਹਿਲ ਕੀਤੀ, ਕਿਸੇ ਦੀ ਬਿਰਥੀ ਨਹੀਂ ਜਾਂਦੀ ਹੈ। ਜਿਹੜਾ ਵੀ ਕੋਈ ਸੇਵਾ ਕਰੇਗਾ, ਖਾਲਸੇ ਪੰਥ ਵਿੱਚ ਆ ਕੇ ਉਹ ਮੂੰਹੋਂ ਮੰਗੀਆਂ ਮੁਰਾਦਾਂ ਪਾਇਗਾ।

***ਯਹਿ ਖਾਲਸੋ ਖੁਦ ਖੁਦੈ ਖੁਦਾਇ॥ ੩੪॥*** ਇਹ ਖਾਲਸਾ ਪੰਥ ਤਾਂ ਖੁਦ ਖੁਦਾ ਵਰਗਾ ਹੈ। ੩੪।

***ਦੋਹਰਾ॥ ਏਕ ਦਿਵਸ ਇਸ ਨਵਾਬ ਕੇ ਮਨ ਮੈਂ ਆਈ ਮੌਜ॥*** ਇਸੇ ਤਰ੍ਹਾਂ ਹੀ ਇਹ ਨਵਾਬ ਕਪੂਰ ਸਿੰਘ ਜੀ ਨਵਾਬੀ ਕਰਦੇ ਰਹੇ, ਇਕ ਦਿਨ ਉਹਨਾਂ ਦੇ ਮਨ ਵਿਚ ਸ਼ੌਕ ਉਠਿਆ ਹੈ।

***ਔਰ ਸਿੰਘਨ ਪੌਰਖ ਕੀਏ ਮੈਂ ਨਿਜ ਕੀਓ ਨ ਕੌਜ॥ ੩੫॥*** ਹੋਰ ਸਿੰਘਾਂ ਨੇ ਬੜਾ ਉੱਦਮ ਕੀਤਾ ਹੈ, ਕਿਸੇ ਸਿੰਘ ਨੇ ਕਿਸੇ ਨਵਾਬ ਨੂੰ ਸੋਧਿਆ ਹੈ, ਕਿਸੇ ਸਿੰਘ ਕਿਸੇ ਨਵਾਬ ਨੂੰ ਖਾਲਸੇ ਪੰਥ ਵਿਚ ਮਾਇਆ ਅਤੇ ਹੋਰ ਪਦਾਰਥ ਲਿਆ ਕੇ ਹਾਜ਼ਰ ਕੀਤੇ ਹਨ, ਤੈਂ ਆਪ ਕੁਝ ਵੀ ਨਹੀਂ ਕੀਤਾ। ਜਦੋਂ ਦੀ ਨਵਾਬੀ ਮਿਲੀ ਹੈ, ਉਦੋਂ ਦਾ ਮੈਂ ਓਥੇ ਦਾ ਉਥੇ ਰਹਿ ਗਿਆ ਹਾਂ, ਮੈਂ ਕੋਈ ਕੰਮ ਕਰਕੇ ਨਹੀਂ ਵਿਖਾਇਆ ਹੈ, ਇਉਂ ਮਨ ਵਿਚ ਫੁਰਨਾ ਉਠਿਆ।

***ਚੌਪਈ॥ ਚੜ੍ਹਯੋ ਨਿਬਾਬ ਕਿਹ ਖੇਲਨ ਸ਼ਿਕਾਰ॥*** ਇਕ ਦਿਨ ਨਵਾਬ ਕਪੂਰ ਸਿੰਘ ਜੀ ਦੇ ਮਨ ਵਿਚ ਮੌਜ ਆਈ ਹੈ, ਚਲੋ ਸਿੰਘੋ! ਕੋਈ ਸ਼ਿਕਾਰ ਲਿਆਈਏ ਮਾਰ ਕੇ, ਘੋੜਿਆਂ 'ਤੇ ਸਵਾਰ ਹੋ ਕੇ ਸ਼ਿਕਾਰ ਖੇਡਣ ਚੜ੍ਹੇ।

***ਸਾਥ ਕੁੱਲ ਲਏ ਬੀਸ ਅਸਵਾਰ॥*** ਕੁੱਲ ਵੀਹ ਕੁ ਘੋੜਸਵਾਰ ਸਿੰਘ ਆਪਣੇ ਨਾਲ ਲਏ ਹਨ ਨਵਾਬ ਕਪੂਰ ਸਿੰਘ ਜੀ ਨੇ।

***ਜਾਤ ਜਾਤ ਜਾ ਪੁਜਯੋ ਲਹੌਰ॥*** ਸ਼ਿਕਾਰ ਖੇਡਦੇ-ਖੇਡਦੇ ਲਹੌਰ ਜਾ ਵੜੇ ਹਨ। ਲਹੌਰ ਅਤੇ ਅੰਮ੍ਰਿਤਸਰ ਦਾ ਤਕਰੀਬਨ ਤੀਹ ਕੋਹ ਦਾ ਫਰਕ ਹੈ, ਏਥੋਂ ਜਾਂਦੇ-ਜਾਂਦੇ ਲਹੌਰ ਜਾ ਵੜੇ।

***ਜਾਇ ਬੈਠਯੋ ਸੁ ਚਬੂਤਰੈ ਠੌਰ॥ ੩੬॥*** ਜਿਥੇ ਨਿਆਂ ਹੋਵੇ, ਤਨਖਾਹ ਆਦਿਕ ਦਿੱਤੀ ਜਾਂਦੀ ਹੈ। ਐਹੋ ਜਿਹਾ ਇਕ ਚਬੂਤਰਾ ਬਣਿਆ ਹੋਇਆ ਹੈ, ਓਥੇ ਬਹਿੰਦਾ ਹੈ ਹਾਕਮ ਨਵਾਬ ਕਪੂਰ ਸਿੰਘ ਜੀ ਨਗਾਰੇ ਵਜਾਉਂਦੇ ਹੋਏ, ਓਥੇ

ਜਾ ਵੜੇ ਹਨ। ਚਬੂਤਰੇ ਜਾ ਕੇ ਬੈਠ ਗਏ ਹਨ ਨਿਆਂ ਕਰਨ ਵਾਸਤੇ। ੩੬।

***ਪਹਰ ਦੋਇ ਤਹਿਂ ਹੁਕਮ ਚਲਾਇ॥*** ਦੋ ਕੁ ਪਹਿਰ, ਭਾਵ ਛੇ ਕੁ ਘੰਟੇ ਓਥੇ ਆਪਣਾ ਹੁਕਮ ਚਲਾਇਆ ਹੈ, ਸਭ ਕਿਸੇ 'ਤੇ, ਸਭ ਨੂੰ ਨਿਆਂ ਦਿੱਤਾ ਹੈ ਓਥੇ।

***ਤੌ ਖਬਰ ਪੁੰਨੀ ਤੁਰਕ ਕਿਲ੍ਹੈ ਜੁ ਜਾਇ॥*** ਜਦੋਂ ਤੁਰਕਾਂ ਨੂੰ ਕਿਲ੍ਹੇ ਵਿਚ ਇਸ ਗੱਲ ਦੀ ਖ਼ਬਰ ਜਾ ਪੁੱਜੀ।

***ਤੌ ਖਿਜ਼ਰ ਖਾਨ ਦਯੋ ਨਿਬਾਬ ਚੜ੍ਹਾਇ॥*** ਖਿਜ਼ਰ ਖ਼ਾਂ ਫ਼ੌਜਦਾਰ ਨੂੰ ਨਵਾਬ ਲਹੌਰ ਨੇ ਹੁਕਮ ਕੀਤਾ ਹੈ, ਕਪੂਰ ਸਿੰਘ 'ਤੇ ਚੜ੍ਹਾਈ ਕਰਨ ਦਾ।

***ਛੇਤੀ ਜਾ ਕਰ ਲਓ ਫੜਾਇ॥ ੩੭॥*** ਛੇਤੀ ਜਾ ਕੇ ਫੜ ਕੇ ਲੈ ਆਓ ਛੱਡ ਨਾ ਆਇਓ ਕਿਤੇ। ੩੭।

***ਕਪੂਰ ਸਿੰਘ ਮੁੜ ਪਿੱਛੈ ਧਯੋ॥*** ਕਪੂਰ ਸਿੰਘ ਨੇ ਨਗਾਰੇ 'ਤੇ ਚੋਟ ਲਾ ਕੇ ਪਿੱਛੇ ਨੂੰ ਵਾਪਸੀ ਕਰ ਦਿੱਤੀ।

***ਨਿਗਾਰਨ ਡੱਗੈ ਲਾਇ ਮੁੜਯੋ॥*** ਨਗਾਰਿਆਂ 'ਤੇ ਚੋਟਾਂ ਲਾ ਕੇ ਪਿੱਛੇ ਖਾਲਸਾ ਪੰਥ ਵੱਲ ਨੂੰ ਮੁੜ ਪਏ ਹਨ।

***ਹੁਇ ਬਾਹਰ ਸਿੰਘ ਰਲ ਗਯੋ ਝਾੜੀਂ॥*** ਲਹੌਰ ਦੇ ਵਿੱਚੋਂ ਬਾਹਰ ਨਿੱਕਲ ਕੇ ਸਿੰਘ ਝਾੜੀਂ ਜਾਂ ਵੜੇ ਹਨ, ਜੰਗਲਾਂ ਵਿਚ ਜਾ ਵੜੇ ਹਨ ਕੌਣ ਪਿੱਛਾ ਕਰੇ।

***ਗਯੋ ਖੇਡ ਕਰ ਐਸ ਖਿਡਾਰੀ॥ ੩੮॥*** ਖਾਲਸੇ ਜੰਗ ਦੇ ਖਿਡਾਰੀ ਸਨ, ਰੋਜ਼ ਦਾ ਕੰਮ ਸੀ ਖਾਲਸੇ ਦਾ, ਖਿਡਾਰੀ ਵਾਂਗ ਐਸੀ ਖੇਡ ਖੇਡ ਗਏ। ੩੮।

***ਇਸੀ ਭਾਂਤ ਗਏ ਕਿਛੁ ਦਿਨ ਬੀਤ॥*** ਇਸੇ ਤਰ੍ਹਾਂ ਕਈ ਦਿਨ ਬੀਤ ਗਏ ਹਨ, ਜਦੋਂ ਕੁਛ ਟਾਈਮ ਟੱਪ ਗਿਆ।

***ਦੰਗਾ ਰਹੈ ਪੰਥ ਹਰਦਮ ਚੀਤ॥*** ਪੰਥ ਖਾਲਸਾ ਜਥੇਬੰਦੀ ਵਿਚ ਹੋ ਗਿਆ ਹੈ, ਸਾਰੇ ਕੰਮ ਨੂੰ ਸੰਭਾਲ ਲਿਆ ਹੈ, ਪੰਥ ਦੇ ਹਰ ਦਮ ਚਿੱਤ ਵਿਚ ਹੈ ਕਿ ਹੁਣ ਕਿਤੇ ਖੜਕਾ-ਦੜਕਾ ਹੋਵੇ, ਤਲਵਾਰਾਂ ਦਾ ਜੰਗ ਲਾਈਏ, ਇਹ ਜਿਹੜੇ ਨਵਾਬ ਹਨ ਬਹੁਤੇ ਆਕੜਦੇ, ਇਹਨਾਂ ਨੂੰ ਸੋਧੀਏ, ਇਉਂ ਸਿੰਘਾਂ ਦੇ ਮਨ ਵਿਚ ਜੰਗ, ਜੁੱਧ ਦੇ ਰੋਜ਼ ਫੁਰਨੇ ਉਠਦੇ ਹਨ।

***ਜੋ ਟਕਯਨ ਮੈਂ ਕਰੈ ਦੇਰ ਨਿਬਾਬ॥*** ਜੇ ਲਹੌਰ ਦਾ ਨਵਾਬ ਤੋਂ ਟਕੇ ਦੇਣ ਵਿਚ ਦੇਰੀ ਹੋ ਜਾਂਦੀ।

***ਸਿੰਘ ਖਾਹਿਂ ਲੁਟ ਮੁਲਖ ਸ਼ਿਤਾਬ॥ ੩੯॥*** ਉਦੋਂ ਹੀ ਸਿੰਘ ਮੁਲਖ ਨੂੰ ਲੁੱਟ ਕੇ ਲੰਗਰ ਤਪਾਉਣਾ ਸ਼ੁਰੂ ਕਰ ਦਿੰਦੇ ਸਨ। ੩੯।

## ਸਾਖੀ ਜੱਸਾ ਸਿੰਘ ਕੀ

### (ਜੱਸਾ ਸਿੰਘ ਆਹਲੂਵਾਲੀਏ ਦੀ ਮੁੱਢਲੀ ਵਿਥਿਆ)

***ਦੋਹਰਾ॥ ਸਾਖੀ ਜੱਸਾ ਸਿੰਘ ਕੀ ਅਬ ਮੈਂ ਦਿਉਂ ਸੁਨਾਇ॥*** ਬਾਬਾ ਜੱਸਾ ਸਿੰਘ ਜੀ ਜੋ ਨਵਾਬ ਕਪੂਰ ਸਿੰਘ ਤੋਂ ਬਾਅਦ ਪੰਥ ਦੇ ਜਥੇਦਾਰ ਬਣੇ ਹਨ, ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਬਾਬਾ ਜੱਸਾ ਸਿੰਘ ਜੀ ਦੀ ਸਾਖੀ। ਹੁਣ ਮੈਂ ਸੁਣਾਉਂਦਾ ਹਾਂ, ਭਾਵ ਬੁੱਢੇ ਦਲ ਦੇ ਚੌਥੇ ਜਥੇਦਾਰ ਹੋਏ ਹਨ ਕਿ ਜੱਸਾ ਸਿੰਘ ਪੰਥ ਵਿਚ ਕਿਵੇਂ ਭਰਤੀ ਹੋਇਆ ਸੀ।

***ਮੰਗਤ ਖਾਤ ਖਾਲਸੈ ਰਲਯੋ, ਭਯੋ ਪੰਥ ਪਤਿਸ਼ਾਹਿ॥ ੧॥*** ਮੰਗਦੇ ਖਾਂਦੇ ਖਾਲਸੇ ਪੰਥ ਵਿਚ ਆ ਕੇ ਰਲ ਗਏ, ਇਹ ਉਦੋਂ ਦਾ ਟਾਈਮ ਹੈ, ਜਦੋਂ ਗੁਰੂ ਗੋਬਿੰਦ ਸਿੰਘ ਜੀ ਸੱਚਖੰਡ ਚਲੇ ਗਏ ਸਨ। ਜੱਸਾ ਸਿੰਘ ਨੂੰ ਇਸ ਦੀ ਮਾਂ, ਮਾਤਾ ਸੁੰਦਰੀ ਜੀ ਦੇ ਕੋਲ ਲੈ ਕੇ ਦਿੱਲੀ ਚਲੇ ਗਏ ਸੀ। ਗੁਰੂ ਜੀ ਦੇ ਵਰ ਨਾਲ ਇਹ ਪੈਦਾ ਹੋਏ ਸਨ। ਮਾਤਾ ਸੁੰਦਰੀ ਜੀ ਨੇ ਇਹਨਾਂ ਨੂੰ ਪੰਥ ਵਿਚ ਨਵਾਬ ਕਪੂਰ ਸਿੰਘ ਜੀ ਦੇ ਪਾਸ ਭੇਜ ਦਿੱਤਾ ਅਤੇ ਅੱਗੇ ਜਾ ਕੇ ਇਹ

ਖਾਲਸਾ ਪੰਥ ਦੇ ਜਥੇਦਾਰ(ਪਾਤਸ਼ਾਹ) ਹੋ ਗਏ ਹਨ। ੧।

***ਚੌਪਈ॥ ਆਹਲੂਵਾਲੀਏ ਇਕ ਕੌਮ ਕਹਾਵੈ॥*** ਆਹਲੂਵਾਲ ਇਕ ਪਿੰਡ ਹੈ,ਕੌਮ ਕਲਾਲ ਹੈ, ਆਪਣੇ ਪਿੰਡ ਦੇ ਨਾਮ 'ਤੇ ਇਹ ਆਹਲੂਵਾਲੀਏ ਕਹਾਉਂਦੇ ਹਨ।

***ਲਹੌਰ ਕਸੂਰਹਿ ਮੱਧ ਬਸਾਵੈ॥*** ਲਹੌਰ ਤੇ ਕਸੂਰ ਦੇ ਵਿਚਕਾਰ ਵਸਦੇ ਹਨ ਓਥੇ ਪਿੰਡ ਹਨ ਇਨ੍ਹਾਂ ਦੇ।

***ਊਹਾਂ ਥੋ ਇਕ ਗਰੀਬ ਕਲਾਲ॥*** 'ਕਲਾਲਾ' ਕੌਮ ਦਾ ਇਕ ਗਰੀਬ ਸਿੰਘ ਰਹਿੰਦਾ ਸੀ।

***ਹੁਤੋ ਸਿੰਘ ਥੋ ਵਹਿ ਗੁਰ ਲਾਲ॥ ੨॥*** ਉਹ ਗੁਰੂ ਦਾ ਲਾਲ ਸਿੰਘ ਸਜਿਆ ਹੋਇਆ ਸੀ। ੨।

***ਦਯਾਲ ਸਿੰਘ ਥੋ ਉਸ ਕੋ ਨਾਮ॥*** ਉਸ 'ਕਲਾਲਾ' ਸਿੰਘ ਦਾ ਨਾਮ ਭਾਈ ਦਿਆਲ ਸਿੰਘ ਸੀ।

***ਕਰਤ ਹੁਤੋ ਸੋ ਸਰਬਹਿ ਕਾਮ॥*** ਉਹ ਸ਼ਰਾਬ ਕੱਢਣ ਦਾ ਕੰਮ ਕਰਦੇ ਸਨ, ਸ਼ਰਾਬ ਦੀ ਠੇਕੇਦਾਰੀ ਹੁੰਦੀ ਸੀ ਉਹਨਾਂ ਕੋਲ।

***ਸੋ ਮਰ ਗਯੋ ਰਹਯੋ ਸੁਤ ਔ ਨਾਰਿ॥*** ਉਹ ਤਾਂ ਆਪ ਚੜ੍ਹਾਈ ਕਰ ਗਿਆ, ਉਹਦਾ ਪੁੱਤਰ ਅਤੇ ਘਰ ਵਾਲੀ ਪਿੱਛੇ ਰਹਿ ਗਈ ਹੈ, ਦੋਵੇਂ ਮਾਂ ਪੁੱਤ ਪਿੱਛੇ ਰਹਿ ਗਏ।

***ਹੁਤੋ ਦੋਊਅਨ ਕੋ ਅਤਿ ਸੈ ਪਯਾਰ॥ ੩॥*** ਮਾਂ ਪੁੱਤ ਦਾ ਦੋਹਾਂ ਦਾ ਆਪਸ ਵਿਚ ਬੜਾ ਪਿਆਰ ਸੀ, ਦੋਵੇਂ ਬੜੇ ਪ੍ਰੇਮ ਨਾਲ ਰਹਿੰਦੇ ਸਨ। ੩।

***ਹੁਤੀ ਸਿੰਘਨ ਕੀ ਬੇਟੀ ਸੋਇ॥*** ਉਸ ਦੀ ਮਾਤਾ ਸਿੰਘਾਂ ਦੀ ਧੀ ਸੀ, ਸਿੰਘਾਂ ਦੇ ਘਰ ਜੰਮੀ-ਪਲੀ ਸੀ, ਏਸ ਕਰਕੇ ਸਿੱਖੀ ਨਾਲ ਪਿਆਰ ਸੀ।

***ਪਿਤਾ ਪੜ੍ਹਾਈ ਅੱਛਰ ਤੋਇ॥*** ਉਸ ਨੂੰ ਉਸ ਦੇ ਪਿਤਾ ਨੇ ਗੁਰਮੁਖੀ ਅੱਖਰ ਪੜ੍ਹਾਏ ਸਨ, ਕਿਉਂਕਿ ਇਹ ਸਿੱਖਾਂ ਦੀ ਲੜਕੀ ਸੀ, ਸਿੱਖਾਂ ਦੇ ਘਰ ਇਹੀ ਪੜ੍ਹਾਈ ਸੀ।

***ਗੁਰਬਾਣੀ ਤਿਸ ਕੰਠ ਘਨੇਰੀ॥*** ਗੁਰਸਿੱਖਾਂ ਦੇ ਬੇਟੀ ਹੋਣ ਕਰਕੇ ਗੁਰਬਾਣੀ ਇਸ ਦੇ ਬੜੀ ਕੰਠ ਸੀ।

***ਹੁਤੀ ਸਿੱਖਣੀ ਦੁਇ ਪਖ ਕੇਰੀ॥ ੪॥*** ਪੇਕੇ ਅਤੇ ਸਹੁਰੇ ਦੋਹਾਂ ਪੱਖਾਂ ਤੋਂ ਸਿੱਖਣੀ ਸੀ ਗੁਰੂ ਕੀ। ੪।

***ਪੋਥੀ ਰਾਖਤ ਗਾਤ੍ਰੈ ਪਾਇ॥*** ਗੁਰਬਾਣੀ ਦੀ ਪੋਥੀ ਨਿਤਨੇਮ ਵਾਲੀ, ਉਹ ਆਪਣੇ ਖਜ਼ਾਨੇ ਵਿਚ ਗਾਤਰੇ ਵਿਚ ਪਾ ਕੇ ਰੱਖਦੀ ਸੀ।

***ਸਿਖ ਸੰਗਤ ਮੈਂ ਪਹੁੰਚੈ ਜਾਇ॥*** ਜਿਥੇ ਸਿੱਖ ਸੰਗਤ ਵਿਚ ਗੁਰੂ ਕਾ ਦੀਵਾਨ ਲੱਗੇ ਜਾਂ ਕੋਈ ਪੁਰਬ ਮਨਾਉਂਦੇ ਸਨ, ਓਥੇ ਪਹੁੰਚ ਜਾਂਦੇ ਸਨ।

***ਬਡੀ ਪ੍ਰਾਤ ਉਠ ਚੌਕੀ ਕਰੈ॥*** ਪਹਿਰ ਰਾਤ ਉੱਠ ਕੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਚੌਕੀ ਲਾਉਣੀ।

***ਸਮੈਂ ਸੰਝੈ ਭੀ ਸੋਦਰ ਪੜ੍ਹੈ॥ ੫॥*** ਸੰਧਿਆ ਦੇ ਸਮੇਂ ਸੋ ਦਰੁ ਲਾ ਕੇ ਸ੍ਰੀ ਰਹਰਾਸਿ ਸਾਹਿਬ ਜੀ ਦਾ ਪਾਠ ਪੜ੍ਹਦੇ ਸੀ। ੫।

***ਦੋਹਰਾ॥ ਆਪ ਦੁਤਾਰੇ ਵਹਿ ਫੜੈ ਬਾਲ ਸੁ ਦਾਸੀ ਪ੍ਰੇਮ॥*** ਆਪ (ਦੁਤਾਰ) ਦੋ ਤਾਰਾਂ ਵਾਲਾ ਸਾਜ, ਆਪ ਦੋਤਾਰਾ ਫੜ ਕੇ ਬਾਲਕ ਰੂਪ ਜੱਸਾ ਸਿੰਘ ਅਤੇ ਦਾਸਾਂ ਵਾਲਾ ਪ੍ਰੇਮ ਧਾਰ ਕੇ।

***ਦੋਊ ਵਖਤ ਚੌਕੀ ਕਰੈ ਯਿਹ ਥੋ ਉਸ ਕੋ ਨੇਮ॥ ੬॥*** ਇਹ ਨੇਮ ਸੀ ਉਹਨਾਂ ਦਾ, ਅੰਮ੍ਰਿਤ ਵੇਲੇ ਆਸਾ ਦੀ ਵਾਰ ਤੇ ਪਿਛਲੇ ਪਹਿਰ ਸੋ ਦਰੁ ਦੀ ਚੌਕੀ ਲਾਉਣੀ, ਇਹ ਉਹਨਾਂ ਦਾ ਨਿਤਨੇਮ ਸੀ। ੬।

***ਚੌਪਈ॥ ਜਹਿ ਸਿਖ ਸੰਗਤ ਹੋਵੈ ਜੋੜ॥*** ਜਿਥੇ ਸਿੱਖ ਸੰਗਤ ਦਾ ਜੋੜ ਮੇਲਾ ਹੁੰਦਾ ਸੀ।

***ਜੋ ਸੱਦੈ ਤਿਸ ਕਰੈ ਨ ਮੋੜ॥*** ਜੇ ਕਦੀ ਸੰਗਤ ਸੱਦਾ ਭੇਜੇ ਕਿ ਜੋੜ ਮੇਲਾ ਮਨਾਉਣਾ ਹੈ, ਤਾਂ ਕਦੀ ਮੋੜ ਨਹੀਂ ਸੀ ਕੀਤਾ, ਮਾਂ ਪੁੱਤਰਾਂ ਨੇ, ਉਦੋਂ ਹੀ ਹਾਜ਼ਰ ਹੋ ਜਾਂਦੇ, ਚੱਲੋ ਜੀ! ਅਸੀਂ ਕਰਾਂਗੇ ਕੀਰਤਨ।

***ਰਾਤ ਦਿਨਸ ਕਰ ਜਾਵੈ ਤਾਂਹਿ॥*** ਰਾਤ ਦਿਨ ਕਰਕੇ ਭਾਵੇਂ ਦੂਰ ਜਾਣਾ ਹੋਵੇ ਭਾਵੇਂ ਨੇੜੇ, ਜ਼ਰੂਰ ਪਹੁੰਚਦੇ ਓਥੇ।

***ਕਰ ਚੌਂਕੀ ਦੇ ਸ਼ਬਦ ਸੁਣਾਇ॥ ੭॥*** ਓਥੇ ਜਾ ਕੇ ਸ਼ਬਦ ਚੌਂਕੀ ਲਾ ਕੇ ਕੀਰਤਨ ਸੁਣਾਉਂਦੇ ਸਨ। ੭।

***ਹਰ ਮੇਲੇ ਜਾਵੈ ਗੁਰਦ੍ਵਾਰ॥*** ਵਿਸਾਖੀ ਦਿਵਾਲੀ ਹਰੇਕ ਮੇਲੇ 'ਤੇ ਗੁਰਦੁਆਰੇ ਜਾਣਾ, ਹਰ ਜੋੜ ਮੇਲੇ 'ਤੇ ਸ੍ਰੀ ਅੰਮ੍ਰਿਤਸਰ ਪਹੁੰਚਦੇ।

***ਖੁੰਝੈ ਨਹੀਂ ਵਹਿ ਗੁਰ ਕੀ ਕਾਰ॥*** ਇਹ ਗੁਰੂ ਕਾਰ ਹੈ ਖਾਲਸਾ ਜੀ। ਬਾਕੀ ਕਾਰਜ਼ ਸਾਡੇ ਆਪੋ ਆਪਣੇ ਹਨ। ਜਿਹੜਾ ਦੀਵਾਨ ਦਾ ਕੰਮ ਗੁਰਬਾਣੀ ਦਾ ਕਥਾ ਕੀਰਤਨ ਦਾ, ਇਹ ਗੁਰੂ ਕੀ ਕਾਰ ਹੈ, ਇਹ ਕਦੇ ਵੀ ਇਸ ਕੰਮ ਤੋਂ ਖੁੰਝਦੇ ਨਹੀਂ ਸਨ ਇਸ ਤੋਂ।

***ਜਹਾਂ ਖਾਲਸੋ ਲਾਇ ਦੀਵਾਨ॥*** ਜਿਥੇ ਖਾਲਸਾ ਪੰਥ ਜਾ ਕੇ ਦੀਵਾਨ ਲਾਉਂਦਾ ਸੀ।

***ਜਾਇ ਕਰੈ ਸ਼ਬਦ ਚੌਂਕੀ ਗਾਨ॥ ੮॥*** ਓਥੇ ਜਾ ਕੇ ਸ਼ਬਦ ਚੌਂਕੀ ਲਾ ਕੇ ਬੜਾ ਸੁੰਦਰ ਕੀਰਤਨ ਗਾਇਨ ਕਰਦੇ ਸਨ। ੮।

***ਸੁਨ ਖਾਲਸੋ ਅੰਮ੍ਰਿਤਸਰ ਆਯੋ॥*** ਖਾਲਸੇ ਪੰਥ ਦਾ ਅੰਮ੍ਰਿਤਸਰ ਆਉਣਾ ਸੁਣ ਕੇ ਮਾਂ ਪੁੱਤਰ ਨੇ ਕਿ ਖਾਲਸਾ ਪੰਥ ਅੱਜ ਕੱਲ ਸ੍ਰੀ ਅੰਮ੍ਰਿਤਸਰ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਦੀਵਾਨ ਲੱਗਦੇ ਨੇ।

***ਤਿਨ ਭੀ ਦਰਸ਼ਨ ਪੰਥਹਿ ਪਾਯੋ॥*** ਉਹਨਾਂ ਦੋਵਾਂ ਮਾਂ ਪੁੱਤਰਾਂ ਨੇ ਵੀ ਆ ਪੰਥ ਦਾ ਦਰਸ਼ਨ ਪ੍ਰਾਪਤ ਕੀਤਾ।

***ਕੀਤੀ ਚੌਂਕੀ ਪ੍ਰੇਮਹਿ ਲਾਇ॥*** ਬੜੇ ਪ੍ਰੇਮ ਨਾਲ ਖਾਲਸੇ ਪੰਥ ਵਿਚ ਚੌਂਕੀ ਭਰੀ ਹੈ, ਦੀਵਾਨ ਸਜਿਆ ਹੋਇਆ ਸੀ, ਕੀਰਤਨ ਕੀਤਾ ਆ ਕੇ।

***ਸੁਨੀ ਪੰਥ ਬਹੁ ਸ਼ਾਂਤ ਬ੍ਰਤਾਇ॥ ੯॥*** ਸ਼ਬਦ ਚੌਂਕੀ ਸੁਣੀ ਹੈ ਖਾਲਸੇ ਪੰਥ ਨੇ, ਬੜੀ ਸ਼ਾਂਤੀ ਵਰਤ ਗਈ, ਸ਼ਬਦ ਕੀਰਤਨ ਸੁਣ ਕੇ। ੯।

***ਅਤਿ ਪ੍ਰਸੰਨ ਪੰਥ ਤਿਸ ਪਰ ਭਯੋ॥*** ਇਹਨਾਂ ਦਾ ਕੀਰਤਨ ਸੁਣ ਕੇ ਖਾਲਸੇ ਪੰਥ ਨੇ ਬੜੀ ਪ੍ਰਸ਼ੰਨਤਾ ਕੀਤੀ ਹੈ, ਬੜੀ ਖੁਸ਼ੀ ਕੀਤੀ ਹੈ ਦੋਹਾਂ ਮਾਂ ਪੁੱਤਰਾਂ 'ਤੇ।

***ਭਲੇ ਵਖਤ ਕਿਤ ਵਹੁ ਥੋ ਅਯੋ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਉਹ ਭਲੇ ਵਖਤ ਕਿਤੇ ਖਾਲਸੇ ਪੰਥ ਵਿਚ ਆਏ ਸਨ, ਜਿੰਨ੍ਹਾਂ 'ਤੇ ਪੰਥ ਨੇ ਮਿਹਰ ਦੀ ਨਿਗਾਹ ਕਰ ਦਿੱਤੀ।

***ਕਪੂਰ ਸਿੰਘ ਲਯੋ ਬਾਲ ਬੁਲਾਇ॥*** ਜਥੇਦਾਰ ਕਪੂਰ ਸਿੰਘ ਜੀ ਨੇ ਪ੍ਰਸੰਨ ਹੋ ਕੇ ਬਾਲਕ ਜੱਸਾ ਸਿੰਘ ਨੂੰ ਆਪਣੇ ਕੋਲ ਬੁਲਾਇਆ।

***ਕੀਯੋ ਸਿੰਘ ਨਿਜ ਅੰਮ੍ਰਿਤ ਛਕਾਇ॥ ੧੦॥*** ਨਵਾਬ ਕਪੂਰ ਸਿੰਘ ਨੇ ਆਪਣੇ ਹੱਥੀਂ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ੧੦।

***ਦੋਹਰਾ॥ ਮਾਤਾ ਭੀ ਉਸ ਹੁਇ ਖੁਸ਼ੀ, ਦੀਨੀ ਬਾਂਹਿ ਫੜਾਇ॥*** ਬਾਲਕ ਜੱਸਾ ਸਿੰਘ ਦੀ ਮਾਤਾ ਨੇ ਵੀ ਬੜੀ ਖੁਸ਼ੀ ਨਾਲ ਆਪਣੇ ਬੱਚੇ ਦੀ ਬਾਂਹ ਨਵਾਬ ਕਪੂਰ ਸਿੰਘ ਦੇ ਹੱਥ ਫੜਾ ਦਿੱਤੀ ਹੈ, ਇਹ ਮਹਾਰਾਜ, ਤੁਹਾਡਾ ਪੰਥ ਦਾ ਪੁੱਤਰ ਹੈ।

***ਭਲੇ ਭਾਗ ਉਸ ਕੇ ਭਏ ਰਹਯੋ ਨਿਬਾਬੈ ਪਾਹਿ॥ ੧੧॥*** ਉਸ ਬਾਲਕ ਜੱਸਾ ਸਿੰਘ ਦੇ ਚੰਗੇ ਭਾਗ ਹੋ ਗਏ ਹਨ, ਜਿਹੜਾ ਨਵਾਬ ਕਪੂਰ ਸਿੰਘ ਦੇ ਪਾਸ, ਪੰਥ ਦੀ ਸੇਵਾ ਵਿਚ ਰਹਿ ਪਿਆ। ੧੧।

***ਚੌਪਈ॥ ਨਿਬਾਬ ਮਿਹਰ ਜੱਸਾ ਸਿੰਘ ਆਈ॥*** ਨਬਾਬ ਕਪੂਰ ਸਿੰਘ ਦੀ ਜੱਸਾ ਸਿੰਘ ਦੇ ਉੱਤੇ ਮਿਹਰ ਦੀ ਨਿਗਾਹ ਹੋ ਗਈ।

***ਦਾਣੋਂ ਘੋੜਨ ਕਹਯੋ ਵ੍ਰਤਾਈ॥*** ਜੱਸਾ ਸਿੰਘ ਨੂੰ ਹੁਕਮ ਲਾ ਦਿੱਤਾ ਕਿ ਘੋੜਿਆਂ ਨੂੰ ਦਾਨਾ ਵਰਤਾਇਆ ਕਰ, ਬਾਰ੍ਹਾਂ

ਹਜ਼ਾਰ ਘੋੜਾ ਖਾਲਸੇ ਪੰਥ ਵਿੱਚ ਰਹਿਦਾ ਸੀ, ਇਸ ਬਾਲਕ ਦੀ ਬਾਰ੍ਹਾਂ ਹਜ਼ਾਰ ਘੋੜੇ ਨੂੰ ਦਾਨਾ ਵਰਤਾਉਣ ਦਾ ਪਹਿਰਾ ਲਾ ਦਿੱਤਾ ਹੈ॥

***ਕਈ ਰੋਜ਼ ਉਨ੍ਹ ਕੰਮ ਚਲਾਯਾ॥*** ਕਈ ਦਿਨ ਉਹ ਘੋੜਿਆਂ ਨੂੰ ਦਾਨਾ ਵਰਤਾਉਣ ਦੀ ਸੇਵਾ ਕਰਦਾ ਰਿਹਾ।

***ਅਕਸਰ ਬਾਲਕ ਲੋਕਨ ਰੁਵਾਯਾ॥ ੧੨॥*** ਉਹ ਬੱਚਾ ਸੀ ਬਾਰ੍ਹਾਂ ਹਜ਼ਾਰ ਘੋੜਿਆਂ ਨੂੰ ਦਾਨਾ ਵਰਤਾਉਣਾ ਕਿਤੇ ਸੌਖੀ ਜਿਹੀ ਗੱਲ ਨਹੀਂ, ਪਰ ਤਕੜਾ ਸੀ ਸਰੀਰ ਕਰਕੇ ਵਰਤਾਉਂਦਾ ਤਾਂ ਰਿਹਾ, ਜੰਗੀ ਸਿੰਘ ਸਨ, ਇਹ ਬੱਚਾ ਸੀ, ਸਿੰਘ ਕਿਥੇ ਲੋਟ ਆਉਣ, ਇਕ ਦਿਨ ਦਾਨਾ ਵਰਤਾਉਂਦਿਆਂ ਵਰਤਾਉਂਦਿਆਂ ਨੂੰ ਸਿੰਘਾਂ ਨੇ ਰੁਵਾ ਦਿੱਤਾ। ੧੨।

***ਰੋਵਨ ਹੋਤੋ ਬਾਲਕਨ ਜ਼ੋਰ॥*** ਭਾਈ ਰਤਨ ਸਿੰਘ ਜੀ ਕਹਿੰਦੇ, ਬੱਚਿਆਂ ਦਾ ਤਾਂ ਰੋਣ 'ਤੇ ਹੀ ਜ਼ੋਰ ਹੁੰਦਾ ਹੈ, ਸਿੰਘਾਂ ਨਾਲ ਵਾਹ ਤਾਂ ਜਾਂਦੀ ਕੋਈ ਨਹੀਂ।

***ਰੋਵਤ ਅਯੋ ਕਪੂਰ ਸਿੰਘ ਕੋਰ॥*** ਜਦੋਂ ਕਿਸੇ ਸਿੰਘ ਨੇ ਕੋਈ ਥੋੜ੍ਹਾ ਬਹੁਤਾ ਧੌਲ-ਧੱਪਾ ਕਰ ਦਿਤਾ, ਤਾਂ ਰੋਂਦਾ ਹੋਇਆ ਕਪੂਰ ਸਿੰਘ ਕੋਲ ਆ ਗਿਆ। ਹੇ ਮਹਾਰਾਜ ਸਿੰਘ ਜੀ!

***'ਮੈਥੋਂ ਦਾਨਾ ਵਰਤੇ ਨਾਹੀਂ॥*** ਮੈਥੋਂ ਨਹੀਂ ਵਰਤਦਾ ਦਾਨਾ, ਇਹ ਲੈਂਦੇ ਨੇ ਦਾਨਾ, ਸੁੱਚੇ ਹੱਥੀਂ ਤਾਂ ਲੈਂਦੇ ਨਹੀਂ, ਇਹ ਤਾਂ ਧੱਕਾ ਕਰਦੇ ਨੇ, ਜੇ ਮੈਂ ਹਟਾਉਂਦਾ ਹਾਂ ,ਤਾਂ ਮੈਨੂੰ ਕੁੱਟਦੇ ਨੇ, ਇਹ ਨਹੀਂ ਮੈਥੋਂ ਵਰਤਾਉਣ ਹੁੰਦਾ, ਇਹ ਕਿਸੇ ਹੋਰ ਦੀ ਡਿਊਟੀ ਲਾਓ।

***ਧੌਲ ਧਪੋ ਮੁਹਿ ਬਹੁਤ ਕਰਾਹੀਂ' ॥੧੩॥*** ਇਹ ਮੇਰੇ ਨਾਲ ਬਹੁਤ ਧੌਲ-ਧੱਫਾ ਕਰਦੇ ਨੇ, ਇਕ ਹੋਵੇ, ਦੋ ਹੋਵੇ ਤਾਂ ਵੀ ਹੈ, ਇਹ ਤਾਂ ਸਾਰੇ ਹੀ ਕੁੱਟਣ ਪੈਂਦੇ ਨੇ ਮੈਨੂੰ। ੧੩।

***ਹੋਇ ਖੁਸ਼ੀ ਨ੍ਵਾਬ ਸੱਦ ਲਯੋ ਪਾਸ॥*** ਨਵਾਬ ਨੇ ਖੁਸ਼ੀ ਹੋ ਕੇ ਜੱਸਾ ਸਿੰਘ ਨੂੰ ਆਪਣੇ ਕੋਲ ਸੱਦ ਲਿਆ ਹੈ, ਕਿਉਂਕਿ ਉਹਨਾਂ ਨੂੰ ਪਤਾ ਸੀ ਪੰਥ ਦੇ ਸੁਭਾਅ ਦਾ, ਕਿ ਫ਼ੌਜੀ ਜੀਵਨ ਕਿਹੋ ਜਿਹਾ ਹੁੰਦਾ ਰੁੱਖਾ ਜਿਹਾ, ਨਵਾਬ ਸਾਹਿਬ ਨੇ ਕਿਹਾ, ਉਰੇ ਆ ਭੁਜੰਗੀਆਂ!ਉਰੇ ਆ,ਮੇਰੇ ਕੋਲ ਆ ਤੂੰ।

***ਧਰਯੋ ਹਾਥ ਉਸ ਸਿਰ ਪਰ ਖਾਸ॥*** ਖਾਸ ਹੱਥ ਜਿਹੜਾ ਸੀ ਮਿਹਰ ਭਰਿਆ, ਉਹਦੇ ਸਿਰ 'ਤੇ ਰੱਖ ਦਿੱਤਾ ਜੱਸਾ ਸਿੰਘ ਦੇ।

***ਕਹੀ ਬਾਤ ਮੁਖ ਦਯੋ ਪਿਆਰ॥*** ਪਿਆਰ ਦਿੱਤਾ ਉਸ ਨੂੰ ਤੇ ਮੁਖੋਂ ਇਉਂ ਬਚਨ ਕਿਹਾ।

***'ਤੁਧ ਦਾਣੋਂ ਦੇਣੈ ਬੱਗ ਹਜ਼ਾਰ' ॥ ੧੪॥*** ਤੂੰ ਤਾਂ ਹਜਾਰਾਂ ਘੋੜਿਆਂ ਦੇ ਵੱਗ ਨੂੰ ਦਾਨਾ ਦੇਣਾ ਹੈ, ਇਹ ਤਾਂ ਥੋੜ੍ਹੇ ਹੀ ਹਨ। ੧੪।

***ਹਮ ਤੋ ਕੀਨੋ ਪੰਥ ਨਵਾਬੈ॥*** ਦੇਖ ਲੈ ਮੈਂ ਸੇਵਾ ਕਰਦਾ ਹੁੰਦਾ ਸੀ ਪੰਥ ਦੀ, ਮੈਨੂੰ ਤਾਂ ਨਵਾਬ ਬਣਾ ਦਿੱਤਾ, ਇਹਨਾਂ ਸਾਰੇ ਪੰਥ ਦਾ।

***ਤੇਰੈ ਕਰਿਯੁਗੁ ਪਤਿਸ਼ਾਹੀ ਤਾਬੈ॥*** ਮੈਨੂੰ ਤਾਂ ਦਿਸਦਾ ਹੈ ਤੈਨੂੰ ਪਾਤਸ਼ਾਹੀ ਸੌਂਪ ਦੇਣੀ ਹੈ ਇਹਨਾਂ ਨੇ, ਤੇਰੀ ਤਾਬਿਆ ਤਾਂ ਪਾਤਸ਼ਾਹੀ ਆ ਜਾਣੀ ਹੈ।

***ਉਸੀ ਵਕਤ ਤੇ ਭਯੋ ਨਿਹਾਲ॥*** ਭਾਈ ਰਤਨ ਸਿੰਘ ਜੀ ਕਹਿੰਦੇ ਨੇ, ਇਹ ਸ਼ਬਦ ਕਹਿਣ ਦੀ ਲੋੜ ਸੀ, ਕਿਉਂਕਿ ਨਵਾਬ ਕਪੂਰ ਸਿੰਘ ਦੇ ਬਚਨ 'ਤੇ ਸਿੰਘ ਬੜਾ ਭਰੋਸਾ ਕਰਦੇ ਸਨ, ਇਉਂ ਮੰਨਦੇ ਸਨ, ਜਿਵੇਂ ਗੁਰੂਆਂ ਨੇ ਬਚਨ ਕਰ ਦਿੱਤਾ ਹੈ ਕਿ ਇਹ ਜ਼ਰੂਰ ਹੋਣਾ ਹੈ। ਓਸੇ ਸਮੇਂ ਤੋਂ ਜੱਸਾ ਸਿੰਘ ਨਿਹਾਲ ਹੋ ਗਿਆ।

***ਸ਼ਾਹਿ ਕਹਾਯੋ ਜੱਸਾ ਸਿੰਘ ਕਲਾਲ॥ ੧੫॥*** ਇਹ ਕਲਾਲ ਜਾਤ ਦਾ ਜੱਸਾ ਸਿੰਘ ਪੰਥ ਦਾ ਪਾਤਸ਼ਾਹ ਕਹਾਇਆ ਹੈ,

ਖਾਲਸਾ ਪੰਥ ਦੀ ਮਿਹਰ ਦੀ ਨਿਗਾਹ ਨਾਲ। ੧੫।

***ਦੋਹਰਾ॥ ਰਤਨ ਸਿੰਘ ਸਾਖੀ ਲਿਖੀ, ਸੁਨ ਕੈ ਪਾਸ ਸਿਆਨ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਮੈਂ ਸਿਆਣਿਆਂ ਸਿੰਘਾਂ ਤੋਂ ਸੁਣ ਕੇ ਸਾਖੀ ਲਿਖੀ ਹੈ, ਜਿਵੇਂ ਜੱਸਾ ਸਿੰਘ ਰਲਿਆ ਸੀ ਪੰਥ ਵਿਚ ਆ ਕੇ।

***ਭੂਲ ਹਮਾਰੀ ਬਖਸ਼ੀਓ ਹਮਰੀ ਟਹਲ ਪਛਾਨ॥ ੧੬॥*** ਅਤੇ ਬੇਨਤੀ ਕਰਦੇ ਹਨ, ਖਾਲਸਾ ਜੀ! ਜੇ ਮੈਥੋਂ ਕੋਈ ਭੁੱਲ ਹੋ ਗਈ ਹੋਵੇ, ਮੈਂ ਕੋਈ ਗਲਤ ਸ਼ਬਦ ਕਹਿ ਦਿੱਤਾ ਹੋਵੇ, ਤਾਂ ਮੈਨੂੰ ਬਖ਼ਸ਼ੋ, ਕਿਉਂਕਿ ਮੈਂ ਵੀ ਟਹਿਲ ਕਰਕੇ ਹੀ ਪੰਥ ਦੀ ਸੇਵਾ ਕਰਕੇ ਹੀ ਇਤਹਾਸ ਲਿਖਿਆ ਹੈ, ਹੋਰ ਮੈਨੂੰ ਕੋਈ ਲਾਲਸਾ ਨਹੀਂ ਹੈ। ੧੬।

## ਅਸਲਮ ਖ਼ਾਂ ਦੀ ਥਾਵੇਂ ਸਮੁੰਦ ਖ਼ਾਂ ਨੇ ਬੈਠਣਾ

***ਦੋਹਰਾ॥ ਥੋਰੈ ਹੀ ਸੋ ਦਿਨਨ ਮੈਂ, ਭਯੋ ਅਸਲਮ ਖਾਨ ਬਹੀਰ॥*** ਥੋੜ੍ਹੇ ਹੀ ਦਿਨਾਂ ਵਿਚ ਲਹੌਰ ਦਾ ਸੂਬੇਦਾਰ ਅਸਲਮ ਖ਼ਾਂ (ਭਯੋ ਬਹੀਰ) ਮਰ ਗਿਆ, ਚਲਾਣਾ ਕਰ ਗਿਆ।

***ਤਿਸ ਦੀ ਜਾਗ੍ਹਾ ਸੋ ਬਹਯੋ, ਅਸਮੁੰਦ ਖਾਨਨ ਬੀਰ॥ ੧॥*** ਉਸ ਦੀ ਜਗ੍ਹਾ ਉੱਤੇ ਅਸਮੁੰਦ ਖ਼ਾਨ ਲਹੌਰ ਦੀ ਸੂਬੇਦਾਰੀ 'ਤੇ ਬੈਠਾ ਹੈ, ਜੋ ਕਿ ਬੜਾ ਦੁਸ਼ਟ ਸੀ ਬੜਾ ਤਕੜਾ ਸੀ। ੧।

***ਚੌਪਈ॥ ਅਸਮੁੰਦ ਖਾਨ ਕੋ ਬਜਯੋ ਰਬਾਬ॥*** ਹੁਣ ਅਸਮੁੰਦ ਖ਼ਾਨ ਦਾ ਰਬਾਬ ਵੱਜਿਆ ਹੈ, ਭਾਵ ਇਹਦਾ ਰਾਜ ਹੋ ਗਿਆ ਹੈ ਪੰਜਾਬ 'ਤੇ।

***ਹੁਤੇ ਦੁਸ਼ਟ ਸੋ ਬਹੁਤ ਖਰਾਬ॥*** ਉਹ ਮਨ ਦਾ ਬੜਾ ਦੁਸ਼ਟ ਸੀ, ਬਹੁਤ ਖਰਾਬ ਸੀ, ਉਹ ਬੜਾ ਦੁਖਦਾਈ ਸੀ ਖਾਲਸੇ ਨੂੰ।

***ਉਸ ਕੈ ਮਨ ਬਡ ਗਰਬਾ ਆਇਆ॥*** ਉਸ ਦੇ ਮਨ ਵਿਚ ਬੜਾ ਹੰਕਾਰ ਹੋ ਗਿਆ।

***ਉਨ ਸਿੰਘਨ ਕੋ ਖਰਚ ਹਟਾਇਆ॥ ੨॥*** ਉਸ ਅਸਮੁੰਦ ਖ਼ਾਂ ਨੇ, ਜੋ ਖਾਲਸੇ ਨੂੰ ਜਗੀਰ ਲੱਗੀ ਸੀ ਬਾਰ੍ਹਾਂ ਚੱਕ ਅਤੇ ਰੋਜ਼ਾਨਾ ਖ਼ਰਚ ਦਿੰਦੇ ਸਨ, ਉਹ ਇਸ ਨੇ ਬੰਦ ਕਰ ਦਿੱਤਾ ਹੈ ਕਿ ਕੋਈ ਲੋੜ ਨਹੀਂ ਹੈ ਖਾਲਸੇ ਨੂੰ ਖ਼ਰਚਾ ਦੇਣ ਦੀ। ੨।

***ਦਈ ਖਾਲਸੇ ਤਉ ਕਰ ਛੂਟ॥*** ਜਦੋਂ ਖਾਲਸੇ ਨੂੰ ਪਤਾ ਲੱਗਾ ਕਿ ਸਾਡਾ ਖ਼ਰਚਾ ਬੰਦ ਕਰ ਦਿੱਤਾ ਹੈ, ਉਦੋਂ ਹੀ ਆਗਿਆ ਦੇ ਦਿੱਤੀ, ਲੁੱਟ ਲਉ ਬਈ ਲਹੌਰ ਦਾ ਸਾਰਾ ਸੂਬਾ, ਲੁੱਟ-ਮਾਰ ਕਰਨ ਦੀ ਛੋਟ ਕਰ ਦਿੱਤੀ।

***ਲਗਿਓ ਕਰਨ ਪੰਥ ਤਿਮ ਲੂਟ॥*** ਪੰਥ ਓਵੇਂ ਹੀ ਪਹਿਲਾਂ ਦੀ ਤਰ੍ਹਾਂ ਲੁੱਟ-ਮਾਰ ਕਰਨ ਲੱਗ ਪਿਆ ਹੈ, ਜਿਧਰ ਫ਼ੌਜ ਨਿਕਲਦੀ ਹੈ, ਉਸ ਨੂੰ ਹੀ ਲੁੱਟ ਲੈਂਦੇ ਨੇ, ਜਿਹੜੇ ਪਾਸੇ ਰਾਸ਼ਨ ਜਾਂਦਾ ਹੈ, ਉਹ ਵੀ ਖੋਹ ਲੈਂਦੇ ਹਨ ਰਾਹ ਵਿਚ, ਹੁਣ ਕਿਸੇ ਰਾਹ ਨਹੀਂ ਤੁਰਨ ਦਿੰਦਾ ਹੈ ਖਾਲਸਾ।

***ਤੁਰਕਨ ਫੌਜ ਸਿੰਘਨ ਪਰ ਆਈ॥*** ਸਿੰਘਾਂ ਦੇ ਉੱਤੇ ਤੁਰਕਾਂ ਦੀ ਫ਼ੌਜ ਹੱਲਾ ਬੋਲ ਕੇ ਆਈ ਹੈ ਕਿ ਫੜੋ ਸਿੰਘਾਂ ਨੂੰ ਜਿਥੇ ਜਿਥੇ ਸਨ।

***ਸਿੰਘ ਭੀ ਲੁਕ ਕਿਤ ਕਰਨ ਲਰਾਈ॥ ੩॥*** ਸਿੰਘ ਵੀ ਛੁਪ ਜਾਂਦੇ ਨੇ, ਜਦੋਂ ਦਾਉ ਲੱਗਦਾ ਹੈ, ਉਦੋਂ ਹੱਲਾ ਬੋਲ ਦਿੰਦੇ ਨੇ, ਇਉਂ ਲੁਕ-ਛੁਪ ਕੇ ਲੜਾਈ ਕਰਨੀ ਸ਼ੁਰੂ ਕੀਤੀ। ੩।

## ਸਾਖੀ ਨਵਾਬ ਕਪੂਰ ਸਿੰਘ ਭੁਜੰਗੀ ਕੀ

### (ਖਾਲਸੇ ਨੂੰ ਲੰਗਰ, ਫੂਲਵੰਸ਼ੀ ਆਲਾ ਸਿੰਘ ਨੇ ਅੰਮ੍ਰਿਤ ਛਕਿਆ ਤੇ ਦੇਸ਼ ਮੌਲਿਆ)

***ਦੋਹਰਾ॥ ਭਾਜੜੋ ਭੰਨੈ ਪੰਥ ਜਬੈ, ਆਯੋ ਨਾਦਰ ਸ਼ਾਹਿ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਨਾਦਰ ਸ਼ਾਹ ਆ ਗਿਆ ਹੈ ਪੰਜਾਬ ਵਿਚ, ਇਹ ਹਰ ਸਾਲ ਹੀ ਆ ਜਾਂਦਾ ਸੀ, ਤਿਆਰੀ ਕਰਕੇ ਫੇਰ ਪੰਜਾਬ ਨੂੰ ਆ ਜਾਂਦਾ (ਭਾਜੜੋ ਭੰਨੈ)

ਭਾਵ ਭਾਜੜ ਸਣ ਪ੍ਰਵਾਰਾਂ ਨੂੰ ਉਦੋਂ ਹੀ ਮਾਝਾ ਖਾਲੀ ਕਰਨਾ ਪੈਂਦਾ ਸੀ, ਕਿਉਂਕਿ ਉਦੋਂ ਤਿੰਨ-ਤਿੰਨ ਲੱਖ ਫ਼ੌਜ ਉਹਦੇ ਨਾਲ ਹੁੰਦੀ ਸੀ। ਬੜੇ ਜਰਵਾਣੇ ਪਠਾਣ ਉਸ ਦੇ ਨਾਲ ਹੁੰਦੇ ਸਨ ਤੇ ਲੁਟੇਰੇ ਵੀ ਸਨ ਉਹ। ਖਾਲਸਾ ਝੱਟ ਹੀ ਅੱਗਾ-ਪਿੱਛਾ ਕਰ ਜਾਂਦਾ, ਸਣੇ ਪ੍ਰਵਾਰੀਂ ਮਾਝਾ ਛੱਡ ਕੇ ਏਧਰ ਮਾਲਵੇ ਨੂੰ ਨਿਕਲ ਆਉਂਦੇ ਸਨ।

***ਕੋਊ ਕਿਤ ਕੋਊ ਕਿਤੈ, ਪਏ ਆਪਨੇ ਰਾਹਿ॥ ੧॥*** ਕੋਈ ਕਿਧਰੇ ਨੂੰ ਕੋਈ ਕਿਧਰੇ ਨੂੰ ਆਪੋ ਆਪਣੇ ਰਾਹ ਸਿੰਘਾਂ ਨੇ ਬਣਾਏ ਹੋਏ ਸਨ, ਨਿਸ਼ਾਨੇ ਰੱਖੇ ਹੋਏ ਸਨ, ਜਦੋਂ ਕਿਤੇ ਨਾਦਰ ਜਾਂ ਅਬਦਾਲੀ ਆਵੇ, ਆਪਾਂ ਏਸ ਕੂੰਟ ਨੂੰ ਨਿਕਲ ਜਾਣਾ ਹੈ, ਪਹਾੜ ਦੀ ਕੂੰਟ, ਬੀਕਾਨੇਰ ਦੀ ਕੂੰਟ, ਸਿੰਘ ਫਟਾ-ਫਟ ਨਿਕਲ ਜਾਂਦੇ। ਬਹੁਤੇ ਲੱਖੀ ਜੰਗਲ, ਜੈਤੋ, ਕੋਟ ਕਪੂਰਾ ਪੱਕਾ ਪਥਰਾਲਾ ਤੇ ਸਿੱਧੇ ਹੀ ਬੁੱਢੇ ਜੌਹੜ, ਏਧਰ ਜੱਥੇ ਅੱਡੋ-ਅੱਡੋ ਚਲੇ ਜਾਂਦੇ ਅਤੇ ਏਧਰ ਧਮਧਾਨ ਸਾਹਿਬ, ਦਮਦਮਾ ਸਾਹਿਬ, ਮੂਣਕ ਵਗੈਰਾ ਏਥੇ ਤੱਕ ਖਾਲਸਾ ਫ਼ੌਜ ਆ ਜਾਂਦੀ। ਜਦੋਂ ਖਾਲਸੇ ਪੰਥ ਨੂੰ ਪਤਾ ਲਗਣਾ, ਨਾਦਰ ਸ਼ਾਹ ਆ ਰਿਹਾ ਹੈ, ਉਦੋਂ ਹੀ ਖਾਲਸੇ ਪੰਥ ਨੇ, ਸਣੇ ਪ੍ਰਵਾਰੀਂ ਮਾਲਵੇ ਨੂੰ ਕੂਚ ਕਰ ਦੇਣਾ। ੧।

***ਚੌਪਈ॥ ਕਪੂਰ ਸਿੰਘ ਨਵਾਬ ਭੁਜੰਗੀ॥*** ਜਥੇਦਾਰ ਕਪੂਰ ਸਿੰਘ ਜੀ (ਭੁਜੰਗੀ) ਤਤ ਖਾਲਸਾ। ਭੁਜੰਗੀ ਸ਼ਬਦ ਨੀਲੇ ਬਾਣੇ ਵਾਲਿਆਂ ਲਈ ਵਰਤਿਆ ਜਾਂਦਾ ਸੀ।

***ਵੜ ਗਯੋ ਮਾਲਵੇ ਬਿਰਾੜਨ ਸੰਗੀ॥*** ਮਾਲਵੇ ਵਿਚ ਬਰਾੜਾਂ ਦੇ ਨਾਲ ਲੱਖੀ ਜੰਗਲ ਦੇ ਏਰੀਏ ਵਿਚ ਆ ਗਏ ਹਨ।

***ਕਿਛਕੁ ਦਿਵਸ ਤਿਹ ਗੁਜਰ ਗੁਜ਼ਾਰੇ॥*** ਕਛੁ ਕੁ ਦਿਨ ਤਾਂ ਆਓ ਭਗਤ ਵਿਚ ਲੰਘੇ, ਹੁਣ ਪਹਿਲੇ ਤਾਂ ਪ੍ਰਾਹੁਣਾ ਧ੍ਰਾਉਣਾ ਮੰਨ ਕੇ ਕਿ ਖਾਲਸਾ ਪੰਥ ਆਇਆ ਹੈ, ਇਹਨਾਂ ਨੇ ਰਸਤ-ਬਸਤ ਵੀ ਲਿਆ ਕੇ ਦੇਣੀ, ਜਦੋਂ ਉਹਨਾਂ ਨੂੰ ਪਤਾ ਲੱਗ ਗਿਆ ਕਿ ਇਹਨਾਂ ਨੇ ਤਾਂ ਏਥੇ ਹੀ ਰਹਿਣਾ ਹੈ ਤੇ ਫਿਰ ਵਿਗੜ ਜਾਂਦੇ ਕਿ ਹੁਣ ਅਗਾਂਹ ਚਲੇ ਜਾਓ, ਐਨਾਂ ਖਰਚ ਅਸੀਂ ਕਿੱਥੋਂ ਦਿਆਂਗੇ, ਮੁਲਖ ਸਾਰਾ ਖਾ ਜਾਣਗੇ ਇਹ ਤਾਂ।

***ਫਿਰ ਬ੍ਰਾੜਨ ਦਯੋ ਨ੍ਰਾਬ ਨਿਕਾਰੇ॥ ੨॥*** ਫਿਰ ਦੰਗਾ ਕਰਦੇ ਹਨ ਸਿੰਘ, ਉਲਾਂਭੇ ਲਿਆਉਣੇ ਸ਼ੁਰੂ ਕਰ ਦਿੱਤੇ, ਆਹ ਵੇਖੋ ਰੋਜ਼ ਸਾਡੇ ਨਾਲ ਕੀ ਕਰਦੇ ਹਨ, ਫਿਰ ਨਵਾਬ ਕਪੂਰ ਸਿੰਘ ਨੂੰ ਐਹੋ ਜਿਹੀਆਂ ਗੱਲਾਂ ਕਰਕੇ ਸਿੰਘਾਂ ਦੇ ਸਮੇਤ ਕੱਢ ਦਿੱਤਾ ਹੈ ਜੰਗਲ ਦੇਸ਼ ਵਿੱਚੋਂ। ੨।

***ਇਕ ਹੁਤੁ ਸਿੰਘ ਨਾਲ ਠੀਕਰੀ ਵਾਰੇ॥*** ਬਰਨਾਲੇ ਦੇ ਕੋਲ ਠੀਕਰੀ ਵਾਲ ਪਿੰਡ ਹੈ, ਇਕ ਸਿੰਘ ਓਥੋਂ ਦਾ ਸੀ। ਪੰਥ ਵਿਚ ਸਾਰੇ ਹਨ-ਮਾਝੇ, ਮਾਲਵੇ, ਦੁਆਬੇ ਦੇ ਵੀ, ਸਭ ਸਿੰਘ ਇੱਕੋ ਹੀ ਰੂਪ ਹੁੰਦੇ ਨੇ, ਠੀਕਰੀ ਵਾਲੇ ਦੇ ਸਿੰਘ ਨੇ ਸਲਾਹ ਦਿੱਤੀ ਮੇਰੇ ਨਾਲ ਆ ਜਾਓ, ਚਲੋ ਮੇਰੇ ਇਲਾਕੇ ਵਿਚ ਓਧਰ ਚਲ ਕੇ ਪੜਾਉ ਲਾਈਏ।

***ਉਨ ਪਿੰਡ ਆਪਨੇ ਜਾਇ ਉਤਾਰੇ॥*** ਏਧਰੋਂ ਗਿੱਲਾਂ ਦੇ ਪਿੰਡ ਜੋ ਗੁਰਸਿੱਖਾਂ ਦੇ ਪਿੰਡ ਹਨ, ਇਹਨਾਂ ਨੇ ਸੇਵਾ ਕੀਤੀ, ਏਧਰੋਂ ਪੜਾਓ-ਪੜਾਈ ਖਾਲਸਾ ਪੰਥ ਠੀਕਰੀ ਵਾਲੇ ਜਾ ਉਤਰਿਆ।

***ਕਿਛਕੁ ਦਿਵਸ ਤਿਹ ਬਸਯੋ ਨਵਾਬ॥*** ਕੁਛ ਕੁ ਦਿਨ ਤਾਂ ਨਵਾਬ ਸਾਹਿਬ ਨੇ ਕੱਟੇ, ਨਾਲ ਦੋ ਹਜ਼ਾਰ ਸਿੰਘਾਂ ਦਾ ਜੱਥਾ ਸੀ, ਕੁਝ ਸਿੰਘ ਤਾਂ ਚੰਗੇ ਭਲੇ ਲੱਗੇ।

***ਸਿੰਘ ਹਜ਼ਾਰ ਇਕ ਦ੍ਵੈ ਉਸ ਤਾਬ॥ ੩॥*** ਕਿਉਂਕਿ ਅੱਡੋ-ਅੱਡੀ ਜੱਥੇ ਨਿਕਲ ਗਏ, ਚਾਰ-ਚੁਫੇਰੇ, ਹਜ਼ਾਰ ਦੋ ਹਜ਼ਾਰ ਕੁ ਸਿੰਘ ਉਸ ਦੀ ਤਾਬਿਆ ਪੰਥ ਨਾਲ ਰਹਿ ਗਿਆ। ੩।

***ਔਰ ਸਿੰਘ ਮੁੜ ਮਾਝੇ ਵੜੇ॥*** ਹੋਰ ਸਿੰਘ ਮੁੜ ਕੇ ਫੇਰ ਮਾਝੇ ਵਿੱਚ ਜਾ ਵੜੇ।

***ਖੋਹਿ ਖਾਹਿ ਗਾਫਲੇ ਰਾਹ ਪੜੇ॥*** ਜੋ (ਗਾਫਲ) ਅਵੇਸਲੇ ਜਾ ਰਾਹ ਪੈਂਦੇ ਹਨ, ਉਨ੍ਹਾਂ ਨੂੰ ਸਿੰਘ ਝੱਟ ਹੀ ਲੁੱਟ ਲੈਂਦੇ ਹਨ, ਅਵੇਸ਼ਲੇ ਜਾਂਦਿਆਂ ਨੂੰ ਲੁਟ-ਪੁਟ ਕੇ ਖੋਹ-ਖਾਹ ਕੇ ਸਿੰਘ ਆਪਣੇ ਜਾ ਰਾਹ ਪੈਂਦੇ।

***ਜਿਸਕੋ ਚੰਗਲ ਹੁਇ ਭਰਪੂਰ॥*** ਜਿਸ ਦਾ (ਚੰਗਲ) ਪੰਜਾ, ਮੁੱਠ ਭਾਰੀ ਹੋਵੇ, ਮਾਇਆ ਆਦਿਕ ਨਾਲ, ਰਾਸ਼ਨ ਆਦਿਕ ਨਾਲ ਭਰਪੂਰ ਹੋਵੇ।

***ਆਇ ਖਾਇ ਰਲ ਪੰਥ ਜਰੂਰ॥ ੪॥*** ਉਦੋਂ ਪਿਆਰ ਸੀ ਪੰਥ ਵਿਚ, ਉਦੋਂ ਜੋ ਮਾਇਆ, ਰਾਸ਼ਨ ਖਾਲਸੇ ਨੂੰ ਮਿਲਦਾ ਸਭ ਲਿਆ ਕੇ ਪੰਥ ਵਿਚ ਹਾਜ਼ਰ ਕਰਦੇ ਤੇ ਜੋ ਲੰਗਰ ਵਿਚ ਬਣਦਾ ਉਹ ਛਕਦੇ, ਐਸ ਤਰ੍ਹਾਂ ਦਾ ਪ੍ਰੇਮ ਸੀ ਖਾਲਸੇ ਨਾਲ। ੪।

***ਕਿਛ ਤੰਗ ਗੁਜ਼ਰ ਖਾਲਸੈ ਕਰੀ॥*** ਕੁਛ ਸਮਾਂ ਰਸ਼ਤ-ਵਸਤ ਵਲੋਂ ਤੰਗੀ ਵਿਚ ਗੁਜ਼ਾਰਾ ਕੀਤਾ ਖਾਲਸੇ ਨੇ।

***ਬਿਨ ਲੁਟ ਖਾਏ ਕਬ ਪੰਥਹਿ ਸਰੀ॥*** ਪੰਥ ਦਾ ਕੰਮ ਹੈ, ਵੱਡਾ ਕਾਰਜ਼ ਹੈ, ਜਿੰਨਾਂ ਚਿਰ ਰਾਜਿਆਂ ਨੂੰ, ਨਵਾਬਾਂ ਨੂੰ ਲੁੱਟਦਾ ਨਹੀਂ ਖਾਲਸਾ, ਉਨ੍ਹਾਂ ਚਿਰ ਕੰਮ ਕਿਵੇਂ ਸਰੇ ਪੰਥ ਦਾ, ਪੈਸੇ ਦੀ ਬਹੁਤ ਲੋੜ ਹੈ ਪੰਥ ਵਾਸਤੇ।

***ਤੌ ਭਾਈ ਗੌਹਰ ਸਿੰਘ ਸੁਨ ਆਯੋ॥*** ਭਾਈ ਗੋਹਰ ਸਿੰਘ ਨੇ ਸੁਣਿਆ ਕਿ ਖਾਲਸਾ ਪੰਥ ਏਧਰ ਆਇਆ ਹੋਇਆ ਹੈ, ਉਹ ਸੁਣ ਕੇ ਪੰਥ ਵਿਚ ਹਾਜ਼ਰ ਹੋਇਆ।

***ਹੁਤੋ ਬੁੱਢੋ ਸਿੰਘ ਜਿਸਕੋ ਜਾਯੋ॥ ੫॥*** ਜਿਸ ਦਾ ਬੁੱਢਾ ਸਿੰਘ ਅੱਗੇ ਪੁੱਤਰ ਹੋਇਆ, ਇਹ ਭਾਈ ਘੁਦੇ ਵਾਲੇ ਨੇ, ਚੱਕਾਂ ਵਾਲੇ ਜਿਹੜੇ ਦਮਦਮੇ ਸਾਹਿਬ ਕੋਲ ਭਾਈ ਕੇ ਚੱਕ ਨੇ, ਇਥੇ ਸਾਰੀ ਵੰਸ਼ ਇਹਨਾਂ ਦੀ ਬੈਠੀ ਹੈ। ੫।

***ਦੋਹਰਾ॥ ਤਿਨ ਤਬ ਲੰਗਰ ਆ ਦਯੋ ਪੰਥਹਿ ਖੂਬ ਰਿਝਾਇ॥*** ਉਹਨਾਂ ਨੇ ਆ ਕੇ ਲੰਗਰ ਵਾਸਤੇ ਰਸ਼ਤਾਂ-ਵਸ਼ਤਾਂ ਹਾਜ਼ਰ ਕੀਤੀਆਂ ਹਨ ਅਤੇ ਹੋਰ ਬਹੁਤ ਸਾਰੀ ਸੇਵਾ ਕਰਕੇ ਪੰਥ ਨੂੰ ਰਿਝਾ ਲਿਆ ਹੈ, ਪ੍ਰਸੰਨ ਕਰ ਲਿਆ।

***ਆਕੀ ਹੁਤੋ ਜੋ ਉਸ ਕੁਲੋਂ, ਸੋ ਸਰ ਲਯੋ ਕਰਾਇ॥ ੬॥*** ਜਦੋਂ ਪੰਥ ਦੀ ਸੇਵਾ ਕੀਤੀ, ਤਾਂ ਖਾਲਸੇ ਪੰਥ ਨੇ ਪੁੱਛਣਾਂ ਹੀ ਸੀ ਕਿ ਕੋਈ ਤੰਗੀ-ਤੁਰਸ਼ੀ, ਕੋਈ ਤੁਹਾਨੂੰ ਤੰਗ ਕਰਦਾ ਹੋਵੇ ਏਸ ਇਲਾਕੇ ਵਿਚ, ਉਹਨਾਂ ਕਿਹਾ, ਮਹਾਰਾਜ ਹੋਰ ਤਾਂ ਕੋਈ ਤੰਗੀ ਨਹੀਂ, ਆਹ ਰਾਏ ਕੋਟ ਵਾਲੇ ਤੇ ਮਲੇਰ ਕੋਟਲੇ ਵਾਲੇ ਇਹ ਤੰਗ ਕਰਦੇ ਨੇ, ਇਸ ਤਰ੍ਹਾਂ ਜੋ ਉਹਨਾਂ ਤੋਂ ਆਕੀ ਸੀ, ਉਹ ਸਿੰਘਾਂ ਤੋਂ ਫੜ੍ਹੇ ਕਰਵਾ ਲਿਆ ਹੈ। ਜੋ ਲੰਗਰ ਦੀ ਸੇਵਾ ਕਰਦੇ ਸਨ, ਖਾਲਸਾ ਉਨ੍ਹਾਂ ਦੇ ਰਾਜ, ਉਨ੍ਹਾਂ ਦੀਆਂ ਜ਼ਮੀਨਾਂ, ਉਹਨਾਂ ਦੇ ਪਿੰਡ ਖੋਹੇ ਹੋਏ ਵਾਪਸ ਕਰਾਉਂਦੇ ਸੀ। ੬।

***ਫਿਰ ਭਾਈ ਗੁਰਬਖ਼ਸ਼ ਸਿੰਘ ਦਈ ਲੰਗਰ ਰਸਤ ਸੁ ਪਾਇ॥*** ਫਿਰ ਭਾਈ ਗੁਰਬਖ਼ਸ਼ ਸਿੰਘ ਜੀ ਨੇ ਲਿਆ ਕੇ ਲੰਗਰ ਵਿਚ ਰਸਤਾਂ ਪਾਈਆਂ।

***ਅਗੈ ਲਗ ਲਗਾ ਖਾਲਸੇ ਕਈ ਉੱਦਮ ਦਏ ਕਰਾਇ॥ ੭॥*** ਅੱਗੇ ਲੱਗ ਗਿਆ ਹੈ, ਆਓ ਖਾਲਸਾ ਜੀ! ਤੁਹਾਨੂੰ ਦਸਾਂ ਨਵਾਬ ਜਿਹੜੇ ਆਕੀ ਸਨ, ਜੋ ਪਟਿਆਲੇ ਤੋਂ ਅਗਲੀ ਤਰਫ, ਉਹ ਇਸ਼ਾਰਾ ਕਰੀ ਗਿਆ ਤੇ ਖਾਲਸਾ ਉਹਨਾਂ ਨੂੰ ਸੋਧੀ ਗਿਆ, ਇਉਂ ਉਸ ਨੇਂ ਵੀ ਖਾਲਸੇ ਦੇ ਉੱਦਮ ਨਾਲ ਆਪਣੇ ਕਈ ਕਾਰਜ਼ ਰਾਸ ਕਰਵਾ ਲਏ। ੭।

***ਚੌਪਈ॥ ਤਿਮ ਆਇ ਲੰਗਰ ਆਲੈ ਭੀ ਦਯੋ॥*** ਇਸੇ ਤਰ੍ਹਾਂ ਆਲਾ ਸਿੰਘ ਨੇ ਵੀ ਲਿਆ ਲੰਗਰ ਵਿਚ ਰਸ਼ਦ ਪਾਈ।

***ਸਾਥ ਫੂਲਾਇਣ ਸਭ ਲੈ ਅਯੋ॥*** ਫੂਲ ਕੇ ਵਜਦੇ ਸਨ (ਫੂਲਾਇਣ) ਫੂਲ ਦੀ ਸੰਤਾਨ, ਆਪਣੇ ਫੂਲਕਿਆਂ ਸਭ ਭਰਾਵਾਂ ਨੂੰ ਨਾਲ ਲੈ ਕੇ ਆਇਆ ਹੈ ਆਲਾ ਸਿੰਘ, ਸਭ ਨੂੰ ਪੰਥ ਵਿਚ ਹਾਜ਼ਰ ਕੀਤਾ।

***ਖੰਡੇ ਪਾਹੁਲ ਹਥ ਨਵਾਬਹਿ ਲਈ॥*** ਆਲਾ ਸਿੰਘ ਨੇ ਆਪਣੇ ਪ੍ਰਵਾਰ ਸਮੇਤ ਖੰਡੇ ਦੀ ਪਾਹੁਲ ਨਵਾਬ ਕਪੂਰ ਸਿੰਘ ਜੀ ਦੇ ਹੱਥੋਂ ਲਈ ਹੈ, ਅੰਮ੍ਰਿਤ ਛਕਿਆ ਹੈ ਸਭ ਨੇ ਆ ਕੇ।

***ਭਯੋ ਆਲੋ ਸਿੰਘ ਖਾਲਸੇ ਪੰਥ ਮਈ॥ ੮॥*** ਪਹਿਲਾਂ ਤਾਂ ਆਲਾ, ਆਲਾ ਹੀ ਵਜਦਾ ਸੀ, ਆਲਾ ਬਰਾੜ, ਜਦੋਂ ਪੰਥ ਵਿੱਚੋਂ ਅੰਮ੍ਰਿਤ ਛਕ ਲਿਆ, ਫਿਰ ਆਲਾ ਸਿੰਘ ਸਰਦਾਰ ਵੱਜਿਆ, ਹੌਲੀ-ਹੌਲੀ ਰਾਜਾ ਬਣ ਗਿਆ, ਖਾਲਸਾ ਰੂਪ ਹੀ ਹੋ ਗਿਆ ਹੈ ਆਲਾ ਸਿੰਘ। ੮।

***ਮੁਖਤ ਫੌਜ ਭੀ ਉਨ ਹਥ ਆਈ॥*** ਖਾਲਸਾ ਪੰਥ ਦੀ ਅਕਾਲੀ ਫ਼ੌਜ ਮੁਫਤ ਦੀ ਉਸ ਦੇ ਹੱਥ ਵਿਚ ਆ ਗਈ।

***ਨਿਜ ਕੰਮ ਸਭਨ ਲਏ ਬਨਵਾਈ॥*** ਆਲਾ ਸਿੰਘ ਨੇ ਆਪਣੇ ਸਾਰੇ ਵਿਗੜੇ ਹੋਏ ਕੰਮ ਖਾਲਸਾ ਪੰਥ ਤੋਂ ਕਰਵਾ ਲਏ।

***ਭਾਈਅਨ ਰੋਹੀ ਗ੍ਰਾਮ ਬਸਾਯੋ॥*** ਉਸ ਦੇ ਭਾਈਆਂ ਨੇ ਰੋਹੀ ਬੀਆਬਾਨ ਦੇ ਵਿਚ ਇਕ ਪਿੰਡ ਵਸਾਇਆ।

***ਗੌਰਜਿਆਣੋ ਨਾਮ ਧਰਾਯੋ॥ ੯॥*** ਖਾਲਸਾ ਪੰਥ ਤੋਂ ਉਸ ਪਿੰਡ ਦਾ ਨਾਮ ਗੌਰਜਿਆਣਾ ਰਖਾਇਆ। ੯।

***ਗੁਰਬਖਸ਼ ਸਿੰਘ ਔਰ ਮੁਲਕ ਮਲ ਲਯੋ॥*** ਗੁਰਬਖ਼ਸ਼ ਸਿੰਘ ਨੇ ਹੋਰ ਮੁਲਕ ਮੱਲ ਲਿਆ।

***ਆਲੈ ਸਿੰਘ ਭੀ ਬਹੁ ਘਿਰਵਯੋ॥*** ਆਲਾ ਸਿੰਘ ਨੇ ਵੀ ਖਾਲਸੇ ਪੰਥ ਦੀ ਮਦਦ ਨਾਲ ਹੋਰ ਬਹੁਤ ਸਾਰਾ ਮੁਲਕ ਘੇਰ ਲਿਆ।

***ਨਾਲ ਹੁਤੇ ਉਸ ਕਈ ਭਿਰਾਇ॥*** ਮੁਲਕ ਮੱਲਣ ਵੇਲੇ ਉਸ ਦੇ ਕਈ ਭਰਾ ਵੀ ਨਾਲ ਸਨ।

***ਸਭਹਨ ਕੋ ਭੂਮ ਕਈ ਰੁਕਾਇ॥ ੧੦॥*** ਆਪਣੇ ਸਾਰੇ ਭਰਾਵਾਂ ਦਾ ਕਾਫੀ ਧਰਤੀ 'ਤੇ ਕਬਜ਼ਾ ਕਰਵਾ ਦਿੱਤਾ। ੧੦।

***ਆਲੈ ਸਿੰਘ ਬਡ ਵਧਯੋ ਪਸਾਰਾ॥*** ਇਸ ਤਰ੍ਹਾਂ ਆਲਾ ਸਿੰਘ ਦਾ ਇਲਾਕੇ ਵਿਚ ਬੜਾ ਪਸਾਰਾ ਵਧ ਗਿਆ।

***ਗਿਰਦ ਘੇਰਯੋ ਉਨ ਸੁਨਾਮੈ ਸਾਰਾ॥ ੧੧॥*** ਸੁਨਾਮ ਦੇ ਇਰਦ-ਗਿਰਦ ਦਾ ਇਲਾਕਾ ਵੀ ਸਿੰਘਾਂ ਦੀ ਮਦਦ ਨਾਲ ਸਾਰਾ ਘੇਰ ਲਿਆ। ੧੧।

# ਸਾਖੀ ਖਾਲਸੇ ਪ੍ਰਥਮ ਸਰਹੰਦ ਮਾਰੀ

## *(ਸਰਹੰਦ ਮਾਰੀ, ਅੰਮ੍ਰਿਤਸਰ ਸਰੋਵਰ ਵਿੱਚੋਂ ਮਲਬਾ ਕੱਢ ਕੇ ਸਾਫ਼ ਕੀਤਾ)*

***ਦੋਹਰਾ॥ ਸਾਖੀ ਸੁਨਹੁ ਸੁਹੰਦ ਕੀ ਜਿਮ ਸਿੰਘਨ ਪ੍ਰਿਥਮ ਲਈ ਲੂਟ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜਿਵੇਂ ਖਾਲਸੇ ਨੇ ਪਹਿਲੀ ਵਾਰੀ ਸਰਹੰਦ ਨੂੰ ਲੁੱਟਿਆ ਹੈ ਉਹ ਸਾਖੀ ਸੁਣੋ।

***ਹੁਤੋ ਖਾਲੀ ਬਹੁ ਖਰਚ ਤੇ ਲਜਾਏ ਕਰ ਬਡ ਛੂਟ॥ ੧॥*** ਬਹੁਤ ਸਮਾਂ ਹੋ ਗਿਆ ਸੀ, ਸਿੰਘ ਏਧਰ ਮਾਲਵੇ ਵਿਚ ਆ ਗਏ ਸਨ, ਕੋਈ ਲੁੱਟ-ਮਾਰ ਨਹੀਂ ਸੀ ਕੀਤੀ ਖਾਲਸੇ ਨੇ, ਕਿਤੇ ਜੁੱਧ ਨਹੀਂ ਸੀ ਹੋਇਆ, ਇਸ ਕਰਕੇ ਸਿੰਘ ਖ਼ਰਚ ਵੱਲੋਂ ਤੰਗ ਸਨ, ਨਿਹੰਗ ਸਿੰਘਾਂ ਨੇ ਕਿਹਾ, ਛੂਟ ਕਰ ਕੇ ਦੂਰੋਂ ਹੀ ਲੁੱਟ ਕੇ ਲਿਆਈਏ। ੧।

***ਮੇਲੋ ਅਮ੍ਰਿਤਸਰ ਢੁਕੋ ਸੁਨ ਪੰਥਹਿ ਆਯੋ ਚਾਉ॥*** ਸ੍ਰੀ ਅੰਮ੍ਰਿਤਸਰ ਦੀਪ-ਮਾਲਾ ਦਾ ਜੋੜ ਮੇਲਾ ਨੇੜੇ ਆ ਗਿਆ ਹੈ, ਪੰਥ ਵਿਚ ਅਵਾਜ਼ ਹੋ ਗਈ ਖਾਲਸਾ ਜੀ! ਦੀਪ-ਮਾਲਾ ਦੇ ਜੋੜ ਮੇਲੇ ਆ ਗਏ ਨੇ, ਤਾਂ ਸਿੰਘਾਂ ਦੇ ਮਨ ਵਿਚ ਚਾਉ ਉੱਠਿਆ ਹੈ ਕਿ ਸਾਲ ਪਿੱਛੋਂ ਜੋੜ ਮੇਲਾ ਆਉਂਦਾ ਹੈ, ਚਲੋ ਮੇਲਾ ਲਾਈਏ ਚੱਲਕੇ।

***ਜਿਮ ਤਿਮ ਚਲਿਓ ਚਾਹੀਏ, ਐਸੋ ਠਟਿਓ ਭਾਉ॥ ੨॥*** ਭਾਵ ਆਪਣੇ ਮਨ ਵਿਚ ਵਿਚਾਰ ਕਰਦੇ ਹਨ ਕਿ ਜਿਵੇਂ, ਕਿਵੇਂ ਹੋਵੇ, ਦੀਪ-ਮਾਲਾ ਦਾ ਜੋੜ ਮੇਲਾ ਇਸ ਵਾਰੀ ਛੱਡਣਾ ਨਹੀਂ ਹੈ, ਵੇਖਣਾ ਹੈ ਜਰੂਰ। ੨।

***ਚੌਪਈ॥ ਚਲੋ ਚਲੋ ਸਭ ਪੰਥ ਉਚਾਰਯੋ॥*** ਚੱਲੋ ਖਾਲਸਾ ਜੀ! ਚੱਲੋ ਖਾਲਸਾ ਜੀ! ਚਲੋ ਚਲੀਏ, ਹੱਲਾ ਕਰੋ ਜੀ, ਸਾਰੇ ਪੰਥ ਨੇ ਅਵਾਜ਼ੇ ਕੀਤੇ।

***ਕਰੀਏ ਸ਼ਨਾਨ ਇਮ ਮਨ ਮਧ ਧਾਰਯੋ॥*** ਇਉਂ ਮਨ ਵਿਚ ਧਾਰਿਆ ਹੈ, ਐਤਕੀ ਜਰੂਰ ਸ੍ਰੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰੀਏ।

***ਤਿਮ ਚਲ ਬਾਤ ਨਵਾਬ ਪਹਿ ਕਹੀ॥*** ਇਸ ਤਰ੍ਹਾਂ ਸਿੰਘਾਂ ਨੇ ਜੋ ਗੁਰਮਤਾ ਕੀਤਾ,ਓਵੇਂ ਚਲ ਕੇ ਬਚਨ ਨਵਾਬ ਕਪੂਰ ਸਿੰਘ ਦੇ ਕੋਲ ਆ ਕੇ ਕੀਤਾ।

***'ਮੁਵਾਵੋ ਸ਼ਹਿਰ ਕੋਈ ਖਰਚ ਲਈ' ॥ ੩॥*** ਨਵਾਬ ਸਾਹਿਬ ਕੋਈ ਚੰਗਾ ਸ਼ਹਿਰ ਮਰਵਾਯੋ, ਖ਼ਰਚਾ-ਵਰਚਾ ਜੋੜ ਮੇਲੇ ਵਾਸਤੇ ਚਾਹੀਦਾ ਹੈ। ੩।

***ਲਾਭ ਸਿੰਘ ਇਮ ਬੋਲਤ ਭਯੋ॥*** ਭਾਈ ਲਾਭ ਸਿੰਘ ਇਉਂ ਬੋਲਿਆ।

***'ਮਾਰੋ ਸ਼ਹਿਰ ਖੂਨੀ ਜੋ ਅਹਿਓ॥*** ਖਾਲਸਾ ਜੀ! ਜੋ ਮਾੜਾ ਮੋਟਾ ਸ਼ਹਿਰ ਹੈ,ਉਹਨੂੰ ਕੀ ਮਾਰਨਾ ਹੈ, ਸਰਹੰਦ ਜੋ ਖ਼ੂਨੀ ਸ਼ਹਿਰ ਹੈ ਉਸ ਨੂੰ ਮਾਰੀਏ।

***ਹੁਇ ਘਾਤ ਜਿਤ ਸਾਹਿਬਜ਼ਾਦੇ॥*** ਜਿਥੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਹੋਈ ਹੈ, ਇਹ ਖ਼ੂਨੀ ਸ਼ਹਿਰ ਹੈ, ਇਹ ਤੁਰਕਾਂ ਦਾ ਸ਼ਹਿਰ ਹੈ, ਇਹਨੂੰ ਲੁੱਟੀਏ।

***ਤਿਹ ਪਰ ਕਹਿਓ ਹੱਲਨ ਵਗਾਦੇ॥ ੪॥*** ਸਿੰਘਾਂ ਨੇ ਕਿਹਾ ਕਿ ਗੁਰੂ ਜੀ ਨੇ ਬਚਨ ਕਿਹਾ ਹੈ, ਥੋੜ੍ਹੇ ਦਿਨਾਂ ਵਿਚ ਏਥੇ ਗੱਧਿਆਂ ਦੇ ਹੱਲ ਚੱਲਣਗੇ, ਏਸ ਸ਼ਹਿਰ 'ਤੇ ਅਤੇ ਉਜੜੇਗਾ। ੪।

***ਕਈ ਕਹੈਂ, 'ਅਬ ਹੀ ਪੜੋ ਦੌੜੀ'॥*** ਕਈ ਸਿੰਘਾਂ ਨੇ ਕਿਹਾ, ਫੇਰ ਢਿੱਲ ਕਾਹਦੀ ਹੈ, ਖਾਲਸਾ ਜੀ! ਹੱਲਾ ਬੋਲ ਦੇਈਏ, ਹੁਣੇ ਜਾ ਕੇ ਦੌੜ ਕੇ ਲੁੱਟ ਲਈਏ।

***ਕਈ ਕਹੈਂ, 'ਫੌਜ ਅਤਿ ਹੈ ਥੋੜੀ'॥*** ਕਈ ਸਿੰਘ ਕਹਿੰਦੇ ਹਨ ਕਿ ਆਪਣੇ ਕੋਲ ਫ਼ੌਜ ਥੋੜ੍ਹੀ ਹੈ, ਸਿੰਘ ਅਸੀਂ ਅਤੀ ਥੋੜ੍ਹੇ ਹਾਂ, ਸਰਹੰਦ ਦੂਰ ਵੀ ਬੜੀ ਹੈ ਤੇ ਲੁੱਟ ਕੇ ਵੀ ਲਿਆਉਣਾ ਹੈ, ਕਿਵੇਂ ਲਿਆਵਾਂਗੇ।

***ਨਬਾਬ ਕਹੀ ਜਕ ਤਕ ਕਯਾ ਕਰੋ॥*** ਨਵਾਬ ਕਪੂਰ ਸਿੰਘ ਜੀ ਕਹਿਣ ਲੱਗੇ, ਸਿੰਘੋ! ਜਕੋ-ਤਕੋ ਕੀ ਕਰਦੇ ਹੋ, ਨਾਲੇ ਤਿਆਰੀਆਂ ਕਰਦੇ ਹੋ, ਨਾਲੇ ਡਰਦੇ ਹੋ।

***ਊਹਾਂ ਮਾਰਨ ਮਰਨੋ ਖਰੋ॥ ੫॥*** ਉਥੇ ਮਰਨਾਂ ਵੀ ਖਰਾ ਹੈ ਅਤੇ ਮਾਰਨਾ ਵੀ ਖਰਾ ਹੈ,ਦੋਵਾਂ ਕੰਮਾਂ ਵਿੱਚ ਸਬਾਬ ਹੈ। ੫।

***ਊਹਾਂ ਸੀਸ ਸਿੰਘ ਜੋ ਕੋਊ ਲਾਵਗੁ॥*** ਓਥੇ ਖ਼ੂਨੀ ਸਰਹੰਦ ਵਿੱਚ ਜੇ ਕੋਈ ਸਿੰਘ ਆਪਣਾ ਸੀਸ ਲਾ ਦਿੰਦਾ ਹੈ।

***ਮਨ ਇੱਛਤ ਫਲ ਸੋਊ ਪਾਵਗੁ॥*** ਉਹ ਮਨ ਮੰਗੀਆਂ ਮੁਰਾਦਾਂ ਪ੍ਰਾਪਤ ਕਰੇਗਾ, ਜੋ ਫਲ ਤੁਸੀਂ ਚਿਤਵੋਗੇ, ਉਹੀ ਪ੍ਰਾਪਤ ਹੋ ਜਾਣਗੇ।

***ਊਹਾਂ ਸਰੈਂਗੇ ਦੋਊ ਕਾਜ॥*** ਜਿਹੜਾ ਵੀ ਸਰਹੰਦ 'ਤੇ ਚੜ੍ਹ ਕੇ ਜਾਇਗਾ, ਉਸ ਨੂੰ ਦੋਵੇਂ ਫਲ ਪ੍ਰਾਪਤ ਹੋਣਗੇ।

***ਮੂਏ ਮੁਕਤ ਜੀਏ ਜੀਵ ਸਾਜ॥ ੬॥*** ਜੇ ਓਥੇ ਚੜ੍ਹਾਈ ਕਰ ਜਾਵਾਂਗੇ, ਤਾਂ ਮੁਕਤੀ ਮਿਲੇਗੀ, ਜੇ ਜਿਉਂਦੇ ਰਹਿ ਗਏ ਤਾਂ 'ਜਿਉਣ ਦਾ ਸਾਜ' ਭਾਵ ਰਸ਼ਤਾਂ-ਵਸਤਾਂ ਹੋਰ ਧਨ-ਮਾਲ ਅਤੇ ਖ਼ੁਸ਼ੀ ਨਾਲ ਜੀਵਨ ਬਤੀਤ ਕਰਾਂਗੇ। ੬।

***ਦੋਹਰਾ॥ ਸ੍ਰੀ ਸਤਿਗੁਰ ਕੇ ਬਚਨ ਕਰ ਸਿੰਘ ਥੋੜ੍ਹੇ ਹੀ ਫਤ੍ਹੇ ਪਾਹਿ॥*** ਸਤਿਗੁਰਾਂ ਦੇ ਬਚਨ ਦੇ ਪ੍ਰਤਾਪ ਨਾਲ ਅਸੀਂ ਥੋੜ੍ਹੇ ਹੀ ਸਿੰਘ ਦੁਸ਼ਮਣ 'ਤੇ ਫਤ੍ਹੇ ਪਾ ਲਵਾਂਗੇ। ਥੋੜ੍ਹੇ ਹੀ ਸਿੰਘ ਬਹੁਤਿਆਂ ਤੁਰਕਾਂ ਨੂੰ ਜਿੱਤ ਜਾਵਾਂਗੇ।

***ਊਹਾਂ ਚਲੈਂਗੇ ਹਲ ਗਧੈ ਦਿਨ ਥੋੜਨ ਕੇ ਮਾਂਹਿ'॥ ੭॥*** ਸਤਿਗੁਰਾਂ ਦੇ ਬਚਨ ਹੋਇ ਹੋਏ ਨੇ, ਸਰਹੰਦ ਵਿਚ ਗੱਧਿਆਂ ਨਾਲ ਹਲ ਚੱਲਣਗੇ ਥੋੜ੍ਹਿਆਂ ਹੀ ਦਿਨਾਂ ਵਿਚ, ਚਲੋ ਖਾਲਸਾ ਜੀ! ਚਲੀਏ। ੭।

***ਕਹੀ ਨਬਾਬੈ ਬਾਤ ਇਮ, ਤੌ ਪਇਓ ਪੰਥ ਕਰ ਛੂਟ॥*** ਜਦੋਂ ਨਵਾਬ ਸਾਹਿਬ ਨੇ, ਜਥੇਦਾਰ ਨੇ ਹੁਕਮ ਦੇ ਦਿੱਤਾ ਕਿ ਖਾਲਸਾ ਜੀ! ਓਥੇ ਦੋਵੇਂ ਕਾਰਜ ਸ਼ੁੱਧ ਨੇ, ਚੰਗਾ ਹੋਇਆ ਕੰਮ, ਸਰਹੰਦ ਦੀ ਜੋ ਲੁੱਟ ਕਰਾਂਗੇ, ਸਿੰਘਾਂ ਦੇ ਮਨ ਵਿਚ ਉਦੋਂ ਹੀ ਚਾਉ ਚੜ੍ਹ ਗਿਆ, ਉਦੋਂ ਹੀ ਛੂਟ ਕਰ ਦਿੱਤੀ ਖਾਲਸੇ ਨੇ।

***ਪ੍ਰਾਤ ਹੋਤ ਸੋ ਜਾ ਵੜੇ ਪਾਈ ਸ਼ਹਿਰ ਮਹਿਂ ਲੂਟ॥ ੮॥*** ਬਰਨਾਲੇ ਦੇ ਕੋਲ ਠੀਕਰੀ ਵਾਲ, ਸਿੰਘਾਂ ਨੇ **ਓਥੋਂ ਸਿੱਧਾ** ਹੀ ਤਾਰਿਆਂ ਦੀ ਸੇਧ ਹੱਲਾ ਬੋਲ ਦਿੱਤਾ ਹੈ ਰਾਤ ਨੂੰ, ਦਿਨ ਚੜ੍ਹਦੇ ਦੇ ਨਾਲ, ਦਰਵਾਜ਼ੇ ਖੋਲ੍ਹਣ ਦੇ ਨਾਲ ਹੀ **ਸਿੰਘ** ਜਾ ਵੜੇ ਹਨ ਸਰਹੰਦ ਦੇ ਵਿਚ, ਕਿਉਂਕਿ ਰਾਤ ਨੂੰ ਦਰਵਾਜ਼ੇ ਬੰਦ ਹੋ ਜਾਂਦੇ ਸਨ, ਦਿਨੇ ਖੋਲ੍ਹਦੇ ਸਨ, ਫੇਰ ਸ਼ਹਿਰ ਵਾਸੀ ਬਾਹਰ ਜਾਂਦੇ ਸਨ। ਰਾਤੋ-ਰਾਤ ਹੀ ਉਥੇ ਪਹੁੰਚ ਕੇ ਸਿੰਘਾਂ ਨੇ ਹੱਲਾ ਬੋਲ ਕੇ ਜਾ ਲੁੱਟ ਪਾਈ ਹੈ ਸ਼ਹਿਰ ਵਿਚ। ੮।

***ਚੌਪਈ॥ ਸਿੰਘ ਹਜ਼ਾਰ ਤਹਿਂ ਪੰਜ ਕੁ ਪੁੱਜੇ॥*** ਪੰਜ ਕੁ ਹਜ਼ਾਰ ਸਿੰਘ ਪੁੱਜ ਗਿਆ ਓਥੇ ਰਾਹ ਦੇ ਵਿਚ, ਜਿਸ ਨੂੰ ਪਤਾ

ਲੱਗਿਆ ਬਈ ਖਾਲਸਾ ਲੰਘਿਆ ਜਾ ਰਿਹਾ ਹੈ, ਸਰਹੰਦ ਨੂੰ ਲੁੱਟਣਾ ਹੈ, ਰਾਹ ਵਿੱਚੋਂ ਰਲਦੇ ਗਏ ਨੇ ਸਿੰਘ।

**ਉਨੈ ਦਰਵਾਜੇ ਜਾ ਪੰਜ ਮੁੰਜੇ॥** ਸ਼ਹਿਰ ਵੱਡਾ ਸੀ, ਸਰਹੰਦ ਦੇ ਬਹੁਤ ਦਰਵਾਜ਼ੇ ਸੀ, ਪੰਜ ਦਰਵਾਜ਼ੇ ਜਾ ਮੱਲੇ ਨੇ ਖਾਲਸੇ ਨੇ, ਦਰਵਾਜ਼ਾ ਮੁੜ ਕੇ ਕਿਸੇ ਨੂੰ ਲਾਉਣ ਨਹੀਂ ਦਿੱਤਾ।

**ਤੁਰਕ ਲਭਯੋ ਦਯੋ ਸਿੰਘਨ ਮਾਰ॥** ਜਿਹੜਾ ਕੋਈ ਤੁਰਕ ਲੱਭਿਆ, ਸਿੰਘਾਂ ਨੇ ਝਟਕਾਅ ਦਿੱਤਾ ਉਸ ਨੂੰ।

**ਲਏ ਹਿੰਦੂਅਨ ਕੇ ਜੇਵਰ ਉਤਾਰ॥ ੯॥** ਜਿਥੇ ਹਿੰਦੂਆਂ ਦਾ ਮਹੱਲਾ ਆ ਗਿਆ, ਓਥੇ ਉਨ੍ਹਾਂ ਨੂੰ ਮਾਰਿਆ ਨਹੀਂ, ਕੁਛ ਨਹੀਂ ਕਿਹਾ, ਉਹਨਾਂ ਨੂੰ ਤਾਂ ਧਨ ਦੀ ਲੋੜ ਸੀ, ਸਿੰਘਾਂ ਨੇ ਝੱਟ ਉਨ੍ਹਾਂ ਦੇ ਜ਼ੇਵਰ ਉਤਾਰ ਲਏ। ੯।

**ਚਾਂਦੀ ਸੁਇਨੋਂ ਔ ਭਲ ਚੀਜ਼॥** ਸੋਨਾ ਚਾਂਦੀ ਜਾਂ ਹੋਰ ਕੋਈ ਚੰਗੀ ਵਸਤੂ ਹੈ ਜਿਹੜੀ।

**ਲਏ ਦੇਖ ਚੰਗ ਚੱਕਨ ਕੀਜ॥** ਚੁੱਕਣ-ਜੋਗ ਚੰਗੀ ਚੀਜ਼ ਵੇਖ ਕੇ ਸਿੰਘਾਂ ਨੇ ਜਿਸ ਦੀ ਲੋੜ ਹੈ, ਲੀੜੇ, ਬਸਤ੍ਰ, ਸ਼ਸਤ੍ਰ, ਸੋਨਾ, ਚਾਂਦੀ ਆਦਿਕ ਲੋੜ ਅਨੁਸਾਰ ਲੈ ਲਈ ਖਾਲਸੇ ਨੇ।

**ਦੁਇਕ ਪਹਰ ਤਿਨ ਲੂਟ ਮਚਾਈ॥** ਦੋ ਕੁ ਪਹਿਰ ਸਿੰਘਾਂ ਨੇ ਲੁੱਟ ਮਚਾ ਦਿੱਤੀ ਹੈ, ਸ਼ਹਿਰ ਦੇ ਵਿਚ, ਗਲੀ ਗਲੀ ਵਿਚ ਜਿਥੇ ਵੀ ਕੋਈ ਲੱਭਿਆ ਹੈ, ਓਥੇ ਹੀ ਉਸ ਨੂੰ ਲੁੱਟ ਲਿਆ ਹੈ ਖਾਲਸੇ ਨੇ।

**ਭਏ ਭੂਖੇ ਚਕ ਖਾਈ ਮਿਠਾਈ॥ ੧੦॥** ਦੁਪਹਿਰ ਚੜ੍ਹ ਗਈ ਸਵੇਰ ਦੇ ਵੜੇ ਹੋਏ ਸਨ, ਜਦੋਂ ਦੁਪਹਿਰਾ ਹੋ ਗਿਆ ਲੁੱਟ ਮਾਰ ਕਰਦਿਆਂ ਨੂੰ, ਤਾਂ ਭੁੱਖ ਲੱਗ ਆਈ ਖਾਲਸੇ ਨੂੰ, ਸਿੰਘਾਂ ਨੂੰ ਹੋਰ ਤਾਂ ਕੁਛ ਲੱਭਿਆ ਨਾ, ਮਿਠਾਈਆਂ ਦੇ ਹੱਟ ਖੋਲ੍ਹ ਲਏ ਖਾਲਸੇ ਨੇ, ਦੁਕਾਨਾਂ ਖੋਹਲ ਕੇ ਮਿਠਿਆਈ ਲੁੱਟ ਕੇ ਖਾ ਗਏ। ੧੦।

**ਚਕਨੇ ਜੋਗੀ ਦਰਬ ਉਠਾਈ॥** ਜਿੰਨਾਂ ਚੁੱਕਿਆ ਜਾ ਸਕਦਾ ਸੀ, ਉਤਨਾ ਹੀ ਧਨ ਚੁਕਿਆ।

**ਘੋੜੇ ਲਭਯ ਸੋਊ ਲਯੋ ਲਦਾਈ॥** ਜੇ ਕੋਈ ਸਿੰਘਾਂ ਨੂੰ ਤੁਰਕਾਂ ਦਾ ਘੋੜਾ ਲੱਭਿਆ, ਤਾਂ ਉਹ ਫੜ ਲਿਆ ਅਤੇ ਉਹਦੇ ਉਤੇ ਸਮਾਨ ਲੱਦ ਲਿਆ।

**ਮੁੜ ਦੌੜੇ ਸਿੰਘ ਤਿਤ ਹੀ ਰਾਹਿ॥** ਪੈਦਲ ਗਏ ਸਨ ਸਿੰਘ, ਬਹੁਤ ਸਾਰੇ ਸਿੰਘਾਂ ਨੂੰ ਚੜ੍ਹਨ ਵਾਸਤੇ ਘੋੜੇ ਵੀ ਲੱਭ ਗਏ ਹਨ, ਜਿਹੜੇ ਰਾਹ ਸਿੰਘ ਗਏ ਸਨ, ਉਸੇ ਰਾਹ ਹੱਲਾ ਕਰ ਮੁੜ ਆਏ ਨੇ।

**ਤੌ ਠੀਕਰੀ ਵਾਰੇ ਪਹੁੰਚੇ ਜਾਇ॥ ੧੧॥** ਤਦ ਠੀਕਰੀ ਵਾਲੇ ਪਿੰਡ ਫੇਰ ਵਾਪਸ ਖਾਲਸਾ ਆ ਪਹੁੰਚਿਆ।੧੧।

**ਵੜ ਮਾਲਵੇ ਫਿਰ ਘੋੜੇ ਲਏ॥** ਮਾਲਵਾ ਦੇਸ਼ ਵਿਚ ਵੜ ਕੇ ਫੇਰ ਚੰਗੇ-ਚੰਗੇ ਘੋੜੇ ਖ਼ਰੀਦੇ ਹਨ ਸਿੰਘਾਂ ਨੇ, ਰਾਮਪੁਰਾ, ਮਾਨਸਾ, ਇਹ ਮਾਨਸ਼ਾਹੀਏ ਸਾਰੇ, ਬੜੀਆਂ ਜੂਹਾਂ ਖੁਲ੍ਹੀਆਂ ਸੀ ਇਹਨਾਂ ਦੀਆਂ, ਇਹ ਘੋੜੇ ਹੀ ਪਾਲਦੇ ਸਨ। ਪੰਜ-ਪੰਜ ਸੌ ਘੋੜੀ ਰੱਖਣੀ, ਉਹਨਾਂ ਦੇ ਵਛੇਰੇ ਪਾਲ-ਪਾਲ ਕੇ ਵੇਚਣੇ। ਕਪੂਰਾ ਚੌਧਰੀ ਵੀ ਘੋੜਿਆਂ ਦਾ ਵਪਾਰ ਕਰਦਾ ਸੀ।

**ਕਿਤੇ ਮੁਲਕ ਤਿਹ ਨਜ਼ਰੈ ਅਏ॥** ਕਿਸੇ ਵੀ ਮੁਲਕ ਵਿਚ ਚੰਗੇ ਘੋੜੇ ਖਾਲਸੇ ਦੀ ਨਜ਼ਰ ਪਏ, ਓਥੋਂ ਹੀ ਖ਼ਰੀਦ ਲਏ ਹਨ।

**ਖਰਚ ਖਾਲਸੇ ਕੇ ਭਜੋ ਪੱਲੇ॥** ਖਾਲਸੇ ਦੇ ਖ਼ਰਚ ਪੱਲੇ ਹੋ ਗਿਆ, ਧਨ, ਪਦਾਰਥ ਵਰਤਣ ਵਾਸਤੇ ਖਾਲਸੇ ਦੇ ਕੋਲ ਆ ਗਿਆ।

**ਸਰੇ ਅੰਮ੍ਰਿਤਸਰ ਬਿਨ ਕਿਮ ਚੱਲੇ॥ ੧੨॥** ਜਦੋਂ ਘੋੜੇ ਵੀ ਚੰਗੇ ਲੈ ਲਏ ਖਾਲਸੇ ਨੇ, ਸ਼ਸਤ੍ਰ ਵੀ ਚੰਗੇ ਲੈ ਲਏ, ਧਨ ਵੀ ਪੱਲੇ ਹੋ ਗਿਆ ਹੈ ਤੇ ਫਿਰ ਸ੍ਰੀ ਅੰਮ੍ਰਿਤਸਰ ਦੀਵਾਲੀ ਦੇ ਜੋੜ ਮੇਲੇ 'ਤੇ ਗਏ ਤੋਂ ਬਿਨਾਂ ਕਿਵੇਂ ਸਰੇ ਖਾਲਸੇ ਦਾ, ਜਰੂਰ ਵੇਖਣਾ ਖਾਲਸਾ ਜੀ! ਜੋੜ ਮੇਲਾ। ੧੨।

**ਦੋਹਰਾ॥ ਮੇਲੋ ਆਇਓ ਢਿਗ ਜੋਊ ਤਬ ਪੰਥ ਭਯੋ ਤਿਆਰ॥** ਜਦੋਂ ਮੇਲਾ ਨੇੜੇ ਆ ਗਿਆ, ਦੋ-ਚਾਰ ਦਿਨ ਰਹਿ ਗਏ, ਤਾਂ ਖਾਲਸੇ ਪੰਥ ਨੇ ਤਿਆਰੀ ਕਰ ਲਈ।

***ਮਰਨੋਂ ਟਰਤੇ ਥੇ ਨਹੀਂ ਗਿਣਨ ਜਿੱਤਨੋ ਹਾਰ॥ ੧੩॥*** ਮਰਨੋ ਤਾਂ ਖਾਲਸਾ ਊਈਂ ਨਹੀਂ ਟਲਦਾ ਸੀ, ਭਾਵ ਹਾਰ ਨੂੰ ਵੀ ਜਿੱਤ ਵਿਚ ਗਿਣਦੇ ਸਨ, ਕਦੀ ਵੀ ਖਾਲਸਾ ਹਾਰਿਆ ਨਹੀਂ ਕਿਸੇ ਤੋਂ। ੧੩।

***ਚੌਪਈ॥ ਖਬਰ ਮਲਵੱਯਨ ਜਬ ਸੁਨ ਪਾਈ॥*** ਜਦੋਂ ਮਾਲਵੇ ਦੀ ਸੰਗਤ ਨੂੰ ਪਤਾ ਲੱਗਿਆ ਕਿ ਖਾਲਸਾ ਪੰਥ ਸ੍ਰੀ ਅੰਮ੍ਰਿਤਸਰ ਆਇਆ, ਨਾਦਰ ਸ਼ਾਹ ਦੇ ਆਉਣ ਤੋਂ, ਹੁਣ ਖਾਲਸਾ ਫੇਰ ਚੱਲਿਆ ਦੀਪ-ਮਾਲਾ ਮਨਾਉਣ, ਇਸ ਤਰ੍ਹਾਂ ਸੁਣਿਆ।

***ਆਨ ਪੰਥ ਕੋ ਦਈ ਵਧਾਈ॥*** ਮਲਵਈਆਂ ਨੇ ਆ ਕੇ ਪੰਥ ਨੂੰ ਵਧਾਈਆਂ ਦਿੱਤੀਆਂ, ਖਾਲਸਾ ਜੀ! ਵਧਾਈ ਹੋਵੇ, ਚੜ੍ਹਦੀਆਂ ਕਲਾਂ ਕਰੇ ਗੁਰੂ ਮਹਾਰਾਜ, ਸੱਚੇ ਪਾਤਸ਼ਾਹ ਜੋੜ ਮੇਲਾ ਦੀਪ-ਮਾਲਾ ਦਾ ਜ਼ਰੂਰ ਲਗਾਓ।

***ਜੁਦੇ ਜੁਦੇ ਦਏ ਸਭਹਨ ਘੋੜੇ॥*** ਆਪਣੇ ਵੱਲੋਂ ਮਾਲਵੇ ਦੇ ਜਿੰਨੇ ਸਿੱਖ ਸਰਦਾਰ ਸਨ, ਸਾਰਿਆਂ ਨੂੰ (ਜੁਦੇ-ਜੁਦੇ)ਵੱਖਰੇ ਵੱਖਰੇ ਘੋੜੇ, ਜਿੰਨੇ ਜੱਥੇਦਾਰ ਸਨ ਨਾਲ, ਉਂਝ ਤਾਂ ਪੰਥ ਸਮੁੱਚਾ ਹੀ ਸੀ ਸਾਰਿਆਂ ਵਿਚ, ਪਰ ਜਿਹੜੇ ਮੁਖੀ ਸਨ ਸਿੰਘ, ਜਥੇਦਾਰ ਸਨ, ਜਿਨ੍ਹਾਂ ਨਾਲ ਸੌ-ਸੌ ਸਵਾਰ ਸਿੰਘ ਰਹਿੰਦਾ ਸੀ, ਉਨ੍ਹਾਂ ਸਾਰਿਆਂ ਨੂੰ ਅੱਡੋ-ਅੱਡੀ ਘੋੜੇ ਭੇਟਾ ਕੀਤੇ ਅਤੇ ਏਧਰਲੇ ਹੋਰ ਤੋਹਫੇ ਵਗੈਰਾ, ਰੇਜ਼ੇ ਆਦਿਕ ਫੁਲਕਾਰੀਆਂ ਇਹੋ ਜਿਹੀਆਂ ਵਸਤੂਆਂ ਚੰਗੀਆਂ-ਚੰਗੀਆਂ ਸਿੰਘਾਂ ਨੂੰ ਭੇਟਾ ਕੀਤੀਆਂ।

***ਚੜ੍ਹਤ ਪੰਥ ਹਥ ਆਗੈ ਜੋੜੇ॥ ੧੪॥*** ਜਦੋਂ ਖਾਲਸਾ ਪੰਥ ਅੰਮ੍ਰਿਤਸਰ ਨੂੰ ਜੋੜ ਮੇਲਾ ਮਨਾਉਣ ਵਾਸਤੇ ਏਥੋਂ ਚੜ੍ਹਿਆ ਹੈ, ਤਾਂ ਪੰਚਾਇਤਾਂ ਦੇ ਰੂਪ ਵਿਚ ਸਿੰਘ ਜਿਹੜੇ ਏਥੋਂ ਦੇ ਵਾਸੀ ਸੀ, ਜਥਿਆਂ ਦੇ ਰੂਪ ਵਿਚ ਹੱਥ ਜੋੜ ਕੇ, ਸਿੰਘ, ਖਾਲਸੇ ਅੱਗੇ ਬੇਨਤੀਆਂ ਕਰਦੇ ਨੇ। ੧੪।

***ਆਗੇ ਬਧਯੋ ਪੰਥ ਸਿਉਂ ਰਾਹਿ॥*** ਖਾਲਸਾ ਜੀ! ਅੱਗਾ ਖੁਲ੍ਹ ਗਿਆ, ਸਾਡੀ ਪੰਥ ਨਾਲ ਜਾਣ-ਪਛਾਣ ਹੋ ਗਈ ਹੈ, ਧੰਨ ਭਾਗ ਤੁਸੀਂ ਆਏ ਹੋ ਸਾਡੇ ਕੋਲ, ਸਾਨੂੰ ਪਤਾ ਲੱਗਿਆ ਹੈ, ਪੰਥ ਵਿਚ ਕਿਹੜੇ ਕਿਹੜੇ ਮੁਖੀਏ ਸਿੰਘ ਹਨ, ਅਸੀਂ ਬਹੁਤ ਹੀ ਸਾਹਿਬ ਸੱਚੇ ਪਾਤਸ਼ਾਹ ਦਾ ਸ਼ੁਕਰਾਨਾ ਕਰਦੇ ਹਾਂ, ਜੋ ਪੰਥ ਨਾਲ ਸਾਡਾ ਵਾਹ ਹੋ ਗਿਆ।

***ਕਰ ਮੇਲੋ ਆਯੋ ਹਮ ਪਾਹਿ॥*** ਬੇਨਤੀਆਂ ਕਰਦੇ ਨੇ, ਖਾਲਸਾ ਜੀ ਭੁੱਲ ਨਾ ਜਾਇਓ! ਜੋੜ ਮੇਲਾ ਮਨਾ ਕੇ ਫੇਰ ਏਧਰ ਹੀ ਆ ਜਾਇਓ ਸਾਡੇ ਪਾਸ, ਐਥੇ ਸਾਡੇ ਕੋਲ ਰਿਹਾ ਕਰੋ।

***ਜੋ ਹਮ ਪਰ ਤੁਰਕ ਪਾਵਹਿ ਜੋਰ॥*** ਸਾਡਾ ਇਸ ਗੱਲ ਦਾ ਧਿਆਨ ਰੱਖਣਾ ਖਾਲਸਾ ਜੀ! ਤੁਹਾਡੇ ਏਥੇ ਬੈਠਿਆਂ ਤੋਂ ਸਾਨੂੰ ਕੋਈ ਫ਼ਿਕਰ ਨਹੀਂ, ਕੋਈ ਸਾਨੂੰ ਡਰ ਭੈ ਨਹੀਂ ਹੈ ਕਿਸੇ ਦਾ, ਤੁਹਾਡੇ ਜਾਣ ਤੋਂ ਬਾਅਦ ਜੇ ਤੁਰਕ ਸਾਡੇ 'ਤੇ ਜ਼ੋਰ ਪਾਉਣ ਜਗਰਾਵਾਂ, ਰਾਇ ਕੋਟ ਅਤੇ ਮਲੇਰ ਕੋਟਲੇ ਵਾਲੇ, ਇਹ ਤੁਰਕ ਉਦੋਂ ਜ਼ੋਰ ਪਾਉਂਦੇ ਸਨ। ਸਾਡੀ ਸਾਰ ਲੈਣੀ, ਸਾਡੀ ਨਿਗਾਹ ਰੱਖਿਓ ਤੁਸੀਂ।

***ਖਬਰ ਲੀਓ ਹਮ ਆਨ ਬਹੋਰ॥ ੧੫॥*** ਮੁੜ ਕੇ ਆ ਕੇ ਸਾਡੀ ਖ਼ਬਰ ਸਾਰ ਲਇਓ। ੧੫।

***ਕਹਿਓ ਪੰਥ,'ਹਮ ਐਹੈਂ ਧਾਇ॥*** ਪੰਥ ਖਾਲਸੇ ਨੇ ਕਿਹਾ, ਫ਼ਿਕਰ ਨਾ ਕਰੋ, ਅਸੀਂ ਉਦੋਂ ਹੀ ਆ ਜਾਵਾਂਗੇ ਧਾਵਾ ਬੋਲ ਕੇ ਏਥੇ।

***ਘੱਲਿਓ ਚਿਠੀ ਹਲਕਾਰੈ ਪਾਇ'॥*** ਹਲਕਾਰੇ ਦੇ ਕੋਲ ਚਿੱਠੀ ਭੇਜ ਕੇ ਸਾਨੂੰ ਖ਼ਬਰ ਕਰ ਦਿਉ, ਜਦੋਂ ਖ਼ਬਰ ਹੋਈ, ਅਸੀਂ ਤੁਰੰਤ ਆ ਜਾਵਾਂਗੇ।

***ਚੜਯੋ ਖਾਲਸੋ ਕਰ ਅਰਦਾਸ॥*** ਖਾਲਸੇ ਪੰਥ ਦੀ ਜੋ ਰਹੁ-ਰੀਤੀ ਸੀ, ਅਰਦਾਸੇ ਕੀਤੇ ਸਭ ਜਥੇਦਾਰਾਂ ਨੇ ਖੜ੍ਹ ਕੇ ਅਤੇ ਘੋੜਿਆਂ 'ਤੇ ਸਵਾਰ ਹੋ ਗਿਆ ਹੈ ਖਾਲਸਾ।

***'ਕਰੈ ਕੰਮ ਪੰਥ ਸਤਿਗੁਰ ਆਪ' ॥ ੧੬॥*** ਸਤਿਗੁਰੂ ਪੰਥ ਦੇ ਆਪ ਸਾਰੇ ਕੰਮ ਆਪ ਰਾਸ ਕਰਦਾ ਹੈ। ੧੬।

***ਚੜ੍ਹ ਖਾਲਸੋ ਤੁਰ ਲੰਘਯੋ ਦਰਯਾਇ॥*** ਖਾਲਸਾ ਪੰਥ ਏਥੋਂ ਘੋੜਿਆਂ 'ਤੇ ਸਵਾਰ ਹੋ ਕੇ ਹਰੀ ਕਾ ਪੱਤਣ ਅਤੇ ਦਰਿਆ ਦੇ ਹੋਰ ਪੱਤਣ ਲੰਘ ਕੇ ਪਾਰ ਹੋ ਗਿਆ।

***ਸ੍ਰੀ ਅੰਮ੍ਰਿਤਸਰ ਪਹੁੰਚੇ ਆਇ॥*** ਸ੍ਰੀ ਅੰਮ੍ਰਿਤਸਰ ਆ ਪਹੁੰਚਿਆ ਹੈ ਖਾਲਸਾ ਅਤੇ ਡੇਰਾ ਲਾ ਦਿੱਤਾ।

***ਅਗੋ ਤੁਰਕਨ ਦਯੋ ਤਲਾਵ ਬਿਗਾਰ॥*** ਅੱਗੇ ਖਾਲਸੇ ਨੇ ਜਦੋਂ ਵੇਖਿਆ, ਸਾਰਾ ਸਰੋਵਰ, ਸਾਰਾ ਗੁਰਦੁਆਰਾ ਸਭ ਵਿਗਾੜਿਆ ਪਿਆ ਹੈ, ਓਥੇ ਬੇ-ਅਦਬੀ ਕਰੀ ਹੋਈ ਸੀ।

***ਚਿਣੇ ਬੁੰਗੇ ਸਭ ਦੀਨੇ ਡਾਰ॥ ੧੭॥*** ਜਿੰਨੇ ਬੁੰਗੇ ਸੀ ਚਾਰ-ਚੁਫੇਰੇ ਚਿਣੇ ਹੋਏ, ਸਭ ਢਾਹ ਕੇ ਸੁੱਟ ਦਿੱਤੇ ਸਨ ਤੁਰਕਾਂ ਨੇ। ੧੭।

***ਦੋਹਰਾ॥ ਹਡ ਲਿਦ ਘੱਤ ਤਾਲ ਮੱਧ ਖੇਤੀ ਦਈ ਬਿਜਾਇ॥*** ਪਸ਼ੂ ਮਰੇ ਹੋਏ, ਘੋੜੇ ਮਰੇ ਹੋਏ ਅਤੇ ਲਿੱਦ ਪਾ ਦਿੱਤੀ ਹੈ, ਰੇਹ ਦੀ ਥਾਂ ਜੌਂ ਆਦਿਕਾਂ ਦੀ ਫਸਲ ਬੀਜ਼ ਦਿੱਤੀ ਕਿ ਘੋੜਿਆਂ ਨੂੰ ਚਾਰਾਂਗੇ।

***ਸੋ ਖਾਲਸੈ ਜਾ ਕੱਢ ਸੁਟਯੋ, ਲੀਨੋ ਖ਼ੂਬ ਬਨਵਾਇ॥ ੧੮॥*** ਉਹ ਸਾਰਾ ਗੰਦ-ਮੰਦ ਖਾਲਸੇ ਨੇ ਕੱਢ ਕੇ ਬਾਹਰ ਮਾਰਿਆ, ਸਫਾਈ ਅਤੇ ਮੁਰੰਮਤ ਕਰਵਾ ਕੇ ਮਿਸਤ੍ਰੀਆਂ ਤੋਂ, ਖ਼ੂਬ ਸੁੰਦਰ ਬਣਵਾ ਲਿਆ। ੧੮।

***ਝੂਲਣਾ॥ ਨਿਕਲ ਖੱਡ ਖੁੱਡਲ ਤੇ ਖਾਲਸੈ ਜੀ, ਅੰਮ੍ਰਿਤਸਰ ਮੇਲੌ ਤੌਂ ਜਰੂਰ ਲਾਇਣਾ॥*** ਜੋ ਖੱਡਾਂ ਖੂਹਾਂ ਦੀਆਂ ਜੂਹਾਂ ਵਿਚ ਲੁਕੇ ਹੋਏ ਸਿੰਘ ਸਨ, ਐਧਰੋਂ ਜਦੋਂ ਖਾਲਸਾ ਪੰਥ ਚੜ੍ਹ ਕੇ ਗਿਆ, ਸਾਰਿਆਂ ਦੇ ਮਨ ਵਿਚ ਚਾਉ ਹੋਇਆ ਕਿ ਦੀਪ-ਮਾਲਾ ਦਾ ਮੇਲਾ ਤਾਂ ਜਰੂਰ ਲਾਵਾਂਗੇ ਐਤਕੀਂ, ਪੰਥ ਖਾਲਸਾ ਆਇਆ ਹੈ, ਜਰੂਰ ਦਰਸ਼ਨ ਕਰਾਂਗੇ।

***ਤਿਹ ਨ੍ਹਾਇ ਚਿੱਨਾਇਕੈ ਬੁੰਗੇ ਬੈਠੇ ਤੋ ਅਕਾਲ ਬੁੰਗੇ ਬੈਠ ਮਤੋ ਸਭ ਮਤਾਇਣਾ॥*** ਉਥੇ ਇਸ਼ਨਾਨ ਕਰਕੇ, ਬੁੰਗੇ ਚਿਣਾ ਕੇ ਬੈਠਾਂਗੇ(ਅਕਾਲ ਬੁੰਗੇ) ਸ੍ਰੀ ਅਕਾਲ ਤਖ਼ਤ ਬੈਠ ਕੇ ਸਾਰੇ ਗੁਰਮਤੇ ਕਰਾਂਗੇ।

***ਕਿਸੈ ਦੁਸ਼ਟ ਕੌ ਦੌੜਕੈ ਲੁਟ ਲਯਾਵੈਂ, ਤੌ ਬੈਠ ਬੁੰਗੇ ਮਧ ਖ਼ੂਬ ਖਾਵਣਾ॥*** ਸਿੰਘ ਵਿਚਾਰਾਂ ਕਰਦੇ ਨੇ ਆਪਾਂ ਛੱਡ ਕੇ ਤੁਰ ਜਾਂਦੇ ਹਾਂ, ਪਿਛੋਂ ਬਿਅਦਬੀ ਕਰਦੇ ਹਨ ਤੁਰਕ, ਏਥੇ ਹੀ ਡਟ ਕੇ ਰਹੀਏ, ਦੂਰੋਂ ਦੁਸ਼ਟਾਂ ਨੂੰ ਲੁੱਟ ਕੇ ਲਿਆਈਏ ਤੇ ਏਥੇ ਹੀ ਲੰਗਰ ਚਲਾਈਏ, ਏਥੇ ਲੰਗਰ ਚਲਾ ਕੇ ਸੋਹਣੇ ਬੁੰਗੇ ਦੇ ਵਿਚ ਬੈਠ ਕੇ ਅਨੰਦ ਮਾਣਾਂਗੇ, ਏਥੇ ਅਨੰਦ ਲਿਆ ਕਰਾਂਗੇ, ਇਉਂ ਸੁੰਨਾਂ ਛੱਡ ਕੇ ਸਾਨੂੰ ਨਹੀਂ ਜਾਣਾ ਚਾਹੀਦਾ। ਇਉਂ ਪੰਥ ਖਾਲਸਾ ਗੁਰਮਤੇ ਸੋਧਦਾ ਹੈ।

***ਤੁਰਕ ਘਣੇ ਆਵੈਂ ਸਿੰਘ ਭੱਜ ਜਾਵੈ, ਇਮੈ ਹੋਣ ਬਾਧਾ ਸਤਿਗੁਰੂ ਭਾਵਣਾ॥ ੧੯॥*** ਇਹ ਵੀ ਕਹਿੰਦੇ ਹੁਕਮ ਅੰਦਰ ਹੀ ਜਦੋਂ ਨਾਦਰ ਜਾਂ ਅਬਦਾਲੀ ਬਹੁਤੇ ਤੁਰਕ ਤਿੰਨ-ਤਿੰਨ, ਚਾਰ-ਚਾਰ ਲੱਖ ਚੜ੍ਹ ਕੇ ਆ ਜਾਂਦਾ ਹੈ, ਖਾਲਸੇ ਨੂੰ ਐਨੀ ਵੱਡੀ ਫ਼ੌਜ ਦੇਖ ਕੇ ਫਿਰ ਦੇਸ਼ ਖਾਲੀ ਕਰਨਾ ਪੈ ਜਾਂਦਾ ਹੈ, ਪੰਥ ਦਾ ਵਾਧਾ ਹੋ ਰਿਹਾ ਹੈ, ਜਿੱਧਰ ਜਾਂਦਾ ਪੰਥ, ਹੋਰ ਸਿੰਘ ਸਜਦੇ ਹਨ, ਜਿਵੇਂ ਸਤਿਗੁਰੂ ਜੀ ਨੂੰ ਭਾਉਂਦਾ ਹੈ, ਉਵੇਂ ਹੁੰਦਾ ਹੈ। ਇਸ ਕਰਕੇ ਖਾਲਸਾ ਜੀ! ਗੁਰੂ ਦੀ ਰਜ਼ਾ ਵਿਚ ਸਭ ਕੁਛ ਹੁੰਦਾ ਹੈ।੧੯।

***ਦੋਹਰਾ॥ ਦੀਪ ਮਾਲ ਮੇਲੋ ਕਰੇ ਦਿਨ ਰਹੇ ਕੁਛਕ ਸੁਖ ਪਾਇ॥*** ਦੀਪ-ਮਾਲਾ ਦਾ ਮੇਲਾ ਕੀਤਾ ਹੈ ਖਾਲਸੇ ਪੰਥ ਨੇ, ਕੁਛ ਕੁ ਦਿਨ ਇਥੇ ਹੀ ਅਰਾਮ ਕੀਤਾ ਹੈ, ਕੋਈ ਛੇੜ-ਛਾੜ ਨਹੀਂ ਕੀਤੀ।

***ਤੁਰਕਨ ਫੌਜਹਿੰ ਬਹੁ ਅਈ, ਸਿੰਘ ਤੁਰੇ ਜਿਤੈ ਕਿਤ ਦਾਇ॥ ੨੦॥*** ਜਦੋਂ ਤੁਰਕ ਫ਼ੌਜਾਂ ਨੂੰ ਪੱਤਾ ਲੱਗਿਆ ਕਿ ਖਾਲਸਾ ਬਹੁਤ ਇਕੱਤਰ ਹੋਇਆ ਏਥੇ, ਤੁਰਕ ਫ਼ੌਜਾਂ ਨੇ ਏਧਰ ਨੂੰ ਮੂੰਹ ਕੱਢਿਆ, ਜਦੋਂ ਲ਼ਹੌਰ ਤੋਂ ਇਸ ਪਾਸੇ ਨੂੰ ਨਿਕਲੇ ਹਨ, ਤਾਂ ਸਿੰਘਾਂ ਨੂੰ ਪਤਾ ਲੱਗਿਆ ਕਿ ਫ਼ੌਜ ਆ ਰਹੀ ਹੈ ਤੁਰਕਾਂ ਦੀ, ਤਾਂ ਸਿੰਘਾਂ ਨੇ ਜਿੱਧਰ ਕਿੱਧਰ ਸਿੰਘਾਂ ਦੇ ਠਿਕਾਣੇ ਸੀ, ਓਧਰ ਨੂੰ ਸਿੰਘ ਹੱਲਾ ਕਰ ਗਏ ਹਨ। ੨੦।

# ਸਾਖੀ ਭਾਈ ਮਨੀ ਸਿੰਘ ਜੀ ਬਿਦੇਹੀ ਕੀ

## (ਸ਼ਹੀਦੀ ਭਾਈ ਮਨੀ ਸਿੰਘ ਜੀ ਕੀ)

***ਦੋਹਰਾ॥ ਅਬਹਿ ਹਕੀਕਤ ਮੈਂ ਕਹੌਂ ਸੁਨੌਂ ਸੰਤ ਲਾਇ ਪ੍ਰੀਤ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਹੁਣ ਮੈਂ ਸੱਚੀ ਸਾਖੀ ਸੁਣਾਉਂਦਾ ਹਾਂ, ਹੇ ਗੁਰਸਿੱਖੋ! ਹੇ ਸੰਤ ਜਨੋ! ਪ੍ਰੀਤ ਲਾ ਕੇ ਸੁਣੋ ਜੀ।

***ਮਨੀ ਸਿੰਘ ਜੀ ਰਖ ਸਿੱਖੀ ਮਹਾਂ ਸ਼ਹੀਦੀ ਲੀਤ॥ ੧॥*** ਜਿਵੇਂ ਭਾਈ ਮਨੀ ਸਿੰਘ ਜੀ ਨੇ ਸਿੱਖੀ ਸਾਬਤ ਰੱਖੀ ਹੈ ਅਤੇ ਮਹਾਨ ਸ਼ਹੀਦੀ ਦੀ ਪਦਵੀ ਲਈ ਹੈ, ਸ਼ਹੀਦਾਂ ਦੇ ਸਰਦਾਰ ਬਣੇ ਹਨ, ਸ਼ਹੀਦਾਂ ਦੇ ਆਗੂ ਬਣੇ। ੧।

***ਚੌਪਈ॥ ਮਨੀ ਸਿੰਘ ਥੋ ਸੰਤ ਸੁਜਾਨ॥*** ਮਨੀ ਸਿੰਘ ਜੀ ਬੜੇ ਸੰਤ ਲੋਕ ਸਨ, ਪੂਰਨ ਬੁੱਧੀ ਵਾਲੇ ਗੁਰਸਿੱਖ ਸਨ।

***ਜਤੀ ਸਤੀ ਔ ਧਯਾਨੀ ਮਾਨ॥*** ਬੜੇ ਹੀ ਮਾਨਯੋਗ, ਬ੍ਰਹਮਚਾਰੀ ਸਤ ਪ੍ਰਤੱਗੀ ਅਤੇ ਸ਼ਬਦ-ਸੁਰਤਿ ਦੇ ਅਭਿਆਸੀ ਸਨ ਭਾਈ ਮਨੀ ਸਿੰਘ ਜੀ।

***ਹਠੀ ਤਪੀ ਔ ਮਤ ਕੋ ਪੂਰੋ॥*** ਬੜੇ ਹੱਠ ਵਾਲੇ ਤਪੱਸਵੀ ਅਤੇ ਪੂਰੇ ਬੁੱਧੀਵਾਨ ਸਨ ਉਹ।

***ਸ਼ਹਨਸ਼ੀਲ ਔ ਦਿਲ ਕੋ ਸੂਰੋ॥ ੨॥*** ਬੜੇ (ਸ਼ਹਿਨਸ਼ੀਲ) ਦੂਸਰੇ ਦੀ ਵਧੀਕੀ ਨੂੰ ਸਹਾਰਨ ਵਾਲੇ, ਸ਼ਾਂਤਮਈ ਅਤੇ ਦਿਲ ਦੇ ਸੂਰਮੇ ਸਨ, ਉਹ ਕਿਸੇ ਦਾ ਭੈ ਨਹੀਂ ਸੀ ਮੰਨਣ ਵਾਲੇ। ੨।

***ਕਰਮੀ ਧਰਮੀ ਭਗਤਿ ਗਿਆਨੀ॥*** ਗੁਰਸਿੱਖਾਂ ਵਾਲੇ ਕਰਮ ਧਰਮ ਵਿਚ ਪੂਰੇ ਸਨ, ਭਗਤ ਅਤੇ ਪੂਰਨ ਗਿਆਨਵਾਨ ਗੁਰਸਿੱਖ ਸਨ।

***ਸਤਿਗੁਰ ਬਚਨਨ ਪਰ ਮਤਿ ਠਾਨੀ॥*** ਆਪਣੀ ਬੁੱਧੀ ਨੂੰ ਸਤਿਗੁਰਾਂ ਦੀ ਬਾਣੀ ਅਨੁਸਾਰ ਢਾਲਿਆ ਹੋਇਆ ਸੀ।

***ਹੁਤ ਸਤਿਗੁਰ ਸੋ ਰਹਿਤ ਹਜ਼ੂਰ॥*** ਭਾਈ ਮਨੀ ਸਿੰਘ ਜੀ, ਸਤਿਗੁਰਾਂ ਦੇ ਚਰਨਾਂ ਵਿਚ ਰਹੇ ਸਨ, ਸਤਿਗੁਰੂ ਜੀ ਉਨ੍ਹਾਂ ਨੂੰ 'ਮਨੀਆਂ ਮਨੀਆਂ' ਕਹਿ ਕੇ ਬੁਲਾਇਆ ਕਰਦੇ ਸਨ।

***ਤਿਸ ਕਰ ਭਯੋ ਸੁ ਗੁਰਮਤ ਪੂਰ॥ ੩॥*** ਇਸ ਕਰਕੇ ਗੁਰਮਤਿ ਵਿਚ ਪੂਰਨ ਹੋ ਗਏ ਭਾਈ ਮਨੀ ਸਿੰਘ ਜੀ। ੩।

***ਉਨ ਸਤਿਗੁਰ ਕਛੁ ਜੂਠੋ ਖਯੋ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਉਹਨੇ ਸਤਿਗੁਰਾਂ ਦਾ ਸੁਨਹਿਰਾ ਛਕਿਆ ਸੀ, ਜੂਠੇ ਤੋਂ ਭਾਵ ਜਦੋਂ ਮਹਾਰਾਜ ਭੋਜਨ ਛਕਦੇ ਸਨ, ਤਾਂ ਉਹਦੇ ਵਿੱਚੋਂ ਸ਼ੀਤ-ਪ੍ਰਸ਼ਾਦ ਛਕਦੇ ਸਨ ਭਾਈ ਮਨੀ ਸਿੰਘ ਜੀ।

***ਤਾਂਤੇ ਹਠੀਆ ਅੜੀਆ ਭਯੋ॥*** ਇਸ ਕਰਕੇ ਹਠੀਆ ਵੀ ਬੜਾ ਸੀ, ਜਿਹੜੀ ਗੱਲ 'ਤੇ ਅੜ ਜਾਂਦੇ ਸੀ, ਕਰਕੇ ਹੀ ਛੱਡ ਦੇ ਸੀ ਉਸ ਨੂੰ, ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਜਿੱਦੀ ਵੀ ਬੜੇ ਦਸਦੇ ਨੇ।

***ਸਿਖਨ ਕੋ ਸੋ ਸਿੱਖੀ ਦਿੜਾਵੈ॥*** ਗੁਰਸਿੱਖਾਂ ਨੂੰ ਗੁਰਸਿੱਖੀ ਦ੍ਰਿੜ੍ਹ ਕਰਾਉਂਦੇ ਸਨ, ਸਿੱਖੀ ਦਾ ਰਸਤਾ ਸਿਖਾਇਆ ਕਰਦੇ ਸਨ।

***ਸਿਖੀਓਂ ਚੁਕੈ ਤਿਸ ਤਨਖਾਹ ਲਾਵੈ॥ ੪॥*** ਜਿਹੜਾ ਕੋਈ ਮਨਮਤ ਕਰੇ, ਸਿੱਖੀ ਤੋਂ ਉੱਕ ਜਾਏ, ਉਹਨੂੰ ਤਨਖ਼ਾਹ ਲਾਉਂਦੇ ਹਨ, ਬਿਬੇਕ ਲਾਉਂਦੇ ਸਨ ਅਕਾਲ ਤਖ਼ਤ ਸੱਦ-ਸੱਦ ਕੇ। ੪।

***ਬੀਜ ਬੀਜੇ ਵਹਿ ਗੁਰਮਤ ਲਾਵੈ॥*** ਉਹ ਗੁਰਸਿੱਖੀ ਦਾ ਬੀਜ਼ ਬੀਜ਼ਦੇ ਸਨ, ਜਿਵੇਂ ਪਹਿਲੇ ਸਤਿਗੁਰਾਂ ਵੇਲੇ ਬਾਬਾ ਬੁੱਢਾ ਜੀ ਕੋਲ ਭਰਤੀ ਹੁੰਦੇ ਸਨ, ਦਸਮੇਂ ਪਾਤਸ਼ਾਹ ਜੀ ਤੋਂ ਬਾਅਦ, ਭਾਈ ਮਨੀ ਸਿੰਘ ਜੀ ਦੇ ਪਾਸ ਖਾਲਸਾ ਆਉਂਦਾ ਸੀ। ਇਥੇ ਸਿੱਖੀ ਜੀਵਨ ਸਿੱਖਦੇ ਸਨ, ਇਹ ਪੜ੍ਹਾਉਂਦੇ ਸਨ, ਲਿਖਾਉਂਦੇ ਸਨ, ਸਾਰੀ ਕ੍ਰਿਆ ਵੀ ਦੱਸਦੇ ਸਨ।

***ਚਾਰ ਬਰਨ ਕੋ ਸਿਖੀ ਦਿੜਾਵੈ॥*** ਬ੍ਰਹਮਣ, ਖੱਤ੍ਰੀ, ਵੈਸ, ਸੂਦ, ਚੌਹਾਂ ਵਰਨਾਂ ਨੂੰ, ਸਾਰਿਆਂ ਨੂੰ ਹੀ ਸਿੱਖੀ ਦਾ ਮਾਰਗ ਦਸਦੇ ਸੀ।

***ਕਰ ਸਾਖੀ ਬਹੁ ਸਿਖਨ ਸੁਨਾਵੈ॥*** ਸਾਹਿਬ ਜੀ ਦੇ ਚਰਨਾਂ ਵਿਚ ਰਹਿੰਦੇ ਸਨ, ਜਿੰਨੀਆਂ ਸਾਖੀਆਂ, ਸਾਰਾ ਇਤਹਾਸ

ਲਿਖਿਆ ਹੋਇਆ, ਉਹ ਗੁਰਸਿੱਖਾਂ ਨੂੰ ਸੁਣਾਉਂਦੇ ਸਨ।

***ਕਛੁ ਗੁਰ ਕਹੀ ਕਛੁ ਮਨ ਤੇ ਲਾਵੈ॥ ੫॥*** ਕੁਛ ਤਾਂ ਸਤਿਗੁਰਾਂ ਨੇ ਕਹੀ ਸੀ, ਕੁਛ ਅਨੁਭਵ ਨਾਲ, ਕੁਛ ਮਨ ਤੋਂ ਸਤਿਗੁਰਾਂ ਦਾ ਭਾਵ, ਅਰਥ ਕੀ ਸੀ, ਉਹ ਵੀ ਕੋਲੋਂ ਜੋੜ ਕੇ ਵੀ ਸੁਣਾਉਂਦੇ ਸਨ। ੫।

***ਦੋਹਰਾ॥ ਮਾਤਾ ਭੇਜਯੋ ਤਿਸੈ ਕੋ ਦਿੱਲੀ ਤੇ ਸਮਝਾਇ॥*** ਜਦੋਂ ਬੰਦਾ ਬਹਾਦਰ ਖਾਲਸੇ ਤੋਂ ਆਕੀ ਹੋ ਗਿਆ ਸੀ, ਉਦੋਂ ਮਾਤਾ ਸੁੰਦਰੀ ਜੀ ਨੇ ਬੜੇ ਪ੍ਰੇਮ ਨਾਲ ਸਮਝਾ ਕੇ ਦਿੱਲੀ ਤੋਂ ਸ੍ਰੀ ਅੰਮ੍ਰਿਤਸਰ ਭੇਜਿਆ ਹੈ।

***'ਅੰਮ੍ਰਿਤਸਰ ਚੜ੍ਹਤੀ ਚੜ੍ਹੈ ਸਿੱਖਨ ਜਾਹਿ ਖੁਵਾਇ' ॥ ੬॥*** ਮਨੀ ਸਿੰਘ ਜੀ! ਜੋ ਅੰਮ੍ਰਿਤਸਰ ਚੜ੍ਹਾਵਾ ਚੜ੍ਹਦਾ ਹੈ, ਜੋ ਹਰਿਮੰਦਰ ਸਾਹਿਬ ਦੀ ਪੂਜਾ ਹੁੰਦੀ ਹੈ, ਜਾ ਕੇ ਉਹ ਸਿੰਘਾਂ ਨੂੰ ਛਕਾਇਆ ਕਰੋ, ਉਹ ਜਾ ਕੇ ਲੰਗਰ ਵਿਚ ਪਾਓ। ੬।

***ਚੌਪਈ॥ ਤਿਸਨੇ ਆਇ ਬੰਦੋਬਸਤ ਕੀਆ॥*** ਉਹਨਾਂ ਨੇ ਸ੍ਰੀ ਅੰਮ੍ਰਿਤਸਰ ਆ ਕੇ ਖਾਲਸੇ ਪੰਥ ਦੇ ਲੰਗਰ, ਦੇਗ ਦਾ ਸਾਰਾ ਬੰਦੋਬਸਤ ਕੀਤਾ।

***ਮਾਤਾ ਚੜ੍ਹਾਵਾ ਖਾਲਸੇ ਬਖਸ਼ੀਆ॥*** ਮਾਤਾ ਜੀ ਨੇ ਚੜ੍ਹਤ, ਚੜ੍ਹਾਵਾ ਅੱਗੋਂ ਵਾਸਤੇ ਪੰਥ ਨੂੰ ਬਖ਼ਸ਼ ਦਿੱਤਾ, ਪਹਿਲਾਂ ਗੁਰੂ ਕੇ ਖ਼ਜ਼ਾਨੇ ਵਿਚ ਜਾਇਆ ਕਰਦਾ ਸੀ।

***ਆਗੇ ਚੜ੍ਹਾਵੋ ਪਟਨੇ ਜਾਵੈ॥*** ਇਸ ਤੋਂ ਪਹਿਲਾਂ ਜਿਹੜਾ ਚੜ੍ਹਤ, ਚੜ੍ਹਾਵਾ ਹੁੰਦਾ ਸੀ, ਉਹ ਪਟਣੇ ਸਾਹਿਬ ਜਮ੍ਹਾਂ ਹੁੰਦਾ ਸੀ ਗੁਰੂਆਂ ਦਾ।

***ਮਾਤਾ ਕਹਣੇ ਤੇ ਈਹਾਂ ਆਵੈ॥ ੭॥*** ਮਾਤਾ ਜੀ ਦੇ ਕਹਿਣ ਕਰਕੇ ਉਹ ਸਾਰਾ ਚੜ੍ਹਾਵਾ ਏਥੇ ਭਾਈ ਮਨੀ ਸਿੰਘ ਜੀ ਦੇ ਕੋਲ ਸ੍ਰੀ ਅੰਮ੍ਰਿਤਸਰ ਆ ਜਾਂਦਾ। ੭।

***ਸਤਿਗੁਰ ਖੁਸ਼ੀ ਥੀ ਖਾਲਸੇ ਭਈ॥*** ਕਿਉਂਕਿ ਖਾਲਸਾ ਪੰਥ ਉੱਤੇ ਬੜੀਆਂ ਖੁਸ਼ੀਆਂ ਸਨ ਸਤਿਗੁਰਾਂ ਦੀਆਂ, ਬੜੀਆਂ ਖੁਸ਼ੀਆਂ ਕੀਤੀਆਂ ਸਨ।

***ਸੋਊ ਮਾਤਾ ਸੁਨ ਸਿੰਘਨ ਦਈ॥*** ਉਹ ਮਾਤਾ ਜੀ ਦਾ ਸੁਣਿਆਂ ਵੇਖਿਆ ਹੋਇਆ ਸੀ, ਸਤਿਗੁਰਾਂ ਦਾ ਕਿੱਡਾ ਪ੍ਰੇਮ ਸੀ ਖਾਲਸਾ ਪੰਥ ਨਾਲ।

***ਸਤਿਗੁਰ ਕਹਯੋ ਥੋ'ਹਮ ਸਿੰਘ ਪਯਾਰੇ॥*** ਕਿਉਂਕਿ ਸਤਿਗੁਰਾਂ ਨੇ ਕਿਹਾ ਸੀ ਮੈਨੂੰ ਸਿੰਘ ਬੜੇ ਹੀ ਪਿਆਰੇ ਨੇ, ਜਿਤਨੇ ਸਿੰਘ ਮੈਨੂੰ ਪਿਆਰੇ ਹਨ, ਇਸ ਤੋਂ ਪਿਆਰੀ ਮੈਨੂੰ ਕੋਈ ਵਸਤੂ ਨਹੀਂ।

***ਪੁਤ੍ਰ ਪੋਤਰੇ ਏਈ ਹਮਾਰੇ' ॥ ੮॥*** ਅੱਗੇ ਖਾਲਸਾ ਪੰਥ ਹੀ ਮੇਰੇ ਪੁੱਤ੍ਰ, ਪੋਤਰੇ ਹਨ, ਸਤਿਗੁਰੂ ਜੀ ਨੇ ਹੁਕਮ ਕੀਤਾ, ਮੇਰਾ ਖਾਲਸਾ ਪੰਥ ਹੀ ਮੇਰਾ ਸਾਹਿਬਜ਼ਾਦਾ ਹੈ, ਏਹੀ ਮੇਰੇ ਘਰ ਦੇ ਸਭ ਕੁਛ ਦਾ ਹੱਕਦਾਰ ਹੈ। ੮।

***ਸ੍ਰੀ ਮੁਖਵਾਕ "ਦਾਨ ਦੀਯੋ ਇਨਹੀ ਕੋ ਭਲੋ ਅਰ ਔਰ ਕੋ ਦਾਨ ਨ ਲਾਗਤ ਨੀਕੋ"॥*** ਸਤਿਗੁਰਾਂ ਨੇ ਆਪਣੇ ਮੁਖਾਰਬਿੰਦ ਤੋਂ ਉਚਾਰਣ ਕੀਤਾ ਹੈ 'ਦਸਮ ਗ੍ਰੰਥ ਸਾਹਿਬ' ਜੀ ਵਿਚ, ਜੇ ਦਾਨ ਕਰਨਾ ਹੈ, ਤਾਂ ਖਾਲਸੇ ਪੰਥ ਨੂੰ ਕਰੋ, ਇਹੀ ਭਲੀ ਗੱਲ ਹੈ ਅਤੇ ਹੋਰ ਕਿਸੇ ਨੂੰ ਦਾਨ ਕੀਤਾ ਲਗਦਾ ਹੀ ਨਹੀਂ ਹੈ, ਹੋਰ ਕਿਸੇ ਨੂੰ ਦਾਨ ਦਿੱਤਾ ਚੰਗਾ ਹੀ ਨਹੀਂ, ਹੋਰ ਕਿਸੇ ਨੂੰ ਫਬਦਾ ਹੀ ਨਹੀਂ ਹੈ।

***ਚੌਪਈ॥ ਪੂਜਾਰਨ ਸਿਰ ਬਡੋ ਪੁਜਾਰੀ॥*** ਪੁਜਾਰੀਆਂ ਦੀ ਪੂਜਾ ਹੁੰਦੀ ਸੀ, ਕਹਿੰਦੇ ਮੇਰਾ ਖਾਲਸਾ ਪੁਜਾਰੀਆਂ ਦੇ ਸਿਰ ਵੱਡਾ ਪੁਜਾਰੀ ਹੈ।

***ਹੁਤੁ ਸਤਿਗੁਰ ਘਰ ਬਡ ਇਤਬਾਰੀ॥*** ਸਤਿਗੁਰਾਂ ਦੇ ਘਰ ਵਿਚ ਇਤਬਾਰ ਯੋਗ ਸਭ ਤੋਂ ਵੱਡਾ, ਮੇਰਾ ਖਾਲਸਾ ਪੰਥ ਹੀ ਹੈ, ਖਾਲਸੇ ਦੇ ਹੱਥ ਵਿਚ ਸਭ ਕਮਾਨ ਦਿੱਤੀ ਹੈ ਸਤਿਗੁਰਾਂ ਨੇ।

***ਅਕਾਲ ਬੁੰਗੇ ਕੇ ਤਖ਼ਤ ਸੁ ਬੈਠੇ॥*** ਅਤੇ ਹੁਕਮ ਕੀਤਾ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਨੂੰ ਖਾਲਸਾ ਪੰਥ ਬੈਠਿਆ ਕਰੇਗਾ,

ਖਾਲਸਾ ਪੰਥ ਨਿਆਂ ਕਰਿਆ ਕਰੇਗਾ।

***ਖ਼ਤਾਦਾਰ ਕੇ ਕੰਨ ਸੁ ਐਠੇ॥ ੯॥*** ਭਾਈ ਮਨੀ ਸਿੰਘ ਜੀ ਸ੍ਰੀ ਅਕਾਲ ਤਖ਼ਤ ਆ ਕੇ ਬੈਠਦੇ ਨੇ, ਜੋ (ਖਤਾਦਾਰ) ਕਸੂਰਵਾਰ ਹੁੰਦਾ ਹੈ, ਉਹਦੇ ਕੰਨ ਖਿੱਚਦੇ ਨੇ, ਕਿਉਂ ਬਈ, ਫੇਰ ਕਰੇਂਗਾ ਮਨਮਤ, ਇਹ ਕਿਉਂ ਕੀਤੀ ਹੈ? ਇਉਂ ਕੰਨ ਖਿਚਦੇ ਹਨ ਉਨ੍ਹਾਂ ਦੇ, ਤਕੜੇ ਕਰਦੇ ਹਨ ਕਿ ਖ਼ਬਰਦਾਰ ਹੋ ਜਾਓ ਜੇ ਸਿੱਖੀ ਵਿਚ ਗਲਤੀ ਕੀਤੀ। ੯।

***ਦੋਹਰਾ॥ ਮਨੀ ਸਿੰਘ ਕਿਛ ਦਿਲ ਅਈ, ਬੀੜ ਗ੍ਰੰਥ ਦਈ ਹਲਾਇ॥*** ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਇਹ ਪੋਥੀਆਂ ਭਾਈ ਮਨੀ ਸਿੰਘ ਜੀ ਨੇ ਬਣਾਈਆਂ ਹਨ, ਬ੍ਰਹਮ ਵਿਦਿਆ ਪੜ੍ਹਨ ਵਾਸਤੇ ਕਿ ਪੋਥੀਆਂ ਵਿਚ ਜਿੰਨੀ ਮਹਿੰਗੀ ਬਾਣੀ ਹੈ, ਪੋਥੀਆਂ ਵਿਚ ਕੀਤੀ ਜਾਏ ਤੇ ਉਹ ਪੋਥੀਆਂ ਪੜ੍ਹ ਕੇ ਗ੍ਰੰਥੀ ਸਿੰਘ ਬਣਿਆਂ ਕਰਨਗੇ, ਭਾਈ ਮਨੀ ਸਿੰਘ ਜੀ ਨੇ ਇਸ ਕਾਰਨ ਕਰਕੇ ਪੋਥੀਆਂ ਬਣਾਈਆਂ ਹੋਰ ਕੋਈ ਕਾਰਨ ਨਹੀਂ ਸੀ, ਦੂਸਰਾ ਇਕ ਹੋਰ ਕਾਰਨ ਸੀ ਕਿ 'ਆਦਿ ਗ੍ਰੰਥ' ਅਤੇ 'ਦਸਮ ਗ੍ਰੰਥ' ਇਨ੍ਹਾਂ ਦੋ ਅਲੱਗ-ਅਲੱਗ ਬੀੜਾਂ ਨੂੰ ਇਕੱਤਰ ਕਰ ਦਿੱਤਾ ਸੀ, ਕਿ ਕਲ੍ਹ ਨੂੰ ਸ਼ੰਕਾਵਾਦੀ ਬਾਣੀ 'ਤੇ ਕਿੰਤੂ ਕਰਨਗੇ ਕਿ ਜੇ ਉਹ ਦੋਵੇਂ ਬੀੜਾਂ ਇੱਕੋ ਹੀ ਕਰ ਦੇਈਏ ਤੇ ਕਿੰਤੂ ਹਟ ਜਾਇਗਾ, ਉਹਨਾਂ ਤੇ ਇਸ ਵਾਸਤੇ ਕੀਤਾ ਸੀ। ਉਹ ਬੀੜ ਜੋ ਰਾਜਾ ਗੁਲਾਬ ਸਿੰਘ ਦਿੱਲੀ ਵਾਲਾ, ਓਸ ਸਰਦਾਰ ਦੇ ਘਰ ਉਹ ਬੀੜ ਪ੍ਰਕਾਸ਼ ਹੈ, ਜਿਸ ਨੇ ਦਰਸ਼ਨ ਕਰਨੇ ਹੋਣ ਓਥੇ ਕਰ ਸਕਦਾ ਹੈ। ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਖੋਹਲਣਾ ਕੀਤੀ, ਜਿਹੜੀ ਪਹਿਲੇ ਪੂਜਾ ਵਿਚ ਸੀ। ਦੂਜਾ ਕਾਰਨ ਇਹ ਸੀ। ਉਨ੍ਹਾਂ ਦੇ ਦਿਲ ਵਿਚ ਆਈ ਕਿ ਆਦਿ ਗ੍ਰੰਥ ਦੀ ਬੀੜ(ਹਿਲਾਇ) ਭਾਵ ਅਲੱਗ-ਅਲੱਗ ਪੋਥੀਆਂ ਵਿਚ ਕਰ ਦੇਈਏ, ਜੋ ਖਾਸ-ਖਾਸ ਬਾਣੀਆਂ ਹਨ।

***ਤਬ ਸਿਖ ਸੰਗਤ ਬਚ ਕਹਯੋ, ਹੋਗੁ ਬੰਦ ਬੰਦ ਤੁਝੈ ਤੁੜਾਇ॥ ੧੦॥*** ਇਹ ਬਚਨ ਸੰਗਤ ਵਿਚ ਚਲਿਆ ਗਿਆ ਕਿ ਭਾਈ ਮਨੀ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਖੋਹਲਣੀ ਕੀਤੀ ਹੈ। ਕਿਸੇ ਗੁਰਸਿੱਖ ਨੇ ਸੰਗਤ ਵਿੱਚੋਂ ਬਚਨ ਕੀਤਾ ਕਿ ਭਾਈ ਮਨੀ ਸਿੰਘ ਨੇ ਬੀੜ ਖੋਹਲੀ ਹੈ, ਜੇ ਇਸ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ-ਅੰਗ ਵੱਖਰਾ ਕੀਤਾ ਹੈ, ਤਾਂ ਇਸ ਦਾ ਵੀ ਬੰਦ-ਬੰਦ ਕੱਟਿਆ ਜਾਏ ਤੇਰੇ ਵੀ ਸਰੀਰ ਦੇ ਜੋੜਾਂ ਨੂੰ ਤੋੜ ਕੇ ਵੱਖਰਾ-ਵੱਖਰਾ ਕੀਤਾ ਜਾਇਗਾ। ੧੦।

***ਚੌਪਈ॥ ਜਿਮ ਗੁਰ ਗ੍ਰੰਥ ਬੰਦ ਬੰਦ ਹਿਲਾਯਾ॥*** ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬੰਦ-ਬੰਦ ਹਿਲਾਇਆ ਹੈ ਨਾ ਭਾਈ ਮਨੀ ਸਿੰਘ ਨੇ।

***ਤਿਮ ਤੁਮ ਬੰਦ ਹੋਗ ਕਟਾਯਾ॥*** ਹੇ ਭਾਈ ਮਨੀ ਸਿੰਘਾ! ਇਵੇਂ ਤੇਰਾ ਵੀ ਬੰਦ-ਬੰਦ ਕੱਟਿਆ ਜਾਇਗਾ।

***ਸਿਖ ਸੰਗਤ ਇਮ ਦੀਨੋ ਸ੍ਰਾਪ॥*** ਸਿੱਖ ਸੰਗਤ ਨੇ ਕਿਸੇ ਗੁਰਦੁਆਰੇ, ਵੇਰਵਾ ਨਹੀਂ ਦਿੱਤਾ ਕਿ ਫਲਾਨੇ ਗੁਰਦੁਆਰੇ ਦੀਵਾਨ ਲਾਇਆ ਜਾਂ ਇਕੱਤਰ ਹੋਈ ਸੰਗਤ, ਕਹਿੰਦੇ ਕਿਸੇ ਗੁਰਦੁਆਰੇ ਵਿਚ ਸੰਗਤ ਇਕੱਤਰ ਹੋਈ, ਓਥੇ ਸੰਗਤ ਨੇ ਇਉਂ ਸ੍ਰਾਪ ਦੇ ਦਿੱਤਾ ਭਾਈ ਮਨੀ ਸਿੰਘ ਜੀ ਨੂੰ।

***ਮਨੀ ਸਿੰਘ ਸੋ ਲਾਗਯੋ ਪਾਪ॥ ੧੧॥*** ਭਾਈ ਮਨੀ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਖੋਹਲਣ ਦਾ ਪਾਪ ਲੱਗ ਗਿਆ, ਸ੍ਰਾਪ ਲੱਗ ਗਿਆ ਸੰਗਤ ਦਾ। ੧੧।

***ਤਬ ਹੀ ਮਨੀ ਸਿੰਘ ਯੌ ਸੁਨ ਲਈ॥*** ਇਹ ਖ਼ਬਰ ਉਡਦੀ-ਉਡਦੀ ਭਾਈ ਮਨੀ ਸਿੰਘ ਕੋਲ ਆ ਗਈ, ਕਿ ਫਲਾਨੇ ਅਸਥਾਨ 'ਤੇ ਸੰਗਤ ਨੇ ਇਕੱਤਰ ਹੋ ਕੇ ਸਾਨੂੰ ਇਹ ਬਚਨ ਕਰ ਦਿੱਤਾ ਹੈ।

***ਸੁਨਤ ਬਚਨ ਤਿਸ ਚਿੰਤਾ ਪਈ॥*** ਕਿਸੇ ਸਿੰਘ ਤੋਂ ਇਹ ਬਚਨ ਸੁਣ ਕੇ ਭਾਈ ਮਨੀ ਸਿੰਘ ਨੂੰ ਚਿੰਤਾ ਹੋ ਗਈ ਹੈ ਕਿ ਇਹ ਕੀ ਹੋਇਆ, ਮੈਂ ਤਾਂ ਚੰਗੇ ਵਾਸਤੇ ਕੀਤਾ ਸੀ ਤੇ ਸਿੱਖਾਂ ਨੇ ਬਚਨ ਕਰ ਦਿੱਤਾ ਕਿ ਮਨੀ ਸਿੰਘ ਦਾ ਬੰਦ-ਬੰਦ ਕੱਟਿਆ ਜਾਏ।

***'ਸੰਗਤ ਬਚਨ ਸੁ ਖਾਲੀ ਨਾਂਹੀ॥*** ਕਹਿੰਦੇ ਸੰਗਤ ਨੇ ਬਚਨ ਕਰ ਦਿੱਤਾ ਹੈ, ਸੰਗਤ ਦਾ ਬਚਨ ਖਾਲੀ ਨਹੀਂ ਜਾਇਗਾ, ਇਹ ਤਾਂ ਜ਼ਰੂਰ ਵਰਤੇਗਾ। ਇਸ ਵਾਸਤੇ ਖਾਲਸਾ ਜੀ, ਬਚਨ ਸੋਚ ਕੇ ਕਰਨਾ ਚਾਹੀਦਾ ਹੈ। ਆਮ ਸਿੱਖ ਸੰਗਤ ਨੂੰ ਆਪ-ਹੁਦਰਾ ਬਚਨ ਨਹੀਂ ਕਰਨਾ ਚਾਹੀਦਾ, ਕਿਉਂਕਿ ਪੰਥ ਦੀ ਬੜੀ ਵੱਡੀ ਗੱਲ ਹੈ, ਪੰਥ ਜਾਣੇ, ਪੰਥ ਆਪ ਦੀ ਵਿਚਾਰ ਕਰਕੇ ਜਿਵੇਂ ਮਰਜ਼ੀ ਕਰੇ, ਸੋ ਆਮ ਸੰਗਤਾਂ ਨੂੰ ਇਸ ਵਾਸਤੇ ਜੋਗ ਨਹੀਂ ਹੁੰਦਾ। ਬਚਨ ਤਾਂ ਸਤਿਗੁਰਾਂ ਦਾ ਹੈ, ਸੰਗਤ ਵਿਚ ਸਤਿਗੁਰੂ ਹਾਜ਼ਰ-ਨਾਜ਼ਰ ਰਹਿੰਦੇ ਹਨ, ਜੇ ਸੰਗਤ ਨੇ ਬਚਨ ਕਰ ਦਿੱਤਾ, ਤਾਂ ਉਹ ਵਾਪਰਨਾ ਹੈ ਤੇ ਸਿੰਘਾਂ ਉੱਤੇ ਭਾਣਾ ਵਰਤ ਜਾਣਾ ਹੈ। ਸੰਗਤ ਇੱਕੀ ਵਿਸਵੇ ਹੈ, ਗੁਰੂ ਵੀਹ ਵਿਸਵੇ ਹੈ। ਸੰਗਤ ਦੇ ਬਚਨ ਨੂੰ ਅੱਜ ਤਾਈਂ ਮੋੜਿਆ ਨਹੀਂ ਸਤਿਗੁਰਾਂ ਨੇ।

***'ਸੱਤਿ ਬਚਨ' ਇਹ ਹਮ ਸਿਰ ਆਹੀ' ॥ ੧੨ ॥*** ਸੰਗਤ ਦਾ ਇਹ ਬਚਨ ਸੱਚਾ ਹੈ, ਇਹ ਮੇਰੇ ਸਿਰ 'ਤੇ ਆਉਣਾ ਹੈ, ਮੈਨੂੰ ਇਹ ਭੁਗਤਣਾ ਪਵੇਗਾ, ਭਾਈ ਮਨੀ ਸਿੰਘ ਨੂੰ ਤਸੱਲੀ ਹੋ ਗਈ। ੧੨।

***ਜੋੜ ਹਾਥ ਕੇ ਸੋ ਤੁਰਤ ਖਲੋਯੋ॥*** ਅੱਗੋਂ ਇਹ ਅਕਾਲ ਤਖ਼ਤ ਜਿਥੇ ਬਚਨ ਪਹੁੰਚਿਆ ਹੈ, ਤਾਂ ਇਥੇ ਜੋ ਸੰਗਤ ਸੀ, ਸਾਰੀ ਸੰਗਤ ਇਕੋ ਰੂਪ ਹੈ। ਇਥੇ ਦੀ ਸੰਗਤ ਅੱਗੇ ਭਾਈ ਮਨੀ ਸਿੰਘ ਜੀ ਹੱਥ ਜੋੜ ਕੇ ਖੜ੍ਹੇ ਹੋ ਗਏ ਹਨ।

***'ਕਰਹੁ ਅਨੁਗ੍ਰਹੁ ਜੁ ਹਮ ਸੇ ਹੋਯੋ' ॥*** ਹੇ ਖਾਲਸਾ ਜੀ। ਕਿਰਪਾ ਕਰੋ ਮੇਰੇ 'ਤੇ, ਜੋ ਮੈਥੋਂ ਇਹ ਅਪਰਾਧ ਹੋ ਗਿਆ ਹੈ, ਜੋ ਮੈਂ ਕਰ ਬੈਠਾ ਹਾਂ, ਕਿਰਪਾ ਕਰਕੇ ਮੈਨੂੰ ਬਖ਼ਸ਼ੋ ਜੀ!

***ਗੁਰ ਸੰਗਤਿ ਸੰਗਤ ਗੁਰ ਆਹੀ॥*** ਕਿਉਂਕਿ ਗੁਰੂ ਕੀ ਸੰਗਤ ਗੁਰੂ ਰੂਪ ਹੈ, ਗੁਰੂ ਸੰਗਤ ਰੂਪ ਹੈ, ਇਸ ਵਾਸਤੇ ਗੁਰੂ ਤੇ ਸੰਗਤ ਵਿਚ ਫਰਕ ਕੋਈ ਨਹੀਂ ਹੈ ਖਾਲਸਾ ਜੀ!

***ਗੁਰ ਸੰਗਤ ਮੈਂ ਭੇਦ ਕਛ ਨਾਹੀ॥ ੧੩ ॥*** ਗੁਰੂ ਤੇ ਸੰਗਤ ਵਿਚ ਕੋਈ ਭੇਦ ਨਹੀਂ ਹੈ, ਕੋਈ ਭਿੰਨ-ਭੇਦ ਰੱਖਿਆ ਨਹੀਂ ਗੁਰੂ ਮਹਾਰਾਜ ਜੀ ਨੇ, ਆਪਣਾ ਹੀ ਸਰੂਪ ਬਖਸ਼ਿਆ ਹੈ। ੧੩।

***ਸੰਗਤ ਬਚਨ ਹਮਹਿ ਸਿਰ ਧਰਯੋ॥*** ਸੰਗਤ ਨੇ ਜੋ ਬਚਨ ਕਰ ਦਿੱਤਾ ਹੈ, ਮੈਂ ਸਿਰ ਮੱਥੇ 'ਤੇ ਪ੍ਰਵਾਣ ਕਰਦਾ ਹਾਂ, ਇਉਂ ਭਾਈ ਮਨੀ ਸਿੰਘ ਜੀ ਖੜ੍ਹੇ ਹੋ ਗਏ ਨੇ ਸ੍ਰੀ ਅਕਾਲ ਤਖ਼ਤ।

***ਸੋ ਮੈਂ ਚਹੀਯੇ ਅਬ ਬਰ ਕਰਯੋ॥*** ਖਾਲਸਾ ਜੀ! ਮੇਰਾ ਹੁਣ ਫਰਜ਼ ਬਣਦਾ ਹੈ ਕਿ ਸੰਗਤ ਦਾ ਜੋ ਮੈਨੂੰ ਬਚਨ ਹੋ ਗਿਆ ਹੈ, ਉਸ ਨੂੰ ਪੂਰਾ ਕਰਾਂ ਅਤੇ ਆਪਣੇ ਸੁਆਸਾਂ ਨਾਲ ਨਿਭਾਵਾਂ।

***ਮੇਰੀ ਸਿੱਖੀ ਸਾਬਤ ਰਹੈ॥*** ਇਹ ਅਰਦਾਸ ਕਰੋ ਖਾਲਸਾ ਜੀ! ਮੇਰੀ ਸਿੱਖੀ ਨੂੰ ਨਾ ਦਾਗ਼ ਲੱਗ ਜਾਵੇ, ਮੇਰੀ ਸਿੱਖੀ ਸਾਬਤ ਰਹਿ ਜਾਵੇ, ਮੈਂ ਸਿੱਖੀ ਵਿਚ ਪੂਰਾ ਉਤਰਾਂ।

***ਬੰਦ ਬੰਦ ਕਾਟਤ ਨਹਿੰ ਦੁਖ ਅਹੈ॥ ੧੪ ॥*** ਇਹ ਵੀ ਮੇਰੀ ਅਰਦਾਸ ਕਰ ਦਿਉ। ਮੇਰੇ ਜਦੋਂ ਬੰਦ-ਬੰਦ ਕੱਟਣਗੇ ਨਾ ਦੁਸ਼ਟ, ਮੈਨੂੰ ਦੁੱਖ ਨਾ ਲੱਗੇ, ਮੈਨੂੰ ਤਕਲੀਫ਼ ਹੀ ਨਾ ਹੋਵੇ, ਪਤਾ ਹੀ ਨਾ ਲੱਗੇ, ਅਰਦਾਸ ਕਰੋ ਮੇਰੀ। ੧੪।

***ਸਿੱਖੀ ਮੈਂ ਕਿਛੁ ਭੰਗ ਨ ਪਵੈ॥*** ਤੇ ਕਾਰਨ ਇਹੋ ਹੀ ਹੈ ਕਿ ਮੈਨੂੰ ਦੁੱਖ ਹੋਇਆ ਤਕਲੀਫ਼ ਹੋਈ, ਮੈਂ ਹਾਇ ਹੂ ਕੀਤੀ, ਤਾਂ ਇਹ ਫਿਰ ਸਿੱਖੀ ਮੇਰੀ ਨੂੰ ਦਾਗ਼ ਲੱਗੇਗਾ। ਸਿੱਖੀ ਵਿਚ ਨਾ ਕੋਈ (ਭੰਗ) ਭੰਗਣਾ ਪਵੇ, ਮੇਰੇ ਬੇਸ਼ਕ ਬੰਦ-ਬੰਦ ਹੋ ਜਾਣ, ਅਰਦਾਸ ਕਰੋ, ਮੇਰੀ ਸਤਿਗੁਰੂ ਸਹਾਇਤਾ ਕਰਨ, ਮੈਂ ਸਿੱਖੀ ਵਿਚ ਪੂਰਨ ਉਤਰਾਂ।

***ਦੇਹ ਸੀਸ ਤੁਰਕਨ ਸਿਰ ਭਵੈ॥*** ਮੇਰਾ ਸਰੀਰ ਤੇ ਮੇਰਾ ਸਿਰ ਤੁਰਕਾਂ ਸਿਰ ਲੱਗੇ, ਤੁਰਕਾਂ ਦੇ ਜ਼ਿੰਮੇ ਪੈ ਜਾਵਾਂ ਮੈਂ।

***ਦੇਹ ਕਟਨ ਮੈਂ ਦੂਖ ਨ ਮਾਨੋਂ॥*** ਮੇਰਾ ਸਰੀਰ ਕੱਟਣ ਵੇਲੇ ਮੈਂ ਦੁਖ ਨਾ ਮੰਨਾਂ, ਮੈਨੂੰ ਕੋਈ ਤਕਲੀਫ ਨਾ ਹੋਵੇ।

***ਸਿਖੀ ਰਹੈ ਮੈਂ ਵਡ ਸੁਖ ਜਾਨੋ॥ ੧੫ ॥*** ਤਾਂ ਇਹ ਮੈਨੂੰ ਵੱਡਾ ਸੁਖ ਹੋਵੇਗਾ, ਜੇ ਮੇਰੀ ਸਿੱਖੀ ਸਾਬਤ ਰਹੇ, ਸਿੱਖੀ ਤੋਂ ਨਾ ਮੈਂ ਡੋਲਾਂ ਕਦੇ ਵੀ। ੧੫।

***ਦੋਹਰਾ॥ ਦੇਹੀ ਕਿਸ ਕੀ ਬਾਪਰੀ ਸਿੱਖੀ ਜਿ ਸਾਬਤ ਹੋਇ॥*** ਭਾਈ ਮਨੀ ਸਿੰਘ ਜੀ ਦੇਹੀ ਕਿਹਦੀ(ਬਾਪਰੀ) ਵਿਚਾਰੀ ਹੈ? ਦੇਹ ਤੋਂ ਕੀ ਲੈਣਾ ਹੈ ਆਪਾਂ? ਜੇ ਸਿੱਖੀ ਮੇਰੀ ਸਾਬਤ ਰਹਿ ਜਾਵੇ, ਦੇਹ ਦੀ ਨਹੀਂ ਲੋੜ ਕੋਈ ਵੀ, ਦੇਹ ਦਾ ਬੇਸ਼ੱਕ ਬੰਦ-ਬੰਦ ਹੋ ਜਾਵੇ, ਅੰਗ-ਅੰਗ ਖੋਲ੍ਹਿਆ ਜਾਏ ਬੇਸ਼ੱਕ।

***ਦੇਹ ਤੋ ਆਵਣ ਜਾਨ ਹੈ, ਸਿੱਖੀ ਲਭੈ ਕਬ ਕੋਇ॥ ੧੬॥*** ਅੱਜ-ਕਲ੍ਹ ਝੱਟ ਸਿੱਖੀ ਛੱਡ ਕੇ ਪਰ੍ਹੇ ਹੋ ਜਾਂਦੇ ਨੇ, ਕਹਿੰਦੇ ਦੇਹ ਤਾਂ ਆਵਣ ਜਾਣ ਹੈ, ਇਹ ਮੁੱਕ ਗਈ ਤਾਂ ਹੋਰ ਮਿਲ ਜਾਣੀ ਹੈ ਤੇ ਸਿੱਖੀ ਕਿਥੋਂ ਲੱਭੇਗੀ? ਜੇ ਸਿੱਖੀ ਵਿਚ ਭੰਗ ਪੈ ਗਈ, ਇਹ ਜੇ ਦਾਗੀ ਹੋ ਗਈ ਬਸ ਫਿਰ ਸਿੱਖੀ ਨਹੀਂ ਲੱਭੇਗੀ। ੧੬।

***ਚੌਪਈ॥ ਤਬ ਸਿੱਖਨ ਸੋਊ ਮੰਨ ਲਈ ॥*** ਤਾਂ ਗੁਰਸਿੱਖਾਂ ਨੇ ਭਾਈ ਮਨੀ ਸਿੰਘ ਦਾ ਬਚਨ ਪ੍ਰਵਾਣ ਕਰ ਲਿਆ ਹੈ, ਕਿਉਂਕਿ ਬੇਨਤੀਆਂ ਕਰਦਾ ਹੈ, ਮੇਰੀ ਅਰਦਾਸ ਕਰੋ, ਮੇਰਾ ਸਿੱਖੀ ਸਿਦਕ ਨਿਭ ਜਾਵੇ।

***ਸਿਖਨ ਪੰਜਨ ਆਗਯਾ ਕਈ॥*** ਖਾਲਸੇ ਪੰਥ ਨੇ ਪੰਜ ਸਿੱਖਾਂ ਨੂੰ ਆਗਿਆ ਕਰ ਦਿੱਤੀ, ਇਹ ਹੁਕਮਨਾਮੇ ਵਿਚ ਆਇਆ ਹੈ, "ਪੰਜ ਸਿੱਖਨ ਤੇ ਅਰਦਾਸ ਕਰਾਵੈ, ਜੋ ਬਰ ਮਾਂਗੈ ਸੋ ਬਰ ਪਾਵੈ", ਪੰਜਾਂ ਸਿੰਘਾਂ ਨੂੰ ਹੁਕਮ ਹੋ ਗਿਆ ਹੈ ਸੰਗਤ ਵੱਲੋਂ ਕਿ ਪੰਜ ਸਿੱਖ ਉੱਠ ਕੇ ਅਰਦਾਸ ਕਰੋ ਭਾਈ ਮਨੀ ਸਿੰਘ ਦੀ।

***'ਸਿੱਖੀ ਸਾਬਤ ਸਿੱਖ ਕੀ ਰਹੈ'॥*** ਇਸ ਗੁਰਸਿੱਖ ਦੀ ਸਿੱਖੀ ਸਾਬਤ ਰਹੇ, ਸਿੱਖੀ ਤੋਂ ਨਾ ਡੋਲੇ।

***ਕਰ ਅਰਦਾਸ ਸਿਖਨ ਦੀਓ ਕਹੈ॥ ੧੭॥*** ਇਹ ਅਰਦਾਸ ਕਰਕੇ ਸਿੱਖਾਂ ਨੇ ਵਿਚ ਕਹਿ ਦਿੱਤਾ ਹੈ, 'ਹੇ ਸਤਿਗੁਰੂ ਤੁਹਾਡੇ ਗੁਰਸਿੱਖ ਦੀ ਸਿੱਖੀ ਸਾਬਤ ਰਹੇ, ਨਿਭ ਜਾਵੇ, ਇਸ ਦੇ ਸੁਆਸਾਂ ਨਾਲ। ੧੭।

***ਦੋਹਰਾ॥ ਯੌ ਸਿੱਖਨ ਦਈ ਅਰਦਾਸ ਕਰ ਤਊ ਭਏ ਕੰਮ ਸਿਖ ਰਾਸ॥*** ਜਦੋਂ ਗੁਰਸਿੱਖਾਂ ਨੇ ਇਉਂ ਅਰਦਾਸ ਕਰ ਦਿੱਤੀ, ਤਾਂ ਗੁਰਸਿੱਖ ਦੇ ਸਾਰੇ ਕੰਮ ਰਾਸ ਹੋ ਗਏ, ਸਾਰੇ ਕਾਰਜ਼ ਫੜ੍ਹੇ ਹੋ ਗਏ।

***ਤੌ ਫਿਰ ਮਨ ਮਨੀ ਸਿੰਘ ਕੇ ਵੈਸੋ ਭਯੋ ਹੁਲਾਸ॥ ੧੮॥*** ਜਿਵੇਂ ਪਹਿਲੇ ਚਾਉ ਹੁੰਦਾ ਸੀ, ਲਾਲੀਆਂ ਭੱਖਦੀਆਂ, ਕਹਿੰਦੇ ਹਨ ਅਰਦਾਸ ਹੋਣ ਦੀ ਦੇਰ ਸੀ, ਭਾਈ ਮਨੀ ਜੀ ਦਾ ਦਗ-ਦਗ ਚਿਹਰਾ ਕਰਨ ਲੱਗ ਗਿਆ ਹੈ, ਓਸੇ ਤਰ੍ਹਾਂ ਦਾ (ਹੁਲਾਸ) ਖੁਸ਼ੀਆਂ ਮਨ ਵਿਚ ਵਾਪਰ ਗਈਆਂ ਹਨ। ੧੮।

***ਕਈ ਬਰਸ ਬੀਤ ਭਏ ਸਮੌਂ ਪਹੁੰਚਿਓ ਆਇ॥*** ਇਸ ਤਰ੍ਹਾਂ ਕਈ ਸਾਲ ਲੰਘ ਗਏ, ਏਸੇ ਤਰ੍ਹਾਂ ਹੀ ਨਿਰਬਾਹ ਕਰਦੇ ਰਹੇ, ਸੰਗਤ ਦਾ ਬਚਨ ਪੂਰਾ ਹੋਣ ਦਾ ਹੁਣ ਸਮਾਂ ਆ ਪਹੁੰਚਿਆ ਹੈ, ਭਾਈ ਮਨੀ ਸਿੰਘ ਦਾ ਸਮਾਂ ਨੇੜੇ ਆ ਗਿਆ।

***ਮੇਲਾ ਦੁਆਲੀ ਕੋ ਲਗਯੋ, ਤੁਰਕਨ ਤੇ ਅਖਵਾਇ॥ ੧੯॥*** ਭਾਈ ਮਨੀ ਸਿੰਘ ਨੇ ਤੁਰਕਾਂ ਨਾਲ ਬਚਨ ਕਰ ਲਿਆ ਕਿ ਅਸੀਂ ਮੇਲਾ ਲਗਾਉਣਾ ਹੈ ਦੀਵਾਲੀ ਦਾ, ਤੁਹਾਡਾ ਜਿਹੜਾ ਮੇਲੇ ਦਾ ਖ਼ਰਚ ਆਵੇਗਾ ਇੰਤਜ਼ਾਮ ਦਾ, ਕਿਉਂਕਿ ਉਹ ਇੰਤਜ਼ਾਮ ਦਾ ਖ਼ਰਚ ਲੈਂਦੇ ਸੀ, ਕਿ ਸਾਡੀ ਜ਼ਿੰਮੇਵਾਰੀ ਹੋਈ, ਜਿਥੋਂ ਮਰਜ਼ੀ ਸੰਗਤ ਆਵੇ, ਅਸੀਂ ਰਾਖੀ ਕਰਾਂਗੇ, ਉਹ ਸਭ ਥਾਨਿਆਂ ਨੂੰ ਥਾਣੇਦਾਰਾਂ ਨੂੰ ਹੁਕਮ ਭੇਜ ਦਿੰਦੇ ਸਨ ਤੁਰਕ ਕਿ ਸੰਗਤ ਨੂੰ ਕੋਈ ਛੇੜੇ ਨਾ, ਸੰਗਤ ਨੂੰ ਏਥੇ ਪਹੁੰਚਾਉਣਾ ਹੈ ਤੁਸਾਂ, ਅਤੇ ਜਦੋਂ ਜੋੜ ਮੇਲਾ ਫੜ੍ਹੇ ਹੋ ਜਾਵੇ ਏਥੇ, ਸੰਗਤ ਨੂੰ ਵਾਪਸ ਘਰਾਂ ਨੂੰ ਪਹੁੰਚਦੀ ਕਰਨੀ ਹੈ, ਇਉਂ ਜ਼ਿੰਮੇਵਾਰੀ ਸਰਕਾਰ ਦੀ ਹੋ ਜਾਂਦੀ ਸੀ, ਉਸਦਾ ਖ਼ਰਚਾ ਲੈਂਦੇ ਸਨ। ਸੋ ਇਸ ਤਰ੍ਹਾਂ ਭਾਈ ਮਨੀ ਸਿੰਘ ਨੇ, ਤੁਰਕਾਂ ਤੋਂ ਮਨਜ਼ੂਰੀ ਲੈ ਕੇ, ਦਿਵਾਲੀ ਦਾ ਮੇਲਾ ਲਗਵਾ ਲਿਆ। ੧੯।

***ਚੌਪਈ॥ ਦੁਆਲੀ ਕੋ ਥੋ ਮੇਲਾ ਲਾਯਾ॥*** ਦਿਵਾਲੀ ਦਾ ਮੇਲਾ ਲਾਇਆ।

***ਤੁਰਕਨ ਨੇ ਥੋ ਟਕਾ ਚੁਕਾਯਾ॥*** ਤੁਰਕਾਂ ਨੇ ਟਕੇ ਲੈਣੇ ਚੁੱਕਤ ਕਰ ਲਏ ਕਿ ਅਸੀਂ ਤੁਹਾਡੇ ਕੋਲੋਂ ਐਨੇ ਪੈਸੇ ਲੈ ਲੈਣੇ ਹਨ, ਤੁਹਾਨੂੰ ਕੁਛ ਬਚੇ ਜਾਂ ਨਾ ਬਚੇ।

***ਦਸ ਹਜ਼ਾਰ ਰੁੱਪਯਾ ਠਹਿਰਾਯਾ॥*** ਦਸ ਹਜ਼ਾਰ ਰੁਪਿਆ ਲੈਣਾ ਠਹਿਰਾ ਲਿਆ ਮੇਲੇ ਦਾ।

***ਟਕਨ ਖਾਤਰ ਤਿਨ ਦਰੋਗਾ ਬਹਾਯਾ॥ ੨੦॥*** ਉਨ੍ਹਾਂ ਉਹ (ਟਕੇ) ਪੈਸੇ ਲੈਣ ਵਾਸਤੇ ਦਸ ਹਜ਼ਾਰ ਰੁਪਿਆ, ਓਥੇ ਪੁਲੀਸ ਦਾ ਦਰੋਗਾ ਬਿਠਾ ਦਿੱਤਾ ਹੈ। ੨੦।

***ਨਬਾਬ ਕਹਯੋ 'ਤੁਮ ਮਤ ਚਿਤ ਡਰੋ॥*** ਲਹੌਰ ਦਾ ਨਬਾਬ ਕਹਿਣ ਲੱਗਾ ਭਾਈ ਮਨੀ ਸਿੰਘ ਨੂੰ ਕਿ ਤੁਸੀਂ ਚਿੱਤ ਵਿਚ ਡਰੋ ਨਾ।

***ਦਸ ਦਿਨ ਮੇਲਾ ਅਬ ਤੁਮ ਭਰੋ'॥*** ਕਹਿੰਦੇ ਤੁਸੀਂ ਮੇਲਾ ਭਰ ਲਵੋ, ਬੇਸ਼ੱਕ ਲਾਓ ਮੇਲਾ, ਕੋਈ ਭੈ ਨਾ ਰੱਖਿਓ, ਸਾਡੇ ਵੱਲੋਂ ਕੋਈ ਛੇੜ-ਛਾੜ ਨਹੀਂ ਹੋਵੇਗੀ, ਅਸੀਂ ਦਸ ਦਿਨ ਰਾਖੀ ਕਰਾਂਗੇ ਸੰਗਤ ਦੀ, ਸੰਗਤ ਆਵੇ ਜਾਵੇ ਮੌਜ ਨਾਲ ਮੇਲਾ ਲਾਵੇ, ਕੋਈ ਡਰ ਨਾ ਕਰੋ।

***ਸਭੀ ਖਾਲਸੇ ਚਿਠੇ ਫਿਰਾਏ॥*** ਖਾਲਸੇ ਪੰਥ ਨੇ (ਚਿੱਠੇ), ਜਿਵੇਂ ਆਪਾਂ ਇਸ਼ਤਿਹਾਰ ਛਾਪ ਦਿੰਦੇ ਹਾਂ, ਇਸੇ ਤਰ੍ਹਾਂ ਖਾਲਸੇ ਨੇ ਚਿੱਠੀਆਂ ਲਿਖ-ਲਿਖ ਕੇ ਭੇਜੀਆਂ ਹਨ ਦੂਰ-ਦੂਰ ਕਿ ਦੀਪਮਾਲਾ ਦਾ ਮੇਲਾ ਐਤਕੀਂ ਫੇਰ ਲੱਗੇਗਾ, ਸਭ ਸੰਗਤ ਆਓ ਦਰਸ਼ਨ-ਪਰਸਨ ਕਰੋ।

***ਆਇ ਅੰਮ੍ਰਿਤਸਰ ਡੇਰੇ ਲਾਏ॥ ੨੧॥*** ਜਿਥੇ-ਜਿਥੇ ਹੁਕਮਨਾਮੇ ਪਹੁੰਚੇ, ਸਭ ਖਾਲਸੇ ਨੇ ਸ੍ਰੀ ਅੰਮ੍ਰਿਤਸਰ ਆ ਕੇ ਡੇਰੇ ਲਾ ਲਏ ਹਨ, ਅਕਾਲ ਤਖ਼ਤ ਦੇ ਚਾਰ-ਚੁਫੇਰੇ ਖਾਲਸਾ ਉੱਤਰਿਆ ਹੈ ਜਥਿਆਂ ਵਿਚ। ੨੧।

***ਤਬ ਨਿਬਾਬ ਕੰਨ ਲੱਖੂ ਪਾਈ॥*** (ਲਖੂ) ਲਖਪਤ ਰਾਇ ਇਸ ਦਾ ਨਾਮ ਸੀ, ਪਰ ਸਿੰਘ ਇਸ ਨੂੰ ਲੱਖੂ ਹੀ ਕਹਿੰਦੇ ਸਨ, ਇਹ ਹਿੰਦੂ ਖਤ੍ਰੀ ਸੀ, ਤਦੋਂ ਇਸ ਨੇ ਨਵਾਬ ਲਹੌਰ ਦੇ ਕੰਨ ਵਿਚ ਇਹ ਗੱਲ ਪਾਈ ਹੈ, ਇਹ ਦੀਵਾਨ ਸੀ ਲਹੌਰ ਵਿਚ। ਇਸ ਨੇ ਚੁਗਲੀ ਕੀਤੀ ਹੈ, ਕਹਿੰਦਾ ਦੇਖੋ ਖ਼ਾਨ ਸਾਹਿਬ! ਸਿੰਘ ਏਥੇ ਏਨੇ ਇਕੱਤਰ ਹੋ ਗਏ ਹਨ, ਇਹ ਜਾਂਦਿਆਂ ਹੀ ਸ਼ਹਿਰ ਲੁੱਟ ਕੇ ਲੈ ਜਾਣਗੇ ਜਾਂ ਕਿਸੇ ਆਪਣੇ ਮੁਖੀਏ ਨੂੰ ਉੱਥ ਮਾਰ ਦੇਣਗੇ। ਇਹਨਾਂ ਦੇ ਵਾਸਤੇ ਕੋਈ ਇੰਤਜਾਮ ਚਾਹੀਦਾ ਹੈ। ਨਵਾਬ ਨੇ ਇਹਦੀ ਚੁਗਲੀ ਸੁਣ ਲਈ।

***'ਸਿੰਘ ਜਾਤ ਫਿਰ ਕਰੈਂ ਦੰਗਾਈ'॥*** ਉਹਨੇ ਆਖਿਆ, 'ਸਿੰਘਾਂ ਨੇ ਜਾਣਾ ਹੈ, ਜਾਂਦਿਆਂ ਜ਼ਰੂਰ ਇਹਨਾਂ ਨੇ ਦੰਗਾ ਕਰਨਾ ਹੈ, ਇਹ ਕਿਸੇ ਨੂੰ ਮਾਰ ਕੇ ਜਾਣਗੇ, ਸੁਖ ਨਾਲ ਨਹੀਂ ਜਾਣਾ ਇਹਨਾਂ ਨੇ, ਇਉਂ ਲੱਖੂ ਨੇ ਚੁਗਲੀਆਂ ਕੀਤੀਆਂ।

***ਤਬ ਨਬਾਬ ਨੇ ਫੌਜ ਚੜ੍ਹਾਈ॥*** ਤਦੋਂ ਨਵਾਬ ਲਹੌਰੀ ਨੇ ਫ਼ੌਜ ਚੜ੍ਹਾ ਕੇ ਭੇਜ ਦਿੱਤੀ।

***ਦਿਵਾਨ ਲੱਖੂ ਕੇ ਗੈਲੇ ਲਾਈ॥ ੨੨॥*** ਫ਼ੌਜ ਨੂੰ ਲੱਖੂ ਦੀਵਾਨ ਦੇ ਪਿੱਛੇ ਲਾ ਦਿੱਤਾ ਹੈ, ਫ਼ੌਜਦਾਰਾਂ ਨੂੰ ਕਿਹਾ, ਇਸ ਦੇ ਨਾਲ ਜਾਓ, ਜਿਵੇਂ ਕਹਿੰਦਾ ਹੈ ਓਵੇਂ ਕਰੋ। ੨੨।

***ਤਬ ਲੱਖੂ ਕੋ ਖਾਂ ਨੇ ਕਹਯੋ॥*** ਖਾਨ ਬਹਾਦਰ ਨਵਾਬ ਨੇ ਫੇਰ ਲੱਖੂ ਨੂੰ ਆਖਿਆ।

***'ਰਾਮ ਤੀਰਥ ਜਾਇ ਡੇਰਾ ਲਹਯੋ॥*** ਤੂੰ ਹੁਣ ਸਿੱਧਾ ਨਾ ਅੰਮ੍ਰਿਤਸਰ ਚਲਿਆ ਜਾਈਂ, ਤੂੰ ਰਾਮ ਤੀਰਥ ਜਾ ਕੇ ਫ਼ੌਜ ਦਾ ਡੇਰਾ ਕਰਨਾ।

***ਬਿਨ ਉਨ ਛੇੜਨ ਸਿੰਘਨ ਛਿੜਯੋ॥*** ਜੇ ਉਹਨਾਂ ਕੋਈ ਛੇੜ-ਛਾੜ ਨਾ ਕੀਤੀ, ਤਾਂ ਸਿੰਘਾਂ ਨੂੰ ਨਾ ਛੇੜ ਬੈਠੀ ਤੂੰ, ਇਹਨਾਂ ਨੂੰ ਮੇਲਾ ਲਾ ਕੇ ਤੁਰ ਜਾਣ ਦੇਈਂ ਆਪਣੇ ਆਪ।

***ਫੌਜ ਪੜੀ ਤੇ ਰਹੂਗੁ ਦਬਯੋ॥ ੨੩॥*** ਕਹਿੰਦਾ ਏਥੇ ਫ਼ੌਜ ਉੱਤਰੀ ਨੂੰ ਵੇਖ ਕੇ ਦਬੇ ਰਹਿਣਗੇ ਸਿੰਘ, ਹੱਲਾ-ਗੁੱਲਾ ਨਹੀਂ ਕਰਨਗੇ ਕੋਈ। ੨੩।

***ਕਰੂਗੁ ਨ ਕੋਊ ਤੱਦੀ ਵਾਇ'॥*** ਇਸ ਵਾਸਤੇ ਕਿਸੇ ਨੂੰ ਤੱਦੀ ਨਹੀਂ ਕਰੇਗਾ, ਕੋਈ ਤੰਗੀ ਨਹੀਂ ਕਰੇਗਾ।

***ਇਮ ਕਰ ਦਯੋ ਲੱਖੂ ਸਮਝਾਇ॥*** ਇਹ ਲੱਖੂ ਨੂੰ ਸਮਝਾਇਆ ਤਾਂ ਬਥੇਰਾ ਸੀ ਨਵਾਬ ਨੇ, ਪਰ ਉਸ ਦੇ ਮਨ ਵਿਚ ਖੋਟ ਵਸੀ ਹੋਈ ਸੀ। ਖਾਲਸਾ ਆ ਤਾਂ ਗਿਆ ਹੀ ਹੈ, ਮੈਂ ਕੋਈ ਚਾਰਾ ਕਰਕੇ ਇਹਨਾਂ ਨੂੰ ਮਾਰਾਂ।

***ਹੋਣਹਾਰ ਸਗਵਾਂ ਬਨੀ ਆਇ॥*** ਸੋ ਕੁਦਰਤ ਜਿਹੜੀ ਹੈ, ਹੋਣਹਾਰ ਹੋਣੀ ਹੋਵੇ, ਉਹ ਫ਼ੌਜ ਦੇ ਜਾਣ 'ਤੇ ਸਗੋਂ ਇਹ ਗੱਲ ਪੱਕੀ ਹੋ ਗਈ, ਓਧਰ ਉਸ ਨੂੰ ਸ਼ੱਕ ਹੋ ਗਿਆ ਉਨ੍ਹਾਂ ਦੇ ਮਨਾ ਵਿਚ।

***ਕੌਣ ਸਕੇ ਪੰਥ ਬਚਨ ਟਲਾਇ॥ ੨੪॥*** ਪੰਥ ਵੱਲੋਂ ਹੋਏ ਬਚਨ ਨੂੰ ਕੋਣ ਟਾਲ ਸਕਦਾ ਹੈ, ਜੋ ਖਾਲਸੇ ਦਾ ਬਚਨ ਹੋਇਆ ਹੈ, ਭਾਈ ਮਨੀ ਸਿੰਘ ਨਾਲ ਉਹ ਜ਼ਰੂਰ ਵਾਪਰੇਗਾ। ੨੪।

***ਦੋਹਰਾ॥ ਦੁਵੱਲੋਂ ਫੌਜੈਂ ਜਬ ਜੁੜੈਂ ਸੁਖ ਕਹਾ ਤਬ ਹੋਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਦੋਵੇਂ ਪਾਸਿਆਂ ਆਹਮੋ ਸਾਹਮਣੇ ਹੋ ਜਾਣ ਫ਼ੌਜਾਂ ਨੇੜੇ ਉੱਤਰ ਪੈਣ ਆ ਕੇ, ਤਾਂ ਉਥੇ ਸੁਖ ਕਿਥੋਂ ਹੋਇ, ਕਈਆਂ ਦੇ ਦਿਮਾਗ਼ ਹੀ ਇਹੋ ਜਿਹੇ ਹੁੰਦੇ ਹਨ, ਉਨ੍ਹਾਂ ਨੇ ਕੋਈ ਨਾ ਕੋਈ ਛੇੜ-ਛਾੜ ਜ਼ਰੂਰ ਕਰਨੀ ਹੁੰਦੀ ਹੈ।

***ਸਮੋਂ ਮਨੀ ਸਿੰਘ ਆ ਪੁੱਜੋ ਖਾਨ ਅਕਲ ਦਈ ਖੋਇ॥ ੨੫॥*** ਓਧਰ ਸਮਾਂ ਨੇੜੇ ਆ ਗਿਆ ਭਾਈ ਮਨੀ ਸਿੰਘ ਦਾ, ਇਸ ਕਰਕੇ ਖ਼ਾਨ ਦੀ ਅਕਲ ਖੋ ਦਿੱਤੀ ਹੈ ਰੱਬ ਨੇ। ਅਕਲ 'ਤੇ ਪਰਦਾ ਪੈ ਗਿਆ, ਇਹਨਾਂ ਸੋਚਿਆ ਕਿ ਮੈਂ ਫ਼ੌਜ ਕਿਉਂ ਭੇਜਦਾ ਹਾਂ, ਫ਼ੌਜ ਨੇੜੇ ਗਈ, ਤਾਂ ਉਹਨਾਂ ਨੂੰ ਫ਼ਿਕਰ ਹੋ ਜਾਇਗਾ, ਉਨ੍ਹਾਂ ਦੇ ਸ਼ੱਕ ਹੋ ਜਾਇਗਾ ਮਨ ਦੇ ਵਿਚ। ੨੫।

***ਚੌਪਈ॥ ਨਿਬਾਬ ਅਕਲ ਯੌਂ ਗਈ ਵਿਕਾਈ॥*** ਨਵਾਬ ਦੀ ਅਕਲ ਤਾਂ ਇਉਂ ਵਿਕ ਗਈ।

***ਬਰੂਦ ਅਗਨ ਸੋਂ ਚਹੈ ਮਿਲਾਈ॥*** ਅੱਗ ਤੇ ਬਰੂਦ ਦਾ ਮੇਲ ਨਹੀਂ ਹੈ, "ਤੁਰਕ ਸਿੰਘ ਕਾ ਐਸਾ ਮੇਲ॥ ਬਰੂਦ ਅਗਨ ਕੀ ਜੈਸੀ ਖੇਲਾ"॥ ਬਰੂਦ ਦੇ ਨੇੜੇ ਅੱਗ ਗਈ ਤਾਂ ਧਮਾਕਾ ਹੋਣਾ ਹੀ ਹੈ ਬਰੂਦ ਦੇ ਨਾਲ ਅੱਗ ਨੂੰ ਮਿਲਾਉਣਾ ਚਾਹੁੰਦਾ ਹੈ। ਖਾਲਸੇ ਪੰਥ ਦੇ ਨੇੜੇ ਤੁਰਕਾਂ ਦੀ ਫ਼ੌਜ ਨੂੰ ਲਿਆਉਣਾ ਚਾਹੁੰਦਾ ਹੈ, ਓਥੇ ਤਾਂ ਜਰੂਰ ਹੀ ਫਿਰ ਸੁਖ ਨਹੀਂ ਰਹਿਣੀ, ਉਥੇ ਤਾਂ ਜਰੂਰ ਹੀ ਫੇਰ ਭਾਣਾ ਵਰਤ ਜਾਣਾ ਹੈ।'

***ਸ਼ਾਹਿ ਦੋਇ ਔ ਮਸਤ ਸਿੰਘ ਦੋਇ॥*** ਪ੍ਰਮਾਣ ਦਿੰਦੇ ਕਿ ਦੋ ਬਾਦਸ਼ਾਹ ਨਹੀਂ ਇਕ ਥਾਂ ਰਹਿ ਸਕਦੇ, ਦੋ ਸ਼ੇਰ ਮਸਤ ਹੋਣ, ਇਕ ਜੰਗਲ ਵਿਚ ਦੋ ਸ਼ੇਰ ਨਹੀਂ ਰਹਿ ਸਕਦੇ, ਦੋ ਹਾਥੀ ਮਸਤ ਨਹੀਂ ਰਹਿ ਸਕਦੇ, ਉਹ ਲੜ ਪੈਂਦੇ ਹਨ। ਇਸ ਵਾਸਤੇ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜਿਥੇ ਦੋ ਫ਼ੌਜਾਂ ਇਕੱਠੀਆਂ ਹੋ ਜਾਣ ਉਥੇ ਨਹੀਂ ਸੁਖ ਰਹਿੰਦੀ ਹੁੰਦੀ।

***ਹੋਏ ਇਕੱਤ੍ਰ ਕਬ ਸੁਖ ਹੋਇ॥ ੨੬॥*** ਇਸ ਵਾਸਤੇ ਇਹ ਉਪਰੋਕਤ ਚੀਜ਼ਾਂ ਜਿਥੇ ਵੀ ਇਕੱਤਰ ਹੋ ਜਾਣ, ਓਥੇ ਨਹੀਂ ਸੁਖ ਰਹਿੰਦਾ। ੨੬।

***ਸਿੰਘਨ ਫੌਜ ਸੁਨੀ ਜਬ ਆਈ॥*** ਸਿੰਘਾਂ ਨੇ ਜਦੋਂ ਸੁਣਿਆਂ ਹੈ ਕਿ ਲਹੌਰੋਂ ਫ਼ੌਜ ਆ ਉੱਤਰੀ ਹੈ।

***ਤੌ ਸਿੰਘਨ ਦਿਲ ਔਰ ਬਿਹਾਈ॥*** ਸਿੰਘਾਂ ਦੇ ਦਿਲ ਵਿਚ ਵੀ ਵਾਪਰਨੀ ਸੀ, ਤਾਂ ਸਿੰਘਾਂ ਦੇ ਦਿਲ ਵਿਚ ਹੋਰ ਭਰਮ ਆ ਗਿਆ।

***'ਹਮਕੋ ਮਾਰਨ ਫੌਜ ਸੁ ਆਈ॥*** ਇਥੇ ਇੰਨ੍ਹਾਂ ਦਾ ਕੰਮ ਕੀ ਹੈ, ਏਥੇ ਰਾਮ ਤੀਰਥ ਕੀ ਕਰਨਾਂ ਸੀ ਇਹਨਾਂ ਨੇ? ਇਹ ਸਾਨੂੰ ਹੀ ਮਾਰਨ ਵਾਸਤੇ ਆਏ ਹਨ, ਸਮਾਂ ਦੇਖ ਕੇ ਸਾਡੇ 'ਤੇ ਹੱਲਾ ਬੋਲ ਦੇਣਗੇ।

***ਸਲੂਕ ਇਨ੍ਹੈਂ ਕੋ ਹਮ ਕਬ ਭਾਈ' ॥ ੨੭॥*** ਦੱਸੋ ਖਾਲਸਾ ਜੀ! ਇਹਨਾਂ ਦਾ ਤੇ ਸਾਡਾ ਸਲੂਕ ਕਦੋਂ ਬਣਿਆ ਹੈ, ਕਦੋਂ ਸੁਲਹ ਹੋਈ ਹੈ ਇਹਨਾਂ ਨਾਲ। ੨੭।

***ਆਪ ਆਪਣੇ ਜਾਤ ਸੁ ਭਏ॥*** ਏਸ ਵਾਸਤੇ ਖਾਲਸੇ ਨੂੰ ਫ਼ਿਕਰ ਹੋ ਗਿਆ ਹੈ ਕਿ ਲੜਾਈ ਜ਼ਰੂਰ ਹੋਵੇਗੀ, ਸਿੰਘ ਫ਼ੌਜ ਨੂੰ ਦੇਖ ਕੇ ਆਪੋ ਆਪਣੇ ਰਾਹ ਪੈ ਗਏ, ਦਬਾ ਦਬ ਸਿੰਘ ਹੱਲਾ ਕਰ ਗਏ।

***ਕਿਛ ਨਾਤੇ ਕਿਛ ਬਿਨ ਹੀ ਨ੍ਹਏ॥*** ਅਜੇ ਤਾਂ ਮੇਲਾ ਲੱਗਣਾ ਸੀ, ਜਿਹੜੇ ਜਥੇ ਪਹਿਲਾਂ ਆਏ ਸਨ, ਕੁਛ ਇਸ਼ਨਾਨ ਕਰਕੇ, ਕੁਛ ਬਿਨਾਂ ਹੀ ਨ੍ਹਾਤੇ ਤੋਂ, ਕੁਛ ਜਦੋਂ ਰਾਹ ਵਿਚ ਮੁੜਿਆਂ ਨੂੰ ਮਿਲਦੇ ਕਹਿ ਦਿੰਦੇ ਹਨ, ਖਾਲਸਾ ਜੀ! ਫ਼ੌਜ ਆ

ਗਈ ਹੈ, ਜੁੱਧ ਹੋ ਜਾਣਾ ਹੈ, ਇਉਂ ਬਾਹਰੋਂ ਜਥਿਆਂ ਨੂੰ ਮੋੜ ਕੇ ਚਲੇ ਗਏ।

***ਨਹਿੰ ਦਰੋਗੈ ਕੋ ਟਕੇ ਸੁ ਆਏ॥*** ਜਦੋਂ ਚੜ੍ਹਤ, ਚੜ੍ਹਾਵਾ ਕੋਈ ਨਹੀਂ ਹੋਇਆ, ਦਰੋਗੇ ਨੂੰ ਕੌਣ ਪੈਸੇ ਦੇਵੇ, ਦਰੋਗੇ ਕੋਲ ਇਕਰਾਰ ਮੁਤਾਬਕ ਪੈਸੇ ਨਾ ਆਏ।

***ਹੋਵਨਹਾਰ ਸੁ ਹੋਨੀ ਭਾਏ॥ ੨੮॥*** ਜੋ ਹੋਣੀ ਨੂੰ ਭਾਉਂਦਾ ਸੀ, ਉਹ ਉਸ ਤਰ੍ਹਾਂ ਹੀ ਹੋਣਾ ਸੀ। ੨੮।

***ਸੰਗਤ ਕਹਯੋ, 'ਦਿਨ ਆਯੋ ਸੋਈ॥*** ਜੋ ਸੰਗਤ ਨੇ ਕਿਹਾ ਸੀ ਬਚਨ, ਉਹ ਦਿਨ ਆ ਗਿਆ ਹੈ ਨੇੜੇ ਕਿ ਮਨੀ ਸਿੰਘ ਦੇ ਬੰਦ-ਬੰਦ ਕੱਟੇ ਜਾਣ।

***ਮਨੀ ਸਿੰਘ ਸਿਰ ਹੋਨੀ ਜੋਈ'॥*** ਜੋ ਭਾਈ ਮਨੀ ਸਿੰਘ 'ਤੇ ਸਿਰ 'ਤੇ ਗੁਜ਼ਰਨੀ ਹੈ, ਉਹ ਗੱਲ ਹੋ ਗਈ।

***ਸਮਝ ਮਨੀ ਸਿੰਘ ਮਨ ਮੈਂ ਬਹਯੋ॥*** ਭਾਈ ਮਨੀ ਸਿੰਘ ਨੇ ਸਮਝ ਲਿਆ ਹੈ, ਇਸ ਗੱਲ ਨੂੰ ਕਿ ਹੁਣ ਕੋਈ ਚਾਰਾ ਨਹੀਂ ਹੈ, ਮਨ ਦੇ ਵਿਚ ਚੰਗੀ ਤਰ੍ਹਾਂ ਬੈਠ ਗਈ ਹੈ ਗੱਲ।

***ਕਈ ਸਿੰਘਨ ਉਹਾਂ ਸਾਥ ਨਿਬਹਯੋ॥ ੨੯॥*** ਬਹੁਤੇ ਸਿੰਘ ਤਾਂ ਚਾਲਾ ਕਰ ਗਏ ਹਨ, ਕਈ ਸਿੰਘਾਂ ਨੇ ਕਿਹਾ, ਇਹਨਾਂ ਦੇ ਸਾਥ ਹੀ ਨਿਭਾਂਗੇ ਹੁਣ। ਭਾਈ ਭੂਪ ਸਿੰਘ ਤੇ ਗੁਲਜ਼ਾਰ ਸਿੰਘ, ਇਹ ਭਾਈ ਮਨੀ ਸਿੰਘ ਦੇ ਦੋ ਭਰਾ ਸਨ ਨਾਲ। ਏਥੋਂ ਦੇ ਚੌਧਰੀ ਦਾ ਪੁੱਤਰ ਮੋਹਕਮ ਸਿੰਘ ਉਹ ਵੀ ਨਾਲ ਹੀ ਨਿਭਿਆ ਹੈ, ਇਹ ਸਾਰੇ ਸ਼ਹੀਦੀ ਲੈਣ ਨੂੰ ਕੁਛ ਸਿੰਘ ਨਾਲ ਰਹੇ, ਕੁਛ ਸਿੰਘ ਹੱਲਾ ਕਰ ਗਏ। ੨੯।

***ਦੋਹਰਾ॥ ਪੈਸੇ ਪੂਰੋ ਨਹਿੰ ਭਯੋ ਤੁਰਕਨ ਆਮਦ ਜਾਨ॥*** ਤੁਰਕਾਂ ਦਾ ਆਉਣਾ ਜਾਣ ਕੇ ਕਿ ਤੁਰਕਾਂ ਦੀ ਫ਼ੌਜ ਆ ਗਈ, ਮੇਲੇ ਦਾ ਇਕੱਠ ਹੀ ਨਾ ਹੋਇਆ ਅਤੇ ਜੋ ਸਰਕਾਰ ਨਾਲ ਮੇਲਾ ਲਾਉਣ ਦਾ ਪੈਸਾ ਕੀਤਾ ਸੀ, ਉਹ ਪੂਰਾ ਨਾ ਹੋਇਆ।

***ਦੰਗੋ ਫੰਗੋ ਭੀ ਭਯੋ ਪਹੁੰਚਯੋ ਸਮੋਂ ਸੁ ਆਨ॥ ੩੦॥*** ਸਿੰਘ ਜਾਂਦੇ ਹੋਏ ਤੁਰਕਾਂ ਦੇ ਵੀ ਟੋਟਣ ਭੰਨ ਗਏ, ਕਈ ਚੌਧਰੀਆਂ ਨੂੰ ਸੋਧ ਗਏ, ਸਿੰਘ ਕਹਿੰਦੇ ਹੁਣ ਖਾਲੀ ਕਿਉਂ ਜਾਣਾ ਹੈ, ਰਾਹ ਵਿਚ ਸਿੰਘਾਂ ਦਾ ਤੁਰਕਾਂ ਨਾਲ ਦੰਗਾ-ਫੰਗਾ ਵੀ ਹੋ ਗਿਆ, ਭਾਈ ਮਨੀ ਸਿੰਘ ਦੀ ਸ਼ਹੀਦੀ ਦਾ ਸਮਾਂ ਨੇੜੇ ਆ ਪਹੁੰਚਿਆ ਹੈ। ੩੦।

***ਸਿੰਘ ਸੁ ਦੰਗਯੋਂ ਕਬ ਟਲੈਂ ਜਿਨ ਕੀ ਆਦਤ ਦੰਗ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, 'ਜਿੰਨ੍ਹਾਂ ਸਿੰਘਾਂ ਦੀ ਆਦਤ ਹੀ ਦੰਗਾ ਕਰਨ ਦੀ ਹੋ ਗਈ ਹੈ, ਜਿਨ੍ਹਾਂ ਦੀ ਆਦਤ ਹੀ ਲੜਾਈ ਕਰਨ ਦੀ ਹੋ ਗਈ ਹੈ, ਉਹ ਕਦੋਂ ਟਲਦੇ ਹਨ ਲੜਾਈ ਤੋਂ।

***ਹੋਵੈਂ ਪ੍ਰਸੰਨ ਏਹ ਕਰਤ ਹੀ ਆਦਹਿ ਦੰਗ ਔ ਜੰਗ॥ ੩੧॥*** ਆਦਿ ਤੋਂ ਜਦੋਂ ਤੋਂ ਇਹ ਖਾਲਸਾ ਸਾਜਿਆ ਹੈ, ਸੁਖ ਹੀ ਇਹਨਾਂ ਨੂੰ ਤਾਂ ਹੁੰਦਾ ਹੈ, ਪ੍ਰਸੰਨਤਾ ਹੀ ਇਹਨਾਂ ਨੂੰ ਤਾਂ ਹੁੰਦੀ ਹੈ ਜਦੋਂ ਦੰਗਾ-ਫੰਗਾ ਹੋ ਹੀ ਜਾਏ, ਲੜਾਈ ਫਸਾਦ ਜ਼ਰੂਰ ਹੋਵੇ। ੩੧।

***ਚੌਪਈ॥ ਯੌਂ ਅੰਮ੍ਰਿਤਸਰ ਲੱਖੂ ਆਯੋ॥*** ਇਉਂ ਸ੍ਰੀ ਅੰਮ੍ਰਿਤਸਰ ਲੱਖੂ ਆ ਪਹੁੰਚਿਆ।

***ਉਹਾਂ ਸਿੰਘ ਜੋ ਕੋਊ ਉਨ ਪਾਯੋ॥*** ਉਥੇ ਕੋਈ ਸਿੰਘ ਮਾੜੇ ਮੋਟੇ ਜਾਂ ਕਿਸੇ ਨੂੰ ਨਹੀਂ ਪਤਾ ਲੱਗਿਆ, ਭੁਲੇਖੇ ਨਾਲ ਆਏ, ਚਲੋ ਤੁਰ ਕੇ ਚਲ ਵੜਦੇ ਹਾਂ, ਜਿਹੜੇ ਉਸ ਨੂੰ ਸਿੰਘ ਮਿਲ ਗਏ ਉਥੇ।

***ਦੰਗੈ ਫੰਗੈ ਸੋਂ ਸੋ ਫੜ ਲਯੋ॥*** ਇਹ ਨੇ ਜਿਹੜੇ ਉਥੋਂ ਲੁੱਟ ਕੇ ਲਿਆਏ ਨੇ ਖ਼ਜ਼ਾਨੇ ਨੂੰ, ਏਹੋ ਨੇ ਜਿਹੜੇ ਉਥੇ ਮਾਰ ਕੇ ਆਏ ਨੇ, ਦੰਗੇ-ਫੰਗੇ ਦਾ ਬਹਾਨਾ ਮਿਲ ਗਿਆ ਹੈ, ਉਹਨਾਂ ਬੇਕਸੂਰੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਇਸ ਨੇ।

***ਫੜ ਆਗੈ ਨਿਬਾਬ ਪਾਸ ਪਹੁੰਚਯੋ॥ ੩੨॥*** ਗ੍ਰਿਫ਼ਤਾਰ ਕਰਕੇ ਅੱਗੇ ਲਹੌਰ ਦੇ ਨਵਾਬ ਪਾਸ ਪਹੁੰਚਦੇ ਕਰ ਦਿੱਤੇ ਹਨ ਸਿੰਘ, ਲੱਖੂ ਦੀਵਾਨ ਨੇ। ੩੨।

**ਹੁਤੇ ਸਿੰਘਨ ਮੈਂ ਜੋ ਨਾਮਦਾਰ॥** ਜੋ ਸਿੰਘਾਂ ਵਿਚ (ਨਾਮਦਾਰ) ਨਾਮਵਾਰ ਸਿੱਖ ਸਨ ਵੱਡੇ ਅਹੁਦਿਆਂ ਵਾਲੇ।

**ਸੋ ਫੜ ਲੀਨੇ ਮਨੀ ਸਿੰਘ ਨਾਰ॥** ਉਹ ਭਾਈ ਮਨੀ ਸਿੰਘ ਨਾਲ ਫੜ ਲਏ ਹਨ, ਜਿਹੜੇ ਜ਼ਿੰਮੇਵਾਰ ਸਿੰਘ ਸਨ।

**ਐਸੋ ਫੇਰ ਸਮੈਂ ਕੋ ਅਯੋ॥** ਕੋਈ ਸਮੇਂ ਦਾ ਚਕ੍ਰ ਹੀ ਐਸਾ ਸੀ, ਸਮੇਂ ਦਾ ਐਸਾ ਚਕ੍ਰ ਬਣਿਆ ਹੈ ਆ ਕੇ।

**ਅਰ ਤਕਤ ਤਹਿੰ ਔਰੋ ਭਯੋ॥ ੩੩॥** ਤਕਦੇ ਤਾਂ ਹੋਰ ਸਨ ਕਿ ਏਥੇ ਗੁਰਮਤੇ ਸੋਧਾਂਗੇ, ਖ਼ਾਲਸੇ ਪੰਥ ਦਾ ਵਾਧਾ ਹੋਵੇਗਾ, ਹੋਰ ਵੀ ਕੋਈ ਵਿਚਾਰ ਕਰਾਂਗੇ, ਸਿੰਘਾਂ ਨੂੰ ਆਉਣ ਵਾਲੇ ਸਮੇਂ ਬਾਰੇ ਖ਼ਬਰਦਾਰ ਕਰਾਂਗੇ, ਪਰ ਹੋਰ ਹੀ ਬਣ ਗਿਆ ਸਮਾਂ, ਉਹ ਤਾਂ ਗੱਲ ਰਹੀ ਨਾ, ਭਾਈ ਮਨੀ ਸਿੰਘ ਵਰਗੇ ਗੁਰੂ ਕੇ ਲਾਲ ਵਾਸਤੇ ਸ਼ਹੀਦ ਹੋਣ ਦੀਆਂ ਤਿਆਰੀਆਂ ਹੋ ਗਈਆਂ ਹਨ। ੩੩।

**ਸੋਊ ਨਿਬਾਬ ਕੈ ਅਗੈ ਖੜਾਏ॥** ਗ੍ਰਿਫ਼ਤਾਰ ਕਰ ਕੇ ਲਹੌਰ ਦੇ ਨਵਾਬ ਅੱਗੇ ਜਾ ਖੜ੍ਹੇ ਕੀਤੇ।

**ਨਬਾਬ ਕਾਜੀਆਂ ਦੀਓ ਭਖਾਏ॥** ਅਤੇ ਕਾਜ਼ੀ ਮੁਲਾਣਿਆਂ ਨੇ ਹੋਰ ਬਲਦੀ 'ਤੇ ਤੇਲ ਪਾਇਆ, ਇਹਨਾਂ ਨੇ ਨਵਾਬ ਨੂੰ ਹੋਰ ਭਖਾ ਦਿੱਤਾ।

**ਨਬਾਬ ਕਹਯੋ, 'ਹਮ ਪੈਸੇ ਦੇਹੁ'॥** ਨਵਾਬ ਕਹਿਣ ਲੱਗਾ ਭਾਈ ਮਨੀ ਸਿੰਘ ਨੂੰ,ਲਿਆ ਸਾਡਾ ਇਕਰਾਰ, ਜੋ ਦਸ ਹਜ਼ਾਰ ਦੇਣਾ ਕੀਤਾ ਸੀ, ਉਹ ਸਾਡਾ ਮਾਮਲਾ ਭਰ ਇਥੇ।

**ਔਰ ਸਿੰਘਨ ਕਹਯੋ, 'ਜ਼ਾਮਨ ਲੇਹੁ'॥ ੩੪॥** ਹੋਰ ਸਿੰਘਾਂ ਨੇ ਕੋਲੋਂ ਕਹਿ ਦਿੱਤਾ ਹੈ, ਜਿਹੜੀ ਸੰਗਤ ਸੀ ਲਹੌਰ ਦੀ 'ਜਾਮਨ' ਲੈ ਲਵੋ ਵਿਚ, ਅਸੀਂ ਪੈਸਾ ਤਾਰ ਦਿਆਂਗੇ, ਇਹਨਾਂ ਨੂੰ ਛੱਡੋ ਤੁਸੀਂ। ੩੪।

**ਸ਼ਾਹੂਕਾਰ ਭੀ ਮੰਨਣ ਥੇ ਆਏ॥** ਹੋਰ ਸ਼ਹਿਰ ਦੇ ਵੱਡੇ-ਵੱਡੇ ਸ਼ਾਹੂਕਾਰ ਵੀ ਆਏ ਕਿ ਅਸੀਂ ਦੇਵਾਂਗੇ ਪੈਸਾ, ਕਿ ਸਿੰਘ ਮੰਨਦੇ ਨੇ ਜਿਨਾਂ ਪੈਸਾ ਅਸੀਂ ਭਰਾਂਗੇ, ਉਹ ਮੰਨਣ ਵਾਸਤੇ ਵੀ ਆ ਗਏ ਨੇ ਸ਼ਾਹੂਕਾਰ।

**ਮਨੀ ਸਿੰਘ ਸੋ ਦਏ ਹਟਾਏ॥** ਭਾਈ ਮਨੀ ਸਿੰਘ ਨੇ ਕਿਹਾ, 'ਨਾ ਖ਼ਬਰਦਾਰ ਜੇ ਮੇਰੀ ਖ਼ਾਤਰ ਕਿਸੇ ਨੇ ਪੈਸਾ ਦਿੱਤਾ, ਅਸੀਂ ਇਨ੍ਹਾਂ ਨੂੰ ਧੇਲਾ ਨਹੀਂ ਦੇਣਾ। ਇਹਨਾਂ ਨੇ ਇਕਰਾਰ ਆਪ ਤੋੜਿਆ ਹੈ, ਅਸੀਂ ਨਹੀਂ ਤੋੜਿਆ, ਮੈਂ ਨਹੀਂ ਦਿੰਦਾ, ਇਸ ਤਰ੍ਹਾਂ ਕਿਸੇ ਤੋਂ ਮੈਂ ਡਰਦਾ? ਐਵੇਂ ਪੈਸੇ ਭਰਾਂ ਇਹਨਾਂ ਦੇ।

**'ਹਮ ਪੈ ਟਕੇ ਅਬੈ ਸੋ ਨਾਂਹੀ॥** ਅਜੇ ਸਾਡੇ ਕੋਲ ਕੋਈ ਟਕੇ-ਟੁਕੇ ਨਹੀਂ ਹਨ।

**ਟਕੇ ਨ ਦੇਣੇ ਹਮ ਨੇ ਕਦਾਂਹੀ' ॥ ੩੫॥** ਬਾਕੀ ਫੇਰ ਦੂਜਾ ਬਚਨ ਕਰ ਦਿੱਤਾ ਕਿ ਅਸੀਂ ਟਕੇ ਕਦੇ ਵੀ ਨਹੀਂ ਦੇਣੇ, ਹੁਣ ਤਾਂ ਸਾਡੇ ਕੋਲ ਹੈ ਹੀ ਨਹੀਂ ਦੇਣ ਵਾਸਤੇ, ਪਰ ਜੇ ਹੋਣ ਵੀ ਫੇਰ ਵੀ ਨਹੀਂ ਦੇਣੇ, ਅਸੀਂ ਦੇਣਾ ਹੀ ਨਹੀਂ ਤੁਹਾਡਾ ਧੇਲਾ। ੩੫।

**ਕਹਯੋ, 'ਵੇਲਾ ਹੈ ਹਮਰੋ ਆਯਾ॥** ਉਹ ਵਿਚਾਰ ਕਰਦੇ ਹਨ ਕਿ ਮੇਰਾ ਟਾਈਮ ਆ ਗਿਆ ਹੈ, ਹੁਣ ਮੈਂ ਕਿਉਂ ਢਿਲ ਕਰਾਂ, ਹੁਣ ਮੈਂ 'ਸ਼ਹੀਦੀ ਪਦਾਰਥ' ਕਿਉਂ ਨਾ ਲਵਾਂ।

**ਬਚਨ ਸਿਖਨ ਮੈਂ ਚਹੌਂ ਉਤਰਾਯਾ॥** ਗੁਰਸਿੱਖਾਂ ਦਾ ਬਚਨ ਕੀਤਾ ਮੇਰੇ ਸਿਰ 'ਤੇ ਭਾਰ ਹੈ, ਮੈਂ ਉਹ ਉਤਰਾਉਣਾ ਹੈ, ਜੋ ਸੰਗਤ ਨੇ ਬਚਨ ਕਰ ਦਿੱਤਾ, ਜੇ ਭਾਈ ਮਨੀ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਹਿਲਾਇਆ ਹੈ, ਤਾਂ ਇਹਦਾ ਵੀ ਬੰਦ-ਬੰਦ ਹਿੱਲ ਜਾਵੇ। ਬੰਦ-ਬੰਦ ਅਲਹਿਦਾ ਹੋ ਜਾਏ, ਕੱਟਿਆ ਜਾਏ। ਭਾਈ ਮਨੀ ਸਿੰਘ ਕਹਿੰਦੇ, 'ਮੈਂ ਤਾਂ ਗੁਰਸਿੱਖਾਂ ਦਾ ਬਚਨ ਪੂਰਾ ਕਰਨਾ ਹੈ, ਗੁਰੂ ਸਿੱਖ ਵਿਚ ਫਰਕ ਕੋਈ ਨਹੀਂ ਹੈ। ਜੋ ਸਿੱਖਾਂ ਬਚਨ ਕਰ ਦਿੱਤਾ, ਤਾਂ ਗੁਰੂ ਸਾਹਿਬ ਨੇ ਕਰ ਦਿੱਤਾ'।

**ਮੈਂ ਬੰਦ ਬੰਦ ਅਬ ਚਹੌਂ ਕਟਾਯਾ॥** ਮੈਂ ਤਾਂ ਸਿੰਘਾਂ ਦਾ ਬਚਨ ਪੂਰਾ ਕਰਨਾ ਹੈ ਖਾਲਸੇ ਦਾ, ਮੈਂ ਬੰਦ-ਬੰਦ ਕਟਾਉਣਾ ਚਾਹੁੰਦਾ ਹਾਂ ਆਪਦਾ।

***ਇਮ ਕਹਿਕੈ ਉਨ ਇਮੈ ਅਲਾਯਾ' ॥ ੩੬ ॥*** ਇਉਂ ਕਹਿ ਕੇ ਸੰਗਤ ਨੂੰ ਕਿ ਮੇਰੀ ਖ਼ਾਤਰ ਨਾ ਕਿਸੇ ਨੂੰ ਪੈਸਾ ਦਿਉ, ਨਵਾਬ ਆਦਿ ਨੂੰ। ੩੬।

***'ਅਬ ਪੈਸੇ ਹਮ ਪੈ ਕਛੁ ਨਾਹੀਂ॥*** ਹੁਣ ਸਾਡੇ ਕੋਲ ਕੋਈ ਪੈਸਾ ਨਹੀਂ ਹੈ, ਅਸੀਂ ਨਾ ਦੇਣੇ ਹੀ ਹਨ ਤੇਰੇ।

***ਲੈ ਜਾਨ ਹਮਾਰੀ ਨਗਦੀ ਮਾਹੀਂ॥*** ਜੇ ਤੂੰ ਲੈਣੇ ਨੇ ਤਾਂ ਮੇਰੀ ਜਾਨ ਲੈ, ਨਗਦੀ ਵਿਚ ਅਸੀਂ ਤੈਨੂੰ ਜਾਨ ਦਿੱਤੀ।

***ਸ਼ਹਰ ਲੋਕ ਆ ਇਕੱਠੇ ਹੋਏ॥*** ਸ਼ਹਿਰ ਦੇ ਲੋਕ ਸੰਗਤ ਹੋਰ ਇਕੱਠੀ ਹੋ ਗਈ ਆ ਕੇ ਕਿ ਭਾਈ ਮਨੀ ਸਿੰਘ ਨੂੰ ਬਚਾਈਏ, ਜਿਵੇਂ ਵੀ ਬਚੇ।

***ਲੈ ਕੇ ਪੈਸੇ ਆਨ ਖਲੋਏ॥ ੩੭॥*** ਥੈਲੀਆਂ ਭਰ ਕੇ ਪੈਸਿਆਂ ਦੀਆਂ ਆ ਖੜ੍ਹੋਤੇ ਹਨ, ਹੁਣੇ ਲਉ ਸਾਡੇ ਕੋਲੋਂ। ੩੭।

***ਦੋਹਰਾ॥ ਮਨੀ ਸਿੰਘ ਸੋ ਲਖ ਸਮੋ, ਹੁਈ ਬਾਤ ਦਏ ਤੋੜ॥*** ਭਾਈ ਮਨੀ ਸਿੰਘ ਜੀ ਨੂੰ ਪਤਾ ਲੱਗ ਗਿਆ ਕਿ ਮੇਰਾ ਸਮਾਂ ਨੇੜੇ ਆ ਗਿਆ ਹੈ, ਉਹ ਜੋ ਗੱਲ ਸਿਰੇ ਚੜ੍ਹਦੀ ਹੈ, ਤਾਂ ਵਿੱਚੋਂ ਹੀ ਤੋੜ ਦਿੰਦਾ ਹੈ 'ਨਹੀਂ, ਨਹੀਂ' ਸਾਨੂੰ ਨਹੀਂ ਪ੍ਰਵਾਣ। ਉਹ ਗੱਲ ਸਿਰੇ ਚੜ੍ਹਨ ਹੀ ਨਹੀਂ ਦਿੰਦਾ, ਭਾਈ ਮਨੀ ਸਿੰਘ, ਝੱਟ ਹੀ ਵਿਚਾਲਿਓਂ ਤੋੜ ਦਿੰਦਾ ਹੈ।

***'ਸਿੱਖਨ ਬਚਨ ਸੁ ਕਿਮ ਟਲੈਂ ਕਰੈਂ ਜਤਨ ਜੁ ਕਰੋੜ॥ ੩੮॥*** ਕਹਿਣ ਲੱਗਾ ਸਿੱਖਾਂ ਦਾ ਬਚਨ ਹੋਇਆ,'ਭਲਿਓ ਲੋਕੋ'! ਸਾਧ ਸੰਗਤ ਸਿੱਖਾਂ ਦਾ ਬਚਨ ਕਿਵੇਂ ਟਲ ਸਕਦਾ? ਇਹ ਨਹੀਂ ਟਲ ਸਕਦਾ, ਇਹ ਤਾਂ ਹੁਣ ਵਾਪਰੇਗਾ ਮੇਰੇ ਉੱਤੇ। ੩੮।

***ਚੌਪਈ॥ ਨਬਾਬ ਮਨੈਂ ਬਹੁ ਕ੍ਰੋਧੋ ਆਯਾ॥*** ਇਹ ਗੱਲਾਂ ਜਦੋਂ ਸੁਣੀਆਂ, ਭਾਈ ਮਨੀ ਸਿੰਘ ਨਹੀਂ ਪੱਟੀ ਬੱਝਣ ਦਿੰਦਾ। ਇਹ ਸਾਨੂੰ ਪੈਸੇ ਨਹੀਂ ਲੈਣ ਦਿੰਦਾ ਸੰਗਤ ਤੋਂ, ਦੇਣ ਵਾਲੇ ਵੀ ਆਏ ਖੜ੍ਹੇ ਨੇ। ਨਵਾਬ ਦੇ ਮਨ ਵਿਚ ਬੜਾ ਕ੍ਰੋਧ ਆਇਆ।

***ਹੋਣ ਸ੍ਰਾਪ ਨੈਂ ਸਮੋਂ ਪੁਜਾਯਾ॥*** ਸੰਗਤ ਦੇ ਸਰਾਪ ਨੇ ਸਮਾਂ ਨੇੜੇ ਪੁੱਜਦਾ ਕਰ ਦਿੱਤਾ।

***ਕਾਜ਼ੀ ਮੁੱਲਾਂ ਲਏ ਬੁਲਾਇ॥*** ਓਸੇ ਵੇਲੇ ਕਾਜ਼ੀ ਮੁੱਲਾਂ ਸੱਦ ਲਏ ਨਵਾਬ ਨੇ।

***ਪੂਛਯੋ ਉਨ ਕੋ ਪਾਸ ਬਹਾਇ॥ ੩੯॥*** ਕੋਲ ਬਿਠਾ ਕੇ ਉਹਨਾਂ ਨੂੰ ਪੁੱਛਣ ਲੱਗਾ, 'ਦੱਸੋ ਭਾਈ ਮਨੀ ਸਿੰਘ ਨੂੰ ਕੀ ਸਜ਼ਾ ਹੋਣੀ ਚਾਹੀਦੀ ਹੈ। ੩੯।

***ਖਾਨ ਕਹਯੋ, 'ਹੋਹੁ ਮੁੱਸਲਮਾਨ'॥*** ਉਨ੍ਹਾਂ ਕਿਹਾ ਦੋ ਹੀ ਰਸਤੇ ਨੇ ਜਾਂ ਧਨ ਦੇਵੇ, ਜੇ ਧਨ ਨਹੀਂ ਦੇਣਾ, ਤਾਂ ਸਾਡੇ ਦੀਨ ਵਿਚ ਆ ਜਾਵੇ, ਖ਼ਾਨ ਬਹਾਦਰ ਕਹਿਣ ਲੱਗਾ ਕਿ ਤੂੰ ਮੁਸਲਮਾਨ ਹੋ ਜਾ।

***ਤਦ ਛੋਡੈਂਗੇ ਤੁਮਰੀ ਜਾਨ'॥*** ਜੇ ਤੂੰ ਮੁਸਲਮਾਨ ਬਣ ਜਾਏਂ, ਤਾਂ ਤੇਰੀ ਜਾਨ ਬਖ਼ਸ਼ੀ ਕਰ ਦਿੰਦੇ ਹਾਂ, ਫੇਰ ਨਹੀਂ ਅਸੀਂ ਮਾਰਦੇ ਤੈਨੂੰ।

***ਸਿੰਘਨ ਕਹਯੋ, 'ਹਮ ਸਿਦਕ ਨ ਹਾਰੈਂ॥*** ਸਿੰਘਾਂ ਨੇ ਕਿਹਾ, 'ਅਸੀਂ ਸਿੱਖੀ ਸਿਦਕ ਕਿਉਂ ਛੱਡ ਦੇਈਏ? ਇਹ ਨਹੀਂ ਅਸੀਂ ਹਾਰਦੇ ਕਦੀ ਵੀ ਇਹ ਸਾਡਾ ਸੁਆਸਾਂ ਨਾਲ ਨਿਭੇਗਾ'।

***ਕਈ ਜਨਮ ਪਰ ਸਿਦਕ ਸੁ ਗਾਰੈਂ॥ ੪੦॥*** ਇਹ ਇਕ ਜਨਮ? ਜੇ ਸਾਨੂੰ ਅਨੇਕਾਂ ਜਨਮ ਸਿੱਖੀ ਦੇ ਬਦਲੇ ਲਾਉਣੇ ਪੈਣ, ਤਾਂ ਵੀ ਸਾਨੂੰ ਮਹਿੰਗੇ ਨਹੀਂ, ਸਸਤੇ ਹਨ। ਅਸੀਂ ਕਈ ਜਨਮ ਸਿੱਖੀ ਸਿਦਕ ਦੀ ਖ਼ਾਤਰ ਗਾਲ ਦਿਆਂਗੇ। ੪੦।

***ਸਿੰਘਨ ਮਾਰਨ ਕੀ ਬਿਧ ਕਹੋ॥*** ਨਵਾਬ ਨੇ ਕਾਜ਼ੀ ਨੂੰ ਕਿਹਾ ਕਿ ਇਹਨਾਂ ਸਿੰਘਾਂ ਦੇ ਮਾਰਨ ਦੀ ਵਿਧੀ ਦੱਸੋ। ਕਿਵੇਂ ਮਾਰੀਏ ਇਹਨਾਂ ਨੂੰ?

***ਕੁਰਾਨ ਕਿਤਾਬਨ ਲਿਖਯੋ ਜਿਮ ਸਹੋ॥*** ਕਹਿਣ ਲੱਗਾ ਨਵਾਬ 'ਮਨੀ ਸਿੰਘਾਂ ਨਹੀਂ ਮੰਨਦਾ, ਤਾਂ ਫਿਰ ਜਿਵੇਂ ਸਾਡੀਆਂ ਕੁਰਾਨ ਆਦਿਕ ਕਿਤਾਬਾਂ ਵਿੱਚ ਲਿਖਿਆ ਹੈ, ਸਹੋ ਫਿਰ ਤੂੰ ਆਪਣੇ ਸਿਰ, ਇਉਂ ਕਾਜ਼ੀ ਨੂੰ ਪੁੱਛਿਆ, ਦੱਸੋ ਮਸਲਾ, ਕਿਵੇਂ ਇਹਨੂੰ ਸਜਾ ਦੇਈਏ ਸਿੱਖ ਨੂੰ।

***ਤਬ ਕਾਜ਼ੀ ਨੇ ਜਿਮ ਹੀ ਕਹਯੋ॥*** ਤਦੋਂ ਕਾਜ਼ੀ ਨੇ ਜਿਵੇਂ ਹੀ ਕਿਹਾ।

**ਤਿਵੇਂ ਮੁਫਤ ਨੇ ਫਤਵਾ ਦਯੋ॥ ੪੧॥** ਉਹ ਮੁਫਤੀ ਹੁੰਦਾ ਹੈ ਫਤਵਾ ਦੇਣ ਵਾਲਾ, ਜਿਵੇਂ ਕਾਜ਼ੀ ਨੇ ਪੜ੍ਹ ਕੇ ਸੁਣਾਇਆ,ਓਵੇਂ ਹੀ ਮੁਫਤੀ ਨੇ ਫਤਵਾ ਦੇ ਦਿੱਤਾ। ੪੧।

**'ਬੰਦ ਬੰਦ ਜੁਦੋ ਸਿੰਘ ਮਨੀ ਕਰਾਵੋ॥** ਬਸ ਇਹੀ ਫਤਵਾ ਹੈ ਕਿ ਇਸ ਦੇ ਸਰੀਰ ਦਾ ਬੰਦ-ਬੰਦ ਜੁਦਾ ਕਰ ਦਿਓ, ਮਨੀ ਸਿੰਘ ਦੇ ਸਰੀਰ ਦੇ ਸਾਰੇ ਅੰਗ ਅਲਹਿਦਾ-ਅਲਹਿਦਾ ਕਰ ਦਿਓ।

**'ਇਮ ਕਰ ਚਹੀਯਤ ਜਗਤ ਦਿਖਾਵੋ'॥** ਇਸ ਤਰ੍ਹਾਂ ਬੰਦ-ਬੰਦ ਜੁਦਾ ਕਰਦਿਆਂ ਨੂੰ ਸੰਸਾਰ ਨੂੰ ਵਿਖਾ ਦਿਓ। ਇਹ ਸਿੱਖ ਇਉਂ ਮੁੱਕਰਿਆ ਸੀ ਬਚਨ ਤੋਂ, ਸਰਦਾਰੀ ਪੈਸਾ ਟੈਕਸ ਨਹੀਂ ਸੀ ਭਰਿਆ, ਅਸੀਂ ਇਸ ਦੇ ਬੰਦ-ਬੰਦ ਜੁਦਾ ਕਰਕੇ ਸ਼ਰੇਆਮ ਸਜ਼ਾ ਦਿੰਦੇ ਹਾਂ।

**ਹੋਨੀ ਸੀ ਸੋ ਉਨ ਮੁਖ ਬੋਲੀ॥** ਭਾਈ ਮਨੀ ਸਿੰਘ ਦੀ ਹੋਣੀ, ਉਹਨਾਂ ਦੀ ਜੀਭ 'ਤੇ ਚੜ੍ਹ ਕੇ ਉਨ੍ਹਾਂ ਦੇ ਮੁਖੋਂ ਬੋਲੀ।

**ਉਨ ਮੁਖ ਭੀ ਸ੍ਰਾਪ ਕੁੰਜੀ ਖੋਲ੍ਹੀ॥ ੪੨॥** ਇਹ ਸ੍ਰਾਪ ਜੋ ਸੰਗਤ ਤੋਂ ਹੋਇਆ ਸੀ, ਇਹ ਜਿੰਦਰਾ ਵੱਜਿਆ ਹੋਇਆ ਸ੍ਰਾਪ ਰੂਪੀ ਉਸ ਦੇ ਮੁਖ ਰੂਪੀ ਕੁੰਜੀ ਨਾਲ ਖੋਲ੍ਹਿਆ ਹੈ। ੪੨।

**ਦੋਹਰਾ॥ ਉਨਕੀ ਕਿਤਾਬਨ ਤੇ ਤਬੈ ਨਿਕਸਯੋ ਸੋਊ ਵਾਕ॥** ਜਦੋਂ ਵਾਕ ਲਿਆ, ਇਹਨਾਂ ਦੀਆਂ ਕਿਤਾਬਾਂ ਤ੍ਰੋਂ ਓਹੀ ਬਚਨ ਨਿਕਲਿਆ, ਉਸ ਦੇ ਵਿਚ ਲਿਖਿਆ ਹੋਇਆ।

**ਵਾਕ ਸਿੱਖਨ ਕੋ ਨਹਿੰ ਮਿਟੈ, ਮੇਟੈ ਉਡੈ ਤਿਸ ਖਾਕ॥ ੪੩॥** ਗੁਰਸਿੱਖਾਂ ਦਾ ਵਾਕ ਨਹੀਂ ਮਿਟ ਸਕਦਾ, ਜੋ ਸੰਗਤ ਨੇ ਬਚਨ ਕਰ ਦਿੱਤਾ, ਉਹ ਪੂਰਾ ਹੋਣਾ ਹੈ, ਜੇ ਕੋਈ ਮੇਟਣਾ ਚਾਹੇਗਾ ਉਸਦੀ ਖਾਕ ਉਡ ਜਾਇਗੀ, ਉਸ ਦੀ ਸੁਆਹ ਹੋ ਜਾਵੇਗੀ, ਬਚੇਗਾ ਨਹੀਂ ਉਹ। ੪੩।

**ਚੌਪਈ॥ ਤਬ ਨਵਾਬ ਨੇ ਯੋਂ ਫੁਰਮਾਯੋ॥** ਤਦ ਨਬਾਬ ਨੇ ਇਸ ਤਰ੍ਹਾਂ ਹੁਕਮ ਕਰ ਦਿੱਤਾ।

**'ਬੰਦ ਬੰਦ ਅਬ ਜੁਦਾ ਕਰਾਯੋ'॥** ਬੱਸ ਇਹੋ ਹੀ ਪੱਕੀ ਗੱਲ ਹੈ ਬੰਦ-ਬੰਦ ਜੁਦਾ ਕਰ ਦਿਉ ਭਾਈ ਮਨੀ ਸਿੰਘ ਦਾ।

**ਚੰਡਾਲਨ ਸਿੰਘ ਤੁਰਤ ਫੜਾਯਾ॥** (ਚੰਡਾਲਨ) ਬੁੱਚੜਾਂ ਦੇ ਹੱਥ ਫ਼ੜਾ ਦਿੱਤਾ ਹੈ ਭਾਈ ਮਨੀ ਸਿੰਘ ਨੂੰ, ਲਉ ਇਹ ਤੁਹਾਡੇ ਸਪੁਰਦ ਹੋਇਆ, ਇਸ ਦੇ ਬੰਦ-ਬੰਦ ਜੁਦਾ ਕਰਨੇ ਹਨ।

**ਨਿਖਾਸ ਚੌਂਕ ਕੇ ਵਿੱਚ ਬਹਾਯਾ॥ ੪੪॥** ਜਿਵੇਂ ਦਿੱਲੀ ਦਾ ਚਾਂਦਨੀ ਚੌਂਕ ਸੀ, ਏਥੇ ਲਹੌਰ ਵਿਚ ਨਿਖਾਸ ਚੌਂਕ ਸੀ, ਭਾਵ ਚੌਂਕ ਵੱਡਾ ਉਸ ਦੇ ਵਿਚ, ਜਿਥੇ ਸਾਰੀ ਦੁਨੀਆਂ ਇੱਕਠੀ ਹੋ ਕੇ ਤਮਾਸ਼ਾ ਵੇਖੇ, ਉਥੇ ਲਿਆ ਕੇ ਭਾਈ ਮਨੀ ਸਿੰਘ ਨੂੰ ਬਿਠਾ ਲਿਆ ਹੈ। ੪੪। ਨਿਖਾਸ=ਮੰਡੀ (ਘੋੜਮੰਡੀ)

**ਚੰਡਾਲ ਬੰਦ ਤਬ ਚਾਰ ਬਤਾਏ॥** ਜਦ ਪੁੱਛਿਆ, ਕਿਹੜੇ-ਕਿਹੜੇ ਬੰਦ ਹੁੰਦੇ ਨੇ'? ਤਾਂ ਚੰਡਾਲਾਂ ਨੇ ਕਿਹਾ, 'ਜੀ ਚਾਰ ਹੁੰਦੇ ਹਨ, ਦੋਹਾਂ ਬਾਂਹਾਂ ਤੇ ਦੋ ਲੱਤਾਂ ਦੇ।

**'ਬਾਹਾਂ ਟੰਗਾਂ ਕਰੋਂ ਜੁਦਾਏ'॥** ਬਾਹਾਂ ਸਰੀਰ ਤੋਂ ਅਲੱਗ ਕਰ ਦਿੰਦਾ ਹਾਂ, ਟੰਗਾਂ ਅਲੱਗ ਕਰ ਦਿੰਦਾ ਹਾਂ, ਇਹ ਚਾਰ ਅੰਗ ਨੇ, ਇਹ ਵੱਖਰੇ-ਵੱਖਰੇ ਕਰ ਦਿੰਦਾ ਹਾਂ।

**ਤਬਹਿ ਮਨੀ ਸਿੰਘ ਉਨ ਸੋਂ ਕਹੀ॥** ਤਦ ਭਾਈ ਮਨੀ ਸਿੰਘ ਜੀ ਨੇ ਉਹਨਾਂ ਨੂੰ ਕਿਹਾ।

**'ਤੁਮ ਬੰਦ ਬੰਦ ਕੋ ਜਾਨਤ ਨਹੀਂ'॥ ੪੫॥** ਹੇ ਚੰਡਾਲੋ! ਤੁਸੀਂ ਬੰਦ-ਬੰਦ ਨੂੰ ਜਾਣਦੇ ਨਹੀਂ ਹੋ, ਸਰੀਰ ਦੇ ਕਿੰਨੇ ਬੰਦ ਹਨ, ਤੈਨੂੰ ਪਤਾ ਨਹੀਂ, ਉੱਕਾ ਹੀ ਗਿਆਨ ਨਹੀਂ ਹੈ। ੪੫।

**'ਮੈਂ ਬੰਦ ਬੰਦ ਨਿਜ ਦਿਓ ਬਤਾਈ॥** ਭਾਈ ਮਨੀ ਸਿੰਘ ਜੀ ਕਹਿਣ ਲੱਗੇ ਹਨ ਚੰਡਾਲ ਨੂੰ ਕਿ ਤੂੰ ਆਪਣੇ ਵੱਲੋਂ ਬੰਦ ਬੰਦ ਕੱਟਣ ਦੀ ਤਿਆਰੀ ਕਰ, ਬੰਦ ਮੈਂ ਆਪੇ ਦੱਸਾਂਗਾ ਤੈਨੂੰ ਕਿ ਆਹ-ਆਹ ਬੰਦ ਹੁੰਦੇ ਹਨ, ਐਥੋਂ-ਐਥੋਂ ਮੇਰੇ ਸਰੀਰ ਦੇ ਜੋੜਾਂ ਨੂੰ ਜੁਦਾ ਕਰ।

***ਤਿਮੈਂ ਤਿਮੈਂ ਤੂੰ ਛੁਰੀ ਚਲਾਈਂ॥*** ਜਿਵੇਂ-ਜਿਵੇਂ ਮੈਂ ਦੱਸੀਂ ਜਾਵਾਂ, ਓਵੇਂ-ਓਵੇਂ ਤੂੰ ਛੁਰੀ ਚਲਾਈ ਜਾਈਂ।

***ਪਹਿਲੇ ਉਂਗਲੀਓਂ ਪੋਟੇ ਕਟਾਏ॥*** ਭਾਈ ਮਨੀ ਸਿੰਘ ਕਹਿਣ ਲੱਗੇ, 'ਆਹ ਵੇਖ ਹੱਥ ਮੇਰਾ, ਪਹਿਲਾਂ ਉਂਗਲੀਆਂ ਦੇ ਪੋਟੇ ਕਟਾਏ, ਉਂਗਲੀ ਦਾ ਪੋਟਾ, ਜੋ ਪਹਿਲਾ ਹਿੱਸਾ ਹੁੰਦਾ ਹੈ ਓਸ ਨੂੰ ਕਟਾਇਆ ਹੈ'।

***ਫਿਰ ਮਧ ਗੰਢੋਂ ਬੰਦ ਛਡਾਏ॥ ੪੬॥*** ਫਿਰ ਉਂਗਲੀ ਦੇ ਵਿਚਕਾਰ ਵਾਲੀ (ਗੰਢ) ਜੋੜ ਤੋਂ ਬੰਦ ਕਟਾਇਆ ਹੈ, ਉਸ ਨੂੰ ਸਰੀਰ ਤੋਂ ਵੱਖਰਾ ਕੀਤਾ ਹੈ। ੪੬।

***ਫਿਰ ਉਂਗਲੀ ਤਿਈ ਵਾਰ ਕਟਾਈ॥*** ਫਿਰ ਇਕ-ਇਕ ਉਂਗਲੀ ਨੂੰ ਤਿੰਨ-ਤਿੰਨ ਵਾਰੀ ਕਟਾਇਆ ਹੈ, ਜੋੜਾ ਤੋਂ ਇਸ਼ਾਰਾ ਕਰ ਕਰ ਕੇ, ਆਪ ਭਾਈ ਸਾਹਿਬ ਜੀ ਬਾਣੀ ਪੜ੍ਹੀ ਜਾਂਦੇ ਹਨ, ਇਸ਼ਾਰੇ ਨਾਲ ਸਰੀਰ ਕਟਾਈ ਜਾਂਦੇ ਸਨ।

***ਫਿਰ ਪੌਚੇ ਸੇ ਬੀਣੀ ਛੁਡਾਈ॥*** ਫਿਰ ਜੋ ਗੁੱਟ ਦਾ ਪੌਂਚ੍ਹਾ ਹੈ, ਬਾਂਹ ਨਾਲੋਂ ਅਲੱਗ ਕਰ ਦਿੱਤਾ ਹੈ ਚੰਡਾਲ ਨੇ।

***ਚੰਡਾਲ ਚਾਹੇ ਫਿਰ ਮੋਢਿਯੋਂ ਲਹਾਈ॥*** ਚੰਡਾਲ ਫੇਰ ਮੋਢੇ ਕੋਲੋਂ ਲਾਹੁਣੀ ਚਾਹੁੰਦਾ ਹੈ, ਜਦੋਂ ਚੰਡਾਲ ਨੇ ਛੁਰੀ ਮੋਢੇ ਵੱਲ ਚੁੱਕੀ।

***ਮਨੀ ਸਿੰਘ ਦਈ ਕੂਹਨੀ ਅੜਾਈ॥ ੪੭॥*** ਭਾਈ ਮਨੀ ਸਿੰਘ ਜੀ ਨੇ ਉਹਦੇ ਅੱਗੇ ਕੂਹਣੀ ਅੜਾ ਦਿੱਤੀ ਹੈ, ਕਹਿੰਦਾ ਉਹ ਦੇਖ ਆਹ ਜੋੜ ਨਹੀਂ ਦਿਸਦਾ? ਕੂਹਣੀ ਵੱਲ ਇਸ਼ਾਰਾ ਕੀਤਾ ਹੈ ਕੱਟਣ ਵਾਸਤੇ॥। ੪੭।

***ਕੂਹਣੀ ਕਟਾਇ ਫਿਰ ਮੋਢਯੋਂ ਲਹਾਈ॥*** ਕੂਹਣੀ ਕਟਾ ਕੇ ਫਿਰ ਮੋਢੇ ਤੋਂ ਕਟਵਾਇਆ ਹੈ, ਇਉਂ ਸਾਰੀ ਬਾਂਹ ਆਪਣੀ ਕਟਵਾਈ।

***ਸੱਜੀ ਕਟਾਇ ਫਿਰ ਖੱਬੀ ਫੜਾਈ॥*** ਪਹਿਲਾਂ ਸੱਜੀ ਬਾਂਹ ਕਟਵਾ ਕੇ ਫਿਰ ਆਪਣੀ ਖੱਬੀ ਬਾਂਹ ਚੰਡਾਲ ਨੂੰ ਫੜਾਈ ਹੈ, ਲੈ ਹੁਣ ਏਵੇਂ ਹੀ ਇਹਨੂੰ ਕੱਟ ਲੈ।

***ਤਿਮ ਹੀ ਪੋਟਯੋਂ ਬੰਦ ਕਟਾਯੋ॥*** ਉਸੇ ਤਰ੍ਹਾਂ ਹੀ ਦੂਸਰੇ ਹੱਥ ਦੀਆਂ ਉਂਗਲਾਂ ਦੇ ਪੋਟਿਆਂ ਤੋਂ ਬੰਦ-ਬੰਦ ਕਟਾਇਆ ਹੈ।

***ਗਠ ਗਠ ਉਂਗਲ ਗੂਠੋ ਬਢਾਯੋ॥ ੪੮॥*** ਅੰਗੂਠੇ ਅਤੇ ਉਂਗਲਾਂ ਦੀਆਂ ਸਾਰੀਆਂ ਗੰਢਾਂ ਨੂੰ ਜਲ਼ਾਦ ਤੋਂ ਕਟਵਾਉਣਾ ਕੀਤਾ ਹੈ। ੪੮।

***ਦੋਹਰਾ॥ ਸੱਜੀ ਜਿਮ ਖੱਬੀ ਕਟੀ ਤੌ ਦੀਨੋ ਚਰਨ ਚਲਾਇ॥*** ਜਿਵੇਂ ਸੱਜੀ ਬਾਂਹ ਕੱਟੀ ਸੀ, ਓਸੇ ਤਰ੍ਹਾਂ ਖੱਬੀ ਨੂੰ ਕਟਵਾ ਕੇ, ਫੇਰ ਆਪਣਾ ਚਰਨ ਅੱਗੇ ਕਰ ਦਿੱਤਾ ਹੈ ਕਿ ਹੁਣ ਇਹਦਾ ਬੰਦ-ਬੰਦ ਕੱਟ।

***ਤਿਮ ਪੋਟੇ ਪੈਰਨ ਕਟੇ ਤਿਨ ਗਲਮੌਂ ਗੋਡੇ ਕਟਾਇ॥ ੪੯॥*** ਉਸੇ ਤਰ੍ਹਾਂ ਹੀ ਪੈਰ ਦਾ ਪੋਟਾ-ਪੋਟਾ ਕੱਟਿਆ ਹੈ, ਜਲਾਦ ਨੇ ਫਿਰ (ਗਲਮੌਂ) ਗਿੱਟੇ ਕੋਲੋਂ ਤੇ ਫਿਰ ਗੋਡਿਆਂ ਤੇ ਜੋੜ ਤੋਂ ਕੱਟਿਆ ਹੈ, ਭਾਈ ਮਨੀ ਸਿੰਘ ਜੀ ਨੂੰ। ੪੯।

***ਚੌਪਈ॥ ਤਬ ਇਕ ਦੇਖਯੋ ਸੱਯਦ ਤਮਾਸ਼ਾ॥*** ਤਦੋਂ ਸੱਯਦ ਸਿਪਾਹੀ ਨੇ ਇਕ ਅਸਚਰਜ ਤਮਾਸ਼ਾ ਵੇਖਿਆ ਕਿ ਭਾਈ ਮਨੀ ਸਿੰਘ ਬੰਦ-ਬੰਦ ਕਟਾਉਂਦੇ ਹੋਏ ਗੁਰਬਾਣੀ ਦਾ ਪਾਠ ਕਰ ਰਹੇ ਹਨ।

***ਪਿਖ ਚਰਿੱਤ੍ਰ ਤਿਸ ਬਢ ਗਯੋ ਸਾਸਾ॥*** ਇਹ ਕੌਤਕ ਵੇਖ ਕੇ ਉਸ ਦਾ ਸ੍ਵਾਸ ਫੁੱਲ ਗਿਆ ਹੈ, ਔਖਾ ਜਿਹਾ ਸਾਹ ਆਉਣ ਲੱਗ ਪਿਆ ਕਿ ਹੱਦ ਹੋ ਗਈ ਹੈ, ਇਹ ਮਨੁੱਖ ਹਨ, ਐਸੇ ਕੌਣ ਕਟਵਾ ਸਕਦਾ ਹੈ ਆਪਣੇ ਬੰਦ-ਬੰਦ ਨੂੰ, ਇਹ ਕੌਤਕ ਵੇਖ ਕੇ ਉਸ ਨੂੰ ਸੰਸਾ ਵਧ ਗਿਆ।

***ਜੋ ਇਸ ਮੁਖ ਤੇ ਨਿਕਸੈ ਵਾਕ॥*** ਉਸ ਨੂੰ ਇਉਂ ਸੰਸਾ ਹੋ ਗਿਆ ਕਿ ਜੋ ਇਹਦੇ ਮੂੰਹ ਤੋਂ ਨਿਕਲ ਗਿਆ ਵਾਕ ਇਕ ਵੇਰਾਂ।

***ਜਾਵਗੁ ਸੱਤ ਵਲਾਇਤ ਤਾਕ॥ ੫੦॥*** ਉਹ ਤਾਂ ਸੱਤਾਂ ਵਲਾਇਤਾਂ ਤੱਕ ਜਾਵੇਗਾ, ਸਭ ਉਡ ਜਾਣਗੇ, ਸੱਤ ਵਲਾਇਤਾਂ ਫੂਕੀਆਂ ਜਾਣਗੀਆਂ, ਜੇ ਇਸ ਨੇ ਇਕ ਵੀ ਬਚਨ ਮੂੰਹ ਵਿੱਚੋਂ ਕਹਿ ਦਿੱਤਾ। ੫੦।

***ਇਕ ਧੰਧਲੀ ਥੋ ਸਿਧ ਕਹਾਯੋ॥*** ਉਸ ਸੱਜਦ ਨੇ ਸੁਣਿਆ ਸੀ ਕਿ ਇਕ ਧੰਧਲੀ ਨਾਮ ਦਾ ਸਿੱਧ ਕਹਾਉਂਦਾ ਸੀ, ਆਪਣੇ ਆਪ ਨੂੰ।

***ਤਿਸ ਕੋ ਚੇਲਾ ਕਿਛਕੁ ਅਕਾਯੋ॥*** ਉਸ ਧੰਧਲੀ ਸਿੱਧ ਦਾ ਇਕ ਚੇਲਾ ਸੀ, ਉਸ ਨੂੰ ਲੋਕਾਂ ਨੇ ਅਕਾਇਆ ਹੈ, ਦੁਖੀ ਕੀਤਾ ਹੈ ਉਸ ਨੂੰ। ਇਸੇ ਕਰਕੇ ਕਹਿੰਦੇ ਹਨ, 'ਸੰਤਨ ਸੇਤੀ ਮਸ਼ਕਰੀ ਕੁਲ ਡੋਬਣ ਕੀ ਰੀਤ'॥ ਸੰਤ ਕਿਹੋ ਜਿਹਾ ਵੀ ਹੋਵੇ, ਉਸ ਦੇ ਨਾਲ ਮਸ਼ਕਰੀ ਕਰਨੀ, ਉਸ ਦੇ ਨਾਲ ਝੇਡ ਕਰਨੀ, ਉਸ ਨੂੰ ਤੰਗ ਕਰਨਾ, ਇਹ ਪਾਪ ਦੱਸਿਆ ਹੈ, ਕੀ ਪਤਾ ਲਗਦਾ ਹੈ ਸੰਤਾਂ ਦਾ, ਜੇ ਇਹੋ ਜਿਹਾ ਕੋਈ ਕਲਾ ਦਾ ਬਚਨ ਛੱਡ ਦਿੱਤਾ ਕਿਸੇ ਨੇ ਤੇ ਜਾਹ ਜਾਂਦੀ ਹੋ ਜਾਏਗੀ।

***ਏਕ ਪਟਨ ਪੁਰ ਨਿਕਸਯੋ ਬੋਲ॥*** ਜਦੋਂ ਉਸ ਨੂੰ ਦੁਖੀ ਕੀਤਾ ਲੋਕਾਂ ਨੇ ਤਾਂ ਉਸ ਇਕ ਸ਼ਹਿਰ ਜਾਂ ਨਗਰ ਨੂੰ ਉਸ ਦਾ ਬੋਲ ਨਿਕਲ ਗਿਆ ਕਿ 'ਜਾਹ ਓਇ ਤੁਸੀਂ ਗਰਕ ਹੋ ਜਾਓ'! ਜਿਨ੍ਹਾਂ ਨੇ ਮੈਨੂੰ ਤੰਗ ਕੀਤਾ ਹੈ।

***ਅਠਾਰ੍ਹਾਂ ਗ਼ਰਕ ਗਏ ਇਕ ਤੋਲ' ॥ ੫੧ ॥*** ਓਸ ਇਕ ਸ਼ਹਿਰ ਵਿਚ ਅਠਾਰ੍ਹਾਂ ਨਗਰ ਆਉਂਦੇ ਸੀ, ਉਹ ਅਠਾਰ੍ਹਾਂ ਦੇ ਅਠਾਰ੍ਹਾਂ ਹੀ ਗਰਕ ਹੋ ਗਏ, ਉਸ ਦੇ ਇਕ ਬਚਨ ਨਾਲ। ਇਹ ਉਸ ਨੂੰ ਸੰਸਾ ਹੋ ਗਿਆ। ਕਿ ਜੇ ਇਸ ਨੇ ਸਾਡੀ ਕੌਮ ਨੂੰ ਇਕ ਬਚਨ ਕੱਢ ਦਿੱਤਾ ਕਿ ਮੁਸਲਮਾਨ ਇਕ ਵੀ ਨਾ ਰਹੇ, ਤਾਂ ਫੇਰ ਕੀ ਬਣੇਗਾ?। ੫੧।

***ਧੂ ਤੇਗਨ ਤਿਨ ਮਯਾਨ ਨਿਕਾਂਰੀ॥*** ਉਸ ਨੇ ਝੱਟ ਹੀ ਮਿਆਨ ਵਿੱਚੋਂ ਆਪਣੀ ਤੇਗ ਕੱਢ ਲਈ ਹੈ।

***ਮਾਰ ਮਨੀ ਸਿੰਘ ਗ੍ਰੀਵ ਉਤਾਰੀ॥*** ਭਾਈ ਮਨੀ ਸਿੰਘ ਦੀ (ਗ੍ਰੀਵ) ਗਰਦਨ 'ਤੇ ਵਾਰ ਤੇਗ ਨਾਲ ਉਸ ਦੇ ਸੀਸ ਨੂੰ ਧੜ ਤੋਂ ਅਲਹਿਦਾ ਕਰ ਦਿੱਤਾ ਹੈ ਉਸ ਨੇ।

***ਸਿੰਘ ਜੀ ਮੁਖ ਗੁਰ ਪੜ੍ਹਤੋ ਬਾਨੀ॥*** ਭਾਈ ਮਨੀ ਸਿੰਘ ਜੀ ਆਪਣੇ ਮੁੱਖੋਂ ਗੁਰਬਾਣੀ ਦਾ ਜਾਪ ਕਰ ਰਹੇ ਸਨ, ਇਕ ਰਸ ਹੋ ਕੇ ਬਾਣੀ ਪੜ੍ਹ ਰਹੇ ਸਨ।

***ਨਹਿੰ ਕੁਛ ਪੀੜ ਦੇਹ ਉਨ ਜਾਨੀ॥ ੫੨ ॥*** ਉਹਨਾਂ ਨੇ ਸਰੀਰ ਦੇ ਦੁਖ ਨੂੰ ਨਹੀਂ ਮੰਨਿਆਂ। ਸਾਖੀ ਰੂਪ ਹੋ ਕੇ ਆਪਣੇ ਸਰੀਰ ਦਾ ਬੰਦ-ਬੰਦ ਕਟਵਾਈ ਗਏ। ੫੨।

***ਬਿਦੇਹ ਰੂਪ ਥੋ ਸਿੰਘ ਜੀ ਧਾਰਯੋ॥*** ਬਿਦੇਹੀ ਜਿਵੇਂ ਹੁੰਦੇ ਹਨ, ਜਿਨ੍ਹਾਂ ਨੂੰ ਆਪਣੀ ਦੇਹੀ ਦਾ ਕੋਈ ਵੀ ਅਹਿਸਾਸ ਨਾ ਰਹਿ ਜਾਵੇ ਕਿ ਮੈਨੂੰ ਕੋਈ ਦੁਖ ਹੈ ਜਾਂ ਕੋਈ ਸੁਖ ਹੈ, ਏਸ ਤਰ੍ਹਾਂ ਭਾਈ ਮਨੀ ਸਿੰਘ ਨੇ ਬਿਦੇਹ ਰੂਪ ਧਾਰਨ ਕਰ ਲਿਆ ਹੈ।

***ਮੁਖ ਸੋਂ ਸ਼ਬਦ ਬਿਦੇਹ ਉਚਾਰਯੋ॥*** ਬਿਦੇਹੀਆਂ ਵਾਲਾ ਹੀ ਸ਼ਬਦ ਆਪਣੇ ਮੁਖ ਵਿੱਚੋਂ ਕੱਢਿਆ ਸੀ।

***ਪਾਠ ਸੁਖਮਨੀ ਮੁਖੋਂ ਉਚਰੈ॥*** ਆਪਣੇ ਮੁੱਖੋਂ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਿਆਂ ਇਹ ਤੁਕ ਆਈ ਬਾਣੀ ਦੀ।

***"ਨਹ ਕਿਛੁ ਜਨਮੈ ਨਹ ਕਿਛੁ ਮਰੈ" ॥੫੩ ॥*** ਸੁਖਮਨੀ ਸਾਹਿਬ ਵਿਚ ਪਾਠ ਆਉਂਦਾ ਹੈ ***"ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ"॥*** ਪ੍ਰਮੇਸ਼ਰ ਆਪ ਹੀ ਆਪਣੇ ਕੌਤਕ ਕਰਦਾ ਹੈ, ਨਾ ਕੋਈ ਜੰਮਦਾ ਹੈ ਤੇ ਨਾ ਹੀ ਕੋਈ ਮਰਦਾ ਹੈ। ਬਿਦੇਹੀਆਂ ਦਾ ਇਸ ਤਰ੍ਹਾਂ ਅਭਿਆਸ ਹੁੰਦਾ ਹੈ, ਉਹਨਾਂ ਨੂੰ ਦੇਹ ਨਾਲ ਕੋਈ ਵਾਸਤਾ ਨਹੀਂ ਹੈ, ਕੱਟੀ ਜਾਓ, ਨਾ ਕੱਟੋ, ਸੁਖ ਦਿਓ, ਦੁਖ ਦਿਓ, ਉਸ ਨੂੰ ਕੋਈ ਮਲੂਮ ਨਹੀਂ ਹੁੰਦਾ। ੫੩।

***ਦੋਹਰਾ॥ ਮਰਨ ਸਭਨ ਕੇ ਸੀਸ ਪੈ ਸੁਫਲ ਮਰਨ ਹੈ ਤਾਹਿ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਮਰਨਾ ਤਾਂ ਸਭ ਦੇ ਸਿਰ 'ਤੇ ਹੈ, ਪਰ ਮਰਨਾ ਸਫਲ ਉਸ ਦਾ ਹੈ।

***ਤਨਕ ਬਿਖੈ ਤਨ ਕੋ ਤਜੈ ਪੀਯ ਸੋਂ ਪ੍ਰੀਤ ਬਨਾਹਿ॥ ੫੪ ॥*** ਜਿਨ੍ਹਾਂ ਦੀ ਪ੍ਰੀਤ ਆਪਣੇ ਪਤੀ ਨਾਲ ਬਣੀ ਹੁੰਦੀ ਹੈ, ਸਤਵੰਤੀਆਂ, ਜਦੋਂ ਉਹਨਾਂ ਨੂੰ ਪਤਾ ਲੱਗੇ ਕਿ ਮੇਰਾ ਪਤੀ ਸ਼ਹੀਦ ਹੋ ਗਿਆ ਹੈ, ਉਹ ਇਕ ਮਿੰਟ ਨਹੀਂ ਲਾਉਂਦੇ,

ਉਸੇ ਵੇਲੇ ਸਰੀਰ ਵਿੱਚੋਂ ਭੌਰ ਉਹਨਾਂ ਦਾ ਉੱਡ ਜਾਂਦਾ ਹੈ। ਉਹ ਹੈ ਪ੍ਰੀਤ, ਜੋ ਆਪਣੇ ਪ੍ਰੀਤਮ ਨਾਲ ਪ੍ਰੀਤ ਨਿਭ ਜਾਵੇ। ੫੪।

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥*** ਕਬੀਰ ਸਾਹਿਬ ਜੀ ਕਹਿੰਦੇ ਹਨ, 'ਜਿਸ ਮੌਤ ਤੋਂ ਸਾਰਾ ਜਹਾਨ ਡਰਦਾ ਹੈ, ਮੇਰੇ ਮਨ ਵਿਚ ਤਾਂ ਬੜਾ ਚਾਉ ਹੈ, ਉਸ ਮੌਤ ਲਾੜੀ ਨੂੰ ਵਰਨ ਵਾਸਤੇ'।

***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥ ੨੨॥*** ਕਿਉਂਕਿ ਏਥੋਂ ਤਾਂ ਮਰਨਾ ਹੀ ਪਵੇਗਾ, ਕਿ ਜੋ ਸੰਸਾਰ ਹੈ, ਸੰਸਾਰ ਤੋਂ ਮਰ ਕੇ ਹੀ ਜੋ ਪ੍ਰਮੇਸ਼ਰ ਦਾ ਪਰਮ ਅਨੰਦ ਹੈ, ਜੋ ਮਹਾਨ ਸੁਖ ਹੈ, ਉਹ ਪ੍ਰਾਪਤ ਹੁੰਦਾ ਹੈ, ਜੇ ਸੰਸਾਰੀ ਸਿਲਸਿਲੇ ਨੂੰ ਤਿਆਗ ਕੇ ਚਲੇ ਜਾਈਏ।

***ਦੋਹਰਾ॥ ਮਨਸੂਰ ਮਨਸੂਰ ਇਮ ਜਗ ਭਯੋ ਕੱਟੇ ਹੱਥ ਇਕ ਸੱਟ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਮਨਸੂਰ ਦਾ ਕਿੱਸਾ ਕਿੱਡਾ ਹੈ, ਮਨਸੂਰ ਦਾ ਵੀ ਹੱਥ ਕੱਟਣ ਦਾ ਹੁਕਮ ਦੇ ਦਿੱਤਾ ਸੀ ਇਕ ਹਾਕਮ ਨੇ, ਕਹਿੰਦੇ, ਇਹਦੇ ਦੋਵੇਂ ਹੱਥ ਕੱਟ ਦਿਓ, ਜਲਾਦ ਨੇ ਦੋਵੇਂ ਹੱਥ ਹੇਠਾਂ ਰੱਖ ਕੇ, ਇਕ ਸੱਟ ਨਾਲ, ਇੱਕੋ ਵਾਰ ਨਾਲ ਦੋਵੇਂ ਹੱਥ ਕੱਟ ਦਿੱਤੇ ਸਨ। ਉਹ ਕਿੰਨੀ ਕੁ ਤਕਲੀਫ ਸੀ, ਇਕੋ ਵਾਰ ਨਾਲ ਦੋਵੇਂ ਹੱਥ ਕੱਟੇ ਗਏ, ਫੇਰ ਤਾਂ ਨਹੀਂ ਕਿਸੇ ਨੇ ਹੱਥ ਲਾਇਆ, ਜੇ ਆਪਾਂ ਥੋੜ੍ਹਾ ਜਿਹਾ ਚੀਰ ਕੇ ਫੇਰ ਚੀਰਾ ਦੇਈਏ, ਫੇਰ ਕਿਥੇ ਜਾਂਦੀ ਹੈ ਗੱਲ। ਇਕ ਟੱਕ ਨਾਲ ਦੋਵੇਂ ਹੱਥ ਕੱਟੇ ਸਨ ਮਨਸੂਰ ਦੇ, ਉਹ ਕਿੰਨਾਂ ਮਸ਼ਹੂਰ ਹੋਇਆ ਹੈ, ਸਾਰੇ ਜਹਾਨ ਵਿਚ ਮਨਸੂਰ ਮਨਸੂਰ ਹੋ ਗਿਆ ਸੀ ਇਕ ਵਾਰੀ।

***ਮਨੀ ਸਿੰਘ ਬਹੁ ਸੱਟ ਸਹੀ ਬੰਦ ਬੰਦ ਸੁਟਾਯੋ ਕੱਪ॥ ੫੫॥*** ਭਾਈ ਮਨੀ ਸਿੰਘ ਨੇ ਕਿੰਨੀਆਂ ਸੱਟਾਂ ਸਹੀਆਂ ਇਕ-ਇਕ ਉਂਗਲੀ ਦੇ ਤਿੰਨ-ਤਿੰਨ ਟੋਟੇ ਕੀਤੇ, ਉਨ੍ਹਾਂ ਨੇ ਕਿੱਡਾ ਕਸ਼ਟ ਸਹਿਆ ਹੈ ਬੰਦ-ਬੰਦ ਕਟਵਾ ਸੁੱਟਿਆ ਹੈ। ੫੫।

***ਸੂਲੀ ਰਿਖ ਰਖ ਦੇਹ ਕੋ ਮਧ ਸੂਲੀ ਦੇਹ ਫਿਰਾਇ॥*** ਇਕ ਸੂਲੀ ਰਿਖ ਹੋਇਆ ਹੈ ਉਸਨੇ ਦੇਹ ਨੂੰ ਰੱਖ ਲਿਆ, ਦੇਹ ਨੂੰ ਨਹੀਂ ਬਿਨਸਨ ਦਿੱਤਾ, ਸਰੀਰ 'ਤੇ ਸੂਲੀ ਫਿਰਾ ਲਈ, ਸਰੀਰ ਨੂੰ ਆਪਣੀ ਸ਼ਕਤੀ ਨਾਲ ਰੱਖ ਲਿਆ ਉਸ ਨੇ, ਹਠੀਆ ਤਪੀਆ ਸੀ, ਉਹ ਦੁਨੀਆਂ 'ਤੇ ਮਸ਼ਹੂਰ ਹੋ ਗਿਆ ਸੀ, ਉਹ ਸੂਲੀ ਰਿਖ ਹੋ ਗਿਆ ਸੀ ਸਾਰੀ ਦੁਨੀਆਂ ਵਿਚ।

***ਸੋਈ ਦੇਹ ਇਨ ਨਾਂ ਰਖੀ ਇਮ ਮਨੀ ਸਿੰਘ ਅਧਿਕਾਇ॥੫੬॥*** ਸੂਲੀ ਰਿਖੀ ਤੋਂ ਭਾਈ ਮਨੀ ਸਿੰਘ ਇਸ ਤਰ੍ਹਾਂ ਵੱਧ ਹੈ, ਇਹਨਾਂ ਨੇ ਦੇਹ ਵੀ ਨਹੀਂ ਰੱਖੀ ਅਤੇ ਬੰਦ-ਬੰਦ ਕਟਵਾ ਦਿੱਤੇ ਪ੍ਰਵਾਹ ਨਹੀਂ ਸਮਝੀ। ੫੬।

***ਚੌਪਈ॥ ਸੀਸ ਭਯੋ ਤਬ ਧੜ ਤੇ ਦੂਰ॥*** ਜਦੋਂ ਧੜ ਤੋਂ ਸੀਸ ਅਲਹਿਦਾ ਹੋ ਗਿਆ।

***ਰਹੀ ਸਿਖੀ ਸਿੰਘ ਸਾਬਤ ਸੂਰ॥*** ਇਸ ਸੂਰਬੀਰ ਸਿੰਘ ਦੀ ਸਿੱਖੀ ਸਾਬਤ ਨਿਭ ਗਈ ਹੈ। ਡੁਲਾਅ ਨਹੀਂ ਸਕਿਆ ਕੋਈ, ਬੰਦ-ਬੰਦ ਪਹਿਲਾਂ ਅਲੱਗ ਹੋ ਗਏ ਨੇ ਅਤੇ ਧੜ ਤੋਂ ਸੀਸ ਵੀ ਅਲੱਗ ਹੋ ਗਿਆ ਹੈ, ਸੰਪੂਰਨ ਹੋ ਗਈ ਹੈ ਸ਼ਹੀਦੀ, ਹੁਣ ਕੀ ਖ਼ਤਰਾ ਹੈ, ਭਾਈ ਰਤਨ ਸਿੰਘ ਜੀ ਕਹਿੰਦੇ ਕਿ ਭਾਈ ਮਨੀ ਸਿੰਘ ਦੀ ਸੰਪੂਰਨ ਸ਼ਹੀਦੀ ਹੋਈ।

***ਹੈ ਹੈ ਕਾਰ ਜਗਤ ਮੈਂ ਭਯੋ॥*** ਸਾਰੇ ਜਗਤ ਵਿਚ ਹਾਹਾਕਾਰ ਮੱਚ ਗਿਆ ਹੈ, ਭਾਈ ਮਨੀ ਸਿੰਘ ਜੀ ਦਾ ਐਡਾ ਪ੍ਰੇਮ ਸੀ ਸੰਗਤ ਵਿਚ, ਮੁਸਲਮਾਨ ਫਕੀਰ ਵੀ ਭਾਈ ਮਨੀ ਸਿੰਘ ਦੀ ਸੰਗਤ ਕਰਦੇ ਸਨ, ਉਹ ਵੀ ਉਹਨਾਂ ਦੇ ਕੋਲ ਟੋਲਿਆਂ ਦੇ ਟੋਲੇ ਬੈਠੇ ਹੁੰਦੇ, ਭਾਈ ਮਨੀ ਸਿੰਘ ਜੀ ਦਾ ਬੜਾ ਹੀ ਦੁਖ ਮਨਾਇਆ ਹੈ ਦੁਨੀਆਂ ਨੇ, ਸਭ ਸੰਸਾਰ ਹਿੰਦੂ ਮੁਸਲਮਾਨ ਸਿੱਖਾਂ ਸਮੇਤ ਬੜੀ ਹੀ ਹਾਹਾਕਾਰ ਹੋ ਗਈ। ਇਹ ਕੀ ਜ਼ੁਲਮ ਕੀਤਾ ਇਹਨਾਂ ਪਾਪੀਆਂ ਨੇ, ਐਸੇ ਧਰਮੀ ਬੰਦੇ ਨੂੰ ਸ਼ਹੀਦ ਕਰ ਦੇਣਾ ਕਿਥੇ ਲਿਖਿਆ ਹੈ, ਖ਼ੁਦਾ ਨੂੰ ਕੀ ਜਵਾਬ ਦੇਣਗੇ!

***ਜੈ ਜੈਕਾਰ ਸਿਖਨ ਮਨ ਠਯੋ॥ ੫੭॥*** ਗੁਰਸਿੱਖ ਨੇ ਕੇਸਾਂ-ਸੁਆਸਾਂ ਨਾਲ ਨਿਭਾਈ ਹੈ ਸਿੱਖੀ, ਉਹਨਾਂ ਗੁਰਸਿੱਖਾਂ ਨੂੰ ਇਹ ਸੁਣ ਕੇ, ਜੈ-ਜੈਕਾਰ ਹੋਈ, ਅਨੰਦ ਛਾ ਗਿਆ ਹੈ। ੫੭।

***ਸਾਬਤ ਸਿਖੀ ਸਿਖ ਕੀ ਰਹੀ॥*** ਸਿੱਖ ਦੀ ਪੂਰੀ ਸਿੱਖੀ ਨਿਭੀ।

***ਸ੍ਰਾਪ ਸਿੱਖਨ ਕੋ ਤੌ ਭਯੋ ਸਹੀ॥*** ਅਤੇ ਗੁਰਸਿੱਖਾਂ ਨੇ ਜੋ ਸਰਾਪ ਦਿੱਤਾ ਸੀ ਕਿ ਭਾਈ ਮਨੀ ਸਿੰਘ ਦਾ ਬੰਦ-ਬੰਦ ਹੋ ਜਾਵੇ, ਉਹ ਵੀ ਸਹੀ ਹੋ ਗਿਆ, ਸਤਿਗੁਰਾਂ ਦੇ ਪੰਥ ਦੀ ਗੁਰਸਿੱਖੀ, ਗੁਰ ਸੰਗਤ ਦੀ ਪੂਰੀ ਨਿਭੀ ਹੈ, ਗੁਰਸਿੱਖ ਦੀ ਸੁਆਸਾਂ ਨਾਲ ਸਿੱਖੀ ਨਿਭੀ ਹੈ।

***ਭਯੋ ਸ਼ਹੀਦਨ ਮੈਂ ਸਰਦਾਰ॥*** ਭਾਈ ਮਨੀ ਸਿੰਘ ਜੀ ਸ਼ਹੀਦਾਂ ਵਿਚ ਜਾ ਕੇ, ਸ਼ਹੀਦਾਂ ਦੇ ਸਰਦਾਰ ਹੋਏ ਹਨ।

***ਸ਼ਾਹਿਬਜ਼ਾਦਨ ਢਿਗ ਡਿਊਢੀਦਾਰ॥ ੫੮॥*** ਸ਼ਾਹਬਜ਼ਾਦਿਆਂ ਕੋਲ ਉਹਨਾਂ ਦੇ ਡਿਉਢੀਦਾਰ ਹੋ ਗਏ (ਡਿਊਢੀਦਾਰ) ਮੁਖ ਦਰਵਾਜ਼ੇ ਦੇ ਪਹਿਰੇਦਾਰ ਹੋ ਗਏ ਭਾਈ ਮਨੀ ਸਿੰਘ ਜੀ ਦਰਗਾਹ ਵਿਚ। ੫੮।

***ਮਨੀ ਸਿੰਘ ਯੌ ਸਾਕੋ ਕੀਓ॥*** ਇਉਂ ਭਾਈ ਮਨੀ ਸਿੰਘ ਜੀ ਨੇ ਸ਼ਹੀਦੀ ਸਾਕਾ ਕੀਤਾ ਲਹੌਰ ਵਿਚ।

***ਸਹੀ ਸਤਾਰਾਂ ਸੈ ਚੁਰਾਨਵਯੋ॥*** ਸਤਾਰ੍ਹਾਂ ਸੋ ਚੌਰਾਨਵੇਂ (੧੭੯੪) ਸੀ, ਉਸ ਮੌਕੇ, ਜਦੋਂ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਹੋਈ।

***ਰਤਨ ਸਿੰਘ ਸੁਨ ਸਾਖੀ ਲਿਖੀ॥*** ਭਾਈ ਰਤਨ ਸਿੰਘ ਕਹਿੰਦੇ ਹਨ ਕਿ ਅਸੀਂ ਸੁਣ ਕੇ ਸਾਖੀ ਲਿਖੀ ਹੈ।

***ਪਿਤਾ ਹਮਾਰੇ ਕਹੀ ਸੀ ਪਿਖੀ॥ ੫੯॥*** ਮੇਰੇ ਪਿਤਾ ਰਾਇ ਸਿੰਘ ਨੇ ਆਪ ਵੇਖੀ ਸੀ, ਉਹਨਾਂ ਦੇ ਸਾਮ੍ਹਣੇ ਸ਼ਹੀਦੀ ਹੋਈ ਸੀ, ਭਾਈ ਰਾਇ ਸਿੰਘ ਮਤਾਬ ਸਿੰਘ ਦੇ ਪੁੱਤਰ ਸਨ, ਇਹ ਦੋਹਤਰੇ ਸੀ ਭਾਈ ਸ਼ਾਮ ਸਿੰਘ ਮਿਸਲ ਕਰੋੜੀਆਂ ਦੇ, ਸਾਰਾ ਘਰਾਣਾ ਹੀ ਗੁਰਸਿੱਖਾਂ ਦਾ ਸੀ, ਵੱਡੇ ਸ਼ਹੀਦਾਂ, ਜੋਧਿਆਂ ਦਾ ਘਰਾਣਾ ਸੀ। ਭਾਈ ਰਤਨ ਸਿੰਘ ਕਹਿੰਦੇ ਹਨ ਕਿ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਮੇਰੇ ਪਿਤਾ ਨੇ ਆਪ ਅੱਖੀਂ ਵੇਖੀ ਹੈ, ਉਨ੍ਹਾਂ ਦੇ ਕਹੇ ਤੋਂ ਲਿਖੀ ਹੈ, ਓਹਨਾਂ ਨੇ ਮੈਨੂੰ ਸੁਣਾਈ ਸਾਖੀ ਇਉਂ ਵਾਪਰੀ ਸੀ। ੫੯।

## ਉਸ ਵਕਤ ਕੇ ਭੱਟ ਕੋ ਵਾਕ

## (ਭਾਈ ਮਨੀ ਸਿੰਘ ਦੀ ਮਹਿਮਾ ਭਟ ਦੀ ਜ਼ਬਾਨੀ)

***ਕਬਿਤ॥ ਸਿੱਖਨ ਮੈਂ ਸਿੱਖ ਊਚੋ ਭਗਤਨ ਮੈਂ ਭਗਤ ਮੂਚੌ,***
***ਸਿੱਖੀ ਕੀ ਨਿਆਈ ਕਹੀਏ ਭਾਈ ਮਨੀ ਸਿੰਘ ਜੀ॥*** ਗੁਰਸਿੱਖਾਂ ਵਿੱਚੋਂ ਵੱਡਾ ਗੁਰਸਿੱਖ ਹੋਇਆ ਹੈ ਭਾਈ ਮਨੀ ਸਿੰਘ, ਭਗਤਾਂ ਵਿੱਚੋਂ ਸਭ ਤੋਂ ਵੱਡਾ ਭਗਤ ਹੋਇਆ ਹੈ, ਸਿੱਖੀ ਦੀ ਅਖੀਰ ਅਗਰ ਕਹੀਏ, ਤਾਂ ਭਾਈ ਮਨੀ ਸਿੰਘ ਹਨ।

***ਜਗਤ ਮੈ ਜੈਕਾਰ ਭਯੋ ਧਰਮ ਅਰਥ ਦੇਹ ਦਯੋ,***
***ਸਿਦਕ ਸੋ ਕਟਾਯੋ ਹੀਯ ਨ ਮਾਨੀ ਕਛੂ ਸੰਕ ਜੀ॥*** ਜਿਨ੍ਹਾਂ ਦੀ ਜਗਤ ਵਿਚ ਜੈ-ਜੈਕਾਰ ਹੋਈ ਹੈ ਤੇ ਧਰਮ ਅਰਥ ਦੇਹ ਲਾਈ ਹੈ, ਧਰਮ ਦੇ ਵਾਸਤੇ ਸ਼ਹੀਦੀ ਸਾਕਾ ਵਰਤਾਇਆ ਹੈ, ਹਿਰਦੇ ਵਿਚ ਸਿਦਕ ਧਾਰ ਕੇ ਦੇਹ ਕਟਾਈ ਹੈ, ਬੰਦ-ਬੰਦ ਕਟਵਾ ਲਿਆ ਹੈ, ਕੋਈ ਸ਼ੰਕਾ ਨਹੀਂ ਮੰਨੀ ਹੈ।

***ਸਿਖ ਸੋ ਪ੍ਰਸੰਨ ਭਏ ਦੁਸ਼ਟ ਸਭ ਭ੍ਰਿਸ਼ਟ ਭਏ,***
***ਗਿਆਨ ਕੀ ਖੜਗ ਸੋ ਸੋ ਮਾਰੇ ਚੌਰੰਗ ਜੀ॥*** ਗੁਰਸਿੱਖਾਂ ਦੇ ਮਨ ਵਿਚ ਬੜੀ ਪ੍ਰਸੰਨਤਾ ਹੋਈ ਹੈ, ਦੁਸ਼ਟ ਤਾਂ ਜਮਾਂ ਹੀ ਭ੍ਰਿਸ਼ਟ ਹੋ ਗਏ ਹਨ, ਬਹੁਤ ਹੀ ਗੰਦੇ ਹੋ ਗਏ ਹਨ, ਉਹਨਾਂ ਮੂੰਹ ਕਾਲੇ ਕਰਵਾ ਲਏ ਦਰਗਾਹ ਵਿਚ। ਇਹ ਜੋ ਚਾਰ ਯਾਰੀ ਵਾਲੇ ਤੁਰਕ ਨੇ, ਗਿਆਨ ਰੂਪੀ ਤਲਵਾਰ ਚਲਾ ਕੇ ਉਹਨਾਂ ਉਤੇ ਸਭ ਖ਼ਤਮ ਕਰ ਦਿੱਤੇ।

***ਗੁਰ ਸਿਖ ਕਹਾਵੈ ਜੋਊ ਕਰਨੀ ਯਹਿ ਕਮਾਵੈ ਸੋਊ,***
***ਮਨੀ ਸਿੰਘ ਤੁੱਲ ਭਯੋ ਕੋ ਰਾਣਾ ਔ ਨ ਰੰਕ ਜੀ॥ ੧॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, 'ਜੇ ਗੁਰਸਿੱਖ ਕਹਾਉਣ ਦੀ ਕੋਈ ਹਿੰਮਤ ਰੱਖਦਾ ਹੈ, ਤਾਂ ਐਸੀਆਂ ਕਰਨੀਆਂ ਕਮਾ ਕੇ ਦਿਖਾਓ, ਐਸੇ ਕਾਰਨ ਕਰਕੇ ਵਿਖਾਓ, ਗੁਰਸਿੱਖ ਮਨੀ ਸਿੰਘ ਦੇ ਬਰਾਬਰ ਦਾ ਕੋਈ ਹੋਇਆ ਹੀ ਨਹੀਂ, ਨਾ ਰਾਜਾ, ਨਾ ਕੰਗਾਲ, ਭਾਵ ਵੱਡੇ ਸਿੱਖ ਤੋਂ ਲੈ ਕੇ ਛੋਟੇ

ਸਿੱਖ ਤਾਈਂ ਕਿਸੇ ਨੇ ਵੀ ਭਾਈ ਮਨੀ ਸਿੰਘ ਦੀ ਬਰਾਬਰੀ ਨਹੀਂ ਕੀਤੀ। ਐਡੀ ਵੱਡੀ ਸ਼ਹੀਦੀ ਪਾਈ ਹੈ, ਵੱਡਾ ਸਾਕਾ ਕਰ ਦਿਖਇਆ ਹੈ। ੧।

***ਦੋਹਰਾ॥ ਮਨੀ ਸਿੰਘ ਮਰਨ ਮਾਂਡਿਓ ਸਿੱਖਨ ਸ੍ਰਾਪ ਪਛਾਨ॥*** ਭਾਈ ਮਨੀ ਸਿੰਘ ਜੀ ਨੇ ਮਰਨਾ ਮੰਡ ਲਿਆ ਸੀ ਕਿ ਸ਼ਹੀਦ ਹੋਣਾ ਹੀ ਹੋਣਾ ਹੈ, ਕਿਉਂਕਿ ਗੁਰਸਿੱਖਾਂ ਦਾ ਬਚਨ ਹੋ ਗਿਆ ਸੀ।

***ਚੌਕ ਨਿਕਾਸ ਲਹੌਰ ਮੈਂ ਚਲਯੋ ਬਜਾਇ ਨਿਸ਼ਾਨ॥ ੨॥*** ਲਹੌਰ ਦੇ ਵਿਚ ਜੋ ਨਿਖਾਸ ਚੌਕ ਹੈ, ਓਥੋਂ ਭਾਈ ਮਨੀ ਸਿੰਘ ਜੀ (ਨਿਸ਼ਾਨ) ਨਗਾਰਾ ਵਜਾ ਕੇ ਚੜ੍ਹਿਆ ਹੈ, ਭਾਈ ਮਨੀ ਸਿੰਘ ਜਦੋਂ ਇਥੋਂ ਚੜ੍ਹਦੇ ਨੇ, ਉਦੋਂ ਸ਼ਹੀਦ ਸਿੰਘ ਉੱਡਣੇ ਘੋੜੇ ਲਿਆਏ ਨੇ, ਪਾਲਕੀਆਂ ਲਿਆਏ ਹਨ, ਨਗਾਰੇ ਨਿਸ਼ਾਨ ਲਿਆਏ ਹਨ, ਇਉਂ ਵਜਾਉਂਦੇ ਹੋਏ, ਗੁਰਬਾਣੀ ਦਾ ਜਾਪ ਕਰਦੇ ਹੋਏ ਦਰਗਾਹ ਵਿਚ ਗਏ ਹਨ। ੨।

***ਦੋਹਰਾ॥ ਮਨੀ ਸਿੰਘ ਕੇ ਸਾਥ ਜੋ ਫੜੇ ਸਿੰਘ ਥੇ ਔਰ॥*** ਭਾਈ ਮਨੀ ਸਿੰਘ ਦੇ ਨਾਲ ਜਿਹੜੇ ਹੋਰ ਸਿੰਘ ਗ੍ਰਿਫ਼ਤਾਰ ਕੀਤੇ ਸਨ।

***ਮਾਰੇ ਚਰਖ ਚੜ੍ਹਾਇਕੈ ਚੌਂਕ ਨਿਕਾਸ ਲਹੌਰ॥ ੩॥*** ਖਾਸ ਚੌਂਕ ਨਿਖਾਸ ਚੌਂਕ ਦੇ ਵਿਚ ਚਰਖੜੀ 'ਤੇ ਚੜ੍ਹਾ-ਚੜ੍ਹਾ ਕੇ ਸ਼ਹੀਦ ਕੀਤੇ। ੩।

# ਸਾਖੀ ਨਾਦਰ ਸ਼ਾਹ ਕੀ

## (ਨਾਦਰ ਸ਼ਾਹ ਦਾ ਹੱਲਾ ਤੇ ਦਿੱਲੀ ਦੀ ਲੁੱਟ)

***ਦੋਹਰਾ॥ ਸੱਤਰੇ ਸੈ ਪਚਾਨਵੇ ਖਾਨ ਬਹਾਦਰ ਨਬਾਬ॥*** ਸਤਾਰਾਂ ਸੌ ਪਚਾਨਵੇਂ(੧੭੯੫) ਸੰਮਤ ਬਿਕ੍ਰਮੀ ਵਿਚ ਅਸਮੁੰਦ ਖ਼ਾਂ ਮਰ ਗਿਆ ਹੈ, ਉਸ ਦੀ ਜਗ੍ਹਾ ਲਹੌਰ ਦੀ ਸੂਬੇਦਾਰੀ ਖ਼ਾਨ ਬਹਾਦਰ ਨੂੰ ਮਿਲੀ ਹੈ, ਜਿਸ ਨੇ ਬਹੁਤ ਸਮਾਂ ਲਹੌਰ ਦੇ ਉੱਤੇ ਹਕੂਮਤ ਕੀਤੀ ਹੈ।

***ਉਨ ਬਹੁ ਦੁਖ ਸਿੰਘਨ ਦਯੋ, ਪਾਪੀ ਬਡੋ ਖਰਾਬ॥ ੧॥*** ਬੜਾ ਭਾਰੀ ਪਾਪੀ ਅਪਰਾਧੀ ਸੀ ਇਹ, ਖਰਾਬ ਸੀ ਮਤਿ ਦਾ, ਬਹੁਤਾ ਹੀ ਸਿੰਘਾਂ ਨਾਲ ਵੈਰ ਕਰਨ ਵਾਲਾ, ਉਸ ਨੇ ਸਿੰਘਾਂ ਨੂੰ ਖ਼ਤਮ ਕਰਨ ਵਾਸਤੇ ਬੜੇ ਹੀ ਦੁੱਖ ਦਿੱਤੇ ਹਨ। ੧।

***ਮਨੀ ਸਿੰਘ ਜਬ ਮਾਰਿਓ ਬੰਦ ਬੰਦ ਤਿਸੈ ਕਟਾਇ॥*** ਜਦੋਂ ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ, ਉਸ ਦੇ ਬੰਦ ਬੰਦ ਕਟਵਾ ਕੇ।

***ਔਰ ਸਿੰਘ ਥੇ ਜੋ ਮਰੇ ਕੋ ਸਭ ਸਕੈ ਗਿਨਾਇ॥ ੨॥*** ਹੋਰ ਸਿੰਘ ਵੀ ਜੋ ਨਾਮੀ-ਗ੍ਰਾਮੀ ਸ਼ਹੀਦ ਹੋਏ ਹਨ, ਉਹਨਾਂ ਦਾ ਇਤਹਾਸ ਲਿਖਿਆ ਗਿਆ, ਸਾਖੀਆਂ ਲਿਖੀਆਂ ਗਈਆਂ, ਹੋਰ ਜਿਹੜੇ ਇਸ ਸਮੇਂ ਵਿਚ ਪਿੰਡਾਂ ਦੇ ਪਿੰਡ ਸ਼ਹੀਦ ਹੋ ਗਏ, ਉਹਨਾਂ ਨੂੰ ਕੌਣ ਲਿਖਾਵੇ? ਉਹਨਾਂ ਦੇ ਨਾਮ ਕੌਣ ਦੱਸੇਗਾ? ਜੋ ਅਣਗਿਣਤ ਸ਼ਹੀਦ ਹੋਏ ਹਨ, ਉਹਨਾਂ ਦੀ ਗਿਣਤੀ ਕੌਣ ਦੱਸੇਗਾ। ੨।

***ਚੌਪਈ॥ ਕਈ ਚਰਖ ਕਈ ਫਾਂਸੀ ਮਾਰੇ॥*** ਗਿਣਤੀ ਤੋਂ ਬਾਹਰ ਚਰਖੜੀਆਂ ਬੀੜੀਆਂ ਹੁੰਦੀਆਂ ਸਨ, ਚਰਖੜੀਆਂ 'ਤੇ ਚੜ੍ਹਾ ਚੜ੍ਹਾ ਕੇ ਸ਼ਹੀਦ ਕੀਤਾ ਜਾਂਦਾ ਸੀ, ਬਹੁਤ ਸਾਰੇ ਸਿੰਘਾਂ ਨੂੰ ਫਾਂਸੀ 'ਤੇ ਲਟਕਾ ਕੇ ਸ਼ਹੀਦ ਕੀਤਾ ਗਿਆ।

***ਕਈ ਤੋਪਨ ਕਈ ਛੁਰੀ ਕਟਾਰੇ॥*** ਕਈ ਤੋਪਾਂ ਅੱਗੇ ਖੜ੍ਹੇ ਕਰ ਉਡਾਏ ਗਏ, ਕਈ ਛੁਰੀਆਂ ਨਾਲ ਜਿਬਹ ਕੀਤੇ ਗਏ, ਜਿਨ੍ਹਾਂ ਨੂੰ ਸਾਹ ਰਗ ਵੱਢ ਕੇ ਤੜਫਦੇ ਛੱਡ ਦੇਣਾ, ਇਉਂ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ। ਬਹੁਤ ਸਾਰਿਆਂ ਦੇ ਢਿੱਡਾਂ ਵਿਚ ਕਟਾਰਾਂ ਮਾਰ-ਮਾਰ ਕੇ ਸ਼ਹੀਦ ਕੀਤਾ ਗਿਆ।

**ਕਈਅਨ ਕੈ ਸਿਰ ਮੁੰਗਲੀ ਕੁੱਟੇ॥** ਕਈਆਂ ਸਿੰਘਾਂ ਦੇ ਸਿਰ ਵਿਚ ਮੂੰਗਲੀਆਂ ਮਾਰ-ਮਾਰ ਕੇ ਕੁੱਟ-ਕੁੱਟ ਕੇ ਸ਼ਹੀਦ ਕੀਤਾ ਗਿਆ।

**ਕਈ ਡੋਬੇ ਕਈ ਘਸੀਟ ਸੁ ਸੁੱਟੇ॥ ੩॥** ਕਈ ਸਿੰਘਾਂ ਨੂੰ ਪਾਣੀ ਵਿੱਚ ਡੋਬ-ਡੋਬ ਕੇ ਸ਼ਹੀਦ ਕੀਤਾ, ਕਈ ਸਿੰਘ ਘੋੜਿਆਂ ਦੇ ਮਗਰ ਪਾ ਕੇ ਘਸੀਟ-ਘਸੀਟ ਕੇ ਸ਼ਹੀਦ ਕਰ ਸੁੱਟੇ ਹਨ। ੩।

**ਦੱਬੇ, ਟੰਗੇ ਬੰਦੂਖਨ ਦਏ ਮਾਰ॥** ਬਹੁਤ ਸਾਰੇ ਸਿੰਘਾਂ ਨੂੰ ਜਿਉਂਦਿਆਂ ਨੂੰ ਧਰਤੀ ਵਿਚ ਦੱਬ ਦਿੱਤਾ ਗਿਆ, ਬਹੁਤ ਸਾਰੇ ਗੋਲੀਆਂ ਮਾਰ-ਮਾਰ ਕੇ ਸ਼ਹੀਦ ਕਰ ਦਿੱਤੇ ਗਏ, ਕਈਆਂ ਨੂੰ ਉਂਝ ਹੀ ਦਰਖਤਾਂ ਨਾਲ ਲਟਕਾ ਕੇ ਮਾਰ ਦਿੱਤਾ।

**ਕੌਨ ਗਨੈ ਜੇ ਮਾਰੇ ਹਜ਼ਾਰ॥** ਜੋ ਹਜ਼ਾਰਾਂ ਦੀ ਗਿਣਤੀ ਵਿਚ ਹੀ ਸਿੰਘ ਸ਼ਹੀਦ ਕੀਤੇ ਗਏ ਹਨ, ਉਹਨਾਂ ਦੀ ਕੌਣ ਗਿਣਤੀ ਕਰ ਸਕਦਾ ਹੈ।

**ਪਾਂਤ ਪਾਂਤ ਕਈ ਪਕੜ ਬਹਾਏ॥** ਕਈਆਂ ਨੂੰ ਡੂੰਘੀ ਖਾਈ ਪੁੱਟ ਕੇ ਉਸ ਦੇ ਕਿਨਾਰੇ ਉਤੇ ਦੋਵੇਂ ਪਾਸੀਂ ਪੰਗਤਾਂ ਲਾ ਕੇ ਬਿਠਾ ਕੇ।

**ਸਾਥ ਤੇਗਨ ਕੇ ਸੀਸ ਉਡਾਏ॥੪॥** ਤੇਗਾਂ ਦੇ ਨਾਲ ਜਿਨ੍ਹਾਂ ਦੇ ਸੀਸ ਉਡਾਏ ਗਏ ਹਨ, ਕਤਲ ਕੀਤੇ ਗਏ ਹਨ, ਜਿਹੜੇ ਗੱਭਰੂ ਤੁਰਕ ਸਨ, ਇਕੇ ਸਾਹ ਵਿਚ ਕਿੰਨੇ ਸਿਰ ਝਟਕਾ ਦੇਣੇ, ਇਉਂ ਪ੍ਰੀਖਿਆ ਕਰਦੇ ਸਨ, ਅਭਿਆਸ ਕਰਦੇ ਸਨ, ਸਿੰਘਾਂ ਨੂੰ ਪਾਂਤ-ਪਾਂਤ ਝਟਕਾਈ ਤੁਰੇ ਆਉਣਾ, ਇਉਂ ਸੌ, ਪੰਜਾਹ, ਕਿੰਨੇ ਇੱਕੋ ਸਾਹ ਵਿਚ ਜਿੰਨਾਂ ਚਿਰ ਦਮ ਨਾ ਚੜ੍ਹੇ ਕਿੰਨੇ ਝਟਕਾ ਸਕਦਾ ਹੈ, ਇਉਂ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ। ੪।

**ਕਿਸੇ ਹੱਥ ਕਿਸੈ ਟੰਗ ਕਟਵਾਇ॥** ਕਿਸੇ ਸਿੰਘ ਦੇ ਹੱਥ ਕੱਟ ਦਿੱਤੇ ਗਏ ਹਨ, ਕਿਸੇ ਦੀਆਂ ਲੱਤਾਂ ਕਟਵਾ ਦਿਤੀਆਂ ਗਈਆਂ, ਹੁਣ ਕੌਣ ਸਾਂਭੇ ਜਿਹਦੀਆਂ ਲੱਤਾਂ ਤੇ ਹੱਥ ਵੱਢ ਦਿੱਤੇ ਗਏ।

**ਅੱਖ ਕੱਢ ਕਿਸੈ ਖਲ ਕਢਵਾਇ॥** ਕਿਸੇ ਦੀਆਂ ਅੱਖਾਂ ਕੱਢ ਦਿੱਤੀਆਂ ਹਨ, ਭਾਈ ਮਨੀ ਸਿੰਘ ਦੇ ਦੋ ਭਰਾ ਨਾਲ ਸ਼ਹੀਦ ਕਰ ਦਿੱਤੇ ਗਏ, ਭੂਪ ਸਿੰਘ ਦੀ ਖੱਲ ਉਤਾਰੀ ਗਈ, ਗੁਲਜ਼ਾਰ ਸਿੰਘ ਦੀਆਂ ਅੱਖਾਂ ਕੱਢੀਆਂ ਗਈਆਂ, ਇਸ ਤਰ੍ਹਾਂ ਸ਼ਹੀਦੀਆਂ ਹੋਈਆਂ ਭਾਈ ਮਨੀ ਸਿੰਘ ਤੋਂ ਬਾਅਦ।

**ਕੇਸਨ ਵਾਲੋ ਜੋ ਨਰ ਹੋਈ॥** ਸਪਸ਼ਟ ਹੋ ਗਿਆ ਕਿ ਕੇਸਾਂ ਵਾਲਾ ਕੋਈ ਵੀ ਮਨੁੱਖ ਹੈ, ਜਿਸ ਦੇ ਸਿਰ 'ਤੇ ਕੇਸ ਰੱਖੇ ਹੋਏ ਨੇ।

**ਬਾਲ ਬਿਰਧ ਲਭ ਛੱਡੈ ਨ ਕੋਈ॥ ੫॥** ਕੋਈ ਸਿੰਘ ਬੱਚਾ ਹੋਵੇ ਜਾਂ ਬੁੱਢਾ ਹੋਵੇ, ਕਿਸੇ ਨੂੰ ਨਹੀਂ ਛੱਡਿਆ ਹੈ, ਇਉਂ ਵੈਰ ਪੈ ਗਈ ਹੈ ਦੁਨੀਆਂ। ੫।

**ਦੋਹਰਾ॥ ਸਿੰਘਨ ਕੈ ਉਨ ਅਕ ਪਕੈ ਬਿਚ ਮਾਰਯੋ ਹਕੀਕਤ ਰਾਇ॥** ਜਦੋਂ ਸਿੰਘਾਂ ਦੇ ਇਨਾਮ ਰੱਖ ਦਿੱਤੇ, ਤਾਂ ਪੱਤਾ-ਪੱਤਾ ਸਿੰਘਾਂ ਦਾ ਵੈਰੀ ਹੋ ਗਿਆ ਹੈ, ਸਿੰਘਾਂ ਦੇ ਭੁਲੇਖੇ ਵਿਚ, ਬਹੁਤ ਸਾਰੇ ਲੜਕੀਆਂ ਦੇ ਸੀਸ ਕੱਟ ਕੇ ਉਹ ਪੇਸ਼ ਕੀਤੇ ਗਏ, ਆਹ ਦੇਖੋ ਜੀ! ਇਹ ਬੱਚਾ ਸੀ ਅਜੇ, ਇਹ ਸਿੰਘ ਅਜੇ ਛੋਟੀ ਉਮਰ ਦਾ ਸੀ, ਉਹ ਇਨਾਮ ਲੈਣ ਦੇ ਮਾਰੇ ਸਿੰਘਾਂ ਨੂੰ ਇਉਂ ਝਟਕਾਉਂਦੇ ਰਹੇ, ਸ਼ਹੀਦ ਕਰਾਉਂਦੇ ਰਹੇ। ਸਿੰਘਾਂ ਦੇ (ਅਕਪਕੈ) ਭੁਲੇਖੇ ਵਿਚ ਹਕੀਕਤ ਰਾਇ ਨੂੰ ਸ਼ਹੀਦ ਕਰ ਦਿੱਤਾ ਗਿਆ।

**ਜੈਸੇ ਬਨੀਓਂ ਮਾਸ ਹਿਤ, ਖਾਵਤ ਰੋੜ ਬਨਾਇ॥ ੬॥** ਪ੍ਰਮਾਣ ਦਿੱਤਾ ਹੈ, ਜਿਵੇਂ ਕੋਈ ਬਾਣੀਆਂ ਵੈਸ਼ਨੂੰ ਸੀ, ਮਾਸ ਨਹੀਂ ਸੀ ਖਾਂਦਾ, ਪਰ ਉਹ ਮਾਸ ਦਾ ਸੁਆਦ ਚੱਖਣਾ ਚਾਹੁੰਦਾ ਸੀ, ਉਸ ਨੇ ਰੋੜਾਂ ਨੂੰ ਧੋ ਕੇ, ਚੰਗੇ ਮਸਾਲੇ ਪਾਕੇ, ਰਾੜ੍ਹਾ ਲਾ ਕੇ, ਵਿੱਚ ਰੋੜਾਂ ਨੂੰ ਪਾ ਕੇ, ਤਰੀ ਜਿਹੀ ਬਣਾ ਕੇ ਮਾਸ ਦਾ ਸੁਆਦ ਲੈਣਾ ਚਾਹੁੰਦੇ ਹਨ। ਉਹ ਰੋੜਾਂ ਨੂੰ ਇਉਂ ਚੂਸਦਾ ਹੈ, ਜਿਵੇਂ ਸੰਖੀ ਚੂਸੀ ਦੀ ਹੈ। ਜਿਵੇਂ ਉਹ ਝਟਕੇ ਨਾਲੋਂ ਲਹਿੰਦਾ ਹੈ, ਪਰ ਰਸ ਉਹ ਲੈਂਦੇ ਨੇ ਕਿ ਆਹ ਤਾਂ ਬਹੁਤ ਸੁਆਦ ਬਣਿਆ ਹੈ। ੬।

**ਚੌਪਈ॥ ਜਬੈ ਖਾਲਸੇ ਬਹੁ ਦੁਖ ਦਯੋ॥** ਜਦੋਂ ਖਾਲਸੇ ਪੰਥ ਨੂੰ ਬਹੁਤਾ ਦੁਖ ਦਿੱਤਾ ਗਿਆ, ਖ਼ਾਨ ਬਹਾਦਰ ਨੇ ਬਹੁਤੀ ਅੱਤ ਚੁੱਕ ਲਈ।

**ਚਾਰ ਕੁੰਟ ਮੈਂ ਸ਼ੋਰ ਸੁ ਭਯੋ॥** ਚੌਹਾਂ-ਕੂਟਾਂ ਵਿਚ ਬਾਹਰਲੇ ਸੂਬਿਆਂ ਵਿਚ ਵੀ ਐਲਾਨ ਕਰ ਦਿੱਤਾ, ਜੋ ਕੋਈ ਸਿੱਖ ਕੇਸਾਧਾਰੀ ਸਾਡੇ ਪੇਸ਼ ਕਰੇ, ਉਹ ਸਾਡੇ ਕੋਲੋਂ ਇਨਾਮ ਲਵੇ, ਸਿੰਘਾਂ ਦੇ ਕੇਸ ਲਾਹ ਲਿਆਵੇ ਜਿਹੜਾ ਕੋਈ, ਉਹ ਵੀ ਇਨਾਮ ਲਵੇ। ਇਸ ਤਰ੍ਹਾਂ ਚਾਰੋਂ ਦਿਸ਼ਾਵਾਂ ਵਿਚ ਰੌਲਾ ਪੈ ਗਿਆ।

**ਸੋਊ ਸ਼ੋਰ ਸੁਨਯੋ ਉਇ ਥਾਹਿ॥** ਉਹ ਰੌਲਾ ਉਸ ਥਾਂ 'ਤੇ ਸੁਣਿਆ ਹੈ।

**ਹੁਤੀ ਅਦਾਲਤ ਜਹਿਂ ਦਰਗਾਹਿ॥ ੭॥** ਜਿਹੜੀ ਦਰਗਾਹ ਵਿਚ ਅਦਾਲਤ ਹੈ, ਜਿਥੇ ਪ੍ਰਮੇਸ਼ਰ ਦੀ ਅਦਾਲਤ ਲੱਗਦੀ ਹੈ, ਉਥੇ ਤਾਈਂ ਰੌਲਾ ਪਿਆ ਕਿ ਦੁਨੀਆਂ ਵਿਚ ਪੰਜਾਬ ਵਿਚ ਕੀ ਹੋ ਰਿਹਾ ਹੈ? ਇਹ ਪ੍ਰਵਾਹ ਹੀ ਕੋਈ ਨਹੀਂ ਹੈ, ਇਹ ਇਨਸਾਨ ਕੋਈ ਨਹੀਂ ਹਨ, ਇਹ ਪ੍ਰਮੇਸ਼ਰ ਤੇਰੇ ਪੈਦਾ ਨਹੀਂ ਕੀਤੇ ਹੋਇ। ਉਥੇ ਸੰਸਾਰ 'ਤੇ ਤੇਰੀ ਖ਼ਲਕਤ 'ਤੇ ਇਹ ਜ਼ੁਲਮ ਕਰਦੇ ਨੇ, ਜੋ ਤੇਰੇ ਹਾਕਮ ਬਣਾ ਕੇ ਭੇਜੇ ਨੇ, ਪ੍ਰਮੇਸ਼ਰ ਦੀ ਅਦਾਲਤ ਵਿਚ ਜਾ ਰੌਲਾ ਪਿਆ। ੭।

**ਲਯੋ ਮੁਹੰਮਦ ਸੱਦ ਤਿਹ ਠਾਈ॥** ਪ੍ਰਮੇਸ਼ਰ ਨੇ ਉਥੇ ਮੁਹੰਮਦ ਸਾਹਿਬ ਨੂੰ ਸੱਦ ਲਿਆ, ਆਓ ਪੇਸ਼ ਹੋਵੋ, ਕਿਉਂਕਿ ਸਾਰੀ ਉਹਨਾਂ ਦੀ ਉਮਤ ਕਹਾਉਂਦੀ ਹੈ, ਮੁਹੰਮਦ ਸਾਹਿਬ ਦੀ, ਉਹਨਾਂ ਨੂੰ ਬੁਲਾਇਆ ਗਿਆ ਹੈ ਉਸ ਥਾਂ 'ਤੇ।

**ਦਈ ਦੂਰ ਹੀ ਬੈਠਕ ਤਾਂਹੀ॥** ਏਸ ਕਾਰਨ ਕਿ ਇਹਨਾਂ ਦੀ ਉਮਤ ਨੇ ਬੜਾ ਭਾਰੀ ਜ਼ੁਲਮ ਕੀਤਾ, ਇਹਨੂੰ ਓਥੇ ਬੈਠਾਅ ਦਿਉ ਪਰ੍ਹੇ ਹੀ, ਮੁਹੰਮਦ ਨੂੰ ਦੂਰ ਹੀ ਬਿਠਾ ਦਿੱਤਾ ਗਿਆ।

**ਕਹਯੋ ਸੁ ਉਮੱਤ ਤੁਮਰੀ ਖ਼੍ਵਾਰ॥** ਉਸ ਨੂੰ ਹੁਕਮ ਹੋਇਆ ਹੈ ਦਰਗਾਹ ਵਿੱਚੋਂ, ਤੇਰੀ ਉਮਤ ਖੁਆਰ ਹੋ ਗਈ ਹੈ, ਉਹਨਾਂ ਨੇ ਕੀ ਖੁਆਰੀ ਪਾਈ ਹੋਈ ਹੈ, ਕਿਉਂ ਦੁਨੀਆਂ ਨੂੰ ਦੁਖ ਦੇ ਰਹੇ ਨੇ।

**ਆਵੋ ਨਹਿਂ ਇਮ ਤੂੰ ਹਮ ਦ੍ਵਾਰ॥ ੮॥** ਹੁਕਮ ਹੋ ਗਿਆ ਹੈ ਪ੍ਰਮੇਸ਼ਰ ਵੱਲੋਂ, ਅੱਗੇ ਜਾਂਦੇ ਸੀ ਪ੍ਰਮੇਸ਼ਰ ਦੀ ਦਰਗਾਹ ਵਿਚ ਜਾ ਕੇ ਦਰਸ਼ਨ ਹੁੰਦੇ ਸੀ ਪ੍ਰਮੇਸ਼ਰ ਦੇ, ਕੋਈ ਬਚਨ ਹੋਵੇ ਉਮਤ ਵਾਸਤੇ ਉਥੋਂ ਉਹ ਲਿਆਉਂਦੇ ਸੀ ਮੰਗ ਕੇ, ਲਿਆਉ ਜੀ, ਆਹ ਮੇਰੀ ਉਮਤ ਦੀ ਇਹ ਮੰਗ ਹੈ, ਕੋਈ ਦੁਖ ਹੋਵੇ ਉਹਨਾਂ ਨੂੰ ਕੋਈ ਤੰਗ ਕਰਦਾ ਹੋਵੇ। ਹੁਣ ਹੁਕਮ ਹੋ ਗਿਆ ਪ੍ਰਮੇਸ਼ਰ ਦਾ ਕਿ ਹੇ ਮੁਹੰਮਦ! 'ਅਜ ਤੋਂ ਤੂੰ ਮੇਰੀ ਕਚਹਿਰੀ ਵਿਚ ਨਹੀਂ ਆਉਣਾ, ਤੇਰੀ ਉਮਤ ਬੜਾ ਦੁਖ ਦੇ ਰਹੀ ਹੈ ਲੋਕਾਂ ਨੂੰ, ਬੜਾ ਖੁਆਰ ਕੀਤਾ ਹੈ, ਉਨ੍ਹਾਂ ਨੂੰ ਡਰ ਭੈ ਹੀ ਕੋਈ ਕਿਸੇ ਦਾ ਨਹੀਂ ਇਸ ਕਰਕੇ ਤੂੰ ਨਹੀਂ ਆ ਸਕਦਾ ਦਰਗਾਹ ਵਿਚ ਹੁਣ ਤੋਂ' ੮।

**ਬਾਰਾਂ ਸਦੀ ਤੁਹਿ ਪੂਰੀ ਭਈ॥** ਨਾਲ ਜਿੰਨਾਂ ਕੁ ਤੈਨੂੰ ਦਿੱਤਾ ਸੀ ਰਾਜ ਪਾਟ, ਉਹ ਤੇਰੀ ਪੂਰੀ ਹੋ ਗਈ ਹੈ, ਬਾਰਵੀਂ ਸਦੀ ਉਹ ਪੂਰੀ ਹੋ ਗਈ ਹੈ, ਹੁਣ ਖ਼ਤਮ ਹੋ ਗਿਆ ਹੈ ਰਾਜ ਤੇਰਾ।

**ਅਬੈ ਸਦੀ ਖਾਲਸੈ ਕੀ ਅਈ॥** ਹੁਣ ਖਾਲਸੇ ਪੰਥ ਦੀ ਸਦੀ ਆ ਗਈ ਹੈ, ਹੁਣ ਖਾਲਸੇ ਦਾ ਪ੍ਰਤਾਪ ਵਧਿਆ ਹੈ।

**ਤੁਮੈ ਬੁਰਾਈ ਬਹੁ ਕਰ ਲਈ॥** ਬਹੁਤ ਬੁਰਾਈ ਕਰ ਲਈ ਹੈ, ਤੂੰ ਬੜਾ ਜ਼ੁਲਮ ਕੀਤਾ ਹੈ ਤੂੰ ਲੋਕਾਂ 'ਤੇ।

**ਆਪੇ ਲਰ ਮਰ ਜਾਹੁ ਮੁਕਈ॥ ੯॥** ਪ੍ਰਮੇਸ਼ਰ ਦਾ ਹੁਕਮ ਹੋ ਗਿਆ ਹੈ ਜਾਓ! 'ਤੁਸੀਂ ਆਪੇ ਹੀ ਲੜ ਕੇ ਮਰ ਜਾਓ, ਖ਼ਤਮ ਹੋ ਜਾਓ। ੯।

**ਯੌ ਜਬ ਹੁਕਮ ਭਯੋ ਕਰਤਾਰ॥** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਕਰਤੇ ਪੁਰਖ ਦਾ ਜਦੋਂ ਇਹ ਹੁਕਮ ਹੋ ਗਿਆ ਦਰਗਾਹ ਵਿੱਚੋਂ ਮੁਹੰਮਦ ਨੂੰ।

**ਦਿੱਲੀ ਸੂਬੇ ਭਏ ਖੁਆਰ॥** ਬਾਈ ਸੂਬਿਆਂ ਦੀ ਹਕੂਮਤ ਦਿੱਲੀ ਜੋ ਸੀ, ਇਹ ਖੁਆਰ ਹੋ ਗਏ, ਦੇਸ਼ ਵਿਚ ਰੌਲਾ ਪੈ ਗਿਆ ਹੈ, ਇਹ ਉਸ ਸਮੇਂ ਦੀ ਗੱਲ ਕਰਦੇ ਨੇ, ਜਦੋਂ ਸੂਬੇ ਦਿੱਲੀ ਤੋਂ ਅਲਹਿਦਾ-ਅਲਹਿਦਾ ਹੋ ਗਏ, ਸਾਰੇ ਹੀ ਆਕੀ ਹੋ ਗਏ ਥਾਉਂ ਥਾਂਈ।

**ਆਪਸ ਮੈਂ ਵੈ ਫਟ ਗਲ ਗਏ॥** ਉਹ ਆਪਸ ਵਿਚ ਹੀ ਫਟ ਗਏ, ਜਦੋਂ ਫਟ ਗਏ ਤੇ ਗਲ ਗਏ, ਮਾਰੇ ਗਏ ਇਕ ਦੂਸਰੇ

ਦੇ ਵੈਰੀ ਹੋ ਗਏ ਸਾਰੇ।

***ਬੁਲਾਵਤ ਨਾਦਰ ਆਪੇ ਭਏ॥ ੧੦॥*** ਆਪ ਹੀ ਨਾਦਰ ਨੂੰ ਬੁਲਾ ਲਿਆ ਹੈ ਕਾਬਲ ਵਿੱਚੋਂ, ਹਿੰਦੋਸਤਾਨ ਵਿਚ ਆ ਤੂੰ, ਖਾਲੀ ਹੀ ਪਿਆ ਹੈ, ਸਭ ਸੂਬੇ ਆਕੀ ਹੋ ਗਏ ਹਨ, ਬਾਦਸ਼ਾਹ ਦੀ ਕੋਈ ਗੱਲ ਨਹੀਂ ਰਹਿ ਗਈ, ਆ ਕੇ ਦਿੱਲੀ ਦਾ ਤਖ਼ਤ ਮੱਲ ਲੈ, ਬੈਠ ਜਾ ਆ ਕੇ, ਇਉਂ ਆਪ ਹੀ ਇਹਨਾਂ ਵਿੱਚੋਂ ਸੱਦਾ ਭੇਜ ਦਿੱਤਾ। ੧੦।

***ਦੋਹਰਾ॥ ਤਬ ਦਰਗਹ ਕੋਪੀ ਭਈ, ਪਰ ਦਿੱਲੀ ਮੁਹੰਮਦ ਸ਼ਾਹਿ॥*** ਦਿੱਲੀ ਮੁਹੰਮਦ ਸ਼ਾਹ ਰੰਗੀਲਾ ਸੀ, ਉਸ ਟਾਈਮ ਬਾਦਸ਼ਾਹ, ਜਦੋਂ ਦਰਗਾਹ ਵਿਚ ਕਰੋਪੀ ਹੋ ਗਈ ਹੈ ਮੁਗਲਾਂ ਉੱਤੇ, ਏਥੇ ਮੁਹੰਮਦ ਸ਼ਾਹ ਰੰਗੀਲਾ ਉਦੋਂ ਰਾਜ ਕਰਦਾ ਸੀ।

***ਤੁਰਕਨ ਲੜ ਕੇ ਮੁਕਨ ਕੋਂ, ਭੇਜਯੋ ਨਾਦਰ ਸ਼ਾਹਿ॥ ੧੧॥*** ਪ੍ਰਮੇਸ਼ਰ ਨੇ ਤੁਰਕਾਂ ਨੂੰ ਆਪੇ ਲੜਾ ਕੇ ਖ਼ਤਮ ਹੋਣ ਵਾਸਤੇ ਨਾਦਰ ਸ਼ਾਹ ਦੁਰਾਨੀ ਨੂੰ ਭੇਜ ਦਿੱਤਾ ਹੈ, ਇਉਂ ਕਰੋਪੀ ਹੋ ਗਈ ਹੈ ਦਰਗਾਹ ਵਿੱਚੋਂ, ਇਹਨਾਂ ਨੇ ਆਪੇ ਹੀ ਸੱਦ ਲਿਆ ਹੈ। ੧੧।

***ਚੌਪਈ॥ ਜਬ ਨਾਦਰ ਸ਼ਾਹਿ ਪੁਜਯੋ ਲਹੌਰ॥*** ਜਦੋਂ ਨਾਦਰ ਸ਼ਾਹ ਲਹੌਰ ਆ ਪਹੁੰਚਿਆ ਹੈ।

***ਖਾਨ ਬਹਾਦਰ ਮਿਲ ਗਯੋ ਔਰ॥*** ਹੋਰ ਉਸ ਦੇ ਨਾਲ ਖ਼ਾਨ ਬਹਾਦਰ ਮਿਲ ਗਿਆ ਹੈ ਲਹੌਰ ਦਾ ਸੂਬੇਦਾਰ।

***ਤੀਨ ਕੋਟ ਸਿਰ ਰੁਪੱਯੋ ਚੁਕਾਈ॥*** ਇਸ ਨੇ ਆਪਣੇ ਸਿਰ 'ਤੇ ਤਿੰਨ ਕਰੋੜ ਰੁਪਿਆ ਚੁੱਕ ਕੇ, ਨਾਦਰ ਸ਼ਾਹ ਨੂੰ ਸੱਦ ਲਿਆ।

***ਸਿੰਘਨ ਦਿਲੇ ਵਧਾਈ ਭਾਈ॥ ੧੨॥*** ਸਿੰਘਾਂ ਦੇ ਦਿਲ ਵਿਚ ਬੜੀਆਂ ਖੁਸ਼ੀਆਂ ਹੋਈਆਂ ਹਨ। ਲਹੌਰ ਦੇ ਸੂਬੇ ਨੇ ਕਿਹਾ, ਤਿੰਨ ਕਰੋੜ ਰੁਪਿਆ ਮੈਂ ਦੇ ਦਿੰਦਾ ਹਾਂ ਤੈਨੂੰ, ਏਧਰ ਮੇਰਾ ਕਾਰਜ ਕਰ, ਆ ਜਾ, ਸੱਦ ਲਿਆ ਹੈ, ਆਪਣੇ ਲਹੌਰ ਵਿਚ ਉਤਾਰ ਲਿਆ ਹੈ ਨਾਦਰ ਸ਼ਾਹ ਨੂੰ। ੧੨।

***ਔਰ ਜਗਤ ਮੈਂ ਪਰ ਗਯੋ ਸ਼ੋਰ॥*** ਹੋਰ ਸਾਰੇ ਜਹਾਨ ਵਿਚ ਰੌਲਾ ਪੈ ਗਿਆ ਹੈ, ਨਾਦਰ ਸ਼ਾਹ ਆ ਰਿਹਾ ਹੈ, ਨਾਦਰ ਸ਼ਾਹ ਆ ਰਿਹਾ ਹੈ, ਇਸ ਤਰ੍ਹਾਂ ਹੋ ਗਿਆ ਹੈ।

***ਲਾਗੇ ਸਿੰਘ ਕਰਨ ਫਿਰ ਦੌਰ॥*** ਸਿੰਘਾਂ ਨੇ ਫਿਰ ਸ਼ੂਟ ਕਰ ਦਿੱਤੀ ਹੈ, ਜਿਨ੍ਹਾਂ ਨੂੰ ਅਵੇਸਲੇ ਵੇਖਦੇ ਹਨ, ਉਹਨਾਂ ਨੂੰ ਲੁੱਟ ਲੈਂਦੇ ਹਨ, ਖੋਹ ਲੈਂਦੇ ਹਨ ਪਠਾਣਾਂ ਨੂੰ।

***ਕਾਬਲ ਤੇ ਜੋ ਆਵੈ ਸਾਥ॥*** ਕਾਬਲ ਤੋਂ ਜੋ ਉਹਦੇ ਨਾਲ ਆਉਂਦੇ ਹਨ, ਭਾਰ ਬਰਾਦਰੀ ਆਉਂਦੇ ਹਨ, ਪਿੱਛੋਂ ਓਧਰਲੇ ਮੇਵੇ ਆਦਿਕ ਲੱਦ ਕੇ, ਫ਼ੌਜ ਵਿਚ ਵੰਡਣ ਨੂੰ ਬਾਦਸ਼ਾਹ ਦੇ ਖਾਣ ਨੂੰ।

***ਤਿਸੈ ਸਿੰਘ ਮਿਲ ਮਾਰੈਂ ਹਾਥ॥ ੧੩॥*** ਚਨਾਵ ਦਰਿਆ, ਰਾਵੀ ਦਰਿਆ ਹੈ, ਇਹਨਾਂ ਦੇ ਕਾਛੜਾਂ ਵਿਚ ਖਾਲਸਾ ਰਹਿੰਦਾ ਸੀ, ਉਸੇ 'ਤੇ ਹੱਥ ਫੇਰ ਦਿੰਦੇ, ਜਿਹੜਾ ਕਾਫਲਾ ਵੇਖ ਲੈਂਦੇ ਇਕੱਲਾ ਜਾ ਰਿਹਾ, ਉਹਨਾਂ ਦੇ ਲੱਦੇ-ਲਦਾਏ ਊਠ ਭਾਰ ਬਰਾਦਰੀ ਸਭ ਸਮਾਨ ਸਿੰਘ ਖੋਹ ਲਿਆ ਕਰਨ। ੧੩।

***ਦੋਹਰਾ॥ ਤਬੈ ਖਾਲਸੇ ਦਾਉ ਲਗੋ, ਖੋਸਹਿਂ ਖਾਹਿਂ ਸਰਬੱਤ॥*** ਤਦ ਸਿੰਘਾਂ ਦਾ ਦਾਉ ਲੱਗ ਗਿਆ, ਹੁਣ ਚਾਹੇ ਲਹੌਰ ਦੀ ਫ਼ੌਜ ਵਾਸਤੇ ਜਾਂ ਨਾਦਰ ਸ਼ਾਹ ਦੀ ਫ਼ੌਜ ਵਾਸਤੇ ਰਾਸ਼ਨ ਆ ਰਿਹਾ, ਉਹ ਵੀ ਲੁੱਟ ਲੈਂਦੇ ਹਨ, ਜੇ ਕੋਈ ਕਾਬਲ ਤੋਂ ਆਉਂਦਾ, ਉਹ ਵੀ ਲੁੱਟ ਲੈਂਦੇ ਹਨ, ਜੇ ਕੋਈ ਐਧਰੋਂ ਮਾਲ ਜਾਂਦਾ ਹੈ, ਉਹ ਵੀ ਲੁੱਟ ਲੈਂਦੇ ਨੇ, ਇਉਂ ਸਿੰਘਾਂ ਦਾ ਕੰਮ ਬਣ ਗਿਆ ਹੈ। ਸਰਬੱਤ ਨੂੰ ਸਿੰਘਾਂ ਆਖਿਆ, ਕੋਈ ਨਾ ਛੱਡੋ, ਕੋਈ ਸੁਦਾਗਰ ਹੈ, ਕੋਈ ਵਪਾਰੀ ਹੈ, ਕੋਈ ਵੀ ਬੰਦਾ ਹੈ, ਚਾਹੇ ਲਹੌਰ ਦਾ ਰਹਿਣ ਵਾਲਾ ਏਧਰਲਾ ਤੁਰਕ ਹੈ, ਜਾਂ ਓਧਰਲਾ ਤੁਰਕ ਹੈ, ਸਰਬੱਤ ਨੂੰ ਲੁੱਟੋ ਛਕੋ ਛਕਾਓ ਮੌਜਾਂ ਕਰੋ।

***ਕਾਬਲ ਔ ਕੰਧਾਰ ਕੋ ਲਹੌਰ ਦਿੱਲੀ ਅਲਬੱਤ॥ ੧੪॥*** ਕਾਬਲ ਅਤੇ ਕੰਧਾਰ ਤੋਂ ਲੈ ਕੇ, ਲਹੌਰ ਤੋਂ ਲੈ ਕੇ ਦਿੱਲੀ ਤੱਕ ਜਿੰਨੇ ਵੀ ਰਸਤੇ ਸਨ। ੧੪।

***ਚੌਪਈ॥ ਜੋ ਦਿੱਲੀਓਂ ਵਲ ਤੁਰੈ ਕੰਧਾਰ॥*** ਇਕ ਤਾਂ ਰਾਹ ਦੱਬਵਾਲੀ ਕੋਲ ਲੱਗਦਾ ਹੈ ਇਹ ਹੈ ਅਖੀਰਲਾ ਰਾਹ, ਦੂਸਰਾ ਜੋ ਤਲਵਨ ਕੋਲ ਦੀ ਲੰਘ ਗਿਆ, ਤੀਜਾ ਜੋ ਲਹੌਰੋਂ ਤੁਰ ਕੇ ਅੰਮ੍ਰਿਤਸਰ ਵਿਚ ਦੀ ਜਲੰਧਰ ਵਗੈਰਾ, ਇਹ ਤਿੰਨ ਰਾਹ ਦਿੱਲੀ ਨੂੰ ਸ਼ਾਹੀ ਸਨ, ਇਹਨਾਂ ਰਾਹਾਂ ਥਾਈਂ ਜੇ ਫ਼ੌਜ ਦਿੱਲੀ ਨੂੰ ਜਾਂਦੀ, ਤਾਂ ਉਪਰਲਾ ਰਾਹ ਤੁਰਕ ਫੜ ਲੈਂਦੇ, ਉਸ ਰਾਹਿ ਪਠਾਣਾਂ ਦੀ ਫ਼ੌਜ ਦੀ ਭਾਰ ਬਰਾਦਰੀ ਜਾਂਦੀ ਤੇ ਸਿੰਘ ਤਾਂ ਸਾਰੇ ਦੇਸ਼ ਵਿਚ ਬੈਠੇ ਸਨ, ਕਿਸੇ ਪਾਸੇ ਸਿਰ ਕੱਢਣ, ਉਥੇ ਹੀ ਸਿੰਘਾਂ ਨੇ ਲੁੱਟਣਾ ਹੈ। ਜੇ ਕੋਈ ਦਿੱਲੀ ਤੋਂ ਕੰਧਾਰ ਵੱਲ ਨੂੰ ਤੁਰਦਾ ਹੈ ਤਾਂ।

***ਮਿਲ ਸਿੰਘਨ ਤਿਸ ਲੇਵੈਂ ਮਾਰ॥*** ਜਿਹੜਾ ਵੀ ਇਹਨਾਂ ਰਾਹਾਂ 'ਤੇ ਚਲਦਾ ਹੈ, ਮਿਲ ਕੇ ਸਿੰਘ ਉਹਨਾਂ ਨੂੰ ਸੋਧ ਲੈਂਦੇ ਨੇ।

***ਗੁਜ਼ਰ ਖਾਲਸੇ ਆਛੀ ਕਰੀ॥*** ਸਿੰਘਾਂ ਨੂੰ ਧਨ ਪਦਾਰਥ ਮਿਲਣ ਲੱਗਾ ਹੈ, ਖਾਲਸੇ ਦਾ ਬਹੁਤ ਵਧੀਆ ਗੁਜ਼ਾਰਾ ਹੋਣ ਲੱਗਾ।

***ਜਿਤਨੀ ਕਰੀ ਸੁ ਆਛੀ ਸਰੀ॥ ੧੫॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜੇ ਤਸੀਹੇ ਸਹੇ ਸਿੰਘਾਂ ਨੇ, ਮੁਸੀਬਤਾਂ ਸਿਰਾਂ 'ਤੇ ਟੁੱਟੀਆਂ ਨੇ, ਪਰ ਬਾਅਦ ਜਿੰਨੀ ਕੁ ਸਰੀ ਸਿੰਘਾਂ ਤੋਂ, ਚੰਗੀ ਕਰ ਵਿਖਾਈ ਹੈ, ਸਿੰਘ ਕਮਜ਼ੋਰੇ ਨਹੀਂ ਰਹੇ ਕਿਸੇ ਵੀ ਢੰਗ ਨਾਲ। ੧੫।

***ਨਗਦੀ ਘੋੜਾ ਆਛੋ ਮਾਲ॥*** ਚੰਗਾ ਘੋੜਾ ਹੋਵੇ, ਨਗਦ ਮਾਇਆ ਹੋਵੇ, ਹੋਰ ਚੰਗਾ ਕੱਪੜਾ ਆਦਿਕ ਜੋ ਵੀ ਚੀਜ਼ ਚੰਗੀ ਹੈ।

***ਲੂਟ ਲੇਹਿ ਸਿੰਘ ਗੁਰੂ ਕੇ ਲਾਲ॥*** ਗੁਰੂ ਕੇ ਲਾਲ ਸਿੰਘ ਹਿੰਦੋਸਤਾਨ ਵਿੱਚੋਂ ਬਾਹਰ ਮਾਲ ਨਹੀਂ ਜਾਣ ਦਿੰਦੇ, ਜਿਹੜਾ ਏਧਰੋਂ ਜਾਂਦਾ ਹੈ ਅਤੇ ਜਿਹੜਾ ਓਧਰੋਂ ਆਉਂਦਾ ਹੈ ਸਾਰਾ ਲੁੱਟ ਲੈਂਦੇ ਹਨ।

***ਸਿੰਘ ਕਹੈਂ 'ਹਮ ਖਾਤਰ ਆਯੋ'॥*** ਸਿੰਘ ਜਦੋਂ ਆਪਸ ਵਿਚ ਬੈਠ ਕੇ ਛਕਦੇ-ਛਕਾਉਂਦੇ ਨੇ, ਤਾਂ ਉਹ ਕਹਿੰਦੇ ਹਨ, ਸੱਚੇ ਪਾਤਸ਼ਾਹ ਨੇ ਆਪ ਘੱਲਿਆ ਹੈ, ਸਾਡੇ ਵਾਸਤੇ ਰਾਸ਼ਨ ਅਸੀਂ ਕਿਹੜਾ ਖ਼ਰੀਦਣ ਗਏ ਹਾਂ ਕਿਤੋਂ।

***ਤੁਰਕਨ ਸੋਂ ਲਰ ਤੁਰਕ ਖਪਾਯੋ॥ ੧੬॥*** ਤੁਰਕ ਆਪਸ ਵਿਚ ਲੜਕੇ ਮਰ ਰਹੇ ਹਨ, ਖਾਲਸਾ ਆਪ ਦਾ ਦੇਗ ਲੰਗਰ ਚਲਾਉਂਦਾ ਹੈ। ੧੬।

***ਹੋਨ ਨਾਸ਼ ਦੁਇ ਧਿਰ ਕੋ ਆਯੋ॥*** ਖਾਲਸਾ ਪੰਥ ਜਦੋਂ ਗੁਰਮਤਾ ਕਰਦਾ ਹੈ, ਉਦੋਂ ਵਿਚਾਰ ਕਰਦਾ ਹੈ, ਹੁਣ ਦੋਹਾਂ ਧਿਰਾਂ ਦਾ ਨਾਸ਼ ਹੋਣ 'ਤੇ ਆਇਆ ਹੈ, ਹੁਣ ਕੋਈ ਨਹੀਂ ਬਚੇਗਾ ਇਹਨਾਂ ਵਿੱਚੋਂ।

***ਹੋਨ ਖਾਲਸੋ ਬਾਧੋ ਬਨਾਯੋ॥*** ਇਹ ਸੱਚੇ ਪਾਤਸ਼ਾਹ ਨੇ ਆਪ ਹੀ ਸਾਰੀ ਖੇਡ ਕੀਤੀ ਹੈ, ਆਪ ਹੀ ਪੰਥ ਸਿਰਜਿਆ ਹੈ, ਖਾਲਸੇ ਦਾ ਵਾਧਾ ਕਰਨਾ ਹੈ, ਖਾਲਸਾ ਪੰਥ ਵਧੇਗਾ ਦਿਨੋ-ਦਿਨ।

***ਜਿਮ ਕੰਟਨ ਤੇ ਕੰਟੇ ਨਿਕਾਰੈਂ॥*** ਜਦੋਂ ਪੈਰ ਵਿਚ ਕਿੱਕਰ ਆਦਿਕ ਦਾ ਕੰਡਾ ਵੱਜ ਜਾਏ, ਤਾਂ ਉਸ ਨੂੰ ਕੱਢਣ ਵਾਸਤੇ ਸੂਈ ਆਦਿਕ ਦੀ ਲੋੜ ਪੈਂਦੀ ਹੈ, ਜਿਸ ਨੂੰ ਨਿਹੰਗ ਬੋਲੀ ਵਿਚ 'ਸੁਖਦੇਵਾ' ਕਹਿੰਦੇ ਹਨ ਪਰ ਜੇ ਮੌਕੇ 'ਤੇ ਸੂਈ ਆਦਿਕ ਨਾ ਹੋਵੇ ਤਾਂ ਕੰਡੇ ਨਾਲ ਹੀ ਕੰਡਾ, ਭਾਵ ਕਿੱਕਰ ਦੀ ਸੂਲ ਨਾਲ ਹੀ ਕੰਡਾ ਕੱਢ ਲਿਆ ਜਾਂਦਾ ਹੈ, ਜਿਵੇਂ ਪੈਰ ਦੇ ਵਿੱਚੋਂ।

***ਸੋ ਕੰਟਾ ਫਿਰ ਦੀਜਤ ਡਾਰੈ॥ ੧੭॥*** ਉਸ ਕੰਡੇ ਨੂੰ ਤੋੜ ਦਿੰਦੇ ਹਨ ਕਿ ਉਹ ਕੰਡਾ ਫਿਰ ਪੈਰ ਵਿਚ ਨਾ ਖੁੱਭ ਜਾਏ, ਵੱਜੇ ਨਾ ਕਿਤੇ, ਇਉਂ ਤੋੜ ਕੇ ਉਸ ਨੂੰ ਪਰ੍ਹੇ ਸੁੱਟ ਦਿੰਦੇ ਹਨ। ੧੭।

***ਕਹੈਂ ਸਿੰਘ ਅਬ ਸਮੋਂ ਸੁ ਆਯਾ॥*** ਸਿੰਘ ਆਪਸ ਵਿਚ ਕਹਿੰਦੇ ਹਨ ਕਿ ਹੁਣ ਉਹ ਸਮਾਂ ਆ ਗਿਆ ਹੈ।

***ਥੋ ਸਤਿਗੁਰ ਯੌਂ ਬਚਨ ਅਲਾਯਾ॥*** ਜਿਹੜਾ ਸਤਿਗੁਰਾਂ ਨੇ ਬਚਨ ਕਿਹਾ ਸੀ।

***ਕਾਬਲ ਤੇ ਇਕ ਕੁੱਤਾ ਮੰਗਾਊਂ॥*** ਸਤਿਗੁਰਾਂ ਨੇ ਭਵਿੱਖਤ ਵਾਕ ਕੀਤਾ ਸੀ ਕਿ ਕਾਬਲ ਤੋਂ ਇਕ ਕੁੱਤਾ, ਭਾਵ ਨਾਦਰ ਸ਼ਾਹ ਮੰਗਵਾਉਂਗਾ।

***ਇਨਕਾ ਉਨ ਤੇ ਨਾਸ਼ ਕਰਾਊਂ॥੧੮॥*** ਇਹਨਾਂ ਮੁਗਲਾਂ ਦਾ ਉਹਨਾਂ ਕਾਬਲ ਵਾਲੇ ਗਿਲਜ਼ਿਆਂ ਤੋਂ ਨਾਸ਼ ਕਰਵਾਂਗਾ,

ਤਾਹੀਓਂ ਉਹਨੂੰ ਕੁੱਤਾ ਕਹਿੰਦੇ ਰਹੇ ਹਨ ਸਿੰਘ, ਨਾਦਰ ਸ਼ਾਹ ਨੂੰ ਸਿੰਘ ਕੁੱਤਾ ਹੀ ਕਹਿੰਦੇ ਰਹੇ ਹਨ, ਉਹਨੂੰ ਇਹ ਨਹੀਂ ਕਿਹਾ ਕਿ ਉਹ ਪਠਾਣ ਹੈ ਜਾਂ ਬਾਦਸ਼ਾਹ, ਉਹ ਸੀ ਵੀ ਕੁੱਤਾ, ਗੁਲਾਮ ਸੀ। ੧੮।

***ਫਿਰ ਦੱਖਨ ਤੇ ਲਯਾਊਂ ਫੌਜ॥*** ਗੁਰੂ ਸਾਹਿਬ ਜੀ ਦਾ ਭਵਿੱਖਤ ਬਾਰੇ ਬਚਨ ਹੋਇਆ ਹੈ, ਫੇਰ ਦੱਖਣ ਤੋਂ ਮਰਹੱਟਿਆਂ ਦੀ ਫ਼ੌਜ ਲਿਆਵਾਂਗੇ, ਉਹ ਇਕੱਠੀ ਹੋ ਕੇ ਆਵੇਗੀ।

***ਲੜ ਕਰ ਇਕ ਉਨ ਮਿਟੈ ਜਯੋਂ ਖੋਜ॥*** ਉਹਨਾਂ ਦੇ ਨਾਲ ਅਹਿਮਦ ਸ਼ਾਹ ਅਬਦਾਲੀ ਲੜੇਗਾ, ਲੜ ਕੇ ਉਹਨਾਂ ਦਾ ਖੁਰਾ-ਖੋਜ ਮਿਟ ਜਾਇਗਾ, ਓਧਰ ਮਰਹੱਟਿਆਂ ਦੀ ਤਾਕਤ ਵੀ ਵੇਖ ਲਉ ਨਸ਼ਟ ਕਰ ਗਿਆ, ਅਤੇ ਉਸ ਦਾ ਆਪ ਦਾ ਲੜ ਕੇ ਕਿੰਨਾਂ ਨੁਕਸਾਨ ਹੋਇਆ।

***ਫੇਰ ਖਾਲਸੋ ਭੂਰੋ ਮੰਗਾਊਂ॥*** ਪਹਿਲਾਂ ਨਾਦਰ ਰੂਪੀ ਕੁੱਤਾ ਮੰਗਵਾਵਾਂਗੇ ਕਾਬਲ ਤੋਂ, ਉਹ ਇਹਨਾਂ ਨੂੰ ਤੋੜ ਕੇ ਵਿਖਾਇਗਾ, ਫੇਰ ਦੱਖਣ ਤੋਂ ਮਰਹੱਟਾ ਫ਼ੌਜ ਮੰਗਵਾਵਾਂਗੇ, ਫੇਰ ਭੂਰਾ ਖਾਲਸਾ ਮੰਗਾਵਾਂਗੇ, ਭਾਵ ਫੇਰ ਅੰਗਰੇਜ਼ ਆਉਣਗੇ।

***ਦੋਊ ਖਾਲਸੈ ਮੇਲ ਕਰਾਊਂ॥ ੧੯॥*** ਫੇਰ ਰਣਜੀਤ ਸਿੰਘ ਦਾ ਤੇ ਅੰਗਰੇਜਾਂ ਦਾ ਆਪਸ ਵਿਚੀਂ ਮੇਲ-ਜੋਲ ਹੋ ਜਾਉ। ੧੯।

***ਦਿੱਲੀ ਲਹੌਰ ਕੇ ਤਖ਼ਤ ਪੁਟਾਊਂ॥*** ਦਿੱਲੀ ਤੇ ਲਹੌਰ ਦੇ ਤਖ਼ਤ ਖ਼ਤਮ ਕਰਵਾ ਦਿਆਂਗਾ। ਏਧਰੇ ਖਾਲਸੇ ਨੇ ਖ਼ਤਮ ਕਰ ਦਿੱਤਾ, ਓਧਰ ਅੰਗਰੇਜਾਂ ਨੇ ਖ਼ਤਮ ਕਰ ਦਿੱਤਾ। ਏਸੇ ਤਰ੍ਹਾਂ ਖਾਲਸਾ ਜੀ! ਭਵਿੱਖਤ ਦੀ ਦਸਦੇ ਨੇ, ਜੋ ਓਸ ਸਮੇਂ ਆਮ ਸਿੰਘਾਂ ਦੇ ਵਿਚ ਚਰਚਾ ਸੀ ਕਿ ਸਤਿਗੁਰੂ ਦੇ ਬਚਨ ਹੋ ਕੇ ਰਹਿਣਗੇ। ਇਸ ਤਰ੍ਹਾਂ ਜੋ-ਜੋ ਏਥੇ ਤਾਕਤਵਾਰ ਬੰਦਾ ਆਇਆ, ਇਉਂ ਭਾਈ ਰਤਨ ਸਿੰਘ ਜੀ ਨੇ ਇਸ਼ਾਰਾ ਕਰਕੇ ਦੱਸਿਆ।

***ਸਾਤੋ ਧਾਰਨ ਧੂੜ ਮਿਲਾਊਂ॥*** ਅਤੇ ਸੱਤੇ ਹੀ ਧਾਰਾਂ ਜਿਹੜੀਆਂ ਪਹਾੜੀ ਰਾਜੇ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨਾਲ ਵੈਰ ਕੀਤਾ, ਬੰਦੇ ਬਹਾਦਰ ਨੇ ਖਾਲਸੇ ਦਾ ਬਲ ਪਾ ਕੇ ਕਿਵੇਂ ਧੂੜ ਵਿਚ ਮਿਲਾ ਦਿੱਤੇ ਸੀ, ਸਭ ਉਨ੍ਹਾਂ ਦੀਆਂ ਚੋਟੀਆਂ ਖ਼ਤਮ ਕਰ ਦਿੱਤੀਆਂ, ਕੋਈ ਉਹਨਾਂ ਦੀ ਗੱਲ ਨਾ ਰਹਿ ਗਈ ਦੁਨੀਆਂ 'ਤੇ।

***ਬਾਈ ਸੂਬੇ ਦੇਊਂ ਤੋੜ॥*** ਬਾਈ ਸੂਬੇ ਜਿਹੜੇ ਦਿੱਲੀ ਨਾਲ ਜੁੜੇ ਹੋਏ ਹਨ, ਕਹਿੰਦੇ ਸਭ ਨੂੰ ਤੋੜ ਦਿਆਂਗੇ, ਕੋਈ ਨਹੀਂ ਰਹੇਗਾ, ਭਾਵ ਸਾਰੇ ਦੇ ਸਾਰੇ ਟੁੱਟ ਗਏ ਹਨ।

***ਬਜੀਰ ਪਤਿਸ਼ਾਹਨ ਦੇਊ ਫੋੜ॥ ੨੦॥*** ਕਿਵੇਂ ਵਜ਼ੀਰਾਂ ਨੇ ਫਰੁਖ਼ਸੀਅਰ ਨੂੰ ਅੰਨ੍ਹਾਂ ਕੀਤਾ, ਆਪ ਹੀ ਮਾਰਿਆ ਹੈ। ਪਹਿਲਾਂ ਵਜ਼ੀਰਾਂ ਨੇ ਹੀ ਉਸ ਦੀਆਂ ਅੱਖਾਂ ਕੱਢੀਆਂ, ਪਾਤਸ਼ਾਹਾਂ ਨੂੰ ਵਜ਼ੀਰਾਂ ਤੋਂ ਹੀ ਤੁੜਾ ਦਿਆਂਗਾ। ੨੦।

***ਤੁਰਕ ਨਗਾਰੋ ਬਜਨ ਹਟਾਊਂ॥*** ਸਾਹਿਬ ਜੀ ਕਹਿੰਦੇ ਹਨ ਕਿ ਤੁਰਕਾਂ ਦਾ ਨਗਾਰਾ ਮੈਂ ਵਜਣੋਂ ਹਟਾ ਦਿਆਂਗਾ। ਇਹ ਨਗਾਰਾ ਅਜ਼ਾਦੀ ਦੀ ਨਿਸ਼ਾਨੀ ਹੈ, ਜਿਸ ਦਾ ਨਗਾਰਾ ਵੱਜਦਾ ਹੈ ਉਹ ਅਜ਼ਾਦ ਹੈ ਦੁਨੀਆਂ 'ਤੇ।

***ਅਕਾਲ ਅਕਾਲ ਕੋ ਜਾਪ ਜਪਾਊਂ॥*** ਖਾਲਸਾ ਪੰਥ ਹੀ ਅਕਾਲ ਅਕਾਲ ਕਰਦਾ ਹੈ, ਦੂਜੇ ਤਾਂ ਜੈਕਾਰਾ ਹੀ ਨਹੀਂ ਗਜਾਉਂਦੇ। 'ਸਤਿ ਸ੍ਰੀ ਅਕਾਲ, ਗੁਰ ਬਰ ਅਕਾਲ' ਦਾ ਜਾਪ ਕਰਾਵਾਂਗਾ।

***ਸੋਊ ਸਮੋਂ ਅਬ ਆਯੋ ਜਾਨੋ॥*** ਉਹੀ ਸਮਾਂ ਹੁਣ ਆਇਆ ਸਮਝੋ, ਸਿੰਘ ਆਪਸ ਵਿਚ ਗੱਲਾਂ ਕਰਦੇ ਹਨ ਕਿ ਜੋ ਸਤਿਗੁਰਾਂ ਨੇ ਬਚਨ ਕੀਤਾ ਹੈ ਕਿ ਜਿਹੜਾ ਨਾਦਰ ਸ਼ਾਹ ਆ ਗਿਆ ਹੈ, ਇਹ ਉਹ ਸਮਾਂ ਆ ਗਿਆ ਹੈ, ਹੁਣ ਉਹ ਵਾਪਰਨਾ ਹੈ ਸਾਰਿਆਂ 'ਤੇ।

***ਲੂਟੋ ਖਾਹੋ ਜੋ ਮਨ ਮਾਨੋਂ॥ ੨੧॥*** ਲੁੱਟੋ ਖਾਓ ਤੇ ਮਨ ਮਾਨੀਆਂ ਕਰੋ ਖਾਲਸਾ ਜੀ! ਹੁਣ ਨਹੀਂ ਕਿਸੇ ਤੋਂ ਡਰਨ ਦੀ ਲੋੜ, ਸਤਿਗੁਰਾਂ ਦੇ ਬਚਨਾਂ ਅਨੁਸਾਰ ਹੀ ਇਹ ਆਏ ਹਨ ਸਾਰੇ। ੨੧।

***ਦੋਹਰਾ॥ ਸਿੰਘਨ ਮੈਂ ਨਿਬਾਬ ਜੁ ਕਪੂਰ ਸਿੰਘ ਜੀ ਨਾਮ॥*** ਖਾਲਸੇ ਪੰਥ ਜੀ ਦੇ ਜਿਹੜੇ ਨਵਾਬ ਹਨ, ਜਿਨ੍ਹਾਂ ਦਾ ਨਾਮ ਕਪੂਰ ਸਿੰਘ ਜੀ ਹੈ।

***ਸਭ ਸਿੰਘਨ ਸੋ ਤਿਨ ਕਹੀ, 'ਬਨੂੰ ਸਿੰਘਨ ਬਡ ਕਾਮ'॥ ੨੨॥*** ਸਰਬੱਤ ਸਿੰਘਾਂ ਨੂੰ ਸੱਦ ਕੇ ਕਹਿਣ ਲੱਗੇ, ਖਾਲਸਾ ਜੀ! ਹੁਣ ਤੁਹਾਡਾ ਕਾਰਜ ਸ਼ੁਧ, ਹੁਣ ਤੁਹਾਡਾ ਕਾਰਜ ਬਣਨਾ ਹੈ। ੨੨।

***ਕਪੂਰ ਸਿਘ ਜਬ ਯੌਂ ਕਹੀ, ਸਿੰਘਨ ਸਭਨ ਸੁਨਾਇ॥*** ਜਦੋਂ ਕਪੂਰ ਸਿੰਘ ਜੀ ਨੇ ਸਰਬੱਤ ਖਾਲਸੇ ਨੂੰ ਇਉਂ ਸੁਣਾ ਕੇ ਬਚਨ ਕੀਤਾ ਹੈ।

***'ਸਤਿ ਸਤਿ' ਸਭ ਕਹਿ ਉਠੇ, ਕੁੰਨਸ ਕਰ ਸਿਰ ਨਯਾਇ॥ ੨੩॥*** ਸਭ ਨੇ ਹੱਥ ਜੋੜੇ (ਕੁੰਨਸ) ਨਮਸ਼ਕਾਰ ਕੀਤੀ, ਕਹਿਣ ਲੱਗੇ, 'ਸਤਿ ਹੈ ਜੀ ਸਤਿ ਹੈ' ਇਸ ਤਰ੍ਹਾਂ ਹੀ ਹੋਵੇਗਾ'। ਜਿਵੇਂ ਖਾਲਸਾ ਪੰਥ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਸਤਿ ਕਰਕੇ ਮੰਨਦਾ ਸੀ, ਖਾਲਸੇ ਪੰਥ ਨੇ ਨਵਾਬ ਕਪੂਰ ਸਿੰਘ ਜੀ ਦਾ ਪ੍ਰਤਾਪ ਵੇਖ ਕੇ, ਇਹਨਾਂ ਦੀ ਚੜ੍ਹਦੀ ਕਲਾ ਇਤਨੀ ਹੋ ਗਈ ਸੀ ਕਿ ਸਾਹਿਬਾਂ ਵਾਂਗ ਇਹਨਾਂ ਦਾ ਵੀ ਬਚਨ ਸਤਿ ਕਰਕੇ ਮੰਨਿਆਂ ਜਾਂਦਾ ਸੀ, ਭਾਵ ਸੱਚਾ ਮੰਨਿਆਂ ਜਾਂਦਾ ਸੀ ਕਿ ਜ਼ਰੂਰ ਹੋ ਜਾਇਗਾ, ਇਸ ਤਰ੍ਹਾਂ ਜਿਵੇਂ ਨਵਾਬ ਸਾਹਿਬ ਜੀ ਨੇ ਬਚਨ ਕਰ ਦਿੱਤਾ ਹੈ। ੨੩।

***ਚੌਪਈ॥ ਦਿੱਲੀ ਲੂਟ ਕਹਾਂ ਲੌਂ ਗਨੀਐ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਦਿੱਲੀ ਦੀ ਲੁੱਟ ਕਿਥੋਂ ਤੱਕ ਗਿਣੀਏਂ, ਜੋ ਉਹਨੇ ਲੁੱਟੀ ਹੈ ਆ ਕੇ ਨਾਦਰ ਸ਼ਾਹ ਨੇ।

***ਪਦਮ ਰੁਪੱਯੇ ਲੈ ਗਯੋ ਸੁਨੀਐ॥*** ਸੁਣੀਂਦਾ ਹੈ ਪਦਮ ਰੁਪਈਏ ਲੈ ਗਿਆ ਹੈ, ਇਕੱਠੇ ਕਰਕੇ ਆਪਣੇ ਦੇਸ਼ ਨੂੰ।

***ਤੁਹਫ਼ੇ ਥੇ ਜੋ ਹਿੰਦ ਮੈਂ ਸਾਰੇ॥*** ਤੋਹਫ਼ੇ ਵੱਡੇ-ਵੱਡੇ ਭਾਂਡੇ, ਪਤੀਲੇ, ਦੇਗੇ ਆਦਿਕ ਅਤੇ ਹੋਰ ਜੋ ਦੁਰਲੱਭ ਚੀਜ਼ਾਂ ਸਨ ਸਾਰੀਆਂ, ਰਤਨ ਆਦਿਕ ਹਿੰਦੋਸਤਾਨ ਵਿਚ ਸਾਰੀਆਂ, ਬਹੁਤ ਸਾਰੀਆਂ ਸੁੰਦਰ ਵਸਤੂਆਂ ਉਹ ਵੀ ਲੈ ਗਿਆ ਹੈ।

***ਬਾਈਅਨ ਸੂਬੇਯਨ ਵਿਚ ਥੇ ਧਾਰੇ॥ ੨੪॥*** ਜੋ ਬਾਈਆਂ ਸੂਬਿਆਂ ਵਿਚ ਕਿਤੇ ਕੋਈ ਅਮੋਲਕ ਚੀਜ਼, ਕਿਤੇ ਕੋਈ ਦੁਰਲੱਭ ਵਸਤੂ ਸੀ, ਉਹ ਸਾਰੀ ਦੀ ਸਾਰੀ ਬਾਈ ਸੂਬਿਆਂ ਵਿੱਚੋਂ ਇਕੱਠੀ ਕਰ ਲਈ ਇਸਨੇ। ੨੪।

***ਤਖ਼ਤ ਤਊਸੀ ਨੌ ਕੋਟਾ ਜੋਊ॥***(ਤਊਸ) ਮੋਰ ਦੀ ਸ਼ਕਲ ਦਾ ਤਖ਼ਤ ਸੀ ਬਣਾਇਆ ਹੋਇਆ ਦਿੱਲੀ ਦਾ, ਉਸ 'ਤੇ ਉਸ ਸਮੇਂ ਦਾ ਨੌਂ ਕਰੋੜ ਰੁਪਿਆ ਲੱਗਿਆ ਹੋਇਆ ਸੀ, ਉਹ ਨੌ ਕੋਟੀ ਤਖ਼ਤ ਵਜਦਾ ਸੀ, ਇਤਨੇ ਹੀਰੇ-ਜਵਾਹਰਤਾਂ ਨਾਲ ਜੋੜਿਆ ਹੋਇਆ ਸੀ।

***ਸੁਇਨਾ ਸੁਗੰਧੀ ਸੌ ਦੋਇ ਤੋਲੈ ਹੋਊ॥*** ਇਕ ਸੋਨਾ ਹੁੰਦਾ ਹੈ, ਇਕ 'ਸੁਗੰਧੀ ਸੋਨਾ' ਹੁੰਦਾ ਹੈ, ਜਿਸ ਦੇ ਵਿੱਚੋਂ ਸੁਗੰਧ ਆਉਂਦੀ ਹੈ, ਖੁਸ਼ਬੂ ਆਉਂਦੀ ਹੈ, ਉਹ ਦੋ ਸੌ ਤੋਲਾ ਮੁਗਲਾਂ ਦੇ ਰਾਜ ਵੇਲੇ ਦਾ ਇਕੱਠਾ ਕੀਤਾ ਹੋਇਆ ਸੀ। ਜੋ ਨਾਦਰ ਸ਼ਾਹ ਨੇ ਏਥੋਂ ਆ ਕੇ ਲੁੱਟਿਆ ਹੈ, ਨੌਂ ਕੋਟੀ ਤਖ਼ਤ-ਏ-ਤਊਸ ਵੀ ਆਪਣੇ ਕਬਜ਼ੇ ਕਰ ਲਿਆ ਅਤੇ ਦੋ ਸੌ ਤੋਲੇ ਸੁਗੰਧੀ ਵਾਲਾ ਸੋਨਾ ਵੀ ਉਸ ਨੇ ਆਪਣੇ ਕਬਜ਼ੇ ਵਿਚ ਕਰ ਲਿਆ।

***ਇਕ ਹੀਰਾ ਥਾ ਪੰਡਵਨ ਵਾਲੋ॥*** ਇਕ ਪਾਂਡਵਾਂ ਵਾਲਾ ਹੀਰਾ ਸੀ, ਉਹ ਵੀ ਲੈ ਲਿਆ ਹੈ ਉਸ ਨੇ।

***ਦੁਯੋ ਕਹੈਂ ਕੋਊ ਬਡ ਥੋ ਲਾਲੋ॥ ੨੫॥*** ਦੱਸਦੇ ਹਨ, ਦੋ ਬੜੀ ਕੀਮਤ ਦੇ ਲਾਲ ਸਨ, ਜੋ ਅੱਜ ਤਾਈਂ ਕਿਸੇ ਨੇ ਦੇਖੇ ਹੀ ਨਹੀਂ,ਹੈ ਹੀ ਨਹੀਂ ਕਿਤੇ। ੨੫।

***ਉਸ ਸੋਂ ਸ਼ਾਹੁ ਰੈਨ ਪੜ੍ਹੇ ਕੁਰਾਨ॥*** ਦਿੱਲੀ ਦਾ ਬਾਦਸ਼ਾਹ ਉਹਦੇ ਚਾਨਣ ਵਿਚ ਕੁਰਾਨ ਪੜ੍ਹਦਾ ਹੁੰਦਾ ਸੀ, ਐਨੀ ਰੋਸ਼ਨੀ ਸੀ ਉਹਨਾਂ ਦੇ ਵਿਚ।

***ਹੈ ਚਰਚਾ ਯਹ ਮੱਧ ਜਹਾਨ॥*** ਇਹ ਚਰਚਾ ਸਾਰੇ ਸੰਸਾਰ ਵਿਚ ਹੈ ਕਿ ਉਹਨਾਂ ਲਾਲਾਂ ਦੀ ਰੋਸ਼ਨੀ ਵਿਚ ਬਾਦਸ਼ਾਹ ਰਾਤ ਨੂੰ ਕੁਰਾਨ ਪੜ੍ਹਦਾ ਹੁੰਦਾ ਸੀ।

***ਸਾਹਿਨ ਕੂਰ ਕੋਊ ਮੱਛੀ ਕਹੈਂ॥*** ਕਈ ਸਾਹਿਨਕੂਰ ਨਾਮ ਦੀ ਇਕ ਮੱਛੀ ਵੀ ਕਹਿੰਦੇ ਹਨ, ਇਕ ਤੋਹਫ਼ਾ ਇਹ ਵੀ ਸੀ।

***ਲਾਇ ਕਰਦ ਜਿਸ ਮਾਸੁ ਸੁ ਖਹੈਂ॥ ੨੬॥*** ਜਿਸ ਨੂੰ ਕਰਦ ਲਾ ਕੇ ਜਿਤਨੀ ਲੋੜ ਹੈ ਮਾਸ ਦੀ, ਉਤਨਾਂ ਲਾਹ ਲੈਣਾ ਸਾਹਿਨਕੂਰ ਮੱਛੀ ਨਾਲੋਂ, ਦੂਸਰੇ ਦਿਨ ਉਨ੍ਹਾਂ ਹੀ ਮਾਸ ਹੋ ਜਾਂਦਾ ਸੀ ਮੱਛੀ ਦਾ, ਉਸ ਮੱਛੀ ਦਾ ਮਾਸ ਖਾਂਦੇ ਸੀ। ੨੬।

***ਮੋਤੀ ਆਂਡੇ ਮੁਰਗ ਸਮਾਨ॥*** ਇਕ ਮੋਤੀ ਸੀ ਕੀਮਤੀ ਬੜਾ, ਜਿਸ ਦਾ ਅਕਾਰ ਮੁਰਗੀ ਦੇ ਆਂਡੇ ਵਰਗਾ ਸੀ, ਜਦੋਂ ਦਾਰਾਸ਼ਕੋਹ ਨੂੰ ਔਰੰਗਜ਼ੇਬ ਨੇ ਸ਼ੇਰ ਦੀ ਮੁੱਛ ਦਾ ਵਾਲ ਖੁਆ ਦਿੱਤਾ ਸੀ, ਉਦੋਂ ਇਹ ਮੋਤੀ ਸ਼ਾਹ ਜਹਾਨ ਨੂੰ ਬਖਸ਼ਿਆ ਸੀ, ਗੁਰੂ ਹਰਿ ਰਾਇ ਸਾਹਿਬ ਜੀ ਨੇ।

***ਚੌਸਠ ਰੱਤੀ ਤੋਲ ਪਛਾਨ॥*** ਚੌਂਹਠ ਰੱਤੀ ਦਾ ਵਜ਼ਨ ਸੀ ਏਸ ਮੋਤੀ ਦਾ।

***ਗੁਲਾਈ ਤਿਨਕੀ ਬਡੀ ਅਪਾਰ॥*** ਆਂਡੇ ਵਰਗੀ ਗੋਲਾਈ ਸੀ ਉਸ ਦੀ ਬੜੀ ਹੀ ਸੁੰਦਰ ਸੀ।

***ਕਹੀ ਕਵੀਸ਼ਰ ਬੁਧਿ ਅਨੁਸਾਰ॥੨੭॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਕਵੀਸ਼ਰਾਂ ਨੇ ਆਪੋ ਆਪਣੀ ਬੁੱਧੀ ਅਨੁਸਾਰ ਉਸ ਮੋਤੀ ਦੀ ਸਿਫ਼ਤ ਕਹੀ ਹੈ। ੨੭।

***ਦੋਹਰਾ॥ ਤਾਨਸੈਨ ਪਤਿਸ਼ਾਹਿ ਦੇ ਤੋਹਫੇ ਲਏ ਥੇ ਦੋਇ॥*** ਤਾਨਸੈਨ ਅਕਬਰ ਪਾਤਸ਼ਾਹ ਦਾ ਰਾਗੀ ਹੋਇਆ ਹੈ, ਇਸ ਨੂੰ ਗਵਾਲੀਅਰ ਦੇ ਰਾਜੇ ਨੂੰ ਦੇ ਕੇ ਇਸ ਦੇ ਬਦਲੇ ਦੋ ਤੋਹਫ਼ੇ ਲੈ ਲਏ ਸਨ।

***ਐਨ ਚੈਨ ਕੀ ਮਾਲ ਇਕ, ਔ ਹੀਰਾ ਗੁਲਾਬੀ ਸੋਇ॥ ੨੮॥*** ਇਕ ਐਨ ਚੈਨ ਦੀ ਮਾਲਾ ਤੇ ਇਕ ਗੁਲਾਬੀ ਹੀਰਾ, ਇਹ ਦੋ ਤੋਹਫ਼ੇ ਲਏ ਸਨ, ਤਾਨਸੈਨ ਦੇ ਬਦਲੇ ਵਿਚ ਗਵਾਲੀਅਰ ਦੇ ਰਾਜੇ ਤੋਂ ਅਕਬਰ ਨੇ। ੨੮।

***ਉਸ ਹੀਰੇ ਕੀ ਖਾਤਰੇ, ਦਿੱਲੀ ਮੁਗਲ ਪਤਿਸ਼ਾਹਿ॥*** ਦਿੱਲੀ ਦਾ ਜੋ ਮੁਗ਼ਲ ਬਾਦਸ਼ਾਹ ਅਕਬਰ ਸੀ, ਉਸ ਨੇ ਉਸ ਹੀਰੇ ਦੀ ਖ਼ਾਤਰ।

***ਤੋੜੇ ਵੱਟ ਜੁਵਾਹਰੀ ਦੁਇ ਚਾਵਲ ਘੱਟ ਕਰਾਇ॥ ੨੯॥*** ਉਸ ਨੂੰ ਤੋੜ ਕੇ ਵੱਢ ਕੇ ਦੋ ਚਉਲ ਘੱਟ ਕਰ ਦਿੱਤਾ, ਬਾਰ੍ਹਾਂ ਰੱਤੀ ਤੋਂ, ਜਦ ਜੌਹਰੀਆਂ ਨੇ। ੨੯।

***ਬਾਰਾਂ ਰੱਤੀ ਥੋ ਪਕੀ ਔ ਦੋਇ ਚਾਵਲ ਘਟ ਸੋਇ॥*** ਉਹ ਬਾਰਾਂ ਰੱਤੀਆਂ ਪੱਕੀਆਂ ਤੋਂ ਦੋ ਚੌਲ ਘੱਟ ਸੀ।

***ਪਰੇ ਪ੍ਰਛਾਵੇਂ ਜਿਸ ਤਰਫ ਗੁਲਾਬੀ ਸੁਭਾ ਸੁ ਹੋਇ॥ ੩੦॥*** ਆਪਣੇ ਤਾਜ ਵਿਚ ਜੜਾ ਲਿਆ ਸੀ ਬਾਦਸ਼ਾਹ ਨੇ, ਜਿਸ ਪਾਸੇ ਮੂੰਹ ਕਰਦਾ, ਗੁਲਾਬੀ ਸੁ ਭ (ਗੁਲਾਬੀ ਰੰਗ ਦੀ ਭਾ) ਹੋ ਜਾਂਦੀ ਸੀ, ਦੂਸਰੇ ਪਾਸੇ ਉਹੋ ਜਿਹਾ ਚਿੱਟਾ ਰੰਗ ਰਹਿੰਦਾ ਸੀ, ਇਹ ਉਹਦੀ ਸ਼ੋਭਾ ਦਸਦੇ ਹਨ। ੩੦।

***ਚੌਪਈ॥ ਐਨ ਚੈਨ ਕੀ ਮਾਲਾ ਜੋਇ॥*** ਜਿਹੜੀ ਐਨ ਚੈਨ ਦੀ ਮਾਲਾ ਦਾ ਤੋਹਫ਼ਾ ਸੀ।

***ਅੱਖ ਛੁਹਾਇ ਦੁਖ ਦੇ ਖੋਇ॥*** ਇਹ ਮਾਲਾ ਜੇ ਅੱਖਾਂ ਨੂੰ ਛੁਹਾ ਦਿਉ, ਸਾਰੇ ਸਰੀਰ ਦੇ ਦੁਖ ਦੂਰ ਹੋ ਜਾਂਦੇ ਸੀ, ਇਸ ਮਾਲਾ ਵਿਚ ਇਹ ਸਿਫ਼ਤ ਸੀ।

***ਸੋ ਨਾਦਰ ਤਰਕਸ ਲਟਕਾਈ॥*** ਉਹ ਨਾਦਰ ਸ਼ਾਹ ਜਿਹੜਾ ਲੁਟੇਰਾ ਆਇਆ ਹੈ, ਕਾਬਲ ਦਾ ਕੁੱਤਾ ਹੈ ਜਿਹੜਾ, ਇਸ ਨੇ ਉਸ ਦੇ ਚਾਰ ਟੁੱਕੜੇ ਕਰ ਦਿੱਤੇ, ਇਸ ਨੇ ਆਪਣੇ ਤੀਰਾਂ ਦੇ ਭੱਥੇ ਨਾਲ ਚਾਰ ਲੜੀਆਂ ਬਣਾ ਕੇ ਉਸ ਮਾਲਾ ਦੀਆਂ, ਲਟਕਾ ਦਿੱਤੀਆਂ।

***ਛਿਦ੍ਰ ਚਾਰ ਕਰ ਪਤ ਗਵਾਈ॥ ੩੧॥*** ਉਸ ਦੇ ਵਿਚ ਚਾਰ ਛੇਕ ਕਰਕੇ ਉਸ ਦੀ ਪਤ ਗਵਾ ਦਿੱਤੀ, ਭਾਵ ਉਹ ਸ਼ਕਤੀ ਖ਼ਤਮ ਹੋ ਗਈ ਉਸ ਮਾਲਾ ਵਿੱਚੋਂ। ੩੧।

***ਐਸੀ ਹੱਟ ਥੋਂ ਕਰੋੜੋ ਪੱਤੀ॥*** ਐਸੀ ਹੱਟ ਤਾਂ ਕਰੋੜਪਤੀਆਂ ਦੇ ਸਨ ਦਿੱਲੀ ਵਿਚ, ਦਿੱਲੀ ਜਾ ਬੈਠਾ ਹੈ, ਲੁੱਟ ਮਚਾਈ ਹੈ, ਸਭ ਨੂੰ ਲੁੱਟੀ ਜਾਂਦਾ ਹੈ।

***ਨਾਦਰ ਛਡੀ ਨ ਲਖਨ ਵੱਤੀ॥*** ਨਾਦਰ ਨੇ ਉਹਨਾਂ ਨੂੰ ਦੀਵੇ ਵਿੱਚ ਤੇਲ ਪਾਉਣ ਜੋਗਾ ਨਾ ਛੱਡਿਆ, ਇਸ ਤਰ੍ਹਾਂ ਦੇ ਬਣਾ

ਕੇ ਸਭ ਖ਼ਤਮ ਕਰ ਛੱਡੇ।

***ਜੌਰਾ ਭੌਰਾ ਖੋਹ ਲੈ ਗਯੋ॥*** ਜੌਰਾ ਤੇ ਭੌਰਾ ਦੋ ਘੋੜੇ ਸਨ ਉਸ ਟਾਈਮ ਜੋ ਸ਼ੇਰ ਸ਼ਾਹ ਸੂਰੀ ਨੇ ਪ੍ਰਾਪਤ ਕੀਤੇ ਸਨ, ਇਹ ਦੋ ਦਰਿਆਈ ਘੋੜੇ ਸਨ, ਜਿਹੜੇ ਕਿਲ੍ਹਿਆਂ ਵਿੱਚੋਂ ਛਾਲਾਂ ਮਾਰ ਜਾਣ ਤੇ ਦਰਿਆਵਾਂ ਨੂੰ ਤਰ ਜਾਣ, ਨਾਦਰ ਸ਼ਾਹ ਇਹਨਾਂ ਜੌਰਾ ਤੇ ਭੌਰਾ ਨਾਮ ਦੇ ਘੋੜਿਆਂ ਨੂੰ ਵੀ ਖੋਹ ਕੇ ਲੈ ਗਿਆ ਹੈ।

***ਬੀਸ ਕੋਟ ਫਿਰ ਟਕਾ ਚੁਕਯੋ॥ ੩੨॥*** ਵੀਹ ਕਰੋੜ ਰੁਪਿਆ ਦਿੱਲੀ ਦੇ ਪਾਤਸ਼ਾਹ ਨੇ ਹਾਜ਼ਰ ਕੀਤਾ ਹੈ ਨਾਦਰ ਸ਼ਾਹ ਨੂੰ। ੩੨।

***ਤੀਨ ਕੋਟ ਤਿਨ ਮੈਂ ਤੁਟ ਰਹਯੋ॥*** ਬਾਕੀ ਦਾ ਤਾਂ ਪੂਰਾ ਕਰ ਲਿਆ, ਤਿੰਨ ਕਰੋੜ ਰੁਪਿਆ ਉਸ ਦੇ ਵਿਚ ਤੋਟਾ ਪੈ ਗਿਆ ਹੈ, ਖ਼ਜ਼ਾਨੇ ਵਿੱਚੋਂ ਨਾ ਨਿਕਲਿਆ ਐਨਾ ਰੁਪਈਆ, ਉਹ ਲੈਣਾ ਰਹਿ ਗਿਆ ਬਾਕੀ।

***ਸੋਊ ਆਇ ਅਹਮਦ ਸ਼ਾਹ ਲਯੋ॥*** ਉਹ ਆ ਕੇ ਅਹਿਮਦ ਸ਼ਾਹ ਅਬਦਾਲੀ ਨੇ ਲਿਆ ਹੈ ਦੁਬਾਰਾ, ਇਹ ਉਦੋਂ ਵੀ ਨਾਲ ਸੀ, ਇਹ ਨਾਦਰਸ਼ਾਹ ਦਾ ਗ਼ੁਲਾਮ ਸੀ, ਇਹ ਨਾਦਰ ਸ਼ਾਹ ਨੂੰ ਮਾਰ ਕੇ ਆਪ ਹਾਕਮ ਬਣ ਬੈਠਾ।

***ਪੰਜ ਸੂਬੇ ਲਏ ਹਿੰਦੋਂ ਕਟਾਇ॥*** ਪੰਜ ਸੂਬੇ ਹਿੰਦੋਸਤਾਨ ਨਾਲੋਂ ਕਟਵਾ ਲਏ ਹਨ ਨਾਦਰ ਸ਼ਾਹ ਨੇ, ਜਲੰਧਰ, ਲਹੌਰ ਤੇ ਮੁਲਤਾਨ, ਪਿਸ਼ੌਰ ਆਦਿਕ ਇਹ ਮੇਰੇ ਹੋਣਗੇ ਅੱਜ ਤੋਂ।

***ਲਹੌਰ ਸੁ ਅਪਨੀ ਲਈ ਲਿਖਾਇ॥ ੩੩॥*** ਲਹੌਰ ਨੂੰ ਵੀ ਨਾਦਰ ਸ਼ਾਹ ਨੇ ਆਪਣੇ ਵਿਚ ਲਿਖਾ ਲਿਆ ਹੈ, ਸਿਰਫ ਦਿੱਲੀ ਛੱਡਦਾ ਹਾਂ ਤੈਨੂੰ। ੩੩।

***ਦੋਹਰਾ॥ ਔਰ ਦਰਬ ਕੀ ਕਿਆ ਕਹੀਏ, ਬਾਈ ਸੂਬੇ ਪਤਿਸ਼ਾਹਿ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜੋ ਧਨ ਇਹਨਾਂ ਲੁੱਟਿਆ ਹੈ, ਇਕੱਠਾ ਕੀਤਾ ਹੈ, ਕੀ ਦੱਸਾਂ ਮੈਂ ਉਸ ਦੇ ਬਾਰੇ, ਬਾਈ ਸੂਬਿਆਂ ਦਾ ਧਨ ਸੀ, ਇਕ-ਇਕ ਸੂਬੇ ਵਿਚ ਕਿੰਨੇ- ਕਿੰਨੇ ਕਰੋੜਾਂ ਰੁਪਏ ਹੋਇਗਾ।

***ਤਿਨੌ ਇਕੱਠੀ ਥੀ ਕਰੀ ਸੋ ਲੈ ਗਯੋ ਨਾਦਰ ਸ਼ਾਹਿ॥ ੩੪॥*** ਉਹਨਾਂ ਨੇ ਤਾਂ ਇੱਕਠੀ ਕਰੀ ਸੀ ਮੁਗਲ ਰਾਜ ਵੇਲੇ, ਧਨ ਇਕੱਠਾ ਕਰਕੇ ਖ਼ਜ਼ਾਨਿਆਂ ਵਿਚ ਜਮ੍ਹਾਂ ਹੀ ਕਰਦੇ ਰਹੇ, ਨਾਦਰ ਸ਼ਾਹ ਆਇਆ ਅਤੇ ਉਹ ਸਾਰਾ ਧਨ ਲੁੱਟ ਕੇ ਲੈ ਗਿਆ। ੩੪।

***ਜੋਊ ਮਾਰੇ ਜੰਗ ਮੈਂ ਤਿਨ ਕੀ ਕੌਣ ਸ਼ੁਮਾਰ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿਹੜੇ ਜੰਗ ਵਿਚ ਮਾਰੇ ਗਏ, ਮੁਕਾਬਲੇ ਵਿਚ ਮਾਰੇ ਗਏ, ਉਹਨਾਂ ਦੀ ਤਾਂ ਕੀ ਗਿਣਤੀ ਹੈ, ਭਾਵ ਉਹ ਗਿਣਤੀ ਤੋਂ ਬਾਹਰ ਹਨ ਅਣਗਿਣਤ ਹਨ।

***ਕੀਤੇ ਕਤਲ ਗਰੀਬ ਉਨ ਮੱਧ ਦਿੱਲੀ ਸੱਤ੍ਰ ਹਜ਼ਾਰ॥ ੩੫॥*** ਜਦੋਂ ਨਾਦਰ ਸ਼ਾਹ ਦਿੱਲੀ ਵਿਚ ਵੜਿਆ ਹੈ, ਉਦੋਂ ਸੱਤਰ ਹਜ਼ਾਰ ਗਰੀਬ ਕਤਲ ਕੀਤੇ ਸਨ ਉਸ ਨੇ, ਇਹ ਵੀ ਇਕ ਦਿਲਚਸਪ ਘਟਨਾ ਹੈ, ਉਹ ਕੁਦਰਤ ਮਹਾਰਾਜ ਦੀ ਐਸੀ ਹੋਈ, ਨਾਦਰ ਸ਼ਾਹ ਅਜੇ ਏਥੇ ਹੀ ਸੀ, ਓਧਰੋਂ ਜੁਮੇ ਦਾ ਦਿਨ ਆ ਗਿਆ। ਬਾਦਸ਼ਾਹ ਨੇ ਨਾਦਰ ਨੂੰ ਕਿਹਾ ਕਿ ਤੁਸੀਂ ਸਾਡੇ ਨਾਲ ਨਮਾਜ਼ ਪੜ੍ਹੋ ਚਲ ਕੇ, ਉਹ ਉਥੇ ਚਲਾ ਗਿਆ ਈਦ ਨੂੰ, ਏਧਰ ਭੰਗੜਾਂ ਦਾ ਅਦਾਰਾ ਸੀ ਕਿਤੇ ਦਿੱਲੀ ਵਿਚ, ਉਹਨਾਂ ਦੀ ਗਾੜ੍ਹੀ ਭੰਗ ਪੀਤੀ ਹੋਈ ਸੀ, ਉਹ ਇਕ ਭੰਗੜ ਦੂਜੇ ਨੂੰ ਕਹਿੰਦਾ ਹੈ, 'ਕਿਉਂ ਬਈ ਭੰਗੜਾ ਤਰਾਰਾ ਆਇਆ ਹੈ ਤੈਨੂੰ' ਉਹ ਕਹਿਣ ਲੱਗਾ, 'ਭੰਗ ਦੀ ਲੋਰ ਵਿਚ ਕਿਉਂ ਦੇਖਿਆ ਕਿੰਨਾਂ ਸਿਆਣਾ ਹੈ ਬਾਦਸ਼ਾਹ ਸਾਡਾ, ਕਹਿੰਦੇ ਅੱਛਾ! ਵੇਖਦੇ ਨਹੀਂ ਤੁਸੀਂ, ਨਾਦਰ ਨੂੰ ਬੁਲਾ ਕੇ ਲੈ ਗਏ ਹਨ ਕਿਲ੍ਹੇ ਵਿੱਚੋਂ, ਉਥੇ ਗ੍ਰਿਫ਼ਤਾਰ ਕਰਕੇ ਉਥੇ ਹੀ ਮਾਰ ਦੇਣਾ ਹੈ ਕਿਲ੍ਹੇ ਵਿਚ, ਠੀਕ ਹੈ। ਉਹ ਕਿਤੇ ਨਾਦਰ ਦੇ ਸਿਪਾਹੀ ਨੇ ਸੁਣ ਲਿਆ ਹੈ। ਉਸ ਨੇ ਸੁਣ ਕੇ ਕਿਹਾ, 'ਇਹ ਤਾਂ ਕੰਮ ਖ਼ਰਾਬ ਹੋ ਜਾਣਾ, ਸਾਖਸ਼ਾਤ ਕਹੀ ਜਾਂਦੇ ਨੇ, ਬੋਲੀ ਜਾਂਦੇ ਨੇ' ਉਹ ਫਟ ਗਿਆ ਹੈ ਘੋੜੇ 'ਤੇ ਚੜ੍ਹ ਕੇ, ਨਾਦਰ ਉਥੇ ਬੈਠਾ ਸੀ, ਨਾਲ ਹੀ ਦਿੱਲੀ ਦਾ ਬਾਦਸ਼ਾਹ ਬੈਠਾ ਸੀ, ਜਾ ਕੇ ਉਸ ਦੇ ਕੰਨ ਵਿਚ ਦੱਸਿਆ ਹੌਲੀ ਦੇ ਕੇ ਕਿ ਗੱਲ ਤਾਂ ਇਹ ਬਣ ਰਹੀ ਹੈ, ਜਦ ਉਸ ਨੇ ਸੁਣਿਆ ਉਸ ਨੂੰ ਗੁੱਸਾ

ਚੜ੍ਹ ਗਿਆ, ਉਸ ਨੇ ਝੱਟ ਵਜ਼ੀਰ ਸੱਦ ਲਿਆ ਤੇ ਫ਼ੌਜ ਦਾ ਪਹਿਰਾ ਕਰ ਲਿਆ ਆਪਣੇ ਕੋਲ, ਤਲਵਾਰ ਕੱਢ ਕੇ ਮਿਆਨੋਂ ਬਾਹਰ ਕਰ ਲਈ। ਦਿੱਲੀ ਕਤਲ ਕਰ ਦਿਉ। ਕੌਣ ਹਟਾਵੇ ਹੁਣ, ਕੋਲ ਬਾਦਸ਼ਾਹ ਬੈਠਾ ਹੈ, ਉਹ ਜਸੂਸ ਦੱਸ ਗਿਆ ਸੀ ਸਾਰਾ ਕੁਛ, ਉਸ 'ਤੇ ਫਤਵਾ ਲਾਇਆ ਸੀ, ਤੈਨੂੰ ਮਾਰਨ ਦਾ ਢੰਗ ਬਣਾਇਆ ਸੀ ਇਸ ਨੇ, ਉਸ ਨੇ ਇੰਤਜ਼ਾਮ ਕਰਕੇ ਤਲਵਾਰ ਚਲਾ ਦਿੱਤੀ, ਹੁਣ ਕਹਿਣ ਜੋਗਾ ਨਹੀਂ ਕੋਈ, ਕੌਣ ਕਹੇ, ਮਹਾਰਾਜ ਦਿੱਲੀ ਲੁੱਟੀਦੀ ਹੈ, ਕਤਲ ਹੋ ਰਹੀ ਹੈ, ਛੁਡਾ ਬਾਦਸ਼ਾਹ, ਬਾਦਸ਼ਾਹ ਡਰਦਾ ਹੈ ਕਿ ਜੇ ਮੈਂ ਕੋਈ ਕਹੀ ਗੱਲ, ਤਾਂ ਮੇਰੇ 'ਤੇ ਨਾ ਆ ਜਾਏ ਕਿਤੇ। ਉਹ ਜਿਵੇਂ ਮਰਜ਼ੀ ਕਰੀ ਗਿਆ ਹੈ, ਸੱਤਰ ਹਜ਼ਾਰ ਕਤਲ ਹੋ ਗਿਆ ਹੈ। ਅਖ਼ੀਰ ਵਜ਼ੀਰ ਨੂੰ ਪਤਾ ਲੱਗਾ, ਵਜ਼ੀਰ ਦਿਲ ਤਕੜਾ ਕਰਕੇ ਗਲ ਵਿਚ ਕੁਹਾੜਾ ਪਾ ਕੇ ਬਾਦਸ਼ਾਹ ਦੇ ਪੇਸ਼ ਹੋਇਆ ਹੈ। ਬਾਦਸ਼ਾਹ! ਮੁਸਲਮਾਨ ਨੇ ਸਾਰੇ, ਇਹ ਜੋ ਕਤਲ ਹੋ ਰਹੇ ਹਨ, ਸਭ ਮੁਸਲਮਾਲ ਨੇ, ਇਸ ਵਾਸਤੇ ਰਹਿਮ ਕਰ, ਰਹਿਮ ਕਰ, ਸਾਨੂੰ ਕਤਲ ਕਰ ਲੈ, ਜੇ ਤੇਰਾ ਮਨ ਠੰਢਾ ਹੋ ਜਾਵੇ, ਫਿਰ ਕਿਤੇ ਮੰਨਿਆ ਉਹ, ਤਲਵਾਰ ਪਾਈ ਮਿਆਨ ਵਿਚ, ਤਾਂ ਕਤਲ ਹੋਣੇ ਹਟੇ। ਜਦੋਂ ਗਿਣਤੀ ਹੋਈ ਤਾਂ ਸੱਤਰ ਹਜ਼ਾਰ ਕਤਲ ਹੋਇਆ ਉਥੇ, ਉਥੇ ਛੱਡਿਆ ਹੀ ਕੋਈ ਨਹੀਂ ਹੈ। ਇਕ ਅਫਵਾਹ ਫੈਲਣ ਨਾਲ ਹੀ ਐਨਾ ਜਾਨੀ ਨੁਕਸਾਨ ਹੋ ਗਿਆ। ੩੫।

***ਚੌਪਈ॥ ਇਮ ਕਰ ਤੁਰਕ ਤੁਰਕਨ ਦਏ ਗਾਲ॥*** ਇਸ ਤਰ੍ਹਾਂ ਕਰਕੇ ਤੁਰਕਾਂ ਨੇ ਹੀ ਤੁਰਕਾਂ ਨੂੰ ਕਤਲ ਕਰ ਕੇ ਗਾਲ ਦਿੱਤਾ।

***ਜੋ ਗਲਿਓ ਸੋ ਪਾਟਕ ਨਾਲ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜੋ ਵੀ ਗਲਿਆ ਹੈ, ਜੋ ਵੀ ਮਰਿਆ ਹੈ ਫੁਟ ਨਾਲ ਹੀ ਮਰਿਆ ਹੈ, ਜਦੋਂ ਫੁੱਟ ਪੈ ਜਾਂਦੀ ਹੈ, ਉਦੋਂ ਹੀ ਮਰ ਜਾਂਦੇ ਨੇ, ਇਹੋ ਹਾਲਾਤ ਅੱਜ-ਕਲ੍ਹ ਹੈ ਜੀ।

***ਔਰ ਬਾਤ ਉਸ ਸਾਰੀ ਕਹੂੰ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜੇ ਮੈਂ ਹੋਰ ਸਾਰੀ ਹਕੀਕਤ ਕਹਾਂ, ਹੋਰ ਸਾਰਾ ਇਤਹਾਸ ਮੈਂ ਵਰਣਨ ਕਰਾਂ।

***ਗ੍ਰੰਥ ਵਧਨ ਤੇ ਚਿਤ ਸੰਕਹੂੰ॥ ੩੬॥*** ਇਸ ਕਰਕੇ ਚਿੱਤ ਵਿਚ ਸ਼ੰਕਾ ਹੈ ਕਿ ਗ੍ਰੰਥ ਜ਼ਿਆਦਾ ਵਧ ਜਾਇਗਾ, ਇਹ ਠੀਕ ਨਹੀਂ। ੩੬।

## ਖਾਲਸੇ ਦੀ ਫ਼ਰਯਾਦ ਸੱਚੀ ਦਰਗਾਹ ਪਹੁੰਚੀ

### *(ਨਾਦਰ ਸ਼ਾਹ ਨੇ ਖ਼ਾਨ ਬਹਾਦਰ ਤੋਂ ਸਿੰਘਾਂ ਦੇ ਹਾਲ ਪੁੱਛਣੇ)*

***ਦੋਹਰਾ॥ ਸਿੰਘਨ ਕੀ ਫਰਿਆਦ ਜਬ ਪੁਜੀ ਸੱਚੀ ਦਰਗਾਹਿ॥*** ਜਦੋਂ ਖ਼ਾਨ ਬਹਾਦਰ ਨੇ ਸਿੰਘਾਂ 'ਤੇ ਬਹੁਤ ਜ਼ੁਲਮ ਕੀਤੇ ਬੜੇ ਦੁਖ ਦਿੱਤੇ, ਖਾਲਸੇ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ, ਜ਼ਾਲਮਾਂ ਦਾ ਨਾਸ਼ ਕਰਨ ਵਾਸਤੇ ਜਦੋਂ ਖਾਲਸੇ ਦੀ ਫ਼ਰਿਆਦ ਸੱਚੀ ਦਰਗਾਹ ਵਿਚ ਅਕਾਲ ਪੁਰਖ ਅੱਗੇ ਪਹੁੰਚ ਗਈ।

***ਆਫਤ ਉਠੀ ਕੁਰਾਸਾਨ ਤੇ ਪਰੀ ਦਿੱਲੀ ਪਰ ਆਇ॥ ੧॥*** ਇਹ ਜਿਹੜਾ ਨਾਦਰ ਸ਼ਾਹ ਆਇਆ ਹੈ ਨਾ, ਇਹ ਉਸ ਫ਼ਰਿਆਦ ਤੋਂ ਬਾਅਦ ਆਇਆ ਹੈ, ਜਦੋਂ ਦਰਗਾਹ ਵਿਚ ਖਾਲਸੇ ਦੀ ਫ਼ਰਿਆਦ ਸੁਣੀ ਗਈ, ਫੇਰ ਇਹ(ਆਫਤ) ਮੁਸੀਬਤ ਉੱਠੀ ਹੈ ਕੁਰਾਸਾਨ ਤੋਂ ਦਿੱਲੀ ਉਤੇ ਜਾ ਪਈ ਹੈ, ਦਿੱਲੀ ਜਾ ਲੁੱਟੀ ਹੈ। ੧।

***ਦੋਹਰਾ॥ ਦਿੱਲੀ ਖ਼ੂਬ ਸੁ ਉਨ ਲੁਟੀ ਡੇਰਾ ਬਰਸ ਕਰਾਇ॥*** ਇਕ ਵਰ੍ਹਾ ਦਿੱਲੀ ਆਪਣਾ ਡੇਰਾ ਕਰਕੇ ਨਾਦਰ ਸ਼ਾਹ ਨੇ, ਖ਼ੂਬ ਚੰਗੀ ਤਰ੍ਹਾਂ ਲੁੱਟਿਆ ਹੈ ਦਿੱਲੀ ਨੂੰ।

***ਦਰਬ ਪਦਮ ਕਈ ਲੈ ਗਯੋ ਫਿਰਿ ਪੂਛਯੋ ਖਾਨੂ ਆਇ॥ ੨॥*** ਕਈ ਪਦਮ ਧਨ ਇਕੱਠਾ ਕਰਕੇ ਆਪਣੇ ਦੇਸ਼ ਨੂੰ ਲੈ ਗਿਆ ਹੈ ਅਤੇ ਨਾਦਰ ਸ਼ਾਹ ਦਿੱਲੀ ਤੋਂ ਲਹੌਰ ਆ ਗਿਆ ਹੈ। ਖ਼ਾਨੂੰ ਜਿਹੜਾ ਉਸ ਦਾ ਆਉਂਦੇ ਦਾ ਹੀ ਮਿਤ੍ਰ ਬਣ ਗਿਆ ਸੀ, ਉਸ ਨੂੰ ਆ ਕੇ ਪੁੱਛਿਆ ਹੈ ਕਿਉਂਕਿ ਅੱਗੋਂ ਖ਼ਬਰਾਂ ਮਿਲੀਆਂ ਕਿ ਜਿਹੜਾ ਤੁਸੀਂ ਧਨ, ਪਦਾਰਥ

ਭੇਜਿਆ ਸੀ, ਉਸ ਦੇ ਵਿੱਚੋਂ ਥੋੜ੍ਹਾ ਹੀ ਅਪੜਿਆ ਹੈ। ਰਾਹ ਵਿਚ ਹੀ ਧਾੜਵੀਆਂ ਨੇ ਲੁੱਟ ਲਿਆ ਹੈ। ਨਾਦਰ ਨੂੰ ਇਹ ਖ਼ਬਰ ਮਿਲੀ ਸੀ, ਇਸ ਨੇ ਖ਼ਾਨ ਬਹਾਦਰ ਨੂੰ ਪੁੱਛਿਆ ਹੈ। ੨।

***ਚੌਪਈ॥ ਪੂਛਯੋ ਨਾਦਰ ਨੇ ਖਾਨੂ ਆਇ॥*** ਨਾਦਰ ਸ਼ਾਹ ਨੇ ਖ਼ਾਨ ਬਹਾਦਰ ਨੂੰ ਪੁੱਛਿਆ ਹੈ ਆ ਕੇ।

***'ਹਮ ਕੋ ਲੂਟਨਦਾਰ ਬਤਾਇ॥*** ਜਿਨ੍ਹਾਂ ਨੇ ਮੇਰਾ ਸਮਾਨ ਲੁੱਟਿਆ ਹੈ ਮੇਰਾ, ਰਾਹ ਲੁੱਟਿਆ ਹੈ ਆਉਂਦੇ ਜਾਂਦੇ ਦਾ, ਉਹਨਾਂ ਦਾ ਟਿਕਾਣਾਂ ਤਾਂ ਦੱਸ ਕਿਥੇ ਕੁ ਹੈ? ਕਿਥੇ ਰਹਿੰਦੇ ਹਨ ਉਹ ਖਾਲਸੇ?

***ਜਿਨ ਲੁਟ ਖਾਯੋ ਹਮਰੋ ਰਾਹੁ॥*** ਜਿਨ੍ਹਾਂ ਨੇ ਰਾਹ ਚਲਦਿਆਂ ਨੂੰ ਮੈਨੂੰ ਲੁੱਟ ਖਾਧਾ ਹੈ, ਉਹਨਾਂ ਦਾ ਠਿਕਾਣਾ ਦੱਸ ਮੈਨੂੰ।

***ਮੁਲਕ ਉਸੈ ਕੀ ਉਡਾ ਦਯੋਂ ਸ੍ਵਾਹਿ॥ ੩॥*** ਉਸ ਮੁਲਕ ਦੀ, ਜਿਥੇ ਦੇ ਉਹ ਰਹਿਣ ਵਾਲੇ ਹਨ, ਮੈਂ ਉਸ ਮੁਲਕ ਦੀ ਸੁਆਹ ਉਡਾ ਦਿਆਂਗਾ। ੩।

***ਤਬ ਖ਼ਾਨੂੰ ਨੇ ਐਸ ਬਖ਼ਾਨੀ॥*** ਤਦ ਖ਼ਾਨੂੰ ਨੇ ਨਾਦਰ ਸ਼ਾਹ ਨੂੰ ਉੱਤਰ ਦਿੱਤਾ।

***ਮੁਲਕ ਉਸੈ ਕੀ ਨਾਂਹਿ ਨਿਸ਼ਾਨੀ॥*** ਉਹਨਾਂ ਦੇ ਮੁਲਖ ਦੀ ਨਿਸ਼ਾਨੀ ਹੀ ਕੋਈ ਨਹੀਂ ਹੈ, ਕਿਹੜਾ ਮੁਲਕ ਮੈਂ ਤੁਹਾਨੂੰ ਦੱਸਾਂ, ਜਿਥੇ ਉਹ ਰਹਿੰਦੇ ਹਨ।

***ਖੜੇ ਸੋਵੈਂ ਔ ਚਲਤੇ ਖਾਂਹਿ॥*** ਖੜ੍ਹੇ-ਖੜ੍ਹੇ ਹੀ ਸੌਂ ਲੈਂਦੇ ਨੇ, ਤੁਰੇ ਜਾਂਦੇ ਹੀ ਖਾ ਲੈਂਦੇ ਨੇ, ਉਹਨਾਂ ਦਾ ਰੋਟੀ, ਪਾਣੀ ਪੀਣ- ਖਾਣ ਦਾ ਟਾਈਮ ਵੀ ਨਹੀਂ ਮਿਥਿਆ ਹੋਇਆ, ਨਗਰ ਮੈਂ ਤੁਹਾਨੂੰ ਦਿਖਾ ਦਿੰਦਾ ਹਾਂ ਕਿਹੜੇ ਨਗਰ ਵਿਚ ਵਸਦੇ ਹਨ?

***ਨਹਿਂ ਬੈਠੈਂ ਵੈ ਕਿਤੇ ਗਿਰਾਇ॥ ੪॥*** ਨਾ ਹੀ ਕਿਸੇ ਪਿੰਡ ਵਿਚ ਬੈਠਦੇ ਹਨ, ਭਾਵ ਕਿਸੇ ਪਿੰਡ ਵਿਚ ਰਹਿੰਦੇ ਹੀ ਨਹੀਂ ਹਨ, ਉਹ ਤਾਂ ਤੁਰੇ ਹੀ ਫਿਰਦੇ ਨੇ, ਇਉਂ ਜਾਗਦੇ ਹੀ ਤੁਰੇ ਫਿਰਦੇ ਨੇ। ੪।

***ਨੂਨ ਘਿਰਤ ਕੋ ਸ੍ਵਾਦ ਨ ਜਾਨੈਂ॥*** ਨਾ ਹੀ ਉਹਨਾਂ ਨੂੰ ਲੂਣ ਦੇ ਸੁਆਦ ਦਾ ਪਤਾ ਹੈ ਕਿ ਕਿਹੋ ਜਿਹਾ ਹੁੰਦਾ ਹੈ, ਨਾ ਹੀ ਘਿਉ ਦੇ ਸੁਆਦ ਨੂੰ ਜਾਣਦੇ ਹਨ, ਐਥੋਂ ਤੱਕ ਜੇ ਉਹ ਪਕਾਉਣ-ਖਾਣ ਤੜਕਾ ਆਦਿ ਲਾਉਣ, ਜਦੋਂ ਰਾੜ੍ਹਾ ਹੀ ਨਹੀਂ ਲਉਣਾ। ਜੇ ਡਲੇ ਮਾਸ ਵੀ ਸ਼ਿਕਾਰ ਕਰ ਕੇ ਲਿਆਉਣ, ਤਾਂ ਵੀ ਉਹਨਾਂ ਨੇ ਅੱਗ 'ਤੇ ਭੁੰਨ ਕੇ ਖਾ ਲੈਣੇ ਹਨ, ਲੂਣ ਲਾਉਣ ਦੀ ਲੋੜ ਨਹੀਂ ਹੈ, ਸੋ ਮੈਂ ਕਿਹੜੀ ਨਿਸ਼ਾਨੀ ਦੱਸਾਂ ਉਹਨਾਂ ਦੀ? ਕਿਹੜਾ ਠਿਕਾਣਾ ਦੱਸਾਂ? ਕਿਥੇ ਰਹਿੰਦੇ ਨੇ ਉਹ?

***ਹਮ ਦੁਖ ਦੇਵੈਂ ਵੈ ਸੁਖ ਮਾਨੈਂ॥*** ਅਸੀਂ ਬੜਾ ਜਤਨ ਕੀਤਾ ਹੈ, ਬੜੇ ਦੁਖ ਦਿੱਤੇ ਹਨ, ਫਾਂਸੀਆਂ ਲਾਈਆਂ ਨੇ, ਚਰਖੜੀਆਂ 'ਤੇ ਚੜ੍ਹਾਏ ਹਨ, ਜਿੰਨਾਂ ਅਸੀਂ ਦੁਖ ਦਿੰਦੇ ਹਾਂ, ਓਨਾਂ ਸੁਖ ਮੰਨਦੇ ਹਨ, ਉਹ ਤਾਂ ਅਨੰਦ ਵਿਚ ਗੀਤ ਗਾਉਂਦੇ ਨੇ ਖੁਸ਼ੀਆਂ ਦੇ।

***ਹਾੜ ਨ ਦਿਨ ਭਰ ਪੀਵੈਂ ਪਾਨੀ॥*** ਹਾੜ ਦਾ ਮਹੀਨਾਂ ਕਿੱਡਾ ਸਖ਼ਤ ਹੁੰਦਾ ਹੈ ਗਰਮੀਂ ਦਾ, ਕਹਿੰਦੇ ਐਡੇ ਉਹ ਤਾਂ ਸਿਰੜੀ ਹਨ, ਦੁਪਹਿਰਾ ਉਤੋਂ ਦੀ ਲੰਘਾ ਦਿੰਦੇ ਹਨ, ਸਾਰੀ ਦਿਹਾੜੀ ਪਾਣੀ ਨਹੀਂ ਪੀਂਦੇ, ਬਿਨਾਂ ਪਾਣੀ ਤੋਂ ਗੁਜ਼ਾਰਾ ਕਰ ਲੈਂਦੇ ਨੇ।

***ਸਯਾਲੇ ਰਖੈਂ ਨ ਅਗਨ ਨਿਸ਼ਾਨੀ॥ ੫॥*** ਜਦੋਂ ਸਿਆਲ ਆ ਜਾਂਦਾ ਹੈ, ਜਦੋਂ ਭੂਰੇ ਤੇ ਰਜ਼ਾਈਆਂ ਲੈ ਲੈਂਦੇ ਨੇ ਲੋਕ ਆਪਣੇ ਉਤੇ, ਹੋਰ ਦੱਸਾਂ ਇਹਨਾਂ ਦੀ ਨਿਸ਼ਾਨੀ ਇਹ ਚੰਡਾ (ਅੱਗ) ਵੀ ਨਹੀਂ ਸੇਕਦੇ, ਇਉਂ ਰੁੱਖਾਂ ਵਾਂਗ ਹੀ ਖੜ੍ਹੇ ਰਹਿੰਦੇ ਹਨ, ਤਿਆਰ ਹੀ ਰਹਿੰਦੇ ਹਨ ਦੁਸ਼ਮਣ ਦਾ ਟਾਕਰਾ ਕਰਨ ਨੂੰ। ਜਮਾਂ ਹੀ ਨਿਸ਼ਾਨੀ ਤੱਕ ਵੀ ਨਹੀਂ ਅੱਗ ਦੀ ਰੱਖਦੇ। ੫।

***ਨਹਿਂ ਖਾਵੈਂ ਵੈ ਪੀਸਯੋ ਨਾਜ॥*** ਕਦੀ ਵੀ ਨਹੀਂ ਉਹ ਪੀਸੇ ਹੋਏ ਅਨਾਜ਼ ਦੀਆਂ ਰੋਟੀਆਂ ਬਣਾ ਕੇ ਖਾਂਦੇ।

***ਲੜੈਂ ਬਹੁਤ ਵੈ ਕਰਕੇ ਭਾਜ॥*** ਜਦੋਂ ਜੰਗ ਹੁੰਦਾ ਹੈ, ਫੇਰ ਉਹ ਦੌੜ-ਦੌੜ ਕੇ ਲੜਦੇ ਨੇ, ਕਦੇ ਉਹਨਾਂ ਦਾ ਮੁਕਾਬਲਾ

ਨਹੀਂ ਕਿਸੇ ਕੋਲੋਂ ਹੁੰਦਾ।

***ਏਕ ਹੋਇ ਤਾਂ ਸੌ ਸੌ ਲਰੈਂ॥*** ਜਿਥੇ ਇਕ ਸਿੰਘ ਖੜ੍ਹਾ ਹੋਵੇ, ਉਹ ਸੌ-ਸੌ ਨਾਲ ਟਾਕਰਾ ਕਰੀ ਜਾਂਦਾ ਹੈ, ਸੌ-ਸੌ ਨਾਲ ਇਕੱਲਾ ਹੀ ਲੜੀ ਜਾਂਦਾ ਹੈ।

***ਮਰਨੇ ਤੇ ਵੈ ਮੂਲ ਨ ਡਰੈਂ॥ ੬॥*** ਮੌਤ ਨੂੰ ਤਾਂ ਉਹਨਾਂ ਨੇ ਮਖੌਲ ਗਿਣਿਆ ਹੋਇਆ ਹੈ, ਮੌਤ ਤੋਂ ਤਾਂ ਉਹ ਜਮਾਂ ਹੀ ਨਹੀਂ ਡਰਦੇ, ਮੌਤ ਦਾ ਕੋਈ ਡਰ ਨਹੀਂ ਉਹਨਾਂ ਦੇ ਮਨ ਵਿਚ। ੬।

***ਦੋਹਰਾ॥ ਰਹੈ ਚਾਉ ਉਨ ਮਰਨ ਕੋ, ਦੀਨ ਮਜ਼ਹਬ ਕੈ ਭਾਇ॥*** ਐਸੀ ਲੜਾਈ ਜੋ ਦੀਨ ਮਜ਼ਬ ਦੀ ਲੜਾਈ ਹੈ, ਭਾਵ ਧਰਮ ਯੁੱਧ ਵਾਸਤੇ ਉਨ੍ਹਾਂ ਨੂੰ ਚਾਅ ਹੀ ਰਹਿੰਦਾ ਹੈ ਲੜਨ ਦਾ। ਕਦੋਂ ਲੜਾਈ ਹੋਵੇ ਤੇ ਅਸੀਂ ਲੜੀਏ ਮਰੀਏ।

***ਹਮ ਮਾਰਤ ਉਨ ਥਕ ਗਏ, ਉਇ ਘਟਤ ਨ ਕਿਤਹੂੰ ਦਾਇ॥ ੭॥*** ਖ਼ਾਨ ਬਹਾਦਰ ਕਹਿੰਦਾ ਹੈ ਨਾਦਰ ਸ਼ਾਹ ਨੂੰ, 'ਅਸੀਂ ਸਿੰਘਾਂ ਨੂੰ ਮਾਰਦੇ-ਮਾਰਦੇ ਥੱਕ ਗਏ ਹਾਂ ਹੰਭ ਗਏ ਹਾਂ, ਸਾਡੇ ਕੋਲ ਕੋਈ ਐਸਾ ਦਾਉ ਨਹੀਂ ਹੈ, ਸਾਡੀ ਕੋਈ ਵਾਹ ਨਹੀਂ ਹੈ, ਉਹ ਕਿਸੇ ਵੀ ਢੰਗ ਨਾਲ ਘਟਦੇ ਨਹੀਂ ਸਗੋਂ ਵਧੀ ਜਾਂਦੇ ਹਨ'। ੭।

***ਫਿਰ ਨਾਦਰ ਖਾਨੂੰ ਪੁਛਯੋ 'ਵਹਿ ਉਮੱਤ ਕਿਹ ਪੀਰ?*** ਫੇਰ ਨਾਦਰ ਸ਼ਾਹ ਨੇ ਖ਼ਾਨ ਬਹਾਦਰ ਨੂੰ ਪੁੱਛਿਆ, 'ਮੈਨੂੰ ਇਹ ਤਾਂ ਦੱਸ ਇਹ ਉਮਤ ਕਿਸ ਪੀਰ ਦੀ ਹਨ? ਉਹ ਕਿਸ ਨੇ ਪੈਦਾ ਕੀਤੇ ਨੇ ਇਹੋ ਜਿਹੇ'?

***ਕੈ ਵਹਿ ਆਪੇ ਤੇ ਵਧੇ, ਤੌ ਵਹਿ ਹੋਹਿਂ ਤਗੀਰ॥ ੮॥*** ਜਾਂ ਉਹ ਆਪਣੇ ਆਪ ਹੀ ਵਧ ਗਏ ਨੇ, ਭਾਵ ਪਰਜ਼ਾ ਹੀ ਆਕੀ ਹੋ ਗਈ ਹੈ, ਤਾਂ ਫਿਰ ਉਹ ਤਗੀਰ ਹੋ ਸਕਦੇ ਹਨ, ਭਾਵ ਜਿੱਤ ਸਕਦੇ ਹਾਂ ਅਸੀਂ, ਉਹਨਾਂ ਦੀ ਹਾਰ ਹੋ ਸਕਦੀ ਹੈ।

***ਤਬ ਖਾਨੂੰ ਨੇ ਸਭ ਕਹਯੋ, 'ਗੁਰ ਨਾਨਕ ਕੌ ਪ੍ਰਕਾਸ਼'॥*** ਤਦ ਖ਼ਾਨ ਬਹਾਦਰ ਨੇ ਇਕ-ਇਕ ਗੱਲ ਕਰਕੇ, ਜਿਵੇਂ ਗੁਰੂ ਨਾਨਕ ਸਾਹਿਬ ਪ੍ਰਮੇਸ਼ਰ ਰੂਪ ਧਾਰ ਕੇ ਆਏ ਨੇ, ਅੱਗੇ ਉਹਨਾਂ ਨੇ ਇਹ ਪੰਥ ਸਾਜਿਆ ਹੈ, ਜੋ ਸਿੱਖੀ ਪੰਥ ਹੈ, ਜੋ ਸਿੱਖ ਧਰਮ ਹੈ। ਇਹ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਤਾਪ ਸਾਰਾ ਦੱਸਿਆ, ਕਿਵੇਂ ਹਿੰਦੂ ਮੁਸਲਮਾਨ ਦੁਨੀਆਂ ਦੇ ਸਾਰੇ ਉਹਨਾਂ ਦੇ ਚਰਨੀ ਲੱਗੇ ਸਨ, ਸਭ ਉਹਨਾਂ ਦੇ ਸੇਵਕ ਬਣੇ ਸਨ, ਸਭ ਨੂੰ ਸਿੱਖੀ ਮਾਰਗ ਉਹਨਾਂ ਨੇ ਦੱਸਿਆ ਸੀ।

***ਕਰਾਮਾਤ ਭੀ ਬਹੁ ਕਹੀ, ਜਨਮ ਸੁ ਸਾਖੀ ਭਾਖ॥ ੯॥*** ਅਤੇ ਜਨਮ ਸਾਖੀ ਮੰਗਾਈ ਉਹ ਸੁਣਾਈ ਹੈ ਨਾਦਰ ਸ਼ਾਹ ਨੂੰ, ਆਹ ਦੇਖ! ਕਿੰਨੀਆਂ ਕਰਾਮਾਤਾਂ ਦੇ ਮਾਲਕ ਸਨ ਪ੍ਰਮੇਸ਼ਰ ਰੂਪ ਗੁਰੂ ਨਾਨਕ ਸਾਹਿਬ। ਕਿਵੇਂ ਦੌਲਤ ਖ਼ਾਂ ਨੂੰ ਪੁੱਤਰ ਦਿੱਤੇ ਸਨ? ਕਿਵੇਂ ਰਾਇ ਭੁਇ ਨੂੰ ਆਪਣੀ ਚਰਨੀ ਲਾਇਆ ਸੀ? ਕਿਵੇਂ ਉਹਨੇ ਨਨਕਾਣਾ ਸਾਹਿਬ ਤਲਵੰਡੀ ਤੋਂ ਬਦਲ ਕੇ ਨਾਮ ਰੱਖ ਦਿੱਤਾ? ਇਸ ਤਰ੍ਹਾਂ ਕਰਕੇ ਬਹੁਤ ਸ਼ਬਦ ਸਾਖੀ ਦੇ ਸੁਣਾਏ ਹਨ ਉਸ ਨੂੰ। ੯।

***ਚੌਪਈ॥ ਜਿਮ ਉਨ ਨਾਨਕ ਸੰਗਤ ਮਾਰੀ॥*** ਜਿਸ ਤਰ੍ਹਾਂ ਮਗਰੋਂ ਇਹਨਾਂ ਨੇ ਗੁਰੂ ਨਾਨਕ ਸਾਹਿਬ ਜੀ ਦੀ ਸੰਗਤ 'ਤੇ ਹਮਲੇ ਕੀਤੇ ਹਨ, ਜਿਵੇਂ ਇਹਨਾਂ ਨੇ ਗੁਰੂ ਨਾਨਕ ਸਾਹਿਬ ਜੀ ਦੀ ਸੰਗਤ ਨੂੰ ਮਾਰਿਆ ਸੀ, ਥਾਂ-ਥਾਂ 'ਤੇ ਚਰਖੜੀਆਂ ਲਾਈਆਂ ਸਨ, ਥਾਂ-ਥਾਂ ਤੇ ਕਤਲਖ਼ਾਨੇ ਖੋਹਲੇ ਸੀ ਖ਼ਾਨੂੰ ਨੇ, ਉਹ ਸਾਰੀ ਵਾਰਤਾ ਦੱਸੀ ਕਿ ਮੈਂ ਤਾਂ ਇਹਨਾਂ ਨੂੰ ਮਾਰਦਾ-ਮਾਰਦਾ ਥੱਕ ਗਿਆ ਹਾਂ, ਮੈਂ ਜਿਸ ਤਰ੍ਹਾਂ ਤਸੀਹੇ ਦਿੱਤੇ ਇਹਨਾਂ ਨੂੰ, ਮੈਂ ਅਸਹਿ ਸਜ਼ਾਵਾਂ ਦਿੱਤੀਆਂ ਹਨ।

***ਜਿਮ ਜਿਮ ਇਮ ਸੋਂ ਕਰੀ ਖੁਆਰੀ॥*** ਜਿਵੇਂ-ਜਿਵੇਂ ਅਸੀਂ ਇਹਨਾਂ ਦੀ ਖੁਆਰੀ ਕੀਤੀ ਹੈ, ਜਿਵੇਂ-ਜਿਵੇਂ ਇਹਨਾਂ ਨੂੰ ਦੁਖਦਾਈ ਬਣਾਇਆ ਹੈ।

***ਜਿਮ ਜਿਮ ਲੀਨੀ ਕਰਾ ਸੁਮਾਤ॥*** ਜਿਵੇਂ-ਜਿਵੇਂ ਇਹਨਾਂ ਦੀ ਕਰਾਮਾਤ ਦੇਖੀ ਹੈ।

***ਜਿਮ ਸਤਿਗੁਰ ਸੋ ਕੀਨੇ ਘਾਤ॥ ੧੦॥*** ਜਿਵੇਂ ਸਤਿਗੁਰਾਂ ਨਾਲ ਇਹਨਾਂ ਨੇ ਘਾਤ ਕੀਤੇ, ਭਾਵ ਸ਼ਹੀਦ ਕੀਤੇ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਹੈ, ਉਹ ਸਾਰਾ ਸਾਕਾ ਸੁਣਾਇਆ ਹੈ। ਅਸੀਂ ਬਹੁਤ ਇਹਨਾਂ ਨਾਲ ਧੱਕਾ, ਜ਼ੁਲਮ ਕੀਤਾ, ਜ਼ੋਰ ਲਾਇਆ ਹੈ ਕਿ ਸਿੱਖ ਘਟ ਜਾਣ ਮੁੱਕ ਜਾਣ, ਪਰ ਇਹ ਮੁੱਕੇ ਨਹੀਂ ਹਨ, ਅਸੀਂ

ਮੁੱਕ ਚੱਲੇ ਹਾਂ, ਇਹ ਸਾਰੀਆਂ ਗੱਲਾਂ ਨਾਦਰ ਸ਼ਾਹ ਨੂੰ ਸੁਣਾਈਆਂ ਹਨ ਇਸ ਨੇ। ੧੦।

***ਪੁਛ ਪੁਛ ਨਾਦਰ ਸਭ ਸੁਨ ਲਯੋ॥*** ਨਾਦਰ ਸ਼ਾਹ ਨੇ ਹੌਲੀ-ਹੌਲੀ ਪੁੱਛਦੇ-ਪੁੱਛਦੇ ਨੇ ਸਾਰੀ ਗੱਲ ਸੁਣ ਲਈ, ਸਾਰੀ ਵਾਰਤਾ ਸੁਣ ਕੇ।

***ਸਭੋ ਭੇਤ ਤਬ ਖਾਨੂੰ ਦਯੋ॥*** ਤਦੋਂ ਖ਼ਾਨ ਬਹਾਦਰ ਨੇ ਨਾਦਰ ਸ਼ਾਹ ਨੂੰ ਸਾਰਾ ਭੇਤ ਦਸ ਦਿੱਤਾ ਹੈ, ਅਸੀਂ ਇਹਨਾਂ ਨਾਲ ਇਹਨਾਂ ਨੇ ਸਾਡੇ ਨਾਲ ਜੋ ਕੀਤੀ ਹੈ।

***ਤੇਗ ਬਹਾਦਰ ਜਿਮ ਸਿਰ ਦਯੋ॥*** ਜਿਵੇਂ ਗੁਰੂ ਤੇਗ ਬਹਾਦਰ ਜੀ ਨੇ ਸੀਸ ਦਿੱਤਾ ਦਿੱਲੀ ਜਾ ਕੇ।

***ਜਿਮ ਕਰ ਚਾਰ ਸ਼ਜ਼ਾਦੇ ਹਯੋ॥ ੧੧॥*** ਜਿਵੇਂ ਚਾਰੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਮੁਗਲਾਂ ਨੇ। ੧੧।

***ਤਬ ਨਾਦਰ ਸੁਨ ਸੀਸ ਹਿਲਾਯੋ॥*** ਜਦੋਂ ਸਾਹਿਬਜ਼ਾਦਿਆਂ ਦੀ ਵਾਰਤਾ ਸੁਣਾਈ, ਜਿਥੋਂ ਸਾਰੀ ਗੱਲ ਵੱਧੀ ਹੈ, ਨਾਦਰ ਨੇ ਸਭ ਕੁਛ ਸੁਣ ਕੇ ਆਪਣਾ ਸਿਰ ਹਿਲਾਇਆ।

***'ਅਪਨੋ ਕੀਨੋ ਅਬ ਤੁਮ ਪਾਯੋ॥*** ਨਾਦਰ ਕਹਿਣ ਲਗਾ, ਓ ਹੋ! ਇਹਨਾਂ ਦੀਆਂ ਤਾਂ ਕਿੰਨੀਆਂ ਬਖਸ਼ਸ਼ਾਂ ਤੁਹਾਡੇ 'ਤੇ, ਕਿੰਨੀਆਂ ਕਰਾਮਾਤਾਂ ਤੁਹਾਨੂੰ ਮਿਲੀਆਂ ਹਨ, ਫੇਰ ਤੁਸੀਂ ਇਹਨਾਂ ਨਾਲ ਧੱਕਾ ਕੀਤਾ। ਇਸ ਕਰਕੇ ਤੁਸੀਂ ਆਪਣੀ ਕਰਤੂਤ ਦਾ ਫਲ ਪਾਇਆ ਹੈ, ਇਹਨਾਂ ਦਾ ਕੋਈ ਦੋਸ਼ ਨਹੀਂ ਹੈ, ਸਿੰਘਾਂ ਦਾ ਕੋਈ ਦੋਸ਼ ਨਹੀਂ ਹੈ, ਇਹ ਤੁਸੀਂ ਹੁਣ ਆਪਣੀ ਕੀਤੀ ਦਾ ਫਲ ਭੁਗਤੋ ਤਕੜੇ ਹੋ ਕੇ।

***ਸੋ ਅਬ ਜੀਤੇ ਜਾਵੈਂ ਨਾਹੀਂ॥*** ਖਿਆਲ ਕੱਢ ਲਵੋ, ਤੁਸੀਂ ਭਾਵੇਂ ਸਾਰਾ ਜ਼ੋਰ ਲਾ ਲਵੋ, ਹੁਣ ਇਹ ਜਿਹੜਾ ਖਾਲਸਾ ਪੰਥ ਹੈ ਇਹ ਨਹੀਂ ਜਿੱਤਿਆ ਜਾਇਗਾ।

***ਜਿਨਕੈ ਸਾਹਿਬ ਆਪ ਪਨਾਹੀਂ॥ ੧੨॥*** ਸਾਹਿਬ ਜਿਸ ਪ੍ਰਮੇਸ਼ਰ ਨੇ ਰਚਨਾਂ ਰਚੀ ਹੈ ਸੰਸਾਰ ਦੀ ਜਿਨ੍ਹਾਂ ਦੀ ਪੁਸ਼ਤ-ਪਨਾਹ ਵਿਚ ਉਹ ਆਪ ਖੜ੍ਹਾ ਹੈ ਮਾਲਕ, ਉਹਨਾਂ ਨੂੰ ਕੌਣ ਜਿੱਤਣ ਵਾਲਾ ਦੁਨੀਆਂ 'ਤੇ। ੧੨।

***ਦੋਹਰਾ॥ ਸੱਤ੍ਰਾਂ ਸੈਂ ਛਿਆਨਵੈਂ ਨਾਦਰ ਗਯੋ ਕੰਧਾਰ॥*** ਸਤਾਰਾਂ ਸੌ ਛਿਆਨਵੇਂ ਵਿਚ ਨਾਦਰ ਸ਼ਾਹ ਵਾਪਸ ਕੰਧਾਰ ਨੂੰ ਮੁੜ ਗਿਆ ਹੈ।

***ਖਾਨ ਬਹਾਦਰ ਖਿਝ ਤਬੈ ਧਰੀ ਸਿੰਘਨ ਫਿਰ ਮਾਰ॥ ੧੩॥*** ਖ਼ਾਨ ਬਹਾਦਰ ਤਦੋਂ ਖਿਝ ਗਿਆ ਨਮੋਸ਼ੀ ਆਈ ਹੈ, ਪਹਿਲੋਂ ਤਾਂ ਸ਼ੇਖੀ ਦਾ ਮਾਰਿਆ ਦੱਸੀ ਗਿਆ ਹੈ ਸਾਰਾ ਕੁਛ ਕਿ ਅਸੀਂ ਇਉਂ-ਇਉਂ ਸਿੱਖਾਂ ਦੇ ਨਾਲ ਧੱਕੇ ਕੀਤੇ, ਜ਼ੋਰ ਕੀਤਾ, ਜ਼ੁਲਮ ਕੀਤਾ, ਉਸ ਨੇ ਕਿਹਾ, ਕੀਤੀ ਦਾ ਫਲ ਤੁਸੀਂ ਪਾਓ ਹੁਣ, ਇਹ ਤੁਹਾਡੀ ਕਰਤੂਤ ਦਾ ਫਲ ਤੁਹਾਨੂੰ ਮਿਲਣਾ ਹੈ। ਏਧਰ ਖ਼ਾਨ ਬਹਾਦਰ ਨੇ ਖਿੱਝ ਕੇ ਸਿੰਘਾਂ ਉਤੇ ਫਿਰ ਤਲਵਾਰ ਧਰ, ਫੇਰ ਸਿੰਘਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ੧੩।

***ਚੌਪਈ॥ ਮਾਰਤ ਮਾਰਤ ਸੋ ਮਰ ਗਯੋ॥*** ਸਿੰਘਾਂ ਨੂੰ ਮਾਰਦਾ-ਮਾਰਦਾ ਉਹ ਮਰ ਗਿਆ, ਖ਼ਤਮ ਹੋ ਗਿਆ ਖ਼ਾਨੂੰ।

***ਤਿਨ ਕੋ ਕਰਨੇ ਜੋ ਕੁਛ ਰਹਯੋ॥*** ਅਤੇ ਜੋ ਕੁਛ ਉਸ ਦੇ ਕਰਨ ਵਾਲਾ ਪਿੱਛੇ ਰਹਿ ਗਿਆ।

***ਜੋ ਸੁਨਿਓਂ ਸੋ ਦੇਊਂ ਆਖ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜੋ ਕੁਛ ਅਸੀਂ ਸੁਣਿਆ ਹੈ ਪਿੱਛੇ, ਉਹ ਅਸੀਂ ਕਹਿ ਦਿੰਦੇ ਹਾਂ।

***ਪੁਰਖ ਪੁਰਾਤਨ ਜਿਮ ਗਏ ਭਾਖ॥ ੧੪॥*** ਜਿਵੇਂ ਪੁਰਾਤਨ ਪੁਰਸ਼ ਭਾਵ ਬਜ਼ੁਰਗ ਸਿੰਘ ਜਿਵੇਂ ਦੱਸ ਗਏ ਹਨ ਮੈਨੂੰ। ੧੪।

# ਸਾਖੀ ਖ਼ਾਨੂੰ ਨਬਾਬ ਕੀ

## (ਖਾਲਸੇ ਦਾ ਪੱਤਾ-ਪੱਤਾ ਵੈਰੀ)

***ਦੋਹਰਾ॥ ਜਬ ਨਾਦਰ ਕਾਬਲ ਗਯੋ ਸੁਨੋ ਜੁ ਖਾਨੂ ਕੀਨ॥*** ਜਦੋਂ ਨਾਦਰ ਸ਼ਾਹ ਵਾਪਸ ਕਾਬਲ ਨੂੰ ਮੁੜ ਗਿਆ, ਸੁਣੋ ਖਾਲਸਾ ਜੀ, ਜੋ ਖ਼ਾਨ ਬਹਾਦਰ ਨੇ ਮਗਰੋਂ ਸਿੰਘਾਂ ਨਾਲ ਕੀਤਾ ਹੈ।

***ਚਾਹਯੋ ਅਪਨੇ ਦੇਸ਼ ਮੈਂ, ਸਿੰਘਨ ਰਹਨ ਨ ਦੀਨ॥ ੧॥*** ਪ੍ਰਣ ਕਰ ਲਿਆ, ਪੱਕੀ ਧਾਰਨਾਂ ਕਰ ਲਈ ਹੈ ਕਿ ਹੁਣ ਮੈਂ ਆਪਣੇ ਦੇਸ਼ ਵਿਚ, ਇਸ ਮਾਝੇ ਦੇਸ਼ ਵਿਚ ਸਿੰਘਾਂ ਨੂੰ ਨਹੀਂ ਰਹਿਣ ਦੇਣਾ, ਕਿਤੇ ਵੀ ਇਹਨਾਂ ਦਾ ਟਿਕਾਣਾਂ ਨਹੀਂ ਰਹਿਣ ਦੇਣਾ। ੧।

***ਚੌਪਈ॥ ਨਬਾਬ ਨਾਦਰ ਤੇ ਨਮੋਸ਼ੀ ਆਈ॥*** ਖ਼ਾਨ ਬਹਾਦਰ, ਨਾਦਰ ਸ਼ਾਹ ਤੋਂ ਬੜਾ ਸ਼ਰਮਿੰਦਾ ਹੋਇਆ, ਨਾਦਰ ਸ਼ਾਹ ਨੇ ਬੜਾ ਸ਼ਰਮਿੰਦਾ ਕੀਤਾ, ਜਾਹ ਇਹ ਕਰਤੂਤ ਤੁਹਾਡੀ ਕੋਈ, ਬੇਈਮਾਨੋ! ਤੁਸੀਂ ਆਪ ਦੀ ਕੀਤੀ ਦਾ ਫਲ ਆਪ ਹੀ ਭੁਗਤੋ ਹੁਣ, ਇਉਂ ਜੁਆਬ ਦੇ ਕੇ ਤੁਰ ਗਿਆ, ਬੜੀ ਸ਼ਰਮਿੰਦਗੀ ਆਈ ਇਸ ਨੂੰ।

***ਤਯੋਂ ਤਯੋਂ ਲਾਗੋਂ ਕਰਨ ਬੁਰਾਈ॥*** ਜਿਉਂ-ਜਿਉਂ ਸ਼ਰਮ ਆਈ ਹੈ, ਤਿਉਂ-ਤਿਉਂ ਸਿੰਘਾਂ ਨਾਲ ਬੁਰਾਈ ਕਰਨ ਲੱਗਾ।

***ਟੋਲ ਟੋਲ ਸਿੰਘਨ ਕੋ ਮਾਰੇ॥*** ਲੱਭ-ਲੱਭ ਕੇ ਸਿੰਘਾਂ ਨੂੰ ਮਾਰਦਾ ਹੈ।

***ਜੈਸੇ ਮਾਰੇ ਟੋਲ ਸ਼ਿਕਾਰੇ॥ ੨॥*** ਜਿਵੇਂ ਸ਼ਿਕਾਰੀ ਲੋਕ ਝਾੜਾਂ ਆਦਿਕ ਵਿੱਚੋਂ ਸ਼ਿਕਾਰ ਕੱਢ ਕੇ ਸ਼ਿਕਾਰ ਕਰਦੇ ਹਨ, ਇਉਂ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ। ੨।

***ਜੋ ਸਿੰਘਨ ਕੋ ਆਨ ਬਤਾਵੈ॥*** ਜੋ ਵੀ ਸਿੰਘਾਂ ਬਾਰੇ ਦੱਸਦਾ ਹੈ ਕਿ ਫਲਾਨੀ ਜਗ੍ਹਾ ਸਿੰਘ ਰਹਿੰਦੇ ਹਨ।

***ਤੁਰਤ ਅਨਾਮ ਸੁ ਤਾਂਹਿ ਦਿਵਾਵੈ॥*** ਤੁਰਤ ਹੀ ਉਸ ਨੂੰ ਇਨਾਮ ਦਿੰਦਾ, ਸਿੰਘ ਓਥੇ ਮਿਲਣ ਨਾ ਮਿਲਣ, ਉਸ ਨੂੰ ਇਨਾਮ ਦਿੰਦਾ ਹੈ, ਤਾਂ ਕਿ ਲੋਕ ਆ-ਆ ਕੇ ਦੱਸਣ ਮੈਨੂੰ।

***ਜੋ ਸਿੰਘਨ ਕੋ ਦਸੇ ਗ੍ਰਾਮ॥*** ਜਿਹੜਾ ਸਿੰਘਾਂ ਦਾ ਕੋਈ ਨਗਰ ਦੱਸ ਦੇਵੇ ਕਿ ਫਲਾਣੇ ਨਗਰ ਵਿਚ ਰਹਿੰਦੇ ਹਨ।

***ਤਾਂਕੋ ਦੇਵੈ ਬਹੁਤ ਅਨਾਮ॥ ੩॥*** ਉਹਨਾਂ ਨੂੰ ਬੜਾ ਖੁਲ੍ਹਾ ਇਨਾਮ ਦਿੰਦਾ ਸੀ। ੩।

***ਲਾਲਚ ਇਤ ਸਿੰਘਨ ਪਕੜਾਵੈਂ॥*** ਜੋ ਮਾਝੇ ਦੇਸ਼ ਵਿਚ, ਜਿਥੇ ਧਰਮੀ ਲੋਕ ਰਹਿੰਦੇ ਸਨ, ਇਸ ਲਾਲਚ ਵਿਚ ਲਗ ਕੇ ਉਹ ਸਿੰਘਾਂ ਦੀਆਂ ਗ੍ਰਿਫ਼ਤਾਰੀਆਂ ਕਰਵਾਉਣ ਲੱਗੇ।

***ਲੁਕ ਲੁਕ ਸਿੰਘ ਸੁ ਜਾਨ ਬਚਾਵੈਂ॥*** ਸਿੰਘ ਵੀ ਲੁਕ-ਛਿਪ ਕੇ ਆਪਣੀ ਜਾਨ ਬਚਾਉਂਦੇ ਸਨ, ਸਮਾਂ ਪਾਸ ਕਰਦੇ ਸੀ।

***ਔਰ ਮੁਲਕ ਪਹਿ ਲਿੱਖ ਪਠਾਏ॥*** ਹੋਰ ਮੁਲਕਾਂ ਵਿਚ ਲਾਗੇ, ਜਿਹੜੇ ਸੂਬੇ ਸਨ, ਉਹਨਾਂ ਵਿਚ ਲਿਖ ਕੇ ਭੇਜ ਦਿੱਤਾ ਖ਼ਾਨੂੰ ਨੇ।

***ਪੰਜ ਰੁਪਏ ਸਿੰਘ ਦੱਸੇ ਸੁ ਪਾਏ॥੪॥*** ਜਿਹੜਾ ਮੈਨੂੰ ਆ ਕੇ ਦੱਸੇ ਕਿ ਫਲਾਣੇ ਥਾਂ ਸਿੰਘ ਰਹਿੰਦਾ ਹੈ, ਉਸ ਨੂੰ ਪੰਜ ਰੁਪਏ ਤੁਰੰਤ ਹੀ ਇਨਾਮ ਮਿਲੇਗਾ। ੪।

***ਜਾ ਤੈ ਸਿੰਘਨ ਬਹੁਤ ਮਰਾਵੈਂ॥*** ਜਿਸ ਕਰਕੇ ਲੋਕ ਲੱਗੇ ਹਨ ਸਿੰਘਾਂ ਨੂੰ ਮਰਵਾਉਣ, ਬਹੁਤ ਧੱਕਾ ਹੋ ਰਿਹਾ ਹੈ ਖਾਲਸੇ ਨਾਲ।

***ਮਾਰ ਸਿੰਘਨ ਸਿਰ ਆਪ ਪੁਚਾਵੈਂ॥*** ਲੋਕਾਂ ਨੇ ਆਪ ਹੀ ਮਾਰ ਕੇ ਸਿੰਘਾਂ ਨੂੰ, ਉਹਨਾਂ ਦੇ ਸਿਰ ਲਹੌਰ ਪਹੁੰਚਾਉਣੇ ਸ਼ੁਰੂ ਕਰ ਦਿੱਤੇ।

***ਇਕ ਇਕ ਦੁਇ ਦੁਇ ਹੁਇ ਲੁਕ ਜਾਵੈਂ॥*** ਪੰਜਾਬ ਦੇ ਵਿਚ ਸਿੰਘ ਜੰਗਲਾਂ ਵਿਚ ਲੁਕ ਕੇ ਰਹਿੰਦੇ ਹਨ, ਇਹਨਾਂ ਦੀ ਭਾਲ ਵਿਚ ਕਿ ਸਿੰਘ ਕਿਥੋਂ ਆਉਂਦੇ ਹਨ ਇਕ-ਇਕ, ਦੋ-ਦੋ ਜਾਣੇ ਲੁਕ ਕੇ ਜਾਂਦੇ ਹਨ, ਸਿੰਘਾਂ ਦਾ ਪਤਾ

ਕਰਨ ਵਾਸਤੇ।

***ਇਮ ਕਰ ਸਿੰਘਨ ਪਤਾ ਲਗਾਵੈਂ॥ ੫॥*** ਇਸ ਤਰ੍ਹਾਂ ਲੁਕ-ਛਿਪ ਕੇ ਸਿੰਘਾਂ ਦਾ ਪਤਾ ਕਰਦੇ ਹਨ, ਕਿਥੋਂ ਆਉਂਦੇ ਹਨ, ਕਿਧਰ ਜਾਂਦੇ ਨੇ, ਦਿਨੇ ਨਹੀਂ ਆਉਂਦੇ, ਰਾਤ-ਰਾਤ ਤਾਂ ਏਥੇ ਫਿਰਦੇ ਸੀ ਸਿੰਘ। ੫।

***ਰਾਤ ਤੁਰੈਂ ਦਿਨ ਰਹੈਂ ਲੁਕਾਇ॥*** ਜਿਹੜੇ ਮੁਖਬਰ ਹਨ, ਜਿਹੜੇ ਜਸੂਸ ਹਨ, ਉਹ ਵੀ ਰਾਤ ਨੂੰ ਤੁਰਦੇ ਹਨ ਪਤਾ ਕਰਨ, ਦਿਨੇ ਉਹ ਵੀ ਕਿਤੇ ਲੁੱਕ ਰਹਿੰਦੇ ਹਨ।

***ਕਈਅਨ ਲੀਨੇ ਕੁੰਭਲ ਬਨਾਇ॥*** ਕਈ ਸਿੰਘਾਂ ਨੇ ਤਾਂ ਕੁੰਭਲ ਬਣਾ ਲਏ ਹਨ। ਆਹ ਜਿਹੜੇ ਵੱਡੇ ਵਣ ਹੁੰਦੇ ਹਨ, ਜਿਹੜੇ ਝੁਕ ਕੇ ਹੇਠਾਂ ਧਰਤੀ ਨਾਲ ਲੱਗ ਜਾਂਦੇ ਹਨ, ਨਾਲ ਮੋੜ੍ਹੀਆਂ ਅੜ ਜਾਂਦੀਆਂ ਹਨ, ਇਕ ਪਾਸੇ ਦੀ ਗੁਪਤ ਰਾਹ ਬਣਾ ਲੈਣਾ, ਹੇਠਾਂ ਟੋਆ ਪੁੱਟ ਕੇ ਰਿਹਾਇਸ਼ ਵਾਸਤੇ ਕੁੰਭਲ ਬਣਾ ਲੈਂਦੇ ਸੀ, ਲੁਕਣ ਵਾਸਤੇ ਖੱਡਾਂ ਆਦਿਕ ਪੁੱਟ ਲਈਆਂ।

***ਕਈ ਰਹੈਂ ਘਰ ਤੀਜੇ ਥਾਇ॥*** ਜਿਹੜੇ ਘਰ ਰਹਿੰਦੇ ਸਨ, ਉਹ ਵੀ ਘਰ ਦਾ ਵਿਹੜਾ ਲੰਘ ਕੇ ਉਥੇ ਕੋਠਾ, ਉਸ ਤੋਂ ਪਿੱਛੋਂ ਇਕ ਹੋਰ ਕੋਠਾ, ਉਸ ਤੋਂ ਪਿੱਛੇ ਇਕ ਹੋਰ ਕੋਠਾ, ਇਉਂ ਘਰ ਦੇ ਵਿਚ ਹੀ ਤੀਜੇ ਅਖੀਰਲੇ ਕੋਠੇ ਵਿਚ ਹੀ ਲੁਕ ਕੇ ਰਹਿੰਦੇ ਸਨ ਸਿੰਘ, ਦਿਨੇ ਬਾਹਰ ਕਿਸੇ ਨੂੰ ਮਿਲਣਾ ਹੀ ਨਹੀਂ ਉਨ੍ਹਾਂ ਨੇ।

***ਕਈ ਰਹੈਂ ਪਰਦੇਸਹਿ ਜਾਇ॥ ੬॥*** ਕਈ ਪ੍ਰਦੇਸ਼ਾਂ ਵਿਚ ਤੁਰ ਗਏ ਭੇਸ ਵਟਾ ਕੇ। ੬।

***ਕਈ ਸਿੰਘ ਰਹਿਂ ਝਾੜਨ ਮਾਂਹੀ॥*** ਕਈ ਸਿੰਘ ਝਾੜਾਂ ਵਿਚ ਰਹਿੰਦੇ ਸਨ।

***ਕਈ ਸਿੰਘ ਜਾ ਜੰਗਲ ਲੁਕਾਹੀਂ॥*** ਕਈ ਸਿੰਘ ਜੰਗਲਾਂ ਵਿਚ ਵੀਹ-ਵੀਹ, ਪੱਚੀ-ਪੱਚੀ, ਸੌ-ਸੌ ਇਕੱਠੇ ਹੋ ਕੇ ਲੁਕ ਕੇ ਰਹਿੰਦੇ ਸਨ।

***ਖੇਤੀ ਕਰੈਂ ਕਈ ਸਿਰ ਨੀਵੇਂ॥*** ਕਈ ਭੇਸ ਵਟਾ ਕੇ ਸਿੰਘ ਅੰਦਰੋਂ ਤਿਆਰ-ਬਰ-ਤਿਆਰ ਰਹਿਤ ਵਿਚ ਪਰ ਸਿਰ ਨੀਵੇਂ ਕਰਕੇ ਖੇਤੀ ਕਰਦੇ ਹਨ, ਜੋ ਲੋਕਾਂ ਵਾਂਗੂੰ ਜੱਟ ਬਣੇ ਨੇ, ਨਾਲ ਹੀ ਭੇਸ ਵਟਾ ਕੇ, ਜੋ ਮਾਮਲਾ ਹੋਇਆ ਭਰ ਛੱਡਦੇ ਨੇ।

***ਕਿਤਨਕ ਬਿਚ ਬੜ ਖੱਡਨ ਜੀਵੇਂ॥ ੭॥*** ਕਈ ਸਿੰਘ ਖੱਡਾਂ ਵਿਚ ਵੜ-ਵੜ ਕੇ ਜਿਥੇ ਹੋਵੇ, ਓਥੇ ਜੀਵਨ ਬਸਰ ਕਰਦੇ ਹਨ। ੭।

***ਦੋਹਰਾ॥ ਸਿੰਘ ਕੜਾਕੇ ਸਯੋਂ ਰਹੈਂ, ਦੂਏ ਚੌਥੇ ਦਿਨ ਖਾਹਿਂ॥*** ਸਿੰਘਾਂ ਨੂੰ ਬੜਾ ਭਾਰੀ ਕੜਾਕਾ ਲੱਗਿਆ ਹੈ, ਦੂਜੇ ਦਿਨ, ਤੀਜੇ ਦਿਨ, ਚੌਥੇ ਦਿਨ ਰੋਟੀ ਮਿਲਦੀ ਹੈ ਕਿਤੇ ਜਾ ਕੇ।

***ਬਿਨਾ ਲੂਨ ਭਾਜੀ ਲਭੈ ਤੌ ਖਾਵੈਂ ਬਹੁਤ ਸਲਾਹਿ॥ ੮॥*** ਜੇ ਕਿਤੇ ਬਿਨਾਂ ਲੂਣ ਤੋਂ ਵੀ (ਭਾਜ਼ੀ) ਸ਼ਬਜੀ ਮਿਲ ਜਾਂਦੀ ਹੈ ਰੋਟੀ ਦੇ ਨਾਲ ਸਿੰਘਾਂ ਨੂੰ, ਤਾਂ ਬੜੀ ਸ਼ਲਾਘਾ ਕਰਕੇ ਛਕਦੇ ਹਨ, ਸ਼ੁਕਰ ਹੈ ਪ੍ਰਮੇਸ਼ਰ ਤੇਰਾ ਕਿ ਅੱਜ ਸਾਨੂੰ ਭਾਜ਼ਾ ਮਿਲਿਆ ਹੈ। ੮।

***ਚੌਪਈ॥ ਜਿਸ ਸਿੰਘ ਪੈ ਨੂਣ ਜੁ ਹੋਈ॥*** ਜੇ ਕਿਸੇ ਸਿੰਘ ਦੇ ਪੱਲੇ ਲੂਣ ਬੱਧਾ ਹੋਵੇ, ਜੇ ਕਿਸੇ ਨੇ ਕਿਹਾ ਲੂਣ ਹੈ ਨਹੀਂ ਦਾਲ ਵਿਚ, ਲੂਣ ਪਾ ਲਈਏ, ਕਈ ਵੇਰਾਂ ਲਾਂਗਰੀ ਸਿੰਘ ਨੇ ਵੀ ਭੁੱਲ ਜਾਣਾ ਪਰ ਸਿੰਘ ਐਡੇ ਸਿਦਕੀ ਸਨ, ਕਈ ਵੇਰਾਂ ਲੂਣ ਵੀ ਨਹੀਂ ਸੀ ਪਾਉਂਦੇ, ਰਖਦੇ ਸੀ ਸਿੰਘ ਜੇਬ ਵਿਚ, ਕਹਿੰਦੇ ਲਉ ਬਾਬਾ ਜੀ! ਆਹ ਮੇਰੇ ਕੋਲ ਹੈਗਾ, ਪਾ ਦਿੰਦੇ ਹਾਂ, ਉਹ ਕਹਿੰਦਾ ਨਾ ਨਾ ਲੰਗਰ ਵਿਚ ਭੋਗ ਲੱਗ ਗਿਆ ਮਹਾਰਾਜ ਨੂੰ, ਅਸੀਂ ਓਹੀ ਛਕਾਂਗੇ ਪ੍ਰਸਾਦ, ਲੂਣ ਦਾ ਸੁਆਦ ਵੀ ਨਹੀਂ ਸੀ ਵੇਖਣਾ ਚਾਹੁੰਦੇ। ਜੇ ਕਿਸੇ ਸਿੰਘ ਕੋਲ ਲੂਣ ਹੁੰਦਾ ਤਾਂ ਵੀ ਨਹੀਂ ਪਾਉਂਦੇ।

***ਤਿਸ ਕੋ ਆਖੈਂ ਸ੍ਵਾਦੀ ਸੋਈ॥*** ਜੇ ਕੋਈ ਸਿੰਘ ਲੂਣ ਪਲਿਓਂ ਖੋਹਲ ਕੇ ਪਾ ਲਵੇ, ਉਸ ਨੂੰ ਕਹਿੰਦੇ ਨੇ ਬੜਾ 'ਸਵਾਦੀਆ' ਹੈ ਇਹ ਸਿੰਘ, ਇਹ ਤਾਂ ਪੱਟਿਆ ਪਿਆ ਹੈ ਸੁਆਦ ਦਾ, ਦੇਖ ਲਉ ਲੂਣ ਤੋਂ ਹੀ, ਭਾਵ ਐਨਾ ਪ੍ਰਹੇਜ਼ ਹੋ ਗਿਆ

ਸੀ ਸਿੰਘਾਂ ਦੇ ਵਿਚ।

***ਲਭੈ ਸਾਗ ਖਾਹਿਂ ਕੱਚਾ ਪੱਕਾ॥*** ਸਾਗ ਖੇਤਾਂ ਵਿੱਚੋਂ ਜਿਹੋ ਜਿਹਾ ਮਿਲਦਾ ਹੈ ਕੱਚਾ ਪੱਕਾ, ਉਹੋ ਜਿਹਾ ਹੀ ਖਾ ਕੇ ਗੁਜ਼ਾਰਾ ਕਰ ਲੈਂਦੇ।

***ਬ੍ਰਿਛੱਨ ਕੇ ਫਲ ਫੂਲ ਔ ਸੱਕਾ ॥ ੯॥*** ਬ੍ਰਿਛਾਂ ਦੇ ਫਲ ਫੁੱਲ ਤੇ (ਸੱਕ) ਛਿੱਲੜ ਖਾ ਕੇ ਗੁਜ਼ਾਰਾ ਕਰਦੇ ਸਨ। ੯।

***ਦੂਏ ਚੌਥੇ ਦਿਨ ਮਿਲੇ ਸੁ ਖਾਹਿਂ॥*** ਉਹ ਵੀ ਦੂਜੇ ਚੌਥੇ ਦਿਨ, ਖੱਡਾਂ ਵਿੱਚੋਂ ਨਿਕਲਣਾਂ ਹੀ ਨਹੀਂ ਮਿਲਦਾ, ਫ਼ੌਜ ਫਿਰਦੀ ਹੈ ਭਾਲਦੀ, ਲੁਕੇ ਰਹਿੰਦੇ ਹਨ, ਜੇ ਦੂਜੇ ਚੌਥੇ ਦਿਨ ਮਿਲਦਾ ਹੈ ਖਾਣ ਨੂੰ, ਤਾਂ ਖਾ ਲੈਂਦੇ ਹਨ।

***ਤੌ ਭੀ ਟਿ ਨੇ ਮਿਲੈ ਸੁ ਨਾਂਹਿ॥*** ਫੇਰ ਵੀ ਕਿਤੇ ਅਰਾਮ ਨਹੀਂ ਮਿਲਦਾ ਟਿਕਣ ਨੂੰ ਨਹੀਂ ਮਿਲਦਾ ਕਿਤੇ।

***ਸਿੰਘ ਸੁ ਹੋ ਗਏ ਅਤਿ ਤਬ ਥੋੜੇ॥*** ਤਾਂ ਸਿੰਘਾਂ ਨੇ ਥੋੜ੍ਹੇ ਹੋਣਾ ਹੀ ਸੀ, ਮਾਝਾ ਛੱਡ ਕੇ ਸਿੰਘ ਦੂਰ-ਦੂਰ ਨਿਕਲ ਗਏ, ਏਧਰ ਮਾਲਵੇ ਨੂੰ ਆ ਗਏ, ਕੁਛ ਦੁਆਬੇ ਵਿਚ ਲੁਕ ਗਏ, ਕੁਛ ਪਹਾੜਾਂ ਵਿਚ ਵੜ ਗਏ, ਇਉਂ ਸਿੰਘ ਬਹੁਤ ਹੀ ਥੋੜ੍ਹੇ ਰਹਿ ਗਏ।

***ਕਹੈਂ ਦੂਰ ਜਾਵੈਂ ਲੈ ਘੋੜੇ॥ ੧੦॥*** ਕਹਿੰਦੇ ਹਨ ਸਿੰਘ ਕਿ ਘੋੜੇ ਲੈ ਕੇ ਕਿਤੇ ਦੂਰ ਨਿਕਲ ਜਾਈਏ। ੧੦।

***ਦੋਹਰਾ॥ ਜਿਸ ਦਿਨ ਮਾਰਹਿਂ ਦੁਸ਼ਟ ਕੋ, ਤਿਸ ਦਿਨ ਤੌ ਰਜ ਖਾਹਿਂ॥*** ਖਾਲਸਾ ਜਿਸ ਦਿਨ ਕਿਸੇ ਦੁਸ਼ਟ ਨੂੰ ਮਾਰਦਾ ਹੈ, ਲੁੱਟ ਲੈਂਦੇ ਨੇ, ਉਦੋਂ ਤਾਂ ਲੰਗਰ ਪਾਣੀ ਖੁਲ੍ਹਾ ਬਣਾ ਕੇ ਛਕਦੇ।

***ਨਹੀਂ ਮਿਲੈ ਤੌ ਮਸਤ ਰਹਿਂ ਇਸ ਬਿਧ ਗੁਜਰ ਕਰਾਹਿਂ॥ ੧੧॥*** ਕਈ ਵੇਰੀ ਜਦੋਂ ਫਾਕਾ ਹੋਇਆ ਤਾਂ ਉਦੋਂ ਕਹਿੰਦੇ ਹਨ 'ਲੰਗਰ ਮਸਤਾ' ਹੈ, ਇਸ ਤਰ੍ਹਾਂ ਗੁਜ਼ਾਰਾ ਕਰਦੇ ਨੇ, ਭਾਵ ਸਬਰ ਕਰਕੇ ਨਿਰਬਾਹ ਕਰ ਲੈਂਦੇ ਨੇ। ੧੧।

***ਚੌਪਈ॥ ਗੈਲੇ ਫਿਰੈਂ ਦੇਖਨ ਹਲਕਾਰੇ॥*** (ਹਲਕਾਰੇ) ਜੋ ਚੁਗਲ ਨੇ ਉਹ ਅੱਗੇ-ਪਿੱਛੇ ਹੋਏ ਭਾਲਦੇ ਫਿਰਦੇ ਨੇ।

***ਦੇਖ ਲਿਆਵੈਂ ਫੌਜ ਕੋ ਚਾੜ੍ਹੇ॥*** ਜਦੋਂ ਪਤਾ ਲਗ ਜਾਏ ਕਿ ਏਸ ਪਿੰਡ ਵਿਚ ਸਿੰਘ ਰਹਿੰਦੇ ਹਨ ਜਾਂ ਏਸ ਝਾੜ ਵਿਚ ਰਹਿੰਦੇ ਹਨ, ਉਹ ਫ਼ੌਜ ਨੂੰ ਚੜ੍ਹਾ ਕੇ ਲੈ ਆਉਂਦੇ ਹਨ ਅਤੇ ਸਿੰਘਾਂ ਨੂੰ ਘੇਰਾ ਪੁਆ ਦਿੰਦੇ ਨੇ।

***ਜਿਸੈ ਗ੍ਰਾਮ ਮੈਂ ਸਿੰਘ ਸੁ ਪਾਵਹਿਂ॥*** ਜਿਸ ਪਿੰਡ ਵਿੱਚੋਂ ਕਿਸੇ ਸਿੰਘ ਦਾ ਪਤਾ ਲੱਗ ਜਾਵੇ ਕਿ ਏਥੇ ਰਹਿੰਦਾ ਹੈ।

***ਭਾਈ ਬੰਦ ਤਿਸ ਸਭੈ ਫੜਾਵਹਿਂ॥ ੧੨॥*** ਉਨ੍ਹਾਂ ਸਿੰਘਾਂ ਦੇ ਭਾਈਬੰਦ ਉਹਨਾਂ ਦੇ ਰਿਸ਼ਤੇਦਾਰ, ਸਭ ਨੂੰ ਗ੍ਰਿਫ਼ਤਾਰ ਕਰਾ ਦਿੰਦੇ ਹਨ ਚੁਗਲ। ੧੨।

***ਲਿਖ ਨਿਬਾਬ ਤਬ ਐਸ ਫਿਰਾਵਾ॥*** ਨਵਾਬ ਨੇ ਇਸ ਤਰ੍ਹਾਂ ਲਿਖ ਕੇ ਸਾਰੇ ਚਿੱਠਾ ਫੇਰ ਦਿੱਤਾ।

***ਲੂਟ ਮਾਫ ਘਰ ਸਿੰਘ ਸੁ ਪਾਵਾ॥*** ਕਿ ਜਿਹੜਾ ਸਿੰਘ ਮਿਲਦਾ ਹੈ ਕਿਤੇ ਮਾਰ ਦਿਓ, ਉਸਨੂੰ ਮੁਆਫ ਹੈ, ਉਸ ਦਾ ਘਰ ਲੁੱਟ ਲਵੋ, ਕੋਈ ਸਜ਼ਾ ਨਹੀਂ ਮਿਲੇਗੀ।

***ਸਿਰ ਪਰ ਹੋਵੈਂ ਜਿਸ ਕੇ ਕੇਸ॥*** ਜਿਸ ਦੇ ਵੀ ਸਿਰ 'ਤੇ ਕੇਸ ਦਿਸਦੇ ਹੋਣ।

***ਰਹਣ ਨ ਦੇਨੌਂ ਆਪਣੇ ਦੇਸ॥ ੧੩॥*** ਉਹਨਾਂ ਨੂੰ ਮੈਂ ਆਪਣੇ ਦੇਸ ਵਿਚ ਨਹੀਂ ਰਹਿਣ ਦੇਣਾ, ਚਾਹੇ ਮਾਰ ਦਿਓ, ਚਾਹੇ ਉਂਝ ਹੀ ਕਿਸੇ ਨੇ ਕੇਸ ਰੱਖ ਲਏ ਹੋਣ, ਉਸ ਨੂੰ ਵੀ ਕੱਢ ਦਿਓ ਆਪਣੇ ਦੇਸ਼ ਵਿੱਚੋਂ। ੧੩।

***ਜੋ ਸਿੰਘਨ ਆਇ ਮੋਹਿ ਬਤਾਵੈ॥*** ਜੇ ਕੋਈ ਆ ਕੇ ਮੈਨੂੰ ਸਿੰਘਾਂ ਦੀ ਦੱਸ ਪਾਵੇਗਾ, ਉਹਨਾਂ ਦੀ ਖ਼ਬਰ ਮੈਨੂੰ ਦੇਵੇਗਾ ਆ ਕੇ।

***ਆਏ ਅਨਾਮ ਸੋ ਮੈਂ ਤੇ ਪਾਵੈ॥*** ਉਹ ਮੇਰੇ ਕੋਲੋਂ ਆ ਕੇ ਇਨਾਮ ਪ੍ਰਾਪਤ ਕਰੇ।

***ਜੋ ਸਿੰਘ ਕੇ ਕੋਊ ਉਤਾਰੇ ਕੇਸ॥*** ਜੇ ਕੋਈ ਸਿੰਘ ਦੇ ਕੇਸ ਲਿਆਵੇ ਕੱਟ ਕੇ।

***ਦੇਊਂ ਦੁਸ਼ਾਲੇ ਔ ਬਡ ਖੇਸ॥ ੧੪॥*** ਉਸ ਦੇ ਬਦਲੇ ਵਿਚ ਬੜੇ ਸੁੰਦਰ ਦੁਸ਼ਾਲੇ ਤੇ ਖੇਸ ਦੇਵਾਂਗੇ। ੧੪।

**ਦੋਹਰਾ॥ ਦੱਸਣ ਵਾਲੇ ਦਸ ਰੁਪਏ ਔ ਮਾਰਨ ਵਾਲ ਪਚਾਸ॥** ਜਿਹੜਾ ਕੋਈ ਸਿੰਘ ਦੀ ਦੱਸ ਪਾਵੇ ਕਿ ਫਲਾਣੇ ਥਾਂ ਬੈਠਾ ਹੈ ਸਿੰਘ,ਉਸ ਨੂੰ ਦਸ ਰੁਪਏ ਇਨਾਮ ਦੇਵਾਂਗਾ ਅਤੇ ਜੇ ਕੋਈ ਸਿੰਘ ਨੂੰ ਮਾਰ ਦੇਵੇ, ਉਸ ਨੂੰ ਪੰਜਾਹ ਰੁਪਏ ਇਨਾਮ ਦਿਆਂਗਾ।

**ਯਹ ਲਾਲਚ ਤੁਰਕਨ ਦਯੋ, ਤਬ ਬਹੁਤ ਸਿੰਘਨ ਭਯੋ ਨਾਸ਼॥ ੧੫॥** ਇਹ ਜਦੋਂ ਲਾਲਚ ਦੇ ਦਿੱਤਾ ਤੁਰਕਾਂ ਨੂੰ, ਤਾਂ ਸਿੰਘਾਂ ਦਾ ਬਹੁਤ ਘਾਤ ਹੋਇਆ ਹੈ, ਬੜੀਆਂ ਚੁਗਲਾਂ ਨੇ ਆ ਕੇ ਚੁਗਲੀਆਂ ਕੀਤੀਆਂ ਹਨ। ੧੫।

**ਜੋਊ ਖੇਤੀ ਕਰਤ ਥੇ, ਸਿੰਘ ਸੁ ਪਿੰਡਨ ਮਾਂਹਿ॥** ਜੋ ਪਿੰਡਾਂ ਨਗਰਾਂ ਵਿਚ ਸਿੰਘ ਖੇਤੀ ਆਦਿਕ ਕਰਦੇ ਸਨ।

**ਤਾਹੂ ਕੋ ਭੀ ਮਾਰਿਓ ਕੇਸ ਦਿਸੈ ਸਿਰ ਜਾਹਿਂ॥ ੧੬॥** ਉਹਨਾਂ ਨੂੰ ਵੀ ਮਾਰਿਆ ਹੈ, ਜਿਸ ਦੇ ਸਿਰ 'ਤੇ ਕੇਸ ਦਿਸੇ ਹਨ, ਉਸ ਦੀ ਕੋਈ ਲਿਹਾਜ਼ ਨਹੀਂ ਕੀਤੀ। ੧੬।

**ਚੌਪਈ॥ ਐਸੋ ਹੁਕਮ ਨਿਬਾਬ ਲਿਖਾਯਾ॥** ਐਸ ਤਰ੍ਹਾਂ ਦਾ ਹੁਕਮ ਲਹੌਰ ਦੇ ਨਵਾਬ ਜਕਰੀਆਂ ਖ਼ਾਂ ਨੇ ਲਿਖਾਇਆ ਹੈ।

**ਚਾਰੋਂ ਓਰ ਲਹੌਰ ਪਠਾਯਾ॥** ਲਹੌਰ ਦੇ ਚਾਰੋਂ-ਤਰਫ ਦੂਰ-ਦੂਰ ਤਾਂਈ ਚਿੱਠੇ ਭੇਜ ਦਿੱਤੇ ਹਨ, ਓਸ ਹੁਕਮ ਦੇ।

**ਖੇਤੀ ਵਜਣ ਕਰੇ ਜੇ ਕੋਈ॥** ਜੋ ਕੋਈ ਖੇਤੀ ਜਾਂ ਵਪਾਰ ਕਰਦਾ ਹੈ।

**ਕੇਸਨ ਵਾਲਾ ਛਡੋ ਨ ਕੋਈ॥ ੧੭॥** ਜਿਸ ਕਿਸੇ ਦੇ ਵੀ ਕੇਸ ਰੱਖੇ ਹੋਣ ਕਿਸੇ ਨੂੰ ਨਾਂ ਛੱਡੋ। ੧੭।

**ਸਿੰਘਨ ਖ਼ੂਨ ਮਾਫ ਹਮ ਕੀਨੇ॥** ਸਿੰਘਾਂ ਦੇ ਖ਼ੂਨ ਅਸੀਂ ਮੁਆਫ਼ ਕਰ ਦਿੱਤੇ ਹਨ, ਕੋਈ ਉਨ੍ਹਾਂ ਨੂੰ ਮਾਰੇ ਕੋਈ, ਉਸ ਦਾ ਪਾਪ ਨਹੀਂ ਹੈ।

**ਜਿਤ ਲੱਭੇ ਤਿਤ ਮਾਰਹੁ ਚੀਨੇ॥** ਜਿਥੇ ਵੀ ਸਿੰਘ ਲੱਭਦਾ ਹੈ ਉਥੇ ਹੀ ਮਾਰੋ ਪਛਾਣ ਕੇ।

**ਲੂਟ ਕੂਟ ਉਸ ਮਾਫ਼ ਹਮ ਕਰੀ॥** ਉਹਨਾਂ ਨੂੰ ਲੁੱਟ ਲਉ, ਕੁੱਟ ਲਵੋ, ਖ਼ੂਨ ਕਰ ਦਿਉ ਉਹਨਾਂ ਦਾ, ਸਭ ਮੈਂ ਮੁਆਫ ਕਰ ਦਿੱਤਾ ਹੈ।

**ਹਮਰੀ ਲਿਖਤ ਏ ਜਾਨੋਂ ਖਰੀ॥ ੧੮॥** ਇਹ ਮੇਰੀ ਖਰੀ ਲਿਖਤ ਹੈ, ਸੱਚੀ ਲਿਖਤ ਹੈ, ਕੋਈ ਸਜ਼ਾ ਨਹੀਂ ਹੋਵੇਗੀ ਉਸ ਨੂੰ। ੧੮।

**ਦੋਹਰਾ॥ ਜਦ ਨਬਾਬ ਲਾਲਚ ਕਹਯੋ ਹਿੰਦੂ ਜਟਨ ਬੁਲਾਇ॥** ਹਿੰਦੂ ਜੱਟਾਂ ਨੂੰ ਸੱਦ ਕੇ ਜਦੋਂ ਇਹ ਲਾਲਚ ਦਿੱਤਾ ਨਵਾਬ ਨੇ।

**ਦੇਵੈਂ ਸਿੰਘਨ ਪਕੜ ਕੇ ਲਹੌਰ ਸੁ ਕਈ ਪੁਚਾਇ॥ ੧੯॥** ਉਸ ਵੇਲੇ ਤੋਂ ਸਿੰਘਾਂ ਦੇ ਮਗਰ ਹੋ ਗਏ ਹਨ ਸਾਰੇ, ਲੋਕਾਂ ਨੇ ਆਪ ਹੀ ਸਿੰਘਾਂ ਨੂੰ ਫੜ-ਫੜ ਕੇ ਲਹੌਰ ਭੇਜਣਾ ਸ਼ੁਰੂ ਕਰ ਦਿੱਤਾ, ਲਹੌਰ ਪਹੁੰਚਾ ਦਿੰਦੇ ਹਨ। ੧੯।

**ਚੌਪਈ॥ ਜੰਡਯਾਲੇ ਵਾਲ ਬਹੁਤ ਫੜਾਵੈਂ॥** ਜੰਡਿਆਲੇ ਵਾਲੇ ਹਰਿ ਭਗਤ ਨਿਰੰਜਨੀਂ ਹੋਰੀਂ ਤਾਂ ਬਹੁਤਾ ਹੀ ਸਿੰਘਾਂ ਨਾਲ ਲੱਗੇ ਹਨ ਤੱਦੀ ਕਰਨ, ਇਹ ਤਾਂ ਬਹੁਤ ਹੀ ਸਿੰਘ ਫੜਾਉਂਦੇ ਹਨ।

**ਹੁਤੇ ਗੁਰੂ ਇਕ ਸਿੱਖ ਕਹਾਵੈਂ॥** ਜੰਡਿਆਲੇ ਵਾਲੇ ਨਾਲੇ ਗੁਰੂ ਬਣੇ ਹੋਏ ਸੀ, ਨਾਲੇ ਆਪਣੇ ਆਪ ਨੂੰ ਸਿੱਖ ਕਹਾਉਂਦੇ ਸਨ।

**ਹਰ ਭਗਤ ਨਿਰੰਜਨੀਓਂ ਸੋ ਕਹਾਵੈ॥** ਉਝ ਉਹ ਆਪਣੇ ਆਪ ਨੂੰ ਹਰਿ ਭਗਤ ਨਿਰੰਜਨੀਆਂ ਕਹਾਉਂਦਾ ਹੈ।

**ਸੋ ਆਗੇ ਹੁਇ ਸਿੰਘਨ ਫੜਾਵੈ॥ ੨੦॥** ਉਹ ਅਬਦਾਲੀ ਦਾ ਪੁੱਤਰ ਬਣਿਆ ਹੋਇਆ ਸੀ ਤੇ ਆਪ ਅੱਗੇ ਹੋ ਕੇ ਸਿੰਘ ਨੂੰ ਫੜਾਉਂਦਾ ਸੀ। ੨੦।

**ਹਮਰਾ ਪਿੰਡ ਦੁਇ ਬਾਰ ਲੁਟਾਯਾ॥** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜੋ ਸਾਡਾ ਪਿਛਲਾ ਪਿੰਡ ਮੀਰਾਂ ਕੋਟ ਹੈ, ਉਸਨੂੰ ਹਰਿ ਭਗਤ ਨਿਰੰਜਨੀਏ ਨੇ ਦੋ ਵਾਰੀ ਲੁਟਾਇਆ ਸੀ।

**ਪਿਤਾ ਹਮਾਰਾ ਕਾਟ ਸਟਾਯਾ॥** ਸਾਡਾ ਪਿਤਾ ਰਾਇ ਸਿੰਘ ਜੋ ਮਤਾਬ ਸਿੰਘ ਮੀਰਾਂ ਕੋਟੀਏ ਦਾ ਪੁਤ੍ਰ, ਉਸ ਨੂੰ ਫ਼ੌਜ ਤੋਂ ਵੱਢ

ਸੁਟਾਇਆ ਸੀ। ਮੇਰੇ ਪਿਤਾ ਦੀ ਗਰਦਨ ਕੱਟੀ ਗਈ ਸੀ।

***ਮਜੀਠੈ ਕੇ ਜੱਟ ਸੁ ਰਾਖੈਂ ਬੈਰ॥*** ਮਜੀਠੇ ਦੇ ਜੱਟ ਬੜਾ ਬੈਰ ਰੱਖਦੇ ਸਨ ਸਿੰਘਾਂ ਦੇ ਨਾਲ।

***ਹਮਾਰਾ ਦਾਦਾ ਫੜ ਦਯੋ ਲਹੌਰ॥ ੨੧॥*** ਸਾਡਾ ਦਾਦਾ ਭਾਈ ਮਤਾਬ ਸਿੰਘ ਭੰਗੂ ਮੀਰਾਂ ਕੋਟੀਆ, ਇਹਨਾਂ ਮਜੀਠੇ ਵਾਲਿਆਂ ਨੇ ਹੀ ਫੜਾਇਆ ਸੀ, ਇਹਨਾਂ ਨੇ ਹੀ ਫੜ ਕੇ ਲਹੌਰ ਭੇਜਿਆ ਸੀ। ੨੧।

***ਦੋਹਰਾ॥ ਦੀਨੋ ਚਰਖ ਚੜ੍ਹਾਇ ਤਿਨ ਤਾਰੂ ਸਿੰਘ ਕੇ ਸਾਥ॥*** ਮੇਰੇ ਦਾਦੇ ਮਤਾਬ ਸਿੰਘ ਭੰਗੂ ਨੂੰ ਉਹਨਾਂ ਨੇ ਤਾਰੂ ਸਿੰਘ ਦੇ ਨਾਲ ਚਰਖੜੀ 'ਤੇ ਚੜ੍ਹਾ ਕੇ ਸ਼ਹੀਦ ਕਰ ਦਿੱਤਾ ਸੀ।

***ਨਬਾਬ ਤਬੈ ਪੇਟ ਪੀੜਿਆ ਤੜਫ਼ ਮੁਯਾ ਦਿਨ ਰਾਤ॥ ੨੨॥*** ਤਦੋਂ ਨਵਾਬ ਦੇ ਢਿੱਡ ਵਿਚ (ਪੀੜਿਆ) ਪੀੜ, ਸੂਲ, ਦਰਦ, ਉਠਿਆ, ਖ਼ਾਨ ਬਹਾਦਰ ਦਾ ਪਿਸ਼ਾਬ ਬੰਦ ਹੋ ਗਿਆ, ਉਸ ਦੇ ਢਿੱਡ ਵਿਚ ਬੜਾ ਭਾਰੀ ਦਰਦ ਉਠਿਆ ਅਤੇ ਦਿਨ ਰਾਤ ਤੜਫ-ਤੜਫ ਕੇ ਮਰ ਗਿਆ, ਜਦੋਂ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲਹੌਰ ਲਿਆਂਦਾ ਗਿਆ ਅਤੇ ਖ਼ਾਨੂੰ ਦੇ ਪੇਸ਼ ਕੀਤਾ, ਤਾਂ ਨਵਾਬ ਨੇ ਭਾਈ ਤਾਰੂ ਸਿੰਘ ਜੀ ਨੂੰ ਮੰਦੇ ਲਫਜ਼ ਬੋਲੇ ਕਿ ਜਾਂ ਤਾਂ ਸਾਡਾ ਦੀਨ ਕਬੂਲ ਕਰ ਲੈ, ਨਹੀ ਤਾਂ ਜੁੱਤੀਆਂ ਮਾਰ-ਮਾਰ ਤੇਰੇ ਸਿਰ ਦੇ ਵਾਲ ਉਖਾੜ ਕੇ ਤੇਰਾ ਸਿਰ ਗੰਜਾ ਕਰ ਦਿਆਂਗਾ, ਜਿਸ ਦੇ ਉਤਰ ਵਿਚ ਭਾਈ ਤਾਰੂ ਸਿੰਘ ਨੇ ਕਿਹਾ, 'ਤੇਰੀ ਕੈਂਚੀ ਸਾਡੇ ਕੇਸ ਨਹੀਂ ਕੱਟ ਸਕੇਗੀ, ਅਸੀ ਆਪਣੀ ਜੁੱਤੀ ਦੇ ਅੱਗੇ ਲਾ ਕੇ ਤੈਨੂੰ ਧਰਮਰਾਜ ਦੇ ਅੱਗੇ ਪੇਸ਼ ਕਰਾਂਗੇ।' ਇਸ ਤਰ੍ਹਾਂ ਜਦੋਂ ਨਵਾਬ ਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ, ਤਾਂ ਭਾਈ ਤਾਰੂ ਸਿੰਘ ਦੀ ਜੁੱਤੀ ਖ਼ਾਨੂੰ ਦੇ ਸਿਰ ਵਿਚ ਮਾਰੀ ਜਾਂਦੀ ਹੈ, ਤਾਂ ਉਸ ਦਾ ਪਿਸ਼ਾਬ ਦਾ ਬੰਨ੍ਹ ਖੁਲਦਾ ਹੈ ਅਤੇ ਉਸ ਦੀ ਤਕਲੀਫ ਘਟਦੀ ਹੈ। ਏਸੇ ਤਰ੍ਹਾਂ ਹੀ ਜੁੱਤੀਆਂ ਖਾਂਦਾ-ਖਾਂਦਾ ਹੀ ਮਰ ਗਿਆ ਹੈ ਨਵਾਬ ਦੁੱਖ ਪਾ ਕੇ। ੨੨।

***ਚੌਪਈ॥ ਕਰਮਾਂ ਛੀਨਾਂ ਛੀਨੀਂ ਰਹੈ॥*** ਕਰਮਾਂ ਛੀਨਾਂ ਜੋ ਬੜਾ ਹੀ ਦੁਸ਼ਟ ਸੀ, ਉਹ (ਛੀਨੀ) ਛੀਨੇ ਪਿੰਡ ਵਿਚ ਰਹਿੰਦਾ ਸੀ।

***ਬਿਦੋਸੇ ਸਿੰਘਨ ਮਾਰਤ ਵਹੈ॥*** ਉਹ ਬਿਨਾਂ ਹੀ ਕਸੂਰ ਤੋਂ ਸਿੰਘਾਂ ਨੂੰ ਮਾਰਿਆ ਕਰਦਾ ਸੀ।

***ਰਾਜੇ ਸਾਂਹਸੀ ਕੇ ਸਿੰਘ ਬਹੁ ਮਾਰੇ॥*** ਉਸਨੇ ਰਾਜਾ ਸਾਂਸੀ ਦੇ ਬਹੁਤ ਸਾਰੇ ਸਿੰਘਾਂ ਨੂੰ ਸ਼ਹੀਦ ਕੀਤਾ ਹੈ।

***ਖਾਲਸੇ ਅੱਗੈ ਭਈ ਪੁਕਾਰੇ॥ ੨੩॥*** ਰਾਜਾ ਸਾਂਸੀ ਪਿੰਡ ਅਤੇ ਹੋਰ ਇਲਾਕੇ ਦੇ ਸਿੰਘਾਂ ਨੇ ਖਾਲਸੇ ਪੰਥ ਅੱਗੇ ਪੁਕਾਰ ਕੀਤੀ ਕਿ ਕਰਮੇ 'ਛੀਨੇ' ਨੇ ਸਾਨੂੰ ਬੜਾ ਭਾਰੀ ਦੁੱਖ ਦਿੱਤਾ ਹੈ। ੨੩।

***ਦੁਸ਼ਟ ਬਹੁਤ ਥੋ ਰਾਮਾ ਰੰਧਾਵਾ॥*** ਇਹ ਰਾਮਾ (ਰੰਧਾਵਾ) ਰੰਧਾਵੇ ਗੋਤ ਦਾ ਜੱਟ ਇਹ ਵੀ ਬੜਾ ਭਾਰੀ ਦੁਸ਼ਟ ਸੀ।

***ਤਿਨ ਸੌ ਕਿਲ੍ਹਾ ਜਿਨ ਆਪ ਬਨਾਵਾ॥*** ਇਸ ਨੇ ਉਹ ਕਿਲ੍ਹਾ ਆਪ ਹੀ ਬਣਾਇਆ ਸੀ।

***ਵਹਿ ਸਿੰਘਨ ਕੋ ਬਹੁਤ ਅਕਾਵੈ॥*** ਉਹ ਰਾਮਾ ਰੰਧਾਵਾ ਸਿੰਘਾਂ ਨੂੰ ਬੜਾ ਭਾਰੀ ਤੰਗ ਕਰਦਾ ਸੀ।

***ਆਪੇ ਪਕੜ ਆਪ ਮਰਾਵੈ॥ ੨੪॥*** ਉਹ ਸਿੰਘਾਂ ਨੂੰ ਆਪ ਹੀ ਫੜ ਕੇ ਮਰਵਾ ਦਿੰਦਾ ਸੀ, ਸ਼ਹੀਦ ਕਰਵਾ ਦਿੰਦਾ ਸੀ। ੨੪।

***ਤਿਨਹ ਕਹਾਣੀ ਜਗਤ ਚਲਾਈ॥*** ਉਸ ਨੇ ਜਗਤ ਵਿਚ ਕਹਾਵਤ ਨੂੰ ਏਸ ਤਰ੍ਹਾਂ ਮਸ਼ਹੂਰ ਕੀਤਾ ਹੈ।

***ਰਾਮੇ ਦੇਸ ਨ ਜਾਈਓ ਭਾਈ॥*** ਹੇ ਭਾਈ! ਰਾਮੇ ਰੰਧਾਵੇ ਦੇ ਦੇਸ਼ ਵਿਚ ਨਾ ਜਾਇਓ, ਉਹ ਬੜਾ ਦੁਸ਼ਟ ਹੈ ਅਤੇ ਸਿੰਘਾਂ ਨੂੰ ਸ਼ਹੀਦ ਕਰਵਾ ਦਿੰਦਾ ਹੈ।

***ਹਮ ਰਾਮੇ ਦੇਸ਼ ਨ ਜਾਵਹਿੰਗੇ॥*** ਰਾਮੇ ਦੇ ਬਾਰੇ ਸਿੰਘਾਂ ਵਿਚ ਆਮ ਕਹਾਣੀ ਚਲ ਪਈ ਸੀ ਕਿ ਅਸੀਂ ਰਾਮੇ ਰੰਧਾਵੇ ਦੇ ਦੇਸ਼ ਵਿਚ ਨਹੀਂ ਜਾਵਾਂਗੇ।

***ਡੇਲਾ ਬਾਟਾ ਮਾਂਝੇ ਕੋ ਖਾਵਹਿੰਗੇ॥੨੫॥*** ਮਾਝੇ ਦੇਸ ਦੇ ਡੇਲੇ ਪੀਞੂੰ ਅਤੇ ਜੰਡ ਫਲੀ ਆਦਿਕ ਛਕ ਕੇ ਹੀ ਗੁਜ਼ਾਰਾ ਕਰਾਂਗੇ,

ਇਸ ਤਰ੍ਹਾਂ ਦੀ ਕਹਾਵਤ ਚਲ ਪਈ ਸੀ ਸਿੰਘਾਂ ਵਿਚ, ਰਾਮੇ ਰੰਧਾਵੇ ਬਾਰੇ। ੨੫।

***ਰਹਿ ਜੋਧਾ ਨਗਰੀ ਧਰਮ ਜੁ ਦਾਸ॥*** ਜੋਧ ਪੁਰ ਪਿੰਡ ਵਿਚ ਇਕ ਧਰਮਦਾਸ ਨਾਮ ਦਾ ਦੁਸ਼ਟ ਰਹਿੰਦਾ ਸੀ।

***ਕੀਨੋ ਚਹੈ ਸੋਊ ਸਿੰਘਨ ਨਾਸ॥*** ਉਹ ਵੀ ਸਿੰਘਾਂ ਨੂੰ ਖ਼ਤਮ ਕਰਨਾ ਚਾਹੁੰਦਾ ਸੀ।

***ਮੱਸਾ ਰੰਘੜ ਰਹਯੋ ਮੰਡਿਆਲੇ॥*** ਮੱਸਾ ਰੰਘੜ ਜੋ ਆਪਣੇ ਪਿੰਡ ਮੰਡਿਆਲੀ ਰਹਿੰਦਾ ਸੀ।

***ਕਰੈ ਬਿਅਦਬੀ ਆਇ ਦ੍ਰਬਾਰਹਿ ਨਾਲੇ॥੨੬॥*** ਉਹ ਦੁਸ਼ਟ ਵੀ ਨਾਲ ਆ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਦਾ ਸੀ, ਹਰਿਮੰਦਰ ਸਾਹਿਬ ਵਿਚ, ਹੁੱਕਾ ਪੀਂਦਾ ਸੀ, ਕੰਚਨੀ ਨਚਾਉਂਦਾ ਸੀ ਅਤੇ ਪਾਨ ਥੁੱਕ ਕੇ ਗੁਰੂ ਕੇ ਦਰਬਾਰ ਦੀ ਬੇਹੁਰਮਤੀ ਕਰਦਾ ਸੀ। ੨੬।

***ਦੋਹਰਾ॥ ਸਾਹਿਬ ਰਾਇ ਸੰਧੁ ਹੁਤੋ ਬਸੈ ਨੁਸ਼ਹਿਰੇ ਗਾਇ॥*** ਸੰਧੂ ਗੋਤ ਦਾ ਸਾਹਿਬ ਰਾਇ ਚੌਧਰੀ ਜੋ ਕਿ ਨੁਸ਼ਹਿਰੇ ਪੰਨੂਏ ਪਿੰਡ ਵਿਚ ਰਹਿੰਦਾ ਸੀ, ਜਿਸ ਦੀ ਕਹਾਣੀ ਪਿੱਛੇ ਆ ਚੁੱਕੀ ਹੈ, ਇਸ ਨੇ ਭਾਈ ਤਾਰਾ ਸਿੰਘ 'ਵਾਂ' ਬੁਟਰਾਂ ਵਰਗਿਆਂ ਨੂੰ ਸ਼ਹੀਦ ਕਰਵਾਇਆ ਸੀ।

***ਫੜ ਫੜ ਸਿੰਘਨ ਵਹ ਕਟੈ, ਸਿਰ ਦੇ ਲਹੌਰ ਪੁਚਾਇ॥ ੨੭॥*** ਉਹ ਆਪ ਹੀ ਸਿੰਘਾਂ ਨੂੰ ਫੜ-ਫੜ ਕੇ ਕਤਲ ਕਰੀ ਜਾਂਦਾ ਸੀ ਅਤੇ ਉਹਨਾਂ ਸਿੰਘਾਂ ਦੇ ਸਿਰ ਲਹੌਰ ਪਹੁੰਚਦੇ ਕਰ ਦਿੰਦਾ ਸੀ। ੨੭।

***ਚੌਪਈ॥ ਤਾਰੂ ਸਿੰਘ ਪਰ ਚੁਗਲੀ ਖਾਈ॥*** ਸਾਹਿਬ ਰਾਇ ਨੇ ਭਾਈ ਤਾਰੂ ਸਿੰਘ ਦੇ ਉਤੇ ਚੁਗਲੀ ਖਾਧੀ।

***ਤੁਰਕਨ ਕੀ ਉਨ ਫੌਜ ਮੰਗਾਈ॥*** ਉਸ ਨੇ ਤੁਰਕਾਂ ਦੀ ਫ਼ੌਜ ਬੁਲਾ ਲਈ ਹੈ।

***ਆਇ ਤੁਰਕਨ ਸੋ ਲਇਓ ਗਹਾਇ॥*** ਤੁਰਕਾਂ ਦੀ ਫ਼ੌਜ ਨੇ ਆ ਕੇ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

***ਲਹੌਰ ਮੱਧ ਸੋ ਦੀਓ ਪੁਚਾਇ॥ ੨੮॥*** ਲਹੌਰ ਦੇ ਵਿਚ ਉਸ ਨੂੰ ਨਵਾਬ ਖ਼ਾਨ ਬਹਾਦਰ ਕੋਲ ਭੇਜ ਦਿੱਤਾ ਹੈ। ੨੮।

## ਮਤਾਬ ਸਿੰਘ ਤੇ ਰਾਇ ਸਿੰਘ ਮੀਰਾਂ ਕੋਟੀਏ ਭੰਗੂ ਕੀ ਸਾਖੀ

### (ਮਤਾਬ ਸਿੰਘ, ਸੁੱਖਾ ਸਿੰਘ ਨੇ ਮੱਸੇ ਦਾ ਸਿਰ ਵੱਢਣਾ)

***ਦੋਹਰਾ॥ ਸੁਨੌਂ ਸੁ ਪੌਰਖ ਖਾਲਸੇ ਜਿਮ ਥੋੜਨ ਬਹੁਤੇ ਜੀਤ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਖਾਲਸਾ ਜੀ! ਸੁਣੋ, ਪਿੱਛੇ ਆਪਾਂ ਪ੍ਰਸੰਗ ਸੁਣ ਦੇ ਆਏ ਹਾਂ ਕਿ ਅੱਠ ਸੌ ਸਿੰਘ ਰਹਿ ਗਿਆ ਸੀ, ਜਿਸ ਦੇ ਚਾਰ ਜੱਥੇ ਖਾਲਸੇ ਨੇ ਬਣਾ ਲਏ। ਇਕ ਤਾਂ ਲਹੌਰ ਦੇ ਉੱਤੇ ਚਾਰ-ਚੁਫੇਰੇ ਹੀ ਹੱਲੇ ਕਰਨ 'ਤੇ ਰਹਿੰਦਾ ਸੀ। ਦੂਸਰਾ ਜੱਥਾ ਉਸ ਦੀ ਸਹਾਇਤਾ ਕਰਨ 'ਤੇ ਰਹਿੰਦਾ ਸੀ। ਤੀਜਾ ਜੱਥਾ ਜਿਥੇ ਲੋੜ ਪਵੇ, ਓਥੇ ਜਾ ਕੇ ਉਸ ਦੀ ਮਦਦ ਕਰਦੇ ਸਨ। ਚੌਥਾ ਜੱਥਾ ਪਹਾੜਾਂ ਨੂੰ ਚੜ੍ਹ ਗਿਆ ਸੀ। ਇਉਂ ਥੋੜ੍ਹਿਆਂ ਨੇ ਬਹੁਤੇ ਜਿਵੇਂ ਜਿੱਤੇ, ਭਾਵ ਅਤੀ ਸੂਖਮ ਸਿੰਘ ਰਹਿ ਗਏ ਸਨ। ਫਿਰ ਇਹ ਸ਼ਾਹੀਆਂ ਵਾਲੇ ਤੁਰਕ ਜਿਹੜੇ ਸਨ ਫੌਜਾਂ ਵਾਲੇ ਜਿਨ੍ਹਾਂ ਕੋਲ ਕਿਲ੍ਹੇ ਕੋਟ ਸਨ ਅਤੇ ਦਿੱਲੀ ਦੀ ਰਾਜਧਾਨੀ, ਦਰਾ ਖੈਬਰ ਦੀਆਂ ਫ਼ੌਜਾਂ ਜਿਥੇ ਦਸ-ਦਸ ਲੱਖ ਫੌਜਾਂ ਦਾ ਇੱਕਠ ਹੋਵੇ, ਉਹਨਾਂ ਨੂੰ ਏਨੇ ਥੋੜ੍ਹਿਆਂ ਨੇ ਮਾਰ ਲੈਣਾ, ਇਹ ਮਹਾਰਾਜ ਦੀ ਕ੍ਰਿਪਾਲਤਾ ਹੀ ਹੈ। ਸ਼ਕਤੀ ਹੈ, ਕਿਉਂਕਿ ਸਤਿਗੁਰੂ ਡਾਢਾ ਹੈ ਖਾਲਸੇ ਪੰਥ ਦਾ। ਉਹ ਆਪਣੇ(ਪੌਰਖ) ਬਲ ਦੇ ਨਾਲ ਲੜਦੇ ਤੇ ਬਹੁਤਿਆਂ ਨੂੰ ਥੋੜ੍ਹੇ ਜਿੱਤ ਲੈਂਦੇ ਸਨ। ਜਿਵੇਂ ਥੋੜ੍ਹਿਆਂ ਸਿੰਘਾਂ ਨੇ ਸ਼ਾਹੀਆਂ ਨੂੰ ਹਰਾ ਦਿੱਤਾ, ਵੱਡੇ-ਵੱਡੇ ਬਾਦਸ਼ਾਹਾਂ ਦੀਆਂ ਆਕੜਾਂ ਭੰਨ ਦਿੱਤੀਆਂ, ਉਨ੍ਹਾਂ ਸਿੰਘਾਂ ਦਾ ਸਿਦਕ ਦਸਦੇ ਹਨ।

***ਹਮਰੇ ਦਾਦੇ ਥੋ ਕੀਓ ਮਰਨ ਧਰਮ ਧਰ ਚੀਤ॥ ੧॥*** ਉਹਨਾਂ ਥੋੜ੍ਹਿਆਂ ਸਿੰਘਾਂ ਵਿਚ ਮੇਰਾ ਦਾਦਾ ਭਾਈ ਮਤਾਬ ਸਿੰਘ ਵੀ ਸੀ, ਜਿਨ੍ਹਾਂ ਨੇ ਮਨ ਵਿਚ ਧਾਰਨ ਕਰ ਲਿਆ ਸੀ ਕਿ ਹੁਣ ਮਰਨਾ ਹੀ ਸਾਡਾ ਧਰਮ ਹੈ, ਸੋ ਸਾਡੇ ਮਾਤਾ ਪਿਤਾ

ਸਾਡੇ ਪਿੱਛੇ ਬੱਚਿਆਂ ਨੂੰ, ਘਰਾਣਿਆਂ ਨੂੰ, ਸਾਡੀ ਨਜ਼ਰਾਂ ਵਿਚ ਬੈਠੀ ਸੰਗਤ ਨੂੰ, ਜੇ ਦੁੱਖ ਮਿਲੇ ਤਾਂ ਸਾਡਾ ਜੀਵਨ ਕਾਹਦਾ, ਇਉਂ ਜਿਨ੍ਹਾਂ ਨੇ ਆਪਣਾ ਪਰਮੋਂ-ਧਰਮ ਬਣਾ ਲਿਆ ਸੀ ਸ਼ਹੀਦੀਆਂ ਪਾਉਣ ਦਾ, ਚਰਖੜੀਆਂ 'ਤੇ ਚੜ੍ਹਨ ਦਾ, ਫਾਂਸੀਆਂ ਤੇ ਲਟਕਣ ਦਾ, ਤੇਗਾਂ ਨਾਲ ਸੀਸ ਕਟਾਉਣੇ, ਸਾਧ ਸੰਗਤ ਨੂੰ ਇਹ ਗੱਲ ਦੱਸਦੇ ਨੇ। ੧।

***ਨ੍ਵਾਬ ਸੁ ਖਾਨ ਬਹਾਦੁਰੋ ਸਿੰਘਨ ਪਰ ਕੀਓ ਜ਼ੋਰ॥*** ਲਹੌਰ ਦੇ ਸੂਬੇ ਖ਼ਾਨ ਬਹਾਦਰ ਨੇ ਸਿੰਘਾਂ ਉਤੇ ਬੜਾ ਜ਼ੋਰ ਪਾ ਲਿਆ ਹੈ।

***ਇਮ ਮੁਲਖੱਯਨ ਬੁਲਾਇਕੈ ਲਿਖਿਓ ਵਿਚ ਲਹੌਰ॥ ੨॥*** ਇਹਨੇ ਲਹੌਰ ਵਿਚ ਸਾਰਾ ਮੁਲਖ ਸੱਦ ਲਿਆ ਹੈ, ਚਾਰ-ਚੁਫੇਰੇ ਦੇ ਜਿਨੇ ਪੰਚ ਸਨ, ਉਹਨਾਂ ਨਾਲ ਇਉਂ ਵਿਉਂਤ ਕਰ ਲਈ। ੨।

***ਚੌਪਈ॥ ਜੋ ਸਿੰਘਨ ਕੌ ਕੋਊ ਲੁਕਾਵੈ॥*** ਹੁਕਮ ਕਰ ਦਿੱਤਾ ਹੈ, ਜਿਹੜਾ ਸਿੰਘਾਂ ਨੂੰ ਲਕੋਵੇਗਾ, ਇਹਨਾਂ ਨੂੰ ਪਨਾਹ ਦੇਵੇਗਾ ਜਿਹੜਾ।

***ਸੋ ਵਹਿ ਅਪਨੀ ਜਾਨ ਗੁਵਾਵੈ॥*** ਉਹ ਨਹੀਂ ਬਚੇਗਾ, ਉਹ ਆਪਣੀ ਜਾਨ ਗਵਾ ਲਵੇਗਾ, ਮਾਰਿਆ ਜਾਇਗਾ ਉਹ।

***ਆਏ ਸਿੰਘ ਬਤਾਵੈ ਨਾਂਹੀ॥*** ਕਹਿਣ ਲੱਗਾ ਜਦੋਂ ਖਾਲਸਾ ਆਇਆ ਹੋਵੇ ਬਾਹਰੋਂ ਆਪਣੇ ਪਿੰਡਾਂ ਨੂੰ, ਜਿਸ ਨੂੰ ਪਤਾ ਹੋਵੇ, ਉਹ ਨਾ ਦੱਸੇਗਾ।

***ਵੈ ਭੀ ਅਪਨੀ ਜਿੰਦ ਗੁਵਾਹੀ॥ ੩॥*** ਉਹ ਵੀ ਆਪਣੀ ਜਾਨ ਗਵਾ ਲਵੇਗਾ। ੩।

***'ਜੋ ਸਿੰਘਨ ਕੋ ਸਾਕ ਕਰੇਵੈ॥*** ਜੋ ਸਿੰਘਾਂ ਦੇ ਬੱਚਿਆਂ ਨਾਲ ਰਿਸ਼ਤੇਦਾਰੀ ਪਾਵੇਗਾ, ਉਹਨਾਂ ਨੂੰ ਲੜਕੀ ਦੇਵੇਗਾ ਜਾਂ ਉਨ੍ਹਾਂ ਦੀ ਲੜਕੀ ਲਵੇਗਾ।

***ਮੁਸਲਮਾਨ ਸੋ ਹੋਵਨ ਲੇਵੈ॥*** ਉਸ ਨੂੰ ਮੁਸਲਮਾਨ ਹੋਣਾ ਪਵੇਗਾ, ਅਸੀਂ ਉਹਨੂੰ ਮੁਸਲਮਾਨ ਕਰਕੇ ਛਡਾਂਗੇ।

***ਜੋ ਸਿੰਘਨ ਕੌ ਦੇਵੈ 'ਨਾਜਾ॥*** ਜਿਹੜਾ ਇਹਨਾਂ ਨੂੰ ਕੋਈ ਰੋਟੀ ਦੇਵੇਗਾ, ਅੰਨ-ਅਨਾਜ਼ ਪਹੁੰਚਦਾ ਕਰੇਗਾ ਸਿੰਘਾਂ ਨੂੰ।

***ਮੁਸਲਮਾਨ ਕਰੌਂ ਤਿਸ ਕਾਜਾ' ॥ ੪॥*** ਏਸੇ ਦੋਸ਼ ਵਿਚ ਉਸ ਨੂੰ ਵੀ ਮੁਸਲਮਾਨ ਬਣਾਵਾਂਗੇ, ਇਉਂ ਕਨੂੰਨ ਬਣਾ ਲਿਆ ਇਹਨਾਂ ਨੇ ਜਿਨ੍ਹਾਂ ਨੇ ਖਾਲਸੇ ਦੀ ਮਦਦ ਕੀਤੀ, ਉਹਨਾਂ ਨੂੰ ਮੈਂ ਤੁਰਕ ਬਣਾ ਦਿਆਂਗਾ। ੪।

***ਦੋਹਰਾ॥ ਐਸੀ ਐਸੀ ਘੂਰ ਕਰ ਦੀਨੇ ਲੋਕ ਡਰਾਇ॥*** ਬਾਹਰੋਂ ਆਏ ਹੋਏ ਲੋਕਾਂ ਨੂੰ ਏਸ ਤਰਾਂ ਘੂਰਿਆ, ਵੇਖ ਲਉ ਫੇਰ ਨਹੀਂ ਛੁੱਟਣਾ, ਫਿਰ ਨਹੀਂ ਤੁਹਾਡੀ ਕਿਸੇ ਦੀ ਸਿਫਾਰਸ਼ ਮੰਨਣੀ, ਕਿਸੇ ਗਵਾਹ ਦੀ ਲੋੜ ਨਹੀਂ, ਇਉਂ ਲੋਕਾਂ ਨੂੰ ਘੂਰ ਕੇ ਡਰਾ ਕੇ ਤੋਰ ਦਿੱਤਾ।

***ਕਈਅਨ ਕੌ ਸਿਰੋਪਾਉ ਦੈ ਦੀਨੋ ਵਿਚੋਂ ਪੜਾਇ॥ ੫॥*** ਗੌਰਮਿੰਟ ਦੇ ਬੜੇ ਲੰਬੇ ਹੱਥ ਹੁੰਦੇ ਹਨ, ਇਹਨਾਂ ਸਮਝਿਆ ਇਹ ਨਾ ਹੋਵੇ ਕਿ ਏਕਾ ਹੀ ਨਾ ਕਰ ਜਾਣ, ਉੱਕਾ ਹੀ ਨਾ ਦੱਸਣ, ਸਾਰੇ ਹੀ ਮੁੱਕਰ ਜਾਣ, ਕਈਆਂ ਨੂੰ ਸਿਰੋਪਾ ਦਿੱਤੇ ਸ਼ਾਬਾਸੇ! ਤੁਸੀਂ ਤਾਂ ਆਪਣੇ ਬੰਦੇ ਹੋ, ਦੱਸ ਦਿਆ ਕਰੋ, ਬੇਸ਼ੱਕ ਜੇ ਕੋਈ ਤੁਹਾਡੇ ਕੋਲ ਆਵੇ ਜਾਵੇ, ਤੁਹਾਡੀ ਪੂਰੀ ਮਦਦ ਰੱਖਾਂਗੇ, ਤੁਸੀਂ ਨਾ ਡਰਿਓ, ਕਈ ਵਿੱਚੋਂ ਪਾੜ ਦਿੱਤੇ ਕਿ ਏਕਾ ਨਾ ਕਰ ਜਾਣ। ੫।

***ਚੌਪਈ॥ ਤਬ ਸਿੰਘਨ ਕੋ ਲੋਕ ਬਤਾਵੈਂ॥*** ਤਦ ਸਿੰਘਾਂ ਦਾ ਲੋਕੀਂ ਦੱਸਣ ਲੱਗ ਪਏ, ਫਲਾਨੇ ਨਗਰ ਵਿਚ ਰਹਿੰਦਾ ਜੀ ਸਿੰਘ, ਫਲਾਨੀਆਂ ਖੱਡਾਂ ਵਿਚ ਫਲਾਣੀ ਬੀੜ ਵਿਚ ਰਹਿੰਦਾ ਇਉਂ ਸਿੰਘਾਂ ਦੀ ਦੱਸ ਪਾਉਣ ਲੱਗ ਪਏ।

***ਕਈਅਕ ਅਪਨੇ ਹੱਥ ਫੜਾਵੈਂ॥*** ਕਈਆਂ ਸਿੰਘਾਂ ਨੂੰ ਆਪਣੇ ਹੱਥੀਂ ਕਿਸੇ ਢੰਗ ਨਾਲ ਫੜ ਕੇ, ਫ਼ੌਜ ਨੂੰ ਮੰਗਾ ਕੇ ਸਿੰਘ ਨੂੰ ਗ੍ਰਿਫ਼ਤਾਰ ਕਰਾ ਦੇਣਾ।

***ਕਈਕੁ ਦੇਵੈਂ ਆਪੇ ਮਾਰ॥*** ਕਈ ਦੁਸ਼ਟ ਐਸੇ ਸਨ ਜਿਹੜੇ ਆਪੇ ਹੀ ਸਿੰਘ ਨੂੰ ਸ਼ਹੀਦ ਕਰ ਦਿਆ ਕਰਨ।

***ਸਿੰਘਨ ਕੋ ਭਯੋ ਐਸ ਹਵਾਰ॥ ੬॥*** ਸਿੰਘਾਂ ਦਾ ਐਸਾ ਹਾਲ ਹੋ ਗਿਆ, ਪੰਜਾਬ ਵਿਚ ਰਹਿਣਾ ਮੁਸ਼ਕਲ ਹੋ ਗਿਆ ਸਿੰਘਾਂ ਨੂੰ। ੬।

***ਸਿੰਘਨ ਮਾਰ ਦਿਖਾਵੈਂ ਤੁਰਕ॥*** ਸਿੰਘਾਂ ਨੂੰ ਸ਼ਹੀਦ ਕਰਕੇ ਕਿ ਸਾਨੂੰ ਬੜਾ ਚੰਗਾ ਸਮਝਣਗੇ, ਤੁਰਕਾਂ ਨੂੰ ਵਿਖਾਉਂਦੇ ਹਨ, ਕਿ ਸਿੰਘ ਆਏ ਸਨ ਅਸੀਂ ਜਾਣ ਨਹੀਂ ਦਿੱਤੇ।

***ਅਨਾਮ ਸੁ ਪਾਵੈਂ ਬਹੁਤੋ ਮੁਰਕ॥*** ਉਹਨਾਂ ਨੂੰ ਬਹੁਤ ਇਨਾਮ ਮਿਲਦਾ ਹੈ, ਸੋਨਾ ਮਿਲਦਾ ਹੈ ਇਨਾਮ ਵਿਚ। ਉਹਨਾਂ ਨੂੰ (ਮੁਰਕ) ਸੋਨੇ ਦੀਆਂ ਮੋਹਰਾਂ ਮਿਲਦੀਆਂ ਸਨ।

***ਸਿੰਘ ਮੁਲਖੱਯਨ ਪਰ ਗਯੋ ਬੈਰ॥*** ਸਿੰਘਾਂ ਦਾ ਤੇ ਮੁਲਖ ਵਾਲਿਆਂ ਦਾ ਆਪਸ ਵਿਚੀਂ ਵੈਰ ਪੈ ਗਿਆ।

***ਸਿੰਘ ਭੀ ਤਾਂ ਸੋਂ ਕਰੈਂ ਨ ਖੈਰ॥ ੭॥*** ਸਿੰਘ ਵੀ (ਖੈਰ) ਲਿਹਾਜ ਕਰਨੋਂ ਹਟ ਗਏ ਇਹਨਾਂ ਦੀ। ੭।

***ਲਰਤ ਮਰਤ ਕਹੂੰ ਲੁਕ ਛਪ ਰਹੈਂ॥*** ਇਉਂ ਲੜਦੇ-ਭਿੜਦੇ ਜੱਟਾਂ ਨਾਲ ਵੈਰ ਪੈ ਗਿਆ, ਓਧਰੋਂ ਗੌਰਮਿੰਟ ਨਾਲ ਪੈ ਗਿਆ, ਉਥੇ ਹੀ ਲੁਕ ਛਿਪ ਕੇ ਆਪ ਦਾ ਨਿਰਬਾਹ ਕਰ ਲੈਂਦੇ ਸੀ।

***ਦੁਸ਼ਟ ਤਹੀਂ ਤੁਰਤ ਤੁਰਕਨ ਕਹੈਂ॥*** ਜਿਹੜੇ ਚੁਗਲ ਦੁਸ਼ਟ ਸਨ, ਉਹ ਤੁਰਤ ਹੀ ਤੁਰਕਾਂ ਨੂੰ ਜਾ ਕੇ ਕਹਿੰਦੇ।

***ਤਹਿਂ ਸੁਣ ਤੁਰਕ ਤੁਰਤ ਚੜ੍ਹ ਆਵੈਂ॥*** ਤੁਰਕ ਉਥੇ ਸਿੰਘਾਂ ਦਾ ਸੁਣ ਕੇ ਤੁਰਤ ਹੀ ਸਿੰਘਾਂ 'ਤੇ ਚੜ੍ਹਾਈ ਕਰਕੇ ਆ ਜਾਂਦੇ।

***ਤਾਸ ਗ੍ਰਾਮ ਕੀ ਧੂਰ ਉਡਾਵੈਂ॥ ੮॥*** ਜਿਸ ਨਗਰ ਵਿਚ ਸਿੰਘਾਂ ਦਾ ਪਤਾ ਲੱਗ ਜਾਂਦਾ, ਉਸ ਨਗਰ ਦੀ ਧੂੜ ਉਡਾ ਦਿੰਦੇ ਸਨ ਤੁਰਕ ਐਨੀ ਫ਼ੌਜ ਪੈਂਦੀ ਸੀ। ੮।

***ਗ੍ਰਾਮ ਛੋਡ ਜੁ ਉਜਾੜਨ ਰਹੈਂ॥*** ਨਗਰਾਂ ਨੂੰ ਛੱਡ ਕੇ ਜਿਹੜੇ ਸਿੰਘ ਉਜਾੜਾਂ ਵਿਚ ਰਹਿੰਦੇ ਸਨ।

***ਗਿਰਦੇ ਗ੍ਰਾਮ ਉਜਾੜਨ ਚਹੈਂ॥*** ਪਿੰਡਾਂ ਦੇ ਨੇੜੇ ਉਜਾੜ ਦੇ ਵਿੱਚੋਂ ਵੀ ਸਿੰਘਾਂ ਨੂੰ ਉਜਾੜਨਾ ਚਾਹੁੰਦੇ ਹਨ, ਉਥੇ ਵੀ ਨਹੀਂ ਰਹਿਣ ਦਿੰਦੇ ਸਿੰਘਾਂ ਨੂੰ।

***ਤਬ ਸਿੰਘਨ ਕੋ ਭਯੋ ਤਰਾਸ॥*** ਤਦ ਸਿੰਘਾਂ ਨੂੰ ਬੜਾ ਡਰ ਹੋ ਗਿਆ ਹੈ, ਇਸ ਗੱਲ ਦਾ, ਅੱਗੇ ਤਾਂ ਕੋਈ ਸਾਡੀ ਚੁਗਲੀ ਨਹੀਂ ਸੀ ਕਰਦਾ, ਨਿਰਬਾਹ ਕਰ ਲੈਂਦੇ ਸਾਂ, ਹੁਣ ਇਹ ਲੋਕ ਨਿਗਾਹ ਰੱਖਣ ਲੱਗ ਪਏ ਸਾਡੇ 'ਤੇ, ਸਾਨੂੰ ਫੜਾ ਦਿੰਦੇ ਹਨ।

***ਸਿੰਘਨ ਵਤਨੋਂ ਛੋਡਯੋ ਵਾਸ॥ ੯॥*** ਸਿੰਘਾਂ ਨੇ ਆਪਣੇ ਵਤਨ ਵਿਚ ਵੱਸਣਾ ਛੱਡ ਦਿੱਤਾ, ਭਾਵ ਮਾਝੇ ਨੂੰ ਛੱਡ ਕੇ ਏਥੋਂ ਬਾਹਰ ਨਿਕਲ ਗਏ। ੯।

***ਕੋਊ ਜੰਗਲ ਦੱਖਨ ਰੁੱਕੇ॥*** ਕੋਈ ਜੰਗਲ ਦੇਸ ਜੋ ਆਪਣਾ ਮਾਲਵਾ ਹੈ, ਜੈਤੋ ਕੋਟ ਕਪੂਰਾ, ਲੱਖੀ ਜੰਗਲ, ਬੱਗਸਰ ਜੱਸੀ, ਇਥੋਂ ਸਿੱਧੇ ਬੁੱਢੇ ਜੋਹੜ ਨੂੰ ਚਲੇ ਜਾਂਦੇ ਅਤੇ ਇਸ ਪਾਸੇ ਅਕਬਰ ਦੀ ਖਡਾਲ ਮੂਣਕ, ਧਮਧਾਨ ਸਾਹਿਬ ਏਧਰ ਨੂੰ ਚਲੇ ਜਾਂਦੇ। ਕਈ ਦੱਖਣ ਨੂੰ ਨਿਕਲ ਗਏ, ਦੂਰ-ਦੂਰ ਜਾ ਰਹੇ ਮੁਲਕਾਂ ਦੇ ਵਿਚ।

***ਕੋਊ ਪੂਰਬ ਪਹਾੜਨ ਲੁੱਕੇ॥*** ਕੋਈ ਪੂਰਬ ਦੀ ਦਿਸ਼ਾ ਨੂੰ ਚਲੇ ਗਏ, ਕਈ ਪਹਾੜਾਂ ਨੂੰ ਚੜ੍ਹ ਗਏ ਖਾਲਸੇ ਓਥੇ ਜਾ ਲੁਕੇ।

***ਰਹੇ ਦੇਸ਼ ਮਹਿ ਸੋ ਅਤਿ ਦੁਖੀ॥*** ਜਿਹੜੇ ਪਿੱਛੇ ਦੇਸ਼ ਵਿਚ ਰਹਿ ਗਏ, ਉਹ ਅਤੀ ਦੁਖੀ ਹਨ, ਉਨ੍ਹਾਂ ਮਗਰ ਚੁਗਲ ਲੱਗੇ ਹੋਏ ਹਨ, ਉਹਨਾਂ ਨੂੰ ਕਿਤੇ ਰਹਿਣ-ਬਹਿਣ ਨਹੀਂ ਸੀ ਦਿੰਦੇ।

***ਬਾਜ ਦੇਸ਼ ਜਯੋ ਬਟੇਰਨ ਉਖੀ॥ ੧੦॥*** ਜਿਵੇਂ ਬਾਜ਼ਾਂ ਦੇ ਦੇਸ਼ ਵਿਚ ਬਟੇਰੇ ਦੁਖੀ ਹੁੰਦੇ ਹਨ। ਬਾਜ਼ ਕਿਥੇ ਨਹੀਂ ਹੁੰਦੇ? ਉਹ ਤਾਂ ਹਰ ਥਾਂ 'ਤੇ ਹਨ। ਬਟੇਰੇ ਝਾੜਾਂ ਦੇ ਹੇਠਾਂ-ਹੇਠਾਂ ਜੇ ਉਹ ਉਡਦੇ ਹਨ, ਤਾਂ ਉਪਰੋਂ ਬਾਜ਼ ਫੜ ਲੈਂਦਾ ਹੈ। ਜੇ ਬਟੇਰੇ ਦਿਸ ਪੈਣ ਤਾਂ ਉਪਰੋਂ ਆ ਡਿੱਗਦਾ ਹੈ ਉਹਨਾਂ 'ਤੇ ਜਿਵੇਂ ਬਾਜ਼ਾਂ ਦੇ ਦੇਸ਼ ਵਿਚ ਬਟੇਰੇ ਦੁਖੀ ਹੁੰਦੇ ਹਨ, ਇਸ ਤਰ੍ਹਾਂ ਸਿੰਘਾਂ ਦੀ ਕਹਿੰਦੇ ਇਹ ਦਸ਼ਾ ਹੋ ਗਈ ਹੈ। ਹੁਣ ਤੁਰਕ ਪਠਾਣ ਬਾਜ਼ਾਂ ਦੀ ਨਿਆਈਂ ਸਿੰਘਾਂ ਦਾ ਸ਼ਿਕਾਰ ਭਾਲਦੇ ਫਿਰਦੇ ਨੇ। ੧੦।

***ਦੋਹਰਾ॥ ਪਰਪਿਤਾ ਹਮਾਰੋ ਨਿਕਰ ਕੈ ਜੈ ਨਗਰ ਪਹੁੰਚਾਯੋ ਜਾਇ॥*** (ਪਰ ਪਿਤਾ) ਮੇਰੇ ਪਿਤਾ ਦਾ ਪਿਤਾ, ਮੇਰੇ ਪਿਉ

ਦਾ ਪਿਉ, ਮੇਰਾ ਦਾਦਾ ਮਤਾਬ ਸਿੰਘ ਭੰਗੂ ਮੀਰਾਂਕੋਟ ਵਾਲਾ, ਉਹ ਵੀ ਏਸ ਹੱਲੇ ਦੇ ਵਿਚ ਨਿਕਲ ਕੇ ਪੰਜਾਬ ਵਿੱਚੋਂ, ਜੈਪੁਰ ਜਾ ਪਹੁੰਚਿਆ ਸੀ।

***ਰਾਜੇ ਸੋ ਮੁਲਾਕਾਤ ਕਰ ਲਈ ਚਾਕਰੀ ਲਾਹਿ॥ ੧੧॥*** ਉਹ ਸੂਰਵੀਰ ਸਨ, ਯੋਧੇ ਸਨ, ਜੰਗੀ ਜੁਆਨ ਸਨ, ਇਹਨਾਂ ਦਾ ਟਾਕਰਾ ਤਾਂ ਦਸ-ਦਸ, ਸੌ-ਸੌ ਜੁਆਨ ਨਹੀਂ ਕਰ ਸਕਦੇ ਸਨ, ਉਥੋਂ ਦੇ ਰਾਜੇ ਨਾਲ ਗੱਲਬਾਤ ਕਰਕੇ ਆਪਣੀ ਨੌਕਰੀ ਲੁਆ ਲਈ ਸੀ ਫ਼ੌਜ ਵਿਚ। ੧੧।

***ਚੌਪਈ॥ ਸੋ ਸੁਨ ਔਰ ਸਿੰਘ ਤਹਿ ਆਏ॥*** ਜਦੋਂ ਪਤਾ ਲੱਗਾ ਹੈ ਸਿੰਘਾਂ ਨੂੰ ਕਿ ਜੈਪੁਰ ਦੇ ਰਾਜੇ ਨਾਲ ਗੱਲਬਾਤ ਕਰਕੇ ਮਤਾਬ ਸਿੰਘ ਉਥੇ ਟਿਕਿਆ ਹੋਇਆ ਹੈ, ਉਸ ਨੂੰ ਸੁਣ-ਸੁਣ ਕੇ ਹੋਰ ਸਿੰਘ ਵੀ ਉਥੇ ਆ ਗਏ ਹਨ, ਦੂਰੋਂ-ਦੂਰੋਂ ਮਤਾਬ ਸਿੰਘ ਕੋਲ।

***ਮਤਾਬ ਸਿੰਘ ਤਿਹ ਬਚਨ ਅਲਾਏ॥*** ਜਦੋਂ ਸਿੰਘ ਇੱਕਠੇ ਹੋ ਕੇ ਅੰਮ੍ਰਿਤਸਰ ਆਦਿਕ ਇਲਾਕੇ ਦੇ ਆਏ ਹਨ, ਮਤਾਬ ਸਿੰਘ ਕੋਲ, ਮਤਾਬ ਸਿੰਘ ਉਹਨਾਂ ਸਿੰਘਾਂ ਨੂੰ ਬਚਨ ਕਹਿਣ ਲੱਗਾ।

***'ਦੇਹ ਵਤਨ ਹਮ ਬਾਤਸੁਨਾਏ॥*** ਖਾਲਸਾ ਜੀ! ਹੁਣ ਵਤਨ ਦੀ ਗੱਲ ਸੁਣਾਓ! ਕਿਵੇਂ ਆਏ ਹੋ? ਕਿਥੋਂ ਆਏ ਹੋ? ਤੇ ਹਾਲਾਤ ਕੀ ਹਨ ਹੁਣ? ਤੁਰਕ ਕੀ ਕਰਦੇ ਨੇ ਓਥੇ?

***ਕਹਿੰ ਕਹਿੰ ਤੁਰਕਨ ਡੇਰੇ ਲਾਏ?'॥ ੧੨॥*** ਤੁਰਕਾਂ ਨੇ ਕਿਥੇ-ਕਿਥੇ ਡੇਰੇ ਲਾਏ ਹਨ?। ੧੨।

***ਸਿੰਘ ਕਹਯੋ 'ਕਛੁ ਪੂਛ ਨ ਬਾਤ॥*** ਸਿੰਘਾਂ ਨੇ ਕਿਹਾ ਮਤਾਬ ਸਿੰਘਾ! ਪੰਜਾਬ ਦੀ ਕੋਈ ਗੱਲ ਨਾ ਪੁੱਛ, ਸਭ ਹੱਦਾਂ ਟੱਪ ਗਈਆਂ ਹਨ।

***ਜਿਮ ਤੁਰਕਨ ਨੇ ਕੀਨੋ ਘਾਤ॥*** ਜਿਵੇਂ ਤੁਰਕਾਂ ਨੇ ਸਿੰਘਾਂ ਦਾ ਘਾਤ ਕੀਤਾ ਹੈ, ਸਿੰਘਾ 'ਤੇ ਜ਼ੁਲਮ ਢਾਹੇ ਨੇ।

***ਮੁਖੋਂ ਕਹੌਂ ਮੁਖ ਫਟਤਾ ਜਾਵੈ॥*** ਜੇ ਸਾਰੀ ਗੱਲ ਦੱਸਦੇ ਹਾਂ, ਮੂੰਹੋਂ ਬੋਲਦੇ ਹਾਂ, ਤਾਂ ਮੂੰਹ ਪਾਟਦਾ ਜਾਂਦਾ ਹੈ, ਗੱਲ ਨਿਕਲਦੀ ਨਹੀਂ ਸਾਡੇ ਮੂੰਹ ਵਿੱਚੋਂ।

***ਕੰਨੋਂ ਸੁਨੌਂ ਤੌ ਕੰਨ ਦੁਖਾਵੈ' ॥ ੧੩॥*** ਜੇ ਕੰਨਾਂ ਨਾਲ ਸੁਣਦੇ ਹਾਂ ਵਾਰਤਾ, ਤਾਂ ਕੰਨ ਦੁਖਣ ਲੱਗ ਪੈਂਦੇ ਹਨ, ਕੰਨ ਪਾਟਣ ਲੱਗ ਜਾਂਦੇ ਹਨ। ੧੩।

***ਬਾਤ ਚੀਰਤੀ ਛਾਤੀ ਜਾਵੈ॥*** ਇਹ ਗੱਲ ਜਿਹੜੀ ਹੈ ਪੰਜਾਬ ਦੀ, ਸਿੰਘਾਂ ਦੀ, ਗੁਰਧਾਮਾਂ ਦੀ, ਤਾਂ ਛਾਤੀ ਚੀਰਦੀ ਜਾਂਦੀ ਹੈ, ਛਾਤੀ ਪਾਟਦੀ ਜਾਂਦੀ ਹੈ ਜੇ ਅਸੀਂ ਗੱਲ ਕਰੀਏ।

***ਨਾ ਕਹੀਏ ਮਨ ਮੋਂ ਨ ਸਮਾਵੈ॥*** ਜੇ ਨਹੀਂ ਦਸਦੇ ਤੈਨੂੰ, ਤਾਂ ਮਨ ਵਿਚ ਨਹੀਂ ਸਮਾਉਂਦੀ, ਬਾਹਰ ਆਉਂਦੀ ਹੈ ਮੂੰਹ ਰਾਹੀਂ ਨਿਕਲ ਕੇ ਗੱਲ।

***ਸਰਪ ਚਕੂੰਧਰ ਕੀ ਭਈ ਬਾਤ॥*** ਸੱਪ ਤੇ ਚਕੂੰਧਰ ਵਾਲੀ ਗੱਲ ਹੋ ਗਈ ਹੈ' ਚਕੂੰਧਰ ਚੂਹੇ ਵਰਗੀ ਹੁੰਦੀ ਹੈ, ਉਹ ਚਿਰ ਚਿਰ ਜਿਹਾ ਕਰਦੀ ਹੈ, ਬੜਾ ਤਿੱਖਾ ਉਸ ਦਾ ਮੂੰਹ ਹੁੰਦਾ ਹੈ, ਲੋਹੇ ਨੂੰ ਕੱਟ ਦਿੰਦੀ ਹੈ। ਉਸ ਦਾ ਸਰੀਰ ਖੱਟਾ ਹੁੰਦਾ ਹੈ, ਜ਼ਹਰੀਲਾ ਹੁੰਦਾ ਹੈ, ਉਹਨੂੰ ਬਿੱਲੀ ਵੀ ਨਹੀਂ ਖਾਂਦੀ। ਜਿਹੜਾ ਚੂਹੇ ਖਾਣਾ ਸੱਪ ਇਹ ਵੀ ਉਸ ਦਾ ਸ਼ਿਕਾਰ ਨਹੀ ਕਰਦਾ। ਕਹਿੰਦੇ ਉਹ ਗੱਲ ਹੈ, ਮਤਾਬ ਸਿੰਘ ਜੀ, ਜੇ ਕੋਈ ਪੰਜਾਬ ਦੀ ਗੱਲ ਕਹਿੰਦੇ ਹਾਂ, ਜੇ ਤਾਂ ਸੱਪ ਚਕੂੰਧਰ ਨੂੰ ਖਾਂਦਾ ਹੈ, ਤਾਂ ਕੋਹੜੀ ਹੋ ਜਾਂਦਾ ਹੈ, ਉਸ ਦਾ ਸਰੀਰ ਉਹੋ ਜਿਹਾ ਹੈ, ਜੇ ਛੱਡਦਾ ਹੈ ਤਾਂ ਕਲੰਕ ਲਗਦਾ ਹੈ, ਲੈ ਚੂਹਾ ਫੜਿਆ ਵੀ ਨਹੀਂ ਮਾਰਿਆ ਗਿਆ, ਚੂਹਾ ਵੀ ਨਹੀਂ ਖਾਧਾ ਗਿਆ। ਸਿੰਘਾਂ ਦੇ ਭਾ ਦੀ ਉਹ ਗੱਲ ਬਣ ਗਈ ਹੈ, ਨਾ ਤਾਂ ਹੁਣ ਦੇਸ਼ ਵਿਚ ਵੜਨ ਜੋਗੇ ਨੇ, ਉਂਝ ਸੰਗ ਆਉਂਦੀ, ਸ਼ਰਮ ਆਉਂਦੀ ਹੈ। ਨਹੀਂ ਜਾਂਦੇ ਤਾਂ ਗੁਰੂ ਵੱਲੋਂ ਬੇਮੁਖ ਹੁੰਦੇ ਹਾਂ, ਦੱਸੋ ਹੁਣ ਕਿਵੇਂ ਕਰੀਏ? ਐਸੀ ਗੱਲ ਬਣ ਗਈ ਹੈ।

***ਉਗਲਤ ਬਨੇ ਨ ਬਨੈ ਜਿਮ ਖਾਤ॥ ੧੪॥*** ਨਾ ਤਾਂ ਸੱਪ ਨੂੰ ਚਕੂੰਧਰ ਉਗਲਣੀ ਬਣਦੀ ਹੈ, ਜੇ ਖਾਂਦਾ ਹੈ, ਤਾਂ ਸਮਾਉਂਦੀ ਨਹੀਂ, ਅੰਦਰ ਦੁਖਦਾਈ ਬਣਦੀ ਹੈ। ੧੪।

***ਦੋਹਰਾ॥ ਕੀਓ ਉਪੱਦ੍ਰਵ ਤੁਰਕ ਬਡ ਅੰਮ੍ਰਿਤਸਰ ਗੁਰਦ੍ਵਾਰ॥*** ਮਤਾਬ ਸਿੰਘ ਨੇ ਕਿਹਾ ਬੁਝਾਰਤਾਂ ਨਾ ਪਾਓ, ਸਿੱਧਾ ਦੱਸੋ ਕੀ ਗੱਲ ਹੈ ਐਹੋ ਜਿਹੀ? ਤਾਂ ਅਖੀਰ ਨੂੰ ਸਿੰਘ ਦੱਸਣ ਲੱਗੇ ਹਨ, ਕਿ ਤੁਰਕਾਂ ਨੇ ਬੜਾ ਉਪੱਦਰ ਕੀਤਾ ਹੈ, ਖਾਸ ਕਰਕੇ ਸ੍ਰੀ ਅੰਮ੍ਰਿਤਸਰ ਗੁਰਦੁਆਰੇ ਵਿਚ ਉਥੇ ਬੈਠ ਕੇ ਜੋ ਜ਼ੁਲਮ ਕਮਾ ਰਹੇ ਹਨ।

***ਹਰਿਮੰਦਰ ਮੈਂ ਕੰਚਨੀ ਰਖੇ ਤੁਰਕਨ ਕੋ ਸਰਦਾਰ॥ ੧੫॥*** ਤੁਰਕਾਂ ਦਾ ਸਰਦਾਰ ਹਰਿਮੰਦਰ ਸਾਹਿਬ ਵਿਚ (ਕੰਚਨੀ) ਕੰਜ਼ਰੀ ਨਚਾਉਂਦਾ ਹੈ ਬੈਠ ਕੇ ਤੇ ਪਲੰਘ ਡਾਹੀ ਬੈਠਾ ਹੈ ਸ੍ਰੀ ਹਰਿਮੰਦਰ ਸਾਹਿਬ ਵਿਚ। ੧੫।

***ਮੰਡਿਆਲੀ ਕੋ ਰੰਘੜੋ ਮੱਸਾ ਤਾਂ ਕੋ ਨਾਮ॥*** ਤਰਨ ਤਾਰਨ ਦੇ ਕੋਲ ਮੰਡਿਆਲੀ ਪਿੰਡ ਦਾ ਰੰਘੜ ਹੈ, ਮੱਸਾ ਉਸ ਦਾ ਨਾਮ ਹੈ।

***ਕਰੇ ਬਿਅਦਬੀ ਹਰਿ ਮੰਦਰ ਪਾਪੀ ਬਡੋ ਹਰਾਮ॥ ੧੬॥*** ਬੜਾ ਹਰਾਮੀ ਪਾਪੀ ਹੈ, ਉਸ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਬੜੀ ਭਾਰੀ ਬੇਅਦਬੀ ਕੀਤੀ ਹੈ, ਗੁਰਸਿੱਖਾਂ ਨੂੰ ਚਿੜ੍ਹਾਉਣ ਵਾਸਤੇ। ੧੬।

***ਚੌਪਈ॥ ਮਤਾਬ ਸਿੰਘ ਸੁਨ ਗੁੱਸਾ ਖਾਯਾ॥*** ਇਹ ਬਚਨ ਸੁਣ ਕੇ ਮਤਾਬ ਸਿੰਘ ਨੂੰ ਬੜਾ ਗੁੱਸਾ ਲੱਗਿਆ, ਹੱਦ ਹੋ ਗਈ ਹੈ, ਐਥੋਂ ਤੱਕ ਤੁਰਕ ਵਧ ਗਏ ਨੇ।

***ਜਨ ਕਰ ਬਿਛੂ ਡੰਗ ਲਗਾਯਾ॥*** ਜਿਵੇਂ ਬਿੱਛੂ ਡੰਗ ਮਾਰਦਾ ਹੈ, ਉਸੇ ਨੂੰ ਪਤਾ ਹੁੰਦਾ ਹੈ, ਜਿਸ ਨੂੰ ਉਹ ਡੰਗਦਾ ਹੈ, ਐਨਾ ਜ਼ਹਿਰੀਲਾ ਹੁੰਦਾ ਹੈ। ਉਸ ਨੂੰ ਨਾ ਪੈਣ ਦਿੰਦਾ, ਨਾ ਬੈਠਣ ਦਿੰਦਾ ਨਾ ਟਿਕਣ ਦਿੰਦਾ ਹੈ, ਅਚਬੀ ਲੱਗ ਜਾਂਦੀ ਹੈ ਸਰੀਰ ਨੂੰ, ਮਤਾਬ ਸਿੰਘ ਨੂੰ ਇਉਂ ਗੱਲ ਲੱਗੀ, ਜਿਵੇਂ ਬਿੱਛੂ ਲੜ ਗਿਆ ਹੋਵੇ, ਮਤਾਬ ਸਿੰਘ ਬੜਾ ਹੀ ਤੜਫਿਆ।

***ਕਹਯੋ ਸਿੰਘ, 'ਊਹਾਂ ਸਿੰਘ ਕੋ ਨਾਹੀਂ॥*** ਤਾਂ ਮਤਾਬ ਸਿੰਘ ਨੇ ਕਿਹਾ ਸਿੰਘ ਜੀ! ਉਥੇ ਕੋਈ ਸਿੰਘ ਨਹੀਂ ਸੀ ਗੁਰੂ ਦਾ, ਜਿਨ੍ਹਾਂ ਨੇ ਐਡਾ ਜ਼ੁਲਮ ਅੱਖੀਂ ਵੇਖਿਆ ਹੈ ਉਥੇ ਸਿੰਘ ਨਹੀਂ ਸਨ।

***ਸੀਸ ਨ ਤਾਂਕੋ ਤੋੜਯੋ ਤਾਂਹੀ॥ ੧੭॥*** ਕਿਉਂ ਨਾ ਉਥੇ ਹੀ ਸਿਰ ਭੰਨਿਆਂ ਐਸੇ ਤੁਰਕ ਦਾ, ਜਿਸ ਨੇ ਐਡਾ ਪਾਪ ਕੀਤਾ ਉਥੇ। ੧੭।

***ਕਯਾ ਸਿੰਘਨ ਤੇ ਸਤ ਗਯੋ ਦੂਰ॥*** ਕੀ ਹੋ ਗਿਆ ਸਿੰਘਾਂ ਨੂੰ, ਕੀ ਸਿੰਘਾਂ ਵਿੱਚੋਂ ਸਤ ਨਿਕਲ ਗਿਆ ਹੈ, ਸਿੱਖੀ ਨਹੀਂ ਰਹੀ ਸਿੰਘਾਂ ਦੇ ਵਿਚ।

***ਕਯਾ ਸਿੰਘਨ ਪੁਰਖਾਰਥ ਭਯੋ ਕੂਰ?*** ਕੀ ਸਿੰਘਾਂ ਦਾ (ਪੁਰਖਾਰਥ) ਬਲ, ਉਦਮ, ਕੂੜਾ ਹੋ ਗਿਆ ਹੈ, ਬਲ ਨਾਸ਼ ਹੋ ਗਿਆ ਹੈ, ਕਿਸੇ ਵਿਚ ਤਾਕਤ ਨਹੀਂ ਰਹੀ?

***ਤਬ ਉਸ ਸਿੰਘ ਬਚਨ ਪਲਟਾਯੋ॥*** ਤਦ ਉਸ ਸਿੰਘ ਨੇ ਮੋੜਾ ਦਿੱਤਾ ਹੈ ਮਤਾਬ ਸਿੰਘ ਨੂੰ, ਕਿਉਂਕਿ ਉਸ ਨੇ ਉਲਾਂਭਾਂ ਦਿੱਤਾ ਕਿ ਤੁਸੀਂ ਅੱਖੀਂ ਵੇਖ ਕੇ ਆ ਗਏ ਹੋ? ਜਿਉਂਦੇ ਕਿਉਂ ਆਏ ਹੋ? ਉਥੇ ਕਿਉਂ ਨਹੀਂ ਮਰੇ ਉਸ ਨੂੰ ਮਾਰ ਕੇ, ਸਾਰਿਆਂ ਨੂੰ ਮਰਨਾ ਚਾਹੀਦਾ ਸੀ ਤੁਹਾਨੂੰ, ਇਉਂ ਜਦੋਂ ਏਨੇ ਕਰੜੇ ਬਚਨ ਮਤਾਬ ਸਿੰਘ ਨੇ ਕਹੇ, ਤਾਂ ਉਸ ਨੇ ਮੋੜਾ ਦਿੱਤਾ ਹੈ, ਜਵਾਬ ਦਿੱਤਾ ਹੈ ਇਸ ਗੱਲ ਦਾ।

***ਕਯਾ ਤੈਂ ਨਠ ਨਹਿੰ ਪੌਰਖ ਗਵਾਯੋ॥ ੧੮॥*** ਸਿੰਘ ਕਹਿਣ ਲੱਗੇ, ਸਾਨੂੰ ਉਲਾਂਭਾ ਫੇਰ ਦੇਣਾ ਮਤਾਬ ਸਿੰਘ ਜੀ! ਤੂੰ ਦੱਸ ਉਥੋਂ ਨਹੀਂ ਭੱਜ ਕੇ ਆਇਆ? ਤੂੰ ਬਲ ਗਵਾਇਆ ਆਪਣਾ, ਤੇਰਾ ਬਲ ਕਿਧਰ ਗਿਆ ਸੀ? ਦੂਜਿਆਂ ਨੂੰ ਕਿਉਂ ਉਲਾਂਭੇ ਦਿੰਦਾ ਹੈਂ?। ੧੮।

***ਤੁਮ ਮਰਨੇ ਤੇ ਨਠ ਨਹਿੰ ਆਏ?*** ਤੂੰ ਨਹੀਂ ਮਰਨ ਤੋਂ ਭੱਜਿਆ ਉਥੋਂ? ਤੈਨੂੰ ਮੌਤ ਨੇ ਨਹੀਂ ਡਰਾਇਆ!

***ਉਨ ਕੋ ਦੇਤ ਉਲਾਂਭਾ ਕਾਹੇ?*** ਉਥੋਂ ਦੇ ਸਿੰਘਾਂ ਨੂੰ ਰਹਿਣ ਵਾਲਿਆਂ ਨੂੰ ਕਾਹਦਾ ਉਲਾਂਭਾ, ਜਿਹੜੇ ਦੁਖ, ਭੁਖ ਨਾਲ ਉਥੇ ਰਹਿ ਰਹੇ ਨੇ, ਲੜ ਰਹੇ ਨੇ, ਪਤਾ ਨਹੀਂ ਕਿਹੜੇ ਵੇਲੇ ਫ਼ੌਜ ਨੇ ਆ ਜਾਣਾ, ਯੁੱਧ ਹੋ ਜਾਣਾ ਤੇ ਮੌਤ ਨੇ ਆ ਜਾਣਾ ਤੇ ਤੂੰ ਉਥੇ ਭੱਜ ਕੇ ਏਥੇ ਆ ਬੈਠਾ ਹੈਂ।

***ਤੁਮ ਭਜਿ ਤੁਰਕਨ ਪ੍ਰਾਨ ਬਚਾਏ॥*** ਤੂੰ ਤੁਰਕਾਂ ਤੋਂ ਭਾਂਜ ਖਾ ਕੇ ਆਇਆ ਹੈਂ ਆਪਣੇ ਪ੍ਰਾਣ ਬਚਾਉਣ ਦੀ ਖ਼ਾਤਰ।

***ਤੁਮਰੇ ਜੈਸੇ ਸਭ ਉਇ ਭਏ॥ ੧੯॥*** ਬਸ ਇਉਂ ਸਮਝ ਲੈ ਕਿ ਤੇਰੇ ਵਰਗੇ ਹੀ ਉਹ ਸਾਰੇ ਸਿੰਘ ਹੋ ਗਏ ਹਨ। ੧੯।

***ਮਰਨੌਂ ਡਰਿ ਕੈ ਸਭ ਨਠ ਗਏ॥*** ਤੇਰੇ ਵਾਂਗ ਹੀ ਮਰਨੋਂ ਡਰ ਕੇ ਸਭ ਨੱਠ ਗਏ ਹਨ ਛੱਡ ਕੇ ਦੇਸ਼ ਨੂੰ।

***ਊਹਾਂ ਸਿੰਘ ਕੋ ਦ੍ਰਿਸ਼ਟਿ ਨ ਪਏ॥*** ਉਥੇ ਕੋਈ ਸਿੰਘ ਦੇਖਣ ਵਿਚ ਨਹੀਂ ਆਉਂਦਾ ਸਿੰਘ, ਕਿਤੇ ਨਜ਼ਰ ਨਹੀਂ ਆਉਂਦਾ ਕੋਈ।

***ਊਹਾਂ ਸਿੰਘ ਕੋ ਸੁਨੀਯਤ ਨਾਂਹੀ॥*** ਸਾਰੇ ਦੇਸ਼ ਵਿਚ ਕਿਤੇ ਨਾਂ ਹੀ ਨਹੀਂ ਸੁਣੀਦਾ, ਸਿੰਘ ਹੈਗਾ ਕਿ ਨਹੀਂ, ਲੋਕ ਤਾਂ ਕਹਿੰਦੇ ਨੇ ਹੋਣਗੇ ਕਿਤੇ? ਨਵੀਂ ਪਨੀਰੀ ਨੂੰ ਤਾਂ ਪਤਾ ਹੀ ਨਹੀਂ ਹੈ ਸਿੰਘ ਹੁੰਦੇ ਸਨ ਕਿਹੋ ਜਿਹੇ? ਤੇ ਇਉਂ ਕਹਿ ਕੇ ਕਿ ਅਸੀਂ ਤਾਂ ਸੁਣੇ ਵੀ ਨਹੀਂ ਕੰਨ ਵਿਚ ਕਿ ਸਿੰਘ ਹੁੰਦਾ ਹੋਵੇ ਕੋਈ।

***ਕਰਤ ਮਸਖਰੀ ਸਿੰਘਨ ਤਾਈਂ॥ ੨੦॥*** ਲੋਕ ਤਾਂ ਸਿੰਘਾਂ ਨੂੰ ਮਸਕਰੀਆਂ ਕਰਦੇ ਹਨ, ਇਸ ਤਰ੍ਹਾਂ ਕਹਿੰਦੇ ਹਨ ਬਚਨ। ੨੦।

***ਨਵਾਬ ਪੰਥ ਸਭ ਦੀਓ ਗਵਾਈ॥*** ਲੋਕੀਂ ਕਹਿੰਦੇ, ਨਵਾਬ ਬੜਾ ਖਰਾਬ ਹੈ, ਖਾਨ ਬਹਾਦਰ ਬੜਾ ਯੋਧਾ ਸਾਰਾ ਪੰਥ ਖ਼ਤਮ ਕਰ ਦਿੱਤਾ ਇਸ ਨੇ ਤਾਂ, ਉਹ ਐਡਾ ਪੰਥ ਜਿਸ ਦਾ ਨਾਮ ਸੀ, ਥਰ-ਥਰ ਕੰਬਦੇ ਸੀ ਕਾਬਲ-ਕੰਧਾਰ ਤਾਈਂ ਤੁਰਕ, ਇਸ ਨੇ ਖ਼ਤਮ ਹੀ ਕਰ ਦਿੱਤੇ ਨੇ ਸਿੰਘ, ਕਿਸੇ ਦਾ ਨਾਮ ਹੀ ਨਹੀਂ ਰਹਿਣ ਦਿੱਤਾ।

***ਸਿੰਘ ਸੁਨੀਅਤ ਕਹੂੰ ਜਗ ਮੈਂ ਨਾਹੀਂ॥*** ਸਾਰੇ ਜਗਤ ਵਿਚ ਹੁਣ ਤਾਂ ਨਾਮ ਨਹੀਂ ਸੁਣੀਦਾ ਕਿਸੇ ਸਿੰਘ ਦਾ ਕਿ ਕੋਈ ਹੈਗਾ ਸਿੰਘ।

***ਜੇ ਸਿੰਘ ਨਿਤ ਉਠ ਜੰਗ ਮਚਾਹੀਂ॥*** ਕਹਿੰਦੇ ਜਿਹੜੇ ਸਿੰਘ ਸਨ, ਉਹ ਤਾਂ ਨਿਤ ਉਠ ਕੇ ਜੰਗ, ਯੁੱਧ ਕਰਦੇ ਸਨ *"ਖਾਲਸਾ ਸੋ ਜੋ ਕਰੇ ਨਿਤ ਜੰਗ"* ਕਹਿੰਦੇ ਉਨ੍ਹਾਂ ਦਾ ਤਾਂ ਹੁਣ ਨਾਂ-ਥੇਹ ਨਹੀਂ ਹੈ, ਕਿਤੇ ਹੋਂਦ ਹੀ ਨਹੀਂ ਰਹਿ ਗਈ।

***ਨਾਮ ਖਾਲਸਾ ਸਿੰਘ ਜਪਾਹੀਂ॥ ੨੧॥*** ਐਸਾ ਉਸ ਵੇਲੇ ਦੇ ਸਿੰਘਾਂ ਦਾ ਪ੍ਰਤਾਪ ਸੀ, ਸਭ ਖਾਲਸੇ ਦਾ ਹੀ ਨਾਮ ਜਪਦੇ ਸਨ, 'ਖਾਲਸਾ ਖਾਲਸਾ' ਪਈ ਹੁੰਦੀ ਸੀ, ਸਭ ਪਾਸੇ। ਉਸ ਵੇਲੇ ਦਾ 'ਖਾਲਸਾ ਸਿੰਘ' ਨਾਮ ਜਪਦੇ ਸਨ 'ਵਾਹਿਗੁਰੂ' ਦਾ ਸ੍ਵਾਸ ਸ੍ਵਾਸ। ੨੧।

***ਜੋ ਸਿੰਘ ਨਿਤ ਉਠ ਸ਼ਬਦ ਉਚਾਰੈਂ॥*** ਸਿੰਘ ਅੰਮ੍ਰਿਤ ਵੇਲੇ ਉਠ ਕੇ ਗੁਰਬਾਣੀ ਦਾ ਜਾਪ ਕਰਦੇ, ਕੀਰਤਨ ਕਰਦੇ ਸਿੰਘ।

***ਲੂਟ ਕੂਟ ਨਿਤ ਤੁਰਕਨ ਮਾਰੈਂ॥*** ਤੁਰਕਾਂ ਨੂੰ ਲੁਟ ਲੈਂਦੇ ਸਿੰਘ ਲੜਨ ਮਰਨ ਤੋਂ ਡਰਦੇ ਨਹੀਂ, ਸਾਹਮਣਾ ਕਰਦੇ ਹਨ, ਤੁਰਕਾਂ ਨੂੰ ਮਾਰਦੇ ਹਨ ਨਿਤ।

***ਜਪ ਤਪ ਸੰਜਮ ਨੇਮ ਕਰਾਵੈ॥*** ਅਤੇ ਜਪੁ-ਤਪੁ ਕਰਦੇ ਸਨ ਬੜੇ ਸੰਤੋਖੀ ਜਤੀ ਸਤੀ ਰਹਿੰਦੇ ਸਨ ਅਤੇ ਨਿਤਨੇਮੀ ਹੁੰਦੇ ਸਨ ਬਾਣੀ ਦੇ ਜਪਣ ਵਾਲੇ।

***ਅਕਾਲ ਅਕਾਲ ਕਹਿ ਸੀਸ ਚੜ੍ਹਾਵੈਂ॥*** ਅਤੇ ਜਦੋਂ ਕਿਤੇ ਸ਼ਹੀਦੀਆਂ ਦਾ ਟਾਈਮ ਆਉਂਦਾ ਸੀ, ਸਤਿ ਸ੍ਰੀ ਅਕਾਲ, 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਬੋਲ ਕੇ ਚਰਖੜੀਆਂ 'ਤੇ ਚੜ੍ਹ ਜਾਂਦੇ ਸਨ, ਇਉਂ ਸ਼ਹੀਦੀਆਂ ਪਾਉਂਦੇ ਸਨ।

***ਅਬ ਹੈਂ ਤੁਮ ਹੀ ਸੇ ਊਹਾਂ ਸਿੰਘ॥*** ਐਸਾ ਮੋੜਾ ਦਿੱਤਾ ਹੈ ਸਿੰਘ ਨੇ ਕਹਿਣ ਲੱਗਾ, ਮਤਾਬ ਸਿੰਘਾ! ਹੁਣ ਤੇਰੇ ਵਰਗੇ ਹੀ ਹਨ ਸਿੰਘ ਉਥੇ ਵੀ, ਹੁਣ ਕੀ ਉਹਨਾਂ ਨੂੰ ਉਲਾਂਭੇ ਦੇਈਏ?

***ਗਏ ਨੱਠ ਕਰ ਲੰਬੀ ਡਿੰਗ॥ ੨੨॥*** ਉਹ ਵੱਡੀਆਂ ਲੰਬੀਆਂ ਚੁੰਘੀਆਂ ਭਰ ਕੇ ਛਾਲਾਂ ਮਾਰ ਕੇ ਸਭ ਨੱਠ ਗਏ ਹਰਨਾਂ

ਵਾਂਗੂੰ। ੨੨।

***ਦੋਹਰਾ॥ ਯਹ ਸੁਨ ਸਿੰਘ ਜੀ ਚਿਪ ਲਗੀ, ਜਨ ਕਰ ਬਿੱਛੂ ਡਾਂਕ॥*** ਸਿੰਘ ਤੋਂ ਇਹ ਉੱਤਰ ਸੁਣ ਕੇ ਮਤਾਬ ਸਿੰਘ ਨੂੰ ਬੜੀ ਚਿਪ ਲੱਗੀ, ਜਾਣੋਂ ਬਿੱਛੂ ਨੇ ਡੰਗ ਮਾਰ ਦਿੱਤਾ ਹੈ, ਇਉਂ ਤੜਫ ਉਠਿਆ ਹੈ ਮਤਾਬ ਸਿੰਘ।

***ਤਨ ਮਨ ਅਚਬੀ ਬਹੁ ਲਗੀ ਚਿਤ ਧਰਾਯੋ ਮਰਨ ਨਿਸਾਂਕ॥ ੨੩॥*** ਤਨ-ਮਨ ਨੂੰ ਚਿਤਾਵਨੀ ਐਸੀ ਅਚਬੀ ਲੱਗੀ ਆ ਕੇ, ਮਨ ਵਿਚ ਦ੍ਰਿੜ੍ਹ ਕਰ ਲਿਆ ਹੈ ਕਿ ਹੁਣ ਮਰਨਾ ਹੀ ਪ੍ਰਵਾਣ ਹੈ, ਹੁਣ ਮਰ ਕੇ ਹੀ ਰਹਾਂਗੇ, ਹੁਣ ਨਹੀਂ ਅਸੀਂ ਜਿਉਂਦੇ, ਇਉਂ ਐਸਾ ਮਨ ਦੇ ਵਿਚ ਗੁੱਸਾ ਧਾਰਿਆ। ੨੩।

***ਸੋਰਠਾ॥ ਮਾੜੀ ਕੰਬੋ ਵਾਲ ਸੁਖਾ ਸਿੰਘ ਤ੍ਰਿਖਾਣ ਥੋ॥*** ਭਾਈ ਰਤਨ ਸਿੰਘ ਜੀ ਨੇ ਵਿਸਥਾਰ ਨਹੀਂ ਕੀਤਾ ਹੈ। ਇਹ ਸਿੰਘ ਜੈਪੁਰ ਤੋਂ ਸਿੰਘਾਂ ਤੋਂ ਸੁਣ ਕੇ ਹਰਿਮੰਦਰ ਸਾਹਿਬ ਦੀ ਬੇਅਦਬੀ, ਜੈਪੁਰ ਤੋਂ ਬੁੱਢੇ ਜੌਹੜ ਆਏ ਹਨ,ਸਾਰਾ ਪੰਥ ਏਥੇ ਸੀ। ਏਥੇ ਆ ਕੇ ਫਿਰ ਦੀਵਾਨ ਲੱਗਿਆ ਹੈ, ਏਥੇ ਹੀ ਫਿਰ ਗੁਰਮਤਾ ਸੋਧਿਆ ਗਿਆ ਹੈ। ਮਤਾਬ ਸਿੰਘ ਨੇ ਦੱਸਿਆ, ਆਹ ਸਿੰਘ ਦੱਸ ਰਹੇ ਹਨ, ਇਹ ਓਥੋਂ ਆਏ ਨੇ ਐਡੀ ਬੇਅਦਬੀ ਹੋ ਰਹੀ ਖਾਲਸਾ ਜੀ! ਬੜੀ ਭਾਰੀ। ਤਾਂ ਜਥੇਦਾਰ ਨੇ ਐਲਾਨ ਕਰ ਦਿੱਤਾ, ਉਠੋ ਖਾਲਸਾ ਜੀ! ਕੋਈ ਸਿੰਘ। ਉਠੋ ਕੋਈ ਸੂਰਮਾਂ! ਮੱਸੇ ਰੰਘੜ ਦਾ ਸਿਰ ਵੱਢ ਕੇ ਲਿਆਵੇ। ਕਹਿੰਦੇ ਭਾਈ ਮਤਾਬ ਸਿੰਘ ਦਾ ਮਿਤ੍ਰ ਭਾਈ ਸੁੱਖਾ ਸਿੰਘ ਮਾੜੀ ਕੰਬੋ ਕੀ ਪਿੰਡ ਦਾ ਸੀ। ਇਹ ਤ੍ਰਖਾਣ ਸੀ।

***ਮਤਾਬ ਸਿੰਘ ਕੇ ਨਾਲ ਆਯੋ ਦੂਜੋ ਸਿਦਕ ਕਰ॥ ੨੪॥*** ਜਦੋਂ ਏਥੇ ਇਹ ਫੈਸਲਾ ਹੋਇਆ ਦੀਵਾਨ ਦੇ ਵਿਚ, ਮਤਾਬ ਸਿੰਘ ਉਠਿਆ ਹੈ ਫਤ੍ਹੇ ਗਜਾਈ ਹੈ ਕਿ ਮੈਨੂੰ ਹੁਕਮ ਦਿਓ, ਖਾਲਸਾ ਜੀ! ਇਹ ਦੂਸਰਾ ਸਾਥੀ ਉਠਿਆ ਹੈ, ਸਿਦਕ ਕਰਕੇ ਕਹਿੰਦਾ, ਮੈਂ ਤੇਰੇ ਨਾਲ ਚਲਾਂਗਾ ਮਤਾਬ ਸਿਘ ਜੀ। ੨੪।

***ਚੌਪਈ॥ ਉਠ ਕਰ ਸਿੰਘ ਜੀ ਫਤੇ ਬੁਲਾਈ॥*** ਸਿੰਘਾਂ ਨੇ ਦੀਵਾਨ ਵਿਚੋਂ ਉੱਠ ਕੇ, ਫਤ੍ਹੇ ਗਜ਼ਾਈ ਖਾਲਸੇ ਨੂੰ।

***ਚਰਨ ਛੋਹੇ ਸਿੰਘ ਆਗਯਾ ਪਾਈ॥*** ਸਭ ਜਥੇਦਾਰਾਂ ਤੋਂ ਲੈ ਕੇ ਸਿੰਘਾਂ ਦੇ ਚਰਨ ਛੋਹੇ, ਚਰਨਾਂ ਤੇ ਨਮਸ਼ਕਾਰ ਕੀਤੀ, ਆਗਿਆ ਲਈ ਹੈ, ਹੁਕਮ ਕਰੋ ਖਾਲਸਾ ਜੀ! ਹੁਣ ਕਿਵੇਂ ਮੱਸੇ ਦਾ ਸਿਰ ਲਿਆਉਣਾ ਹੈ?

***'ਹਮ ਮਾਰੈਂ ਜਾਇ ਤੁਰਕਨ ਤਾਈਂ॥*** ਮਤਾਬ ਸਿੰਘ ਨੇ ਕਿਹਾ 'ਅਸੀਂ ਮਾਰਾਂਗੇ ਤੁਰਕਾਂ ਨੂੰ, ਜਾ ਕੇ ਨਾਸ਼ ਕਰਾਂਗੇ।

***ਚਰਨ ਛੁਹੋਂ ਮੈਂ ਖਾਲਸੇ ਆਈ' ॥ ੨੫॥*** ਮੈਂ ਖਾਲਸੇ ਪੰਥ ਦੇ ਚਰਨ ਛੋਹ ਕੇ ਚੱਲਿਆ ਹਾਂ। ਹੁਣ ਮੱਸੇ ਰੰਘੜ ਨੂੰ ਮਾਰ ਕੇ ਆ ਕੇ ਫਿਰ ਮੈਂ ਖਾਲਸੇ ਦੇ ਚਰਨੀ ਹੱਥ ਲਾਊਂਗਾ, ਉਤਨਾ ਚਿਰ ਨਹੀਂ ਮੈਂ ਹਾਜ਼ਰ ਹੁੰਦਾਂ। ੨੫।

***ਜੇਕਰ ਸੀਸ ਲਗੇ ਗੁਰ ਅਰਥ॥*** ਜੇ ਗੁਰੂ ਅਰਥ ਮੇਰਾ ਸੀਸ ਉਥੇ ਲੱਗ ਗਿਆ ਤਾਂ।

***ਧੰਨ ਜਨਮ ਧੰਨ ਮਰਣ ਸਮਰਥ॥*** ਮੇਰਾ ਮਰਨਾ ਸਫਲ ਹੋ ਜਾਇਗਾ, ਮੇਰਾ ਜਨਮ ਵੀ ਸਫਲ ਹੋ ਜਾਇਗਾ, ਜੇ ਮੈਂ ਉਥੇ ਸ਼ਹੀਦੀ ਪਾਵਾਂਗਾ।

***ਤੁਰਕਨ ਲਰਨੈ ਮਰਨੋਂ ਡਰੇ॥*** ਜਿਹੜਾ ਸਿੰਘ ਹੋ ਕੇ ਤੁਰਕਾਂ ਤੋਂ ਲੜਨ-ਮਰਨ ਤੋਂ ਡਰਦਾ ਹੋਵੇ।

***ਧ੍ਰਿਕ ਤਿਸ ਜਨਨੀ ਧ੍ਰਿਕ ਪਿਤ ਕਰੇ॥ ੨੬॥*** ਉਸ ਦੀ ਮਾਂ ਦੇ ਵੀ (ਧ੍ਰਿਕ) ਧ੍ਰਿਗ, ਲੱਖ ਲਾਹਨਤ ਹੈ ਅਤੇ ਉਸ ਦੇ ਪਿਤਾ ਦੇ ਵੀ ਲੱਖ ਲਾਹਨਤ ਹੈ, ਐਸੇ ਬੱਚੇ ਨੂੰ ਜਨਮ ਕਾਹਨੂੰ ਦੇਣਾ ਸੀ! ਜੋ ਸਿੰਘ ਹੋ ਕੇ ਤੁਰਕਾਂ ਤੋਂ ਡਰਦਾ ਹੋਵੇ। ੨੬।

***ਦੋਹਰਾ॥ ਮਰਨੇ ਤੇ ਕਯਾ ਡਰਪਨਾ ਲੇ ਪਾਹੁਲ ਖੰਡੇ ਧਾਰ॥*** ਜਦੋਂ ਖੰਡੇ ਦਾ ਅੰਮ੍ਰਿਤਪਾਨ ਕਰ ਲਿਆ ਹੈ, ਫਿਰ ਮਰਨ ਤੋਂ ਕਿਉਂ ਡਰਨਾ ਹੈ!

***ਜਬ ਹਾਥ ਸਿੰਧੌਰਾ ਲੈ ਤੁਰੇ ਮਰਨੋਂ ਡਰੇ ਨ ਨਾਰ॥ ੨੭॥*** ਇਸਤ੍ਰੀ ਦਾ ਆਪਣੇ ਪਤੀ ਨਾਲ ਬਚਨ ਹੋਇਆ ਹੁੰਦਾ ਹੈ ਕਿ ਤੇਰੇ ਨਾਲ ਸਤੀ ਹੋਣਾ ਹੈ (ਸਿੰਧੌਰਾ) ਲਾਲ ਕੱਪੜੇ ਵਿਚ ਸੰਧੂਰਿਆ ਹੋਇਆ ਨਾਰੀਅਲ ਇਸਤ੍ਰੀ ਆਪਣੇ ਹੱਥ

ਦੇ ਵਿਚ ਲੈ ਲੈਂਦੀ ਹੈ, ਇਹ ਨਿਸ਼ਾਨੀ ਹੈ ਸਤੀ ਇਸਤ੍ਰੀ ਦੀ। ਜਦੋਂ ਇਸਤ੍ਰੀ ਆਪਣੇ ਹੱਥ ਸਿੰਧੌਰਾ ਲੈ ਲੈਂਦੀ ਹੈ ਆਪਣੇ ਪਤੀ ਦੇ ਅੰਗੀਠੇ ਵਿਚ ਸੜਨ ਵਾਸਤੇ, ਤਾਂ ਉਹ ਮਰਨ ਤੋਂ ਨਹੀਂ ਡਰਦੀ, ਉਹ ਚਿਖਾ 'ਤੇ ਚੜ੍ਹ ਕੇ ਸੜ੍ਹ ਮਰਦੀ ਹੈ। ਤੇ ਅਸੀਂ ਖੰਡੇ ਦੀ ਪਾਹੁਲ ਲਈ ਹੋਵੇ, ਅਸੀਂ ਮਰਨ ਤੋਂ ਡਰੀਏ? ਇਉਂ ਸਾਡਾ ਧਰਮ ਨਹੀਂ ਬਣਦਾ। ੨੭।

***ਚੌਪਈ॥ ਕ੍ਰਮ ਕ੍ਰਮ ਕਰ ਸਿੰਘ ਵਤਨੀ ਆਏ॥*** ਜਦੋਂ ਸਿੰਘਾਂ ਨੇ ਅਰਦਾਸ ਕਰ ਦਿੱਤੀ, ਕਿਉਂਕਿ ਭਾਈ ਰਤਨ ਸਿੰਘ ਨੇ ਕਿਹਾ ਹੈ ਕਿ ਮੈਂ ਬਹੁਤਾ ਵਿਸਥਾਰ ਨਹੀਂ ਕਰਨਾ ਹੈ, ਇਤਹਾਸ ਵਧ ਜਾਇਗਾ, ਗ੍ਰੰਥ ਵੱਡਾ ਹੋ ਜਾਇਗਾ, ਸੰਕੋਚ ਰੱਖਿਆ ਹੈ। ਪੈਂਡਾ ਤਹਿ ਕਰਦੇ ਹੋਏ, ਹੌਲੀ-ਹੌਲੀ ਆਪਣੇ ਵਤਨ ਮਾਝੇ ਦੇਸ਼ ਵਿਚ ਆ ਪਹੁੰਚੇ।

***ਅੰਮ੍ਰਿਤਸਰ ਢਿਗ ਫਿਰਨ ਨ ਪਾਏ॥*** ਜਦੋਂ ਸ੍ਰੀ ਅੰਮ੍ਰਿਤਸਰ ਦੀ ਜੂਹ ਵਿਚ ਸਿੰਘ ਘੋੜੇ ਲੈ ਕੇ ਆਏ ਹਨ। ਅੰਮ੍ਰਿਤਸਰ ਦੇ ਨੇੜੇ ਤਾਂ ਕੋਈ ਢੁਕ ਨਹੀਂ ਪਾਉਂਦਾ ਸੀ, ਐਨੀ ਫ਼ੌਜ ਬੈਠੀ ਸੀ ਨਿਗਰਾਨੀ ਰੱਖਦੇ ਸੀ।

***ਕਰੀ ਸੋਚ ਕਛੁ ਜਤਨ ਕਮਈਏ॥*** ਦੋਹਾਂ ਸਿੰਘਾਂ ਨੇ ਬੈਠ ਕੇ ਵੀਚਾਰ ਕੀਤੀ ਕਿ ਕੋਈ ਜਤਨ ਕਰੀਏ, ਹੁਣ ਅੱਗੇ ਕਿਵੇਂ ਜਾਣਾ ਹੈ ਹਰਿਮੰਦਰ ਵਿਚ, ਕਿਵੇਂ ਦੁਸ਼ਟ ਦਾ ਸਿਰ ਵੱਢਣਾ ਹੈ?

***ਟਕੈ ਭਰਨ ਕੋ ਰੂਪ ਬਨਈਏ' ॥ ੨੮ ॥*** ਗੁਰਮਤਾ ਸੋਧ ਲਿਆ ਹੈ ਆਪਾਂ ਟਕੇ ਭਰਨ ਦਾ, ਭਾਵ ਲੰਬੜਦਾਰ ਬਣ ਜਾਈਏ ਪਿੰਡਾਂ ਦੇ ਕਿ ਅਸੀਂ ਤਾਂ ਮਾਮਲਾ ਭਰਨ ਆਏ ਹਾਂ ਸਰਕਾਰ ਦਾ। ੨੮।

***ਦੋਹਰਾ॥ ਸਿੰਘ ਕਹੈਂ, 'ਹਮ ਜਿਮ ਪੁਜੈਂ ਕੁਈ ਸਤਿਗੁਰ! ਬਾਤ ਬਨਾਊ॥*** ਤਾਂ ਸਿੰਘਾਂ ਨੇ ਅਰਦਾਸ ਕੀਤੀ ਸਤਿਗੁਰੂ ਜੀ ਅੱਗੇ, ਹੇ ਸਤਿਗੁਰੂ ਸੱਚੇ ਪਾਤਸ਼ਾਹ! ਅਸੀਂ ਜਿਵੇਂ ਓਥੇ ਪੁੱਜ ਜਾਈਏ, ਕੋਈ ਐਸੀ ਵਿਉਂਤ ਬਨਾਓ, ਕੋਈ ਐਸਾ ਢੰਗ ਬਣਾ ਦਿਉ ਮਹਾਰਾਜ! ਸਾਨੂੰ ਓਥੇ ਪਹੁੰਚਦਾ ਕਰ ਦਿਓ।

***ਜਾਇ ਮੱਸੇ ਕੋ ਸਿਰ ਕਟੈਂ, ਨਹਿ ਰਸਤੇ ਹੁਇ ਅਟਕਾਉ' ॥ ੨੯॥*** ਐਸੀ ਕਿਰਪਾ ਕਰੋ, ਜਾਂਦਿਆਂ ਹੀ ਮੱਸੇ ਦਾ ਸਿਰ ਵੱਢ ਲਈਏ, ਰਾਹ ਵਿੱਚ ਸਾਨੂੰ ਕੋਈ ਅਟਕਾ ਨਾ ਸਕੇ, ਕੋਈ ਰੋਕੇ-ਟੋਕੇ ਨਾ ਸਾਨੂੰ। ੨੯।

***ਚੌਪਈ॥ ਸੋਊ ਸਤਿਗੁਰ ਬਿਧੀ ਬਨਾਈ॥*** ਸਤਿਗੁਰੂ ਜੀ ਨੇ ਕਿਰਪਾ ਕਰ ਦਿੱਤੀ, ਉਹੋ ਜਿਹਾ ਢੰਗ ਬਣਾ ਦਿੱਤਾ ਹੈ।

***ਸਿਖਰ ਦੁਪਹਿਰੀ ਮੈਂ ਬਨਿ ਆਈ॥*** ਸਿਖਰ ਦੁਪਹਿਰਾ ਹੋ ਗਿਆ ਹੈ, ਸਿਖਰ ਦੁਪਹਿਰੇ ਆ ਜੁਗਤ ਬਣੀ ਹੈ ਕਿ ਹੁਣ ਸਮਾਂ ਮਿਲ ਗਿਆ ਹੈ, ਹੁਣ ਆਪਾਂ ਇਉਂ ਕਰੀਏ।

***ਵਗੀ ਪਵਨ ਬਹੁ ਘਟਾ ਉਡਾਨਾ॥*** ਸਿੰਘਾਂ ਨੇ ਠੀਕਰੀਆਂ ਦੀਆਂ ਥੈਲੀਆਂ ਬਣਾ ਕੇ ਭਰ ਲਈਆਂ ਹਨ, ਰੁਪਈਆਂ ਵਰਗੀਆਂ ਬਣਾ ਕੇ ਉਹ ਮੋਢੇ 'ਤੇ ਰੱਖ ਲਈਆਂ ਹਨ। ਸਤਿਗੁਰੂ ਨੇ ਕਿਰਪਾ ਕਰ ਦਿੱਤੀ ਹੈ, ਜਦੋਂ ਸਿਖਰ ਦੁਪਹਿਰਾ ਹੋ ਗਿਆ ਹੈ, ਉਧਰ ਸਿੰਘ ਤਿਆਰ ਹੋ ਪਏ, ਅਰਦਾਸ ਕੀਤੀ, ਸੱਚੇ ਪਾਤਸ਼ਾਹ! ਕਾਰਜ਼ ਰਾਸ ਕਰੋ, ਮਿਹਰ ਕਰੋ, ਐਸੀ ਬਿਧੀ ਬਣੀ ਸਿਖਰ ਦੁਪਹਿਰੇ ਬੜੀ ਤੇਜ਼ ਹਨੇਰੀ ਵਗੀ ਅਤੇ ਬੜਾ ਘੱਟਾ-ਮਿੱਟੀ ਉਡਿਆ।

***ਇਮ ਕਰ ਲੀਨੋ ਮੁੱਖ ਛਿਪਾਨਾ॥ ੩੦॥*** ਘੱਟਾ-ਮਿੱਟੀ ਉਡੇ ਤੋਂ ਪੰਜਾਬੀਆਂ ਦਾ ਸੁਭਾਉ ਹੈ ਚਾਦਰ ਮੋਢੇ ਤੋਂ ਲਾਹ ਮੂੰਹ, ਸਿਰ ਲਪੇਟ ਲੈਣਾ, ਇਉਂ ਸਿੰਘਾਂ ਨੂੰ ਬਹਾਨਾ ਬਣ ਗਿਆ ਹੈ, ਝਟ ਹੀ ਮੂੰਹ, ਸਿਰ ਲਪੇਟ ਲਿਆ ਹੈ, ਝਟ ਹੀ ਮੂੰਹ ਬੰਨ੍ਹ ਲਏ ਹਨ ਆਪਣੇ। ੩੦।

***ਦੋਹਰਾ॥ ਸਿਖਰ ਦੁਪਹਿਰੀ ਭਾਦਵੇ ਸੂਰਜ ਅਤਿ ਤਪਤਾਇ॥*** ਭਾਦਰੋਂ ਦੇ ਮਹੀਨੇ ਦਿਨ ਦਾ ਸਿਖਰ ਦੁਪਹਿਰਾ ਸੀ ਅਤੇ ਸੂਰਜ ਵੀ ਬੜਾ ਤਪਿਆ ਹੋਇਆ ਸੀ ਓਸ ਵੇਲੇ।

***ਕਦ ਬਰਸੈ ਕਦ ਉੱਜੜੈ ਬਿਧ ਐਸੀ ਲਈ ਤਕਾਇ॥ ੩੧॥*** ਐਸਾ ਢੰਗ ਬਣਾਇਆ ਹੈ ਪ੍ਰਮੇਸ਼ਰ ਨੇ, ਕਦੀ ਤਾਂ ਵਰਖਾ ਹੋਣ ਲੱਗ ਜਾਂਦੀ ਹੈ, ਮੀਂਹ ਆ ਜਾਂਦਾ ਹੈ, ਕਦੀ ਹਵਾ ਤੇਜ਼ ਵਗਣ ਲੱਗ ਪੈਂਦੀ ਹੈ, ਬੱਦਲ ਅਗਾਂਹ-ਪਿਛਾਂਹ ਹੋ ਜਾਂਦੇ ਨੇ, ਇਸ ਪ੍ਰਕਾਰ ਤਕਾ ਕੇ ਸਿੰਘਾਂ ਨੇ। ੩੧।

***ਚੌਪਈ॥ ਧੁਪ ਲਗੀ ਫੌਜ ਛਾਵੈਂ ਗਈ॥*** ਜਦੋਂ ਕੜਾਕੇ ਦੀ ਧੁੱਪ (ਨਿਕਲੀ) ਜਿਹੜੇ ਫ਼ੌਜੀ ਸਰੋਵਰ ਦੇ ਚਾਰ-ਚੁਫੇਰੇ ਫਿਰਦੇ ਸੀ, ਉਹ ਛੱਡ ਕੇ ਰੁੱਖਾਂ ਹੇਠਾਂ ਹੋ ਗਏ, ਜਿਥੇ ਸੰਘਣੇ ਰੁੱਖ ਸੀ, ਉਥੇ ਚਲੇ ਗਏ।

***ਕਿਛ ਬਰਖਾ ਕਰ ਡੇਰਨ ਵਈ॥*** ਕੁਛ ਬਾਰਸ਼ ਹੋਣ ਕਰਕੇ ਕਿ ਵਰਦੀਆਂ ਭਿੱਜਣਗੀਆਂ, ਜਿਥੇ ਪਿੱਛੇ ਹਟਵੇਂ ਡੇਰੇ ਲਾਏ ਸਨ, ਉਥੇ ਤੰਬੂਆਂ ਵਿਚ ਜਾ ਵੜੇ।

***ਮੱਸੇ ਸਾਰੰਗ ਰਾਗ ਗਵਾਯਾ॥*** ਹਰਿਮੰਦਰ ਸਾਹਿਬ ਵਿਚ ਮੱਸਾ ਰੰਘੜ ਪਲੰਘ ਡਾਹ ਕੇ ਬੈਠਾ ਹੈ। ਇਸ ਨੇ ਕੰਜ਼ਰੀਆਂ ਨੂੰ ਕਹਿ ਕੇ ਸਾਰੰਗ ਰਾਗ ਦਾ ਗਾਇਨ ਕਰਵਾਇਆ ਹੈ, ਕਿ ਸਾਰੰਗ ਰਾਗ ਦਾ ਅਲਾਪ ਕਰੋ।

***ਬਿਚੈ ਮਲਾਰਹਿ ਰਾਗ ਅਲਾਜਾ॥ ੩੨॥*** ਸਾਰੰਗ ਤੇ ਮਲਾਰ ਰਾਗ ਮਿਲਾ ਕੇ ਅਲਾਪ ਕੀਤਾ ਹੈ। ੩੨।

***ਦੋਹਰਾ॥ ਕੋ ਸੁੱਤੇ ਕੋ ਜਾਗਤੋ ਕਿਨੈ ਨ ਲਖਿਓ ਭੇਦ॥*** ਕੋਈ ਸੁੱਤਾ ਪਿਆ ਸੀ ਤੇ ਕੋਈ ਜਾਗਦਾ ਸੀ, ਫ਼ੌਜੀਆਂ ਦੀ ਤਾਂ ਇਹ ਹਾਲਤ ਸੀ ਪਹਿਰੇਦਾਰਾਂ ਦੀ, ਕਿਸੇ ਨੂੰ ਭੇਤ ਹੀ ਨਹੀਂ ਆਇਆ ਹੈ ਇਸ ਗੱਲ ਦਾ ਕੀ ਬਣਨ ਲੱਗਿਆ ਹੈ, ਇਹ ਕੀ ਕਾਰਨ ਹੋ ਗਿਆ ਹੈ?

***ਦੁਵਾਜੇ ਦੁਸ਼ਨੀ ਜਾ ਢੁਕੇ, ਉਤਰੇ ਤਹਿਂ ਬਿਨ ਖੇਦ॥ ੩੩॥*** ਉਦਮ ਕਰਕੇ ਘੋੜਿਆਂ 'ਤੇ ਦੜਾ-ਦੜ ਚਲੇ ਗਏ, ਉਥੇ ਦਰਸ਼ਨੀ ਡਿਉਢੀ ਦੇ ਨਾਲ ਇਲਾਚੀ ਬੇਰੀ ਹੈ, ਦਰਸ਼ਨੀ ਡਿਉਢੀ ਦੇ ਨੇੜੇ ਜਾ ਪਹੁੰਚੇ ਹਨ, ਉਥੇ ਬਿਨਾਂ ਕਿਸੇ ਤਕਲੀਫ ਦੇ ਘੋੜਿਆਂ ਤੋਂ ਦੋਵੇਂ ਸਿੰਘ ਜਾ ਉਤਰੇ ਹਨ। ੩੩।

***ਚੌਪਈ॥ ਦੁਈ ਵਲ ਦੁਇ ਘੋੜੇ ਲਾਏ॥*** ਇਲਾਚੀ ਬੇਰੀ ਦੇ ਦੋਵੇਂ ਪਾਸੀਂ ਦੋਵੇਂ ਘੋੜੇ ਲਾ ਦਿੱਤੇ ਹਨ।

***ਦੋਵੈਂ ਬਰਛੇ ਤਹਾਂ ਛਪਾਏ॥*** ਹੱਥਾਂ ਵਿਚ ਜੰਗੀ ਬਰਛੇ ਫੜੇ ਹੋਏ ਸਨ, ਦੋਵੇਂ ਬਰਛੇ ਛੁਪਾ ਕੇ ਉਥੇ ਬੇਰੀ ਉੱਤੇ ਹੀ ਰੱਖ ਦਿੱਤੇ ਹਨ।

***ਬਗਲਨ ਮਹਿਂ ਤਲਵਾਰ ਲੁਕੋਈ॥*** ਚੋਲਿਆਂ ਦੇ ਹੇਠਾਂ ਦੀ ਫੌਲਾਦੀ ਸਰੋਹੀਆਂ ਪਾਈਆਂ ਹੋਈਆਂ ਸਨ ਬੜੀਆਂ ਤੇਜ਼ਧਾਰ ਵਾਲੀਆਂ ਲੁਕਾ ਕੇ।

***ਜਿਮ ਕਰ ਨਾਂਹੀ ਟੋਕੇ ਕੋਈ॥ ੩੪॥*** ਜਿਸ ਕਰਕੇ ਕੋਈ ਟੋਕੇ ਨਾ ਕਿ ਇਹ ਹਥਿਆਰ ਪਾਇਆ ਹੋਇਆ ਗਾਤਰੇ, ਸਿੰਘਾਂ ਨੇ ਆਪਣੀਆਂ ਤਲਵਾਰਾਂ ਚੋਲਿਆਂ ਦੇ ਹੇਠਾਂ ਦੀ ਬਗਲ ਵਿਚ ਲੁਕੋ ਲਈਆਂ। ੩੪।

***ਕੋ ਜਾਨੈ ਕੋ ਅਏ ਸਿਪਾਹੀ॥*** ਕਿ ਕੋਈ ਇਹ ਜਾਣੈ ਕਿ ਕੋਈ ਸਿਪਾਹੀ ਆਏ ਹਨ ਮਾਮਲਾ ਆਦਿਕ ਲੈ ਕੇ।

***ਮਾਲ ਲਿਆਏ ਕਰ ਉਗਰਾਹੀ॥*** ਸਰਕਾਰੀ ਮਾਮਲਾ ਉਗਰਾਹੀ ਪਿੰਡਾਂ ਵਿੱਚੋਂ ਇਕੱਠਾ ਕਰ ਕੇ ਲਿਆਏ ਹਨ।

***ਕਿਛ ਬਾਜੇ ਕਿਛ ਗਾਜੈ ਪਰੇ॥*** ਕੁਛ ਬਾਜਿਆਂ-ਗਾਜਿਆਂ ਵਿਚ ਪਏ ਸਨ, ਰਾਗ ਰੰਗ ਵਿਚ ਮਸਤ ਸਨ।

***ਔਰ ਦੇਖਹਿਂ ਬਹੁ ਨਟਨੀ ਖਰੇ॥ ੩੫॥*** ਹੋਰ ਬਹੁਤ ਸਾਰੇ ਕੰਜ਼ਰੀ ਦਾ ਨਾਚ ਵੇਖ ਰਹੇ ਸਨ, ਹਰਿਮੰਦਰ ਦੀਆਂ ਕੰਧਾਂ ਨਾਲ ਲਗ ਕੇ। ੩੫।

***ਸਿੰਘਨ ਕੋ ਤਹਿਂ ਲਗ ਗਯੋ ਦਾਵ॥*** ਸਿੰਘ ਸਹਿਜ ਨਾਲ ਹੀ ਨਮਸ਼ਕਾਰ ਕਰਕੇ ਅੰਦਰ ਦਾਖ਼ਲ ਹੋ ਗਏ ਤੇ ਸਿੰਘਾਂ ਦਾ ਦਾਉ ਲੱਗ ਗਿਆ।

***ਸਿੰਘਨ ਸ਼ਿਤਾਬੀ ਚੱਕਯੋ ਪਾਵ॥*** ਸਿੰਘਾਂ ਨੇ ਤੇਜ਼ੀ ਨਾਲ ਪੈਰ ਚੁੱਕਿਆ ਹੈ, ਜਲਦੀ ਨਾਲ ਅੰਦਰ ਚਲੇ ਗਏ।

***ਸਤਿਗੁਰ ਅਪਨੋ ਕਾਜ ਸੁਵਾਰੇ॥*** ਸਤਿਗੁਰੂ ਜੀ ਨੇ ਆਪਣਾ ਕਾਰਜ਼ ਆਪ ਹੀ ਸਵਾਰ ਲਿਆ।

***ਉਇ ਕਰ ਦੀਨੇ ਦਿਸ਼ਟ ਅੰਧਾਰੇ॥ ੩੬॥*** ਉਹਨਾਂ ਦੀਆਂ ਅੱਖਾਂ ਅੰਨ੍ਹੀਆਂ ਕਰ ਦਿੱਤੀਆਂ ਹਨ ਪ੍ਰਮੇਸ਼ਰ ਨੇ, ਦਿਸਣੋ ਹੀ ਹੱਟ ਗਿਆ ਕੌਣ ਆਇਆ? ਕੌਣ ਨਹੀਂ ਆਇਆ? ਕਿਉਂਕਿ ਸਾਦੇ ਜਿਹੇ ਬਣੇ ਹੋਏ ਸਨ, ਖਾਲੀ ਹੱਥ। ੩੬।

***ਦੋਹਰਾ॥ ਦੋਊ ਸਿੰਘ ਤਹਿਂ ਜਾ ਪੁਜੇ ਜਹਿਂ ਬਾਜੈ ਮਿਰਦੰਗ॥*** ਇਹ ਦੋਵੇਂ ਸਿੰਘ ਭਾਈ ਮਤਾਬ ਸਿੰਘ, ਸੁੱਖਾ ਸਿੰਘ ਉਥੇ ਜਾ ਪੁੱਜੇ ਹਨ, ਜਿਥੇ ਮ੍ਰਿਦੰਗ ਵਜ ਰਿਹਾ ਸੀ, ਮੱਸਾ ਪਲੰਘ 'ਤੇ ਬੈਠਾ ਸੀ, ਉਹ ਮ੍ਰਿਦੰਗ ਹੇਠਾਂ ਬੈਠਾ ਵਜਾ ਰਿਹਾ

ਸੀ, ਉਥੇ ਜਾ ਖੜ੍ਹੇ ਹਨ ਵਾਰ ਕਰਨ ਵਾਸਤੇ।

***ਕੱਢ ਸਿਰੋਹੀ ਸਿਰ ਦਈ, ਮੱਸੇ ਕੇ ਨਿਰਸੰਗ॥ ੩੭॥*** ਸੁੱਖਾ ਸਿੰਘ ਨੇ ਥੈਲੀ ਪਲੰਘ ਦੇ ਹੇਠਾਂ ਨੂੰ ਸੁੱਟੀ ਹੈ, ਜਦੋਂ ਮੱਸਾ ਪਲੰਘ ਤੋਂ ਹੇਠਾਂ ਥੈਲੀ ਨੂੰ ਵੇਖਣ ਲੱਗਾ, ਤਾਂ ਮਤਾਬ ਸਿੰਘ ਨੇ ਕੱਢ ਕੇ ਸਿਰੋਹੀ ਆਹ ਮਾਰੀ ਗਰਦਨ ਦੇ ਉਤੇ ਰੱਖ ਕੇ। ੩੭।

***ਚੌਪਈ॥ ਮੱਸੇ ਕੋ ਇਮ ਸੀਸ ਉਤਾਰਯੋ॥*** ਇਉਂ ਮੱਸੇ ਰੰਘੜ ਦਾ ਸਿਰ ਧੜ ਤੋਂ ਲਾਹ ਦਿੱਤਾ।

***ਜਨ ਕਰ ਬੇਲੋਂ ਕਦੂਆ ਟਾਰਯੋ॥*** ਇਉਂ ਜਾਣੋਂ ਜਿਵੇਂ ਵੇਲ ਨਾਲੋਂ ਕੱਦੂ ਲਾਹ ਲਈਦਾ ਹੈ, ਇਉਂ ਲਾਹ ਲਿਆ ਹੈ ਚੁਪ ਕਰਕੇ ਪੋਲਾ ਜਿਹਾ ਹੀ।

***ਹੁਤੋ ਜੁ ਜ਼ੇਵਰ ਤਾ ਕੇ ਦੁਵਾਰੇ॥*** ਜਿਹੜੀ ਕੰਜਰੀ ਨਾਚ ਕਰ ਰਹੀ ਸੀ, ਜਿਹੜੇ ਉਸ ਦੇ ਜ਼ੇਵਰ ਪਾਏ ਹੋਏ ਸਨ, ਉਹ ਸਾਰੇ।

***ਦੂਜੇ ਸਿੰਘ ਸੋ ਲਯੋ ਉਤਾਰੇ॥ ੩੮॥*** ਭਾਈ ਸੁੱਖਾ ਸਿੰਘ ਨੇ ਉਹ ਝੱਟ ਖਿੱਚ ਲਏ ਹਨ, ਜਦੋਂ ਮੱਸੇ ਦਾ ਸਿਰ ਹੇਠਾਂ ਜਾ ਡਿੱਗਿਆ ਹਾਰ ਤੇ ਸੋਨੇ ਦੀ ਸੰਗਲੀ ਆਦਿਕ ਇਸ ਦੇ ਡਿੱਗਣੇ ਹੀ ਸਨ ਗਲ ਵਿੱਚੋਂ, ਝੱਟ ਦੇਣੇ ਫੜ ਕੇ ਉਸ ਨੇ ਝੋਲੇ ਵਿਚ ਪਾਉਣੇ ਦੀ ਕੀਤੀ ਅਤੇ ਬਾਜ਼ੂਬੰਦ ਜਿਹੇ, ਸੋਨੇ ਦੀ ਪੇਟੀ ਛੱਲੇ ਮੁੰਦਰੀਆਂ ਸਭ ਲਾਹ ਲਏ ਹਨ। ੩੮।

***ਤੌ ਲੌ ਸ਼ੋਰ ਭਯੋ ਅਤਿ ਭਾਰੀ॥*** ਪਹਿਲਾਂ ਤਾਂ ਉਹ ਇਉਂ ਘਬਰਾ ਗਏ, ਜਦੋਂ ਲਹੂ ਦਾ ਪ੍ਰਨਾਲਾ ਚਲਿਆ, ਲਹੂ ਦੀਆਂ ਧਾਰਾਂ ਵਗਣ ਲੱਗ ਪਈਆਂ ਕਿ ਆਹ ਕੀ ਹੋ ਗਿਆ? ਇਹ ਕੌਣ ਨੇ ਚੌਧਰੀ ਨੂੰ ਮਾਰਨ ਵਾਲੇ? ਤੇ ਮੂੰਹ 'ਚੋਂ ਬੁ ਆਏ ਹੀ ਰਹਿ ਗਿਆ। ਜਦੋਂ ਸਿੰਘ ਮੱਸੇ ਦਾ ਸਿਰ ਲੈ ਕੇ ਤੁਰ ਪਏ ਨਾ, ਰਾਹ ਪੈ ਗਏ, ਮਗਰੋਂ ਹਾਲ-ਦੁਹਾਈ ਪਾਈ ਮਰ ਗਏ, ਮਰ ਗਏ' ਹੋ ਗਏ। ਉਦੋਂ ਤੱਕ ਬੜਾ ਭਾਰੀ ਰੌਲਾ ਪੈ ਗਿਆ, ਉਹ ਕਿਸੇ ਨੇ ਸੁਣਿਆਂ ਕਿਸੇ ਨੇ ਨਾ ਸੁਣਿਆ, ਕਿਹੜੇ ਸਪੀਕਰ ਲੱਗੇ ਹੋਏ ਸਨ ਉਥੇ, ਅਵਾਜ਼ ਤਾ ਓਨੀ ਸੀ, ਜਿਹੜੀ ਨਿਕਲਦੀ ਸੀ, ਉਹ ਵੀ ਨਿਕਲਦੀ ਨਹੀਂ ਸੀ, ਇਉਂ ਵਿੱਚੇ ਹੀ ਗੁੰਮ-ਸੁੰਮ ਜਿਹਾ ਹੋ ਗਿਆ ਕੰਮ।

***ਫਿਰ ਘੋੜਨ ਚੜ੍ਹ ਕਰੀ ਸਵਾਰੀ॥*** ਦਰਸ਼ਨੀ ਡਿਊਢੀ 'ਤੇ ਖੜ੍ਹੇ ਪਹਿਰੇਦਾਰ ਨੇ ਜਦੋਂ ਦੇਖਿਆ ਸਿਰ ਲਈ ਆਉਂਦੇ ਹਨ, ਪਹਿਰੇਦਾਰ ਪਹਿਲਾਂ ਹੀ ਭੱਜ ਲਏ ਹਨ ਦੇਖ ਕੇ, ਉਹ ਵੀ ਨਹੀਂ ਕਿਸੇ ਨੂੰ ਦੱਸਦੇ, ਹਾਲ-ਦੁਹਾਈ ਨਹੀਂ ਪਾਉਂਦੇ। ਸਿੰਘਾਂ ਨੇ ਝੱਟ ਰਕਾਬਾਂ ਵਿਚ ਪੈਰ ਧਰੇ ਤੇ ਘੋੜਿਆਂ 'ਤੇ ਸਵਾਰ ਹੋ ਗਏ।

***ਛੇੜ ਸੁ ਘੋੜੇ ਰਲ ਗਏ ਝੱਲ॥*** ਮੱਸੇ ਰੰਘੜ ਦਾ ਸਿਰ ਬਰਛੇ ਵਿਚ ਟੰਗ ਲਿਆ, ਘੋੜਿਆਂ ਨੂੰ ਅੱਡੀ ਲਾਈ ਤੇ ਝਾੜਾਂ ਵਿਚ ਰਲ ਗਏ, ਜੰਗਲ ਵੜ ਗਏ ਹਨ ਸਿੰਘ।

***ਇਸ ਬਿਧ ਭਈ ਮੱਸੇ ਕੀ ਗੱਲ॥ ੩੯॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਮੱਸੇ ਰੰਘੜ ਦੀ ਗੱਲ ਇਸ ਪ੍ਰਕਾਰ ਹੋਈ ਹੈ। ਪਤਾ ਹੀ ਨਹੀਂ ਲੱਗਿਆ ਕਿਸੇ ਨੂੰ ਸਿੰਘਾਂ ਦਾ ਕੀ ਸੀ? ਕੌਣ ਆਇਆ? ਉਹ ਕਿਸੇ ਨੂੰ ਦਿਸਿਆ, ਕਿਸੇ ਨੂੰ ਦਿਸਣੋਂ ਹੀ ਹਟ ਗਿਆ। ਸਿੰਘ ਵਿਚਾਲਿਓਂ ਹੀ ਲੈ ਗਏ ਸਿਰ ਲਾਹ ਕੇ ਤੇ ਉਹ ਉਥੇ ਕੰਧਾਂ ਨਾਲ ਵਜਦੇ ਰਹਿ ਗਏ। ਮਗਰੋਂ ਪੁੱਛਦੇ ਨੇ ਗੱਲ ਨੂੰ, ਕੀ ਹੋ ਗਿਆ? ਕਾਹਦਾ ਰੌਲਾ ਪੈਂਦਾ ਸੀ, ਜਦੋਂ ਉਹ ਨੇੜੇ ਆਏ ਹੌਲੀ ਜਿਹੇ ਫਿਰ ਉਹਨਾਂ ਦੱਸਿਆ। ਹੋ ਗਿਆ ਕੰਮ ਹੁਣ ਤਾਂ, ਉਹ ਲੈ ਗਏ ਜੇ, ਆਏ ਸਨ। ਉਹ ਕੀ ਲੈ ਗਿਆ ਜੇ ਕੋਈ? ਦੱਸਣਾ ਤਾਂ ਆਵੇ ਨਾ ਮੌਕੇ 'ਤੇ ਘਬਰਾਇਆ ਤੋਂ, ਇਉਂ ਖਾਲਸਾ ਆਪ ਦਾ ਕਾਰਜ ਸ਼ੁੱਧ ਕਰ ਗਿਆ। ਉਹ ਸਿਰ ਲੈ ਕੇ ਝਾੜੀਂ ਰਲ ਗਏ, ਇਹ ਅਜੇ ਪੁੱਛਦੇ ਫਿਰਦੇ ਨੇ। ੩੯।

***ਕਿਤਿਕ ਦੇਰ ਕਰ ਰੌਲਾ ਭਯੋ॥*** ਅਜੇ ਕੁਛ ਕੁ ਦੇਰ ਹੋਈ ਸੀ, ਏਨੇ ਨੂੰ ਆ ਰੌਲਾ ਪਿਆ। ਕੀ ਗੱਲ ਹੋਈ ਸੀ ਫ਼ੌਜਦਾਰਾਂ ਤੱਕ ਏਨੇ ਨੂੰ ਆ ਗੱਲ ਪਹੁੰਚ ਗਈ।

***ਸਿਖਰ ਦੁਪਹਿਰੀ ਸੁਨਤ ਕਿਛੁ ਦਯੋ॥*** ਸਿਖਰ ਦੁਪਹਿਰੇ ਕੁਛ ਰੌਲਾ ਜਿਹਾ ਸੁਣਾਈ ਦਿੱਤਾ ਸੀ।

***ਥੀ ਪਹਿਲੋਂ ਕਿਨ ਕਾਠੀ ਨ ਪਾਈ॥*** ਫ਼ੌਜ ਵਾਲਿਆਂ ਨੂੰ ਕੀ ਪਤਾ ਸੀ ਕਿ ਕਦੋਂ ਕੁ ਸਿੰਘਾਂ ਨੇ ਪੈਣਾ ਹੈ, ਬਾਜ਼ ਦੀ ਤਰ੍ਹਾਂ ਕਿਸੇ ਪਾਸਿਓਂ। ਕਿਸੇ ਘੋੜਿਆਂ 'ਤੇ ਕਾਠੀ ਨਹੀਂ ਸੀ ਪਾਈ, ਤਿਆਰੀ ਕੋਈ ਨਹੀਂ ਸੀ ਉਹਨਾਂ ਦੀ।

***ਉਨ ਮਨ ਚਿੰਤਾ ਥੀ ਨਹੀਂ ਕਾਈ॥ ੪੦॥*** ਕਿਸੇ ਦੇ ਮਨ ਵਿਚ ਕੋਈ ਚਿੰਤਾ ਹੀ ਨਹੀਂ ਸੀ, ਕੋਈ ਘਬਰਾਹਟ ਨਹੀਂ ਸੀ। ਉਹਨਾਂ ਦੇ ਖਿਆਲ ਵਿਚ ਸਿੰਘ ਹੁਣ ਰਹਿ ਹੀ ਨਹੀਂ ਗਏ, ਪੰਜਾਬ ਤਾਂ ਖਾਲੀ ਹੋ ਗਿਆ ਹੈ। ਨਵਾਬ ਨੇ ਸਿੰਘ ਕੋਈ ਛੱਡਿਆ ਹੀ ਨਹੀਂ। ੪੦।

***ਰਹਿਤ ਹੁਤੀ ਤਿਹ ਬਹੁਤੀ ਫੌਜ॥*** ਜਿਥੇ ਬਹੁਤੀ ਫ਼ੌਜ ਹੋਵੇ, ਉਥੇ ਚਿੰਤਾ ਘਟ ਜਾਂਦੀ ਹੈ, ਉਹਨਾਂ ਨੂੰ ਡਰ ਭੈ ਨਹੀਂ ਰਹਿੰਦਾ ਕਿ ਸਾਰੇ ਹਾਂ ਅਸੀਂ, ਉਹ ਏਸੇ ਹੌਸਲੇ ਵਿਚ ਰਹਿ ਜਾਂਦੇ ਹਨ ਤੇ ਥੋੜ੍ਹੇ ਆਪਣਾ ਕਾਰਜ ਸ਼ੁੱਧ ਕਰ ਜਾਂਦੇ ਹਨ, ਉਥੇ ਬਹੁਤੀ ਫ਼ੌਜ ਰਹਿੰਦੀ ਸੀ, ਇਹਨਾਂ ਨੂੰ ਤਾਂ ਚਿੰਤਾ ਕੋਈ ਨਹੀਂ ਸੀ, ਕਿਸ ਨੇ ਆਉਣਾ ਹੈ ਏਥੇ? ਸਿੰਘਾਂ ਨੇ ਮੋਰਚਾ ਤਹਿ ਕਰ ਲਿਆ।

***ਰਹੇ ਬਹੁਤ ਗ਼ਾਫ਼ਲ ਕਰ ਮੌਜ॥*** ਉਹ ਬਹੁਤੇ ਗ਼ਾਫ਼ਲ ਹੋ ਕੇ ਮੌਜਾਂ ਹੀ ਕਰਨ ਵਾਲੇ ਸਨ, ਚਲੋ ਡਿਊਟੀ ਦੇਣੀ ਹੈ, ਮੰਜਿਆਂ 'ਤੇ ਪਏ ਰਹਿੰਦੇ ਸੀ।

***ਅਲਸਾਨੇ ਦੋਪਹਿਰੇ ਮਾਂਹਿ॥*** ਇਕ ਦੁਪਹਿਰ ਦਾ ਸਮਾਂ ਸੀ, ਉਂਝ ਹੀ ਆਲਸ ਪਈ ਹੋਈ ਸੀ, ਰੋਟੀ-ਪਾਣੀ ਖਾਧੀ ਹੋਈ ਸੀ, ਇਉਂ ਅਲਸਾਏ ਹੋਏ ਸੀ, ਕਦੀ ਨੀਂਦ ਦਾ ਝੌਂਕਾ ਲੱਗ ਗਿਆ, ਕਦੀ ਅੱਖ ਖੁਲ੍ਹ ਗਈ।

***ਨੀਂਦ ਦਬਾਏ ਫਿਰੈਂ ਤਹਾਂਹਿ॥ ੪੧॥*** ਨੀਂਦ ਦੇ ਦੱਬੇ ਹੋਏ ਤੁਰੇ ਫਿਰਦੇ ਸੀ, ਸਾਦੇ ਜਿਹੇ ਤਿਆਰੀ ਨਹੀਂ ਸੀ ਕੋਈ। ੪੧।

***ਦੋਹਰਾ॥ ਕਾਠੀ ਪਾਇ ਹਥਯਾਰ ਲੈ ਤੌ ਲੌਂ ਸਿੰਘ ਗਏ ਦੂਰ॥*** ਜਦੋਂ ਫ਼ੌਜ ਵਾਲਿਆਂ ਨੂੰ ਪਤਾ ਲੱਗਿਆ ਕਿ ਗੱਲ ਕੀ ਬਣੀ ਹੈ, ਪੁੱਛੇ ਦੱਸੇ ਤੋਂ ਉਹਨਾਂ ਨੇ ਦੱਸਿਆ ਕਿ ਮੱਸਾ ਰੰਘੜ ਚੌਧਰੀ ਨੂੰ ਮਾਰ ਕੇ ਸਿੰਘ ਉਸ ਦਾ ਸਿਰ ਲੈ ਕੇ ਹਰਨ ਹੋ ਗਏ ਹਨ, ਜਦੋਂ ਨੂੰ ਉਹਨਾਂ ਆਪਣੇ ਘੋੜਿਆਂ 'ਤੇ ਕਾਠੀਆਂ ਪਾ ਕੇ ਹਥਿਆਰ ਲਏ ਹਨ, ਉਦੋਂ ਨੂੰ ਸਿੰਘ ਤਾਂ ਹਵਾ ਨਾਲ ਗੱਲਾਂ ਕਰਦੇ ਹੋਏ ਕਿਤੇ ਦੇ ਕਿਤੇ ਦੂਰ ਚਲੇ ਗਏ ਮੱਸੇ ਦਾ ਸਿਰ ਲੈ ਕੇ।

***ਮਾਰਯੋ ਸੁਨ ਫੂਜਦਾਰ ਕੋ ਹਾਰੇ ਦੁਖੀ ਵਿਸੂਰ॥ ੪੨॥*** ਜਦੋਂ ਸੁਣਿਆਂ ਕਿ ਸਾਡਾ ਮੱਸਾ ਮਾਰਿਆ ਗਿਆ ਹੈ, ਤਾਂ ਹਾਰ ਕੇ ਦੁਖੀ ਹੋਏ ਝੂਰਦੇ ਹਨ। ਹੈਂ! ਹੈਂ! 'ਸਾਡੇ ਵਿਚਕਾਰੋਂ ਲੈ ਗਿਆ ਕੋਈ ਮਾਰ ਕੇ, ਅਸੀਂ ਰਾਖੇ ਸਾਂ ਉਸ ਦੇ ਤੇ **ਪਤਾ** ਲੱਗਿਆ ਨਹੀਂ ਕੌਣ ਸਨ ਮਾਰਨ ਵਾਲੇ, ਕਿਧਰੋਂ ਆਏ? ਤੇ ਕਿਧਰ ਗਏ? ਹੁਣ ਕਿਸ ਦਾ ਪਿੱਛਾ **ਕਰੀਏ।' ਅਖੀਰ** ਫਿਰ ਡਿੱਗ ਪਏ ਮੰਜਿਆਂ 'ਤੇ ਜਾ ਕੇ। ੪੨।

***ਚੌਪਈ॥ ਜੈ ਜੈ ਕਾਰ ਸਿਖਨ ਮਨ ਭਯੋ॥*** ਸਿੰਘਾਂ ਦੇ ਮਨ ਵਿਚ ਜੈ-ਜੈਕਾਰ ਹੋ ਗਈ ਹੈ, ਜਿਹੜੇ **ਸਿੰਘ** ਮਾਝੇ ਵਿਚ ਲੁਕ ਛਿਪ ਕੇ ਰਹਿੰਦੇ ਸੀ, ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਖਾਲਸਾ ਆ ਪਹੁੰਚਿਆ ਹੈ ਕਿ ਉਹ ਤਾਂ ਮੋਰਚਾ ਸ਼ੁੱਧ ਕਰਕੇ ਚਲੇ ਗਏ ਨੇ, ਫੇਰ ਤਾਂ ਜੈ-ਜੈਕਾਰ ਦੇ ਜੈਕਾਰੇ ਗਜਾਉਂਦੇ ਨਿਕਲੇ ਝਾੜਾਂ ਬੇਲਿਆਂ ਵਿੱਚੋਂ।

***ਦੁਸ਼ਟਨ ਮਨ ਬਹੁ ਦੁਖ ਸੰਤਯੋ॥*** ਦੁਸ਼ਟਾਂ ਦੇ ਸਿਰ ਵਿਚ ਤਾਂ ਸੌ-ਸੌ ਘੜਾ ਪਾਣੀ ਦਾ ਪੈ ਗਿਆ ਹੈ। ਉਹਨਾਂ ਦਾ ਮਨ ਤਾਂ ਬਹੁਤਾ ਦੁਖੀ ਹੋ ਗਿਆ ਹੈ ਕਿ ਆਹ ਬੁਰੀ ਹੋਈ ਸਾਡੇ ਨਾਲ, ਇਉਂ ਨਹੀਂ ਸੀ ਹੋਈ ਕਦੀ।

***ਮੱਸੇ ਕੋ ਜੁ ਹੁਤੋ ਪਰਵਾਰ॥*** ਅਤੇ ਜੋ ਮੱਸੇ ਦਾ ਪ੍ਰਵਾਰ ਸੀ, ਬੜਾ ਭਾਰੀ ਲਾਣਾ ਸੀ ਇਸ ਦਾ।

***ਲਹੌਰ ਜਾਇ ਤਿਨ ਕਰੀ ਪੁਕਾਰ॥ ੪੩॥*** ਮੱਸੇ ਦਾ ਸਿਰ ਹੈ ਹੀ ਨਹੀਂ ਹੈ, ਮੱਸਾ ਚੁੱਕਿਆ ਹੋਇਆ ਹੈ ਉਹਨਾਂ ਨੇ ਮੰਜੇ 'ਤੇ। ਲਹੌਰ ਜਾ ਖਾਨੂੰ ਦੇ ਬੂਹੇ ਅੱਗੇ ਰੱਖਿਆ, ਉਹਨਾਂ ਨੇ ਲਹੌਰ ਜਾ ਫ਼ਰਿਆਦ ਕੀਤੀ। ੪੩।

***'ਹਮਰੇ ਖ਼ੂਨੀ ਪਕੜ ਮੰਗਾਵੋ॥*** ਸਾਡੇ ਖ਼ੂਨੀ ਜਿਨ੍ਹਾਂ ਨੇ ਮੱਸੇ ਨੂੰ ਮਾਰਿਆ ਹੈ, ਉਹਨਾਂ ਨੂੰ ਗ੍ਰਿਫ਼ਤਾਰ ਕਰਾਵੋ।

***ਟੂਕ ਟੂਕ ਕਰ ਤਿਨ ਕੋ ਕਟਵਾਵੋ॥*** ਉਹਨਾਂ ਨੂੰ ਟੋਟੇ-ਟੋਟੇ ਕਰ ਕੇ ਕਟਵਾਓ, ਮਾਰ ਕੇ ਉਹਨਾਂ ਨੂੰ ਸਜ਼ਾ ਦਿਵਾਓ।

***ਨਾਤਰ ਹਮ ਜਾਵੈਂਗੇ ਦਿੱਲੀ॥*** ਜੇ ਤੂੰ ਸਾਡੀ ਮਦਦ ਨਹੀਂ ਕਰੇਂਗਾ? ਤਾਂ ਅਸੀਂ ਦਿੱਲੀ ਨੂੰ ਜਾਵਾਂਗੇ।

***ਕਰੀ ਨਵਾਬੀ ਤੁਮ ਨੈ ਢਿੱਲੀ॥ ੪੪॥*** ਤੂੰ ਨਵਾਬੀ ਢਿੱਲੀ ਕਰ ਛੱਡੀ ਹੈ, ਇਸ ਤਰ੍ਹਾਂ ਬਾਦਸ਼ਾਹ ਦੇ ਅੱਗੇ ਰਿਪੋਟ ਕਰਾਂਗੇ, ਇਉਂ ਦਬ ਕੇ ਮਾਰਦੇ ਹਨ ਖਾਨੂੰ ਨੂੰ। ੪੪।

***ਜਬ ਨਬਾਬ ਨੇ ਯੌ ਸੁਨ ਪਾਯੋ॥*** ਜਦੋਂ ਨਵਾਬ ਨੇ ਇਉਂ ਸੁਣਿਆ ਹੈ, ਕਿ ਇਹ ਤਾਂ ਐਥੋਂ ਤੱਕ ਪਹੁੰਚ ਗਏ ਹਨ।

***ਸਿੰਘਨ ਮੱਸਾ ਮਾਰ ਗੁਵਾਯੋ॥*** ਸਿੰਘਾਂ ਨੇ ਮੱਸੇ ਨੂੰ ਮਾਰ ਸੁੱਟਿਆ ਹੈ, ਉਸ ਦਾ ਸਿਰ ਤਾਂ ਛੱਡਿਆ ਹੀ ਨਹੀਂ, ਲੈ ਗਏ ਨੇ ਸਿੰਘ ਲਾਹ ਕੇ।

***ਪਰੇ ਗਿਰਝ ਜਿਮ ਸਿੰਘ ਅਸਮਾਨੋਂ॥*** ਉਸ ਨੇ ਪੁੱਛਿਆ ਸਿੰਘ ਕਿਥੋਂ ਆਏ ਸਨ? ਕਹਿੰਦੇ ਪਤਾ ਨਹੀਂ ਗਿਰਝ ਵਾਂਗੂੰ ਅਸਮਾਨ 'ਚੋਂ ਹੀ ਪਏ ਹਨ, ਕਿਤੇ ਹੇਠਾਂ ਤਾਂ ਸਿੰਘਾਂ ਨੂੰ ਕਿਸੇ ਵੇਖਿਆ ਹੀ ਨਹੀਂ ਸੀ ਆਉਂਦਿਆਂ ਨੂੰ, ਕਹਿੰਦੇ ਉਪਰੋਂ ਹੀ ਉੱਤਰੇ ਨੇ ਕਿਤੇ ਅਸਮਾਨ ਵਿੱਚੋਂ।

***ਆਵਤ ਜਾਵਤ ਕਿਨੈਂ ਨ ਜਾਨੌਂ॥ ੪੫॥*** ਨਾ ਹੀ ਸਿੰਘਾਂ ਨੂੰ ਕਿਸੇ ਨੇ ਆਉਂਦਿਆਂ ਵੇਖਿਆ ਹੈ, ਨਾ ਹੀ ਜਾਂਦਿਆਂ ਵੇਖਿਆ ਹੈ। ਪਤਾ ਹੀ ਨਹੀਂ, ਉਹ ਉਤੋਂ ਉਤਰੇ ਨੇ ਤੇ ਉਤਾਂਹ ਹੀ ਚੜ੍ਹ ਗਏ। ੪੫।

***ਕਿਨੈਂ ਨ ਜਾਨੇ ਵਹਿ ਕਹਿੰ ਰਹੇਂ॥*** ਕਿਸੇ ਨੇ ਨਹੀਂ ਜਾਣਿਆ ਹੈ ਕਿ ਉਹ ਕਿਥੇ ਰਹਿੰਦੇ ਹਨ।

***ਕਿਨੈ ਨ ਜਾਨਯੋ ਵੈ ਕਹਿੰ ਗਏ॥*** ਇਹ ਵੀ ਨਹੀਂ ਕਿਸੇ ਨੂੰ ਪਤਾ ਉਹ ਗਏ ਕਿੱਧਰ ਨੇ, ਕੋਈ ਉਹਨਾਂ ਦੀ ਪੈੜ ਦਾ ਤਾਂ ਧਰਤੀ 'ਤੇ ਪਤਾ ਲੱਗੇ।

***ਐਸੀ ਸੁਨ ਨਬਾਬ ਧਰਹਰੀ॥*** ਇਉਂ ਸੁਣ ਕੇ ਨਵਾਬ ਕੰਬ ਗਿਆ ਹੈ, ਦਹਿਲ ਗਿਆ ਹੈ, ਧਰਹਰੀ=ਧੁੜਧੜੀ ਜਿਹੀ ਆ ਗਈ ਨਵਾਬ ਨੂੰ ਕੰਬਣੀ ਜਿਹੀ ਛਿੜ ਗਈ ਹੈ।

***ਮਛਲੀ ਜਲ ਬਿਨ ਜਿਮ ਤਰਫਰੀ॥ ੪੬॥*** ਜਿਵੇਂ ਮੱਛੀ ਪਾਣੀ ਤੋਂ ਬਿਨਾਂ ਤੜਫਦੀ ਹੈ, ਇਉਂ ਤੜਫ ਰਿਹਾ ਹੈ ਨਵਾਬ। ੪੬।

***ਕਹੇ ਮਗਾਵੋ ਪਰਜਾ ਸਾਰੀ॥*** ਨਵਾਬ ਕਹਿਣ ਲੱਗਾ, ਸੱਦੋ ਤਾਂ ਸਾਰੀ ਪਰਜ਼ਾ ਨੂੰ, ਸਾਰੇ ਲੋਕਾਂ ਨੂੰ ਬੁਲਾਓ।

***ਗਏ ਜੁ ਹਮਰੇ ਲਿਖ ਦਰਬਾਰੀ॥*** ਏਥੇ ਮੇਰੇ ਨਾਲ ਸ਼ਰਤ ਲਿਖ ਕੇ ਗਏ ਹਨ।

***ਜਾ ਕਰ ਹਮ ਤੇ ਖਾਂਹਿ ਜਗੀਰ॥*** ਜਾ ਕੇ ਸਾਥੋਂ ਜਗੀਰਾਂ ਲੈ ਕੇ ਖਾਂਦੇ ਹਨ।

***ਅਬ ਉਨ ਕੋ ਕਰ ਦੇਹੁ ਤਗੀਰ॥ ੪੭॥*** ਹੁਣ ਮੈਂ ਉਨ੍ਹਾਂ ਨੂੰ (ਤਗੀਰ) ਉਲਟ ਦਿਆਂਗਾ, ਕੰਗਾਲ ਕਰ ਦਿਆਂਗਾ, ਜਿਨ੍ਹਾਂ ਨੇ ਜਿੰਮਾਂ ਲਿਆ ਸੀ ਸਿੰਘਾਂ ਨੂੰ ਮਾਰ ਮੁਕਾਉਣ ਦਾ। ੪੭।

***ਨਿਰੰਜਨੀਆਂ ਹਰ ਭਗਤ ਬੁਲਾਇਆ॥*** ਹਰਿ ਭਗਤ ਨਿਰੰਜਨੀਆਂ ਵੀ ਸੱਦ ਲਿਆ।

***ਕਰਮਾਂ ਛੀਨਾਂ ਸਾਥੇ ਆਇਆ॥*** ਕਰਮਾਂ ਛੀਨਾਂ ਉਹ ਵੀ ਚੁਗਲ ਸੀ ਉਹ ਵੀ ਨਾਲ ਆਇਆ।

***ਰਾਮਾ ਰੰਧਾਵਾ ਸੱਦ ਮੰਗਾਯਾ॥*** ਰਾਮਾ ਰੰਧਾਵਾ ਨੂੰ ਸੱਦ ਕੇ ਬੁਲਾ ਲਿਆ ਹੈ, ਮੰਗਾ ਲਿਆ।

***ਜੋਧ ਨਗਰੀਏ ਨੂੰ ਫੁਰਮਾਯਾ॥ ੪੮॥*** ਜੋਧ ਪੁਰੀਏ ਧਰਮਦਾਸ ਨੂੰ ਵੀ ਨਵਾਬ ਵੱਲੋਂ ਹੁਕਮ ਜਾਰੀ ਹੋ ਗਿਆ ਹੈ। ੪੮।

***ਬਿਨ ਬੁਲਾਏ ਮਜੀਠੀਏ ਆਏ॥*** ਜਿਹੜੇ ਅੱਜ ਮਜੀਠੀਏ ਸਰਦਾਰ ਵਜਦੇ ਹਨ, ਇਹਨਾਂ ਨੇ ਵੀ ਜ਼ਗੀਰਾਂ ਲਈਆਂ ਸਨ, ਇਹ ਬਿਨਾਂ ਬੁਲਾਏ ਤੋਂ ਹੀ ਨਵਾਬ ਕੋਲ ਆ ਗਏ।

***ਸੋ ਇਨ ਸਿੰਘਨ ਬਹੁਤ ਅਕਾਏ॥*** ਇਨ੍ਹਾਂ ਮਜੀਠੇ ਵਾਲਿਆਂ ਨੇ ਸਿੰਘਾਂ ਨੂੰ ਬਹੁਤ ਸਤਾਇਆ ਹੈ।

***ਕਹਿੰ ਲੌ ਸਭ ਹੀ ਲੋਕ ਲਿਖਈਏ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜਿੰਨੇ ਉਦੋਂ ਚੁਗਲ ਬਣੇ ਹੋਏ ਸਨ, ਕਿਥੋਂ ਤੱਕ ਲਿਖੀਏ ਸਾਰਿਆਂ ਨੂੰ।

***ਅਪਨੇ ਗਿਰਦੇ ਸੋਊ ਗਿਨ ਦਈਏ॥ ੪੯॥*** ਜਿਹੜੇ ਆਪਣੇ ਨੇੜੇ-ਨੇੜੇ ਦੇ ਸਨ ਦੁਸ਼ਟ ਉਹਨਾਂ ਨੂੰ ਹੀ ਮੈਂ ਗਿਣਿਆ ਹੈ। ਜਿਹੜੇ ਦੂਰ-ਦੂਰ ਰਹਿੰਦੇ ਸਨ, ਉਹਨਾਂ ਨੂੰ ਨਹੀਂ ਮੈਂ ਗਿਣਿਆ ਹੈ। ਚੁਗਲ ਤਾਂ ਬੇਅੰਤ ਹੀ ਹੋ ਗਏ ਸਨ, ਸਾਰਾ ਦੇਸ਼ ਹੀ ਚੁਗਲਾਂ ਦਾ ਹੋ ਗਿਆ ਸੀ ਤੇ ਸਿੰਘਾਂ ਦੇ ਵੈਰੀ ਬਣ ਗਏ ਸੀ। ੪੯।

***ਦੋਹਰਾ॥ ਕਹਯੋ ਸੁ ਸਭਨ ਬੁਲਾਇਕੈ ਪੈਦਾ ਉਸੈ ਕਰੇਹੁ॥*** ਸਾਰਿਆਂ ਨੂੰ ਸੱਦ ਕੇ ਉਸ ਨੇ ਘੂਰ ਕੇ ਕਿਹਾ, 'ਗੱਲ ਸੁਣੋ'! ਜਿਹੜੀ ਸ਼ਰਤ ਮੇਰੇ ਨਾਲ ਲਿਖ ਕੇ ਗਏ ਹੋ ਕਿ ਸਿੰਘਾਂ ਨੂੰ ਦੇਸ਼ ਵਿਚ ਨਹੀਂ ਰਹਿਣ ਦੇਵਾਂਗੇ ਸਾਡੇ ਨਾਲ ਗੱਲ ਕਰੋ ਤੁਸੀਂ, ਅਸੀਂ ਤੁਹਾਡੇ ਨਾਲ ਗੱਲ ਰੱਖੀ ਹੈ, ਜਗੀਰਾਂ ਦਿੱਤੀਆਂ ਹਨ। ਹੁਣ ਤੁਸੀਂ ਪਹਿਰਾ ਦਿੱਤਾ ਹੈ, ਉਸ ਗੱਲ 'ਤੇ ਓਹ ਮੱਸੇ ਨੂੰ ਕਿਵੇਂ ਮਾਰ ਗਏ? ਕਹਿਣ ਲੱਗਾ, ਮੈਂ ਨਹੀਂ ਜਾਣਦਾ ਕਿਸੇ ਨੂੰ? ਉਹ ਬੰਦੇ ਪੈਦਾ ਕਰੋ, ਜਿਨ੍ਹਾਂ ਨੇ ਮੱਸੇ ਨੂੰ ਮਾਰਿਆ ਹੈ।

***ਮੱਸਾ ਮਾਰਯੋ ਜਿਨ ਸਿੰਘਨ ਆਨ ਸੁ ਹਮ ਕੋ ਦੇਹੁ॥ ੫੦॥*** ਜਿਨ੍ਹਾਂ ਸਿੰਘਾਂ ਨੇ ਮੱਸੇ ਰੰਘੜ ਨੂੰ ਮਾਰਿਆ ਹੈ, ਉਹਨਾਂ ਨੂੰ ਲਿਆ ਕੇ ਦਿਉ ਮੈਨੂੰ। ੫੦।

***ਚੌਪਈ॥ ਨਹੀਂ ਤੌ ਤੁਮ ਕੋ ਸਾਥ ਮਿਲਾਵੈਂ॥*** ਨਹੀਂ ਤਾਂ ਫਿਰ ਤੁਹਾਡਾ ਵੀ ਅਗਾਂਹ ਹੀ ਲੇਖਾ, ਤੁਹਾਨੂੰ ਵੀ ਨਾਲ ਮਿਲਾਉਂਦੇ ਹਾਂ ਉਹਨਾਂ ਸਿੰਘਾਂ ਦੇ।

***ਤੁਮਰੀ ਭੀ ਹਮ ਜਾਨ ਗੁਵਾਵੈਂ॥*** ਤੁਹਾਡੀ ਵੀ ਅਸੀਂ ਜਾਨ ਗਵਾ ਦਿਆਂਗੇ, ਜਿਵੇਂ ਮੱਸੇ ਦੀ ਖ਼ਤਮ ਕਰ ਦਿੱਤੀ ਹੈ।

***ਸਿੰਘਨ ਕੋ ਜ਼ੁੰਮਾ ਤੁਮ ਕੀਆ॥*** ਤੁਸੀਂ ਜ਼ੁੰਮੇਵਾਰੀ ਲਈ ਸੀ ਕਿ ਨਹੀਂ ਸਿੰਘਾਂ ਦੀ, ਕਿ ਸਿੰਘਾਂ ਦੀ ਜਿੰਮੇਵਾਰੀ ਸਾਡੇ 'ਤੇ ਰਹਿਣ ਦਿਉ, ਅਸੀਂ ਸਾਂਭਾਂਗੇ ਉਹਨਾਂ ਨੂੰ ਤੇ ਹੁਣ ਇਹ ਕਿਥੋਂ ਆਏ ਨੇ?

***ਤੁਮ ਕਹੋ, ਸਿੰਘ ਹਮ ਰਹਿਨ ਨ ਦੀਆ॥ ੫੧॥*** ਤੁਸੀਂ ਮੈਨੂੰ ਰੋਜ਼ ਕਹਿੰਦੇ ਹੁੰਦੇ ਸੀ ਕਿ ਅਸੀਂ ਸਿੰਘ ਕੋਈ ਪਿੰਡਾਂ ਵਿਚ ਰਹਿਣ ਦਿੱਤਾ ਹੀ ਨਹੀਂ, ਹੈ ਹੀ ਕਿਤੇ ਸਿੰਘ ਨਹੀਂ, ਦੱਸੋ ਕਿਤੇ ਹੈਗਾ ਤਾਂ। ੫੧।

***ਜਹਾਂ ਰਹੈਂ ਸਿੰਘ ਹਮੈ ਬਤਾਵੋ॥*** ਨਵਾਬ ਕਹਿਣ ਲੱਗਾ, ਜਿਥੇ ਸਿੰਘ ਰਹਿੰਦੇ ਹਨ, ਉਹ ਮੈਨੂੰ ਦੱਸੋ, ਆਹ ਸਿੰਘ ਕਿਧਰੋਂ ਆ ਗਏ ਹਨ ਤੇ ਕਿਧਰ ਨੂੰ ਗਏ ਨੇ, ਇਹਨਾਂ ਬਾਰੇ ਦੱਸੋ ਤੁਸੀਂ।

***ਤਿਸ ਜਾਗਾ ਕੀ ਮਿਟੀ ਪੁਟਾਵੋਂ॥*** ਜਿਥੇ ਸਿੰਘ ਕਿਤੇ ਹੇਠਾਂ ਰਹਿੰਦੇ ਹਨ, ਉਸ ਜਗ੍ਹਾਂ ਦੀ ਮਿੱਟੀ ਪੁਟਾ ਕੇ ਵੇਖ ਲੈਂਦੇ ਹਾਂ, ਕਿਥੇ ਕੁ ਰਹਿੰਦੇ ਨੇ ਥੱਲੇ।

***ਰਹੈਂ ਸਿੰਘ ਜਾ ਨਗਰੀ ਮਾਂਹੀ॥*** ਜਿਹੜੇ ਪਿੰਡ ਵਿਚ ਸਿੰਘ ਰਹਿੰਦੇ ਹਨ।

***ਕਰੋਂ ਕਤਲ ਕਛੁ ਢੀਲ ਨ ਕਾਹੀ॥ ੫੨॥*** ਇਸ ਵਿਚ ਕਿਸੇ ਕਿਸਮ ਦੀ ਕੋਈ ਢਿਲ ਨਹੀਂ ਕਰਾਂਗਾ, ਜਿਹੜੇ ਪਿੰਡ ਵਿਚ ਸਿੰਘ ਰਹਿੰਦਾ ਹੋਇਆ ਉਸ ਸਾਰੇ ਪਿੰਡ ਨੂੰ ਕਤਲ ਕਰਾਂਗਾ ਜਾ ਕੇ। ਦੱਸੋ ਸਿੰਘ ਕਿੱਥੇ ਰਹਿੰਦੇ ਹਨ। ੫੨।

***ਦੋਹਰਾ॥ ਜੋਊ ਬਤਾਵੈ ਸਿੰਘ ਕੋ ਨਾਮ ਧਾਮ ਔ ਗ੍ਰਾਮ॥*** ਫਿਰ ਦੁਬਾਰਾ ਐਲਾਨ ਕੀਤਾ ਹੈ, ਕਹਿੰਦਾ ਸਿੰਘ ਦਾ ਕੋਈ ਦੱਸੇ ਫਲਾਨੇ ਥਾਂ ਘਰ ਹੈ, ਫਲਾਨੇ ਥਾਂ ਪਿੰਡ ਹੈ, ਫਲਾਨਾ ਉਸ ਦਾ ਨਾਮ ਹੈ, ਦੱਸੋ ਕਿਹੜਾ ਦੱਸਦਾ ਹੈ ਤੁਹਾਡੇ ਵਿਚੋਂ।

***ਦੇਵੈ ਤਿਸੈ ਫੜਾਇ ਜੋ, ਪਾਵੈ ਘਨੋ ਇਨਾਮ॥ ੫੩॥*** ਜਿਹੜਾ ਉਸ ਨੂੰ ਫੜਾ ਦੇਵੇ ਉਸ ਨੂੰ ਬਹੁਤ ਇਨਾਮ ਦੇਵਾਂਗੇ ਮੂੰਹ ਮੰਗਿਆ। ੫੩।

***ਚੌਪਈ॥ ਹਰਿ ਭਗਤ ਨਿਰੰਜਨੀ ਐਸੇ ਕਹਯੋ॥*** ਹਰਿ ਭਗਤ ਨਿਰੰਜਨੀਏ ਨੇ ਅੱਗੇ ਉੱਤਰ ਦਿੱਤਾ ਹੈ ਨਵਾਬ ਦਾ।

***'ਮਤਾਬ ਸਿੰਘ ਇਕ ਭੰਗੂ ਭਯੋ'॥*** ਇਕ ਭੰਗੂ ਗੋਤ ਦਾ ਮਤਾਬ ਸਿੰਘ ਹੋਇਆ ਹੈ, ਜਿਹੜਾ ਤੁਸੀਂ ਭਾਲਦੇ ਹੋ ਕਿ ਮੱਸੇ ਰੰਘੜ ਦਾ ਕਾਤਲ ਕੌਣ ਹੈ?

***ਮੀਰਾਂ ਕੋਟ ਦੱਸਿਓ ਗ੍ਰਾਮ॥*** ਮੀਰਾਂ ਕੋਟ ਉਸ ਦਾ ਪਿੰਡ ਹੈ, ਇਉਂ ਦੱਸਿਆ ਹੈ ਹਰਿ ਭਗਤ ਨਿਰੰਜਨੀਏ ਨੇ।

**ਅੰਮ੍ਰਿਤਸਰ ਤੇ ਤ੍ਰੈ ਕੋਹ ਠਾਮ॥ ੫੪॥** ਅੰਮ੍ਰਿਤਸਰ ਤੋਂ ਸਿਰਫ਼ ਤਿੰਨ ਕੋਹ ਹੀ ਹੈ, ਬਹੁਤੀ ਦੂਰ ਨਹੀਂ ਹੈ। ੫੪।

**ਮੀਰ ਸੁਕੰਬਰ ਅਲੀ ਜਗੀਰ॥** ਮੀਰ ਸੁਕੰਬਰ ਅਲੀ ਨੂੰ ਉਥੇ ਜ਼ਗੀਰ ਮਿਲੀ ਹੋਈ ਹੈ।

**ਸਾਹ ਦਈ ਕਰ ਅਪਨੋ ਪੀਰ॥** ਆਪਣਾ ਪੀਰ ਸਮਝ ਕੇ ਬਾਦਸ਼ਾਹ ਨੇ ਮੀਰਾਂ ਕੋਟ ਪਿੰਡ ਉਸ ਨੂੰ ਜ਼ਗੀਰ ਵਜੋਂ ਦਿੱਤਾ ਸੀ।

**ਨਵਾਬ ਸੁ ਸੱਯਦ ਲਯੋ ਬੁਲਾਇ॥** ਨਵਾਬ ਖ਼ਾਨ ਬਹਾਦਰ ਨੇ ਉਸ ਸੱਯਦ ਪੀਰ ਨੂੰ ਬੁਲਾ ਲਿਆ ਹੈ।

**ਸਾਥੈ ਦੀਨੋਂ ਉਸੈ ਚੜ੍ਹਾਇ॥ ੫੫॥** ਤੁਸੀਂ ਪੀਰ ਸਾਹਿਬ ਚਲੋ, ਨਾਲ ਜਾਓ, ਮਤਾਬ ਸਿੰਘ ਨੂੰ ਲਿਆਓ ਲੱਭ ਕੇ, ਉਸ ਨੂੰ ਵੀ ਨਾਲ ਹੀ ਫ਼ੌਜ ਦੇ ਚੜ੍ਹਾ ਕੇ ਭੇਜ ਦਿੱਤਾ। ੫੫।

**'ਤੁਮਰੋ ਪਿੰਡ ਕਰ ਕਤਲ ਨ ਕਰੋ॥** ਤੁਸੀਂ ਪੀਰ ਹੋ ਬਾਦਸ਼ਾਹ ਦੇ, ਤੁਹਾਡਾ ਇਹ ਪਿੰਡ ਹੈ, ਇਸ ਕਰਕੇ ਮੈਂ ਕਤਲ ਨਹੀਂ ਕਰਦਾ ਹਾਂ ਇਸ ਪਿੰਡ ਨੂੰ।

**ਸਿੰਘ ਰਾਖਨ ਤੇ ਤੁਮ ਨਹਿਂ ਡਰੋ' ॥ ੫੬॥** ਪਰ ਸਿੰਘ ਰੱਖਣ ਤੋਂ ਕੋਈ ਭੈ ਨਹੀਂ ਆਉਂਦਾ ਤੁਹਾਨੂੰ? ਪਾਤਸ਼ਾਹ ਦਾ ਕੀ ਐਲਾਨ ਹੈ? ਸੂਬੇ ਦਾ ਕੀ ਐਲਾਨ ਹੈ? ਤੇ ਤੂੰ ਫੇਰ ਨਿੱਡਰ ਹੋ ਕੇ ਸਿੰਘਾਂ ਨੂੰ ਪਾਲਦਾ ਹੈਂ, ਇਹਨਾਂ ਨੂੰ ਕਿਉਂ ਰੱਖਦਾ ਹੈਂ ਕੋਲ। ੫੬।

**ਦੋਹਰਾ॥ ਫੌਜ ਜਾਇ ਪਿੰਡ ਘੇਰਿਓ ਸੱਯਦ ਕਛੁ ਨ ਬਸਾਇ॥** ਫ਼ੌਜ ਨੇ ਜਾ ਘੇਰਾ ਪਾਇਆ ਹੈ ਪਿੰਡ ਨੂੰ, ਸੱਯਦ ਦੀ ਕੋਈ ਵਾਹ ਨਹੀਂ ਚਲਦੀ, ਕਿਸ ਨੂੰ ਆਖੇ ਨਾ ਘੇਰਾ ਪਾਓ।

**ਨੱਥਾ ਖਹਿਰਾ ਪੰਚ ਥੋ, ਲੀਨੋ ਸੋਊ ਫੜਾਇ॥ ੫੭॥** ਖਹਿਰੇ ਗੋਤ ਦਾ ਨੱਥਾ ਮੀਰਾਂ ਕੋਟ ਦਾ ਪੰਚ ਸੀ, ਭਾਵ ਸਰਪੰਚ ਸੀ ਪਿੰਡ ਦਾ, ਉਸ ਨੂੰ ਜਾ ਫੜਿਆ ਹੈ ਫ਼ੌਜ ਨੇ। ੫੭।

**ਚੌਪਈ॥ ਨੂਰ ਦੀਨ ਥੋ ਫੌਜ ਸਰਦਾਰ॥** ਜੋ ਸਰਦਾਰ ਫ਼ੌਜ ਲੈ ਕੇ ਚੜ੍ਹਿਆ ਹੈ, ਉਸ ਦਾ ਨਾਮ ਨੂਰ ਦੀਨ ਸੀ।

**ਤਿਸਨੈ ਐਸੋ ਕੀਓ ਉਚਾਰ॥** ਉਸ ਨੇ ਇਸ ਤਰ੍ਹਾਂ ਕਿਹਾ ਹੈ ਨੱਥੇ ਚੌਧਰੀ ਨੂੰ।

**'ਤੁਮਰੀ ਜਾਨ ਛੂਟਤੀ ਨਾਂਹੀ॥** ਤੇਰੀ ਜਾਨ ਹਨਹੀਂ ਛੱਡਣੀ ਹੈ।

**ਬਿਨ ਮਤਾਬ ਸਿੰਘ ਲਯਾਇ ਯਹਾਂ ਹੀ' ॥ ੫੮॥** ਮਤਾਬ ਸਿੰਘ ਏਥੇ ਲਿਆਏ ਤੋਂ ਬਿਨਾਂ, ਤੇਰੀ ਜਾਨ ਛੁਟਦੀ ਨਹੀਂ ਹੈ, ਏਥੇ ਲਿਆ ਉਸ ਨੂੰ ਨਹੀਂ ਤਾਂ ਮੌਤ ਦੇ ਘਾਟ ਉਤਾਰਿਆ ਜਾਇੰਗਾ। ੫੮।

**ਮਤਾਬ ਸਿੰਘ ਕੋ ਕੀਜੈ ਹਾਜ਼ਰ॥** ਮਤਾਬ ਸਿੰਘ ਨੂੰ ਲਿਆ ਕੇ ਸਾਡੇ ਹਾਜ਼ਰ ਕਰ।

**ਬਚੈ ਨ ਸੋ ਜੋ ਰਖੈ ਲੁਕਾ ਜਰ॥** ਜਿਹੜਾ ਉਹਨੂੰ ਲਕੋ ਕੇ ਰੱਖੇਗਾ, ਉਹ ਆਪ ਵੀ ਨਹੀਂ ਬਚੇਗਾ।

**ਤਬ ਨੱਥੇ ਨੇ ਉਸ ਕੋ ਕਹੀ॥** ਤਾਂ ਨੱਥੇ ਚੌਧਰੀ ਨੇ ਉਸ ਨੂਰ ਦੀਨ ਫ਼ੌਜਦਾਰ ਨੂੰ ਜੁਆਬ ਦਿੱਤਾ ਹੈ।

**'ਮਤਾਬ ਸਿੰਘ ਅਬ ਹਾਜ਼ਰ ਨਹੀਂ' ॥ ੫੯॥** ਮਤਾਬ ਸਿੰਘ ਤਾਂ ਹੁਣ ਹਾਜ਼ਰ ਨਹੀਂ ਹੈ ਪਿੰਡ ਵਿਚ ਅੱਜ। ੫੯।

**ਜਾਨ ਹਮਾਰੀ ਹਾਜ਼ਰ ਆਹੀ॥** ਮੇਰੀ ਜਾਨ ਹਾਜ਼ਰ ਹੈ ਫ਼ੌਜਦਾਰ ਸਾਹਿਬ।

**ਹਮ ਕੋ ਮਾਰੋ ਰਾਖੋ ਚਾਹੀ॥** ਮੈਨੂੰ ਮਾਰੋ ਚਾਹੇ ਰੱਖੋ, ਕਿਵੇਂ ਕਰੋ ਤੁਹਾਡੀ ਮਰਜ਼ੀ।

**ਨੂਰਦੀਨ ਨੇ ਫਿਰ ਯੌਂ ਕਹਯੋ॥** ਫੇਰ ਨੂਰਦੀਨ ਨੇ ਇਉਂ ਕਿਹਾ।

**'ਲਯਾਇ ਪੁਤ੍ਰ ਤਿਸ, ਚਹੈਂ ਤੂੰ ਜੀਓ' ॥ ੬੦॥** ਹਰਿ ਭਗਤ ਨਿਰੰਜਨੀਏ ਨੇ ਨੂਰਦੀਨ ਦੇ ਕੰਨ ਵਿਚ ਹੌਲੀ ਦੇ ਕੇ ਕਿਹਾ ਹੈ ਕਿ ਜੇ ਮਤਾਬ ਸਿੰਘ ਹੈ ਨਹੀਂ, ਤਾਂ ਉਸ ਦਾ ਪੁੱਤਰ ਤਾਂ ਹੈ, ਉਸ ਨੂੰ ਮੰਗਾਓ ਨੂਰਦੀਨ ਨੇ ਕਿਹਾ, ਜੇ ਮਤਾਬ ਸਿੰਘ ਨਹੀਂ ਹੈ, ਤਾਂ ਉਸ ਦਾ ਪੁੱਤਰ ਪੇਸ਼ ਕਰ, ਜੇ ਤੂੰ ਜਿਉਂਦਾ ਰਹਿਣਾ ਹੈ ਤਾਂ। ੬੦।

**ਤਬ ਨੱਥੇ ਤਕਰਾਰ ਸੁ ਕੀਓ॥** ਤਦ ਨੱਥੇ ਉਸ ਦੇ ਨਾਲ ਤਕਰਾਰ ਕੀਤਾ, ਭਾਵ ਫ਼ੌਜਦਾਰ ਨੂੰ ਗੁੱਸੇ ਵਿਚ ਗੱਲ ਕਹੀ।

***'ਲਯਾਊਂ ਟੋਲ ਜੁ ਰਾਖੋ ਜੀਓ'*** ॥ ਮੈਂ ਲੱਭ ਲਿਆਉਂਦਾ ਹਾਂ ਪਿੰਡ ਵਿੱਚੋਂ ਪਰ ਸ਼ਰਤ ਇਹ ਹੈ ਕਿ ਉਸ ਨੂੰ ਮਾਰਨਾ ਨਹੀਂ ਜੇ ਉਸ ਨੂੰ ਜਿਉਂਦਾ ਰੱਖੇਂਗਾ ਤਾਂ ਲੈ ਕੇ ਆਵਾਂਗਾ?

***ਉਨ ਭਾਖਯੋ, 'ਵਹ ਜੀਵਤ ਨਾਂਹੀਂ*** ॥ ਨੂਰਦੀਨ ਕਹਿਣ ਲੱਗਾ, ਇਹ ਛੱਡਦੇ ਗੱਲ, ਉਹ ਕਦੀ ਬਚ ਸਕਦਾ? ਉਹ ਬੱਚਾ ਨਹੀਂ ਬਚੇਗਾ ਲਿਆ ਹਾਜ਼ਰ ਕਰ।

***ਬਚੈ ਉਲਾਦ ਨ ਸਿੰਘ ਖ਼ੂਨੀ ਕਾਹੀ' ॥ ੬੧*** ॥ ਜਿਹੜਾ ਖ਼ੂਨੀ ਸਿੰਘ ਹੈ ਕਾਤਲ ਹੈ, ਉਸ ਦੀ ਉਲਾਦ ਕਿਵੇਂ ਬਚੇਗੀ? ਭਾਵ ਨਹੀਂ ਬਚੇਗੀ ਨਾਲ ਹੀ ਮਾਰਾਂਗੇ ਅਸੀਂ। ਜਦੋਂ ਤਸੱਲੀ ਹੋ ਗਈ ਨੱਥੇ ਦੀ, ਇਹਨਾਂ ਬੇਈਮਾਨਾਂ ਛੱਡਣਾ ਨਹੀਂ, ਇਹ ਬੱਚੇ ਨੂੰ ਤੁਰਤ ਮਾਰ ਦੇਣਗੇ। ੬੧।

***ਬਾਲਕ ਪੈ ਨੱਥਾ ਤਬ ਗਯੋ*** ॥ ਨੱਥਾ ਚੌਧਰੀ ਫ਼ੌਜਦਾਰ ਦੇ ਕਹੇ ਤੋਂ ਬਾਲਕ ਰਾਇ ਸਿੰਘ ਕੋਲ ਚਲਾ ਗਿਆ ਹੈ, ਇਹ ਕਹਿ ਕੇ ਮੈਂ ਬੱਚੇ ਨੂੰ ਲਿਆਉਂਦਾ ਹਾਂ।

***ਦੇਖ ਬਾਲਕੇ ਸੀਸ ਹਿਲਯੋ*** ॥ ਅੱਗੇ ਰਾਇ ਸਿੰਘ ਛੋਟੇ-ਛੋਟੇ ਆਪਦੇ ਹਾਣ ਦੇ ਭੂਜੰਗੀਆਂ ਨਾਲ ਖੇਡ ਰਿਹਾ ਸੀ, ਉਸ ਨੂੰ ਦੇਖ ਕੇ ਨੱਥੇ ਖਹਿਰੇ ਨੇ ਅਫਸੋਸ ਨਾਲ ਆਪਣਾ ਸਿਰ ਹਿਲਾਇਆ।

***ਮੈਂ ਜੋ ਬਾਲਕ ਦੇਊਂ ਫੜਾਇ*** ॥ ਨੱਥਾ ਖਹਿਰਾ ਆਪਣੇ ਆਪ ਕਹਿ ਰਿਹਾ ਹੈ ਕਿ ਜੇ ਮੈਂ ਹੁਣ ਬੱਚੇ ਰਾਇ ਸਿੰਘ ਨੂੰ ਫੜਾ ਦੇਵਾਂ ਫ਼ੌਜਦਾਰ ਨੂੰ।

***ਬਾਲਕ ਤੁਰਤ ਦੇਹਿਂਗੇ ਘਾਇ ॥ ੬੨*** ॥ ਉਹਨਾਂ ਨੇ ਮਾਰਨ ਲੱਗਿਆਂ ਦੇਰ ਨਹੀਂ ਲਾਉਣੀ, ਤੁਰਤ ਹੀ ਬੱਚੇ ਬਾਲਕ ਰਾਇ ਸਿੰਘ ਨੂੰ ਮਾਰ ਦੇਣਗੇ। ੬੨।

***ਦੋਹਰਾ ॥ ਫੜਾਇ ਮਰਾਵਾਂ ਬਾਲ ਕੋ, ਬਿਚ ਪੰਚਾਂ ਮਿਲੈ ਨ ਥਾਂਉਂ*** ॥ ਕਹਿੰਦਾ ਜੇ ਮੈਂ ਬੱਚੇ ਨੂੰ ਫੜਾ ਕੇ ਮਰਵਾਵਾਂ ਤਾਂ ਪੰਚਾਂ ਵਿਚ ਬੈਠਣ ਵਾਸਤੇ ਜਗ੍ਹਾ ਨਹੀਂ ਮਿਲਣੀ, ਉਥੇ ਕਿਸ ਨੇ ਪੰਚਾਂ ਵਿਚ ਖੜ੍ਹਨ ਦੇਣਾ ਮੈਨੂੰ।

***ਮਾਂਗੈ ਸਿੰਘ ਨਿਜ ਪੁਤ੍ਰ ਕੋ, ਦਰਗਹਿ ਕਲੰਕ ਲਗਾਉਂ ॥ ੬੩*** ॥ ਦਰਗਾਹ ਵਿਚ ਆਪਣਾ ਪੁੱਤਰ ਮੰਗੇਗਾ, ਜੋ ਮੇਰੇ ਪਾਸ ਉਸ ਦੀ ਅਮਾਨਤ ਹੈ ਕਿ ਲਿਆ ਮੇਰਾ ਪੁੱਤਰ ਤੈਨੂੰ ਬਾਂਹ ਫੜਾ ਗਿਆ ਸਾਂ ਮੈਂ, ਦਰਗਾਹ ਦੇ ਵਿਚ ਕਲੰਕ ਲੱਗੇਗਾ ਮੈਨੂੰ। ੬੩।

***ਚੌਪਈ ॥ ਤਬ ਨੱਥੇ ਨੇ ਐਸ ਉਚਾਰਾ*** ॥ ਤਦ ਨੱਥੇ ਨੇ ਏਸ ਤਰ੍ਹਾਂ ਆਖਿਆ।

***ਬਾਲਕ ਕੇ ਸੰਗ ਮਰਨਾ ਧਾਰਾ*** ॥ ਬੱਚੇ ਦੇ ਨਾਲ ਹੀ ਮਰੀਏ ਹੁਣ, ਇਸ ਨੂੰ ਫੜਾਉਣਾ ਠੀਕ ਨਹੀਂ ਹੈ, ਇਸ ਦੇ ਨਾਲੋਂ ਮਰਨਾ ਠੀਕ ਹੈ, ਇਉਂ ਪੱਕਾ ਇਰਾਦਾ ਧਾਰ ਲਿਆ ਹੈ।

***ਰਹੈ ਉਲਾਦ ਜਗਤ ਮੈਂ ਮੇਰੀ*** ॥ ਜੇ ਮੇਰੀ ਕੋਈ ਪਿੱਛੇ ਉਲਾਦ ਰਹਿ ਜਾਇਗੀ ਸੰਸਾਰ ਵਿਚ।

***ਸੋਭਾ ਪਾਊਂ ਜਗਤ ਭਲੇਰੀ*** ॥ ਸਭ ਕਹਿਣਗੇ ਨੱਥੇ ਖਹਿਰੇ ਦੀ ਉਲਾਦ ਹੈ, ਉਸ ਸੂਰਮੇ ਦੀ ਉਲਾਦ ਹੈ ਇਹ, ਇਉਂ ਸੰਸਾਰ ਵਿਚ ਜਸ ਪਾਵਾਂਗੇ। ੬੪।

***ਦੋਹਰਾ ॥ ਤਬ ਨੱਥੇ ਕੰਧੇ ਧਰਯੋ ਪੀਛੈ ਕੰਧ ਟਪਾਇ*** ॥ ਤਦ ਨੱਥੇ ਖਹਿਰੇ ਨੇ ਬਾਲਕ ਰਾਇ ਸਿੰਘ ਨੂੰ ਆਪਣੇ ਮੋਢੇ 'ਤੇ ਰੱਖ ਲਿਆ ਹੈ ਤੇ ਘਰ ਦੀ ਪਿਛਲੀ ਕੰਧ ਟੱਪ ਗਿਆ।

***ਪੰਜ ਪੁਰਖ ਤਿਸ ਸੰਗ ਚਲੇ, ਪਏ ਕਮੋਵੀ ਰਾਹਿ ॥ ੬੫*** ॥ ਪੰਜ ਬੰਦੇ ਉਸ ਦੇ ਨਾਲ ਚਲੇ ਹਨ ਅਤੇ ਮਾੜੀ ਕੰਬੋਕੀ ਦੇ ਰਾਹ ਨੂੰ ਤੁਰ ਪਏ ਹਨ। ੬੫।

***ਸਕਾ ਪੁਤ੍ਰ ਅਰੁ ਭਾਨਜਾ, ਚੂਹੜਾ ਸੰਗ ਦਰਵਾਨ*** ॥ ਇਕ ਸਕਾ ਪੁੱਤਰ ਸੀ ਨੱਥੇ ਚੌਧਰੀ ਦਾ, ਇਕ ਭਾਣਜਾ ਸਕਾ, ਘਰ ਦਾ ਕੰਮਕਾਰ ਕਰਨ ਵਾਲਾ ਮਜ਼ਬੀ, ਅਤੇ (ਦਰਬਾਨ) ਪਹਿਰੇਦਾਰ ਸਣੇ ਪੰਜ ਜਣੇ ਸਨ।

***ਸਿਖਰ ਦੁਪਹਿਰੀ ਟੀਟ ਮੈਂ, ਲੰਘ ਗਏ ਇਕ ਮਦਾਨ॥ ੬੬॥*** ਤਪਦੇ ਸਿਖਰ ਦੁਪਹਿਰੇ ਪਿੰਡ ਦੀ ਜੂਹ ਤੋਂ ਪਰੇ ਇਕ ਮੈਦਾਨ ਲੰਘ ਗਏ ਹਨ, ਉਸ ਤੋਂ ਅੱਗੇ ਖੇਤਾਂ ਵਿੱਚ ਚਲੇ ਗਏ ਹਨ। ੬੬।

***ਚੌਪਈ॥ ਹਰ ਭਗਤ ਨਿਰੰਜਨੀਏ ਸੁਨ ਪਾਈ॥*** ਇਹ ਚੁਗਲ ਜਿਹੜੇ ਪਿੱਛੇ ਲੱਗੇ ਹੋਏ ਸਨ, ਆਉਂਦਾ ਹੈ ਕਿ ਨਹੀਂ ਆਉਂਦਾ, ਉਨਾਂ ਜਾ ਕੇ ਹਰਿ ਭਗਤ ਨਿਰੰਜਨੀਏ ਨੂੰ ਦੱਸਿਆ ਹੈ ਕਿ ਉਹ ਤਾਂ ਹਰਨ ਹੋ ਗਿਆ ਹੈ। ਹਰਿ ਭਗਤ ਨੇ ਸੁਣਿਆ ਹੈ ਕਿ ਉਹ ਤਾਂ ਭੱਜ ਗਏ ਹਨ ਸਾਰੇ।

***'ਨੱਥਾ ਗਯੋ ਸੁ ਕੰਧ ਟਪਾਈ'॥*** ਨੱਥਾ ਤਾਂ ਆਪਣੀ ਘਰ ਦੀ ਪਿੱਛੇ ਦੀ ਕੰਧ ਟਪਾ ਕੇ ਲੈ ਗਿਆ ਹੈ ਉਸ ਨੂੰ।

***ਤੁਰਤ ਦੌੜ ਉਨ ਚੁਗਲੀ ਖਾਈ॥*** ਤੁਰਤ ਹੀ ਦੌੜ ਕੇ ਉਸ ਨੇ ਜਾ ਚੁਗਲੀ ਕੀਤੀ।

***ਗਯੋ ਨੱਠ ਆਯੋ ਜਿਹ ਤਾਈ॥ ੬੭॥*** ਕਹਿਣ ਲੱਗਾ ਹੈ, ਉਹ ਭੱਜ ਗਏ ਹਨ, ਜਿਹਨਾਂ ਦੀ ਫੜਨ ਦੀ ਖ਼ਾਤਰ ਏਥੇ ਆਏ ਹੋ। ੬੭।

***ਸੋ ਨਠ ਗਏ ਨ ਰਹਿਗੁ ਹਮਾਰੀ॥*** ਜੇ ਉਹ ਭੱਜ ਗਏ ਸਾਡੇ ਕੋਲੋਂ, ਤਾਂ ਸਾਡੀ ਤਾਂ ਉਕਾ ਹੀ ਪਤਿ ਨਹੀਂ ਜੇ ਰਹਿਣੀ, ਫ਼ੌਜਦਾਰ ਤੇ ਚੁਗਲ ਸਾਰੇ ਆਪਸ ਵਿਚ ਕਹਿਣ ਲੱਗੇ ਹਨ।

***ਚੜ੍ਹੋ ਤੁਰਤ ਤਿਸ ਲਈਏ ਮਾਰੀ॥*** ਚਲੋ ਤੁਰਤ ਹੀ ਹੱਲਾ ਕਰਕੇ ਉਸ ਨੂੰ ਮਾਰ ਲਈਏ।

***ਸੁਨਤ ਫੌਜ ਤੁਰਤਹ ਚੜ੍ਹ ਪਈ॥*** ਫ਼ੌਜ ਤਾਂ ਤਿਆਰ ਹੀ ਖੜ੍ਹੀ ਸੀ, ਇਹ ਸੁਣ ਕੇ ਤੁਰੰਤ ਹੀ ਚਲ ਪਈ ਉਧਰ ਨੂੰ।

***ਪਹਿਲੇ ਜਾਇ ਸੁ ਪੈੜੇ ਲਈ॥ ੬੮॥*** ਪਹਿਲਾਂ ਤਾਂ ਪੈੜ ਲਈ ਉਹਨਾਂ ਦੀ, ਏਧਰੋਂ ਉਤਰੇ ਨੇ, ਐਧਰੋਂ ਲੰਘ ਗਏ ਨੇ, ਇਉ ਪੈੜ ਫੜ ਲਈ ਹੈ ਉਨ੍ਹਾਂ ਨੇ। ੬੮।

***ਦੋਹਰਾ॥ ਤਬ ਨੱਥੇ ਨੇ ਪੁਨ ਕਹਯੋ, ਲੋਕਨ ਕੋ ਸਮਝਾਇ॥*** ਤਦ ਨੱਥੇ ਖਹਿਰੇ ਨੇ ਆਪਣੇ ਨਾਲ ਦੇ ਸਾਥੀਆਂ ਨੂੰ ਸਮਝਾ ਕੇ ਆਖਿਆ।

***'ਤੁਮ ਰਾਇ ਸਿੰਘ ਕੌ ਲੈ ਨਠੋ, ਮੈਂ ਰਾਖੋਂ ਫੌਜ ਅਟਕਾਇ'॥ ੬੯॥*** ਕਹਿਣ ਲੱਗਾ ਤੁਸੀਂ ਸਾਰੇ ਰਾਏ ਸਿੰਘ ਭੁੰਜਗੀ ਨੂੰ ਲੈ ਕੇ ਭੱਜ ਜਾਉ! ਤੇ ਫ਼ੌਜ ਨੂੰ ਮੈਂ ਰੋਕਦਾ ਹਾਂ, ਮੈਂ ਫ਼ੌਜ ਦੇ ਨਾਲ ਲੜਾਂਗਾ, ਤੁਸੀਂ ਇਸ ਬੱਚੇ ਨੂੰ ਲੈ ਕੇ ਦੂਰ ਨਿਕਲ ਜਾਉ। ੬੯।

***ਚੌਪਈ॥ ਨੱਥੇ ਕਹਯੋ ਸੁਤ! ਤੁਮ ਨਠ ਜਾਵੋ॥*** ਨੱਥੇ ਸਭ ਨੂੰ ਕਿਹਾ ਪਰ ਨਾ ਉਹ ਨਾ ਮੰਨੇ, ਨਹੀਂ ਪੰਚ ਜੀ! ਇਹ ਕਿਤੇ ਹੋ ਸਕਦਾ ਹੈ? ਫੇਰ ਨੱਥੇ ਨੇ ਆਪਣੇ ਪੁੱਤਰ ਨੂੰ ਆਖਿਆ ਹੈ ਕਿ ਹੇ ਪੁੱਤਰ! ਤੂੰ ਰਾਇ ਸਿੰਘ ਨੂੰ ਲੈ ਭੱਜ ਜਾਹ ਏਥੋਂ।

***ਇਸ ਬਾਲਕ ਕੋ ਕੰਧੇ ਚੜ੍ਹਾਵੋ॥*** ਤੂੰ ਇਸ ਬੱਚੇ ਨੂੰ ਮੋਢੇ 'ਤੇ ਚੜ੍ਹਾ ਕੇ ਲੈ ਜਾ।

***ਜੇ ਤੁਮ ਬਾਲਕ ਅਬ ਤਜ ਜਾਵੋ॥*** ਜੇ ਤੁਸੀਂ ਬੱਚੇ ਨੂੰ ਛੱਡ ਕੇ ਚਲੇ ਜਾਵੋਗੇ।

***ਤੌ ਅਤਿ ਨਿੰਦਯਾ ਜਗ ਮੈਂ ਪਾਵੋ॥ ੭੦॥*** ਤਾਂ ਸੰਸਾਰ ਵਿਚ ਅਤੀ ਜ਼ਿਆਦਾ ਨਿੰਦਿਆ ਨੂੰ ਪਾਉਗੇ। ੭੦।

***ਜਾ ਕੀ ਖਾਤਰ ਨਠ ਕਰ ਮਰੇ॥*** ਜਿਸ ਬੱਚੇ ਦੀ ਖ਼ਾਤਰ ਭੱਜ ਕੇ ਮਰੇ।

***ਅੰਤੁ ਕਾਲ, ਤਿਸ ਤਜ ਗੇ ਖਰੇ॥*** ਕਹਿਣਗੇ ਅੰਤ ਸਮੇਂ ਜਦੋਂ ਮੌਕਾ ਬਣਿਆ, ਤਾਂ ਖੜ੍ਹੇ ਨੂੰ ਛੱਡ ਕੇ ਭੱਜ ਗਏ ਸਨ।

***ਮੈਂ ਈਹਾਂ ਰੋਕ ਫੌਜ ਸੁ ਲਰੋਂ॥*** ਤੁਸੀਂ ਨੱਠ ਜਾਉ ਮੇਰਾ ਬਚਨ ਮੰਨੋਂ, ਮੈਂ ਇਕੱਲਾ ਹੀ ਏਥੇ ਰੁਕ ਕੇ ਫ਼ੌਜ ਨਾਲ ਲੜਾਂਗਾ, ਤੁਸੀਂ ਹੱਲਾ ਕਰ ਜਾਉ ਸਾਰੇ।

***ਤੁਮ ਕਿਤ ਜਾਇ ਗਾਉਂ ਮੈਂ ਵਰੋ॥ ੭੧॥*** ਤੁਸੀਂ ਭੱਜ ਕੇ ਜਾ ਕੇ ਕਿਸੇ ਨਗਰ ਵਿਚ ਵੜ ਜਾਉ। ੭੧।

***ਇਸ ਬਾਲਕ ਕੋ ਦਿਹੋ ਲੁਕੋਇ॥*** ਇਸ ਬੱਚੇ ਨੂੰ ਲੁਕੋ ਦਿਉ ਕਿਤੇ, ਇਹ ਨਾ ਲੱਭ ਜਾਏ ਉਨ੍ਹਾਂ ਨੂੰ।

***ਪਾਛੈ ਤੁਮ ਸਿਰ ਹੋਇ ਸੁ ਹੋਇ॥*** ਪਿੱਛੋਂ ਤੁਹਾਡੇ ਸਿਰ 'ਤੇ ਜੁ ਹੁੰਦੀ ਹੈ ਹੋ ਜਾਇ, ਵੇਖੀ ਜਾਇਗੀ, ਇਸ ਨੂੰ ਬਚਾਉ, ਜਿਵੇਂ

ਬਚਦਾ ਹੈ।

***ਇਸਕਾ ਪਿਤਾ ਸੌਂਪ ਹਮ ਗਯੋ॥*** ਇਸ ਦਾ ਪਿਤਾ ਮਤਾਬ ਸਿੰਘ ਮੈਨੂੰ ਸੌਂਪ ਗਿਆ ਸੀ, ਮੇਰੇ ਸਪੁਰਦ ਕਰ ਗਿਆ ਸੀ।

***ਤਿਸ ਖਾਤਰ ਹਮ ਮਰਨੌਂ ਭਯੋ॥ ੭੨॥*** ਇਸ ਦੀ ਖ਼ਾਤਰ ਹੁਣ ਸਾਨੂੰ ਮਰਨਾ ਪਿਆ ਹੈ, ਇਸ ਦੀ ਖ਼ਾਤਰ ਮਰਦੇ ਹਾਂ। ੭੨।

***ਦੋਹਰਾ॥ ਤਿਸਕੇ ਪੁਤਰ ਤਬ ਕਹਯੋ, ਹਮ ਨਠ ਬਚੈਂ ਸੁ ਨਾਹਿਂ॥*** ਉਸ ਦੇ ਪੁੱਤਰ ਨੇ ਅੱਗੋਂ ਕਿਹਾ, ਪਿਤਾ ਜੀ! 'ਹੁਣ ਸਾਥੋਂ ਭੱਜ ਕੇ ਵੀ ਬਚਿਆ ਨਹੀਂ ਜਾਣਾ ਹੈ, ਹੁਣ ਅਸੀਂ ਭੱਜ ਕੇ ਵੀ ਬਚ ਨਹੀਂ ਸਕਾਂਗੇ'।

***ਮੌਤ ਆਈ ਹਮ ਸੀਸ ਪੈ ਕਿਮ ਕਰ ਲੁਕੈਂ ਛਿਪਾਹਿ॥ ੭੩॥*** ਮੌਤ ਤਾਂ ਹੁਣ ਸਾਡੇ ਸਿਰ 'ਤੇ ਆ ਢੁਕੀ ਹੈ, ਹੁਣ ਕਿਵੇਂ ਲੁਕੀਏ ਛਿਪਏ, ਭਾਵ ਹੁਣ ਲੁਕਿਆ ਨਹੀਂ ਜਾ ਸਕਦਾ। ਹੁਣ ਨਹੀਂ ਸਮਾਂ ਰਹਿ ਗਿਆ ਲੁਕਣ ਛਿਪਣ ਦਾ। ੭੩।

***ਚੌਪਈ॥ ਤਬ ਲਗ ਫੌਜ ਲਏ ਵੌਹ ਘੇਰ॥*** ਉਦੋਂ ਤੱਕ ਫ਼ੌਜ ਨੇ ਚਾਰ-ਚੁਫੇਰਿਓਂ ਘੇਰ ਲਿਆ ਹੈ ਉਨ੍ਹਾਂ ਨੂੰ।

***ਮਾਰੀ ਬੰਦੂਕਨ ਕਰੀ ਨ ਬੇਰ॥*** ਉਹਨਾਂ ਦੇਰੀ ਨਹੀਂ ਕੀਤੀ, ਉਹਨਾਂ ਨੇ ਛਲਕ ਕਰ ਦਿੱਤੀ ਬੰਦੂਕਾਂ ਦੀ।

***ਤਬ ਤੇ ਜੱਟ ਮੁੜੇ ਕਰ ਹੂਰ॥*** ਤਦੋਂ ਜੱਟ ਨੱਥੇ ਖਹਿਰੇ ਹੋਰੀਂ (ਹੂਰ) ਹੂੜ੍ਹ, ਹੱਲਾ ਕਰਕੇ ਪਿਛਾਂਹ ਨੂੰ ਮੁੜੇ ਹਨ ਫ਼ੌਜ ਵੱਲ ਨੂੰ ਕਿ ਇਹਨਾਂ ਨੇ ਛੱਡਣਾ ਤਾਂ ਹੈ ਨਹੀਂ ਹੁਣ ਬੰਦੂਕਾਂ ਚਲਾਉਣ ਲੱਗ ਪਏ।

***ਕਰੇ ਮੁਗ਼ਲ ਤਬ ਢਿਗ ਤੇ ਦੂਰ॥ ੭੪॥*** ਜਿਹੜੇ ਮੁਗਲ ਉੱਤੇ ਚੜ੍ਹੇ ਆਉਂਦੇ ਸੀ, ਹੱਲਾ ਕਰਕੇ ਉਹਨਾਂ ਨੂੰ ਆਪਣੇ ਤੋਂ ਦੂਰ ਕਰ ਦਿੱਤਾ। ੭੪।

***ਦੋਹਰਾ॥ ਤਬ ਮੁਗਲਨ ਨੇ ਸੌਂ ਕਹਯੋ, ਰੰਘੜਨ ਕੇ ਸੁ ਬੁਲਾਇ॥*** ਜਦੋਂ ਅੱਗੋਂ ਇਹਨਾਂ ਦੇ ਮੂੰਹ 'ਤੇ ਵੱਜੀਆਂ ਤੇ ਦੂਰ ਕਰ ਦਿੱਤੀ ਫ਼ੌਜ, ਤਾਂ ਫ਼ੌਜਦਾਰ ਪਿਛਾਂਹ ਜਾਂ ਖੜ੍ਹੋਤੇ, ਤਾਂ ਉਹਨਾਂ ਨੇ ਰੰਘੜਾਂ ਨੂੰ ਬੁਲਾ ਕੇ ਆਖਿਆ।

***ਲੇਵੋ ਬਦਲੋ ਅਬ ਤੁਮੀ, ਮੱਸੇ ਕੇ ਜੁ ਭਰਾਇ'॥ ੭੫॥*** ਮੱਸੇ ਦੇ ਜੋ ਭਰਾ ਸਨ, ਉਹਨਾਂ ਨੂੰ ਕਿਹਾ ਕਿ ਤੁਸੀਂ ਹੁਣ ਆਪਣੇ ਭਰਾ ਦਾ ਬਦਲਾ ਲੈ ਲਵੋ, ਇਹਨਾਂ ਨੂੰ ਮਾਰ ਕੇ। ਅੱਗੇ ਔਹ ਖੜ੍ਹੇ ਹਨ ਤੁਹਾਡੇ ਦੁਸ਼ਮਣ, ਅੱਗੇ ਹੋ ਕੇ ਲੜੋ ਉਹਨਾਂ ਨਾਲ। ੭੫।

***ਚੌਪਈ॥ ਤਬ ਫਿਰ ਰੰਘੜਨ ਹੱਲਾ ਕੀਆ॥*** ਫ਼ੌਜਦਾਰਾਂ ਦੀ ਵੰਗਾਰ ਨੂੰ ਸੁਣ ਕੇ ਤਦੋਂ ਰੰਘੜਾਂ ਨੇ ਨੱਥੇ ਖਹਿਰੇ ਅਤੇ ਉਸ ਦੇ ਸਾਥੀਆਂ 'ਤੇ ਹੱਲਾ ਕਰ ਦਿੱਤਾ ਹੈ।

***ਦੂਰ ਦੂਰ ਕਰ ਫੇਰਾ ਦੀਆ॥*** ਦੂਰ-ਦੂਰ ਤੱਕ ਉਹਨਾਂ ਦੇ ਦੁਆਲੇ ਗੇੜ੍ਹਾ ਦਿੱਤਾ ਹੈ ਰੰਗੜਾਂ ਨੇ ਕਿ ਕਿਵੇਂ ਹੱਲਾ ਕਰਕੇ ਪਈਏ ਇਨ੍ਹਾਂ ਨੂੰ।

***ਜੱਟਨ ਕੀ ਕਿਛ ਲਗੇ ਨ ਵਾਹ॥*** ਜੱਟਾਂ ਦੀ ਕੋਈ ਵਾਹ ਨਹੀਂ ਜਾਂਦੀ, ਉਹਨਾਂ ਅੱਗੇ। ਨੱਥੇ ਚੌਧਰੀ ਹੋਰਾਂ ਦਾ ਕੋਈ ਬਲ ਨਹੀਂ ਪੈਂਦਾ ਉਨ੍ਹਾਂ ਅੱਗੇ।

***ਨਹਿਂ ਹਥਯਾਰ ਬਡ ਜੱਟਨ ਪਾਹ॥ ੭੬॥*** ਜੱਟਾਂ ਦੇ ਪਾਸ ਭਾਵ ਨੱਥੇ ਹੋਰਾਂ ਕੋਲ ਕੋਈ ਵੱਡੇ ਹਥਿਆਰ ਨਹੀਂ ਸਨ, ਇਕੋ ਹੀ ਕਮਾਨ ਸੀ ਇਕੱਲੇ ਨੱਥੇ ਕੋਲ। ੭੬।

***ਇਕ ਪਹਿ ਬਰਛੀ ਇਕ ਪਹਿ ਸੇਲ॥*** ਇਕ ਦੇ ਕੋਲ ਬਰਛੀ ਤੇ ਇਕ ਕੋਲ ਸੇਲਾ ਸੀ।

***ਦੇਵੈਂ ਰੰਘੜਨ ਛਾਤੀ ਪੇਲ॥*** ਜਿਹੜਾ ਵੀ ਰੰਘੜ ਅੱਗੇ ਪੈਰ ਧਰਦਾ ਹੈ, ਉਸ ਦੀ ਛਾਤੀ ਵਿਚ ਦੀ ਲੰਘਾ ਦਿੰਦੇ ਹਨ, ਆਉਂਦੇ ਨੂੰ ਪਰੋ ਦਿੰਦੇ ਹਨ ਉਸ ਨੂੰ।

***ਹਾਥ ਚੂਹੜੇ ਕੇ ਦੰਡਾ ਭਾਰੀ॥*** ਮਜ਼ਬੀ ਸਿੱਖ ਦੇ ਹੱਥ ਵਿਚ ਇਕ ਬੜਾ ਭਾਰੀ ਡੰਡਾ ਸੀ।

***ਮੱਸੇ ਭਾਈ ਸਿਰ ਲਾਯੋ ਕਾਰੀ॥ ੭੭॥*** ਇਕ ਤਕੜਾ ਸਲੋਤਰ ਮੱਸੇ ਦੇ ਭਾਈ ਦੇ ਸਿਰ ਵਿਚ ਠੋਕਿਆ ਹੈ ਕਸ ਕੇ, ਉਸ ਦਾ ਸਿਰ ਖੱਖੜੀ ਵਾਂਗੂੰ ਫੇਰ ਦਿੱਤਾ ਹੈ। ੭੭।

***ਹੱਥ ਤਲਵਾਰ ਬਰਵਾਲੇ ਰਹੀ॥*** (ਬਰਵਾਲਾ) ਦਰਬਾਨ ਦੇ ਹੱਥ ਵਿਚ ਤਲਵਾਰ ਫੜੀ ਹੋਈ ਸੀ।

***ਮਰਦਨ ਘੋੜਨ ਲਾਈ ਕਹੀ॥*** ਕਈ ਮਰਦ ਸੁੱਟੇ ਹਨ ਉਸ ਨੇ ਘੋੜਿਆਂ ਤੋਂ, ਕਈ ਘੋੜਿਆਂ ਦੇ ਢਿੱਡ ਪਾੜੇ ਹਨ ਉਸ ਨੇ ਤਲਵਾਰ ਦੇ ਨਾਲ।

***ਭਾਜ ਰੰਘੜ ਜਾ ਮੁਗਲਨ ਕਹੈਂ॥*** ਭਾਜ ਦੇ ਦਿੱਤੀ ਇਹਨਾਂ ਜੁਆਨਾਂ ਨੇ, ਤਲਵਾਰ, ਬਰਛੀ, ਸੇਲੇ ਤੇ ਡੰਡੇ ਨਾਲ ਹੀ, ਰੰਘੜਾਂ ਨੂੰ ਸੁੱਟ ਲਿਆ ਹੈ। ਮੱਸੇ ਦਾ ਭਰਾ ਸੁੱਟ ਲਿਆ, ਉਸ ਦੇ ਭਤੀਜੇ ਸੁੱਟ ਲਏ, ਬਾਕੀ ਦੇ ਭੱਜ ਕੇ ਕਹਿਣ ਲੱਗੇ, ਮੁਗਲ ਫ਼ੌਜ ਨੂੰ।

***'ਹਮ ਤੇ ਜੱਟ ਮਰਨ ਤੇ ਰਹੈਂ' ॥ ੭੮॥*** ਇਹ ਜੱਟ ਨਹੀਂ ਮਰਦੇ ਸਾਥੋਂ ਸਾਰਿਆਂ ਤੋਂ, ਆਹ ਵੇਖ ਲਉ ਸਾਨੂੰ ਮਾਰ ਲਿਆ ਸਾਰਿਆਂ ਨੂੰ, ਇਹ ਨਹੀਂ ਡਿਗਦੇ ਸਾਡੇ ਕੋਲੋਂ। ੭੮।

***ਏਕੋ ਨੱਥਾ ਤੀਰਨ ਮਾਰੇ॥*** ਇਕੋ ਹੀ ਇਕੱਲਾ ਨੱਥਾ ਖਹਿਰਾ ਤੀਰੰਦਾਜ ਸੀ, ਉਹ ਤੀਰ ਮਾਰਦਾ ਸੀ ਦੂਰ-ਦੂਰ ਤਾਈਂ।

***ਜਿਸ ਤਨ ਲੱਗੇ ਤਿਸ ਹੁਇ ਪਾਰੇ॥*** ਜਿਸ ਦੇ ਸਰੀਰ 'ਤੇ ਤੀਰ ਲੱਗਦਾ ਹੈ, ਪਾੜ ਕੇ ਉਸ ਦੇ ਸਰੀਰ ਨੂੰ ਪਾਰ ਨਿਕਲ ਜਾਂਦਾ ਹੈ।

***ਮੁਗਲ ਕਹੈਂ, 'ਤੁਮ ਮੱਸੇ ਭਾਈ'॥*** ਮੁਗਲ ਸਿਪਾਹੀ ਰੰਘੜਾਂ ਨੂੰ ਕਹਿਣ ਲੱਗੇ ਤੁਸੀਂ ਮੱਸੇ ਦੇ ਭਾਈ ਹੋ।

***ਲੇਵੋ ਵੈਰ ਆਪ ਤੁਮ ਜਾਈ' ॥ ੭੯॥*** ਤੁਹਾਡੇ ਦੁਸ਼ਮਣ ਸਾਹਮਣੇ ਖੜ੍ਹੇ ਲਲਕਾਰਦੇ ਹਨ, ਤੁਸੀਂ ਆਪ ਅੱਗੇ ਹੋ ਕੇ ਆਪਣੇ ਭਰਾ ਦਾ ਵੈਰ ਲੈ ਲਉ ਅੱਗੇ ਹੋ ਕੇ। ੭੯।

***ਕਜਾ ਤੁਮ ਹਮ ਸੇ ਨਹੀਂ ਸਿਪਾਹੀ?*** ਤੁਸੀਂ ਸਾਡੇ ਵਰਗੇ ਨੌਕਰ ਨਹੀਂ ਹੋ, ਸਰਕਾਰ ਦੇ, ਤੁਸੀਂ ਨਹੀਂ ਸਿਪਾਹੀ, ਤਨਖ਼ਾਹਾਂ ਨਹੀਂ ਲੈਂਦੇ, ਆਪ ਲੜੋ ਤਾਂ ਤੁਸੀਂ ਵੀ ਸਿਪਾਹੀ, ਅਸੀਂ ਵੀ ਸਿਪਾਹੀ, ਤੁਹਾਡੀ ਖ਼ਾਤਰ ਅਸੀਂ ਕਿਉਂ ਲੜੀਏ? ਆਪੇ ਬਦਲਾ ਲਉ ਅਗਾਂਹ ਹੋ ਕੇ।

***ਕਿਮ ਤੁਮ ਹਮਰੀ ਓਟ ਤਕਾਈ?*** ਸਾਡੀ ਓਟ ਕਿਉਂ ਤਕਾਈ ਹੈ ਤੁਸੀਂ, ਅਸੀਂ ਤੁਹਾਡੇ ਰਾਖੇ ਹਾਂ? ਅਗਾਂਹ ਹੋ ਕੇ ਲੜੋ।

***ਹਰ ਭਗਤ ਨਿਰੰਜਨੀਏਂ ਪੈ ਜਾਹੋ॥*** ਜਾਂ ਫਿਰ ਜਿਹੜਾ ਹਰਿ ਭਗਤ ਨਿਰੰਜਨੀਆਂ ਜਿਹੜਾ ਚੁਗਲ ਹੈ, ਜਿਹੜਾ ਚੁਗਲੀ ਕਰਕੇ ਲਿਆਇਆ ਹੈ, ਉਸ ਦੇ ਕੋਲ ਜਾਉ, ਉਹ ਤੁਹਾਡੀ ਮਦਦ ਕਰੇ।

***ਜੱਟ ਰੰਘੜ ਦੁਇ ਵਲ ਤੇ ਪਾਹੋ॥ ੮੦॥*** ਇਕ ਪਾਸਿਓਂ ਜੱਟ ਤੇ ਦੂਜੇ ਪਾਸਿਓਂ ਰੰਘੜ ਇਕੱਠੇ ਹੋ ਕੇ ਪੈ ਜਾਉ, ਕਰ ਦਿਓ ਹੱਲਾ, ਸਾਡੀ ਓਟ ਕਿਉਂ ਤਕਾਉਂਦੇ ਹੋ? ਇਉਂ ਫ਼ੌਜ ਵਾਲਿਆਂ ਨੇ ਜਵਾਬ ਦੇ ਦਿੱਤਾ ਪਰ੍ਹੇ ਹੋ ਗਏ। ੮੦।

***ਸੁਨ ਹਰ ਭਗਤ ਸੁ ਐਸੀ ਕਹੀ॥*** ਫੌਜਦਾਰਾਂ ਤੋਂ ਐਸਾ ਜੁਆਬ ਸੁਣ ਕੇ, ਹਰ ਭਗਤ ਨਿਰੰਜਨੀਏ ਨੇ ਇਸ ਤਰ੍ਹਾਂ ਕਿਹਾ।

***'ਹਮ ਤੇ ਭੀ ਜੱਟ ਮਰਤੇ ਨਹੀ॥*** ਉਹ ਕਹਿੰਦਾ 'ਸਾਡੇ ਕੋਲੋਂ ਵੀ ਨਹੀਂ ਮਰਦੇ ਇਹ ਜੱਟ, ਇਹ ਤਾਂ ਆਕੀ ਹੋ ਗਏ ਹਨ, ਇਹ ਤਾਂ ਡਿਗਦੇ ਹੀ ਨਹੀਂ ਹਨ ਕਿਸੇ ਤੋਂ।'

***ਮਾਰੇ ਨੱਥਾ ਜਿਸ ਤਨ ਕਾਨੀ॥*** ਨੱਥਾ ਚੌਧਰੀ ਖਿੱਚ-ਖਿੱਚ ਕੇ ਤੀਰ ਮਾਰਦਾ ਹੈ, ਨੱਥੇ ਦਾ ਤੀਰ ਜਿਸ ਸਰੀਰ 'ਤੇ ਵੀ ਲੱਗਦਾ।

***ਮਾਂਗੇ ਨਹਿੰ ਵੈ ਮੁਖ ਤੇ ਪਾਨੀ॥ ੮੧॥*** ਆਪਣੇ ਮੂੰਹੋਂ ਪਾਣੀ ਮੰਗਣ ਜੋਗਾ ਵੀ ਨਹੀਂ ਰਹਿ ਜਾਂਦਾ। ੮੧।

***ਹਥਯਾਰ ਫੇਟਨ ਸੋਂ ਸੋ ਨਹਿੰ ਮਰੇ॥*** ਹਥਿਆਰਾਂ ਦੀ ਫੇਟਾਂ ਨਾਲ ਭਾਵ ਬਰਛੀਆਂ, ਤਲਵਾਰਾਂ ਤੇ ਘੋੜਿਆਂ ਦੀਆਂ ਫੇਟਾਂ ਨਾਲ ਵੀ ਉਹ ਨਹੀਂ ਮਰੇ ਹਨ, ਘੋੜਿਆਂ ਵਾਲੇ ਤਾਂ ਉਨ੍ਹਾਂ ਨੂੰ ਘੋੜਿਆਂ ਦੀ ਫੇਟ ਮਾਰ ਕੇ ਡੇਗ ਹੀ ਨਾ ਸਕੇ।

***ਮਾਰੇ ਗੋਲਿਨ ਛੱਰਰੇ ਭਰੇ॥*** ਹੁਣ ਦੂਰੋਂ ਹੀ ਛੱਰਰਿਆਂ ਨਾਲ ਭਰੀਆਂ ਗੋਲੀਆਂ ਦੇ ਫਾਇਰ ਕਰਦੇ ਹਨ।

***ਉਹ ਕਮਾਨੀ ਬਡੋ ਕਹਾਵੈ॥*** ਉਹ ਨੱਥਾ ਖਹਿਰਾ ਬੜਾ ਭਾਰੀ ਕਮਾਨਚੀ ਕਹਾਉਂਦਾ ਸੀ, ਤੀਰ-ਅੰਦਾਜ਼ ਕਹਾਉਂਦਾ ਸੀ।

***ਤੀਰ ਰਾਮ ਤੀਰਥ ਪਾਰ ਪੁਚਾਵੈ॥ ੮੨॥*** ਉਸ ਦਾ ਤੀਰ ਰਾਮ ਤੀਰਥ ਤੋਂ ਵੀ ਪਾਰ ਟੱਪ ਜਾਂਦਾ ਸੀ, ਐਸਾ ਤੀਰ-ਅੰਦਾਜ਼

ਸੀ ਉਹ। ੮੨।

***ਦੋਹਰਾ॥ ਹਰ ਭਗਤ ਕਹੀ ਸੋਈ ਕਰੀ, ਮੁਗਲਨ ਕਹੀ ਚੁਫੇਰ॥*** ਜਦੋਂ ਹਰਿ ਭਗਤ ਨੇ ਇਉਂ ਆਖਿਆ ਹੈ ਕਿ ਸਾਡੇ ਤੋਂ ਨਹੀਂ ਮਰਦੇ ਇਕੱਲਿਆਂ ਤੋਂ, ਆਪਾਂ ਸਾਰੇ ਇਕੱਠੇ ਹੋ ਕੇ ਮਾਰੀਏ, ਤਾਂ ਮੁਗਲਾਂ ਨੇ ਉਸੇ ਤਰ੍ਹਾਂ ਤੇ ਆਪਣੀ (ਕਹੀ) ਫ਼ੌਜ ਨੂੰ ਚੌਹੀਂ-ਤਰਫੀ ਕਰ ਲਿਆ।

***ਦੋਇ ਚੁਫੇਰੋ ਪਾਸਣਾ ਲਏ ਚੁਤਰਫੋਂ ਘੇਰ॥ ੮੩॥*** ਚਾਰੇ ਪਾਸਿਆਂ ਤੋਂ ਘੇਰ ਕੇ ਦੋਹਾਂ ਪਾਸਿਆਂ ਤੋਂ ਹੱਲਾ ਕਰ ਦਿੱਤਾ। ੮੩।

***ਨੱਥੇ ਮਨ ਮੈਂ ਜਾਨਯੋ 'ਅਬ ਮਰਨੇ ਸ਼ੱਕ ਨ ਕਾਇ'॥*** ਨੱਥੇ ਚੌਧਰੀ ਨੇ ਮਨ ਵਿਚ ਜਾਣ ਲਿਆ ਹੈ ਕਿ ਮਰਨ ਦਾ ਵੇਲਾ ਆ ਗਿਆ, ਇਸ ਦੇ ਵਿਚ ਕਿਸੇ ਤਰ੍ਹਾਂ ਦੀ ਸ਼ੰਕਾ ਨਹੀਂ ਹੈ, ਕਿਉਂਕਿ ਹੁਣ ਸਾਰੇ ਟੁੱਟ ਕੇ ਪੈ ਗਏ ਹਨ ਹੱਲਾ ਕਰਕੇ।

***ਮਾਰਨ ਆਏ ਮਾਰੀਏ ਕਯਾ ਰਾਣਾ ਕਯਾ ਰਾਇ॥ ੮੪॥*** ਜੇ ਕੋਈ ਮਾਰਨ ਆਇਆ ਹੋਵੇ ਤਾਂ ਉਸ ਨੂੰ ਮਾਰ ਲਈਏ, ਕੋਈ ਬਾਦਸ਼ਾਹ ਹੋਵੇ ਜਾਂ ਰਾਜਾ ਹੋਵੇ। ਇਸ ਸੋਚ ਕੇ ਨੱਥਾ ਵੀ ਲੜਨ-ਮਰਨ ਵਾਸਤੇ ਤਿਆਰ ਹੋ ਗਿਆ ਹੈ। ੮੪।

***ਚੌਪਈ॥ ਨੱਥੇ ਤੀਰ ਜਾਂਹਿ ਤਨ ਲਾਯਾ॥*** ਨੱਥਾ ਜਿਉਂ ਤੇਜੀ ਨਾਲ ਤੀਰ ਚਲਾਉਣ ਲੱਗਾ ਹੈ, ਜਿਸ ਦੇ ਵੀ ਸਰੀਰ ਨੂੰ ਉਸ ਨੇ ਤੀਰ ਲਾਇਆ।

***ਸੋ ਲਗ ਦੂਸਰ ਓਰ ਸਿਧਾਯਾ॥*** ਉਹ ਤੀਰ ਲੱਗ ਕੇ ਦੂਸਰੀ ਤਰਫ ਭਾਵ ਪਾਰ ਹੀ ਹੋ ਗਿਆ, ਸਰੀਰ ਵਿਚ ਲੱਗ ਕੇ ਦੂਜੇ ਪਾਸੇ ਪਾਰ ਹੋ ਗਿਆ।

***ਤਬ ਫਿਰ ਹੋਨਹਾਰ ਯੌਂ ਭਈ॥*** ਤਦ ਫਿਰ ਜੋ ਹੋਣੀ ਸੀ ਕੁਦਰਤੋਂ ਇਸ ਤਰ੍ਹਾਂ ਹੋਈ ਹੈ।

***ਉਤਰ ਕਮਾਨ ਉਸ ਚਿੱਲਿਓਂ ਗਈ॥ ੮੫॥*** ਚਿੱਲੇ ਵਿੱਚੋਂ ਉਸ ਦੀ ਕਮਾਨ ਉਤਰ ਗਈ, ਹੁਣ ਤੀਰ ਕਿਵੇਂ ਖਿੱਚੇ, ਜਦੋਂ ਕਮਾਨ ਹੀ ਲਹਿ ਗਈ, ਉਪਰੋਂ ਚਿੱਲਾ ਹੀ ਲਹਿ ਗਿਆ। ੮੫।

***ਕਮਾਨ ਜ਼ਿਮੀਂ ਸੋ ਨੱਥੇ ਮਾਰੀ॥*** ਹੁਣ ਕੌਣ ਚੜ੍ਹਾਉਣ ਦਿੰਦਾ ਸੀ ਤੁਰੰਤ, ਓਧਰੋਂ ਹੱਲਾ ਹੋ ਗਿਆ, ਨੱਥੇ ਨੇ ਕਮਾਣ ਵਗਾਹ ਕੇ ਧਰਤੀ 'ਤੇ ਮਾਰੀ।

***ਫਿਰ ਕੱਢ ਹੱਥ ਸ਼ਮਸ਼ੇਰ ਸੁਧਾਰੀ॥*** ਲੱਕ ਨਾਲ ਤਲਵਾਰ ਬੱਧੀ ਸੀ, ਖਿੱਚ ਤਲਵਾਰ ਹੱਥ ਨਾਲ, ਖੜ੍ਹਾ ਹੋ ਗਿਆ ਹੈ ਹੱਲਾ ਰੋਕਣ ਵਾਸਤੇ।

***ਜਿਸ ਤਨ ਲਾਵੈ ਕਰਕੇ ਦੌੜ॥*** ਦੌੜ ਕੇ ਜਿਸ ਦੇ ਸਰੀਰ 'ਤੇ ਤਲਵਾਰ ਦਾ ਵਾਰ ਕਰਦਾ ਹੈ, ਇਹ-ਇਕ ਅੰਗੀ ਦਾ ਹੱਥ ਹੈ। ਭਾਵ ਇਕ ਅੰਗੀ ਵਾਰ।

***ਗਿਰੇ ਤੁਰਕ ਤਿਸ ਹੋਵੈ ਚੌੜ॥ ੮੬॥*** ਉਹ ਤੁਰਕ ਘੋੜੇ ਤੋਂ ਡਿੱਗ ਕੇ ਚੌੜ ਹੋ ਜਾਂਦਾ ਹੈ, ਪਾਰ ਬੋਲ ਜਾਂਦਾ ਹੈ। ੮੬।

***ਦੋਹਰਾ॥ ਓਇ ਬੰਦੂਕਨ ਸੋ ਹਨੈਂ ਦੇਹਿਂ ਦੂਰ ਤੇ ਦਾਗ॥*** ਉਹ ਮੁਗਲ ਬੰਦੂਕਾਂ ਦੇ ਦੂਰੋਂ ਫਾਇਰ ਕਰ ਕਰ ਮਾਰਦੇ ਹਨ।

***ਇਨ ਪੈ ਫੇਟੇ ਹਥਯਾਰ ਥੇ, ਪਹੁੰਚੇ ਨ ਤਿਹ ਤਿਨ ਲਾਗ॥ ੮੭॥*** ਇਹਨਾਂ ਕੋਲ (ਫੇਟੇ) ਹੱਥੀਂ ਮਾਰਨ ਵਾਲੇ ਸ਼ਸਤ੍ਰ ਬਰਛੀ, ਸੇਲੇ, ਤਲਵਾਰ ਆਦਿਕ ਉਹ ਘੋੜ ਸਵਾਰਾਂ ਬੰਦੂਕਾਂ ਵਾਲਿਆਂ ਦੇ ਨੇੜੇ ਕਿਵੇਂ ਪਹੁੰਚਣ ਇਹ ਹਥਿਆਰ ਨਾ ਉਥੇ ਤੱਕ ਉਹਨਾਂ ਦੇ ਕੋਲ ਪਹੁੰਚਦੇ ਹਨ ਤੇ ਨਾ ਉਨ੍ਹਾਂ ਦੇ ਲੱਗਦੇ। ੮੭।

***ਮਾਰ ਬੰਦੂਕਨ ਤੇ ਲਏ ਘੋੜਨ ਦਏ ਮਿਧਾਇ॥*** ਮੁਗਲਾਂ ਨੇ ਬੰਦੂਕਾਂ ਨਾਲ ਜੱਟ ਨੱਥੇ ਖਹਿਰੇ ਹੋਰੀਂ ਮਾਰ ਲਏ ਅਤੇ ਘੋੜੇ ਉਤੇ ਚੜ੍ਹਾ ਕੇ ਉਨ੍ਹਾਂ ਨੂੰ ਮਿੱਧ ਦਿੱਤਾ ਹੈ।

***ਨੱਥੇ ਭਾਣਜਾ ਇਕ ਬਚਯੋ, ਔਰ ਬਚਯੋ ਸਿੰਘ ਰਾਇ॥ ੮੮॥*** ਨੱਥੇ ਚੌਧਰੀ ਦਾ ਭਾਣਜਾ ਤੇ ਰਾਇ ਸਿੰਘ ਭੁਜੰਗੀ ਮਤਾਬ ਸਿੰਘ ਦਾ ਪੁਤ੍ਰ ਇਹ ਦੋਵੇਂ ਬਚੇ ਹਨ ਪੰਜਾਂ ਵਿੱਚੋਂ। ੮੮।

***ਚੌਪਈ॥ ਅਬ ਹਮ ਬਾਤ ਪਿਤਾ ਕੀ ਆਈ॥*** ਇਤਹਾਸਕਾਰ ਭਾਈ ਰਤਨ ਸਿੰਘ ਜੀ ਦੇ ਭਾਈ ਰਾਇ ਸਿੰਘ ਜੀ ਪਿਤਾ

ਅਤੇ ਭਾਈ ਮਤਾਬ ਸਿੰਘ ਜੀ ਦਾਦਾ ਲੱਗਦੇ ਸਨ, ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਹੁਣ ਮੇਰੇ ਪਿਤਾ ਰਾਏ ਸਿੰਘ ਜੀ ਜੋ ਉਸ ਵੇਲੇ ਬਾਲਕ ਰੂਪ ਵਿਚ ਉਨ੍ਹਾਂ 'ਤੇ ਗੱਲ ਆ ਗਈ ਹੈ ਕਿ ਨੱਥੇ ਖਹਿਰੇ ਦੇ ਸ਼ਹੀਦ ਹੋਣ ਪਿਛੋਂ ਉਸ ਦੇ ਨਾਲ ਕੀ ਬੀਤੀ ਹੈ।

***ਜਿਮ ਕਰ ਤਿਸ ਕੀ ਜਾਨ ਬਚਾਈ॥*** ਉਸ ਦੀ ਜਾਨ ਕਿਵੇਂ ਬਚੀ? ਐਡੀ ਲੜਾਈ ਵਿਚ ਛੋਟਾ ਜਿਹਾ ਬਾਲਕ ਰਾਇ ਸਿੰਘ ਕਿਵੇਂ ਬਚਿਆ? ਜਿਸ ਤਰ੍ਹਾਂ ਪ੍ਰਮਾਤਮਾਂ ਨੇ ਉਸ ਦੀ ਜਾਨ ਬਚਾਈ ਹੈ ਉਹ ਸਾਖੀ ਸੁਣੋ!

***ਜਬ ਨੱਥੇ ਪਰ ਘੇਰਾ ਪਰਯੋ॥*** ਜਦੋਂ ਨੱਥੇ ਚੌਧਰੀ 'ਤੇ ਫ਼ੌਜ ਦਾ ਆ ਕੇ ਘੇਰਾ ਪਿਆ।

***ਮਾਰ ਬੰਦੂਕਨ ਰੌਲਾ ਕਰਯੋ॥ ੮੯॥*** ਅਤੇ ਬੰਦੂਕਾਂ ਦੇ ਫਾਇਰ ਕਰ-ਕਰ ਕੇ ਬੜਾ ਰੌਲਾ ਪਾਇਆ, ਮਾਰ ਲਉ, ਮਾਰ ਲਉ ਕੀਤੀ। ੮੯।

***ਬਾਲਕ ਨੱਠ ਨੱਠ ਚਰਨਨ ਵਰੇ॥*** ਜਦੋਂ ਨੱਥਾ ਖਹਿਰਾ ਤਲਵਾਰ ਨਾਲ ਲੜ ਰਿਹਾ ਸੀ ਤੁਰਕਾਂ ਨਾਲ, ਉਸ ਵੇਲੇ ਬਾਲਕ ਰਾਇ ਸਿੰਘ ਭੱਜ-ਭੱਜ ਕੇ ਉਸ ਦੇ ਚਰਨਾਂ ਵਿਚ ਵੜੇ, ਭਾਵ ਨੱਥੇ ਖਹਿਰੇ ਦੀਆਂ ਲੱਤਾਂ ਨੂੰ ਜੱਫੀ ਪਾਉਂਦਾ ਸੀ। ਪੈਰਾਂ ਵਿਚ ਵੜਦਾ ਹੈ।

***ਤਿਨ ਪਰ ਸ਼ਸਤਰ ਝਾਰ ਸੁ ਝਰੇ॥*** ਉਨ੍ਹਾਂ ਦੇ ਉਤੇ ਸ਼ਸਤ੍ਰਾਂ ਦੇ ਵਾਰਾਂ ਦੀ ਝੜੀ ਲਾਉਂਦੇ ਹਨ, ਤੁਰਕ ਘੋੜ ਸਵਾਰ ਉਹਨਾਂ ਤੇ ਸ਼ਸਤ੍ਰ ਚਲਾਉਂਦੇ ਹਨ ਅਤੇ ਬਾਲਕ ਰਾਇ ਸਿੰਘ ਨੱਥੇ ਦੀਆਂ ਲੱਤਾਂ ਵਿਚ ਵੜਦਾ।

***ਵੈ ਨੱਠ ਆਗੇ ਪੀਛੈ ਹੋਰੈਂ॥*** ਜਦੋਂ ਨੱਥਾ ਖਹਿਰਾ ਭੱਜ-ਭੱਜ ਕੇ ਅੱਗੇ ਪਿੱਛੇ ਹੋ ਰਿਹਾ ਸੀ, ਭੱਜ ਕੇ ਅੱਗੇ ਹੋ ਕੇ ਵਾਰ ਕਰਦਾ ਸੀ, ਪਿੱਛੇ ਕਦਮ ਕਰ ਵਾਰ ਰੋਕਦਾ ਸੀ।

***ਤਿਨ ਸੰਗ ਪੁਜੈ ਨ ਬਾਲਕ ਦੌਰੇ॥ ੯੦॥*** ਨੱਥਾ ਤਾਂ ਭੱਜ-ਭੱਜ ਕੇ ਐਧਰੋਂ-ਓਧਰ ਹੋ ਰਿਹਾ ਹੈ, ਬਾਲਕ ਰਾਇ ਸਿੰਘ ਤੋਂ ਭੱਜ ਕੇ ਉਸ ਦੇ ਨਾਲ ਰਲਿਆ ਨਹੀਂ ਜਾਂਦਾ। ੯੦।

***ਗਿਰਯੋ ਬਾਲ ਤਿਨ ਪਗ ਕੋ ਝਾਗ॥*** ਨੱਥੇ ਖਹਿਰੇ ਦੇ ਪੈਰ ਵਿੱਚ ਵੱਜ ਕੇ ਬਾਲਕ ਰਾਇ ਸਿੰਘ ਡਿੱਗ ਪਿਆ।

***ਨਹਿਂ ਪਹੁੰਚੈ ਤਿਸ ਦੌੜ ਸੁ ਲਾਗ॥*** ਮੁੜ ਕੇ ਬਾਲਕ ਰਾਇ ਸਿੰਘ ਨੱਥੇ ਤੱਕ ਪਹੁੰਚ ਨਾ ਸਕਿਆ ਦੌੜ ਕੇ, ਜਿਥੇ ਉਹ ਲੜ ਰਿਹਾ ਸੀ।

***ਵਾਜ ਬੰਦੂਕਨ ਤੇ ਸੋ ਡਰੈ॥*** ਬੰਦੂਕਾਂ ਦੀ ਠਾਹ-ਠਾਹ ਦੀ ਅਵਾਜ਼ ਤੋਂ ਬੱਚਾ ਰਾਇ ਸਿੰਘ ਡਰਦਾ ਸੀ, ਬੰਦੂਕਾਂ ਦੇ ਫਾਇਰਾਂ ਤੋਂ।

***ਝਾੜਨ ਝੁੰਡ ਵਿਚ ਕੰਟਨ ਵੜੈ॥ ੯੧॥*** ਝਾੜਾਂ ਦੇ ਝੁੰਡਾਂ ਵਿਚ, ਕੰਡਿਆਂ ਵਿਚ ਵੜਦਾ ਫਿਰਦਾ ਸੀ, ਲੜਾਈ ਹੋ ਰਹੀ ਸੀ ਜਿਥੇ। ੯੧।

***ਦੋਹਰਾ॥ ਬਾਲਕ ਪੈਰਨ ਸੋਂ ਫੜੇਂ ਘੋੜੇ ਉਪਰ ਚੜ੍ਹਾਇ॥*** ਜਦੋਂ ਤੁਰਕਾਂ ਨੇ ਰਾਇ ਸਿੰਘ ਭੁਜੰਗੀ ਦੇ ਉਪਰ ਘੋੜਿਆਂ ਨੂੰ ਚੜ੍ਹਾਇਆ, ਤਾਂ ਬਾਲਕ ਡਰ ਕੇ ਉਨ੍ਹਾਂ ਨੂੰ ਪੈਰਾਂ ਤੋਂ ਫੜਦਾ ਹੈ।

***ਗਿਰੇ ਉਠੇ ਨੱਠੇ ਲੁਕੇ ਬਚਤੋ ਦਿਸੈ ਨ ਕਾਇ॥ ੯੨॥*** ਉਹ ਕਦੀ ਡਿੱਗਦਾ ਹੈ, ਕਦੀ ਉਠਦਾ ਹੈ, ਕਦੀ ਭੱਜਦਾ ਹੈ, ਕਿਸੇ ਤਰਾਂ ਵੀ ਆਪਣੇ ਆਪ ਨੂੰ ਬਚਦਾ ਨਾ ਦੇਖ ਕੇ। ੯੨।

***ਚੌਪਈ॥ ਤਬ ਬਾਲਕ ਕੋ ਭਈ ਖੁਆਰੀ॥*** ਤਦ ਬੱਚੇ ਰਾਇ ਸਿੰਘ ਨੂੰ ਬੜੀ ਭਾਰੀ ਖੁਆਰੀ ਦਾ ਸਾਮ੍ਹਣਾ ਕਰਨਾ ਪਿਆ।

***ਬਾਲਕ ਲਾਗੇ ਜਾਨ ਪਿਆਰੀ॥*** ਬੱਚੇ ਰਾਇ ਸਿੰਘ ਨੂੰ ਤਾਂ ਜਾਨ ਪਿਆਰੀ ਲੱਗਦੀ ਹੈ ਭਈ, ਮਰਨ ਤੋਂ ਡਰਦਾ ਹੈ।

***ਜਬ ਘੋੜਨ ਕੀ ਫੇਟਨ ਗੇਰਾ॥*** ਜਦੋਂ ਘੋੜਿਆਂ ਦੀਆਂ ਫੇਟਾਂ ਨਾਲ ਡਿੱਗ ਪਿਆ ਹੈ ਬੱਚਾ ਰਾਇ ਸਿੰਘ।

***ਗਰਦਨ ਪਰ ਮਾਰੀ ਸ਼ਮਸ਼ੇਰਾ॥ ੯੩॥*** ਘੋੜ ਸਵਾਰਾਂ ਨੇ ਉਤੋਂ ਤੱਕ ਕੇ ਰਾਇ ਸਿੰਘ ਦੀ ਗਰਦਨ 'ਤੇ ਤਲਵਾਰ ਮਾਰੀ। ੯੩।

***ਗਰਦਨ ਕਟ ਕੇ ਘੰਡੀ ਰਹਾਈ॥*** ਰਾਇ ਸਿੰਘ ਦੀ ਸਾਰੀ ਗਰਦਨ ਕੱਟੀ ਗਈ ਤੇ(ਘੰਡੀ) ਸਾਹ ਰਗ ਰਹਿ ਗਈ ਹੈ, ਸਾਹ

ਰਗ ਬਚ ਗਈ।

***ਗਲ ਪਰ ਦੂਜੀ ਫੇਰ ਚਲਾਈ॥*** ਉਸ ਨੇ ਤੱਕ ਕੇ ਗਰਦਨ ਦੇ ਉਪਰ ਦੂਜੀ ਵਾਰ ਤਲਵਾਰ ਫੇਰ ਚਲਾਈ।

***ਕਟ ਗਈ ਹੰਸਲੀ ਮੋਢੇ ਤਾਈਂ॥*** ਦੂਜੀ ਤਲਵਾਰ ਨਾਲ ਹੰਸਲੀ ਮੋਢੇ ਤੱਕ ਕੱਟੀ ਗਈ ਹੈ।

***ਤੀਜੀ ਸਿਰ ਪਰ ਫੇਰ ਲਗਾਈ॥ ੯੪॥*** ਤੀਜੀ ਵਾਰੀ ਫੇਰ ਉਸਨੇ ਸਿਰ ਦੇ ਉਤੇ ਤਲਵਾਰ ਚਲਾਈ ਹੈ। ੯੪।

***ਕਾਟ ਮੋਢੇ ਤੇ ਜ਼ਿਮੀਂ ਧਸਾਈ॥*** ਉਹ ਮੋਢੇ ਨੂੰ ਕੱਟ ਕੇ ਧਰਤੀ ਵਿਚ ਧਸ ਗਿਆ ਹੈ ਤਲਵਾਰ ਅਗਲਾ ਪਿਪਲਾ।

***ਇਮ ਕਰ ਸ਼ਾਹ ਰਗ ਭਈ ਬਚਾਈ॥*** ਇਸ ਕਰਕੇ ਜੋ ਰਾਇ ਸਿੰਘ ਦੀ ਗਰਦਨ ਦੀ ਘੰਡੀ ਸੀ ਉਹ ਬਚ ਗਈ।

***ਉਨ ਜਾਨਯੋਂ ਬਾਲਕ ਮਰ ਗਯੋ॥*** ਉਨ੍ਹਾਂ ਘੋੜਿਆਂ ਵਾਲਿਆਂ ਨੇ ਵੇਖਿਆ ਕਿ ਬਾਲਕ ਦੇ ਤਾਂ ਥਾਂ-ਥਾਂ ਤੋਂ ਖ਼ੂਨ ਦੀਆਂ ਪਿਚਕਾਰੀਆਂ ਚਲ ਰਹੀਆਂ ਹਨ, ਫਟ ਖੁਲ੍ਹ ਗਏ ਨੇ, ਉਨ੍ਹਾਂ ਨੇ ਜਾਣਿਆਂ ਕਿ ਇਹ ਤਾਂ ਮਰ ਗਿਆ ਹੈ, ਗਰਦਨ ਕੱਟੀ ਗਈ ਇਸ ਦੀ।

***ਧੂੜ ਲਪੇਟਯੋ ਧਰਨੀ ਪਯੋ॥ ੯੫॥*** ਖ਼ੂਨ ਦੇ ਨਾਲ ਲਥਪਥ ਹੋਇਆ-ਹੋਇਆ ਰਾਇ ਸਿੰਘ ਮਿੱਟੀ ਘੱਟੇ ਵਿਚ ਲਿਬੜਿਆ ਹੋਇਆ ਪਿਆ ਹੈ ਧਰਤੀ 'ਤੇ। ੯੫।

***ਦੋਹਰਾ॥ ਮਾਰ ਕੂਟ ਕੇ ਸੌ ਗਏ ਜੀਵਤ ਜਾਨਯੋਂ ਨਾਹਿੰ॥*** ਉਹ ਤੁਰਕ ਫ਼ੌਜੀ ਉਹਨਾਂ ਨੂੰ ਮਾਰ-ਕੁੱਟ ਕੇ ਚੰਗੀ ਤਰ੍ਹਾਂ ਉਹਨਾਂ ਨੂੰ ਮਰੇ ਹੋਏ ਸਮਝ ਕੇ ਚਲੇ ਗਏ ਹਨ।

***ਇਕ ਸਾਗ ਕੰਬੋਇਨ ਬੇਚਕੈ ਤਿਹ ਥਾਂ ਪਹੁੰਚੀ ਆਇ॥ ੯੬॥*** ਇਹ ਲੜਾਈ ਹੋ ਕੇ ਹਟ ਗਈ ਸੀ, ਘੋੜ ਸਵਾਰ ਤੁਰਕ ਫ਼ੌਜੀ ਚਲੇ ਗਏ ਸੀ । ਇਕ ਕੰਬੋਇਨ ਮਾਈ ਸਾਗ ਵੇਚਣ ਵਾਲੀ, ਉਹ ਸਾਗ ਚਲਾਈ ਆਦਿਕ ਤੋੜ ਕੇ ਏਸ ਪਿੰਡੋਂ ਉਸ ਪਿੰਡ ਵੇਚ ਆਈ, ਇਹ ਧੰਦਾ ਸੀ ਉਸ ਦਾ, ਉਹ ਕਿਤੇ ਸਾਗ ਵੇਚ ਕੇ ਏਸੇ ਰਾਹ 'ਤੇ ਤੁਰੀ ਆਉਂਦੀ ਸੀ। ਅੱਗੇ ਉਸ ਨੇ ਦੇਖਿਆ ਲੜਾਈ ਹੋਈ ਪਈ ਹੈ। ਇਹ ਸਾਰੇ ਜੁਆਨ ਮਰੇ ਪਏ ਹਨ, ਉਸ ਬੱਚੇ ਨੂੰ ਵੇਖਿਆ ਹੈ ਗਹੁ ਨਾਲ ਮਾਈ ਨੇ। ੯੬।

***ਚੌਪਈ॥ ਮਾਲਣ ਬਾਲਕ ਜੀਵਤ ਜਾਨਯੋਂ॥*** ਮਾਲਣ ਨੇ ਬੱਚੇ ਦੀ ਨਬਜ਼ ਚਲਦੀ ਵੇਖੀ, ਸਵਾਸ ਲੈਂਦੇ ਵੇਖਿਆ ਹੈ ਬੱਚੇ ਨੂੰ, ਮਾਈ ਨੇ ਬੱਚੇ ਨੂੰ ਜਿਉਂਦਾ ਵੇਖ ਕੇ।

***ਮੱਧ ਟੋਕਰੀ ਧਰ ਘਰ ਆਨਯੋਂ॥*** ਉਹ ਰਾਇ ਸਿੰਘ ਨੂੰ ਟੋਕਰੀ ਵਿਚ ਰੱਖ ਕੇ ਆਪਣੇ ਘਰ ਲੈ ਆਈ ਹੈ।

***ਪਿਤਾ ਹਮਾਰੇ ਕਾ ਥਾ ਭਾਈ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਮੇਰੇ ਪਿਤਾ ਦਾ ਇਕ ਭਰਾ ਸੀ।

***ਸੁਣ ਰੁੜਯਾਲੇ ਮੈਂ ਲੇ ਆਈ॥ ੯੭॥*** ਸੁਣ ਕੇ ਮਾਲਣ ਉਥੇ ਰੁੜਿਆਲੇ ਪਿੰਡ ਵਿਚ, ਜਿਥੇ ਮੇਰੇ ਪਿਤਾ ਦੀ ਤਾਈ ਰਹਿੰਦੀ ਸੀ, ਲੈ ਆਈ ਹੈ ਰਾਇ ਸਿੰਘ ਨੂੰ। ੯੭।

(ਰੁੜਯਾਲੇ- ਪਾਠਾਂਤਰ ਰੁ ਅਟਾਲੇ ਹੈ)

***ਜ਼ਖ਼ਮ ਸਿਵਾਏ ਮੋਚੀ ਆਨ॥*** ਜਦੋਂ ਉਹਨਾਂ ਘਰਦਿਆਂ ਨੇ ਸਿਆਣ ਲਿਆ ਕਿ ਇਹ ਤਾਂ ਸਾਡਾ ਹੀ ਬੱਚਾ ਹੈ, ਤਾਂ ਉਨ੍ਹਾਂ ਨੇ ਮੋਚੀ ਸੱਦਿਆ ਹੈ, ਜੋੜੇ ਸਿਉਣ ਵਾਲੇ ਨੂੰ ਉਸ ਨੂੰ ਕਹਿ ਕੇ ਰਾਇ ਸਿੰਘ ਦੇ ਜ਼ਖ਼ਮਾਂ ਨੂੰ ਟਾਂਕੇ ਲਾ ਕੇ ਜ਼ਖ਼ਮ ਸਿਵਾ ਦਿੱਤੇ ਹਨ, ਸਾਰੇ ਜ਼ਖ਼ਮ ਗਰਦਨ ਦਾ, ਮੋਢੇ ਦਾ ਤੇ ਸਿਰ ਦਾ ਸਾਰੇ ਜ਼ਖ਼ਮ ਸਿਵਾਂ ਦਿੱਤੇ।

***ਇਸ ਬਿਧਿ ਹਮ ਪਿਤ ਬਚੇ ਪਰਾਨ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਇਸ ਤਰ੍ਹਾਂ ਮੇਰੇ ਪਿਤਾ ਦੇ ਪਰਾਨ ਬਚੇ ਸਨ, ਉਨ੍ਹਾਂ ਦੀ ਗਰਦਨ ਫੇਰ ਨਾਲ ਜੁੜ ਗਈ ਸੀ।

***ਐਸੀ ਬਿਧ ਸਾਖੀ ਯਹ ਭਈ॥*** ਮੇਰੇ ਪਿਤਾ ਰਾਇ ਸਿੰਘ ਦੇ ਨਾਲ ਛੋਟੀ ਉਮਰ ਵਿਚ ਹੀ ਇਹ ਭਾਣਾ ਵਰਤਿਆ ਸੀ, ਇਸ ਪ੍ਰਕਾਰ ਇਹ ਸਾਖੀ ਹੋਈ ਹੈ, ਮੇਰੇ ਬਾਪ ਅਤੇ ਦਾਦੇ ਦੀ, ਰਾਇ ਸਿੰਘ ਅਤੇ ਉਹਨਾਂ ਦੇ ਪਿਤਾ ਮਤਾਬ ਸਿੰਘ ਭੰਗੂ

ਮੀਰਾਂ ਕੋਟੀਏ ਮੇਰੇ ਦਾਦੇ ਦੀ।

***ਗੁਰ ਕਿਰਪਾ ਤੇ ਪੂਰਨ ਭਈ॥ ੯੮॥*** ਸਤਿਗੁਰੂ ਦੀ ਕਿਰਪਾ ਨਾਲ ਇਹ ਸਾਖੀ ਸੰਪੂਰਨ ਹੋਈ। ੯੮।

## ਸਾਖੀ ਬੋਤਾ ਸਿੰਘ ਸ਼ਹੀਦ ਕੀ

### (ਬੋਤਾ ਸਿੰਘ ਸ਼ਹੀਦ ਦਾ ਪ੍ਰਸੰਗ)

***ਦੋਹਰਾ॥ ਸਾਖੀ ਬੋਤਾ ਸਿੰਘ ਕੀ ਸੁਨੀ ਰਤਨ ਸਿੰਘ ਕਾਨ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਸ਼ਹੀਦ ਭਾਈ ਬੋਤਾ ਸਿੰਘ ਦੀ ਸਾਖੀ ਅਸੀਂ ਆਪਣੇ ਕੰਨਾਂ ਨਾਲ ਆਪਣੇ ਬਜ਼ੁਰਗਾਂ ਤੋਂ ਸੁਣੀ ਹੈ।

***ਸਿੰਘਨ ਕੀ ਨਿੰਦਯਾ ਸੁਨਤ ਜਿਨ ਕੀਨੋ ਸੀਸ ਕੁਰਬਾਨ॥ ੧॥*** ਜਦੋਂ ਸਿੰਘਾਂ ਦੀ ਨਿੰਦਿਆਂ ਤੁਰੇ ਜਾਂਦਿਆਂ ਰਾਹੀਆਂ ਤੋਂ ਸੁਣ ਕੇ ਜਿਸ ਨੇ ਆਪਣਾ ਸੀਸ ਕੁਰਬਾਨ ਕਰ ਦਿੱਤਾ ਸੀ, ਖਾਲਸੇ ਦੀ ਹੋਂਦ ਤੋਂ ਆਪਣੇ ਸੀਸ ਦਾ ਬਲੀਦਾਨ ਕਰ ਦਿੱਤਾ ਹੈ। ੧।

***ਚੌਪਈ॥ ਜਤੀ ਸਤੀ ਥੋ ਪ੍ਰਨ ਕੋ ਪੂਰੋ॥*** ਬ੍ਰਹਮਚਾਰੀ ਸੱਤ ਪ੍ਰਤੱਗੀ ਅਤੇ ਆਪਣੇ ਕੀਤੇ ਹੋਏ ਪ੍ਰਣ ਨੂੰ ਪੂਰਾ ਕਰਨ ਵਾਲੇ ਸਨ।

***ਗੁਰ ਕੋ ਸੇਵਕ ਦਿਲ ਕੋ ਸੂਰੋ॥*** ਸਤਿਗੁਰੂ ਜੀ ਦਾ ਚਰਨ ਸੇਵਕ ਅਤੇ ਦਿਲ ਦਾ ਸੂਰਮਾ ਸੀ, ਨਿੱਡਰ ਸੀਂ।

***ਬੋਤਾ ਸਿੰਘ ਤਾਸ ਕੋ ਨਾਮ॥*** ਉਸ ਦਾ ਨਾਮ ਭਾਈ ਬੋਤਾ ਸਿੰਘ ਸੀ।

***ਮਾਝੇ ਮੈਂ ਥੋ ਤਾਂਕੋ ਗ੍ਰਾਮ॥ ੨॥*** ਮਾਝੇ ਦੇ ਤਰਨ ਤਾਰਨ ਇਲਾਕੇ ਵਿਚ ਇਸ ਦਾ ਨਗਰ ਸੀ। ੨।

***ਜਬੈ ਦੀਏ ਥੇ ਸਿੰਘ ਵਹੁ ਮਾਰ॥*** ਜਦੋਂ ਬਹੁਤ ਸਾਰੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

***ਦਿਸੇ ਨ ਸੁਨੀਏਂ ਮਹੀਨੇ ਚਾਰ॥*** ਚਾਰ ਮਹੀਨੇ ਹੋ ਗਏ ਸਨ, ਨਾਂ ਤਾਂ ਸਿੰਘ ਕੋਈ ਅੱਖੀਂ ਦਿਸਿਆ ਅਤੇ ਨਾ ਹੀ ਸੁਣਨ ਵਿਚ ਆਇਆ।

***ਕਹੈਂ, ਸਿੰਘ ਸਭ ਮਰ ਗਲ ਗਏ॥*** ਲੋਕ ਆਪਸ ਵਿਚੀਂ ਚਰਚਾ ਕਰਦੇ ਸਨ ਕਿ ਸਿੰਘ ਤਾਂ ਸਭ ਮਰ ਗਏ ਅਤੇ ਗਲ ਗਏ ਹਨ, ਭਾਵ ਖ਼ਤਮ ਹੋ ਗਏ ਹਨ।

***ਤੁਰਕਨ ਸਿੰਘ ਖਪਾਇ ਸੁ ਦਏ॥ ੩॥*** ਤੁਰਕਾਂ ਨੇ ਤਾਂ ਸਿੰਘਾਂ ਨੂੰ ਖਪਾ ਹੀ ਦਿੱਤਾ ਹੈ, ਖ਼ਤਮ ਹੀ ਕਰ ਦਿੱਤਾ ਹੈ। ੩।

***ਦੰਗਾ ਕਰਤ ਨ ਕਹੂੰ ਅਖਾਰਾ॥*** ਨਾ ਤਾਂ ਕਿਤੇ ਸਿੰਘ ਦੰਗਾ-ਫਸਾਦ ਹੀ ਕਰਦੇ ਹਨ ਤੇ ਨਾ ਹੀ ਕੋਈ ਜੰਗ ਜੁੱਧ।

***ਇਮ ਕਰ ਕਹਿ 'ਸਭ ਖਾਲਸਾ ਮਾਰਾ'॥*** ਉਸ ਕਾਰਣ ਕਰਕੇ ਕਿ ਚਾਰ ਮਹੀਨੇ ਹੋ ਗਏ ਕੋਈ ਗੱਲ ਹੀ ਨਹੀਂ ਸੁਣੀ ਖਾਲਸੇ ਦੀ, ਤਾਂ ਹੀ ਲੋਕ ਗੱਲਾਂ ਕਰਦੇ ਹਨ ਕਿ ਖਾਲਸਾ ਪੰਥ ਮਾਰਿਆ ਗਿਆ ਹੈ।

***ਬੋਤਾ ਸਿੰਘ ਕਹੂੰ ਵਖ ਰਹਯੋ॥*** ਬੋਤਾ ਸਿੰਘ ਕਿਤੇ ਸਿੰਘਾਂ ਦੇ ਜਥੇ ਤੋਂ ਵੱਖਰਾ ਰਹਿ ਗਿਆ।

***ਕਿਨੈ ਫਿਰਤ ਤਿਹ ਦੇਖ ਸੁ ਲਯੋ॥ ੪॥*** ਅੰਮ੍ਰਿਤ ਵੇਲਾ ਸੀ ਕਿਤੇ ਜੰਗਲ ਵਿੱਚੋਂ ਬਾਹਰ ਨਿਕਲੇ ਹਨ ਤੁਰੇ ਜਾਂਦੇ ਸਨ, ਘੁਸਮੁਸਾ ਜਿਹਾ ਸੀ, ਅਜੇ ਪੂਰਾ ਚਿੱਟਾ ਦਿਨ ਨਹੀਂ ਸੀ, ਚੜ੍ਹਿਆ ਰਾਹੀ ਜਾਂਦੇ ਸਨ, ਉਹਨਾਂ ਨੇ ਕਿਤੇ ਵੇਖ ਲਿਆ, ਆਹ ਸਿੰਘ ਕਿਧਰ ਨੂੰ ਜਾਂਦਾ ਹੈ, ਇਹ ਸਿੰਘ ਹੀ ਹੈ ਕਿ ਹੋਰ ਕੋਈ। ੪।

***ਦੇਖਤ ਸੋਊ ਅਚੰਭ ਭਯੋ॥*** ਸਿੰਘ ਨੂੰ ਵੇਖ ਕੇ, ਉਹਨਾਂ ਨੂੰ ਬੜੀ ਹੈਰਾਨਗੀ ਹੋਈ ਹੈ।

***'ਕਹਾਂ ਸਿੰਘ ਯਹ ਜੀਵਤ ਰਹਯੋ॥*** ਇਹ ਸਿੰਘ ਕਿਥੇ ਜਿਉਂਦਾ ਰਿਹਾ ਹੁਣ ਤੱਕ, ਕਿਵੇਂ ਬਚਿਆ ਹੁਣ ਤਾਈਂ।

***ਐਸੇ ਦੇਖਨ ਵਾਰਨ ਕਹਯੋ॥*** ਉਹਨਾਂ ਰਾਹੀਆਂ ਨੇ ਜਿਨ੍ਹਾਂ ਨੇ ਬੋਤਾ ਸਿੰਘ ਹੋਰਾਂ ਨੂੰ ਦੇਖਿਆ ਸੀ, ਉਹਨਾਂ ਨੇ ਕਹੀ ਇਹ ਗੱਲ।

***'ਹੋਵਗ ਭੇਖੀ ਕੋਊ ਯਹ ਰਹਯੋ'॥ ੫॥*** ਇਹ ਕੋਈ ਹੋਊਗਾ ਭੇਖੀ ਪਖੰਡੀ ਇਸ ਕਰਕੇ ਰਹਿ ਗਿਆ ਹੁਣ ਤੱਕ। ੫।

***ਦੋਹਰਾ॥ ਸਿੰਘ ਨ ਦੀਸਤ ਹੈਂ ਕਹੂੰ, 'ਤੁਰਕਨ ਦਏ ਖਪਾਇ'॥*** ਸਿੰਘ ਤਾਂ ਕਿਤੇ ਨਜ਼ਰ ਨਹੀਂ ਆਉਂਦੇ, ਉਹ ਤਾਂ ਤੁਰਕਾਂ ਨੇ ਖਪਾ ਦਿੱਤੇ ਹਨ, ਖ਼ਤਮ ਕਰ ਦਿੱਤੇ ਹਨ।

***ਦੂਜੇ ਕਹਯੋ, 'ਕੋਈ ਹੋਗ ਯਹ ਕਾਇਰ ਕੂਰ ਲੁਕਾਇ'॥ ੬॥*** ਦੂਸਰੇ ਰਾਹੀ ਨੇ ਕਿਹਾ, 'ਕੋਈ ਕਾਇਰ ਹੋਣਾ ਹੈ, ਕਮਜ਼ੋਰ ਦਿਲ ਦਾ ਡਰਪੋਕ, ਅਣਖ ਵਾਲਾ ਸਿੰਘ ਕਿਥੇ ਹੈ ਇਹ (ਕੂਰ) ਝੂਠਾ, ਲੁਕਿਆ ਫਿਰਦਾ ਹੈ'। ੬।

***ਚੌਪਈ॥ ਖਾਲਸੋ ਸੋਊ ਜੁ ਨਿਤ ਜੰਗ ਕਰੈ॥*** ਖਾਲਸਾ ਤਾਂ ਉਹ ਹੁੰਦਾ ਹੈ, ਜਿਹੜਾ ਨਿੱਤ ਜੰਗ ਕਰੇ, ਉਠ ਕੇ ਲੜੇ ਤੁਰਕਾਂ ਦੇ ਨਾਲ।

***ਖਾਲਸੋ ਸੋਊ ਨ ਮਰਨ ਤੇ ਡਰੈ॥*** ਖਾਲਸਾ ਤਾਂ ਉਹ ਹੈ, ਜਿਹੜਾ ਮੌਤ ਤੋਂ ਬਿਲਕੁਲ ਹੀ ਨਾ ਡਰੇ, ਇਹ ਕਿਥੇ ਲੁਕਿਆ ਫਿਰਦਾ ਹੁਣ ਤਾਂਈ ਮਰਨ ਤੋਂ ਡਰਦਾ।

***ਖਾਲਸੋ ਸੋਊ ਜੁ ਦੰਗਾ ਮਚਾਵੈ॥*** ਖਾਲਸਾ ਤਾਂ ਉਹ ਹੁੰਦਾ ਹੈ ਜਿਹੜਾ ਦੰਗਾ ਮਚਾਵੇ, ਵੈਰੀਆਂ ਨਾਲ ਯੁੱਧ ਕਰੇ।

***ਖਾਲਸਾ ਸੋਊ ਜੋ ਸੀਸ ਲਗਾਵੈ'॥ ੭॥*** ਖਾਲਸਾ ਤਾਂ ਉਹ ਹੈ, ਜਿਹੜਾ ਆਪਣਾ ਸਿਰ ਲਾ ਦੇਵੇ, ਪਰਉਪਕਾਰ ਖ਼ਾਤਰ ਆਪਣੇ ਸੀਸ ਦਾ ਬਲੀਦਾਨ ਕਰ ਦੇਵੇ। ੭।

***ਦੋਹਰਾ॥ ਬੋਤਾ ਸਿੰਘ ਨੇ ਯੌਂ ਸੁਨੀ, ਰਹਯੋ ਤਹਾਂ ਹੀ ਖਲੋਇ॥*** ਜਦੋਂ ਰਾਹੀਆਂ ਤੁਰੇ ਜਾਂਦਿਆਂ ਤੋਂ ਬੋਤਾ ਸਿੰਘ ਨੇ ਇਉਂ ਸੁਣਿਆਂ, ਬੋਤਾ ਸਿੰਘ ਉਥੇ ਹੀ ਖੜ੍ਹ ਗਿਆ ਹੈ ਪੈਰ ਜਮ੍ਹਾਂ ਕੇ, ਉਸ ਨੇ ਸਾਰੀ ਗੱਲ ਧਿਆਨ ਨਾਲ ਸੁਣੀ ਇਹਨਾਂ ਦੀ।

***ਜਨ ਬਿੱਛੂ ਕੋ ਡੰਕ ਲਗਯੋ, ਲਗੀ ਬੋਲੀ ਸਿੰਘ ਸੋਇ॥ ੮॥*** ਬੋਤਾ ਸਿੰਘ ਨੂੰ ਉਹਨਾਂ ਦੀ ਬੋਲੀ ਇਉਂ ਲੱਗੀ, ਜਿਵੇਂ ਬਿੱਛੂ ਨੇ ਡੰਗ ਮਾਰਿਆ ਹੋਵੇ। ੮।

***ਚੌਪਈ॥ ਸਿੰਘ ਚਿੱਤ ਯਹ ਨਿਸਚੈ ਧਾਰੀ॥*** ਉਹ ਉਸ ਦੀ ਗੱਲ ਸੁਣ ਕੇ ਬੋਤਾ ਸਿੰਘ ਨੇ ਆਪਣੇ ਦਿਲ ਵਿਚ ਇਹ ਦ੍ਰਿੜ੍ਹ ਕਰ ਲਿਆ ਹੈ।

***ਸੀਸ ਲਗੇ ਬਿਨ ਗਲ ਨਾਂਹਿ ਕਾਰੀ॥*** ਹੁਣ ਸਿਰ ਲੱਗੇ ਤੋਂ ਬਿਨਾਂ ਗੱਲ ਨਹੀਂ ਬਣਨੀ।

***ਸੀਸ ਲਗਾਏ ਚਰਚਾ ਹੋਇ॥*** ਸਿਰ ਲਗਾਏ ਤੋਂ ਜਹਾਨ ਵਿਚ ਚਰਚਾ ਹੋਵੇਗੀ ਸਿੰਘਾਂ ਦੀ, ਭਈ ਅਜੇ ਹੈਗੇ ਸਿੰਘ, ਬਹੁਤ ਜੰਗ ਕੀਤਾ ਫਲਾਣੀ ਜਗ੍ਹਾ ਤੇ ਸਿੰਘਾਂ ਨੇ।

***ਜਗ ਯੌ ਜਾਨੈ ਖਾਲਸੋ ਸੋਇ॥ ੯॥*** ਦੁਨੀਆਂ ਇਉਂ ਜਾਣੇਗੀ ਕਿ ਉਹ ਖਾਲਸਾ ਹੈ ਅਜੇ, ਜੇ ਖਾਲਸਾ ਫੇਰ ਜੰਗ-ਜੁੱਧ ਸ਼ੁਰੂ ਕਰ ਦੇਵੇਗਾ। ੯।

***ਅਬ ਈਹਾਂ ਕਿਛ ਦੰਗਾ ਮਚਾਈਏ॥*** ਹੁਣ ਏਥੇ ਹੀ ਸ਼ਾਹੀ ਰਾਹ 'ਤੇ ਕੁਛ ਦੰਗਾ-ਫਸਾਦ ਕਰੀਏ, ਜੰਗ-ਜੁੱਧ ਕਰੀਏ।

***ਤੁਰਕਨ ਸਿਰ ਦੈ ਝੂਠੇ ਕਰਾਈਏ॥*** ਤੁਰਕਾਂ ਨੂੰ ਸਿਰ ਦੇ ਕੇ ਇਹਨਾਂ ਨੂੰ ਦਰਗਾਹ ਦੇ ਵਿਚ ਝੂਠੇ ਕਰਾਈਏ। ਬੇਦੋਸ਼ਿਆਂ ਨਾਲ ਕਿਵੇਂ ਜ਼ੁਲਮ ਕਰਦੇ ਹਨ, ਕਿਸੇ ਨੂੰ ਰਹਿਣ ਨਹੀਂ ਦਿੰਦੇ।

***ਫਿਰ ਖਾਲਸੇ ਕੀ ਚਰਚਾ ਹੋਇ॥*** ਜਦੋਂ ਆਪਾਂ ਸਿਰ ਲਾਵਾਂਗੇ, ਲੜ ਮਰਾਂਗੇ, ਫੇਰ ਖਾਲਸੇ ਪੰਥ ਦੀ ਚਰਚਾ ਸ਼ੁਰੂ ਹੋ ਜਾਇਗੀ ਕਿ ਖਾਲਸਾ ਫੇਰ ਉਠ ਖੜ੍ਹਾ ਹੋਇਆ ਹੈ।

***ਪਤਿਸ਼ਾਹੀ ਦਾਵਾ ਚਾਹੈ ਜੋਇ॥ ੧੦॥*** ਖਾਲਸੇ ਦਾ ਦਾਹਵਾ ਤਾਂ ਪਾਤਸ਼ਾਹੀ ਹੈ, ਇਹਨਾਂ ਤੋਂ ਪਾਤਸ਼ਾਹੀ ਵਾਪਸ ਲੈ ਲੈਣੀ ਹੈ, ਖੋਹ ਲੈਣੀ ਹੈ। ੧੦।

***ਦੋਹਰਾ॥ ਗਹਿ ਸਰਾਂਇ ਡੇਰਾ ਦੀਓ ਚਹੁੰ ਤਰਫੋਂ ਲੀਓ ਬਨਾਇ॥*** ਤਰਨ ਤਾਰਨ ਕੋਲ ਨੂਰਦੀਨ ਦੀ ਸਰਾਂ ਹੈ। ਇਹ

ਸਰਾਂ ਦੇ ਰਾਹ ਵਿਚ ਡੇਰਾ ਹੈ, ਭਾਵ ਅਗਲੇ ਪਾਸੇ ਸਰਾਂ ਹੈ, ਉਸ ਦੇ ਪਿਛਲੇ ਪਾਸੇ ਏਥੇ ਨੂੰ ਲੋਕ ਜਾਂਦੇ,ਰਾਹੀਂ ਲੋਕ ਜਿਹੜੇ ਵਪਾਰ ਕਰਦੇ ਸੁਦਾਗਰੀ ਕਰਦੇ, ਓਧਰੋਂ-ਓਧਰੀ ਜਾਂਦੇ ਸਨ, ਰਾਹ 'ਤੇ ਗੱਡਿਆਂ 'ਤੇ ਗਧਿਆਂ 'ਤੇ ਲੱਦ ਕੇ ਅੰਨ-ਅਨਾਜ਼ ਲਿਜਾਂਦੇ ਸਨ। ਉਸ ਰਸਤੇ ਉਤੇ ਇਹਨਾਂ ਸਿੰਘਾਂ ਨੇ ਜਾ ਡੇਰਾ ਬੰਨ੍ਹਿਆਂ, ਉਥੇ ਚਾਰੇ ਪਾਸਿਆਂ ਤੋਂ ਚੁਰਸਤਾ ਪੈਂਦਾ ਸੀ।

***ਲੜਕਨ ਜੈਸੀ ਖੇਲ ਜਯੋਂ ਗੜ੍ਹਾ ਧਰਾਯੋ ਨਾਇ॥ ੧੧॥*** ਜਿਵੇਂ ਛੋਟੇ-ਛੋਟੇ ਲੜਕੇ ਖੇਡਾਂ ਕਰਦੇ ਹਨ, ਐਵੇਂ ਚਾਰ ਕੁ ਲੱਕੜਾਂ ਗੱਡਾਂ ਕੇ ਚਾਰ-ਚੁਫੇਰੇ ਸਿੰਘਾਂ ਨੇ ਕਿਹਾ ਕਿਲ੍ਹਾ ਹੈ ਖਾਲਸੇ ਦਾ ਆਕੀ ਹੈ ਖਾਲਸਾ ਏਥੇ। ੧੧।

***ਚੌਪਈ॥ ਬੈਠ ਸਿੰਘ ਤਹਿਂ ਜਗਾਤ ਲਗਾਈ॥*** ਏਥੇ ਬੈਠ ਕੇ ਬੋਤਾ ਸਿੰਘ ਨੇ ਜਕਾਤ ਲਾ ਦਿੱਤੀ ਕਿ ਮੇਰਾ ਮਸੂਲ ਭਰੇ ਬਿਨਾਂ ਅੱਗੇ ਕੋਈ ਨਹੀਂ ਜਾ ਸਕਦਾ।

***ਦੂਜੋ ਸਿੰਘ ਰੰਗੜੇਟੋ ਭਯੋ ਆਈ॥*** ਬੋਤਾ ਸਿੰਘ ਦੇ ਨਾਲ ਦੂਜਾ ਮਜ਼ਬੀ ਸਿੰਘ ਆ ਗਿਆ ਹੈ। ਉਹ ਵੀ ਬੋਤਾ ਸਿੰਘ ਦਾ ਸਾਥੀ ਬਣਿਆ ਹੈ ਇਸ ਦਾ ਨਾਮ ਮੋਤਾ ਸਿੰਘ ਹੈ।

***ਦੋਊਅਨ ਰੌਲਾ ਦੀਓ ਮਚਾਇ॥*** ਦੋਹਾਂ ਸਿੰਘਾਂ ਨੇ ਉਥੇ ਰੌਲਾ ਪਾ ਦਿੱਤਾ ਹੈ, ਸ਼ੋਰ ਮਚਾ ਦਿੱਤਾ ਹੈ' ਓ ਠਹਿਰੋ ਓਇ! ਖਾਲਸੇ ਦਾ ਮਸੂਲ ਦੇ ਕੇ ਜਾਣਾ। ਜਦੋਂ ਮਸੂਲ ਦਿੰਦੇ ਨੇ, ਤਾਂ ਅਗਲੇ ਕਹਿੰਦੇ ਹਨ, ਅਸੀਂ ਤਾਂ ਮਸੂਲ ਦੇਵਾਂਗੇ ਸਰਕਾਰ ਨੂੰ, ਤੁਸੀਂ ਸਾਥੋਂ ਕਿਵੇਂ ਲੈ ਸਕਦੇ ਹੋ! ਫੇਰ ਸਿੰਘ ਉਨ੍ਹਾਂ ਨੂੰ ਕੁੱਟਦੇ ਨੇ, ਫਿਰ ਸਲੋਤਰ ਫੇਰਦੇ ਹਨ, ਕਿਉਂ ਓਇ! ਦੇਣਾ ਕਿ ਨਹੀਂ! ਜਦੋਂ ਵੱਜਦੀਆਂ ਨੇ ਫੇਰ ਦੇਣਾ ਹੀ ਪੈਂਦਾ ਹੈ, ਇਸ ਤਰ੍ਹਾਂ ਆਪਸ ਵਿਚ ਰੌਲਾ-ਗੌਲਾ ਹੋ ਜਾਂਦਾ।

***ਖਬਰ ਲਹੌਰ ਜਿਮ ਪੁੱਜੇ ਜਾਇ॥ ੧੨॥*** ਸਿੰਘ ਤਾਂ ਏਸ ਕਰਕੇ ਬਹੁਤਾ ਦੰਗਾ ਕਰਦੇ ਸਨ ਕਿ ਕਿਸੇ ਤਰ੍ਹਾਂ ਸਾਡੀ ਖ਼ਬਰ ਲਹੌਰ ਪਹੁੰਚੇ ਕਿ ਓਧਰ ਕੋਈ ਟੈਕਸ ਲਾਈ ਖੜ੍ਹਾ ਹੈ, ਖਾਲਸਾ ਮਸੂਲ ਲੈਣ ਲੱਗ ਪਿਆ ਫੇਰ ਮੁੜ ਕੇ। ੧੨।

***ਦੋਹਰਾ॥ ਔਰ ਚਿਠੀ ਥੀ ਤਿਨ ਲਿਖੀ ਜੋ ਸੁਨ ਨਵਾਬ ਜਲ ਜਾਇ॥*** ਏਸ ਤਰ੍ਹਾਂ ਜਦੋਂ ਕਾਫੀ ਸਮਾਂ ਹੋ ਗਿਆ ਕੋਈ ਫ਼ੌਜ ਨਾ ਆਈ, ਕੋਈ ਖ਼ਬਰ ਲੈਣ ਨਾ ਆਇਆ। ਬਥੇਰੇ ਲੋਕ ਉਥੇ ਟੈਕਸ ਭਰ-ਭਰ ਕੇ ਗਏ, ਉਥੇ ਫ਼ਰਿਆਦੀ ਵੀ ਬਣੇਂ! ਜਦੋਂ ਕੋਈ ਨਾ ਹਲਚਲ ਹੋਈ, ਤਾਂ ਉਨ੍ਹਾਂ ਸਿੰਘਾਂ ਨੇ ਲਹੌਰ ਦੇ ਨਵਾਬ ਖ਼ਾਨ ਬਹਾਦਰ ਨੂੰ ਚਿੱਠੀ ਲਿਖੀ, ਜਿਸ ਚਿੱਠੀ ਨੂੰ ਸੁਣ ਕੇ ਨਵਾਬ ਸੜ ਬਲ ਜਾਏ ਗੁੱਸੇ ਨਾਲ।

***ਚੜ੍ਹੈ ਫੌਜ ਜਿਮ ਤੁਰਤ ਹੀ, ਕਛੂ ਨ ਦੇਰ ਲਗਾਇ॥੧੩॥*** ਜਿਸ ਤਰ੍ਹਾਂ ਫ਼ੌਜ ਤੁਰਤ ਹੀ ਸਿੰਘਾਂ 'ਤੇ ਚੜ੍ਹਾਈ ਕਰ ਦੇਵੇ, ਕੋਈ ਦੇਰੀ ਨਾ ਲਾਏ, ਇਸ ਢੰਗ ਦੀ ਚਿੱਠੀ ਲਿਖੀ ਹੈ ਬੋਤਾ ਸਿੰਘ ਨੇ ਨਵਾਬ ਨੂੰ। ੧੩।

***ਚੌਪਈ॥ ਚਿੱਠੀ ਲਿਖੈ ਯੌਂ ਸਿੰਘ ਬੋਤਾ॥*** ਚਿੱਠੀ 'ਤੇ ਇਉਂ ਲਿਖਿਆ ਹੈ ਬੋਤਾ ਸਿੰਘ ਨੇ।

***ਹਥ ਹੈ ਸੋਟਾ, ਵਿਚ ਰਾਹ ਖੜੋਤਾ॥*** ਮੇਰੇ ਹੱਥ ਵਿਚ ਸੋਟਾ ਹੀ ਫੜਿਆ ਹੈ ਸਿਰਫ , ਨੂਰਦੀਨ ਦੀ ਸਰਾਂ ਵਾਲੇ ਰਾਹ ਵਿਚ ਖੜ੍ਹਾ ਹਾਂ।

***ਆਨਾ ਲਾਯਾ ਗੱਡੇ ਨੂੰ, ਪੈਸਾ ਲਾਯਾ ਖੋਤਾ॥*** ਜੇ ਕੋਈ ਖੋਤਾ ਲੱਦੀ ਜਾਂਦਾ ਹੈ ਕਿਸੇ ਚੀਜ਼ ਦਾ, ਉਸ ਨੂੰ ਇੱਕ ਪੈਸਾ ਮਸੂਲ ਦਾ ਲਾਇਆ ਹੈ ਮੈਂ, ਜੇ ਕੋਈ ਅਨਾਜ਼ ਆਦਿਕ ਗੱਡਾ ਭਰੀ ਲਈ ਜਾਂਦਾ ਹੈ, ਉਸ ਨੂੰ ਇਕ ਆਨਾ ਭਾਵ ਚਾਰ ਪੈਸੇ ਮਸੂਲ ਦੇ ਲਾਏ ਹਨ।

***ਆਖੋ ਭਾਬੀ ਖਾਨੋਂ ਨੂੰ ਯੋਂ ਆਖੈ ਸਿੰਘ ਬੋਤਾ" ॥ ੧੪॥*** ਇਹ ਵੀ ਨਵਾਬ ਕਪੂਰ ਸਿੰਘ ਦੇ ਪਿੰਡ ਦਾ ਹੀ ਸੀ ਬੋਤਾ ਸਿੰਘ। ਉਸ ਪਿੰਡ ਦਾ ਪਾਣੀ ਦੇਖੋ ਕੈਸਾ ਸੀ, ਕੈਸੇ-ਕੈਸੇ ਸਿੰਘ ਪੈਦਾ ਹੋਏ, ਇਉਂ ਆਖਦਾ ਹੈ ਬੋਤਾ ਸਿੰਘ, ਭਾਬੀ ਖ਼ਾਨੋਂ ਨੂੰ ਆਖ ਦਿਉ। ਬੋਤਾ ਸਿੰਘ ਦੇ ਪਿੰਡ ਫਰਜੁਲੇ ਖ਼ਾਂ ਨੂੰ ਨਵਾਬ ਖ਼ਾਨ ਬਹਾਦਰ ਦੀ ਭੈਣ ਖ਼ਾਨੋਂ ਵਿਆਹੀ ਹੋਈ ਸੀ, ਭਾਈਚਾਰੇ ਦੇ ਹਿਸਾਬ ਨਾਲ ਖ਼ਾਨੋਂ ਭਾਬੀ ਲਗਦੀ ਸੀ, ਬੋਤਾ ਸਿੰਘ ਦੀ। ਖ਼ਾਨੋਂ ਭਾਬੀ ਨੂੰ ਕਹਿ ਦਿਉ ਕਿ ਤੇਰਾ ਦਿਉਰ ਬੋਤਾ ਸਿੰਘ ਨੂਰਦੀਨ ਦੇ ਸ਼ਾਹੀ ਰਾਹ 'ਤੇ ਟੈਕਸ ਲਾਈ ਖੜ੍ਹਾ ਹੈ। ੧੪।

**ਦੋਹਰਾ॥ ਖਾਨ ਬਹਾਦਰ ਨਵਾਬ ਕੀ ਖਾਨੋਂ ਬਡੀ ਸੁ ਭੈਣ॥** ਉਹ ਖ਼ਾਨੋਂ ਨਵਾਬ ਖ਼ਾਨ ਬਹਾਦਰ ਦੀ ਵੱਡੀ ਭੈਣ ਸੀ।

**ਫਰਜ਼ੁੱਲਾ ਖਾਂ ਕੀ ਇਸਤਰੀ ਖਾਲਸੇ ਬਡ ਦੁਖ ਦੇਣ॥ ੧੫॥** ਉਹ ਫਰਜ਼ੁਲਾ ਖ਼ਾਂ ਦੀ ਔਰਤ ਸੀ ਅਤੇ ਖਾਲਸੇ ਨੂੰ ਬੜਾ ਦੁਖ ਦੇਣ ਵਾਲੀ ਸੀ। ੧੫।

**ਚੌਪਈ॥ ਖਾਨੋਂ ਸੁਨ ਦਈ ਫੌਜ ਚੜ੍ਹਾਇ॥** ਖ਼ਾਨੋਂ ਨੇ ਚਿੱਠੀ ਸੁਣ ਕੇ ਬੋਤਾ ਸਿੰਘ ਹੋਰਾਂ 'ਤੇ ਫ਼ੌਜ ਚੜ੍ਹਾ ਕੇ ਭੇਜ ਦਿੱਤੀ ਹੈ।

**ਸੋ ਸਿੰਘਨ ਢਿਗ ਪਹੁੰਚੀ ਆਇ॥** ਉਹ ਫ਼ੌਜ ਸਿੰਘਾਂ ਕੋਲ ਆ ਪਹੁੰਚੀ ਹੈ।

**ਖੜੇ ਸਿੰਘ ਇਕ ਥੋ ਤਿਹ ਥਾਇ॥** ਇਕ ਸਿੰਘ ਤਾਂ ਉਥੇ ਉਸੇ ਥਾਂ 'ਤੇ ਖੜ੍ਹਾ ਸੀ, ਜਿਥੇ ਲੋਕਾਂ ਨੂੰ ਰੋਕ ਕੇ ਟੈਕਸ ਲੈਂਦੇ ਸੀ।

**ਦੂਜੋ ਚਲਯੋ ਥੋ ਰਮਣੇ ਦਾਇ॥ ੧੬॥** ਦੂਜੇ ਗੜਵਾ ਲੈ ਕੇ ਜਲ ਦਾ ਖੇਡੇ ਮਹੱਲੇ, ਭਾਵ ਜੰਗਲ ਪਾਣੀ ਹੋਣ ਚਲਿਆ ਸੀ। ੧੬।

**ਦੇਖ ਫੌਜ ਮੁੜ ਆਯੋ ਸੋਇ॥** ਫ਼ੌਜ ਨੂੰ ਦੇਖ ਕੇ ਉਥੋਂ ਹੀ ਵਾਪਸ ਮੁੜ ਆਇਆ ਹੈ ਉਹ ਸਿੰਘ।

**ਲਲਕਾਰੋ ਦੀਨ ਗੁਰ ਫਤ੍ਹੇ ਬੁਲੋਇ॥** ਦੋਵਾਂ ਸਿੰਘਾਂ ਨੇ ਉੱਚੀ ਫਤ੍ਹੇ ਗਜਾ ਕੇ ਫ਼ੌਜ ਵਾਲਿਆਂ ਨੂੰ ਲਲਕਾਰਾ ਮਾਰਿਆ ਹੈ। ਐਧਰ ਆਓ ਓਇ! ਕਿਧਰ ਚੱਲੇ ਹੋ! ਟੈਕਸ ਭਰ ਕੇ ਜਾਓ।

**ਇਮ ਦੋਊ ਸਿੰਘ ਭਏ ਤਿਆਰ॥** ਕਮਰਕੱਸੇ ਲਾ ਕੇ ਇਉਂ ਦੋਵੇਂ ਸਿੰਘ ਤਿਆਰ-ਬਰ-ਤਿਆਰ ਹੋ ਗਏ ਹਨ, ਫ਼ੌਜ ਆਉਂਦੀ ਨੂੰ ਵੇਖ ਕੇ।

**ਹੱਥ ਇਕ ਸੋਟਾ ਗਲ ਤਲਵਾਰ॥ ੧੭॥** ਗਾਤਰੇ ਤਲਵਾਰ ਹੈ ਤੇ ਹੱਥਾਂ ਵਿਚ ਮੋਟੇ-ਮੋਟੇ ਸੋਟੇ ਫੜੇ ਹੋਏ ਹਨ। ੧੭।

**ਦੂਜੇ ਹਥ ਨੇਜਾ ਇਕ ਫਲਾ॥** ਦੂਜੇ ਦੇ ਹੱਥ ਵਿਚ ਨੇਜ਼ਾ ਹੈ ਇਕ ਫਲ ਵਾਲਾ।

**ਕਿਲ੍ਹੇ ਬਾਹਰ ਸਿੰਘ ਨਿੱਕਲ ਖਲਾ॥** ਉਹ ਜੋ ਸਿੰਘਾਂ ਨੇ ਵਾੜ ਕਰਕੇ ਮੋੜ੍ਹੀਆਂ ਗੱਡੀਆਂ ਹੋਈਆਂ ਸਨ, ਉਸ ਨੂੰ ਕਿਲ੍ਹਾ ਕਹਿੰਦੇ ਹਨ, ਉਸ ਦੇ ਵਿੱਚੋਂ ਬਾਹਰ ਨਿਕਲ ਕੇ ਖੜ੍ਹ ਗਏ ਹਨ, ਸਿੰਘ ਮੁਕਾਬਲਾ ਕਰਨ ਵਾਸਤੇ।

**ਤਬ ਤੁਰਕਨ ਯੌਂ ਬਚਨ ਪੁਕਾਰੇ॥** ਜਦੋਂ ਤੁਰਕਾਂ ਦੀ ਫ਼ੌਜ ਆ ਗਈ, ਤਾਂ ਸਿੰਘਾਂ ਨੇ ਉਨ੍ਹਾਂ ਨੂੰ ਵੀ ਟੈਕਸ ਭਰਨ ਵਾਸਤੇ ਕਿਹਾ ਹੈ। ਤਦ ਤੁਰਕਾਂ ਨੇ ਸਿੰਘਾਂ ਨੂੰ ਇਉਂ ਉੱਚੀ ਅਵਾਜ਼ ਵਿਚ ਕਿਹਾ।

**ਲਰ ਨ ਮਰੋ ਸਿੰਘ ਚਲ ਹਮ ਨਾਰੇ॥੧੮॥** ਸਿੰਘੋ ਲੜ ਕੇ ਨਾ ਮਰੋ, ਸਾਡੇ ਨਾਲ ਚਲੋ ਲਹੌਰ ਨੂੰ। ੧੮।

**ਤੈਨੂੰ ਲੈ ਸੰਗ ਨਵਾਬ ਮਿਲਾਊਂ॥** ਚਲ ਬੋਤਾ ਸਿੰਘਾਂ ਉਥੇ ਤੇਰੀ ਨਵਾਬ ਦੇ ਨਾਲ ਮੁਲਾਕਾਤ ਕਰਾਵਾਂਗਾ।

**ਜਾਂ-ਬਖ਼ਸ਼ੀ ਕਰ ਤੁਝੈ ਛਡਾਊਂ॥** ਨਵਾਬ ਤੋਂ ਤੇਰੀ ਜਾਨ ਬਖ਼ਸ਼ੀ ਕਰਕੇ ਤੈਨੂੰ ਛੁਡਾ ਦਿਆਂਗਾ, ਇਸ ਤਰ੍ਹਾਂ ਮਿੱਠੀਆਂ-ਮਿੱਠੀਆਂ ਗੱਲਾਂ ਕਰਦੇ ਹਨ ਫ਼ੌਜ ਵਾਲੇ।

**ਸਿੰਘ ਕਹੀ, 'ਹਮ ਕਬ ਜਾਨ ਬਚਾਵੈਂ॥** ਸਿੰਘਾਂ ਨੇ ਕਿਹਾ, 'ਅਸੀਂ ਕਦੋਂ ਜਾਨ ਬਚਾਉਣਾ ਚਾਹੁੰਦੇ ਹਾਂ, ਅਸੀਂ ਤਾਂ ਲੜਨਾ ਚਾਹੁੰਦੇ ਹਾਂ।

**ਹਮ ਤੌ ਮਰਨਾਂ ਆਪ ਤਕਾਵੈਂ॥ ੧੯॥** ਤੂੰ ਸਾਨੂੰ ਕਹਿੰਦਾ ਹੈਂ ਤੁਹਾਡੀ ਜਾਨ ਬਖ਼ਸ਼ੀ ਕਰਾ ਦਿਆਂਗੇ, ਅਸੀਂ ਤਾਂ ਆਪ ਮਰਨ ਨੂੰ ਤਿਆਰ ਖੜ੍ਹੇ ਹਾਂ। ਅਸੀਂ ਤਾਂ ਆਪ ਤਕਾਉਂਦੇ ਹਾਂ ਕਿ ਕਦੋਂ ਸਾਡੀ ਮੌਤ ਹੋਵੇ। ੧੯।

**ਦੋਹਰਾ॥ ਹਮ ਸੋਂ ਲਰਨਾ ਝਬ ਕਰੋ, ਘੋੜੇ ਤੇ ਉਤਰਾਇ॥** ਐਵੇਂ ਗੱਲਾਂ ਨਾ ਬਣਾਓ, ਹੇਠਾਂ ਉੱਤਰੋ ਘੋੜਿਆਂ ਤੋਂ (ਝਬ) ਛੇਤੀ ਨਾਲ ਸਾਡੇ ਨਾਲ ਲੜੋ ਅਸੀਂ ਵੀ ਸ਼ਹੀਦ ਹੋਈਏ।

**ਤੁਮ ਹੱਥਯਾਰ ਸੁ ਹਥ ਰਖੋ, ਹਮ ਸੋਟੇ ਲਾਵੈਂ ਧਾਇ॥ ੨੦॥** ਤੁਸੀਂ ਆਪਣੇ ਹੱਥਾਂ ਵਿਚ ਹਥਿਆਰ ਰੱਖੋ, ਅਸੀਂ ਸੋਟੇ ਮਾਰਾਂਗੇ ਧਾ-ਧਾ ਕੇ। ਭੱਜ-ਭੱਜ ਕੇ ਤੁਹਾਡੇ ਠੋਕਾਂਗੇ ਸਲੋਤਰ (ਮੋਟਾ ਸੋਟਾ)। ੨੦।

***ਚੌਪਈ॥ ਦੇਖੋ ਸੋਟੇ ਸੋ ਕਯਾ ਹਮ ਤੇ ਸਰੇ॥*** ਤੁਸੀਂ ਇਹ ਦੇਖੋ ਕਿ ਸਾਡੇ ਕੋਲ ਕੀ ਸ਼ਸਤ੍ਰ ਹਨ, ਸਾਡੇ ਤੋਂ ਕੀ ਸਰਦਾ ਹੈ, ਕਿਹੋ ਜਿਹੇ ਕਾਰਜ਼ ਸਵਾਰਾਂਗੇ ਅਸੀਂ ਸੋਟੇ ਨਾਲ।

***ਕਯਾ ਕਯਾ ਹਿੰਮਤ ਹਮ ਤੁਮ ਕਰੇਂ॥*** ਪਤਾ ਲੱਗ ਜਾਏ ਮੈਦਾਨ ਵਿਚ ਤੁਸੀਂ ਕਿੰਨੀ ਕੁ ਹਿੰਮਤ ਕਰਦੇ ਹੋ, ਅਸੀਂ ਕਿੰਨੀ ਕੁ ਕਰਦੇ ਹਾਂ, ਕਿਵੇਂ ਲੜਦੇ ਹਾਂ ਅਸੀਂ ਤੁਹਾਡੇ ਨਾਲ।

***ਫਿਰ ਤੁਰਕ ਕਹੈਂ, 'ਚਲ ਹਮਰੇ ਸਾਥ॥*** ਤੁਰਕ ਫਿਰ ਕਹਿਣ ਲੱਗੇ, 'ਕਾਹਨੂੰ ਬੋਤਾ ਸਿੰਘਾਂ! ਕੀ ਲੋੜ ਹੈ ਇਸ ਗੱਲ ਦੀ, ਚੱਲ ਤੂੰ ਸਾਡੇ ਨਾਲ ਲਹੌਰ ਚੱਲ'।

***ਹਮ ਤੁਮੈਂ ਕਰਾਵੈਂ ਕਚਹਿਰੀ ਬਾਤ' ॥ ੨੧ ॥*** ਕਚਹਿਰੀ ਵਿਚ ਖ਼ਾਨ ਬਹਾਦਰ ਦੇ ਨਾਲ ਤੇਰੀਆਂ ਗੱਲਾਂ ਕਰਾ ਦਿਆਂਗੇ। ੨੧।

***ਸਿੰਘ ਕਹੈਂ, 'ਹਮ ਤੁਮ ਕਯਾ ਗੱਲ॥*** ਸਿੰਘਾਂ ਕਿਹਾ 'ਸਾਡੀ ਤੁਹਾਡੀ ਕਾਹਦੀ ਗੱਲ ਰਹਿ ਗਈ, ਹੁਣ ਕੋਈ ਸੁਲ੍ਹਾ ਦੀ ਗੱਲ ਹੈ? ਕੋਈ ਆਪਾਂ ਮੇਲ ਕਰਨ ਵਾਸਤੇ ਜੁੜੇ ਹਾਂ ਏਥੇ'।

***ਕਰੈਂ ਕਚਹਿਰੀ ਅਗੈ ਸੁ ਚੱਲ॥*** ਅਗਲੀ ਕਚਹਿਰੀ ਜਾ ਕੇ ਕਰਾਂਗੇ ਗੱਲਾਂ ਹੁਣ ਏਥੇ ਦੀ ਕਚਹਿਰੀ ਵਿਚ ਜਾਣ ਦੀ ਸਾਨੂੰ ਕੋਈ ਲੋੜ ਨਹੀਂ।

***ਹਮ ਤੁਮ ਸੋ ਅਬ ਸ਼ਸਤ੍ਰਨ ਮੇਲ॥*** ਸਾਡਾ ਤੁਹਾਡਾ ਤਾਂ ਹੁਣ ਸ਼ਸਤ੍ਰਾਂ ਦਾ ਮੇਲ ਹੈ, ਸ਼ਸਤ੍ਰਾਂ ਦੇ ਨਾਲ ਓਧਰੋਂ-ਓਧਰੀ ਦੋ ਹੱਥ ਕਰੀਏ।

***ਸੋਟੇ ਢੀਮ ਮਿਲਾਵੈਂ ਸੇਲ॥ ੨੨ ॥*** ਸੋਟੇ, ਇੱਟਾਂ ਤੇ ਸੇਲਿਆਂ ਨਾਲ ਆਪਾਂ ਮੇਲ ਕਰੀਏ, ਇਹ ਸ਼ਸਤ੍ਰ ਮਾਰੀਏ, ਆਪਾਂ ਇਕ ਦੂਜੇ ਦੇ। ੨੨।

***ਦੋਹਰਾ॥ ਹਮ ਆਵਤ ਹੈਂ ਪਾਸ ਤੁਮ ਕਹਯੋ ਨ ਖਬਰ ਹਮ ਕੀਨ॥*** ਸਿੰਘ ਬੜੇ ਕਾਹਲੇ ਪਏ ਹੋਏ ਨੇ ਸ਼ਹੀਦੀਆਂ ਨੂੰ, ਕਹਿੰਦੇ, 'ਜੇ ਤੁਸੀਂ ਨਹੀਂ ਕੋਈ ਯਤਨ ਕਰਦੇ, ਤਾਂ ਅਸੀਂ ਆਏ ਤੁਹਾਡੇ ਕੋਲ, ਫਿਰ ਨਾ ਆਖਿਓ ਦੱਸਿਆ ਨਹੀਂ, ਆਏ ਅਸੀਂ ਤਕੜੇ ਹੋ ਜਾਓ'।

***ਦੌੜ ਕਰੀ ਤਿਨ ਸ਼ੇਰ ਜਿਉਂ ਖੜੋ ਤਹਾਂ ਜਾ ਲੀਨ॥ ੨੩ ॥*** ਬੋਤਾ ਸਿੰਘ ਸ਼ੇਰ ਦੀ ਤਰ੍ਹਾਂ ਜਾ ਪਿਆ ਹੈ ਦੌੜ ਕੇ, ਜਿਥੇ ਤੁਰਕ ਸਿਪਾਹੀ ਖੜ੍ਹੇ ਸੀ, ਉਥੇ ਜਾ ਝਪਟਿਆ ਹੈ ਉਨ੍ਹਾਂ 'ਤੇ। ੨੩।

***ਚੌਪਈ॥ ਦੌੜ ਸਿੰਘਨ ਤਬ ਸ਼ਸਤ੍ਰ ਚਲਾਏ॥*** ਤਦ ਦੌੜ ਕੇ ਸਿੰਘਾਂ ਨੇ ਸ਼ਸਤ੍ਰ ਚਲਾਏ ਹਨ ਤੁਰਕਾਂ 'ਤੇ।

***ਹਥ ਸਿੰਘਨ ਕੇ ਤੁਰਕ ਨ ਆਏ॥*** ਤੁਰਕ ਘੋੜਿਆਂ ਤੇ ਚੜ੍ਹੇ ਹੋਏ ਸੀ, ਘੋੜੇ ਭਜਾ ਕੇ ਔਹ ਜਾਹ ਖੜ੍ਹੇ ਹਨ ਦੂਰ, ਨੇੜੇ ਨ ਲੱਗੇ ਸਿੰਘਾਂ ਦੇ, ਇਸ ਤਰ੍ਹਾਂ ਤੁਰਕ ਸਿੰਘਾਂ ਦੇ ਹੱਥ ਨਾ ਆਏ।

***ਸੋਟੇ ਢੀਮ ਤਬ ਸਿੰਘਨ ਚਲਾਈ॥*** ਸਿੰਘਾਂ ਨੇ ਚੁੱਕ-ਚੁੱਕ ਢੀਮਾਂ ਅਤੇ ਸੋਟੇ ਵਗਾਹ ਕੇ ਮਾਰੇ ਹਨ।

***ਤੁਰਕ ਸੁ ਘੋੜੇ ਗਏ ਹਿਲਾਈ॥ ੨੪ ॥*** ਤੁਰਕ ਘੋੜੇ ਭਜਾ ਕੇ ਹੋਰ ਦੂਰ ਹੋ ਗਏ ਹਨ। ੨੪।

***ਤੁਰਕ ਜਿੰਦ ਕੋ ਚਹੈਂ ਬਚਾਈ॥*** ਤੁਰਕ ਆਪਣੀ ਜਾਨ ਨੂੰ ਬਚਾਉਣਾ ਚਾਹੁੰਦੇ ਹਨ, ਕਿ ਇਹ ਤਾਂ ਐਡੇ ਨਿਡੱਰ ਹੋਏ ਖੜ੍ਹੇ ਹਨ ਮਰਨ ਮਾਰਨ ਵਾਸਤੇ, ਨਾ ਜਾਣੀਏ ਅਗਲਾ ਕਹਿੰਦਾ ਮੈਨੂੰ ਨਾ ਮਾਰ ਲਏ, ਦੂਜਾ ਆਖਦਾ ਮੈਨੂੰ ਨਾ ਮਾਰ ਲਏ।

***ਸਿੰਘਨ ਚਿੰਤਾ ਜਿੰਦ ਨ ਕਾਈ॥*** ਸਿੰਘਾਂ ਨੂੰ ਆਪਣੀ ਜਿੰਦ ਬਚਾਉਣ ਦੀ ਕੋਈ ਚਿੰਤਾ ਨਹੀਂ ਹੈ, ਉਹ ਸ਼ਹੀਦੀ ਪਉਣੀ ਚਾਹੁੰਦੇ ਹਨ, ਲੜਕੇ ਮਰਨਾਂ ਚਾਹੁੰਦੇ ਹਨ।

***ਜਿਧਰੋਂ ਸ਼ਸਤਰ ਤੁਰਕਨ ਆਵੈਂ॥*** ਤੁਰਕ ਤੀਰ, ਬੰਦੂਕਾਂ ਚਲਾਉਂਦੇ ਨੇ, ਜਿਹੜੇ ਪਾਸਿਓਂ ਤੁਰਕਾਂ ਦੇ ਸ਼ਸਤ੍ਰ ਆਉਂਦੇ ਹਨ।

***ਸਿੰਘ ਸੁ ਦੌੜ ਉਤਹਿ ਵਲ ਧਾਵੈਂ॥ ੨੫ ॥*** ਸਿੰਘ ਦੌੜ ਕੇ ਉਸ ਪਾਸੇ ਵਲ ਨੂੰ ਜਾਂਦੇ ਹਨ ਦੌੜ ਕੇ। ੨੫।

***ਪਹੁੰਚ ਸੁ ਤੁਰਕਨ ਸ਼ਸਤ੍ਰ ਲਗਾਵੈਂ॥*** ਉਥੇ ਪਹੁੰਚ ਕੇ ਤੁਰਕਾਂ ਨੂੰ ਸ਼ਸਤ੍ਰ ਮਾਰਦੇ।

***ਅਪਨੇ ਨਾਂਹ ਸਰਹਰ ਬਚਾਵੈਂ॥*** ਸਿੰਘ ਆਪਣੇ ਸਰੀਰ ਨੂੰ ਨਹੀਂ ਬਚਾਉਂਦੇ ਤੁਰਕਾਂ ਦੇ ਸ਼ਸਤ੍ਰਾਂ ਤੋਂ।

***ਤੁਰਕਨ ਤੇ ਨਿਜ ਸਰੀਰ ਚਿਰਾਵੈਂ॥*** ਤੁਰਕ ਦੂਰੋਂ ਤੀਰ, ਗੋਲੀਆਂ ਮਾਰਦੇ ਹਨ, ਸਿੰਘ ਉਨ੍ਹਾਂ ਦੇ ਸ਼ਸਤ੍ਰ ਆਪਣੇ ਸਰੀਰ 'ਤੇ ਝੱਲ ਕੇ ਆਪਣੇ ਸਰੀਰ 'ਤੇ ਫੱਟ ਖਾਂਦੇ ਹਨ, ਜ਼ਖ਼ਮੀ ਕਰਵਾਉਂਦੇ ਹਨ।

***ਲਗੈ ਸ਼ਸਤ੍ਰ ਤਨ ਖੁਸ਼ੀਆਂ ਆਵੈਂ॥*** ਜਿਉਂ-ਜਿਉਂ ਉਹਨਾਂ ਦੇ ਸ਼ਸਤ੍ਰ ਤੀਰ, ਗੋਲੀਆਂ ਆ ਕੇ ਵਜਦੇ ਹਨ, ਤਿਉਂ-ਤਿਉਂ ਸਿੰਘ, ਉਨ੍ਹਾਂ ਨੂੰ ਖੁਸ਼ੀਆਂ ਚੜ੍ਹਦੀਆਂ ਹਨ? ਲਾਲੀਆਂ ਭੱਖਦੀਆਂ ਹਨ ਸਿੰਘਾਂ 'ਤੇ।

***ਸੌਂਚੀ ਖੇਲ ਖੇਲੈਂ ਜਨ ਸਿੰਘ॥*** ਜਿਵੇਂ ਵੱਡੇ-ਵੱਡੇ ਮੱਲ ਸੌਂਚੀ ਪੱਕੀ ਖੇਡਦੇ ਸਨ, ਭੱਜ ਕੇ ਜਾ ਕੇ ਹੱਥ ਮਾਰਨਾ, ਉਹਨਾਂ ਨੇ ਅੱਗੋਂ ਫੜਨ ਪੈਣਾਂ, ਧੌਲ੍ਹਾਂ ਮਾਰਦਿਆਂ ਪਿੱਛੇ ਨੂੰ ਹਟਣਾ, ਇਹ ਵੱਡੇ-ਵੱਡੇ ਜੁਆਨਾਂ ਦਾ ਕੰਮ ਹੁੰਦਾ ਸੀ। ਜਾਣੋਂ ਸਿੰਘ ਸੌਂਚੀ ਪੱਕੀ ਦੀ ਖੇਡ-ਖੇਡ ਰਹੇ ਹਨ, ਭੱਜ-ਭੱਜ ਕੇ ਤੁਰਕਾਂ ਨੂੰ ਪੈਂਦੇ ਹਨ ਸਿੰਘ।

***ਭਰੈਂ ਛੋਟੀ ਕਤ ਲੰਬੀ ਡਿੰਘ॥*** ਕਦੇ ਛੋਟੀ ਅਤੇ ਕਦੇ ਵੱਡੀ ਛਲਾਂਗ ਮਾਰਦੇ ਹਨ, ਭੱਜ ਕੇ ਇਕ ਦੂਸਰੇ 'ਤੇ।

***ਤੁਰਕ ਭੀ ਹੱਲਾ ਕਰ ਕਰ ਮਾਰੈਂ॥*** ਤੁਰਕ ਵੀ ਓਧਰੋਂ ਹੱਲੇ ਕਰ ਕਰ ਕੇ ਮਾਰਦੇ ਹਨ ਸ਼ਸਤ੍ਰਾਂ ਨੂੰ।

***ਮਾਰ ਘੋੜਨ ਚਹਿ ਫੇਟਨ ਡਾਰੈਂ॥ ੨੭॥*** ਤੁਰਕ ਘੋੜਿਆਂ ਦੀਆਂ ਫੇਟਾਂ ਮਾਰ-ਮਾਰ ਸਿੰਘ ਨੂੰ ਡੇਗਣਾ ਚਾਹੁੰਦੇ ਹਨ। ੨੭।

***ਦੋਹਰਾ॥ ਸਿੰਘ ਉਠੈਂ ਕਬ ਗਿਰ ਪੜੈਂ, ਕਬ ਫਿਰ ਜਾਹਿੰ ਖਲੋਇ॥*** ਜਦੋਂ ਇਕੱਠੇ ਘੋੜੇ ਭੱਜ ਕੇ ਉਤੇ ਚੜ੍ਹਦੇ ਹਨ ਸਿੰਘਾਂ 'ਤੇ ਅਤੇ ਉਤੋਂ ਸ਼ਸਤ੍ਰ ਚਲਾਉਂਦੇ ਹਨ। ਕਈ ਵਾਰੀ ਘੋੜਿਆਂ ਦੀ ਫੇਟ ਨਾਲ ਸਿੰਘ ਡਿੱਗ ਪੈਂਦੇ ਹਨ, ਫੇਰ ਉਠ ਕੇ ਖੜ੍ਹੇ ਹੋ ਜਾਂਦੇ ਹਨ।

***ਤੁਰਕਨ ਕੇ ਹਥ ਸ਼ਸਤ੍ਰ ਲਖ, ਸਿੰਘ ਖਾਲੀ ਡਰੈਂ ਨ ਤੋਇ॥ ੨੮॥*** ਤੁਰਕਾਂ ਦੇ ਹੱਥ ਵਿਚ ਭਾਵੇਂ ਜੰਗੀ ਸ਼ਸਤ੍ਰ ਫੜੇ ਹੋਏ ਹਨ, ਸਿੰਘ ਤਾਂ ਵੀ ਉਹਨਾਂ ਤੋਂ ਨਹੀਂ ਡਰਦੇ। ੨੮।

***ਚੌਪਈ॥ ਸਿੰਘ ਕਰੈਂ ਨਹਿ ਜਾਨ ਪਿਆਰੀ॥*** ਸਿੰਘ ਆਪਣੀ ਜਾਨ ਪਿਆਰੀ ਨਹੀਂ ਕਰਦੇ, ਆਪਣੇ ਆਪਦੀ ਬੱਚਤ ਨਹੀਂ ਕਰਦੇ।

***ਡਰੈਂ ਨ ਤੁਰਕ ਬਿਨ ਸ਼ਸਤ੍ਰ ਬਿਚਾਰੀ॥*** (੧) ਆਪਣੇ ਮਨ ਵਿਚ ਇਹ ਵਿਚਾਰ ਕੇ ਕਿ ਅਸੀਂ ਸ਼ਸਤ੍ਰਾਂ ਤੋਂ ਬਿਨਾਂ ਹਾਂ, ਭਾਵ ਸ਼ਸਤ੍ਰਹੀਣ। (੨) ਸਿੰਘਾਂ ਨੂੰ ਸ਼ਸਤ੍ਰਾਂ ਤੋਂ ਬਗੈਰ ਦੇਖ ਕੇ ਤੁਰਕ ਵੀ ਉਨ੍ਹਾਂ ਤੋਂ ਡਰਦੇ ਨਹੀਂ ਹਨ, ਹਾਂ ਤਾਂ ਵੀ ਸਿੰਘ ਡਰਦੇ ਨਹੀਂ ਹਨ ਤੁਰਕਾਂ ਤੋਂ।

***ਦੋਨੋਂ ਕੇ ਦਿਲ ਬਢਯੋ ਹੁਲਾਸ॥*** ਦੋਨੋਂ-ਤੁਰਕਾਂ ਅਤੇ ਸਿੰਘਾਂ ਕੇ ਮਨ ਵਿਚ ਸ਼ਹੀਦੀ ਲੈਣ ਦਾ ਉਤਸ਼ਾਹ ਵਧ ਗਿਆ ਹੈ।

***ਲਖ ਖਾਲੀ ਉਨ ਮਰਨ ਪਿਆਸ॥ ੨੯॥*** ਉਹ ਤਾਂ ਇਹਨਾਂ ਸਿੰਘਾਂ ਨੂੰ ਸ਼ਸਤ੍ਰਾਂ ਤੋਂ ਖਾਲੀ ਜਾਣ ਕੇ, ਉਨ੍ਹਾਂ ਨੂੰ, ਭਾਵ ਸਿੰਘਾਂ ਨੂੰ ਮਰਨ ਦੀ ਪਿਆਸ ਲੱਗੀ ਹੋਈ ਹੈ, ਸੀਸ ਲਾਉਣ ਦੀ ਮਨ ਦੇ ਵਿਚ ਇੱਛਾ ਹੋਈ ਹੈ। ੨੯।

***ਦੋਹਰਾ॥ ਚਾਮ ਮਾਸ ਸ਼ਸਤਰ ਲਗੈ ਤੌ ਸਿੰਘ ਮਾਨੈ ਨਾਂਹਿ॥*** ਜੋ ਉਹਨਾਂ ਦੇ ਚਮੜੇ ਜਾਂ ਮਾਸ ਵਿਚ ਸ਼ਸਤ੍ਰ ਵਜਦੇ ਹਨ, ਉਸ ਦੀ ਤਕਲੀਫ ਨਹੀਂ ਮੰਨਦੇ ਸਿੰਘ। ਜੰਗਲਾਂ ਵਿਚ ਰਹਿੰਦੇ ਹਨ, ਗੈਂਡਿਆਂ ਵਰਗੇ ਸਰੀਰ ਹੋਏ ਹਨ, ਢਾਲਾਂ ਵਰਗੇ, ਜਿਹੜਾ ਸ਼ਸਤ੍ਰ ਮਾਸ ਵਿਚ ਜਾਂ ਪਿੰਡੇ 'ਤੇ ਲੱਗੇ, ਉਸ ਦਾ ਤਾਂ ਫੱਟ ਲੱਗਦਾ ਹੀ ਨਹੀਂ।

***ਹਾਡ ਲਗੈ ਤਬ ਬਲ ਘਟੈ ਤੌ ਸਿੰਘ ਕਛੁ ਕੁ ਥਕਾਹਿ॥ ੩੦॥*** ਜਦੋਂ ਕਿਤੇ ਹੱਡ ਦੇ ਲਗਦਾ ਹੈ ਸ਼ਸਤ੍ਰ, ਤਾਂ ਫਿਰ ਬਲ ਘਟਦਾ ਹੈ, ਕਿਉਂਕਿ ਹੱਡ ਸਰੀਰ ਵਿਚ ਐਸੇ ਹਨ, ਜੇ ਹੱਡ ਟੁੱਟ ਜਾਵੇ, ਤਾਂ ਫੇਰ ਸਰੀਰ ਕੰਮ ਦੇਣੋਂ ਹਟ ਜਾਂਦਾ ਹੈ, ਤਾਂ ਕੁਛ ਕੁ ਥਕਾਵਟ ਮਹਿਸੂਸ ਕਰਦੇ ਹਨ ਸਿੰਘ। ੩੦।

***ਚੌਪਈ॥ ਤੀਰ ਲਗੈ ਸਿੰਘ ਪੱਟ ਸਿਟਾਵੈਂ॥*** ਜਦੋਂ ਤੁਰਕਾਂ ਦਾ ਤੀਰ ਸਿੰਘਾਂ ਦੇ ਆ ਕੇ ਸਰੀਰ ਵਿਚ ਖੁੱਭ ਜਾਂਦਾ ਹੈ, ਤਾਂ ਸਿੰਘ ਉਸ ਨੂੰ ਪੁੱਟ ਕੇ ਪਰੇ ਸੁੱਟ ਦਿੰਦੇ ਹਨ ਚਲਾ ਕੇ।

**ਤੁਰਕਨ ਕੋ ਸੋ ਅੱਖੀਂ ਦਿਖਾਵੈਂ॥** ਤੁਰਕਾਂ ਨੂੰ ਅੱਖੀਂ ਵਿਖਾ-ਵਿਖਾ ਕੇ ਸਰੀਰ ਵਿੱਚੋਂ ਤੀਰ ਪੁੱਟ ਕੇ ਸੁੱਟਦੇ ਹਨ।

**ਸਿੰਘ ਕਹੈਂ, 'ਧ੍ਰਿਗ ਤੁਮਰੇ ਤੀਰ॥** ਸਿੰਘ ਉਹਨਾਂ ਨੂੰ ਕਹਿੰਦੇ ਹਨ ਧ੍ਰਿਗ ਹੈ ਤੁਹਾਡੇ ਤੀਰਾਂ ਦੇ।

**ਹਮਰੋ ਚੀਰ ਨ ਸਕੈਂ ਸਰੀਰ'॥ ੩੧॥** ਤੁਹਾਡੇ ਤੀਰ ਸਾਡੇ ਸਰੀਰ ਨੂੰ ਚੀਰ ਕੇ ਪਾਰ ਨਹੀਂ ਕਰ ਸਕੇ। ੩੧।

**ਤਬ ਲਾਗੇ ਤਲਵਾਰ ਚਲਾਨ॥** ਤਦੋਂ ਤੁਰਕਾਂ ਨੇ ਫੇਰ ਆਪਣੀਆਂ ਤਲਵਾਰਾਂ ਮਿਆਨਾਂ ਵਿੱਚੋਂ ਕੱਢ ਕੇ ਚਲਾਉਣੀਆਂ ਸ਼ੁਰੂ ਕੀਤੀਆਂ ਹਨ। ਤੁਰਕ ਤਲਵਾਰਾਂ ਦੇ ਵਾਰ ਕਰਨ ਲੱਗੇ ਸਿੰਘਾਂ 'ਤੇ।

**ਸਿੰਘ ਸੋਟੋਂ ਸੋਂ ਰੋਕੈਂ ਤਾਨ॥** ਸਿੰਘ ਅੱਗੋਂ ਸੋਟਿਆਂ ਨੂੰ ਤਾਣ ਕੇ ਤਲਵਾਰਾਂ ਦੇ ਵਾਰ ਰੋਕਦੇ ਹਨ।

**ਦੋਊਅਨ ਸਿੰਘਨ ਲਈ ਪਿਠ ਜੋੜ॥** ਦੋਵਾਂ ਸਿੰਘਾਂ ਨੇ ਆਪਣੀਆਂ ਪਿੱਠਾ ਜੋੜ ਲਈਆਂ ਹਨ ਆਪਸ ਵਿਚੀਂ।

**ਸੋਟਨ ਸੋਂ ਦਏ ਘੋੜੇ ਮੋੜ॥ ੩੨॥** ਤੁਰਕ ਘੋੜੇ ਸਿੰਘਾਂ 'ਤੇ ਚੜ੍ਹਾਉਂਦੇ ਹਨ, ਸਿੰਘ ਸੋਟੇ ਮਾਰ-ਮਾਰ ਕੇ ਘੋੜਿਆਂ ਦੇ ਮੂੰਹ ਮੂੜ ਦਿੰਦੇ ਹਨ। ੩੨।

**ਦੋਹਰਾ॥ ਘੋੜੇ ਛਡ ਪਯਾਦੇ ਭਏ, ਡਾਹੈਂ ਆਗੈ ਢਾਲ॥** ਜਦੋਂ ਘੋੜਿਆਂ ਦੇ ਮੂੰਹ 'ਤੇ ਵਜਦਾ ਹੈ ਸੋਟਾ, ਤਾਂ ਘੋੜਾ ਖੜ੍ਹਦਾ ਹੀ ਨਹੀਂ ਹੈ, ਸਿੰਘਾਂ ਦੇ ਸਾਮ੍ਹਣੇ, ਤੁਰਕ ਘੋੜੇ ਛੱਡ ਕੇ ਪੈਦਲ ਹੋ ਗਏ ਹਨ, ਤੁਰਕ ਸਿੰਘਾਂ ਦੇ ਸੋਟਿਆਂ ਦਾ ਵਾਰ, ਆਪਣੀ ਢਾਲ ਅੱਗੇ ਕਰਕੇ ਰੋਕਦੇ ਹਨ।

**ਸੋਟਨ ਸੋਂ ਉਨ ਢਾਲ ਕੋ ਕੀਨੋ ਬੁਰੋ ਹਵਾਲ॥ ੩੩॥** ਸਿੰਘਾਂ ਨੇ ਢਾਲਾਂ ਦੇ ਉਤੇ ਸਲੋਤਰ ਮਾਰ-ਮਾਰ ਕੇ ਉਨ੍ਹਾਂ ਦਾ ਬੁਰਾ ਹਾਲ ਕਰ ਦਿੱਤਾ ਹੈ, ਢਾਲਾਂ ਦੇ ਫੁਲ ਆਦਿਕ ਸਭ ਤੋੜ ਦਿਤੇ ਹਨ। ੩੩।

**ਚੌਪਈ॥ ਤੌ ਤੁਰਕਨ ਨੈ ਮਾਨੀਆਨ॥** ਤਾਂ ਤੁਰਕਾਂ ਨੇ ਆਣ ਮੰਨ ਲਈ ਹੈ ਕਿ ਇਹ ਨਹੀਂ ਮਰਦੇ, ਦੋ ਹੀ ਸਿੰਘਾਂ ਨੇ ਉਨ੍ਹਾਂ ਨੂੰ ਈਨ ਮਨਾ ਲਈ ਇਕ ਕਿਸਮ ਦੀ।

**ਸਿੰਘਨ ਪਰ ਨ ਪਾਵੈਂ ਤਾਨ॥** ਸਿੰਘਾਂ ਦੇ ਉਤੇ ਕੋਈ ਬਲ ਨਹੀਂ ਪੈਂਦਾ ਹੈ, ਇਸ ਤਰ੍ਹਾਂ ਸਿੰਘਾਂ 'ਤੇ ਸਭ ਤਾਕਤ ਅਜਮਾਈ ਸਭ ਬਿਅਰਥ ਗਈ ਹੈ।

**ਤੌ ਤੁਰਕਨ ਬੰਦੂਕ ਸੰਭਾਰੀ॥** ਜਦੋਂ ਕਿਸੇ ਤਰ੍ਹਾਂ ਵੀ ਸਿੰਘ ਤੁਰਕਾਂ ਦੇ ਕਾਬੂ ਨਾ ਆਏ, ਤਾਂ ਤੁਰਕਾਂ ਨੇ ਬੰਦੂਕਾਂ ਫੜ ਲਈਆਂ ਹਨ ਆਪਣੇ ਹੱਥਾਂ ਵਿਚ।

**ਲਾਵੈਂ ਸਿੰਘਨ ਗੋਲੀ ਭਾਰੀ॥ ੩੪॥** ਭਾਰੀਆਂ ਗੋਲੀਆਂ ਭਰ-ਭਰ ਕੇ ਸਿੰਘਾਂ ਦੇ ਸਰੀਰ 'ਤੇ ਲੱਗੇ ਹਨ ਲਾਉਣ। ੩੪।

**ਜਹਾਂ ਲਗੀ ਹੱਡ ਦੇਵੈ ਤੋੜ॥** ਗੋਲੀ ਦਾ ਕੰਮ ਹੀ ਐਸਾ ਹੁੰਦਾ ਹੈ, ਜਿਥੇ ਲੱਗਦੀ ਹੈ ਹੱਡ ਤੋੜ ਦਿੰਦੀ ਹੈ।

**ਸੋਟੇ ਲਾਵੈਂ ਹਥ ਦੈਂ ਫੋੜ॥** ਜਿਹੜੇ ਹੱਥਾਂ ਨਾਲ ਸਿੰਘ ਸੋਟੇ ਮਾਰਦੇ ਸਨ, ਤੁਰਕਾਂ ਨੇ ਸਿੰਘਾਂ ਦੇ ਹੱਥਾਂ ਦਾ ਨਿਸ਼ਾਨਾ ਲੈ ਕੇ, ਗੋਲੀਆਂ ਮਾਰ-ਮਾਰ ਕੇ ਹੱਥ ਤੋੜ ਦਿੱਤੇ ਹਨ।

**ਸਿੰਘਨ ਸੋਟੈ ਹਥ ਖੱਬੇ ਫੜੇ॥** ਪਹਿਲਾਂ ਸੋਟੇ ਸੱਜੇ ਹੱਥ ਨਾਲ ਫੜੇ ਹੋਏ ਸੀ ਸਿੰਘਾਂ ਨੇ, ਜਦੋਂ ਸੱਜੇ ਹੱਥ ਤੁਰਕਾਂ ਨੇ ਤੋੜ ਦਿੱਤੇ ਤਾਂ ਸਿੰਘਾਂ ਨੇ ਖੱਬੇ ਹੱਥ ਨਾਲ ਸੋਟੇ ਫੜ ਲਏ।

**ਮਾਰ ਬੰਦੂਕਨ ਲੰਗੜੇ ਕਰੇ॥ ੩੫॥** ਤੁਰਕਾਂ ਨੇ ਬੰਦੂਕਾਂ ਨਾਲ ਸਿੰਘਾਂ ਦੇ ਪੱਟ ਭੰਨ ਦਿੱਤੇ ਹਨ ਦੂਰੋਂ ਹੀ, ਲੰਗੜੇ ਕਰ ਦਿੱਤੇ ਹਨ ਸਿੰਘ। ੩੫।

**ਜਬ ਸਿੰਘਨ ਕੀ ਟੰਗ ਦਈ ਤੋੜ॥** ਤੁਰਕਾਂ ਨੇ ਮਾਰ-ਮਾਰ ਕੇ ਗੋਲੀਆਂ, ਸਿੰਘਾਂ ਦੀ ਜਦੋਂ ਇਕ-ਇਕ ਟੰਗ ਤੋੜ ਦਿੱਤੀ।

**ਕਹੈਂ ਸਿੰਘਨ ਅਬ ਮਿਲੋ ਹਥ ਜੋੜ॥** ਤੁਰਕ ਸਿੰਘਾਂ ਨੂੰ ਕਹਿਣ ਲੱਗੇ, 'ਹੁਣ ਹੱਥ ਜੋੜ ਕੇ ਮਿਲੋ ਸਾਨੂੰ, ਕਹੋ ਸਾਨੂੰ ਮੁਆਫ ਕਰ ਦਿਉ ਜੀ, ਅਸੀਂ ਗਲਤੀ ਕਰ ਬੈਠੇ ਹਾਂ'।

**ਤੁਮਰੀ ਅਬ ਹਮ ਬਖਸ਼ੀ ਜਾਨ॥** ਚਲੋ ਅਸੀਂ ਤੁਹਾਡੀ ਜਾਨ ਬਖ਼ਸ਼ੀ ਕਰ ਦਿੱਤੀ ਹੈ, ਅਸੀਂ ਤੁਹਾਨੂੰ ਜਾਨੋਂ ਨਹੀਂ ਮਾਰਦੇ,

ਹੱਥ ਜੋੜ ਕੇ ਖੜ੍ਹੇ ਹੋ ਜਾਓ।

***ਰਖੈਂ ਤੁਮੈਂ ਕਰ ਮੁਸਲਮਾਨ॥ ੩੬॥*** ਅਸੀਂ ਰੱਖਾਂਗੇ ਜਰੂਰ ਤੁਹਾਨੂੰ ਪਰ ਮੁਸਲਮਾਨ ਬਣਾ ਕੇ ਰੱਖਾਂਗੇ, ਜਦੋਂ ਸਿੰਘਾਂ ਨੂੰ ਐਸਾ ਖੋਟਾ ਬਚਨ ਕੀਤਾ। ੩੬।

***ਦੋਹਰਾ॥ ਸਿੰਘ ਉਠੇ ਇਕ ਟੰਗ ਸਿਉਂ ਇਕ ਟੰਗਨ ਕੀ ਤੋਰ॥*** ਸਿੰਘ ਜੋਸ਼ ਵਿਚ ਆ ਕੇ ਇਕੋ ਟੰਗ 'ਤੇ ਖੜ੍ਹੇ ਹੋ ਗਏ ਹਨ, ਜਿਵੇਂ ਬੱਚੇ ਇਕ ਲੱਤ ਦੇ ਭਾਰ ਹੋ ਕੇ ਖੇਡਦੇ ਹਨ, ਖਾਨੇ ਜਿਹੇ ਬਣਾ ਕੇ, ਠੀਕਰੀ ਸੁੱਟ ਕੇ, ਸਿੰਘ ਇਕ ਲੱਤ ਦੇ ਸਹਾਰੇ ਉਠੇ ਹਨ ਮੈਦਾਨ ਵਿਚ ਲੜਨ ਵਾਸਤੇ।

***ਧਾਯੋ ਵਤ ਕਰਲਾਂ ਕਰੈਂ, ਮਾਰ ਸੋਟਨ ਸਿਰ ਦਯੋ ਫੋਰ॥ ੩੭॥*** ਜਿਹੜੇ ਅੱਗੇ ਵਧਦੇ ਹਨ ਤੁਰਕ, ਇਕ ਟੰਗਿਆਂ ਸਿੰਘਾਂ ਨਾਲ ਲੜਨ ਵਾਸਤੇ, ਅਫ਼ਸਰ ਅੱਗੋਂ ਹੁਕਮ ਨਹੀਂ ਦਿੰਦਾ ਗੋਲੀ ਮਾਰਨ ਦਾ, ਉਹ ਕਹਿੰਦਾ, 'ਹੁਣ ਤਾਂ ਇਕੋ ਇਕ ਲੱਤ ਹੈ ਅਤੇ ਇਕੋ ਇਕ ਹੱਥ ਹੈ, ਹੁਣ ਤਾਂ ਢਾਹ ਲਉ ਏਨਾ ਨੂੰ' ਜਦੋਂ ਉਹ ਅੱਗੇ ਆਉਂਦੇ ਹਨ, ਤਾਂ ਸਿੰਘ ਮਾਰਦੇ ਹਨ ਜ਼ੋਰ ਦੀ ਸਲੋਤਰ ਖੱਬੇ ਹੱਥ ਨਾਲ ਤੁਰਕਾਂ ਦਾ ਸਿਰ ਭੰਨ ਦਿੰਦੇ ਹਨ, ਮੂੰਹ ਤੇ ਨਾਸਾਂ ਤਾਈਂ ਖ਼ੂਨ ਦੀਆਂ ਘਰਾਲਾਂ ਵਗਦੀਆਂ ਹਨ, ਉਹਨਾਂ ਦੇ ਮੂੰਹ ਤੇ ਨਾਸਾਂ ਰਾਹੀਂ ਖ਼ੂਨ ਦੇ ਪ੍ਰਨਾਲੇ ਵਗਣੇ ਸ਼ੁਰੂ ਹੋ ਗਏ। ੩੭।

***ਚੌਪਈ॥ ਤੌ ਊਹਾਂ ਸਿੰਘ ਜਾ ਡਿਗ ਪਏ॥*** ਤਾਂ ਉਥੇ ਸਿੰਘ ਵੀ ਡਿੱਗ ਪਏ ਹਨ, ਤੁਰਕਾਂ ਦੇ ਸਿਰ ਭੰਨ ਕੇ।

***ਗੋਡਨ ਕੂਨ ਉਤੈ ਵਲ ਗਏ॥*** ਤੁਰਕ ਫੇਰ ਪਿਛਾਂਹ ਨੂੰ ਭੱਜਦੇ ਹਨ, ਸਿੰਘ ਗੋਡਿਆਂ ਤੇ ਕੂਹਣੀਆਂ ਦੇ ਭਾਰ ਹੋ ਕੇ ਉਨ੍ਹਾਂ ਵਲ ਨੂੰ ਗਏ ਹਨ।

***ਸਿੰਘਨ ਉਨ ਤੈ ਮੁੜੀ ਨ ਆਂਖ॥*** ਸਿੰਘਾਂ ਨੇ ਤੁਰਕਾਂ ਤੋਂ ਅੱਖਾਂ ਨਹੀਂ ਮੋੜੀਆਂ ਹਨ, ਇਉਂ ਸਾਮ੍ਹਣੇ ਝਾਕਦੇ ਹਨ ਮੱਥਾ ਲਾਉਣ ਨੂੰ।

***ਐਸੇ ਗਏ ਬਡੇ ਹਮ ਆਖ॥ ੩੮॥*** ਭਾਈ ਸਾਹਿਬ ਜੀ ਕਹਿੰਦੇ ਹਨ, ਜਿੰਨ੍ਹਾਂ ਨੇ ਮੈਨੂੰ ਸਾਖੀ ਸੁਣਾਈ ਸੀ, ਇਸ ਤਰ੍ਹਾਂ ਦੱਸੀ ਸੀ ਉਹਨਾਂ ਨੇ ਕਿ ਸਿੰਘਾਂ ਨੇ ਅੱਖ ਨਹੀਂ ਸੀ ਝਮਕੀ ਉਹਨਾਂ ਦੇ ਸਾਹਮਣੇ। ੩੮।

***ਦੋਹਰਾ॥ ਅੱਖਾਂ ਤਾਂ ਸੋਈ ਮੋੜੇ, ਜਿਸ ਚਿਤ ਕਿਛ ਸੰਕਾਇ॥*** ਅੱਖਾਂ ਤਾਂ ਉਹੀ ਮੋੜੇ, ਜਿਸ ਨੂੰ ਕਾਣ ਹੋਵੇ ਕਿਸੇ ਗੱਲ ਦੀ, ਕੋਈ ਸ਼ੰਕਾ ਹੋਵੇ ਕਿਸੇ ਪ੍ਰਕਾਰ ਦੀ।

***ਜਿਨ ਜੀਵਨ ਆਸਾ ਤਜੀ, ਨਹਿਂ ਵਹਿ ਆਂਖ ਚੁਰਾਇ॥ ੩੯॥*** ਜਿਨ੍ਹਾਂ ਨੇ ਜੀਵਨ ਦੀ ਆਸ ਹੀ ਤਿਆਗ ਦਿੱਤੀ ਹੈ ਕਿ ਅਸੀ ਤਾਂ ਮਰਨਾ ਹੀ ਹੈ, ਉਹ ਕਿਉਂ ਅੱਖ ਚੁਰਾਏ ਕਿਸੇ ਤੋਂ, ਉਹ ਨਹੀਂ ਅੱਖਾਂ ਮੋੜਦੇ ਹੁੰਦੇ। ੩੯।

***ਸਨਮੁਖ ਸੂਰੇ ਭਿੜਤ ਹੈਂ, ਆਂਖਨ ਆਂਖ ਮਿਲਾਇ॥*** ਦੋਂਹ ਸੂਰਵੀਰਾਂ ਦੀ ਲੜਾਈ ਦਾ ਢੰਗ ਦੱਸਦੇ ਹਨ। ਜਦੋਂ ਦੋ ਸੂਰਵੀਰ ਮੈਦਾਨ ਵਿਚ ਨਿੱਤਰ ਆਉਣ, ਦੋਵੇਂ ਅੱਖਾਂ ਵਿਚ ਅੱਖਾਂ ਗੱਡ ਲੈਂਦੇ ਹਨ ਇਕ ਦੂਜੇ ਦੀਆਂ ਵਿਚ। ਫਿਰ ਲੜਾਈ ਹੁੰਦੀ ਹੈ, ਤਾਂ ਹੀ ਬਚਾਉ ਹੁੰਦਾ ਹੈ। ਜਦੋਂ ਸੂਰਵੀਰ ਦੋ ਜੁੱਧ ਕਰਦੇ ਹੋਣ, ਤਾਂ ਅੱਖਾਂ ਵਿਚ ਅੱਖਾਂ ਪਾ ਕੇ ਲੜਦੇ ਹਨ।

***ਲਾਲੀ ਮੁਖ, ਭੁਜ ਫਰਕ ਹੈਂ, ਮੁਖ ਤਲਵਾਰਾਂ ਖਾਇਂ॥ ੪੦॥*** ਉਨ੍ਹਾਂ ਦੇ ਮੂੰਹ 'ਤੇ ਲਾਲੀਆਂ ਭੱਖਦੀਆਂ ਹਨ, ਡੌਲੇ ਫਰਕਦੇ ਹਨ, ਸਨਮੁਖ ਹੋ ਕੇ ਮੂੰਹ 'ਤੇ ਤਲਵਾਰਾਂ ਖਾਂਦੇ ਹਨ, ਤਲਵਾਰਾਂ ਦੇ ਵਾਰ ਝੱਲਦੇ ਹਨ। ੪੦।

***ਚੌਪਈ॥ ਟੂਕ ਟੂਕ ਸੌ ਤੁਰਕਨ ਕਰੇ॥*** ਤੁਰਕਾਂ ਦੀ ਬਹੁ-ਗਿਣਤੀ ਸੀ, ਤੁਰਕਾਂ ਨੇ ਸਿੰਘਾਂ ਦੇ ਟੋਟੇ-ਟੋਟੇ ਕਰ ਦਿੱਤੇ ਹਨ।

***ਮਤ ਸਿੰਘ ਫੇਰ ਨ ਹੋਵੈਂ ਖਰੇ॥*** ਤੁਰਕਾਂ ਨੂੰ ਇਹ ਡਰ ਕਿ ਸਿੰਘ ਕਿਤੇ ਫਿਰ ਨਾ ਖੜ੍ਹੇ ਹੋ ਜਾਣ। ਫਿਰ ਖੜ੍ਹੇ ਹੋ ਕੇ ਕਈਆਂ ਨੂੰ ਮਾਰ ਜਾਣਗੇ।

***ਇਸ ਬਿਧ ਸਿੰਘਨ ਸ਼ਹੀਦੀ ਪਾਈ॥*** ਏਸ ਪ੍ਰਕਾਰ ਇਨ੍ਹਾਂ ਦੋਵਾਂ ਬਹਾਦਰ ਸਿੰਘਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ।

***ਧੰਨ ਮਾਤਾ ਧੰਨ ਪਿਤਾ ਉਸ ਭਾਈ॥੪੧॥*** ਧੰਨ ਹਨ ਉਹਨਾਂ ਦੇ ਮਾਤਾ ਪਿਤਾ, ਜਿਨ੍ਹਾਂ ਨੇ ਐਸੇ ਸਿੰਘਾਂ ਸੂਰਮਿਆਂ ਨੂੰ

ਜਨਮ ਦਿੱਤਾ ਹੈ, ਧੰਨ ਹਨ ਉਹਨਾਂ ਦੇ ਭਾਈ। ੪੧।

***ਜਾਇ ਰਲੈ ਵੈ ਸ਼ਹੀਦਨ ਡੇਰੇ॥*** ਸ਼ਹੀਦੀਆਂ ਪ੍ਰਾਪਤ ਕਰਕੇ ਆਪਣੇ ਤਨ ਦੇ ਟੁੱਕੜੇ-ਟੁੱਕੜੇ ਕਰਾ ਕੇ, ਉਹ ਸਿੰਘ ਸ਼ਹੀਦਾਂ ਦੇ ਡੇਰੇ ਜਾ ਰਲੇ ਹਨ, ਜਿਥੇ ਸ਼ਹੀਦ ਸਿੰਘਾਂ ਦਾ ਨਿਵਾਸ ਹੈ।

***ਪੀਰ ਪਿਕੰਬਰ ਫੜ ਜਿਨ ਘੇਰੇ॥*** ਵੱਡੇ-ਵੱਡੇ ਪੀਰ ਪੈਗੰਬਰਾਂ ਨੂੰ, ਜਿਨ੍ਹਾਂ ਨੇ ਘੇਰ ਕੇ ਫੜਿਆ ਹੋਇਆ ਹੈ ਸ਼ਹੀਦਾਂ ਸਿੰਘਾਂ ਨੇ, ਉਹਨਾਂ ਸ਼ਹੀਦ ਸਿੰਘਾਂ ਦੇ ਡੇਰੇ ਵਿਚ ਜਾ ਉਤਰੇ ਹਨ।

***ਸ਼ਹੀਦੀ ਬਡੀ ਬੋਤਾ ਸਿੰਘ ਲਈ॥*** ਬੋਤਾ ਸਿੰਘ ਨੇ ਬੜੀ ਭਾਰੀ ਸ਼ਹੀਦੀ ਪ੍ਰਾਪਤ ਕੀਤੀ ਹੈ।

***ਰਤਨ ਸਿੰਘ ਸੁਨ ਸੋਈ ਕਹੀ॥ ੪੨॥*** ਭਾਈ ਰਤਨ ਸਿੰਘ ਜੀ ਕਹਿੰਦੇ ਜਿਵੇਂ ਮੈਂ ਬਜੁਰਗਾਂ ਤੋਂ ਸਾਖੀ ਸੁਣੀ ਹੈ, ਉਸੇ ਤਰ੍ਹਾਂ ਹੀ ਲਿਖੀ ਹੈ। ਇਤੀ ਬੋਤਾ ਸਿੰਘ ਸ਼ਹੀਦੀ ਪਾਈ। ੪੨।

## ਭਾਈ ਸੁੱਖਾ ਸਿੰਘ ਜੀ ਦੀ ਬਹਾਦਰੀ ਕੀ ਸਾਖੀ

### (ਭਾਈ ਸੁੱਖਾ ਸਿੰਘ ਦੀ ਆਦ ਕਥਾ)

***ਦੋਹਰਾ॥ ਅਬ ਸਾਖੀ ਸੁਖਾ ਸਿੰਘ ਕੀ ਸੁਨੀਏ ਮਨ ਚਿਤ ਲਾਇ॥*** ਐ ਗੁਰਸਿੱਖੋ! ਭਾਈ ਸੁੱਖਾ ਸਿੰਘ ਮਾੜੀ ਕੰਬੋ ਕੀ ਵਾਲੇ ਦੀ ਸਾਖੀ ਮਨ ਚਿੱਤ ਲਾ ਕੇ ਸੁਣੋ।

***ਕੰਬੋ ਕੀ ਮਾੜੀ ਭਯੋ ਜਾਤ ਤ੍ਰਖਾਨ ਕਹਾਇ॥ ੧॥*** ਸੁੱਖਾ ਮਾੜੀ ਕੰਬੋ ਕੀ ਪਿੰਡ ਦਾ ਹੋਇਆ ਹੈ, ਜਾਤ ਦਾ ਤ੍ਰਖਾਣ ਕਹਾਉਂਦਾ ਸੀ। ੧।

***ਚੌਪਈ॥ ਬਰਸ ਬਾਰਾਂ ਕੋ ਜਬ ਵਹ ਭਯੋ॥*** ਸੁੱਖਾ ਸਿੰਘ ਜਦੋਂ ਬਾਰ੍ਹਾਂ ਸਾਲ ਦਾ ਹੋ ਗਿਆ।

***ਮਾਤਾ ਪਿਤਾ ਬਿਵਾਹ ਸੁ ਦਯੋ॥*** ਉਨ੍ਹਾਂ ਦਿਨਾਂ ਵਿਚ ਬੱਚਿਆਂ ਨੂੰ ਛੋਟੇ ਹੁੰਦਿਆਂ ਨੂੰ ਵਿਆਹ ਦਿੰਦੇ ਸਨ ਕਿ ਆਪਣੇ ਵਿਹਾਰ ਵਿਚ ਲੱਗ ਜਾਇਗਾ, ਘਰੋਂ ਨਹੀਂ ਜਾਇਗਾ ਕਿਤੇ। ਮਾਤਾ ਪਿਤਾ ਨੇ ਉਸ ਦੀ ਛੋਟੇ ਹੁੰਦਿਆਂ ਦੀ ਹੀ ਸ਼ਾਦੀ ਕਰ ਦਿੱਤੀ।

***ਚਾਉ ਉਪਜਯੋ ਉਸ ਚਿਤ ਮੈਂ ਆਇ॥*** ਸਿੱਖੀ ਤਾਂ ਚਾਉ ਦੀ ਹੈ, ਜਿਨ੍ਹਾਂ ਦੇ ਮਨ ਵਿਚ ਸ਼ੌਕ ਹੁੰਦਾ ਹੈ ਕਿ ਅਸੀਂ ਵੀ ਗੁਰੂ ਕੀ ਸਿੱਖੀ ਕਮਾਈਏ, ਅੰਮ੍ਰਿਤਪਾਨ ਕਰ ਗੁਰਸਿੱਖ ਬਣੀਏ। ਉਸ ਦੇ ਮਨ ਵਿਚ ਚਾਉ ਪੈਦਾ ਹੋਇਆ ਹੈ ਸਿੰਘ ਸਜਣੇ ਦਾ।

***ਲਈ ਪਾਹੁਲ ਅੰਮ੍ਰਿਤਸਰ ਜਾਇ॥ ੨॥*** ਸ੍ਰੀ ਅੰਮ੍ਰਿਤਸਰ ਸ੍ਰੀ ਅਕਾਲ ਤਖ਼ਤ 'ਤੇ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਛਕ ਆਇ ਜਾ ਕੇ। ੨।

***ਜਹਿ ਸਿਖ ਸੰਗਤ ਇਕਠੀ ਹੋਇ॥*** ਅੱਗੇ ਆਸਾ ਦੀ ਵਾਰ ਦਾ ਦੀਵਾਨ ਅੰਮ੍ਰਿਤ ਵੇਲੇ ਸਿੰਘ ਲਾਉਂਦੇ, ਲਾਗੇ-ਲਾਗੇ ਪਿੰਡਾਂ ਦੇ ਵਿਚ ਚਾਰ-ਚਾਰ, ਪੰਜ-ਪੰਜ ਕੋਹ 'ਤੇ ਖ਼ਬਰਾਂ ਹੋ ਜਾਂਦੀਆਂ ਕਿ ਅੱਜ ਆਸਾ ਦੀ ਵਾਰ ਫਲਾਨੇ ਸਿੰਘ ਦੇ ਘਰ ਲੱਗਣੀ ਹੈ, ਫਲਾਣੇ ਪਿੰਡ ਲੱਗਣੀ ਹੈ। ਓਥੇ ਇਲਾਕੇ ਦੇ ਸਿੰਘ ਇੱਕਠੇ ਹੁੰਦੇ, ਨਾਲ ਪਉੜੀ ਪੜ੍ਹਦੇ ਰਾਗੀਆਂ ਦੇ। ਜਿਥੇ ਵੀ ਸੰਗਤ ਜੁੜੇ ਸੁੱਖਾ ਸਿੰਘ ਦਾ ਕਰਤਬ ਸੀ ਕਿ ਉਥੇ ਜਰੂਰ ਪਹੁੰਚਣਾ ਹੈ, ਉਥੇ ਜਾ ਕੇ ਸੰਗਤ ਵਿਚ ਬਾਣੀ ਜਰੂਰ ਸੁਣਨੀ।

***ਜਿਮ ਤਿਮ ਕਰਕੇ ਪਹੁੰਚੈ ਸੋਇ॥*** ਜਿਵੇਂ ਵੀ ਹੋਵੇ ਜਰੂਰ ਉਥੇ ਉਹ ਪਹੁੰਚਦਾ ਸੀ ਜਾ ਕੇ ਕੀਰਤਨ ਸੁਣਨਾ ਅੰਮ੍ਰਿਤ ਵੇਲੇ।

***ਜੇ ਕੋ ਸਿੰਘ ਉਸ ਕੇ ਘਰ ਆਵੈ॥*** ਜੇ ਕੋਈ ਰਾਹੀ ਪਾਂਧੀ ਸਿੰਘ ਉਸ ਦੇ ਘਰ ਆ ਜਾਵੇ।

***ਸੋ ਉਸ ਕੀ ਵਹਿ ਟਹਿਲ ਕਮਾਵੈ॥ ੩॥*** ਉਹ ਉਸ ਦੀ ਟਹਿਲ ਸੇਵਾ ਕਰਦਾ, ਲੰਗਰ ਪਾਣੀ ਛਕਾਉਂਦਾ ਸੀ। ੩।

***ਸੌ ਸ਼ੁਹਰਤ ਚੁਗਲਨ ਪੈ ਗਈ॥*** ਉਸ ਦੀ ਸ਼ੋਹਰਤ ਚੁਗਲਾਂ ਦੇ ਕੰਨੀਂ ਪੈ ਗਈ ਹੈ ਕਿ ਮਾੜੀ ਦਾ ਜਿਹੜਾ ਸੁੱਖਾ ਹੈ, ਤ੍ਰਖਾਣਾਂ ਦਾ ਮੁੰਡਾ ਹੈ, ਉਹ ਵੀ ਸਿੰਘ ਸਜ ਗਿਆ ਹੈ ਅਤੇ ਆਏ ਗਏ ਸਿੰਘਾਂ ਨੂੰ ਰੋਟੀ-ਪਾਣੀ ਦਿੰਦਾ ਹੈ।

***ਫੌਜ ਚੜ੍ਹਾਇ ਚੁਗਲਨ ਸੰਗ ਲਈ॥*** ਚੁਗਲਾਂ ਨੇ ਸੁੱਖਾ ਸਿੰਘ ਨੂੰ ਫੜਾਉਣ ਵਾਸਤੇ, ਆਪਣੇ ਨਾਲ ਫ਼ੌਜ ਲਿਆਂਦੀ ਹੈ।

***ਉਸ ਦਿਨ ਹੁਤੋ ਨ ਵਹਿ ਘਰ ਸਿੱਖ॥*** ਜਦੋਂ ਫ਼ੌਜ ਆਈ ਹੈ, ਉਸ ਦਿਨ ਸੁੱਖਾ ਸਿੰਘ ਘਰ ਨਹੀਂ ਸੀ, ਕਿਤੇ ਬਾਹਰ ਗਿਆ ਹੋਇਆ ਸੀ॥

***ਇਮ ਕਰ ਉਨ ਕੋ ਪਰਯੋ ਨ ਦਿੱਖ॥ ੪॥*** ਇਸ ਕਰਕੇ ਉਹਨਾਂ ਫ਼ੌਜ ਵਾਲਿਆਂ ਨੂੰ ਨਾ ਦਿਸਿਆ, ਉਦੋਂ ਕਿਤੇ ਸੁੱਖਾ ਸਿੰਘ ਪਾਸੇ ਆਸੇ ਸੀ। ੪।

***ਫੌਜ ਮੁੜੀ ਜਬ ਉਤ ਤੇ ਗਈ॥*** ਜਦੋਂ ਫ਼ੌਜ ਉਥੋਂ ਸੁੱਖਾ ਸਿੰਘ ਦੇ ਘਰੋਂ ਖਾਲੀ ਮੁੜ ਗਈ।

***ਵਹੀ ਖਬਰ ਉਸ ਪਿਤ ਮਾਤਾ ਭਈ॥*** ਉਹੀ ਖ਼ਬਰ ਉਸ ਦੇ ਮਾਤਾ ਪਿਤਾ ਨੂੰ ਹੋ ਗਈ ਹੈ ਕਿ ਤੁਹਾਡੇ ਬੱਚੇ ਨੂੰ ਫੜਨ ਵਾਸਤੇ ਫ਼ੌਜ ਆਈ ਸੀ, ਉਹ ਮਿਲਿਆ ਨਹੀਂ ਇਸ ਕਰਕੇ ਖਾਲੀ ਮੁੜ ਗਈ।

***ਇਸੀ ਖੌਫ ਤੇ ਸਿੰਘ ਘਰ ਨਾ ਆਵੈ॥*** ਸੁੱਖਾ ਸਿੰਘ ਨੂੰ ਵੀ ਪਤਾ ਲੱਗ ਗਿਆ ਕਿ ਮੇਰੀ ਭਾਲ ਹੋ ਰਹੀ, ਫ਼ੌਜ ਆਉਂਦੀ ਹੈ ਮੈਨੂੰ ਫੜਨ ਵਾਸਤੇ, ਏਸੇ ਡਰ ਕਰਕੇ ਸੁੱਖਾ ਸਿੰਘ ਘਰ ਨਹੀਂ ਆਉਂਦਾ ਹੈ, ਉਹ ਵੀ ਬਾਹਰ ਰਲ ਗਿਆ ਸਿੰਘਾਂ ਦੇ ਜਥਿਆਂ ਵਿਚ ਜਾ ਕੇ।

***ਮਾਤ ਪਿਤਾ ਉਸ ਬਡ ਲਏ ਹਾਵੇ॥*** ਉਸ ਦੇ ਮਾਤਾ ਪਿਤਾ ਪੁੱਤਰ ਦੇ ਵਿਜੋਗ ਵਿਚ ਹਾਵੇ ਲੈਂਦੇ ਹਨ। ਹਾਏ! ਸਾਡਾ ਪੁੱਤਰ ਗਿਆ, ਹਾਏ! ਸਾਡਾ ਪੁੱਤਰ ਕਿਉਂ ਨਿਕਲ ਗਿਆ ਘਰੋਂ, ਉਹ ਹਾਹੁਕੇ ਲੈਂਦੇ।

***ਦੋਹਰਾ॥ ਮਾਤ ਪਿਤਾ ਉਸ ਇਮ ਕਹੈਂ, 'ਹਮ ਸਿੰਘਨ ਸਿਉਂ ਕਯਾ ਕਾਮ?*** ਜਦੋਂ ਸੁੱਖਾ ਸਿੰਘ ਵੇਲੇ-ਕੁਵੇਲੇ ਘਰ ਆਉਂਦਾ ਹੈ, ਤਾਂ ਉਸ ਦੇ ਮਾਤਾ ਪਿਤਾ ਉਸ ਨੂੰ ਸਮਝਾਉਂਦੇ ਹਨ। ਪੁੱਤਰ! ਸਾਡਾ ਸਿੰਘਾਂ ਨਾਲ ਕੀ ਕੰਮ? ਸਾਡਾ ਖਾਲਸੇ ਨਾਲ ਕੀ ਮਤਲਬ ਹੈ? ਕਿਉਂ ਤੂੰ ਜਾਂਦਾ ਹੈਂ ਉਹਨਾਂ ਦੇ ਕੋਲ?

***ਹਮ ਹੈਂ ਜਾਤ ਕਮੀਨਨੀ, ਪਤਿਸ਼ਾਹੀ ਸੋਂ ਕਯਾ ਕਾਮ'?॥ ੬॥*** ਸਾਡੀ ਜ਼ਾਤ ਤਾਂ(ਕਮੀਨਨੀ) ਕੰਮੀਆਂ ਦੀ ਹੈ, ਭਾਵ ਕੰਮ ਕਰਕੇ ਗੁਜ਼ਾਰਾ ਕਰਦੇ ਹਾਂ। ਸਿੰਘਾਂ ਦਾ ਤਾਂ ਪਾਤਸ਼ਾਹੀ ਦਾਵਾ ਹੈ ਕਿ ਅਸੀਂ ਪਾਤਸ਼ਾਹੀ ਲੈਣੀ ਹੈ, ਅਸੀਂ ਕੀ ਪਾਤਸ਼ਾਹੀ ਕਰਾਂਗੇ ਗਰੀਬ ਲੋਕ' ਸਾਡਾ ਪਾਤਸ਼ਾਹੀ ਨਾਲ ਕੀ ਕੰਮ ਹੈ, ਅਸੀਂ ਗਰੀਬ ਬੰਦੇ ਹੋਏ। ੬।

***ਚੌਪਈ॥ ਸਿੰਘ ਹੋਇ ਲੈਣ ਚਹੈਂ ਪਤਿਸ਼ਾਹੀ॥*** ਸਿੰਘ ਤਾਂ ਉਹ ਹੋਵੇ ਜਿਸ ਨੇ ਪਾਤਸ਼ਾਹੀ ਲੈਣੀ ਹੈ, ਸਿੰਘ ਉਹ ਬਣਨ, ਸਾਡਾ ਕੀ ਕੰਮ ਹੈ ਸਿੰਘ ਬਨਣ ਦਾ।

***ਹਮ ਕਮੀਨਨ ਘਰ ਸੋ ਕਦ ਆਈ॥*** ਅਸੀਂ ਕਮੀਨੀ ਜਾਤ ਸਾਡੇ ਘਰ ਉਹ ਕਦੋਂ ਆਈ। ਜੇ ਸਾਡੇ ਘਰ ਪਾਤਸ਼ਾਹੀ ਆ ਵੀ ਗਈ, ਤਾਂ ਸਾਨੂੰ ਕਿਸ ਨੇ ਬਾਦਸ਼ਾਹੀ ਕਰਨ ਦੇਣੀ ਹੈ। ਸਾਨੂੰ ਗਰੀਬਾਂ, ਤਰਖਾਣਾਂ ਨੂੰ ਕੋਣ ਲੈਣ ਦਿੰਦਾ ਹੈ ਪਾਤਸ਼ਾਹੀ?

***ਪਤਿਸ਼ਾਹੀ ਦਾਵੋ ਜੱਟ ਕਮਾਹਿਂ॥*** ਪਾਤਸ਼ਾਹੀ ਦਾ ਦਾਵਾ ਤਾਂ ਜੱਟ ਸਿੱਖ ਕਰ ਸਕਦੇ ਹਨ।

***ਆਪੇ ਬੀਜੈਂ ਆਪੇ ਖਾਹਿਂ॥੭॥*** ਮਾਤਾ ਪਿਤਾ ਕਹਿੰਦੇ ਨੇ ਪੁੱਤਰ! ਪਾਤਸ਼ਾਹੀ ਜੱਟ ਸਿੱਖ ਕਮਾਉਣ, ਜਿਨ੍ਹਾਂ ਨੇ ਪਾਤਸ਼ਾਹੀ ਲੈਣੀ ਹੈ ਤੇ ਹੱਕ ਵੀ ਉਹਨਾਂ ਦਾ ਬਣਦਾ ਹੈ। ਆਪੇ ਫਸਲਾਂ ਬੀਜ਼ਦੇ ਨੇ ਤੇ ਆਪੇ ਹੀ ਖਾਂਦੇ ਨੇ, ਪਾਤਸ਼ਾਹੀ ਤਾਂ ਉਹਨਾਂ ਦਾ ਹੱਕ ਹੈ, ਸਾਨੂੰ ਮਜ਼ਦੂਰੀ ਕਰਨ ਵਾਲਿਆਂ ਨੂੰ ਪਾਤਸ਼ਾਹੀ ਕਿਸ ਨੇ ਲੈਣ ਦੇਣੀ ਹੈ! ੭।

***ਹਮ ਤੋ ਆਹਿ ਕਮੀਨੀ ਜਾਤ॥*** ਅਸੀਂ ਤਾਂ ਕਮੀਣੀ ਜਾਤ ਹਾਂ, ਸਾਡਾ ਕੀ ਹੈ ਗਰੀਬਾਂ ਦਾ? ਅਸੀਂ ਕੀ ਕਰਨੀ ਹੈ ਸਿੱਖੀ?

***ਹਮ ਮਿਲੈ ਮਜੂਰੀ ਆਛੀ ਬਾਤ॥*** ਸਾਨੂੰ ਤਾਂ ਦਿਹਾੜੀ ਮਿਲ ਜਾਏ, ਬੱਸ ਇਹੀ ਸਾਡੇ ਵਾਸਤੇ ਵੱਡੀ ਗੱਲ ਹੈ। ਅਸੀਂ ਤਾਂ

ਦਿਹਾੜੀ ਕਰੀਏ ਮਿਹਨਤ ਕਰਕੇ ਰੋਟੀ ਖਾਈਏ।

***ਯਹਿ ਚਿਤ ਧਰ ਸਿੰਘ ਰਾਤ ਘਰ ਲਯਾਏ॥*** ਏਥੇ ਸਿੰਘਾਂ ਕੋਲ ਆ ਕੇ ਬਹਾਨਾ ਬਣਾਇਆ ਹੈ, ਕਿ ਇਸ ਦੀ ਸ਼ਾਦੀ ਹੋਈ ਹੈ, ਇਸ ਦਾ ਮੁਕਲਾਵਾ ਲਿਆਉਣਾ ਹੈ। ਬੱਸ ਇਕ ਵਾਰੀ ਮੁਕਲਾਵਾ ਲਿਆ ਘਰ ਬਹੂ ਨੂੰ ਛੱਡ ਜਾਵੇ, ਫੇਰ ਆ ਜਾਵੇ ਤੁਹਾਡੇ ਵਿਚ, ਇਉਂ ਚਿਤ ਵਿਚ ਰੱਖ ਕੇ ਉਸ ਦੇ ਮਾਂ ਬਾਪ ਉਸ ਨੂੰ ਰਾਤ ਨੂੰ ਘਰੇ ਲੈ ਆਏ ਹਨ।

***ਉਸ ਸੌਂ ਚਾਹਤ ਦਗਾ ਕਮਾਏ॥ ੮॥*** ਮਨ ਵਿਚ ਦਗਾ ਹੈ ਕਿ ਆਪਾਂ ਇਸ ਨੂੰ ਸਿੱਖੀ ਤੋਂ ਹਟਾਈਏ, ਹੋਰ ਤਾਂ ਕੋਈ ਚਾਰਾ ਨਹੀਂ ਚਲਦਾ, ਉਸ ਦੇ ਨਾਲ ਦਗਾ ਕਰਨਾ ਚਾਹੁੰਦੇ ਹਨ। ੮।

***ਭੰਗ ਸ਼ਰਾਬ ਮਿਲਾਇ ਪਿਲਾਈ॥*** ਭੰਗ ਤੇ ਸ਼ਰਾਬ ਮਿਲਾ ਕੇ ਉਸ ਨੂੰ ਕਹਿਣ ਲੱਗੇ, 'ਪੀ ਲੈ, ਪੀ ਲੈ, ਬਹੁਤ ਤਰਾਰਾ ਆਊਂਗਾ ਛਕਾ ਦਿੱਤੀ ਹੈ ਭੰਗ ਵਿਚ ਸ਼ਰਾਬ ਮਿਲਾ ਕੇ ਰਾਤ ਨੂੰ।

***ਉਸ ਕੌ ਗੂਧੋ ਲੀਯੋ ਕਰਾਈ॥*** ਉਸ ਦਾ ਅਮਲ ਆ ਗਿਆ, ਉਸ ਨੂੰ ਅਮਲ ਦੇ ਵਿਚ ਗੜੁੱਚ ਕਰ ਲਿਆ, ਜਦੋਂ ਸੌਂ ਜਾਵੇ ਤਾਂ ਇਸ ਨੂੰ ਆਪਣੇ ਆਪ ਦਾ ਪਤਾ ਨਾ ਰਹੇ। ਉਸ ਨੂੰ (ਗੂਧੋ) ਬੇਹੋਸ਼ ਕਰ ਲਿਆ।

***ਸੁੱਧ ਬੁੱਧ ਸਭ ਉਸ ਭੁੱਲ ਗਈ॥*** ਜਦੋਂ ਉਸ ਦਾ ਨਸ਼ਾ ਹੋਇਆ ਤਾਂ ਸੁੱਧ-ਬੁੱਧ ਸਾਰੀ ਜਾਂਦੀ ਰਹੀ, ਕੋਈ ਪਤਾ ਨਾ ਲੱਗੇ ਸੁੱਤੇ ਹੋਏ ਨੂੰ।

***ਸੀਸ ਮੰਡਾਯੋ ਸਦ ਕੇ ਨਈ॥ ੯॥*** ਨਾਈ ਨੂੰ ਬੁਲਾ ਕੇ ਉਸ ਦਾ ਸਿਰ ਮੁਨਾ ਦਿੱਤਾ ਹੈ, ਘੋਨ-ਮੋਨ ਕਰਾ ਦਿੱਤਾ ਹੈ, ਕੇਸ ਕਤਲ ਕਰਵਾ ਦਿੱਤੇ ਹਨ। ੯।

***ਗਯੋ ਅਮਲ ਉਸ ਹੋਤੀ ਪ੍ਰਾਤ॥*** ਸਵੇਰ ਹੋਈ ਤੋਂ ਜਦੋਂ ਉਸ ਦਾ ਨਸ਼ਾ ਦੂਰ ਹੋਇਆ ਹੈ।

***ਫੇਰਯੋ ਉਨ ਨਿਜ ਸਿਰ ਪਰ ਹਾਥ॥*** ਜਦੋਂ ਉਸ ਨੇ ਆਪਣੇ ਸਿਰ 'ਤੇ ਹੱਥ ਫੇਰ ਕੇ ਵੇਖਿਆ, ਦਸਤਾਰ ਤਾਂ ਕੀ ਹੋਣੀ ਸੀ ਕੇਸ ਵੀ ਹੈ ਨਹੀਂ।

***ਮਾਤ ਪਿਤਾ ਕੋ ਜਾਨਯੋਂ ਪਾਪ॥*** ਮੈਨੂੰ ਮੇਰੇ ਮਾਂ ਬਾਪ ਹੀ ਆਪਣੇ ਨਾਲ ਲਿਆਏ ਸਨ, ਉਸ ਨੇ ਜਾਣਿਆ ਇਹ ਉਨ੍ਹਾਂ ਨੇ ਪਾਪ ਕੀਤਾ ਹੈ, ਉਨ੍ਹਾਂ ਨੇ ਮੇਰੇ ਕੇਸ ਕਤਲ ਕਰਾਏ ਹਨ।

***ਉਨ ਚਿਤ ਧਾਰਯੋ ਕਰਨੋਂ ਖਾਪ॥ ੧੦॥*** ਉਸ ਨੇ ਚਿਤ ਵਿਚ ਧਾਰ ਲਿਆ ਕਿ ਪਹਿਲਾਂ ਇਹਨਾਂ ਨੂੰ ਖਤਮ ਕਰਾਂ, ਭਾਵ ਆਪਣੇ ਮਾਂ ਬਾਪ ਦਾ ਹੀ ਸਿਰ ਵੱਢਾਂ, ਇਹਨਾਂ ਨੇ ਮੈਨੂੰ ਆਪਣੇ ਨਾਲ ਲਿਆ ਕੇ ਮੇਰੇ ਨਾਲ ਧੋਖਾ ਕੀਤਾ ਹੈ। ੧੦।

***ਦੋਹਰਾ॥ ਫਿਰ ਸਿੰਘ ਮਨਹਿ ਬਿਚਾਰਿਓ, 'ਇਨ ਮਾਰਨ ਬਡ ਪਾਪ'॥*** ਉਸਨੇ ਮਨ ਵਿਚ ਬਿਚਾਰ ਕੀਤੀ,

***'ਬੰਸ ਘਾਤ ਕਰਨਾਂ ਨਹੀਂ ਇਹ ਸਿੰਘਨ ਕੀ ਰੀਤਿ'॥*** ਇਨ੍ਹਾਂ ਨੂੰ ਮਾਰਨ ਦੇ ਨਾਲ ਮੇਰੇ ਸਿਰ ਹੋਰ ਵੀ ਪਾਪ ਚੜ੍ਹੇਗਾ, ਇਉਂ ਸੋਚਿਆ ਸੁੱਖਾ ਸਿੰਘ ਨੇ।

***ਦੌੜ ਕੂਪ ਮੈਂ ਪੜਾ ਮਰਨ ਧਾਰ ਚਿਤ ਆਪ॥ ੧੧॥*** ਆਪਣੇ ਮਨ ਵਿਚ ਮਰਨਾ ਧਾਰ ਕੇ, ਦੌੜ ਕੇ ਖੂਹ ਵਿਚ ਜਾ ਛਾਲ ਮਾਰੀ ਹੈ। ੧੧।

***ਚੌਪਈ॥ ਤਬ ਲੋਕਨ ਨੇ ਲੱਜ ਫਰਾਹੀ॥*** ਜਦੋਂ ਪਾਣੀ ਵਿਚ ਡਿੱਗਣ ਦਾ ਖੜਾਕ ਲੋਕਾਂ ਨੇ ਸੁਣਿਆਂ, ਕਿਉਂਕਿ ਖੂਹਾਂ 'ਤੇ ਹੀ ਲੋਕੀਂ ਨਹਾਉਂਦੇ ਅਤੇ ਪਾਣੀ ਲਿਆਉਂਦੇ ਸਨ, ਸਾਰੇ ਲੋਕ ਜਾਗਦੇ ਸਨ, ਖੂਹ ਵਿਚ ਡਿੱਗ ਪਿਆ ਹੈ ਕੋਈ। ਉਹਨਾਂ ਲੋਕਾਂ ਨੇ ਆ ਕੇ ਖੂਹ ਵਿਚ ਲੱਜ ਸੁੱਟੀ, ਫੜੀਂ-ਫੜੀਂ, ਫੜ ਲੈ, ਫੜ ਲੈ ਲੱਜ, ਜਦੋਂ ਇਸ ਤਰ੍ਹਾਂ ਰੋਲਾ ਪੈ ਗਿਆ।

***ਚਹੈ ਮਰਯੋ ਵਹਿ ਫੜਯੋ ਸੁ ਨਾਂਹੀ॥*** ਉਹ ਤਾਂ ਲੱਜ ਨਾ ਫੜੇ ਕਿ ਮੈਂ ਤਾਂ ਡੁੱਬ ਕੇ ਹੀ ਮਰਨਾ ਹੈ, ਉਹ ਖੂਹ ਵਿਚ ਡੁੱਬ ਕੇ ਮਰਨਾ ਚਾਹੁੰਦਾ ਸੀ।

***ਉਲਟ ਪਲਟ ਹੁਇ ਡੂਬਯੋ ਚਹੈ॥*** ਉਹ ਉਲਟ ਪੁਲਟ ਕੇ ਗੋਤੇ ਖਾ ਕੇ, ਪੁੱਠਾ ਸਿਧਾ ਹੋ ਕੇ ਡੁੱਬਣਾ ਚਾਹੁੰਦਾ ਹੈ ਅਤੇ ਰੱਸਾ ਨਹੀਂ ਫੜਦਾ।

***ਨੀਰ ਨ ਡੋਬੈ ਊਪਰ ਬਹੈ॥ ੧੨॥*** ਪਾਣੀ ਉਸ ਨੂੰ ਡੋਬਦਾ ਹੀ ਨਹੀਂ, ਸਗੋਂ ਪਾਣੀ ਦੇ ਉਪਰ ਵਹਿ ਰਿਹਾ ਸੀ। ੧੨।

***ਤਬ ਉਸ ਭਾਈ ਖੂਹ ਮਧ ਬੜਾ॥*** ਤਦੋਂ ਉਸ ਦਾ ਇਕ ਭਾਈ ਸੀ, ਉਹ ਖੂਹ ਵਿਚ ਵੜਿਆ ਹੈ ਉਸ ਦੇ ਮਗਰ, ਉਸ ਨੂੰ ਖੂਹ ਵਿੱਚੋਂ ਕੱਢਣ ਵਾਸਤੇ, ਉਹ ਲੱਜ ਫੜ ਕੇ ਖੂਹ ਵਿਚ ਉਤਰਿਆ।

***ਫੜੀ ਲਜ ਪੁਨ ਵਹਿ ਭੀ ਫੜਾ॥*** ਇਕ ਹੱਥ ਨਾਲ ਉਸ ਦੇ ਭਾਈ ਨੇ ਲੱਜ ਫੜ ਲਈ, ਦੂਜੇ ਹੱਥ ਨਾਲ, ਸੁੱਖਾ ਸਿੰਘ ਨੂੰ ਫੜ ਲਿਆ ਉਸ ਨੇ, ਜਦੋਂ ਪਾਣੀ ਵਿਚ ਡੁੱਬਦਾ ਹੋਇਆ ਉਤਾਂਹ ਨੂੰ ਆਇਆ।

***ਤੌ ਲੌ ਏਕ ਸਿੰਘ ਤਹਿਂ ਆਈ॥*** ਉਦੋਂ ਨੂੰ ਖੂਹ 'ਤੇ ਇਕ ਅੰਮ੍ਰਿਤਧਾਰੀ ਸਿੰਘ ਆ ਗਿਆ ਹੈ, ਉਸ ਨੂੰ ਸਾਰੀ ਹਕੀਕਤ ਲੋਕਾਂ ਨੇ ਦੱਸੀ।

***ਉਨੈਂ ਆਖਕਰ ਇਮ ਸਮਝਾਈ॥ ੧੩॥*** ਉਸ ਸਿੰਘ ਨੇ ਸੁੱਖਾ ਸਿੰਘ ਨੂੰ ਪੁੱਛਿਆ, 'ਤੇਰਾ ਰੌਲਾ ਕੀ ਹੈ, ਤੈਨੂੰ ਸਿੱਖੀ ਤੋਂ ਪਤਿਤ ਕਰ ਦਿੱਤਾ ਹੈ, ਤੂੰ ਇਸ ਰੋਸ ਵਿਚ ਮਰਨਾ ਚਾਹੁੰਦਾ ਹੈਂ, ਉਸ ਨੇ ਇਸ ਤਰ੍ਹਾਂ ਸਮਝਾਇਆ ਹੈ ਸੁੱਖਾ ਸਿੰਘ ਨੂੰ। ੧੩।

***'ਮਰਨੋਂ ਹੈ ਮਰ ਤੁਰਕਨ ਸਿਰ ਚਰ॥*** ਜੇ ਤੂੰ ਮਰਨਾ ਹੀ ਹੈ, ਤਾਂ ਤੁਰਕਾਂ ਦੇ ਸਿਰ ਚੜ੍ਹ ਕੇ ਮਰ ਐਵੇਂ ਨਜਾਇਜ਼ ਪਾਣੀ ਵਿਚ ਡੁੱਬ ਕੇ ਕਿਉਂ ਮਰਦਾ ਹੈ?

***ਔਰ ਮੌਤ ਕਯੋਂ ਮਰੈਂ ਬਯਰਥ ਕਰ॥*** ਹੋਰ ਮੌਤ ਮਰ ਕੇ ਕਿਉਂ ਆਪਣੇ ਆਪ ਨੂੰ ਬਿਅਰਥ ਕਰਦਾ ਹੈਂ, ਭਾਵ ਆਤਮਘਾਤ ਕਿਉਂ ਕਰਦਾ ਹੈਂ।

***ਜਿਨ ਤੁਰਕਨ ਗੁਰ ਸਾਡੇ ਅਕਾਏ॥*** ਜਿਨ੍ਹਾਂ ਤੁਰਕਾਂ ਨੇ ਸਾਡੇ ਗੁਰੂਆਂ ਨੂੰ ਦੁਖੀ ਕੀਤਾ ਹੈ, ਬੇਈਮਾਨਾਂ ਨੇ।

***ਹਿੰਦੁਨ ਕੋ ਚਹਿਂ ਤੁਰਕ ਬਨਾਏ॥ ੧੪॥*** ਹਿੰਦੂਆਂ ਨੂੰ ਤੁਰਕ ਬਨਾਉਣਾ ਚਾਹੁੰਦੇ ਹਨ। ੧੪।

***ਹੈ ਤੁਰਕਨ ਲਰ ਮਰਨੋ ਭਲੋ॥*** ਏਸ ਕਰਕੇ ਖਾਲਸਾ ਇਉਂ ਨਾ ਕਰ, ਤੁਰਕਾਂ ਨਾਲ ਲੜਕੇ ਮਰਨਾ ਭਲੀ ਗੱਲ ਹੈ।

***ਨਿਕਲ ਕੂਏ ਸੋਂ ਸਿੰਘਨ ਰਲੋ॥*** ਖੂਹ ਦੇ ਵਿੱਚੋਂ ਨਿਕਲ ਕੇ ਸਿੰਘਾਂ ਨਾਲ ਜਾ ਰਲ ਅਤੇ ਤੁਰਕਾਂ ਤੋਂ ਬਦਲਾ ਲੈ ਕੇ ਸ਼ਹੀਦੀ ਪ੍ਰਾਪਤ ਕਰ।

***ਮਾਰ ਤੁਰਕਨ ਕੋ ਹੋਵੋ ਸ਼ਹੀਦ॥*** ਤੁਰਕਾਂ ਨੂੰ ਮਾਰ ਕੇ ਸ਼ਹੀਦ ਹੋ।

***ਹਮਰੀ ਤੁਮ ਕੋ ਯਹੀ ਤਕੀਦ॥ ੧੫॥*** ਸਾਡੀ ਤੈਨੂੰ ਇਹੀ ਤਕੀਦ ਹੈ, ਨੇਕ ਸਲਾਹ ਹੈ, ਇਸ ਨੂੰ ਭੁੱਲੀਂ ਨਾ, ਜਾ ਕੇ ਖਾਲਸੇ ਵਿਚ ਰਲ ਜਾ। ੧੫।

***ਦੋਹਰਾ॥ ਤਬ ਸੁੱਖਾ ਸਿੰਘ ਮੰਨ ਲਈ ਨਿਕਸਯੋ ਇਮ ਚਿਤ ਧਾਰ॥*** ਉਸ ਸਿੰਘ ਦੀ ਗੱਲ ਸੁਣ ਕੇ ਸੁੱਖਾ ਸਿੰਘ ਨੇ ਪ੍ਰਵਾਣ ਕਰ ਲਈ, ਉਸ ਨੇ ਆਖਿਆ ਗੱਲ ਤਾਂ ਸੱਚੀ ਕਹਿ ਰਿਹਾ ਹੈ, ਐਵੇਂ ਕਿਉਂ ਮਰਾਂ ਡੁੱਬ ਕੇ ਪਾਣੀ ਵਿਚ, ਇਉਂ ਮਨ ਵਿਚ ਧਾਰ ਕੇ ਸੁੱਖਾ ਸਿੰਘ ਖੂਹ ਵਿੱਚੋਂ ਬਾਹਰ ਨਿਕਲ ਆਇਆ।

***'ਇਨੈਂ ਸਿੰਘ ਸਾਚੀ ਕਹੀ, ਅਬ ਮਰੀਏ ਤੁਰਕਨ ਮਾਰ' ॥ ੧੬॥*** ਇਸ ਸਿੰਘ ਨੇ ਸੱਚੀ ਗੱਲ ਕਹੀ ਹੈ, ਕਿ ਹੁਣ ਤੁਰਕਾਂ ਨੂੰ ਮਾਰ ਕੇ ਮਰੀਏ। ੧੬।

***ਚੌਪਈ॥ ਔਰ ਚਿੱਤ ਉਸ ਦ੍ਰਿੜਤਾ ਆਈ॥*** ਇਕ ਹੋਰ ਗੱਲ ਉਸ ਦੇ ਮਨ ਦੇ ਵਿਚ ਪੱਕੀ ਹੋ ਗਈ।

***'ਮਰੈਂ ਨਹੀਂ ਬਿਨ ਮੌਤੇ ਆਈ' ॥*** ਕਿੰਨਾਂ ਮੈਂ ਜ਼ੋਰ ਲਾਇਆ ਹੈ ਮਰਨ ਵਾਸਤੇ ਪਰ ਜਿੰਨਾਂ ਚਿਰ ਮੌਤ ਨਹੀਂ ਆਉਂਦੀ, ਓਨੀਂ ਦੇਰ ਤਾਂ ਮਰਦਾ ਹੀ ਨਹੀਂ ਹੈ ਬੰਦਾ, ਭਾਵੇਂ ਮਰਨੇ ਵਾਸਤੇ ਕਿੰਨੇ ਜ਼ਤਨ ਕਰ ਲਵੇ।

***ਖੂਹ ਪੜੇ ਭੀ ਮਰੇ ਹਮ ਨਾਹਿਂ॥*** ਖੂਹ ਵਿਚ ਡੁੱਬੇ ਤੋਂ ਵੀ ਮੈਂ ਮਰਿਆ ਨਹੀਂ ਹਾਂ, ਏਥੇ ਵੀ ਮੈਂ ਡੁੱਬ ਕੇ ਨਹੀਂ ਮਰ ਸਕਿਆ।

***ਰਹੇ ਮਰਨ ਕੋ ਬਹੁ ਚਿਤ ਚਾਹਿ॥ ੧੭॥*** ਮਨ ਦੇ ਵਿਚ ਬੜੀ ਇੱਛਾ ਰਹੀ ਹੈ ਮਰਨ ਦੀ ਕਿ ਕਦੋਂ ਮਰੀਏ, ਪ੍ਰਵਾਹ ਨਹੀਂ ਹੈ, ਸ਼ਹੀਦ ਹੋ ਜਾਣਾ। ੧੭।

***ਤਬ ਸੁੱਖਾ ਸਿੰਘ ਯੌ ਮਨ ਧਾਰਯੋ॥*** ਤਦੋਂ ਸੁੱਖਾ ਸਿੰਘ ਨੇ ਇਉਂ ਮਨ ਵਿਚ ਪੱਕੀ ਧਾਰ ਲਈ।

***ਨਹਿਂ ਤੁਰਕਨ ਕੌ ਮਿਟੋਂ ਲਲਕਾਰਯੋ॥*** ਹੁਣ ਜੇ ਮੈਂ ਤੁਰਕਾਂ ਨੂੰ ਲਲਕਾਰ ਕੇ ਲੜਾਂ, ਤਾਂ ਵੀ ਮੈਂ ਤੁਰਕਾਂ ਤੋਂ ਮਿਟਾਂਗਾ ਨਹੀਂ, ਭਾਵ ਤੁਰਕ ਮੈਨੂੰ ਮਾਰ ਨਹੀਂ ਸਕਣਗੇ।

***ਇਕ ਸ਼ਸਤ੍ਰ ਜਾਊਂਗੋ ਲਾਇ॥*** ਇਕ ਵਾਰੀ ਤਾਂ ਸ਼ਸਤ੍ਰ ਮਾਰ ਹੀ ਜਾਵਾਂਗਾ ਮੈਂ।

***ਤੌ ਫਿਰ ਜਾਊਂ ਦਾਉ ਬਚਾਇ॥ ੧੮॥*** ਤਾਂ ਫੇਰ ਦਾਉ ਬਚਾ ਕੇ ਛੇੜ ਕੇ ਘੋੜੇ ਨੂੰ ਨਿਕਲ ਜਾਵਾਂਗਾ ਮੈਂ।

***ਦੋਹਰਾ॥ ਉਸੈ ਪਿੰਡ ਕੇ ਪੈਂਚ ਪੈ ਘੋੜੀ ਥੀ ਇਕ ਚੰਗ॥*** ਉਸ ਦੇ ਪਿੰਡ ਦੇ ਪੰਚ ਕੋਲ ਇਕ ਚੰਗੀ ਕਿਸਮ ਦੀ ਘੋੜੀ ਸੀ।

***ਪਾਨੀ ਪਿਲਾਵਨ ਭੇਤ ਸੋ ਲੈ, ਜਾਇ ਰਲਯੋ ਨਿਸੰਗ॥ ੧੯॥*** ਪਿੰਡ ਦੇ ਪੰਚ ਤੋਂ ਘੋੜੀ ਨੂੰ ਪਾਨੀ ਪਿਲਾਉਣ ਦੇ ਬਹਾਨੇ, ਚੌਧਰੀ ਜੀ! 'ਪਾਣੀ ਪਿਲਾ ਲਿਆਵਾਂ ਘੋੜੀ ਨੂੰ' ਉਹ ਕਹਿੰਦਾ ਲੈ ਜਾ ਬੱਚਾ। ਸੁੱਖਾ ਸਿੰਘ ਇਸ ਤਰ੍ਹਾਂ ਘੋੜੀ ਲੈ ਕੇ ਪੰਥ ਖਾਲਸੇ ਵਿਚ ਜਾ ਰਲਿਆ ਹੈ ਬਿਨਾਂ ਸੰਗਤੋਂ। ੧੯।

***ਚੌਪਈ॥ ਜਾਕਰ ਪੰਥ ਖਾਲਸੇ ਰਲਿਓ॥*** ਜਿਉਂ ਘੋੜੀ ਨੂੰ ਅੱਡੀ ਲਾਈ ਜਾ ਕੇ ਜੰਗਲਾਂ ਵਿਚ ਖਾਲਸੇ ਪੰਥ ਵਿਚ ਜਾ ਕੇ ਰਲ ਗਿਆ।

***ਪੁਛ ਡੇਰੇ ਸ਼ਯਾਮ ਸਿੰਘ ਕੇ ਵੜਿਓ॥*** ਸ਼ਾਮ ਸਿੰਘ ਨਾਰੋ ਕਿਆਂ ਵਾਲੇ ਦੇ ਜਥੇ ਵਿਚ ਜਾ ਸ਼ਾਮਲ ਹੋਇਆ ਹੈ। ਸ਼ਾਮ ਸਿੰਘ ਬੁੱਢੇ ਦਲੀਆਂ ਕਹਾਉਂਦਾ ਸੀ ਅਤੇ ਬਾਰ੍ਹਾਂ ਹਜ਼ਾਰ ਘੋੜ ਸਵਾਰ ਲੈ ਕੇ ਬੁੱਢੇ ਦਲ ਵਿਚ ਰਹਿੰਦਾ ਸੀ। ਜਿੰਨੇ ਸਿੰਘ ਸਨ ਨਾਮੀ ਗ੍ਰਾਮੀ, ਇਹੀ ਪੰਥ ਸੀ ਬੁੱਢਾ ਦਲ, ਇਸ ਦੇ ਵਿਚ ਆ ਕੇ ਰਹਿੰਦੇ ਸੀ।

***ਪਾਹੁਲ ਸ਼ਯਾਮ ਸਿੰਘ ਤੇ ਲਈ॥*** ਜਥੇਦਾਰ ਸ਼ਾਮ ਸਿੰਘ ਜੀ ਨਾਰੋ ਕਿਆਂ ਵਾਲੇ ਤੋਂ ਸੁੱਖਾ ਸਿੰਘ ਨੇ ਅੰਮ੍ਰਿਤਪਾਨ ਕੀਤਾ।

***ਪੁਤ੍ਰਨ ਜਿਮ ਉਸ ਪ੍ਰੀਤ ਉਪਜਈ॥ ੨੦॥*** ਪੁੱਤਰਾਂ ਵਾਂਗ ਉਸ ਦੇ ਨਾਲ ਪਿਆਰ ਉਪਜਿਆ ਹੈ, ਸੁੱਖਾ ਸਿੰਘ ਅਜੇ ਬੱਚਾ ਹੀ ਸੀ ਬਾਰ੍ਹਾਂ ਤੇਰ੍ਹਾਂ ਸਾਲ ਦਾ। ੨੦।

***ਤੌ ਸੁਖੇ ਸਿੰਘ ਯੌ ਦਿਲ ਆਈ॥*** ਤਦ ਸੁੱਖਾ ਸਿੰਘ ਦੇ ਦਿਲ ਵਿਚ ਇਉਂ ਫੁਰਨਾਂ ਉਠਿਆ।

***ਘੋੜੀ ਕੋ ਮੁਲ ਦਈਏ ਘਲਾਈ॥*** ਕਿ ਚੌਧਰੀ ਤੋਂ ਪਾਣੀ ਪਿਲਾਉਣ ਵਾਸਤੇ ਘੋੜੀ ਲਿਆਂਦੀ ਸੀ, ਉਸ ਦਾ ਹੋਵੇ ਨਾ ਤਾਂ ਮੁੱਲ ਹੀ ਭੇਜ ਦੇਈਏ। ਚੌਧਰੀ ਨੂੰ ਕਿਹੜਾ ਪੈਸੇ ਦੇ ਕੇ ਲਿਆਂਦੀ ਸੀ, ਊਈਂ ਭਜਾ ਲਿਆਂਦੀ ਸੀ, ਤਾਂ ਸੁੱਖਾ ਸਿੰਘ ਦੇ ਮਨ ਵਿਚ ਆਇਆ, ਉਸ ਨੂੰ ਆਪਾਂ ਇਸ ਦਾ ਮੁੱਲ ਭੇਜੀਏ, ਜਿੰਨੇ ਕੁ ਦੀ ਘੋੜੀ ਹੋਵੇ।

***ਯੌ ਸਿੰਘ ਤੁਰਯੋ ਲਹੌਰੈ ਰਾਹਿ॥*** ਇਉਂ ਮਨ ਵਿਚ ਧਾਰ ਕੇ ਸੁੱਖਾ ਸਿੰਘ, ਘੋੜੀ 'ਤੇ ਚੜ੍ਹ ਕੇ ਲਹੌਰ ਦੇ ਰਾਹ ਪੈ ਗਿਆ।

***ਲਯੋ ਭੇਖ ਤਿਨ ਜੱਟ ਬਨਾਇ॥ ੨੧॥*** ਰਾਹ ਵਿਚ ਜੱਟ ਵਾਲਾ ਭੇਸ ਬਣਾ ਲਿਆ ਹੈ, ਮੰਡਾਸਾ ਜਿਹਾ ਕਰ ਲਿਆ, ਜਿਵੇਂ ਸਿੱਧੇ ਜਿਹੇ ਲੋਕ ਹੁੰਦੇ ਸਨ। ੨੧।

***ਕੇਸ ਸੀਸ ਤਬ ਥੋ ਉਸ ਥੋੜੇ॥*** ਉਸ ਦੇ ਕੇਸ ਸਿਰ 'ਤੇ ਅਜੇ ਛੋਟੇ-ਛੋਟੇ ਹੀ ਸਨ, ਉਹ ਅਜੇ ਵੱਡੇ ਨਹੀਂ ਹੋਏ ਸਨ। ਇਸ ਤਰ੍ਹਾਂ ਅਜੇ ਪਤਾ ਨਹੀਂ ਲੱਗਦਾ ਸੀ, ਇਉਂ ਖਿਲਾਰ ਲਏ ਜੱਟਾਂ ਵਾਂਗੂੰ ਛੋਟੇ-ਛੋਟੇ ਕੇਸ ਉਤੋਂ ਦੀ ਮੰਡਾਸਾ ਜਿਹਾ ਕਰ ਲਿਆ।

***ਜਾਇ ਵੜਿਓ ਇਮ ਮੱਧ ਲਹੌਰੇ॥*** ਇਉਂ ਜੱਟਾਂ ਦੇ ਭੇਖ ਵਿਚ ਲਹੌਰ ਦੇ ਬਜ਼ਾਰ ਵਿਚ ਪਹੁੰਚਿਆ ਹੈ, ਘੋੜੀ 'ਤੇ ਚੜ੍ਹ ਕੇ।

***ਸੋ ਜਾ ਵੜਯੋ ਸ੍ਰਾਫੀ ਬਜਾਰ॥*** ਜਿਥੇ ਸਰਾਫਾਂ ਦਾ ਬਜ਼ਾਰ ਸੀ, ਜਿਥੇ ਮੋਹਰਾਂ ਆਦਿਕ ਤੁੜਾਉਂਦੇ ਸਨ ਅਤੇ ਓਧਰੋਂ-ਓਧਰੀ ਵਪਾਰ ਕਰਦੇ ਸਨ ਮੋਹਰਾਂ ਆਦਿਕ ਦਾ, ਜਿਥੇ ਸੋਨੇ ਦਾ ਵਪਾਰ ਹੁੰਦਾ ਸੀ, ਬਹਾਨੇ ਨਾਲ ਵੇਖਣ ਦੇ ਵਾਸਤੇ ਸੁੱਖਾ

ਸਿੰਘ ਉਸ ਬਜ਼ਾਰ ਘੋੜੀ ਲੈ ਵੜਿਆ।

***ਫਿਰਤ ਮੁਹਰਨ ਧਰ ਕੰਧੈ ਭਾਰ॥ ੨੨॥*** ਜਿਹੜੇ ਇਥੋਂ ਦੇ ਸਰਾਫ ਸਨ, ਉਹ ਵਾਂਸਲੀਆਂ ਭਰ ਕੇ ਅਸਰਫ਼ੀਆਂ ਦੀਆਂ ਆਪਣੇ ਮੋਢਿਆਂ 'ਤੇ ਰੱਖੀ ਫਿਰਦੇ ਸਨ। ਕੋਈ ਕਿਧਰ ਨੂੰ ਜਾ ਰਿਹਾ? ਕੋਈ ਏਧਰ ਨੂੰ ਜਾ ਰਿਹਾ ਹੈ, ਕੋਈ ਓਧਰ ਨੂੰ ਜਾ ਰਿਹਾ ਹੈ, ਹੱਟਾਂ 'ਤੇ ਵਪਾਰ ਕਰਦੇ ਸੀ। ੨੨।

***ਇਕ ਥੈਲੀ ਸਿੰਘ ਦ੍ਰਿਸ਼ਟੇ ਆਈ॥*** ਇਸੇ ਤਰ੍ਹਾਂ ਇਕ ਸਰਾਫ ਇਕ ਥੈਲੀ ਸੋਨੇ ਦੀਆਂ ਮੋਹਰਾਂ ਦੀ ਆਪਣੇ ਮੋਢੇ 'ਤੇ ਰੱਖ ਕੇ ਜਾ ਰਿਹਾ ਸੀ ਬਜ਼ਾਰ ਵਿਚ, ਉਸ 'ਤੇ ਸੁੱਖਾ ਸਿੰਘ ਦੀ ਨਜ਼ਰ ਪਈ।

***ਫੜ ਕੰਧਯੋਂ ਸਿੰਘ ਲਰ ਮੈਂ ਪਾਈ॥*** ਘੋੜੀ ਉਸ ਦੇ ਨੇੜੇ ਕਰਕੇ ਸੁੱਖਾ ਸਿੰਘ ਨੇ, ਥੈਲੀ ਮੋਢੇ ਤੋਂ ਚੁੱਕ ਕੇ ਆਪਣੇ ਲੜ ਬੰਨ੍ਹ ਲਈ।

***ਛੇੜ ਘੋੜੀ ਦਰਵਾਜਯੋਂ ਲੰਘ॥*** ਝੱਟ ਹੀ ਘੋੜੀ ਨੂੰ ਅੱਡੀ ਲਾ ਕੇ ਦਰਵਾਜਿਓਂ ਪਾਰ ਹੋ ਗਿਆ।

***ਕਰੀ ਨ ਤਿਨ ਕਛੁ ਮਰਨੋਂ ਸੰਗ॥ ੨੩॥*** ਉਸ ਨੂੰ ਕਿਹੜਾ ਕੋਈ ਡਰ ਸੀ ਫ਼ੌਜ ਦਾ ਕਿ ਮੈਨੂੰ ਕੋਈ ਰੋਕੇਗਾ। ਉਹ ਤਾਂ ਏਸੇ ਵਾਸਤੇ ਆਇਆ ਸੀ ਕਿ ਸਿੱਧੀ ਮਾਰੂੰ ਜੇ ਕੋਈ ਅੱਗੋਂ ਰੋਕਣ ਵਾਸਤੇ ਆਇਆ। ਇਸ ਤਰ੍ਹਾਂ ਸੁੱਖਾ ਸਿੰਘ ਨੇ ਮਰਨ ਤੋਂ ਕੋਈ ਸੰਗ-ਸੰਕੋਚ ਨਹੀਂ ਕੀਤਾ। ੨੩।

***ਦੋਹਰਾ॥ ਘੜੀ ਦੁਇਕ ਦਿਨ ਰਹਤ ਥੋ ਸਿੰਘ ਭਯੋ ਪੌਣ ਕੇ ਭੇਸ॥*** ਇਕ ਦੋ ਕੁ ਘੜੀਆਂ ਦਿਨ ਰਹਿੰਦਾ ਸੀ, ਸਿੰਘ ਨਿਕਲਣ ਸਾਰ ਹੀ ਪੌਣ ਦੇ ਭੇਸ ਹੋ ਗਿਆ, ਹਵਾ ਵਿਚ ਰਲ ਗਿਆ ਘੋੜੀ ਭਜਾ ਕੇ।

***ਗਯੋ ਗਯੋ ਕਹਤੇ ਰਹੇ ਸਿੰਘ ਮੁੱਖ ਕੀਓ ਨਿਜ ਦੇਸ॥ ੨੪॥*** ਉਹ ਗਿਆ ਓਇ, ਉਹ ਗਿਆ ਓਇ ਕਰਦੇ ਰਹਿ ਗਏ, ਸੁੱਖਾ ਸਿੰਘ ਨੇ ਆਪਣੇ ਦੇਸ਼ ਭਾਵ ਜੰਗਲ ਵੱਲ ਨੂੰ ਮੂੰਹ ਕਰ ਲਿਆ, ਜਿਥੇ ਖਾਲਸਾ ਪੰਥ ਉਤਰਿਆ ਹੋਇਆ ਸੀ। ੨੪।

***ਚੌਪਈ॥ ਰੌਲਾ ਗੌਲਾ ਜਬ ਤਹਿਂ ਪਰਾ॥*** ਜਦੋਂ ਨੂੰ ਰੌਲਾ-ਗੌਲਾ ਪਿਆ ਕੀ ਹੋਇਆ? ਕੀ ਹੋਇਆ? ਪਤਾ ਨਹੀਂ ਕੌਣ ਸੀ? ਥੈਲੀ ਖੋਹ ਕੇ ਭੱਜ ਗਿਆ ਹੈ, ਜਦੋਂ ਨੂੰ ਇਸ ਤਰ੍ਹਾਂ ਲੋਕੀਂ ਲੱਗੇ ਚਰਚੇ ਕਰਨ।

***ਤਬ ਲੌਂ ਸਿੰਘ ਮਧ ਝਾੜੀਂ ਰਲਾ॥*** ਉਦੋਂ ਨੂੰ ਤਾਂ ਸਿੰਘ ਜੰਗਲ ਵਿਚ ਜਾ ਵੜਿਆ,ਨਿਕਲ ਗਿਆ ਹੈ ਅੱਗੇ ਸੰਘਣੇ ਜੰਗਲ ਵਿਚ।

***ਤੁਰਕ ਫੌਜ ਕਿਤ ਮਗਰੋਂ ਦੌਰੀ॥*** ਤੁਰਕਾਂ ਦੀ ਫ਼ੌਜ ,ਉਸ ਤੋਂ ਕਿਤੇ ਮਗਰੋਂ ਜਾ ਕੇ ਉਸ ਦੇ ਪਿਛੇ ਦੌੜੀ ਹੈ, ਉਸ ਨੂੰ ਫੜਨ ਵਾਸਤੇ।

***ਸੋ ਲੰਘ ਗਯੋ ਤਰਫ ਕਿਤ ਔਰੀ॥ ੨੫॥*** ਉਹ ਕਿਸੇ ਹੋਰ ਹੀ ਤਰਫ਼ ਪਾਸੇ ਦੀ ਲੰਘ ਗਿਆ ਹੈ। ਉਹ ਪਤਾ ਨਹੀਂ ਕਿਹੜੇ ਰਾਹ ਲੰਘ ਗਿਆ? ਕਿਹੜੀ ਡੰਡੀ ਪੈ ਗਿਆ?। ੨੫।

***ਜਾਇ ਰਲਯੋ ਸਿੰਘਨ ਦਲ ਮਾਹੀਂ॥*** ਉਹ ਸਿੰਘਾਂ ਦੀ ਫ਼ੌਜ ਵਿਚ ਜਾ ਰਲਿਆ।

***ਮੁਲ ਘੋੜੀ ਕੋ ਦੈ ਤੁਰਤਾਹੀ॥*** ਤੁਰਤ ਹੀ ਘੋੜੀ ਦਾ ਮੁਲ ਦੇ ਕੇ।

***ਤੀਨਕ ਸੈ ਦਯੋ ਰੁੱਪਯੋ ਲਾਇ॥*** ਤਿੰਨ ਕੁ ਸੌ ਰੁਪਏ ਉਸ ਘੋੜੀ ਦੀ ਕੀਮਤ ਲਾ ਦਿੱਤੀ ਹੈ, ਜਿਸ ਦਾ ਤਿੰਨ ਸੌ ਰੁਪਿਆ ਮੁੱਲ ਲਾਇਆ ਸਿੰਘਾਂ ਨੇ ਉਸ ਵੇਲੇ।

***ਲਈ ਚੌਧਰੀ ਸੌਂ ਬਾਤ ਬਨਾਇ॥ ੨੬॥*** ਤਿੰਨ ਸੌ ਮੋਹਰਾਂ ਚੌਧਰੀ ਨੂੰ ਭੇਜ ਦਿੱਤੀਆਂ ਹਨ। ਨਾਲੇ ਬਾਤ ਬਣਾ ਲਈ ਕਿ ਸਾਨੂੰ ਜਰੂਰਤ ਸੀ, ਮੈਂ ਪਿੰਡੋਂ ਜਲਦੀ ਨਿਕਲਣਾ ਸੀ, ਇਸ ਕਰਕੇ ਮੈਂ ਲੈ ਗਿਆ ਘੋੜੀ, ਧੱਕੇ ਨਾਲ ਜਾਂ ਧੋਖੇ ਨਾਲ ਨਹੀਂ ਲੈ ਗਿਆ। ਬਸ ਸਾਡੀ ਆਪਣੀ ਉਹੋ ਹੀ ਗੱਲ ਠੀਕ ਠਾਕ ਹੈ। ਪਿੰਡ ਦਾ ਚੌਧਰੀ ਰਾਜ਼ੀ ਹੋ ਗਿਆ ਇਸ ਗੱਲ 'ਤੇ। ੨੬।

***ਔਰ ਸਿੰਘਨ ਕੇ ਲੰਗਰ ਪਾਈ॥*** ਜੋ ਥੈਲੀ ਵਿਚ ਬਾਕੀ ਮੋਹਰਾਂ ਬਚੀਆਂ ਉਸ ਦੀ ਰਸਤ-ਵਸਤ ਲੰਗਰ ਵਿਚ ਪਾ ਦਿੱਤੀ ਖ਼ਰੀਦ ਕੇ।

***ਘਲੀ ਨ ਘਰ ਜਹਿਂ ਥੇ ਪਿਤ ਮਾਈ॥*** ਜਿਥੇ ਮਾਤਾ ਪਿਤਾ ਰਹਿੰਦੇ ਸਨ, ਉਥੇ ਘਰ ਨੂੰ ਨਹੀਂ ਘੱਲੀ ਮਾਇਆ। ਘਰਦਿਆਂ ਨਾਲ ਕੀ ਸੰਬੰਧ ਰਹਿ ਗਿਆ। ਉਹ ਤਾਂ ਇਸ ਦੇ ਨਾਲ ਧੋਖਾ ਕਰ ਬੈਠੇ ਸਨ, ਕੇਸ ਕਤਲ ਕਰ ਬੈਠੇ, ਉਨ੍ਹਾਂ ਦਾ ਵਿਸਾਹ ਕਦੋਂ ਖਾਂਦਾ ਸੀ!

***ਇਸੀ ਭਾਂਤ ਸਿੰਘ ਨਿਤ ਤਹਿਂ ਦੌੜੈਂ॥*** ਏਸੇ ਪ੍ਰਕਾਰ ਸਿੰਘ ਨਿਤ-ਪ੍ਰਤੀ ਜਿਵੇਂ ਸੁੱਖਾ ਸਿੰਘ ਨੇ ਕੀਤਾ ਹੈ, ਜਿਹੜੇ ਬਲੀ ਸਿੰਘ ਸਨ ਇੱਕਲੇ ਹੀ ਜਾ ਕੇ ਇਸ ਤਰ੍ਹਾਂ ਛਪੋਲ ਮਾਰਦੇ ਸਨ।

***ਲੂੱਟ ਸੁ ਲਯਾਵੈਂ ਮਾਲ ਚੁਫੇਰੇ॥੨੭॥*** ਚਾਰ-ਚੁਫੇਰਿਓਂ ਜਾ ਕੇ ਕਸਬਿਆਂ ਵਿੱਚੋਂ, ਸ਼ਹਿਰਾਂ ਵਿੱਚੋਂ, ਜਿਥੋਂ ਮਾਲ ਹੱਥ ਲੱਗ ਜਾਵੇ, ਸਿੰਘ ਉਥੋਂ ਲੁੱਟ ਲਿਆਉਂਦੇ ਸੀ। ੨੭।

***ਬਹੁਤ ਸਿੰਘ ਚਿਤ ਭਯੋ ਉਛਾਹਿ॥*** ਜਦੋਂ ਹੱਥ ਖੁੱਲ੍ਹ ਗਿਆ ਸੁੱਖਾ ਸਿੰਘ ਦਾ ਕਿ ਮੈਂ ਕੁਛ ਕਰ ਸਕਦਾ ਹਾਂ, ਪ੍ਰਤੀਤ ਹੋ ਗਈ ਹੈ ਆਪਣੇ ਆਪ 'ਤੇ ਬੜਾ ਮਨ ਵਿਚ ਉਤਸ਼ਾਹ ਹੋ ਗਿਆ ਚਾਉ ਚੜ੍ਹ ਗਿਆ ਇਸ ਨੂੰ।

***ਉਸ ਮਾਰ ਹਟਾਵੈਂ ਜੋ ਗੈਲੇ ਪਾਹਿ॥*** ਅਤੇ ਸੂਰਮਾ ਨਿਕਲਿਆ ਜਿਹੜਾ ਵੀ ਉਸ ਦਾ ਪਿੱਛਾ ਕਰੇ, ਉਸ ਨੂੰ ਉਥੇ ਹੀ ਹਟਾ ਦਿੰਦਾ ਸੀ, ਮਾਰ ਕੇ ਤਲਵਾਰ ਉਸ ਨੂੰ ਦੋਖੰਡ ਕਰ ਦਿੰਦਾ ਸੀ।

***ਸਭ ਸ਼ਸਤ੍ਰਨ ਕੀ ਵਿੱਦਯਾ ਜਾਣੈ॥*** ਹਰੇਕ ਤਰ੍ਹਾਂ ਦੇ ਸ਼ਸਤ੍ਰ ਚਲਾਉਣੇ ਜਾਣਦਾ ਸੀ, ਹਰੇਕ ਪ੍ਰਕਾਰ ਦੀ ਸ਼ਸਤ੍ਰ ਵਿੱਦਿਆ ਵਿਚ ਨਿਪੁੰਨ ਸੀ ਸੁੱਖਾ ਸਿੰਘ।

***ਹਾਥ ਪਾਇ ਉਸ ਬਹੁਤ ਸਤਾਣੈ॥ ੨੮॥*** ਜਿਹੜਾ ਉਸ ਨੂੰ ਹੱਥ ਪਾਉਂਦਾ ਸੀ, ਉਸ ਨੂੰ ਉਹ ਬਹੁਤ ਸਤਾਉਂਦਾ ਸੀ, ਉਸ ਦੇ ਵਾਸਤੇ ਉਹ ਬੜਾ ਦੁਖਦਾਈ ਬਣ ਜਾਂਦਾ ਸੀ, ਉਸ ਨੂੰ ਸਾਹ ਨਹੀਂ ਸੀ ਲੈਣ ਦਿੰਦਾ, ਜਿੰਨਾਂ ਚਿਰ ਮਾਰ ਨਾ ਲਵੇ। ੨੮।

***ਚੜ੍ਹ ਘੋੜੀ ਤੇ ਜੋ ਲੁਟ ਲਯਾਵੈ॥*** ਆਪਣੀ ਘੋੜੀ 'ਤੇ ਚੜ੍ਹ ਕੇ ਜੋ ਵੀ ਲੁੱਟ ਕੇ ਲਿਆਉਂਦਾ।

***ਤੁਰਤ ਖਾਲਸੇ ਲੰਗਰ ਪਾਵੈ॥ ੨੯॥*** ਤੁਰਤ ਹੀ ਧਨ ਲਿਆ ਕੇ ਖਾਲਸੇ ਦੇ ਲੰਗਰ ਵਿਚ ਪਾ ਦਿੰਦਾ। ੨੯।

***ਦੋਹਰਾ॥ ਜਹਾਂ ਜੁੱਧ ਤੁਰਕਨ ਪਰੈ ਪਰੈ ਸ਼ੇਰ ਜਿਮ ਜਾਇ॥*** ਜਿਥੇ ਵੀ ਕਿਤੇ ਤੁਰਕਾਂ ਨਾਲ ਜੁੱਧ ਹੁੰਦਾ ਹੈ ਖਾਲਸੇ ਦਾ, ਜਿਵੇਂ ਸ਼ੇਰ ਝਪਟ ਕੇ ਪੈਂਦਾ ਹੈ, ਸੁੱਖਾ ਸਿੰਘ ਤੁਰਕਾਂ 'ਤੇ ਇਉਂ ਪੈਂਦਾ।

***ਇਕ ਦੋ ਸ਼ਸਤਰ ਲਾਇ ਕੈ ਰਲੈ ਖਾਲਸੇ ਆਇ॥ ੩੦॥*** ਇਕ ਦੋ ਤੁਰਕਾਂ ਨੂੰ ਝਟਕਾ ਕੇ, ਤੇਜੀ ਨਾਲ ਖਾਲਸੇ ਵਿਚ ਆ ਰਲਦਾ। ੩੦।

***ਚੌਪਈ॥ ਰਾਮਜੰਗ ਸਿੰਘ ਖੂਬ ਚਲਾਵੈ॥*** (ਰਾਮਜੰਗਾ) ਬੰਦੂਕ ਚਲਾਉਣ ਵਿਚ ਸੁੱਖਾ ਸਿੰਘ ਬੜਾ ਹੀ ਮਾਹਰ ਸੀ।

***ਤੀਰ ਮਾਰ ਮਾਰ ਘੋੜੇ ਗਿਰਾਵੈ॥*** ਅਤੇ ਤੀਰ ਮਾਰ-ਮਾਰ ਕੇ ਤੁਰਕਾਂ ਦੇ ਘੋੜਿਆਂ ਨੂੰ ਸੁੱਟ ਦਿੰਦਾ ਸੀ ਦੂਰੋਂ ਹੀ।

***ਨੇਜ਼ਾ, ਸੇਲਾ, ਬਰਛੀ, ਤੇਗ॥*** ਨੇਜ਼ਾ, ਸੇਲਾ, ਬਰਛੀ ਤੇ ਤਲਵਾਰ।

***ਮਾਰ ਉਡਾਵੈ ਪ੍ਰਾਨਨ ਬੇਗ॥ ੩੧॥*** ਜਿਸ ਦੇ ਮਾਰਦਾ ਹੈ ਬੜੀ ਛੇਤੀ ਪ੍ਰਾਣਾਂ ਨੂੰ ਉਡਾ ਦਿੰਦਾ ਹੈ, ਨਾਲ ਹੀ ਉਸ ਦੀ ਜਾਨ ਕੱਢ ਲੈਂਦਾ। ੩੧।

***ਸੁੱਖਾ ਸਿੰਘ ਕੀ ਇਮ ਚਰਚਾ ਭਈ॥*** ਸੁੱਖਾ ਸਿੰਘ ਦੀ ਖਾਲਸੇ ਵਿਚ ਤੁਰਕਾਂ ਤੱਕ ਤੇ ਚੁਗਲਾਂ ਤਾਈਂ, ਸਾਰੇ ਚਰਚਾ ਹੋ ਗਈ ਹੈ ਦੇਸ਼ ਵਿਚ।

***ਸੂਰਨ ਕੋ ਸਿਰਮੌਰ ਗਿਨਈ॥*** ਸੂਰਵੀਰਾਂ ਦਾ (ਸਿਰਮੌਰ) ਸ਼ਿਰੋਮਣੀ, ਭਾਵ ਸਿਰ ਦਾ ਮੁਕਟ ਗਿਣਿਆ ਗਿਆ ਭਾਈ ਸੁੱਖਾ ਸਿੰਘ।

***ਜੰਗ ਜੁੜੇ ਜਹਿਂ ਫਤ੍ਹੇ ਲਿਆਵੈ॥*** ਜਿਥੇ ਜੰਗ ਵਿਚ ਹੱਥ ਜੁੜਦੇ ਹਨ ਤੁਰਕਾਂ ਨਾਲ, ਉਥੋਂ ਫਤ੍ਹੇ ਲੈ ਕੇ ਆਉਂਦਾ ਹੈ। ਜਿੱਤ ਕੇ ਆਉਂਦਾ ਹੈ, ਕਦੀ ਹਾਰ ਕੇ ਨਹੀਂ ਆਇਆ।

***ਦੀਵਾਨ ਖਾਲਸੇ ਮੈਂ ਆਦਰ ਪਾਵੈ॥ ੩੨॥*** ਜਦੋਂ ਖਾਲਸੇ ਦਾ ਦੀਵਾਨ ਸਜਦਾ ਹੈ, ਉਦੋਂ ਆਦਰ ਪਾਉਂਦਾ ਹੈ। ਆਓ ਸੁੱਖਾ ਸਿੰਘ ਜੀ, ਅੱਗੇ ਆ ਕੇ ਬੈਠੋ। ਅੱਗੇ ਮੁਖੀ ਜੋਧਿਆਂ ਦੀ ਕਤਾਰ ਵਿਚ ਬਿਠਾਉਂਦੇ। ੩੨।

***ਲਗੇ ਦੀਵਾਨ ਤਿਹਿ ਪੱਖਾ ਫੇਰੈ॥*** ਜਦੋਂ ਦੀਵਾਨ ਲਗਦਾ ਹੈ, ਉਦੋਂ ਖਾਲਸੇ ਨੂੰ ਪੱਖਾ ਝੱਲਦਾ ਹੈ ਉਠ ਕੇ।

***ਅੰਗੀਠਨ ਕੋ ਸਮਧਾ ਲਯਾ ਗੇਰੈ॥*** ਜਿਥੇ ਸਿੰਘਾਂ ਦਾ ਆਸਣ ਲੱਗਦਾ ਹੈ, ਦਸ-ਦਸ, ਵੀਹ-ਵੀਹ ਸਿੰਘ ਉਤਰਦੇ ਨੇ ਇੱਕਠੇ, ਸਿਆਲ ਦੇ ਮਹੀਨੇ ਵਿਚ ਸਿੰਘਾਂ ਦੇ ਸੇਕਣ ਵਾਸਤੇ (ਸਮਧਾ) ਲੱਕੜਾਂ ਲਿਆਉਂਦਾ ਹੈ ਅੰਗੀਠਿਆਂ ਵਾਸਤੇ।

***ਪਯਾਸਨ ਖਾਤਰ ਮਸ਼ਕ ਉਠਾਵੈ॥*** ਪਿਆਸੇ ਸਿੰਘਾਂ ਦੀ ਖ਼ਾਤਰ ਪਾਣੀ ਦੀਆਂ ਮਸ਼ਕਾਂ ਭਰ-ਭਰ ਕੇ ਲਿਆਉਂਦਾ ਹੈ। ਸਿੰਘਾਂ ਦੇ ਆਸਣਾਂ 'ਤੇ ਜਾ-ਜਾ ਕੇ ਜਲ ਛਕਾਉਂਦਾ।

***ਭੁਖਿਆਂ ਖਾਤਰ ਰਿਜਕ ਲਿਆਵੈ॥ ੩੩॥*** ਕਈ ਕਈ ਦਿਨਾਂ ਦੇ ਭੁੱਖੇ ਸਿੰਘਾਂ ਵਾਸਤੇ ਮਾਇਆ ਲੈ ਕੇ ਆਉਂਦਾ ਲੁੱਟ ਕੇ ਰਸਤ-ਬਸਤ ਲੰਗਰ ਵਿਚ ਪਾਉਂਦਾ ਹੈ। ੩੩।

***ਥਕੇ ਸਿੰਘ ਕੀ ਚਾਪੀ ਕਰੈ॥*** ਜੇ ਸਿੰਘ ਦੂਰੋਂ ਆਏ ਹਨ ਸਫ਼ਰ ਕਰ ਕੇ ਥੱਕੇ ਹੋਏ, ਤਾਂ ਉਨ੍ਹਾਂ ਸਿੰਘਾਂ ਦੀ ਮੁੱਠੀ-ਚਾਪੀ ਕਰਦਾ ਹੈ ਆਸਣਾਂ 'ਤੇ ਜਾ ਕੇ।

***ਅਸ਼ਨਾਨ ਕਰਾਵੈ ਬਹੁ ਜਲ ਭਰੈ॥*** ਸਿੰਘਾਂ ਦੇ ਇਸ਼ਨਾਨ ਵਾਸਤੇ ਪਾਣੀ ਦੇ ਡੋਲ ਭਰ-ਭਰ ਕੇ ਦੂਰੋਂ ਲੈ ਕੇ ਆਉਂਦਾ ਹੈ ਅਤੇ ਉਨ੍ਹਾਂ ਦਾ ਇਸ਼ਨਾਨ ਕਰਾਉਂਦਾ ਹੈ।

***ਕੱਛ ਨਿਚੋੜੈ ਚਰਨ ਧੁਆਇ॥*** ਇਸ਼ਨਾਨ ਕਰਵਾ ਕੇ ਸਿੰਘਾਂ ਦਾ, ਫਿਰ ਉਨ੍ਹਾਂ ਦੇ ਕਛਹਿਰੇ ਨਚੋੜ ਕੇ ਸੁੱਕਣੇ ਪਾਉਂਦਾ ਹੈ, ਅਤੇ ਸਿੰਘਾਂ ਦੇ ਚਰਨ ਧਵਾਉਂਦਾ।

***ਫੜ ਗੜਵੇ ਸਿੰਘ ਦਾਤਨ ਕਰਾਇ॥ ੩੪॥*** ਜਦੋਂ ਸਿੰਘ (ਦਾਤਨ) ਮੁੱਖ ਮਾਂਜਣਾ ਕਰਦੇ ਹਨ, ਤਾਂ ਸੁੱਖਾ ਸਿੰਘ ਉਨ੍ਹਾਂ ਦਾ ਦਾਤਣ-ਕੁਰਲਾ ਕਰਵਾਉਣ ਵਾਸਤੇ ਉਨ੍ਹਾਂ ਦੇ ਕੋਲ ਜਲ ਦਾ ਗੜਵਾ ਭਰ ਕੇ ਖੜ੍ਹ ਜਾਂਦਾ ਹੈ। ਸਾਰੇ ਸਿੰਘਾਂ ਨੂੰ ਜਲ ਵਰਤਾ ਕੇ ਮੁਖ ਮਾਂਜਣਾ ਕਰਾਉਂਦਾ ਹੈ। ੩੪।

***ਦੋਹਰਾ॥ ਸ਼ਬਦ ਪੜ੍ਹੈ ਫੜ ਸਾਜ ਕੋ ਬਾਣੀ ਮੁਖੋਂ ਉਚਾਰ॥*** ਕੀਰਤਨ ਵੀ ਸਿੱਖ ਲਿਆ ਹੈ, ਸਿੰਘਾਂ ਦੇ ਦੀਵਾਨ ਵਿਚ ਬੈਠ ਕੇ, ਰਬਾਬ ਆਦਿਕ ਵਜਾ ਕੇ, ਗੁਰੂ ਕੀ ਬਾਣੀ ਦਾ ਸ਼ਬਦ ਕੀਰਤਨ ਸੁਣਾਉਂਦਾ ਹੈ ਖਾਲਸੇ ਨੂੰ।

***ਕਮਰ ਕੱਸਾ ਨਿਸ ਦਿਨ ਰਖੇ, ਲੜਨ ਘੁਲਨ ਕੋ ਤਯਾਰ॥ ੩੫॥*** ਜੰਗੀ ਕਮਰਕੱਸਾ ਰਾਤ ਦਿਨ ਕੱਸ ਕੇ ਰੱਖਦਾ ਹੈ, ਸੁੱਖਾ ਸਿੰਘ ਲੜਨ ਨੂੰ ਅਤੇ ਘੁਲਣ ਨੂੰ ਸਦਾ ਹੀ ਤਿਆਰ ਰਹਿੰਦਾ। ੩੫।

***ਚੌਪਈ॥ ਔਰ ਟਹਿਲ ਬਹੁ ਸਿੰਘਨ ਕਰੇ॥*** ਹੋਰ ਬਹੁਤ ਤਰ੍ਹਾਂ ਕਰਕੇ ਸਿੰਘਾਂ ਦੀ ਸੇਵਾ ਕਰਦਾ।

***ਦੰਗਯੋਂ ਫੰਗਯੋਂ ਵੈ ਨਹਿਂ ਡਰੇ॥*** ਲੜਾਈ ਫਸਾਦ ਤੋਂ ਤਾਂ ਜਮ੍ਹਾਂ ਭੈ ਨਹੀਂ ਖਾਂਦਾ ਤਿਆਰ ਹੀ ਰਹਿੰਦਾ ਹੈ।

***ਮਾਤਾ ਪਿਤਾ ਤਿਸ ਆਵੈਂ ਧਾਇ॥*** ਉਸ ਦੇ ਮਾਤਾ ਪਿਤਾ ਫੇਰ ਉਸ ਦੇ ਮਗਰ ਆਉਂਦੇ ਹਨ।

***ਸਿੰਘਨ ਤੇ ਬਹੁ ਤਾਹਿਂ ਅਖਾਇ॥ ੩੬॥*** ਅਤੇ ਸਿੰਘਾਂ ਤੋਂ ਵੀ ਸੁੱਖਾ ਸਿੰਘ ਨੂੰ ਅਖਵਾਉਂਦੇ ਹਨ ਕਿ ਸਾਡੇ ਘਰ ਜਾ ਆਵੇ ਜਰਾ ਗੇੜਾ ਮਾਰ ਆਵੇ। ੩੬।

***ਦੋਹਰਾ॥ ਮਾਤਾ ਪਿਤਾ ਤਿਸ ਆਇ ਕੈ ਸਿੰਘਨ ਤੇ ਸੁ ਕਹਾਇ॥*** ਸੁੱਖਾ ਸਿੰਘ ਦੇ ਮਾਤਾ ਪਿਤਾ ਆਉਂਦੇ ਹਨ ਤੇ ਸਿੰਘਾਂ ਤੋਂ ਕਹਾਉਂਦੇ ਹਨ ਉਸ ਨੂੰ।

***ਲੈ ਗਏ ਅਪਨੇ ਘਰ ਬਿਖੈ ਮੁਕਲਾਵਾ ਕਰਵਾਇ॥ ੩੭॥*** ਨਾ ਰਹੇ ਘਰ ਵਿਚ, ਇਸ ਦੀ ਮਰਜ਼ੀ ਹੈ, ਲੇਕਨ ਜਦੋਂ ਸ਼ਾਦੀ ਹੋਈ ਹੋਈ ਹੈ ਇਸ ਦੀ, ਅਜੇ ਨੂੰਹ ਰਾਣੀ ਨੂੰ ਲਿਆਉਣਾ ਹੈ, ਮੁਕਲਾਵਾ ਆਉਣ ਵਾਲਾ ਹੈ, ਇਹ ਮੁਕਲਾਵਾ ਤਾਂ ਲੈ ਆਵੇ ਨਾ, ਫਿਰ ਆ ਜਾਵੇ ਤੁਹਾਡੇ ਕੋਲ ਇਸ ਤਰ੍ਹਾਂ ਕਹਿ ਕੇ ਉਸ ਨੂੰ ਆਪਣੇ ਘਰ ਵਿਚ ਲੈ ਗਏ ਅਤੇ ਉਸ ਦਾ ਮੁਕਲਾਵਾ ਕਰ ਦਿੱਤਾ। ੩੭।

***ਚੌਪਈ॥ ਅਬੇਰ ਸਵੇਰ ਸੁ ਘਰ ਮੈਂ ਜਾਵੈ॥*** ਸੁੱਖਾ ਸਿੰਘ ਅਬੇਰੇ-ਸਵੇਰੇ ਘਰ ਵਿਚ ਜਾਂਦਾ।

***ਤੁਰਕਨ ਡਰ ਫਿਰ ਦਲ ਮੈਂ ਆਵੈ॥*** ਤੁਰਕਾਂ ਦੇ ਡਰ ਤੋਂ ਘਰ ਮਿਲ ਕੇ ਛੇਤੀ ਦੇ ਕੇ ਘਰੋਂ ਫੇਰ ਵਾਪਸ ਦਲ ਵਿਚ ਆ ਜਾਂਦਾ।

***ਸਮੋਂ ਪਾਇ ਉਸ ਬੇਟੀ ਭਈ॥*** ਜਦੋਂ ਇਹ ਘਰੇ ਜਾਣ ਲੱਗ ਪਿਆ, ਤਾਂ ਸਮਾਂ ਪਾ ਕੇ ਇਸ ਦੇ ਘਰ ਵਿਚ ਲੜਕੀ ਪੈਦਾ ਹੋਈ।

***ਆਪ ਮੁਈ ਕੈ ਨਾਰ ਮਾਰ ਦਈ॥ ੩੮॥*** ਉਦੋਂ ਲੜਕੀਆਂ ਨੂੰ ਮਾਰਦੇ ਸਨ, ਕਿਥੇ ਵਿਆਹੁਣੀ ਪਏਗੀ, ਕੋਈ ਤੁਰਕ ਨਾ ਚੁੱਕ ਕੇ ਲੈ ਜਾਣ, ਤੁਰਕਾਂ ਤੋਂ ਡਰਦੇ ਲੜਕੀਆਂ ਦਾ ਘਾਤ ਕਰ ਦਿੰਦੇ ਸੀ, ਭਾਈ ਸਾਹਿਬ ਜੀ ਕਹਿੰਦੇ ਹਨ, ਇਉਂ ਨਿਰਨਾਂ ਨਹੀਂ ਹੋਇਆ ਲੜਕੀ ਸੁੱਖਾ ਸਿੰਘ ਨੇ ਮਾਰੀ ਸੀ ਜਾਂ ਮਰੀ ਦਾ ਹੀ ਜਨਮ ਹੋਇਆ, ਜਾਂ ਆਪੇ ਮਾਰੀ ਮਗਰੋਂ ਕਿ ਉਸ ਦੀ ਘਰ ਵਾਲੀ ਨੇ ਮਾਰ ਦਿੱਤੀ, ਇਹ ਨਹੀਂ ਕੁਛ ਪਤਾ ਲੱਗ ਸਕਿਆ। ੩੮।

***ਯਹ ਚਰਚਾ ਖਾਲਸੇ ਮੈਂ ਆਈ॥*** ਇਹ ਚਰਚਾ ਹੁੰਦੀ-ਹੁੰਦੀ ਖਾਲਸੇ ਪੰਥ ਵਿਚ ਆ ਗਈ ਹੈ ਕਿ ਕੁੜੀ ਪੈਦਾ ਹੋਈ ਸੀ, ਉਹ ਇਸ ਨੇ ਮਾਰ ਦਿੱਤੀ ਹੈ।

***ਬਰਤਨ ਛੁਹਨ ਤੈ ਦਯੋ ਹਟਾਈ॥*** ਸਿੰਘਾਂ ਨੇ ਬਿਬੇਕ ਲਾ ਦਿੱਤਾ ਕਿ ਖ਼ਬਰਦਾਰ! ਸਾਡੇ ਬਾਟੇ ਨੂੰ ਹੱਥ ਨਹੀਂ ਲਾਉਣਾ, ਸਾਡੇ ਬਰਤਨ ਨੂੰ ਹੱਥ ਨਾ ਲਾਈਂ, ਤੇਰਾ ਸਾਡਾ ਭਾਂਡਾ ਛੇਕਿਆ ਗਿਆ, ਬਰਤਨਾਂ ਨੂੰ ਹੱਥ ਲਾਉਣ ਤੋਂ ਵੀ ਹਟਾ ਦਿੱਤਾ ਹੈ। ਭਾਵ ਸੁੱਖਾ ਸਿੰਘ ਦਾ ਭਾਂਡਾ ਛੇਕ ਦਿੱਤਾ ਹੈ ਖਾਲਸੇ ਨੇ।

***ਕਹੈ ਖਾਲਸਾ, 'ਕੰਨਯਾ ਮਾਰੀ॥*** ਜੇ ਉਹ ਪੁੱਛਦਾ ਹੈ ਮੇਰਾ ਕੀ ਕਸੂਰ ਹੈ, ਖਾਲਸਾ ਕਹਿੰਦਾ, ਕੰਨਿਆਂ ਨਹੀਂ ਮਾਰੀ ਆਪ ਦੀ, ਲੜਕੀ ਨਹੀਂ ਮਾਰੀ ਆਪ ਦੀ ਤੈਂ? ਇਉਂ ਦੋਸ਼ ਲਾ ਦਿੰਦੇ ਹਨ।

***ਰੀਤਿ ਖਾਲਸੇ ਕੀ ਹੈ ਬਿਗਾਰੀ' ॥ ੩੯॥*** ਤੂੰ ਖਾਲਸੇ ਪੰਥ ਦੀ ਰੀਤੀ ਵਿਗਾੜੀ ਹੈ, ਨੜੀ ਕੁੜੀ ਮਾਰ ਨਾਲ ਕੋਈ ਮੇਲ ਨਹੀਂ ਖਾਲਸੇ ਦਾ, ਇਹ ਕਹਿ ਕੇ ਬਰਤਨਾਂ ਤੋਂ ਪਰ੍ਹੇ ਹਟਾ ਦਿੰਦੇ ਹਨ ਨੇੜੇ ਨਹੀਂ ਆਉਣ ਦਿੰਦੇ। ੩੯।

***ਪੰਥ ਖਾਲਸਾ ਮੁਖ ਨ ਲਗਾਵੈ॥*** ਖਾਲਸਾ ਪੰਥ ਸੁੱਖਾ ਸਿੰਘ ਨੂੰ ਮੂੰਹ ਨਹੀਂ ਲਾਉਂਦਾ।

***'ਕੁੜੀ ਮਾਰ' ਕਹਿ ਦੂਰ ਬਿਠਾਵੈਂ॥*** ਉਸ ਨੂੰ 'ਕੁੜੀ ਮਾਰ, ਕੁੜੀ ਮਾਰ' ਕਹਿ ਕੇ ਦੂਰ ਬਿਠਾਉਂਦੇ ਹਨ, ਆਪਣੇ ਆਸਣ ਜਾਂ ਅੰਗੀਠੇ ਦੇ ਨੇੜੇ ਬੈਠਣ ਨਹੀਂ ਦਿੰਦੇ ਖਾਲਸੇ।

***ਬਖਸ਼ੈ ਨ ਖਾਲਸਾ ਬਿਨੈ ਕਰ ਰਹਯੋ॥*** ਉਸ ਨੇ ਬੜੀਆਂ ਬੇਨਤੀਆਂ ਕੀਤੀਆਂ ਹਨ ਕਿ ਮੇਰਾ ਕੋਈ ਕਸੂਰ ਨਹੀਂ ਜੀ, ਮੈਂ ਕੁੜੀ ਕਾਹਨੂੰ ਮਾਰੀ ਹੈ, ਮੈਨੂੰ ਤਾਂ ਪਤਾ ਵੀ ਨਹੀਂ, ਪਰ ਖਾਲਸਾ ਪੰਥ ਨਹੀਂ ਉਸ ਨੂੰ ਬਖ਼ਸ਼ਦਾ, ਕਹਿੰਦਾ ਨਹੀਂ ਤੂੰ ਓਵੇਂ ਰਹਿ, ਜਿਵੇਂ ਅੱਗੇ ਰਹਿੰਦਾ ਹੈਂ।

***ਖਾਇ ਅੰਦੇਸੋ ਸਿੰਘ ਕੋ ਗਯੋ॥ ੪੦॥*** ਸੁੱਖਾ ਸਿੰਘ ਨੂੰ ਇਹੀ ਅੰਦੇਸਾ ਖਾ ਗਿਆ ਕਿ ਮੈਂ ਕੁਛ ਕੀਤਾ ਨਹੀਂ, ਕਰਾਇਆ ਨਹੀਂ ਹੈ, ਮੇਰੇ ਸਿਰ ਐਵੇਂ ਹੀ ਦੋਸ਼ ਲੱਗ ਗਿਆ ਹੈ, ਇਉਂ ਬਹੁਤ ਸੰਸਾ ਹੋ ਗਿਆ ਹੈ ਉਸ ਨੂੰ। ੪੦।

***ਜਿਤੀ ਚੜ੍ਹੀ ਥੀ ਸਿੰਘ ਕੀ ਬਾਤ॥*** ਜਿੰਨੀ ਇਸ ਦੀ ਗੱਲ ਚੜ੍ਹੀ ਸੀ ਨਾ, ਬੜਾ ਬਹਾਦਰ ਹੈ, ਬੜੀ ਸੇਵਾ ਕਰਦਾ ਹੈ, ਬੜੀਆਂ ਤੇਗਾਂ ਮਾਰਦਾ ਹੈ ਅੱਗੇ ਹੋ ਕੇ। ਗੱਲ ਓਨੀਂ ਥੱਲੇ ਜਾਂਦੀ ਰਹੀ, ਸਿੰਘ ਆਪਣੇ ਭਾਂਡੇ ਨੂੰ ਹੱਥ ਨਹੀਂ ਲਾਉਣ ਦਿੰਦੇ। ਉਸ ਦੇ ਨਾਲ ਕੋਈ ਬਚਨ ਤੱਕ ਨਹੀਂ ਕਰਦੇ, ਆਪਣੇ ਨੇੜੇ ਨਹੀਂ ਖਲੋਣ ਦਿੰਦੇ। ਜਿੰਨੀ ਗੁੱਡੀ ਚੜ੍ਹੀ ਸੀ ਅਸਮਾਨ ਵਿਚ ਸੁੱਖਾ ਸਿੰਘ ਦੀ, ਓਨੀਂ ਹੇਠਾਂ ਨੂੰ ਚਲੀ ਗਈ ਹੈ ਹੁਣ।

***ਤਿਤੀ ਉਸੈ ਭਈ ਨੀਚੀ ਜਾਤ॥*** ਓਨੀਂ ਹੀ ਨੀਵੀਂ ਚਲੀ ਗਈ ਹੈ, ਜਿੰਨੀ ਉਤਾਂਹ ਚੜ੍ਹੀ ਸੀ ਗੁੱਡੀ।

***ਮਨ ਅਪਨੇ ਮਹਿਂ ਚਿੰਤਾ ਕਰੇ॥*** ਆਪਣੇ ਮਨ ਵਿਚ ਬੜੀ ਚਿੰਤਾ ਫ਼ਿਕਰ ਕਰਦਾ ਹੈ। ਬੜਾ ਅਫਸੋਸ ਕਰਦਾ ਹੈ।

***ਬਕੇ ਨ ਬੋਲੇ ਚੁਪ ਕਰ ਰਹੇ॥ ੪੧॥*** ਕਿਸੇ ਨਾਲ ਬੋਲਦਾ ਚਾਲਦਾ ਵੀ ਨਹੀਂ ਹੈ, ਚੁੱਪ ਕਰ ਰਹਿੰਦਾ ਹੈ ਕਿ ਮੇਰੀ ਗੱਲ ਦਾ ਕੋਈ ਜ਼ੁਵਾਬ ਤਾਂ ਦਿੰਦਾ ਨਹੀਂ ਹੈ ਸਿੰਘ, ਸਗੋਂ ਇਉਂ ਕਹਿੰਦੇ 'ਚਲ ਓਇ, ਕੁੜੀ ਮਾਰਾ' ਪਰ੍ਹਾਂ ਹੋ ਕੇ ਬੈਠ, ਨੇੜੇ ਨਾ ਲੱਗੀਂ ਸਾਡੇ। ੪੧।

## ਸਾਖੀ ਹੋਰ ਸੁਖਾ ਸਿੰਘ ਕੀ

### (ਭਾਈ ਸੁੱਖਾ ਸਿੰਘ ਦਾ ਇਕ ਗਿਲਜੇ ਨਾਲ ਦੁੰਦ ਯੁੱਧ)

***ਦੋਹਰਾ॥ ਅਹਿਮਦ ਸ਼ਾਹ ਲਾਹੌਰ ਮਲ, ਪੜਯੋ ਦਿਲੀ ਕੇ ਰਾਹਿ॥*** ਅਹਿਮਦ ਸ਼ਾਹ ਅਬਦਾਲੀ ਨੇ ਲਹੌਰ ਨੂੰ ਮੱਲ ਕੇ ਆਪ ਅੱਗੇ ਦਿੱਲੀ ਦੇ ਰਾਹੇ ਪੈ ਗਿਆ, ਭਾਵ ਦਿੱਲੀ ਨੂੰ ਨਿਕਲ ਗਿਆ।

***ਲਹੌਰ ਹਿਫ਼ਾਜ਼ਤ ਕਰਨ ਕੋ, ਫੌਜ ਛੋਡ ਗਯੋ ਵਾਹਿ॥ ੧॥*** ਲਹੌਰ ਸੂਬੇ ਦੀ ਹਿਫ਼ਾਜ਼ਤ ਰੱਖਣ ਵਾਸਤੇ ਕੁਛ ਫ਼ੌਜ ਉਹ ਲਹੌਰ ਛੱਡ ਗਿਆ। ੧।

***ਨਿਕਸੀ ਫੌਜ ਲਹੌਰ ਤੇ, ਅਤਿ ਬਡ ਮਰਦ ਗਿਨਾਇ॥*** ਫ਼ੌਜ ਦੇ ਵਿਚ ਜਿਹੜੇ ਗਿਣਵੇਂ-ਚੁਣਵੇਂ, ਵੱਡੇ-ਵੱਡੇ ਜੋਧੇ ਸੂਰਵੀਰ ਬਹਾਦਰ ਅਤੇ ਦਲੇਰ ਮਰਦਾਂ ਵਿਚ ਗਿਣੇ ਜਾਂਦੇ ਸਨ, ਉਹ ਫ਼ੌਜ ਲਹੌਰ ਤੋਂ ਨਿਕਲੀ ਹੈ ਸਿੰਘਾਂ ਨੂੰ ਦੇਖਣ ਵਾਸਤੇ, ਸਿੰਘ ਹੱਥ ਮਾਰਦੇ ਸੀ ਨਾ, ਚਾਰ-ਚੁਫੇਰੇ ਲੁੱਟਦੇ ਮਾਰਦੇ ਸੀ। ਸਿੰਘਾਂ ਨੂੰ ਵੇਖਣ ਵਾਸਤੇ ਬੜੀ ਜਰਵਾਣੀ ਫ਼ੌਜ ਨਿਕਲੀ ਹੈ ਲਹੌਰ ਤੋਂ।

***'ਕਹਾਂ ਸਿੱਖ' ਕਹਿਤੇ ਫਿਰੈਂ, 'ਹਮ ਕੌ ਦੇਹੁ ਦਿਖਾਇ'॥ ੨॥*** ਲੋਕਾਂ ਨੂੰ ਪੁੱਛਦੇ ਫਿਰਦੇ ਹਨ, ਇਲਾਕਾ ਵਾਸੀਆਂ ਨੂੰ ਕਿਥੇ ਕੁ ਸਿੰਘ ਰਹਿੰਦੇ ਹਨ, ਭਈ ਕਿਹੋ ਜਿਹੇ ਸਿੰਘ ਹੁੰਦੇ ਹਨ? ਸਾਨੂੰ ਤਾਂ ਦਿਖਾਓ ਕਿਹੋ ਜਿਹੇ ਹਨ। ੨।

***ਚੌਪਈ॥ ਘੋੜੇ ਬਡੋ ਔ ਬਡੇ ਜੁਆਨ॥*** ਉਹਨਾਂ ਦੇ ਹੇਠਾਂ ਸਵਾਰੀ ਵਾਸਤੇ ਵੱਡੇ-ਵੱਡੇ ਘੋੜੇ ਅਤੇ ਬੜੇ ਵੱਡੇ-ਵੱਡੇ ਕੱਦਾਂ ਦੇ ਸਰੀਰ ਸਨ ਇਹਨਾਂ ਦੇ।

***ਸਾਥ ਸ਼ਾਹ ਜੋ ਖਾਨਾ ਖਾਨ॥*** ਖਾਸ ਅਹਿਮਦ ਸ਼ਾਹ ਅਬਦਾਲੀ ਦੇ ਨਾਲ ਜੋ ਖਾਣਾਂ ਖਾਣ ਵਾਲੇ, ਵੱਡੇ-ਵੱਡੇ ਮਰਦ ਅਹਿਲਕਾਰ ਅਤੇ ਅਫ਼ਸਰ ਜੋ ਖਾਨਾਂ ਦੇ ਖਾਨ-ਵੱਡੇ ਖਾਨ।

***ਟੋਪ ਸੀਸ, ਸੰਜੋ ਗਲ ਪਾਈ॥*** ਸਿਰ ਦੇ ਉਤੇ ਫੌਲਾਦ ਦਾ ਟੋਪ ਕੱਸਿਆ ਹੋਇਆ ਹੈ, ਸਾਰੇ ਸਰੀਰ ਨੂੰ ਸੰਜੋਅ ਨਾਲ ਢੱਕਿਆ ਹੋਇਆ ਹੈ।

***ਤੇੜ ਸੁੱਥਨ ਬੀ ਲੋਹੇ ਪਾਈ॥ ੩॥*** ਉਹ ਪਠਾਣ ਲੋਕ ਕੱਪੜੇ ਦੀ ਸੁੱਥਣ ਪਾਉਂਦੇ ਹਨ, ਕਹਿੰਦੇ ਹਨ, ਸੁੱਥਣਾਂ ਦੇ ਉਤੋਂ ਦੀ ਲੋਹੇ ਦੀਆਂ ਸੁੱਥਣਾਂ, ਸੁੱਥਣਾਂ ਵੀ ਲੋਹੇ ਦੀਆਂ ਫੌਲਾਦੀ ਪਾਈਆਂ ਹੋਈਆਂ ਸੀ ਉਨ੍ਹਾਂ ਦੇ। ੩।

***ਪੈਰੀਂ ਨਲੈਨਾਂ ਦਸਤੀ ਦਸਤਾਨੇ॥*** (ਨਾ ਅਲੈਨ=ਪੈਰਾਂ ਦੀ ਲੋਹੇ ਦੀ ਜੁੱਤੀ) ਪੈਰਾਂ ਦੇ ਵਿਚ ਨਲੈਨਾਂ ਜੋ ਫੌਲਾਦ ਦੀਆਂ ਬਣੀਆਂ ਹੋਈ ਹਨ, ਉਹ ਪਾਈਆਂ ਹਨ, ਹੱਥਾਂ ਵਿਚ ਲੋਹੇ ਦੇ ਫੌਲਾਦ ਦੇ ਬਣੇ ਹੋਏ, ਮੜ੍ਹੇ ਹੋਏ ਫੌਲਾਦ ਨਾਲ ਦਸਤਾਨੇ ਪਾਏ ਹੋਏ ਸਨ।

***ਘੋੜਨ ਪਰ ਬਡ ਬਰਗਸਤਾਨੇ॥*** ਘੋੜਿਆਂ ਦੀ ਸੰਜੋਅ ਜੋ ਬਰਗਸਤਾਨ-ਘੋੜੇ ਦਾ ਪਾਖਰ, ਘੋੜੇ ਦਾ ਕਵਚ, ਜੋ ਜੰਗ ਵਿਚ ਪਹਿਰਾਇਆ ਜਾਂਦਾ ਹੈ। ਮੂੰਹ ਸਿਰ ਤੋਂ ਲੈ ਕੇ ਸਾਰੇ ਸਰੀਰ ਤੇ ਹੇਠਾਂ ਲੱਤਾਂ ਤੱਕ ਜਾਂਦੀ ਹੈ, ਉਸ ਨੂੰ 'ਬਰਗਸਤਾਨ' ਕਹਿੰਦੇ ਹਨ, ਘੋੜੇ ਵੀ ਇਹਨਾਂ ਦੇ ਲੋਹੇ ਦੇ ਨਾਲ ਮੜ੍ਹੇ ਹੋਏ ਸਨ।

***ਐਸੇ ਬਹੁ ਗਿਲਜੇ ਚੜ੍ਹ ਧਾਏ॥*** ਐਹੋ ਜਿਹੇ ਬਹੁਤ ਸਾਰੇ ਗਿਲਜੇ, ਗਿਲਜੇ ਪਠਾਣਾਂ ਦੀ ਇਕ ਜਾਤ ਚੜ੍ਹਾਈ ਕਰਕੇ ਆਏ ਹਨ ਸਿੰਘਾਂ ਵੱਲ ਨੂੰ।

***ਸੰਗ ਕਸੂਰੀ ਪਠਾਣ ਲਿਆਏ॥ ੪॥*** ਕਸੂਰ ਦੇ ਪਠਾਣਾਂ ਨੂੰ ਨਾਲ ਲਿਆਏ ਹਨ ਕਿ ਸਾਨੂੰ ਤਾਂ ਵਿਖਾਓ ਸਿੰਘ ਕਿਹੋ ਜਿਹੇ ਹੁੰਦੇ ਹਨ। ੪।

***ਸੋਰਠਾ॥ ਬੁੱਢੇ ਕੋਟ ਗਿਰਾਇ ਹੁਤੇ ਸੁ ਸਿੰਘਨ ਘਰ ਘਣੇ॥*** ਜਿਥੋਂ ਸਤਿਲੁਜ ਤੇ ਬਿਆਸਾ ਆਉਂਦੇ ਹਨ, ਉਥੇ ਪਰਲੇ ਕਿਨਾਰੇ ਤੇ ਬੁੱਢੇ ਕਾ ਕੋਟ ਪਿੰਡ ਹੈ, ਉਥੇ ਬੇਟ ਵਿਚ ਸਿੰਘਾਂ ਦੇ ਬਹੁਤੇ ਘਰ ਸਨ।

***ਹਲਕਾਰਨ ਸਿਲ ਕਰਾਇ, ਲੀਯੋ ਮਾਰ ਅਰ ਬੰਦ ਕਰ॥੫॥*** ਹਲਕਾਰਿਆਂ ਨੇ (ਸਿਲ) ਮੁਖਬਰੀ ਕੀਤੀ ਸਾਰਾ ਪਿੰਡ ਬੰਦ ਕਰਕੇ ਇਕੱਲਾ-ਇਕੱਲਾ ਘਰ ਖੋਲ੍ਹ ਕੇ ਸਿੰਘ ਮਾਰੇ ਸਨ। ੫।

***ਚੌਪਈ॥ ਸਿੰਘ ਰਹਤ ਥੇ ਦਰਯਾ ਕਿਨਾਰੇ॥*** ਏਥੇ ਸਿੰਘਾਂ ਦਾ ਜੱਥਾ ਦਰਿਆ ਦੇ ਕਿਨਾਰੇ 'ਤੇ ਰਹਿੰਦਾ, ਜੋ ਕਦੀ ਦਰਿਆ ਦੇ ਏਧਰ ਕਦੀ ਓਧਰ ਹੋ ਜਾਂਦਾ ਸੀ।

***ਗਿਲਜਨ ਲਖ ਸਿੰਘ ਹੋ ਗਏ ਪਾਰੇ॥*** ਸਿੰਘ ਗਿਲਜਿਆਂ ਨੂੰ ਵੇਖ ਕੇ ਦਰਿਆ ਤੋਂ ਪਾਰ ਹੋ ਗਏ ਹਨ, ਫਿਰੋਜ਼ਪੁਰ ਵੱਲ ਨੂੰ।

***ਤਬ ਗਿਲਜਨ ਕੋ ਗਰਬਾ ਆਇਆ॥*** ਜਦੋਂ ਸਿੰਘ ਦਰਿਆਓਂ ਪਾਰ ਹੋ ਗਏ, ਤਦ ਗਿਲਜਿਆਂ ਨੂੰ ਹੰਕਾਰ ਹੋ ਗਿਆ ਕਿ ਸਾਥੋਂ ਡਰਦੇ ਸਿੰਘ ਦਰਿਆ ਤੋਂ ਪਾਰ ਹੋ ਗਏ।

***ਲਿਖ ਸਿੰਘਨ ਕੀ ਓਰ ਪਠਾਇਆ॥੬॥*** ਗਿਲਜਿਆਂ ਨੇ ਚਿੱਠੀ ਲਿਖ ਕੇ ਇਕ ਹਲਕਾਰਾ ਸਿੰਘਾਂ ਵੱਲ ਭੇਜਿਆ। ੬।

***ਇਮ ਲਿਖ ਭੇਜਯੋ ਸਿੰਘਨ ਪਾਸ॥*** ਇਉਂ ਸਿੰਘਾਂ ਕੋਲ ਲਿਖ ਕੇ ਭੇਜਿਆ।

***'ਹਮ ਹੈ ਭਾਈ ਸ਼ਾਹ ਕੇ ਖਾਸ॥*** ਅਸੀਂ ਤਾਂ ਅਹਿਮਦ ਸ਼ਾਹ ਅਬਦਾਲੀ ਦੇ ਖਾਸ ਭਰਾ ਲਗਦੇ ਹਾਂ, ਅਸੀਂ ਉਸ ਦੇ ਨਾਲ ਖਾਣਾ ਖਾਣ ਵਾਲੇ, ਉਸ ਦੇ ਚਾਚੇ ਤਾਇਆਂ ਦੇ ਪੁੱਤਰ ਤੇ ਕੁਛ ਉਸ ਦੇ ਸਕੇ ਭਰਾ ਹਾਂ।

***ਤੁਮ ਅਖਵਾਵਤ ਸਿੰਘ ਸਿਪਾਹੀ॥*** ਤੁਸੀਂ ਆਪਣੇ ਆਪ ਨੂੰ ਬੜੇ ਬਹਾਦਰ ਸਿਪਾਹੀ ਅਖਵਾਉਂਦੇ ਹੋ ਸਿੰਘ ਸੂਰਮੇ।

***ਹਮ ਦੇਖਨ ਤੁਮ ਆਏ ਲੜਾਈ' ॥ ੭॥*** ਅਸੀਂ ਤਾਂ ਤੁਹਾਡੀ ਲੜਾਈ ਵੇਖਣ ਆਏ ਸਾਂ, ਤੁਹਾਡੀ ਮਸ਼ਹੂਰੀ ਸੁਣੀ ਹੈ ਕਿ ਕਿਡੇ ਕੁ ਬਹਾਦਰ ਨੇ, ਕਿਵੇਂ ਲੜਦੇ ਨੇ ਇਹ, ਅਸੀਂ ਤਾਂ ਇਸ ਕਰਕੇ ਆਏ ਸੀ। ੭।

***ਦੋਹਰਾ॥ ਗਰਦ ਦੇਖ ਤੁਮ ਭਜ ਗਏ, ਭਏ ਦਰਿਯਾਵੋਂ ਪਾਰ॥*** ਸਾਡੇ ਘੋੜਿਆਂ ਦੇ ਪੌੜਾਂ ਨਾਲ ਜੋ ਮਿੱਟੀ ਉੱਠੀ, ਉਸ ਧੂੜ ਨੂੰ ਦੇਖ ਕੇ ਹੀ ਤੁਸੀਂ ਭੱਜ ਗਏ ਹੋ ਅਤੇ ਦਰਿਆ ਤੋਂ ਪਾਰ ਹੋ ਗਏ ਹੋ।

***ਝੂਠ ਕਹਾਯੋ ਸਿੰਘ ਤੁਮ ਗੀਦੀ ਗੁਲਾਮ ਗਵਾਰ॥ ੮॥*** ਸਿੰਘ ਤਾਂ ਸ਼ੇਰ ਨੂੰ ਕਹਿੰਦੇ ਹਨ, ਤੁਸੀਂ ਤਾਂ ਝੂਠਾ ਹੀ ਆਪਣੇ ਆਪ ਨੂੰ ਸਿੰਘ ਕਹਾਇਆ ਹੈ। ਤੁਸੀਂ ਤਾਂ ਗੀਦੀ ਹੋ। ਗੁਲਾਮ ਹੋ, ਪਰਜ਼ਾ ਹੋ ਤੁਸੀਂ ਅਤੇ ਗਵਾਰ ਹੋ। ਤੁਸੀਂ ਕਿਧਰ ਦੇ ਸੂਰਵੀਰ ਹੋ। ੮।

***ਅਕੈ ਤੋ ਹਮ ਸੌਂ ਖੜ ਤੁਸੀਂ ਆਇ ਕਰੋ ਦੁਇ ਹਾਥ॥*** ਜੇ ਤੁਸੀਂ ਸਿੰਘ ਕਹਾਉਂਦੇ ਹੋ, ਸੂਰਵੀਰ ਹੋ, ਜਾਂ ਤਾਂ ਸਾਡੇ ਨਾਲ ਖੜ੍ਹ ਕੇ ਤੁਸੀਂ ਆ ਕੇ ਮੈਦਾਨ ਵਿਚ ਦੋ ਹੱਥ ਕਰੋ।

***ਦੁਇ ਦੁਇ ਆਵੋ ਸਿੰਘ ਤੁਮ, ਇਕ ਇਕ ਦੁਰਾਨੀ ਸਾਥ॥ ੯॥*** ਸਾਡੇ ਇਕੱਲੇ-ਇਕੱਲੇ ਦੁਰਾਨੀ ਨਾਲ ਤੁਹਾਡੇ ਦੋ-ਦੋ ਸਿੰਘ ਇਕੱਠੇ ਹੋ ਕੇ ਟਾਕਰਾ ਕਰਨ ਦੁਰਾਨੀ ਅਹਿਮਦ ਸ਼ਾਹ ਦੇ ਸਿਪਾਹੀ। ੯।

***ਸਿੰਘਨ ਲਾਇ ਦੀਵਾਨ ਤਬ, ਲਈ ਲਿਖਤ ਸਭ ਵਾਚ॥*** ਸਿੰਘਾਂ ਨੇ ਤਦੋਂ ਦੀਵਾਨ ਲਾਇਆ ਹੈ, ਹਲਕਾਰਾ ਜਿਹੜੀ ਚਿੱਠੀ ਲੈ ਕੇ ਆਇਆ ਗਿਲਜਿਆਂ ਦੀ, ਉਸ ਲਿਖਤ ਨੂੰ ਵਾਚਿਆ ਹੈ।

***ਉੱਤਰ ਉਨ ਕੋ ਲਿਖ ਪਠਯੋ, ਹਮ ਤੁਮ ਲਰਨ ਇਮ ਸਾਚ॥ ੧੦॥*** ਸਿੰਘਾਂ ਨੇ ਉਸ ਲਿਖਤ ਦਾ ਜ਼ੁਆਬ ਲਿਖ ਕੇ

ਭੇਜਿਆ ਹੈ, ਕਹਿਣ ਲੱਗੇ, 'ਜੇ ਤੁਸੀਂ ਸਾਡੇ ਨਾਲ ਲੜਨਾ ਚਾਹੁੰਦੇ ਹੋ, ਤਾਂ ਸਾਡੀ ਤੁਹਾਡੀ ਲੜਾਈ ਸੱਚੀ ਇਉਂ ਫਬੇਗੀ। ੧੦।

***ਚੌਪਈ॥ ਦਸ ਦੁਰਾਨੀ ਤੁਮ ਇਤ ਤੇ ਆਯੋ॥*** ਤੁਸੀਂ ਦਸ-ਦਸ ਦੁਰਾਨੀ ਇੱਕਠੇ ਹੋ ਕੇ ਆਓ। (ਦੁਰਾਨੀ=ਦੁਰਾਨ ਦੇਸ਼ ਦੇ ਰਹਿਣ ਵਾਲੇ)

***ਹਾਥ ਬੰਦੂਕ ਤੁਮ ਵਡੀ ਫੜਾਯੋ॥*** ਆਪਣੇ ਹੱਥ ਵਿਚ ਵੱਡੀਆਂ-ਵੱਡੀਆਂ ਬੰਦੂਕਾਂ ਫੜ ਕੇ ਆਇਓ।

***ਇਤ ਤੇ ਆਵੈਂ ਪੰਜ ਭੁਜੰਗੇ॥*** ਏਧਰੋਂ ਸਾਡੇ ਪੰਜ ਸਿੰਘ ਆਉਣਗੇ। ਤੁਸੀਂ ਦਸ ਨਿਕਲੋ, ਅਸੀਂ ਪੰਜ ਨਿਕਲਾਂਗੇ। ਸਾਡੇ ਇਕੱਲੇ ਇਕੱਲੇ ਨਾਲ ਤੁਸੀਂ ਦੋ-ਦੋ ਨਿਕਲ ਕੇ ਵੇਖ ਲਵੋ।

***ਢਾਲ ਤਲਵਾਰਨ ਫੜ ਰਾਮ ਜੰਗੇ॥ ੧੧॥*** ਢਾਲਾਂ ਤਲਵਾਰਾਂ ਤੇ (ਰਾਮਜੰਗੇ) ਬੰਦੂਕਾਂ ਫੜ ਕੇ ਆਵਾਂਗੇ ਅਸੀਂ। ੧੧।

***ਫਿਰ ਗਿਲਜਨ ਇਮ ਆਖ ਘਲਾਈ॥*** ਫਿਰ ਗਿਲਜਿਆਂ ਨੇ ਹਲਕਾਰੇ ਨੂੰ ਇਉਂ ਆਖ ਕੇ ਭੇਜਿਆ ਹੈ।

***ਹਮ ਫੜ ਲੜੈਂ ਨ ਬੰਦੂਕ ਲੜਾਈ॥*** ਅਸੀਂ ਬੰਦੂਕ ਫੜ ਕਦੇ ਲੜਾਈ ਨਹੀਂ ਲੜਦੇ ਹਾਂ।

***ਛੁਰੀ, ਕਟਾਰੀ, ਸ਼ਮਸ਼ੇਰ ਫੜ ਆਵੈਂ॥*** ਅਸੀਂ ਛੁਰੀ, ਕਟਾਰ ਤੇ ਤਲਵਾਰਾਂ ਫੜ ਕੇ ਹੱਥਾਂ ਵਿਚ ਆਵਾਂਗੇ।

***ਤੀਰ ਬੰਦੂਕ ਹਮ ਨਹਿਂ ਲੈ ਆਵੈਂ॥ ੧੨॥*** ਤੀਰ ਤੇ ਬੰਦੂਕਾਂ ਅਸੀਂ ਨਹੀਂ ਲੈ ਕੇ ਆਵਾਂਗੇ। ੧੨।

***ਤੇਗ ਕਟਾਰੀ ਛੁਰੀ ਤੁਮ ਫੜੋ॥*** ਤੁਸੀਂ ਵੀ ਤੇਗਾਂ, ਕਟਾਰਾਂ ਤੇ ਛੁਰੀਆਂ ਫੜ ਕੇ ਮੈਦਾਨ ਵਿਚ ਨਿੱਤਰੋ ਸਾਡੇ ਨਾਲ।

***ਬੰਦੂਕ ਕਮਾਨ ਆਵੋ ਘਰ ਧਰੋ॥*** ਤੁਸੀਂ ਵੀ ਬੰਦੂਕਾਂ ਤੇ ਕਮਾਣਾਂ ਆਪਣੇ ਘਰ ਰੱਖ ਕੇ ਆਓ।

***ਆਗੇ ਖਾਲਸੇ ਲਿਖੇ ਕਰਾਰ॥*** ਅੱਗੋਂ ਖਾਲਸੇ ਨੇ ਫਿਰ ਇਕਰਾਰ ਲਿਖਿਆ ਹੈ।

***'ਹਮ ਤੋ ਲੜੈਂ ਬੰਦੂਕ ਸੰਭਾਰ' ॥ ੧੩॥*** ਅਸੀਂ ਤਾਂ ਬੰਦੂਕਾਂ ਸੰਭਾਲ ਕੇ ਹੀ ਲੜਾਂਗੇ। ੧੩।

***ਸ੍ਰੀ ਸਤਿਗੁਰ ਨੇ ਹਮੈ ਫੁਰਮਾਯਾ॥*** ਸਾਨੂੰ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ, ਖਾਲਸੇ ਨੂੰ ਇਉਂ ਫੁਰਮਾਨ ਕੀਤਾ।

***ਦੁਸ਼ਟ ਮਾਰਨ ਰਾਮ ਜੰਗੋ ਫੜਾਯਾ॥*** ਕਿ ਦੁਸ਼ਟ ਵੱਡੇ-ਵੱਡੇ ਬਲੀ ਹਨ, ਵੱਡੇ-ਵੱਡੇ ਕੱਦਾਵਰ ਹਨ, ਜਿਹੜੇ ਤੁਰਕ ਪਠਾਣ ਨਾ ਮਰਨ ਤੁਹਾਡੇ ਕੋਲੋਂ, ਉਨ੍ਹਾਂ ਨੂੰ ਬੰਦੂਕਾਂ ਨਾਲ ਮਾਰਿਆ ਕਰੋ, ਦੂਰੋਂ ਫਾਇਰ ਕਰਕੇ ਮਾਰੋ।

***ਇਤ ਉਤ ਤੇ ਯੌਂ ਕਰੇ ਕਰਾਰ॥*** ਏਧਰੋਂ ਤੇ ਓਧਰੋਂ ਇਉਂ ਇਕਰਾਰ ਕਰਦੇ ਹਨ ਆਪਸ ਵਿਚ।

***ਕੋਈ ਨ ਮਾਨੈ ਦੁਬਿਧਾ ਧਾਰ॥ ੧੪॥*** ਕੋਈ ਵੀ ਨਾ ਮੰਨੇ ਤੁਰਕ ਆਖਦੇ ਹਨ, ਅਸੀਂ ਰਾਮਜੰਗੇ ਨਹੀਂ ਲੈ ਕੇ ਆਉਂਦੇ, ਕਿਉਂਕਿ ਸਿੰਘਾਂ ਦੇ ਰਾਮ ਜੰਗਿਆਂ ਦਾ ਪਤਾ ਸੀ, ਉਨ੍ਹਾਂ ਨੂੰ ਕਿ ਇਹ ਰਾਮ ਜੰਗਿਆਂ ਦੀ ਲੜਾਈ ਖ਼ੂਬ ਜਾਣਦੇ ਹਨ ਖਾਲਸੇ, ਏਸ ਕਰਕੇ ਡਰਦੇ ਸਨ ਕਿ ਬੰਦੂਕਾਂ ਨਾਲ ਤਾਂ ਸਾਨੂੰ ਮਾਰ ਜਾਣਗੇ ਇਹਨਾਂ ਨੇ ਛੱਡਣਾ ਹੀ ਨਹੀਂ, ਕਿਉਂਕਿ ਸਿੰਘਾਂ ਦੀਆਂ ਬੰਦੂਕਾਂ ਵਿਚ ਅੱਧਾ-ਅੱਧਾ ਸੇਰ ਪੱਕਾ ਬਰੂਦ ਪੈਂਦਾ ਸੀ। ਤੋਪ ਦੇ ਗੋਲੇ ਜਿੰਨਾਂ ਜਿਸ ਬੰਦੂਕ ਦਾ ਫਾਇਰ ਹੋਵੇ, ਉਸ ਦੇ ਨਾਲ ਕਿਵੇਂ ਬਚਾਂਗੇ ਅਸੀਂ, ਭਾਵੇਂ ਕਿੰਨਾਂ ਲੋਹਾ ਪਾਇਆ ਹੋਇਆ ਹੈ ਸਾਡੇ ਸਰੀਰ ਤੇ ਦੋਵੇਂ ਹੀ ਧਿਰਾਂ ਮਨ ਵਿਚ ਦੁਬਿਧਾ ਧਾਰ ਕੇ ਨਹੀਂ ਸੀ ਮੰਨਦੀਆਂ। ੧੪।

***ਦੋਹਰਾ॥ ਗਿਲਜੇ ਜ਼ੋਰ ਸੰਜੋਇਕੇ ਓਹਲੈ ਲੜੈਂ ਬਿਚਾਰ॥*** ਗਿਲਜੇ ਸੰਜੋਅ ਦੇ ਆਸਰੇ ਨਾਲ, ਸੰਜੋਅ ਦੇ ਓਹਲੇ ਵਿਚ ਵਿਚਾਰ ਨਾਲ ਲੜਨਾ ਚਾਹੁੰਦੇ ਸਨ।

***ਡਰੈਂ 'ਰਾਮ ਜੰਗੇ ਖਾਲਸੇ ਜੁਤ ਸੰਜੋਇ ਨ ਦੇਵੈਂ ਮਾਰ' ॥ ੧੫॥*** ਗਿਲਜੇ ਏਸ ਕਰਕੇ ਡਰਦੇ ਨਹੀਂ ਲੜਦੇ ਸਨ ਖਾਲਸੇ ਨਾਲ ਕਿ ਸਿੰਘ ਰਾਮ ਜੰਗੇ ਨਾਲ ਸਮੇਤ ਸੰਜੋਅ ਦੇ ਹੀ ਮਾਰ ਦੇਣ, ਇਹਨਾਂ ਨੇ ਸੰਜੋਅ ਦੇ ਸਮੇਤ ਵੀ ਨਹੀਂ ਛੱਡਣਾ ਸਾਨੂੰ। ੧੫।

***ਪ੍ਰਾਤ ਹੋਤ ਇਕ ਅ ਖੜੋ ਹਲਕਾਰੋ ਦੀਓ ਘਲਾਇ॥*** ਰਾਤ ਤਾਂ ਇਸੇ ਤਰ੍ਹਾਂ ਹੀ ਲੰਘ ਗਈ ਹੈ, ਜਦੋਂ ਸਵੇਰਾ ਹੋਇਆ ਹੈ, ਤਾਂ ਇਕ ਗਿਲਜਾ ਸਜ-ਵਜ ਕੇ ਸ਼ਸਤ੍ਰ ਪਹਿਨ ਕੇ ਆ ਖੜ੍ਹਾ ਹੋਇਆ ਹੈ ਅਤੇ ਹਲਕਾਰਾ ਭੇਜ ਦਿੱਤਾ ਸਿੰਘਾਂ ਕੋਲ ਖ਼ਬਰ ਕਰਨ ਵਾਸਤੇ,ਆਓ ਸਾਡੇ ਨਾਲ ਮੁਕਾਬਲਾ ਕਰੋ।

***ਜੇ ਤੁਮ ਮੈਂ ਕੋਊ ਮਰਦ ਹੈ ਤੌ ਲੜੋ ਇਕੇਲੋ ਆਇ॥ ੧੬॥*** ਸੁਨੇਹਾ ਭੇਜ ਦਿੱਤਾ ਹੈ ਕਿ ਜੇ ਤੁਹਾਡੇ ਵਿਚ ਕੋਈ ਜੁਆਨ ਮਰਦ ਹੈ, ਕੋਈ ਜੋਧਾ ਸੂਰਵੀਰ, ਤਾਂ ਆਓ! ਮੇਰੇ ਨਾਲ ਇਕੱਲੇ ਨਾਲ ਇਕੱਲਾ ਲੜ ਲਉ। ੧੬।

***ਚੌਪਈ॥ ਛੁਰੀ ਕਟਾਰੀ ਤੇਗਨ ਸਾਥ॥*** ਛੁਰੀ, ਕਟਾਰੀ, ਤੇਗਾਂ ਦੇ ਨਾਲ।

***ਆਨ ਕਰੈ ਹਮ ਸੌ ਦੋਊ ਹਾਥ॥*** ਆ ਕੇ ਮੇਰੇ ਨਾਲ ਦੋ ਹੱਥ ਕਰੇ, ਤੁਹਾਡੇ ਵਿੱਚੋਂ ਕੋਈ ਸੂਰਮਾ।

***ਨਹੀਂ ਲਰੋ ਤੌ ਗੀਦੀ ਅਖਵਾਵੋ॥*** ਜੇ ਮੇਰੇ ਨਾਲ ਛੁਰੀ, ਕਟਾਰੀ, ਤਲਵਾਰ ਨਾਲ ਨਹੀਂ ਲੜਦੇ, ਤਾਂ ਫਿਰ ਗੀਦੀ ਕਹਾਓ ਆਪਣੇ ਆਪ ਨੂੰ।

***ਨਾਮ ਸਿੰਘ ਤੁਮ ਕੂੜ ਸਦਾਵੋ॥ ੧੭॥*** ਸਿੰਘ ਨਾਮ ਤੁਸੀਂ ਝੂਠਾ ਹੀ ਸਦਾਉਂਦੇ ਹੋ ਕਿ ਅਸੀਂ ਸ਼ੇਰ ਹੁੰਦੇ ਹਾਂ, ਇਹ ਗੱਲ ਝੂਠੀ ਹੈ। ੧੭।

***ਲੈ ਲੈ ਨਾਮ ਸਿੰਘ ਧਧਕਾਰੈ॥*** ਸਿੰਘਾਂ ਦੇ ਨਾਮ ਲੈ-ਲੈ ਕੇ ਕਿ ਕਾਹਦੇ ਸਿੰਘ ਹੋ ਤੁਸੀਂ, ਤਲਵਾਰ ਨਾਲ ਨਹੀਂ ਲੜਦੇ ਤੁਸੀਂ, ਇਉਂ ਲਾਹਨਤਾਂ ਪਾ ਕੇ ਸਿੰਘਾਂ ਨੂੰ ਲੜਨ ਵਾਸਤੇ ਉਕਸਾਉਂਦੇ ਹਨ।

***ਕਹੈਂ; 'ਲਿਖੋ ਤੁਮ ਹਮ ਸੰਗ ਹਾਰੈ'॥*** ਜਾਂ ਫਿਰ ਲਿਖ ਕੇ ਦੇ ਦਿਉ ਕਿ ਅਸੀਂ ਨਹੀਂ ਲੜ ਸਕਦੇ ਤੁਹਾਡੇ ਨਾਲ,'ਸਾਡੀ ਹਾਰ ਹੈ ਗਿਲਜੇ ਜਿੱਤ ਗਏ ਨੇ' ਇਉਂ ਲਿਖ ਦਿਓ ਫਿਰ।

***ਗੁਰੂਅਨ ਕੀ ਸੁ ਸੁਗੰਦੈਂ ਦਏ॥*** ਤੇ ਫਿਰ ਗੁਰੂਆਂ ਦੀ (ਸੁਗੰਦਾਂ) ਕਸਮਾਂ ਦਿੱਤੀਆਂ ਹਨ, ਤੁਹਾਨੂੰ ਸਹੁੰ ਲੱਗੇ, ਤੁਹਾਡੇ ਗੁਰੂ ਦੀ, ਜੇ ਸਾਡੇ ਨਾਲ ਨਾ ਲੜੇ ਤੁਸੀਂ।

***ਹਮ ਸੌਂ ਹਾਥ ਜੁਆਨ ਨ ਕਏ॥ ੧੮॥*** ਜਿਹੜਾ ਤੁਹਾਡਾ ਜੁਆਨ ਸਾਡੇ ਨਾਲ ਮੈਦਾਨ ਵਿਚ ਦੋ-ਦੋ ਹੱਥ ਨਾ ਕਰੇ, ਉਸ ਨੂੰ ਗੁਰੂ ਦੀ ਸਹੁੰ ਲੱਗੇ। ੧੮।

***ਜੋ ਲਰ ਮਰਨ ਕੌ ਮੁਹਰੇ ਜਾਵੈ॥*** ਜੇ ਕੋਈ ਲੜਨ-ਮਰਨ ਵਾਸਤੇ ਜੰਗ-ਏ-ਮੈਦਾਨ ਵਿਚ ਅੱਗੇ ਹੋ ਕੇ ਜਾਂਦਾ।

***ਮਾਤ ਪਿਤਾ ਤਿਸ ਧੰਨ ਕਹਾਵੈ॥*** ਉਸ ਦੇ ਮਾਤਾ ਪਿਤਾ ਜਿਸ ਨੇ ਉਸ ਸੂਰਮੇ ਨੂੰ ਜਨਮ ਦਿੱਤਾ ਹੈ ਉਹ ਧੰਨਤਾ ਜੋਗ ਹਨ।

***ਜੋ ਕੋਊ ਲਰਨੌ ਲੁਕ ਛਪ ਰਹੈ॥*** ਜਿਹੜਾ ਕੋਈ ਸੂਰਮਾ ਲੜਨ ਤੋਂ ਸੰਗੇ ਤੇ ਲੁਕ ਛੁਪ ਕੇ ਅੱਗਾ-ਪਿੱਛਾ ਕਰਦਾ ਰਹੇ।

***ਮਾਤ ਪਿਤਾ ਤਿਸ ਲੱਜਤ ਰਹੈ॥ ੧੯॥*** ਉਸ ਦੇ ਮਾਤਾ ਪਿਤਾ ਸ਼ਰਮਸਾਰ ਹੁੰਦੇ ਹਨ। ਕੀ ਲੋੜ ਸੀ ਇਸ ਦੇ ਜਨਮ ਦੀ? ਐਹੋ ਜਿਹੇ ਗੀਦੀ ਤੋਂ ਕੀ ਕਰਵਾਉਣਾ ਸੀ। ੧੯।

***ਧਰਮ ਜੁੱਧ ਜਿਮ ਅਗੇ ਕਮਾਵਤ॥*** ਕਿਉਂਕਿ ਸਿੰਘਾਂ ਦੇ ਕਾਰਨਾਮੇ ਸੁਣੇ ਹੋਏ ਸਨ ਕਿ ਇਹ ਤਾਂ ਇਕੱਲੇ-ਇਕੱਲੇ ਨਹੀਂ ਦਬਾਲ ਕਿਸੇ ਨੂੰ, ਸਿੰਘਾਂ ਨੂੰ ਲਿਖਿਆ ਹੈ, ਕਹਿੰਦੇ ਧਰਮ ਜੁੱਧ ਜਿਵੇਂ ਅੱਗੇ ਹਿਸਾਬ ਨਾਲ ਲੜਦੇ ਹੋ ਇਕੱਲੇ ਨਾਲ ਇਕੱਲਾ ਜਿਹੜਾ ਲਲਕਾਰ ਕੇ ਲੜੇ, ਉਸ ਨੂੰ ਧਰਮ ਜੁੱਧ ਕਹਿੰਦੇ ਹਨ।

***ਉਹੀ ਤੌਰ ਤੁਮ ਕਯੋਂ ਨਹਿੰ ਆਵਤ?*** ਉਸੇ ਤਰੀਕੇ ਨਾਲ ਹੁਣ ਸਾਡੇ ਨਾਲ ਕਿਉਂ ਨਹੀਂ ਲੜਦੇ ਆ ਕੇ? ਆਓ! 'ਲੜੋ ਸਾਡੇ ਨਾਲ'।

***ਧ੍ਰਿਗ ਪੰਥ ਔ ਧ੍ਰਿਗ ਸਿੰਘ ਨਾਮ॥*** ਇਸ ਤਰ੍ਹਾਂ ਧਿਰਕਾਰਾਂ ਪਾ-ਪਾ ਕੇ ਉਨ੍ਹਾਂ ਨੇ ਚਿੱਠੀ ਲਿਖ ਕੇ ਭੇਜੀ ਹੈ, ਧ੍ਰਿਗ ਹੈ ਤੁਹਾਡਾ ਸਿੰਘ ਨਾਮ ਰਖਾਉਣਾ, ਧ੍ਰਿਗ ਤੁਹਾਡਾ ਪੰਥ ਖਾਲਸਾ ਕੀ ਬਣੇ ਫਿਰਦੇ ਹੋ ਤੁਸੀਂ।

***ਆਖ ਫਿਰਯੋ ਨਿਜ ਫੌਜ ਤਮਾਮ॥ ੨੦॥*** ਆਪਣੀ ਸਾਰੀ ਫ਼ੌਜ ਵਿਚ ਮੁੜ ਗਿਆ ਹੈ ਇਉਂ ਆਖ ਕੇ। ੨੦।

***ਦੋਹਰਾ॥ ਕੋਊ ਸਿੰਘ ਨਿਕਸਯੋ ਨਹੀਂ, ਤੌ ਚੜਤ ਸਿੰਘ ਭਯੋ ਰੋਸ॥*** ਜਦੋਂ ਕੋਈ ਵੀ ਸਿੰਘ ਉਸ ਗਿਲਜੇ ਦੇ ਮੁਕਾਬਲੇ 'ਤੇ ਨਾ ਨਿਕਲਿਆ, ਤਾਂ ਚੜ੍ਹਤ ਸਿੰਘ ਜੋ ਅਜੇ ਭੁਜੰਗੀ ਸੀ ਛੋਟੀ ਉਮਰ ਦਾ, ਇਸ ਦੇ ਮਨ ਵਿਚ ਬੜਾ ਰੋਹ ਜਾਗਿਆ ਹੈ, ਬੜਾ ਗੁੱਸਾ ਚੜ੍ਹਿਆ ਹੈ ਇਸ ਨੂੰ।

***ਤਜ ਬੰਦੂਕ ਆਗੇ ਤੁਰਯੋ ਗਹਿ ਖੰਡੋ ਹਥ ਮੋਸੁ॥ ੨੧॥*** ਬੰਦੂਕ ਛੱਡ ਕੇ ਹੱਥ ਵਿਚ ਖੰਡਾ ਫੜ ਕੇ ਗਿਲਜੇ ਵੱਲ ਨੂੰ ਹੋ ਤੁਰਿਆ। ੨੧।

***ਚੌਪਈ॥ ਤਬ ਸੁਖਾ ਸਿੰਘ ਬਾਤ ਬਿਚਾਰੀ॥*** ਤਦ ਸੁੱਖਾ ਸਿੰਘ ਨੇ ਗੱਲ ਨੂੰ ਵਿਚਾਰਿਆ ਹੈ।

***ਯਹ ਬਾਲਕ ਕਬ ਮਾਰੈ ਕੰਧਾਰੀ॥*** ਇਹ ਚੜ੍ਹਤ ਸਿੰਘ ਅਜੇ ਬੱਚਾ ਹੈ, ਇਹ ਕੰਧਾਰ ਦੇ ਰਹਿਣ ਵਾਲੇ, ਪਲੇ ਹੋਇ ਐਡੇ ਪਠਾਣ ਨੂੰ ਕਿਵੇਂ ਮਾਰ ਲਵੇਂਗਾ?

***ਉਸ ਕੀ ਦੇਹ ਲੋਹ ਸੈਂ ਮੜੀ॥*** ਉਸ ਦਾ ਸਾਰਾ ਸਰੀਰ ਲੋਹੇ ਨਾਲ ਮੜ੍ਹਿਆ ਹੋਇਆ ਹੈ, ਸੁੱਥਣ ਵੀ ਲੋਹੇ ਦੀ ਪਾਈ ਹੋਈ ਹੈ ਤੇੜ।

***ਉਸ ਕੀ ਸਕੈ ਨ ਇਹ ਕਟ ਕੜੀ॥ ੨੨॥*** ਇਸ ਬੱਚੇ ਨੇ ਜੇ ਉਸ ਦੇ ਮਾਰਿਆ ਵੀ ਖੰਡਾ, ਤਾਂ ਉਸ ਦੀ ਸੰਜੋਅ ਦੀ ਇਕ ਕੜੀ ਵੀ ਨਹੀਂ ਕੱਟੀ ਜਾਣੀ ਇਸ ਤੋਂ। ਉਸ ਦੇ ਕਿੱਡੀ ਫੌਲਾਦੀ ਸੰਜੋਅ ਪਾਈ ਹੋਈ ਹੈ, ਇਹ ਕਿਵੇਂ ਲੜੇਗਾ ਐਡੀ ਵੱਡੀ ਦੇਹ ਵਾਲੇ ਗਿਲਜ਼ੇ ਨਾਲ?। ੨੨।

***ਉਹ ਖਾ ਜਾਵੈ ਦੁੰਬਾ ਸਾਰਾ॥*** ਉਹ ਤਾਂ ਐਡੇ ਕੱਦਾਵਰ ਹਨ ਇਕੱਲਾ ਹੀ ਦੁੰਬਾ ਖਾ ਜਾਏ ਸਾਰਾ।

***ਹਮ ਸਿੰਘਨ ਸਾਗ ਪਾਤ ਗੁਜਾਰਾ॥*** ਸਾਡਾ ਸਿੰਘਾਂ ਦਾ ਤਾਂ ਸਾਗ ਦੇ ਪੱਤਿਆਂ 'ਤੇ ਹੀ ਗੁਜ਼ਾਰਾ ਹੈ। ਅਸੀਂ ਸਾਗ ਆਦਿਕ ਖਾ ਕੇ ਹੀ ਗੁਜ਼ਾਰਾ ਕਰਦੇ ਹਾਂ।

***ਛੇੜ ਘੋੜਾ ਉਨ ਚੜ੍ਹ ਸਿੰਘ ਗਹਯੋ॥*** ਸੁੱਖਾ ਸਿੰਘ ਨੇ ਆਪਣਾ ਘੋੜਾ ਛੇੜ ਕੇ ਭਜਾ ਕੇ ਚੜ੍ਹਤ ਸਿੰਘ ਨੂੰ ਜਾ ਫੜਿਆ ਹੈ।

***'ਯਹ ਗਿਲਜੋ ਤੈਂ ਕਬ ਮਾਰ ਲਯੋ॥੨੩॥*** ਇਹ ਗਿਲਜਾ ਤੂੰ ਕਦੋਂ ਮਾਰ ਲਵੇਂਗਾ? ਭਾਵ ਨਹੀਂ ਮਾਰ ਸਕੇਂਗਾ ਉਸ ਨੂੰ। ੨੩।

***ਤੁਮ ਤੇ ਚੌਗਨ ਤਾਂਹਿ ਸਰੀਰ॥*** ਤੇਰੇ ਨਾਲੋਂ ਚਾਰ ਗੁਣਾਂ ਵੱਡੀ ਤਾਂ ਉਸ ਦੀ ਦੇਹੀ ਹੈ। ਦੇਖ ਤਾਂ ਸਈ ਤੂੰ ਉਸ ਦੇ ਵੱਲ।

***ਕਬ ਤੁਧ ਤੇਗ ਸਕੈ ਉਸ ਚੀਰ॥*** ਤੇਰੀ ਤਲਵਾਰ ਉਸ ਨੂੰ ਕਿਵੇਂ ਚੀਰ ਸਕੇਗੀ, ਕਿਵੇਂ ਮਾਰ ਲਵੇਗੀ ਉਸ ਨੂੰ?

***ਮਣ ਪੰਜ ਸਤ ਉਨ ਨੇ ਲੋਹ ਚਾਯੋ॥*** ਧਿਆਨ ਤਾਂ ਕਰ ਪੰਜ ਸੱਤ ਮਣ ਤਾਂ ਲੋਹਾ ਹੀ ਚੁੱਕਿਆ ਹੋਇਆ ਉਸ ਨੇ, ਉਸ ਦਾ ਆਪਣਾ ਤੇ ਘੋੜੇ ਦਾ ਸਾਰਾ ਸਰੀਰ ਲੋਹੇ ਦਾ ਮੜ੍ਹਿਆ ਹੋਇਆ ਹੈ।

***ਸਹਤ ਘੋੜੇ ਉਸ ਫੁਲਾਦ ਮੜ੍ਹਾਯੋ॥ ੨੪॥*** ਸਣੇ ਘੋੜੇ ਫੌਲਾਦ ਦੇ ਨਾਲ ਉਹ ਮੜ੍ਹਿਆ ਹੋਇਆ ਹੈ। ੨੪।

***ਬੋਝ ਚਕੈ ਉਹ ਮਨ ਬੀਸ ਤੀਸ॥*** ਉਹ ਗਿਲਜੇ ਐਡੇ ਬਲੀ ਸਨ, ਵੀਹ ਤੋਂ ਤੀਹ ਮਣ ਤੱਕ, ਉਹ ਭਾਰ ਚੁੱਕ ਲੈਂਦੇ ਸਨ, ਐਵੇਂ ਤਾਂ ਨਹੀਂ ਇਕੱਲਾ ਹੀ ਦੁੰਬਾ ਖਾ ਜਾਂਦੇ ਸਨ, ਐਡੇ ਭਾਰੇ ਸਰੀਰ ਸਨ ਅਤੇ ਖੁਰਾਕਾਂ ਸਨ ਓਹੋ ਜਿਹੀਆਂ।

***ਦੌੜ ਥਕੈ ਨਹਿਂ ਸੌ ਕੋਹ ਲੀਸ॥*** ਸੌ ਸੌ ਕੋਹ ਤੱਕ ਭੱਜੇ ਜਾਂਦੇ ਥੱਕਦੇ ਨਹੀਂ, ਸੌ ਕੋਹ ਦੀ ਦੌੜ ਕਰ ਸਕਦੇ ਹਨ ਉਹ।

***ਇਸੇ ਜ਼ੋਰ ਵਹ ਲੜੈ ਤਲਵਾਰੀ॥*** ਇਸੇ ਜ਼ੋਰ ਦੇ ਨਾਲ ਤਾਂ ਉਹ ਤਲਵਾਰ ਨਾਲ ਲੜਦੇ ਹਨ, ਇਹ ਐਵੇਂ ਥੋੜ੍ਹਾ ਹੰਕਾਰੀ ਆ ਕੇ ਖੜ੍ਹਾ ਹੈ ਤੁਹਾਡੇ ਸਾਹਮਣੇ?

***ਤੈਂ ਬਾਲਕ ਨਹਿਂ ਬਾਤ ਬਿਚਾਰੀ॥ ੨੫॥*** ਤੂੰ ਬੱਚਾ ਹੈਂ ਅਜੇ, ਤੂੰ ਇਸ ਗੱਲ ਦੀ ਵਿਚਾਰ ਨਹੀਂ ਕੀਤੀ ਕਿ ਕਿਉਂ ਸਾਨੂੰ ਉਹ ਆ ਕੇ ਲਲਕਾਰਾ ਮਾਰਦਾ ਹੈ। ੨੫।

***ਦੋਹਰਾ॥ ਸੁਨਤ ਚੜ੍ਹਤ ਸਿੰਘ ਤਿਹ ਕਹੀ, ਅਹੈ ਸਤ ਯਹ ਬਾਤ॥*** ਸੁੱਖਾ ਸਿੰਘ ਦਾ ਇਹ ਬਚਨ ਸੁਣ ਕੇ ਚੜ੍ਹਤ ਸਿੰਘ ਕਹਿਣ ਲੱਗਾ ਕਿ 'ਸਤ' ਹੈ, ਤੁਹਾਡਾ ਬਚਨ ਇਹ ਠੀਕ ਹੈ, ਜੋ ਤੁਸੀਂ ਕਿਹਾ ਹੈ ਕਿ ਉਹ ਇਸ ਕਰਕੇ ਲੜਦਾ ਹੈ ਹੰਕਾਰੀ ਪਰ ਕੀਤਾ ਕੀ ਜਾਏ?

***ਪਰ ਸਹਯੋ ਅਸਾਂ ਤੇ ਜਾਤ ਨਹਿ, ਸਨਮੁਖ ਤੁਰਕ ਗਰਬਾਤ॥ ੨੬॥*** ਅਸੀਂ ਝੱਲ ਤਾਂ ਨਹੀਂ ਸਕਦੇ ਨਾ, ਸਾਡੇ ਸਾਹਮਣੇ ਜਿਹੜਾ ਤੁਰਕ ਹੰਕਾਰ ਕਰਦਾ ਹੋਵੇ। ਜਿਹੜਾ ਸਾਡੇ ਸਾਹਮਣੇ ਸਾਨੂੰ ਲਲਕਾਰਦਾ ਹੋਵੇ, ਉਸ ਨੂੰ ਸਾਥੋਂ ਸਹਾਰਿਆ ਨਹੀਂ ਜਾਂਦਾ। ੨੬।

***ਚੌਪਈ॥ ਖੋਟੇ ਬਚਨ ਵਹਿ ਮੁਖੋਂ ਉਚਾਰੇ॥*** ਉਹ ਆਪਣੇ ਮੂਹੋਂ ਪੰਥ ਨੂੰ ਖੋਟੇ ਬਚਨ ਕਰਦਾ ਹੈ।

***ਹਮ ਜੀਵਤ ਵਹਿ ਪੰਥ ਧਧਕਾਰੇ॥*** ਸਾਡੇ ਜਿਉਂਦਿਆਂ ਹੀ ਪੰਥ ਨੂੰ ਧ੍ਰਿਕਾਰਦਾ ਹੈ, ਸਾਥੋਂ ਨਹੀਂ ਸਹਾਰਿਆ ਜਾ ਸਕਦਾ।

***ਪੰਥ ਨਿੰਦਯਾ ਹਮ ਸੁਨੈਂ ਕਿਮ ਕਾਨ॥*** ਗੁਰੂ ਖਾਲਸੇ ਪੰਥ ਦੀ ਨਿੰਦਿਆਂ ਅਸੀਂ ਆਪਣੇ ਕੰਨੀਂ ਕਿਵੇਂ ਸੁਣ ਲਈਏ? ਤੁਰਕ ਨੂੰ ਸਾਡੇ ਸਾਮ੍ਹਣੇ ਕਿਵੇਂ ਕਹਿਣ ਦਿਆਂਗੇ?

***ਇਮ ਕਰ ਮੈਂ ਲਰਤ ਜੌਂ ਪਰਾਨ॥ ੨੭॥*** ਇਸ ਕਰਕੇ ਮੈਂ ਭਾਵੇਂ ਲੜ ਕੇ ਆਪਣੇ ਪ੍ਰਾਣ ਤਿਆਗ ਦਿਆਂ, ਪਰ ਗੁਰੂ ਪੰਥ ਦੀ ਨਿੰਦਿਆਂ ਨਹੀਂ ਸਹਾਰਾਂਗਾ। ੨੭।

***ਦੋਹਰਾ॥ ਮਾਰਨ ਮਰਨ ਹਥ ਸਤਿਗੁਰੂ, ਹਮ ਹੱਥ ਉਦਮ ਆਹਿ॥*** ਚੜ੍ਹਤ ਸਿੰਘ ਭਾਵੇਂ ਬੱਚਾ ਹੀ ਹੈ ਪਰ ਸਿੱਖੀ ਵਿਚ ਐਨਾ ਦ੍ਰਿੜ੍ਹ ਸਤਿਗੁਰੂ ਜੀ 'ਤੇ ਐਨਾ ਭਰੋਸਾ ਹੈ। ਕਹਿੰਦਾ ਮਰਨਾ ਜਾਂ ਮਾਰਨਾ ਇਹ ਤਾਂ ਸਤਿਗੁਰੂ ਜੀ ਦੇ ਹੱਥ ਵਿਚ ਹੈ, ਸਾਡਾ ਕੰਮ ਤਾਂ ਉਦਮ ਕਰਨਾ ਹੈ। ਸਨਮੁਖ ਜਾਣਾ ਵੈਰੀ ਦੇ, ਦੁਸ਼ਮਣ ਦੇ ਗਲ ਪੈਣਾ ਹੈ ਅੱਗੇ ਉਹ ਮਰਦਾ ਹੈ ਕਿ ਮੈਂ ਮਰਦਾ ਹਾਂ, ਇਹ ਤਾਂ ਸਤਿਗੁਰੂ ਜੀ ਦੇ ਹੱਥ ਹੈ। ਜਿਸ ਦਾ ਕਾਲ ਆ ਗਿਆ ਉਸ ਨੇ ਮਰਨਾ ਹੈ।

***ਦੇਖ ਸਕੈਂ ਨਹ ਦੁਸ਼ਟ ਇਮ, ਪਰੈਂ ਇਸਸੈ ਪਰ ਧਾਇ॥ ੨੮॥*** ਏਸ ਦੁਸ਼ਟ ਨੂੰ ਏਸ ਤਰ੍ਹਾਂ ਮੈਂ ਹੁਣ ਦੇਖ ਨਹੀਂ ਸਕਾ, ਮੈਂ ਤਾਂ ਹੱਲਾ ਕਰਕੇ ਮਾਰਾਂਗਾ ਹੁਣ ਏਸ ਨੂੰ। ੨੮।

***ਜੈਸੇ ਤਨਕ ਸੁ ਹਰਿ ਭਜਨ, ਗਾਰੇ ਘਨੋ ਸੁ ਪਾਪ॥*** ਪ੍ਰਮਾਣ ਦਿੰਦੇ ਹਨ, ਜਿਵੇਂ ਹਰੀ ਦਾ ਭਜਨ ਭਾਵ ਵਾਹਿਗੁਰੂ ਦਾ (ਤਨਕ) ਥੋੜ੍ਹਾ ਜਿਹਾ ਸਿਮਰਨ ਕੀਤਾ ਹੋਇਆ ਵੀ (ਘਨੋ) ਬਹੁਤੇ ਪਾਪਾਂ ਦਾ ਨਾਸ਼ ਕਰ ਦਿੰਦਾ ਹੈ।

***"ਏਕ ਚਿਤ ਜਿਹ ਇਕ ਛਿਨ ਧਿਆਇਓ॥ ਕਾਲ ਫਾਸ ਕੇ ਬੀਚ ਨ ਆਇਓ"॥ "ਤ੍ਵ ਪ੍ਰਸਾਦਿ ਚੌਪਈ॥*** ਦਸਮ ਗ੍ਰੰਥ" ਸਤਿਗੁਰੂ ਜੀ ਕਹਿੰਦੇ ਹਨ ਕਿ ਜੇ ਇਕ ਛਿਨ ਮਾਤ੍ਰ ਵੀ ਵਾਹਿਗੁਰੂ ਦਾ ਨਾਮ ਲਿਆ ਜਾਏ, ਇਕ ਚਿੱਤ ਹੋ ਕੇ , ਤਾਂ ਉਹ ਜਨਮਾਂ-ਜਨਮਾਂ ਦੇ ਪਾਪ ਕੱਟ ਦਿੰਦਾ ਹੈ। ਮੁੜ ਕੇ ਜਨਮ-ਮਰਨ ਦੇ ਗੇੜ ਵਿਚ ਨਹੀਂ ਪੈਂਦਾ ਹੈ। ਅਸੀਂ ਸੱਚੇ ਪੰਥ ਵਿਚ ਭਰਤੀ ਹੋਏ ਹਾਂ, ਐਸਾ ਭਰੋਸਾ ਹੈ ਸਤਿਗੁਰੂ ਜੀ 'ਤੇ।

***ਤੈਸੇ ਮਾਰੋਂ ਪਠਾਣ ਯਹ, ਸਤਿਗੁਰ ਕੇ ਪਰਤਾਪ॥ ੨੯॥*** ਸਤਿਗੁਰੂ ਜੀ ਦੇ ਪ੍ਰਤਾਪ ਨਾਲ ਇਸ ਪਠਾਣ ਨੂੰ ਤੈਸੇ ਹੀ ਉਸੇ ਤਰ੍ਹਾਂ ਹੀ ਮਾਰਾਂਗਾ ਮੈਂ। ੨੯।

***ਚੌਪਈ॥ ਕਹਯੋ ਸੁੱਖਾ ਸਿੰਘ, ਧੰਨ ਤੂੰ ਬਾਲ!*** ਸੁੱਖਾ ਸਿੰਘ ਨੇ ਚੜ੍ਹਤ ਸਿੰਘ ਨੂੰ ਆਖਿਆ, 'ਹੇ ਭੁਜੰਗੀਆ! 'ਤੂੰ ਧੰਨ ਹੈਂ! ਤੂੰ ਬਾਲਕ ਹੈਂ, ਭਾਵੇਂ ਫੇਰ ਵੀ ਧੰਨਤਾ ਜੋਗ ਹੈ'।

***ਤੂੰ ਖੜੋ ਦੇਖ ਅਬ ਸਾਡੀ ਚਾਲ॥*** ਤੂੰ ਹੁਣ ਖੜ੍ਹਾ ਹੋ ਕੇ ਮੇਰੇ ਹੱਥ ਵੇਖ, ਮੈਂ ਲੜਦਾ ਹਾਂ, ਤੁਰਕ ਦੇ ਨਾਲ, ਹੁਣ ਤੂੰ ਸਾਡੀ ਚਾਲ ਵੇਖ ਅਸੀਂ ਕੀ ਚਲਦੇ ਹਾਂ ਦੁਸ਼ਮਣ ਦੇ ਨਾਲ।

***ਸੁੱਖਾ ਸਿੰਘ ਭੀ ਸੰਜੋਇ ਮੰਗਾਯੋ॥*** ਸੁੱਖਾ ਸਿੰਘ ਨੇ ਵੀ ਸਿੰਘਾਂ ਤੋਂ ਸੰਜੋਅ ਮੰਗਵਾ ਲਈ ਹੈ।

***ਦਸਤ ਦੰਸਤਾਨੇ ਸਿਰ ਟੋਪ ਟਿਕਾਯੋ॥ ੩੦॥*** ਸਿੰਘ ਦੁਸ਼ਮਣਾਂ ਨੂੰ ਮਾਰ ਕੇ ਉਹਨਾਂ ਦੀਆਂ ਸੰਜੋਆਂ ਤੇ ਟੋਪ ਦਸਤਾਨੇ

ਫੌਲਾਦੀ ਲਾਹ ਲੈਂਦੇ ਸਨ। ਹੱਥਾਂ ਵਿਚ ਫੌਲਾਦੀ ਦਸਤਾਨੇ ਸਿਰ 'ਤੇ ਫੌਲਾਦ ਦਾ ਟੋਪ ਅਤੇ ਸਰੀਰ ਲੋਹੇ ਦੀ ਸੰਜੋਅ ਪਹਿਨ ਲਈ ਹੈ ਸੁੱਖਾ ਸਿੰਘ ਨੇ। ੩੦।

***ਪਾਖਰ ਮੰਗਾਇ ਘੋੜੇ ਪੈ ਡਾਰੀ॥*** ਘੋੜੇ 'ਤੇ ਵੀ ਲੋਹੇ ਦਾ ਝਲ ਪਾਇਆ ਹੈ, ਘੋੜੇ ਨੂੰ ਜੰਗੀ ਕਵਚ ਪਹਿਨਾਇਆ ਹੈ, ਫੌਲਾਦ ਦਾ।

***ਲੀਨੀ ਥੀ ਗਿਲਜਨ ਕੋ ਮਾਰੀ॥*** ਸਿੰਘਾਂ ਨੇ ਗਿਲਜਿਆਂ ਨੂੰ ਮਾਰ ਕੇ ਉਨ੍ਹਾਂ ਦੀਆਂ ਸੰਜੋਆਂ ਉਤਾਰੀਆਂ ਹੋਈਆਂ ਸਨ।

***ਚੜ੍ਹਤ ਸਿੰਘ ਤਿਸ ਅੰਗ ਪਹਿਰਾਯੋ॥*** ਚੜ੍ਹਤ ਸਿੰਘ ਨੇ ਉਹ ਸੰਜੋਅ ਸੁੱਖਾ ਸਿੰਘ ਦੇ ਸਰੀਰਕ ਅੰਗਾਂ 'ਤੇ ਪਹਿਰਾਈ ਹੈ, ਕਿਉਂਕਿ ਸੰਜੋਅ ਪਹਿਰਨਾ ਦੂਜੇ ਦਾ ਕੰਮ ਹੈ, ਕੱਸਣਾ ਪੈਂਦਾ ਹੈ ਉਸ ਨੂੰ ਚਾਰ-ਚੁਫੇਰਿਓਂ। ਤਣੀਆਂ ਬੰਨ੍ਹਣੀਆਂ ਪੈਂਦੀਆਂ ਨੇ, ਜੰਗੀ ਕਮਰਕੱਸਾ ਦੂਸਰੇ ਤੋਂ ਲਵਾਉਣਾ ਪੈਂਦਾ ਹੈ। ਕਿਵੇਂ ਸ਼ਸਤਰ ਫੜਾਉਣੇ ਨੇ, ਇਕ ਨੇ ਪਟਕਾ ਬੰਨ੍ਹਾਉਣਾ ਹੈ, ਫੇਰ ਪੇਟੀਆਂ ਕਮਰਕੱਸੇ ਥੱਲੇ ਲਾਉਂਦੇ ਨੇ, ਜੰਗੀ ਕਮਰਕੱਸਾ ਬਹੁਤ ਤਕੜਾ ਲਾਉਣਾ ਪੈਂਦਾ ਹੈ। ਹਰ ਇਕ ਤਰ੍ਹਾਂ ਦਾ ਪ੍ਰਬੰਧ ਚੜ੍ਹਤ ਸਿੰਘ ਨੇ ਨਾਲ ਹੋ ਕੇ ਕਮਰਕੱਸਾ ਕਰਵਾਇਆ ਹੈ।

***ਘੋੜਾ ਸਿੰਘ ਕੋ ਖ਼ੂਬ ਸਜਾਯੋ॥ ੩੧॥*** ਸੁੱਖਾ ਸਿੰਘ ਦਾ ਘੋੜਾ ਵੀ ਖ਼ੂਬ ਚੰਗੀ ਤਰ੍ਹਾਂ ਸ਼ਸਤ੍ਰਾਂ-ਬਸਤ੍ਰਾਂ ਨਾਲ ਖ਼ੂਬ ਸਜਾਇਆ ਹੈ ਸਿੰਘਾਂ ਨੇ। ੩੧।

***ਲਈ ਸਿਰੋਹੀ ਦੁਇ ਕਰ ਨਮਸਕਾਰ॥*** (ਸਿਰੋਹੀ) ਸਿਰੋਹੀ ਨਗਰ (ਰਾਜਸਥਾਨ) ਦੀ ਬਣੀ ਹੋਈ ਸਿੱਧੀ ਤਿੱਖੀ ਕਾਟਵੀਂ ਬਣੀ ਹੋਈ, ਸਿਰੋਹੀਆਂ ਹੀ ਕੰਮ ਦਿੰਦੀਆਂ ਸਨ। ਇਸ ਕਰਕੇ ਜਿਹੋ-ਜਿਹੇ ਅੱਗੇ ਦੁਸ਼ਮਣ ਦੇ ਸ਼ਸਤ੍ਰ ਹੋਣ ਉਹੋ ਜਿਹੇ ਹੀ ਸ਼ਸਤ੍ਰ ਪਹਿਨਣੇ ਪੈਂਦੇ ਹਨ। ਸਿਰੋਹੀ ਲੈ ਕੇ ਦੋਵੇਂ ਹੱਥਾਂ ਵਿਚ, ਉਸ ਨੂੰ ਨਮਸ਼ਕਾਰ ਕੀਤੀ ਹੈ ਸੁੱਖਾ ਸਿੰਘ ਨੇ।

***ਗਾਤਰੇ ਪਾਈ ਢਾਲ ਸੰਭਾਲ॥*** ਢਾਲ ਨੂੰ ਸੰਭਾਲ ਕੇ ਗਾਤਰੇ ਪਾ ਲਿਆ ਹੈ, ਜਦੋਂ ਲੋੜ ਪਈ ਉਦੋਂ ਲੈਣੀ ਹੈ।

***ਪੰਜ ਸਿੰਘਨ ਤੇ ਅਰਦਾਸ ਕਰਾਈ॥*** ਪੰਜਾਂ ਸਿੰਘਾਂ ਤੋਂ ਅਰਦਾਸ ਕਰਵਾਈ ਹੈ, ਮਹਾਰਾਜ ਫਤਹ ਦੇਵੀਂ, ਇਸ ਦੁਸ਼ਟ ਨੂੰ ਮਾਰੀਏ।

***'ਹੋਇ ਭਗੌਤੀ ਸਿੰਘਨ ਸਹਾਈ' ॥ ੩੨॥*** ਹੇ ਭਗੌਤੀ ਸਿੰਘ ਦੀ ਸਹਾਈ ਹੋਣਾ। ਜੋ 'ਪ੍ਰਿਥਮ ਭਗੌਤੀ ਸਿਮਰ ਕੇ ਗੁਰ ਨਾਨਕ ਲਈ ਧਿਆਇ॥' ਆਪਾਂ ਰੋਜ਼ ਪੜ੍ਹਦੇ ਹਾਂ, ਉਹ ਭਗੌਤੀ ਸਿੰਘ ਦੀ ਸਹਾਇਤਾ 'ਤੇ ਖੜ੍ਹੇ ਆ ਕੇ, ਪ੍ਰਮੇਸ਼ਰ ਦੀ ਜੋ ਆਦਿ ਸ਼ਕਤੀ ਹੈ, ਉਹ 'ਸ੍ਰੀ ਸਾਹਿਬ' ਦਾ ਰੂਪ ਖਾਲਸੇ ਪੰਥ ਵਿਚ ਮੰਨਿਆਂ ਜਾਂਦਾ ਹੈ। ਕੋਈ ਕਿਸੇ ਤਰ੍ਹਾਂ ਮੰਨਦਾ ਹੈ, ਕੋਈ ਕਿਸੇ ਤਰ੍ਹਾਂ ਮੰਨਦਾ ਹੈ। ਹਿੰਦੂ ਮੱਤ ਵਾਲੇ ਉਸ ਦੀ ਮੂਰਤੀ ਬਣਾ ਕੇ ਮੰਨਦੇ ਹਨ। ਸਾਡੇ ਧਰਮ ਵਿਚ ਸ਼ਸਤ੍ਰ ਸਰੂਪ ਮੰਨਿਆ ਜਾਂਦਾ ਹੈ। ਇਹ ਪ੍ਰਮੇਸ਼ਰ ਦੀ ਸ਼ਕਤੀ ਹੈ। ਖੰਡਾ ਅਕਾਲ ਪੁਰਖ ਦੀ ਜੀਭ ਮੰਨਿਆ ਜਾਂਦਾ ਹੈ। 'ਸ੍ਰੀ ਸਾਹਿਬ' ਜੀ ਅੱਗੇ ਅਰਦਾਸ ਕੀਤੀ ਕਿ ਸਿੰਘਾਂ ਦੀ ਆ ਕੇ ਸਹਾਇਤਾ ਕਰੋ। ੩੨।

***ਨਮਸਕਾਰ ਕਰ ਆਸਨ ਬਹਯੋ॥*** ਘੋੜੇ 'ਤੇ ਜਦੋਂ ਸਵਾਰ ਹੋਂਦੇ ਹਾਂ ਤੇ ਘੋੜੇ ਦੇ ਗੋਡੀਂ ਹੱਥ ਲਾਉਣਾ ਪੈਂਦਾ ਹੈ। ਸ਼ਸਤ੍ਰਾਂ ਨੂੰ ਨਮਸ਼ਕਾਰ ਕਰ ਕੇ, ਸੁੱਖਾ ਸਿੰਘ ਘੋੜੇ ਦੇ ਆਸਣ 'ਤੇ ਬੈਠ ਗਿਆ।

***ਸਗਨ ਬਾਂਛਯੋਂ ਤਬ ਦਹਨੇ ਭਯੋ॥*** ਖੱਬਿਓਂ ਸੱਜੇ ਨੂੰ ਸ਼ਗਨ ਹੋਇਆ ਹੈ ਬੜਾ ਸੋਹਣਾ।

***ਦੇਖ ਸਿੰਘ ਕੋ ਦਿਲ ਭਯੋ ਹੁਸ਼ਯਾਰ॥*** ਚੰਗਾ ਸ਼ਗਨ ਹੋਇਆ ਦੇਖ ਕੇ ਖਾਲਸੇ ਦਾ ਦਿਲ ਹੁਸ਼ਿਆਰ ਹੋ ਗਿਆ ਹੈ ਕਿ ਖਾਲਸੇ ਦੀ ਜਿੱਤ ਹੋਵੇਗੀ।

***ਜਨੁ ਆਗੇ ਗਿਲਜੋ ਭਯੋ ਮਾਰ॥ ੩੩॥*** ਜੇ ਸੱਜੇ ਹੱਥੋਂ ਖੱਬੇ ਨੂੰ ਕੋਈ ਚੀਜ਼ ਲੰਘ ਜਾਵੇ ਅੱਗੋਂ ਦੀ, ਤਾਂ ਕੁਸ਼ਗਨ ਹੋ ਜਾਂਦਾ ਹੈ ਕਿ ਬੁੱਕਲ ਵੱਜ ਗਈ ਹੈ, ਇਹ ਤਾਂ ਬੰਦ ਹੋ ਗਿਆ ਹੈ। ਜੇ ਖੱਬਿਓਂ ਸੱਜੇ ਨੂੰ ਲੰਘ ਜਾਵੇ, ਤਾਂ ਖੁਲ੍ਹ ਗਿਆ ਰਾਹ। ਜਦੋਂ ਇਸ ਤਰ੍ਹਾਂ ਸ਼ਗਨ ਹੋਇਆ, ਤਾਂ ਇਉਂ ਜਾਣੋਂ ਜਿਵੇਂ ਅੱਗੇ ਗਿਲਜੇ ਨੂੰ ਮਾਰ ਲਿਆ ਹੋਵੇ ਇਵੇਂ ਉਤਸ਼ਾਹ ਹੋ ਗਿਆ। ੩੩।

***ਦੋਹਰਾ॥ ਜਬ ਸਿੰਘ ਘੋੜਾ ਤੋਰਿਆ, ਔਰ ਸਗੁਨ ਭਯੋ ਚੰਗ॥*** ਜਦੋਂ ਸੁੱਖਾ ਸਿੰਘ ਨੇ ਘੋੜਾ ਤੋਰਿਆ ਹੈ, ਤਾਂ ਇਕ ਹੋਰ ਚੰਗਾ ਸ਼ਗਨ ਹੋ ਗਿਆ।

***ਬਿੱਚ ਬਰੇਤੀ ਜਾ ਖੜੋ ਅਧ ਦਰਿਯਾਵੈ ਲੰਘ॥ ੩੪॥*** ਦਰਿਆ ਦਾ ਅੱਧਾ ਹਿੱਸਾ ਲੰਘ ਕੇ ਅੱਗੇ ਬਰੇਤੀ 'ਤੇ ਜਾ ਕੇ ਸੁੱਖਾ ਸਿੰਘ ਦਾ ਘੋੜਾ ਖੜ੍ਹ ਗਿਆ। ੩੪।

***ਚੌਪਈ॥ ਸੁੱਖਾ ਸਿੰਘ ਚੜ੍ਹਤ ਸਿੰਘ ਸਮਝਾਯੋ॥*** ਸੁੱਖਾ ਸਿੰਘ ਨੇ ਚੜ੍ਹਤ ਸਿੰਘ ਨੂੰ ਸਮਝਾਇਆ।

***ਔਰ ਪੰਥ ਬੀ ਪੀਛੇ ਹਟਾਯੋ॥*** ਹੋਰ ਵੀ ਸਾਰੇ ਪੰਥ ਨੂੰ ਸਿੰਘਾਂ ਨੂੰ ਪਿੱਛੇ ਹਟਾ ਦਿੱਤਾ ਹੈ।

***'ਤੁਮ ਕੋ ਹੈ ਸਤਿਗੁਰ ਕੀ ਆਨ॥*** ਤੁਹਾਨੂੰ ਸਤਿਗੁਰੂ ਜੀ ਸਹੁੰ।

***ਮੈਂ ਜੀਵਤ ਨਹੀਂ ਛਡੌਂ ਪਠਾਣ॥ ੩੫॥*** ਮੈਂ ਪਠਾਣ ਨੂੰ ਜਿਉਂਦਾ ਨਹੀਂ ਛੱਡਾਂਗਾ ਮੈਂ ਇਸ ਨੂੰ ਥਾਂਇ ਮਾਰ ਕੇ ਛੱਡਾਂਗਾ। ੩੫।

***ਸੁੱਖਾ ਸਿੰਘ ਪਠਾਣ ਲਲਕਾਰੋ॥*** ਅੱਗੇ ਜਾ ਕੇ ਸੁੱਖਾ ਸਿੰਘ ਨੇ ਪਠਾਣ ਨੂੰ ਲਲਕਾਰਾ ਮਾਰਿਆ ਹੈ। ਤਕੜਾ ਹੋ ਜਾ ਓਇ ਦੁਸ਼ਟਾ।

***ਅਬ ਮੁੜਨਾ ਕਿਮ ਬਨੈ ਤੁਮਾਰੋ॥*** ਹੁਣ ਵਾਪਸ ਮੁੜਨਾ ਤੇਰਾ ਕਿਵੇਂ ਬਣੇਗਾ, ਹੁਣ ਨਹੀਂ ਤੂੰ ਵਾਪਸ ਜਿਉਂਦਾ ਜਾ ਸਕਦਾ।

***ਪੰਥ ਨਿੰਦਾ ਕੈ ਜਾਣੋ ਕਹਾਂ॥*** ਪੰਥ ਦੀ ਨਿੰਦਿਆਂ ਕਰ ਕੇ ਹੁਣ ਕਿਥੇ ਜਾਇਗਾ, ਤੈਨੂੰ ਮੈਦਾਨ ਵਿਚ ਹੀ ਰੱਖਾਂਗਾ।

***'ਗੋਰ ਤੁਮਾਰੀ ਹੋਗੀ ਯਹਾਂ' ॥ ੩੬॥*** ਤੇਰੀ ਕਬਰ ਇਥੇ ਹੀ ਹੋਵੇਗੀ ਏਸੇ ਦਰਿਆ ਦੇ ਵਿਚਾਲੇ ਬਣਾਉਣੀ ਹੈ ਤੇਰੀ ਕਬਰ। ੩੬।

***ਹਮ ਮਾਰੈਂਗੇ ਤੁਮ ਕੋ ਐਸੇ॥*** ਅਸੀਂ ਤੈਨੂੰ ਇਉਂ ਮਾਰਾਂਗੇ, ਦੇਖ ਲੈ ਗੀਦੀਆ।

***ਸਾਚ ਕਾਟ ਹੈ ਝੂਠੇ ਜੈਸੇ॥*** ਸੱਚ ਜਿਵੇਂ ਝੂਠ ਨੂੰ ਕੱਟ ਦਿੰਦਾ ਹੈ। ਝੂਠੇ ਬਿਆਨ ਨੂੰ ਸੱਚਾ ਬਿਆਨ ਕੱਟ ਦਿੰਦਾ ਹੈ, ਇਉਂ ਤੈਨੂੰ ਝਟਕਾਵਾਂਗੇ ਤਲਵਾਰ ਨਾਲ।

***ਤੂੰ ਆਯੋ ਕਰ ਮਨ ਹੰਕਾਰ॥*** ਤੂੰ ਆਇਆ ਹੈਂ ਮਨ ਵਿਚ ਹੰਕਾਰ ਕੇ ਕਿ ਮੈਂ ਬਹੁਤ ਬਹਾਦਰ ਹਾਂ, ਸਿੰਘ ਕੁਛ ਨਹੀਂ ਮੇਰੇ ਅੱਗੇ।

***ਹਮ ਕੋ ਸਮਝਯੋ ਸਸਾ ਸ਼ਿਕਾਰ॥ ੩੭॥*** ਸਾਨੂੰ ਸਹੇ ਦਾ ਸ਼ਿਕਾਰ ਸਮਝਿਆ ਹੈ ਤੂੰ ਸ਼ੇਰਾਂ ਨੂੰ, ਤੇਰੀ ਸਮਝ ਨੇ ਕੰਮ ਨਹੀਂ ਕੀਤਾ। ੩੭।

***ਦੇਖ ਸਸੇ ਤੇ ਹੋਤ ਹੈ ਸ਼ੇਰ॥*** ਦੇਖ ਤੈਨੂੰ ਸਹੇ ਤੋਂ ਸ਼ੇਰ ਬਣਦਾ ਵਿਖਾਈਏ। ਵੇਖ ਅਸੀਂ ਸ਼ੇਰ ਹਾਂ ਕਿ ਹੋਰ ਹਾਂ ਕੁਛ।

***ਭੂਲ ਫਸਯੋਂ ਤੂੰ ਆਇ ਇਤ ਫੇਰ॥*** ਤੂੰ ਗ਼ਲਤੀ ਕੀਤੀ ਹੈ, ਭੁੱਲ ਕੇ ਫਸ ਗਿਆ ਹੈਂ ਏਥੇ ਸਾਡੇ ਵਿਚ ਆ ਕੇ, ਤੂੰ ਸ਼ੇਰ ਦੇ ਮੂੰਹ ਵਿਚ ਆ ਗਿਆ ਹੈਂ।

***ਐਸੇ ਆਖ ਸਿੰਘ ਭਯੋ ਖੜਾ॥*** ਏਸ ਤਰ੍ਹਾਂ ਆਖ ਕੇ ਸੁੱਖਾ ਸਿੰਘ ਉਥੇ ਦਰਿਆ ਦੀ ਬਰੇਤੀ 'ਤੇ ਖੜ੍ਹਾ ਹੋ ਗਿਆ ਹੈ ਮੈਦਾਨ ਵਿਚ।

***ਉਤ ਤੈ ਆਇ ਗਿਲਜੋ ਭੀ ਅੜਾ॥ ੩੮॥*** ਓਧਰੋਂ ਗਿਲਜਾ ਵੀ ਆ ਅੜਿਆ ਹੈ ਸੁੱਖਾ ਸਿੰਘ ਨਾਲ। ੩੮।

***ਦੋਹਰਾ॥ ਦੋਨੋਂ ਬਾਤਾਂ ਖੜ ਕਰੈਂ ਜਨੁ ਬਡ ਕਰਤ ਪਿਆਰ॥*** ਦੋਵੇਂ ਹੀ ਨੇੜੇ-ਨੇੜੇ ਹੋ ਗਏ ਹਨ, ਆਪਸ ਵਿਚੀਂ ਗੱਲਾਂ ਕਰਦੇ ਹਨ, ਦੋਵੇਂ ਪਿਆਰ ਮੁਹੱਬਤ ਦੀਆਂ ਗੱਲਾਂ ਕਰਦੇ ਹਨ। ਇਸ ਤਰ੍ਹਾਂ ਦੋਵੇਂ ਸਵਾਰ ਨਾਲ ਘੋੜੇ ਓਧਰੋਂ ਓਧਰੀਂ ਨਾਲੇ ਸਵਾਰ ਗਲਾਂ ਕਰਦੇ ਹਨ।

***ਦੋਊ ਤੇਗਾਂ ਹਥ ਧਰੈਂ, 'ਕਹੈਂ 'ਮਾਰ ਤੂੰ ਮਾਰ' ॥ ੩੯॥*** ਦੋਹਾਂ ਨੇ ਮਿਆਨਾਂ 'ਚੋਂ ਤੇਗਾਂ ਕੱਢ ਕੇ ਹੱਥਾਂ ਵਿਚ ਫੜ ਲਈਆਂ ਹਨ। ਉਹ ਕਹਿੰਦਾ, 'ਤੂੰ ਕਰ ਵਾਰ ਹੁਣ।' ਉਹ ਕਹਿੰਦਾ ਤੂੰ ਕਰ। ਤੂੰ ਆਇਆ ਸਾਡੇ ਤੱਕ, ਤੂੰ ਕਰ ਲੈ ਵਾਰ ਆਪਸ ਵਿਚੀਂ ਜਿਵੇਂ ਬੜੇ ਪ੍ਰੇਮ ਦੀਆਂ ਗੱਲਾਂ ਕਰਦੇ ਹਨ, ਇਉਂ ਗੱਲਾਂ ਕਰਦੇ ਹਨ। ੩੯।

***ਚੌਪਈ॥ ਦੋਊ ਲਾਗੇ ਬਾਤਾਂ ਕਰਨ॥*** ਦੋਨੋਂ ਆਪਸ ਵਿਚ ਗੱਲਾਂ ਕਰਨ ਲੱਗੇ।

**ਦੋਊ ਆਪਸ ਮੈਂ ਲਾਗੇ ਅਰਨ॥** ਦੋਵੇਂ ਹੀ ਆਪਸ ਵਿਚੀਂ ਗੱਲ੍ਹਾਂ-ਗੱਲਾਂ ਵਿਚ ਹੀ ਖਹਿਣ ਲੱਗੇ, ਕਿਉਂਕਿ ਲੜਾਈ ਕਿਹੜੀ ਪਹਿਲਾਂ ਦੀ, ਉਧਰੋਂ ਉਹ ਆਇਆ ਸੀ ਏਧਰੋਂ ਸੁੱਖਾ ਸਿੰਘ ਪਹੁੰਚ ਗਿਆ, ਇਸ ਤਰ੍ਹਾਂ ਆਪਸ ਵਿਚ ਗੱਲਾਂ ਕਰਦਿਆਂ-ਕਰਦਿਆਂ ਦੋਵੇਂ ਆਪਸ ਵਿਚੀਂ ਅੜਨ ਲਗ ਪਏ ਹਨ। ਅੜਨ ਦੀਆਂ ਬਾਤਾਂ ਭਾਵ ਲੜਨ ਦੀਆਂ ਗੱਲਾਂ ਸ਼ੁਰੂ ਕਰ ਲਈਆਂ।

**ਸਿੰਘ ਕਹਯੋ 'ਤੂੰ ਪਠਾਣ ਸੰਭਾਲ॥** ਸੁੱਖਾ ਸਿੰਘ ਉਸ ਨੂੰ ਕਿਹਾ, 'ਓ ਪਠਾਣਾਂ! ਸੰਭਾਲ ਤੂੰ ਆਪਣੇ ਆਪ ਨੂੰ, ਮੈਂ ਵੀ ਖਾਲਸੇ ਪੰਥ ਵਿੱਚੋਂ ਸ਼ੇਰ ਨਿਕਲ ਕੇ ਆਇਆ ਹਾਂ'।

**ਅਕੈ ਲਯਾਵ ਕੋਈ ਦੂਜੋ ਨਾਲ' ॥ ੪੦॥** ਜੇ ਨਹੀਂ ਹਿੰਮਤ ਪੈਂਦੀ, ਤਾਂ ਕਿਸੇ ਦੂਜੇ ਨੂੰ ਆਪਣੇ ਨਾਲ ਸੱਦ ਲੈ, ਤੇਰਾ ਇਮਦਾਦੀ ਹੋ ਜਾਵੇ। ੪੦।

**ਪਠਾਣ ਕਹਯੋ ਮੈਂ ਇੱਕਲੋ ਸ਼ੇਰ॥** ਤਦ ਪਠਾਣ ਕਹਿਣ ਲੱਗਾ, 'ਮੈਂ ਇਕੱਲਾ ਹੀ ਬੱਬਰ ਸ਼ੇਰ ਹਾਂ, ਮੈਂ ਕਿਹੜਾ ਕਮਜ਼ੋਰ ਹਾਂ'।

**ਬਕਰੀ ਜਯੋਂ ਤੁਝ ਲੇਹੁ ਗੇਰ॥** ਬੱਕਰੀ ਦੇ ਵਾਂਗ ਤੈਨੂੰ ਸੁੱਟ ਲਵਾਂਗਾ।

**ਦੋਨਨ ਕੀਤੇ ਸਨਮੁਖ ਘੋੜੇ॥** ਦੋਹਾਂ ਨੇ ਘੋੜੇ ਸਾਹਮਣੇ ਕੀਤੇ ਹਨ ਇਕ ਦੂਜੇ 'ਤੇ ਹੱਲਾ ਬੋਲਣ ਵਾਸਤੇ।

**ਦੋਊਨ ਤੇਗਨ ਸੌਂ ਹਥ ਜੋੜੇ॥ ੪੧॥** ਦੋਹਾਂ ਨੇ ਆਪੋ ਆਪਣੀਆਂ ਤੇਗਾਂ ਨੂੰ ਹੱਥ ਜੋੜ ਕੇ ਨਮਸ਼ਕਾਰ ਕੀਤੀ। ੪੧।

**ਉਸ ਕਹੈਂ, 'ਕਰ ਪ੍ਰਿਥਮ ਤੂੰ ਵਾਰ' ॥** ਸੁੱਖਾ ਸਿੰਘ ਉਸ ਨੂੰ ਕਹਿਣ ਲੱਗਾ, 'ਹੇ ਪਠਾਣ ਦੁਰਾਨੀ! ਤੂੰ ਪਹਿਲਾਂ ਵਾਰ ਕਰ ਲੈ'।

**ਜੈਸ ਭਾਈ ਦੋ ਕਰਤ ਪਿਆਰ॥** ਜਿਵੇਂ ਦੋ ਸਕੇ ਭਰਾ ਆਪਸ ਵਿਚੀਂ ਪਿਆਰ ਦੀਆਂ ਗੱਲਾਂ ਕਰਦੇ ਹੋਣ, ਇਉਂ ਗੱਲਾਂ ਕਰ ਰਹੇ ਹਨ।

**ਦੋਊ ਜਾਨੈ ਸ਼ਸਤ੍ਰ ਚਲਾਵਨ॥** ਦੋਵੇਂ ਹੀ ਸ਼ਸਤ੍ਰ ਚਲਾਉਣ ਦੇ ਬੜੇ ਮਾਹਰ ਸਨ।

**ਦੋਊ ਜਾਨੈਂ ਘਾਤ ਬਚਾਵਨ॥ ੪੨॥** ਦੋਵੇਂ ਹੀ ਘਾਤ ਬਚਾਵਨ, ਆਪਣੇ ਆਪ ਦਾ ਬਚਾ ਕਰਨਾ ਕਿ ਉਹ ਰੋਕਣਾ ਵੀ ਦੋਵੇਂ ਜਾਣਦੇ ਸਨ ਵਾਰ ਨੂੰ। ੪੨।

**ਹੁਇ ਸਨਮੁਖ ਵਾਰ ਦੋਊਅਨ ਕੀਓ॥** ਸਨਮੁਖ ਹੋ ਕੇ ਦੋਵਾਂ ਨੇ ਇਕ ਦੂਜੇ 'ਤੇ ਵਾਰ ਕੀਤੇ। ਉਹ ਇਹ ਨਹੀਂ ਕਿ ਪਹਿਲਾਂ ਤੂੰ ਚਲਾ ਲੈ, ਪਹਿਲਾਂ ਤੂੰ ਚਲਾ ਲੈ। ਅਖ਼ੀਰ ਜਿਵੇਂ ਫ਼ਤਹਨਾਮਾ ਲੈਂਦੇ ਹਨ ਤਲਵਾਰ ਢਾਲ ਦੇ ਨਾਲ, ਫੇਰ ਦੋਵੇਂ ਇੱਕਠੀਆਂ ਹੀ ਪੈਂਦੀਆਂ ਹਨ, ਧੱੜਕ ਦੇ ਕੇ ਢਾਲਾਂ ਦੇ ਉਤੇ, ਦੋਹਾਂ ਨੇ ਫ਼ਤਹਨਾਮਾ ਲੈ ਕਰ ਸਾਂਝਾ ਵਾਰ ਕੀਤਾ ਹੈ ਇਕ ਦੂਸਰੇ 'ਤੇ।

**ਢਾਲਨ ਊਪਰ ਦੋਊਅਨ ਲੀਯੋ॥** ਦੋਹਾਂ ਨੇ ਆਪੋ ਆਪਣੀਆਂ ਢਾਲਾਂ ਦੇ ਉਤੇ ਵਾਰ ਲਿਆ ਹੈ, ਆਪਸ ਵਿਚੀਂ ਢਾਲਾਂ 'ਤੇ ਵਾਰ ਨੂੰ ਰੋਕਿਆ।

**ਜਨ ਵਦਾਣ ਅਹਿਰਣ ਪਰ ਮਾਰੈਂ॥** ਕਿਉਂਕਿ ਦੋਵੇਂ ਹੀ ਬਲਵਾਨ ਹਨ, ਜਿਵੇਂ ਅਹਿਰਣ ਦੇ ਉਤੇ ਬੜਾ ਭਾਰੀ ਵਦਾਣ ਮਾਰਦੇ ਹੋਣ।

**ਇਮ ਢਾਲਨ ਪਰ ਤੇਗਾ ਝਾਰੈ॥ ੪੩॥** ਇਸ ਤਰ੍ਹਾਂ ਢਾਲਾਂ ਦੇ ਉਤੇ ਆਪਣੇ ਪੂਰੇ ਬਲ ਦਾ ਪ੍ਰਯੋਗ ਕਰਕੇ ਮਾਰਦੇ ਹਨ। ੪੩।

**ਦੋਹਰਾ॥ ਦੋਊ ਵਾਰ ਠਾਂਢੇ ਕਰੈਂ ਗਿਰੀ ਢਾਲ ਹ੍ਵੈ ਟੂਕ॥** ਦੋਵੇਂ ਖੜ੍ਹੇ ਇਕ ਦੂਜੇ 'ਤੇ ਵਾਰ ਕਰ ਰਹੇ ਹਨ, ਦੋਹਾਂ ਦੀਆਂ ਢਾਲਾਂ ਟੁਕੜੇ-ਟੁਕੜੇ ਹੋ ਕੇ ਹੱਥਾਂ ਵਿੱਚੋਂ ਡਿੱਗ ਪਈਆਂ ਹਨ।

**ਕਾਟਨ ਡਹੇ ਸੰਜੋਇ ਜੁਗ, ਮਾਰੈਂ ਚੋਟ ਅਚੂਕ॥ ੪੪॥** ਜਦੋਂ ਢਾਲਾਂ ਕੱਟੀਆਂ ਗਈਆਂ, ਫੇਰ ਇਕ ਅੰਗ ਸ਼ੁਰੂ ਹੋ ਗਿਆ, ਇਕ ਅੰਗੀ ਖੇਡ ਸ਼ੁਰੂ ਹੋ ਗਈ ਹੈ, ਦੋਹਾਂ ਦੇ ਘੋੜਿਆਂ ਸਮੇਤ ਸੰਜੋਆਂ ਪਾਈਆਂ ਹੋਈਆਂ ਹਨ, ਦੂਰੋਂ ਘੋੜਾ ਭਜਾ ਕੇ ਦੋਵੇਂ ਹੀ ਇਕ ਦੂਸਰੇ ਦੀ ਸੰਜੋਆਂ 'ਤੇ (ਅਚੂਕ) ਨਾ ਖਾਲੀ ਜਾਣ ਵਾਲੇ ਵਾਰ ਕਰਕੇ ਸੰਜੋਆਂ ਨੂੰ ਕੱਟਣ ਡਹਿ

ਪਏ ਹਨ ਅਤੇ ਆਪਣੇ ਆਪ ਨੂੰ ਬਚਾਉਂਦੇ ਹਨ। ੪੪।

***ਚੌਪਈ॥ ਤੇਗਨ ਸੌਂ ਪਟ ਕੈ ਕਟ ਗਏ॥*** (ਪਟ ਕੈ) ਕਮਰਕੱਸੇ ਜਿਸ ਦੇ ਨਾਲ ਸ਼ਸਤ੍ਰ ਬੰਨ੍ਹੇ ਹੋਏ ਸਨ, ਦੋਹਾਂ ਦੇ ਕਮਰਕੱਸੇ ਕੱਟੇ ਗਏ ਹਨ, ਦੋਹਾਂ ਦੇ (ਪੱਟ ਕੈ) ਸੰਜੋਏ ਕਵੱਚ (ਕਿੰਨੇ ਹੀ ਕੱਟੇ ਗਏ)।

***ਛੁਰਾ ਛੁਰੀ ਸਭ ਤਬ ਗਿਰ ਪਏ॥*** ਤਦੋਂ ਜੋ ਛੁਰੇ, ਛੁਰੀਆਂ, ਕਟਾਰਾਂ ਸਭ ਡਿੱਗ ਪਈਆਂ ਲੜਦਿਆਂ ਦੀਆਂ। ਜਦੋਂ ਪੇਟੀਆਂ ਕੱਟੀਆਂ ਗਈਆਂ, ਤਾਂ ਸਭ ਸ਼ਸਤ੍ਰ ਹੇਠਾਂ ਡਿੱਗ ਪਏ।

***ਦੋਊਨ ਤੇਗਨ ਮੁਖ ਤੁਟ ਗਏ॥*** ਦੋਹਾਂ ਦੀਆਂ ਤੇਗਾਂ ਦੇ ਮੂੰਹ ਟੁੱਟ ਗਏ। ਜਦੋਂ ਲੋਹੇ ਨੂੰ ਹੀ ਵੱਢਣ ਲੱਗ ਪਏ, ਲੋਹੇ 'ਤੇ ਹੀ ਪੈਣ ਲੱਗ ਪਈਆਂ, ਤਾਂ ਸਰੋਹੀਆਂ ਤੇ ਵਿੱਚੋਂ ਬੁਰਕੀਆਂ ਨਿਕਲਣ ਲੱਗ ਪਈਆਂ ਹਨ।

***ਲਰਤ ਭਿਰਤ ਆਪਸ ਮੈਂ ਖਹੇ॥ ੪੫॥*** ਲੜਦਿਆਂ-ਭਿੜਦਿਆਂ ਤੋਂ ਤਲਵਾਰਾਂ ਨਾਲ, ਢਾਲਾਂ ਟੁੱਟ ਗਈਆਂ ਹਨ, ਤਲਵਾਰਾਂ ਦੇ ਮੂੰਹ ਟੁੱਟ ਗਏ ਹਨ, ਘੋੜੇ ਨੇੜੇ-ਨੇੜੇ ਕਰਕੇ ਆਪਸ ਵਿਚੀਂ ਖਹਿਣ ਲੱਗ ਪਏ। ੪੫।

***ਘੋੜਨ ਮੈਂ ਨਹਿੰ ਤਾਕਤ ਰਹੀ॥*** ਘੋੜਿਆਂ ਦੇ ਵਿੱਚ ਵੀ ਬਲ ਨਹੀਂ ਰਿਹਾ ਹੈ, ਸਵਾਰਾਂ ਨੂੰ ਚੁੱਕ ਕੇ ਤੁਰਨ ਦਾ।

***ਜ਼ਖਮਨ ਤੇ ਰਤ ਸਭ ਚੁਇ ਗਈ॥*** ਘੋੜੇ ਜ਼ਖ਼ਮੀ ਹੋ ਗਏ, ਉਹਨਾਂ ਦੇ ਜ਼ਖ਼ਮਾਂ ਵਿੱਚੋਂ ਸਾਰਾ ਲਹੂ 'ਚੋ ਗਿਆ ਹੈ।

***ਘੋੜਨ ਸੌਂ ਘੋੜੇ ਢੁਕ ਪਏ॥*** ਘੋੜੇ ਦੇ ਗਲ ਘੋੜਾ ਪੈ ਗਿਆ ਹੈ, ਹਿੰਮਤ ਤੇ ਭੱਜਣ ਦੀ ਰਹਿ ਨਹੀਂ ਗਈ, ਘੋੜੇ ਨੇੜੇ ਢੁੱਕ ਕੇ ਇਕ ਦੂਜੇ ਦੇ ਦੁਲੱਤੇ ਮਾਰਨ ਲੱਗ ਪਏ ਹਨ।

***ਮੋਢਨ ਸੌਂ ਮੋਢੇ ਅੜ ਗਏ॥ ੪੬॥*** ਦੋਵੇਂ ਖਾਲੀ ਹੱਥ ਹੋ ਗਏ ਹਨ, ਇਕ ਦੂਜੇ ਦੇ ਮੋਢਿਆਂ ਵਿਚ ਹੱਥ ਪੈ ਗਏ ਹਨ, ਦੋਵਾਂ ਦੇ। ੪੬।

***ਦੋਹਰਾ॥ ਜੱਫਮ ਜੱਫੀ ਹੋ ਰਹੇ ਗਿਰੇ ਭੂਮ ਮਧ ਝੂਮ॥*** ਘੋੜਿਆਂ ਦੇ ਉਤੇ ਹੀ ਜੱਫੋ-ਜੱਫੀ ਹੋ ਗਏ ਹਨ ਦੋਵੇਂ ਹੀ, ਗਿਲਜਾ ਤੇ ਸੁੱਖਾ ਸਿੰਘ ਜਦੋਂ ਦੋਹਾਂ ਦਾ ਇਕ ਦੂਜੇ ਨੂੰ ਜੱਫਾ ਪਿਆ, ਤਾਂ ਘੋੜੇ ਹੇਠਾਂ ਤੋਂ ਨਿਕਲ ਗਏ ਹਨ ਅਤੇ ਦੋਵੇਂ ਹੀ ਧੜੰਮ ਕਰਕੇ, ਝੂਮ ਕੇ ਧਰਤੀ 'ਤੇ ਡਿੱਗ ਪਏ ਹਨ।

***ਭਏ ਚੋਟ ਗਿਰ ਸੱਟ ਲਗੀ ਪਰੇ ਮੂਰਛਾ ਭੂਮ॥ ੪੭॥*** ਸਰੀਰ 'ਤੇ ਤਾਂ ਪਹਿਲਾਂ ਵੱਡੇ ਵੱਡੇ ਜ਼ਖ਼ਮ ਹੋਏ ਸਨ, ਜਦੋਂ ਘੋੜਿਆਂ ਤੋਂ ਹੇਠਾਂ ਡਿੱਗੇ ਹਨ ਧਰਤੀ 'ਤੇ, ਤਾਂ ਦੋਵੇਂ ਹੀ ਮੂਰਛਤ ਹੋ ਗਏ ਹਨ। ਪਠਾਣ ਨੂੰ ਵੀ ਕੋਈ ਹੋਸ਼ ਨਹੀਂ ਰਹੀ ਤੇ ਸੁੱਖਾ ਸਿੰਘ ਨੂੰ ਵੀ ਨਹੀਂ ਦੋਵੇਂ ਹੀ ਮੂਰਛਤ ਹੋ ਕੇ ਧਰਤੀ 'ਤੇ ਪਏ ਹਨ। ੪੭।

***ਚੌਪਈ॥ ਤਬ ਸਿੰਘ ਕੋ ਕਛੁ ਸੋਝੀ ਆਈ॥*** ਪਠਾਣ ਤਾਂ ਬੇਹੋਸ਼ ਹੋਇਆ ਪਿਆ ਸੀ, ਸੁੱਖਾ ਸਿੰਘ ਦੀ ਮੂਰਛਾ ਛੁੱਟ ਗਈ ਹੈ, ਤਦੋਂ ਸੁੱਖਾ ਸਿੰਘ ਦੀ ਕੁਛ ਹੋਸ਼ ਵਾਪਸ ਪਰਤੀ ਹੈ, ਹੋਸ਼ ਫਿਰ ਟਿਕਾਣੇ ਆ ਗਈ ਹੈ।

***ਗਿੱਚੀ ਤਬ ਉਸ ਸਿੰਘ ਉਠਾਈ॥*** ਤਦ ਸੁੱਖਾ ਸਿੰਘ ਨੇ ਉਸ ਗਿਲਜੇ ਨੂੰ (ਗਿੱਚੀ) ਗਰਦਨ ਤੋਂ ਫੜ ਕੇ ਉਠਾਇਆ ਹੈ।

***ਚਕ ਸੰਜੋਇ ਦਈ ਧਸਾਇ॥*** ਉਸ ਦੇ ਪੇਟ ਤੋਂ ਸੰਜੋ ਚੁੱਕ ਕੇ ਸਰੋਹੀ ਉਸ ਦੇ ਪੇਟ ਵਿਚ ਖੋਭ ਦਿੱਤੀ ਹੈ ਸੁੱਖਾ ਸਿੰਘ ਨੇ।

***ਦਿਲ ਅਰ ਕੁਕੜੇ ਗਹੀ ਵਹਿ ਖਾਇ॥ ੪੮॥*** ਦਿਲ ਅਤੇ ਗੁਰਦਿਆਂ ਨੂੰ ਖਾ ਗਈ ਹੈ ਸਰੋਹੀ, ਭਾਵ ਚੀਰ ਕੇ ਸੁੱਟ ਗਈ ਹੈ। ੪੮।

***ਠੋਸ ਦਈ ਉਸ ਕੇ ਮਧ ਪੇਟ॥*** ਸਰੋਹੀ ਉਸ ਦੇ ਢਿੱਡ ਵਿਚ ਨੂੰ ਧੱਕ ਦਿੱਤੀ ਹੈ।

***ਆਂਤ ਓਝਰੀ ਕਢੀ ਸਮੇਟ॥*** ਜਦੋਂ ਸਰੋਹੀ ਨੂੰ ਖਿੱਚਿਆ ਹੈ, ਤਾਂ ਆਂਦਰਾਂ ਤੇ ਮਿਹਦੇ ਨੂੰ ਇਕੱਠਿਆਂ ਹੀ ਸਮੇਟ ਕੇ ਬਾਹਰ ਕੱਢ ਲਿਆਈ ਹੈ।

***ਸਤਿਗੁਰ ਰਖੀ ਖਾਲਸੇ ਲਾਜ॥*** ਖਾਲਸੇ ਦੀ ਲਾਜ਼ ਰੱਖੀ ਹੈ, ਖਾਲਸੇ ਦੀ ਜਿੱਤ ਕੀਤੀ ਹੈ ਮਹਾਰਾਜ ਸੱਚੇ ਪਾਤਸ਼ਾਹ ਜੀ ਨੇ।

***ਫਤੇ ਬੁਲਾਈ ਉਠ ਸਿੰਘ ਗਾਜ॥ ੪੯॥*** ਸੁੱਖਾ ਸਿੰਘ ਨੇ ਉੱਠ ਕੇ ਗੱਜ ਕੇ ਫਤ੍ਹੇ ਗਜਾਈ ਹੈ, 'ਵਾਹਿਗੁਰੂ ਜੀ ਕਾ ਖਾਲਸਾ,

ਵਾਹਿਗੁਰੂ ਜੀ ਕੀ ਫਤਹ' ਗਜਾ ਕੇ ਉਠਿਆ ਹੈ। ੪੯।

***ਦੋਹਰਾ॥ ਇਤੈ ਮੁਗ਼ਲ ਸੋ ਬਧ ਭਯੋ, ਹੁਤੋ ਜੁ ਅਤਿ ਗਰਬਾਤ॥*** ਇਧਰ ਉਹ ਮੁਗਲ ਪਠਾਣ ਮਰ ਗਿਆ, ਸੁੱਖਾ ਸਿੰਘ ਦੇ ਹੱਥੋਂ, ਜੋ ਬਹੁਤ ਜ਼ਿਆਦਾ ਹੰਕਾਰਿਆ ਹੋਇਆ ਸੀ।

***ਰਤਨ ਸਿੰਘ ਨੇ ਤਿਮ ਲਿਖੀ ਜਿਮ ਸੁਨੀ ਸਿੰਘਨ ਤੇ ਬਾਤ॥ ੫੦॥*** ਭਾਈ ਰਤਨ ਸਿੰਘ ਕਹਿੰਦੇ ਹਨ, ਜਿਵੇਂ ਮੈਂ ਪੁਰਾਤਨ ਸਿੰਘਾਂ ਤੋਂ ਸੁਣਿਆਂ ਸੀ ਪ੍ਰਸੰਗ, ਜਿੰਨ੍ਹਾਂ ਸਿੰਘਾਂ ਨੇ ਅੱਖੀਂ ਦੇਖਿਆ ਸੀ, ਮੈਂ ਉਵੇਂ ਹੀ ਲਿਖ ਦਿੱਤਾ। ੫੦।

***ਚੌਪਈ॥ ਫਤ੍ਹੇ ਬੁਲਾਇ ਸਿੰਘ ਪੀਛੇ ਮੁੜਿਓ॥*** ਗੁਰ ਫਤ੍ਹੇ ਗਜਾ ਕੇ ਭਾਈ ਸੁੱਖਾ ਸਿੰਘ ਜੀ ਪਿੱਛੇ ਖਾਲਸੇ ਪੰਥ ਵਲ ਨੂੰ ਮੁੜਿਆ ਹੈ।

***ਦੌੜ ਸਿੰਘ ਵਲ ਖਾਲਸੋ ਤੁਰਿਓ॥*** ਦੌੜ ਕੇ ਜਿਥੇ ਖਾਲਸਾ ਪੰਥ ਸੀ, ਓਧਰ ਨੂੰ ਤੁਰਿਆ ਹੈ।

***ਉਤ ਤੈ ਗਿਲਜਨ ਹੱਲੋ ਕੀਓ॥*** ਓਧਰੋਂ ਦੂਜੇ ਪਾਸਿਓਂ ਗਿਲਜਿਆਂ ਨੇ ਹੱਲਾ ਕਰ ਦਿੱਤਾ ਹੈ ਕਿ ਫੜ ਲਉ ਜਾਇ ਨਾ ਸਿੰਘ।

***ਇਤ ਤੈ ਸਿੰਘਨ ਮੋਹਰੇ ਲੀਓ॥ ੫੧॥*** ਏਧਰ ਸਿੰਘ ਜਿਹੜੇ ਪਿੱਛੇ ਰਾਮ ਜੰਗੇ ਲੈ ਕੇ ਤਿਆਰ-ਬਰ-ਤਿਆਰ ਬੈਠੇ ਸਨ, ਉਨ੍ਹਾਂ ਸਿੰਘਾਂ ਨੇ ਬਰਾਬਰ ਤੋਂ ਮੋਹਰਾ ਲਿਆ ਹੈ, ਭਾਵ ਸਾਹਮਣੇ ਆਏ ਹਨ ਹੱਲਾ ਬੋਲਣ ਵਾਲਿਆਂ ਦੇ। ੫੧।

***ਚੜ੍ਹਤ ਸਿੰਘ ਘੋੜਾ ਅਗੇ ਚਲਾਇ॥*** ਚੜ੍ਹਤ ਸਿੰਘ ਘੋੜੇ ਨੂੰ ਅੱਗੋਂ ਜਲਦੀ ਨਾਲ ਭਜਾ ਕੇ ਆ ਮਿਲਿਆ ਹੈ ਸੁੱਖਾ ਸਿੰਘ ਨੂੰ।

***ਬਾਂਹਿ ਗਹੀ ਲਯੋ ਗੈਲ ਚੜ੍ਹਾਇ॥*** ਚੜ੍ਹਤ ਸਿੰਘ ਨੇ ਸੁੱਖਾ ਸਿੰਘ ਦੀ ਬਾਂਹ ਫੜ ਆਪਣੇ ਪਿੱਛੇ ਚੜ੍ਹਾ ਲਿਆ ਹੈ ਘੋੜੇ 'ਤੇ।

***ਸਿੰਘ ਜੀ ਕੋ ਲੈ ਅਏ ਉਰਾ॥*** ਸੁੱਖਾ ਸਿੰਘ ਨੂੰ ਦਰਿਆ ਤੋਂ ਉਰਲੇ ਪਾਸੇ ਲੈ ਆਏ ਹਨ ਸਿੰਘਾਂ ਦੇ ਕੋਲ।

***ਗਿਲਜੇ ਹਟਾਏ ਉਸ ਹੀ ਪਾਰ॥ ੫੨॥*** ਸਿੰਘਾਂ ਨੇ ਰਾਬਾ ਦਿੱਤਾ ਹੈ ਬੰਦੂਕਾਂ ਦਾ, ਪਰਲੇ ਪਾਰ ਹੀ ਖੜ੍ਹੇ ਕਰ ਦਿੱਤੇ ਹਨ ਗਿਲਜੇ, ਜਿਹੜੇ ਅੱਗੇ ਵਧੇ ਆਉਂਦਾ ਸੀ, ਉਥੇ ਹੀ ਡੱਗ ਦਿੱਤੇ ਹਨ ਸਿੰਘਾਂ ਨੇ। ੫੨।

***ਦੋਹਰਾ॥ ਚੜ੍ਹਤ ਸਿੰਘ ਸੁੱਖਾ ਸਿੰਘ ਕੀ ਬਾਢੀ ਅਤਿਸ਼ੈ ਪ੍ਰੀਤ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਉਸ ਦਿਨ ਤੋਂ ਜਦੋਂ ਮੈਦਾਨੇ ਜੰਗ ਵਿਚ ਸੁੱਖਾ ਸਿੰਘ ਲੜ ਰਿਹਾ ਸੀ ਤੇ ਚੜ੍ਹਤ ਸਿੰਘ ਮੌਕੇ 'ਤੇ ਘੋੜਾ ਲੈ ਕੇ ਪਹੁੰਚ ਗਿਆ ਸੀ, ਉਸ ਦਿਨ ਤੋਂ ਸੁੱਖਾ ਸਿੰਘ 'ਤੇ ਚੜ੍ਹਤ ਸਿੰਘ ਦਾ ਆਪਸ ਵਿਚ, ਦੋਹਾਂ ਸੂਰਮਿਆਂ ਦਾ ਬੜਾ ਪਿਆਰ ਵਧ ਗਿਆ ਹੈ।

***ਦੇਹੀ ਜਾਪਤ ਦੁਇ ਦੋਇਨ, ਰਹਯੋ ਏਕ ਹ੍ਵੈ ਚੀਤ॥ ੫੩॥*** ਦੋਹਾਂ ਦਾ ਮਨ ਇਕ ਹੋ ਗਿਆ ਹੈ ਤੇ ਦੋਹਾਂ ਦੇ ਸਰੀਰ ਹੀ ਭਾਵੇਂ ਦੋ ਦਿਸਦੇ ਹਨ। ੫੩।

***ਚੌਪਈ॥ ਸਰਦਾਰ ਸਭੀ ਚਲ ਡੇਰੇ ਆਏ॥*** ਹੋਰ ਜਿਹੜੇ ਫ਼ੌਜ ਦੇ ਵਿਚ ਸਿੰਘਾਂ ਵਿਚ ਜਿਹੜੇ ਸਰਦਾਰ ਸਨ ਯੋਧੇ ਸੂਰਮੇ, ਅਲੱਗ-ਅਲੱਗ ਜੱਥਿਆਂ ਵਾਲੇ ਜਥੇਦਾਰ ਚਲ ਕੇ ਖਾਲਸੇ ਦੇ ਡੇਰੇ ਵਿਚ ਆਏ ਹਨ, ਜਿਥੇ ਸੁੱਖਾ ਸਿੰਘ ਦਾ ਜਥਾ ਉਤਰਿਆ ਹੋਇਆ ਸੀ।

***ਇਕ ਇਕ ਘੋੜਾ ਸਭੀ ਲਿਆਏ॥*** ਇਕ-ਇਕ ਘੋੜਾ ਸਭ ਜਥੇਦਾਰ ਲਿਆਏ ਹਨ, ਭਾਈ ਸੁੱਖਾ ਸਿੰਘ ਜੀ ਨੂੰ ਦੇਣ ਵਾਸਤੇ।

***ਦੈ ਦੈ ਘੋੜੇ ਧੰਨ ਧੰਨ ਕਹਯੋ॥*** ਧੰਨ ਹੈਂ ਤੂੰ ਸੁੱਖਾ ਸਿੰਘਾ! ਧੰਨ ਹੈ ਸੂਰਵੀਰਾ ਬੜੀ ਕਮਾਲ ਕਰ ਕੇ ਵਿਖਾਈ ਹੈ, ਤੂੰ ਬੜਾ ਪਾੜਿਆ ਹੈ ਗਿਲਜੇ ਨੂੰ ਮੈਦਾਨ ਵਿਚ।

***ਸਿੰਘ ਚਹੈ ਦੋਖ ਕੰਨਯਾਂ ਬਖਸ਼ਯੋ॥ ੫੪॥*** ਭਾਈ ਸੁੱਖਾ ਸਿੰਘ ਚਾਹੁੰਦਾ ਹੈ ਕਿ ਜੋ ਮੇਰੇ 'ਤੇ ਦੋਸ਼ ਲਾਇਆ ਹੈ ਕੰਨਿਆਂ ਮਾਰੀ ਦਾ, ਉਹ ਬਖ਼ਸ਼ਿਆ ਜਾਵੇ, ਮੈਂ ਨਿਰਦੋਸ਼ ਹਾਂ। ੫੪।

***ਦੋਹਰਾ॥ ਠਾਂਢ ਭਯੋ ਕਰ ਜੋਰ ਕਰ ਸਰਬ ਪੰਥ ਕੇ ਪਾਸ॥*** ਜਦੋਂ ਸਰਬੱਤ ਖਾਲਸਾ ਇਕੱਤਰ ਸੀ, ਤਾਂ ਭਾਈ ਸੁੱਖਾ ਸਿੰਘ ਸਰਬੱਤ ਖਾਲਸੇ ਅੱਗੇ ਦੋਵੇਂ ਹੱਥ ਜੋੜ ਕੇ ਖੜ੍ਹਾ ਹੋ ਗਿਆ।

***ਲਯੋ ਖਾਲਸੋ ਮੇਲ ਗਲ ਕਰ ਦਈ ਖੁਸ਼ੀ ਅਰਦਾਸ॥੫੫॥*** ਖਾਲਸੇ ਪੰਥ ਨੇ ਸੁੱਖਾ ਸਿੰਘ ਨੂੰ ਆਪਣੇ ਗਲੇ ਲਗਾ ਕੇ ਮੇਲ ਲਿਆ ਹੈ ਪੰਥ ਵਿਚ ਅਤੇ ਖੁਸ਼ੀ ਨਾਲ ਅਰਦਾਸ ਕਰ ਦਿੱਤੀ ਸੁੱਖਾ ਸਿੰਘ ਦੀ। ੫੫।

***ਚੌਪਈ॥ ਘੋੜੇ ਮੋੜ ਸਭੈ ਉਨ ਦਏ॥*** ਘੋੜੇ ਸਿੰਘਾਂ ਦੇ, ਕਹਿਣ ਲੱਗਾ, 'ਤੁਹਾਡੇ ਮੇਰੇ ਦੋ ਨੇ ਕੋਈ, ਘੋੜੇ ਤਾਂ ਸਭ ਖਾਲਸੇ ਦੇ ਵਰਤਣ ਵਾਸਤੇ, ਸੁੱਖਾ ਸਿੰਘ ਨੇ ਸਭ ਜਥੇਦਾਰਾਂ ਦੇ ਘੋੜੇ ਵਾਪਸ ਕਰ ਦਿੱਤੇ ਹਨ।

***ਸ਼ਯਾਮ ਸਿੰਘ ਕੇ ਉਨ ਰਖ ਲਏ॥*** ਸ਼ਾਮ ਸਿੰਘ ਦਾ ਤਾਂ ਪੁੱਤਰ ਅਖਵਾਉਂਦਾ ਸੀ, ਪੁੱਤਰ ਪਿਉ ਦੀ ਜਾਇਦਾਦ ਦਾ ਮਾਲਕ ਹੀ ਹੁੰਦਾ ਹੈ। ਜਥੇਦਾਰ ਸ਼ਾਮ ਸਿੰਘ ਜੀ ਦੇ ਘੋੜੇ ਉਸ ਨੇ ਰੱਖ ਲਏ ਹਨ।

***ਸ਼ਯਾਮ ਸਿੰਘ ਕੋ ਬੇਟੋ ਕਹਾਵੈ॥*** ਭਾਈ ਸੁੱਖਾ ਸਿੰਘ ਆਪਣੇ ਆਪ ਨੂੰ ਜਥੇਦਾਰ ਸ਼ਾਮ ਸਿੰਘ ਬੁੱਢੇ ਦਲੀਏ ਦਾ ਪੁੱਤਰ ਅਖਵਾਉਂਦਾ ਸੀ।

***ਕਹਾਂ ਕਮੀ ਉਸ ਘੋੜਨ ਆਵੈ॥ ੫੬॥*** ਉਸ ਨੂੰ ਕਿਵੇਂ ਕਮੀ ਆ ਸਕਦੀ ਘੋੜਿਆਂ ਦੀ, ਜੋ ਸ਼ਾਮ ਸਿੰਘ ਬੁੱਢੇ ਦਲੀਏ ਦਾ ਪੁੱਤਰ ਹੋਵੇ। ੫੬।

***ਦੋਹਰਾ॥ ਸਾਖੀ ਸੁੱਖਾ ਸਿੰਘ ਕੀ ਸੁਨੀ ਸੁ ਦਈ ਲਿਖਾਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਭਾਈ ਸੁੱਖਾ ਸਿੰਘ ਜੀ ਦੀ ਸਾਖੀ ਜੋ ਮੈਂ ਸਤਿਕਾਰਯੋਗ ਬਜ਼ੁਰਗ ਸਿੰਘਾਂ ਤੋਂ ਸੁਣੀ ਸੀ, ਉਹ ਤਾਂ ਮੈਂ ਲਿਖਾ ਦਿੱਤੀ ਹੈ।

***ਰਤਨ ਸਿੰਘ ਔਰ ਕਹੈਗੋ, ਸੋਈ ਸੁਨੋਂ ਚਿਤ ਲਾਇ॥ ੫੭॥*** ਭਾਈ ਸਾਹਿਬ ਜੀ ਕਹਿੰਦੇ ਹਨ ਕਿ ਹੋਰ ਸਾਖੀਆਂ ਵੀ ਮੈਂ ਸੁੱਖਾ ਸਿੰਘ ਦੀਆਂ ਸੁਣੀਆਂ ਹਨ, ਗੁਰਸਿੱਖੋ! ਹੁਣ ਅੱਗੇ ਹੋਰ ਸੁਣੋ ਚਿੱਤ ਲਾ ਕੇ ਭਾਈ ਸੁੱਖਾ ਸਿੰਘ ਦੀ ਸਾਖੀ। ੫੭।

## ਸਾਖੀ ਸੁੱਖਾ ਸਿੰਘ ਕੀ ਹੋਰ ਤੁਰੀ

### (ਭਾਈ ਸੁੱਖਾ ਸਿੰਘ ਨੇ ਕਰਮੇ ਛੀਨੇ ਨੂੰ ਮਾਰਿਆ)

***ਦੋਹਰਾ॥ ਫਿਰ ਵਿਚ ਵਿਚ ਸਿੰਘ ਹਥ ਘਤੈਂ ਮਾਰੈਂ ਦੁਸ਼ਟਨ ਧਾਇ॥*** ਜਦੋਂ ਸਿੰਘਾਂ ਨੂੰ ਇਹ ਖਿਆਲ ਹੋ ਗਿਆ ਕਿ ਇਹ ਆਪਾਂ ਨੂੰ ਲੱਭਦੇ ਫਿਰਦੇ ਹਨ, ਹੁਣ ਆਪਾਂ ਇਹਨਾਂ ਨੂੰ ਲੱਭੀਏ। ਖਾਲਸਾ ਹੁਣ ਲੁੱਕਣ-ਮੀਟੀ ਖੇਡਦਾ ਹੈ ਤੁਰਕਾਂ ਨਾਲ। ਸਿੰਘ ਹੁਣ ਤਿਆਰ ਹੋ ਗਏ ਹਨ ਕਿ ਵਿਚ-ਵਿਚ ਹੱਥ ਤਾਂ ਮਾਰੀਏ, ਜਿਹੜਾ ਇਹਨਾਂ ਨੂੰ ਪਤਾ ਤਾਂ ਲੱਗ ਜਾਏ। ਕਿਥੋਂ ਲਹੌਰੋਂ ਸਾਨੂੰ ਵੇਖਣ ਆਏ ਹਨ, ਇਹਨਾਂ ਨੂੰ ਉਥੇ ਹੀ ਵਿਖਾਲੀ ਦੇ ਦਿਆ ਕਰੀਏ। ਇਉਂ ਵਿਚ-ਵਿਚ ਖਾਲਸੇ ਨੇ ਹੱਥ ਪਾਉਣਾ ਸ਼ੁਰੂ ਕਰ ਦਿੱਤਾ ਹੈ, ਮੁਗਲਾਂ, ਤੁਰਕਾਂ, ਚੁਗਲਾਂ ਤੇ ਚੌਧਰੀਆਂ ਨੂੰ ਧਾਵਾ ਬੋਲ ਕੇ ਲੁੱਟਦੇ ਤੇ ਮਾਰਦੇ।

***ਆਗੈ ਪਾਛੈ ਹੋ ਲੜੈਂ ਨਹਿੰ ਮੁਗਲ ਪਠਾਣਨ ਕਛੂ ਬਸਾਇ॥ ੧॥*** ਮੁਗਲਾਂ ਤੇ ਪਠਾਣਾਂ ਦੀ ਕੋਈ ਵਾਹ ਨਹੀਂ ਜਾਂਦੀ, ਅੱਗੇ ਪਿੱਛੇ ਲੁਕ ਛਿਪ ਕੇ ਸਿੰਘ, ਉਦੋਂ ਹੀ ਪਤਾ ਲੱਗਦਾ, ਆਹ ਸਿੰਘ ਦਾਅ ਲਾ ਗਏ ਹਨ। ਸਿੰਘਾਂ ਦਾ ਲੜਾਈ ਦਾ ਢੰਗ ਬੜਾ ਸੋਹਣਾ ਸੀ। ਜਦੋਂ ਤੁਰਕ ਓਧਰੋਂ ਫ਼ੌਜ ਚੜ੍ਹਾਈ ਕਰ ਕੇ ਲਈ ਆਉਂਦੇ, ਤਾਂ ਸਿੰਘ ਕਈ ਜਥਿਆਂ ਵਿਚ ਹੋ ਜਾਂਦੇ। ਜਦੋਂ ਸਾਮ੍ਹਣਿਓ ਇਕ ਜਥਾ 'ਅਕਾਲ ਅਕਾਲ' ਕਰਦਾ ਆਉਂਦਾ, ਤਾਂ ਤੁਰਕ ਕਹਿੰਦੇ ਸਿੰਘ ਆਉਂਦੇ ਹਨ ਤੇ ਸਿੰਘਾਂ ਨੇ ਕਹਿਣਾ, ਤੁਰਕ ਆਉਂਦੇ ਹਨ। ਉਸ ਸਿੰਘਾਂ ਦੇ ਜਥੇ ਨੇ ਪਿੱਛੇ ਹੱਲਾ ਕਰ ਜਾਣਾ, ਉਹਨਾਂ ਮਗਰ ਜਿਹੜੇ ਮੂਹਰੇ ਹੁੰਦੇ ਹਨ, ਉਨ੍ਹਾਂ ਸਿੰਘਾਂ ਮਗਰ ਹੱਲਾ ਕਰ ਦੇਣਾ। ਜਦੋਂ ਦੂਰ ਨਿਕਲਣਾ, ਤਾਂ ਦੂਜੇ ਜੱਥੇ ਨੇ ਵਿਖਾਈ ਦੇਣੀ, ਏਧਰੋਂ 'ਅਕਾਲ ਅਕਾਲ' ਕਰਦੇ ਆਉਂਦੇ ਹਨ, ਲੈ ਬਈ! ਆਹ ਸਿੰਘ ਆਉਂਦੇ ਹਨ, ਕੁਛ ਓਧਰ ਨੂੰ ਲੈ ਗਏ ਭਜਾ ਕੇ, ਸਿੰਘਾਂ ਨੇ ਮੂਹਰੇ ਲੱਗ ਜਾਣਾ, ਇਨ੍ਹਾਂ ਮਗਰ ਭੱਜ ਜਾਣਾ। ਏਨੇ ਨੂੰ ਏਧਰੋਂ ਆ ਪਿਆ ਜਥਾ ਕੋਈ ਔਹ ਤੁਰਕ ਆਉਂਦੇ ਨੇ, ਔਹ ਸਿੰਘ ਆਉਂਦੇ ਨੇ, ਕੋਈ ਏਧਰ ਨੂੰ ਭਜਾ ਲੈ ਗਿਆ। ਬਾਕੀ ਰਹਿ ਗਏ ਥੋੜ੍ਹੇ

ਜਿਹੇ, ਉਹਨਾਂ ਤਾਂ ਸਿੰਘਾਂ ਨੇ ਮਾਰਨਾ ਛਪੋਲ ਉਥੇ ਹੀ ਚਿੜੀ ਵਾਂਗ ਦੱਬ ਲੈਣਾ। ਇਉਂ ਸਿੰਘਾਂ ਨੇ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ ਇਹਨਾਂ ਦਾ, ਸਿੰਘ ਤਾਂ ਡਾਹ ਨਾ ਦਿੰਦੇ, ਜਦੋਂ ਉਹ ਵਾਪਸ ਆਉਂਦੇ, ਉਨ੍ਹਾਂ ਪਿੱਛੇ ਹੀ ਲੱਗੇ ਆਉਂਦੇ ਸਿੰਘ, ਉਨ੍ਹਾਂ ਦੇ ਪਿੱਛੋਂ ਫਿਰ ਵਾਰ ਕਰਦੇ ਭੱਜ ਕੇ ਤੁਰਕ ਆਉਂਦੇ ਹਨ, ਅੱਗੇ ਵੇਖਦੇ ਹਨ ਕਿ ਡੇਰਾ ਤਾਂ ਸਾਫ ਹੋਇਆ ਪਿਆ ਹੈ। ਫੇਰ ਕੋਈ ਰਾਹ ਨਾ ਲੱਭਦਾ ਭੱਜਣ ਨੂੰ, ਕਿਧਰ ਨੂੰ ਭੱਜਣ। ਇਉਂ ਵੱਡੇ-ਵੱਡੇ ਗਿਲਜਿਆਂ ਨੂੰ ਜੰਗ ਦੇ ਵਿਚ ਖਪਾਇਆ। ਸਿੰਘਾਂ ਦੇ ਜੰਗ ਦੇ ਤਰੀਕੇ ਦਾ ਪਤਾ ਹੀ ਨਹੀਂ ਸੀ ਕਿਸੇ ਨੂੰ। ਥੋੜ੍ਹੇ ਜਿਹੇ ਸਿੰਘ ਵੀ ਬਹੁਤਿਆਂ ਨੂੰ ਲੈ ਡਿਗਦੇ। ੧।

***ਚੌਪਈ॥ ਮਾਰੀ ਤਬ ਨੂਰ ਦੀਨ ਸਰਾਂਇ॥*** ਉਨ੍ਹਾਂ ਦਿਨਾਂ ਵਿਚ ਹੀ ਜਦੋਂ ਚੁਗਲਾਂ ਨੂੰ ਹੱਥ ਪਾਉਣ ਲੱਗ ਪਿਆ ਖਾਲਸਾ। ਨੂਰਦੀਨ ਦੀ ਸਰਾਂ ਭੂਸਿਆ ਦੇ ਬਰਾਬਰ ਜਦੋਂ ਆਪਾਂ ਤਰਨ ਤਾਰਨੋਂ ਆਈਏ ਰਾਹ ਵਿਚ ਆਉਂਦੀ ਹੈ, ਇਸ ਨੂੰ ਸਿੰਘਾਂ ਮਾਰਿਆ ਹੈ ਉਸ ਸਮੇਂ।

***ਸੰਘਰ ਕੋਟ ਤਬ ਲੁਟਯੋਂ ਧਾਇ॥*** ਤਰਨ ਤਾਰਨ ਦੇ ਕੋਲ ਹੀ ਇਕ ਹੋਰ ਚੁਗਲਾਂ ਦਾ ਪਿੰਡ ਸੰਘਰ ਕੋਟ ਹੈ, ਉਸ ਨੂੰ ਵੀ ਸਿੰਘਾਂ ਨੇ ਧਾਵਾ ਕਰਕੇ ਲੁੱਟਿਆ ਹੈ।

***ਕਤਲ ਕੀਓ ਤਬ ਗਾਉਂ ਮਜੀਠਾ॥*** ਸ੍ਰੀ ਅੰਮ੍ਰਿਤਸਰ ਦੇ ਕੋਲ ਮਜੀਠਾ ਨਗਰ ਆਉਂਦਾ ਹੈ, ਉਸ ਨੂੰ ਵੀ ਉਸੇ ਸਮੇਂ ਕਤਲ ਕੀਤਾ।

***ਲੀਨੋ ਬੈਰ ਸੁ ਚੜ੍ਹ ਸਿੰਘ ਡੀਠਾ॥ ੨॥*** ਮਜੀਠੇ ਦੇ ਜੱਟ ਜਿਹੜੇ ਸਨ, ਉਹ ਵੀ ਸਿੰਘਾਂ ਦੇ ਬੜੇ ਭਾਰੀ ਵੈਰੀ ਸਨ। ਇਹਨਾਂ ਨੇ ਆਪ ਆਪਣੇ ਪਿੰਡ ਚਰਖੜੀਆਂ ਏਥੇ ਗੱਡੀਆਂ ਹੋਈਆਂ ਸਨ। ਸਿੰਘਾਂ ਨੂੰ ਫਾਂਸੀ ਦਿੰਦੇ, ਸੂਲੀਆਂ ਚੜ੍ਹਾ ਦਿੰਦੇ, ਚਰਖੜੀਆਂ 'ਤੇ ਚੜ੍ਹਾ ਕੇ ਸ਼ਹੀਦ ਕਰਦੇ। ਏਥੇ ਕਈਆਂ ਸਿੰਘਾਂ 'ਤੇ ਜ਼ੁਲਮ ਹੋਇਆ ਅੱਖੀਂ ਦੇਖਿਆ ਸੀ। ਚੜ੍ਹਤ ਸਿੰਘ ਏਧਰ ਨੂੰ ਹੋਇਆ ਹੈ ਕਿ ਹੁਣ ਮਜੀਠਾ ਮਾਰੀਏ। ਚੜ੍ਹਤ ਸਿੰਘ ਨੇ ਮਜੀਠੇ ਨਗਰ ਨੂੰ ਕਤਲ ਕਰਕੇ ਸ਼ਹੀਦਾਂ ਸਿੰਘਾਂ ਦਾ ਵੈਰ ਲਿਆ ਹੈ। ੨।

***ਫਿਰ ਚੜ੍ਹ ਸਿੰਘ ਕਹਿ ਮਾਰੀਏ ਛੀਨੇ॥*** ਜਦੋਂ ਚੜ੍ਹਤ ਸਿੰਘ ਨੇ ਕੋਲ ਖੜ੍ਹ ਕੇ ਮਜੀਠਾ ਕਤਲ ਕਰਾਇਆ, ਸਭ ਕਤਲ ਕਰ ਦਿਉ, ਇਹਨਾਂ ਨੂੰ ਛੱਡਣਾਂ ਨਹੀਂ। ਫੇਰ ਚੜ੍ਹਤ ਸਿੰਘ ਨੇ ਕਿਹਾ, 'ਚਲੋ ਖਾਲਸਾ ਜੀ! ਹੁਣ ਛੀਨਾਂ ਮਾਰੀਏ' ਛੀਨਾਂ ਪਿੰਡ ਵੀ ਤਰਨ ਤਾਰਨ ਦੇ ਕੋਲ ਹੈ। ਕਰਮਾ ਛੀਨਾ ਵੀ ਸਿੰਘਾਂ ਨੂੰ ਬੜਾ ਦੁਖਦਾਈ ਸੀ।

***ਕਰਮ ਧਰਮ ਸਿੰਘ ਬੈਰ ਚਹੈ ਲੀਨੇ॥*** ਇਸ ਨੇ ਕਰਮ ਸਿੰਘ ਤੇ ਧਰਮ ਸਿੰਘ ਨੂੰ ਮਾਰਿਆ ਸੀ। ਇਹ ਦੋਵੇਂ ਪੰਥ ਵਿਚ ਰਹਿਣ ਵਾਲੇ ਬੜੇ ਸੂਰਮੇ ਸਿੰਘ ਸਨ। ਉਨ੍ਹਾਂ ਦਾ ਵੈਰ ਲੈਣ ਵਾਸਤੇ ਕਰਮੇ ਛੀਨੇ 'ਤੇ ਚੜ੍ਹਾਈ ਕੀਤੀ ਹੈ ਖਾਲਸੇ ਨੇ।

***ਸਿੰਘਨ ਘੇਰਾ ਗ੍ਰਾਮਹਿ ਪਾਯਾ॥*** ਛੀਨੇ ਪਿੰਡ ਨੂੰ ਘੇਰਾ ਪਾਇਆ ਹੈ ਜਾ ਕੇ।

***ਗ੍ਰਾਮ ਲੜਨ ਤਬ ਬਾਹਰ ਆਯਾ॥ ੩॥*** ਪਿੰਡ ਛੀਨੇ ਦੇ ਸਾਰੇ ਲੋਕ ਪਿੰਡੋਂ ਬਾਹਰ ਆਏ ਹਨ ਸਿੰਘਾਂ ਨਾਲ ਲੜਨ ਵਾਸਤੇ। ੩।

***ਸਿੰਘਨ ਲੀਏ ਸੁ ਬਾਹਰੈ ਮਾਰ॥*** ਸਿੰਘਾਂ ਨੇ ਉਹਨਾਂ ਲੋਕਾਂ ਨੂੰ ਪਿੰਡੋਂ ਬਾਹਰ ਹੀ ਮਾਰ ਲਿਆ।

***ਸਾਥ ਬੜੇ ਸਿੰਘ ਤਿਨ ਕੇ ਨਾਰ॥*** ਜਿਹੜੇ ਲੋਕ ਭੱਜੇ ਹਨ ਖਾਲਸੇ ਦੇ ਅੱਗੇ ਲੱਗ ਕੇ, ਸਿੰਘ ਉਨ੍ਹਾਂ ਦੇ ਨਾਲ ਹੀ ਵੜ ਗਏ ਹਨ ਪਿੰਡ ਦੇ ਵਿਚ, ਇਉਂ ਇੱਕਠੇ ਹੋ ਕੇ ਘਰੋਂ-ਘਰੀਂ ਵੜੇ, ਸਿੰਘਾਂ ਨੇ ਜਿਹੜੇ ਹੱਥ ਚੜ੍ਹ ਗਏ ਮਾਰੇ ਉਹ, ਬਾਕੀ ਪਿੰਡ ਵਿਚ ਹੱਲਾ ਬੋਲ ਦਿੱਤਾ ਸਭ 'ਤੇ।

***ਲੂਟ ਕਰੀ ਔ ਕਟੇ ਬਹੁਤੇਰੇ॥*** ਉਹਨਾਂ ਸਭ ਦੀ ਲੁੱਟ ਕੀਤੀ ਹੈ ਅਤੇ ਜਿਹੜੇ ਹੱਥ ਲੱਗੇ, ਸਭ ਝਟਕਾ ਦਿੱਤੇ ਹਨ ਖਾਲਸੇ ਨੇ।

***ਪਾਏ ਸਿੰਘਨ ਕਰਮੇ ਗੜ੍ਹ ਘੇਰੇ॥ ੪॥*** ਪਿੰਡ ਛੀਨੇ ਦੇ ਕਰਮੇ ਨੇ ਛੋਟਾ ਜਿਹਾ ਕਿਲ੍ਹਾ ਬਣਾਇਆ ਹੋਇਆ ਸੀ ਆਪਣਾ,

ਉਸ ਕਿਲ੍ਹੇ ਨੂੰ ਜਾ ਘੇਰਾ ਪਾਇਆ ਹੈ ਖਾਲਸੇ ਨੇ। ੪।

***ਦੋਹਰਾ॥ ਤਬ ਕਰਮੇ ਨੇ ਜਾਨਿਓਂ ਸਿੰਘ ਅਬ ਛਾਡਤ ਨਾਂਹਿ॥*** ਕਰਮਾ ਛੀਨਾ ਛੀਨੇ ਪਿੰਡ ਦਾ ਹੀ ਜੱਟ ਸੀ, ਜਿਹੜੇ ਪਿੰਡੋਂ ਬਾਹਰ ਸਿੰਘਾਂ ਨਾਲ ਲੜਨ ਆਏ ਹਨ, ਉਹ ਵੀ ਜੱਟ ਸਨ। ਏਧਰ ਮਾਲਵੇ ਵਿਚ ਜਿਹੜਾ ਕੋਈ ਅੰਮ੍ਰਿਤਧਾਰੀ ਹੁੰਦਾ, ਉਸ ਨੂੰ ਸਿੱਖ ਕਹਿੰਦੇ ਸਨ। ਦੂਸਰੇ ਨੂੰ ਕੋਈ ਨਹੀਂ ਸੀ ਸਿੱਖ ਕਹਿੰਦੇ। ਦੂਜੇ ਚਾਦਰੇ ਰੱਖਦੇ ਬੰਨ੍ਹ ਕੇ ਇਕ ਦੂਜੇ ਦੇ ਨਾਮ ਵੀ ਅੱਧੇ-ਅੱਧੇ ਹੀ ਰੱਖੇ ਹੁੰਦੇ ਸਨ ਸਭ ਦੇ, ਏਸ ਤਰ੍ਹਾਂ ਹੀ ਮਾਝੇ ਵਿਚ ਹਾਲ ਸੀ। ਸਿੰਘ ਤਾਂ ਉਹ ਹੈ, ਜਿਹੜਾ ਅੰਮ੍ਰਿਤਧਾਰੀ ਹੋਵੇ, ਸਜ ਜਾਏ। ਹੁਣ ਵਾਂਗੂੰ ਹਰ ਇਕ ਨੂੰ ਸਿੱਖ ਨਹੀਂ ਸੀ ਕਹਿੰਦੇ। ਓ ਫਲਾਨਿਆਂ ਦੇ ਸਿੱਖ ਆਇਆ ਹੋਇਆ, ਫਲਾਨਾ ਸਿੱਖ ਫਲਾਨੇ ਪਿੰਡ ਦਾ, ਜਿਹੜਾ ਰਹਿਤ-ਬਹਿਤ ਵਿਚ ਤਿਆਰ-ਬਰ-ਤਿਆਰ ਉਸ ਨੂੰ ਹੀ ਸਿੰਘ ਕਹਿੰਦੇ ਸੀ, ਦੂਜੇ ਨੂੰ ਨਹੀਂ। ਤਦੋਂ ਕਰਮੇ ਛੀਨੇ ਨੇ ਜਾਣ ਲਿਆ, ਸਮਝ ਲਿਆ ਹੈ ਕਿ ਸਿੰਘ ਹੁਣ ਮੈਨੂੰ ਛੱਡਦੇ ਨਹੀਂ।

***ਤੇਰਾਂ ਬਹੂ ਤਿਸ ਆਪਨੀ ਆਪੇ ਦਈ ਕਟਾਇ॥ ੫॥*** ਇਹ ਬੜਾ ਬਦਮਾਸ਼ ਸੀ, ਤੇਰ੍ਹਾਂ ਇਸਤ੍ਰੀਆਂ ਇਸ ਨੇ ਆਪਣੇ ਘਰ ਪਾਈਆਂ ਹੋਈਆਂ ਸੀ, ਇਸ ਨੇ ਜਦੋਂ ਵੇਖਿਆ, ਮੈਨੂੰ ਨਹੀਂ ਸਿੰਘ ਛੱਡਦੇ ਮਾਰ ਕੇ ਹੀ ਜਾਣਗੇ। ਵੱਡਾ ਬਦਮਾਸ਼ ਸੀ, ਲੋਕਾਂ ਦੀਆਂ ਬਹੂ-ਬੇਟੀਆਂ ਚੁੱਕ ਕੇ ਲੈ ਆਉਂਦਾ ਸੀ। ਕਿਸੇ ਨੂੰ ਵਿਆਹ ਲੈਂਦਾ ਕਿਸੇ ਨੂੰ ਬਦਫੈਲੀ ਕਰਕੇ ਛੱਡ ਦਿੰਦਾ ਸੀ। ਇਸ ਨੇ ਆਪਣੇ ਘਰ ਵਿਚ ਤੇਰ੍ਹਾਂ ਇਸਤ੍ਰੀਆਂ ਰੱਖੀਆਂ ਹੋਈਆਂ ਸਨ। ਜੋ ਇਸ ਨੇ ਸਿੰਘਾਂ ਦਾ ਘੇਰਾ ਪਿਆ ਵੇਖ ਕੇ ਆਪਣੇ ਹੱਥੀਂ ਕਤਲ ਕੀਤੀਆਂ। ੫।

***ਚੌਪਈ॥ ਕਈ ਦਿਨਨ ਮੈਂ ਗੜ੍ਹੀ ਸੁ ਮਾਰੀ॥*** ਏਸ ਤਰ੍ਹਾਂ ਅੰਦਰ ਅੜਿਆ ਰਿਹਾ, ਮੋਰਚੇ-ਬੰਦੀ ਸੀ, ਅੰਦਰ ਲੁਕਿਆ ਰਿਹਾ, ਕਈ ਦਿਨ ਓਧਰੋਂ-ਓਧਰੀ ਗੋਲੀ ਚਲਦੀ ਰਹੀ, ਮੁਕਾਬਲਾ ਹੋਇਆ, ਤਾਂ ਸਿੰਘਾਂ ਨੇ ਗੜ੍ਹੀ ਫਤ੍ਹੇ ਕਰ ਲਈ, ਮਾਰ ਲਈ ਹੈ ਬਾਹਰੋਂ।

***ਫਿਰ ਆਕੀ ਉਨ ਕਰੀ ਅਟਾਰੀ॥*** ਗੜ੍ਹੀ ਫਤੇ ਹੋਣ ਤੋਂ ਬਾਅਦ ਫੇਰ ਉਸ ਨੇ ਗੜ੍ਹੀ ਦੇ ਵਿਚਕਾਰ ਅਟਾਰੀ ਸੀ, ਉਸ ਨੂੰ ਆਕੀ ਕਰ ਲਿਆ। ਉਹਦੇ ਵਿਚ ਜਾ ਕੇ ਅੜ ਗਿਆ ਹੈ ਕਰਮਾ ਛੀਨਾ।

***ਮੁਕ ਗਯੋ ਤਹਿਂ ਸਿੱਕਾ ਅਰ ਦਾਰੂ॥*** ਕਰਮੇ ਛੀਨੇ ਦਾ ਦਾਰੂ-ਸਿੱਕਾ ਚਲਦੀਆਂ-ਚਲਦੀਆਂ ਬੰਦੂਕਾਂ ਮੁਕ ਗਿਆ ਹੈ। ਨਾਲ ਦੇ ਸਾਥੀਆਂ ਨੂੰ ਪਤਾ ਲੱਗਿਆ ਹੈ ਕਿ ਦਾਰੂ-ਸਿੱਕਾ ਮੁੱਕ ਗਿਆ ਹੈ ਹੁਣ।

***ਲਗਯੋ ਢੀਮ ਸੋਂ ਸਿੰਘਨ ਮਾਰੂ॥ ੬॥*** ਫੇਰ ਉਤੋਂ ਅਟਾਰੀ ਦੇ ਸਿੰਘਾਂ ਦੇ (ਢੀਮਾਂ) ਢੀਮਾਂ ਇੱਟਾਂ ਮਾਰਨ ਲੱਗੇ। ੬।

***ਤਬ ਸਿੰਘ ਚੜ੍ਹੇ ਅਟਾਰੀ ਉੱਚੀ॥*** ਤਦ ਸਿੰਘਾਂ ਨੇ ਪਉੜੀਆਂ ਲਿਆਂਦੀਆਂ, ਪੌੜੀਆਂ ਲਾ ਕੇ ਅਟਾਰੀ ਨੂੰ, ਸਿੰਘ ਉਤੇ ਚੜ੍ਹ ਗਏ।

***ਢੀਮਨ ਸੋਂ ਭਰ ਕੀਨੀ ਨੀਚੀ॥*** ਢੀਮਾ ਦੇ ਨਾਲ ਭਰ ਕੇ ਅਟਾਰੀ ਨੂੰ ਸਿੰਘਾਂ ਨੇ ਨੀਵੀਂ ਕਰ ਲਿਆ।

***ਤਬ ਸਿੰਘਨ ਚੜ੍ਹ ਮਲੀ ਅਟਾਰੀ॥*** ਤਦ ਸਿੰਘਾਂ ਨੇ ਉਤੇ ਚੜ੍ਹ ਕੇ ਅਟਾਰੀ ਨੂੰ ਮੱਲ ਲਿਆ।

***ਹੇਠ ਵੜਯੋ ਕਰਮਾਂ ਹੰਕਾਰੀ॥ ੭॥*** ਹੰਕਾਰੀ ਕਰਮਾ ਛੀਨਾ ਹੇਠਾਂ ਅਟਾਰੀ ਵਿਚ, ਭਾਵ ਭੋਰੇ ਵਿਚ ਵੜ ਗਿਆ ਹੈ। ੭।

***ਫਿਰ ਸਿੰਘਨ ਵਹਿ ਛਤ ਸੋਂ ਢਾਈ॥*** ਫੇਰ ਸਿੰਘਾਂ ਨੇ ਉਦੀ ਉਪਰਲੀ ਛੱਤ ਢਾਹ ਦਿੱਤੀ ਹੈ ਅਤੇ ਮੋਰੀਆਂ ਕਰ ਦਿੱਤੀਆਂ ਹਨ।

***ਗੋਲੀ ਛੱਤਨ ਚੀਰ ਲੰਘਾਈ॥*** ਗੋਲੀਆਂ ਛੱਤਾਂ ਨੂੰ ਚੀਰ ਕੇ ਵਿੱਚੋਂ ਦੀ ਲੰਘਾ ਦਿੱਤੀਆਂ ਹਨ।

***ਤਬ ਉਨ ਜਾਨੀ ਬਚੌਂ ਸੁ ਨਾਹੀਂ॥*** ਤਦੋਂ ਉਸ ਨੂੰ ਪੱਕਾ ਯਕੀਨ ਹੋ ਗਿਆ ਕਿ ਹੁਣ ਮੈਂ ਬਚਦਾ ਨਹੀਂ ਹਾਂ, ਹੁਣ ਨਹੀਂ ਸਿੰਘ ਮੈਨੂੰ ਛੱਡਦੇ।

***ਅਪਨੋ ਕੀਨੋ ਪਾਇ ਪਛੁਤਾਹੀ॥ ੮॥*** ਕਰਮਾ ਹੁਣ ਪਛਤਾਉਣ ਲੱਗਾ ਹੈ ਕਿ ਮੈਂ ਆਪਣੀ ਕੀਤੀ ਦਾ ਫਲ ਪਾ ਰਿਹਾ ਹਾਂ, ਮੈਂ ਜੋ ਜ਼ੋਰ-ਜ਼ੁਲਮ ਕੀਤਾ ਹੈ ਲੋਕਾਂ ਦੇ ਨਾਲ, ਹੁਣ ਉਸ ਦਾ ਫਲ ਸਿੰਘ ਮੈਨੂੰ ਭੁਗਤਾ ਕੇ ਹੀ ਛੱਡਣਗੇ, ਜਿਉਂਦੇ

ਨੂੰ ਨਹੀਂ ਛੱਡ ਕੇ ਜਾਂਦੇ। ੮।

***ਜਾਨਯੋਂ ਯਿਹ ਅਬ ਛਡਤੇ ਨਾਹੀਂ॥*** ਉਸ ਨੇ ਜਾਣ ਲਿਆ ਕਿ ਸਿੰਘ ਹੁਣ ਨਹੀਂ ਮੈਨੂੰ ਛੱਡਦੇ ਮਾਰੇ ਬਿਨਾਂ।

***ਖੋਟੇ ਕਰਮ ਕੀਏ ਥੇ ਤਾਹੀਂ॥*** ਉਸ ਨੇ ਖੋਟੇ ਕਰਮ ਕੀਤੇ ਸਨ, ਇਸ ਕਰਕੇ ਉਸ ਨੂੰ ਪੱਕਾ ਯਕੀਨ ਹੋ ਗਿਆ ਸੀ।

***ਤਬ ਸਿੰਘਨ ਤੌਂ ਕਹੀ ਉਨ ਬਾਤ॥*** ਤਦ ਹੇਠਾਂ ਸੌਂ ਅੰਦਰੋਂ ਉਸ ਨੇ ਸਿੰਘਾਂ ਨੂੰ ਗੱਲ ਕਹੀ ਹੈ।

***'ਹਮ ਸੰਗ ਕਰੋ ਅਕੱਲੌ ਹਾਥ' ॥ ੯॥*** ਮੈਨੂੰ ਸਾਰੇ ਹੀ ਨਾ ਮਾਰੋ ਘੇਰ ਕੇ, ਇਕੱਲਾ ਸਿੰਘ ਕੋਈ ਆ ਕੇ ਮੇਰੇ ਨਾਲ ਦੋ ਹੱਥ ਕਰੋ, ਮੇਰੇ ਇਕੱਲੇ ਨਾਲ ਕੋਈ ਲੜੋ ਆ ਕੇ ਇਕੱਲਾ ਸਿੰਘ। ੯।

***ਤਬ ਸੁੱਖਾ ਸਿੰਘ ਹੁਤੋ ਤਖਾਨ॥*** ਤਦੋਂ ਸੁੱਖਾ ਸਿੰਘ ਤ੍ਰਖਾਣ ਜਾਤ ਦਾ, ਉਹ ਵੀ ਉਸ ਵੇਲੇ ਨਾਲ ਸੀ ਸਿੰਘਾਂ ਦੇ।

***ਮਾੜੀ ਵਾਲੋ ਪ੍ਰਗਟ ਜਹਾਨ॥*** ਕੰਬੋ ਕੀ ਮਾੜੀ ਪਿੰਡ ਦਾ ਜੋ ਸੰਸਾਰ ਵਿਚ ਉੱਘਾ ਹੋ ਗਿਆ ਸੀ।

***ਜਿਨ ਥੇ ਕੀਨੇ ਕਈ ਅਖਾਰੇ॥*** ਜਿਸ ਨੇ ਕਈ (ਅਖਾਰੇ) ਜੰਗ-ਜੁੱਧ ਕੀਤੇ ਸਨ।

***ਸੋ ਆਖੋਂਗੇ ਫੇਰ ਸੁਧਾਰੇ॥ ੧੦॥*** ਉਹ ਸਾਰੇ ਪ੍ਰਸੰਗ ਫੇਰ ਚੰਗੀ ਤਰ੍ਹਾਂ ਸੁਧਾਰ ਕੇ ਲਿਖਾਂਗੇ। ੧੦।

***ਉਨ ਕਹਯੋ 'ਕਰਮੇਂ ਆਉ ਮੁਹਿ ਪਾਹੀ॥*** ਉਸ ਨੇ ਕਿਹਾ, 'ਓ ਕਰਮਿਆਂ! ਜੇ ਤੂੰ ਇਕੱਲੇ ਨਾਲ ਲੜਨਾ ਚਾਹੁੰਦਾ, ਤਾਂ ਆ ਮੇਰੇ ਨਾਲ, ਆਜਾ ਮੇਰੇ ਕੋਲ'।

***ਔਰ ਕਿਸੀ ਦਾ ਤੁਹਿ ਭੌ ਨਾਹੀਂ॥*** ਹੋਰ ਤੈਨੂੰ ਕੋਈ ਹੱਥ ਨਹੀਂ ਲਾਵੇਗਾ, ਕਿਸੇ ਦਾ ਭੈ ਨਾ ਮੰਨ, ਆ ਬਾਹਰ ਨਿਕਲ ਮੇਰੇ ਨਾਲ ਦੋ ਹੱਥ ਕਰ ਲੈ।

***ਕਹੈ ਸੁ ਲੜ ਤੂੰ ਹਾਥਨ ਨਾਲ॥*** ਇਹ ਹੁਣ ਤੇਰੀ ਮਰਜ਼ੀ ਹੈ ਜੇ ਤਾਂ ਤੂੰ ਹੱਥੋਂ-ਹੱਥੀ ਹੋਣਾ ਹੈ, ਭਾਵ ਮੁੱਕੇ ਚਪੇੜ ਨਾਲ ਚੱਲਣਾ ਹੈ ਕੰਮ, ਤਾਂ ਆਜਾ ਹੱਥੋਂ-ਹੱਥੀ ਵੇਖ ਲਈਏ।

***ਮੁੱਕਨ ਢੀਮਨ ਸੋਟਨ ਸਾਲ॥ ੧੧॥*** ਸੋਟਿਆਂ ਨਾਲ, ਇੱਟਾਂ ਵੱਟਿਆਂ ਦੇ ਨਾਲ ਜਾਂ ਮੁੱਕਿਆਂ ਦੇ ਨਾਲ ਲੜਨਾ ਹੈ ਤਾਂ ਵੇਖ ਲੈ ਆਜਾ। ੧੧।

***ਤੀਰ ਬੰਦੂਕ ਹੋਰ ਭੌ ਨਾਹੀਂ॥*** ਤੂੰ ਬਿਲਕੁਲ ਨਾਂ ਡਰੀਂ, ਕੋਈ ਤੈਨੂੰ ਬੰਦੂਕ ਨਹੀਂ ਮਾਰਦਾ, ਕੋਈ ਤੀਰ ਨਹੀਂ ਮਾਰਦਾ, ਮੈਂ ਤੇ ਤੂੰ ਦੋਵੇਂ ਹੀ ਆਪਾਂ ਲੜਾਂਗੇ।

***ਕਹਿ ਆਵਾਂ ਮੈਂ ਕੈ ਤੂੰ ਆਹੀਂ ॥*** ਬੋਲ ਹੁਣ! 'ਮੈਂ ਆਵਾਂ ਤੇਰੇ ਕੋਲ ਕਿ ਤੂੰ ਨਿਕਲਦਾ ਏ ਬਾਹਰ ਕਿ ਤੂੰ ਆਉਂਦਾ ਹੈਂ ਬਾਹਰ, ਬੋਲ ਕਿਵੇਂ ਕਰਨਾ ਈ।

***ਤਬ ਕਰਮੇਂ ਨੇ ਪਕੜੀ ਢਾਲ॥*** ਤਦ ਕਰਮੇ ਛੀਨੇ ਨੇ ਢਾਲ ਫੜੀ ਹੈ ਇਕ ਹੱਥ ਦੇ ਵਿਚ।

***ਅਯੋ ਸ਼ੇਰ ਜਿਉਂ ਕਰਕੇ ਛਾਲ॥ ੧੨॥*** ਦੂਸਰੇ ਹੱਥ ਵਿਚ ਬਰਛੀ ਲੈ ਕੇ ਜਿਵੇਂ ਸ਼ੇਰ ਨਿਕਲਦਾ ਹੈ ਘੁਰਨੇ 'ਚੋਂ, ਇਉਂ ਆਇਆ ਹੈ ਛਾਲ ਮਾਰ ਕੇ ਕਰਮਾ ਛੀਨਾ। ੧੨।

***ਸੁੱਖਾ ਸਿੰਘ ਕਹਯੋ, 'ਵਾਰ ਅਬ ਤੇਰਾ॥*** ਸੁੱਖਾ ਸਿੰਘ ਨੇ ਕਿਹਾ ਹੈ ਕਰਮੇ ਛੀਨੇ ਨੂੰ, ਕਿ ਤੂੰ ਆਇਆ ਹੈਂ ਬਾਹਰ ਹੁਣ, ਹੁਣ ਤੇਰਾ ਵਾਰ ਹੈ, ਕਰ ਲੈ ਵਾਰ ਮੇਰੇ ਉਤੇ।

***ਵਾਰ ਦੂਸਰਾ ਹੋਗਾ ਮੇਰਾ' ॥*** ਦੂਜਾ ਵਾਰ ਮੇਰਾ ਹੋਵੇਗਾ, ਇਕੋ ਇਕੋ ਵਾਰ ਕਰਨਾ ਹੈ ਆਪਾਂ।

***ਤਬ ਕਰਮੇਂ ਨੇ ਬਰਛੀ ਮਾਰੀ॥*** ਤਦ ਕਰਮੇ ਛੀਨੇ ਨੇ ਸੁੱਖਾ ਸਿੰਘ ਵੱਲ ਬਰਛੀ ਮਾਰੀ ਹੈ ਜ਼ੋਰ ਨਾਲ।

***ਸੁੱਖਾ ਸਿੰਘ ਪਰ ਢਾਲ ਸੰਭਾਰੀ॥ ੧੩॥*** ਸੁੱਖਾ ਸਿੰਘ ਨੇ ਢਾਲ ਅੱਗੇ ਕਰਕੇ ਰੋਕਿਆ ਹੈ ਉਸ ਦੀ ਬਰਛੀ ਨੂੰ। ੧੩।

***ਫਿਰ ਸੁੱਖਾ ਸਿੰਘ ਤਲਵਾਰ ਚਲਾਈ॥*** ਫੇਰ ਸੁੱਖਾ ਸਿੰਘ ਨੇ ਤਲਵਾਰ ਚਲਾਈ ਹੈ ਕਰਮੇ ਛੀਨੇ 'ਤੇ।

***ਕਰਮਾ ਦੋ ਥਾ ਕੀਨੋ ਸਾਈ॥*** ਕਰਮੇ ਨੂੰ ਦੋ ਥਾਈਂ ਕਰ ਦਿੱਤਾ ਹੈ, ਦੁਖੰਡ ਕਰ ਦਿੱਤਾ ਹੈ, ਕਰਮੇ ਦੇ ਦੋ ਟੋਟੇ ਕਰ ਦਿੱਤੇ।

***ਇਸੀ ਭਾਂਤ ਸੋ ਕਰਮਾਂ ਮਾਰਾ॥*** ਏਸ ਪ੍ਰਕਾਰ ਕਰਮਾ ਪਹਿਲੇ ਵਾਰ ਨਾਲ ਝਟਕਾ ਦਿੱਤਾ ਹੈ ਸੁੱਖਾ ਸਿੰਘ ਨੇ।

***ਔਰ ਸੁੱਖਾ ਸਿੰਘ ਸੁਨੋ ਅਖਾਰਾ॥ ੧੪॥*** ਸੁੱਖਾ ਸਿੰਘ ਕਿੱਡਾ ਬਹਾਦਰ ਸੀ, ਜੋ ਕਿ ਇਕੱਲਾ ਹੀ ਮੈਦਾਨ ਵਿਚ ਨਿੱਤਰਦਾ ਸੀ। ਹੋਰ ਜੰਗ ਸੁੱਖਾ ਸਿੰਘ ਦਾ ਸੁਣੋ ਤੁਸੀਂ। ਪਹਿਲਾਂ ਇਕੱਲੇ ਨੇ ਗਿਲਜੇ ਨੂੰ ਮਾਰਿਆ ਹੈ, ਹੁਣ ਕਰਮੇ ਛੀਨੇ ਨੂੰ ਇਕੱਲੇ ਨੇ ਮਾਰ ਲਿਆ ਹੈ। ਇਕੱਲਾ-ਇਕੱਲਾ ਹੀ ਲੜਦਾ ਰਿਹਾ ਜਾ ਕੇ, ਕੋਈ ਸਾਥੀ ਨਾਲ ਨਹੀਂ ਲਿਆ, ਐਸੇ ਪ੍ਰਸੰਗ ਹੋਰ ਸੁਣੋ ਤੁਸੀਂ ਅੱਗੇ। ੧੪।

***ਤਬ ਤੁਰਕਨ ਪਾਯੋ ਬੌ ਜੋਰਾ॥*** ਜਦੋਂ ਸਿੰਘ ਇਸ ਤਰ੍ਹਾਂ ਜੰਗਲਾਂ ਤੋਂ ਬਾਹਰ ਨਿਕਲ ਕੇ ਤੁਰਕਾਂ 'ਤੇ ਹੱਥ ਫੇਰਨਾਂ ਸ਼ੁਰੂ ਕੀਤਾ, ਤਾਂ ਤੁਰਕਾਂ ਨੇ ਸਿੰਘਾਂ 'ਤੇ ਬੜਾ ਜ਼ੋਰ ਪਾ ਲਿਆ ਹੈ ਕਿ ਇਹਨਾਂ ਨੂੰ ਕਿਵੇਂ ਕਤਲ ਕਰੀਏ, ਇਹ ਆਮ ਕਹਾਣੀ ਚੱਲ ਪਈ ਸੀ ਕਿ ਸਿੱਖ ਮਾਰਿਆਂ ਨਹੀਂ ਮਰਦੇ, ਮੁਕਦੇ ਹੀ ਨਹੀਂ ਹਨ। ਕਾਜ਼ੀਆਂ ਨੇ ਵੀ ਇਹ ਗੱਲ ਕਹੀ ਕਿ ਆਹ ਬੱਕਰਿਆਂ ਭੇਡੂਆਂ ਨੂੰ ਸਾਰੀ ਦੁਨੀਆਂ ਖਾਂਦੀ ਹੈ, ਇਹਨਾਂ ਦੇ ਇੱਜੜ ਫਿਰਦੇ ਨੇ ਇਹ ਨਹੀਂ ਮੁਕਦੇ, ਇਹ ਕੀ ਕਾਰਨ ਹੈ? ਕਹਿੰਦੇ ਇਹ ਅਗਰ ਸ਼ਹੀਦ ਹੋ ਗਏ ਨੇ। ਇਹ ਲੜਦੇ-ਲੜਦੇ ਜਿੰਦੇ ਸ਼ਹੀਦ ਹੋ ਗਏ ਨੇ, ਇਹ ਨਹੀਂ ਮਾਰੇ ਮੁਕਦੇ ਭਾਵ ਕਿਸੇ 'ਤੇ ਵੀ ਤਲਵਾਰ ਚਲੇ, ਉਹ ਅਮਰ ਹੋ ਜਾਂਦੇ ਨੇ, ਉਹ ਮੌਤ ਤੋਂ ਰਹਿਤ ਹੋ ਜਾਂਦੇ ਨੇ। ਇਹ ਜਿਹੜੀ 'ਸ੍ਰੀ ਸਾਹਿਬ ਹੈ, ਇਹ ਜੀਵਨ ਦਾਤੀ ਹੈ, ਇਹ ਜੀਵਨ ਬਖ਼ਸ਼ ਦਿੰਦੀ ਹੈ। ਇਹਨਾਂ ਨੂੰ ਮੁਕਾਉਂਦੇ-ਮੁਕਾਉਂਦੇ ਅਸੀਂ ਮੁੱਕ ਚੱਲੇ ਹਾਂ। ਮਾਰਦੇ-ਮਾਰਦੇ ਅਸੀਂ ਸਭ ਮਰ ਚੱਲੇ ਹਾਂ, ਇਹ ਕਿਵੇਂ ਮੁਕਣਗੇ? ਕਾਜ਼ੀ ਸਲਾਹ ਦਿੰਦੇ ਹਨ ਕਿ ਇਨ੍ਹਾਂ ਦੇ ਮੁਕਾਉਣ ਦਾ ਇਕ ਰਾਹ ਹੈਗਾ।

***ਦੇਤ ਨ ਨ੍ਹਾਵਨ ਅੰਮ੍ਰਿਤਸਰ ਮੋਰਾ॥*** ਕਹਿੰਦੇ ਇਹ ਅੰਮ੍ਰਿਤਸਰ ਵਿਚ ਨਹਾਉਂਦੇ ਨੇ, ਜਿੰਨੇ ਇਹਨਾਂ ਨੂੰ ਜ਼ਖ਼ਮ ਲਗਦੇ ਨੇ, ਜਿੰਨੀ ਇਹਨਾਂ ਨੂੰ ਕਮਜ਼ੋਰੀ ਆਉਂਦੀ ਹੈ, ਜਦੋਂ ਸਰੋਵਰ ਵਿਚ ਚੁੱਭਾ ਲਾ ਲੈਂਦੇ ਨੇ, ਫੇਰ ਨਵੇਂ-ਨਰੋਏ ਹੋ ਜਾਂਦੇ ਨੇ, ਇਉਂ ਕਾਜ਼ੀ ਅੰਮ੍ਰਿਤਸਰ ਨਹਾਉਣਾ ਬੰਦ ਕਰਨ। ਹੁਣ ਤੁਰਕ ਸਿੰਘਾਂ ਨੂੰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਨਹੀਂ ਕਰਨ ਦਿੰਦੇ।

***ਆਨ ਫੌਜ ਤੁਰਕਨ ਬਹੁ ਰਹੇ॥*** ਅੰਮ੍ਰਿਤ-ਸਰੋਵਰ ਵਿਚ ਸਿੰਘਾਂ ਨੂੰ ਇਸ਼ਨਾਨ ਕਰਨ ਤੋਂ ਰੋਕਣ ਵਾਸਤੇ, ਤੁਰਕਾਂ ਦੀ ਬਹੁਤ ਫ਼ੌਜ ਆ ਕੇ ਏਥੇ ਰਹਿ ਪਈ ਹੈ।

***ਮੇਲੋ ਕਰਨ ਖਾਲਸਾ ਚਹੇ॥ ੧੫॥*** ਓਧਰ ਖਾਲਸਾ ਵੀ ਅੰਮ੍ਰਿਤਸਰ ਵਿਚ ਜੋੜ ਮੇਲਾ ਕਰਨਾ ਚਾਹੁੰਦਾ ਹੈ। ਤੁਰਕ ਵੀ ਅੰਮ੍ਰਿਤ ਸਰੋਵਰ ਨੂੰ ਰੋਕ ਕੇ ਬੈਠੇ ਹਨ ਕਿ ਸਿੰਘ ਏਥੋਂ ਸ਼ਕਤੀ ਲੈਂਦੇ ਹਨ। ਏਥੇ ਇਹਨਾਂ ਦਾ ਆਉਣਾ-ਜਾਣਾ ਤੇ ਨਹਾਉਣਾ ਧੋਣਾ ਬੰਦ ਕਰ ਦੇਈਏ, ਓਧਰ ਸਿੰਘ ਚਾਹੁੰਦੇ ਹਨ, ਕਿਵੇਂ ਤੁਰਕਾਂ ਦੇ ਏਥੋਂ ਉਠਾਈਏ ਡੇਰੇ, ਫੇਰ ਜੋੜ ਮੇਲਾ ਮਨਾਈਏ ਸ੍ਰੀ ਅੰਮ੍ਰਿਤਸਰ। ੧੫।

## ਸਾਖੀ ਸੁੱਖਾ ਸਿੰਘ ਕੀ ਬਹਾਦਰੀ ਕੀ ਹੋਰ ਤੁਰੀ

### (ਭਾਈ ਸੁੱਖਾ ਸਿੰਘ ਨੇ ਦਿਨ ਦਿਹਾੜੇ ਅੰਮ੍ਰਿਤਸਰ ਇਸ਼ਨਾਨ ਕਰਨਾ)

***ਦੋਹਰਾ॥ ਮਨੀ ਸਿੰਘ ਜਬ ਤੇ ਫੜਯੋ ਫਿਰ ਸਿੰਘ ਢੁਕਨ ਨ ਪਾਹਿੰ॥*** ਜਦੋਂ ਤੋਂ ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸ਼ਹੀਦ ਕੀਤਾ ਹੈ, ਤੁਰਕ ਸਿੰਘਾਂ ਨੂੰ ਸ੍ਰੀ ਅੰਮ੍ਰਿਤਸਰ ਦੇ ਨੇੜੇ ਨਹੀਂ ਆਉਣ ਦਿੰਦੇ ਹਨ, ਸਿੰਘ ਨੇੜੇ ਨਾ ਆ ਸਕੇ ਅੰਮ੍ਰਿਤਸਰ ਦੇ।

***ਰਾਤੀਂ ਸਿੰਘ ਮੱਜਨ ਕਰੈਂ, ਹਨੇਰ ਸਵੇਰੇ ਜਾਇ॥੧॥*** ਜਦੋਂ ਮੱਸੇ ਰੰਘੜ ਨੂੰ ਮਾਰ ਲਿਆ ਖਾਲਸੇ ਨੇ, ਤੁਰਕ ਹੁਣ ਉਥੇ ਅੱਡਾ ਜਮਾ ਕੇ ਨਹੀਂ ਬਹਿੰਦੇ, ਪਾਸੇ-ਆਸੇ ਤੁਰਦੇ ਫਿਰਦੇ ਰਹਿੰਦੇ ਹਨ। ਹੁਣ ਕੋਈ ਹਿੰਮਤ ਨਹੀਂ ਕਰਦਾ ਕਿ ਹਰਿਮੰਦਰ

ਸਾਹਿਬ ਵਿਚ ਕੋਈ ਹੋਰ ਦੂਜਾ ਜਾ ਕੇ ਮੰਜਾ ਡਾਹ ਲਵੇ। ਹੁਣ ਸਿੰਘ ਸ੍ਰੀ ਅੰਮ੍ਰਿਤ-ਸਰੋਵਰ ਵਿਚ ਰਾਤ ਨੂੰ ਹਨੇਰੇ-ਸਵੇਰੇ, ਭਾਵ ਵੇਲੇ-ਕੁਵੇਲੇ ਇਸ਼ਨਾਨ ਕਰਦੇ ਹਨ, ਚੁੱਭਾ ਲਾ ਆਉਂਦੇ ਹਨ ਜਾ ਕੇ ਤੇ ਖੜਕਾ ਵੀ ਨਹੀਂ ਕਰਦੇ ਜਲ ਦੇ ਵਿਚ ਹੋਲੀ ਕੁ ਦੇ ਕੇ ਵੜ ਕੇ ਇਸ਼ਨਾਨ ਕਰ ਲੈਂਦੇ ਹਨ।

***ਤੌ ਕਾਜ਼ੀ ਨੇ ਫਿਰ ਕਹਯੋ, 'ਯਹ ਅੰਮ੍ਰਿਤਸਰ ਪਰਤਾਪ॥*** ਇਹ ਕਾਜ਼ੀ ਲਾਏ ਸਨ, ਤੁਸੀਂ ਰੋਕੋ, ਤੁਸੀਂ ਜਿਵੇਂ ਕਰੋ, ਕਹੋ ਫ਼ੌਜ ਨੂੰ, ਫੌਜ ਕਾਜ਼ੀਆਂ ਦੇ ਤਾਬਿਆ ਕਰ ਦਿੱਤੀ। ਜਦੋਂ ਕਾਜ਼ੀਆਂ ਨੇ ਵੇਖਿਆ ਕਿ ਭਾਵੇਂ ਕਿੰਨਾਂ ਪਹਿਰਾ ਰੱਖਿਆ ਹੈ, ਤਾਂ ਕਾਜ਼ੀ ਕਹਿਣ ਲੱਗਾ ਹੈ ਕਿ ਸ੍ਰੀ ਅੰਮ੍ਰਿਤ-ਸਰੋਵਰ ਦਾ ਹੀ ਪ੍ਰਤਾਪ ਹੈ।

***ਥੱਕੇ ਮਾਰ ਬਹੁ ਜਤਨ ਸੋਂ, ਹੋਤ ਨ ਸਿੰਘਨ ਖਾਪ॥ ੨॥*** ਅਸੀਂ ਥੱਕ ਗਏ ਹਾਂ ਬਹੁਤ ਜਤਨ ਕਰਕੇ, ਸਿੰਘਾਂ ਨੂੰ ਮਾਰਦੇ ਮਾਰਦੇ ਇਹਨਾਂ ਦਾ ਖ਼ਾਤਮਾ ਨਹੀਂ ਹੁੰਦਾ। ੨।

***ਚੌਪਈ॥ ਤੌ ਮੁਗਲਨ ਨੇ ਚੌਂਕੀ ਬਹਾਲੀ॥*** ਤਾਂ ਮੁਗਲਾਂ ਨੇ ਤੁਰਕ ਫ਼ੌਜਾਂ ਦੀਆਂ ਚੌਕੀਆਂ ਸ੍ਰੀ ਅੰਮ੍ਰਿਤ-ਸਰੋਵਰ ਕੇ ਚਾਰੋਂ-ਤਰਫ਼ ਬਿਠਾ ਦਿੱਤੀਆਂ ਹਨ, ਪਹਿਰੇ ਲਗਾ ਦਿੱਤੇ ਹਨ।

***ਰਾਤੀਂ ਬਹਨ ਕਰੈਂ ਰਖਵਾਲੀ॥*** ਰਾਤ ਨੂੰ ਪਰਕਰਮਾ ਵਿਚ ਬੈਠ ਕੇ ਰਾਖੀ ਕਰਦੇ ਹਨ ਕਿ ਕੋਈ ਸਿੰਘ ਇਸ਼ਨਾਨ ਨਾ ਕਰ ਜਾਵੇ, ਇਥੋਂ ਕੋਈ ਜਲ ਨ ਛਕ ਜਾਵੇ।

***ਤੌ ਤੁਰਕ ਨੇ ਬੁਰਜ ਬਣਾਏ॥*** ਤਦ ਤੁਰਕਾਂ ਨੇ ਸਰੋਵਰ ਦੇ ਚੌਹੀਂ ਪਾਸੀ ਕੱਚੇ ਬੁਰਜ਼ ਉਸਾਰ ਲਏ ਹਨ ਕਿ ਹੇਠਾਂ ਤਾਂ ਸਿੰਘ ਝਟਕਾ ਜਾਣਗੇ, ਸਾਨੂੰ ਮਾਰ ਕੇ ਇਸ਼ਨਾਨ ਕਰ ਜਾਣਗੇ।

***ਚਾਰੋਂ ਓਰ ਬੰਦੂਕਚੀ ਬਹਾਏ॥ ੩॥*** ਬੁਰਜਾਂ ਦੇ ਵਿਚ ਚਾਰੋਂ-ਤਰਫ ਬੰਦੂਕਾਂ ਵਾਲੇ ਬਿਠਾ ਦਿੱਤੇ ਹਨ ਰਾਖੀ ਕਰਨ ਨੂੰ। ੩।

***ਜਹਿਂ ਅੰਮ੍ਰਿਤ ਹਿਲ ਖੜਕੋ ਹੋਈ॥*** ਜਦੋਂ ਸਿੰਘ ਇਸ਼ਨਾਨ ਕਰਦੇ ਹਨ, ਜਦੋਂ ਅੰਮ੍ਰਿਤ-ਜਲ ਦਾ ਖੜਕਾ ਹੁੰਦਾ ਹੈ, ਅੰਮ੍ਰਿਤ ਜਲ ਹਿੱਲੇ ਤੋਂ।

***ਮਾਰੈਂ ਸ਼ਲਕ ਬੰਦੂਕਨ ਸੋਈ॥*** ਜਿਥੇ ਰਾਤ ਨੂੰ ਖੜਕਾ ਸੁਣਦੇ ਹਨ, ਉਥੇ ਇਕੱਠੀਆਂ ਬੰਦੂਕਾਂ ਦਾ (ਸ਼ਲਕ) ਫਾਇਰ ਕਰਦੇ ਹਨ।

***ਤੌ ਸਿੰਘ ਹੌਲੀ ਹੌਲੀ ਨ੍ਹਾਈਂ॥*** ਤਦ ਸਿੰਘ ਹੌਲੀ-ਹੌਲੀ ਇਸ਼ਨਾਨ ਕਰ ਜਾਂਦੇ ਹਨ, ਪਤਾ ਹੀ ਨਹੀਂ ਲੱਗਣ ਦਿੰਦੇ ਕਿਹੜੇ ਵੇਲੇ ਇਸ਼ਨਾਨ ਕਰ ਜਾਂਦੇ ਨੇ।

***ਤੁਰਕਨ ਅੱਖੀਂ ਘੱਟਾ ਪਾਈਂ॥ ੪॥*** ਤੁਰਕਾਂ ਦੇ ਅੱਖੀਂ ਘੱਟਾ ਪਾ ਜਾਂਦੇ ਹਨ, ਹਨੇਰੀ ਰਾਤ ਹੁੰਦੀ ਹੈ, ਨੇੜੇ ਕੋਈ ਪੈਦਲ ਖੜ੍ਹ ਕੇ ਤਾਂ ਪਹਿਰਾ ਨਹੀਂ ਦਿੰਦੇ ਕਿ ਸਿੰਘ ਮਾਰ ਜਾਣਗੇ ਬਲੀ ਹੁੰਦੇ ਹਨ। ੪।

***ਤੌ ਫਿਰ ਕਾਜੀ ਗੁੱਸਾ ਖਾਯਾ॥*** ਤਦ ਫਿਰ ਕਾਜ਼ੀ ਨੇ ਬੜਾ ਗੁੱਸਾ ਖਾਧਾ ਹੈ ਕਿ ਅਜੇ ਵੀ ਨਹੀਂ ਹਟੇ ਇਸ਼ਨਾਨ ਕਰਨ ਤੋਂ।

***ਡੇਰਾ ਬਹੁ ਫੌਜਨ ਕਾ ਕਰਾਯਾ॥*** ਬਹੁਤ ਫ਼ੌਜਾਂ ਦੇ ਡੇਰੇ ਕਰਵਾ ਦਿੱਤੇ, ਚਾਰ-ਚੁਫੇਰੇ ਫ਼ੌਜ ਦੀ ਛਉਣੀ ਹੀ ਪਾ ਦਿੱਤੀ ਹੈ।

***ਤਬ ਫੁਜਦਾਰ ਉਨ ਕੀਨੋ ਗਰਬ॥*** ਤਦ ਫ਼ੌਜਦਾਰ ਨੇ ਬੜਾ ਹੰਕਾਰ ਕੀਤਾ ਹੈ ਕਿ ਹੁਣ ਆਵੇ ਤਾਂ ਕੋਈ ਇਸ਼ਨਾਨ ਕਰਨ ਵਾਸਤੇ।

***ਲਿਖ ਭੇਜਯੋ ਜਹਿਂ ਖਾਲਸਾ ਸਰਬ॥ ੫॥*** ਖਾਲਸਾ ਪੰਥ ਜੰਗਲਾਂ ਵਿਚ ਵਿਚਰ ਰਿਹਾ ਸੀ, ਜਿਥੇ ਸਰਬਤ ਖਾਲਸਾ ਪੜਾਉ ਲਾਉਂਦਾ ਸੀ, ਵਹੀਰ ਸੀ, ਨਿਸ਼ਾਨ ਨਗਾਰੇ ਸਨ, ਉਥੇ ਚਿੱਠੀ ਲਿਖ ਕੇ ਭੇਜ ਦਿੱਤੀ ਫ਼ੌਜਦਾਰ ਨੇ। ੫।

***ਦੋਹਰਾ॥ ਤੁਮ ਸਿੰਘ ਕਹਾਵੋ ਸੂਰ ਬਡ, ਔ ਕਹਾਵੋ ਗੁਰੂ ਕੇ ਲਾਲ॥*** ਚਿੱਠੀ ਵਿਚ ਲਿਖਿਆ ਹੈ, 'ਖਾਲਸਾ ਜੀ! ਤੁਸੀਂ ਆਪਣੇ ਆਪ ਨੂੰ ਸ਼ੇਰ ਕਹਾਉਂਦੇ ਹੋ, ਬੜੇ ਜ਼ੋਰਾਵਰ ਬਹਾਦਰ ਕਹਾਉਂਦੇ ਹੋ ਅਤੇ ਨਾਲ ਹੀ ਕਹਿੰਦੇ ਹੋ, ਅਸੀਂ ਗੁਰੂ ਕੇ ਲਾਲ ਹਾਂ, ਗੁਰੂ ਕੇ ਪਿਆਰੇ ਹਾਂ ਅਸੀਂ।

***ਤੌ ਜਾਣੌਂ ਮੈਂ ਸੂਰਮੇਂ ਆਇ ਨ੍ਹਾਵੋ ਅੰਮ੍ਰਿਤਸਰ ਚਾਲ॥ ੬॥*** ਮੈਂ ਤੁਹਾਨੂੰ ਤਾਂ ਸੂਰਵੀਰ ਯੋਧੇ ਜਾਣਾਂਗਾ; ਜੇ ਤੁਸੀਂ ਦਿਨੇ ਆ ਕੇ ਅੰਮ੍ਰਿਤਸਰ ਇਸ਼ਨਾਨ ਕਰਕੇ ਵਿਖਾਓ ਤਾਂ। ੬।

***ਚੌਪਈ॥ ਸੁਨਤ ਖਾਲਸੋ ਸਭ ਚੁਪ ਰਹਯੋ॥*** ਚਿੱਠੀ ਨੂੰ ਸੁਣ ਕੇ ਸਭੀ ਖਾਲਸਾ ਚੁੱਪ ਕਰ ਰਹਿਆ।

***ਇਸ ਕੋ ਉਤਰ ਕਿਨੈ ਨ ਕਹਯੋ॥*** ਕਿਸੇ ਨੇ ਉੱਤਰ ਨਾ ਦਿੱਤਾ ਇਸ ਗੱਲ ਦਾ ਕਿ ਅਸੀਂ ਆਉਂਦੇ ਹਾਂ ਇਸ਼ਨਾਨ ਕਰਨ ਜਾਂ ਨਹੀਂ ਆਉਂਦੇ।

***ਤਬ ਸੁੱਖਾ ਸਿੰਘ ਬੋਲ ਸੁਣਾਯਾ॥*** ਚਿੱਠੀ ਲਿਆਉਣ ਵਾਲੇ ਹਲਕਾਰੇ ਨੂੰ ਇਉਂ ਬੋਲ ਕੇ ਸੁਣਾਇਆ।

***'ਹੋਹੁ ਤਕੜੋ ਅਬ ਖਾਲਸੋ ਆਯਾ' ॥ ੭॥*** ਜਾ ਕੇ ਕਹਿ ਦਿਓ, ਫੌਜਦਾਰਾਂ ਨੂੰ ਕਿ ਤਕੜੇ ਹੋ ਜਾਣ 'ਹੁਣ ਖਾਲਸਾ ਆਵੇਗਾ ਇਸਨਾਨ ਕਰਨ ਨੂੰ, ਉਨ੍ਹਾਂ ਲਿਖਿਆ ਹੈ 'ਦਿਨੇ ਨਹਾ ਕੇ ਵਿਖਾਓ ਤਾਂ, ਰਾਤ ਨੂੰ ਚੋਰੀ-ਚੋਰੀ ਕਾਹਦਾ ਨਹਾਉਣ ਹੁੰਦਾ ਹੈ!' ਸੁੱਖਾ ਸਿੰਘ ਨੇ ਹਲਕਾਰੇ ਨੂੰ ਕਹਿ ਦਿੱਤਾ ਕਿ ਅਸੀਂ ਦਿਨੇ ਆ ਕੇ ਇਸ਼ਨਾਨ ਕਰਾਂਗੇ। ੭।

***ਸੋਊ ਜਾਇ ਜਸੂਸੀ ਕਹੀ॥*** ਉਸ ਜਸੂਸ ਨੇ ਜਾ ਕੇ ਜਸੂਸੀ ਕਰ ਦਿੱਤੀ ਕਿ ਤਕੜੇ ਹੋ ਜਾਓ, ਉਹ ਦਿਨੇ ਆ ਕੇ ਇਸ਼ਨਾਨ ਕਰਨਗੇ।

***ਤਬ ਤੁਰਕਨ ਕੋ ਚਿੰਤਾ ਪਈ॥*** ਤਦ ਤੁਰਕਾਂ ਨੂੰ ਇਹ ਸੁਣ ਕੇ ਫ਼ਿਕਰ ਪੈ ਗਿਆ ਹੈ ਕਿ ਆਹ ਤਾਂ ਕਸੂਤਾ ਹੀ ਕੰਮ ਛੇੜ ਲਿਆ ਹੈ। ਉਹ ਤਾਂ ਜ਼ਰੂਰ ਆਉਣਗੇ, ਹੁਣ ਜਦੋਂ ਕਹਿ ਦਿੱਤਾ ਹੈ, ਹੁਣ ਮੁਕਰਨਾਂ ਥੋੜ੍ਹਾ ਹੈ, ਇਹ ਥੋੜ੍ਹਾ ਕਿ ਕਹਿ ਕੇ ਪਿੱਛੇ ਹਟ ਜਾਣਗੇ, ਯਕੀਨ ਸੀ ਉਨ੍ਹਾਂ ਨੂੰ ਕਿ ਸਿੰਘ ਤਾਂ ਜ਼ਰੂਰ ਆਉਣਗੇ।

***ਊਚੇ ਟਾਂਗੂ ਦੀਏ ਚੜ੍ਹਾਇ॥*** ਉੱਚੇ ਬੁਰਜਾਂ ਦੇ ਉੱਤੇ (ਟਾਂਗੂ) ਸੂਹੀਏ ਚੜ੍ਹਾ ਦਿੱਤੇ ਹਨ। ਟਾਂਗੂ=ਬ੍ਰਿਛ 'ਤੇ ਜਾ ਉੱਚੇ ਥਾਂ 'ਤੇ ਬਿਠਾਇਆ ਸੂਹੀਆ, ਜੋ ਆਉਂਦੇ ਦੁਸ਼ਮਨ ਨੂੰ ਦੂਰੋਂ ਵੇਖ ਕੇ ਖ਼ਬਰ ਕਰਦਾ ਸੀ।

***ਮਤ ਈਹਾਂ ਸਿੰਘ ਪੜੈਗੇ ਆਇ॥ ੮॥*** ਮਤਾਂ ਸਿੰਘ ਏਥੇ ਸਾਡੇ 'ਤੇ ਹੱਲਾ ਕਰ ਦੇਣ ਆ ਕੇ। ੮।

***ਬਹੁਤ ਕਹੈਂ ਈਹਾਂ ਆਵੈ ਕੌਣ॥*** ਤੁਰਕ ਆਪਸ ਵਿਚ ਗੱਲਾਂ ਕਰਦੇ ਹਨ ਕਿ ਏਥੇ ਕਿਸ ਨੇ ਆਉਣਾ ਹੈ? ਏਨੀ ਫ਼ੌਜ ਉੱਤਰੀ ਹੋਈ ਹੈ। ਕਿਹੜਾ ਆਵੇਗਾ ਏਥੇ ਦਿਨੇ ਨਹਾਉਣ ਵਾਸਤੇ।

***ਈਹਾਂ ਆਵਨ ਕਯਾ ਆਵਾਗੌਣ?*** ਏਥੇ ਆਉਣਾ ਜਾਣਾ ਕੀ ਮਮੂਲੀ ਗੱਲ ਹੈ, ਏਨੀ ਫ਼ੌਜ ਦੇ ਬੈਠਿਆਂ ਏਥੇ ਕੌਣ ਆ ਸਕਦਾ ਹੈ?

***ਈਹਾਂ ਰਾਤ ਕੋ ਢੁਕਨ ਨ ਪਾਵੈਂ॥*** ਏਥੇ ਤਾਂ ਰਾਤ ਨੂੰ ਨਹੀਂ ਕੋਈ ਢੁਕ ਸਕਦਾ ਨੇੜੇ, ਏਥੇ ਤਾਂ ਰਾਤ ਨੂੰ ਵੀ ਕੋਈ ਸਰੋਵਰ ਦੇ ਨੇੜੇ ਨਹੀਂ ਆ ਸਕਦਾ ਹੈ।

***ਪੰਛੀ ਨੀਰ ਦਿਨ ਪੀਣ ਨ ਪਾਵੈਂ॥ ੯॥*** ਦਿਨੇ ਤਾਂ ਪੰਛੀ ਵੀ ਸਰੋਵਰ ਵਿਚੋਂ ਪਾਣੀ ਨਹੀਂ ਪੀ ਸਕਦਾ। ਦੇਖ ਲਉ ਤੁਰਕ ਐਸਾ ਪਹਿਰਾ ਰੱਖਦੇ ਸਨ ਕਿ ਕਿਤੇ ਪੰਛੀ ਦਾ ਰੂਪ ਧਾਰ ਕੇ ਨਾ ਨਹਾ ਜਾਣ। ਪੰਛੀ ਦਾ ਰੂਪ ਧਾਰ ਕੇ ਕਿਤੇ ਅੰਮ੍ਰਿਤ ਦਾ ਚੁਲਾ ਨਾ ਪੀ ਜਾਣ। ਜੇ ਜਾਨਵਰ ਪਾਣੀ ਪੀਂਦਾ ਹੈ, ਤਾਂ ਉਸ ਨੂੰ ਵੀ ਫਾਇਰ ਨਾਲ ਓਥੇ ਹੀ ਮਾਰ ਦਿੰਦੇ ਸੀ ਤੁਰਕ। ੯।

***ਦੋਹਰਾ॥ ਆਗੇ ਤੇ ਉਨ ਦਸ ਗੁਣੀ ਕਰੀ ਤਕੜਾਈ ਤਿੱਤ॥*** ਜਿਵੇਂ ਅੱਗੇ ਉਹ ਰਾਖੀ ਕਰਦੇ ਸਨ, ਉਸ ਦਿਨ ਤੋਂ ਅੱਗੇ ਨਾਲੋਂ ਵੀ ਦਸ ਗੁਣਾ ਜ਼ਿਆਦਾ ਤਕੜਾਈ ਕਰ ਦਿੱਤੀ ਹੈ ਉਥੇ ਤੁਰਕਾਂ ਨੇ, ਐਸੇ ਖ਼ਬਰਦਾਰ ਹੋ ਗਏ ਹਨ।

***ਸੁਣੋ ਸੁ ਆਵਨ ਸਿੰਘ ਕੋ ਆਯੋ ਥੋ ਢਬ ਜਿੱਤ॥ ੧੦॥*** ਹੇ ਗੁਰਸਿੱਖੋ! ਸੁਣੋ! ਭਾਈ ਸੁੱਖਾ ਸਿੰਘ ਨੇ ਜੋ ਸ੍ਰੀ ਅੰਮ੍ਰਿਤਸਰ ਆਉਣ ਦਾ ਢੰਗ ਸੋਚਿਆ। ੧੦।

***ਸੁੱਖਾ ਸਿੰਘ ਤਬ ਯੌਂ ਕਹਯੋ 'ਰਾਤ ਨ੍ਹਾਉਂ ਤਬ ਚੋਰ॥*** ਸੁੱਖਾ ਸਿੰਘ ਤਦੋਂ ਇਉਂ ਆਖਿਆ ਕਿ ਜੇ ਮੈਂ ਰਾਤ ਨੂੰ ਅੰਮ੍ਰਿਤਸਰ

ਵਿਚ ਇਸ਼ਨਾਨ ਕਰਾਂਗਾ, ਤਾਂ ਤੁਰਕ ਆਖਣਗੇ ਕਿ ਚੋਰੀ ਨਹਾ ਗਿਆ ਹੈ, ਦਿਨੇ ਤਾਂ ਆਇਆ ਹੀ ਨਹੀਂ।

***ਨ੍ਹਾਵੌਂਗੋ ਮੈਂ ਦਿਨ ਬਿਖੈ ਸ੍ਰੀ ਸਤਿਗੁਰ ਕੇ ਜ਼ੋਰ॥ ੧੧॥*** ਮੈਂ ਸਤਿਗੁਰ ਦੇ ਬਲ ਪ੍ਰਤਾਪ ਨਾਲ ਦਿਨੇ ਹੀ ਨਹਾਵਾਂਗਾ ਅੰਮ੍ਰਿਤ ਸਰੋਵਰ ਵਿਚ, ਤਾਂ ਕਿ ਤੁਰਕਾਂ ਨੂੰ ਪਤਾ ਲੱਗ ਜਾਏ। ੧੧।

***ਚੌਪਈ॥ ਤਬੈ ਖਾਲਸੇ ਭਲੀ ਮਨਾਈ॥*** ਤਦ ਖਾਲਸੇ ਪੰਥ ਨੇ ਸੁੱਖਾ ਸਿੰਘ ਦਾ ਭਲਾ ਮਨਾਇਆ।

***'ਸਤਿਗੁਰ ਪੈਜ ਰਖੇ ਤੁਵ ਭਾਈ॥*** ਸਿੰਘਾਂ ਨੇ ਅਰਦਾਸ ਕਰ ਦਿੱਤੀ ਹੈ ਕਿ ਸਤਿਗੁਰੂ ਜੀ ਤੇਰੀ ਲੱਜਿਆ ਰੱਖਣ ਤੇਰੀ ਪੈਜ਼ ਰੱਖਣ, ਤੇਰੀ ਚੜ੍ਹਦੀ ਕਲਾ ਹੋਵੇ, ਇਉਂ ਪੰਜ ਸਿੰਘਾਂ ਤੋਂ ਅਰਦਾਸ ਕਰਵਾ ਲਈ ਸੁੱਖਾ ਸਿੰਘ ਨੇ।

***ਯਹ ਹੈ ਸਿਰੋਂ ਪਰੇ ਕੀ ਬਾਤ॥*** ਭਾਈ ਸੁੱਖਾ ਸਿੰਘਾ! ਤੇਰਾ ਸਾਥ ਤਾਂ ਕਰਦੇ ਪਰ ਆਹ ਤੂੰ ਸਿਰ ਤੋਂ ਪਰ੍ਹੇ ਦੀ ਗੱਲ ਕਹਿ ਦਿੱਤੀ ਹੈ ਕਿ ਦਿਨੇ ਹੀ ਆਵਾਂਗੇ ਅਸੀਂ, ਤੁਸੀਂ ਰੋਕ ਕੇ ਵਿਖਾਇਓ। ਰਾਤ ਨੂੰ ਜੇ ਤੂੰ ਕਹਿ ਦਿੰਦਾ, ਤਾਂ ਅਸੀਂ ਤੇਰਾ ਸਾਥ ਕਰਦੇ, ਤੇਰੇ ਨਾਲ ਚਲਦੇ।

***ਕੌਣ ਸਕੈ ਕਰ ਤੁਮਰੋ ਸਾਥ'?॥ ੧੨॥*** ਕੌਣ ਤੇਰਾ ਸਾਥ ਕਰ ਸਕੇਗਾ? ਕੌਣ ਤੇਰੇ ਨਾਲ ਹੱਥ ਵਟਾਇਗਾ?। ੧੨।

***ਦੋਹਰਾ॥ ਤੁਰਕਨ ਜਿਉਂ ਮੁੰਡਾਸਾ ਬੰਧਿਓ, ਲਈ ਸੁ ਹਾਥ ਕਮਾਨ॥*** ਭਾਈ ਸੁੱਖਾ ਸਿੰਘ ਨੇ ਤੁਰਕਾਂ ਦੀ ਤਰ੍ਹਾਂ, ਜਿਵੇਂ ਉਹ (ਮੁੰਡਾਸਾ) ਪੋਲੀ ਜਿਹੀ ਪੱਗ ਤੁਰਲੇ ਵਾਲੀ ਬੰਨ੍ਹਦੇ, ਸੁੱਖਾ ਸਿੰਘ ਓਵੇਂ ਜਿਹੇ ਵਲੇਟ ਲਿਆ ਦੁਮਾਲੇ ਦੇ ਉਪਰੋਂ ਦੀ, ਹੱਥ ਵਿਚ ਕਮਾਨੈ ਫੜ ਲਈ ਹੈ।

***ਸਵਾ ਪਹਿਰ ਦਿਨ ਜਬ ਰਹਯੋ, ਲਹੌਰ ਰਾਹੁ ਲੀਓ ਆਨ॥ ੧੩॥*** ਦੁਪਹਿਰ ਤੋਂ ਬਾਅਦ ਜਦੋਂ ਸਵਾ ਪਹਿਰ ਦਾ ਦਿਨ ਰਹਿ ਗਿਆ ਹੈ ਨਾ, ਏਥੇ ਹੀ ਲਹੌਰ ਦੇ ਆਸੇ-ਪਾਸੇ ਅੰਮ੍ਰਿਤਸਰ ਦੇ ਸੱਜੇ-ਖੱਬੇ ਜੰਗਲ ਦੇ ਵਿਚ ਸਿੰਘ ਰਹਿੰਦੇ ਸਨ। ਜੰਗਲ ਵਿੱਚੋਂ ਨਿਕਲ ਕੇ ਸੁੱਖਾ ਸਿੰਘ ਇਕੱਲਾ ਹੀ ਲਹੌਰ ਦੇ ਰਸਤੇ ਅੰਮ੍ਰਿਤਸਰ ਨੂੰ ਆਇਆ ਹੈ, ਲਹੌਰ ਤੋਂ ਅੰਮ੍ਰਿਤਸਰ ਦਾ ਰਸਤਾ ਆ ਫੜਿਆ। ੧੩।

***ਚੌਪਈ॥ ਸਰਾਂ ਰਸਤੇ ਢਿਗ ਆਯੋ ਤਲਾਇ॥*** ਸਰਾਂ ਵਾਲਾ ਰਾਹ, ਜਿਹੜਾ ਏਸ ਰਸਤੇ ਆਇਆ ਹੈ ਸਰੋਵਰ ਵੱਲ ਨੂੰ।

***ਜਲ ਪੀਵਨ ਕੋ ਕਰਯੋ ਬਲਾਇ॥*** ਘੋੜੇ ਨੂੰ ਪਾਣੀ ਪਿਲਾਉਣ ਦਾ ਬਹਾਨਾ ਬਣਾ ਕੇ, ਉਤੇ ਚੜ੍ਹਿਆ ਚੜ੍ਹਾਇਆ ਅੱਗੇ ਆ ਗਿਆ।

***ਆਗੇ ਕਰਕੇ ਅੰਮ੍ਰਿਤ ਪਿਲਾਯਾ॥*** ਸਰੋਵਰ ਤੇ ਹੁਣ ਤਾਂ ਪਉੜੀਆਂ ਬਣੀਆਂ ਹੋਈਆਂ ਹਨ, ਉਦੋਂ ਘਾਟ ਹੁੰਦੇ ਸਨ, ਗਊ ਘਾਟ ਹੁੰਦਾ ਸੀ, ਬ੍ਰਹਮ-ਬੂਟੇ ਵੱਲ ਦੀ, ਉਥੋਂ ਦੀ ਗਊਆਂ ਪਾਣੀ ਪੀਂਦੀਆਂ ਵੇਖੀਆਂ ਹਨ। ਘੋੜੇ ਨੂੰ ਅੱਗੇ ਨੂੰ ਅੱਗੇ ਕਰਕੇ ਅੰਮ੍ਰਿਤ ਜਲ ਛਕਾਇਆ ਹੈ ਸਰੋਵਰ ਵਿੱਚੋਂ।

***ਉਤਰ ਘੋੜੇ ਤੇ ਚੁੱਭਾ ਲਾਯਾ॥ ੧੪॥*** ਜਦੋਂ ਘੋੜਾ ਸਰੋਵਰ ਵਿਚ ਵੜ ਗਿਆ ਹੈ, ਤਾਂ ਸੁੱਖਾ ਸਿੰਘ ਘੋੜੇ ਤੋਂ ਉੱਤਰ ਕੇ ਬੜੀ ਛੇਤੀ ਨਾਲ ਸਰੋਵਰ ਵਿਚ ਚੁੱਭਾ ਲਾਇਆ ਹੈ ਸਮੇਤ ਸ਼ਸਤ੍ਰਾਂ-ਬਸਤ੍ਰਾਂ ਦੇ। ੧੪।

***ਸਿਰੋਂ ਮੁੰਦਾਸਾ ਦੂਰ ਸੁ ਕੀਨਾ॥*** ਚੁੱਭਾ ਲਾ ਕੇ ਸਰੋਵਰ ਵਿਚ ਸਿਰ ਤੋਂ ਤੁਰਕਾਂ ਵਾਲਾ ਪੱਗੜ ਜਿਹਾ ਉਤਾਰ ਦਿੱਤਾ ਹੈ।

***ਤਬ ਤੁਰਕਨ ਨੈ ਅਚੰਭਾ ਚੀਨਾ॥*** ਜਦੋਂ ਹੇਠਾਂ ਦੁਮਾਲੇ ਤੇ ਚਕਰਾਂ ਨੇ ਲਿਸ਼ਕਾਰਾ ਮਾਰਿਆ ਤੇ ਚਕਰ ਸਜੇ ਵੇਖੇ, ਤਾਂ ਤੁਰਕਾਂ ਨੇ ਅਚੰਭਾ ਜਾਣਿਆ ਹੈ, ਹੈਰਾਨ ਹੋਏ ਹਨ, ਹੈਂ ਖਾਲਸਾ ਹੈ! ਭਾਵ ਉਨ੍ਹਾਂ ਨੂੰ ਤਾਂ ਯਕੀਨ ਨਹੀਂ ਸੀ ਆਉਂਦਾ ਕਿ ਏਨੀ ਹਿੰਮਤ ਕੌਣ ਕਰੇਗਾ? ਜਦੋਂ ਵੇਖਿਆ ਸਿੰਘ ਹੈ, ਤਾਂ ਹੈਰਾਨ-ਪ੍ਰੇਸ਼ਾਨ ਹੋ ਗਏ ਤੁਰਕ ਵੇਖ ਕੇ ਸੁੱਖਾ ਸਿੰਘ ਨੂੰ।

***ਘੋੜੇ ਸੌਂ ਇਨ ਕੀਆ ਸ਼ਨਾਨ॥*** ਕਹਿੰਦੇ ਸਮੇਤ ਘੋੜੇ ਦੇ ਹੀ ਇਸ਼ਨਾਨ ਕਰ ਲਿਆ ਹੈ ਇਸ ਨੇ, ਇਥੇ ਤਾਂ ਪਾਬੰਦੀ ਹੈ ਕਿ ਕੋਈ ਨਹਾ ਕੇ ਵਿਖਾਏ ਦਿਨੇ।

***ਹੈ ਹਿੰਦੂ ਨਹਿ ਮੁਸਲਮਾਨ॥ ੧੫॥*** ਸਿੰਘਾਂ ਨੂੰ ਵੀ ਤੇ ਜਿਹੜੇ ਆਮ ਜ਼ਿਮੀਦਾਰ ਸਨ, ਸਭ ਨੂੰ ਤੁਰਕ ਹਿੰਦੂ ਹੀ ਕਹਿੰਦੇ

ਸਨ ਕਹਿੰਦੇ ਹਨ ਕਿ ਹੈ ਹਿੰਦੂ ਮੁਸਲਮਾਨ ਨਹੀਂ।

***ਤੌ ਲੌਂ ਸਿੰਘ 'ਅਕਾਲ' ਉਚਾਰਾ॥*** ਅਜੇ ਤੁਰਕ ਏਸ ਤਰ੍ਹਾਂ ਸੋਚਦੇ ਹੀ ਸਨ, ਉਦੋਂ ਨੂੰ ਸੁੱਖਾ ਸਿੰਘ ਨੇ 'ਸਤਿ ਸ੍ਰੀ ਅਕਾਲ ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾ ਦਿੱਤਾ।

***ਪਗੜੇ ਸਣੈਂ ਸੁ ਚੁਭਾ ਮਾਰਾ॥*** ਸਣੇ ਦੁਮਾਲੇ ਦੇ ਫੇਰ ਚੁੱਭਾ ਲਾਇਆ ਹੈ ਸਰੋਵਰ ਵਿਚ।

***ਸਿੰਘ ਨਿਕਲ ਫਿਰ ਬਾਹਰ ਆਯਾ॥*** ਦੋਵੇਂ ਚੁੱਭੇ ਲਾ ਕੇ ਸੁੱਖਾ ਸਿੰਘ ਸਰੋਵਰ 'ਚੋਂ ਬਾਹਰ ਨਿਕਲ ਆਇਆ ਹੈ, ਘੋੜੇ 'ਤੇ ਚੜ੍ਹ ਕੇ।

***ਤੁਰਕਨ ਕੋ ਲਲਕਾਰ ਸੁਨਾਯਾ॥ ੧੬॥*** ਤੁਰਕਾਂ ਨੂੰ ਲਲਕਾਰ ਕੇ ਖ਼ਬਰਦਾਰ ਕੀਤਾ। ੧੬।

***'ਆਵੋ ਕੋ ਸਨਮੁਖ ਹਮ ਪਾਹੀ॥*** ਮੇਰੇ ਸਾਹਮਣੇ ਆਵੋ, ਕੋਈ ਰੋਕੋ ਮੈਨੂੰ ਕਿਹੜਾ ਰੋਕਦਾ ਹੈ।

***ਨਹੀਂ ਤੌ ਭਜੋ ਛਡ ਹਮਰੋ ਰਾਹੀ'॥*** ਨਹੀਂ ਤਾ ਮੇਰਾ ਰਾਹ ਛੱਡ ਕੇ ਭੱਜ ਜਾਓ, ਮੈਂ ਆ ਰਿਹਾ ਹਾਂ।

***ਕਾਢ ਤੇਗ ਜਬ ਸਿੰਘ ਚਮਕਾਈ॥*** ਜਦੋਂ ਮਿਆਨ ਵਿੱਚੋਂ ਸਿੰਘ ਨੇ ਤਲਵਾਰ ਖਿੱਚ ਕੇ ਉਤਾਂਹ ਚੁੱਕੀ ਹੈ ਤੇ ਚਮਕਾਰਾ ਮਾਰਿਆ ਹੈ ਤਲਵਾਰ ਨੇ।

***ਕੋ ਨ ਠਹਰਯੋ ਸਭ ਗਏ ਧਾਈ॥ ੧੭॥*** ਕੋਈ ਤੁਰਕ ਨਹੀਂ ਖੜ੍ਹਾ ਉਥੇ ਸਭ ਭੱਜ ਗਏ ਹਨ। ੧੭।

***ਦੋਹਰਾ॥ ਐਧਰ ਓਧਰ ਹੋ ਗਏ ਛਾਡ ਦਯੋ ਉਨ ਰਾਹਿ॥*** ਸਭ ਤੁਰਕ ਡਰਦੇ ਏਧਰ-ਓਧਰ ਹੋ ਗਏ ਹਨ, ਘੋੜੇ ਦੇ ਲੰਘਣ ਵਾਸਤੇ ਉਨ੍ਹਾਂ ਨੇ ਰਾਹ ਛੱਡ ਦਿੱਤਾ।

***ਤੀਰ ਸੁ ਗੋਲੀ ਤਿਨ ਘਨੀ, ਪਾਛੇ ਦਈ ਚਲਾਇ॥ ੧੮॥*** ਘੋੜੇ ਨੂੰ ਅੱਡੀ ਲਾਈ ਹੈ ਸੁੱਖਾ ਸਿੰਘ ਨੇ, ਘੋੜਾ ਹਵਾ ਦੀ ਰਫਤਾਰ ਗਿਆ ਹੈ, ਉਨ੍ਹਾਂ ਦੇ ਵਿਚ ਦੀ, ਪਿੱਛੋਂ ਤੀਰ ਤੇ ਗੋਲੀਆਂ ਬਹੁਤੀਆਂ ਚਲਾ ਦਿੱਤੀਆਂ ਹਨ ਤੁਰਕਾਂ ਨੇ। ੧੮।

***ਚੌਪਈ॥ ਤੀਰ ਗੋਲੀ ਕੋਊ ਨਾਹਨ ਲਾਗੀ॥*** ਕੋਈ ਤੀਰ ਗੋਲੀ ਨਹੀਂ ਲੱਗਿਆ ਸੁੱਖਾ ਸਿੰਘ ਨੂੰ।

***ਸਿੰਘ ਕੋ ਘੋੜਾ ਲਾਂਘਯੋ ਆਗੀ॥*** ਭਾਈ ਸੁੱਖਾ ਸਿੰਘ ਦਾ ਘੋੜਾ ਪਹਿਲਾਂ ਹੀ ਛਾਲਾਂ ਮਾਰ ਕੇ ਅੱਗੇ ਲੰਘ ਗਿਆ।

***ਪੀਛੇ ਲਗੇ ਤੇਊ ਸਕੇ ਨ ਮੇਲ॥*** ਜਿਹੜੇ ਪਿੱਛਾ ਕਰਦੇ ਹਨ, ਉਹ ਘੋੜੇ ਨਾਲ ਕਿਵੇਂ ਰਲ ਸਕਦੇ ਹਨ, ਇਕ ਦੀ ਦੌੜ ਲਗ ਚੁੱਕੀ ਹੈ, ਇਕ ਮਗਰੋਂ ਹੁਣ ਦਲੀਲਾਂ ਕਰਦੇ ਹਨ, ਭਜਾਈਏ ਪਿੱਛਾ ਕਰੀਏ, ਏਨੇ ਨੂੰ ਤਾਂ ਸਿੰਘ ਕਿਤੇ ਦਾ ਕਿਤੇ ਚਲਿਆ ਗਿਆ ਹੈ, ਜਿਹੜੇ ਤੁਰਕ ਸੁੱਖਾ ਸਿੰਘ ਦੇ ਪਿੱਛੇ ਲੱਗੇ ਹਨ, ਉਨ੍ਹਾਂ ਦਾ ਸੁੱਖਾ ਸਿੰਘ ਨਾਲ ਮੇਲ ਨਹੀਂ ਹੋਇਆ।

***ਇਸ ਬਿਧ ਸਿੰਘ ਜੀ ਖੇਡੀ ਖੇਲ॥ ੧੯॥*** ਇਸ ਪ੍ਰਕਾਰ ਭਾਈ ਸੁੱਖਾ ਸਿੰਘ ਜੀ ਖੇਡ-ਖੇਡ ਗਿਆ ਹੈ। ਸਾਰਿਆਂ ਦੇ ਸਾਹਮਣੇ, ਜੋ ਬਚਨ ਕੀਤਾ ਸੀ ਕਿ ਖਾਲਸਾ ਦਿਨੇ ਆ ਕੇ ਇਸ਼ਨਾਨ ਕਰੇਗਾ, ਉਹ ਪੂਰਾ ਕਰ ਕੇ ਵਿਖਾ ਦਿੱਤਾ ਹੈ। ੧੯।

## ਸਾਖੀ ਮਤਾਬ ਕੇ ਕੋਟ ਕੀ

### (ਮਤਾਬ ਦੇ ਕੋਟ ਦੇ ਸਿੰਘਾਂ ਪਰ ਤੁਰਕਾਂ ਦਾ ਹੱਲਾ ਤੇ ਉਨ੍ਹਾਂ ਦਾ ਮਾਰਿਆ ਜਾਣਾ)

***ਕੁੰਡਲੀਆਂ॥ਘੱਲ ਸਿਪਾਹੀ ਸਦ ਲਈ, ਰਈਅਤ ਸਭੀ ਨਿਬਾਬ॥*** ਨਵਾਬ ਖ਼ਾਨ ਬਹਾਦਰ ਨੇ ਆਪਣੇ ਸਿਪਾਹੀ ਭੇਜ ਕੇ ਸਾਰੀ ਪਰਜ਼ਾ ਨੂੰ ਬੁਲਾ ਲਿਆ ਹੈ।

***ਰਤਨ ਸਿੰਘ ਤੇ ਸੋ ਸੁਨੋਂ ਜੋ ਉਨ ਦੀਓ ਅਵਾਜ਼॥*** ਭਾਈ ਰਤਨ ਸਿੰਘ ਤੋਂ ਅੱਗੇ ਸੁਣੋਂ ਜੋ ਖ਼ਾਨ ਬਹਾਦਰ ਨੇ ਸਾਰੀ ਰਈਅਤ ਨੂੰ ਅਵਾਜ਼ ਦਿੱਤੀ ਹੈ, ਜੋ ਪਰਜ਼ਾ ਨੂੰ ਹੁਕਮ ਦਿੱਤਾ।

***ਜੋ ਉਨ ਦੀਓ ਅਵਾਜ਼ ਸੋਊ ਸਭ ਲਿਖਯੋ ਨ ਜਾਵੈ॥*** ਜਿਹੜੀ ਉਸ ਨੇ ਅਵਾਜ਼ ਦਿੱਤੀ, ਜੋ ਉਸ ਨੇ ਲੋਕਾਂ ਨੂੰ ਡਰਾਇਆ ਧਮਕਾਇਆ, ਉਹ ਸਾਰਾ ਲਿਖਿਆ ਨਹੀਂ ਜਾ ਸਕਦਾ, ਐਸਾ ਉਸ ਨੇ ਘੂਰਿਆ ਹੈ ਸਭ ਨੂੰ।

***ਆਪ ਥਕਯੋ ਦੈ ਦੁੱਖ ਔਰ ਸਭ ਲੋਕ ਸਿਖਾਵੈ॥*** ਆਪ ਤਾਂ ਖਾਲਸੇ ਨੂੰ ਦੁਖ ਦੇ-ਦੇ ਕੇ ਥੱਕ ਗਿਆ ਹੈ। ਕੋਈ ਵਾਹ ਨਹੀਂ ਜਾਂਦੀ ਹੈ ਨਵਾਬ ਦੀ ਤੇ ਹੁਣ ਹੋਰ ਲੋਕਾਂ ਨੂੰ ਸਿਖਾਉਂਦਾ ਹੈ ,ਤੁਸੀਂ ਇਉਂ ਕਰੋ, ਤੁਸੀਂ ਇਉਂ ਰੋਕੋ ਸਿੰਘ ਨੂੰ, ਇਸ ਤਰ੍ਹਾਂ ਮਾਰ ਲਉ।

***ਬਹਾਵਲ ਲੁਟੀ ਪੰਜਾਬ ਕਸ਼ਮੀਰ ਸੋ ਪਰਬਤ ਵੱਲ॥*** ਕਸ਼ਮੀਰ, ਪੰਜਾਬ, ਬਹਾਵਲਪੁਰ, ਪਿਸ਼ੌਰ ਤੇ ਪਹਾੜਾਂ ਵੱਲ ਦਾ ਸਭ ਇਲਾਕਾ ਲੁੱਟ ਲਿਆ ਹੈ ਖਾਲਸੇ ਨੇ।

***'ਕੇਸਨ ਵਾਲਨ ਨਹਿੰ ਛਡਯੋ' ਨਬਾਬ ਲਿਖਯੋ ਦੀਓ ਘੱਲ॥ ੧॥*** ਨਵਾਬ ਨੇ ਸਭ ਲੋਕਾਂ ਨੂੰ ਲਿਖ ਭੇਜਿਆ ਹੈ ਕਿ ਕੋਈ ਕੇਸਾਂ ਵਾਲਾ ਨਾ ਛੱਡਿਓ, ਸਭ ਨੂੰ ਕਤਲ ਕਰ ਦਿਉ, ਜਿਥੇ ਦਿਸਦਾ ਹੈ। ਮੈਥੋਂ ਇਨਾਮ ਲਵੋ ਕਿ ਮੈਂ ਐਨੇ ਸਿੰਘ ਮਾਰੇ ਹਨ। ਹੁਣ ਉਨ੍ਹਾਂ ਲੋਕਾਂ ਨੂੰ ਤਾੜਨਾ ਦਿੰਦਾ ਹੈ, ਆਹ ਕਿਥੋਂ ਆਏ ਸਿੰਘ? ਤੁਸੀਂ ਸਾਡੇ ਨਾਲ ਸ਼ਰਤ ਕਰਕੇ ਗਏ ਹੋ ਕਿ ਅਸੀਂ ਸਿੰਘਾਂ ਨੂੰ ਨਹੀਂ ਛੱਡਾਂਗੇ। ਨਹੀਂ ਕਿਸੇ ਨੂੰ ਰਹਿਣ ਦਿਆਂਗੇ, ਆਹ ਤੁਹਾਡੇ ਕੋਲ ਹੀ ਇਸ਼ਨਾਨ ਕਰ ਕੇ ਚਲੇ ਗਏ ਹਨ, ਤੁਸੀਂ ਕਿਥੇ ਰਹਿੰਦੇ ਹੋ?। ੧।

***ਚੌਪਈ॥ ਨਵਾਬ ਲਿਖਤ ਸਭਹਨ ਮੰਨ ਲਈ॥*** ਨਵਾਬ ਦੀ ਲਿਖਤ ਸਭ ਨੇ ਪ੍ਰਵਾਣ ਕਰ ਲਈ ਹੈ।

***ਸਿੰਘਨ ਰਹਨ ਖਰਾਬੀ ਭਈ॥*** ਹੁਣ ਦੁਬਾਰਾ ਫੇਰ ਹੁਕਮ ਚਾੜ੍ਹ ਦਿੱਤਾ ਹੈ ਕਿ ਖ਼ਬਰਦਾਰ ਜੇ ਮੈਂ ਸੁਣ ਲਿਆ ਕਿਸੇ ਕੋਲੋਂ ਸਿੰਘ ਆਉਂਦੇ ਨੇ, ਕੋਈ ਰਾਖੀ ਕਰਦਾ ਹੈ, ਕੋਈ ਇਨ੍ਹਾਂ ਨੂੰ ਰੋਟੀ-ਪਾਣੀ ਦਿੰਦਾ ਹੈ, ਤਦ ਦੇਖਿਓ, ਉਨ੍ਹਾਂ ਨਾਲ ਮੈਂ ਕੀ ਬਣਾਉਂਦਾ ਹਾਂ, ਤਾਂ ਸਿੰਘਾਂ ਦੇ ਰਹਿਣ ਵਾਸਤੇ ਬੜੀ ਖ਼ਰਾਬੀ ਹੋ ਗਈ ਹੈ ਬੜੀ ਮੁਸ਼ਕਲ ਹੋ ਗਈ।

***ਤਬ ਸਿੰਘ ਊਹਾਂ ਤੇ ਨਠ ਆਏ॥*** ਤਦ ਸਿੰਘ ਓਥੋਂ ਹਰਨ ਹੋ ਕੇ ਆ ਗਏ ਹਨ ਇਲਾਕਾ ਖਾਲੀ ਕਰਕੇ।

***ਕਹੂੰ ਜਗ੍ਹਾ ਨਹਿੰ ਰਹਿਣੇ ਪਾਏ॥ ੨॥*** ਹੁਣ ਕੋਈ ਜਗ੍ਹਾ ਐਸੀ ਰਹਿ ਨਹੀਂ ਗਈ, ਜਿਥੇ ਸਿੰਘ ਜਾ ਕੇ ਰਹਿਣ, ਕਿਵੇਂ ਗੁਜ਼ਾਰਾ ਕਰਨ, ਤੁਰਕ ਸਾਰੇ ਵੈਰੀ ਹੋ ਗਏ। ੨।

***ਦੋਹਰਾ॥ ਰਹਯੋ ਕਛੂ ਦਰਿਯਾਉ ਤੇ ਬਚ ਮਤਾਬ ਕੋ ਕੋਟ॥*** ਭਾਵ ਸਾਰਾ ਇਲਾਕਾ ਖਾਲੀ ਕਰ ਦਿੱਤਾ ਸਿੰਘਾਂ ਨੇ, ਲਹੌਰ, ਅੰਮ੍ਰਿਤਸਰ ਦਾ ਚੌਗਿਰਦਾ ਸਿਰਫ਼ ਮਤਾਬ ਦਾ ਕੋਟ ਬਚਿਆ ਸੀ, ਇਹ ਦਰਿਆ ਦਾ ਕਾਛੜ ਸੀ। ਏਥੇ ਲੁਕਣ ਵਾਸਤੇ ਜਗ੍ਹਾ ਸੀ, ਸੋ ਏਧਰ ਖਾਲਸੇ ਨੇ ਰੁਕ ਕੀਤਾ ਹੋਇਆ ਸੀ।

***ਤਿਹ ਥਾਂ ਸਿੰਘ ਕਛੂ ਆ ਛਿਪੇ ਦਰਿਯਾ ਬੇਲੇ ਓਟ॥ ੩॥*** ਦਰਿਆ ਦੇ ਕਾਛੜ ਦੀ ਓਟ ਲੈ ਕੇ ਕੁਛ ਸਿੰਘ ਏਥੇ ਆ ਕੇ ਲੁਕ ਕੇ, ਇਸ ਜਗ੍ਹਾ ਉਤੇ ਰਹਿਣ ਲੱਗ ਪਏ। ੩।

***ਚੌਪਈ॥ ਗਏ ਹਲਕਾਰੇ ਦੇਖ ਤਿਥਾਊਂ॥*** ਹਲਕਾਰੇ ਚਾਰ-ਚੁਫੇਰੇ ਫਿਰ ਰਹੇ ਸਨ ਕਿ ਸਿੰਘਾਂ ਦਾ ਪਤਾ ਲੱਗੇ, ਅਸੀਂ ਤੁਰਕਾਂ ਨੂੰ ਜਾ ਕੇ ਲਿਆਈਏ, ਫ਼ੌਜਾਂ ਨੂੰ ਲਿਆਈਏ। ਹਲਕਾਰੇ ਉਨ੍ਹਾਂ ਨੂੰ ਕਿਤੇ ਉਥੇ ਦੇਖ ਗਏ ਸਨ।

***ਕਹੇ ਫੌਜਦਾਰ 'ਤੁਝ ਸ਼ਿਕਾਰ ਦਿਖਾਊਂ'॥*** ਜਦੋਂ ਫ਼ੌਜਾਂ ਚੜ੍ਹਾਈਆਂ ਹਨ ਫ਼ੌਜਦਾਰ ਨੇ, ਕਹਿਣ ਲੱਗਾ, 'ਆਓ! ਮੈਂ ਤੁਹਾਨੂੰ ਸ਼ਿਕਾਰ ਦਿਖਾਵਾਂ, ਸਿੰਘ ਲੁਕੇ ਫਿਰਦੇ ਨੇ, ਫ਼ੌਜਦਾਰ ਨੂੰ ਕਹਿਣ ਲੱਗੇ ਚੁਗਲ ਕਿ ਆ ਤੈਨੂੰ ਸ਼ਿਕਾਰ ਵਿਖਾਈਏ।'

***ਭੂਖੇ ਨਾਂਗੇ ਸ਼ਸਤਰ ਹੀਨੇ॥*** ਭੁੱਖੇ-ਨੰਗੇ ਤੇ ਸ਼ਸਤ੍ਰਾਂ ਤੋਂ ਸੱਖਣੇ ਹਨ, ਸ਼ਸਤਰ ਵੀ ਕਿਸੇ ਕੋਲ ਕੋਈ ਨਹੀਂ ਹੈ, ਆਓ! ਤੁਹਾਨੂੰ ਵਿਖਾਈਏ ਸਿੰਘ।

***ਭਾਜਤ ਥਕਤ ਭਏ ਬਲ ਖੀਨੇ॥ ੪॥*** ਸਿੰਘ ਭੱਜਦੇ-ਭੱਜਦੇ ਥੱਕ ਗਏ ਹਨ ਅਤੇ ਬਲ ਕਰਕੇ ਵੀ (ਖੀਨੇ) ਕਮਜ਼ੋਰ ਹੋ ਗਏ ਹਨ, ਕੋਈ ਉਨ੍ਹਾਂ ਨੂੰ ਪਤਾ ਨਹੀਂ ਹੈ ਸਾਡਾ। ਥੱਕੇ-ਟੁੱਟੇ ਪਏ ਨੇ ਵਿਚਾਰੇ। ੪।

***ਤੁਰਤ ਜਾਇ ਤਿਨ ਪਕੜ ਸੁ ਲਯੋ॥*** ਆਓ! ਚੱਲੋ ਸਾਡੇ ਨਾਲ ਤੁਰਤ ਜਾ ਕੇ ਪਕੜ ਹੀ ਲੈਣੇ ਹਨ। ਉਨ੍ਹਾਂ ਵਿਚ ਕੋਈ ਹਿੰਮਤ ਨਹੀਂ ਹੈ। ਭੁੱਖੇ-ਨੰਗੇ ਤੇ ਬਿਲਕੁਲ ਹੀ ਪੇਟ ਤੋਂ ਖਾਲੀ ਨੇ।

**ਫੜ ਕਰ ਤਿਨੈਂ ਲਹੌਰ ਪੁਚਯੋ॥** ਉਨ੍ਹਾਂ ਸਿੰਘਾਂ ਨੂੰ ਫੜ ਕੇ ਲਹੌਰ ਪਹੁੰਚਦੇ ਕਰ ਦਿਉ। ਕੋਈ ਲੜਨ ਦੀ ਲੋੜ ਨਹੀਂ ਹੈ, ਉਹ ਲੜਨ ਜੋਗੇ ਹੀ ਨਹੀਂ, ਜਮਾਂ ਹਾਰੇ ਪਏ ਨੇ।

**ਬਹੁਤ ਇਨਾਮ ਨਿਬਾਬਹਿ ਪਾਵੋ॥** ਉਹਨਾਂ ਸਿੰਘਾਂ ਨੂੰ ਜੇ ਤੁਸੀਂ ਫੜ ਕੇ ਲੈ ਜਾਵੋ, ਤਾਂ ਤੁਸੀਂ ਨਵਾਬ ਤੋਂ ਬਹੁਤ ਇਨਾਮ ਪ੍ਰਾਪਤ ਕਰੋਗੇ।

**ਚੜ੍ਹੋ ਅਬੈ ਕਛੁ ਦੇਰ ਨ ਲਾਵੋ॥ ੫॥** ਦੇਰੀ ਨਾ ਲਾਓ, ਹੁਣੇ ਚੱਲੋ, ਹੁਣੇ ਚੜ੍ਹਾਈ ਕਰ ਦਿਉ, ਨਹੀਂ ਤਾਂ ਅਗਾਂਹ-ਪਿਛਾਂ ਹੋ ਜਾਣਗੇ ਕਿਤੇ। ੫।

**ਯੌਂ ਸੁਨ ਉਨ ਤੇ ਜਮਾਂ-ਸੁ-ਦਾਰ॥** ਉਨ੍ਹਾਂ ਚੁਗਲਾਂ ਤੋਂ ਜਮਾਂਦਾਰ ਨੇ ਇਉਂ ਸੁਣ ਕੇ ਗੱਲ।

**ਤੁਰਤ ਫੁਰਤ ਹੋ ਗਯੋ ਤਿਆਰ॥** (ਤੁਰਤ-ਫੁਰਤ) ਬੜੀ ਛੇਤੀ ਨਾਲ ਉਸੇ ਵੇਲੇ ਹੀ ਤਿਆਰ ਹੋ ਗਿਆ ਹੈ, ਚੱਲੋ ਛੇਤੀ ਨਾਲ ਫੜ ਹੀ ਲਿਆਉਣੇ ਹਨ।

**ਜਨ ਫੜ ਲੇਵੌਂ ਸਸਾ ਸ਼ਿਕਾਰ॥** ਇਉਂ ਜਾਣੋਂ, ਜਿਵੇ ਸਹੇ ਦਾ ਸ਼ਿਕਾਰ ਹੀ ਫੜ ਲਵਾਂਗਾ ਜਾ ਕੇ, ਇਉਂ ਗਿਆ ਹੈ ਜਮਾਂਦਾਰ।

**ਜਾ ਪੁੰਨੋ ਊਹਾਂ ਕਰਤ ਬਿਚਾਰ॥ ੬॥** ਇਉਂ ਵਿਚਾਰਾਂ ਕਰਦਾ ਫ਼ੌਜਦਾਰ ਜਾ ਪਹੁੰਚਿਆ ਉਥੇ, ਮਤਾਬ ਦੇ ਕੋਟ ਸਿੰਘਾਂ ਨੂੰ ਫੜਨ ਵਾਸਤੇ। ੬।

**ਦੋਹਰਾ॥ ਸਿੰਘਨ ਥੋੜੇ ਦੇਖ ਕੈ ਮਨ ਮੈਂ ਕਰੈ ਗੁਮਾਨ॥** ਥੋੜ੍ਹੇ ਜਿਹੇ ਸਿੰਘਾਂ ਨੂੰ ਵੇਖ ਕੇ ਫ਼ੌਜਦਾਰ ਮਨ ਵਿਚ ਹੰਕਾਰ ਕਰਦਾ ਹੈ।

**'ਇਨ੍ਹੈਂ ਕੰਗਾਲਨ ਕੇ ਉਤੈ ਹਮ ਬਡ ਕੀਓ ਸਮਾਨ' ॥ ੭॥** ਇਨ੍ਹਾਂ ਕੰਗਾਲਾਂ ਉਤੇ ਆਹ ਮਰਿਆਂ ਹੋਇਆਂ ਤੇ ਮੈਂ ਐਡਾ ਵੱਡਾ ਇੰਤਜ਼ਾਮ ਕਰਕੇ ਆਇਆ ਹਾਂ। ਨਾਲ ਫ਼ੌਜੀ ਜੁਆਨਾਂ ਨੂੰ ਲੈ ਕੇ ਆਇਆ ਹਾਂ। ੭।

**ਚੌਪਈ॥ ਜਮਾਂਦਾਰ ਤਬ ਯੌਂ ਫੁਰਮਾਏ॥** ਤਦੋਂ ਜਮਾਂਦਾਰ ਨੇ ਆਪਣੇ ਫ਼ੌਜੀਆਂ ਨੂੰ ਇਉਂ ਹੁਕਮ ਕੀਤਾ ਹੈ।

**'ਇਨ ਮਹਿ ਜਾਣੌਂ ਨਹਿ ਕੋ ਪਾਏ' ॥** ਇਹਨਾਂ ਸਿੰਘਾਂ ਵਿੱਚੋਂ ਕੋਈ ਜਿਉਂਦਾ ਨਾ ਜਾਣਾ ਪਾਏ, ਕੋਈ ਜਿਉਂਦਾ ਨਾ ਜਾਵੇ।

**ਚਾਰ ਤਰਫ਼ ਤੁਮ ਹੁਇ ਇਕਬਾਰੇ॥** ਇਕੋ ਵਾਰੀ ਚਾਰੋਂ ਪਾਸਿਆਂ ਤੋਂ ਹੋ ਕੇ ਘੇਰਾ ਪਾ ਲਵੋ।

**ਕੀਜੋ ਚਾਰੋਂ ਤਰਫੈਂ ਮਾਰੇ॥ ੮॥** ਚਾਰੇ ਪਾਸਿਆਂ ਤੋਂ ਮਾਰ ਕਰੋ ਇਹਨਾਂ ਦੇ ਉਤੇ। ੮।

**ਦੋਹਰਾ॥ ਤਰਫ ਜਿਸੈ ਕੀ ਕੋ ਭਜੈ ਮੈਂ ਤਾਂਕੋਂ ਦੇਊਂ ਨ ਛਾਡ॥** ਜਮਾਂਦਾਰ ਸਿਪਾਹੀਆਂ ਨੂੰ ਕਹਿੰਦਾ ਹੈ, ਯਾਦ ਕਰ ਲਵੋ, ਸੁਣ ਲਵੋ, ਜੇ ਕਿਸੇ ਸਿਪਾਹੀ ਦੀ ਤਰਫੋਂ ਇਹ ਨਿਕਲ ਕੇ ਭੱਜ ਗਏ ਨਾ, ਉਸ ਨੂੰ ਮੈਂ ਜਿਉਂਦਿਆਂ ਨਹੀਂ ਛਡਾਂਗਾ, ਉਸ ਨੂੰ ਮਾਰਾਂਗਾ ਜ਼ਰੂਰ।

**ਬਡੋ ਤਕਸੀਰੀ ਕਰ ਤਿਸੇ ਮਾਰੋਂਗਾ ਤਿਸ ਗਾਡ॥ ੯॥** ਬਡੋ (ਵੱਡਾ) ਕਸੂਰਵਾਰ ਉਸ ਨੂੰ ਸਮਝਾਂਗਾ ਅਤੇ ਧਰਤੀ ਵਿਚ ਗੱਡ ਕੇ ਬੜਾ ਹੀ ਤੰਗ ਕਰ ਕਰਕੇ ਉਸ ਨੂੰ ਮਾਰਾਂਗਾ, ਕੁੱਤਿਆਂ ਤੋਂ ਪੜਵਾ ਦਿਆਂਗਾ, ਜੋ ਸਿੰਘਾਂ ਨਾਲ ਕੋਈ ਲਿਹਾਜ਼ ਕਰੇਗਾ। ੯।

**ਚੌਪਈ॥ ਚਾਰੋਂ ਤਰਫ ਸੁਨਤ ਫੌਜ ਦੌੜੇ॥** ਜਦੋਂ ਫ਼ੌਜਦਾਰ ਨੇ ਆਪਣੀ ਫ਼ੌਜ ਨੂੰ ਹੁਕਮ ਕੀਤਾ ਹੈ, ਤਾਂ ਉਹ ਚਾਰੇ ਤਰਫਾਂ ਤੋਂ ਸਿੰਘਾਂ ਨੂੰ ਘੇਰਾ ਪਾਉਣ ਵਾਸਤੇ ਦੌੜੇ ਹਨ।

**ਉਨ ਭੀ ਦੇਖੇ ਸਿੰਘ ਅਤਿ ਥੋੜੇ॥** ਉਨ੍ਹਾਂ ਨੇ ਵੀ ਦੇਖਿਆ ਕਿ ਸਿੰਘ ਬਿਲਕੁਲ ਹੀ ਥੋੜ੍ਹੇ ਹਨ, ਭਾਵ ਮੁੱਠੀ ਕੁ ਭਰ ਸਿੰਘ ਹਨ, ਕੋਈ ਕਿਧਰੇ ਪਿਆ ਹੈ, ਕੋਈ ਕਿਧਰੇ ਪਿਆ ਹੈ।

**ਕੋਊ ਸਿੰਘ ਥੋ ਸੂਤੋ ਪਯੋ॥** ਕਈ ਸਿੰਘ ਤਾਂ ਸੁੱਤੇ ਪਏ ਸੀ, ਅੰਮ੍ਰਿਤ ਵੇਲੇ ਦੇ ਨਿਤਨੇਮ ਕਰਕੇ ਸੁਖ ਲੈ ਰਹੇ ਸੀ।

**ਕੋਊ ਸਿੰਘ ਥੋ ਰਮਣੇ ਗਯੋ॥ ੧੦॥** ਕੋਈ ਸਿੰਘ ਨਿਤਨੇਮ ਦਾ ਭੋਗ ਪਾ ਕੇ ਬਾਹਰ-ਅੰਦਰ ਜੰਗਲ-ਮੈਦਾਨ ਗਏ ਹੋਏ ਸਨ। ੧੦।

***ਕੋਊ ਸਿੰਘ ਗਯੋ ਘਾਸ ਲਿਆਵਣ॥*** ਕੋਈ ਸਿੰਘ ਜਿਨ੍ਹਾਂ ਕੋਲ ਘੋੜੇ ਸਨ, ਉਹ ਆਪਣੇ ਘੋੜਿਆਂ ਵਾਸਤੇ ਘਾਹ ਆਦਿਕ ਲਿਆਉਣ ਵਾਸਤੇ ਗਏ ਹੋਏ ਸਨ।

***ਲਕੜੀ ਲਯਾਵਣ ਗੋਹੇ ਚੁਗਾਵਣ॥*** ਜੰਗਲ ਵਿੱਚੋਂ ਗੋਹੇ ਨੂੰ ਚੁਗਣ ਵਾਸਤੇ ਅਤੇ ਲੱਕੜੀ ਅੱਗ ਬਾਲਣ ਵਾਸਤੇ ਲੈਣ ਗਏ ਹੋਏ ਸਨ।

***ਕਛੂ ਥੇ ਭੂਖੇ ਟੇਢੇ ਪੜੇ॥*** ਕਛੂ ਸਿੰਘ ਭੁੱਖੇ ਹੀ ਧਰਤੀ 'ਤੇ ਟੇਢੇ ਹੋਏ ਪਏ ਸਨ।

***ਪੀਵੇਂ ਭੰਗ ਤਬ ਹੁਇ ਹੈਂ ਖੜੇ॥ ੧੧॥*** ਜਦੋਂ ਦੇਗ ਪਾਣੀ ਛਕ ਲੈਣ ਸਿੰਘ ਫੇਰ ਵੀ ਖੜ੍ਹੇ ਹੋ ਜਾਣ, ਦੇਗ ਪਾਣੀ ਤਾਂ ਚਲਦਾ ਸੀ ਸਿੰਘਾਂ ਵਿਚ ਪਹਿਲੇ ਦਿਨੋਂ, ਜੇ ਦੇਗ ਪਾਣੀ ਛਕਿਆ ਹੋਵੇ, ਤਾਂ ਤਰਾਰੇ ਜਿਉਂ ਹੋ ਜਾਂਦੇ ਹਨ, ਕਾਇਮ ਹੋ ਜਾਂਦੇ ਸੀ ਸਿੰਘ। ੧੧।

***ਦੋਹਰਾ॥ ਦੇਖ ਸਿੰਘ ਨੰਗੇ ਭੁਖੇ ਤੁਰਕ ਭਏ ਸੁ ਪ੍ਰਸੰਨ॥*** ਜਦ ਸਿੰਘਾਂ ਨੂੰ ਵੇਖਿਆ ਕਿ ਲੰਗਰ-ਪਾਣੀ ਦਾ ਵੀ ਕੋਈ ਇੰਤਜਾਮ ਨਹੀਂ ਹੈ, ਇਹ ਭੁੱਖੇ-ਨੰਗੇ ਪਏ ਨੇ ਕਈ ਦਿਨਾਂ ਦੇ, ਤਾਂ ਤੁਰਕ ਬੜੇ ਖੁਸ਼ ਹੋਏ, ਇਹ ਭੁੱਖੇ-ਨੰਗੇ ਜਿਹੇ, ਇਹ ਕੀ ਕਰਨਗੇ? ਕਿਵੇਂ ਲੜਨਗੇ ਸਾਡੇ ਨਾਲ, ਵਾਹਵਾ ਕਾਬੂ ਆ ਗਏ ਨੇ, ਇਉਂ ਖੁਸ਼ ਹੁੰਦੇ।

***ਚਾਰ ਤਰਫ ਤੇ ਯੌ ਪਰੇ ਜਨੁ ਕਰ ਢੁੱਕੇ ਜੰਨ॥ ੧੨॥*** ਚਾਰਾਂ ਤਰਫਾਂ ਤੋਂ ਜਿਵੇਂ ਜੰਞ ਢੁਕਦੀ ਹੈ, ਅੱਗੇ ਪਦਾਰਥ ਸਜਾਏ ਪਏ ਨੇ, ਬਸ ਕੁਰਸੀਆਂ 'ਤੇ ਬਹਿ ਜਾਣਾ ਤੇ ਛਕ ਲੈਣਾ ਹੈ। ਉਹ ਜੰਞ ਵਾਂਗ ਅੱਗੇ ਹੋਏ, ਉਨ੍ਹਾਂ ਨੂੰ ਕੀ ਪਤਾ ਸੀ ਕਿ ਸਿੰਘਾਂ ਨੇ ਕੀ ਕੁਛ ਛਕਾਉਣਾ ਅੱਗੋਂ ਇਉਂ ਤੁਰਕ ਬੜੇ ਖੁਸ਼ ਹੋਏ ਸਿੰਘਾਂ ਨੂੰ ਵੇਖ ਕੇ ਥੋੜ੍ਹਿਆਂ ਨੂੰ। ੧੨।

***ਚੌਪਈ॥ ਪਹਿਲੇ ਚੋਟ ਬੰਦੂਕਨ ਕਰੀ॥*** ਪਹਿਲਾਂ ਉਨ੍ਹਾਂ ਨੇ ਬੰਦੂਕਾਂ ਦੀਆਂ ਚੋਟਾਂ ਕੀਤੀਆਂ, ਬੰਦੂਕਾਂ ਦੇ ਫਾਇਰ ਕੀਤੇ ਸਿੰਘਾਂ 'ਤੇ।

***ਤਿਹ ਪਾਛੈ ਮਾਰ ਤੀਰਨ ਧਰੀ॥*** ਬੰਦੂਕ ਦਾ ਫਾਇਰ ਤਾਂ ਇਕ ਵੇਰਾਂ ਹੀ ਹੁੰਦਾ, ਉਹ ਜੇ ਦੂਜੀ ਵੇਰਾਂ ਭਰੋ ਤੇ ਤਾਂ ਹੀ ਚਲੇਗੀ, ਫੇਰ ਤੀਰੰਦਾਜ ਦਸਤੇ ਅੱਗੇ ਹੋਏ ਹਨ, ਉਸ ਤੋਂ ਪਿੱਛੋਂ ਉਨ੍ਹਾਂ ਨੇ ਤੀਰਾਂ ਦੀ ਮਾਰ ਸ਼ੁਰੂ ਕੀਤੀ ਹੈ ਸਿੰਘਾਂ 'ਤੇ।

***ਫਿਰ ਨੇਜੇ ਔ ਲੈ ਸ਼ਮਸ਼ੇਰ॥*** ਫੇਰ ਲੰਬੇ-ਲੰਬੇ ਨੇਜ਼ੇ ਤੇ ਤਲਵਾਰਾਂ ਲੈ ਕੇ ਸਿੰਘਾਂ ਦੇ ਦੁਆਲੇ ਹੋਏ ਹਨ।

***ਨਾਰੇ ਸਿੰਘ ਤਿਨ ਪਹਿਲੀ ਬੇਰ॥ ੧੩॥*** ਪਹਿਲੀ ਵਾਰੀ ਉਹਨਾਂ ਨੇ ਕਈ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਹੈ। ੧੩।

***ਸਿੰਘਨ ਕੀ ਗਈ ਅਕਲ ਭੁਲਾਈ॥*** ਸਿੰਘ ਤਾਂ ਬੇਫਿਕਰ ਸਨ, ਉਹਨਾਂ ਨੂੰ ਤਾਂ ਪਤਾ ਹੀ ਨਹੀਂ ਸੀ। ਇਕਦਮ ਹੀ ਆ ਪਏ, ਚੁਗਲ ਦੇ ਦੱਸੇ ਤੋਂ ਛਾਪਾ ਪੈ ਗਿਆ, ਸਿੰਘਾਂ ਦੀਂ ਤਾਂ ਸੁੱਧ-ਬੁਧਿ ਹੀ ਨਾ ਰਹੀ, ਪਤਾ ਹੀ ਨਹੀਂ ਲੱਗਿਆ।

***ਤੁਰਕ ਪੜੇ ਬਹੁ ਜਮ ਕੀ ਨਯਾਈ॥*** ਤੁਰਕ ਚੰਗੇ ਪਲੇ ਹੋਏ ਫ਼ੌਜੀ, ਜਮਾਂ ਦੀ ਨਿਆਂਈ ਆ ਪਏ ਸਿੰਘਾਂ ਨੂੰ ਟੁੱਟ ਕੇ।

***ਜਨੁਕ ਅਕਾਸ਼ੋ ਬਿਜਲੀ ਪਰੀ॥*** ਜਿਵੇਂ ਅਕਾਸ਼ 'ਚੋਂ ਬਿਜਲੀ ਪੈਂਦੀ ਹੈ, ਇਉਂ ਅਚਾਨਕ ਹੀ ਸਿੰਘ 'ਤੇ ਹੱਲਾ ਬੋਲ ਦਿੱਤਾ।

***ਤੌ ਭੀ ਸਿੰਘਨ ਤੇ ਭਲ ਸਰੀ॥ ੧੪॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਫੇਰ ਵੀ ਸਿੰਘਾਂ ਤੋਂ ਭਲੀ ਸਰੀ ਹੈ, ਸੰਭਲ ਗਏ, ਇਕ ਹੱਲਾ ਤਾਂ ਉਹ ਕਰ ਗਏ ਜ਼ੋਰ ਦਾ ਪਰ ਸਿੰਘ ਖੜ੍ਹੇ ਹੋ ਗਏ, ਜਿਥੇ ਕੋਈ ਸੀ ਖੜ੍ਹਾ ਹੋ ਗਿਆ ਉਠ ਕੇ। ੧੪।

***ਦੋਹਰਾ॥ ਜੋ ਤੁਰਕਨ ਪਹਿਲੇ ਲਭੇ ਤੇ ਸਿੰਘ ਤੌ ਦੀਏ ਮਾਰ॥*** ਇਹ ਤਾਂ ਪਏ ਸਿੰਘਾਂ ਨੂੰ ਇਕ-ਇਕ ਦੇ ਦੁਆਲੇ ਦੋ ਦੋ, ਚਾਰ-ਚਾਰ ਸੌ ਹੋ ਗਏ ਹਨ, ਉਹ ਤਾਂ ਉਨ੍ਹਾਂ ਨੇ ਲਏ ਨੇ ਮਾਰ, ਜਿਹੜੇ ਪਹਿਲੇ ਉਨ੍ਹਾਂ ਦੇ ਹੱਥ ਲੱਗ ਗਏ ਸਿੰਘ।

***ਜੋਊ ਲੜੇ ਤਿਤ ਹੀ ਅੜੇ, ਡਰੇ ਨ ਮਰਨੋਂ ਮਾਰ॥ ੧੫॥*** ਜਿਹੜੇ ਖੜ੍ਹੇ ਹੋ ਗਏ, ਉਹ ਉਥੇ ਹੀ ਅੜ ਗਿਆ ਹੈ ਸਾਮ੍ਹਣੇ, ਕਿਉਂਕਿ ਸਿੰਘ ਡਰਦੇ ਹੀ ਨਹੀਂ ਸੀ ਮਰਨ ਮਾਰਨੋਂ। ੧੫।

***ਚੌਪਈ॥ ਏਕ ਸਿੰਘ ਜਿਹ ਥਾਂ ਖੜ ਜਾਵੈ॥*** ਜਿਥੇ ਇਕ ਸਿੰਘ ਖੜ੍ਹਾ ਹੋ ਗਿਆ ਨਾ ਉਠ ਕੇ।

***ਸਭ ਤੁਰਕਨ ਸੋਊ ਤਹਾਂ ਖੜਾਵੈ॥*** ਭਾਵੇਂ ਕਿੰਨਾਂ ਹੀ ਹੱਲਾ ਹੋਵੇ, ਸਾਰਿਆਂ ਤੁਰਕਾਂ ਨੂੰ ਇਕੱਲਾ ਹੀ ਓਥੇ ਖੜ੍ਹਾ ਲੈਂਦਾ ਹੈ,

ਓਥੇ ਹੀ ਰੋਕ ਲੈਂਦਾ ਹੈ। ਸਭ ਦੇ ਅੱਗੇ ਹੋ-ਹੋ ਕੇ ਤਲਵਾਰਾਂ ਮਾਰਦਾ।

***ਮੱਦਤ ਤਕੈ ਨ ਔਰਹਿ ਸੋਊ॥*** ਉਹ ਕਿਸੇ ਹੋਰ ਦੀ ਮਦਦ ਨਹੀਂ ਤਕਦਾ ਕਿ ਮੇਰੀ ਸਹਾਇਤਾ ਕਰੇਗਾ ਕੋਈ।

***ਤਾਂਕੇ ਮੁਹਰੈ ਟਿਕੈ ਨ ਕੋਊ॥ ੧੬॥*** ਕਹਿੰਦਾ, ਜਿਹੜਾ ਮਰਨੋਂ ਨਹੀਂ ਡਰਦਾ, ਸਿਰੋਂ ਪਰ੍ਹੇ ਡੇਰਾ ਰੱਖਦਾ, ਉਸ ਦੇ ਮੂਹਰੇ ਕੌਣ ਟਿਕਦਾ, ਉਸ ਦੇ ਅੱਗੇ ਨਹੀਂ ਕੋਈ ਵੀ ਖੜ੍ਹਦਾ ਇਹ ਆਮ ਰਵਾਇਤ ਹੈ। ੧੬।

***ਬਾਹਰ ਸਿੰਘ ਜੋ ਤੁਰਕਨ ਘੇਰੇ॥*** ਜਿਹੜੇ ਸਿੰਘਾਂ ਨੂੰ ਡੇਰੇ ਤੋਂ ਬਾਹਰ ਘੇਰ ਲਿਆ ਹੈ ਤੁਰਕਾਂ ਨੇ ਆ ਕੇ।

***ਫਿਰੇ ਸ਼ੇਰ ਜਿਮ ਫੜ ਸ਼ਮਸ਼ੇਰੇ॥*** ਸਿੰਘ ਆਪਣੇ ਹੱਥਾਂ ਵਿਚ ਤਲਵਾਰਾਂ ਫੜ ਕੇ ਤੁਰਕਾਂ ਵਿਚ ਇਉਂ ਫਿਰਦੇ ਹਨ, ਜਿਵੇਂ ਸ਼ੇਰ ਬੇਲੇ ਵਿਚ ਫਿਰਦਾ ਹੈ।

***ਦੇਖ ਸਿੰਘ ਤਿਸ ਮੱਦਤ ਕਰੈਂ॥*** ਇਕ ਸਿੰਘ ਨੂੰ ਘੇਰਿਆ ਵੇਖ ਕੇ ਦੂਜੇ ਸਿੰਘ ਉਸ ਦੀ ਮਦਦ ਕਰਦੇ ਹਨ, ਉਸ ਨੂੰ ਛਡਾਉਣ ਵਾਸਤੇ ਸਹਾਇਤਾ ਕਰਦੇ।

***ਉਨ੍ਹੈਂ ਛੁਡਾਵੈਂ ਆਪ ਸੁ ਮਰੈਂ॥ ੧੭॥*** ਆਪ ਭਾਵੇਂ ਮਰ ਜਾਣ ਅੱਗੇ ਹੋ ਕੇ ਉਸ ਸਿੰਘ ਨੂੰ ਛੁਡਾ ਲੈਂਦੇ ਹਨ, ਉਸ ਨੂੰ ਪਿੱਛੇ ਹਟਾ ਦਿੰਦੇ। ੧੭।

***ਸੋ ਭੀ ਅਏ ਛੁਡਾਵਨ ਪਾਸ॥*** ਜੋ ਵੀ ਸਿੰਘਾਂ ਨੂੰ ਛੁਡਾਉਣ ਵਾਸਤੇ ਆਉਂਦਾ।

***ਸਿੰਘ ਪੜੈਂ ਤਬ ਕਰ ਅਰਦਾਸ॥*** ਤਦੋਂ ਸਿੰਘ ਅਰਦਾਸ ਸੋਧ ਕੇ ਤੁਰਕਾਂ ਉਤੇ ਹੱਲਾ ਕਰ ਪੈ ਗਏ ਹਨ।

***ਪੀਛੈ ਫਿਰੈ ਜੁ ਗੀਦੀ ਕਹਾਵੈ॥*** ਸਿੰਘਾਂ ਦੀ ਰਵਾਇਤ ਹੈ ਕਿ ਅੱਗੇ ਹੋ ਕੇ ਮਰਨਾ ਹੈ, ਜਿਹੜਾ ਪਿੱਛੇ ਮੁੜੇਗਾ, ਉਹ ਗੀਦੀ ਹੋਵੇਗਾ, ਸਿੰਘ ਨਹੀਂ ਹੋਵੇਗਾ।

***ਅਗੇ ਮਰੈ ਪਤਿਸ਼ਾਹੀ ਪਾਵੈ॥ ੧੮॥*** ਜਿਹੜਾ ਅੱਗੇ ਵਧ-ਵਧ ਕੇ ਮਾਰਦਾ ਹੈ, ਉਸ ਨੂੰ ਪਾਤਸ਼ਾਹੀ ਮਿਲਣੀ ਹੈ, ਇਹਨਾਂ ਕਾਇਰਾਂ ਨੂੰ ਥੋੜ੍ਹੀ ਮਿਲ ਜਾਣੀ ਹੈ। ੧੮।

***ਦੋਹਰਾ॥ ਜੇ ਜੰਗਲ ਮੇਂ ਥੇ ਗਏ, ਤਿਨ ਸੁਨੇ ਬੰਦੂਕ ਅਵਾਜ਼॥*** ਜਿਹੜੇ ਸਿੰਘ ਘਾਹ ਕੱਟਣ ਨੂੰ, ਲੱਕੜ ਬਾਲਣ ਨੂੰ ਲੈਣ ਗਏ ਹੋਏ ਸਨ ਜੰਗਲ ਵਿਚ, ਜਦੋਂ ਉਹਨਾਂ ਨੇ ਬੰਦੂਕਾਂ ਦੀ ਅਵਾਜ਼ ਸੁਣੀ ਹੈ ਪਹਿਲੇ ਪਹਿਰ ਹੀ।

***ਆਵਤ ਭਏ ਸੁ ਸੰਕ ਤਜਿ, ਕਰ ਮਨ ਮਰਨੋਂ ਸਾਜ਼॥ ੧੯॥*** ਉਹ ਸਿੰਘ ਤਾਂ ਸ਼ੰਕਾ ਤਿਆਗ ਕੇ ਮਰਨ ਦਾ ਭੈ ਲਾਹ ਕੇ, ਮੌਤ ਕਬੂਲ ਕੇ, ਉਦੋਂ ਹੀ ਆ ਪਏ ਹਨ ਤੁਰਕਾਂ 'ਤੇ ਬਾਜ਼ ਦੀ ਤਰ੍ਹਾਂ। ੧੯।

***ਚੌਪਈ॥ ਲਰਤ ਭਿਰਤ ਪਰ ਗਈ ਜੋ ਰਾਤ॥*** ਕੁਦਰਤ ਮਹਾਰਾਜ਼ ਦੀ ਲੜਦਿਆਂ-ਭਿੜਦਿਆਂ ਨੂੰ ਰਾਤ ਆ ਪਈ ਹੈ, ਕਿਉਂਕਿ ਸਾਰਾ ਦਿਨ ਹੀ ਥੋੜ੍ਹਿਆਂ ਸਿੰਘਾਂ ਨੇ ਹੀ ਬਹੁਤਿਆਂ ਨੂੰ ਉਲਝਾ ਲਿਆ ਅਤੇ ਏਨੇ ਨੂੰ ਹੋਰ ਬਾਹਰੋਂ ਆ ਪਏ ਸਿੰਘ, ਅਤੇ ਉਲਝਾ ਲਏ ਨੇ ਤੁਰਕ, ਇਉਂ ਲੜਦਿਆਂ-ਲੜਦਿਆਂ ਨੂੰ ਦਿਨ ਛਿਪ ਗਿਆ ਹੈ।

***ਜਨ ਸਿੰਘਨ ਕੌ ਭਈ ਪਰਭਾਤ॥*** ਜਾਣੋਂ ਸਿੰਘਾਂ ਨੂੰ ਦਿਨ ਹੀ ਚੜ੍ਹ ਗਿਆ ਹੈ। ਰਾਤ ਜਦੋਂ ਪੈ ਜਾਵੇ, ਉਦੋਂ ਸਿੰਘਾਂ ਦਾ ਦਿਨ ਚੜ੍ਹ ਜਾਂਦਾ।

***ਉਇ ਥਕ ਗਏ ਲਰਨ ਅਰ ਮਰਨੋ॥*** ਉਹ ਤੁਰਕ ਤਾਂ ਸਾਰੇ ਦਿਨ ਦੀ ਲੜਾਈ ਅਤੇ ਮਰਨ ਨਾਲ ਉਈ ਥਕ ਗਏ। ਉਹਨਾਂ ਦੇ ਹੱਥ ਥੱਕ ਗਏ, ਘੋੜੇ ਥੱਕ ਗਏ ਉਹਨਾਂ ਦੇ।

***ਬਾਲਕ ਖਾਲਸੋ ਜਨ ਭਯੋ ਤਰਨੋ॥ ੨੦॥*** ਜਾਣੋ ਰਾਤ ਪਈ ਤੋਂ ਖਾਲਸਾ ਬਾਲਕ ਤੋਂ (ਤਰਨੋ) ਜੁਆਨ ਹੋ ਗਿਆ ਹੈ। ੨੦।

***ਦੋਹਰਾ॥ ਆਇ ਦੇਖਯੋ ਇਕ ਸਿੰਘ ਨੇ ਇਕਲੋਂ ਫੌਜ-ਸੁ-ਦਾਰ॥*** ਦਿਨ ਛਿਪ ਗਿਆ, ਰਾਤ ਪੈ ਗਈ ਹੈ, ਜਦੋਂ ਸਿੰਘ ਬਿਚਰਨ ਲੱਗੇ ਤੇ ਤੁਰਕ ਓਧਰ ਸਿੰਘਾਂ ਨਾਲ ਉਲਝੇ ਹੋਏ ਸਨ, ਸਿੰਘਾਂ ਨੇ ਉਲਝਾਂ ਲਏ ਸਨ ਜੰਗ ਦੇ ਵਿਚ, ਹੁਣ ਜੇ ਸਿੰਘ ਉਹਨਾਂ ਦਾ ਖਹਿੜਾ ਛੱਡਣ, ਤਾਂ ਤੁਰਕ ਭੱਜਣ ਪਿੱਛੇ ਨੂੰ ਜਾ ਹਟਣ ਲੜਾਈ ਤੋਂ। ਸਿੰਘ ਤਾਂ ਪਿੱਛਾ ਛੱਡਦੇ

ਨਹੀਂ, ਚੰਗੇ ਲੋਟ ਆਏ ਨੇ, ਓਧਰੋਂ ਠੰਢ ਹੋ ਗਈ ਹੈ ਥੋੜ੍ਹੀ ਜਿਹੀ। ਇਕ ਸਿੰਘ ਫਿਰਦਾ-ਫਿਰਦਾ ਓਥੇ ਚਲਿਆ ਗਿਆ, ਜਿਥੇ ਇਹਨਾਂ ਦਾ ਡੇਰਾ ਸੀ। ਉਸ ਨੇ ਦੇਖਿਆ ਫ਼ੌਜਦਾਰ ਇਕੱਲਾ ਹੀ ਖੜ੍ਹਾ ਹੈ, ਕੋਲ ਕੋਈ ਰਾਖਾ ਨਹੀਂ ਹੈ, ਨਾ ਕੋਈ ਜੁਆਨ ਹੈ, ਉਹ ਤਾਂ ਜੰਗ ਨੂੰ ਤੋਰੇ ਹੋਏ ਹਨ ਸਾਰੇ, ਉਧਰੋਂ ਘੁਸਮੁਸਾ ਜਿਹਾ ਹੋਇਆ-ਹੋਇਆ ਸੀ, ਦਿਸਦਾ ਨਹੀਂ ਸੀ ਕੁਛ ਵੀ ਕਿਸੇ ਨੂੰ।

***ਦਈ ਖੈਂਚ ਸ਼ਮਸ਼ੇਰ ਸਿਰ ਮੁੰਡੀ ਦਈ ਉਤਾਰ॥ ੨੧॥*** ਸਿੰਘ ਨੇ ਤਲਵਾਰ ਖਿੱਚ ਕੇ ਸਿਰ ਭਾਵ ਗਰਦਨ 'ਤੇ ਮਾਰੀ ਤੇ ਉਸ ਦਾ ਸਿਰ ਧੜ ਨਾਲੋਂ ਲਾਹ ਦਿੱਤਾ। ੨੧।

***ਮਾਰਨ ਆਯੋ ਸੋ ਮਰਯੋ ਪਖ ਸਿੰਘਨ ਗੁਰ ਕੀਨ॥*** ਸਤਿਗੁਰਾਂ ਨੇ ਪੱਖ ਕੀਤਾ ਹੈ ਸਿੱਖਾਂ ਦਾ, ਇਹ ਫ਼ੌਜਦਾਰ ਮਾਰਨ ਆਇਆ ਸੀ ਸਿੰਘਾਂ ਨੂੰ ਤੇ ਹੰਕਾਰ ਵਿਚ ਕਹਿੰਦਾ ਸੀ, ਥੋੜ੍ਹਿਆਂ ਜਿਹਾਂ 'ਤੇ ਐਨਾਂ ਇੰਤਜ਼ਾਮ ਕੀਤਾ ਕੀ ਲੋੜ ਸੀ? ਥੋੜ੍ਹੇ ਜਿਹੇ ਹੀ ਅਸੀਂ ਇਹਨਾਂ ਨੂੰ ਲੈ ਜਾਂਦੇ ਫੜ ਕੇ। ਜਦੋਂ ਹੱਥ ਜੁੜੇ ਤਾਂ ਪਤਾ ਲੱਗ ਗਿਆ, ਆਪ ਹੀ ਜਾਨ ਗਵਾ ਬੈਠਾ, ਜੋ ਸਿੰਘਾਂ ਨੂੰ ਮਾਰਨ ਆਇਆ ਸੀ।

***ਭੱਜੇ ਤੁਰਕ ਕਿਛ ਲੁਕ ਗਏ, ਮਿਲ ਸਿੰਘਨ ਲਏ ਛੀਨ॥ ੨੨॥*** ਜਦੋਂ ਤੁਰਕਾਂ ਨੇ ਵੇਖਿਆ ਕਿ ਸਾਡਾ ਮਾਲਕ ਹੀ ਹੈ ਨਹੀਂ ਹੈ, ਫ਼ੌਜਦਾਰ ਮਾਰਿਆ ਗਿਆ ਹੈ, ਸਰਦਾਰ ਬਿਨਾਂ ਫ਼ੌਜ ਨਹੀਂ ਲੜਦੀ, ਤੁਰਕ ਭੱਜ ਤੁਰੇ ਹਨ ਪਰ ਸਿੰਘ ਪੈ ਨਿਕਲੇ ਹਨ ਕਿ ਹੁਣ ਜਾਂਦਿਆਂ ਲੈ ਨਾ ਜਾਣ ਕੁਛ, ਘੋੜੇ ਵਾਲੇ ਤੋਂ ਘੋੜਾ ਖੋਹ ਲਿਆ, ਹਥਿਆਰ ਵਾਲਿਆਂ ਤੋਂ ਹਥਿਆਰ ਖੋਹ ਲਏ, ਜੋ ਚੀਜ ਜੰਗੀ ਲੱਭੀ ਸਭ ਖੋਹ ਲਿਆ ਹੈ, ਉਨ੍ਹਾਂ ਤੋਂ ਰਾਸ਼ਨ-ਪਾਣੀ। ੨੨।

***ਚੌਪਈ॥ ਸਿੰਘਨ ਕੇ ਤਬ ਸ਼ਾਦੀ ਭਈ॥*** ਸਿੰਘਾ ਨੂੰ ਤਦੋਂ ਖੁਸ਼ੀਆਂ ਹੋ ਗਈਆਂ ਹਨ, ਘਰੇ ਹੀ ਆ ਗਿਆ ਹੈ ਸਭ ਕੁਝ।

***ਬੈਠੇ ਸਿੰਘ ਆਪ ਦੌਲਤ ਅਈ॥*** ਸਿੰਘਾਂ ਨੂੰ ਬੈਠਿਆਂ-ਬਿਠਾਇਆਂ ਨੂੰ ਦੌਲਤ ਆ ਗਈ ਹੈ। ਨਗਦੀ ਵੀ ਮਿਲ ਗਈ ਸਿੰਘਾਂ ਨੂੰ ਰਾਸ਼ਨ ਵੀ ਮਿਲ ਗਿਆ ਹੈ, ਸਾਰਾ ਕਾਰਜ਼ ਸ਼ੁੱਧ ਹੋ ਗਿਆ ਹੈ ਖਾਲਸੇ ਦਾ।

***ਮਰੇ ਸਿੰਘ ਜੁ ਦਰਿਯਾਉ ਰੁੜ੍ਹਾਏ॥*** ਜਿਹੜੇ ਸਿੰਘ ਸ਼ਹੀਦ ਹੋ ਗਏ, ਦਰਿਆ ਦਾ ਕਿਨਾਰਾ ਸੀ, ਉਨ੍ਹਾਂ ਸਿੰਘਾਂ ਦੀਆਂ ਮਿਰਤਕ ਦੇਹਾਂ ਨੂੰ ਦਰਿਆ ਵਿਚ ਜਲ ਪ੍ਰਵਾਹ ਕਰ ਦਿੱਤਾ ਹੈ।

***ਪ੍ਰਾਤ ਹੋਤ ਲੌਂ ਦੁਗਣੇ ਆਏ॥ ੨੩॥*** ਦਿਨ ਚੜ੍ਹਨ ਤੋਂ ਪਹਿਲਾਂ ਸਾਰੇ ਪਤਾ ਲੱਗ ਗਿਆ ਕਿ ਸਿੰਘਾਂ ਦਾ ਜੁੱਧ ਹੋ ਗਿਆ ਹੈ, ਏਥੇ ਦਿਨ ਚੜ੍ਹਨ ਤੋਂ ਪਹਿਲਾਂ ਦੁਗਣੇ ਆ ਗਏ ਹਨ ਸਿੰਘ ਏਥੇ, ਨਿਕਲ ਕੇ ਜੰਗਲਾਂ ਵਿੱਚੋਂ। ੨੩।

***ਹੁਤੋ ਖਾਲਸੋ ਸੁੰਮੇਵਾਣੀ॥*** (ਸੁੰਮੋਵਾਣੀ) ਸੋਮਿਆਂ ਵਾਲੀ ਨਦੀ ਜਿਹੜੀ ਨਦੀ 'ਚੋਂ ਸੋਮੇ ਫੁਟਦੇ ਹੋਣ ਉਹ ਸੁੱਕਦੀ ਨਹੀਂ ਹੈ, ਉਸ ਦੇ ਵਿੱਚ ਥੋੜ੍ਹਾ-ਥੋੜ੍ਹਾ ਪਾਣੀ ਵਗਦਾ ਹੀ ਰਹਿੰਦਾ ਹੈ। ਖਾਲਸੇ ਦੀ ਕਹਾਣੀ ਤਾਂ ਸੁੰਮੋਵਾਣੀ ਨਦੀ ਵਾਂਗੂੰ ਹੈ, ਭਾਵ ਅਗਲਾ ਪਾਣੀ ਅੱਗੇ ਤੁਰਿਆ ਜਾਂਦਾ, ਪਿੱਛੇ ਹੋਰ ਸਿੰਘ ਤੁਰੇ ਆਉਂਦੇ ਨੇ, ਇਸ ਤਰ੍ਹਾਂ ਸਿੰਘ ਤਾਂ ਕਦੀ ਮੁਕਦੇ ਨਹੀਂ ਸੀ, ***'ਇਹ ਬਾਬੇ ਨਾਨਕ ਦਾ ਥੜ੍ਹਾ, ਇਕ ਗਿਆ ਤੇ ਦੂਜਾ ਖੜ੍ਹਾ'*** ਭਾਵ ਓਥੇ ਹੋਰ ਆ ਖੜ੍ਹਦੇ ਨੇ ਸਿੰਘ।

***ਭਈ ਖਾਲਸੇ ਅਖੈ ਕਹਾਣੀ॥*** ਖਾਲਸੇ ਦੀ ਤਾਂ ਅਖੈ ਕਹਾਣੀ ਹੋਈ ਹੈ, ਭਾਵ ਇਹ ਨਾ 'ਖੈ' ਹੋਣ ਵਾਲੇ, ਨਾ ਮਰਨ ਵਾਲੇ, ਨਾ ਮੁਕਣ ਵਾਲੇ ਹੋ ਗਏ ਸਿੰਘ।

***ਏਕ ਮਰੈ ਤੌ ਦਸ ਔਰ ਆਵੈਂ॥*** ਜੇ ਇਕ ਸਿੰਘ ਜਥੇ ਵਿੱਚੋਂ ਸ਼ਹੀਦ ਹੋ ਜਾਂਦਾ ਹੈ, ਤਾਂ ਦਸ ਉਸ ਦੀ ਥਾਂ ਹੋਰ ਭਰਤੀ ਹੋ ਜਾਂਦੇ ਨੇ ਆ ਕੇ।

***ਰਹੈਂ ਦੁਖੀ ਤੌ ਸੁਖੀ ਬਤਾਵੈਂ॥ ੨੪॥*** ਸੀ ਤਾਂ ਦੁਖੀ, ਭਾਵੇਂ ਕਿੱਡੇ ਦੁਖੀ ਹੋਣ ਖਾਲਸਾ ਬਾਗੋ-ਬਾਗ ਹੈ, ਖਾਲਸਾ ਚੜ੍ਹਦੀ ਕਲਾ ਵਿਚ ਹੈ, ਕਦੀ ਢਿੱਲਾ ਬੋਲ ਨਹੀਂ ਬੋਲਦੇ ਸਿੰਘ। ੨੪।

***ਸੋ ਗੱਠੇ ਕੋ ਰੁੱਪਾ ਭਾਖੈਂ॥*** ਉਹ ਗੱਠੇ ਨੂੰ ਰੁੱਪਾ ਕਹਿੰਦੇ ਹਨ, ਜੇ ਸਿੰਘਾਂ ਨੂੰ ਗੰਢਾ ਮਿਲ ਜਾਏ, ਤਾਂ ਕਹਿੰਦੇ ਹਨ ਕਿ ਰੁੱਪਾ ਹੈ। ਆਮ ਕਰਕੇ ਭਾਸ਼ਾ ਵਿਚ ਰੁੱਪਾ ਚਾਂਦੀ ਨੂੰ ਕਹਿੰਦੇ ਹਨ। ਇਹ ਚਿੱਟੇ ਹੁੰਦੇ ਹਨ, ਵਿੱਚੋਂ ਇਉਂ ਕਰਕੇ ਕਹਿੰਦੇ ਹਨ ਕਿ ਚਾਂਦੀ ਛਕਦੇ ਹਾਂ ਹੋਰ ਕੀ ਹੈ।

***ਠੂਠਨ ਕੋ ਸੁਨਹਿਰੋ ਆਖੈਂ॥*** ਠੂਠੇ ਭਾਵ ਅੱਗੇ ਮਿੱਟੀ ਦੇ ਸੁਨਹਿਰੇ ਬਣਦੇ ਸਨ, ਪੱਥਰ ਦੇ ਤਾਂ ਕਿਤੇ-ਕਿਤੇ ਕੋਈ ਚੰਗਾ ਆਦਮੀ ਲਿਆਉਂਦਾ ਸੀ। ਹੁਣ ਆਮ ਆ ਕੇ ਮੇਲਿਆਂ 'ਤੇ ਦੇ ਜਾਂਦੇ ਹਨ, ਨਹੀਂ ਤਾਂ ਮਿੱਟੀ ਦੇ ਕੂੰਡੇ ਹੁੰਦੇ ਸੀ ਘੁਮਿਆਰਾਂ ਦੇ ਬਣਾਏ ਹੋਏ। ਮਿੱਟੀ ਦੇ ਠੂਠੇ ਨੂੰ ਸੁਨਹਿਰਾ ਕਹਿੰਦੇ ਹਨ।

***ਭੁਖੋ ਰਹੈਂ ਮਸਤ ਲੰਗਰ ਕਹੈਂ॥*** ਜੇ ਭੁੱਖੇ ਹੋਣ ਤਾਂ ਕਹਿੰਦੇ ਹਨ ਲੰਗਰ ਮਸਤ ਹੈ ਖਾਲਸੇ ਦਾ। ਮਸਤ ਕਹਿੰਦੇ ਹਨ ਜਿਹੜਾ ਐਨ ਨਿਹਾਲ ਹੋਇਆ ਹੋਵੇ, ਜਿਹੜਾ ਅਨੰਦ ਹੋਇਆ ਹੋਵੇ। ਸੋ ਇਸ ਤਰ੍ਹਾਂ ਖਾਲਸੇ ਦੀ ਰੀਤੀ ਹੈ ਕਮਜ਼ੋਰਾ ਬਚਨ ਨਹੀਂ ਕਰਦੇ।

***ਖੂਹ ਖਾਤਨ ਮੱਧ ਬੇਲਨ ਰਹੈਂ॥ ੨੫॥*** ਖੂਹਾਂ, ਖੱਡਾਂ ਵਿਚ, ਬੇਲਿਆਂ ਵਿਚ, ਜੰਗਲਾਂ ਵਿਚ ਖਾਲਸਾ ਰਹਿੰਦਾ ਹੈ। ੨੫।

## ਸਾਖੀ ਸ੍ਰੀ ਖਾਲਸੇ ਕੇ ਬਿਵਹਾਰ ਕੀ ਤੁਰੀ ਸਿੰਘਾਂ ਦੀ ਦਸ਼ਾ

***ਚੌਪਈ॥ ਇਸੀ ਭਾਂਤ ਸਿੰਘ ਦੁਖ ਕੋ ਸਹੈਂ॥*** ਇਸੇ ਤਰ੍ਹਾਂ ਸਿੰਘ ਬੇਸ਼ੱਕ ਕਿੰਨੀ ਬਿਪਤਾ ਆਉਂਦੀ ਹੈ! ਕਿੰਨਾਂ ਦੁਖ ਹੈ ਸਭ ਹੀ ਜ਼ਰ ਜਾਂਦੇ ਹਨ।

***ਦੁਖੀ ਸਿੰਘ ਇਮ ਦੇਸਹਿ ਰਹੈਂ॥*** ਭਾਵੇਂ ਦੁਖੀ ਹਨ, ਭੁਖ-ਨੰਗ ਨਾਲ ਘੁਲਦੇ ਹਨ, ਇਸ ਤਰ੍ਹਾਂ ਹੀ ਦੇਸ਼ ਵਿਚ ਰਹਿੰਦੇ ਹਨ।

***ਕਦੇ ਕਦੇ ਇਕਠੇ ਹੁਇ ਦੌੜੈਂ॥*** ਆਪਣੇ ਦੇਸ਼ ਵਿਚ ਰਹਿੰਦੇ ਹੋਏ ਹੀ ਕਦੇ-ਕਦੇ ਗੁਰਮਤਾ ਸੋਧ ਲੈਂਦੇ ਹਨ ਕਿ ਆਪਾਂ ਸੌ ਪੰਜਾਹ ਹੋ ਕੇ ਮਾਰੀਏ ਹੱਲਾ! ਫਲਾਨੇ ਨਵਾਬ ਦੇ ਕੋਲ ਰਾਸ਼ਨ-ਪਾਣੀ ਵਾਹਵਾ ਹੁੰਦਾ ਹੈ, ਓਥੋਂ ਲਿਆਈਏ ਲੁੱਟ ਕੇ ਉਸ ਨੂੰ, ਨਾਲੇ ਉਹ ਦੁਖ ਦਿੰਦਾ ਹੈ ਪਰਜ਼ਾ ਨੂੰ, ਹੁਣ ਸਿੰਘ ਇਕੱਤਰ ਹੋ ਕੇ ਕਈ ਵੇਰਾਂ ਹੱਲਾ ਬੋਲ ਦਿੰਦੇ ਨੇ।

***ਲੁਟੈਂ ਮੱਦਯਨ ਸਿਰ ਭੀ ਤੋੜੈਂ॥ ੧॥*** ਇਹ ਜਿਹੜੇ ਆਪਣੇ ਆਪ ਮੁੱਦਈ ਬਣਦੇ ਨੇ, ਤੁਰਕ ਕਹਿੰਦੇ ਨੇ ਸਾਡਾ ਰਾਜ਼ ਹੈ, ਅਸੀਂ ਹਾਂ ਮਾਲਕ, ਉਹਨਾਂ ਨੂੰ ਲੁੱਟਦੇ ਹਨ ਸਿੰਘ ਅਤੇ ਉਨ੍ਹਾਂ ਦੇ ਸਿਰ ਭੀ ਭੰਨਦੇ ਹਨ, ਜਾਨੋ ਮਾਰਦੇ ਹਨ। ੧।

***ਰਾਤ ਪੜੇ ਸਿੰਘ ਹੋਵਹਿਂ ਸ਼ੇਰ॥*** ਜਦੋਂ ਰਾਤ ਪੈ ਜਾਂਦੀ ਹੈ, ਤਾਂ ਗੁਰੂ ਦੇ ਸਿੰਘ ਸ਼ੇਰ ਬਣ ਜਾਂਦੇ ਹਨ। ਉਦੋਂ-ਤਿਆਰ-ਬਰ ਤਿਆਰ ਹੋ ਜਾਂਦੇ ਨੇ ਕਮਰਕੱਸੇ ਕਰ ਲੈਂਦੇ ਹਨ।

***ਦਿਨੈ ਲੁਕੇ ਰਹਿਂ ਝਾੜੀਂ ਸ਼ੇਰ॥*** ਦਿਨੇ ਸ਼ੇਰਾਂ ਦੀ ਤਰ੍ਹਾਂ ਝਾੜਾਂ ਜੰਗਲਾਂ ਵਿਚ ਲੁਕੇ ਰਹਿੰਦੇ ਹਨ ਸਿੰਘ।

***ਬਹੁਤਨ ਕੋ ਡਰ ਸਿੰਘ ਨ ਗਨੈਂ॥*** ਭਾਵੇਂ ਦੁਸ਼ਮਣ ਕਿੰਨਾ ਹੀ ਹੋਵੇ, ਸਿੰਘ ਕਦੀ ਨਹੀਂ ਡਰਦੇ। ਕੀ ਕਰ ਲੈਣਗੇ ਖਾਲਸੇ ਨੂੰ ਨੇੜੇ ਤਾਂ ਛੋਹ ਨਹੀਂ ਸਕਦਾ, ਜਿਹੜਾ ਨੇੜੇ ਲੱਗਿਆ ਉਸ ਨੂੰ ਦੋ ਧੜ ਕਰ ਦੇਣਾ ਹੈ ਸਿੰਘਾਂ ਨੇ। ਬਹੁਤਿਆਂ ਦਾ ਡਰ ਸਿੰਘ ਨਹੀਂ ਸਨ ਗਿਣਦੇ।

***ਪਰੈਂ ਰਾਤ ਕੋ ਥੋਰੇ ਜਨੈਂ॥ ੨॥*** ਜਦੋਂ ਰਾਤ ਪੈ ਜਾਂਦੀ ਤਾਂ ਥੋੜ੍ਹੇ ਜਿਹੇ ਖਾਲਸੇ ਹੀ ਬਹੁਤਿਆਂ ਨੂੰ ਪੈ ਜਾਂਦੇ ਸਨ। ਭਾਵੇਂ ਥੋੜ੍ਹੇ ਹੋਣ ਸਿੰਘ ਗਿਣਤੀ ਦੇ ਤੇ ਵੱਡੇ-ਵੱਡੇ ਨਵਾਬਾਂ ਨੂੰ ਜਾ ਲੁਟਦੇ, ਉਨ੍ਹਾਂ ਦੇ ਗਲ ਜਾ ਪੈਂਦੇ। ੨।

***ਦੋਹਰਾ॥ ਤੁਰਕ ਜਹਾਂ ਡੇਰਾ ਕਰੈਂ ਤੱਕ ਰਾਤ ਸਿੰਘ ਪਹੁਚਾਹਿਂ॥*** ਤੁਰਕ ਜਿਥੇ ਡੇਰਾ ਕਰਦੇ ਨੇ, ਸਿੰਘ ਨਿਗਾਹ ਰੱਖਦੇ ਨੇ ਅਤੇ ਜਦੋਂ ਰਾਤ ਪੈਂਦੀ ਹੈ, ਤਾਂ ਉਥੇ ਜਾ ਛਪੋਲ ਮਾਰਦੇ ਨੇ, ਉਨ੍ਹਾਂ ਨੂੰ ਦੱਬ ਲੈਂਦੇ ਨੇ ਜਾ ਕੇ।

***ਚੋਰੀ ਜੋਰੀ ਭੱਜ ਨੱਠ ਤਿਨ ਹੀ ਕੋ ਲੁਟ ਖਾਹਿਂ॥ ੩॥*** ਸਿੰਘ ਚੋਰੀ ਵੀ ਕਰਦੇ ਨੇ, ਜੋਰੀ ਵੀ ਕਰਦੇ ਨੇ, ਭਾਵ ਪਤਾ ਨਹੀਂ ਲੱਗਣ ਦਿੰਦੇ ਕਿ ਕਿਥੋਂ ਆ ਪਏ ਨੇ। ਜ਼ੋਰ ਨਾਲ ਭੱਜ-ਨੱਠ ਕੇ ਜਾ ਗਲ ਪੈਂਦੇ ਨੇ, ਉਨ੍ਹਾਂ ਨੂੰ ਹੀ, ਤੁਰਕਾਂ ਨੂੰ ਲੁੱਟ ਪੁੱਟ ਖਾ ਜਾਂਦੇ ਨੇ। ੩।

# ਸਾਖੀ ਸ਼ੇਰ ਬਘਿਆੜ ਖੱਡਨ ਕੀ ਤੁਰੀ

## (ਖੱਡ ਵਿਚ ਸਿੰਘ ਲੁਕੇ ਤੱਕ, ਤੁਰਕਾਂ ਨੇ ਖੱਡ ਨੂੰ ਅੱਗ ਲਾਉਣੀ)

***ਦੋਹਰਾ॥ ਸਾਖ ਸੁਨੌ ਉਨ ਸਿੰਘਨ ਕੀ ਜੋ ਘੇਰੇ ਖੱਡ ਮਾਂਹਿ॥*** ਜਿੰਨ੍ਹਾਂ ਸਿੰਘਾਂ ਨੂੰ ਖੱਡਾਂ ਵਿਚ ਘੇਰਿਆ ਸੀ ਤੁਰਕਾਂ ਨੇ, ਭਾਈ ਰਤਨ ਸਿੰਘ ਜੀ ਕਹਿੰਦੇ ਉਨ੍ਹਾਂ ਸਿੰਘਾਂ ਦੀ ਸਾਖੀ ਸੁਣੋਂ।

***ਭੂਮ ਮਾਂਹਿ ਆਕੀ ਭਏ ਸੁਨੌਂ ਉਨ੍ਹਾਂ ਕੇ ਨਾਇ॥ ੧॥*** ਜਿਹੜੇ ਧਰਤੀ ਵਿਚ ਆਕੀ ਹੋ ਗਏ, ਉਨ੍ਹਾਂ ਸਿੰਘਾਂ ਦੇ ਨਾਮ ਸੁਣੋਂ, ਬਘਿਆੜ ਦੀ ਖੱਡ ਵਿਚ ਆਕੀ ਹੋ ਗਏ ਸਨ ਸਿੰਘ,ਉਨ੍ਹਾਂ ਦੇ ਨਾਮ ਸੁਣਾਉਂਦੇ ਨੇ। ੧।

***ਚੌਪਈ॥ ਮੀਰਾਂ ਕੋਟ ਜੁ ਸਾਡੇ ਗ੍ਰਾਮ॥*** ਭਾਈ ਰਤਨ ਸਿੰਘ ਦਾ ਜੋ ਪਿਛਲਾ ਪਿੰਡ ਹੈ ਦਾਦੇ ਦਾ,ਉਹ ਮੀਰਾਂ ਕੋਟ ਹੈ। ਭਾਈ ਮਤਾਬ ਸਿੰਘ ਜੀ ਮੀਰਾਂ ਕੋਟੀਆ ਸੀ। ਸਾਡੇ ਜੋ ਨਗਰ ਮੀਰਾਂ ਕੋਟ ਹੈ।

***ਭਯੋ ਸਿੰਘ ਲੱਧਾ ਸਿੰਘ ਨਾਮ॥*** ਉਥੋਂ ਦਾ ਇਕ ਲੱਧਾ ਸਿੰਘ ਨਾਮ ਦਾ ਸਿੰਘ ਸੀ।

***ਭੰਗੂ ਗੋਤ ਅਸਾਡੋ ਤਾਯੋ॥*** ਭੰਗੂ ਗੋਤ ਦਾ ਭਾਈ ਮਤਾਬ ਸਿੰਘ ਤੋਂ ਵੱਡਾ ਸੀ, ਕਹਿੰਦਾ ਤਾਇਆ ਹੀ ਲਗਦਾ ਸੀ, ਲੱਧਾ ਸਿੰਘ।

***ਪ੍ਰਦੇਸ ਜਾਇ ਉਨ ਬਡ ਦੁਖ ਪਾਯੋ॥ ੨॥*** ਇਹ ਵੀ ਸਿੰਘਾਂ ਨਾਲ ਪ੍ਰਦੇਸ਼ ਚਲਿਆ ਗਿਆ ਕਿਤੇ, ਇਹ ਵੀ ਛੱਡ ਗਿਆ ਸੀ ਪੰਜਾਬ ਦੇਸ਼ ਇਸ ਨੇ ਪ੍ਰਦੇਸ਼ ਵਿਚ ਜਾ ਕੇ ਬੜਾ ਦੁਖ ਪਾਇਆ ਹੈ। ੨।

***ਮਾਂਗਯੋ ਮਿਲੇ ਨ ਉਧਾਰ ਕੋਊ ਦੇਇ॥*** ਨਾ ਤਾਂ ਪ੍ਰਦੇਸ਼ ਵਿਚ ਮੰਗਿਆਂ ਹੀ ਮਿਲਦਾ ਹੈ ਕਿਸੇ ਤੋਂ ਅਤੇ ਨਾ ਹੀ ਕੋਈ ਉਧਾਰ ਸੁਧਾਰ ਦਿੰਦਾ ਹੈ ਨਾ ਜਾਨਣ ਕਰਕੇ।

***ਆਖੈਂ ਚੋਰ ਪਿੰਡ ਰਹਿਨ ਨ ਦੇਇ॥*** ਜੇ ਕਿਤੇ ਜਾ ਕੇ ਪਿੰਡ ਵਿਚ ਰਹਿੰਦੇ ਹਾਂ, ਤਾਂ ਆਖਦੇ ਨੇ ਇਹ ਚੋਰ ਲੋਕ ਹੁੰਦੇ ਹਨ, ਚੋਰੀ ਕਰਨ ਵਾਲੇ, ਇਹਨਾਂ ਦਾ ਕੀ ਪਤਾ ਚੋਰੀ ਕਰ ਲੈਣਗੇ। ਇਸ ਕਰਕੇ ਪਿੰਡ ਦੇ ਲੋਕ ਕਹਿੰਦੇ ਹਨ, ਨਾ ਭਾਈ ਏਥੇ ਨਹੀਂ ਕੋਈ ਠਿਕਾਣਾ, ਹੋਰ ਅਗਾਂਹ ਚਲੇ ਜਾਓ ਕਿਤੇ। ਇਸ ਤਰ੍ਹਾਂ ਚੋਰ-ਚੋਰ ਕਹਿ ਕੇ ਪਿੰਡ ਵਿਚ ਰਹਿਣ ਨਹੀਂ ਦਿੰਦੇ ਲੋਕ।

***ਜੋ ਉਜਾੜਨ ਕੈ ਸਿੰਘ ਰਹਿਂ ਬੀਚ॥*** ਜਿਹੜੇ ਸਿੰਘ ਉਜਾੜਾਂ ਵਿਚ ਰਹਿੰਦੇ ਸਨ, ਚੱਲੋ ਆਪਾਂ ਕਾਹਨੂੰ ਕਿਸੇ ਪਿੰਡ ਵੜਨਾ।

***ਕਹੈਂ ਧਾੜਵੀ ਲੋਕ ਉਨ ਨੀਚ॥ ੩॥*** ਨੀਚ ਲੋਕ ਜਿਹੜੇ ਪਿੰਡਾਂ ਵਿਚ ਰਹਿਣ ਵਾਲੇ ਹੁੰਦੇ ਨੇ, ਉਹ ਸਿੰਘਾਂ ਨੂੰ ਕਹਿੰਦੇ ਹਨ, ਇਹ ਧਾੜਵੀ ਹਨ, ਰਾਤ ਨੂੰ ਨਿਕਲ ਕੇ ਕਿਸੇ ਦੇ ਡਾਕਾ ਮਾਰਨਗੇ। ੩।

***ਮਾਰਨ ਦੌੜੈਂ ਔ ਫੜ ਲੇਹਿਂ॥*** ਸਿੰਘਾਂ ਨੂੰ ਮਾਰਨ ਵਾਸਤੇ ਪਿੰਡਾਂ ਦੇ ਲੋਕ ਉਨ੍ਹਾਂ ਦੇ ਮਗਰ ਭਜਦੇ ਹਨ ਅਤੇ ਜੇ ਕਾਬੂ ਆ ਜਾਏ ਸਿੰਘ, ਤਾਂ ਫੜ ਵੀ ਲੈਂਦੇ ਨੇ।

***ਭੂਖੇ ਰਾਖਹਿਂ ਕਛੁ ਖਾਨ ਨ ਦੇਹਿਂ॥*** ਉਨ੍ਹਾਂ ਨੂੰ ਭੁੱਖੇ ਰੱਖਦੇ ਹਨ, ਤਸੀਹੇ ਦਿੰਦੇ ਹਨ, ਖਾਣ-ਪੀਣ ਨੂੰ ਕੁਛ ਨਹੀਂ ਦਿੰਦੇ ਸਿੰਘਾਂ ਨੂੰ।

***ਇਸ ਦੁਖ ਤੇ ਦੇਸ਼ ਔਰ ਚਲ ਜਾਵੈਂ॥*** ਇਸ ਦੁਖ ਕਰਕੇ ਸਿੰਘ ਦੇਸ਼ ਨੂੰ ਛੱਡ ਕੇ ਕਿ ਹੋਰ ਦੇਸ਼ ਨੂੰ ਚਲੇ ਜਾਂਦੇ ਸਨ। ਛੋਟੇ ਛੋਟੇ ਦੇਸ਼ ਬਣੇ ਹੋਏ ਸਨ। ਮਾਝੇ ਦੇਸ਼ ਦੇ ਕਈ ਹਿੱਸੇ ਹੋ ਗਏ ਸਨ, ਉਸ ਨੂੰ ਦੇਸ਼ ਕਹਿ ਦਿੰਦੇ ਸਨ। ਉਸ ਦਾ ਇਲਾਕਾ ਛੱਡਿਆ ਤੇ ਦੂਜੇ ਵਿਚ ਚਲੇ ਗਏ।

***ਕਈਅਕ ਮੁੜ ਨਿਜ ਵਤਨੈ ਆਵੈ॥੪॥*** ਕਈ ਅੱਕ ਕੇ ਫਿਰ ਮੁੜ ਆਉਂਦੇ ਆਪਣੇ ਪਿੰਡਾਂ ਨੂੰ। ੪।

***ਪ੍ਰਦੇਸ਼ ਦੁੱਖ ਤੇ ਵਤਨੈਂ ਆਵੈਂ॥*** ਪਰਦੇਸ਼ ਦੇ ਦੁਖਾਂ ਕਰਕੇ ਫੇਰ ਆਪਣੇ ਵਤਨ ਨੂੰ ਮੁੜ ਆਉਂਦੇ ਸਨ।

***ਈਹਾਂ ਲੁਕਛੁਪ ਕੁਛ ਦਿਨ ਲਖਾਵੈਂ॥*** ਏਥੇ ਲੁਕ ਛਿਪ ਕੇ ਕੁਛ ਦਿਨ ਲੰਘਾਉਂਦੇ ਹਨ ਸਿੰਘ।

***ਹੁਤੀ ਖੱਡ ਬਘਿਆੜਨੁ ਕੇਰੀ॥*** ਏਥੇ ਆਪਣੇ ਹੀ ਏਰੀਏ ਵਿੱਚ ਦਸਦੇ ਨੇ ਕਿ ਇਕ ਬਘਿਆੜ ਰਿਹਾ ਕਰਦੇ ਸਨ ਲੁਕ ਕੇ।

***ਪੱਟ ਬਣਾਇ ਉਨ ਕਰੀ ਬਡੇਰੀ॥੫॥*** ਸਿੰਘਾਂ ਨੇ ਉਸ ਖੱਡ ਨੂੰ ਪੁੱਟ ਕੇ ਵੱਡੀ ਕਰ ਲਿਆ ਹੈ, ਹੋਰ ਖੁਲ੍ਹੀ ਕਰਕੇ ਦੂਰ ਤੱਕ ਲੈ ਗਏ ਹਨ, ਉਸ ਨੂੰ ਇਉਂ ਟੇਢ ਵਿੰਗ ਪਾ ਕੇ ਬਾਹਰੋਂ ਕੋਈ ਸਿੱਧਾ ਨਾ ਹੱਲਾ ਕਰ ਸਕੇ। ਸਿੱਧਾ ਕੋਈ ਗੋਲੀ, ਤੀਰ ਅੰਦਰ ਨਾ ਆ ਸਕੇ ਅੰਤੇ ਉਸ ਨੂੰ ਹੇਠਾਂ ਪਾਣੀ ਦੀ ਤਹਿ ਤੱਕ ਲੈ ਗਏ ਹਨ। ੫।

***ਦੋਹਰਾ॥ ਰਾਤ ਹੋਤ ਨਿਕਸੈਂ ਤਉ ਦਿਨ ਚੜ੍ਹ ਰਹੈਂ ਛਿਪਾਇ॥*** ਦਿਨੇ ਤਾਂ ਉਹ ਖੱਡ ਵਿਚ ਲੁਕੇ ਰਹਿੰਦੇ ਸਨ, ਇੱਕਠੇ ਹੋ ਕੇ ਅਤੇ ਜਦੋਂ ਰਾਤ ਪੈਂਦੀ ਸੀ, ਉਦੋਂ ਨਿਕਲਦੇ ਸਨ।

***ਸਿੰਘਨ ਲੀਨੋ ਕਰ ਤਿਮੈ ਜਿਮੈ ਉਲੂ ਕੁ ਸੁਭਾਇ॥ ੬॥*** ਸਿੰਘਾਂ ਨੇ ਆਪਣਾ ਸਭਾ ਉੱਲੂ ਵਰਗਾ ਬਣਾ ਲਿਆ ਹੈ, ਉੱਲੂ ਜਿਵੇਂ ਦਿਨੇ ਤਾਂ ਆਪਣੀ ਖੁੱਡ ਵਿਚ ਲੁੱਕਿਆ ਰਹਿੰਦਾ ਹੈ ਅਤੇ ਰਾਤ ਨੂੰ ਨਿਕਲ ਆਉਂਦਾ ਹੈ ਖੁੱਡ ਵਿੱਚੋਂ, ਦਿਨੇ ਤਾਂ ਉੱਲੂ ਨੂੰ ਦਿਸਦਾ ਹੀ ਨਹੀਂ ਹੈ। ੬।

***ਚੌਪਈ॥ ਰਾਤਿ ਪੜਤ ਸਿੰਘ ਘਰ ਕੌ ਜਾਨ॥*** ਰਾਤ ਪਈ ਤੋਂ ਸਿੰਘ ਆਪਣੇ ਘਰੇ ਆਪਣੇ ਚਾਚੇ, ਤਾਇਆਂ ਕੋਲ ਜਾਂ ਰਿਸ਼ਤੇਦਾਰਾਂ ਕੋਲ ਜਾਂਦੇ ਸਨ।

***ਘਰ ਤੇ ਮਿਲੈ ਸੁ ਰਲ ਮਿਲੈ ਖਾਨ॥*** ਘਰ ਤੋਂ ਜੋ ਲੰਗਰ-ਪਾਣੀ ਮਿਲੇ, ਉਹ ਲਿਆ ਕੇ ਸਿੰਘਾਂ ਵਿਚ ਜਿੰਨਾਂ-ਜਿੰਨਾਂ ਆਵੇ, ਰਲ ਮਿਲ ਕੇ ਛਕ-ਛਕਾ ਲੈਂਦੇ ਸਨ।

***ਉਨ ਸਿੰਘ ਪਾਸ ਕੋਊ ਔਰ ਸਿੰਘ ਆਵੈਂ॥*** ਉਨ੍ਹਾਂ ਸਿੰਘਾਂ ਦੇ ਕੋਲ ਜੇ ਕੋਈ ਹੋਰ ਸਿੰਘ ਆ ਜਾਵੇ ਆਸੇ-ਪਾਸਿਓਂ।

***ਉਸੈ ਖੁਲਾਇਕੈ ਤੌ ਆਪ ਖਾਵੈਂ॥ ੭॥*** ਪਹਿਲਾਂ ਉਸ ਸਿੰਘ ਨੂੰ ਛਕਾ ਕੇ ਫਿਰ ਆਪ ਛਕਦੇ ਸਨ। ਜਿਹੜਾ ਕੋਈ ਸਿੰਘ ਲਿਆਉਂਦਾ ਹੈ ਆਪਣੇ ਘਰ ਤੋਂ ਲੰਗਰ-ਪਾਣੀ, ਉਹ ਦੂਸਰੇ ਨੂੰ ਪਹਿਲਾਂ ਛਕਾਉਂਦੇ ਨੇ, ਉਸ ਨੂੰ ਪ੍ਰਸੰਨ ਕਰਨਗੇ, ਜ਼ੇ ਬਚਿਆ ਤਾਂ ਆਪ ਪਿੱਛੋਂ ਖਾਣਗੇ। ੭।

***ਜਿਸੇ ਸਿਖ ਪੈ ਕਮ ਹੋਇ ਚੂਨ॥*** ਜਿਸ ਸਿੱਖ ਦੇ ਕੋਲ ਗੁਜ਼ਾਰੇ ਜੋਗਾ (ਚੂਨ) ਆਟਾ, ਪਾਣੀ ਨਾ ਹੋਵੇ।

***ਉਸੈ ਖੁਲਾਵੈਂ ਆਪ ਰਹਿਂ ਊਨ॥*** ਆਏ ਸਿੰਘ ਨੂੰ ਜਰੂਰ ਖਵਾਉਂਦੇ ਹਨ, ਆਪ ਚਾਹੇ ਭੁੱਖੇ ਹੀ ਰਹਿ ਜਾਣ, ਦੂਸਰੇ ਦੀ ਪ੍ਰਸੰਨਤਾ ਲੈਂਦੇ ਨੇ ਉਸ ਨੂੰ ਪ੍ਰਸ਼ਾਦਾ ਜਰੂਰ ਛਕਾਉਂਦੇ ਨੇ।

***ਜੋਊ ਜੋਊ ਸਿੰਘ ਉਦਮੀ ਹੋਇ॥*** ਜਿਹੜੇ-ਜਿਹੜੇ ਸਿੰਘ ਉਦਮੀ ਹਨ, ਜਿਵੇਂ ਮਤਾਬ ਸਿੰਘ ਸੀ, ਪੰਜਾਹ ਸੱਠ ਸਿੰਘ ਨਾਲ ਰੱਖਣੇ ਅਤੇ ਲੁੱਟ ਕੇ ਲਿਆਉਣਾ ਹੱਲਾ ਬੋਲ ਕੇ, ਜਿਵੇਂ ਭਾਈ ਤਾਰੂ ਸਿੰਘ ਜੀ ਦਿਨੇ ਆਪਣੀ ਕਿਰਤ-ਵਿਰਤ ਕਰਨੀ, ਮਾਂ ਵੀ, ਭੈਣ ਵੀ, ਪੀਹਣ ਆਦਿਕ ਛੱਟਣ ਕਰਕੇ ਲੋਕਾਂ ਦਾ, ਅਨਾਜ਼ ਲਿਆਉਣਾ ਇਕੱਠਾ ਕਰਕੇ। ਉਹ ਪੀਹ ਕੇ ਹੱਥੀਂ ਪ੍ਰਸ਼ਾਦੇ ਬਣਾਉਣੇ ਤੇ ਭਾਈ ਤਾਰੂ ਸਿੰਘ ਨੇ ਡਾਲਿਆਂ ਵਿਚ ਪਾ ਕੇ ਜੰਗਲਾਂ ਦੇ ਵਿਚ ਸੀਟੀਆਂ ਵਜਾਉਣੀਆਂ, ਉਥੇ ਸਾਰੇ ਸਿੰਘ ਸੀਟੀ ਸੁਣ ਕੇ ਇਕੱਤਰ ਹੋ ਜਾਂਦੇ ਸਨ, ਫਿਰ ਬੈਠ ਕੇ ਲੰਗਰ ਛਕਦੇ, ਜਿਸ ਤਰ੍ਹਾਂ ਵੀ ਟਾਈਮ ਲੰਘਾਇਆ ਖਾਲਸੇ ਨੇ।

***ਦਸ ਪੰਜ ਰਲ ਕੈ ਦੌੜੈਂ ਸੋਇ॥ ੮॥*** ਪੰਜ ਦਸ ਸਿੰਘ ਇਕੱਠੇ ਹੋ ਕੇ ਉਹ ਦੌੜ ਲਾਉਂਦੇ ਹਨ। ੮।

***ਸਾਗ ਅੰਨ ਪਟ ਲਯਾਵੈਂ ਸੋਇ॥*** ਕਿਉਂਕਿ ਉਦੋਂ ਨੇੜੇ-ਨੇੜੇ ਸਾਗ, ਅੰਨ-ਅਨਾਜ਼, ਛੱਲੀਆਂ ਦੀਆਂ ਖੇਤੀਆਂ ਹੁੰਦੀਆਂ ਹਰੀਆਂ ਹਰੀਆਂ, ਜੋ ਕੁਛ ਮਿਲਦਾ ਕਿਸੇ ਨੂੰ ਉਸ ਨੂੰ ਪੁੱਟ ਕੇ ਲੈ ਆਉਂਦੇ ਉਹ।

***ਚੋਰੀ ਛਿਪੀ ਪੈ ਉਨ ਗੁਜਰ ਹੋਇ॥*** ਚੋਰੀਂ-ਛਿਪੀ, ਲੁਕ-ਛਿਪ ਕੇ ਜਿਹੋ ਜਿਹਾ ਮਿਲੇ ਸਾਗ-ਪੱਤ ਉਸ ਦੇ 'ਤੇ ਹੀ ਗੁਜ਼ਾਰਾ ਹੁੰਦਾ, ਹੋਰ ਤਾਂ ਕੋਈ ਹੀਲਾ ਹੀ ਨਹੀਂ ਸੀ, ਕਿਤੋਂ ਲਿਆ ਕੇ ਲੱਕੜ, ਲੰਗਰ ਪੱਕਦੇ ਹੋਣ ਜਾਂ ਦਾਲੇ ਚੜ੍ਹਦੇ ਹੋਣ,

ਐਸੀ ਕੋਈ ਗੱਲ ਨਹੀਂ ਸੀ।

***ਕੈ ਬਖਤਾਵਰ ਜਿਸ ਹੁਇ ਪਿਤ ਮਾਤ॥*** ਜਿਸ ਦੇ ਮਾਤਾ ਪਿਤਾ ਬਖਤਾਵਰ ਹੋਣ, ਭਾਵ ਜਿਸ ਦੇ ਕੋਲ ਵਾਹਵਾ ਹੋਵੇ, ਅੰਨ ਪਦਾਰਥ ਆਦਿਕ।

***ਸੋਈ ਜਾਇ ਘਰ ਖਾਵੈ ਰਾਤ ॥ ੯॥*** ਉਹ ਸਿੰਘ ਤਾਂ ਰਾਤ ਨੂੰ ਘਰ ਜਾ ਕੇ ਲੰਗਰ-ਪਾਣੀ ਛਕ ਆਉਂਦੇ ਸਨ। ੯।

***ਦੋਹਰਾ॥ ਇਸੀ ਭਾਂਤ ਸਿੰਘ ਰਹਤ ਥੇ, ਬਘਯਾੜਨ ਖੱਡ ਮਾਂਹਿ॥*** ਇਸ ਪ੍ਰਕਾਰ ਸਿੰਘ ਗੁਜ਼ਾਰਾ ਕਰਦੇ, ਬੇਲਿਆਂ, ਖੂਹਾਂ, ਖੱਡਾ ਅਤੇ ਬਘਿਆੜਾਂ ਦੀਆਂ ਖੱਡਾਂ ਵਿਚ ਸਿੰਘ ਰਹਿ ਕੇ ਆਪਣਾ ਗੁਜ਼ਾਰਾ ਕਰਦੇ ਸਨ।

***ਜਸੂਸਨ ਨੇ ਤੇਊ ਲਖੇ ਜਾ ਕਹਯੋ ਸੁ ਤੁਰਕਨ ਪਾਹਿ॥ ੧੦॥*** ਜਸੂਸ ਜਿਹੜੇ ਫਿਰਦੇ ਸਨ ਇਕ-ਇਕ, ਦੋ-ਦੋ ਹੋ ਕੇ ਨਿਗਾਹ ਰੱਖਦੇ, ਕਿਥੇ ਸਿੰਘ ਲੁਕਦੇ ਨੇ, ਕਿਤੇ ਖੱਡ ਵਿਚ ਵੜਦੇ ਵੇਖਣੇ ਆਓ! ਤੁਹਾਨੂੰ ਵਿਖਾਈਏ। ੧੦।

***ਚੌਪਈ॥ ਸੁਨਤ ਫੌਜ ਤੁਰਕਨ ਚੜ੍ਹ ਆਈ॥*** ਇਹ ਖ਼ਬਰ ਸੁਣਨ ਸਾਰ ਹੀ ਤੁਰਕਾਂ ਦੀ ਫ਼ੌਜ ਚੜ੍ਹ ਕੇ ਆ ਗਈ ਖੱਡ ਕੋਲ।

***ਏਕ ਓਰ ਢੁਕ ਬਹੀ ਛਿਪਾਈ॥*** ਉਥੇ ਨੇੜੇ ਹੀ ਇਕ ਪਾਸੇ ਫ਼ੌਜ ਲੁਕ ਕੇ ਬੈਠ ਗਈ ਹੈ। ਉਨ੍ਹਾਂ ਦੱਸ ਦਿੱਤਾ ਹੈ ਕਿ ਓਹ ਖੱਡ ਵਿਚ ਵੜਦੇ ਵੇਖੇ ਨੇ ਅਸੀਂ, ਹੁਣ ਉਹ ਲੁਕ ਕੇ ਬੈਠ ਗਏ ਨੇ ਕਿ ਉਹ ਨਿਕਲਣਗੇ ਕਿਸੇ ਟਾਈਮ, ਜਦੋਂ ਨਿਕਲਣਗੇ, ਉਦੋਂ ਮਾਰਾਂਗੇ ਉਨ੍ਹਾਂ ਨੂੰ।

***ਸਿੰਘ ਬੜਤ ਉਨ ਲਖ ਜੇ ਲੀਨ॥*** ਉਹ ਸਿੰਘ ਜਿਹੜੇ ਸਨ, ਉਹ ਖੱਡ ਵਿਚ ਵੜਦੇ ਵੇਖ ਲਏ ਫ਼ੌਜਦਾਰ ਨੇ।

***ਤਹਿਂ ਉਸ ਵਖਤ ਸਿੰਘ ਥੇ ਤੀਨ॥ ੧੧॥*** ਉਥੇ ਉਸ ਵਕਤ ਤਿੰਨ ਸਿੰਘ ਸਨ, ਜੋ ਖੱਡ ਦੇ ਵਿਚ ਵੜਦੇ ਵੇਖੇ ਗਏ। ੧੧।

***ਲੱਧਾ ਸਿੰਘ ਜੋ ਭੰਗੂ ਸੁਨਾਯੋ॥*** ਇਕ ਤਾਂ ਲੱਧਾ ਸਿੰਘ ਭੱਗੂ ਗੋਤ ਦਾ ਜੋ ਸਾਡਾ ਤਾਇਆ ਸੀ।

***ਰਾਮ ਸਿੰਘ ਲੰਬੇ ਹੇਹਰ ਗਾਯੋ॥*** ਇਕ ਸਿੰਘ ਭਾਈ ਰਾਮ ਸਿੰਘ 'ਲੰਬੇ ਹੇਹਰਾਂ ਦਾ, ਇਹ ਲਹੌਰ ਦਾ ਸੱਜਾ ਖੱਬਾ ਹੈ, ਇਹਨਾਂ ਨਗਰਾਂ ਦੇ ਸਿੰਘ ਸਨ।

***ਸੁਲੱਖਣ ਸਿੰਘ ਗਿੱਲ ਥੋ ਆਇ॥*** ਇਕ ਸੁਲੱਖਣ ਸਿੰਘ ਗਿੱਲ ਗੋਤ ਦਾ, ਉਹ ਵੀ ਓਥੇ ਆਇਆ ਹੋਇਆ ਸੀ।

***ਲੀਨੇ ਤੁਰਕਨ ਵੜਤ ਦ੍ਰਸਾਇ॥ ੧੨॥*** ਇਹ ਤਿੰਨੇ ਸਿੰਘ ਤੁਰਕਾਂ ਨੇ ਖੱਡ ਵਿਚ ਵੜਦੇ ਵੇਖ ਲਏ ਹਨ। ੧੨।

***ਕਰਕੈ ਉਠਾਵਨ ਤੁਰਕ ਤੁਰਤ ਪਏ॥*** ਤੁਰਤ ਹੀ ਉਨ੍ਹਾਂ ਨੂੰ ਉਠਾਉਣ ਵਾਸਤੇ ਤੁਰਕਾਂ ਨੇ ਕਿਹਾ, ਇਨ੍ਹਾਂ ਨੂੰ ਹੁਣੇ ਕੱਢ ਕੇ, ਹੁਣੇ ਹੀ ਮਾਰੀਏ, ਤੁਰਤ ਹੀ ਤੁਰਕ ਸਿੰਘਾਂ ਉੱਤੇ ਹੱਲਾ ਕਰਕੇ ਪੈ ਗਏ ਹਨ ਸਿੰਘਾਂ 'ਤੇ।

***ਵੜਤ ਪਤਾਲ ਸਿੰਘ ਆਕੀ ਭਏ॥*** ਸਿੰਘ ਹੇਠਾਂ ਪਤਾਲ ਤੱਕ ਚਲੇ ਗਏ, ਦੂਰ ਤਾਈਂ ਖੱਡ ਪੁੱਟੀ ਸੀ, ਜਿਥੇ ਪਾਣੀ ਆ ਗਿਆ, ਉਥੇ ਜਾ ਕੇ ਸਿੰਘ ਆਕੀ ਹੋ ਗਏ। ਬਥੇਰੀਆਂ ਅਵਾਜ਼ਾਂ ਮਾਰੀਆਂ ਕਿ ਬਾਹਰ ਆ ਜਾਓ। ਉਹ ਕਹਿੰਦੇ, ਤੁਸੀਂ ਆ ਜਾਓ ਅਗਾਂਹ, ਅਸੀਂ ਤਾਂ ਖੜ੍ਹੇ ਹਾਂ ਮੋਰਚੇ ਦੇ ਉਤੇ, ਆਓ ਤਾਂ ਜੇ ਕਿਸੇ ਦੀ ਹਿੰਮਤ ਪੈਂਦੀ ਹੈ!

***ਫੜ ਤਲਵਾਰ ਔਰ ਬੁਗਦੇ ਬਹੇ॥*** (ਬੁਗਦੇ) ਛੋਟੇ ਹਥਿਆਰ, ਖੰਜ਼ਰ ਆਦਿਕ ਖੰਜ਼ਰ ਬੁਗਦਾ ਨਾਮ ਹੈ, ਕਮਰਕੱਸਿਆਂ ਵਾਲੇ ਜਿਸ ਦੇ ਕੋਲ ਤਲਵਾਰ ਸੀ, ਉਥੇ ਬੈਠ ਗਏ ਕਿ ਜਿਹੜਾ ਖੱਡ ਦੇ ਵਿਚ ਵੜਿਆ ਉਸ ਨੂੰ ਉਥੇ ਝਟਕਾਵਾਂਗੇ।

***ਲੜਨ ਘੁਲਨ ਕੋ ਤਯਾਰ ਸੁ ਭਏ॥੧੩॥*** ਲੜਨ-ਘੁਲਣ ਵਾਸਤੇ ਤਿਆਰ ਹੋ ਗਿਆ ਹੈ ਤੁਰਕਾਂ ਨਾਲ ਖਾਲਸਾ। ੧੩।

***ਇਕ ਦੋ ਦਿਨ ਕੋ ਅਨਾਜ ਥੋ ਮਾਂਹਿ॥*** ਅੰਦਰ ਰਾਸ਼ਨ ਵੀ ਜਮ੍ਹਾਂ ਰੱਖਦੇ ਸਨ, ਕਿਸੇ ਟਾਈਮ ਜ਼ਰੂਰਤ ਪੈ ਜਾਵੇ, ਨਾ ਨਿਕਲਿਆ ਜਾਏ, ਬਾਹਰ ਮੀਂਹ ਕਣੀ ਹੋਵੇ, ਤਾਂ ਨਿਰਬਾਹ ਵਾਸਤੇ ਸਿੰਘ ਰੱਖਦੇ ਸਨ। ਇਕ ਦੋ ਦਿਨ ਦਾ ਅਨਾਜ਼ ਤਾਂ ਅੰਦਰ ਸੀ ਉਨ੍ਹਾਂ ਦੇ ਕੋਲ।

***ਨੀਰ ਪਤਾਲ ਕੋ ਥੋ ਉਨ ਪਾਹਿ॥*** ਪਾਣੀ ਪਤਾਲ ਦਾ ਸੀ ਉਨ੍ਹਾਂ ਦੇ ਕੋਲ, ਪਾਣੀ ਤੱਕ ਪੁੱਟ ਕੇ ਲੈ ਗਏ ਸਨ ਖੱਡ, ਪਾਣੀ ਉਥੇ ਪੀ ਲੈਂਦੇ ਸਨ।

***ਤੁਰਕਨ ਕੇ ਸੋ ਹਾਥ ਨ ਆਏ॥*** ਸਿੰਘ ਤੁਰਕਾਂ ਦੇ ਹੱਥ ਨਾ ਲੱਗੇ, ਤੁਰਤ ਨਾ ਸਿੰਘ ਨਿਕਲੇ ਹੇਠਾਂ ਆਕੀ ਹੋ ਗਏ ਜਾ ਕੇ।

***ਤਬ ਤੁਰਕਨ ਯੌਂ ਮਤੇ ਮਤਾਏ॥ ੧੪॥*** ਫੇਰ ਤੁਰਕਾਂ ਨੇ ਆਪਸ ਵਿਚ ਸਲਾਹਾਂ ਕੀਤੀਆਂ ਕਿ ਹੁਣ ਕਿਵੇਂ ਕਰੀਏ? ਇਹ ਤਾਂ ਨਿਕਲਦੇ ਨਹੀਂ ਬਾਹਰ, ਆਕੀ ਹੋ ਗਏ ਨੇ। ੧੪।

***ਦੋਹਰਾ॥ 'ਮਾਰੋ ਬੰਦੂਕਨ ਸ਼ਲਕ ਬਹੁ ਬਡ ਹੁਇ ਜਾਇ ਧੂਆਂ ਧਾਰ॥*** ਤੁਰਕਾਂ ਨੇ ਸਲਾਹ ਕੀਤੀ ਕਿ ਖੱਡ ਦੇ ਵਿਚ ਮੂੰਹ ਕਰਕੇ ਬੰਦੂਕਾਂ ਦੀਆਂ ਸ਼ਲਕਾਂ ਮਾਰੀਏ, ਰਾਬੇ ਮਾਰੀਏ, ਜਦੋਂ ਬਰੂਦ ਦਾ ਧੂੰਆਂਧਾਰ ਹੋ ਜਾਏ ਖੱਡ ਦੇ ਵਿਚ।

***ਧੂਏਂ ਨਾਲ ਜਬ ਬਿਹੋਸ਼ ਹੋਹਿਂ, ਲੇਹੁ ਕਾਢ ਕਰ ਮਾਰ॥ ੧੫॥*** ਜਦੋਂ ਬਰੂਦ ਦਾ ਧੂੰਆਂ ਪਿਆ ਜਾ ਕੇ, ਤਾਂ ਬੇਹੋਸ਼ ਹੋ ਜਾਣਗੇ, ਜਦੋਂ ਸਾਹ ਉੱਡ ਜਾਣਗੇ, ਉਦੋਂ ਕੱਢ ਕੇ ਆਪਾਂ ਮਾਰ ਦਿਆਂਗੇ ਇਹਨਾਂ ਨੂੰ। ੧੫।

***ਚੌਪਈ॥ ਸਭ ਬੰਦੂਕ ਮਧ ਖੱਡਨ ਜੋਰੀ॥*** ਜਿੰਨੀਆਂ ਫ਼ੌਜੀਆਂ ਕੋਲ ਬੰਦੂਕਾਂ ਸਨ, ਉਨ੍ਹਾਂ ਦੇ ਮੂੰਹ ਖੱਡਾਂ ਵੱਲ ਨੂੰ ਕਰਕੇ ਜੋੜ ਦਿੱਤੀਆਂ ਹਨ।

***ਬਹੁਤ ਬ੍ਰਸਾਈ ਅੰਦਰ ਗੋਰੀ॥*** ਉਨ੍ਹਾਂ ਨੇ ਖੱਡ ਦੇ ਅੰਦਰ ਬਹੁਤ ਹੀ ਗੋਲੀਆਂ ਦੀ ਵਰਖਾ ਕੀਤੀ।

***ਧੂਓਂ ਧਾਰ ਤਹਿਂ ਭਯੋ ਘਨੇਰੋ॥*** ਬਹੁਤ ਧੂੰਆਂ ਹੋ ਗਿਆ ਹੈ ਖੱਡ ਦੇ ਅੰਦਰ, ਖੱਡ ਦਾ ਮੂੰਹ ਓਨਾਂ ਕੁ ਹੀ ਸੀ ਹੋਰ ਕੋਈ ਰਸਤਾ ਨਹੀਂ ਸੀ।

***ਹੀਓ ਹੁਟਯੋ ਯੌ ਭਏ ਅੰਧੇਰੋ॥ ੧੬॥*** ਹਨੇਰਾ-ਘੁੱਪ ਹੋ ਗਿਆ ਹੈ ਖੱਡ ਵਿਚ, ਜੀਅ ਹੁਟਿਆ ਹੈ ਸਿੰਘਾਂ ਦਾ, ਭਾਵ ਦਿਲ ਨੂੰ ਘਬਰਾਉ ਜਿਹਾ ਆਇਆ ਹੈ, ਕਿਉਂਕਿ ਹੋਰ ਪਾਸਿਓਂ ਹਵਾ ਤਾਂ ਲੰਘੇ ਕੋਈ ਨਾ, ਬਰੂਦ ਦਾ ਧੂੰਆਂ ਹੀ ਜਾਵੇ ਓਧਰ ਨੂੰ। ੧੬।

***ਤਬ ਉਨ ਸਿੰਘਨ ਬਡ ਦੁਖ ਲਹਯੋ॥*** ਤਦੋਂ ਉਨ੍ਹਾਂ ਸਿੰਘਾਂ ਨੂੰ ਬੜੀ ਹੀ ਤਕਲੀਫ਼ ਹੋਈ ਹੈ।

***ਧੂੰਆਂ ਰੋਕਨ ਜਤਨ ਉਨ ਕਯੋ॥*** ਉਨ੍ਹਾਂ ਸਿੰਘਾਂ ਨੇ ਧੂੰਏਂ ਨੂੰ ਰੋਕਣ ਦਾ ਯਤਨ ਕੀਤਾ ਹੈ ਕਿ ਧੂੰਆਂ ਬੰਦ ਕਰੋ, ਇਹ ਨਾ ਅੰਦਰ ਆਵੇ।

***ਹੁਤੇ ਲੀੜੇ ਜੋ ਉਨ ਕੇ ਪਾਹਿ॥*** ਉਨ੍ਹਾਂ ਸਿੰਘਾਂ ਦੇ ਪਾਸ ਜੋ ਕੱਪੜੇ ਆਦਿਕ ਸਨ।

***ਦੈ ਖੱਡਨ ਮੁਖ ਰੋਕਯੋ ਵਾਹਿ॥ ੧੭॥*** ਸਿੰਘ ਨੇ ਉਹ ਕੱਪੜੇ ਲਾਹ ਕੇ ਆਪਣੇ, ਉਨ੍ਹਾਂ ਖੱਡਾਂ ਦਾ ਮੂੰਹ ਬੰਦ ਕੀਤਾ ਹੈ, ਜਿਥੋਂ ਦੀ ਖੱਡ ਵਿਚ ਧੂੰਆਂ ਆ ਰਿਹਾ ਸੀ। ੧੭।

***ਫਿਰ ਤੁਰਕਨ ਕੇ ਯੌਂ ਚਿਤ ਆਈ॥*** ਜਦੋਂ ਧੂੰਆਂ ਰੋਕ ਲਿਆ ਹੈ ਸਿੰਘਾਂ ਨੇ ਤੇ ਫਿਰ ਬਚ ਗਏ, ਤਾਂ ਫਿਰ ਤੁਰਕਾਂ ਦੇ ਮਨ ਵਿਚ ਇਉਂ ਆਈ ਹੈ।

***'ਫੜ ਲੋਕਨ ਖੱਡ ਲਯੋ ਪੁਟਾਈ'॥*** ਇਹ ਕੰਮ ਦਿਨੇ ਹੋ ਰਿਹਾ ਹੈ, ਦਿਨੇ ਸਿੰਘਾਂ ਨੂੰ ਖੱਡ ਵਿਚ ਵੜਦਿਆਂ ਵੇਖ ਲਿਆ ਸੀ, ਹੁਣ ਸਲਾਹ ਕੀਤੀ ਤੁਰਕਾਂ ਨੇ, ਇਸ ਦੇ ਵਿੱਚੋਂ ਤਾਂ ਨਿਕਲਿਆ ਹੀ ਕੋਈ ਨਹੀਂ ਹੈ। ਹੁਣ ਇਉਂ ਕਰੀਏ ਲੋਕਾਂ ਨੂੰ ਫੜੀਏ ਪਿੰਡਾਂ ਵਾਲਿਆਂ ਨੂੰ, ਉਨ੍ਹਾਂ ਨੂੰ ਕਹੀਆਂ ਫੜਾ ਕੇ ਏਸ ਖੱਡ ਨੂੰ ਪੁਟਾ ਕੇ, ਵਿੱਚੋਂ ਕੱਢੀਏ ਸਿੰਘਾਂ ਨੂੰ।

***ਕਰ ਸਲਾਹਿ ਇਮ ਫੌਜ ਚੜ੍ਹ ਧਾਈ॥*** ਇਉਂ ਸਲਾਹ ਕਰ ਕੇ ਫ਼ੌਜ ਚੜ੍ਹ ਪਈ ਹੈ ਲੋਕਾਂ ਨੂੰ ਲਿਆਉਣ ਵਾਸਤੇ।

***ਅਏ ਲੋਕ ਕਰ ਕਹੀ ਫੜਾਈ॥ ੧੮॥*** ਲੋਕਾਂ ਨੂੰ ਪਿੰਡਾਂ ਵਿੱਚੋਂ ਇਕੱਠੇ ਕਰ ਲਿਆਏ ਅਤੇ ਖੱਡ ਪੁੱਟਣ ਵਾਸਤੇ ਕਹੀਆਂ ਉਨ੍ਹਾਂ ਦੇ ਹੱਥਾਂ ਵਿਚ ਫੜਾਈਆਂ ਹਨ, ਖੱਡ ਨੂੰ ਪੁੱਟ ਕੇ ਸਿੰਘਾਂ ਨੂੰ ਕੱਢੋ ਵਿੱਚੋਂ। ੧੮।

***ਆਇ ਲੋਕਨ ਇਮ ਕਰ ਚਤੁਰਾਈ॥*** ਜਦੋਂ ਤੁਰਕਾਂ ਨੇ ਘੂਰ-ਘੱਪ ਲਾਇਆ ਹੈ ਪਿੰਡਾਂ ਵਾਲਿਆਂ ਲੋਕਾਂ ਨੂੰ, ਲੋਕਾਂ ਨੇ ਸੋਚਿਆ, ਸਿੰਘਾਂ ਨੂੰ ਆਪਾਂ ਕੱਢ ਕੇ ਮਰਵਾਵਾਂਗੇ? ਇਹ ਵੀ ਠੀਕ ਨਹੀਂ, ਤਾਂ ਲੋਕ ਲੱਗੇ ਚੱਤੁਰਾਈਆਂ ਕਰਨ, ਕਹੀ ਚਲਾਉਣ ਵਾਲਿਆਂ ਨੂੰ ਪਤਾ ਹੁੰਦਾ ਹੈ, ਮਾਰੀਏ ਪੁੱਠੀ-ਸਿੱਧੀ ਕਹੀ ਉੱਖੜ ਜਾਇਗੀ।

***ਕਸੀਆਂ ਦੈ ਪੁੱਟਣ ਦਏ ਲਾਈ॥*** ਜਦੋਂ ਕਹੀਆਂ ਦੇ ਕੇ ਪੁੱਟਣ ਲਾ ਦਿੱਤੇ ਲੋਕ।

***ਜਬ ਪੁਟੈਂ ਤਬ ਉੱਖੜ ਜਾਹਿਂ॥*** ਉਹ ਐਸੇ ਤਰੀਕੇ ਨਾਲ ਕਹੀ ਨੂੰ ਮਾਰਦੇ ਹਨ, ਜਦੋਂ ਪੁੱਟਦੇ ਹਨ, ਤਾਂ ਉਹ ਉੱਖੜ ਜਾਂਦੀ ਹੈ ਦਸਤਾ ਹੁਣ ਪੁਆ ਕੇ ਲਿਆਈਏ ਕਹੀ ਤਾਂ ਉੱਖੜ ਗਈ ਹੈ।

***ਨਾਲੇ ਲਤ ਮੁੱਕੀ ਜਟ ਭੀ ਖਾਹਿਂ॥ ੧੯॥*** ਤੁਰਕ ਉਨ੍ਹਾਂ ਜੱਟਾਂ ਦੇ ਮੁੱਕੀਆਂ ਮਾਰਦੇ ਹਨ 'ਕਿਉਂ ਓਇ ਉਖੇੜ ਦਿੱਤੀ ਹੈ' 'ਤੂੰ ਸਿੱਧੀ ਚਲਾ, ਹਿਸਾਬ ਨਾਲ ਚਲਾ' ਉਹ ਜੱਟ ਵਿਚੇ ਹੀ ਲੱਤ-ਮੁੱਕੀ ਖਾ ਕੇ ਗੁਜ਼ਾਰਾ ਕਰੀਂ ਜਾਂਦੇ ਨੇ, ਪਰ ਸਿੰਘਾਂ ਦੀ ਖੱਡ ਨਹੀਂ ਪੁੱਟਦੇ। ੧੯।

***ਦੋਹਰਾ॥ ਕਹੀ ਠੁਕਾਵਨ ਖਾਤਰੇ ਸੱਦਣ ਗਏ ਤ੍ਰਖਾਣ॥*** ਉਹ ਕਹੀਆਂ ਨੂੰ ਠੁਕਾਉਣ ਵਾਸਤੇ ਤ੍ਰਖਾਣਾਂ ਨੂੰ ਸੱਦਣ ਗਏ ਹਨ।

***ਤੌ ਲੌ ਰਾਤ ਸੁ ਢੁਕ ਪਈ, ਫੌਜ ਚਹਿ ਡੇਰੇ ਜਾਣ॥ ੨੦॥*** ਏਨੇ ਨੂੰ ਦਿਨ ਛਿਪ ਗਿਆ ਹੈ, ਰਾਤ ਆ ਪਈ ਹੈ, ਹੁਣ ਤੁਰਕ ਚਾਹੁੰਦੇ ਹਨ ਕਿ ਡੇਰਿਆਂ ਵਿਚ ਚਲੀਏ, ਉਥੇ ਜਾ ਕੇ ਲੰਗਰ-ਪਾਣੀ ਛਕੀਏ। ਉਹਨਾਂ ਨੂੰ ਤਾਂ ਇਹ ਕਾਹਲ ਪੈ ਗਈ ਹੈ ਫ਼ੌਜੀਆਂ ਨੂੰ। ੨੦।

***ਚੌਪਈ॥ ਤਬ ਤੁਰਕਨ ਮਤ ਔਰੈ ਕਈ॥*** ਤਦ ਤੁਰਕਾਂ ਨੇ ਕਿਹਾ 'ਖੱਡ ਦਾ ਹੁਣ ਕਿਵੇਂ ਕਰੀਏ? ਹੁਣ ਏਵੇਂ ਹੀ ਛੱਡ ਕੇ ਗਏ, ਤਾਂ ਇਹ ਨਿਕਲ ਕੇ ਤੁਰ ਜਾਣਗੇ ਰਾਤ ਨੂੰ, ਤਦ ਤੁਰਕਾਂ ਨੇ ਹੋਰ ਮਤਾ ਕੀਤਾ ਹੈ।

***ਖੱਡ ਭਰ ਈਂਧਨ ਅੱਗ ਲਾਇ ਦਈ॥*** (ਈਂਧਨ) ਬਾਲਣ ਨਾਲ ਭਰ ਕੇ ਖੱਡ ਨੂੰ ਅੱਗ ਲਗਾ ਦਿੱਤੀ ਹੈ ਕਿ ਏਸੇ ਤਰ੍ਹਾਂ। ਸੜ-ਮਰਨਗੇ ਵਿੱਚੇ ਹੀ।

***ਅਗਨ ਪਹੁੰਚ ਦਏ ਕਪੜੇ ਸਾੜੀ॥*** ਜਿਥੇ ਸਿੰਘਾਂ ਨੇ ਬੰਦ ਕੀਤੀ ਹੋਈ ਸੀ ਖੱਡ, ਕੱਪੜੇ ਲਾ ਕੇ ਧੂੰਆਂ ਰੋਕਿਆ ਹੋਇਆ ਸੀ, ਉਥੇ ਤਾਈਂ ਅੱਗ ਚਲੀ ਗਈ, ਉਸ ਨੇ ਕੱਪੜੇ ਸਾੜ ਦਿੱਤੇ।

***ਇਮ ਸਿੰਘਨ ਕੋ ਭਈ ਖਵਾਰੀ॥ ੨੧॥*** ਇਹ ਧੂੰਏਂ ਨਾਲੋਂ ਵੀ ਜ਼ਿਆਦਾ ਖੁਆਰੀ ਹੋ ਗਈ ਹੈ ਸਿੰਘਾਂ ਨੂੰ, ਉਥੇ ਲਾਟਾਂ ਪਹੁੰਚਣ ਲੱਗ ਪਈਆਂ ਹਨ ਅੱਗ ਦੀਆਂ। ੨੧।

***ਫਿਰ ਸਿੰਘਨ ਕੀਓ ਜਤਨ ਸੁ ਔਰ॥*** ਫੇਰ ਸਿੰਘਾਂ ਨੇ ਹੋਰ ਯਤਨ ਕੀਤਾ ਹੈ।

***ਗਿੱਲੀ ਮਿੱਟੀ ਸੌਂ ਮੂੰਦੀ ਠੌਰ॥*** ਪਾਣੀ ਤੱਕ ਪੁੱਟੀ ਹੋਈ ਸੀ ਖੱਡ, ਗਿੱਲੀ ਮਿੱਟੀ ਪੁੱਟ-ਪੁੱਟ ਕੇ ਖੱਡ ਵਿੱਚੋਂ ਉਹ ਥਾਂ ਮੁੰਦ ਦਿੱਤੀ ਹੈ, ਗਿੱਲੀ ਮਿੱਟੀ ਨਾਲ ਖੱਡ ਦਾ ਮੂੰਹ ਬੰਦ ਕਰ ਦਿੱਤਾ, ਜਿਥੋਂ ਦੀ ਅੱਗ ਦੀਆਂ ਲਾਟਾਂ ਆ ਰਹੀਆਂ ਸਨ।

***ਇਸ ਬਿਧਿ ਜਾਨ ਉਨੈਂ ਬਚ ਰਹੀ॥*** ਇਸ ਢੰਗ ਦੇ ਨਾਲ ਉਨ੍ਹਾਂ ਸਿੰਘਾਂ ਦੀ ਜਾਨ ਬੱਚਤ ਹੋ ਗਈ ਹੈ।

***ਤੌ ਲੌਂ ਆਨ ਰਾਤ ਭੀ ਭਈ॥ ੨੨॥*** ਉਦੋਂ ਤੱਕ ਰਾਤ ਵੀ ਆ ਪਈ ਹੈ। ੨੨।

***ਲੋਕਨ ਉਨੈ ਦਯੋ ਡਰਵਾਇ॥*** ਜਿਹੜੇ ਲੋਕ ਪਿੰਡਾਂ ਵਿੱਚੋਂ ਇਕੱਠੇ ਕਰ ਕੇ ਲਿਆਂਦੇ ਸਨ, ਉਹ ਕਹਿਣ ਲੱਗੇ ਫ਼ੌਜਦਾਰਾਂ ਨੂੰ, 'ਮੀਆਂ! ਹਨੇਰਾ ਹੋ ਗਿਆ ਹੈ, ਵੇਖੋ ਰਾਤ ਤਾਰੇ ਚੜ੍ਹ ਪਏ ਨੇ, ਸਿੰਘਾਂ ਦਾ ਕੀ ਪਤਾ, ਜੇ ਬਾਹਰੋਂ ਜੱਥਾ ਆ ਪਿਆ ਕੋਈ, ਕੋਈ ਹੈ ਤੁਹਾਡੇ ਕੋਲ ਰੋਕਣ ਦਾ ਤਰੀਕਾ? ਉਨ੍ਹਾਂ ਲੋਕਾਂ ਨੇ ਫ਼ੌਜ ਵਾਲਿਆਂ ਨੂੰ ਡਰਾ ਦਿੱਤਾ ਹੈ'।

***'ਰਾਤ ਪਰੈਂ ਮਾਰੈਂ ਸਿੰਘ ਆਇ'॥*** ਬੱਸ ਰਾਤ ਪੈਣ ਦੀ ਲੋੜ ਹੈ, ਸਿੰਘਾਂ ਨੇ ਆ ਪੈਣਾ ਹੈ ਉਤੋਂ ਦੀ, ਤੁਹਾਨੂੰ ਤਾਂ ਨਹੀਂ ਛੱਡਦੇ ਉਹ, ਅਸੀਂ ਤਾਂ ਕਹਿ ਦਿਆਂਗੇ, ਸਾਨੂੰ ਤਾਂ ਬਦੋਬਦੀ ਫੜ ਕੇ ਲਿਆਏ ਨੇ ਇਹ, ਅਸੀਂ ਤਾਂ ਬਚ ਰਹਾਂਗੇ ਪਰ ਤੁਸੀਂ ਕਿਵੇਂ ਬਚੋਗੇ? ਇਸ ਤਰਾਂ ਡਰਾ ਦਿੱਤਾ ਤੁਰਕਾਂ ਨੂੰ ਪਿੰਡਾਂ ਦੇ ਲੋਕਾਂ ਨੇ ਕਿ ਰਾਤ ਨੂੰ ਸਿੰਘ ਆ ਕੇ ਮਾਰਨਗੇ ਤੁਹਾਨੂੰ।

***ਇਤ ਡਰ ਛਾਡ ਉਨੈਂ ਉਇ ਗਏ॥*** ਇਸ ਡਰ ਕਰਕੇ ਉਨ੍ਹਾਂ ਸਿੰਘਾਂ ਨੂੰ ਛੱਡ ਕੇ ਉਹ, ਫ਼ੌਜ ਵਾਲੇ ਚਲੇ ਗਏ ਹਨ। ਕਹਿੰਦੇ ਚੱਲੋ, ਆਪਾਂ ਕਿਉਂ ਮਰਨਾ ਏਥੇ, ਉਦੋਂ ਹੀ ਆਪਣੇ ਡੇਰਿਆਂ ਨੂੰ ਤੁਰ ਪਏ ਹਨ ਇਕੱਠੇ ਹੋ ਕੇ।

**ਲੋਕ ਚੁਫੇਰਯੋਂ ਆਵਤ ਭਏ॥ ੨੩॥** ਜਦੋਂ ਤੁਰਕ ਫ਼ੌਜ ਆਪਣੇ ਡੇਰਿਆਂ ਨੂੰ ਤੁਰ ਗਈ, ਉਦੋਂ ਝੱਟਪਟ ਹੀ ਪਿੰਡਾਂ ਦੇ ਲੋਕ ਚਾਰ-ਚੁਫੇਰਿਓਂ ਇਕੱਠੇ ਹੋ ਕੇ ਆ ਗਏ ਹਨ ਉਥੇ ਖੱਡ ਕੋਲ। ੨੩।

**ਬੁਝਾਇ ਆਗ ਤੇ ਲਏ ਨਿਕਾਰ॥** ਲੋਕਾਂ ਨੇ ਪਾਣੀ ਪਾ-ਪਾ ਕੇ ਅੱਗ ਬੁਝਾ ਦਿੱਤੀ ਤੇ ਸਿੰਘਾਂ ਨੂੰ ਕੱਢ ਲਿਆ ਹੈ ਖੱਡ ਵਿੱਚੋਂ।

**ਐਸ ਬਿਤੀ ਉਨ ਸਿੰਘਨ ਨਾਰ॥** ਏਸ ਤਰ੍ਹਾਂ ਉਨ੍ਹਾਂ ਸਿੰਘਾਂ ਨਾਲ ਬੀਤੀ ਹੈ।

**ਜਿਨ ਸਿਰ ਬੀਤੀ ਤਿਨ ਸੌਂ ਹਮ ਸੁਨੀ॥** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿਹੜੇ ਸਿੰਘ ਬਘਿਆੜ ਦੀ ਖੱਡ ਵਿਚ ਲੁਕੇ ਸਨ, ਜਿਨ੍ਹਾਂ ਦੇ ਸਿਰ 'ਤੇ ਇਹ ਭਾਵੀ ਬੀਤੀ ਸੀ, ਮੈਂ ਉਹਨਾਂ ਦੇ ਮੂੰਹੋਂ ਸੁਣੀ ਹੈ, ਉਹਨਾਂ ਸਿੰਘਾਂ ਨੇ ਮੈਨੂੰ ਇਹ ਸਾਰੀ ਸਾਖੀ ਸੁਣਾਈ ਹੈ।

**ਰਤਨ ਸਿੰਘ ਸੋ ਲਿਖ ਦਈ ਗੁਨੀ॥੨੪॥** ਭਾਈ ਰਤਨ ਸਿੰਘ ਨੇ ਉਹ ਸਾਖੀ ਲਿਖ ਦਿੱਤੀ ਹੈ ਬਿਚਾਰ ਕੇ, ਜਿਵੇ ਉਨ੍ਹਾਂ ਸਿੰਘਾਂ ਨਾਲ ਵਾਪਰੀ ਸੀ ਉਥੇ॥੨੪।

**ਦੋਹਰਾ॥ ਐਸੋ ਐਸੋ ਦੁਖ ਸਹੇ ਤੌ ਛਡੇ ਸੁ ਦਾਈਏ ਨਾਂਹਿ॥** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਖਾਲਸੇ ਦੀ ਚਾਲ ਵੇਖੋ, ਐਸੇ-ਐਸੇ ਤਸੀਹੇ ਸਹਿੰਦੇ ਹਨ, ਦੁਖ ਸਹਿੰਦੇ ਹਨ ਪਰ ਪਾਤਸ਼ਾਹੀ ਦਾਅਵਾ ਨਹੀਂ ਛੱਡਦੇ ਹਨ। ਪ੍ਰਮੇਸ਼ਰ ਨੇ, ਸਾਡੇ ਸਤਿਗੁਰੂ ਨੇ ਸਾਨੂੰ ਪਾਤਸ਼ਾਹੀ ਦਿੱਤੀ ਹੈ। ਸਾਡੀ ਹੰਨੇ-ਹੰਨੇ ਪਾਤਸ਼ਾਹੀ ਹੋਵੇਗੀ, ਸਾਡਾ ਪਾਤਸ਼ਾਹੀ ਦਾਅਵਾ ਹੈ, ਅਸੀਂ ਪਾਤਸ਼ਾਹੀ ਤੁਰਕਾਂ ਤੋਂ ਖੋਹ ਹੀ ਲੈਣੀ ਹੈ, ਫਿਰ ਵੀ ਦਾਅਵਾ ਨਹੀਂ-ਛੱਡਦੇ ਹਨ ਸਿੰਘ।

**ਖੱਤ੍ਰੀ ਤ੍ਰਖਾਣ ਕਲਾਲ ਜੱਟ, ਮਿਲੀ ਪਤਿਸ਼ਾਹੀ ਤਾਂਹਿ॥ ੨੫॥** ਖੱਤਰੀ, ਤ੍ਰਖਾਣ, ਕਲਾਲ ਤੇ ਜੱਟਾਂ ਆਦਿਕ ਨੂੰ, ਜਿਹੜੀਆਂ ਜਾਤਾਂ ਨੂੰ ਲੋਕ ਨੀਵੀਆਂ ਮੰਨਦੇ ਸਨ, ਤਾਂ ਹੀ ਤਾਂ ਉਹਨਾਂ ਨੂੰ ਪਾਤਸ਼ਾਹੀ ਮਿਲੀ ਹੈ, ਐਵੇਂ ਥੋੜ੍ਹੀ ਮਿਲ ਗਈ ਹੈ, ਕੁਰਬਾਨੀ ਕੀਤੀ ਹੈ, ਬੜੇ ਜ਼ਫਰ ਜਾਲੇ ਹਨ, ਤਾਂ ਪਾਤਸ਼ਾਹੀ ਮਿਲੀ ਸੀ। ੨੫।

## ਸਾਖੀ ਸੁਬੇਗ ਸਿੰਘ ਜੰਬਰ ਕੀ ਤੁਰੀ

### (ਭਾਈ ਸੁਬੇਗ ਸਿੰਘ ਤੇ ਉਸ ਦੇ ਸਪੁਤ੍ਰ ਦੀ ਗ੍ਰਿਫ਼ਤਾਰੀ ਦੇ ਕਸ਼ਟ)

**ਦੋਹਰਾ॥ ਸੁਬੇਗ ਸਿੰਘ ਜੰਬਰ ਭਯੋ ਸਿਖੀ ਮਧ ਮਜ਼ਬੂਤ॥** ਜੰਬਰਾਂ ਦੀ ਸਾਖੀ ਸੁਣਾਉਂਦੇ ਨੇ ਸੁਬੇਗ ਸਿੰਘ ਤੇ ਸ਼ਾਹਬਾਜ ਸਿੰਘ, ਦੋਵੇਂ ਪਿਉ ਪੁੱਤਰ ਸਨ, ਇਹ ਦੋਵੇਂ ਜੰਬਰ ਪਿੰਡ ਦੇ ਹੋਏ ਹਨ, ਜੋ ਸਿੱਖੀ ਵਿਚ ਬੜੇ ਹੀ ਮਜ਼ਬੂਤ ਹੋਏ ਹਨ, ਬੜੀ ਸਿੱਖੀ ਕਮਾਈ ਹੈ, ਇਹਨਾਂ ਨੇ ਤਕੜਿਆਂ ਹੋ ਕੇ।

**ਵਹਿ ਭੀ ਸਤਿਗੁਰ ਸਿਖ ਹੁਤੋ ਜਿਸ ਕੋ ਥੋ ਤਹ ਪੂਤ॥ ੧॥** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਇਹ ਜੋ ਸੁਬੇਗ ਸਿੰਘ ਸੀ ਨਾ, ਇਹ ਜਿਸ ਦਾ ਪੁੱਤਰ ਸੀ, ਉਹ ਵੀ ਸਿੱਖ ਸੀ ਸਤਿਗੁਰੂ ਜੀ ਦਾ। ਇਹਨਾਂ ਦਾ ਖ਼ਾਨਦਾਨ ਹੀ ਸਿੱਖੀ ਵਿਚ ਭਰਪੂਰ ਸੀ, ਮਾਂ ਬਾਪ ਤੋਂ ਸਿੱਖੀ ਪ੍ਰਾਪਤ ਹੋਈ ਸੀ ਇਹਨਾਂ ਨੂੰ। ੧।

**ਚੌਪਈ॥ ਬਾਲ ਅਵਸਥਾ ਸੁਤ ਫਾਰਸੀ ਪੜ੍ਹਾਯੋ॥** ਇਹਨਾਂ ਦੇ ਪਿਤਾ ਨੇ ਸੁਬੇਗ ਸਿੰਘ ਨੂੰ ਬਾਲਪਨ ਵਿਚ ਹੀ ਫ਼ਾਰਸੀ ਪੜ੍ਹਾਇਆ ਸੀ ਆਪਣੇ ਪੁੱਤਰ ਨੂੰ।

**ਫਿਰ ਮੱਧ ਕਚਹਿਰੀ ਉਸੈ ਬਹਾਯੋ॥** ਫਿਰ ਉਸ ਨੂੰ ਵਕਾਲਤ ਕਰਨ ਵਾਸਤੇ ਕਚਹਿਰੀ ਵਿਚ ਬਿਠਾ ਦਿੱਤਾ ਹੈ।

**ਵੈ ਹੁਤੋ ਮੁਲਕ ਕੋ ਕਰਤ ਅਜਾਰਾ॥** 'ਅਜ਼ਾਰਾ' ਕਹਿੰਦੇ ਨੇ ਠੇਕੇਦਾਰੀ ਨੂੰ, ਭਾਵ ਤੁਰਕ ਠੇਕਾ ਵੀ ਦਿੰਦੇ ਸਨ, ਸੁਬੇਗ ਸਿੰਘ ਨੂੰ। ਕੋਈ ਰਸ਼ਤ-ਬਸਤ ਸਾਰੀ ਤੁਰਕਾਂ ਦੀ ਫ਼ੌਜ ਨੂੰ ਪਹੁੰਚਦੀ ਕਰਨੀ, ਉਹ ਮੁਲਕ ਦੀ ਠੇਕੇਦਾਰੀ ਕਰਦਾ ਹੁੰਦਾ ਸੀ।

**ਰਹਿਤੇ ਥੇ ਲਹੌਰ ਮਝਾਰਾ॥ ੨॥** ਉਹ ਲਹੌਰ ਦੇ ਵਿਚ ਰਹਿੰਦੇ ਸਨ। ੨।

**ਤੁਰਕ ਉਸੇ ਖਾਲਸੇ ਵਲ ਤੋਰੈਂ॥** ਸੁਬੇਗ ਸਿੰਘ ਜੀ ਖਾਲਸੇ ਨਾਲ ਮੇਲ-ਮਿਲਾਪ ਹੋਣ ਕਰਕੇ ਖਾਲਸੇ ਦੇ ਵਿੱਚੋਂ ਹੋਣ ਕਰਕੇ, ਉਸ ਮੌਕੇ ਜੋ ਖਾਲਸੇ ਦਾ ਮੁਖ ਜਥਾ ਬੁੱਢਾ ਦਲ ਸੀ, ਉਹਨਾਂ ਦੀ ਸੇਵਾ ਕਰਨ ਵਾਸਤੇ ਤੱਤਪਰ ਰਹਿੰਦੇ ਸੀ।

ਅੰਮ੍ਰਿਤਪਾਨ ਵੀ ਬੁੱਢੇ ਦਲ ਵਿੱਚੋਂ ਕੀਤਾ ਸੀ। ਜਦੋਂ ਕਦੇ ਤੁਰਕਾਂ ਨੂੰ ਕੋਈ ਖਾਲਸੇ ਤੱਕ ਕੰਮ ਪੈਂਦਾ ਸੀ, ਤਾਂ ਉਸ ਵੇਲੇ ਭਾਈ ਸੁਬੇਗ ਸਿੰਘ ਨੂੰ ਹੀ ਵਿਚੋਲਾ ਬਣਾ ਕੇ ਖਾਲਸੇ ਪੰਥ ਕੋਲ ਭੇਜਦੇ ਸਨ।

***ਖਾਲਸਾ ਭੀ ਤਿਸ ਕੋ ਭਲ ਲੋਰੈ॥*** ਖਾਲਸਾ ਪੰਥ ਵੀ ਉਸ ਨੂੰ ਭਲੀ ਪ੍ਰਕਾਰ ਚਾਹੁੰਦਾ ਸੀ ਦਿਲੋਂ।

***ਕੋਈ ਤੁਰਕਨ ਪਰੈ ਜ਼ਰੂਰੀ ਕਾਮ॥*** ਜਦੋਂ ਤੁਰਕਾਂ ਨੂੰ ਕੋਈ ਜ਼ਰੂਰੀ ਕੰਮ ਪੈ ਜਾਏ ਸਿੰਘਾਂ ਤਾਈਂ।

***ਤੌ ਉਸ ਭੇਜੈਂ ਕਰ ਕਰ ਸਲਾਮ॥ ੩॥*** ਉਦੋਂ ਸਲਾਮਾਂ ਕਰ-ਕਰ ਉਸ ਨੂੰ ਹੀ ਭੇਜਦੇ ਸਨ ਖਾਲਸੇ ਕੋਲ ਕਿ ਸਾਡਾ ਇਹ ਕੰਮ ਜ਼ਰੂਰ ਕਰਵਾ ਦਿਓ ਖਾਲਸੇ ਤੋਂ। ਜਦੋਂ ਕੋਈ ਗਰਜ਼ ਹੁੰਦੀ ਹੈ, ਉਦੋਂ ਤੁਰਕ ਮਿੰਨਤਾਂ ਕਰਦੇ ਹਨ, ਖੁਸ਼ਾਮਦ ਕਰਦੇ ਹਨ। ੩।

***ਬਹੁਤ ਬਾਰ ਸਿੰਘਨ ਪੈ ਆਯੋ॥*** ਬਹੁਤ ਵਾਰੀ ਤੁਰਕਾਂ ਵੱਲੋਂ ਸਿੰਘਾਂ ਪਾਸ ਆਇਆ ਹੈ ਉਹ।

***ਸੋ ਸਿੰਘਨ ਕੰਮ ਨਹਿ ਚਹਿ ਗੁਾਯੋ॥*** ਉਹ ਸਿੰਘਾਂ ਦਾ ਹੱਥ ਉਤੇ ਰੱਖਣਾ ਚਾਹੁੰਦਾ ਹੈ, ਉਹ ਸਿੰਘਾਂ ਦਾ ਕੰਮ ਨਹੀਂ ਗਵਾਉਣਾ ਚਾਹੁੰਦਾ, ਸਿੰਘਾਂ ਦੀ ਚੜ੍ਹਦੀ ਕਲਾ ਸਦਾ ਰਹੇ, ਇਉਂ ਚਾਹੁੰਦਾ ਹੈ ਸੁਬੇਗ ਸਿੰਘ।

***ਕਿਤ ਘੂਰਨ ਕਿਤ ਮਤਲਬ ਗ੍ਰੀਬੀ॥*** ਕਿਤੇ ਘੂਰਦੇ ਵੀ ਹਨ ਅਤੇ ਕਿਤੇ ਮਤਲਬ ਵਾਸਤੇ ਗਰੀਬੀ ਵੀ ਧਾਰ ਲੈਂਦੇ ਨੇ।

***ਕਿਤ ਬਲ ਕਰ ਕਿਤ ਛਲ ਕਰ ਲੀਬੀ॥੪॥*** ਤੁਰਕ ਕਿਤੇ ਬਲ ਕਰਕੇ, ਕਿਤੇ ਛਲ ਕਰਕੇ, ਆਪਣੇ ਮਤਲਬ ਵਾਸਤੇ ਕਿਤੇ ਪੈਰਾਂ ਦੀਆਂ ਤਲੀਆਂ ਚੱਟਣ ਨੂੰ ਵੀ ਤਿਆਰ ਰਹਿੰਦੇ ਨੇ। ੪।

***ਸੋ ਸਭ ਦਏ ਖਾਲਸੇ ਭੇਤ॥*** ਉਹ ਸਾਰਾ ਤੁਰਕਾਂ ਦਾ ਭੇਤ ਖਾਲਸੇ ਨੂੰ ਦਿੰਦਾ ਹੈ, ਸੁਬੇਗ ਸਿੰਘ।

***ਹੁਤੋ ਪੰਥ ਸੋਂ ਅਤਿ ਬਡ ਹੇਤ॥*** ਇਉਂ ਪੰਥ ਨਾਲ ਬੜਾ ਪਿਆਰ ਸੀ ਇਸ ਦਾ, ਪੰਥ ਨਾਲ ਵੱਡਾ ਹਿਤ ਰੱਖਦੇ ਸੀ।

***ਪੰਥ ਖਾਤਰ ਤਨ ਮਨ ਧਨ ਲਾਵੈ॥*** ਸੁਬੇਗ ਸਿੰਘ ਨੂੰ ਕੋਈ ਪ੍ਰਵਾਹ ਨਹੀਂ ਹੈ, ਪੰਥ ਦੀ ਖ਼ਾਤਰ ਤਨ ਵੀ, ਮਨ ਵੀ, ਧਨ ਵੀ ਸਭ ਕੁਛ ਵਾਰਨੇ ਕਰਦੇ ਸੀ।

***ਨਹਿ ਪੁਤ੍ਰ ਪੋਤਰੇ ਕੋ ਹੇਤ ਰਖਾਵੈ॥ ੫॥*** ਆਪਣੇ ਪੁੱਤਰ ਪੋਤਰੇ ਨਾਲ (ਹੇਤ) ਪ੍ਰੇਮ, ਮੋਹ ਨਹੀਂ ਰੱਖਦੇ ਭਾਈ ਸੁਬੇਗ ਸਿੰਘ ਜੀ। ੫।

***ਦੋਹਰਾ॥ ਸੁਬੇਗ ਸਿੰਘ ਜੰਬਰ ਹੁਤੋ ਜਪੀ ਤਪੀ ਹੱਠ ਧਾਰ॥*** ਭਾਈ ਸੁਬੇਗ ਸਿੰਘ ਜੰਬਰ ਪਿੰਡ ਦੇ ਰਹਿਣ ਵਾਲੇ, ਜਪ, ਤਪ ਕਰਨ ਵਾਲੇ ਅਤੇ ਇਰਾਦੇ ਦੇ ਬੜੇ ਹਠੀ ਸਨ, ਭਾਵ ਭਾਵੇਂ ਕਾਰਜ਼ ਕੋਈ ਵੀ ਕਰਦੇ ਸਨ, ਉਹ ਸਿੰਘਾਂ ਦੀ ਰਹਿਤ ਵਿਚ ਪ੍ਰਪੱਕ ਰਹਿੰਦੇ ਸਨ, ਉਹ ਬੜਾ ਜਪੁ-ਤਪੁ ਕਰਨ ਵਾਲੇ ਅੰਮ੍ਰਿਤ ਵੇਲੇ ਦੇ ਉਠਣ ਵਾਲੇ, ਨਾਮ ਬਾਣੀ ਦੇ ਜਪਣ ਵਾਲੇ ਸਨ।

***ਜੈਸੀ ਕੀਨੀ ਤੁਰਕ ਨੇ ਸੋ ਅਬ ਸੁਨਹੁ ਬਿਚਾਰ॥ ੬॥*** ਸੋ ਹੁਣ ਸੁਣੋ ਖਾਲਸਾ ਜੀ! 'ਐਸੇ ਹਠੀਆਂ, ਤਪੀਆਂ ਨਾਲ ਜਿਹੜੇ ਸਦਾ ਹੀ ਪੰਥ ਦੀ ਚੜ੍ਹਦੀ ਕਲਾ ਚਾਹੁੰਦੇ ਸਨ, ਤੁਰਕ ਲੋਕ ਮਤਲਬ ਵਾਸਤੇ ਗਰੀਬੀ ਧਾਰਦੇ ਸਨ, ਫੇਰ ਉਨ੍ਹਾਂ ਨਾਲ ਵੀ ਤੁਰਕ ਜ਼ੁਲਮ ਕਮਾਉਣ ਤੋਂ ਨਹੀਂ ਹਟੇ। ਜੋ ਸੁਬੇਗ ਸਿੰਘ ਨਾਲ ਵਰਤਾਰਾ ਵਰਤਿਆ ਹੈ ਉਹ ਸੁਣੋ'। ੬।

***ਚੌਪਈ॥ ਸੁਬੇਗ ਸਿੰਘ ਫੜ ਜੰਬਰੋਂ ਮੰਗਾਯਾ॥*** ਭਾਈ ਸੁਬੇਗ ਸਿੰਘ ਨੂੰ ਉਸ ਦੇ ਪਿੰਡ ਜੰਬਰਾਂ ਤੋਂ ਗ੍ਰਿਫਤਾਰ ਕਰਕੇ ਲਹੌਰ ਮੰਗਵਾ ਲਿਆ ਹੈ।

***ਤਿਸਕਾ ਬੇਟਾ ਸਾਥ ਫੜਾਯਾ॥*** ਉਸ ਦਾ ਪੁੱਤਰ ਸ਼ਾਹਬਾਜ ਸਿੰਘ ਵੀ ਉਸ ਦੇ ਨਾਲ ਹੀ ਫੜ ਲਿਆਂਦਾ ਹੈ।

***ਕਹਯੋ ਨ੍ਵਾਬ 'ਤੁਮ ਆਵੋ ਦੀਨ॥*** ਜਦੋਂ ਤੁਰਕ ਵੇਖਦੇ ਹਨ ਕਿ ਸਾਡਾ ਹੱਥ ਉਤੋਂ ਦੀ ਹੈ, ਉਦੋਂ ਹੀ ਤੁਰਕ ਆਕੜ ਜਾਂਦੇ ਹਨ, ਲਹੌਰ ਦਾ ਨਵਾਬ ਖ਼ਾਨ ਬਹਾਦਰ ਕਹਿਣ ਲੱਗਾ, 'ਸੁਬੇਗ ਸਿੰਘ! ਤੂੰ ਹੁਣ ਦੀਨ ਵਿੱਚ ਆ ਜਾ ਮੁਸਲਮਾਨ ਬਣ ਜਾ'।

**ਲੇਵੋ ਦਾਮ ਔ ਕਾਮ ਜ਼ਮੀਨ॥ ੭॥** ਜਿੰਨਾਂ ਪੈਸਾ ਚਾਹੀਦਾ ਹੈ ਉਹ ਲੈ-ਲੈ, ਜਿਤਨੀ ਜਗੀਰ ਚਾਹੀਦੀ, ਉਹ ਲੈ ਅਤੇ ਹੋਰ ਜੋ ਕੋਈ ਤੇਰਾ ਆਪਣਾ ਕੰਮ ਹੈ, ਉਹ ਵੀ ਕਰਵਾ ਲੈ, ਪਰ ਤੂੰ ਸਾਡੇ ਦੀਨ ਵਿਚ ਆ ਜਾ ਮੁਸਲਮਾਨ ਹੋ ਜਾ। ੭।

**ਨਹੀਂ ਤੌ ਮਰਨੌਂ ਕਰ ਮਨਜ਼ੂਰ॥** ਜੇ ਨਹੀਂ ਮੰਨਣੀ ਇਹ ਗੱਲ ਤਾਂ ਮਰਨਾ ਮਨਜ਼ੂਰ ਕਰ ਲੈ।

**ਚੜ੍ਹੋ ਚਰਖ ਗਿਰ ਹੋਵੋ ਚੂਰ॥** ਚਰਖੜੀ 'ਤੇ ਚੜ੍ਹੋ, ਚਰਖੜੀ ਤੋਂ ਡਿੱਗ ਕੇ ਚਕਨਚੂਰ ਹੋਵੋ।

**ਸੁਬੇਗ ਸਿੰਘ ਤਬ ਕੁਰਨਸ਼ ਕਰੀ॥** ਸੁਬੇਗ ਸਿੰਘ ਨੇ ਤਦ ਚਰਖੜੀ ਨੂੰ (ਕੁਰਨਸ਼) ਨਮਸ਼ਕਾਰ ਕੀਤੀ ਹੈ।

**'ਧੰਨ ਚਰਖੜੀ ਧੰਨ ਯਹ ਘਰੀ' ॥ ੮ ॥** ਧੰਨ ਇਹ ਚਰਖੜੀ ਹੈ ਅਤੇ ਧੰਨ ਹੈ ਇਹ ਘੜੀ, ਜਦੋਂ ਮੇਰੀ ਸਿੱਖੀ ਦੀ ਪ੍ਰੀਖਿਆ ਹੋਣ ਲੱਗੀ ਹੈ। ੮।

**ਚਾੜ੍ਹ ਚਰਖੜੀ ਹਮੈ ਗਿਰਾਵੋ॥** ਭਾਈ ਸੁਬੇਗ ਸਿੰਘ ਖ਼ਾਨੂੰ ਨਵਾਬ ਨੂੰ ਕਹਿਣ ਲੱਗੇ ਕਿ ਸਾਨੂੰ ਚਰਖੜੀ 'ਤੇ ਚੜ੍ਹਾਓ ਕਿਸੇ ਕਿਸਮ ਦੀ ਦੇਰ ਨਾ ਲਾਓ, ਚਰਖੜੀ 'ਤੇ ਚੜ੍ਹਾ ਕੇ ਸੁੱਟੋ, ਜਿਥੇ ਸੁੱਟਦੇ ਹੋ।

**ਸੋ ਅਬ ਹਮ ਕੋ ਢੀਲ ਨ ਲਾਵੋ॥** ਹੁਣ ਕਿਸੇ ਤਰ੍ਹਾਂ ਦੀ ਢਿੱਲ ਨਾ ਕਰ, ਕਹਿ ਤਾਂ ਦਿੱਤਾ ਹੀ ਹੈ ਮੈਨੂੰ।

**ਹਮ ਤੌ ਗੁਰ ਕੇ ਸਿੱਖ ਸਦਾਵੈਂ॥** ਅਸੀਂ ਤਾਂ ਗੁਰੂ ਦੇ ਸਿੰਘ ਹੀ ਸਦਾਵਾਂਗੇ, ਅਸੀਂ ਨਹੀਂ ਗੁਰੂ ਤੋਂ ਬੇਮੁੱਖ ਹੁੰਦੇ।

**ਗੁਰ ਕੇ ਹੇਤ ਪ੍ਰਾਣ ਭਲ ਜਾਵੈਂ॥ ੯॥** ਗੁਰੂ ਦੇ ਵਾਸਤੇ ਭਾਵੇਂ ਸਾਡੀ ਜਾਨ ਚਲੀ ਜਾਵੇ, ਤਾਂ ਵੀ ਅਸੀਂ ਗੁਰੂ ਦੇ ਸਿੱਖ ਹੀ ਸਦਾਵਾਂਗੇ। ੯।

**ਧੰਨ ਨਵਾਬ ਧੰਨ ਤਵ ਦੀਨ॥** ਭਾਈ ਸੁਬੇਗ ਸਿੰਘ ਜੀ ਨਵਾਬ ਖ਼ਾਨੂੰ ਨੂੰ ਸ਼ਰਮਿੰਦਿਆਂ ਕਰਦੇ ਹੋਏ ਕਹਿੰਦੇ ਹਨ, 'ਹੇ ਨਵਾਬ! 'ਤੂੰ ਧੰਨ ਹੈਂ, ਧੰਨ ਹੈ' ਇਹੋ ਜਿਹਾ ਤੇਰਾ ਦੀਨ'।

**ਆਦਲ ਹੈਂ ਤੂੰ ਬਡੋ ਪ੍ਰਬੀਨ॥** ਤੂੰ ਵੱਡਾ ਚਤੁੱਰ ਤੇ ਇਨਸ਼ਾਫ ਕਰਨ ਵਾਲਾ ਹੈਂ। ਕਿਹੜੀ ਗੱਲ 'ਤੇ ਸਜ਼ਾ ਦਿੰਦਾ ਹੈਂ ਸਾਨੂੰ? ਕੀ ਕਸੂਰ ਹੈ ਸਾਡਾ? ਇਉਂ ਕਿਹਾ ਨਵਾਬ ਨੂੰ।

**ਮਰਨੌਂ ਡਰ ਹਮ ਦੀਨ ਮੌਂ ਕਰੋ॥** ਸਾਨੂੰ ਮੌਤ ਦਾ ਡਰ ਦੇ ਕੇ ਆਪਣੇ ਦੀਨ ਵਿਚ ਲਿਆਉਣਾ ਚਾਹੁੰਦਾ ਹੈਂ।

**ਹੋਇ ਦੀਨ ਮੈਂ ਫਿਰ ਨਹਿ ਮਰੋ?॥ ੧੦॥** ਤੂੰ ਇਹ ਦੱਸ ਜੇ ਤੇਰਾ ਦੀਨ ਅਸੀਂ ਕਬੂਲ ਕਰ ਲਈਏ, ਫੇਰ ਤਾਂ ਨਹੀਂ ਮਰਦੇ ਅਸੀਂ? ਫੇਰ ਤਾਂ ਜਿੰਦਾ ਰਹਿ ਜਾਵਾਂਗੇ ਦੁਨੀਆਂ 'ਤੇ। ੧੦।

**ਜੌ ਫਿਰ ਭੀ ਸਿਰ ਮਰਨੌਂ ਰਹੈ॥** ਜੇ ਦੀਨ ਕਬੂਲ ਕੇ ਫਿਰ ਵੀ ਸਿਰ 'ਤੇ ਮਰਨਾ ਹੀ ਰਹਿਣਾ ਹੈ, ਨਹੀਂ ਬਚਣਾ ਮੌਤ ਤੋਂ।

**ਐਸ ਜੀਵਨ ਕਿਉਂ ਧ੍ਰਮ ਤਜ ਬਹੈ?** ਐਹੋ ਜਿਹੇ ਜੀਵਨ ਤੋਂ ਅਸੀਂ ਕਿਉਂ ਆਪਣਾ ਧਰਮ ਛੱਡ ਬੈਠੀਏ? ਫੇਰ ਕੀ ਲੋੜ ਹੈ? ਧਰਮ ਨੂੰ ਤਿਆਗਣ ਦੀ।

**ਮਰਨੌਂ ਡਰ ਹਮ ਆਵੈਂ ਦੀਨ॥** ਮੌਤ ਤੋਂ ਡਰ ਕੇ ਅਸੀਂ ਤਾਂ ਤੇਰੇ ਮਜ਼੍ਹਬ ਵਿਚ ਆਈਏ।

**ਜੇ ਹੁਇ ਮਰਨੌਂ ਨਾਂਹਿ ਕਭੀਨ॥ ੧੧॥** ਜੇ ਮੁੜ ਕੇ ਫੇਰ ਕਦੇ ਵੀ ਨਾ ਮਰਨਾ ਹੋਵੇ, ਫਿਰ ਸਾਨੂੰ ਕਦੇ ਵੀ ਮੌਤ ਨਾ ਆਵੇ। ੧੧।

**ਜੈਸੇ ਤੁਮੈ ਦੀਨ ਹੈ ਪਯਾਰਾ॥** ਹੇ ਨਵਾਬ! ਜਿਵੇਂ ਤੈਨੂੰ ਆਪਣਾ ਮਜ਼੍ਹਬ ਪਿਆਰਾ ਹੈ।

**ਤੈਸੇ ਹੀ ਹੈ ਧਰਮ ਹਮਾਰਾ॥** ਐਸੇ ਤਰ੍ਹਾਂ ਹੀ ਸਾਨੂੰ ਸਾਡਾ ਧਰਮ ਪਿਆਰਾ ਹੈ।

**ਚਾੜ੍ਹ ਚਰਖੜੀ ਅਬੈ ਮਰਾਵੋ॥** ਤੂੰ ਢਿੱਲ ਨਾ ਕਰ, ਚਰਖੜੀ 'ਤੇ ਚੜ੍ਹਾ ਕੇ ਹੁਣੇ ਹੀ ਮਰਵਾ ਸਾਨੂੰ।

**ਮਾਰੋ ਅਬੈ ਨ ਦੇਰ ਲਗਾਵੋ॥ ੧੨॥** ਸਾਨੂੰ ਹੁਣੇ ਮਾਰੋ ਤੇ ਦੇਰ ਨਾ ਲਗਾਓ। ੧੨।

**'ਮੁਸਲਮਾਨ ਹਮ ਹੋਵਹਿਂ ਨਾਹੀਂ॥** ਅਸੀਂ ਕਦਾਚਿਤ ਵੀ ਮੁਸਲਮਾਨ ਨਹੀਂ ਹੋਵਾਂਗੇ, ਸਾਡੀ ਇੱਕੋ ਹੀ ਗੱਲ ਸੁਣ ਲੈ, ਅਸੀਂ ਨਹੀਂ ਤੇਰੇ ਦੀਨ ਨੂੰ ਕਬੂਲ ਕਰਦੇ।

***ਧਰਮ ਆਪਨੋ ਸਾਥ ਨਿਬਾਹੀਂ॥*** ਅਸੀਂ ਆਪਣੇ ਸਰੀਰ ਦੇ ਨਾਲ ਹੀ ਧਰਮ ਨੂੰ ਨਿਭਾਵਾਂਗੇ, ਅਸੀਂ ਆਪਣੇ ਧਰਮ ਦੇ ਵਿਚ ਪ੍ਰਪੱਕ ਰਹਾਂਗੇ, ਡੋਲਾਂਗੇ ਨਹੀਂ।

***ਤਬ ਨਵਾਬ ਨੇ ਹੁਕਮ ਸੁ ਕੀਨਾ॥*** ਤਦ ਨਵਾਬ ਨੇ ਹੁਕਮ ਕਰ ਦਿੱਤਾ ਹੈ।

***ਚਾੜ੍ਹ ਚਰਖੜੀ ਸਿੰਘ ਸੁ ਦੀਨਾ॥ ੧੩॥*** ਭਾਈ ਸੁਬੇਗ ਨੂੰ ਚਰਖੜੀ 'ਤੇ ਚੜ੍ਹਾ ਦਿੱਤਾ ਹੈ। ੧੩।

***ਊਚੇ ਚਾੜ੍ਹ ਫਿਰ ਬਹੁਤ ਘੁਮਾਯਾ॥*** ਚਰਖੜੀ 'ਤੇ ਚੜ੍ਹਾ ਕੇ ਚੰਗੀ ਤਰ੍ਹਾਂ ਕੱਸ ਕੇ, ਫਿਰ ਬਹੁਤ ਘੁਮਾਇਆ ਹੈ, ਚਰਖੜੀ ਇਉਂ ਹੁੰਦੀ ਹੈ, ਦੋ ਗੋਲ ਚੱਕਰ ਹੁੰਦੇ ਹਨ, ਇਕ ਚੱਕਰ ਦੇ ਵਿਚ ਛੋਟੀਆਂ-ਛੋਟੀਆਂ ਛੁਰੀਆਂ ਲੱਗੀਆਂ ਹੁੰਦੀਆਂ ਹਨ, ਇਕ ਚੱਕਰ ਦੇ ਉਤੇ ਬੰਦੇ ਨੂੰ ਕੱਸ ਦਿੰਦੇ ਨੇ, ਜਦੋਂ ਦੋਹਾਂ ਚਰਖੜੀਆਂ ਦਾ ਗੇੜਾ ਆਉਂਦਾ ਹੈ, ਤਾਂ ਜੋ ਛੁਰੀਆਂ ਹੁੰਦੀਆਂ ਹਨ, ਉਹ ਬੰਦੇ ਦੇ ਸਰੀਰ ਵਿਚ ਧੱਸ ਕੇ ਸਰੀਰ ਨੂੰ ਪਾੜ ਕੇ ਲੈ ਜਾਂਦੀਆਂ ਤੇ ਸਰੀਰ ਦੇ ਤੂੰਬੇ ਉੱਡ ਜਾਂਦੇ ਹਨ। ਜਦੋਂ ਚਰਖੜੀ ਦੇ ਗੇੜੇ ਤੇਜ਼ ਕਰ ਦਿੰਦੇ ਹਨ, ਤਾਂ ਸਰੀਰ ਜਗ੍ਹਾ-ਜਗ੍ਹਾ ਤੋਂ ਫਟ ਕੇ ਖ਼ੂਨ ਦੇ ਫੁਹਾਰੇ ਫੁਟ ਪੈਂਦੇ ਹਨ, ਸਰੀਰ ਦੇ ਮਾਸ ਦੀਆਂ ਬੋਟੀਆਂ ਕੱਢ ਕੇ ਲੈ ਜਾਂਦੇ ਚਰਖੜੀ ਦੇ ਫੌਲਾਦੀ ਦੰਦੇ। ਏਸ ਤਰ੍ਹਾਂ ਸੁਬੇਗ ਸਿੰਘ ਨੂੰ ਚਰਖੜੀ 'ਤੇ ਚੜ੍ਹਾ ਕੇ ਤੇਜ਼ ਰਫ਼ਤਾਰ ਨਾਲ ਘੁਮਾਇਆ ਚਰਖੜੀ ਨੂੰ।

***ਵਾਹਿਗੁਰੂ ਤਿਨ ਨਾਂਹਿ ਭੁਲਾਯਾ॥*** ਭਾਈ ਸੁਬੇਗ ਸਿੰਘ ਨੇ ਵਾਹਿਗੁਰੂ ਮੰਤ੍ਰ ਦਾ ਜਾਪ ਨਹੀਂ ਭੁਲਾਇਆ ਹੈ, ਹਰੇਕ ਸਵਾਸ 'ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ' ਕਹਿੰਦੇ ਹਨ।

***ਜਯੋਂ ਜਯੋਂ ਮੁਖ ਤੇ ਗੁਰੂ ਉਚਾਰੇ॥*** ਜਿਉਂ-ਜਿਉਂ ਮੁੱਖੋਂ ਗੁਰੂ, ਗੁਰੂ ਦਾ ਨਾਮ ਜਪਦੇ ਹਨ।

***'ਅਕਾਲ ਅਕਾਲ' ਕਰ ਊਚ ਪੁਕਾਰੇ॥ ੧੪॥*** ਤੇ ਕਦੇ 'ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ' ਦੇ ਉੱਚੀ-ਉੱਚੀ ਜੈਕਾਰੇ ਗਜਾਉਣ ਲੱਗ ਪੈਂਦੇ ਹਨ। ੧੪।

***ਸੁਨ ਨਵਾਬ ਮਨ ਮੈਂ ਬਹੁ ਕੋਪੈ॥*** 'ਵਾਹਿਗੁਰੂ' ਤੇ 'ਸਤਿ ਸ੍ਰੀ ਅਕਾਲ' ਸ਼ਬਦ ਸੁਣ ਕੇ ਨਵਾਬ ਮਨ ਵਿਚ ਬੜਾ ਕਰੋਧਵਾਨ ਹੁੰਦਾ ਹੈ।

***ਔਰ ਘੁਮਾਇ ਕਰਾਵੇਂ ਚੋਪੈ॥*** ਨਵਾਬ ਕਹਿੰਦਾ ਹੋਰ ਤੇਜ਼ ਘੁਮਾਓ ਚਰਖੜੀ ਨੂੰ ਤੇ ਇਹਨੂੰ ਚੁੱਪ ਕਰਾ ਦਿਓ।

***ਤਿਮ ਤਿਮ ਸਿੰਘ ਸੁ ਔਰ ਉਚਾਰੈ॥*** ਤਿਵੇਂ-ਤਿਵੇਂ ਸਿੰਘ ਜੀ ਹੋਰ-ਜ਼ੋਰ ਦੀ ਉੱਚੀ-ਉੱਚੀ 'ਵਾਹਿਗੁਰੂ' ਸ਼ਬਦ ਦਾ ਜਾਪ ਕਰ ਰਹੇ ਹਨ।

***ਸਤਿਗੁਰ ਨਾਮ ਨ ਮਨੋਂ ਬਿਸਾਰੈਂ॥ ੧੫॥*** ਸਤਿਗੁਰੂ ਜੀ ਦਾ ਨਾਮ ਆਪਣੇ ਮਨੋਂ ਨਹੀਂ ਭੁਲਾਉਂਦੇ। ੧੫।

***ਦੋਹਰਾ॥ ਤਬ ਨਵਾਬ ਐਸੇ ਕਹਯੋ, 'ਯਾ ਕੋ ਲੇਹੁ ਉਤਾਰ॥*** ਇਹ ਦੇਖ ਕੇ ਕਿ ਇਹ ਤਾਂ ਹੋਰ ਜ਼ੋਰ ਦੀ ਉੱਚੀ-ਉੱਚੀ 'ਵਾਹਿਗੁਰੂ' ਆਪਣੇ ਮੂੰਹੋਂ ਬੋਲਦਾ ਹੈ, ਤਾਂ ਨਵਾਬ ਨੇ ਕਿਹਾ ਇਸ ਨੂੰ ਉਤਾਰ ਲਵੋ ਚਰਖੜੀ ਤੋਂ।

***ਯਾਕੇ ਬੇਟੇ ਕੋ ਟੰਗਯੋ ਯਾਹੂ ਕੋ ਜੁ ਦਿਖਾਰ' ॥ ੧੬॥*** ਇਸ ਦੇ ਪੁੱਤਰ ਨੂੰ ਚਰਖੜੀ 'ਤੇ ਚੜ੍ਹਾ ਕੇ ਇਸ ਨੂੰ ਦਿਖਾਓ। ੧੬।

***ਚੌਪਈ॥ ਤਬ ਚੰਡਾਲਨ ਵੈਸੇ ਕੀਨਾ॥*** ਤਦ ਚੰਡਾਲਾਂ ਨੇ ਸੁਬੇਗ ਸਿੰਘ ਨੂੰ ਚਰਖੜੀ ਤੋਂ ਉਤਾਰ ਦਿੱਤਾ ਹੈ, ਸ਼ਾਹਬਾਜ ਸਿੰਘ ਨੂੰ ਚਰਖੜੀ 'ਤੇ ਲਿਆ ਚੜ੍ਹਾਇਆ ਹੈ। ਤਦੋਂ ਚੰਡਾਲਾਂ ਨੇ ਉਸੇ ਤਰ੍ਹਾਂ ਕੀਤਾ, ਜਿਵੇਂ ਨਵਾਬ ਨੇ ਕਿਹਾ ਹੈ।

***ਬਾਂਧ ਟਾਂਗ ਉਲਟੋ ਕਰ ਦੀਨਾ॥*** ਉਸ ਦੀਆਂ ਲੱਤਾਂ ਬੰਨ੍ਹ ਕੇ ਚਰਖੜੀ 'ਤੇ ਪੁੱਠਾ ਲਟਕਾ ਦਿੱਤਾ ਹੈ।

***ਚਾੜ੍ਹ ਚਰਖੜੀ ਬਹੁਤ ਘੁਮਾਯਾ॥*** ਚਰਖੜੀ 'ਤੇ ਕੱਸ ਕੇ ਸ਼ਾਹਬਾਜ ਸਿੰਘ ਨੂੰ ਬਹੁਤ ਤੇਜ਼ ਰਫ਼ਤਾਰ ਨਾਲ ਘੁਮਾਇਆ ਚਰਖੜੀ ਨੂੰ।

***ਸੁਬੇਗ ਸਿੰਘ ਕੋਨੈਨ ਦਿਖਾਯਾ॥ ੧੭॥*** ਭਾਈ ਸੁਬੇਗ ਸਿੰਘ ਜੀ ਨੂੰ ਅੱਖੀਂ ਦਿਖਾਇਆ, ਸ਼ਾਹਬਾਜ ਸਿੰਘ ਨੂੰ ਚਰਖੜੀ ਚੜ੍ਹੇ ਨੂੰ। ੧੭।

***ਸੁਬੇਗ ਸਿੰਘ ਤਬ ਐਸੇ ਕਹੈ॥*** ਸੁਬੇਗ ਸਿੰਘ ਨੇ ਤਦੋਂ ਚਰਖੜੀ 'ਤੇ ਚੜ੍ਹੇ, ਸ਼ਾਹਬਾਜ ਸਿੰਘ ਨੂੰ ਇਸ ਤਰ੍ਹਾਂ ਆਖਿਆ ਹੈ।

***'ਧੰਨ ਧੰਨ ਪੁਤ੍ਰ! ਧੰਨ ਦਿਨ ਯਹੈ॥*** ਪੁੱਤਰ! 'ਤੂੰ ਧੰਨ ਹੈਂ, ਧੰਨ ਹੈਂ, ਧੰਨ ਹੈਂ' ਇਹ ਦਿਨ ਜਦੋਂ, ਜਦੋਂ ਅਸੀਂ ਚਰਖੜੀ 'ਤੇ ਚੜ੍ਹੇ ਹਾਂ ਸਿੱਖੀ ਦੀ ਖ਼ਾਤਰ।

***ਸੋ ਧੰਨ ਪੁਰਖ ਜੁ ਧਰਮ ਨਿਬਾਹੈ॥*** ਉਹ ਪੁਰਸ਼ ਧੰਨਤਾਯੋਗ ਹੈ ਜੋ ਆਪਣੇ ਕੇਸਾਂ-ਸੁਆਸਾਂ ਨਾਲ ਧਰਮ ਨੂੰ ਨਿਭਾਉਂਦਾ ਹੈ।

***ਧੰਨ ਪੁਰਖ ਜੁ ਗੁਰ ਪਗ ਚਾਹੈ' ॥ ੧੮॥*** ਧੰਨ ਹੈ ਉਹ ਮਨੁੱਖ, ਜੋ ਗੁਰੂ ਦੇ ਚਰਨਾਂ ਨੂੰ ਚਾਹੁੰਦਾ ਹੈ, ਗੁਰੂ ਸ਼ਬਦ ਨੂੰ ਹਿਰਦੇ ਵਿਚ ਵਸਾਉਂਦਾ ਹੈ। ੧੮।

***ਤਿਸੈ ਉਤਾਰ ਨਵਾਬ ਬੁਲਾਯਾ॥*** ਉਸ ਨੂੰ ਚਰਖੜੀ ਤੋਂ ਉਤਾਰ ਕੇ ਨਵਾਬ ਨੇ ਉਸ ਨੂੰ ਬੁਲਾਇਆ ਹੈ।

***ਦੇ ਕੈ ਦੁਖ ਫਿਰ ਬਾਤਨ ਲਾਯਾ॥*** ਸ਼ਾਹਬਾਜ ਸਿੰਘ ਨੂੰ ਪੂਰਾ ਦੁਖ ਦੇ ਕੇ ਚਰਖੜੀ 'ਤੇ ਚੜ੍ਹਾ ਕੇ, ਫਿਰ ਮਿੱਠੀਆਂ ਗੱਲਾਂ ਨਾਲ ਪਰਚਾ ਰਿਹਾ ਹੈ ਉਸ ਨੂੰ।

***'ਤੂੰ ਹੈਂ ਬਾਲਕ ਬੁਧਿ ਤੈਂ ਨਾਹੀਂ॥*** ਕਹਿਣ ਲੱਗਾ, 'ਸੁਣ ਸ਼ਾਹਬਾਜ ਸਿੰਘ ਤੂੰ ਸਿਆਣਾ-ਬਿਆਣਾ ਹੈਂ, ਤੂੰ ਅਜੇ ਬੱਚਾ ਹੈਂ, ਤੈਨੂੰ ਅਜੇ ਬੁਧਿ ਨਹੀਂ ਹੈ, ਤੈਨੂੰ ਸਮਝ ਨਹੀਂ ਅਜੇ ਪੂਰੀ'।

***ਕਰਕੇ ਹਠ ਕਿਉਂ ਉਮਰ ਗਵਾਹੀ? ॥ ੧੯॥*** ਕਿਉਂ ਹੱਠ ਕਰਕੇ ਐਵੇਂ ਜਾਨ ਗਵਾਉਂਦਾ ਹੈਂ? ਹੱਠ ਕਰਕੇ ਐਵੇਂ ਕਿਉਂ ਮਰਦਾ ਹੈਂ?। ੧੯।

***ਪਿਤਾ ਤੇਰੇ ਨੇ ਸਭ ਲਖ ਲਯਾ॥*** ਤੇਰੇ ਪਿਤਾ ਨੇ ਸਭ ਕੁਛ ਖਾ ਪੀ ਲਿਆ ਹੈ, ਬਥੇਰੇ ਰੰਗ-ਰਾਗ ਵੇਖ ਲਏ ਹਨ ਦੁਨੀਆਂ ਦੇ।

***ਤੁਮਰੋ ਦਿਨ ਅਬ ਦੇਖਨ ਭਯਾ॥*** ਤੇਰੇ ਦਿਨ ਹੁਣ ਅਜੇ ਦੁਨੀਆਂ ਦੇ ਰੰਗ-ਰਾਗ ਦੇ ਆਏ ਹਨ।

***ਅਧਖਾਧੋ ਅਧ ਪੀਤੋ ਜੈ ਹੈਂ॥*** ਐਵੇਂ ਅੱਧ-ਵਿਚਾਲਿਓਂ ਜਾਂਦਾ ਰਹੇਂਗਾ, ਅਜੇ ਤੇਰੀ ਅੱਧੀ ਉਮਰ ਹੋਈ ਨਹੀਂ ਹੈ, ਐਵੇਂ ਖਾਣ-ਪੀਣ ਤੋਂ ਵੀ ਜਾਂਦਾ ਰਹੇਂਗਾ।

***ਧਰਮ ਰਖਯੋ ਤੁਧ ਕਦ ਕੰਮ ਐ ਹੈ? ॥੨੦॥*** ਦੱਸ ਤੇਰਾ ਧਰਮ ਰੱਖਿਆ ਤੇਰੇ ਕਦ ਕੰਮ ਆਇਗਾ? ਜੇ ਤੂੰ ਸਾਰੀ ਜ਼ਿੰਦਗੀ ਖਾ ਪੀ ਨਾ ਸਕਿਆ, ਪਹਿਲਾਂ ਹੀ ਮੌਤ ਨੂੰ ਅਵਾਜ਼ਾਂ ਮਾਰਦਾ ਹੈਂ, ਦੱਸ ਤੈਨੂੰ ਕੀ ਫਾਇਦਾ ਹੋਇਆ ਹੈ? ਇਉਂ ਗੱਲਾਂ ਕਰਦਾ ਹੈ। ੨੦।

***ਦੋਹਰਾ॥ ਮੁਸਲਮਾਨ ਹ੍ਵੈ ਲੇਹੁ ਤੂੰ ਬਹੁਤੀ ਅਬੈ ਜਗੀਰ॥*** ਇਉਂ ਕਰ ਤੂੰ ਮੇਰੀ ਸਲਾਹ ਮੰਨ, ਤੂੰ ਮੁਸਲਮਾਨ ਹੋ ਜਾ, ਜਿੱਡੀ ਵੱਡੀ ਕਹੈਂ, ਤੂੰ ਹੁਣੇ ਜ਼ਗੀਰ ਲੈ, ਸ਼ਾਹਬਾਜ ਸਿੰਘ ਨੂੰ ਇਸ ਤਰ੍ਹਾਂ ਦਾ ਲਾਲਚ ਦਿੰਦਾ ਹੈ ਖ਼ਾਨੂੰ ਨਵਾਬ।

***ਜਬ ਲਗ ਰਹਿ ਹੈ ਤਖਤ ਜਗ ਕਰੈ ਨ ਕੋਇ ਤਗੀਰ॥ ੨੧॥*** ਜਿੰਨਾਂ ਚਿਰ ਦੁਨੀਆਂ 'ਤੇ ਸਾਡਾ ਮੁਗਲਾਂ ਦਾ ਤਖ਼ਤ ਰਹੇਗਾ, ਕਦੀ ਵੀ ਨਾ ਕੋਈ ਤੇਰੀ ਜ਼ਗੀਰ ਖੋਹੇਗਾ। ੨੧।

***ਚੌਪਈ॥ ਨਵਾਬ ਕਹੀ, 'ਸੁਨ ਸਿੱਖ ਸੁਬੇਗ!*** ਖ਼ਾਨੂੰ ਨਵਾਬ ਕਹਿਣ ਲੱਗਾ, 'ਹੇ ਸੁਬੇਗ ਸਿੰਘਾਂ! ਤੂੰ ਮੇਰੀ ਗੱਲ ਧਿਆਨ ਨਾਲ ਸੁਣ'।

***ਬਚਾਉ ਪੁਤ੍ਰ ਕੋ ਚਲਤੀ ਤੇਗ॥*** ਆਪਣੇ ਪੁੱਤਰ ਨੂੰ ਬਚਾ ਲੈ, ਨਹੀਂ ਤਾਂ ਤਲਵਾਰ ਚਲਣ ਲੱਗੀ ਹੈ, ਇਸ ਦੇ 'ਤੇ ਮੈਂ ਹੁਣੇ ਹੁੱਕਮ ਕਰ ਦੇਣਾ ਕਤਲ ਦਾ।

***ਰੱਖ ਪੁਤ੍ਰ ਕੋ ਜੜ੍ਹ ਤੁਝ ਰਹੈ॥*** ਆਪਣੇ ਪੁੱਤਰ ਨੂੰ ਰੱਖ ਲੈ, ਭਾਵ ਬਚਾ ਲੈ, ਭਾਵ ਮੁਸਲਮਾਨ ਹੋ ਜਾਏ ਤੇ ਤੇਰੀ ਜੜ੍ਹ ਰਹਿ ਜਾਏ ਦੁਨੀਆਂ 'ਤੇ।

***ਤੂੰ ਕਹੁ ਮੁਖ ਤੇ ਕਲਮਾ ਕਹੈ' ॥ ੨੨॥*** ਤੂੰ ਕਹਿ ਇਸ ਨੂੰ, ਮੂੱਖੋਂ ਕਲਮਾਂ ਆਖੇ, ਇਹ ਕਿਹੜੀ ਔਖੀ ਗੱਲ ਹੈ ਕੋਈ। ੨੨।

***ਕਰੋ ਕਤਲ ਤੁਝ ਮਾਰੋਂ ਗ੍ਰਾਮ॥*** ਜੇ ਤੂੰ ਇਸ ਨੂੰ ਨਹੀਂ ਸਮਝਾਇੰਗਾ, ਤਾਂ ਤੈਨੂੰ ਵੀ ਕਤਲ ਕਰਾਂਗਾ, ਤੇਰਾ ਜੰਬਰ ਪਿੰਡ ਵੀ

ਕਤਲ ਕਰਾਂਗਾ।

***ਸਿਖਾਇ ਪੁਤ੍ਰ ਕਰ ਦੀਨ ਕਰਮ॥*** ਆਪਣੇ ਪੁੱਤਰ ਨੂੰ ਸਿਖਾ ਕੇ ਇਸ ਨੂੰ ਦੀਨ ਵਿਚ ਕਰ ਦੇ।

***ਯਾ ਪੀਛੇ ਮੈਂ ਰਾਖੋਂ ਤੋਹਿ॥*** ਇਸ ਦੇ ਪਿੱਛੇ ਮੈਂ ਤੈਨੂੰ ਰੱਖ ਲਵਾਂਗਾ, ਭਾਵ ਤੈਨੂੰ ਨਹੀਂ ਮਾਰਾਂਗਾ, ਜਰਾ ਕਹਿ ਤਾਂ ਸਹੀ ਇਸ ਨੂੰ।

***ਤੂੰ ਭੀ ਪੁਤ੍ਰ ਸੌਂ ਕਰ ਕਛੁ ਮੋਹਿ॥ ੨੩॥*** ਅਸੀਂ ਤੇਰਾ ਐਨਾਂ ਹਿੱਤ ਕਰਦੇ ਹਾਂ, ਤੂੰ ਵੀ ਕੁਛ ਮੋਹ ਕਰ ਪੁੱਤਰ ਦਾ, ਥੋੜ੍ਹਾ ਜਿਹਾ ਕਹਿ ਤਾਂ ਸਹੀ ਇਸ ਨੂੰ। ੨੩।

***ਪੁੱਤਰ ਤੇ ਹੀ ਰਹਿ ਹੈ ਬੰਸ॥*** ਜੇ ਤੇਰਾ ਪੁੱਤਰ ਬਚ ਰਿਹਾ, ਤਾਂ ਤੇਰੀ ਅੰਸ-ਬੰਸ ਵੀ ਬਚ ਰਹੇਗੀ।

***ਬਿਨਾਂ ਪੁਤ੍ਰ ਹ੍ਵੈ ਹੈਂ ਨਿਰਬੰਸ॥*** ਬਿਨਾਂ ਪੁੱਤਰ ਤੋਂ ਤੇਰੀ ਬੰਸ ਨਹੀਂ ਰਹਿਣੀ, ਤੇਰੀ ਜੜ੍ਹ ਨਹੀ ਰਹਿਣੀ, ਦੱਸ ਤੈਨੂੰ ਕੀ ਲਾਭ ਹੋਵੇਗਾ?

***ਸੁਬੇਗ ਸਿੰਘ ਸੁਨ ਐਸੀ ਕਹੀ॥*** ਨਵਾਬ ਖ਼ਾਨੂੰ ਦੀਆਂ ਗੱਲਾਂ ਸੁਣ ਕੇ ਸੁਬੇਗ ਸਿੰਘ ਨੇ ਏਸ ਤਰ੍ਹਾਂ ਉੱਤਰ ਦਿੱਤਾ ਹੈ।

***'ਸੱਚ ਨਵਾਬ ਤੈਂ ਜੇਤੀ ਕਹੀ' ॥ ੨੪॥*** ਹੇ ਨਵਾਬ! 'ਠੀਕ ਹੈ, ਤੂੰ ਆਪਣੇ ਹਿਸਾਬ ਨਾਲ ਜਿੰਨੀਆਂ ਗੱਲਾਂ ਕਹੀਆਂ ਹਨ, ਉਹ ਸੱਚੀਆਂ ਕਹੀਆਂ ਹਨ'। ੨੪।

***ਹਮ ਨੇ ਤੁਮਰਾ ਨੂਣ ਸੁ ਖਾਯਾ॥*** ਪਰ ਗੱਲ ਤਾਂ ਇਹ ਹੈ ਕਿ ਤੂੰ ਸਾਡੇ ਧਰਮ ਦੀ ਗੱਲ ਕਰਦਾ, ਮੇਰੇ ਪੁੱਤਰ ਨੂੰ ਕਹਿਨਾਂ ਹੈਂ ਕਿ ਇਸ ਨੂੰ ਦੀਨ ਵਿਚ ਕਰਦੇ ਤੂੰ, ਪਰ ਇਹ ਗੱਲ ਐਡੀ ਦੁਖਦਾਈ ਹੈ, ਜਿਹੜੀ ਜ਼ਰਨੀ ਔਖੀ ਹੈ ਸਾਨੂੰ, ਪਰ ਹੁਣ ਕਰੀਏ ਕੀ? ਤੇਰੀ ਨੌਕਰੀ ਕੀਤੀ ਹੈ ਲੂਣ ਖਾਧਾ ਹੈ ਤੇਰਾ।

***ਬਣੇ ਨ ਖੋਟਾ ਤੁਮੈਂ ਅਲਾਯਾ॥*** ਤੂੰ ਸਾਡੇ ਧਰਮ ਤਾਈਂ ਜਾਂਦਾ ਹੈਂ, ਹੁਣ ਸਾਡੀ ਬਣਦੀ ਨਹੀਂ ਹੈ ਗੱਲ 'ਜਿਸ ਦਾ ਨਮਕ ਖਾਈਏ, ਉਸ ਦੇ ਖਿਲਾਫ਼ ਕੋਈ ਗੱਲ ਕਰੀਏ, ਇਸ ਕਰਕੇ ਤੈਨੂੰ ਅਸੀਂ ਕੋਈ ਖੋਟੀ ਗੱਲ ਨਹੀਂ ਕਹਿ ਸਕਦੇ।

***ਹਮ ਸੁਤ ਅਪਨੇ ਦਯੋ ਉਪਦੇਸ਼॥*** ਮੈਂ ਤਾਂ ਆਪਣੇ ਪੁੱਤਰ ਨੂੰ ਐਸਾ ਉਪਦੇਸ਼ ਦਿੱਤਾ ਹੋਇਆ ਹੈ।

***ਰਾਖਨ ਸਾਚੇ ਗੁਰ ਨਿਜ ਭੇਸ॥ ੨੫॥*** ਕਿ ਸੱਚੇ ਗੁਰੂ ਦਾ ਭੇਸ ਰੱਖਣਾ ਹੈ, ਸੱਚੇ ਗੁਰੂ ਦਾ ਕਲਮਾਂ ਪੜ੍ਹਨਾ ਹੈ ਕਿਸੇ ਝੂਠੇ ਮਜ਼ਬ ਵਿਚ ਨਹੀਂ ਜਾਣਾ ਹੈ। ੨੫।

***ਕਹਾਂ ਜ਼ਿੰਦਗੀ ਕੀ ਪਰਤੀਤ॥*** ਇਸ ਜਿੰਦਗੀ ਦਾ ਕੀ ਭਰੋਸਾ ਹੈ, ਇਸ ਨੇ ਰਹਿਣਾ ਜਾਂ ਨਹੀਂ ਰਹਿਣਾ ਦੁਨੀਆਂ 'ਤੇ।

***ਯਾ ਸਿਰ ਮਰਨੋਂ ਬਹੁਤੀ ਰੀਤ॥*** ਇਹ ਤਾਂ ਆਮ ਸੰਸਾਰ ਦੀ ਰੀਤ ਹੈ, ਜੋ ਜਨਮਿਆ ਹੈ, ਉਸ ਨੇ ਆਖਰ ਮਰਨਾ ਹੀ ਹੈ। ਏਸ ਦੁਨੀਆਂ ਤੋਂ ਤਾਂ ਚਲੇ ਜਾਣਾ ਹੈ ਸਭ ਨੇ।

***ਰਹੈ ਧਰਮ ਤਨ ਅਬ ਹੀ ਜਾਇ॥*** ਸਾਡਾ ਧਰਮ ਰਹਿ ਜਾਏ, ਸਰੀਰ ਭਾਵੇਂ ਹੁਣੇ ਹੀ ਚਲਿਆ ਜਾਏ। ਇਸ ਗੱਲ ਦੀ ਨਵਾਬ ਸਾਨੂੰ ਕੋਈ ਪ੍ਰਵਾਹ ਨਹੀਂ ਹੈ।

***ਜਬ ਲਗ ਜੀਵੈ ਧਰਮ ਗਵਾਇ॥੨੬॥*** ਧਰਮ ਨੂੰ ਛੱਡ ਕੇ ਕਦੋਂ ਤੱਕ ਜਿਉਂਦੇ ਰਹਾਂਗੇ, ਧਰਮ ਨੂੰ ਗਵਾ ਕੇ ਕਦੋਂ ਤੱਕ ਬੈਠੇ ਰਹਾਂਗੇ ਏਸ ਦੁਨੀਆਂ 'ਤੇ। ੨੬।

***ਕਿਤ ਜੀਵਨ ਸੌ ਧਰਮ ਗਵਾਈਏ॥*** ਕਿਹੜੇ ਜੀਵਨ ਤੋਂ? ਜਿਹੜਾ ਰਹਿਣਾ ਹੀ ਨਹੀਂ ਹੈ, ਉਸ ਦੀ ਖ਼ਾਤਰ ਅਸੀਂ ਆਪਣਾ ਧਰਮ ਗਵਾ ਲਈਏ, ਇਹੋ ਜਿਹੇ ਜੀਵਨ ਦੀ ਸਾਨੂੰ ਲੋੜ ਨਹੀਂ ਹੈ।

***ਮਰਨੋਂ ਸਾਚ ਕਿਤੈ ਨਠ ਜਾਈਏ॥*** ਕਿਤੇ ਭੱਜ ਜਾਈਏ ਮਰਨਾ ਸੱਚ ਹੈ ਜਿਉਣਾ ਝੂਠ ਹੈ। ਕਿਧਰੇ ਭੱਜ ਜਾਓ, ਇਹ ਤਾਂ ਮਰਨਾ ਹੀ ਪਵੇਗਾ ਇਸ ਵਾਸਤੇ, ਇਸ ਦੇ ਵਾਸਤੇ ਧਰਮ ਗਵਾਉਣਾ ਇਹ ਕੋਈ ਅਕਲਮੰਦੀ ਵਾਲੀ ਗੱਲ ਨਹੀਂ ਹੈ। ਜੇ ਧਰਮ ਛੱਡਿਆਂ ਤੋਂ ਜੀਵਨ ਰਹਿੰਦਾ ਹੈ, ਫਿਰ ਤਾਂ ਅਸੀਂ ਮੰਨ ਜਾਈਏ, ਜੇ ਜੀਵਨ ਵੀ ਨਹੀਂ ਰਹਿੰਦਾ, ਤਾਂ ਕਿਉਂ ਅਸੀਂ ਧਰਮ ਗਵਾਈਏ, ਇਉਂ ਉੱਤਰ ਦਿੱਤਾ ਹੈ ਭਾਈ ਸੁਬੇਗ ਸਿੰਘ ਨੇ।

***ਸਿੱਖਨ ਕਾਜ ਸੁ ਗੁਰੂ ਹਮਾਰੇ॥*** ਗੁਰਸਿੱਖਾਂ ਦੇ ਕਾਰਜ਼ ਵਾਸਤੇ ਸਾਡੇ ਸਤਿਗੁਰੂ ਜੀ ਨੇ ਆਪ।

***ਸੀਸ ਦੀਓ ਨਿਜ ਸਨ ਪਰਵਾਰੇ॥ ੨੭॥*** ਸੀਸ ਵਾਰ ਦਿੱਤਾ ਆਪਣਾ ਸਣੇ ਪ੍ਰਵਾਰ ਗੁਰੂ ਤੇਗ ਬਹਾਦਰ ਜੀ ਨੇ, ਸਾਰਾ ਸਰਬੰਸ ਹੀ ਆਪਣਾ ਵਾਰ ਦਿੱਤਾ ਹੈ। ੨੭।

***ਚਾਰੇ ਪੁਤਰ ਜਾਨ ਕੁਹਾਏ॥*** ਖਾਲਸਾ ਧਰਮ ਅਟੱਲ ਰੱਖਣ ਵਾਸਤੇ ਗੁਰੂ ਜੀ ਨੇ ਆਪਣੇ ਚਾਰੇ ਸਾਹਿਬਜ਼ਾਦੇ ਸ਼ਹੀਦ ਕਰਵਾ ਦਿੱਤੇ ਹਨ।

***ਸੋ ਚੰਡੀ ਕੀ ਭੇਟ ਕਰਾਏ॥*** ਉਹਨਾਂ ਨੂੰ (ਚੰਡੀ) ਤਲਵਾਰ ਦੀ ਭੇਟਾ ਕਰਵਾ ਦਿੱਤਾ ਹੈ, ਜੰਗ ਵਿਚ ਸ਼ਹੀਦ ਹੋ ਗਏ ਨੇ।

***ਹਮ ਕਾਰਨ ਗੁਰ ਕੁਲਹਿ ਗਵਾਈ॥*** ਸਾਡੇ ਕਾਰਨ ਤਾਂ ਸਤਿਗੁਰਾਂ ਨੇ ਆਪਣੀ ਕੁਲ ਨਹੀਂ ਰੱਖੀ ਹੈ, ਉਨ੍ਹਾਂ ਨੇ ਬੰਸ਼ ਰੱਖੀ ਹੈ, ਅੰਸ ਨਹੀਂ ਰੱਖੀ ਹੈ। ਅਸੀਂ ਕੁਲ ਨੂੰ ਰੱਖੀਏ, ਇਸ ਵਿਚ ਕਿਹੜੀ ਵਡਿਆਈ ਹੈ, ਸੁਬੇਗ ਸਿੰਘ ਨੇ ਉੱਤਰ ਦਿੱਤਾ ਹੈ।

***ਹਮ ਕੁਲ ਰਾਖੈਂ ਕੌਣ ਬਡਾਈ ॥ ੨੮॥*** ਹੇ ਨਵਾਬ! ਜੇ ਅਸੀਂ ਆਪਣੀ ਕੁਲ ਰੱਖ ਲਈਏ ਤਾਂ ਕੀ ਵਡਿਆਈ ਹੈ, ਤੂੰ ਮੈਨੂੰ ਮੱਤਾਂ ਦਿੰਦਾ ਹੈਂ ਕਿ ਜੇ ਇਹ ਸ਼ਹੀਦ ਹੋ ਗਿਆ, ਤਾਂ ਤੇਰਾ ਰਹਿਣਾ ਹੀ ਨਹੀਂ ਪਿੱਛੇ ਕੁਛ। ਸਾਡੇ ਗੁਰੂਆਂ ਨੇ ਕੁਲ ਨਹੀਂ ਰੱਖੀ, ਅਸੀਂ ਵੀ ਨਹੀਂ ਰੱਖਣੀ, ਅਸੀਂ ਤਾਂ ਗੁਰਸਿੱਖੀ ਨਾਤਾ ਰੱਖਣਾ ਹੈ। ੨੮।

***ਐਸੇ ਔਰ ਬਾਤ ਬਹੁ ਭਈ॥*** ਏਸੇ ਤਰ੍ਹਾਂ ਦੀਆਂ ਹੋਰ ਗੱਲਾਂ ਓਧਰੋਂ ਓਧਰੀ, ਸਵਾਲ-ਜਵਾਬ ਬਹੁਤ ਹੋਏ।

***ਨਵਾਬ ਚਿੱਤ ਤਬ ਐਸੇ ਅਈ॥*** ਖ਼ਾਨੂੰ ਨਵਾਬ ਦੇ ਮਨ ਵਿਚ ਤਦ ਇਸ ਤਰ੍ਹਾਂ ਫੁਰੀ ਹੈ ਗੱਲ।

***'ਯਹ ਪੁੱਤਰ ਸਮਝਾਵੈ ਐਸੇ॥*** ਇਹ ਤਾਂ ਪੁੱਤਰ ਉਪਦੇਸ਼ ਦੇ ਰਿਹਾ ਹੈ, ਇਉਂ ਸਮਝਾਉਂਦਾ ਹੈ ਉਸਨੂੰ ਗੱਲਾਂ।

***ਸੋ ਦ੍ਰਿੜ ਹੋਵੇ ਮੁੜੈ ਨ ਜੈਸੇ॥ ੨੯॥*** ਉਹ ਸਗੋਂ ਦ੍ਰਿੜ ਹੋਈ ਜਾਂਦਾ ਹੈ ਕਿ ਜਿਹੜਾ ਮੰਨੇ ਹੀ ਨਾਂ ਗੱਲ ਨੂੰ ਮੁੜੇ ਹੀ ਨਾ, ਇਹ ਤਾਂ ਇਸ ਤਰ੍ਹਾਂ ਦਾ ਉਪਦੇਸ਼ ਦੇ ਰਿਹਾ ਹੈ। ੨੯।

***ਯਾਤੇ ਜੁਦੋ ਸੁ ਬੇਟਾ ਕਰੋਂ॥*** ਇਸ ਕਰਕੇ ਇਸਦੇ ਬੇਟੇ ਨੂੰ ਇਸ ਤੋਂ ਅਲੱਗ ਕਰ ਲਵਾਂ। ਦੋਹਾਂ ਪਿਉ, ਪੁਤਰਾਂ ਨੂੰ ਆਹਮੋਂ-ਸਾਹਮਣੇ ਨਾ ਕਰੀਏ।

***ਡਰਾਇ ਮਾਰ ਵਿੱਚ ਦੀਨੇ ਭਰੋ॥*** ਇਸ ਦੇ ਪੁੱਤਰ ਨੂੰ ਮਾਰ-ਕੁੱਟ ਕੇ ਡਰਾ-ਧਮਕਾ ਕੇ ਆਪਣੇ ਦੀਨ ਵਿੱਚ ਲਿਆਈਏ।

***ਦੁਖੀ ਹੋਤ ਜਬ ਬਹੁਤ ਸਰੀਰ॥*** ਜਦੋਂ ਇਸ ਦਾ ਸਰੀਰ ਬਹੁਤਾ ਦੁੱਖੀ ਹੋ ਜਾਵੇ।

***ਭੁਲ ਜਾਤ ਹੈ ਗੁਰ ਵਾ ਪੀਰ॥ ੩੦॥*** ਆਪਣੇ ਗੁਰੂ ਪੀਰ ਨੂੰ ਭੁੱਲ ਜਾਂਦਾ ਹੈ, ਗੁਰ ਪੀਰ ਨੂੰ ਫਿਰ ਨਹੀਂ ਚੇਤੇ ਰੱਖਦਾ, ਆਪਣੇ ਤਨ ਦਾ ਸੁਖ ਮੰਨ ਲੈਂਦਾ ਹੈ। ੩੦।

***ਦੇਵੋ ਦੁਖ ਵਹ ਬਹੁਤ ਸਰੀਰ॥*** ਇਸ ਦੇ ਪੁੱਤਰ ਦੇ ਸਰੀਰ ਨੂੰ ਮੈਂ ਬੜਾ ਭਾਰੀ ਕਸ਼ਟ ਦੇਵਾਂਗਾ, ਜਿਸ ਕਰਕੇ ਸਾਡਾ ਦੀਨ ਪ੍ਰਵਾਨ ਕਰ ਲਵੇ।

***ਜੋ ਮਾਂਗੈ ਸੋ ਦੇਹੁ ਜਗੀਰ॥*** ਜੋ ਵੀ ਮੂੰਹੋਂ ਮੰਗੇਗਾ, ਉਹ ਮੈਂ ਜਗੀਰ ਦੇਵਾਂਗਾ, ਜੇ ਸਾਡਾ ਦੀਨ ਕਬੂਲ ਕਰ ਲਵੇ।

***ਤਬ ਤਿਸ ਦੇਣ ਲਗੇ ਬਹੁ ਦੁੱਖ॥*** ਸੁਬੇਗ ਸਿੰਘ ਨੂੰ ਪਰ੍ਹੇ ਕਰ ਦਿੱਤਾ ਹੈ ਤੇ ਸ਼ਾਹਬਾਜ ਸਿੰਘ ਨੂੰ ਬੜਾ ਦੁੱਖ ਦੇਣ ਲੱਗੇ ਹਨ, ਚੰਡਾਲ।

***ਟਾਂਗੈਂ ਖੀਚੈਂ ਕੁਟੈਂ ਮੁੱਖ॥੩੧॥*** ਡਾਂਗਾ ਮਾਰਦੇ ਹਨ, ਮੂੰਹ 'ਤੇ ਸੱਟ ਮਾਰਦੇ ਹਨ, ਉਸ ਦੀਆਂ ਦੋਵੇਂ ਲੱਤਾਂ ਖਿਚਦੇ ਹਨ। ੩੧।

***ਏਕ ਟੰਗ ਫੜ ਤਿਸੈ ਘੁਮਾਵੈਂ॥*** ਇੱਕ ਲੱਤ ਫੜ ਕੇ ਉਸ ਨੂੰ ਘਮਾਉਂਦੇ ਹਨ, ਜੋਰ ਦੀ।

***ਬਾਂਹ ਖੈਚ ਫਿਰ ਪੀਛੇ ਗਿਰਾਵੈਂ॥*** ਪਿੱਛੇ ਵੱਲ ਨੂੰ ਬਾਂਹ ਮਰੋੜ ਕੇ ਸੁੱਟਦੇ ਹਨ, ਪਟਕਾ ਕੇ।

***ਕੋਈ ਦੰਤਨ ਨਖਨ ਚੁਭਾਵੈ॥*** ਕੋਈ ਉਸ ਦੇ ਦੰਦੀ ਵੱਢਦਾ ਹੈ, ਕੋਈ ਨਹੁੰ ਖਭਾਉਂਦਾ ਹੈ ਵੱਡੇ-ਵੱਡੇ, ਇਉਂ ਸਰੀਰ ਨੂੰ ਚੀਰਦੇ ਨੇ ਭਾਵ ਪਾੜਦੇ ਨੇ।

**ਉਲਟੋ ਸੁਲਟੋ ਕਰੈਂ ਸੰਤਾਵੈ॥੩੨॥** ਉਲਟਾ-ਪੁਲਟਾ ਕਰ ਕੇ ਬੜਾ ਦੁਖ ਦੇ ਰਹੇ ਹਨ। ੩੨।

**ਖੇਚੈਂ ਨਾਕ ਕਾਨ ਦੁਖ ਦੇਹਿਂ॥** ਨੱਕ ਫੜ ਕੇ ਖਿੱਚਦੇ ਹਨ ਤੇ ਕੰਨਾਂ ਨੂੰ ਫੜ ਕੇ ਮਰੋੜਦੇ ਹਨ, ਭਾਵ ਦੁੱਖ ਦੇਣ ਤੋਂ ਸਾਰੀ ਗੱਲ ਹੈ, ਬੜਾ ਭਾਰੀ ਦੁੱਖ ਦਿੰਦੇ ਹਨ, ਤਾਂ ਕਿ ਇਹ ਮੰਨ ਜਾਵੇ।

**ਕਹੈਂ ਦੰਤ ਯਿਹ ਤੋੜ ਸੁ ਲੇਹਿਂ॥** ਚੰਡਾਲ ਕਹਿੰਦੇ ਕਿ ਦੰਦ ਇਸ ਦੇ ਭੰਨ ਕੇ ਕੱਢ ਲਵੋ ਬਾਹਰ, ਦੰਦ ਤੋੜਨ ਪੈਂਦੇ ਹਨ ਦੁਸਟ।

**ਕੋਊ ਕਹੈ ਯਹ ਹੈ ਮਾਚੱਲ॥** ਕਈ ਕਹਿੰਦੇ ਹਨ ਇਹ "ਮਚਲਾ ਹੈ ਮਚਲਾ" ਤਾਂ ਨਹੀਂ ਬੋਲਦਾ ਇਹ, ਸਭ ਕੁਛ ਜਾਣਦਾ ਹੈ, ਇਸ ਨੂੰ ਹੋਰ ਕੁੱਟੋ ਦੱਬ ਕੇ।

**ਉਤਾਰ ਲੇਹੁ ਅਬ ਯਾਂਕੀ ਖੱਲ॥੩੩॥** ਹੁਣੇ ਇਸ ਦੀ ਖੱਲ ਲਾਹ ਲਵੋ, ਇਹ ਨਹੀਂ ਮੰਨਦਾ ਤਾਂ ਨਹੀਂ ਬੋਲਦਾ ਜੇ। ੩੩।

**ਐਸੇ ਦੁੱਖ ਕਹਾਂ ਲੌ ਗਨੀਏ॥** ਭਾਈ ਰਤਨ ਸਿੰਘ ਜੀ ਕਹਿੰਦੇ ਨੇ ਕਿ ਜੋ ਐਸੇ-ਐਸੇ ਦੁੱਖ ਦਿੱਤੇ ਹਨ ਸ਼ਾਹਬਾਜ ਸਿੰਘ ਨੂੰ, ਕਿਥੋਂ ਤਾਈਂ ਗਿਣੀਏ ਉਨ੍ਹਾਂ ਦੁੱਖਾਂ ਨੂੰ।

**ਜਿਤਨੇ ਤਿਨਕੇ ਦਿੱਤੇ ਭਨੀਏ॥** ਜਿੰਨ੍ਹੇ ਦੁਖ ਇੰਨ੍ਹਾਂ ਨੇ ਦਿੱਤੇ ਹਨ, ਉਹ ਤਾਂ ਕਹੇ ਨਹੀਂ ਜਾਂਦੇ ਹਨ, ਮੁੱਖੋਂ।

**ਕਹਿ ਨਵਾਬ ਫਿਰ ਚੂਖੜੀ ਚੜ੍ਹਾਵੋ॥** ਨਵਾਬ ਕਹਿੰਦਾ ਇਸ ਨੂੰ ਫਿਰ ਚੜ੍ਹਾ ਦਿਉ ਚਰਖੜੀ 'ਤੇ, ਪ੍ਰਵਾਹ ਨਹੀਂ, ਦੁਬਾਰਾ ਫਿਰ ਚਰਖੜੀ 'ਤੇ ਚੜ੍ਹਾਇਆ ਹੈ।

**ਡਾਰ ਯਾਹਿ ਕੀ ਜਾਨ ਗਵਾਵੋ॥੩੪॥** ਮਾਰ ਕੇ ਜਾਨ ਗਵਾਵੋ ਇਸ ਦੀ, ਖਤਮ ਕਰੋ ਇਸ ਨੂੰ। ੩੪।

**ਦੋਹਰਾ॥ ਦੇਤ ਦੁੱਖ ਸੋ ਥੱਕ ਗਯੋ ਰਹਯੋ ਨ ਔਰ ਉਪਾਇ॥** ਬੜਾ ਦੁਖ ਦੇ ਦੇ ਕੇ ਸ਼ਾਹਬਾਜ ਸਿੰਘ ਨੂੰ, ਥੱਕ ਗਿਆ ਹੈ ਨਵਾਬ, ਜਦੋਂ ਹੋਰ ਕੋਈ ਉਪਾਉ ਬਾਕੀ ਨਾ ਰਿਹਾ।

**ਤਬ ਬਾਲਕ ਭੀ ਚੁਪ ਭਯੋ ਗਸ਼ੀ ਪਰੀ ਤਿਸ ਆਇ॥੩੫॥** ਪਹਿਲਾਂ ਤਾਂ ਵਾਹਿਗੁਰੂ ਸ਼ਬਦ ਕਹਿੰਦਾ ਸ਼ੀ, ਜੈਕਾਰੇ ਵੀ ਬੁਲਾਉਂਦਾ ਸੀ, ਤਦ ਸ਼ਾਹਬਾਜ ਸਿੰਘ ਚੁੱਪ ਹੋ ਗਿਆ ਹੈ ਕਿਉਂਕਿ ਸਰੀਰ ਨੂੰ ਗਸ਼ੀ ਪੈ ਗਈ ਹੈ, ਬੇਹੋਸ਼ੀ ਹੋ ਗਈ ਹੈ। ੩੫।

**ਚੌਪਈ॥ ਤਬ ਚੰਡਾਲ ਯੌ ਆਨ ਪੁਕਾਰਾ॥** ਤਦ ਚੰਡਾਲ ਨੇ ਖਾਨੂੰ ਨੂੰ ਇਉਂ ਆ ਕੇ ਆਖਿਆ ਹੈ।

**ਅਬ ਭਯੋ ਬਾਲਕ ਮਰਨੇ ਵਾਰਾ॥** ਹੇ ਖਾਨ ਸਾਹਿਬ ! ਹੁਣ ਤਾਂ ਬਾਲਕ ਮਰਨ ਵਾਲਾ ਹੈ, ਮਰਨ ਦੇ ਨੇੜੇ ਆ ਗਿਆ ਹੈ। ਹੁਣ ਬੋਲਦਾ ਹੀ ਨਹੀਂ ਹੈ ਉਹ, ਬੋਲਣ ਜੋਗਾ ਨਹੀਂ ਰਿਹਾ, ਬੇਹੋਸ਼ ਹੋ ਗਿਆ ਹੈ। ਸ਼ੁੱਧ-ਬੁਧਿ ਜਾਂਦੀ ਰਹੀ ਹੈ, ਉਸ ਦੀ।

**ਸੁਬੇਗ ਸਿੰਘ ਸੁਨ ਹੋਯੋ ਰਾਜੀ॥** ਜਦੋਂ ਸੁਬੇਗ ਸਿੰਘ ਦੇ ਕੰਨੀ ਇਹ ਅਵਾਜ਼ ਪਈ ਕਿ ਚੰਡਾਲ ਕਹਿੰਦਾ ਮਰਨ ਵਾਲਾ ਹੈ ਉਸ ਦਾ ਪੁੱਤਰ । ਐਵੇਂ ਥੋੜ੍ਹੇ-ਥੋੜ੍ਹੇ ਸੁਆਸ ਕਹਿੰਦੇ ਨੇ, ਸੁਬੇਗ ਸਿੰਘ ਸੁਣ ਕੇ ਖੁਸ਼ ਹੋ ਗਿਆ ਹੈ।

**ਸਤਿਗੁਰ ਰਾਖੀ ਹਮਰੀ ਲਾਜੀ॥੩੬॥** ਸਤਿਗੁਰੂ ਜੀ ਨੇ ਸਾਡੀ ਲੱਜਿਆ ਰੱਖ ਲਈ ਹੈ, ਜੇ ਮੇਰੇ ਪੁੱਤਰ ਨੂੰ ਦੀਨ ਵਿਚ ਲੈ ਆਉਣ ਤਾਂ ਮੇਰੇ 'ਤੇ ਤਾਂ ਕਲੰਕ ਲੱਗ ਜਾਇਗਾ। ੩੬।

**ਧੰਨ ਪੁਤ੍ਰ ਤਬ ਧੰਨ ਹੈ ਜਨਨੀ॥** ਆਪਣੇ ਪੁੱਤਰ ਸ਼ਾਹਬਾਜ ਸਿੰਘ ਨੂੰ ਸਾਬਾਸ਼ ਦੇ ਰਹਿਆ ਹੈ, "ਹੇ ਪੁੱਤ੍ਰ! ਤੂੰ ਧੰਨ ਹੈਂ ਅਤੇ ਤੇਰੀ ਮਾਂ ਵੀ ਬੜੀ ਧੰਨਤਾ ਯੋਗ ਹੈ।"

**ਰਹਯੋ ਧਰਮ ਅਬ ਹਮਰੋ ਬਨ॥** ਹੁਣ ਸਾਡਾ ਧਰਮ ਬਣਿਆ ਰਹਿ ਗਿਆ ਹੈ ਖਾਲਸੇ ਪੰਥ ਨਾਲ, ਸਾਡਾ ਸਿੱਖੀ ਧਰਮ ਕਾਇਮ ਰਹਿ ਗਿਆ ਹੈ।

**ਸੁਬੇਗ ਸਿੰਘ ਕੋ ਸੋ ਚਿਤ ਆਯੋ॥** ਤਾਂ ਸੁਬੇਗ ਸਿੰਘ ਦੇ ਮਨ ਵਿਚ ਇਸ ਤਰ੍ਹਾ ਫੁਰਨਾਂ ਆਇਆ ਹੈ।

***ਕਿਸੇ ਬਾਪ ਨੇ ਪੁਤ੍ਰ ਚਿਰਾਯੋ॥੩੭॥*** ਕਹਿੰਦਾ ਉਹ ਵੀ ਤਾਂ ਪਿਉ ਸੀ, ਜਿਸ ਨੇ ਆਪਣਾ ਪੁੱਤ੍ਰ ਚਿਰਾ ਲਿਆ ਸੀ। ਆਰੇ ਤੋਂ ਦੋ ਟੁਕੜੇ ਕਰਵਾ ਕੇ ਸ਼ੇਰ ਨੂੰ ਖੁਆ ਦਿੱਤਾ ਸੀ, ਇਸ ਤਰ੍ਹਾਂ ਸਾਖੀ ਆਉਂਦੀ ਹੈ ਲੰਬੀ ਚੌੜੀ ਤੈਨੂੰ ਕੀ ਹੋ ਗਿਆ? ਚੰਗਾ ਭਲਾ ਅਤੇ ਤੇਰਾ ਪੁੱਤਰ ਜਿਉਂਦਾ ਹੈ। ੩੭।

***ਤਬ ਨਵਾਬ ਨੇ ਨੀਰ ਮੰਗਾਯੋ॥*** ਜਦੋਂ ਸ਼ਾਹਬਾਜ ਸਿੰਘ ਬੇਹੋਸ਼ ਹੋ ਗਿਆ ਹੈ, ਤਦ ਨਵਾਬ ਖਾਨੂੰ ਨੇ ਪਾਣੀ ਮੰਗਾਇਆ ਹੈ।

***ਕੁਛ ਛਿੜਕਯੋ ਕਿਛ ਮੁਖ ਤਿਸ ਪਾਯੋ॥*** ਕੁਛ ਉਸ ਦੇ ਮੁਖੜੇ 'ਤੇ ਪਾਣੀ ਛਿੜਕਿਆ ਹੈ ਤੇ ਕੁਛ ਮੂੰਹ ਵਿਚ ਪਾਇਆ ਹੈ ਪਾਣੀ।

***ਤਬ ਕੁਛ ਜੀਵ ਦੇਹ ਮੇਂ ਆਇਆ॥*** ਤਾ ਜੋ ਬੇਹੋਸ਼ੀ ਸੀ, ਉਹ ਟੁੱਟ ਗਈ ਹੈ ਤੇ ਫੇਰ ਜਾਨ ਵਿਚ ਜਾਨ ਆਈ ਹੈ, ਜਦੋਂ ਅੱਖਾਂ ਉਘੇੜੀਆਂ ਹਨ ਉਸ ਨੇ।

***ਦੇ ਕੈ ਦਿਲਾਸਾ ਤਬੈ ਬੁਲਾਇਆ॥੩੮॥*** ਉਸ ਨੂੰ ਦਿਲਾਸਾ ਦੇ ਕੇ ਫਿਰ ਬੁਲਾਇਆ ਹੈ। ੩੮।

***"ਅਬ ਤੁਮ ਜਨਮ ਭਯੋ ਹੈ ਨਯੋ॥*** ਵਾਹ ਸ਼ਾਹਬਾਜ ਸਿੰਘ ! ਕਿਉਂਕਿ ਪੜ੍ਹਿਆ ਲਿਖਿਆ ਸੀ ਇਹ, ਬਹੁਤ ਪੜ੍ਹਾਇਆ ਸੀ ਸਿਆਣਾ ਸੀ ਇਹ। ਕਹਿਣ ਲੱਗਾ, ਖਾਨੂੰ ਨਵਾਬ ਉਸ ਨੂੰ "ਹੁਣ ਤੇਰਾ ਜਨਮ ਦੂਜੀ ਵਾਰ ਹੋਇਆ ਹੈ। ਜਿਹੜਾ ਸਿੱਖੀ ਧਰਮ ਵਾਲਾ ਜੀਵਨ ਸੀ, ਉਹ ਤਾਂ ਤੇਰਾ ਨਿਭ ਗਿਆ ਹੈ ਨਾਲ, ਉਸ ਦੇ ਵਿੱਚੋਂ ਤੂੰ ਪਾਸ ਹੋ ਗਿਆ ਹੈਂ। ਹੁਣ ਤੈਨੂੰ ਕੋਈ ਦੋਸ਼ ਨਹੀਂ ਲੱਗਣਾ ਕਿਉਂਕਿ ਹੁਣ ਤੇਰਾ ਨਵਾਂ ਜਨਮ ਹੋਇਆ ਹੈ, ਮਰ ਕੇ ਜਿਉਂ ਪਿਆ ਫਿਰ।"

***ਨਹੀਂ ਦੋਸ਼ ਤੁਧ ਦੀਨ ਬਚਯੋ॥*** ਹੁਣ ਤੈਨੂੰ ਕੋਈ ਦੋਸ਼ ਨਹੀਂ ਲਗਦਾ ਹੈ, ਜੇ ਤੂੰ ਦੀਨ ਵਿੱਚ ਆ ਜਾਏ, ਤਾਂ ਤੇਰੇ ਸਿੱਖੀ ਧਰਮ ਵਿੱਚ ਕੋਈ ਫਰਕ ਨਹੀਂ ਪੈਣਾ ਹੈ।

***ਮੁਸਲਮਾਨ ਹਿੰਦੂ ਜੋ ਭਏ॥*** ਜਿਹੜੇ ਹਿੰਦੂ, ਮੁਸਲਮਾਨ ਹੋ ਗਏ ਸਨ।

***ਨਵਾਬ ਮੰਗਾਇ ਖੜੇ ਢਿਗ ਕਏ॥੩੯॥*** ਨਵਾਬ ਨੇ ਉਹਨਾਂ ਨੂੰ ਮੰਗਵਾ ਕੇ ਕੋਲ ਖੜ੍ਹੇ ਕਰ ਦਿੱਤੇ ਹਨ। ਆਹ ਵੇਖ ਤਾਂ ਇਹਨਾਂ ਵੱਲ, ਆਹ ਵੀ ਤਾਂ ਹਿੰਦੂ ਹੀ ਸਨ, ਦਸ ਕੀ ਵਿਗੜ ਗਿਆ ਹੈ, ਇਨ੍ਹਾਂ ਦਾ?। ੩੯।

***ਤਿਨ ਬਾਲਕ ਕੋ ਬਾਤਨ ਲਾਯਾ॥*** ਉਨ੍ਹਾਂ ਬੇ-ਦੀਨਿਆਂ ਨੇ ਜੋ ਹਿੰਦੂਆਂ ਤੋਂ ਮੁਸਲਮਾਨ ਕੀਤੇ ਹੋਏ ਸਨ ਜ਼ਬਰਦਸਤੀ, ਉਨ੍ਹਾਂ ਨੇ ਬਾਲਕ ਸ਼ਾਹਬਾਜ ਸਿੰਘ ਨੂੰ ਗੱਲੀਂ ਲਾ ਲਿਆ ਹੈ।

***ਮੁਸਲਮਾਨ ਤਿਨ ਕੌਣ ਕਹਾਯਾ॥*** ਬੇਹੋਸ਼ੀ ਦੇ ਵਿੱਚ ਹੀ , ਅਜੇ ਸੁਧ ਨਹੀਂ ਸੀ ਉਸ ਨੂੰ, ਇਉਂ ਕਹਾ ਲਿਆ ਹੈ ਉਸ ਨੂੰ ਕਿ ਚੰਗਾ ਹੋ ਜਾਵਾਂਗਾ ਮੁਸਲਮਾਨ।

***ਕੁਛ ਸੁਧ ਕਛੁ ਬੇਸੁਧ ਕੇ ਹੋਤੇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਬਾਲਕ ਸ਼ਾਹਬਾਜ ਨੂੰ ਕੁਛ-ਕੁਛ (ਸੁਧ) ਹੋਸ਼ ਹੈ ਸੀ, ਕੁਛ-ਕੁਛ (ਬੇਸੁੱਧ) ਬੇਹੋਸ਼ੀ ਦੀ ਹਾਲਤ ਵਿਚ ਉਸ ਦੇ ਮੂੰਹ ਤੋਂ ਕਹਾ ਲਿਆ ਹੈ।

***ਕਹਿਓ ਮੁੱਖ ਤੇ ਜਾਵਤ ਗੋਤੇ॥੪੦॥*** ਗੋਤੇ ਖਾਂਦੀ ਸੀ ਜਾਨ, ਜਦੋਂ ਮੂੰਹ ਤੋਂ ਨਿੱਕਲ ਗਈ ਇਹ ਗੱਲ। ੪੦।

***ਤਬ ਨਵਾਬ ਨੈ ਭਲੀ ਮਨਾਈ॥*** ਤਦੋਂ ਨਵਾਬ ਖਾਨੂੰ ਨੇ ਇਸ ਗੱਲ ਦਾ ਚੰਗਾ ਮਨਾਇਆ ਹੈ ਕਿ ਰਹਿ ਗਈ ਹੈ ਮੇਰੀ ਗੱਲ, ਮੈਂ ਮਨਾ ਕੇ ਛੱਡਿਆ ਹੈ ਇਸ ਨੂੰ।

***ਆਵਾਂ ਦੀਨ ਯੌਂ ਲੀਓ ਕਹਾਈ॥*** ਕਿ ਮੈਂ ਦੀਨ ਵਿਚ ਆ ਜਾਊਂ, ਇਉਂ ਕਹਾ ਲਿਆ ਓਸ ਤੋਂ।

***ਭ੍ਰਮਾਇ ਲਯੋ ਬਹੁ ਦੁਖ ਦਿਖਾਈ॥*** ਬੜਾ ਹੀ ਦੁਖ ਦੇ ਕੇ ਭਰਮਾਂ ਲਿਆ ਹੈ ਬੱਚੇ ਨੂੰ, ਭ੍ਰਮ ਵਿਚ ਆ ਗਿਆ ਬੱਚਾ।

***ਸੁਬੇਗ ਸਿੰਘ ਨੇ ਯੌ ਸੁਨ ਪਾਈ॥੪੧॥*** ਸੁਬੇਗ ਨੇ ਇਹ ਗੱਲ ਸੁਣੀ ਕਿ ਮੇਰੇ ਪੁੱਤਰ ਨੇ ਮੰਨ ਲਈ ਹੈ ਗੱਲ? ਕਿ ਮੈਂ ਦੀਨ ਕਬੂਲ ਲੈਂਦਾ ਹਾਂ ਤੁਹਾਡਾ। ੪੧।

***ਦੋਹਰਾ॥ ਸੁਬੇਗ ਸਿੰਘ ਅਚਰਜ ਭਯੋ, ਬਹੁ ਦੁਖ ਪਾਯੋ ਚਿੱਤ॥*** ਸੁਬੇਗ ਸਿੰਘ ਬੜਾ ਹੈਰਾਨ ਹੋ ਗਿਆ ਹੈ, ਚਿੱਤ ਵਿਚ

ਬੜਾ ਦੁਖ ਹੋਇਆ ਹੈ ਕਿ ਇਹ ਕਿਵੇਂ ਦੀਨ ਵਿਚ ਆਉਣ ਵਾਸਤੇ ਮੰਨ ਗਿਆ ਹੈ?

***ਨਵਾਬ ਬੁਲਾਇ ਦਿਖਾਲਿਓ, ਦੀਨ ਆਵੈ ਤੁਝ ਪੁੱਤ॥੪੨॥*** ਨਵਾਬ ਖਾਨੂੰ ਨੇ ਸੁਬੇਗ ਨੂੰ ਬੁਲਾ ਕੇ ਦਿਖਾ ਦਿੱਤਾ ਹੈ, ਕਹਿਣ ਲੱਗਾ, 'ਸੁਬੇਗ ਸਿੰਘ! ਤੇਰਾ ਪੁੱਤਰ ਦੀਨ ਵਿਚ ਆਉਣ ਲੱਗਿਆ ਹੈ, ਮੰਨ ਗਿਆ ਹੈ' ਆਹ ਵੇਖ! ਸਿਆਣਾਂ ਨਿਕਲਿਆਂ ਹੈ, ਤੇਰੇ ਨਾਲੋਂ। ੪੨।

***ਚੌਪਈ॥ ਸੁਬੇਗ ਸਿੰਘ ਕਹਯੋ, 'ਸੁਤ ! ਕੀ ਭਯੋ?'*** ਉਹ ਜਦੋਂ ਸਾਹਮਣੇ ਲਿਆਂਦਾ ਤਾਂ ਸੁਬੇਗ ਸਿੰਘ ਕਹਿਣ ਲੱਗਾ, ਸ਼ਾਹਬਾਜ ਪੁੱਤ੍ਰ ! ਕੀ ਹੋ ਗਿਆ ਹੈ ਤੈਨੂੰ ? ਕਿਉਂ ਮੰਨਿਆ ਤੂੰ ਇਹ ਗੱਲ ?

***ਬਾਲ ਕਹੈ ਦੁਖ ਸਹਜੋ ਨ ਗਯੋ॥*** ਬੱਚਾ ਸ਼ਾਹਬਾਜ ਕਹਿਣ ਲੱਗਾ, 'ਪਿਤਾ ਜੀ ਦੁਖ ਨਹੀਂ ਝੱਲਿਆ ਗਿਆ ਮੈਥੋਂ।

***ਸੁਬੇਗ ਸਿੰਘ ਸੁਨ ਹ੍ਵੈ ਗਯੋ ਚੁੱਪ॥*** ਸੁਬੇਗ ਸਿੰਘ ਇਉਂ ਸੁਣ ਕੇ ਆਪਣੇ ਪੁੱਤਰ ਤੋਂ ਚੁੱਪ ਹੋ ਗਿਆ ਹੈ। ਹੈਰਾਨਗੀ ਹੋ ਗਈ ਹੈ, ਸਿੱਖ ਨੂੰ ਤਾਂ ਦੁਖ ਨਹੀਂ ਲਗਦਾ ਹੈ, ਕਿੰਨੇ ਹੀ ਇਹਨੂੰ ਤਸੀਹੇ ਦੇ ਲਉ?

***ਯਹ ਕਹਾ ਭਯੋ ਰਹਯੋ ਸਿੰਘ ਰੁਪ॥੪੩॥*** ਸਿੰਘ ਰੁਕ ਗਿਆ ਹੈ, ਇਹ ਕੀ ਹੋਇਆ ਹੈ? ਅਹਿ ਤਾਂ ਬੜੇ ਜ਼ੁਲਮ ਦੀ ਗੱਲ ਹੈ, ਸਿੱਖ ਦਾ ਪੁੱਤਰ ਹੋ ਕੇ ਕਹੇ ਮੈਨੂੰ ਦੁਖ ਲੱਗਿਆ, ਇਹ ਤਾਂ ਗੱਲ ਨਹੀ ਹੋ ਸਕਦੀ। ੪੩।

***ਫੇਰ ਸਿੰਘ ਕੇ ਯਹ ਜੀਅ ਆਈ॥*** ਫਿਰ ਭਾਈ ਸੁਬੇਗ ਸਿੰਘ ਦੇ ਮਨ ਵਿਚ ਇਸ ਤਰ੍ਹਾਂ ਗੱਲ ਫੁਰੀ।

***"ਦੇਖੌਂ ਅਬ ਮੈਂ ਪਾਸ ਬੁਲਾਈ॥*** ਮੈ ਆਪਣੇ ਕੋਲ ਬੁਲਾ ਕੇ ਵੇਖਦਾ ਹਾਂ ਕਿ ਕੀ ਕਸਰ ਪੈ ਗਈ ਹੈ।

***ਦੇਖੌਂ ਕੈਸੇ ਕਲਮਾ ਕਹੈ॥*** ਨਾਲੇ ਮੈਂ ਵੇਖਦਾਂ ਹਾਂ ਕਿਵੇਂ ਕਲਮਾ ਕਹਿੰਦਾ ਹੈ, ਸਿੱਖ ਦਾ ਪੁੱਤ੍ਰ ਹੋ ਕੇ।

***ਗੁਰੂ ਨਾਮ ਕਿਮ ਭੁੱਲਯਾ ਚਹੈ॥੪੪॥*** ਗੁਰੂ ਦਾ ਨਾਮ ਕਿਵੇਂ ਭੁਲਣਾਂ ਚਾਹੁੰਦਾ ਹੈ, ਮੈਂ ਵੇਖਾਂ ਤਾਂ ਸਹੀ। ੪੪।

***ਨ੍ਵਾਬਹਿ ਤੇ ਲਯੋ ਪਾਸ ਬੁਲਾਈ॥*** ਨਵਾਬ ਨੂੰ ਕਹਿਣ ਲੱਗਾ, 'ਮੇਰੇ ਮੂੰਹ 'ਤੇ ਤਾਂ ਲਿਆ ਕੇ ਕਹਾ ਇਕੇਰਾਂ, ਮੇਰੇ ਮੂੰਹ 'ਤੇ ਆਖੇ ਫੇਰ ਮੈਂ ਮੰਨਾਂਗਾ, ਇਉਂ ਨਹੀਂ ਮੈਂ ਮੰਨਦਾ ਕਿ ਮੇਰੇ ਪੁੱਤਰ ਨੇ ਮੁਸਲਮਾਨ ਹੋਣਾ ਮੰਨ ਲਿਆ ਹੈ। ਨਵਾਬ ਤੋਂ ਆਪਣੇ ਕੋਲ ਬੁਲਾ ਲਿਆ ਸ਼ਾਹਬਾਜ ਸਿੰਘ ਨੂੰ ਸੁਬੇਗ ਸਿੰਘ ਨੇ।

***ਸੁਬੇਗ ਸਿੰਘ ਨੇ ਤਿਹ ਸਮਝਾਈ॥*** ਸੁਬੇਗ ਸਿੰਘ ਨੇ ਆਪਣੇ ਪੁੱਤਰ ਨੂੰ ਸਮਝਾਇਆ ਹੈ।

***ਸਤਿਗੁਰ ਨਾਮ ਕਯੋਂ ਦਯੋ ਭੁਲਾਈ॥*** ਸਤਿਗੁਰੂ ਸੱਚੇ ਪਾਤਸ਼ਾਹ ਦਾ ਨਾਮ ਕਿਉਂ ਭੁਲਾਇਆ ਹੈ ਤੂੰ, ਤੇਰੇ ਮਨ 'ਚੋਂ ਕਿਉਂ ਵਾਹਿਗੁਰੂ ਮੰਤ੍ਰ ਨਿਕਲ ਗਿਆ ਹੈ?

***ਤੈਂ ਪਰ ਕਿਨ ਤਲਵਾਰ ਚਲਾਈ?॥੪੫॥*** ਤੇਰੇ ਉਤੇ ਕਿਸ ਨੇ ਤਲਵਾਰ ਚਲਾਈ ਸੀ? ਤੇਰੇ ਤਲਵਾਰ ਨਹੀਂ ਮਾਰੀ ਕਿਸੇ ਨੇ, ਕੁਛ ਨਹੀਂ ਕਿਹਾ, ਅਜੇ ਚੰਗਾ ਭਲਾ ਦਿਸਦਾ ਹੈਂ। ੪੫।

***ਦੋਹਰਾ॥ ਦੇਖਯੋ ਮਸਤਕ ਧਯਾਨ ਧਰ ਹੋਨ ਲਿਖਯੋ ਮੁਸਲਮਾਨ॥*** ਜਦੋਂ ਸੁਬੇਗ ਸਿੰਘ ਨੇ ਅੰਤਰ ਧਿਆਨ ਹੋ ਕੇ ਦੇਖਿਆ ਪੁੱਤਰ ਦੇ ਮਸਤਕ ਦੇ ਉੱਤੇ, ਨਿਗਾਹ ਮਾਰੀ ਮੱਥੇ ਦੇ ਉੱਤੇ, ਲਿਖਿਆ ਹੋਇਆ ਮੁਸਲਮਾਨ ਹੋਣਾ, ਇਸ ਦੇ ਮੱਥੇ ਧੁਰੋਂ ਦਰਗਾਹ ਵਿੱਚੋਂ ਕਿਤੇ ਲਿਖਿਆ ਹੋਇਆ ਸੀ।

***ਸੁਬੇਗ ਸਿੰਘ ਸਿਰ ਫੇਰਿਓ ਲਗਯੋ ਸੁ ਪਛੋਤਾਨ॥੪੬॥*** ਸੁਬੇਗ ਸਿੰਘ ਬੜਾ ਪਛਤਾਇਆ ਤੇ ਸਿਰ ਫੇਰਿਆ ਓ-ਹੋ! ਇਹ ਕਿਵੇਂ ਲਿਖਿਆ ਗਿਆ, ਸਿੱਖ ਦੇ ਘਰ ਤੁਰਕ ਦਾ ਕੀ ਮਤਲਬ, ਇਹ ਕਿਉਂ ਸਾਡੇ ਘਰ ਪ੍ਰਗਟ ਹੋਇਆ ਹੈ। ੪੬।

***ਚੌਪਈ॥ ਸੁਬੇਗ ਸਿੰਘ ਲਯੋ ਮਸਤਕ ਦੇਖ॥*** ਸੁਬੇਗ ਸਿੰਘ ਨੇ ਆਪਣੇ ਪੁੱਤਰ ਦਾ ਮੱਥਾ ਵੇਖ ਲਿਆ ਹੈ।

***ਮੁਸਲਮਾਨ ਹੋਨ ਲਿੱਖਯੋ ਲੇਖ॥*** ਉਸ ਦੇ ਮੱਥੇ 'ਤੇ ਮੁਸਲਮਾਨ ਹੋਣ ਦਾ ਲੇਖ ਲਿਖਿਆ ਹੈ।

***ਤਬ ਤਿਨ ਪਨਹੀ ਪਗੋਂ ਉਤਾਰੀ॥*** ਤਦ ਉਸ ਨੇ ਆਪਣੇ ਪੈਰ ਤੋਂ ਜੁੱਤੀ ਲਾਹ ਕੇ।

***ਚਰਨ ਛੁਹਾਇ ਦਯੋ ਇਕ ਬਾਰੀ॥੪੭॥*** ਕਿਉਂਕਿ ਹੱਥ ਕੜੀਆਂ ਲੱਗੀਆਂ ਹੋਈਆਂ ਸਨ ਤੇ ਬੇੜੀਆਂ ਲੱਗੀਆਂ ਹੋਈਆਂ

ਸਨ। ਸੁਬੇਗ ਸਿੰਘ ਨੇ ਆਪਣੇ ਪੈਰ ਦਾ ਅੰਗੂਠਾ ਉਸ ਦੇ ਮੱਥੇ 'ਤੇ ਫੇਰ ਦਿੱਤਾ ਹੈ। ੪੭।

***'ਅਕਾਲ ਅਕਾਲ' ਕਹਿ ਬਚਨ ਉਚਾਰਾ॥*** ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਇਆ ਹੈ ਸਿੰਘ ਜੀ ਨੇ।

***ਮੇਟਯੋ ਖਾਲਸੇ ਲੇਖ ਬਿਕਾਰਾ॥*** ਇਹ ਬੇਕਾਰ ਲੇਖ ਜਿਹੜਾ ਸੀ, ਐਵੇਂ ਪੁੱਠਾ ਲਿਖਿਆ ਹੋਇਆ ਲੇਖ, ਕਿ ਮੁਸਲਮਾਨ ਹੋ ਜਾਇਗਾ, ਖਾਲਸੇ ਨੇ ਚਰਨ ਛੁਹਾ ਕੇ ਲੇਖ ਹੀ ਮੇਟ ਦਿੱਤਾ ਹੈ।

***ਸਤਿ ਨਾਮ ਕਹਿ ਕਰਤਾ ਪੁਰਖ॥*** ੧ੳ ਸਤਿ ਨਾਮ ਤੋਂ ਲੈ ਕੇ ਸਾਰੇ ਮੂਲ ਮੰਤ੍ਰ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ ਹੈ, ਵਾਹਿਗੁਰੂ ਦਾ ਜਾਪ ਸ਼ੁਰੂ ਕਰ ਦਿੱਤਾ ਹੈ, ਸਤਿ ਸ੍ਰੀ ਅਕਾਲ ਦੇ ਜੈਕਾਰੇ ਸ਼ੁਰੂ ਕਰ ਦਿੱਤੇ ਹਨ।

***ਮਿਟ ਗਏ ਹਰਫ਼ ਜੁ ਹੋਣੈ ਤੁਰਕ॥੪੮॥*** ਹੁਣ ਤੁਰਕ ਹੋਣ ਵਾਲੇ (ਹਰਫ) ਅੱਖਰ ਹੀ ਮਿਟ ਗਏ ਹਨ, ਲੇਖ ਹੀ ਮੇਟ ਦਿੱਤਾ ਹੈ। ੪੮।

***ਭਯੋ ਖਾਲਸੋ ਤਿਸ ਕੇ ਮਾਥ॥*** ਜਿਥੇ ਤੁਰਕ ਹੋਣਾ ਲਿਖਿਆ ਸੀ, ਓਥੇ ਖਾਲਸਾ ਲਿਖਿਆ ਗਿਆ ਹੈ, ਮੱਥੇ 'ਤੇ ਸ਼ਾਹਬਾਜ ਸਿੰਘ ਦੇ।

***ਹੈ ਜਗ ਮੈਂ ਯਹ ਬਾਤ ਬਿਖਯਾਤ॥*** ਭਾਈ ਰਤਨ ਸਿੰਘ ਜੀ ਕਹਿੰਦੇ ਨੇ ਕੋਈ ਲੁਕੀ ਛਿਪੀ ਗੱਲ ਨਹੀਂ ਹੈ ਇਹ, ਇਹ ਸਾਰੀ ਦੁਨੀਆਂ ਵਿਚ ਪ੍ਰਗਟ ਹੈ ਗੱਲ ਕਿ ਗੁਰੂ ਖਾਲਸਾ ਪੰਥ ਲੇਖ ਵੀ ਮੇਟ ਦਿੰਦਾ ਹੈ ਮੱਥੇ ਦੇ।

***ਸੰਤ ਚਹੈ ਤੌ ਮੇਟੈ ਲੇਖ॥*** ਕਹਿੰਦੇ ਗੁਰੂ ਕਾ ਸੰਤ ਭਗਤ ਜਿਹੜਾ ਹੈ, ਉਹ ਚਾਹੇ ਤਾਂ ਲੇਖ ਮੇਟ ਦਿੰਦਾ ਹੈ ਮੱਥੇ ਦੇ।

***ਸੰਤ ਰੇਖ ਮੈਂ ਮਾਰੈ ਮੇਖ॥੪੯॥*** ਅਤੇ ਸੰਤਾਂ ਦਾ ਹੀ ਕੰਮ ਹੈ ਰੇਖ ਵਿਚ ਮੇਖ ਮਾਰ ਦੇਣੀ ਭਾਵ ਪੁੱਠੇ ਕੰਮ ਨੂੰ ਸਿੱਧਾ ਕਰ ਦੇਣਾ। ਧਰਮ ਛੱਡਣ ਦਾ ਲੇਖ ਮੇਟ ਕੇ ਗੁਰਸਿੱਖ ਹੋਣਾ ਲਿਖ ਦਿੱਤਾ, ਇਹ ਕਿੱਡੀ ਵੱਡੀ ਕਲਾ ਹੈ ਖਾਲਸੇ ਵਿਚ। ੪੯।

***ਦੋਹਰਾ॥ ਤਬ ਨਵਾਬ ਨੇ ਦੇਖਿਓ, ਐਸੋ ਕਰਤ ਖਿਆਲ॥*** ਤਦ ਨਵਾਬ ਨੇ ਦੇਖਿਆ, ਏਸ ਤਰ੍ਹਾਂ ਦਾ ਖਿਆਲ ਕਰਦਿਆਂ ਸੁਬੇਗ ਸਿੰਘ ਨੂੰ।

***ਯਹ ਕਯਾ ਕੀਓ ਸੁਬੇਗ ਸਿੰਘ, ਪਗ ਲਾਇ ਮਸਤਕ ਨਾਲ॥ ੫੦॥*** ਸੁਬੇਗ ਸਿੰਘ ! 'ਇਹ ਕੀ ਕੀਤਾ ਹੈ ਤੂੰ ਆਪਣਾ ਚਰਨ ਇਸ ਦੇ ਮੱਥੇ ਨੂੰ ਲਾ ਕੇ' ਖਾਨੂੰ ਨਵਾਬ ਨੇ ਕਿਹਾ। ੫੦।

***ਚੌਪਈ॥ ਸੁਬੇਗ ਸਿੰਘ ਤਬ ਐਸ ਉਚਾਰੇ॥*** ਸੁਬੇਗ ਸਿੰਘ ਨੇ ਤਦ ਉੱਤਰ ਦਿੱਤਾ ਹੈ, ਨਵਾਬ ਖਾਨ ਬਹਾਦਰ ਨੂੰ।

***ਮੇਟਯੋ ਲੇਖ ਜੁ ਲਿਖਾ ਲਿਲਾਰੇ॥*** ਉਹ (ਲਿਲਾਰ) ਮਸਤਕ 'ਤੇ ਜਿਹੜਾ ਲੇਖ ਲਿਖਿਆ ਸੀ ਨਾ ਪੁੱਠਾ 'ਬਿਕਾਰਾ' ਰੂਪੀ ਭਾਵ ਤੁਰਕ ਹੋਣ ਦਾ, ਉਹ ਲੇਖ ਮੇਟ ਦਿੱਤਾ ਹੈ, ਪੈਰ ਦੇ ਅੰਗੂਠੇ ਨਾਲ।

***ਨਵਾਬ ਕਹੀ ਯਹ ਝੂਠੀ ਗੱਲ॥*** ਇਹ ਸੁਣ ਕੇ ਨਵਾਬ ਖ਼ਾਨ ਬਹਾਦਰ ਕਹਿਣ ਲੱਗਾ, 'ਇਹ ਤਾਂ ਝੂਠੀ ਗੱਲ ਹੈ, ਇਹ ਕਿਵੇਂ ਹੋ ਸਕਦਾ ਹੈ? ਕਿਸੇ ਦੇ ਮੱਥੇ ਲੇਖ ਲਿਖਿਆ ਦੂਸਰਾ ਪੈਰ ਦੇ ਅੰਗੂਠੇ ਨਾਲ ਮੇਟ ਦੇਵੇ।'

***ਸਿੰਘ ਕਹੀ ਪੁਛ ਲੜਕੇ ਚੱਲ॥੫੧॥*** ਸੁਬੇਗ ਸਿੰਘ ਨੇ ਕਿਹਾ, 'ਮੈਨੂੰ ਕੀ ਪੁੱਛਦਾ ਹੈਂ, ਉਸ ਨੂੰ ਹੀ ਪੁੱਛ ਲੈ, ਜਿਸ ਨੂੰ ਤੂੰ ਕਹਿੰਦਾ ਸੈਂ ਮਨਾ ਲਿਆ ਹੈ। ਚੱਲ ਕੇ ਲੜਕੇ ਸ਼ਾਹਬਾਜ ਨੂੰ ਪੁੱਛ। ੫੧।

***ਤਬ ਨਵਾਬ ਉਠ ਲੜਕਾ ਟੋਹਾ॥*** ਤਦੋਂ ਨਵਾਬ ਖਾਨੂੰ ਨੇ ਉਠ ਕੇ ਸ਼ਾਹਬਾਜ ਸਿੰਘ ਨੂੰ ਬੁਲਾ ਕੇ ਫਿਰ ਟੋਹਿਆ ਹੈ।

***ਲੜਕੇ ਕੌ ਕਛੁ ਲਗੇ ਨ ਮੋਹਾ॥*** ਉਸ ਨੂੰ ਦੁਨੀਆਂ ਦਾ ਮੋਹ ਹੀ ਨਹੀਂ ਰਹਿ ਗਿਆ। ਜੋ ਲਾਲਚ ਦਿੱਤਾ ਸੀ, ਖਾਣ, ਪੀਣ, ਪਹਿਨਣ ਅਤੇ ਜਗੀਰਾਂ ਅਤੇ ਚੰਗੇ ਰਿਸ਼ਤਿਆਂ ਦਾ ਲੜਕੇ ਨੂੰ ਨਿਰਮੋਹ ਹੋ ਗਿਆ ਹੈ। ਜਿਹੜਾ ਨਿਰਮੋਹ ਹੁੰਦਾ ਹੈ, ਉਸ ਨੂੰ ਦੁਨੀਆਂ ਦੇ ਲਾਲਚ ਨਹੀਂ ਭਰਮਾ ਸਕਦੇ। ਕੋਈ ਉਸ ਨੂੰ ਧਰਮ ਤੋਂ ਡੁਲਾ ਨਹੀਂ ਸਕਦਾ ਹੈ। ਉਹ ਦ੍ਰਿੜ੍ਹ ਹੁੰਦਾ ਹੈ ਜਿਹੜਾ ਸਿੱਖ ਦਾ ਪੁੱਤਰ ਹੋਵੇ।

***ਹੋਹਿ ਲੜਕੇ ਤੂੰ ਮੁਸਲਮਾਨ॥*** ਨਵਾਬ ਕਹਿਣ ਲਗਾ, 'ਹੇ ਲੜਕੇ ਸ਼ਾਹਬਾਜ ਸਿੰਘ ! ਤੂੰ ਮੁਸਲਮਾਨ ਹੋ ਜਾ ਅਜੇ ਵੀ।

**ਕਲਮਾ ਪੜ੍ਹੈ ਤੌ ਛੋਡੈਂ ਪ੍ਰਾਨ॥੫੨॥** ਤਾਂ ਹੀ ਤੇਰੀ ਜਾਨ ਛੱਡਾਂਗਾ ਜੇ ਤੂੰ ਕਲਮਾ ਪੜ੍ਹੇਗਾ, ਜੇ ਤੂੰ ਕਲਮਾ ਨਹੀਂ ਪੜ੍ਹੇਗਾ ਤਾਂ ਤੇਰੇ ਪ੍ਰਾਨ ਉਡਾ ਦਿਆਂਗਾ। ੫੨।

**ਤਬ ਲੜਕੇ ਨੇ ਬਚਨ ਉਚਾਰਾ॥** ਤਾਂ ਸ਼ਾਹਬਾਜ਼ ਸਿੰਘ ਨੇ ਨਵਾਬ ਨੂੰ ਉੱਤਰ ਦਿੱਤਾ ਹੈ।

**ਅਪਨਾ ਕਲਮਾ ਹਮੈਂ ਪਿਆਰਾ॥** ਹੇ ਨਵਾਬ ! ਸਾਡਾ ਕਲਮਾ ਜੋ ਸਾਨੂੰ ਸਤਿਗੁਰਾਂ ਨੇ ਬਖਸ਼ਿਆ ਹੈ, ਉਹ ਸਾਨੂੰ ਪਿਆਰਾ ਹੈ।

**ਸਤਿਨਾਮ ਜੋ ਗੁਰ ਤੇ ਲੀਆ॥** ਜੋ ਸੱਚਾ ਨਾਮ ਅਸੀਂ ਗੁਰੂ ਜੀ ਤੋਂ ਲਿਆ ਹੈ।

**ਵਾਹਿਗੁਰੂ ਗੁਰ ਕਲਮਾ ਦੀਆ॥੫੩॥** ਸਾਡੇ ਸਤਿਗੁਰੂ ਨੇ ਸਾਨੂੰ ਵਾਹਿਗੁਰੂ ਸ਼ਬਦ ਦਾ ਕਲਮਾ ਬਖਸਿਆ ਹੈ। ੫੩।

**ਤਬ ਨਵਾਬ ਮਨ ਆਯੋ ਰੋਸ॥** ਤਦੋਂ ਖਾਨੂੰ ਨਵਾਬ ਨੂੰ ਸ਼ਾਹਬਾਜ਼ ਸਿੰਘ ਤੋਂ ਇਹ ਉੱਤਰ ਸੁਣ ਕੇ, ਮਨ ਵਿਚ ਵਿਚ ਬੜਾ ਗੁੱਸਾ ਆਇਆ।

**ਮਾਰੋ ਲੜਕੇ ਕੋ ਕਰ ਜੋਸ਼॥** ਉਸੇ ਵੇਲੇ ਜਲਾਦਾਂ ਨੂੰ ਹੁਕਮ ਦਿੱਤਾ ਹੈ ਖਾਨੂੰ ਨੇ, 'ਲੜਕੇ ਨੂੰ ਪੂਰੇ ਜੋਸ਼ ਨਾਲ ਮਾਰੋ' ਸਖ਼ਤ ਤੋਂ ਸਖ਼ਤ ਸਜ਼ਾ ਦਿਉ ਇਸ ਨੂੰ।

**ਆਗੇ ਤੇ ਚੌਗੁਨ ਦੁਖ ਦੀਆ॥** ਜਿੰਨਾਂ ਪਹਿਲਾਂ ਦੁਖ ਦਿੱਤਾ ਸੀ, ਸ਼ਾਹਬਾਜ਼ ਸਿੰਘ ਨੂੰ, ਉਸ ਤੋਂ ਚਾਰ ਗੁਣਾਂ ਜ਼ਿਆਦਾ ਦੁੱਖ ਦਿੱਤਾ ਹੈ, ਉਸ ਨੂੰ ਮੰਨਾਉਣ ਵਾਸਤੇ।

**ਲੜਕੇ ਕੇ ਚਿਤ ਸੁਖ ਸੋ ਥੀਆ॥ ੫੪॥** ਉਹ ਜਿੰਨਾਂ ਦੁਖ ਦਿੰਦੇ ਹਨ, ਬਾਲਕ ਸ਼ਾਹਬਾਜ਼ ਸਿੰਘ ਨੂੰ,ਉਨ੍ਹਾਂ ਹੀ ਸੁਖ ਪ੍ਰਤੀਤ ਹੁੰਦਾ ਹੈ। ਭਾਵ ਧਰਮ ਦੇ ਉੱਤੇ ਆ ਕੇ ਜਦੋਂ ਕੋਈ ਅਸੂਲ ਦੀ ਗੱਲ ਆਉਂਦੀ ਹੈ, ਉਦੋਂ ਕੋਈ ਦੁਖ ਨਹੀਂ ਲਗਦਾ ਸਿੰਘ ਨੂੰ ਉਸ ਸਜਾ ਦਾ, ਉਹ ਸੁਖ ਪ੍ਰਤੀਤ ਕਰਦਾ ਹੈ। ੫੪।

**ਜਿਮ ਪ੍ਰਹਲਾਦ ਨ ਮਾਨਯੋਂ ਦੁੱਖ॥** ਜਿਵੇਂ ਪ੍ਰਮੇਸ਼ਰ ਦੇ ਪਿਆਰੇ ਭਗਤ ਪ੍ਰਹਲਾਦ ਨੂੰ ਉਸਦੇ ਪਿਤਾ ਹਰਨਾਖਸ਼ ਨੇ ਕਿਤਨਾ ਦੁੱਖ ਦਿੱਤਾ ਕਿ 'ਤੂੰ ਪ੍ਰਮਾਤਮਾਂ ਦਾ ਨਾਮ ਕਿਉਂ ਜਪਦਾ ਹੈਂ, ਮੇਰਾ ਨਾਉਂ ਲੈ' ਜਿਵੇਂ ਪ੍ਰਹਲਾਦ ਨੇ ਆਪਣੇ ਪਿਤਾ ਵਲੋਂ ਦਿੱਤੇ ਤਸੀਹਿਆਂ ਦਾ ਕੋਈ ਦੁੱਖ ਨਹੀਂ ਸੀ ਮੰਨਿਆ।

**ਤੈਸੇ ਬਾਲਕ ਲਾਗੇ ਸੁੱਖ॥** ਓਸੇ ਤਰਾਂ ਹੀ ਬਾਲਕ ਸ਼ਾਹਬਾਜ ਸਿੰਘ ਨੂੰ ਜਿੰਨਾਂ ਦੁਖ ਦਿੰਦੇ ਹਨ, ਉਸ ਨੂੰ ਉਨਾਂ ਸੁਖ ਪ੍ਰਤੀਤ ਹੁੰਦਾ ਹੈ।

**ਜਯੋਂ ਜਯੋਂ ਬਾਲ ਕੇ ਚੋਟਾਂ ਲਾਵੈਂ॥** ਜਿਉਂ-ਜਿਉਂ ਬਾਲਕ ਸ਼ਾਹਬਾਜ਼ ਸਿੰਘ ਦੇ ਸੱਟਾਂ ਮਾਰਦੇ ਹਨ।

**ਤਿਮ ਤਿਮ ਲੜਕੇ ਸੁਖ ਸੋ ਭਾਵੈ॥੫੫॥** ਤਿਵੇਂ-ਤਿਵੇਂ ਲੜਕੇ ਨੂੰ ਸੁਖ ਪ੍ਰਤੀਤ ਹੁੰਦਾ ਹੈ, ਉਸ ਨੂੰ ਖੁਸ਼ੀ ਹੁੰਦੀ ਹੈ। ੫੫।

**ਮਾਰਤ ਮਾਰਤ ਵੈ ਥਕ ਗਏ॥** ਸ਼ਾਹਬਾਜ਼ ਸਿੰਘ ਨੂੰ ਮਾਰਦੇ-ਮਾਰਦੇ ਜਲਾਦ ਥਕ ਗਏ ਹਨ।

**ਜਤਨ ਤਿਨ੍ਹਾਂ ਕੇ ਸਭ ਮੁਕ ਗਏ॥** ਜੋ ਜਤਨ ਸਨ ਸਜ਼ਾ ਦੇ, ਉਹ ਉਨ੍ਹਾਂ ਦੇ ਸਾਰੇ ਦੇ ਸਾਰੇ ਖ਼ਤਮ ਹੋ ਗਏ ਹਨ, ਉਸ ਨੂੰ ਹੁਣ ਕੋਈ ਦੁਖ ਨਹੀਂ ਪ੍ਰਤੀਤ ਹੁੰਦਾ।

**ਤਬ ਨਬਾਬ ਕੇ ਯਹਿ ਚਿਤ ਆਈ॥** ਤਦ ਨਵਾਬ ਦੇ ਮਨ ਵਿਚ ਇੱਕ ਹੋਰ ਫੁਰਨਾਂ ਉਠਿਆ ਹੈ।

**ਜਾਦੂ ਕੀ ਇਨ ਜੁਗਤ ਲਗਾਈ॥੫੬॥** ਕਿ ਇਸ ਨੇ ਕੋਈ ਜਾਦੂ ਕਰ ਕਰ ਦਿੱਤਾ ਹੈ,ਜਾਦੂ ਕਰ ਕੇ ਇਸ ਨੂੰ ਮੁਕਰਾ ਦਿੱਤਾ ਹੈ। ੫੬।

**ਕਾਜ਼ੀ ਮੁੱਲਾਂ ਲਏ ਮੰਗਾਈ॥** ਜਾਦੂ ਮੰਤਰ ਦਾ ਅਸਰ ਦੂਰ ਕਰਨ ਵਾਸਤੇ, ਕਾਜ਼ੀ ਮੁੱਲਾਂ ਸੱਦ ਲਏ ਹਨ ਨਵਾਬ ਨੇ ਕਿ ਆਓ, ਤੁਸੀਂ ਜਤਨ ਕਰੋ, ਇਸ ਦੇ ਜਾਦੂ ਨੂੰ ਫੇਹਲ ਕਰੋ, ਇਸ ਦੇ ਪਿਉ ਨੇ ਇਸ 'ਤੇ ਕੋਈ ਜਾਦੂ ਕਰ ਕੇ ਮੁਕਰਾ ਦਿੱਤਾ ਹੈ, ਇਸ ਨੂੰ ਮੁਸਲਮਾਨ ਹੋਣ ਤੋਂ।

**ਯਾਂਕੋ ਜਾਦੂ ਦੇਹੁ ਹਟਾਈ॥** ਇਸ ਦਾ ਕੀਤਾ ਹੋਇਆ ਜਾਦੂ ਸਾਰਾ ਫੇਹਲ ਕਰ ਦਿਉ।

**ਕਲਾਮ ਇਲਮ ਕੁਛ ਲਾਵੋ ਤਾਣ॥** ਆਪਣੇ ਇਲਮ ਦਾ ਕੁਛ ਜੋਰ ਲਾਵੋ, ਆਪਣੀਆਂ ਕਲਾਮਾਂ ਪੜ੍ਹੋ, ਕੁਰਾਨ ਵਿਚੋਂ ਕੋਈ ਐਸੀ ਆਇਤ ਪੜ੍ਹੋ, ਜਿਹੜਾ ਇਹ ਫੇਰ ਮੰਨ ਜਾਵੇ।

**ਜਾਂਤੇ ਹੋਵਹਿ ਮੁੱਸਲਮਾਨ॥੫੭॥** ਜਿਸ ਕਰਕੇ ਇਹ ਫਿਰ ਮੁਸਲਮਾਨ ਹੋਣਾ ਮੰਨ ਜਾਵੇ। ੫੭।

**ਦੋਹਰਾ॥ ਜੇਤੇ ਇਲਮ ਕਲਾਮ ਕੇ ਕਰਤ ਗਏ ਸਭ ਹਾਰ॥** ਕਾਜ਼ੀਆਂ ਮੁਲਾਣਿਆਂ ਨੇ ਉਹ ਸਾਰੇ ਜਤਨ ਕੀਤੇ ਜੋ ਇਹਨਾਂ ਦੀਆਂ ਕਿਤਾਬਾਂ ਵਿਚ ਲਿਖਿਆ ਸੀ। ਜੋ ਇਲਮ ਜੋ ਜਾਦੂ ਨੂੰ ਫੇਹਲ ਕਰਨ ਵਾਸਤੇ ਕਲਾਮਾਂ ਲਿਖੀਆਂ ਇਹਨਾਂ ਦੇ ਪੈਗੰਬਰਾਂ ਨੇ, ਸਾਰੀਆਂ ਹੀ ਪੜ੍ਹ-ਪੜ੍ਹ ਕੇ ਥਕ ਰਹੇ, ਜ਼ੋਰ ਲਾ ਕੇ ਹਾਰ ਗਏ ਹਨ।

**ਕੁਛ ਨਹਿਂ ਲਾਗੇ ਖ਼ਾਲਸੇ, ਹੋਏ ਕਰਤ ਖੁਵਾਰ॥੫੮॥** ਜੋ ਖਾਲਸਾ ਉਸ ਨੂੰ ਕੁਛ ਨਹੀਂ ਲਗਦਾ ਹੈ, ਕਹਿੰਦੇ ਜਿਹੜਾ ਦੁੱਖ ਦਿੰਦਾ ਹੈ, ਉਹ ਖੁਆਰ ਹੁੰਦਾ ਹੈ, ਉਲਟਾ ਉਸ 'ਤੇ ਪੈਂਦਾ ਹੈ ਜਾਂ ਅਸਲ ਜੇ ਸਿੱਖ ਹੋਵੇ, ਅੰਦਰੋਂ ਬਾਹਰੋਂ। ੫੮।

**ਚੌਪਈ॥ ਨਵਾਬ ਗਯੋ ਥਕ ਦੁਖ ਕੌ ਦੇਤ॥** ਖਾਨੂੰ ਨਵਾਬ ਦੁੱਖ ਦੇ-ਦੇ ਕੇ ਥੱਕ ਗਿਆ ਹੈ। ਸ਼ਾਹਬਾਜ ਸਿੰਘ ਨੂੰ ਕਸ਼ਟ ਦੇ-ਦੇ ਕੇ ਹਾਰ ਕੇ ਬੈਠ ਗਿਆ ਹੈ।

**ਪਾਯੋ ਨਾਹੀਂ ਤਿਨ ਗੁਰ ਭੇਤ॥** ਉਸ ਨੇ ਸਤਿਗੁਰੂ ਜੀ ਦਾ ਭੇਤ ਨਹੀਂ ਪਾਇਆ ਹੈ। ਉਸ ਨੂੰ ਪਤਾ ਹੀ ਨਹੀਂ ਹੈ, ਸਤਿਗੁਰੂ ਵਿਚ ਕਿੰਨੀਆਂ ਬਰਕਤਾਂ ਹਨ। ਸਤਿਗੁਰੂ ਆਪ ਪ੍ਰਮੇਸ਼ਰ ਹਨ ਜੋ ਮਾਲਕ ਹੈ ਸ੍ਰਿਸ਼ਟੀ ਸਾਜਣ ਵਾਲਾ, ਇਹ ਤਾਂ ਉਸ ਦੀ ਕਲਾ ਹੈ। ਉਸ ਦਾ ਇਹ ਸਿਖੀ ਧਰਮ ਹੈ। ਉਸ ਨੂੰ ਕੀ ਪਤਾ ਹੈ? ਇਸ ਗੱਲ ਦਾ।

**ਤਬ ਨਵਾਬ ਨੇ ਦੋਊ ਮੰਗਾਏ॥** ਤਦ ਨਵਾਬ ਖ਼ਾਨ ਬਹਾਦਰ ਨੇ ਦੋਹਾਂ ਨੂੰ ਮੰਗਾਇਆ ਹੈ।

**ਦੁਖ ਦੇਣ ਤੇ ਲੋਕ ਹਟਾਏ॥੫੯॥** ਉਹ ਜਿਹੜੇ ਜਲਾਦ ਲਗਾਏ ਸਨ ਦੁਖ ਦੇਣ ਨੂੰ, ਸਭ ਨੂੰ ਮਨ੍ਹਾਂ ਕਰ ਦਿੱਤਾ ਹੈ, ਇਹਨਾਂ ਨੂੰ ਨਹੀਂ ਹੁਣ ਕਹਿਣਾ ਕੁਛ, ਤੁਸੀਂ ਹਟ ਜਾਓ ਪਰ੍ਹੇ। ੫੯।

**ਬੰਦੀ ਖ਼ਾਨੇਂ ਦਏ ਪਹੁੰਚਾਇ॥** ਵੇਖ ਲਿਆ ਹੈ ਅਖੀਰਲਾ ਪਰਚਾ ਪਾ ਕੇ ਕਿ ਇਹ ਨਾ ਤਾਂ ਮਰਦੇ ਹਨ ਚਰਖੜੀਆਂ 'ਤੇ ਚੜ੍ਹਾਇਆਂ ਤੋਂ, ਇਹਨਾਂ ਨੂੰ ਤਾਂ ਦੁਖ ਹੀ ਨਹੀਂ ਪ੍ਰਤੀਤ ਹੁੰਦਾ, ਇਹ ਤਾਂ ਸੁਖ ਮੰਨਦੇ ਨੇ। ਕਹਿਣ ਲੱਗੇ ਇਹਨਾਂ ਨੂੰ ਬੰਦੀ-ਖਾਨੇ ਭੇਜ ਦਿਉ। ਹੁਣ ਇਹਨਾਂ ਨੂੰ ਕੋਈ ਸਜਾ ਨਹੀਂ ਦੇਣੀ ਹੈ।

**ਰਤਨ ਸਿੰਘ ਸੁਨ ਲਿਖਯੋ ਬਨਾਇ॥** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿਸ ਤਰ੍ਹਾਂ ਮੈ ਬਜੁਰਗਾਂ ਤੋਂ ਇਤਹਾਸ ਸੁਣਿਆ ਹੈ, ਮੈਂ ਉਸ ਤਰ੍ਹਾਂ ਬਣਾ ਕੇ ਲਿਖ ਦਿੱਤਾ ਹੈ।

**ਸੁਬੇਗ ਸਿੰਘ ਗੁਰ ਪਤਿ ਰਖ ਲਈ॥** ਭਾਈ ਸੁਬੇਗ ਸਿੰਘ ਜੀ ਦੀ ਸਤਿਗੁਰਾਂ ਨੇ ਪਤਿ ਰੱਖ ਲਈ ਹੈ, ਇਹਦੀ ਅੰਸ-ਬੰਸ ਨੂੰ ਦਾਗ ਨਹੀਂ ਲੱਗਿਆ ਹੈ।

**ਸੁਬੇਗ ਸਿੰਘ ਯੌ ਸਾਖੀ ਭਈ॥ ੬੦॥** ਭਾਈ ਸੁਬੇਗ ਸਿੰਘ ਦੀ ਸਾਖੀ ਇਉਂ ਹੋਈ ਹੈ। ੬੦।

**ਦੋਹਰਾ॥ ਅਠਾਰਾਂ ਸੌ ਦੁਤੋਤਰੇ ਸਾਲ ਸੁ ਬਿਕ੍ਰਮ ਰਾਇ॥** ਬਿਕ੍ਰਮਾਂ ਰਾਜੇ ਦਾ ਸਾਲ ਭਾਵ ਸੰਮਤ ਬਿਕ੍ਰਮੀ ਅਠਾਰਾਂ ਸੌ ਦੋ (੧੮੦੨) ਸੀ।

**ਸੁਬੇਗ ਸਿੰਘ ਸਾਖੀ ਭਈ ਸੁਨੋਂ ਸੰਤ ਮਨ ਲਾਇ॥ ੬੧॥** ਭਾਈ ਸੁਬੇਗ ਸਿੰਘ ਦੀ ਸਾਖੀ ਹੋਈ ਹੈ, ਹੇ ਸੰਤ ਜਨੋ ! ਹੇ ਗੁਰ ਸਿੱਖੋ ! ਆਪਣੇ ਮਨ ਲਾ ਕੇ ਸੁਣੋਂ। ੬੧।

**ਚੌਪਈ॥ ਸਾਖੀ ਸੁਨੀ ਮੈਂ ਅਪਨੇ ਤਾਤ॥** ਇਹ ਸਾਖੀ ਸੁਬੇਗ ਸਿੰਘ ਦੀ, ਮੈਂ ਆਪਣੇ ਪਿਤਾ ਰਾਇ ਸਿੰਘ ਜੀ ਤੋਂ ਸੁਣੀ ਹੈ, ਭਾਈ ਰਤਨ ਸਿੰਘ ਜੀ ਕਹਿੰਦੇ ਹਨ।

**ਤੈਸੇ ਲਿਖੀ ਰਤਨ ਸਿੰਘ ਬਾਤ॥** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿਵੇਂ ਮੇਰੇ ਪਿਤਾ ਨੇ ਮੈਨੂੰ ਸੁਣਾਈ ਹੈ, ਭਾਈ ਸੁਬੇਗ ਸਿੰਘ ਦੀ ਸਾਖੀ, ਮੈਂ ਉਸੇ ਤਰ੍ਹਾਂ ਹੀ ਲਿਖੀ ਹੈ।

***ਜੇਤੀ ਸੁਨੀ ਤੇਤੀ ਹਮ ਕਹੀ॥*** ਜਿੰਨੀ ਮੈਂ ਸਾਖੀ ਉਹਨਾਂ ਤੋਂ ਸੁਣੀ ਸੀ, ਉਹ ਸੰਪੂਰਨ ਹੈ, ਮੈਂ ਨਹੀਂ ਕੋਈ ਗੱਲ ਵਿਚ ਪਾਈ। ਜਿੰਨੀ ਸਾਖੀ ਸੁਣੀ ਹੈ, ਮੈਂ ਓਨੀ ਹੀ ਲਿਖ ਦਿੱਤੀ ਹੈ।

***ਆਗੈ ਔਰ ਸੁਨੌ ਗਤਿ ਨਹੀ॥ ੬੨॥*** ਅੱਗੇ ਹੋਰ ਨਵੀਂ ਗਤੀ ਭਾਵ ਹੋਰ ਸਿੱਖ ਦੀ ਦਰਦਨਾਕ ਸਾਖੀ ਸੁਣੋ। ੬੨।

***ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥***

# ਸਾਖੀ ਭਾਈ ਤਾਰੂ ਸਿੰਘ ਭੁਜੰਗੀ ਬਿਦੇਹੀ ਸ਼ਹੀਦ ਕੀ

## (ਭਾਈ ਤਾਰੂ ਸਿੰਘ ਦੀ ਗ੍ਰਿਫ਼ਤਾਰੀ)

***ਦੋਹਰਾ॥ ਸਾਖੀ ਭਾਈ ਤਾਰੂ ਸਿੰਘ ਕੀ ਸੁਨੌਂ ਸਿੰਘ ਮਨ ਲਾਇ॥*** ਹੇ ਸਿੰਘੋ ! ਭਾਈ ਤਾਰੂ ਸਿੰਘ ਸ਼ਹੀਦ ਦੀ ਸਾਖੀ ਮਨ ਚਿੱਤ ਲਾ ਕੇ ਸੁਣੋ।

***ਜੋ ਖਾਨ ਬਹਾਦਰ ਲੈ ਤੁਰਯੋ ਖੋਪਰੀ ਸਿਰੋਂ ਉਤਰਾਇ॥੧॥*** ਆਪਣੀ ਖੋਪਰੀ ਸਿਰ ਤੋਂ ਲੁਹਾ ਕੇ ਜੋ ਖ਼ਾਨ ਬਹਾਦਰ ਨਵਾਬ ਲਹੌਰ ਨੂੰ ਆਪਣੀ ਜੁੱਤੀ ਦੇ ਅੱਗੇ ਲਾ ਕੇ ਦਰਗਾਹ ਨੂੰ ਲੈ ਤੁਰਿਆ ਹੈ। ੧।

***ਜੋ ਮਾਝੈ ਮੈ ਬਸਤ ਥੇ ਭਲੇ ਸੁ ਪੂਲੇ ਗਾਮ॥*** ਉਹ ਮਾਝੇ ਦਾ ਪੂਲੇ ਨਗਰ ਵਿਚ ਵਸਦਾ ਸੀ ਭਲੀ ਪ੍ਰਕਾਰ।

***ਹਠੀ ਤਪੀ ਸਾਚੋ ਸਤੀ ਨਿਹੰਗ ਤਾਰੂ ਸਿੰਘ ਨਾਮ॥੨॥*** ਬੜੇ ਹਠ ਵਾਲੇ ਤਪੱਸਵੀ ਸੱਚ ਬੋਲਣ ਵਾਲੇ ਸਤ ਪ੍ਰਤੱਗੀ ਹੰਗਤਾ ਤੇ ਰਹਿਤ ਬਹਾਦਰ ਸੂਰਮੇ ਦਾ ਨਾਮ ਭਾਈ ਤਾਰੂ ਸਿਘ ਸੀ। ਨਿਹੰਗ=ਮੂਹਰਲੀ ਕਤਾਰ ਵਿਚ ਲੜਨ ਵਾਲਾ। ੨।

***ਚੌਪਈ॥ ਨਵਾਬ ਮੌਤ ਜਬ ਨੇੜੇ ਆਈ॥*** ਜਦੋਂ ਖਾਨੂੰ ਨਵਾਬ ਦੀ ਮੌਤ ਨੇੜੇ ਆ ਗਈ ਹੈ।

***ਤਿਮ ਤਿਮ ਲਾਗੋ ਕਰਨ ਬੁਰਾਈ॥*** ਤਿਵੇਂ-ਤਿਵੇਂ ਹੀ ਜ਼ਾਲਮ ਖ਼ਾਨ ਬਹਾਦਰ ਸੱਚੇ ਸਿੱਖਾਂ ਦੀ ਬੁਰਿਆਈ ਕਰਨ ਲਗ ਪਿਆ ਹੈ।

***ਸਾਲ ਅਠਾਰਾਂ ਸਈਏ ਦੋਇ॥*** ਬਿਕ੍ਰਮੀ ਸੰਬਤ ਅਠਾਰਾਂ ਸੌ ਦੋ (੧੮੦੨) ਵਿਚ।

***ਤਾਰੂ ਸਿੰਘ ਕੀਓ ਸਾਕੋ ਸੋਇ॥੩॥*** ਭਾਈ ਤਾਰੂ ਸਿੰਘ ਜੀ ਨੇ ਉਹ ਸਾਕਾ ਕੀਤਾ ਹੈ। ੩।

***ਦੋਹਰਾ॥ ਨੂਬ ਮੁਲਖੱਯਨ ਕੋ ਪੂਛਯੋ ਸਿੰਘ ਰਿਜ਼ਕ ਕਹਾਂ ਤੇ ਖਾਂਹਿ॥*** ਨਵਾਬ ਜ਼ਕਰੀਆ ਖ਼ਾਨ ਨੇ (ਮੁਲਖੱਯਨ) ਰਈਅਤ ਨੂੰ, ਜਿਹੜੇ ਇਸ ਦੇ ਨਾਲ ਸ਼ਰਤਾਂ ਕਰ ਕੇ ਗਏ ਸਨ, ਜਗੀਰਾਂ ਲਈਆਂ ਸਨ, ਇਨਾਮ ਲਏ ਸਨ, ਕਿ ਅਸੀਂ ਸਿੰਘ ਨਾਮ ਦਾ ਕੋਈ ਛੱਡਾਂਗੇ ਨਹੀਂ ਦੁਨੀਆਂ ਵਿਚ, ਹੁਣ ਉਨ੍ਹਾਂ ਸਾਰਿਆਂ ਨੂੰ ਸੱਦ ਕੇ ਪੁੱਛਿਆ ਹੈ ਕਿ ਇਹ ਸਿੰਘ (ਰਿਜ਼ਕ) ਅੰਨ-ਪਾਣੀ ਕਿੱਥੋਂ ਛਕਦੇ ਹਨ?

***ਨਾਂਹਿ ਉਗਰਾਹੀ, ਹਲ-ਵਾਹੀ, ਨਹਿੰ ਚਾਕਰੀ, ਬਣਜ ਕਮਾਂਹਿ॥੪॥*** ਮੈਂ ਸਿੰਘਾਂ ਦੀ ਆਮਦਨ ਦੇ ਸਾਰੇ ਯਤਨ ਬੰਦ ਕਰ ਦਿੱਤੇ ਹਨ, ਹੁਣ ਨਾ ਤਾਂ ਕੋਈ ਸਿੰਘ ਲੋਕਾਂ ਤੋਂ ਪੈਸੇ ਆਦਿਕ ਦੀ ਉਗਰਾਹੀ ਕਰਦੇ ਹਨ, ਨਾ ਹੀ ਹਲ ਵਾਹੁਣ ਦਾ ਕੰਮ ਕਰਦੇ ਹਨ ਭਾਵ ਜਿਮੀਂਦਾਰੀ ਵੀ ਨਹੀਂ ਕਰਦੇ, ਨਾ ਕੋਈ ਨੌਕਰੀ ਹੀ ਕਰਦੇ ਹਨ ਅਤੇ ਨਾ ਹੀ ਕੋਈ ਵਪਾਰ ਆਦਿਕ ਕਰਕੇ ਕੋਈ ਕਮਾਈ ਕਰਦੇ ਹਨ। ਮੈਂ ਕੋਈ ਵੀ ਕਾਰਨ ਨਹੀਂ ਰਹਿਣ ਦਿੱਤਾ ਇਹਨਾਂ ਦੇ ਰਿਜ਼ਕ ਦੇ ਹੀਲੇ ਦਾ। ਇਹ ਕਿਥੋਂ ਖਾਂਦੇ ਨੇ ਰੋਟੀ? ਇਹ ਦੱਸੋ? ਚੁਗਲਾਂ ਨੂੰ ਪੁੱਛਿਆ ਹੈ। ੪।

***ਚੌਪਈ॥ ਗੁਰਦ੍ਵਾਰੇ ਜੋ ਚੜ੍ਹਤ ਚੜ੍ਹਾਵੇ॥*** ਅੱਗੇ ਜੋ ਗੁਰਦੁਆਰੇ ਚੜ੍ਹਤ ਚੜ੍ਹਾਵਾ ਚੜ੍ਹਦਾ ਸੀ, ਮਾਇਆ ਚੜ੍ਹਦੀ ਸੀ।

***ਸੋ ਭੀ ਮੈਂ ਨੇ ਦਏ ਹਟਾਵੇ॥*** ਉਹ ਵੀ ਬੰਦ ਕਰ ਦਿੱਤਾ ਸੀ ਕਿ ਇਹ ਚੜ੍ਹਤ ਚੜ੍ਹਾਵਾ ਵੀ ਨਹੀਂ ਵਰਤ ਸਕਦੇ।

***ਨਹਿਂ ਗੁਰੂਅਨ ਕੋ ਦੇਇ ਨਿਆਜ਼॥*** ਗੁਰੂਆਂ ਦੇ ਨਾਂ 'ਤੇ ਕੋਈ ਅਰਦਾਸ ਨਹੀਂ ਕਰਾ ਸਕਦਾ, ਕੋਈ ਭੇਟਾ ਜਾਂ ਲੰਗਰ ਆਦਿਕ ਨਹੀਂ ਦੇ ਸਕਦਾ।

***ਹਟਾਇ ਦਈ ਮੈਂ ਸਿੰਘਨ ਕਾਜ॥੫॥*** ਉਹ ਵੀ ਮੈਂ ਹਟਾ ਦਿੱਤੀ ਹੈ, ਸਿੰਘਾਂ ਦਾ ਕੰਮ ਸੀ ਜੋ ਸਿੰਘ ਦੀ ਆਮਦਨ ਦਾ ਵਸੀਲਾ ਸੀ। ੫।

***ਓਇ ਭੁੱਖੇ ਕਿਮ ਨਾਂਹਿ ਮਰਾਹੀਂ॥*** ਉਹ ਭੁੱਖੇ ਰਹਿ ਕੇ ਕਿਉਂ ਨਹੀਂ ਮਰਦੇ ਕਿਵੇਂ ਜਿਉਂਦੇ ਰਹਿੰਦੇ ਹਨ?

***ਦਾਨਾ ਪਾਨੀ ਜਿਨ ਲੱਭੈ ਨਾਹੀਂ॥*** ਜਿੰਨ੍ਹਾਂ ਸਿੰਘਾਂ ਨੂੰ ਖਾਣ-ਪੀਣ ਵਾਸਤੇ ਦਾਨਾਂ ਪਾਨੀ ਵੀ ਨਹੀਂ ਲੱਭਦਾ ਹੈ।

***ਫੌਜ ਟੌਲੇ ਉਨ ਬੰਨ੍ਹ ਕੇ ਰਾਹੀ॥*** ਫ਼ੌਜ ਟੋਲੇ ਬੰਨ੍ਹ ਕੇ ਉਨ੍ਹਾਂ ਨੂੰ ਰਾਹਾਂ ਦੇ ਵਿਚ ਭਾਲਦੀ ਫਿਰੇਂਦੀ ਹੈ।

***ਖੋਜ ਟੌਲ ਕੈ ਮਾਰੈਂ ਤਾਹੀਂ॥੬॥*** ਫ਼ੌਜ ਉਨ੍ਹਾਂ ਨੂੰ ਟੋਲ-ਟੋਲ ਕੇ ਮਾਰ ਰਹੀ ਹੈ, ਲੱਭ-ਲੱਭ ਕੇ ਸ਼ਿਕਾਰ ਕਰ ਰਹੀ ਹੈ, ਉਹਨਾਂ ਦਾ। ੬।

***ਜਿਨ ਪਿੰਡਨ ਮੈਂ ਸਿੰਘ ਕੋ ਭਯੋ॥*** ਦੇਖੋ ਮਾਝਾ ਦੇਸ ਜਾ ਕੇ ਓਥੇ ਥੇਹ ਹੀ ਥੇਹ ਪਏ ਹਨ, ਕਹਿੰਦਾ ਜਿਹੜੇ ਪਿੰਡ ਵਿਚ ਕੋਈ ਸਿੰਘ ਪੈਦਾ ਹੋਇਆ ਹੈ।

***ਸੋਈ ਪਿੰਡ ਉਜਾੜ ਮੈਂ ਦਯੋ॥*** ਉਹ ਮੈਂ ਪਿੰਡ ਹੀ ਉਜਾੜ ਦਿੱਤਾ ਹੈ।

***ਛੋਡ ਗਏ ਵੈ ਅਪਨੇ ਦੇਸ਼॥*** ਉਹ ਆਪਣਾ ਦੇਸ ਛੱਡ ਕੇ ਚਲੇ ਗਏ ਹਨ।

***ਭੂਖੇ ਹੋਇ ਵਟਾਵੈਂ ਭੇਸ॥੭॥*** ਭੁੱਖੇ ਮਰਦਿਆਂ ਨੇ ਭੇਸ ਵਟਾ ਲਿਆ ਹੈ ਸਿੰਘਾਂ ਨੇ। ਸਿੱਖੀ ਨਹੀਂ ਤਿਆਗੀ ਹੈ, ਭੇਸ ਵਟਾ ਕੇ ਆਪਣਾ ਨਿਰਬਾਹ ਕੀਤਾ ਹੈ। ੭।

***ਮੈਂ ਸਿੰਘਨ ਕੇ ਸਾਕ ਭੀ ਗਾਰੇ॥*** ਮੈਂ ਸਿੰਘਾਂ ਦੇ ਸਭ ਸਾਕ-ਸਬੰਧੀ ਵੀ ਗਾਲ ਦਿੱਤੇ ਹਨ, ਜਿਥੇ ਉਹਨਾਂ ਦਾ ਕੋਈ ਰਿਸ਼ਤੇਦਾਰ ਹੈ, ਉਹ ਵੀ ਲੱਭ ਕੇ ਮਾਰ ਦਿੱਤਾ ਹੈ।

***ਖੱਡਨ ਮੈਂ ਤੇ ਟੋਲ ਕੱਢ ਮਾਰੇ॥*** ਸ਼ੇਰਾਂ ਬਘਿਆੜਾਂ ਦੀਆਂ ਖੱਡਾਂ ਵਿੱਚੋਂ ਵੀ ਮੈਂ ਲੱਭ-ਲੱਭ ਕੇ ਮਾਰ ਦਿੱਤੇ ਹਨ।

***ਮੁਗਲ ਬਾਜ ਹੈਂ ਸਿੰਘ ਬਟੇਰੇ॥*** ਮੁਗਲ ਬਾਜਾਂ ਵਰਗੇ ਹਨ ਤੇ ਸਿੰਘ ਬਟੇਰਿਆਂ ਵਾਂਗ ਲੁਕਦੇ ਫਿਰਦੇ ਹਨ।

***ਮਾਰੇ ਮੁਗਲਨ ਨੇ ਬਹੁ ਘੇਰੇ॥੮॥*** ਜਿਥੇ ਜ਼ਿਆਦਾ ਸਿੰਘ ਦੋ-ਦੋ ਚਾਰ-ਚਾਰ, ਦਸ-ਦਸ ਸਿੰਘ ਵੇਖੇ ਨੇ, ਉਥੇ ਘੇਰੇ ਪਾ-ਪਾ ਕੇ ਮੁਗਲਾਂ ਨੇ ਖ਼ਤਮ ਕਰ ਦਿੱਤੇ ਹਨ। ੮।

***ਰਿਜਕ ਬਿਨਾਂ ਕੋਈ ਜੀਵੈ ਨਾਹੀਂ॥*** ਰੋਟੀ-ਪਾਣੀ ਬਿਨਾਂ ਕੋਈ ਪ੍ਰਾਣਾਧਾਰੀ ਜੀਵ ਜਿਉਂਦਾ ਨਹੀਂ ਰਹਿ ਸਕਦਾ।

***ਓਇ ਕਿਮ ਜੀਵੈਂ ਰਿਜ਼ਕ ਬਿਨਾ ਹੀ?*** ਉਹ ਕਿਵੇਂ ਭੋਜਨ ਤੋਂ ਬਿਨਾਂ ਜਿਉਂਦੇ ਹਨ, ਇਸ ਦਾ ਕਾਰਨ ਦੱਸੋ?

***ਪੱਤ ਸਾਗ ਖਾਇ ਮਨੁਖ ਕਬ ਜੀਵੈ॥*** ਜੇ ਰੋਟੀ-ਪਾਣੀ ਨਾ ਮਿਲੇ ਖਾਣ ਨੂੰ ਤੇ ਆਖੀਏ ਕਿ ਉਹ ਤਾਂ ਸਾਰਾ ਪੱਤ ਖਾ ਕੇ ਗੁਜ਼ਾਰਾ ਕਰਦੇ ਹਨ, ਤਾਂ ਉਹ ਕਦ ਤੱਕ ਜਿਉਂਦਾ ਰਹਿ ਸਕਦਾ ਹੈ, ਉਹ ਤਾਂ ਮਰੇਗਾ ਹੀ ਆਖਰ ਨੂੰ।

***ਜੋ ਜੀਵੈ, 'ਤੁਰਨ ਜੋਗ ਕਿਮ ਥੀਵੈ॥੯॥*** ਜੇ ਭਲਾ ਉਹ ਜਿਉਂਦਾ ਹੀ ਰਹਿ ਗਿਆ ਸਾਗ ਪੱਤ ਖਾ ਕੇ, ਉਹ ਉਂਜ ਹੀ ਉਠਣ ਜੋਗਾ ਨਹੀਂ ਰਹਿੰਦਾ, ਜਿਨਾਂ ਚਿਰ ਆਟਾ, ਘਿਉ, ਲੂਣ, ਦਾਲ ਨਹੀਂ ਮਿਲਦੀ ਬੰਦੇ ਨੂੰ, ਉਹ ਜਿੰਦਾ ਕਿਵੇਂ ਰਹਿ ਸਕਦਾ ਹੈ? ਉਹ ਤਾਂ ਤੁਰਨ ਜੋਗਾ ਨਹੀਂ ਰਹਿੰਦਾ, ਉਹ ਸਿੰਘ ਕਿਵੇਂ ਜਿਉਂਦੇ ਨੇ, ਜਿਨ੍ਹਾਂ ਦਾ ਮੈਂ ਸਭ ਕੁਛ ਬੰਦ ਕਰ ਦਿੱਤਾ ਹੈ। ੯।

***ਦੋਹਰਾ॥ ਇਕ ਦੁਸ਼ਟ ਤਬ ਬੋਲਿਓ ਨਹਿਂ ਭੂਖੇ ਸਿੰਘ ਮਰਾਹਿਂ॥*** ਇਕ ਦੁਸ਼ਟ ਤਦੋਂ ਬੋਲਿਆ ਹੈ, ਕਹਿਣ ਲੱਗਾ ਖ਼ਾਨ!

ਇਹ ਸਿੰਘ ਭੁੱਖੇ ਕਿਉਂ ਨਹੀਂ ਮਰਦੇ, ਮੈਂ ਦਸਾਂ ਤੈਨੂੰ ਸਾਰੀ ਗੱਲ।

***ਇਸੀ ਦੇਸ ਮੈਂ ਸਿਖ ਰਹੈਂ ਉਨ ਦੇ ਕੇ ਪੀਛੇ ਖਾਂਹਿਂ॥੧੦॥*** ਖ਼ਾਨ ਸਾਹਿਬ ! ਤੇਰੇ ਏਸ ਦੇਸ਼ ਵਿਚ ਹੀ ਸਿੱਖ ਰਹਿੰਦੇ ਹਨ,ਜੋ ਸਿੰਘ ਰਹਿੰਦੇ ਹਨ ਜੰਗਲਾਂ ਝਾੜਾਂ ਵਿਚ, ਓਹਨਾਂ ਸਿੰਘਾਂ ਨੂੰ ਪਹਿਲਾਂ ਖਵਾਉਂਦੇ ਹਨ, ਫਿਰ ਆਪ ਖਾਂਦੇ ਹਨ ਰੋਟੀ, ਜੇ ਸਿੰਘਾਂ ਨੂੰ ਨਾ ਪਹੁੰਚ ਸਕੇ, ਪੰਜਾਂ ਸਿੰਘਾਂ ਨੂੰ, ਦਸਾਂ ਨੂੰ, ਦੋਂਹ ਚੋਂਹ ਨੂੰ, ਇਕ ਨੂੰ ਭਾਵ ਉਹਨਾਂ ਨੂੰ ਪ੍ਰਸ਼ਾਦਾ ਛਕਾ ਕੇ ਫਿਰ ਛਕਦੇ ਸਨ। ਭਾਵ ਕਿਸੇ ਭੇਸ ਵਿਚ ਰਹਿੰਦਿਆਂ ਉਹ, ਜਿਹੋ ਜਿਹੀ ਮਰਜ਼ੀ ਉਹ ਆਪਣੀ ਕਿਰਤ-ਬਿਰਤ ਕਰਦੇ ਨੇ, ਤੇਰੀਆਂ ਅੱਖਾਂ ਵਿਚ ਘੱਟਾ ਪਾ ਕੇ ਤੈਨੂੰ ਨਹੀਂ ਉਹ ਪਤਾ ਲੱਗਣ ਦਿੰਦੇ ਅਤੇ ਐਥੇ ਹੀ ਰਹਿੰਦੇ ਨੇ ਤੇਰੇ ਦੇਸ਼ ਵਿਚ, ਉਹ ਮਗਰੋਂ ਆਪ ਖਾਂਦੇ ਹਨ, ਪਹਿਲੇ ਗੁਰ ਸਿੱਖ ਨੂੰ ਖੁਆ ਕੇ। ੧੦।

***ਚੌਪਈ॥ ਹਰ ਭਗਤ ਨਿਰੰਜਨੀਏ ਯੌ ਭਾਖੀ॥*** ਇਹ ਕੌਣ ਸੀ ਦੱਸਣ ਵਾਲਾ, ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਹਰ ਭਗਤ ਨਿਰੰਜਨੀਆਂ ਜਿਹੜੇ ਹਿੰਦਾਲ ਦੀ ਉਲਾਦ ਸੀ, ਜੰਡਿਆਲੇ ਦਾ ਰਹਿਣ ਵਾਲਾ ਸੀ। ਇਹ ਮਗਰੋਂ ਅਬਦਾਲੀ ਦੇ ਵੀ ਸਾਥੀ ਬਣੇ ਰਹੇ ਸੀ। ਹਰਭਗਤ ਨਿਰੰਜਨੀਏ ਇਉਂ ਆਖਿਆ ਹੈ।

***ਸੱਚ ਬਾਤ ਇਨ ਭਾਈ ਆਖੀ॥*** ਹਰ ਭਗਤ ਨਿਰੰਜਨੀਆਂ ਕਹਿਣ ਲੱਗਾ ਕਿ ਏਸ ਭਾਈ ਨੇ ਸੱਚੀ ਗੱਲ ਕਹੀ ਹੈ।

***ਐਸੇ ਐਸੇ ਸਿੰਘ ਜਗ ਮਾਂਹੀ॥*** ਹੁਣ ਸਾਰੇ ਹੀ ਬੋਲ ਉੱਠੇ ਹਨ, ਕਹਿੰਦੇ ਐਸੇ-ਐਸੇ ਸਿੰਘ ਅੱਜ ਵੀ ਦੁਨੀਆਂ ਵਿਚ ਵਸਦੇ ਨੇ।

***ਸਿੰਘ ਛਕਾਇ ਪੀਐਂ ਨਿਜ ਖਾਹੀ॥੧੧॥*** ਜਿਹੜੇ ਸਿੰਘਾਂ ਨੂੰ ਛਕਾ ਕੇ ਫਿਰ ਆਪ ਕੁਛ ਖਾਂਦੇ-ਪੀਂਦੇ ਹਨ। ੧੧।

***ਆਪ ਸਹੈਂ ਵੈ ਨੰਗ ਅਰ ਭੁੱਖ॥*** ਐਸੇ ਸਿੱਖ ਅਜੇ ਮੌਜੂਦ ਨੇ ਜਿਹੜੇ ਆਪ ਨੰਗ ਤੇ ਭੁੱਖ ਸਹਾਰਦੇ ਹਨ, ਗਰੀਬੀ ਦਾਅਵੇ ਕਟਦੇ ਹਨ, ਇਉਂ ਜਿਤਨੇ ਚੁਗਲ ਹਨ, ਉਹ ਸਾਰੇ ਖ਼ਾਨ ਬਹਾਦਰ ਦੀ ਕਚਹਿਰੀ ਵਿਚ ਇਕਬਾਲ ਹੋ ਗਏ ਹਨ।

***ਦੇਖ ਸਕੈਂ ਨਹਿਂ ਸਿੰਘਨ ਦੁੱਖ॥*** ਉਹ ਸਿੰਘਾਂ ਦਾ ਦੁੱਖ ਨਹੀਂ ਦੇਖ ਸਕਦੇ।

***ਆਪ ਗੁਜ਼ਾਰੈਂ ਅਗਨੀ ਨਾਲ॥*** ਸਿਆਲ ਦੇ ਮਹੀਨਿਆਂ ਵਿਚ ਉਹ ਆਪ ਤਾਂ ਅੱਗ ਬਾਲ ਕੇ ਸੇਕ ਕੇ ਗੁਜ਼ਾਰਾ ਕਰ ਲੈਂਦੇ ਹਨ।

***ਸਿੰਘਨ ਘਲੈਂ ਪੁਸ਼ਾਕ ਸਿਵਾਲ॥੧੨॥*** ਸਿੰਘਾਂ ਨੂੰ ਪੁਸ਼ਾਕਾ ਸਿਵਾਂ ਕਿ ਜੋ ਪੋਹ ਦੀਆਂ ਰਾਤਾਂ ਵਿਚ ਬਾਹਰ ਜੰਗਲਾਂ ਵਿਚ ਫਿਰਨ ਵਾਲੇ ਜਿਨ੍ਹਾਂ ਨੂੰ ਕੋਈ ਟਿਕਾਣਾ ਨਹੀਂ ਰਹਿ ਗਿਆ, ਉਹ ਗੁਜ਼ਾਰਾ ਕਰ ਸਕਣ, ਉਨ੍ਹਾਂ ਵਾਸਤੇ ਵਸਤ੍ਰ ਭੂਰੇ ਲੋਈਆਂ ਖੇਸ ਖਰੀਦ ਕੇ ਭੇਜਦੇ ਹਨ। ਉਹ ਲੋਈ ਭੂਰੇ ਦੇ ਕਮਰਕਸੇ ਲਾ ਕੇ ਐਡੀ ਭਾਰੀ ਠੰਢ ਤੋਂ ਬਚ ਰਹਿੰਦੇ ਹਨ। ੧੨।

***ਕਈ ਪੀਸਨਾ ਪੀਸ ਕਮਾਵੈਂ॥*** ਕਈ ਐਸੇ ਹਨ, ਉਦੋਂ ਮਸ਼ੀਨਾਂ ਤਾਂ ਹੈ ਨਹੀਂ ਸਨ, ਆਟਾ ਪੀਸਣ ਵਾਸਤੇ, ਜਾ ਖਰਾਸ ਸਨ, ਵਿਰਲੇ ਵਾਂਝੇ ਅਤੇ ਬਹੁਤੇ ਚੱਕੀ 'ਤੇ ਹੱਥੀਂ ਪੀਸਦੇ ਸਨ, ਭਾਵ ਆਂਢ-ਗੁਆਂਢ ਮਜਦੂਰੀ ਕਰਦੇ ਸਨ। ਉਨ੍ਹਾਂ ਤੋਂ ਆਟਾ ਲੈ ਲੈਣਾ ਹੈ ਜਿੰਨੀ ਮਿਹਨਤ ਬਣੇ, ਉਹ ਆਟਾ ਲੈ ਲੈਣਾ ਉਹਨਾਂ ਤੋਂ ਅਤੇ ਉਹ ਆਟਾ ਇਕੱਠਾ ਕਰੀ ਜਾਣਾ ਆਪਣੇ ਹੱਥੀਂ ਪੀਸਣਾਂ ਪੀਸ ਕੇ।

***ਵੈ ਭੀ ਸਿੰਘਨ ਪਾਸ ਪੁਚਾਵੈਂ॥*** ਉਸ ਦੇ ਪ੍ਰਸ਼ਾਦੇ ਤਿਆਰ ਕਰਕੇ ਸਿੰਘਾਂ ਨੂੰ ਜੰਗਲ ਵਿਚ ਲੰਗਰ ਭੇਜਦੇ ਸਨ।

***ਬਾਣ ਬੱਟ ਕਈ ਕਰੈਂ ਮਜੂਰੀ॥*** ਕਈ ਸਿੱਖ ਮੁੰਜ ਕੁੱਟ ਕੇ ਬਾਣ ਵੱਟ ਕੇ ਮਜਦੂਰੀ ਕਰਦੇ ਸਨ, ਉਪਰੋਂ ਗਰੀਬੜੇ ਜਿਹੇ ਬਣੇ ਹੋਏ ਸਨ।

***ਭੇਜੈਂ ਸਿੰਘਨ ਪਾਸ ਜ਼ਰੂਰੀ॥੧੩॥*** ਚੁਗਲ ਕਹਿ ਰਹੇ ਹਨ, ਖਾਨੂੰ ਨਵਾਬ ਨੂੰ ਕਹਿੰਦੇ ਉਨ੍ਹਾਂ ਸਿੱਖਾਂ ਪਾਸੋਂ ਜਿਨਾਂ ਕੁ ਸਰੇ, ਭਾਵੇਂ ਕਿੰਨੀ ਤਕਲੀਫ ਸਹਿਣ ਉਹ ਸਿੰਘਾਂ ਪਾਸ ਜਰੂਰ ਭੇਜਦੇ ਹਨ, ਕਿਰਤ-ਵਿਰਤ ਕਰਕੇ। ੧੩।

***ਦੂਰ ਜਾਇ ਜੋ ਚਾਕਰੀ ਕਰਿਹੀਂ॥*** ਜਿਹੜੇ ਪੜ੍ਹੇ ਲਿਖੇ ਸਿੱਖ ਸਨ, ਉਹ ਦੂਰ ਕਿਸੇ ਹੋਰ ਜਗ੍ਹਾ ਜਾ ਕੇ ਨੌਕਰੀ ਕਰਦੇ ਸਨ।

***ਆਇ ਸਿੰਘਨ ਕੇ ਆਗੈ ਧਰਿਹੀਂ॥*** ਉਹ ਕਮਾਈ ਕਰਕੇ ਲਿਆ ਕੇ ਸਿੰਘਾਂ ਅੱਗੇ ਰੱਖਦੇ ਹਨ, ਲਉ ਖ਼ਾਲਸਾ ਜੀ ! ਇਹ ਸਾਡੀ ਅਰਦਾਸ ਕਰੋ।

***ਸਿੰਘ ਜੋਊ ਪਰਦੇਸ਼ ਸਿਧਾਰੇ॥*** ਜਿਹੜੇ ਸਿੰਘ ਦੂਰ ਪ੍ਰਦੇਸਾਂ ਨੂੰ ਚਲੇ ਗਏ ਹਨ।

***ਭੇਜੈਂ ਸਿੰਘਨ ਓਇ ਗੁਰੂ ਪਯਾਰੇ॥੧੪॥*** ਉਹ ਗੁਰੂ ਕੇ ਪਿਆਰੇ ਸਿੱਖ ਕਿਰਤ-ਵਿਰਤ ਕਰਕੇ ਸਿੰਘਾਂ ਨੂੰ ਭੇਜਦੇ ਸਨ। ੧੪।

***ਦੋਹਰਾ॥ ਸੁਨ ਨਵਾਬ ਸਿਰ ਫੇਰਿ ਕਹਿ, ਕਠਨ ਪੰਥ ਭਯੋ ਯਹਿ॥*** ਇਹ ਜਦੋਂ ਸਾਰੀ ਹਕੀਕਤ ਸੁਣੀ ਨਵਾਬ ਖਾਨੂੰ ਨੇ, ਸਿਰ ਫੇਰਿਆ ਉਸ ਨੇ, ਓ-ਹੋ! ਬੜਾ ਕਠਨ ਹੋਇਆ ਹੈ ਪੰਥ ਇਹ। ਐਨਾ ਦੁੱਖ ਦਿੰਦੇ ਹਾਂ, ਐਨੀਆਂ ਮੁਸੀਬਤਾਂ ਇਹਨਾਂ 'ਤੇ ਤੋੜਦੇ ਹਾਂ, ਇਹ ਬੜਾ ਕਰੜਾ ਪੰਥ ਹੈ, ਇਹਨਾਂ ਦੇ ਗੁਰੂ ਨੇ ਬੜੀ ਕਰੜੀ ਸਿੱਖਿਆ ਦਿੱਤੀ ਹੋਈ ਹੈ।

***ਹਮ ਤੇ ਮਾਰੇ ਮਰਤ ਕਬ ਮਾਰੇ ਇਨੈਂ ਖੁਦਾਇ॥੧੫॥*** ਖਾਨੂੰ ਤੋਬਾ ਕਰ ਗਿਆ ਹੈ ਕਚਹਿਰੀ ਵਿੱਚ ਕਹਿਣ ਲੱਗਾ ਓਹ ਸਾਡੇ ਮਾਰੇ ਹੋਇ ਕਦੋਂ ਮਰਦੇ ਨੇ ਇਹ, ਇਹਨਾਂ ਨੂੰ ਤਾਂ ਖੁਦਾ ਹੀ ਮਾਰੇ ਤਾਂ ਭਾਵੇਂ ਮਰ ਜਾਣ, ਨਹੀਂ ਤਾਂ ਇਹਨਾਂ ਨੂੰ ਮਾਰਨ ਵਾਲਾ ਕੋਈ ਨਹੀਂ ਦੁਨੀਆਂ 'ਤੇ। ੧੫।

***ਤਬ ਨਵਾਬ ਉਨ ਸੋਂ ਕਹਯੋ, ਸੋ ਹਮ ਦੇਹੁ ਦਿਖਾਇ॥*** ਤਦ ਨਵਾਬ ਨੇ ਉਹਨਾਂ ਚੁਗਲਾਂ ਨੂੰ ਆਖਿਆ ਜਿਹੜਾ ਕੋਈ ਤੁਸੀਂ ਜਾਣਦੇ ਹੋ, ਐਹੋ ਜਿਹਾ ਸਿੱਖ, ਮੈਨੂੰ ਵਿਖਾਓ ਕੋਈ, ਕਿਹੜਾ ਭੇਜਦਾ ਕਿਰਤ-ਵਿਰਤ ਕਰਕੇ ਅਜੇ ਵੀ।

***ਜੋ ਸਿੰਘਨ ਕੋ ਭੇਜਤੇ ਉਨ ਹਮ ਦੇਹਿਂ ਖਪਾਇ॥੧੬॥*** ਜਿਹੜੇ ਸਿੰਘਾਂ ਨੂੰ ਕੋਈ ਰਸ਼ਦਾਂ-ਬਸਤਾਂ ਜਾਂ ਲੰਗਰ-ਪਾਣੀ ਆਦਿਕ ਭੇਜਦੇ ਹਨ ਅਜੇ ਵੀ ਨਹੀਂ ਹਟਦੇ, ਮੈਂ ਉਨ੍ਹਾਂ ਨੂੰ ਖਪਾ ਦਿੰਦਾ ਹਾਂ, ਖ਼ਤਮ ਕਰ ਦਿੰਦਾ ਹਾਂ। ੧੬।

***ਚੌਪਈ॥ ਹਰ ਭਗਤ ਨਿਰੰਜਨੀਏਂ ਯੌ ਫਿਰ ਕਹੀ॥*** ਹਰਭਗਤ ਨਿਰੰਜਨੀਏਂ ਚੁਗਲ ਨੇ ਫਿਰ ਇਉਂ ਆਖਿਆ, ਖ਼ਾਨ ਬਹਾਦਰ ਨੂੰ।

"***ਪੂਲ੍ਹੋ ਪਿੰਡ ਇਕ ਮਾਝੇ ਅਹੀ॥*** ਮਾਝੇ ਵਿਚ ਇਕ ਪੂਲ੍ਹਾ ਨਾਮ ਦਾ ਪਿੰਡ ਹੈ, ਲਹੌਰ ਦੇ ਨੇੜੇ ਹੀ।

***ਤਾਰੂ ਸਿੰਘ ਤਹਿਂ ਖੇਤੀ ਕਰੈ॥*** ਓਥੇ ਤਾਰੂ ਸਿੰਘ ਨਾਮ ਦਾ ਇਕ ਸਿੰਘ ਖੇਤੀ ਕਰਦਾ ਹੈ।

***ਸਾਥ ਪਿੰਡ ਵਹਿ ਹਾਲਾ ਭਰੈ॥੧੭॥*** ਜਿਵੇਂ ਹੋਰ ਲੋਕ ਤੁਹਾਡਾ ਹਾਲਾ ਭਰਦੇ ਹਨ, ਪਿੰਡ ਦੇ ਨਾਲ ਉਹ ਵੀ ਹਾਲਾ ਭਰਦਾ ਹੈ। ੧੭।

***ਦੇਹ ਹਾਕਮ ਕਛੁ ਥੋੜਾ ਖਾਵੈ॥*** ਜੋ ਟੈਕਸ ਤੁਹਾਡਾ ਲਾਇਆ ਹੋਇਆ ਹੈ, ਉਹ ਹਕੂਮਤ ਨੂੰ ਦੇ ਕੇ ਕੁਛ, ਥੋੜਾ ਆਪ ਖਾ ਕੇ।

***ਬਚੈ ਸਿੰਘਨ ਕੇ ਪਾਸ ਪੁਚਾਵੈ॥*** ਬਾਕੀ ਜੋ ਅੰਨ, ਅਨਾਜ ਬਚਾ ਲੈਂਦਾ ਹੈ ਜੋ ਉਸ ਨੂੰ ਮੁਨਾਫਾ ਬਚਦਾ ਹੈ, ਉਹ ਸਿੰਘਾਂ ਕੋਲ ਭੇਜਦਾ ਹੈ।

***ਹੈ ਉਸ ਕੇ ਇਕ ਭੈਣ ਅਰ ਮਾਈ॥*** ਉਸ ਦੇ ਪ੍ਰਵਾਰ ਵਿਚ ਇਕ ਭੈਣ ਤੇ ਮਾਂ ਤੋਂ ਬਗੈਰ ਹੋਰ ਕੋਈ ਨਹੀਂ ਸੀ।

***ਪੀਸ ਕੂਟ ਵੈ ਕਰੈਂ ਕਮਾਈ॥੧੮॥*** ਮਾਤਾ ਤੇ ਭੈਣ ਲੋਕਾਂ ਦਾ ਪੀਸਣਾਂ ਤੇ ਚੌਲ ਆਦਿਕ ਕੁੱਟ ਕੇ ਉਦੋਂ ਚਾਵਲ ਵੀ ਮੂੰਗਲੀਆਂ ਨਾਲ ਹੀ ਕੁੱਟਦੇ ਸਨ, ਉਸ ਦੇ ਵਿੱਚੋਂ ਜੋ ਕਮਾਈ ਕਰਦੇ ਸਨ। ੧੮।

***ਆਪ ਖਾਂਇ ਵਹਿ ਰੂਖੀ ਮਿੱਸੀ॥*** ਆਪ ਉਹ ਰੁੱਖੀ ਮਿੱਸੀ ਭਾਵ ਬਚੀ-ਖੁਚੀ ਥੋੜ੍ਹੀ ਬਹੁਤੀ ਖਾਂਦੇ ਸੀ।

***ਮੋਟਾ ਪਹਿਰ ਆਪ ਰਹਿਂ ਲਿੱਸੀ॥*** ਮੋਟਾ ਖੱਦਰ ਆਪ ਰੇਜ਼ਾ ਜਿਹਾ ਬਣਾ ਕੇ ਪਹਿਨਦੇ, ਆਪ ਵਿੱਚੋਂ ਥੋੜ੍ਹਾ ਜਿਹਾ ਖਾ ਕੇ, ਭਾਵ ਪ੍ਰਾਣ ਚਲਦੇ ਰਹਿਣ, ਕਿਰਤ-ਵਿਰਤ ਕਰਦੇ ਰਹਿਣ, ਆਪ ਲਿੱਸੇ ਹੀ ਹੋਣਾ ਹੈ, ਆਪ ਕਮਜ਼ੋਰ ਜਿਹੇ ਹੋ ਕੇ ਰਹਿੰਦੇ ਹਨ।

***ਜੋਊ ਬਚੇ ਸੋ ਸਿੰਘਨ ਦੇਵੈ॥*** ਕਿਰਤ-ਵਿਰਤ ਜੋ ਬਚਾ ਲੈਂਦੇ ਹਨ, ਉਹ ਸਭ ਸਿੰਘਾਂ ਨੂੰ ਦਿੰਦੇ ਹਨ, ਉਹ ਖਾਲਸੇ ਪੰਥ ਨੂੰ ਪਹੁੰਚਦਾ ਕਰਦੇ ਹਨ।

***ਉਇ ਬਿਨ ਸਿੰਘਨ ਔਰ ਨ ਸੇਵੈਂ॥੧੯॥*** ਉਹ ਤਾਂ ਸਿੰਘਾਂ ਤੋਂ ਬਿਨਾਂ ਹੋਰ ਕਿਸੇ ਦੀ ਪੂਜਾ ਹੀ ਨਹੀਂ ਕਰਦੇ, ਕਿਸੇ ਦੀ ਮੰਨਤ ਨਹੀਂ ਕਰਦੇ ਸਿੰਘਾਂ ਬਿਨਾਂ। ੧੯।

***ਬਾਂਗ ਸਲਾਤ ਸੁਨ ਮੂੰਦੇ ਕਾਨ॥*** ਜਦੋਂ ਕਾਜ਼ੀ ਬਾਂਗ ਦਿੰਦਾ ਹੈ, ਤਾਂ ਉਸ ਦੀ ਕਲਾਮ ਨਹੀਂ ਸੁਣਦੇ ਉਹ, ਕੰਨਾਂ ਵਿਚ ਉਂਗਲੀਆਂ ਦੇ ਲੈਂਦੇ ਹਨ।

***ਰੋਟ ਸ਼ੀਰਨੀ ਪੀਰ ਨ ਖਾਨ॥*** ਉਹ ਸੁਲਤਾਨੀਏ ਦਾ ਰੋਟ ਜਾਂ ਕਿਸੇ ਪੀਰ ਦੇ ਮਕਬਰੇ ਆਦਿਕ ਤੋਂ ਸ਼ੀਰਨੀ ਆਦਿਕ ਨਹੀਂ ਖਾਂਦੇ।

***ਸ਼ਬਦ ਚੌਂਕੀ ਗੁਰ ਅਪਨੇ ਕੀ ਕਰੇ॥*** ਆਪਣੇ ਗੁਰੂ ਦੀ ਬਾਣੀ ਦਾ ਸ਼ਬਦ ਕੀਰਤਨ ਕਰਦੇ ਕਰਵਾਉਂਦੇ ਹਨ।

***ਸੋ ਮਰਨੇ ਤੇ ਨੈਕ ਨ ਡਰੇ॥ ੨੦॥*** ਨਵਾਬ ਸਾਹਿਬ ! ਇਹ ਜਿਹੜੇ ਸਿੱਖ ਪੰਥ ਦੀ ਸੇਵਾ ਕਰਨ ਵਾਲੇ, ਉਹ ਮਰਨ ਤੋਂ ਜ਼ਰਾ ਵੀ ਨਹੀਂ ਡਰਦੇ ਹਨ, ਨਾ ਹੀ ਉਹਨਾਂ ਨੂੰ ਕੋਈ ਭੈ ਹੈ ਕਿ ਕੋਈ ਸਾਨੂੰ ਸਜ਼ਾ ਦੇਵੇਗਾ ਕੋਈ। ੨੦।

***ਗੰਗਾ ਜਮਨਾ ਨਿਕਟ ਨ ਜਾਵੈ॥*** ਹਿੰਦੂ ਲੋਕ ਗੰਗਾ ਜਮਨਾ 'ਤੇ ਨਹਾਉਣ ਜਾਂਦੇ ਹਨ, ਪਰ ਉਹ ਸਿੱਖ ਗੰਗਾ ਜਮਨਾ ਦੇ ਨੇੜੇ ਵੀ ਨਹੀਂ ਜਾਂਦੇ।

***ਅਪਨੇ ਗੁਰ ਕੀ ਛਪੜੀ ਨ੍ਹਾਵੈ॥*** ਉਦੋਂ ਸਰੋਵਰ ਕੱਚੇ ਹੁੰਦੇ ਸਨ ਸਾਰੇ,ਅੱਜ ਦੇਖ ਲਉ ਸਾਰੇ ਪੱਕੇ ਬਣੇ ਹੋਏ ਨੇ, ਸੰਗਮਰਮਰ ਲੱਗੀ ਹੋਈ ਹੈ ਸਰੋਵਰਾਂ 'ਤੇ, ਮਹਾਰਾਜ ਦੀ ਕਿਰਪਾ ਹੋਈ ਹੈ, ਨਹੀਂ ਤਾਂ ਇਹ ਕੱਚੇ ਹੀ ਸਰੋਵਰ ਹੁੰਦੇ ਸਨ । ਜਗ੍ਹਾ-ਜਗ੍ਹਾ ਦੇ ਉੱਤੇ ਭਾਵੇਂ ਉਹ ਛਪੜੀ ਹੈ, ਉਸੇ ਨੂੰ ਤੀਰਥ ਵੱਡਾ ਸਮਝਦੇ ਨੇ।

***ਜਗਨ ਨਾਥ ਕੋ ਟੁੰਡਾ ਆਖੈਂ॥*** (ਜਗਨਨਾਥ) ਜਿਥੇ ਕ੍ਰਿਸ਼ਨ ਭਗਵਾਨ ਦਾ ਅੰਤਮ ਸੰਸਕਾਰ ਹੋਇਆ ਹੈ, ਔਰ ਪ੍ਰਭਾਸ ਦੇ ਵਿੱਚ ਸਮੁੰਦਰ ਦੇ ਕਿਨਾਰੇ ਜਗਨਨਾਥ ਪੁਰੀ ਅੱਜ ਵੀ ਹੈ। ਕਲਜੁਗ ਦਾ ਬੌਧ ਅਵਤਾਰ ਹੈ। ਜਦੋਂ ਇਹ ਇਲਾਕਾ ਵਸਦਾ ਹੋਇਆ, ਉਦੋਂ ਕ੍ਰਿਸ਼ਨ ਭਗਵਾਨ ਨੇ ਉਸ ਸਮੇਂ ਦੇ ਰਾਜੇ ਨੂੰ ਦ੍ਰਿਸ਼ਟਾਂਤ ਦਿੱਤਾ ਸੀ, ਮੇਰਾ ਅੰਤਮ ਸੰਸਕਾਰ ਏਥੇ ਹੋਇਆ ਹੈ, ਮੈਂ ਅੱਗੇ ਵਾਸਤੇ ਬੋਧ ਅਵਤਾਰ ਧਾਰਨ ਕਰਨਾ ਹੈ, ਭਾਵ ਪੱਥਰ ਦਾ ਅਵਤਾਰ, ਪੱਥਰ ਦੀ ਮੂਰਤੀ ਦਾ। ਰਾਜੇ ਨੂੰ ਸੁਪਨੇ ਵਿਚ ਦੱਸਿਆ ਕਿ ਏਥੇ ਮੇਰਾ ਮੰਦਰ ਬਣਾ, ਛੇ ਮਹੀਨੇ ਵਾਸਤੇ ਬੰਦ ਕਰ ਦੇਈਂ ਫੇਰ ਖੋਲ੍ਹਣਾ ਏਸ ਨੂੰ ਮੈਂ ਆਪਣਾ ਸਰੂਪ ਆਪ ਬਣਾਵਾਂਗਾ। ਇਹ ਸਾਖੀ ਪਿੱਛੇ ਆ ਚੁੱਕੀ ਹੈ। ਜਗਨਨਾਥ ਦੀ ਮੂਰਤੀ ਦੇ ਹੱਥ ਟੁੰਡੇ ਹਨ, ਇਸ ਕਰਕੇ ਸਿੰਘ ਜਗਨਨਾਥ ਨੂੰ, ਟੁੰਡਾ ਕਹਿੰਦੇ ਹਨ ਕਿਉਂਕਿ ਉਸ ਦੇ ਹੱਥ ਬਣੇ ਹੀ ਨਹੀਂ ਹਨ।

***ਰਾਮ ਕਿਸ਼ਨ ਕੋ ਜਾਪ ਨ ਭਾਖੈ॥ ੨੧॥*** ਉਹ ਰਾਮ ਜਾ ਕ੍ਰਿਸ਼ਨ ਅਵਤਾਰ ਦਾ ਜਾਪ ਨਹੀਂ ਕਰਦੇ । ਉਹ ਗੁਰੂ-ਗੁਰੂ ਹੀ ਜਪਦੇ ਹਨ, ਵਾਹਿਗੁਰੂ ਵਾਹਿਗੁਰੂ ਹੀ ਕਰਦੇ ਨੇ। ੨੧।

***ਦੋਹਰਾ॥ ਰਾਤ ਤੁਰੈ ਦਿਨ ਬਹਿ ਰਹੈ, ਤੁਰਕਨ ਆਂਖ ਬਚਾਇ॥*** ਉਹ ਦਿਨੇ ਤਾਂ ਤੁਰਕਾਂ ਤੋਂ ਅੱਖ ਬਚਾ ਕੇ ਬੈਠੇ ਰਹਿੰਦੇ ਅਤੇ ਰਾਤ ਨੂੰ ਨਿਕਲ ਕੇ ਤੁਰਦੇ ਹਨ, ਤੁਰਕਾਂ ਦੀ ਅੱਖ ਤੋਂ ਓਹਲਾ ਰਖਦੇ ਨੇ ਭਾਵ ਪਰਦਾ ਰਖਦੇ ਨੇ, ਕਿਸੇ ਨੂੰ ਨਜ਼ਰ ਨਹੀਂ ਆਉਂਦੇ।

***ਸਿਰ ਪਰ ਪੰਡ ਉਠਾਇਕੈ, ਸਿੰਘਨ ਪਰ ਪਹੁੰਚਾਇ॥੨੨॥*** ਉਹ ਗੱਫੇ ਪ੍ਰਸ਼ਾਦੇ ਬਣਾਉਂਦੇ ਨੇ, ਪੰਡ ਬੰਨ੍ਹ ਕੇ ਸਿਰ 'ਤੇ ਰੱਖ ਲੈਂਦੇ ਨੇ, ਤੁਰਕਾਂ ਦੀ ਅੱਖ ਤੋਂ ਬਚਾ ਕੇ ਰਾਤ ਨੂੰ ਜਦੋਂ ਸਭ ਦੁਨੀਆਂ ਸੌਂ ਜਾਂਦੀ ਹੈ, ਫੇਰ ਜੰਗਲਾਂ ਵਿਚ ਸਿੰਘਾਂ ਕੋਲ ਪਹੁੰਚਾ ਦਿੰਦੇ ਹਨ। ੨੨।

***ਚੌਪਈ॥ ਔਰ ਦੂਸਰੋ ਮਤਾਬ ਸਿੰਘ ਨਾਮ॥*** ਹੋਰ ਦੂਸਰਾ ਮਤਾਬ ਸਿੰਘ ਨਾਮ ਦਾ ਸਿੰਘ ਹੈ।

***ਮੀਰਾਂ ਕੋਟ ਤਾਸ ਕੋ ਗ੍ਰਾਮ॥*** ਮੀਰਾਂ ਕੋਟ ਉਸ ਦਾ ਪਿੰਡ ਹੈ।

***ਜਿਸ ਦਿਨ ਤੇ ਉਨ ਮਾਰਯੋ ਮੱਸਾ॥*** ਜਿਸ ਦਿਨ ਤੋਂ ਉਸ ਨੇ ਮੱਸੇ ਰੰਘੜ ਨੂੰ ਮਾਰਿਆ ਹੈ।

**ਛੋਡ ਪਿੰਡ ਰਹਿ ਝੱਲ ਮੈਂ ਨੱਸਾ॥੨੩॥** ਉਸ ਦਿਨ ਤੋਂ ਪਿੰਡ ਛੱਡ ਕੇ, ਭੱਜ ਕੇ ਜੰਗਲ ਵਿਚ ਰਹਿੰਦਾ ਹੈ। ੨੩।

**ਕਦੇ ਨੇੜੇ ਕਦੇ ਜਾਵੇ ਦੂਰ॥** ਕਦੇ ਤਾਂ ਆਪਣੇ ਪਿੰਡ ਦੇ ਨੇੜੇ ਜੰਗਲ ਵਿਚ ਆ ਜਾਂਦਾ ਹੈ, ਕਦੇ ਬੀਕਾਨੇਰ, ਜੈਪੁਰ ਜੋਧਪੁਰ ਤੱਕ ਦੂਰ-ਦੂਰ ਨਿਕਲ ਜਾਂਦਾ ਹੈ।

**ਲੂਟ ਕੂਟ ਦਏ ਸਿੰਘਨ ਜ਼ਰੂਰ॥** ਬਾਹਰੋਂ ਨਵਾਬਾਂ, ਚੌਧਰੀਆਂ ਅਤੇ ਚੁਗਲਾਂ ਨੂੰ ਲੁੱਟ-ਕੁੱਟ ਕੇ ਜਾਂ ਨੌਕਰੀ ਆਦਿ ਕਰਕੇ, ਲਿਆ ਕੇ ਜ਼ਰੂਰ ਸਿੰਘਾਂ ਨੂੰ ਦਿੰਦਾ ਹੈ।

**ਬੀਸ ਪਚਾਸ ਰਹੈਂ ਉਸ ਸਾਥ॥** ਮਤਾਬ ਸਿੰਘ ਜੰਗੀ ਸਿੰਘ ਹੈ, ਵੀਹ ਪੰਜਾਹ ਸਿੰਘ ਉਸ ਦੇ ਨਾਲ ਰਹਿੰਦੇ ਹਨ। ਜਦੋਂ ਉਹ ਤੁਰਦਾ ਹੈ, ਤਾਂ ਵੀਹ ਪੰਜਾਹ ਸਿੰਘ ਰਾਤ ਨੂੰ ਉਸ ਦੇ ਨਾਲ ਹੁੰਦੇ ਹਨ।

**ਲੋਕਨ ਕੋ ਵਹਿ ਲਾਵੈ ਹਾਥ॥੨੪॥** ਹੇ ਨਵਾਬ ! ਜਿਹੜੇ ਤੇਰੇ ਕੋਲੋਂ ਚੌਧਰਾਂ ਲੈ ਕੇ ਜਾਂਦੇ ਨੇ ਜਾਂ ਜਿਹੜੇ ਸਾਡੇ ਵਰਗੇ ਚੁਗਲ ਨੇ, ਉਹਨਾਂ ਨੂੰ ਉਹ ਹੱਥ ਲਾਉਂਦਾ ਹੈ, ਰਾਤ ਨੂੰ ਆ ਕੇ, ਉਨ੍ਹਾਂ ਨੂੰ ਸੋਧ ਕੇ ਉਹਨਾਂ ਤੋਂ ਮਾਮਲੇ ਲੈਂਦਾ ਹੈ। ੨੪।

**ਕਿਸੈ ਮੰਗੈ ਕਿਸੈ ਲਏ ਡਰਾਇ॥** ਕਿਸੇ ਨੂੰ ਕਹਿੰਦਾ ਲਿਆ ਓਇ ! ਇਉਂ ਮੰਗ ਲੈਂਦਾ ਹੈ ਤੇ ਕਿਸੇ ਨੂੰ ਡਰਾ ਕੇ, ਦੇਖ ਲੈ ਫਿਰ ! ਉਜਾੜ ਦੇਉਂ ਸਾਰੀ ਖੇਤੀ, ਰਾਤ ਨੂੰ ਘੋੜਿਆਂ ਨੂੰ ਚਾਰ ਜਾਵਾਂਗੇ ਅਸੀਂ, ਤੈਨੂੰ ਅਸੀਂ ਫਨਾਹ ਕਰ ਦਿਆਂਗੇ, ਤੇਰੇ ਖੂਹ ਨੂੰ ਅੱਗ ਲਾ ਦਿਆਂਗੇ, ਅਸੀਂ ਤੇਰੀ ਵੱਢੀ ਫਸਲ ਨੂੰ ਅੱਗ ਲਾ ਕੇ ਸਾੜ ਦਿਆਂਗੇ। ਇਉਂ ਦਬਕਾ ਮਾਰ ਕੇ ਲੈਂਦਾ ਕਈਆਂ ਤੋਂ।

**ਲੋਕਨ ਪਰ ਕਰ ਲਈ ਠਹਿਰਾਇ॥** ਲੋਕਾਂ 'ਤੇ (ਕਰ) ਮਸੂਲ ਲੈਣਾ ਠਹਰਾ ਲਿਆ ਹੈ, ਜਿਵੇਂ ਸਰਕਾਰ ਮਾਮਲੇ ਠਹਿਰਾਉਂਦੀ ਹੈ,ਇਸੇ ਤਰਾਂ ਮਤਾਬ ਸਿੰਘ ਕਰ ਲਾਇਆ ਹੈ ਸਭ 'ਤੇ, ਉਨਾਂ ਮੁਗਲਾਂ 'ਤੇ ਕਰ ਲਾਇਆ ਹੈ, ਡਰਦਾ ਕੋਈ ਦਸਦਾ ਨਹੀਂ ਹੈ ਸਰਦਾਰ ਨੂੰ, ਇਉਂ ਚੁਗਲਾਂ ਨੇ ਸਾਰੀਆਂ ਗੱਲਾਂ ਭੇਦ ਵਾਲੀਆਂ ਦੱਸੀਆਂ।

**ਜੋ ਉਸ ਕੀ ਨਹਿਂ ਠਹਿਰਾਇ॥** ਜਿਹੜਾ ਉਸ ਦਾ 'ਕਰ' ਦੇਣਾ ਨਾ ਮੰਨੇ ਕਿ ਮੈਂ ਨਹੀਂ ਦਿੰਦਾ ਮਸੂਲ।

**ਦੇਵੈ ਉਸ ਖੂਹ ਅਗਨ ਲਗਾਇ॥੨੫॥** ਉਸ ਦੇ ਖੂਹ ਨੂੰ ਅੱਗ ਲਾ ਦਿੰਦਾ ਹੈ,ਖੜ੍ਹੀਆਂ ਫਸਲਾਂ ਸਾੜ ਜਾਂਦਾ ਹੈ। ੨੫।

**ਦੋਹਰਾ॥ ਨਵਾਬ ਕਹਯੋ ਹਰ ਭਗਤ ਕੋ, ਮਤਾਬ ਸਿੰਘ ਤੂੰ ਲਯਾਉ॥** ਨਵਾਬ ਖ਼ਾਨ ਬੁਹਾਦਰ, ਹਰਭਗਤ ਨਿਰੰਜਨੀਏ ਨੂੰ ਕਹਿਣ ਲੱਗਾ, ਜੇ ਤੈਨੂੰ ਐਨਾ ਭੇਦ ਹੈ, ਤਾਂ ਤੂੰ ਮਤਾਬ ਸਿੰਘ ਨੂੰ ਲਿਆ ਫੜ ਕੇ, ਕਰ ਹਾਜ਼ਰ ਮੇਰੇ ਕੋਲ।

**ਹੈਂ ਉਸ ਕੇ ਸੰਗ ਸਿੱਖ ਬਹੁ, ਬਹੁਤ ਫੌਜ ਲੈ ਜਾਉ॥੨੬॥** ਉਸ ਦੇ ਨਾਲ ਬਹੁਤ ਸਾਰੇ ਸਿੱਖ ਰਹਿੰਦੇ ਹਨ, ਇਸ ਕਰਕੇ ਉਸ ਨੂੰ ਫੜਨ ਵਾਸਤੇ ਬਹੁਤ ਸਾਰੀ ਫ਼ੌਜ ਲੈ ਜਾ ਜਿੰਨੀ ਚਾਹੀਦੀ ਹੈ, ਤੂੰ ਉਸ ਨੂੰ ਪੇਸ਼ ਕਰ ਸਾਡੇ। ੨੬।

**ਚੌਪਈ॥ ਔ ਤਾਰੂ ਸਿੰਘ ਇਕੱਲਾ ਜੋਊ॥** ਅਤੇ ਜਿਹੜਾ ਤਾਰੂ ਸਿੰਘ ਹੈ, ਉਹ ਤਾਂ ਇਕੱਲਾ ਹੀ ਹੈ, ਪਿੰਡ ਵਿਚ ਖੇਤੀ ਕਰਦਾ।

**ਅਹਿਦੀ ਜਾਇ ਲੈ ਆਵੈ ਸੋਊ॥** ਅਫਸਰ (ਅਹਿਦੀ) ਮੁਗਲ ਅਫਸਰ ਘੋੜ ਸਵਾਰ ਉਸ ਨੂੰ ਲੈ ਆਵੇਗਾ ਜਾ ਕੇ।

**ਬੀਸ ਕੁ ਤਿਸ ਸੰਗ ਪਯਾਦੇ ਦੇਉ॥** ਵੀਹ ਕੁ ਪੈਦਲ ਸਿਪਾਹੀ ਉਸ ਦੇ ਨਾਲ ਦੇ ਦਿੰਦੇ ਹਾਂ।

**ਰਸਤਜੋਂ ਚੌਦਸ਼ ਉਸ ਕਰ ਲੇਉ॥੨੭॥** ਰਸਤੇ ਵਿੱਚੋਂ ਉਸ ਨੂੰ ਚੋਕਸ ਕਰ ਲਿਓ। ੨੭।

**ਨਵਾਬ ਫਰਮਾਈ ਤਿਮ ਹੀ ਕਰੀ॥** ਜਿਵੇਂ ਨਵਾਬ ਨੇ ਹੁਕਮ ਕੀਤਾ, ਓਸੇ ਤਰ੍ਹਾਂ ਹੀ ਕੀਤਾ ਹੈ।

**ਤੁਰਤ ਦੋਨੋਂ ਪਰ ਫੌਜੈਂ ਚਰੀ॥** ਤੁਰਤ ਹੀ ਮਤਾਬ ਸਿੰਘ ਤੇ ਤਾਰੂ ਸਿੰਘ ਹੋਰਾਂ 'ਤੇ ਦੋਹਾਂ 'ਤੇ ਫ਼ੌਜਾਂ ਚੜ੍ਹ ਪਈਆਂ ਹਨ।

**ਅਹਿਦੀਅਨ ਜਾਇ ਤਾਰੂ ਸਿੰਘ ਫੜਯੋ॥** ਅਹਿਦੀਆਂ ਨੇ ਤਾਰੂ ਸਿੰਘ ਨੂੰ ਘਰੋਂ ਜਾ ਗ੍ਰਿਫ਼ਤਾਰ ਕੀਤਾ ਹੈ।

**ਨਵਾਬ ਕਹਯੋ ਤਿਨ ਕਰ ਕੋ ਕਰਯੋ॥੨੮॥** ਜਿਵੇਂ ਨਵਾਬ ਨੇ ਹੁਕਮ ਕੀਤਾ ਸੀ, ਉਸੇ ਤਰ੍ਹਾਂ ਹੀ ਕੀਤਾ ਹੈ ਉਨ੍ਹਾਂ ਨੇ। ੨੮।

***ਡੇਰਾ ਮੋੜ ਭੜਾਣੇ ਲਾਏ॥*** ਪੂਲ੍ਹੇ ਕੋਲ ਹੀ ਭੜਾਣਾ ਪਿੰਡ ਦੇ ਮੋੜ 'ਤੇ ਡੇਰਾ ਲਾ ਲਿਆ ਹੈ।

***ਲੋਕ ਦੇਖਨੇ ਸੁਨਿ ਕੈ ਆਏ॥*** ਜਦੋਂ ਲੋਕਾਂ ਨੂੰ ਪਤਾ ਲੱਗਾ ਕਿ ਤਾਰੂ ਸਿੰਘ ਫੜਿਆ ਗਿਆ ਹੈ, ਇਹ ਸੁਣ ਕੇ ਲੋਕ ਤਾਰੂ ਸਿੰਘ ਨੂੰ ਵੇਖਣ ਵਾਸਤੇ ਆਏ ਹਨ, ਚਲੋ ਤਾਰੂ ਸਿੰਘ ਧਰਮੀ ਦਾ ਦਰਸ਼ਨ ਕਰੀਏ।

***ਅਹਿਦੀ ਲਾਗੇ ਬੁਰਾ ਸੁ ਮਾਨਨ॥*** ਜਦੋਂ ਲੋਕ ਇਕੱਠੇ ਹੋ ਕੇ ਆਏ ਹਨ, ਤਾਂ ਅਹਿਦੀਏ ਬੁਰਾ ਮਨਾਉਣ ਲੱਗੇ-ਹਨ ਕਿ ਇਹ ਲੋਕ ਇਕੱਠੇ ਹੋ ਕੇ ਕਿਉਂ ਆ ਰਹੇ ਹਨ?

***ਮਾਰੈਂ ਚਮਕੀ ਲੋਕਨ ਤਾਨਨ॥੨੯॥*** ਲੋਕਾਂ ਨੂੰ ਛਮਕਾਂ ਮਾਰਦੇ ਹਨ, ਚੱਲੋ ਏਥੋਂ, ਜਿਵੇਂ ਪੁਲਸ ਕਰਦੀ ਹੈ, ਜੇ ਕਿਸੇ ਨੂੰ ਫੜਨ ਜਾਣ ਲੋਕ ਇਕੱਠੇ ਹੁੰਦੇ ਨੇ, ਉਨ੍ਹਾਂ ਨੂੰ ਬੱਟ ਮਾਰਦੇ ਨੇ, ਘੂਰਦੇ ਹਨ, ਐਸ ਤਰ੍ਹਾਂ ਪੁਲਸ ਵਾਲੇ ਲੱਗੇ ਹਨ ਕਰਨ। ੨੯।

***ਅਹਿਦੀਅਨ ਕੋ ਕਛੁ ਦੈ ਕੈ ਦਾਮ॥*** ਪਿੰਡ ਦੇ ਜ਼ਿੰਮੇਵਾਰ ਲੋਕਾਂ ਨੇ ਅਹਿਦੀਆਂ ਨੂੰ ਪੈਸਾ ਚੜ੍ਹਾ ਦਿੱਤਾ ਹੈ, ਅਹਿਦੀਆਂ ਨੂੰ ਰੁਪਏ ਦੇ ਦਿੱਤੇ ਹਨ, ਤਾਰੂ ਸਿੰਘ ਦੇ ਦਰਸ਼ਨ ਕਰਨ ਵਾਸਤੇ।

***ਦਰਸ਼ਨ ਕਰਯੋ ਤਾਰੂ ਸਿੰਘ ਗ੍ਰਾਮ॥*** ਸਾਰੇ ਭੜਾਣੇ ਨਗਰ ਦੇ ਵਾਸੀਆਂ ਨੇ ਆ ਕੇ ਭਾਈ ਤਾਰੂ ਸਿੰਘ ਦੇ ਦਰਸ਼ਨ ਕੀਤੇ ਹਨ।

***ਭੈਣ ਸਾਥ ਥੀ ਸੋ ਫੜੀ ਆਈ॥*** ਭਾਈ ਤਾਰੂ ਸਿੰਘ ਦੀ ਭੈਣ ਵੀ ਨਾਲ ਫੜ ਲਿਆਂਦੀ ਸੀ ਅਹਿਦੀਆਂ ਨੇ।

***ਸੋ ਦੰਮ ਦੈ ਲੋਕਨ ਛਡਵਾਈ॥੩੦॥*** ਲੋਕਾਂ ਨੇ ਪੈਸਾ ਹੋਰ ਦਿੱਤਾ ਹੈ ਅਹਿਦੀਆਂ ਨੂੰ, ਇਹ ਬੀਬੀ ਨੂੰ ਛੱਡ ਦਿਓ, ਸਾਰਿਆਂ ਦੀ ਇੱਜਤ ਸਾਂਝੀ ਹੈ, ਉਸ ਬੀਬੀ ਨੂੰ ਛੁਡਾ ਦਿੱਤਾ ਹੈ ਲੋਕਾਂ ਨੇ। ੩੦।

***ਦੋਹਰਾ॥ ਹੁਤੀ ਭੜਾਣੇ ਗੁਰ ਸਿਖੀ ਤਿਨ ਲਖ ਆਯੋ ਰੋਹੁ॥*** ਭੜਾਣੇ ਨਗਰ ਗੁਰੂ ਦੀ ਸਿੱਖੀ ਹੈ ਭਾਵ ਗੁਰ ਸਿੱਖ ਰਹਿੰਦੇ ਸਨ, ਇਸ ਪਿੰਡ ਵਿਚ ਇਹ ਜ਼ੁਲਮ ਵੇਖ ਕੇ ਉਹਨਾਂ ਨੂੰ ਰੋਹ ਚੜ੍ਹਿਆ ਹੈ, ਗੁੱਸੇ ਵਿਚ ਆਏ ਹਨ, ਸਾਰੇ ਪਿੰਡ ਦੇ ਲੋਕ।

***ਤਾਰੂ ਸਿੰਘ ਛੁਡਾਈਏ ਹੋਨੀ ਹੋਇ ਸੁ ਹੋਇ॥੩੧॥*** ਸਾਰਿਆਂ ਨੇ ਮਤਾ ਕਰ ਲਿਆ ਕਿ ਆਪਾ ਤਾਰੂ ਸਿੰਘ ਨੂੰ ਜ਼ਰੂਰ ਛੁਡਾਈਏ ਅੱਜ, ਸਾਡੇ 'ਤੇ ਜੋ ਹੁੰਦਾ ਹੈ ਹੋ ਜਾਵੇ, ਜੋ ਭਾਣਾ ਵਰਤੇਗਾ ਵਰਤ ਲੈਣ ਦਿਉ। ੩੧।

***ਚੌਪਈ॥ ਤਬ ਸਿੰਘਨ ਯੌਂ ਮਤਾ ਮਤਾਯਾ॥*** ਤਦ ਲੋਕਾਂ ਨੇ ਇਉਂ ਮਸਵਰਾ ਕੀਤਾ ਹੈ।

***ਤਾਰੂ ਸਿੰਘ ਕੋ ਆਨ ਸੁਨਾਇਆ॥*** ਆ ਕੇ ਤਾਰੂ ਸਿੰਘ ਨੂੰ ਦੱਸ ਦਿੱਤਾ ਹੈ ਕਿ ਅਸੀਂ ਤੁਹਾਨੂੰ ਛੁਡਾਉਣ ਦਾ ਇੰਤਜ਼ਾਮ ਕਰਨ ਲੱਗੇ ਹਾਂ।

***"ਹਮ ਅਹਿਦੀਅਨ ਕੋ ਦੈ ਹੈਂ ਮਾਰ॥*** ਅਸੀਂ ਅਹਿਦੀਆਂ ਨੂੰ ਮਾਰ ਦਿੰਦੇ ਹਾਂ।

***ਕਰ ਜਾਵੈਂਗੇ ਪਿੰਡ ਉਜਾਰ॥੩੨॥*** ਅਸੀਂ ਪਿੰਡ ਉਜਾੜ ਕੇ ਚਲੇ ਜਾਵਾਂਗੇ, ਕੋਈ ਪ੍ਰਵਾਹ ਨਹੀਂ ਸਾਨੂੰ, ਸਾਡੇ ਨਾਲ ਜੋ ਭਾਣਾ ਵਰਤੇਗਾ, ਠੀਕ ਹੈ, ਅਸੀਂ ਝੱਲਾਂਗੇ, ਪਰ ਤੈਨੂੰ ਜ਼ਰੂਰ ਛੁਡਾ ਲੈਣਾ ਹੈ। ੩੨।

***ਸਿੱਖ ਛੁਡਾਵਨ ਹੈ ਬਡ ਧਰਮ॥*** ਗੁਰ ਸਿੱਖ ਨੂੰ ਛੁਡਾਉਣਾ ਵੱਡਾ ਭਾਰੀ ਧਰਮ ਹੈ ਵੱਡਾ ਪੁੰਨ ਹੈ।

***ਗਊ ਬ੍ਰਹਮਨ ਤੇ ਸੌ ਗੁਨੋਂ ਕਰਮ॥*** ਜੋ ਗੁਰ ਸਿੱਖ ਨੂੰ ਛੁਡਾਉਣਾ, ਉਸ ਦਾ ਗਊ ਤੇ ਬ੍ਰਹਮਣ ਛੁਡਾਉਣ ਨਾਲੋਂ ਵੀ ਸੌ ਗੁਣਾਂ ਜਿਆਦਾ ਪੁੰਨ, ਕਰਮ ਹੈ। ਜੇ ਇਕ ਸਿੱਖ ਨੂੰ ਛੁਡਾ ਲਈਏ।

***ਇਮ ਕਰਨੇ ਕੋ ਤਯਾਰ ਹੋ ਆਏ॥*** ਅਸੀਂ ਤਾਂ ਭਾਈ ਤਾਰੂ ਸਿੰਘ ਜੀ ਤੁਹਾਨੂੰ ਛੁਡਾਉਣ ਵਾਸਤੇ ਅਤੇ ਅਹਿਦੀਆਂ ਨੂੰ ਮਾਰਨ ਵਾਸਤੇ ਤਿਆਰ ਹੋ ਕੇ ਆਏ ਹਾਂ।

***ਤਾਰੂ ਸਿੰਘ ਸੁਨ ਤੁਰਤ ਹਟਾਏ॥ ੩੩॥*** ਜਦੋਂ ਤਾਰੂ ਸਿੰਘ ਨੇ ਇਹ ਗੱਲ ਸੁਣੀ ਕਹਿਣ ਲੱਗਾ, ਨਾ, ਨਾ ਵੇਖਿਓ! ਇਹ ਕੰਮ ਨਹੀਂ ਕਰਨਾ, ਮੈਨੂੰ ਇਕ ਨੂੰ ਛੁਡਾਉਗੇ, ਸਾਰੇ ਪੀੜੇ ਜਾਓਗੇ, ਸਾਰਿਆਂ 'ਤੇ ਦੋਸ਼ ਲੱਗੇਗਾ, ਤੁਹਾਨੂੰ ਸਜ਼ਾਵਾਂ

ਮਿਲਣਗੀਆਂ, ਨਾ ਇਹ ਕੰਮ ਨਹੀਂ ਕਰਨਾ, ਤਾਰੂ ਸਿੰਘ ਨੇ ਸਭ ਨੂੰ ਹਟਾ ਦਿੱਤਾ ਹੈ, ਐਸਾ ਕਰਨ ਤੋਂ। ੩੩।

***ਅਸੀਂ ਨ ਮਰਨੋਂ ਨੱਠਨ ਵਾਰੇ॥*** ਅਸੀਂ ਉਹ ਨਹੀ ਹਾਂ ਕੱਚੇ ਸਿੱਖ ਕਿ ਮਰਨ ਤੋਂ ਨੱਠ ਜਾਵਾਂਗੇ, ਅਸੀਂ ਮੌਤ ਤੋਂ ਡਰ ਕੇ ਭੱਜਣ ਵਾਲੇ ਨਹੀਂ ਹਾਂ।

***ਅਸੀਂ ਜੁ ਮਰਿ ਹੈਂ ਮੁਗਲ ਦੁਵਾਰੇ॥*** ਅਸੀਂ ਤਾਂ ਮੁਗ਼ਲਾਂ ਦੇ ਬੂਹੇ ਅੱਗੇ ਜਾ ਕੇ ਮਰਨਾ ਹੈ, ਓਥੇ ਜਾ ਕੇ ਸ਼ਹਾਦਤ ਦੇਣੀ ਹੈ।

***ਸਿੱਖਨ ਕਾਰਨ ਗੁਰ ਸਿਰ ਲਾਏ॥*** ਗੁਰ ਸਿੱਖਾਂ ਵਾਸਤੇ ਸਾਡੇ ਗੁਰੂਆਂ ਨੇ ਆਪਣੇ ਸੀਸ ਲਾਏ ਹਨ।

***ਪੁਤ੍ਰ ਪੋਤ੍ਰ ਪੁਨ ਆਪ ਕੁਹਾਏ॥੩੪॥*** ਆਪਣੇ ਪੁੱਤਰ ਪੋਤਰੇ ਤੇ ਫਿਰ ਆਪਣੇ ਆਪ ਨੂੰ ਸ਼ਹੀਦ ਕਰਵਾਇਆ ਹੈ। ੩੪।

***ਪੰਥ ਬਧਾਵਨ ਖਾਤਰ ਤਾਈਂ॥*** ਖਾਲਸੇ ਪੰਥ ਦਾ ਵਾਧਾ ਕਰਨ ਵਾਸਤੇ।

***ਇਮ ਅਪਨੀ ਗੁਰ ਕਲੀ ਗਵਾਈ॥*** ਇਉਂ ਆਪਣੀ ਕੁਲ ਗਵਾਈ ਹੈ ਗੁਰੂਆਂ ਨੇ, ਸਾਡੇ ਗੁਰੂ ਨੇ ਆਪਣੀ ਕੁਲ ਨਹੀਂ ਰੱਖੀ, ਆਪਣੇ ਸਾਹਿਬਜ਼ਾਦੇ ਨਹੀਂ ਰੱਖੇ, ਮਾਤਾ ਪਿਤਾ ਨਹੀਂ ਰੱਖੇ ਹਨ। ਇਹ ਸਾਡੇ ਸਤਿਗੁਰਾਂ ਨੇ ਰੀਤ ਚਲਾਈ ਹੈ ਸ਼ਹਾਦਤ ਦੀ।

***ਉਸ ਕੇ ਪੰਥੀ ਹਮੈਂ ਸਦਾਏਂ॥*** ਉਸ ਗੁਰੂ ਦੇ ਅਸੀਂ ਪੰਥੀ ਸਦਾਉਂਦੇ ਹਾਂ, ਨਾਨਕ ਪੰਥੀ, ਅਸੀਂ ਉਹਨਾਂ ਗੁਰੂਆਂ ਦੇ ਚਲਾਏ ਹੋਏ ਖਾਲਸਾ ਪੰਥ ਵਿੱਚੋਂ ਹਾਂ। ਅਸੀਂ ਕਿਵੇਂ ਆਪਣਾ ਆਪ ਬਚਈਏ।

***ਹਮ ਮਰਨੇ ਤੇ ਕਿਮ ਨਠ ਜਾਏਂ॥੩੫॥*** ਅਸੀਂ ਮਰਨ ਦੇ ਭੈ ਤੋਂ ਨਹੀਂ ਨੱਠਣ ਵਾਲੇ, ਅਸੀਂ ਮੌਤ ਤੋਂ ਡਰ ਕੇ ਕਿਵੇਂ ਭੱਜ ਜਾਈਏ, ਅਸੀਂ ਕੱਚੇ ਸਿੱਖ ਨਹੀਂ ਹਾਂ। ੩੫।

***ਦੋਹਰਾ॥ ਪੰਥ ਰਾਖਨ ਕੇ ਕਾਰਨੇ, ਏਤੇ ਕੀਏ ਉਪਾਇ॥*** ਸਾਡੇ ਸਤਿਗੁਰਾਂ ਨੇ ਪੰਥ ਨੂੰ ਰੱਖਣ ਵਾਸਤੇ ਐਨੇ ਉਪਾਓ ਕੀਤੇ ਹਨ, ਐਨੀਆਂ ਸ਼ਹਾਦਤਾਂ ਦਿੱਤੀਆਂ ਹਨ, ਗੁਰੂ ਸਾਹਿਬ ਜੀ ਨੇ।

***ਦੂਖ ਸਹੇ ਨਿਜ ਸੁਤ ਦਏ, ਸਿਰ ਤੁਰਕਨ ਦਏ ਲਾਇ॥੩੬॥*** ਆਪਣੇ ਸਿਰ 'ਤੇ ਦੁਖ ਸਹਾਰੇ ਹਨ, ਆਪਣੇ ਸਾਹਿਬਜ਼ਾਦੇ ਕੁਰਬਾਨ ਕਰ ਦਿੱਤੇ ਹਨ, ਸਤਿਗੁਰਾਂ ਨੇ ਆਪਣੇ ਸੀਸ ਵੀ ਤੁਰਕਾਂ ਦੇ ਸਿਰ ਲਾ ਦਿੱਤੇ ਹਨ। ੩੬।

***ਚੌਪਈ॥ ਜੋ ਸਤਿਗੁਰ ਥੀ ਮੁਖ ਤੇ ਕਹੀ॥*** ਜੋ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਮੁਖਾਰਬਿੰਦ ਤੋਂ ਬਾਬਰ ਨੂੰ ਬਚਨ ਕਹੇ ਸਨ।

***ਸੋ ਸਿਰ ਦੈ ਗੁਰ ਲਾਜ ਨਿਬਹੀ॥*** ਉਹ ਸਤਿਗੁਰਾਂ ਨੇ ਸੀਸ ਦੇ ਕੇ ਲਾਜ ਨਿਭਾਈ ਹੈ, ਆਪਣੇ ਬਚਨ ਦੀ ਕਿ ਅਸੀਂ ਆਪਣਾ ਸੀਸ ਦੇ ਕੇ ਤੇਰੇ ਕੋਲੋਂ ਪਾਤਸ਼ਾਹੀ ਵਾਪਸ ਲੈ ਲਵਾਂਗੇ।

***ਚੌਥੇ ਬਾਬਰ ਲਏ ਕਹਾਇ॥*** ਚੌਥੇ ਬਾਬਰ ਤੋਂ ਕਹਾ ਲਿਆ ਸੀ, ਗੁਰੂ ਸਾਹਿਬਾਂ ਨੇ, ਚੌਥੇ ਬਾਬਰ ਭਾਵ ਜਹਾਂਗੀਰ ਤੋਂ ਆਪਣਾ ਆਪ ਕੁਹਾ ਲਿਆ ਸੀ।

***ਉਨ ਬਚਨਨ ਭਏ ਆਪ ਬਿਕਾਇ॥੩੭॥*** ਉਨਾਂ ਬਚਨਾਂ 'ਤੇ ਗੁਰੂ ਨਾਨਕ ਦੀ ਪੰਜਵੀਂ ਜੋਤ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸੱਚੇ ਪਾਤਸ਼ਾਹ ਦੇਗਾਂ ਵਿਚ ਉਬਾਲੇ ਖਾ ਗਏ, ਤੱਤੀਆਂ ਤਵੀਆਂ ਉਤੇ ਬੈਠ ਕੇ ਤਸੀਹੇ ਝਲ ਲਏ। ੩੭।

***ਜੋ ਹਿੰਦੂ ਪਤਿਸ਼ਾਹੀ ਚਹਿ ਹੈ ਕੋਈ॥*** ਜੇ ਕੋਈ ਹਿੰਦੂ ਪਾਤਸ਼ਾਹੀ ਚਾਹੁੰਦਾ ਹੈ ਕਿ ਮੈਨੂੰ ਮਿਲ ਜਾਵੇ।

***ਸੀਸ ਦੀਏ ਬਿਨ ਫਿਰੈ ਨ ਸੋਈ॥*** ਸਿਰ ਦਿੱਤੇ ਬਿਨਾਂ ਹੁਣ ਹਿੰਦੂਆਂ ਕੋਲ ਨਹੀਂ ਆਉਣੀ ਹੈ ਵਾਪਸ, ਅੱਜ ਜਿਹੜੇ ਲੋਕ ਭੁੱਲੇ ਹੋਏ ਨੇ ਹਿੰਦੋਸਤਾਨ ਦੇ, ਅੱਜ ਹਾਕਮਾਂ ਨੂੰ ਕੌਣ ਦੇਣ ਵਾਲਾ ਹੈ ਪਾਤਸ਼ਾਹੀ? ਇਹ ਗੁਰੂ ਨਾਨਕ ਸਾਹਿਬ ਬਖਸ਼ਿੰਦ ਹਨ, ਉਨ੍ਹਾਂ ਨੇ ਆਪਣੇ ਸਿਰ 'ਤੇ ਝਲ ਕੇ ਹਿੰਦੂਆਂ ਨੂੰ ਪਾਤਸ਼ਾਹੀ ਦਿੱਤੀ ਹੈ, ਅੱਜ ਮੌਜਾਂ ਕਰ ਰਹੇ ਨੇ ਸਾਰੇ।

***ਜਬ ਤੁਰਕ ਪਰ ਪਾਵੈਂ ਭਾਰ॥*** ਜਦੋਂ ਤੁਰਕ ਹਿੰਦੂਆਂ 'ਤੇ ਭਾਰ ਪਉਣਗੇ ਭਾਵ ਜ਼ੁਲਮ ਕਰਨਗੇ।

***ਲਾਯੋ ਉਨ ਸਿਰ ਸੀਸ ਉਤਾਰ॥੩੮॥*** ਗੁਰੂ ਨਾਨਕ ਸਾਹਿਬ ਜੀ ਨੇ ਬਚਨ ਕਰ ਦਿੱਤਾ, ਅੱਗੇ ਆਉਣ ਵਾਲੇ ਗੁਰੂਆਂ ਨੂੰ ਕਿ ਆਪਨਾ ਸੀਸ ਲਾਹ ਕੇ ਉਨ੍ਹਾਂ ਤੁਰਕਾਂ ਦੇ ਸਿਰ ਲਾ ਦਿਓ। ੩੮।

***ਸ੍ਰੀ ਗੁਰ ਅੰਗਦ ਕੋ ਕਹਿ ਗਏ॥*** ਗੁਰੂ ਨਾਨਕ ਸਾਹਿਬ ਜੀ ਗੁਰੂ ਅੰਗਦ ਦੇਵ ਜੀ ਨੂੰ ਕਹਿ ਗਏ ਸਨ, ਜੇ ਸਮਾਂ ਆਇਆ ਸੀਸ ਦੇਣ ਦਾ, ਤਾਂ ਢਿੱਲ ਨਹੀਂ ਕਰਨਾ ਹੈ, ਉਦੋਂ ਸੀਸ ਵਾਰ ਦੇਣਾਂ।

***ਅੰਗਦ ਜੀ ਅਮਰਦਾਸ ਸਮਝਏ॥*** ਫਿਰ ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਅਮਰ ਦਾਸ ਜੀ ਨੂੰ ਇਹ ਗੱਲ ਸਮਝਾ ਦਿੱਤੀ ਸੀ ਕਿ ਗੁਰੂ ਨਾਨਕ ਸਹਿਬ ਜੀ ਨੇ ਮੈਨੂੰ ਇਹ ਕਿਹਾ ਸੀ। ਤੇ ਯਾਦ ਰੱਖੀਂ ਜੇ ਟਾਇਮ ਬਣੇ ਸੀਸ ਲੱਗਣ ਦਾ, ਉਦੋਂ ਢਿਲ ਨਹੀਂ ਗੁਜ਼ਾਰਨੀ, ਸੀਸ ਲਾ ਦੇਣਾ ਹੈ।

***ਅਮਰਦਾਸ ਰਾਮਦਾਸੈ ਕਹਯੋ॥*** ਗੁਰੂ ਅਮਰਦਾਸ ਵੀ ਗੁਰੂ ਰਾਮਦਾਸ ਜੀ ਨੂੰ ਕਹਿ ਗਏ ਸਨ, ਜੇ ਸਮਾਂ ਬਣ ਗਿਆ ਪੁਰਖਾ, ਤਾਂ ਸੀਸ ਦੇਣ ਲੱਗਿਆਂ ਢਿਲ ਨਹੀਂ ਕਰਨੀ।

***ਸ੍ਰੀ ਅਰਜਨ ਸਿਰ ਊਪਰ ਸਹਯੋ॥੩੯॥*** ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸੀਸ 'ਤੇ ਸਹਾਰਿਆ ਹੈ। ਉਹ ਦੇਗਾਂ ਵਿਚ ਬੈਠ ਗਏ, ਤੱਤੀਆਂ ਤੱਵੀਆਂ 'ਤੇ ਬੈਠ ਕੇ ਸੀਸ 'ਤੇ ਤੱਤੇ ਰੇਤੇ ਪੁਆਏ, ਐਡੀ ਵੱਡੀ ਸ਼ਹਾਦਤ ਦਿੱਤੀ ਕਿ ਸਤਿਗੁਰਾਂ ਦੇ ਬਚਨ ਦੀ ਪਾਲਣਾ ਕੀਤੀ ਹੈ। ੩੯।

***ਹਰਿ ਗੋਬਿੰਦ ਔ ਸ੍ਰੀ ਹਰਿ ਰਾਇ॥*** ਗੁਰੂ ਹਰਿਗੋਬਿੰਦ ਅਤੇ ਗੁਰੂ ਹਰਿ ਰਾਇ ਸਾਹਿਬ ਜੀ ਮਹਾਰਾਜ ਸੱਚੇ ਪਾਤਸ਼ਾਹ।

***ਬਨੀ ਨ ਬਿਧ ਵਹਿ ਰਹੇ ਤਕਾਇ॥*** ਉਹ ਬਿਧੀ ਬਣੀ ਨਹੀਂ ਤਕਾਉਂਦੇ ਰਹੇ ਨੇ ਉਹ।

***ਹਰੀ ਕ੍ਰਿਸ਼ਨ ਫੜੇ ਦਿੱਲੀ ਗਏ॥*** ਇਹ ਭਾਈ ਤਾਰੂ ਸਿੰਘ ਜੀ ਭੜਾਣੇ ਦੀ ਸੰਗਤ ਨੂੰ ਦੱਸ ਰਹੇ ਨੇ, ਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ, ਪੰਜੋਖਰੇ ਸਾਹਿਬ ਤੋਂ ਦਿੱਲੀ ਗਏ ਸਨ।

***ਤੁਰਕਨ ਬਦੀ ਲਗਾਵਤ ਭਏ॥੪੦॥*** ਸਾਰੀ ਦਿੱਲੀ ਨੂੰ ਅਰੋਗ ਕੀਤਾ ਹੈ, ਦੁਨੀਆਂ ਦੇ ਕੁਸ਼ਟ ਕੱਟੇ ਹਨ, ਮਹਾਰਾਜ ਨੇ ਕੋਹੜ, ਤਾਪ ਤੇ ਹੈਜ਼ੇ ਦੀ ਬਿਮਾਰੀ ਦੂਰ ਕਰਕੇ ਤੁਰਕਾਂ ਦੀ ਸਿਰ ਬੰਦੀ ਲਾ ਕੇ, ਤੁਰਕਾਂ ਨੂੰ ਕਲੰਕਤ ਕਰਕੇ ਦਿੱਲੀ ਵਿੱਚ ਜੋਤੀ-ਜੋਤ ਸਮਾਂ ਗਏ। ੪੦।

***ਦੋਹਰਾ॥ ਸ੍ਰੀ ਤੇਗ ਬਹਾਦਰ ਸਿਰ ਧਰੇ, ਗੁਰ ਨਾਨਕ ਬਚਨ ਵਿਚਾਰ॥*** ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਸਿਰ ਮੱਥੇ ਪ੍ਰਵਾਣ ਕੀਤੇ ਹਨ ਬਿਚਾਰ ਕੇ।

***ਆਪ ਜਾਇ ਦਿੱਲੀ ਖਈ, ਤੁਰਕਨ ਤੇ ਤਲਵਾਰ॥੪੧॥*** ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪ ਦਿੱਲੀ ਜਾ ਕੇ ਸੀਸ ਭੇਟ ਕੀਤਾ ਹੈ, ਸੀਸ 'ਤੇ ਤਲਵਾਰ ਝੱਲ ਕੇ। ੪੧।

***ਚੌਪਈ॥ ਤਿਮ ਸਤਿਗੁਰ ਗੋਬਿੰਦ ਸਿੰਘ ਸੂਰੇ॥*** ਓਵੇਂ ਹੀ ਸਾਹਿਬ ਸ੍ਰੀ ਗੁਰ ਗੋਬਿੰਦ ਸਿੰਘ ਜੀ ਮਹਾਰਾਜ ਜੋ ਸੂਰਵੀਰਾਂ ਦੇ ਸੂਰਵੀਰ ਸਨ।

***ਬਚਨ ਕੀਏ ਗੁਰ ਨਾਨਕ ਪੂਰੇ॥*** ਗੁਰੂ ਨਾਨਕ ਸਾਹਿਬ ਜੀ ਦੇ ਬਚਨਾਂ ਨੂੰ ਪੂਰੇ ਕੀਤਾ ਹੈ।

***ਸਣ ਪਰਵਾਰੈ ਦੇਹਿ ਲਵਾਈ॥*** ਆਪਣੇ ਸਾਹਿਬਜ਼ਾਦੇ ਮਾਤਾ ਪਿਤਾ ਸ਼ਹੀਦ ਕਰਵਾਏ ਹਨ, ਸਣੇ ਪ੍ਰਵਾਰ ਦੇ ਆਪਣੀ ਦੇਹ ਵੀ ਭੇਟ ਚੜ੍ਹਾਈ ਹੈ।

***ਗੁਰ ਨਾਨਕ ਬਚ ਗਏ ਬਿਕਾਈ॥੪੨॥*** ਗੁਰੂ ਨਾਨਕ ਜੀ ਦੇ ਬਚਨਾਂ 'ਤੇ ਵਿੱਕ ਕੇ ਆਪਣਾ ਸਰੀਰ ਲਾਇਆ ਹੈ ਲੇਖੇ। ੪੨।

***ਪੁਤ੍ਰ ਚੰਡੀ ਕੀ ਭੇਟ ਚੜ੍ਹਾਏ॥*** ਆਪਣੇ ਸਾਹਿਬਜ਼ਾਦੇ ਵੀ ਸ਼ਸਤ੍ਰਾਂ ਦੀ ਭੇਟਾ ਕਰ ਦਿੱਤੇ ਹਨ।

***ਤੁਰਕਨ ਸਿਰ ਬੁਰਿਆਈ ਲਾਏ॥*** ਤੁਰਕਾਂ ਦੇ ਸਿਰ ਬੁਰਿਆਈ ਲਾ ਕੇ।

***ਅਕੈ ਬੰਸ ਅਕੈ ਅੰਸ ਰਹਾਈ॥*** ਸੰਸਾਰ ਦੇ ਉੱਤੇ ਜਾਂ ਤਾਂ ਅੰਸ ਰਹਿ ਸਕਦੀ ਹੈ ਜਾਂ ਬੰਸ ਰਹੇਗੀ ਜੇ ਆਪਣੇ ਪੰਥ ਨੂੰ ਰੱਖਣਾ

ਹੋਵੇ ਤਾਂ ਫਿਰ ਅੰਸ ਨਹੀਂ ਰਹਿੰਦੀ। ਜੇ ਅੰਸ ਰੱਖਣੀ ਹੈ ਤਾਂ ਬੰਸ ਨਹੀਂ ਰਹਿੰਦੀ।

**ਏਕ ਮਯਾਨ ਛੁਰੀ ਦੋ ਨ ਸਮਾਈ॥੪੩॥** ਜਿਵੇਂ ਸਿਆਣਿਆਂ ਦਾ ਕਥਨ ਹੈ, ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਰਹਿ ਸਕਦੀਆਂ, ਇਕ ਮਿਆਨ ਵਿਚ ਦੋ ਛੁਰੀਆਂ ਨਹੀਂ ਸਮਾਉਂਦੀਆਂ। ੪੩।

**ਏਕ ਤਖਤ ਦੋ ਬਹੈਂ ਨ ਭੂਪ॥** ਇੱਕ ਤਖ਼ਤ ਉਤੇ ਦੋ ਬਾਦਸ਼ਾਹ ਨਹੀਂ ਬਹਿੰਦੇ, ਇੱਕੋ ਹੀ ਬੈਠੇਗਾ।

**ਕਲਜੁਗ ਭਵੈ ਨ ਦੋਇ ਅਨੂਪ॥** ਕਲਜੁਗ ਦੇ ਵਿੱਚ ਤਾਂ ਹੋ ਹੀ ਨਹੀਂ ਸਕਦਾ ਕਿ ਦੋ ਸ਼ਕਤੀਆਂ ਇਕ ਥਾਂ ਇਕੱਠੀਆਂ ਹੋ ਸਕਣ।

**ਤਬ ਸਿੱਖਨ ਯਹ ਬਾਤ ਪੁਛਈ॥** ਭਾਈ ਤਾਰੂ ਸਿੰਘ ਜੀ ਜੋ ਮੁਗਲਾਂ ਨੇ ਗ੍ਰਿਫ਼ਤਾਰ ਕਰਕੇ ਭੜਾਣੇ ਲਿਆਂਦੇ ਹਨ, ਭੜਾਣੇ ਦੀ ਸੰਗਤ ਨੂੰ ਭਾਈ ਤਾਰੂ ਸਿੰਘ ਜੀ ਦੱਸ ਰਹੇ ਹਨ। ਅੱਗੋਂ ਭੜਾਣੇ ਦੇ ਸਿੱਖਾਂ ਨੇ ਭਾਈ ਤਾਰੂ ਸਿੰਘ ਜੀ ਨੂੰ ਪੁੱਛਿਆ ਹੈ।

**ਕਿਮ ਗੁਰ ਸੀਸ ਲਗਾਵਨ ਠਈ॥੪੪॥** ਕਿਵੇਂ ਗੁਰੂ ਸਾਹਿਬ ਜੀ ਨੇ ਆਪਣੇ ਸੀਸ ਤੁਰਕਾਂ ਜੁੰਮੇ ਲਾਵਣ ਵਾਸਤੇ ਪ੍ਰਵਾਣ ਕਰ ਲਏ ਸਨ। ੪੪।

**ਦੋਹਰਾ॥ ਤਾਰੂ ਸਿੰਘ ਉਤਰ ਦਯੋ, ਸਤਿਗੁਰ ਮੁਖੋਂ ਫੁਮਾਇ॥** ਜੋ ਸਤਿਗੁਰਾਂ ਨੇ ਆਪਣੇ ਮੁੱਖੋਂ ਫੁਰਮਾਇਆ ਸੀ, ਉਹ ਉੱਤਰ ਭਾਈ ਤਾਰੂ ਸਿਘ ਜੀ ਦੇ ਰਹੇ ਹਨ ਸੰਗਤ ਨੂੰ।

**ਸੋ ਫੁਰਮਾਯੋ ਕਿਮ ਮਿਟੈ, ਲਿਖਯੋ ਗਯੋ ਦਰਗਾਹਿ॥੪੫॥** ਦੱਸੋ ਗੁਰੂ ਸਾਹਿਬ ਜੀ ਦਾ ਕਹਿਆ ਹੋਇਆ ਕਿਵੇਂ ਮਿਟ ਸਕਦਾ ਹੈ? ਉਹਨਾਂ ਦੇ ਬਚਨ ਕਿਵੇਂ ਮਿਟ ਸਕਦੇ ਹਨ ਜੋ ਧੁਰ ਦਰਗਾਹ ਵਿਚ ਲਿਖੇ ਗਏ ਹਨ, ਦਰਗਾਹ ਵਿਚ ਪ੍ਰਵਾਨ ਹੋਏ ਹਨ ਉਨ੍ਹਾਂ ਦੇ ਬਚਨ। ੪੫।

**ਸਿੱਖਨ ਕਾਰਨ ਸਤਿਗੁਰੂ ਦੀਨੇ ਸੀਸ ਲਗਾਇ॥** ਸਾਡੇ ਸਤਿਗੁਰੂ ਜੀ ਨੇ ਗੁਰ ਸਿੱਖਾਂ ਨੂੰ ਬਚਾਉਣ ਵਾਸਤੇ ਆਪਣੇ ਸੀਸ ਭੇਟਾ ਕਰ ਦਿੱਤੇ ਹਨ ਪ੍ਰਮੇਸ਼ਰ ਅੱਗੇ।

**ਸੋ ਸਿਖ ਹਮ ਉਸ ਗੁਰੂ ਕੇ, ਕਿਮ ਰਾਖੈਂ ਸੀਸ ਬਚਾਇ॥੪੬॥** ਦੱਸੋ ਸੰਗਤ ਜੀ ! ਅਸੀਂ ਉਹਨਾਂ ਗੁਰੂਆਂ ਦੇ ਸਿੱਖ ਹਾਂ, ਅਸੀਂ ਕਿਵੇਂ ਆਪਣਾ ਸਿਰ ਬਚਾ ਕੇ ਰੱਖ ਸਕਦੇ ਹਾਂ? ਸਤਿਗੁਰਾਂ ਦੇ ਲੇਖੇ ਲਾ ਦੇਣਾ ਹੈ। ੪੬।

**ਚੌਪਈ॥ ਤਬ ਸੰਗਤ ਸੁਨ ਅਚਰਜ ਭਈ॥** ਤਦ ਭਾਈ ਤਾਰੂ ਸਿਘ ਤੋਂ ਐਸਾ ਉੱਤਰ ਸੁਣ ਕੇ ਭੜਾਣੇ ਦੀ ਸੰਗਤ ਹੈਰਾਨ ਹੋ ਗਈ ਹੈ।

**ਕੌਨ ਵਖਤ ਗੁਰ ਗਏ ਬਿਕਈ॥** ਐਸਾ ਕਿਹੜਾ ਬੁਰਾ ਸਮਾਂ ਸੀ? ਕੀ ਮੁਸੀਬਤ ਸੀ? ਜਿਸ ਤੋਂ ਸਤਿਗੁਰਾਂ ਨੇ ਆਪਣਾ ਸਭ ਕੁਛ ਦਾਉ 'ਤੇ ਲਾ ਦਿੱਤਾ, ਆਪਣੇ ਆਪ ਵਿਕ ਗਏ, ਬੇਚ ਦਿੱਤਾ ਹੈ, ਆਪਣੇ ਬਚਨਾਂ ਤੋਂ।

**ਕੌਨ ਓੜਕ ਗੁਰ ਨਾਨਕ ਆਈ॥** ਗੁਰੂ ਨਾਨਕ ਨੂੰ ਐਸੀ ਕਿਹੜੀ ਮੁਸ਼ਕਲ ਆ ਗਈ ਸੀ।

**ਕਰ ਕਿਰਪਾ ਵਹ ਦੇਹੁ ਸੁਨਾਈ॥੪੭॥** ਹੇ ਭਾਈ ਤਾਰੂ ਸਿੰਘ ਜੀ ! ਕਿਰਪਾ ਕਰ ਕੇ ਉਹ ਸਾਰਾ ਪ੍ਰਸੰਗ ਖੋਲ ਕੇ ਸੁਣਾ ਦਿਉ, ਭੜਾਣੇ ਦੀ ਸੰਗਤ ਨੇ ਆਖਿਆ। ੪੭।

**ਕਿਸੈ ਵਸਤੁ ਕੀ ਨਹਿਂ ਥੁੜ ਲੋੜ॥** ਗੁਰੂ ਪਾਤਸ਼ਾਹ ਨੂੰ ਕਿਸੇ ਚੀਜ਼ ਦੀ ਲੋੜ ਸੀ? ਉਹਨਾਂ ਨੂੰ ਕਿਸੇ ਵਸਤੂ ਦੀ ਥੁੜ੍ਹ ਨਹੀਂ ਸੀ ਅਤੇ ਨਾ ਹੀ ਕਿਸੇ ਚੀਜ਼ ਦੀ ਲੋੜ ਸੀ।

**ਤਜੀ ਪਤਿਸ਼ਾਹੀ ਉਨੈਂ ਕਰੋੜ॥** ਉਹ ਤਾਂ ਆਪ ਪਾਤਸ਼ਾਹਾਂ ਦੇ ਪਾਤਸ਼ਾਹ ਸਨ, ਐਹੋ ਜਿਹੀਆਂ ਕਰੋੜਾਂ ਪਾਤਸ਼ਾਹੀਆਂ ਤਾਂ ਉਨ੍ਹਾਂ ਨੇ ਤਿਆਗੀਆਂ ਸਨ।

**ਰਿੱਧ ਸਿੱਧ ਸਭ ਹਾਜ਼ਰ ਰਹੈਂ॥** ਉਹਨਾਂ ਦੇ ਚਰਨਾਂ ਵਿਚ ਤਾਂ ਸਭ ਰਿੱਧੀਆਂ-ਸਿੱਧੀਆਂ ਹਾਜ਼ਰ ਰਹਿੰਦੀਆਂ ਸਨ।

***ਮੁਖ ਮੈਂ ਸਦਾ ਸੁਰੱਸਤੀ ਬਹੈ॥ ੪੮॥*** ਉਹਨਾਂ ਦੀ ਰਸਨਾਂ 'ਤੇ ਸਦਾ ਹੀ ਸਰਸਵਤੀ ਦਾ ਵਾਸਾ ਸੀ। ਸੁਰੱਸਤੀਆਂ ਆਦਿਕ ਸਭ ਉਹਨਾਂ ਦੀ ਹੀ ਰਚਨਾਂ ਸੀ। ੪੮।

***ਅਕਾਲ ਪੁਰਖ ਆਪ ਕਰੇ ਸਹਾਇ॥*** ਸ੍ਰੀ ਅਕਾਲ ਪੁਰਖ ਜੀ ਆਪ ਉਹਨਾਂ ਦੇ ਸਹਾਇਕ ਸਨ, ਗੁਰੂ ਨਾਨਕ ਸਾਹਿਬ ਜੀ ਦੇ।

***ਅੰਨ ਦੇਵ ਆਪ ਲੰਗਰ ਵ੍ਰਤਾਇ॥*** ਆਪ ਅੰਨ ਦੇਵਤਾ ਉਨ੍ਹਾਂ ਦੇ ਲੰਗਰ ਵਿਚ ਲੰਗਰ ਵਰਤਾਣ ਦੀ ਸੇਵਾ ਕਰਦਾ ਸੀ।

***ਭਯੋ ਭੰਡਾਰੀ ਕੁਬੇਰ ਸੁ ਆਈ॥*** ਜੋ ਦੇਵਤਿਆਂ ਦਾ ਖਜ਼ਾਨਚੀ ਹੈ, ਉਹ ਆਪ ਆ ਕੇ ਉਨ੍ਹਾਂ ਦਾ ਭੰਡਾਰੀ ਬਣਿਆ ਹੈ, ਉਹ ਉਨ੍ਹਾਂ ਦਾ ਹੀ ਸਾਜਿਆ ਹੋਇਆ ਹੈ।

***ਸੁਰਤਰੁ ਸੁਰਸਰਿ ਭੀ ਰਹੇ ਸਦਾਈ॥੪੯॥*** (ਸੁਰਤਰ) ਕਲਪ ਬ੍ਰਿਛ (ਸੁਰਸਰਿ) ਗੰਗਾ ਆਦਿਕ ਨਦੀਆਂ ਵੀ ਸਦਾ ਉਨ੍ਹਾਂ ਦੀ ਆਗਿਆ ਵਿਚ ਰਹਿੰਦੀਆਂ ਸਨ, ਫਿਰ ਗੁਰੂ ਨਾਨਕ ਸਾਹਿਬ ਜੀ ਨੂੰ ਐਸੀ ਕਿਹੜੀ ਮੁਸ਼ਕਲ ਆ ਗਈ ਕਿ ਉਹਨਾਂ ਨੂੰ ਬਚਨਾਂ 'ਤੇ ਵਿਕਣਾਂ ਪਿਆ, ਭੜਾਣੇ ਦੀ ਸੰਗਤ ਭਾਈ ਤਾਰੂ ਸਿੰਘ ਤੋਂ ਪੁੱਛ ਰਹੀ ਹੈ। ੪੯।

***ਤਬ ਤਾਰੂ ਸਿੰਘ ਉੱਤਰ ਕਹੈ॥*** ਤਦ ਭਾਈ ਤਾਰੂ ਸਿੰਘ ਜੀ ਭੜਾਣੇ ਦੀ ਸੰਗਤ ਨੂੰ ਉੱਤਰ ਦਿੰਦੇ ਹਨ।

***'ਅਪਨੀ ਗਤਿ ਗੁਰ ਆਪੇ ਲਹੈ॥*** ਏਸ ਗੱਲ ਦਾ ਸਾਨੂੰ ਨਹੀਂ ਹੈ ਪਤਾ, ਆਪਣੀ ਗਤੀ ਨੂੰ ਗੁਰੂ ਮਹਾਰਾਜ ਆਪ ਹੀ ਜਾਣਦੇ ਹਨ। ਇਹ ਉਹਨਾਂ ਨੂੰ ਹੀ ਭੇਤ ਹੈ, ਅਸੀਂ ਨਹੀਂ ਕਥਨ ਕਰ ਸਕਦੇ।

***ਨਹੀਂ ਅੰਤ ਕਿਛੁ ਪਾਯਾ ਜਾਇ॥*** ਉਹ ਤਾਂ ਪ੍ਰਮੇਸ਼ਰ ਨਿਰੰਕਾਰ ਦੀ ਜੋਤਿ ਸਨ, ਇਸ ਵਾਸਤੇ ਗੁਰੂ ਨਾਨਕ ਸਾਹਿਬ ਜੀ ਦਾ ਭੇਤ ਕੋਈ ਨਹੀਂ ਪਾ ਸਕਿਆ, ਇਸ਼ ਭੇਤ ਨੂੰ ਉਹ ਆਪ ਹੀ ਜਾਣਦੇ ਸਨ।

***ਉਨਕੇ ਭੇਦ ਹੈਂ ਉਨ ਹੀ ਪਾਹਿ॥੫੦॥*** ਉਨ੍ਹਾਂ ਦੇ ਭੇਦ ਤਾਂ ਉਨ੍ਹਾਂ ਦੇ ਪਾਸ ਹੀ ਹੈ, ਸਾਨੂੰ ਲੋਕਾਂ ਨੂੰ ਕੀ ਪਤਾ ਹੈ ਇਨ੍ਹਾਂ ਗੱਲਾ ਦਾ। ੫੦।

ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥

# ਸਾਖੀ ਬਾਬਰ ਕੀ ਤੁਰੀ

## (ਬਾਬਰ ਦੇ ਹਿੰਦ ਵਿਚ ਆਉਣ ਦਾ ਕਾਰਨ)

***ਦੋਹਰਾ॥ ਜਿਮ ਭਸਮੰਤਰ ਕੋ ਸ਼ਿਵਹਿ ਮਨ ਚਿਤ ਕਰ ਬਰ ਦੀਨ॥*** ਭਸਮੰਤਰ ਦੈਂਤ ਹੋਇਆ ਹੈ ਇਕ, ਉਸ ਨੇ ਸਿਵ ਜੀ ਦਾ ਅਰਾਧਨ ਕਰਕੇ ਸਿਵ ਜੀ ਨੂੰ ਖੁਸ ਕਰਕੇ ਉਸ ਤੋਂ ਵਰ ਲਿਆ। ਮਨ ਚਿਤ ਕਰਕੇ ਕਹਿਣ ਲੱਗੇ, ਸਿਵ ਜੀ! ਕੀ ਚਾਹੀਦਾ ਤੈਨੂੰ? ਦੇਵਾਂ ਮੈਂ। ਸਿਵ ਜੀ ਦੇ ਹੱਥ ਵਿਚ ਕੜਾ ਸੀ, ਭਸਮੰਤਰ ਨੇ ਉਹ ਕੜਾ ਮੰਗ ਲਿਆ। ਜਿਸ ਦੇ ਸਿਰ ਨੂੰ ਉਹ ਕੜਾ ਲਾ ਕੇ ਕਹਿ ਦੇਈਏ 'ਭਸਮ' ਉਹ ਭਸਮ ਹੋ ਜਾਂਦਾ ਸੀ। ਸਿਵ ਜੀ ਨੇ ਉਹ ਆਪਣੇ ਹੱਥ ਦਾ ਕੜਾ ਦੇ ਦਿੱਤਾ ਹੈ, ਭਸਮੰਤਰ ਦੈਂਤ ਨੂੰ। ਭਸਮੰਤਰ ਨੇ ਸੋਚਿਆ, ਕਿਉਂ ਨਾ ਸਿਵ ਜੀ ਦੇ ਸਿਰ 'ਤੇ ਕੜਾ ਰੱਖ ਕੇ ਪਾਰਬਤੀ ਨੂੰ ਖੋਹ ਲਵਾਂ। ਸਿਵ ਪੁਰਾਣ ਵਿਚ ਇਹ ਸਾਖੀ ਆਉਂਦੀ ਹੈ ਕਿ ਜਦੋਂ ਸਿਵ ਜੀ ਨੂੰ ਪਤਾ ਲੱਗਿਆ ਇਸ ਗੱਲ ਦਾ, ਤਾਂ ਸਿਵ ਜੀ ਹੋਰੀਂ ਓਥੋਂ ਭੱਜ ਨਿਕਲੇ ਹਨ ਅਤੇ ਪਹਾੜ ਵਿਚ ਟੱਕਰ ਮਾਰਕੇ ਝੋਟਾ ਬਣ ਕੇ ਨੇਪਾਲ ਵਿਚ ਆਪਣਾ ਸਿਰ ਕੱਢਿਆ ਜੋ ਅੱਜ ਨੇਪਾਲ ਵਿਚ ਪੂਜਾ ਹੁੰਦੀ ਹੈ ਸਿਵ ਜੀ ਦੀ। ਝੋਟਾ ਭੇਟਾ ਦਿੰਦੇ ਹਨ, ਸਿਵ ਜੀ ਨੂੰ। ਉਹ ਸਿਵ ਜੀ ਦੇ ਪਿੱਛੇ ਤਬਲਬਾਜਾਂ ਤੇ ਘਸਾਉਂਦਾ ਹੋਇਆ 'ਭਸਮ ਭਸਮ ਕਰੀ ਜਾਵੇ। ਜੇ ਸਿਵ ਜੀ ਦੇ ਸਿਰ 'ਤੇ ਲਾਵੇ ਤਾਂ ਭਸਮ ਹੋਵੇ, ਇਸ ਕਰਕੇ ਉਹ ਭਸਮ ਨਾ ਹੋਇਆ। ਵਿਸ਼ਨੂੰ ਜੀ ਨੇ ਪਾਰਬਤੀ ਦਾ ਸਰੂਪ ਧਾਰ ਕੇ ਭਸਮੰਤਰ ਨੂੰ ਪੁੱਛਿਆ ਕਿ ਇਹ ਕੜਾ ਕਿਉਂ ਘਸਾਈ ਜਾਂਦਾ ਹੈਂ। ਉਹ ਕਹਿੰਦਾ, ਮੈਂ ਤੈਨੂੰ ਵਰਨਾ ਹੈ। ਉਹ ਕਹਿੰਦੀ ਮਗਰੋਂ ਵਰ ਲਈ, ਸਿਵ ਜੀ ਮਰ ਗਏ ਹਨ,, ਪਹਿਲਾਂ ਇਹਨਾਂ ਨੂੰ ਰੋ ਪਿੱਟ ਲਈਏ, ਕਹਿੰਦਾ ਠੀਕ ਹੈ। ਪਾਰਬਤੀ ਦੇ ਰੂਪ ਵਿਚ ਵਿਸ਼ਨੂੰ ਜੀ ਨੇ ਪਹਿਲਾਂ ਤਿੰਨ ਵਾਰੀ ਆਪਣੇ ਪੱਟਾਂ 'ਤੇ ਹਥ ਮਾਰੇ, ਇਸੇ ਤਰ੍ਹਾਂ ਭਸਮੰਤਰ ਨੇ ਕੀਤਾ, ਫਿਰ ਛਾਤੀ 'ਤੇ, ਅਤੇ ਅਖ਼ੀਰ ਜਦੋਂ ਸਿਰ 'ਤੇ ਹੱਥ ਮਾਰਨ ਲੱਗੇ, ਰੁਦਨ ਕਰਦੇ ਹੋਇ, ਭਸਮੰਤਰ ਦੇ ਹੱਥ ਵਿਚ ਕੜਾ ਸੀ, ਜਦੋਂ ਸਿਰ ਨਾਲ ਲੱਗਿਆ ਤਾਂ ਪਾਰਬਤੀ ਕਹਿਣ ਲੱਗੀ ਭਸਮ, ਉਹ ਓਥੇ ਹੀ ਭਸਮ ਹੋ ਗਿਆ ਹੈ। ਫੇਰ ਵਿਸ਼ਨੂੰ ਜੀ ਨੇ ਸਿਵ ਜੀ ਨੂੰ ਕਿਹਾ, ਆ ਜਾਓ ਭੋਲੇ ਨਾਥ ਜੀ ! ਭਸਮੰਤਰ ਹੋਰੀਂ ਤਾਂ ਭਸਮ ਹੋ ਗਏ ਹਨ। ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿਵੇਂ ਸਿਵ ਜੀ ਨੇ ਮਨ ਚਿੱਤ ਕਰਕੇ ਕੜਾ ਦੇ ਦਿੱਤਾ ਸੀ, ਭਸਮੰਤਰ ਨੂੰ ਕਿ ਜਿਸ ਦੇ ਸਿਰ 'ਤੇ ਰੱਖ ਕੇ ਕਹਿ ਦਿਆ ਕਰੇਗਾਂ, 'ਭਸਮ' ਉਹ ਭਸਮ ਹੋ ਜਾਇਆ ਕਰੇਗਾ।

***ਤਿਮ ਸਤਿਗੁਰ ਬਰ ਬਾਬਰੈ ਦਯੋ ਬੇਪਰਵਾਹੀ ਕੀਨ॥੧॥*** ਇਸ ਤਰ੍ਹਾਂ ਹੀ ਸਤਿਗੁਰੂ ਜੀ ਨੇ ਬੇਪਰਵਾਹੀ ਕਰਕੇ ਬਾਬਰ ਨੂੰ ਵਰ ਦੇ ਦਿੱਤੇ ਹਨ। ੧।

***ਚੌਪਈ॥ ਸੁਨੋ ਸੰਤ ਤੁਮ ਗੁਰੂ ਪਿਆਰੇ॥*** ਹੇ ਗੁਰੂ ਦੇ ਪਿਆਰਿਓ ! ਸੰਤ ਜਨੋ ! ਹੇ ਗੁਰ ਸਿੱਖੋ ਸੁਣੋ।

***ਮੁਖੋਂ ਆਖ ਗੁਰ ਦੁਖ ਸਹੇ ਭਾਰੇ॥*** ਆਪਣੇ ਮੁੱਖੋਂ ਬਾਬਰ ਨੂੰ ਵਰ ਦੇ ਕੇ ਆਪ ਸਤਿਗੁਰੂ ਜੀ ਬੜੇ ਭਾਰੀ ਦੁੱਖ ਸਹਾਰੇ ਹਨ।

***ਬਚਨ ਕਢੇ ਮੁਖ ਪਰ ਗਏ ਪਾਰਨ॥*** ਜੋ ਮੁਖ ਤੋਂ ਬਚਨ ਕਹਿ ਦਿੱਤੇ ਹਨ, ਗੁਰੂ ਨਾਨਕ ਪਾਤਸ਼ਾਹ ਜੀ ਨੇ, ਉਹ ਹੁਣ ਪਾਲਣੇ ਪਏ ਹਨ, ਉਹਨਾਂ ਬਚਨਾਂ ਦੀ ਪਾਲਣਾ ਕਰਨੀ ਪਈ ਹੈ।

***ਗੁਰ ਦੁਖ ਸਹੈ ਸਿੱਖਨ ਕੇ ਕਾਰਨ॥੨॥*** ਗੁਰੂ ਜੀ ਨੇ ਆਪਣੇ ਗੁਰ ਸਿੱਖਾਂ ਦੀ ਖ਼ਾਤਰ ਦੁਖ ਸਹਾਰੇ ਹਨ। ੨।

***ਜਬ ਸ੍ਰੀ ਨਾਨਕ ਲਯੋ ਔਤਾਰ॥*** ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਉੱਤਰੇ ਹਨ ਸੰਸਾਰ 'ਤੇ ਆ ਕੇ।

***ਸਿੱਖ ਕੀਏ ਗੁਰ ਬਹੁਤ ਨਿਹਾਰ॥*** ਗੁਰੂ ਜੀ ਨੇ ਦੇਖ-ਦੇਖ ਕੇ ਸਿੱਖ ਕੀਤੇ ਹਨ, ਚੰਗੇ-ਚੰਗੇ ਬਣੇ ਨੇ ਉਦੋਂ।

***ਜਿਨ ਸੇਵਾ ਕਛੁ ਤੁੱਛਹਿ ਕਰੀ॥*** ਜਿਨ੍ਹਾਂ ਨੇ ਕੁਛ ਤੁਛ ਮਾਤਰ ਵੀ ਸੇਵਾ ਕੀਤੀ ਹੈ, ਜਿਨ੍ਹਾਂ ਨੇ ਥੋੜ੍ਹੀ ਜਿਹੀ ਵੀ ਸੇਵਾ ਕੀਤੀ

ਹੈ ਉਸ ਵੇਲੇ ਸਤਿਗੁਰਾਂ ਦੀ।

***ਬਹੁਤ ਲਾਭ ਉਨ ਪਾਯੋ ਘਰੀ॥੩॥*** ਬਖ਼ਸ਼ਸ਼ਾਂ ਦੇ ਭੰਡਾਰ ਗੁਰੂ ਨਾਨਕ ਸਾਹਿਬ ਜੀ ਦੀ ਥੋੜ੍ਹੀ ਜਿਹੀ ਵੀ ਸੇਵਾ ਕਰਨ ਦੇ ਬਦਲੇ, ਉਨ੍ਹਾਂ ਨੂੰ ਬਹੁਤ ਵੱਡੇ ਫਾਇਦੇ ਹੋਏ, ਬੜਾ ਲਾਭ ਉਠਾਇਆ ਹੈ ਉਨ੍ਹਾਂ ਨੇ ਸਿੱਖੀ ਧਾਰਨ ਕਰਕੇ। ੩।

***ਸੁੱਧ ਚਿੱਤ ਜਿਨ ਦਰਸ਼ਨ ਕੀਯੋ॥*** ਜਿਨ੍ਹਾਂ ਨੇ ਸ਼ੁੱਧ ਹਿਰਦੇ ਨਾਲ ਸਤਿਗੁਰੂ ਜੀ ਦਾ ਦਰਸ਼ਨ ਕਰ ਲਿਆ।

***ਉਸ ਨੇ ਬੀ ਫਲ ਬਾਂਛਤ ਲੀਯੋ॥*** ਉਸ ਨੇ ਵੀ ਮਨ ਭਾਉਂਦੇ ਫਲ ਪ੍ਰਾਪਤ ਕੀਤੇ, ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਵਿੱਚੋਂ।

***ਘਰ ਬੈਠੇ ਜਿਨ ਮਨਹਿ ਧਿਆਯਾ॥*** ਜਿਹੜੇ ਕਿ ਉਦੋਂ ਸਿੱਖ ਬਣੇ, ਦਰਸ਼ਨ ਨਹੀਂ ਸੀ ਕੀਤੇ, ਨਾਮ ਹੀ ਸੁਣਿਆ ਸੀ, ਜਿੰਨ੍ਹਾਂ ਨੇ ਘਰ ਬੈਠਿਆਂ ਹੀ ਗੁਰੂ ਨਾਨਕ ਸਾਹਿਬ ਜੀ ਨੂੰ ਧਿਆਇਆ ਹੈ।

***ਉਨ ਭੀ ਮਨ ਬਾਂਛਤ ਫਲ ਪਾਯਾ॥੪॥*** ਉਨ੍ਹਾਂ ਨੇ ਵੀ ਮਨ ਭਾਉਂਦੇ ਫਲ ਪ੍ਰਾਪਤ ਕੀਤੇ ਹਨ। ੪।

***ਦੋਹਰਾ॥ ਮਨ ਇੱਛੇ ਸਭ ਫਲ ਲਹੇ ਜੋ ਕੋ ਚਿਤਵਤ ਆਇ॥*** ਜੋ ਵੀ ਕੋਈ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਨ, ਰਾਹ ਵਿੱਚ ਚਿਤ ਕੇ ਆਉਂਦਾ ਹੈ ਕਿ ਮੈਨੂੰ ਆਹ ਫਲ ਪ੍ਰਾਪਤ ਹੋਵੇ, ਮੈਂ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਨੂੰ ਚਲਿਆ ਹਾਂ। ਓਹੋ ਹੀ ਮਨ ਭਾਉਂਦਾ ਫਲ ਪ੍ਰਾਪਤ ਹੋ ਗਿਆ ਹੈ, ਗੁਰ ਸਿੱਖਾਂ ਨੂੰ।

***ਸਤਿਗੁਰ ਕੇ ਪਰਤਾਪ ਤੇ ਖਾਲੀ ਨਹਿੰ ਕੋ ਜਾਇ॥੫॥*** ਸਤਿਗੁਰੂ ਜੀ ਦੇ ਪ੍ਰਤਾਪ ਨਾਲ ਕੋਈ ਵੀ ਗੁਰੂ ਘਰੋਂ ਖਾਲੀ ਨਹੀਂ ਜਾਂਦਾ ਹੈ। ਸਭ ਦੀਆਂ ਮਨ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ੫।

***ਚੌਪਈ॥ ਤਲਵੰਡੀ ਰਾਇ ਭੋਇ ਕੀ ਭਯੋ॥*** ਰਾਇ ਭੋਇ ਦੀ ਤਲਵੰਡੀ ਵਿੱਚ ਹੋਇਆ ਹੈ, ਗੁਰੂ ਸਾਹਿਬ ਜੀ ਦਾ ਅਵਤਾਰ।

***ਤਹਾਂ ਜਨਮ ਗੁਰ ਨਾਨਕ ਲਯੋ॥*** ਓਥੇ ਗੁਰੂ ਨਾਨਕ ਸਾਹਿਬ ਜੀ ਨੇ ਅਵਤਾਰ ਧਾਰਨ ਕੀਤਾ ਹੈ।

***ਹੋਤ ਬਾਲਕ ਉਨ ਦਰਸ ਕਰ ਲਯੋ॥*** ਜਦੋਂ ਸਤਿਗੁਰੂ ਜੀ ਬਾਲ ਸਰੂਪ ਸਨ, ਉਦੋਂ ਉਸ ਨੇ ਦਰਸ਼ਨ ਕਰ ਲਏ ਸਨ, ਗੁਰੂ ਨਾਨਕ ਸਾਹਿਬ ਜੀ ਦੇ।

***ਤਿਸ ਤੇ ਵਜ਼ੀਰ ਦਿੱਲੀ ਕੋ ਭਯੋ॥੬॥*** ਇਸ ਕਾਰਨ ਰਾਇ ਭੁਇ ਵੀ ਬਾਲਕ ਸੀ ਉਦੋਂ, ਇਸ ਦੇ ਪਿਤਾ ਰਾਇ ਬਲਵੰਡ ਨੇ ਇਸ ਨੂੰ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਭੇਟਾ ਕਰ ਦਿੱਤਾ ਸੀ। ਕਿ ਮਹਾਰਾਜ ਤੁਹਾਡਾ ਹੋਇਆ ਤੇ ਬਾਲਕ ਸ਼ੁਧ ਮਨ ਹੁੰਦਾ ਹੈ, ਬਾਲਕ ਨੇ ਦਰਸ਼ਨ ਕੀਤੇ ਸਨ। ਇਸ ਕਰਕੇ ਸਤਿਗੁਰੂ ਜੀ ਦੇ ਪ੍ਰਤਾਪ ਨਾਲ ਰਾਇ ਭੁਇ ਦਿੱਲੀ ਦਾ ਵਜ਼ੀਰ-ਏ-ਆਜ਼ਮ ਬਣਿਆ। ਸਤਿਗੁਰੂ ਜੀ ਨੇ ਬਚਪਨ ਵਿਚ ਹੀ ਬਚਨ ਕਰ ਦਿੱਤਾ ਸੀ ਕਿ ਇਹ ਦਿੱਲੀ ਦਾ ਵਜ਼ੀਰ-ਏ-ਆਜ਼ਮ ਬਣੇਗਾ। ੬।

***ਉਨ ਭੀ ਥੇ ਕਛੁ ਸਤਿਗੁਰ ਜਾਣੇ॥*** ਉਸ ਨੇ ਵੀ ਕੁਛ ਸਤਿਗੁਰਾਂ ਦੇ ਪ੍ਰਤਾਪ ਨੂੰ ਜਾਣਿਆ ਸੀ, ਕੁਛ ਬੁੱਝਿਆ ਸੀ।

***ਸੋ ਦਿਲੀ ਮੰਡੀ ਭੋਇ ਰਾਣੇ॥*** ਦਿੱਲੀ ਜੋ ਮੰਡੀ ਵਜਦੀ ਸੀ ਓਸ ਵੇਲੇ ਓਥੋਂ ਦਾ ਵਜ਼ੀਰੇ ਆਜ਼ਮ ਸੀ।

***ਔ ਲੋਦੀ ਦੌਲਤ ਖਾਂ ਪਠਾਣ॥*** ਅਤੇ ਦੌਲਤ ਖ਼ਾਂ ਲੋਦੀ ਪਠਾਣ।

***ਫੌਜਦਾਰ ਥੋ ਪੁਰ ਸੁਲਤਾਨ॥੭॥*** ਸੁਲਤਾਨਪੁਰ ਲੋਦੀ ਦਾ ਫੌਜ਼ਦਾਰ ਸੀ। ੭।

***ਉਸ ਕੇ ਮੋਦੀ ਸਤਿਗੁਰ ਭਏ॥*** ਸਤਿਗੁਰੂ ਜੀ ਵੱਡੇ ਹੋ ਕੇ ਉਸ ਦੇ ਮੋਦੀ ਖਾਨੇ ਦੇ ਮੋਦੀ ਬਣੇ ਸਨ।

***ਕਲਾ ਧਾਰ ਉਸ ਨੇ ਲਖ ਲਏ॥*** ਉਹ ਸਤਿਗੁਰੂ ਜੀ ਦੀ ਕਲਾ ਤੋਂ ਉਦੋਂ ਹੀ ਵਾਕਫ ਹੋ ਗਿਆ ਸੀ, ਕਿ ਸਤਿਗੁਰੂ ਜੀ ਕਲਾ ਧਾਰੀ ਹਨ, ਉਸ ਨੇ ਕਈ ਪ੍ਰਤਿਆਵੇ ਲਏ ਸਨ।

***ਤਿਸ ਕੇ ਘਰ ਥੀ ਦੋਇ ਪਠਾਣੀ॥*** ਦੌਲਤ ਖ਼ਾਂ ਦੇ ਘਰ ਵਿਚ ਦੋ ਪਠਾਣੀਆਂ ਦੋ ਉਸ ਦੀਆਂ ਬੇਗਮਾਂ ਸਨ।

***ਬਿਨਾ ਪੁਤ੍ਰ ਤੇ ਭਈ ਸਿਆਣੀ॥੮॥*** ਉਨ੍ਹਾਂ ਦੇ ਘਰ ਕੋਈ ਪੁੱਤਰ ਨਹੀਂ ਸੀ, ਕੋਈ ਉਲਾਦ ਨਹੀਂ ਸੀ ਹੋਈ ਅਤੇ ਦੋਵੇਂ (ਸਿਆਣੀ) ਵੱਡੀ ਉਮਰ ਦੀਆਂ ਹੋ ਗਈਆਂ ਸਨ। ੮।

**ਦੋਹਰਾ॥ ਉਨ ਮਹਿਮਾ ਸਤਿਗੁਰ ਸੁਣੀ, ਆਈਂ ਦਰਸ ਹਜ਼ੂਰ॥** ਸਤਿਗੁਰੂ ਜੀ ਦੀ ਮਹਿਮਾਂ ਉਨਾਂ ਨੇ ਵੀ ਸੁਣੀ ਕਿ ਕਿਵੇਂ ਨਦੀ ਵਿਚ ਅਲੋਪ ਹੋਏ ਸਤਿਗੁਰੂ ਤੇ ਪ੍ਰਗਟ ਹੋਏ। ਇਹ ਸੁਣ ਕੇ ਉਨ੍ਹਾਂ ਨੂੰ ਪ੍ਰਤੀਤ ਹੋਈ ਕਿ ਸਤਿਗੁਰੂ ਜੀ ਤੋਂ ਤਾਂ ਲੋਕੀਂ ਮੁਰਾਦਾਂ ਲੈ ਕੇ ਜਾਂਦੇ ਨੇ। ਸਾਡੇ ਘਰ ਪੁੱਤਰ ਨਹੀਂ ਹੈ, ਅਸੀਂ ਐਵੇਂ ਜਾ ਰਹੀਆਂ ਹਾਂ ਸੰਸਾਰ ਤੋਂ। ਉਨ੍ਹਾਂ ਨੇ ਸ਼ੁੱਧ ਮਨ ਹੋ ਕੇ ਆ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਹਨ।

**ਦੁਇ ਦੁਇ ਪੁਤਰ ਉਨ ਮਿਲੇ, ਉਨ ਥੀ ਯਹੀ ਜ਼ਰੂਰ॥੯॥** ਸਤਿਗੁਰਾਂ ਨੇ ਬਚਨ ਕਰ ਦਿੱਤਾ ਦੋ-ਦੋ ਪੁੱਤਰ ਹੋਣਗੇ ਤੁਹਾਡੇ, ਇਹੀ ਉਨ੍ਹਾਂ ਦੀ ਜ਼ਰੂਰਤ ਸੀ। ੯।

**ਚੌਪਈ॥ ਗਾਜ਼ੀ ਖਾਂ,ਗਜ ਮਸਤ ਸ ਖਾਨ॥** ਇਕ ਬੇਗਮ ਦੇ ਗਾਜ਼ੀ ਖ਼ਾਨ ਤੇ ਗਜਮਸਤ ਖ਼ਾਨ ਇਹ ਦੋ ਪੁੱਤਰ ਹੋਏ ਹਨ।

**ਮੀਰ ਖਾਨ, ਖਾਨ ਜੌਲ ਪਠਾਨ॥** ਦੂਜੀ ਬੇਗਮ ਦੇ ਮੀਰ ਖ਼ਾਨ ਤੇ ਜੌਲ ਖ਼ਾਨ ਇਹ ਦੋ ਪਠਾਣ ਪੁੱਤਰ ਪੈਦਾ ਹੋਏ।

**ਭਏ ਪੱਠੇ ਵੈ ਚਾਰੋਂ ਭਾਈ॥** ਇਹ ਚਾਰੇ ਭਾਈ ਜਦੋਂ (ਪੱਠੇ) ਗੱਭਰੂ ਜੁਆਨ ਹੋਏ, ਸਿਆਣੇ ਹੋਏ।

**ਉਨ ਦਿੱਲੀ ਜਾਇ ਨਵਾਬੀਂ ਪਾਈ॥੧੦॥** ਉਨ੍ਹਾਂ ਚਾਰੋਂ ਭਰਾਵਾਂ ਨੇ ਦਿੱਲੀ ਜਾ ਕੇ ਨਵਾਬੀਆਂ ਪ੍ਰਾਪਤ ਕੀਤੀਆਂ। ਹਿੰਦੋਸਤਾਨ ਦੇ ਬਾਈ ਸੂਬੇ ਸਨ, ਉਨ੍ਹਾਂ ਵਿੱਚੋਂ ਚਾਰ ਸੂਬਿਆਂ ਦੇ ਨਵਾਬ ਬਣੇ ਸਨ ਇਹ। ੧੦।

**ਹੁਤੀ ਪਤਸ਼ਾਹੀ ਲੋਦੀ ਪਠਾਣਾਂ॥** ਉਦੋਂ ਲੋਦੀ ਪਠਾਣਾਂ ਦੀ ਪਾਤਸ਼ਾਹੀ ਸੀ, ਹਿੰਦੋਸਤਾਨ ਵਿੱਚ ਰਾਜ ਸੀ ਲੋਦੀ ਪਠਾਣਾਂ ਦਾ।

**ਨਾਮ ਸਿਕੰਦਰ ਸ਼ਾਹ ਸੀ ਕਾਣਾਂ॥** ਨਾਮ ਉਸ ਦਾ ਸਿੰਕਦਰ ਬਾਦਸ਼ਾਹ ਸੀ, ਇੱਕ ਅੱਖੋਂ ਕਾਣਾ ਸੀ, ਸਿਕੰਦਰ ਲੋਦੀ।

**ਸੋਊ ਮੂਓ ਸੁਤ ਬੈਰਮ ਖਾਂ ਰਹਯੋ॥** ਉਹ ਤਾਂ ਮਰ ਗਿਆ, ਪਿੱਛੇ ਉਸ ਦਾ ਪੁੱਤਰ ਬੈਰਮ ਖ਼ਾਂ ਰਹਿ ਗਿਆ ਹੈ।

**ਦਿੱਲੀ ਤਖਤ ਉੱਤੇ ਸੋ ਬਹਯੋ॥੧੧॥** ਉਹ ਦਿੱਲੀ ਦੇ ਤਖ਼ਤ 'ਤੇ ਬਾਦਸ਼ਾਹ ਬਣ ਬੈਠਾ ਹੈ। ੧੧।

**ਹੁਤੋ ਖੇਲਤੋ ਲੜਕਨ ਨਾਲ॥** ਬੈਰਮ ਖ਼ਾਂ ਛੋਟਾ ਹੁੰਦਾ ਜਿਨ੍ਹਾਂ ਬੱਚਿਆਂ ਨਾਲ ਖੇਡਦਾ ਹੁੰਦਾ ਸੀ।

**ਸੂਬੇ ਕੀਨੇ ਸੋਈ ਬਾਲ॥** ਬਾਦਸ਼ਾਹ ਬੈਰਮ ਖ਼ਾਂ ਨੇ ਆਪਣੇ ਬਚਪਨ ਦੇ ਸਾਥੀਆਂ ਨੂੰ ਵੱਖ-ਵੱਖ ਸੂਬਿਆਂ ਦੇ ਸੂਬੇਦਾਰ ਨਿਯੁਕਤ ਕਰ ਦਿੱਤਾ।

**ਸੋ ਬੰਦੁਬਸਤ ਨ ਉਨ ਤੇ ਭਏ॥** ਉਨ੍ਹਾਂ ਤੋਂ ਆਪਣੇ ਸੂਬੇ ਦਾ ਠੀਕ ਇੰਤਜ਼ਾਮ ਨਾ ਹੋ ਸਕਿਆ।

**ਪਰ ਉਨ ਸੂਬਨ ਪਰ ਬਦੀ ਲਗਏ॥੧੨॥** ਉਨ੍ਹਾਂ ਨੇ ਪੁਰਾਣੇ ਸੂਬੇਦਾਰਾਂ 'ਤੇ ਬਦੀ ਲਗਾ ਦਿੱਤੀ, ਜਿਹੜੇ ਪਹਿਲਾਂ ਹਟਾਏ ਹੋਏ ਸਨ। ਇਹ ਨਹੀਂ ਸਾਨੂੰ ਕੁਛ ਕਰਨ ਦਿੰਦੇ, ਇਹ ਲੋਕਾਂ ਨੂੰ ਉਕਸਾ ਰਹੇ ਨੇ ਤੇ ਬਗਾਵਤ ਕਰਾਉਂਦੇ ਹਨ। ੧੨।

**ਸ਼ਾਹ ਬੈਰਮ ਤਬ ਭਯੋ ਹੰਕਾਰੇ॥** ਬੈਰਮ ਖ਼ਾਂ ਜਦੋਂ ਦਿੱਲੀ ਦਾ ਬਾਦਸ਼ਾਹ ਬਣ ਗਿਆ, ਤਾਂ ਇਸ ਨੂੰ ਬੜਾ ਹੰਕਾਰ ਹੋ ਗਿਆ।

**ਪੁਰਾਤਨ ਸੂਬੇ ਉਨ ਬਹੁ ਮਾਰੇ॥** ਉਸ ਨੇ ਬਹੁਤ ਸਾਰੇ ਪੁਰਾਣੇ ਸੂਬੇਦਾਰਾਂ ਨੂੰ ਮਾਰਿਆ ਹੈ।

**ਮੀਰ, ਜੌਲ ਦੁਇ ਕੰਧ ਚਿਣਾਏ॥** ਦੌਲਤ ਖ਼ਾਂ ਦੇ ਦੋ ਪੁੱਤਰਾਂ ਮੀਰ ਖ਼ਾਨ ਤੇ ਜੌਲ ਖ਼ਾਂ ਨੂੰ ਜਿਉਂਦਿਆਂ ਨੂੰ ਕੰਧ ਵਿਚ ਚਿਣ ਦਿੱਤਾ ਹੈ।

**ਗਜਮਸਤ ਗਾਜ਼ੀ ਦੁਇ ਤੇਗੀਂ ਘਾਏ॥੧੩॥** ਗਜਮਸਤ ਖ਼ਾਨ ਤੇ ਗਾਜ਼ੀ ਖ਼ਾਨ ਦੋਵੇਂ ਤਲਵਾਰਾਂ ਨਾਲ ਝਟਕਾ ਦਿੱਤੇ। ੧੩।

**ਦੋਹਰਾ॥ ਯੌ ਲਖ ਭੋਏ ਮਤ ਦਈ, ਤੈਂ ਕਰੀ ਨ ਅੱਛੀ ਬਾਤ॥** ਜਦੋਂ ਬੈਰਮ ਖ਼ਾਂ ਨੇ ਇਹ ਕਾਰਾ ਕਰ ਦਿੱਤਾ, ਤਾਂ ਇਉਂ ਦੇਖ ਕੇ ਵਜ਼ੀਰੇ-ਆਜ਼ਮ ਰਾਇ ਭੁਇ ਨੇ ਮਤਿ ਦਿੱਤੀ, ਐ ਪਾਤਸ਼ਾਹ ! ਇਹ ਤੁਸੀਂ ਚੰਗੀ ਨਹੀਂ ਗੱਲ ਕੀਤੀ ਹੈ, ਜਿਹੜਾ ਇਹਨਾਂ ਨੂੰ ਬਿਨਾਂ ਕਿਸੇ ਕਸੂਰ ਤੋਂ ਮਾਰਿਆ ਹੈ।

**ਬਿਨਾ ਪੁਰਾਤਨ ਸੂਰਿਆਂ ਮੁਲਖ ਨ ਸਾਂਭਯੋ ਜਾਤ॥੧੪॥** ਪੁਰਾਤਨ ਸੂਰਵੀਰਾਂ ਤੋਂ ਬਿਨਾਂ ਮੁਲਖ ਨਹੀਂ ਸਾਂਭਿਆ ਜਾ ਸਕਦਾ, ਨਵੇਂ ਵਜ਼ੀਰਾਂ ਜਾਂ ਸੂਬੇਦਾਰਾਂ ਤੋਂ ਇੰਤਜ਼ਾਮ ਨਹੀਂ ਹੋ ਸਕਣਾ, ਦੇਸ਼ ਦਾ। ੧੪।

***ਚੌਪਈ॥ ਅੱਛੀ ਕਹੀ ਉਨ ਬੁਰੀ ਮਨਾਈ॥*** ਵਜ਼ੀਰ ਰਾਇ ਭੁਇ ਨੇ ਤਾਂ ਚੰਗੀ ਗੱਲ ਕਹੀ ਸੀ, ਬੈਰਮ ਖ਼ਾਂ ਨੂੰ, ਪਰ ਉਸ ਨੇ ਬੁਰਾ ਮਨਾਇਆ ਕਿ ਮੈਨੂੰ ਮੱਤਾਂ ਦਿੰਦਾ ਹੈ, ਮੇਰੇ ਰਾਜ ਵਿਚ ਦਖਲ ਦੇ ਰਿਹਾ ਹੈ।

***ਰਾਇ ਭੋਇ ਭੀ ਦਯੋ ਮਰਾਈ॥*** ਬੈਰਮ ਖ਼ਾਂ ਨੇ ਰਾਇ ਭੋਇ ਨੂੰ ਵੀ ਮਰਵਾ ਦਿੱਤਾ ਹੈ ਹੁਕਮ ਦੇ ਕੇ।

***ਉਸ ਦੀ ਕਹਵਤ ਹੈ ਜਗ ਮਾਂਹਿ॥*** ਜਦੋਂ ਬੈਰਮ ਖ਼ਾਂ ਨੇ ਰਾਇ ਭੋਇ ਨੂੰ ਮਾਰਿਆਂ ਤਾਂ ਜਗਤ ਵਿਚ ਇਕ ਮਸ਼ਹੂਰ ਕਹਾਵਤ ਬਣ ਗਈ ਹੈ।

***ਹਕੀਮ ਕਹੀ ਦਰਵੇਸ਼ੀ ਆਂਹਿ॥੧੫॥*** ਇਕ ਦਰਵੇਸ਼ ਹਕੀਮ ਸੀ, ਉਸ ਨੇ ਸਭਾ ਵਿਚ ਆ ਕੇ ਦੱਸੀ ਗੱਲ, ਹੇ ਬਾਦਸ਼ਾਹ! ਤੇਰੀ ਗਲਤੀ ਹੈ, ਇਹ ਤੂੰ ਮਾੜੀ ਕੀਤੀ ਹੈ ਗੱਲ, ਭਾਵੇਂ ਉਸ ਫਕੀਰ ਨੂੰ ਵੀ ਮਾਰ ਦਿੱਤਾ ਪਰ ਉਸ ਨੇ ਗੱਲ ਕਹਿ ਦਿੱਤੀ। ੧੫।

***ਪੌੜੀ॥ ਮੀਏਂ ਭੋਏ ਮਾਰਿਓ ਖੁਲ੍ਹ ਗਈ ਬਹਾਰੀ॥*** ਜਦੋਂ ਵਜ਼ੀਰ ਰਾਇ ਭੋਇ ਨੂੰ ਮਾਰ ਦਿੱਤਾ ਤਾਂ ਰਾਜ ਦੀ (ਬਹਾਰੀ) ਬਹੁਕਰ ਖੁਲ੍ਹ ਗਈ, ਰਾਜ ਰੂਪੀ ਬਹੁਕਰ ਤੀਲਾ-ਤੀਲਾ ਹੋ ਗਈ ਹੈ।

***ਬਹੈਂ ਨ ਬਾਕੀ ਮਜਲਸੀ ਫੂੜੀ ਬਟਵਾਰੀ॥*** ਮਜਲਸ ਵਿਚ ਕਿਸ ਨੇ ਆ ਕੇ ਬਹਿਣਾ ਸੀ ਫਿਰ, ਥਾਂ-ਥਾਂ 'ਤੇ ਫੂੜੀਆਂ ਵਿਛ ਗਈਆਂ ਆ ਕੇ ਅਫਸੋਸ ਹੋਣਾ ਸ਼ੁਰੂ ਹੋ ਗਿਆ ਹੈ। ਜਿਤਨੇ ਹਾਕਮ ਸਨ, ਹਾਕਮਾਂ ਦੇ ਹਾਕਮ ਰਿਸ਼ਤੇਦਾਰ, ਮਿਤ੍ਰ ਸੱਜਣ ਹਾਕਮ, ਜਿੰਨੇ ਪੁਰਾਣੇ ਸੂਰਵੀਰ ਸਨ, ਉਨਾਂ ਸਾਰਿਆਂ ਦੇ ਘਰੀਂ ਬੈਠੇ ਸਨ, ਅਫਸੋਸ ਕਰਨ ਵਾਸਤੇ ਤੇ ਉੱਥੇ ਚਰਚਾ ਚਲਣੀ ਸੀ। ਸਭ ਸਿਆਣਿਆਂ ਨੇ ਕਿਹਾ, ਇਹ ਰਾਜ ਦੇ ਲਾਇਕ ਨਹੀਂ ਹੈ, ਇਸ ਦਾ ਰਾਜ ਨਹੀਂ ਰਹਿਣਾ ਚਾਹੀਦਾ।

***ਅਧਮਾਣੂ ਖਾਯੋ ਪਾਤਸ਼ਾਹ ਭਯੋ ਤਰਣਾਪੇ॥*** (ਅਧਮਾਣੂ) ਅਧ ਰੜਿੱਕਾ, ਦਹੀਂ ਨੂੰ ਰਿੜਕ ਕੇ ਵਿਚ ਧਾਰਾਂ ਪਾ ਕੇ ਦੁੱਧ ਦੀਆਂ, ਜਿਹੜਾ ਖਾਂਦਾ, ਉਹ ਕਿੱਡਾ ਜੁਆਨ ਹੁੰਦਾ ਹੈ, ਉਸ ਦੇ ਵਿੱਚ ਬਲ ਹੋ ਜਾਂਦਾ ਹੈ ਅਤੇ ਹੰਕਾਰ ਹੋ ਜਾਂਦਾ ਹੈ, ਉਸ ਦੇ ਵਿਚ ਤਰਣ ਅਵਸਥਾ ਹੋ ਗਈ ਹੰਕਾਰ ਚੜ੍ਹ ਗਿਆ ਹੈ ਜੁਆਨੀ ਦਾ।

***ਮੀਏਂ ਭੋਏ ਮਾਰਿਓ ਬੰਦ ਬਹੇ ਸੁ ਜਾਪੇ॥੧੬॥*** ਜਦੋਂ ਮੀਏਂ ਭੋਇ ਵਰਗੇ ਸਿਆਣੇ ਪੁਰਸ਼ ਨੂੰ ਮਾਰ ਦਿੱਤਾ, ਉਦੋਂ ਸਾਰੇ ਬੰਦੋਬਸਤ ਢਿੱਲੇ ਹੋ ਗਏ ਜਾਪੇ, ਉਦੋਂ ਹੀ ਬੁਹਾਰੀ ਖੁਲ੍ਹ ਗਈ ਰਾਜ ਦੀ, ਸਭ ਚੁੱਪ ਕਰ ਗਏ ਕਿ ਹੋਣ ਦੇ ਜੋ ਹੁੰਦਾ ਹੈ, ਸਭ ਨੇ ਬਾਦਸ਼ਾਹ ਨੂੰ ਸਿਆਣੀ ਗੱਲ ਕਹਿਣੀ ਬੰਦ ਕਰ ਦਿੱਤੀ ਕਿ ਮੱਤ ਕੋਈ ਬਾਦਸ਼ਾਹ ਨੂੰ ਸਿਆਣੀ ਗੱਲ ਆਖਿਓ, ਓਸੇ ਨੂੰ ਮਰਵਾ ਦਏਗਾ, ਇਹ ਤਾਂ ਹੰਕਾਰੀ ਹੋ ਗਿਆ ਹੈ, ਇਹ ਹੁਣ ਬਾਦਸ਼ਾਹ ਥੋੜ੍ਹੋ ਰਹਿ ਗਿਆ ਹੈ, ਇਉਂ ਸਾਰੇ ਚੁੱਪ ਕਰ ਗਏ ਸਿਆਣੇ ਪੁਰਸ਼, ਕੋਈ ਇਸ ਨੂੰ ਨੀਤੀ ਦੀ ਗੱਲ ਨਾ ਦੱਸੇ ਸਿਆਣੀ। ੧੬।

***ਮੀਏਂ ਭੋਏ ਮਾਰੀਏ ਸਭ ਡਰੀ ਕਚਹਿਰੀ॥*** ਜਦੋਂ ਮੀਏਂ ਭੋਏ ਵਰਗੇ ਦਾਨੇ ਪੁਰਸ਼ ਮਾਰੇ ਗਏ, ਸਾਰੀ ਕਚਹਿਰੀ ਡਰ ਗਈ, ਜਿੰਨੇ ਸਿਆਣੇ ਪੁਰਸ਼ ਸਨ, ਹਾਕਮ ਦਾਨੇ ਨੇਕ ਰਾਇ ਦੇਣ ਵਾਲੇ, ਸਭ ਡਰ ਗਏ, ਆਪਾਂ ਨੂੰ ਕੀ ਲੋੜ ਹੈ। ਇਹ ਸਾਨੂੰ ਮਰਵਾ ਦੇਇਗਾ, ਬੇਈਮਾਨ ਐਡਾ ਕਹਿਰੀ ਬਾਦਸ਼ਾਹ ਹੈ।

***ਜੀਵਣੁ ਆਸਾ ਸਭ ਮੁਕੀ ਸ਼ਾਹ ਮਾਨਯੋ ਕਹਿਰੀ॥*** ਸਭ ਦੀ ਜੀਵਨ ਦੀ ਉਮੀਦ ਮੁਕ ਗਈ, ਉਨਾਂ ਆਖਿਆ ਇਹ ਬਾਦਸ਼ਾਹ ਬੜਾ ਕਹਿਰੀ ਹੈ, ਇਹ ਤਾਂ ਜ਼ੁਲਮੀ ਬਾਦਸ਼ਾਹ ਹੈ, ਛੱਡੋ ਏਸ ਨੂੰ ਆਪਾਂ ਕੀ ਲੈਣਾ ਹੈ, ਇਸ ਦੇ ਕੋਲੋਂ।

***ਕੋ ਨਠਯੋ ਕੋ ਲੁਕ ਰਹਯੋ ਕੋ ਆਕੀ ਹੋਈ॥*** ਕਈ ਤਾਂ ਭੱਜ ਗਏ ਰਾਜ ਛੱਡ ਕੇ, ਕਈ ਲੁਕ ਛਿਪ ਗਏ ਉਸ ਟਾਇਮ, ਕਈ ਆਕੀ ਹੋ ਗਏ, ਜਿਨ੍ਹਾਂ ਕੋਲ ਫ਼ੌਜਾਂ ਸਨ ਕਿ ਅਸੀਂ ਨਹੀਂ ਮੰਨਦੇ ਤੈਨੂੰ, ਬੇਸ਼ੱਕ ਸਾਡੇ ਨਾਲ ਵੇਖ ਲੈ ਟਾਕਰਾ ਕਰਕੇ।

***ਕਿਛੁ ਮੁਏ ਕਿਛ ਹਟ ਬਹੇ ਫੌਜ ਸਭ ਉਨ ਖੋਈ॥੧੭॥*** ਕੁਛ ਮਰ ਗਏ ਹਨ, ਕੁਛ ਹਟ ਕੇ ਬੈਠ ਗਏ ਘਰਾਂ ਵਿਚ, ਉਸ ਨੇ ਸਾਰੀ ਫ਼ੌਜ ਆਪਣੀ ਗਵਾ ਲਈ ਹੈ। ੧੭।

***ਹਲਕਾਰੇ ਨੂੰ ਵੈ ਕਹਿ ਮੁਏ ਓਇ ਪੀਉ ਪਿਆਰੇ !॥*** ਜਦੋਂ ਗਾਜੀ ਖ਼ਾਂ ਤੇ ਗਜ ਮਸਤ ਖ਼ਾਂ ਮਰਨ ਲੱਗੇ, ਉਨਾਂ ਨੇ ਹਲਕਾਰੇ ਨੂੰ ਕਹਿ ਕੇ ਕਿ ਸਾਡੇ ਬਾਪ ਨੂੰ ਇਹ ਸੁਨੇਹਾ ਦੇਈਂ ਸਾਡਾ, ਓ ਸਾਡੇ ਪਿਆਰੇ ਪਿਤਾ ਜੀ, ਆਹ ਦੇਖ ਸਾਡੇ ਨਾਲ ਕੀ ਕਹਿਰ ਹੋਣ ਲੱਗਿਆ।

***ਬੇਦੋਸੇ ਮਾਰੇ ਪੁਤ ਤੂੰ ਬ੍ਰਹਮ ਖਾਂ ਹੰਕਾਰੇ॥*** ਹੰਕਾਰੀ ਬ੍ਰਹਮ ਖ਼ਾਂ ਨੇ ਤੇਰੇ ਬੇਦੋਸ਼ੇ ਪੁੱਤਰਾਂ ਨੂੰ ਮਾਰਿਆ ਹੈ।

***ਨੱਠ ਕਾਬਲ ਸੁਣ ਆਵੇ ਤੋਹਿ ਭੀ ਦੇਗੁ ਮਾਰੇ॥*** ਦੌਲਤ ਖ਼ਾਂ ਨੂੰ ਉਨ੍ਹਾਂ ਨੇ ਸੁਨੇਹਾਂ ਭੇਜਿਆ ਹੈ ਕਿ ਹਿੰਦੋਸਤਾਨ ਵਿੱਚੋਂ ਨੱਠ ਕੇ ਕਾਬਲ ਚਲਿਆ ਜਾ, ਇਹ ਬਾਦਸ਼ਾਹ ਤੈਨੂੰ ਭੀ ਮਾਰ ਦੇਵੇਗਾ।

***ਤੈਥੋਂ ਸਰੇ ਤੂੰ ਨਾ ਟਲੀਂ ਜੇ ਅਸੀ ਪਿਆਰੇ॥੧੮॥*** ਜੇ ਤੈਥੋਂ ਕੁਛ ਸਰਿਆ, ਕੋਈ ਇੰਤਜ਼ਾਮ ਹੋ ਸਕਿਆ, ਤਾਂ ਤੂੰ ਟਲੀਂ ਨਾ ਜੇ ਸਾਡੇ ਨਾਲ ਤੈਨੂੰ ਪਿਆਰ ਹੈ, ਇਸ ਦੇ ਪੁੱਤਰਾਂ ਨੇ ਦੌਲਤ ਖ਼ਾਂ ਨੂੰ ਚਿੱਠੀ ਲਿਖ ਭੇਜੀ ਲੁਧਿਆਣੇ। ੧੮।

***ਅਗੋਂ ਜਾਈਂ ਮਿਲ ਗੁਰੂ ਤਾਂ ਹੋਊਗੁ ਕਾਰੇ॥*** ਕਹਿਣ ਲੱਗੇ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਨੂੰ ਮਿਲ ਕੇ ਜਾਈਂ, ਫਿਰ ਤੇਰਾ ਕਾਰਜ ਸ਼ੁੱਧ ਹੋ ਜਾਇਗਾ। ਫੇਰ ਤੈਨੂੰ ਕੋਈ ਰੋਕ-ਟੋਕ ਨਹੀਂ ਰਹੇਗੀ।

***ਜੇ ਜਾਵੈਂ ਗੁਰ ਬਚਨ ਲੈ ਨਹਿੰ ਹੋਵਗੁ ਹਾਰੇ॥*** ਜੇ ਤੂੰ ਗੁਰਾਂ ਤੋਂ ਬਚਨ ਲੈ ਕੇ ਜਾਵੇਂਗਾ, ਫਿਰ ਹਾਰ ਨਹੀਂ ਹੋਵੇਗੀ ਕਦੇ ਵੀ, ਫਿਰ ਤੂੰ ਜਿੱਤ ਪ੍ਰਾਪਤ ਕਰ ਲਵੇਂਗਾ।

***ਹੈ ਸਭ ਜਾਣੀ ਜਾਣ ਗੁਰ ਜਾ ਕਰੀਂ ਪੁਕਾਰੇ॥*** ਉਹ ਅੰਤਰਜਾਮੀ ਹਨ ਗੁਰੂ ਨਾਨਕ ਪਾਤਸ਼ਾਹ, ਉਨ੍ਹਾਂ ਕੋਲ ਜਾ ਕੇ ਪੁਕਾਰ ਕਰ ਸਾਡੀ, ਉਨ੍ਹਾਂ ਦੇ ਚਰਨਾਂ ਵਿਚ ਜਾ ਕੇ ਫਰਿਆਦ ਕਰ ਸਾਡੀ।

***ਦਿੱਤੇ ਜੋ ਫ਼ਰਜ਼ੰਦ ਤੈਂ, ਕਹੀ ਤੇ ਉਨ ਮਾਰੇ॥੧੯॥*** ਜਾ ਕੇ ਕਹੀਂ ਹੇ ਸੱਚੇ ਪਾਤਸ਼ਾਹ! ਮੈਨੂੰ ਜੋ ਤੂੰ ਚਾਰ ਪੁੱਤਰ ਬਖਸ਼ੇ ਸਨ, ਉਹ ਕਹਿਰੀ ਬਾਦਸ਼ਾਹ ਨੇ ਮਾਰ ਦਿੱਤੇ ਹਨ। ੧੯।

***ਯੌ ਸੁਨ ਦੌਲਤ ਨਠ ਤੁਰਯੋ ਵੈ ਛਡ ਲੁਧਿਆਣਾ॥*** ਜਦੋਂ ਦੌਲਤ ਖ਼ਾਂ ਨੂੰ ਸੁਨੇਹਾ ਪਹੁੰਚਿਆ, ਉਸ ਹਲਕਾਰੇ ਨੇ ਚਿੱਠੀ ਦਿੱਤੀ ਜਾ ਕੇ, ਇਹ ਸੁਣ ਕੇ ਦੌਲਤ ਖ਼ਾਂ ਲੁਧਿਆਣਾ ਛੱਡ ਕੇ ਭੱਜ ਤੁਰਿਆ ਹੈ।

***ਰਾਹ ਪੁਛਯੋ ਇਮਨਾਬਾਦ ਕੋ ਵਾਂਗੁ ਕਾਸਦ ਧਾਣਾ॥*** ਏਮਨਾਬਾਦ ਦਾ ਰਸਤਾ ਪੁੱਛਿਆ ਹੈ, ਇਹ ਕਾਬਲ ਦੀ ਸੜਕ ਸੀ, (ਕਾਸਦ) ਸੁਨੇਹਾ ਦੇਣ ਵਾਲੇ ਹਲਕਾਰੇ ਵਾਗੂੰ ਦੌੜਿਆ ਹੈ ਦੌਲਤ ਖ਼ਾਂ।

***ਰਾਤ ਦਿਵਸ ਉਠ ਦੌੜਿਆ ਕਰ ਕਾਲਾ ਬਾਣਾ॥*** ਇਸ ਨੇ ਫਕੀਰਾਂ ਵਾਲਾ ਸੋਗ ਦਾ ਕਾਲਾ ਬਾਣਾ ਪਹਿਨਿਆ ਤੇ ਰਾਤ ਦਿਨ ਨੱਠਿਆ ਹੀ ਤੁਰਿਆ ਜਾਂਦਾ ਹੈ ਕਾਬਲ ਨੂੰ।

***ਉਸੈ ਵਿਹਾਵੈ ਤੁਰਨ ਕੋ ਨਹਿ ਸੁਝੈ ਖਾਣਾ॥੨੦॥*** ਖਾਣਾਂ-ਪੀਣਾ ਭੁੱਲ ਗਿਆ ਜਿਸ ਦੇ ਪੁੱਤਰ ਮਾਰੇ ਗਏ, ਉਸ ਨੂੰ ਤਾਂ ਇਹ ਹੈ, ਕਿਵੇਂ ਕਾਬਲ ਅੱਪੜਾਂ ਜਾ ਕੇ ਸੁਨੇਹਾ ਦੇਵਾਂ ਬਾਬਰ ਨੂੰ। ੨੦।

***ਦੋਹਰਾ॥ ਜਹਿੰ ਸ੍ਰੀ ਸਤਿਗੁਰ ਤਪ ਕਰਤ ਊਪਰ ਬੈਠੇ ਰੋੜ॥*** ਇਹ ਰੋੜੀ ਸਾਹਿਬ ਗੁਰਦੁਆਰਾ ਹੈ, ਏਮਨਾਬਾਦ ਵਿਚ ਵੈਸਾਖੀ ਦਾ ਬੜਾ ਭਾਰੀ ਪੁਰਬ ਲਗਦਾ ਸੀ, ਉਥੇ ਜਿਥੇ ਗੁਰੂ ਨਾਨਕ ਸਾਹਿਬ ਜੀ ਰੋੜ ਵਿਛਾ ਕੇ ਉਸ ਦੇ ਉਪਰ ਤਪ ਕਰਦੇ ਸੀ ਬੈਠੇ। ਅਜੇ ਵੀ ਉਹ ਰੋੜ ਓਥੇ ਪਏ ਹਨ, ਜਿਵੇਂ ਸੁਲਤਾਨ ਪੁਰ ਵਿਚ ਵੱਟੇ ਪਏ ਹਨ।

***ਤ੍ਰਾਹਿ ਤ੍ਰਾਹਿ ਕਹਿ ਕਰ ਗਿਰਯੋ ਊਪਰ ਚਰਨਨ ਦੌੜ॥੨੧॥*** ਰੱਖ ਲਉ, ਰੱਖ ਲਉ, ਕਹਿ ਕੇ, ਦੌੜ ਕੇ ਦੌਲਤ ਖ਼ਾਂ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ 'ਤੇ ਜਾ ਡਿਗਿਆ ਹੈ। ੨੧।

***ਚੌਪਈ॥ ਥੇ ਸਤਿਗੁਰ ਸਭ ਜਾਣੀ ਜਾਣ॥*** ਸਤਿਗੁਰੂ ਜੀ ਤਾਂ ਅੰਤਰਜਾਮੀ ਸਨ, ਉਨ੍ਹਾਂ ਨੂੰ ਪਤਾ ਸੀ ਜੋ ਕਹਿਰ ਕੀਤਾ ਹੈ ਮੌਕੇ ਦੇ ਬਾਦਸ਼ਾਹ ਨੇ।

***ਉਸਕਾ ਰਖਣੇ ਖਾਤਰ ਮਾਣ॥*** ਫੇਰ ਵੀ ਸਤਿਗੁਰੂ ਜੀ ਨੇ ਉਸ ਦਾ ਮਾਣ ਰਖਣ ਵਾਸਤੇ।

***ਸਤਿਗੁਰ ਬਾਤ ਸਭੋ ਸੁਨ ਲਈ॥*** ਸਤਿਗੁਰੂ ਜੀ ਨੇ ਉਸ ਦੀਆਂ ਸਾਰੀਆਂ ਗੱਲਾਂ ਬੜੇ ਧਿਆਨ ਨਾਲ ਸੁਣੀਆਂ।

***ਸਭ ਹਕੀਕਤ ਦੌਲਤ ਕਹੀ॥੨੨॥*** ਸਾਰੀ (ਹਕੀਕਤ) ਸੱਚੀ-ਸੱਚੀ ਕਹਾਣੀ ਜੋ ਜ਼ੁਲਮ ਹੋਇਆ ਸੀ, ਉਸ ਦੇ ਪੁੱਤਰਾਂ 'ਤੇ ਇਉਂ ਕਹਿਰ ਕ਼ੀਤਾ ਬ੍ਰਹਮ ਖ਼ਾਂ ਬਾਦਸ਼ਾਹ ਨੇ, ਉਸ ਦੇ ਫਰਜ਼ੰਦਾਂ ਉਤੇ, ਦੌਲਤ ਖ਼ਾਂ ਨੇ ਦੱਸਿਆ ਹੈ। ੨੨।

***ਸੋ ਸੁਨ ਸਤਿਗੁਰ ਚੁਪ ਹ੍ਵੈ ਰਹਯੋ॥*** ਦੌਲਤ ਖ਼ਾਂ ਤੋਂ ਸਾਰਾ ਜ਼ੁਲਮ ਭਰਿਆ ਬਿਰਤਾਂਤ ਸੁਣ ਕੇ, ਸਤਿਗੁਰੂ ਜੀ ਚੁੱਪ ਕਰਕੇ ਬੈਠੇ ਰਹੇ।

***ਸ਼ਿਤਾਬੀ ਉੱਤਰ ਨਾਹਿਨ ਦਯੋ॥*** ਛੇਤੀ ਉੱਤਰ ਨਹੀਂ ਦਿੱਤਾ ਦੌਲਤ ਖਾਂ ਨੂੰ।

***ਤਬ ਦੌਲਤ ਫਿਰ ਮਿੰਨਤ ਕਰੀ॥*** ਤਦ ਫਿਰ ਦੌਲਤ ਖਾਂ ਮਿੰਨਤਾਂ ਕਰਨ ਲੱਗ ਪਿਆ ਹੈ, ਬੇਨਤੀਆਂ ਕਰਦਾ ਹੈ, ਸੁਣੋ ਮੇਰੀ ਅਰਜ਼, ਇਹ ਤੁਸੀਂ ਜੋ ਬਖ਼ਸ਼ਸ਼ ਕੀਤੀ ਸੀ, ਉਸ ਦੇ 'ਤੇ ਜ਼ੁਲਮ ਹੋਇਆ ਹੈ, ਮੇਰੇ ਪੁੱਤਰ ਮਾਰੇ ਗਏ ਨੇ ਮਹਾਰਾਜ! ਕ੍ਰਿਪਾ ਕਰੋ।

***ਸਿਰੋਂ ਲਾਹਿ ਪਗ ਚਰਨਨ ਧਰੀ॥੨੩॥*** ਦੌਲਤ ਖਾਂ ਨੇ ਆਪਣੀ ਪੱਗ ਲਾਹ ਕੇ ਸਤਿਗੁਰੂ ਜੀ ਦੇ ਚਰਨਾਂ 'ਤੇ ਰੱਖ ਦਿੱਤੀ ਹੈ, ਮਹਾਰਾਜ! ਲੱਜਿਆ ਰੱਖੋ, ਕਿਰਪਾ ਕਰੋ ਮੇਰੇ 'ਤੇ। ੨੩।

***ਮੈਂ ਸ਼ਰਨੀ ਤਬ ਪਰਿਓ ਆਇ॥*** ਮੈਂ ਤੇਰੀ ਸ਼ਰਨ ਆ ਪਿਆ ਹਾਂ, ਰੱਖ ਲਉ, ਬਖ਼ਸ਼ ਲਉ ਮੈਨੂੰ।

***ਭਾਵੈਂ ਮਾਰੋ ਭਾਵੈਂ ਜਿਵਾਇ॥*** ਭਾਵੇਂ ਮਰੋ ਭਾਵੇਂ ਜਿਉਂਦਾ ਰੱਖ ਲਉ, ਮੈਂ ਤਾਂ ਤੁਹਾਡੇ ਚਰਨਾਂ ਦਾ ਆਸਰਾ ਲਿਆ ਹੈ।

***ਬੈਰਨ ਮਾਰੇ ਸਿਖ ਤੁਹਾਰੇ॥*** ਮੇਰੇ ਪੁੱਤਰ ਜੋ ਤੁਹਾਡੇ ਸਿੱਖ ਸਨ, ਉਨ੍ਹਾਂ ਨੂੰ ਵੈਰੀਆਂ ਨੇ ਮਾਰ ਘੱਤਿਆ ਹੈ।

***ਤੁਮਰੇ ਆਗੇ ਹਮੈਂ ਪੁਕਾਰੇ॥੨੪॥*** ਸਾਡੀ ਤਾਂ ਤੁਹਾਡੇ-ਅੱਗੇ ਹੀ ਫ਼ਰਿਆਦ ਹੈ ਸੁਣੋ ਜੀ। ੨੪।

***ਤੁਮ ਕੋ ਹੈ ਸਿੱਖਨ ਕੀ ਲਾਜ॥*** ਜੇ ਤੁਹਾਡੇ ਸਿੱਖਾਂ 'ਤੇ ਜ਼ੁਲਮ ਹੁੰਦਾ ਹੈ ਤਾਂ ਮਹਾਰਾਜ ! ਤੁਹਾਨੂੰ ਹੀ ਲੱਜਿਆ ਹੈ, ਤੁਸੀਂ ਰੱਖਣਹਾਰ ਹੋ।

***ਪਠਾਣ ਉਠਾਵੈਂ ਹਿੰਦੁਨ ਰਾਜ॥*** ਸਾਰੇ ਹਿੰਦੋਸਤਾਨ ਵਿੱਚੋਂ ਪਠਾਣਾਂ ਦਾ ਰਾਜ ਚੁੱਕ ਦਿਓ।

***ਪਠਾਣ ਭਯੋ ਹੈ ਆਦਮ-ਖਾਣਾ॥*** ਲੋਦੀ ਪਠਾਣ ਤਾਂ ਹੁਣ ਆਦਮ ਖਾਣੇ ਹੋ ਗਏ ਹਨ, ਇਹ ਤਾਂ ਬੰਦਿਆਂ ਨੂੰ ਜਿਉਂਦਿਆਂ ਨੂੰ ਖਾਣ ਲੱਗ ਪਏ ਹਨ।

***ਦੂਰ ਕਰੋ ਪਤਿਸ਼ਾਹੀ ਪਠਾਣਾ॥੨੫॥*** ਲੋਦੀ ਪਠਾਣਾਂ ਦੀ ਪਾਤਸ਼ਾਹੀ ਹਿੰਦੋਸਤਾਨ ਤੋਂ ਦੂਰ ਕਰ ਦਿਉ, ਇਹਨਾਂ ਦੀ ਪਾਤਸ਼ਾਹੀ ਦਾ ਨਾਸ ਕਰ ਦਿਉ। ੨੫।

***ਦੋਹਰਾ॥ ਕਰੋ ਪਤਿਸ਼ਾਹੀ ਆਪ ਤੁਮ ਕੈ ਪੁਤ ਅਪਨੇ ਦੇਹੁ॥*** ਦੌਲਤ ਖ਼ਾਂ ਬੇਨਤੀਆਂ ਕਰਦਾ ਹੈ, ਮਹਾਰਾਜ! ਜਾਂ ਤਾਂ ਆਪ ਪਾਤਸ਼ਾਹੀ ਕਰੋ, ਆਪ ਤਖ਼ਤ 'ਤੇ ਬੈਠੋ ਜਾਂ ਆਪਣੇ ਸਪੁੱਤਰਾਂ ਨੂੰ ਦਿਉ ਪਾਤਸ਼ਾਹੀ ਹਿੰਦੋਸਤਾਨ ਦੀ।

***ਬਡੀ ਪਤਿਸ਼ਾਹੀ ਹਿੰਦ ਕੀ, ਘਰ ਅਪਨੇ ਰਖ ਲੇਹੁ॥੨੬॥*** ਇਹ ਵੱਡੀ ਪਾਤਸ਼ਾਹੀ ਹਿੰਦੁਸਤਾਨ ਦੀ ਹੈ, ਆਪਣੇ ਘਰ ਰੱਖ ਲਉ, ਮਹਾਰਾਜ !। ੨੬।

***ਸਤਿਗੁਰ ਕਹੀ ਸੁਨ ਦੌਲਤਾ ! ਪਤਿਸ਼ਾਹੀ ਅਸਾਂ ਨ ਲੋੜ॥*** ਸਤਿਗੁਰੂ ਨਾਨਕ ਸਾਹਿਬ ਉਸ ਦੀ ਸਾਰੀ ਗੱਲ ਸੁਣ ਕੇ ਕਹਿਣ ਲੱਗੇ, ਹੇ ਦੌਲਤ ਖ਼ਾਂ! ਸਾਨੂੰ ਐਹੋ ਜਿਹੀ ਪਾਤਸ਼ਾਹੀ ਦੀ ਕੋਈ ਲੋੜ ਨਹੀਂ ਹੈ।

***ਕਯਾ ਪਤਿਸ਼ਾਹੀ ਹਿੰਦ ਕੀ ਅਸਾਂ ਤਜੀ ਸੁ ਲਾਖ ਕਰੋੜ॥੨੭॥*** ਇਹ ਇਕੱਲੀ ਪਾਤਸ਼ਾਹੀ ਹਿੰਦੋਸਤਾਨ ਦੀ ਕੀ ਹੈ, ਅਸੀਂ ਤਾਂ ਸਾਰੇ ਸੰਸਾਰ ਦੀਆਂ ਲੱਖਾਂ ਕਰੋੜਾਂ ਪਾਤਸ਼ਾਹੀਆਂ ਤਿਆਗ ਦਿੱਤੀਆਂ ਹਨ, ਅਸੀਂ ਨਹੀਂ ਚਹੁੰਦੇ ਕੋਈ ਪਾਤਸ਼ਾਹੀ। ੨੭।

***ਚੌਪਈ॥ ਹਮ ਪਤਿਸ਼ਾਹੀ ਦੇਵਨ ਕਾਜ॥*** ਸਾਨੂੰ ਤਾਂ ਪਾਤਸ਼ਾਹੀ ਦਾ ਕਾਰਜ ਦੇਣ ਵਾਸਤੇ ਅੱਗੇ ਗਰੀਬਾਂ ਨੂੰ ਪਾਤਸ਼ਾਹੀਆਂ

ਦੇਣ ਵਾਸਤੇ।

***ਭੇਜਯੋ ਕਲਜੁਗ ਆਪ ਮਹਾਰਾਜ॥*** ਆਪ ਵਾਹਿਗੁਰੂ ਨਿਰੰਕਾਰ ਨੇ ਕਲਜੁਗ ਵਿਚ ਭੇਜਿਆ ਹੈ।

***ਅਸੀਂ ਜਾਣੇ ਬਹੁ ਯਾ ਮੈਂ ਦੁੱਖ॥*** ਕਿਉਂਕਿ ਅਸੀਂ ਤਾਂ ਜਾਣ ਲਿਆ ਹੈ, ਇਹਨਾਂ ਪਾਤਸ਼ਾਹੀਆਂ ਵਿੱਚ ਬੜੇ ਦੁਖ ਹਨ।

***ਹਰਿ ਕੀ ਭਗਤ ਮਾਂਹਿ ਬਹੁ ਸੁੱਖ॥੨੮॥*** ਪ੍ਰਮਾਤਮਾਂ ਦੀ ਭਗਤੀ ਵਿਚ, ਉਸ ਦਾ ਨਾਮ ਸਿਮਰਨ ਵਿਚ, ਸਾਨੂੰ ਤਾਂ ਬੜਾ ਸੁਖ ਅਨੰਦ ਹੈ। ੨੮।

***ਪੌੜੀ॥ ਸੋ ਪਤਿਸ਼ਾਹੀ ਤੁਮ ਕਹੈਂ ਕਿਆ ਅਬ ਮੈਂ ਲੇਊਂ॥*** ਉਹ ਪਾਤਸ਼ਾਹੀ ਜੋ ਤੂੰ ਕਹਿੰਦਾ ਹੈ, ਮੈਂ ਹੁਣ ਕੀ ਲੈਣੀ ਹੈ।

***ਪਹਿਲੇ ਛੋਡੀ ਫਿਰ ਲਈ ਜਗ ਚਟਕ ਲਗੇਊਂ॥*** ਗੁਰੂ ਜੀ ਕਹਿੰਦੇ ਸੰਸਾਰੀ ਲੋਕ ਕੀ ਕਹਿਣਗੇ, ਪਹਿਲਾਂ ਤਾਂ ਪਾਤਸ਼ਾਹੀਆਂ ਛੱਡ ਦਿੱਤੀਆਂ, ਮਹਾਰਾਜ ਨੇ ਹੁਣ ਆਪ ਹੀ ਲੈ ਲਈ ਹੈ, ਲੋਕੀਂ ਤਾਂ ਚਟਕਾਂ ਲਾਉਣਗੇ, ਲੋਕੀਂ ਤਾਂ ਚਟਕਾਂ ਲਾ ਲਾ ਕੇ ਗੱਲਾਂ ਕਰਨਗੇ।

***ਯੌ ਸੁਨ ਆਸ ਦੌਲਤ ਮਿਟੀ ਗੁਰ ਲੇਹਿਂ ਨ ਖਾਸਾ॥*** ਇਉਂ ਸੁਣ ਕੇ ਗੁਰੂ ਜੀ ਤੋਂ ਉੱਤਰ ਦੌਲਤ ਖ਼ਾਂ ਦੀ ਆਸ ਮਿਟ ਗਈ ਕਿ ਗੁਰੂ ਜੀ ਖਾਸ ਆਪ ਪਾਤਸ਼ਾਹੀ ਨਹੀਂ ਲੈਣਗੇ ਕਦੀ ਵੀ।

***ਬਾਰੰਬਾਰਹ ਕਹਨ ਕੀ ਤਜ ਦੀਨੀ ਆਸਾ॥੨੯॥*** ਸਤਿਗੁਰੂ ਜੀ ਨੂੰ ਬਾਰ-ਬਾਰ ਬੇਨਤੀ ਕਰਨ ਦੀ ਆਸ ਛੱਡ ਦਿੱਤੀ ਹੈ ਦੌਲਤ ਖ਼ਾਂ ਨੇ। ੨੯।

***ਦੋਹਰਾ॥ ਤੌ ਦੌਲਤ ਖਾਂ ਯੌਂ ਕਹਯੋ ਜੌ ਆਪ ਨ ਸ਼ਾਹੀ ਲੇਹੁ॥*** ਤਾਂ ਦੌਲਤ ਖ਼ਾਂ ਨੇ ਫੇਰ ਬਚਨ ਕੀਤਾ, ਮਹਾਰਾਜ ! ਜੇ ਆਪ ਪਾਤਸ਼ਾਹੀ ਨਹੀਂ ਲੈਣੀ ਚਹੁੰਦੇ ਹਿੰਦੋਸਤਾਨ ਦੀ।

***ਤੌ ਲੀਜੈ ਖੋਸ ਪਠਾਣ ਤੇ ਮੁਗਲਨ ਕੋ ਹੀ ਦੇਹੁ॥੩੦॥*** ਹੇ ਮਹਾਰਾਜ ! ਪਠਾਣਾਂ ਤੋਂ ਤਾਂ ਖੋਹ ਲਵੋ ਨਾ, ਭਾਵੇਂ ਮੁਗਲਾਂ ਨੂੰ ਹੀ ਦੇ ਦੇਵੋ ਪਾਤਸ਼ਾਹੀ। ੩੦।

***ਸੋਰਠਾ॥ ਮੈਂ ਤੇ ਬਚਨ ਕਰਾਹਿ ਬਖਸ਼ਾਵੈ ਸ਼ਾਹੀ ਮੁਗਲ॥*** ਸਾਹਿਬ ਜੀ ਕਹਿਣ ਲੱਗੇ, ਹੇ ਦੌਲਤ ਖ਼ਾਂ! ਤੂੰ ਸਾਡੇ ਤੋਂ ਬਚਨ ਕਰਵਾ ਕੇ ਮੁਗਲਾਂ ਨੂੰ ਪਾਤਸ਼ਾਹੀ ਬਖਸ਼ਸ ਕਰਵਾਉਣ ਲੱਗਾ ਹੈਂ।

***ਫੇਰ ਜੁ ਤੂੰ ਪਛੁਤਾਹਿਂ ਨਾਹ ਪਠਾਨਨ ਕੌ ਲਭੈ॥੩੧॥*** ਫੇਰ ਜੋ ਤੂੰ ਪਿੱਛੋਂ ਪਛਤਾਇਗਾ, ਤੈਨੂੰ ਹੁਣ ਦੱਸ ਦੇਈਏ, ਫੇਰ ਪਠਾਣਾਂ ਨੂੰ ਨਹੀਂ ਲੱਭਣੀ ਪਾਤਸ਼ਾਹੀ, ਫੇਰ ਦੋਬਾਰਾ ਨਹੀਂ ਮਿਲੇਗੀ ਤੁਹਾਨੂੰ ਪਠਾਣਾਂ ਨੂੰ। ੩੧।

***ਚੌਪਈ॥ ਤੌ ਦੌਲਤ ਯੌ ਹੀ ਮੰਨ ਲਯੋ॥*** ਤਾਂ ਦੌਲਤ ਖ਼ਾਂ ਨੇ ਇਉ ਮੰਨ ਲਿਆ, ਜਿਵੇਂ ਗੁਰੂ ਸਾਹਿਬ ਜੀ ਨੇ ਕਿਹਾ ਹੈ।

***'ਹਿੰਦੂ ਪਠਾਣਨ ਫੇਰ ਨ ਦਯੋ॥*** ਹਿੰਦੋਸਤਾਨ ਦੀ ਪਾਤਸ਼ਾਹੀ ਪਠਾਣਾਂ ਨੂੰ ਫਿਰ ਨਾ ਦਿਉ, ਮੈਨੂੰ ਪ੍ਰਵਾਣ ਹੈ।

***ਪਠਾਣਨ ਤੇ ਅਬ ਜਾਇ ਪਤਿਸ਼ਾਹੀ॥*** ਕਿਰਪਾ ਕਰੋ, ਹੁਣ ਪਠਾਣਾਂ ਤੋਂ ਪਾਤਸ਼ਾਹੀ ਚਲੀ ਜਾਇ, ਇਹਨਾਂ ਲੋਦੀ ਪਠਾਣਾਂ ਕੋਲ ਨਾ ਰਹਿ ਜਾਵੇ।

***ਭਾਵੈਂ ਫੇਰ ਸੁ ਆਵੈ ਨਾਹੀਂ॥ ੩੨॥*** ਫਿਰ ਭਾਵੇਂ ਪਠਾਣਾਂ ਦੇ ਕੋਲ ਨਾ ਹੀ ਆਵੇ, ਪਾਤਸ਼ਾਹੀ ਇਹਨਾਂ ਤੋਂ ਇਕ ਵਾਰੀ ਖੋਹ ਲਵੋ। ੩੨।

***ਮੇਰੇ ਮਨ ਮੈਂ ਯਾਹੀ ਚਾਹ॥*** ਮੇਰੀ ਮਨ ਦੀ ਇਹੋ ਹੀ ਇੱਛਾ ਹੈ ਕਿ ਪਠਾਣਾਂ ਦੀ ਪਾਤਸ਼ਾਹੀ ਖੋਹ ਲੈਣੀ ਕਰੋ।

***ਮੋ ਸਿਖ ਜਾਣੋਂ ਦੇਹੁ ਪੁਜਾਇ॥*** ਮੈਨੂੰ ਆਪਣਾ ਸਿੱਖ ਜਾਣ ਕੇ ਇਹ ਮੇਰੀ ਆਸਾ ਪੂਰਨ ਕਰ ਦਿਉ, ਪਠਾਣਾਂ ਤੋਂ ਰਾਜ ਖੋਹ ਲਵੋ, ਦੌਲਤ ਖ਼ਾਂ ਬੇਨਤੀ ਕਰਦਾ ਹੈ।

***ਸਤਿਗੁਰ ਕਹਯੋ ਯੌਂ ਹੀ ਹੋ ਜਾਇ॥*** ਸਤਿਗੁਰੂ ਜੀ ਨੇ ਬਚਨ ਕਰ ਦਿੱਤਾ ਦੌਲਤ ਖ਼ਾਂ ਇਵੇਂ ਹੀ ਹੋ ਜਾਇਗਾ।

***ਪਛਤਾਵੇਂਗਾ ਤੂੰ ਫਿਰ ਆਇ॥੩੩॥*** ਮੁਗਲਾਂ ਨੂੰ ਤਾਂ ਤੂੰ ਪਾਤਸ਼ਾਹੀ ਬਖ਼ਸ਼ਾ ਰਿਹਾ ਹੈਂ ਪਰ ਫੇਰ ਬਾਅਦ ਵਿਚ ਆ ਕੇ

ਪਛਤਾਇਂਗਾ ਤੂੰ, ਜਦੋਂ ਮੁਗਲ ਪਠਾਣਾਂ 'ਤੇ ਜ਼ੁਲਮ ਕਰਨਗੇ। ੩੩।

***ਸੋ ਤੂੰ ਤੁਰ ਚਲ ਕਾਬਲ ਰਾਹਿ॥*** ਸੋ ਤੂੰ ਹੁਣ ਕਾਬਲ ਦੇ ਰਸਤੇ ਨੂੰ ਤੁਰ ਚਲ ਛੇਤੀ ਨਾਲ।

***ਬਾਬਰ ਕੋ ਲੈ ਆਉ ਚੜ੍ਹਾਇ॥*** ਬਾਬਰ ਨੂੰ ਹਿੰਦੋਸਤਾਨ 'ਤੇ ਚੜ੍ਹਾ ਕੇ ਲੈ ਆਓ।

***ਜੌ ਉਸ ਕੋ ਹੈ ਹਿੰਦ ਕੀ ਚਾਹਿ॥*** ਜੇ ਉਸ ਨੂੰ ਹਿੰਦੋਸਤਾਨ ਦੀ ਬਾਦਸ਼ਾਹੀ ਦੀ ਇੱਛਾ ਹੈ।

***ਅਸਾਂ ਨਾਲ ਬਾਤ ਕਰੇ ਸੁ ਆਇ॥੩੪॥*** ਤਾਂ ਸਾਡੇ ਨਾਲ ਆ ਕੇ ਗੱਲ ਕਰੇ। ੩੪।

***ਜੇ ਹਮ ਸੌਂ ਵਹ ਕਰੈ ਨ ਮੀਜਾ॥*** ਜੇ ਉਹ ਸਾਡੇ ਨਾਲ ਨਾ ਸਲਾਹ ਮਸਵਰਾ ਕਰੇਗਾ।

***ਉਸ ਪਰ ਔਰ ਚੜ੍ਹਾਵੈਂ ਤੀਜਾ॥*** ਫੇਰ ਉਸ ਦੇ ਉਤੇ ਕਿਸੇ ਹੋਰ ਤੀਜੇ ਦੀ ਚੜ੍ਹਾਈ ਕਰਾ ਦਿਆਂਗੇ, ਕਿਸੇ ਤੀਜੇ ਨੂੰ ਹੋਰ ਨੂੰ ਪਾਤਸ਼ਾਹੀ ਦੇ ਦੇਵਾਂਗੇ।

***ਯੌ ਸੁਨ ਦੌਲਤ ਬਹੁ ਖੁਸ਼ ਭਯੋ॥*** ਸਤਿਗੁਰ ਤੋਂ ਇਹ ਬਚਨ ਸੁਣ ਕੇ ਦੌਲਤ ਖ਼ਾਂ ਬੜਾ ਪ੍ਰਸ਼ੰਨ ਹੋਇਆ ਹੈ।

***ਜੈਸੇ ਖੁਸ਼ੀ ਹੋਤ ਸੁਤ ਜਯੋ॥੩੫॥*** ਜਿਵੇਂ ਕਿਸੇ ਨੂੰ ਆਪਣੇ ਪੁੱਤਰ ਜਨਮੇ ਤੋਂ ਖੁਸ਼ੀ ਹੁੰਦੀ ਹੈ, ਇਉਂ ਖੁਸ਼ੀ ਹੋ ਗਈ ਹੈ, ਦੌਲਤ ਖ਼ਾਂ ਨੂੰ। ੩੫।

***ਦੋਹਰਾ॥ ਜਿਸ ਦਿਨ ਦੁਸ਼ਮਨ ਸਰ ਹੋਵੈ ਅਰ ਪਰੈ ਦੁਕਾਲੇ ਮੀਂਹ॥*** ਜਿਸ ਦਿਨ ਕਿਸੇ ਦੀ ਦੁਸ਼ਮਣ 'ਤੇ ਫਤ੍ਹੇ ਹੋ ਜਾਵੇ ਅਤੇ (ਦੁਕਾਲੇ) ਕਾਲ ਪਏ ਤੋਂ ਮੀਂਹ ਪੈ ਜਾਵੇ, ਜਿਵੇਂ ਉਦੋਂ ਖੁਸ਼ੀ ਹੁੰਦੀ ਹੈ।

***ਨਿਪੁੱਤ੍ਰੇ ਪੁਤ੍ਰ ਹੋਇ ਜਿਮ ਤਿਮ ਦੌਲਤ ਚਿਤ ਸੀਤਲੀਹ॥੩੬॥*** (ਨਿਪੁੱਤ੍ਰੇ) ਜਿਸ ਦੇ ਪੁੱਤਰ ਨਾ ਹੋਵੇ, ਉਸ ਦੇ ਪੁੱਤਰ ਹੋ ਜਾਵੇ, ਜਿਵੇਂ ਉਨ੍ਹਾਂ ਦਾ ਮਨ ਸੀਤਲ ਹੋ ਜਾਂਦਾ ਹੈ, ਦੌਲਤ ਖ਼ਾਂ ਦਾ ਮਨ ਇਉਂ ਸੀਤਲ ਹੋ ਗਿਆ ਹੈ, ਸਾਂਤੀ ਆ ਗਈ ਹੈ ਕਿ ਮੈਂ ਪੁੱਤਰਾਂ ਦਾ ਬਦਲਾ ਵੀ ਲੈ ਲਿਆ ਹੈ ਤੇ ਪਠਾਣਾਂ ਦੀ ਬਾਦਸ਼ਾਹੀ ਵੀ ਗੁਆ ਦਿੱਤੀ ਹੈ, ਉਹ ਵੀ ਨਹੀਂ ਰਹੇਗੀ ਇਹਨਾਂ ਦੇ ਕੋਲ। ੩੬।

***ਚੌਪਈ॥ ਤਬ ਦੌਲਤ ਕਾਬਲ ਰਾਹ ਪਰਯੋ॥*** ਤਦੋਂ ਸਤਿਗੁਰਾਂ ਦੇ ਹੁਕਮ ਨਾਲ ਦੌਲਤ ਖ਼ਾਂ ਕਾਬਲ ਦੇ ਰਾਹ ਪੈ ਗਿਆ ਹੈ।

***ਭੇਖ ਫਕੀਰੀ ਕਰ ਰਾਹੁ ਤੁਰਯੋ॥*** ਫਕੀਰਾਂ ਵਾਲਾ ਭੇਖ ਕਰਕੇ ਕਾਬਲ ਦੇ ਰਾਹ ਤੁਰ ਪਿਆ ਹੈ।

***ਥੇ ਰਾਹੁ ਰੁਕਾਏ ਬ੍ਰਹਮੇਂ ਸ਼ਾਹਿ॥*** ਬ੍ਰਹਮ ਖ਼ਾਂ ਬਾਦਸ਼ਾਹ ਨੇ ਕਾਬਲ ਦੇ ਰਾਹ ਰੋਕ ਲਏ ਸਨ, ਕਿ ਪਤਾ ਕਰੋ ਉਸ ਦਾ ਕਿਤੇ ਕਾਬਲ ਦੇ ਰਾਹ ਨਾ ਨਿੱਕਲ ਜਾਂਦਾ ਹੋਵੇ।

***ਦੌਲਤ ਪੁਜੈ ਨ ਕਾਬਲ ਰਾਹਿ॥੩੭॥*** ਦੌਲਤ ਖ਼ਾਂ ਕਾਬਲ ਦੇ ਰਸਤੇ ਨਾ ਓਥੇ ਪੁੱਜ ਜਾਵੇ, ਬਾਬਰ ਕੋਲ। ੩੭।

***ਛਡ ਵੈ ਰਾਹਿ ਅਵਰ ਰਾਹਿ ਪਰਯੋ॥*** ਉਸ ਨੇ ਉਹ ਰਾਹ ਹੀ ਛੱਡ ਦਿੱਤਾ, ਉਹ ਛੱਡ ਕੇ ਹੋਰ ਰਾਹ ਫੜ ਲਿਆ ਹੈ, ਦੌਲਤ ਖ਼ਾਂ ਨੇ।

***ਰਾਹੁ ਕੁਰਾਹੇ ਕਾਬਲ ਬਰਯੋ॥*** ਰਾਹੋਂ ਕੁਰਾਹ ਹੋ ਕੇ ਭਾਵ ਦੂਸਰੇ ਰਾਹ ਉਲਟੇ ਰਾਹ ਪੈ ਕੇ ਕਾਬਲ ਜਾ ਵੜਿਆ ਹੈ ਲੁਕ ਛਿਪ ਕੇ।

***ਊਹਾਂ ਭੇਸ ਪੁਨ ਅਪਨੌ ਕਰਯੋ॥*** ਇਸ ਤਰ੍ਹਾਂ ਫਕੀਰ ਬਣ ਕੇ ਜਦੋਂ ਕਾਬਲ ਜਾ ਵੜਿਆ ਹੈ ਦੌਲਤ ਖ਼ਾਂ, ਓਥੇ ਜਾ ਉਸ ਨੇ ਫਿਰ ਆਪਣਾ ਸ਼ਾਹੀ ਭੇਸ ਕਰ ਲਿਆ ਹੈ। ਦੇਥੋਂ ਦੇ ਹਾਕਮ ਵਾਲੀ ਜੋ ਵਰਦੀ ਸੀ ਉਹ ਪਾ ਲਈ ਉਸ ਨੇ।

***ਜਾਇ ਦੇਸ਼ ਬਾਬਰ ਕੇ ਵਰਯੋ॥੩੮॥*** ਬਾਬਰ ਦੇ ਦੇਸ਼ ਕਾਬਲ ਵਿਚ ਜਾ ਵੜਿਆ ਹੈ ਦੌਲਤ ਖ਼ਾਨ। ੩੮।

***ਤਿਹ ਬਾਬਰ ਸੌਂ ਮਿਲਨ ਨ ਹੋਈ॥*** ਉਥੇ ਬਾਬਰ ਨਾਲ ਮੁਲਾਕਾਤ ਨਾ ਹੋਵੇ, ਪਾਤਸ਼ਾਹ ਨੂੰ ਮਿਲਣਾ ਕਿਹੜਾ ਸੌਖਾ ਹੁੰਦਾ, ਖ਼ਬਰੇ ਕੋਈ ਕਿਵੇਂ ਆਉਂਦਾ ਹੈ, ਸਭ ਗੱਲਾਂ ਦੱਸ ਕੇ ਫਿਰ ਜਾ ਕੇ ਮਿਲਣਾ ਪੈਂਦਾ ਹੈ, ਸੋ ਇਸ ਤਰ੍ਹਾਂ ਮੇਲ ਹੀ ਹੋਵੇ, ਮੁਲਾਕਾਤ ਕੋਈ ਨਾ ਕਰਨ ਦੇਵੇ।

***ਸਤਿਗੁਰ ਓਨ ਧਿਆਏ ਤੋਈ॥*** ਫੇਰ ਸਤਿਗੁਰ ਦੇ ਚਰਨਾਂ ਵਿਚ ਬੇਨਤੀ ਕੀਤੀ ਹੈ, ਮਹਾਰਾਜ ! ਜੇ ਕਾਬਲ ਪਹੁੰਚਾ ਦਿੱਤਾ ਹੈ, ਤਾਂ ਫਿਰ ਹੁਣ ਮਿਲਾਪ ਵੀ ਕਰਵਾ ਦਿਉ, ਜਦੋਂ ਅਰਦਾਸ ਬੇਨਤੀ ਕੀਤੀ ਦੌਲਤ ਖ਼ਾਂ ਨੇ।

***ਤੁਰਤ ਬਾਬਰ ਸੌਂ ਮਿਲਨੌਂ ਭਯੋ॥*** ਤੁਰਤ-ਫੁਰਤ ਉਦੋਂ ਹੀ ਬਾਬਰ ਨਾਲ ਮੁਲਾਕਾਤ ਹੋ ਗਈ, ਉਦੋਂ ਹੀ ਲੈ ਗਏ ਬੁਲਾ ਕੇ ਦੌਲਤ ਖ਼ਾਂ ਨੂੰ।

***ਜਬ ਸਤਿਗੁਰ ਕੋ ਧਯਾਵਤ ਭਯੋ॥੩੯॥*** ਜਦੋਂ ਸਤਿਗੁਰੂ ਨੂੰ ਧਿਆਇਆ ਹੈ ਸੱਚੇ ਪਾਤਸ਼ਾਹ ਨੂੰ। ੩੯।

***ਹਿੰਦ ਹਵਾਲ ਉਨ ਸਭ ਸੁਨ ਲਯੋ॥*** ਬਾਬਰ ਨੇ ਹਿੰਦੁਸਤਾਨ ਦੀ ਸਾਰੀ ਖਬਰ ਸੁਣ ਲਈ, ਜੋ-ਜੋ ਏਥੇ ਬੀਤਿਆ ਸੀ, ਜਿਸ ਤਰ੍ਹਾਂ ਉਹ ਗਿਆ ਸੀ, ਸਾਰੇ ਹਾਲਾਤ ਦੱਸ ਦਿੱਤੇ।

***ਦੌਲਤ ਖਾਂ ਕੋ ਆਦਰ ਕਯੋ॥*** ਦੌਲਤ ਖ਼ਾਂ ਦਾ ਆਦਰ ਕੀਤਾ ਬਾਬਰ ਨੇ, ਸਤਿਕਾਰ ਕੀਤਾ ਹਾਕਮ ਜਾਣ ਕੇ।

***ਦੌਲਤ ਦਿੱਲੀ ਭੇਤ ਬਤਾਯੋ॥*** ਦੌਲਤ ਖ਼ਾਂ ਨੇ ਦਿੱਲੀ ਦਾ ਸਾਰਾ ਭੇਤ ਦੱਸ ਦਿੱਤਾ ਹੈ।

***ਫੌਜ ਜੋਰ ਕਰ ਗਿਣੌਂ ਸੁਨਾਯੋ॥੪੦॥*** ਅਤੇ ਸਾਰੇ ਜੋੜ ਕਰਕੇ, ਕਿਹੜਾ-ਕਿਹੜਾ ਉਸ ਦੇ ਨਾਲ ਹੈ, ਕਿਹੜਾ ਖਿਲਾਫ ਹੋ ਗਿਆ ਹੈ, ਉਸ ਨੇ ਕੀ-ਕੀ ਜ਼ੁਲਮ ਕੀਤੇ ਨੇ ਕਿਸ ਦੇ ਨਾਲ। ਹੁਣ ਉਸ ਦੇ ਨਾਲ ਕੋਈ ਫ਼ੌਜਦਾਰ ਨਹੀਂ, ਕੋਈ ਹਾਕਮ ਨਹੀਂ, ਕੋਈ ਸੂਬਾ ਨਹੀਂ। ਉਸ ਨੇ ਇਉ ਜੋੜ ਲਾ-ਲਾ ਕੇ ਦੱਸੇ, ਦੱਸ ਉਸ ਦੇ ਕੋਲ ਕੀ ਹੈ ਹੁਣ। ਕਿ ਜਿੰਨੀ ਫ਼ੌਜ ਸੀ ਉਸ ਦੇ ਕੋਲ, ਜਿੰਨੀ ਸ਼ਾਹੀ ਸੀ, ਉਹ ਸਭ ਖ਼ਤਮ ਹੋ ਗਈ ਹੈ। ਹੁਣ ਉਸ ਦੀ ਕੋਈ ਸਹਾਇਤਾ ਨਹੀਂ ਕਰਦਾ, ਜਦੋਂ ਸਾਰਾ ਭੇਤ ਦੱਸਿਆ ਬਾਬਰ ਨੂੰ। ੪੦।

***ਸੂਬੇ ਅਗਲੇ ਦਏ ਮ੍ਰਵਾਇ॥*** ਪਹਿਲੇ ਸੂਬੇ ਜਿਹੜੇ ਸੀ, ਉਸ ਦੇ ਸੀ ਕੋਲ, ਉਹ ਤਾਂ ਸਾਰੇ ਇਹਨੇ ਮਰਵਾ ਹੀ ਦਿੱਤੇ ਨੇ, ਉਹਨਾਂ ਵਿੱਚੋਂ ਤਾਂ ਹੈ ਹੀ ਕੋਈ ਨਹੀਂ।

***ਨਏ ਬਾਲਕ ਦਏ ਸੂਬੇ ਠਗਾਇ॥*** ਨਵੇਂ ਬੱਚੇ ਜਿਹੜੇ ਸਨ, ਉਹ ਸੂਬੇਦਾਰ ਬਣਾ ਦਿੱਤੇ ਨੇ, ਪੁਰਾਣਾ ਸੂਰਵੀਰ ਕੋਈ ਨਹੀਂ ਰਹਿ ਗਿਆ।

***ਉਨ ਤੇ ਬੰਦੋਬਸਤ ਨ ਹੋਇ॥*** ਉਹਨਾਂ ਨਵੇਂ ਸੂਬੇਦਾਰਾਂ ਤੋਂ ਮੁਲਕ ਦਾ ਕੋਈ ਪ੍ਰਬੰਧ ਨਹੀਂ ਹੁੰਦਾ ਹੈ।

***ਬਦੀ ਲਗਾਵਨ ਅਗਲਨ ਸੋਇ॥ ੪੧॥*** ਕਿਉਂਕਿ ਜਿਹੜੇ ਪਹਿਲੇ ਹਾਕਮ ਸਨ, ਜਿਨ੍ਹਾਂ ਦੀ ਮਸ਼ਹੂਰੀ ਸੀ, ਬੜੇ-ਬੜੇ ਜੋਧੇ ਸਨ, ਉਹਨਾਂ ਦੇ ਸਿਰ ਬਦੀਆਂ ਲਗਾਈਆਂ, ਉਹਨਾਂ ਦੇ ਸਿਰ ਦੋਸ਼ ਲਗਾ ਕੇ ਉਹ ਰਾਜ ਤੋਂ ਬਾਹਰ ਕਰ ਦਿੱਤੇ ਗਏ ਨੇ। ੪੧।

***ਦੋਹਰਾ॥ ਦੀਨੇ ਉਨ ਵਡ ਮਾਰ ਸਭ ਸੂਬੇ ਔਰ ਬਜੀਰ॥*** ਉਸ ਬੈਰਮ ਖ਼ਾਂ ਨੇ ਜਿੰਨੇ ਵੱਡੇ ਵੱਡੇ ਸੂਬੇਦਾਰ, ਵਜ਼ੀਰ ਜਾਂ ਜੋਧੇ ਸੂਰਮੇ ਸਨ, ਉਹ ਸਭ ਮਰਵਾ ਦਿੱਤੇ ਹਨ।

***ਬਾਲਕ ਮੂੜ੍ਹ ਗਵਾਰ ਜੇ ਜੇਤੇ ਕੀਏ ਅਮੀਰ॥ ੪੨॥*** ਜਿੰਨੇ ਵੀ ਮੂਰਖ, ਬੇਸਮਝ ਕੱਚੀ ਉਮਰ ਦੇ ਬੱਚੇ ਸਨ, ਉਹ ਸਾਰੇ ਅਮੀਰ ਬਣਾ ਦਿੱਤੇ, ਉਹ ਸਾਰੇ ਸੂਬੇਦਾਰ, ਵਜ਼ੀਰ ਬਣਾ ਲਏ। ੪੨।

***ਚੌਪਈ॥ ਜੋ ਕੋ ਬਚਿਓ ਹੈ ਅਬ ਤਾਈਂ॥*** ਦੌਲਤ ਖ਼ਾਂ ਕਾਬਲ ਦੇ ਬਾਦਸ਼ਾਹ ਨੂੰ ਦਸਦਾ ਹੈ ਜੇ ਕੋਈ ਹੁਣ ਤੱਕ ਬਚਿਆ ਰਹਿ ਗਿਆ ਹੈ, ਬੈਰਮ ਖ਼ਾਂ ਤੋਂ।

***ਤਾਂ ਕੋ ਆਸਾ ਜੀਵਨ ਨਾਹੀਂ॥*** ਉਸ ਨੂੰ ਜਿਉਣ ਦੀ ਆਸ ਹੀ ਕੋਈ ਨਹੀਂ ਹੈ, ਉਸ ਨੂੰ ਮੌਤ ਸਾਮ੍ਹਣੇ ਦਿਸ ਰਹੀ ਹੈ, ਮੇਰੇ 'ਤੇ ਕੋਈ ਬਦੀ ਲਾ ਕੇ ਮੈਨੂੰ ਵੀ ਮਰਵਾ ਦੇਵੇਗਾ।

***ਕਿਯੇ ਰਜਵਾਰੇ ਸਭ ਦਿਲਗੀਰ॥*** ਜਿਹੜੇ (ਰਜਵਾੜੇ) ਛੋਟੇ-ਛੋਟੇ ਰਾਜੇ ਸਨ, ਇਹ ਵੀ ਦਿਲਗੀਰ ਕਰ ਛੱਡੇ, ਇਹਨਾਂ ਕੋਲ ਵੀ ਕੋਈ ਤਾਕਤ ਨਹੀਂ ਛੱਡੀ ਹੈ, ਇਨ੍ਹਾਂ 'ਤੇ ਵੀ ਜ਼ੁਲਮ ਕੀਤਾ ਹੈ ਧੱਕਾਸ਼ਾਹੀ ਕਰਨ ਕਰਕੇ ਇਹ ਸਭ ਨਿਰਾਸ਼

ਹੋ ਗਏ ਨੇ, ਇਹ ਸਭ ਪਿੱਛੇ ਹਟ ਗਏ ਨੇ।

***ਮ੍ਰਹੱਟੇ ਦੱਖਣੀ ਕੀਏ ਤਗੀਰ॥ ੪੩॥*** ਅਤੇ ਦੱਖਣ ਦੇ ਮਰਹੱਟੇ ਹਨ, ਉਹ ਵੀ ਇਸ ਨੇ (ਤਗੀਰ) ਤੰਗ ਕਰ ਦਿੱਤੇ ਹਨ, ਉਹ ਵੀ ਬੇ-ਆਸ ਹੋ ਗਏ ਨੇ, ਪਤਾ ਨਹੀਂ ਇਹ ਜ਼ੁਲਮੀਂ ਸਾਡੇ ਨਾਲ ਕੀ ਕਰ ਗੁਜਾਰੇਗਾ, ਇਉਂ ਸਾਰਾ ਦੇਸ਼ ਹੀ ਇਸ ਤੋਂ ਅਲਹਿਦਾ ਹੋ ਗਿਆ ਹੈ। ੪੩।

***ਉਸ ਪੈ ਥੋ ਇਕ ਭੋਵੋ ਪ੍ਰਧਾਨ॥*** ਉਸ ਦੇ ਪਾਸ ਇੱਕ (ਭੋਵੋ) ਰਾਇ ਭੋਏ ਪ੍ਰਧਾਨ ਮੰਤ੍ਰੀ ਸੀ, ਵਜ਼ੀਰੇ-ਆਜ਼ਮ ਸੀ।

***ਅਕਲਦਾਰ ਥੋ ਬਡੋ ਸੁਜਾਨ॥*** ਇਹ ਬੜਾ ਹੀ ਸਿਅੱਾਣਾ ਅਤੇ ਅਕਲਮੰਦ ਸੀ।

***ਜਬ ਦੇਖੇ ਉਨ ਮਰੇ ਅਮੀਰ॥*** ਜਦੋਂ ਉਸ ਰਾਇ ਭੋਇ ਨੇ ਦੇਖਿਆ ਬੜੇ-ਬੜੇ ਅਮੀਰ ਸੂਰਮੇ ਇਸ ਨੇ ਮਰਵਾ ਦਿੱਤੇ ਬਿਨਾਂ ਕਸੂਰ ਤੋਂ।

***ਹੋਤ ਕੰਮ ਉਨ ਲਖਯੋ ਤਗੀਰ॥ ੪੪॥*** ਜੋ ਉਸ ਨੇ ਵੇਖਿਆ ਕੰਮ ਤਾਂ ਸਾਰਾ ਹੀ ਖ਼ਰਾਬ ਹੋ ਚਲਿਆ, ਪਾਤਸ਼ਾਹੀ ਦਾ ਢਾਂਚਾ ਹੀ ਢਿੱਲਾ ਹੋ.ਗਿਆ ਸਾਰਾ। ੪੪।

***ਓਸੈ ਭਲੇ ਕੀ ਆਖੀ ਬਾਤ॥*** ਉਸ ਨੇ ਬਾਦਸ਼ਾਹ ਦੇ ਭਲੇ ਦੀ ਗੱਲ ਆਖੀ ਸੀ, ਇਸ ਨੂੰ ਮੱਤ ਦਿੱਤੀ ਸੀ, ਸਿਆਣੀ ਗੱਲ ਕਹਿ ਕੇ।

***ਬਡੇ ਕੰਮ ਨਹਿੰ ਛੋਟੇ ਕਰਾਤ॥*** ਉਸ ਨੂੰ ਇਹ ਸਮਝਾਇਆ ਸੀ ਕਿ ਵੱਡੇ ਪੁਰਸ਼ਾਂ ਦੇ ਕੰਮ ਇਹ ਛੋਟੇ ਪੁਰਸ਼ ਨਹੀਂ ਕਰ ਸਕਦੇ, ਇਹਨਾਂ ਨੂੰ ਨਹੀਂ ਪਤਾ ਹੈ, ਕਿਵੇਂ ਕਰਨਾ ਹੈ ਬੰਦੋਬਸਤ ਏਸ ਵਾਸਤੇ, ਬਾਦਸ਼ਾਹ ! ਤੂੰ ਵੱਡਿਆਂ ਨੂੰ ਨਾ ਮਾਰ। ਇਨ੍ਹਾਂ ਨੂੰ ਨਾਂ ਕੱਢ ਰਾਜ ਵਿੱਚੋਂ, ਇਹਨਾਂ ਬੱਚਿਆਂ ਨੂੰ ਰਹਿਣ ਦੇ ਪਰ੍ਹੇ, ਤਾਂ ਉਸ ਨੇ ਗੁੱਸਾ ਮੰਨਿਆ ਸੀ ਇਸ ਗੱਲਾ ਦਾ।

***ਮਾਰੇ ਬਡੇ ਚਹਿਯ ਨ ਸੂਰੇ॥*** ਵੱਡੇ-ਵੱਡੇ ਸੂਰਵੀਰਾਂ ਨੂੰ ਮਾਰਨਾਂ ਨਹੀਂ ਚਾਹੀਦਾ, ਸਗੋਂ ਉਨ੍ਹਾਂ ਦੀ ਰੱਖਿਆ ਕਰਨੀ ਚਾਹੀਦੀ ਹੈ।

***ਛੋਟੇਂ ਕਰੇਂ ਨ ਬਡੇ ਕੰਮ ਪੂਰੇ॥ ੪੫॥*** ਕਿਉਂ ਵੱਡਿਆਂ ਪੁਰਸ਼ਾਂ ਦੇ ਵੱਡੇ ਕੰਮ ਛੋਟੇ ਪੁਰਸ਼ ਨਹੀਂ ਕਰ ਸਕਦੇ, ਉਹ ਉਹਨਾਂ ਦੀ ਘਾਟ ਨਹੀਂ ਪੂਰੀ ਕਰ ਸਕਦੇ। ੪੫।

## ਸਾਖੀ ਸਤਿਸਯੇ ਕਾ॥

***ਦੋਹਰਾ॥ ਕੈਸੇ ਛੋਟੇ ਨਰਨ ਤੈ ਸਰੇ ਬਡਨ ਕੋ ਕਾਮ॥*** ਕਹਿੰਦੇ ਛੋਟੇ ਪੁਰਸ਼ਾਂ ਤੋਂ ਵੱਡੇ ਪੁਰਸ਼ਾਂ ਦਾ ਕੰਮ ਕਿਵੇਂ ਪੂਰਾ ਹੋ ਸਕਦਾ ਹੈ, ਛੋਟੇ ਨਹੀਂ ਉਹ ਕਰ ਸਕਦੇ।

***ਮੜ੍ਹਯੋ ਦਮਾਮੇ ਜਾਤ ਕਬ ਸੌ ਚੂਹੇ ਕੇ ਚਾਮ॥੪੬॥*** ਤਾਂ ਉੱਤਰ ਦਿੱਤਾ ਹੈ ਕਿ ਝੋਟਾ ਤਾਂ ਇੱਕ ਮਰਿਆ ਹੋਵੇ, ਤਾਂ ਨਗਾਰਾ ਮੜ੍ਹਿਆ ਜਾਂਦਾ ਹੈ ਤੇ ਜੇ ਸੌ ਚੂਹੇ ਦਾ ਚੰਮ ਇਕੱਠਾ ਕਰੀਏ ਕਦੇ ਨਗਾਰਾ ਮੜ੍ਹਿਆ ਜਾ ਸਕਦਾ? ਉਸ ਦਾ ਨਗਾਰਾ ਮੜ੍ਹਿਆ ਹੀ ਨਹੀਂ ਜਾ ਸਕਦਾ, ਭਾਏਂ ਝੋਟੇ ਦੀ ਥਾਂ 'ਤੇ ਸੌ ਚੂਹੇ ਦਾ ਚੰਮੜਾ ਇਕੱਠਾ ਕਰ ਲਵੇਂ ਮਾਰ ਕੇ। ਇਸੇ ਤਰ੍ਹਾਂ ਛੋਟੇ ਚੂਹਿਆਂ ਵਰਗੇ ਜਿਹੜੇ ਬੰਦੇ ਨੇ, ਛੋਟੀ ਅਕਲ ਦੇ ਮਾਲਕ ਨੇ, ਉਹ ਵੱਡਾ ਕਾਰਜ ਨਹੀਂ ਕਰ ਸਕਦੇ। ਉਹ ਵੱਡਿਆਂ ਦੀ ਥਾਂ ਪੂਰੀ ਨਹੀਂ ਕਰ ਸਕਦੇ, ਇਉਂ ਪ੍ਰਮਾਣ ਦਿੱਤਾ ਹੈ, ਭਾਈ ਰਤਨ ਸਿੰਘ ਜੀ ਦਸਦੇ ਨੇ ਕਿ ਇਉਂ ਜਦੋਂ ਸਾਰੀ ਗੱਲ ਦੱਸੀ ਬਾਦਸ਼ਾਹ ਨੂੰ ਦੌਲਤ ਖ਼ਾਂ ਨੇ। ੪੬।

***ਚੌਪਈ॥ ਯੌ ਸੁਨ ਭੋਯੋ ਮਾਰ ਗਵਾਏ॥*** ਜਦੋਂ ਉਸਨੇ ਅਕਲ ਦਿੱਤੀ ਬਾਦਸ਼ਾਹ ਨੂੰ,ਬਾਦਸ਼ਾਹ ! ਰਹਿਮ ਕਰ, ਸਿਆਣਿਆਂ ਦਾਨਿਆਂ ਨੂੰ ਨਾ ਮਾਰ। ਕਹਿੰਦੇ ਇਉਂ ਸੁਣ ਕੇ ਗੱਲ ਉਸ ਨੂੰ ਗੁੱਸਾ ਆ ਗਿਆ,ਰਾਇ ਭੋਇ ਮਰਵਾ ਘੱਤਿਆ, ਕਹਿੰਦਾ ਮਾਰ ਦਿਉ ਇਸ ਨੂੰ, ਇਹ ਵੀ ਨਹੀਂ ਰੱਖਣਾ।

***ਅਪਨੇ ਖੈਰਖਾਹੀ ਉਨ ਘਾਏ॥*** ਉਹ ਹੀ ਉਸ ਦੇ ਖੈਰ ਖਾਹੀ ਸਨ, ਮਦਦਗਾਰ ਸਨ, ਉਹ ਸਾਰੇ ਉਸ ਨੇ ਮਰਵਾ ਦਿੱਤੇ ਹਨ।

**ਬਿਨ ਤਕਸੀਰ ਉਨ ਮਾਰਯੋ ਭੋਆ॥** ਬਿਨਾਂ ਕਸੂਰ ਤੋਂ ਉਸ ਨੇ ਰਾਇ ਭੋਏ ਨੂੰ ਮਰਵਾ ਦਿੱਤਾ ਹੈ।

**ਹੈ ਹੈ ਕਾਰ ਜਗਤ ਬਹੁ ਹੋਆ॥੪੭॥** ਸਾਰੇ ਜਗਤ ਵਿਚ ਹਾਹਾਕਾਰ ਮੱਚ ਗਈ, ਕਿਉਂਕਿ ਵਜ਼ੀਰੇ-ਆਜ਼ਮ ਤੱਕ ਹੀ ਕੰਮ ਸੀ ਲੋਕਾਂ ਨੂੰ, ਉਹ ਸਾਰਿਆਂ ਦੇ ਕੰਮ ਸਵਾਰਦਾ ਸੀ, ਪਾਤਸ਼ਾਹ ਨੂੰ ਚੰਗੀ ਰਾਇ ਦੇ ਕੇ। ਸਾਰੇ ਹਿੰਦੋਸਤਾਨ ਵਿਚ ਹਾਹਾਕਾਰ ਮੱਚ ਗਈ ਹੈ, ਐਡਾ ਲਾਇਕ ਵਜ਼ੀਰ ਮਰਵਾ ਦਿੱਤਾ ਹੈ, ਇਹ ਬਾਦਸ਼ਾਹੀ ਕਿਵੇਂ ਕਰੇਗਾ!। ੪੭।

**ਦੋਹਰਾ॥ ਤਬ ਦੌਲਤ ਕੀ ਬਾਤ ਸੁਨ ਬਾਬਰ ਭਯੋ ਤਿਆਰ॥** ਜਦੋਂ ਦੌਲਤ ਖ਼ਾਂ ਨੇ ਸਾਰੀ ਹਕੀਕਤ ਦੱਸੀ ਇਹ ਗੱਲ ਸੁਣ ਕੇ ਬਾਬਰ ਤਿਆਰ ਹੋ ਗਿਆ ਹੈ ਕਿ ਇਹ ਠੀਕ ਹੈ, ਇਹ ਤਾਂ ਸੌਖਾ ਹੀ ਕੰਮ ਹੈ, ਹੁਣ ਹਿੰਦੋਸਤਾਨ ਦੀ ਬਾਦਸ਼ਾਹੀ ਲੈਣੀ ਕਿਹੜੀ ਔਖੀ ਹੈ।

**ਬਜੀਰ ਸੁ ਰੋਕਯੋ ਫਿਰ ਉਸੈ, ਕਰਿ ਕੈ ਯਹ ਬੀਚਾਰ॥੪੮॥** ਬਾਬਰ ਦੇ ਵੱਡੇ ਵਜ਼ੀਰੇ-ਆਜਮ ਨੇ ਉਸ ਨੂੰ ਫਿਰ ਰੋਕਿਆ ਹੈ, ਖੜ ਜਾ ਬਾਦਸ਼ਾਹ ! ਐਵੇਂ ਨਾ ਤਿਆਰੀ ਦਾ ਹੁਕਮ ਦੇ ਦੇਵੀਂ, ਇਹ ਵਿਚਾਰ ਕਰਕੇ ਕਿ ਫਿਰ ਵੀ ਬਾਦਸ਼ਾਹੀ ਹੈ ਹਿੰਦੋਸਤਾਨ ਦੀ, ਓਥੇਂ ਵੱਡੇ-ਵੱਡੇ ਪੁਰਸ਼ ਬੈਠੇ ਨੇ। ੪੮।

*ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥*

# ਸਾਖੀ ਸਤਿਗੁਰ ਕੇ ਪ੍ਰਸੰਗ ਕੀ

## (ਬਾਬਰ ਨੂੰ ਪਾਤਸ਼ਾਹੀ ਗੁਰੂ ਜੀ ਨੇ ਦਿੱਤੀ)

**ਚੌਪਈ॥ ਹਿੰਦੁਸਤਾਨ ਹੈ ਪੀਰਨ ਪੂਰੋ॥** ਵਜ਼ੀਰ ਨੇ ਵਿਚਾਰ ਦੱਸੀ ਹੈ, ਬਾਦਸ਼ਾਹ ! ਹਿੰਦੋਸਤਾਨ ਵਿਚ ਓਥੇ ਵੱਡੇ-ਵੱਡੇ ਪੀਰ ਬੈਠੇ ਨੇ, ਜੋ ਕਰਾਮਾਤ ਵਿਚ ਪੂਰੇ ਹਨ, ਓਥੇ ਵੱਡੇ-ਵੱਡੇ ਆਲਮ ਬੈਠੇ ਹਨ।

**ਕਰੈਂ ਮੱਦਤ ਵੈ ਸ਼ਾਹਿ ਜਰੂਰੋ॥** ਐਡੇ-ਐਡੇ ਕਲਾਵਾਨ ਬੰਦੇ ਜਿਹੜੇ ਬੈਠੇ ਨੇ, ਜੇ ਬਾਦਸ਼ਾਹ ਨੂੰ ਭੀੜ ਪਈ, ਤਾਂ ਉਹ ਜ਼ਰੂਰ ਆਪਣੇ ਬਾਦਸ਼ਾਹ ਦੀ ਮਦਦ ਕਰਨਗੇ।

**ਸੋ ਹਮ ਤੇ ਕਬ ਜੀਤਯੋ ਜਾਇ॥** ਵਜ਼ੀਰ ਕਹਿੰਦਾ ਬਾਦਸ਼ਾਹ! ਉਹ ਸਾਥੋਂ ਕਿਵੇਂ ਜਿੱਤਿਆ ਜਾ ਸਕਦਾ ਹੈ,ਜਿਥੇ ਐਡੇ-ਐਡੇ ਬਲੀ ਲੋਕ ਉਸ ਦੀ ਮਦਦ ਕਰਨਗੇ, ਫਿਰ ਸਾਡੀ ਤਾਂ ਬੇ-ਵਾਹ ਸਾਡੇ ਕੋਲੋਂ ਨਹੀਂ ਜਿੱਤਿਆ ਜਾ ਸਕਦਾ ਹਿੰਦੁਸਤਾਨ।

**ਕਰੈਂ ਪੀਰ ਜਿਹ ਆਪ ਸਹਾਇ॥੧॥** ਜਿਸ ਦੀ ਪੀਰ ਲੋਕ ਆਪ ਸਹਾਇਤਾ ਕਰਨ, ਓਥੇ ਆਪਣੀ ਬੇਵਾਹ ਹੈ, ਓਥੇ ਨਹੀਂ ਆਪਣਾ ਜੋਰ ਚਲਣਾ। ੧।

**ਹਿੰਦੂ ਪੀਰ ਇਕ ਹਿੰਦ ਮੈਂ ਭਯੋ॥** ਪ੍ਰਮਾਣ ਦਿੱਤਾ ਹੈ, ਉਸ ਵਜ਼ੀਰ ਨੇ ਬਾਬਰ ਨੂੰ, ਕਹਿੰਦਾ ਇੱਕ ਹਿੰਦੂ ਪੀਰ ਹੋਇਆ ਹੈ, ਹਿੰਦੋਸਤਾਨ ਵਿਚ ਜਿਹੜਾ ਹੁਣ ਵੀ ਮੌਜੂਦ ਹੈ।

**ਸਭ ਪੀਰਨ ਕੀ ਪੀਰੀ ਲੈ ਗਯੋ॥** ਉਸ ਨੇ ਤਾਂ ਕੋਈ ਪੀਰ ਫਕੀਰ ਛੱਡਿਆ ਹੀ ਨਹੀਂ ਹੈ,ਸਭ ਪੀਰਾਂ ਦੀ ਪੀਰੀ ਖੋਹ ਲਈ ਹੈ ਉਸ ਨੇ।

**ਉਸ ਸੋਂ ਪੂਰੋ ਕੋਈ ਨ ਭਯੋ॥** ਅਤੇ ਕੋਈ ਉਸ ਦੇ ਤਾਈਂ ਪੂਰਾ ਨਹੀਂ ਉਤਰਿਆ, ਉਹ ਐਡਾ ਬਲੀ ਫਕੀਰ ਹੈ, ਜਿਸ ਦੇ ਸਾਮ੍ਹਣੇ ਕੋਈ ਖੜ ਨਹੀਂ ਸਕਿਆ।

***ਜੋਊ ਅੜਿਓ ਸੋਊ ਹਰ ਗਯੋ॥੨॥*** ਗੁਰੂ ਨਾਨਕ ਦੇਵ ਜੀ ਦੇ ਅੱਗੇ ਜਿਹੜਾ ਵੀ ਕੋਈ ਅੜਿਆ ਹੈ, ਓਹੀ ਹਾਰ ਗਿਆ ਹੈ, ਓਹੀ ਨਾਸ ਹੋ ਗਿਆ ਹੈ। ੨।

***ਹਿੰਦੂ ਔਰ ਸੁ ਮੁਸਲਮਾਨ॥*** ਹਿੰਦੂ ਅਤੇ ਮੁਸਲਮਾਨ।

***ਉਨ ਦੋਨੋ ਲਦੇ ਇਕ ਸੇ ਜਾਨ॥*** ਉਨ੍ਹਾਂ ਨੇ ਦੋਵਾਂ ਨੂੰ ਹਿੰਦੂ ਅਤੇ ਮੁਸਲਮਾਨ ਨੂੰ ਇਕੋ ਜਿਹਾ ਜਾਣਿਆ ਹੈ।

***ਉਸ ਕ੍ਰੀ ਸੇਵਾ ਦੋਨੌਂ ਕਰੇਂ॥*** ਦੋਵੇਂ ਹੀ ਉਨ੍ਹਾਂ ਦੀ ਸੇਵਾ ਕਰਦੇ ਹਨ।

***ਲੇਨਿ ਮੁਰਾਦਾਂ ਦੋਨੌਂ ਖਰੇ॥੩॥*** ਦੋਵੇਂ ਹੀ ਉਸ ਦੇ ਦੁਆਰੇ 'ਤੇ ਖੜੇ ਮਨ ਮੰਗੀਆਂ ਮੁਰਾਦਾਂ ਲੈਂਦੇ ਹਨ। "ਨਾਨਕ ਸ਼ਾਹ ਫਕੀਰ। ਹਿੰਦੂ ਦਾ ਗੁਰੂ ਮੁਸਲਮਾਨ ਦਾ ਪੀਰ"। ੩।

***ਕਰਾਮਾਤ ਮੈਂ ਹੈ ਬਡ ਪੂਰਾ॥*** ਉਹ ਜਿਹੜਾ ਹਿੰਦੂ ਪੀਰ ਹੈ, ਉਹ ਕਰਾਮਾਤ ਦੇ ਵਿਚ ਬਹੁਤਾ ਹੀ ਵੱਡਾ ਹੈ, ਕਰਮਾਤ ਵਿਚ ਪੂਰਾ ਹੈ।

***ਜਨੁ ਖੁਦਾਇ ਦੇ ਰਹੈ ਹਜ਼ੂਰਾ॥*** ਜਾਣੋਂ ਇਉਂ ਹੈ, ਜਿਵੇਂ ਖੁਦਾ ਦੇ ਕੋਲ ਰਹਿਣ ਵਾਲੇ ਨੇ, ਹਜ਼ੂਰੀ ਵਿਚ ਰਹਿਣ ਵਾਲੇ ਨੇ, ਖੁਦਾ ਦੇ ਨੇੜੇ ਰਹਿਣ ਵਾਲੇ ਹਨ, ਜੋ ਮਰਜ਼ੀ ਖੁਦਾ ਤੋਂ ਬੇਨਤੀ ਕਰ ਕੇ ਕਰਵਾ ਲੈਣ।

***ਹਮ ਨੇ ਉਸ ਕੀ ਬਾਤ ਪ੍ਰਤਾਈ॥*** ਅਸੀਂ ਉਸ ਦੀ ਗੱਲ ਪ੍ਰਤਿਆ ਕੇ ਤਸੱਲੀ ਕਰਕੇ ਵੇਖ ਚੁੱਕੇ ਹਾਂ।

***ਜੋ ਉਨ ਕਹੀ ਸੁ ਸਾਚੀ ਭਾਈ॥੪॥*** ਜਿਹੜੀ ਗੱਲ ਉਸ ਨੇ ਕਹੀ, ਉਹ ਬਿਲਕੁਲ ਸੱਚੀ ਹੋਈ ਹੈ, ਐਸਾ ਪੀਰ ਹੈ ਉਹ। ੪।

***ਦੋਹਰਾ॥ ਜੇ ਚਾਹੋ ਤੁਮ ਹਿੰਦ ਲਈ ਤੌ ਉਸ ਪ੍ਰਵਾਨਗੀ ਲੇਹੁ॥*** ਪਾਤਸ਼ਾਹ ਨੂੰ ਸਮਝਾਉਂਦਾ ਵਜ਼ੀਰ ਕਹਿੰਦਾ, ਮੈਂ ਤਾਂ ਪ੍ਰਤਿਗਿਆ ਲਈ ਹੈ ਉਸ ਦੀ, ਜੇ ਤੂੰ ਹਿੰਦੋਸਤਾਨ ਦੀ ਬਾਦਸ਼ਾਹੀ ਲੈਣੀ ਚਹੁੰਦਾ ਹੈ, ਓਥੇ ਜਾਣਾ ਚਾਹੁੰਦਾ ਹੈ, ਪਹਿਲਾਂ ਉਹਨਾਂ ਦੀ ਪ੍ਰਵਾਨਗੀ ਲੈ ਲਉ।

***ਬਿਨ ਪ੍ਰਵਾਨਗੀ ਉਸੈ ਤੇ ਆਗੇ ਪੈਰ ਨ ਦੇਹੁ॥੫॥*** ਜਿੰਨਾਂ ਚਿਰ ਉਹ ਪ੍ਰਵਾਨਗੀ ਨਹੀਂ ਦੇ ਦਿੰਦੇ ਕਿ ਆ ਜਾ ਅਸੀਂ ਬਾਦਸ਼ਾਹੀ ਤੈਨੂੰ ਦੁਆਵਾਂਗੇ, ਉਤਨੀ ਦੇਰ ਅੱਗੇ ਕਦਮ ਨਾ ਚੁੱਕੀ, ਏਥੋਂ। ੫।

***ਚੌਪਈ॥ ਤਬ ਦੌਲਤ ਸੁਨ ਬੋਲਤ ਭਯੋ॥*** ਇਹ ਬਚਨ ਜਦੋਂ ਸੁਣਿਆਂ ਦੌਲਤ ਖ਼ਾਂ ਨੇ ਕਿ ਗੁਰੂ ਨਾਨਕ ਸਾਹਿਬ ਜੀ ਤੋਂ ਪ੍ਰਵਾਨਗੀ ਚਹੁੰਦੇ ਨੇ ਤਾਂ ਦੌਲਤ ਖ਼ਾਂ ਬੋਲਿਆ ਹੈ।

***'ਹਮ ਨੇ ਵਹੈ ਪੀਰ ਕਰ ਲਯੋ॥*** ਦੌਲਤ ਖ਼ਾਂ ਕਹਿਣ ਲੱਗਾ ਬਾਦਸ਼ਾਹ ! ਮੇਰਾ ਓਹੀ ਪੀਰ ਹੈ, ਮੈਂ ਉਸ ਨੂੰ ਆਪਣਾ ਪੀਰ ਬਣਾਇਆ ਹੋਇਆ ਹੈ।

***ਉਸ ਪ੍ਰਵਾਨਗੀ ਤੇ ਹਮ ਆਏ॥*** ਉਹਨਾਂ ਨੇ ਪ੍ਰਵਾਨਗੀ ਦਿੱਤੀ ਹੈ, ਤਾਂ ਮੈਂ ਏਧਰ ਨੂੰ ਪੈਰ ਪੁੱਟਿਆ ਹੈ, ਉਹਨਾਂ ਦੀ ਪ੍ਰਵਾਨਗੀ ਮੈਂ ਲੈ ਕੇ ਆਇਆ ਹਾਂ ਤੁਹਾਡੇ ਕੋਲ।

***ਤੁਮ ਭੀ ਪ੍ਰਵਾਨਗੀ ਉਸ ਕੀ ਚਾਹੇ॥੬॥*** ਤੁਸੀਂ ਵੀ ਉਸੇ ਪੀਰ ਦੀ ਪਰਵਾਨਗੀ ਚਹੁੰਦੇ ਹੋ, ਮੈਂ ਉਸ ਤੋਂ ਮਨਜ਼ੂਰੀ ਲੈ ਕੇ ਆਇਆ ਹਾਂ, ਪਹਿਲਾਂ ਹੀ। ੬।

***ਹਮ ਆਏ ਉਸ ਬਚਨ ਕਰਾਇ॥*** ਮੈਂ ਉਨ੍ਹਾਂ ਤੋਂ ਬਚਨ ਕਰਵਾ ਕੇ ਆਇਆ ਹਾਂ, ਹਿੰਦੋਸਤਾਨ ਦੀ ਬਾਦਸ਼ਾਹੀ ਮੈਂ ਬਾਬਰ ਨੂੰ ਦਿਵਾਉਣ ਵਾਸਤੇ ਮੈਂ ਬਚਨ ਕਰਾ ਆਇਆ ਹਾਂ, ਇਹ ਬਾਬਰ ਨੂੰ ਦਿਉ ਮਹਾਰਾਜ ! ਤੇ ਉਨ੍ਹਾਂ ਨੇ ਕਹਿ ਦਿੱਤਾ ਹੈ ਹਾਂ ਲਿਆ ਜਾ ਕੇ ਉਸ ਨੂੰ।

***ਪਠਾਣਨ ਸ਼ਾਹੀ ਮੈਂ ਅਯੋ ਗਵਾਇ॥*** ਅਤੇ ਇਹਨਾਂ ਪਠਾਣਾਂ ਦੀ ਪਾਤਸ਼ਾਹੀ ਮੈਂ ਗੁਆ ਕੇ ਆਇਆ ਹਾਂ, ਇਹਨਾਂ ਦਾ ਨਾਸ ਕਰਵਾ ਆਇਆ ਹਾਂ ਬਾਦਸ਼ਾਹੀ ਵੱਲੋਂ।

***ਮੈਂ ਆਯੋ ਮੁਗਲਨ ਬਖਸ਼ਾਇ॥*** ਕਹਿਣ ਲੱਗਿਆ, ਮੈਂ ਤਾਂ ਤੁਹਾਨੂੰ ਹਿੰਦੋਸ਼ਤਾਨ ਦੀ ਪਾਤਸ਼ਾਹੀ ਬਖ਼ਸ਼ਾ ਕੇ ਆਇਆ ਹਾਂ,

ਮੁਗਲਾਂ ਨੂੰ।

***ਤਬ ਪਰਿਓ ਥੋ ਕਾਬਲ ਰਾਹਿ॥੭॥*** ਉਹਨਾਂ ਤੋਂ ਮਨਜ਼ੂਰੀ ਲੈ ਕੇ ਫਿਰ ਆਇਆ ਹਾਂ, ਮੈਂ ਏਥੇ ਕਾਬਲ ਵਿਚ। ੭।

***ਤੌ ਬਾਬਰ ਮੁਖ ਬਚਨ ਉਚਾਰੋ॥*** ਤਾਂ ਬਾਬਰ ਨੇ ਮੁੱਖੋਂ ਬਚਨ ਕੀਤਾ।

***'ਉਹ ਕਯਾ ਸ਼ਾਹੀ ਦੇਵਨ ਵਾਰੋ॥*** ਕਿਆ ਸਾਨੂੰ ਬਾਦਸ਼ਾਹੀ ਦੇਵੇਗਾ, ਉਹ ਹਿੰਦੂ ਹੁੰਦਾ ਹੋਇਆ, ਸਾਨੂੰ ਬਾਦਸ਼ਾਹੀ ਕਿਵੇਂ ਦੇਵੇਗਾ।

***ਸ਼ਾਹੀ ਦੇਵੈ ਹਮਹਿ ਰਸੂਲ॥*** ਸਾਡਾ ਜੋ (ਰਸੂਲ)ਪੈਗਬਰ ਹੈ, ਸਾਨੂੰ ਉਹ ਬਾਦਸ਼ਾਹੀ ਦੇਣਗੇ ਕਿਉਂਕਿ ਹਿੰਦੂਆਂ ਨੂੰ ਤਾਂ ਇਹ ਕਾਫਰ ਮੰਨਦੇ ਹਨ, ਮੁਸਲਮਾਨ ਕਿ ਹਿੰਦੂ ਤਾਂ ਚੀਜ਼ ਹੀ ਕੋਈ ਨਹੀਂ, ਇਹ ਤਾਂ ਖੁਦਾ ਦੇ ਨੇੜੇ ਨਹੀਂ ਜਾ ਸਕਦੇ, ਇਹ ਤਾਂ ਖੁਦਾ ਦੇ ਕੱਢੇ ਹੋਏ ਨੇ, ਉਹਨਾਂ ਦੇ ਮੱਤ ਵਿਚ ਇਹ ਲਿਖਿਆ ਹੋਇਆ ਹੈ।

***ਦਰਗਹ ਜਾਂਕੀ ਖ਼ਖਸ਼ ਕਬੂਲ॥੮॥*** ਦਰਗਾਹ ਦੇ ਵਿੱਚ ਸਾਡੇ ਪੈਗੰਬਰਾਂ ਦੀ ਦੁਆ ਕੀਤੀ ਕਬੂਲ ਹੁੰਦੀ ਹੈ, ਉਨ੍ਹਾਂ ਦੀ ਰਜ਼ਾ ਨਾਲ ਅਸੀਂ ਬਾਦਸ਼ਾਹੀ ਲੈ ਸਕਦੇ ਹਾਂ। ੮।

***ਰਸੂਲ ਹਮਾਰੋ ਸ਼ਰੀਕ ਖੁਦਾਇ॥*** ਸ਼ਰੀਕ ਕਹਿੰਦੇ ਨੇ ਬਰਾਬਰ ਦਾ ਭਰਾ ਹੋਵੇ, ਜਿਹੜਾ ਕਹਿੰਦੇ ਸਾਡਾ ਰਸੂਲ ਜਿਹੜਾ ਹੈ ਉਹ ਖੁਦਾ ਦਾ ਸ਼ਰੀਕ ਹੈ, ਉਸ ਦੇ ਕੋਲ ਰਹਿੰਦਾ ਹੈ ਦਰਗਾਹ ਵਿਚ।

***ਜੋ ਚਾਹੌਂ ਸੋ ਲਏ ਕਰਾਇ॥*** ਸਾਡਾ ਰਸੂਲ ਜੋ ਚਾਹੇ ਕਰਵਾ ਸਕਦਾ ਹੈ ਖੁਦਾ ਤੋਂ।

***ਅਬ ਹਮ ਉਸ ਕੌ ਦੇਖੋਂ ਜਾਇ॥*** ਇਹ ਕਹਿੰਦਾ ਹੈ, ਮੈਂ ਉਸ ਦੀ ਪ੍ਰਵਾਨਗੀ ਨਾਲ ਆਇਆ ਹਾਂ, ਚਲੋ ਹੁਣ ਪਹਿਲਾਂ ਗੁਰੂ ਨਾਨਕ ਸਾਹਿਬ ਨੂੰ ਦੇਖੀਏ, ਉਹ ਕਿਹਾ ਜਿਹਾ ਪੀਰ ਹੈ।

***ਕਛੁ ਮਨ ਹਮ ਵੈ ਦੇ ਪਤਿਆਇ॥੯॥*** ਜੇ ਸਾਡੇ ਮਨ ਦੀ ਤਸੱਲੀ ਕਰਵਾ ਦੇਵੇਗਾ ਉਹ, ਜੇ ਸਾਡੇ ਮਨ ਦੀ ਆਸਾ ਪੂਰੀ ਕਰ ਦੇਵੇਗਾ। ੯।

***ਦੋਹਰਾ॥ ਤਬ ਦੌਲਤ ਖਾਂ ਬੋਲਿਆ ਵਹਿ ਹਿੰਦੂ ਦੋਸਤ ਖੁਦਾਇ॥*** ਤਾਂ ਦੌਲਤ ਖ਼ਾਂ ਕਹਿਣ ਲੱਗਾ, ਬਾਦਸ਼ਾਹ! ਠੀਕ ਹੈ, ਉਹ ਜੋ ਹਿੰਦੂ ਪੀਰ ਹੈ, ਉਹ ਖੁਦਾ ਦਾ ਮਿਤ੍ਰ ਹੈ।

***ਚਲ ਕਰ ਕਰੋ ਦਿਦਾਰ ਤੁਮ, ਦੇਵੈ ਮਨ ਪਤਿਆਇ॥੧੦॥*** ਤੁਸੀਂ ਚੱਲ ਕੇ ਦਰਸ਼ਨ ਕਰੋ ਉਨ੍ਹਾਂ ਦੇ, ਉਹ ਤੇਰੇ ਮਨ ਤਸੱਲੀ ਕਰਵਾ ਦੇਣਗੇ ਚੰਗੀ ਤਰਾਂ। ੧੦।

***ਚੌਪਈ॥ ਤਬ ਬਾਬਰ ਫਿਰ ਕਹੀ ਉਲਟਾਇ॥*** ਫਿਰ ਬਾਬਰ ਨੇ ਦੌਲਤ ਖ਼ਾਂ ਨੂੰ ਉਲਟਾ ਕੇ ਕਿਹਾ ਹੈ।

***'ਜੋ ਨਹਿੰ ਹਿੰਦੂ ਮਨ ਪਤਿਆਇ॥*** ਜੇ ਹਿੰਦੂ ਪੀਰ ਨੇ ਮੇਰੇ ਮਨ ਦੀ ਤਸੱਲੀ ਨਾ ਕਰਵਾਈ।

***ਤੌ ਉਸਕੋ ਹਮ ਦੇਹਿੰ ਸਜਾਇ॥*** ਤਾਂ ਉਸ ਨੂੰ ਮੈਂ ਸਜ਼ਾ ਦੇਵਾਂਗਾ।

***ਮੁਸਲਮਾਨ ਕਰ ਦੇਊਂ ਗਡਾਇ॥੧੧॥*** ਮੈਂ ਉਸ ਨੂੰ ਮੁਸਲਮਾਨ ਕਰਾਂਗਾ, ਜਾਂ ਫਿਰ ਧਰ ਵਿਚ ਗੱਡ ਦੇਵਾਂਗਾ। ੧੧।

***ਹੁਇ ਕਾਚੋ ਉਸ ਲਗੈ ਨ ਪਾਇ॥*** ਜੇ ਉਹ ਕੱਚਾ ਹੀ ਹੋਇਆ ਤਾਂ ਉਸ ਪੈਰ ਹੀ ਨਹੀਂ ਲਗਣੇ ਹਨ।

***ਹਮ ਤੈ ਹਿੰਦੂ ਬਹੁ ਡਰਪਾਹਿੰ॥*** ਹਿੰਦੂ ਲੋਕ ਤਾਂ ਮੇਰਾ ਨਾਮ ਸੁਣ ਕੇ ਹੀ ਕੰਬਦੇ ਨੇ ਮੈਥੋਂ, ਬੜੇ ਡਰਦੇ ਹਨ।

***ਜਰੂਰ ਜਰੂਰ ਹੀ ਵਹਿ ਨਠ ਜਾਇ॥*** ਇਹ ਤਾਂ ਮੈਨੂੰ ਪਤਾ ਹੀ ਹੈ ਕਿ ਜ਼ਰੂਰ ਹੀ ਉਸ ਨੇ ਭੱਜ ਜਾਣਾ ਹੈ, ਉਹ ਖੜੇਗਾ ਹੀ ਨਹੀਂ ਮੇਰਾ ਨਾਮ ਸੁਣ ਕੇ।

***ਉਪਰ ਪਹਾੜ ਜਾਊਗੁ ਲੁਕਾਇ॥੧੨॥*** ਉੱਪਰ ਪਹਾੜਾਂ ਵਿਚ ਲੁਕ ਜਾਇਗਾ ਜਾ ਕੇ ਜਿਥੇ ਲੱਭੇ ਨਾ ਸਾਨੂੰ। ੧੨।

***ਜੋ ਪੱਕੋ ਹੋਇ ਰਹੈ ਅਚੱਲ॥*** ਜੇ ਪੱਕਾ ਹੋਇਆ ਤਾਂ (ਅਚੱਲ) ਸਥਿਰ ਰਹੇਗਾ, ਫਿਰ ਨਹੀਂ ਕਿਧਰੇ ਭੱਜਦਾ।

***ਜੋ ਕੱਚੋ ਹ੍ਵੈ ਜਾਊ ਚੱਲ॥*** ਜੇ ਕੱਚਾ ਹੋਇਆ ਤਾਂ ਚਲਿਆ ਜਾਇਗਾ, ਕੱਚੇ ਕਦੋਂ ਖੜ੍ਹਦੇ ਹੁੰਦੇ ਨੇ, ਕੱਚੇ ਤਾਂ ਹਮੇਸ਼ਾਂ ਹੀ ਭੱਜਦੇ ਹੁੰਦੇ ਹਨ।

***ਲੇਹਿਂ ਦੇਖ ਹਮ ਪੱਕੋ ਕੱਚੋ॥*** ਚਲੋ ਦੇਖਦੇ ਹਾਂ ਚੱਲ ਕੇ ਕੱਚਾ ਹੈ ਜਾਂ ਪੱਕਾ ਹੈ, ਪੱਕਾ ਹੋਇਆ ਤਾਂ ਅਸੀਂ ਮੰਨ ਲਵਾਂਗੇ, ਕੱਚਾ ਹੋਇਆ ਤਾਂ ਖੜ੍ਹਦਾ ਹੀ ਨਹੀਂ ਅੱਵਲ ਤਾਂ, ਜੇ ਕੱਚਾ ਹੋਇਆ ਤਾਂ ਮੈਂ ਸਜਾ ਦੇਵਾਂਗਾ।

***ਆਹਿ ਝੂਠ ਕੈ ਆਹਿ ਸੁ ਸੱਚੋ॥੧੩॥*** ਲੱਗ ਜਾਇਗਾ ਪਤਾ ਉੱਥੇ ਕਿ ਝੂਠਾ ਹੈ ਜਾਂ ਸੱਚਾ ਹੈ। ੧੩।

***ਸੋਰਠਾ॥ ਐਗੇ ਦੌਲਤ ਲਾਇ ਬਾਬਰ ਚੜ੍ਹਯੋ ਸੁ ਹਿੰਦ ਕੋ॥*** ਦੌਲਤ ਖ਼ਾਂ ਨੂੰ ਅੱਗੇ ਲਾ ਕੇ ਬਾਬਰ ਨੇ ਹਿੰਦੋਸਤਾਨ 'ਤੇ ਚੜ੍ਹਾਈ ਕੀਤੀ ਹੈ।

***ਸਤਿਗੁਰ ਰਬਾਬ ਬਜਾਇ ਮੁਖ ਤੈ ਸ਼ਬਦ ਉਚਾਰਿਓ॥੧੪॥*** ਏਧਰ ਰੋੜੀ ਸਾਹਿਬ ਦੇ ਅਸਥਾਨ ਸਤਿਗੁਰੂ ਜੀ ਤਪੱਸਿਆ ਕਰਦਿਆਂ ਹੋਇਆਂ ਪਹਿਲਾਂ ਹੀ ਸ਼ਬਦ ਉਚਾਰਿਆ ਹੈ, ਭਾਈ ਮਰਦਾਨੇ ਨੂੰ ਕਿਹਾ ਹੈ, ਮਰਦਾਨਿਆਂ! ਸੁਰ ਕਰਕੇ ਰਬਾਬ ਵਜਾ, ਮਰਦਾਨੇ ਨੇ ਰਬਾਬ ਵਜਾਇਆ ਹੈ ਤੇ ਸਤਿਗੁਰਾਂ ਨੇ ਬਾਣੀ ਉਚਾਰਨ ਕੀਤੀ ਹੈ। ੧੪।

***ਸਬਦ॥ 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥*** ਖੁਰਾਸਾਨ=ਇਰਾਨ ਦੇ ਪੂਰਬ ਅਤੇ ਅਫਗਾਨਿਸਤਾਨ ਦੇ ਪੱਛਮ ਵਲ ਦਾ ਦੇਸ, ਜਿਸ ਵਿਚ ਹਰਾਤ ਤੇ ਮਸ਼ਹਦ ਪ੍ਰਸਿੱਧ ਨਗਰ ਹਨ। ਹਿੰਦੁਸਤਾਨ ਦੇ ਲੋਕ ਸਿੰਧ ਦਰੀਆ ਦੇ ਪੱਛਮ ਵਲ ਦੇ ਦੇਸ਼ਾਂ ਨੂੰ ਖ਼ੁਰਾਸਾਨ ਹੀ ਆਖ ਦੇਂਦੇ ਹਨ। ਖਸਮ=ਮਾਲਕ। ਖਸਮਾਨਾ=ਸੁਪੁਰਦਗੀ। ਖੁਰਾਸਾਨ ਦੀ ਸਪੁਰਦਗੀ (ਕਿਸੇ ਹੋਰ ਨੂੰ) ਕਰਕੇ (ਬਾਬਰ ਮੁਗ਼ਲ ਨੇ ਹਮਲਾ ਕਰਕੇ) ਹਿੰਦੋਸਤਾਨ ਨੂੰ ਆ ਡਰਾਇਆ ਹੈ।

***ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥*** (ਜਿਹੜੇ ਲੋਕ ਆਪਣੇ ਫਰਜ਼ ਭੁਲਾ ਕੇ ਰੰਗ ਰਲੀਆਂ ਵਿਚ ਪੈ ਜਾਂਦੇ ਹਨ, ਉਹਨਾਂ ਨੂੰ ਸਜ਼ਾ ਭੁਗਤਣੀ ਹੀ ਪੈਂਦੀ ਹੈ, ਇਸ ਬਾਰੇ ਕਰਤਾਰ ਆਪਣੇ ਉੱਤੇ ਇਤਰਾਜ਼ ਨਹੀਂ ਆਉਣ ਦੇਂਦਾ (ਸੋ, ਫਰਜ਼ ਭੁਲਾ ਕੇ ਵਿਕਾਰਾਂ ਵਿਚ ਮਸਤ ਪਏ ਪਠਾਣ ਹਾਕਮਾਂ ਨੂੰ ਦੰਡ-ਦੇਣ ਲਈ ਕਰਤਾਰ ਨੇ) ਮੁਗਲ-ਬਾਬਰ ਨੂੰ ਜਮਰਾਜ ਬਣਾ ਕੇ (ਹਿੰਦੁਸਤਾਨ 'ਤੇ) ਚਾੜ੍ਹ ਦਿੱਤਾ।

***ਚੌਪਈ॥ ਅੱਗੇ ਦੌਲਤ ਖਾਨ ਬੁਲਾਯਾ॥*** ਦੌਲਤ ਖ਼ਾਂ ਨੂੰ ਬੁਲਾ ਕੇ ਅੱਗੇ ਲਾਇਆ ਹੈ।

***ਮੁਲਖ ਅਮਾਨੀ ਰਖਤਾ ਆਯਾ॥*** ਰਸਤੇ ਵਿਚ ਜੋ ਮੁਸਲਮਾਨ ਕੌਮ ਨਾਲ ਸਬੰਧ ਰੱਖਣ ਵਾਲੇ ਦੇਸ਼ ਸਨ, ਉਨ੍ਹਾਂ ਨੂੰ ਬਚਾਉਂਦਾ ਆਇਆ ਹੈ, ਇਹਨਾਂ ਨੂੰ ਨਹੀਂ ਕੁਛ ਕਹਿਣਾ, ਇਹ ਸਭ ਮੁਸਲਮਾਨ ਨੇ, ਇਹ ਖੁਦਾ ਦੇ ਮੰਨਣ ਵਾਲੇ ਨੇ।

***ਪਠਾਣਨ ਕੋ ਇਕ ਮਾਰਜੋ ਗ੍ਰਾਮ॥*** ਉਂਝ ਤਾਂ ਮੁਸਲਮਾਨ ਸਾਰੇ ਹੀ ਰਹਿੰਦੇ ਸਨ, ਪਠਾਣਾਂ ਦਾ ਇਕ ਤਕੜਾ ਕਸਬਾ ਮਾਰਿਆ ਹੈ ਏਥੇ ਆ ਕੇ।

***ਸੈਦਪੁਰੋ ਥੋ ਤਿਸਕੋ ਨਾਮ॥੧੫॥*** (ਸੈਦਪੁਰਾ) ਏਮਨਾਬਾਦ ਨੂੰ ਮਾਰਿਆ ਹੈ ਥੇਹ ਪਏ ਨੇ ਅਜੇ ਤੱਕ ਓਥੇ, ਜਿਨ੍ਹਾਂ ਨੇ ਦਰਸ਼ਨ ਕੀਤੇ ਹਨ, ਉਹਨਾਂ ਨੂੰ ਤਾਂ ਪਤਾ ਹੈ, ਜਿਨ੍ਹਾਂ ਨਹੀਂ ਦੇਖਿਆ ਉਨ੍ਹਾਂ ਨੂੰ ਨਹੀਂ ਪਤਾ ਹੈ, ਹੁਣ ਪਾਕਿਸਤਾਨ ਵਿਚ ਰਹਿ ਗਿਆ ਹੈ ਏਮਨਾਬਾਦ, ਸੈਦਪੁਰਾ ਜੋ ਉਹ ਥੇਹ ਹੋਇਆ ਪਿਆ ਹੈ। ਉਸ ਪਿੰਡ ਦਾ ਨਾਮ ਸੈਦਪੁਰ ਸੀ। ੧੫।

***ਕਿਛ ਤਕਸੀਰ ਸਤਿਗੁਰ ਕੀ ਕਈ॥*** ਇਸ ਪਿੰਡ ਵਾਲਿਆਂ ਨੇ ਸਤਿਗੁਰੂ ਜੀ ਦੀ ਕੋਈ (ਤਕਸੀਰ) ਬੇਅਦਬੀ ਕੀਤੀ ਸੀ, ਪਹਿਲਾਂ ਏਥੇ।

***ਤਬ ਉਨਕੀ ਗਤ ਵੈਸੀ ਭਈ॥*** ਤਾਂ ਉਹਨਾਂ ਦੀ (ਗਤਿ) ਹਾਲਤ ਉਹੋ ਜਿਹੀ ਹੋਈ, ਜਿਹੋ ਜਿਹਾ ਸਲੂਕ ਇਨ੍ਹਾਂ ਨੇ ਸਤਿਗੁਰਾਂ ਨਾਲ ਕੀਤਾ ਸੀ, ਉਹੋ ਜਿਹਾ ਇਹਨਾਂ ਨੂੰ ਭੁਗਤਣਾ ਪਿਆ, ਇਹਨਾਂ ਦੀ ਕਤਲੇਆਮ ਹੋਈ।

**ਦੌਲਤ ਖਾਂ ਤਬ ਬਾਬਰ ਬੁਲਾਯਾ॥** ਤਦ ਦੌਲਤ ਖ਼ਾਂ ਨੂੰ ਬਾਬਰ ਨੇ ਬੁਲਾਇਆ ਹੈ।

**ਹੁਕਮ ਤਾਸ ਕੋ ਯੌ ਫਰਮਾਯਾ॥੧੬॥** ਉਸਨੂੰ ਇਉਂ ਹੁਕਮ ਕੀਤਾ ਹੈ। ੧੬।

**'ਪੰਜਾਬ ਮੁਲਖ ਨਾਨਕ ਕੋ ਆਯਾ॥** ਗੁਰੂ ਨਾਨਕ ਸਾਹਿਬ ਜੀ ਦਾ ਮੁਲਖ ਪੰਜਾਬ ਆ ਗਿਆ ਹੈ।

**ਇਮਨਾਬਾਦ ਢਿਗ ਹੁਤੋ ਬਤਾਯਾ॥** ਤੂੰ ਮੈਨੂੰ ਦੱਸਿਆ ਸੀ ਕਿ ਗੁਰੂ ਨਾਨਕ ਸਾਹਿਬ ਏਮਨਾਬਾਦ ਦੇ ਨੇੜੇ ਰਹਿੰਦੇ ਹਨ।

**ਗਿਲਜਨ ਤੇ ਵਹ ਮੰਨ ਕਰ ਡਰ॥** ਗਿਲਜ਼ਿਆਂ ਦਾ ਉਹ ਡਰ ਮੰਨ ਕੇ।

**ਸੋ ਨਠ ਗਯੋ ਕਿ ਰਹਿਓ ਘਰ?॥੧੭॥** ਉਸ ਨੂੰ ਕਹਿਣ ਲੱਗਾ ਬਾਬਰ, ਕਿ ਸਾਡੀ ਆਮਦ ਸੁਣ ਕੇ, ਉਹ ਨਠ ਗਏ ਹਨ, ਗੁਰੂ ਨਾਨਕ ਸਾਹਿਬ ਕਿ ਘਰ ਹੀ ਰਹਿ ਗਏ ਹਨ। ੧੭।

**ਜੋ ਨਠ ਗਯੋ ਤੌ ਫੇਰ ਲਿਆਵੋ॥** ਜੇ ਉਹ ਭੱਜ ਗਿਆ ਹੈ, ਤਾਂ ਉਸ ਨੂੰ ਮੋੜ ਕੇ ਲਿਆਓ।

**ਹਮ ਸੋਂ ਬਾਤਾਂ ਆਨ ਕਰਾਵੋ॥** ਉਹਨਾਂ ਨੂੰ ਲਿਆ ਕੇ ਸਾਡੇ ਨਾਲ ਗੱਲਾਂ ਕਰਵਾਓ।

**ਹਮ ਉਸ ਸੋਂ ਕਰੈਂ ਨ ਖੋਟੀ ਕੋਈ॥** ਜਾਹ ਤੂੰ ਜੇ ਉਹ ਮਿਲ ਜਾਏ ਤਾਂ ਮੈਂ ਉਨ੍ਹਾਂ ਨਾਲ ਕੋਈ ਖੋਟੀ ਗੱਲ ਨਹੀਂ ਕਰਾਂਗਾ, ਮੈਂ ਉਨ੍ਹਾਂ ਨਾਲ ਇਨਸਾਨਾਂ ਵਾਂਗ ਪੇਸ਼ ਆਵਾਂਗਾ।

**ਦੇਊਂ ਜਗੀਰ ਜੋ ਚਾਹੈ ਓਈ॥੧੮॥** ਉਹ ਮੂਰਖ ਹੈ ਸਮਝਦਾ ਨਹੀਂ, ਮੰਗਣ ਤਾਂ ਤੂੰ ਆਇਆਂ ਹੈਂ ਮੰਗਤਿਆ, ਜੇ ਉਹ ਜਗੀਰ ਚਾਹੇ ਤਾਂ ਮੈਂ ਜਗੀਰ ਦੇ ਦਿਆਂਗਾ ਉਸ ਨੂੰ, ਭਾਵ ਇਹ ਹੈ ਕਿ ਇਸ ਨੂੰ ਤਾਂ ਬੰਦਿਆਂ ਵਾਲੀਆਂ ਹੀ ਗੱਲਾਂ ਦਾ ਪਤਾ ਹੈ, ਉਸ ਨੂੰ ਕੀ ਪਤਾ ਹੈ ਸਤਿਗੁਰੂ ਦੀ ਕਲਾ ਦਾ। ੧੮।

**ਸੋ ਮੂਰਖ ਉਨ ਲਖੀ ਨ ਬਾਤ॥** ਉਸ ਮੂਰਖ ਨੇ ਗੱਲ ਨੂੰ ਸਮਝਿਆ ਨਹੀਂ ਹੈ।

**ਸਤਿਗੁਰ ਡਰ ਕਬ ਕਿਸ ਤੇ ਜਾਤ॥** ਸਤਿਗੁਰ ਜੀ ਕਦੋਂ ਕਿਸੇ ਤੋਂ ਡਰ ਕੇ ਭੱਜਦੇ ਹਨ, ਉਸ ਨੂੰ ਗਿਆਨ ਨਹੀਂ ਹੈ ਇਹਨਾਂ ਗੱਲਾ ਦਾ।

**ਕਰਤਾ ਹਰਤਾ ਆਪੇ ਓਈ॥** ਉਹ ਤਾਂ ਆਪ ਹੀ (ਕਰਤਾ ਹਰਤਾ) ਸੰਸਾਰ ਦੇ ਸਿਰਜਨਹਾਰ ਤੇ ਨਾਸ ਕਰਨੇ ਵਾਲੇ ਹਨ ਪ੍ਰਮੇਸ਼ਰ ਹਨ।

**ਉਸ ਕੇ ਡਰ ਤੇ ਜਗ ਸੁਖ ਹੋਈ॥੧੯॥** ਉਸ ਪ੍ਰਮੇਸ਼ਰ ਗੁਰੂ ਦਾ ਡਰ ਭੈ ਰੱਖਣ ਕਰਕੇ ਤਾਂ ਸਾਰੇ ਜਗਤ ਦੇ ਸੁੱਖ ਪ੍ਰਾਪਤ ਹੁੰਦੇ ਹਨ। ੧੯।

**ਦੋਹਰਾ॥ ਜਹਿਂ ਸਤਿਗੁਰੂ ਥੇ ਤਪ ਕਰਤ, ਊਪਰ ਰੋੜੀ ਬਾਇ॥** ਜਿਥੇ ਅੱਜ-ਕਲ ਰੋੜੀ ਸਾਹਿਬ ਗੁਰਦੁਆਰਾ ਹੈ, ਜਿਥੇ ਰੋੜਾਂ ਦੀ ਵਿਛਾਈ ਕਰਕੇ ਸਤਿਗੁਰੂ ਜੀ ਤਪ ਕਰ ਰਹੇ ਸਨ।

**ਭੂਮ ਚਲੈ ਗਿਰਵਰ ਚਲੈ ਤਪ ਗੁਰ ਅਚਲ ਰੁਹਾਇ॥੨੦॥** ਧਰਤੀ ਹਿੱਲ ਸਕਦੀ ਹੈ (ਗਿਰਵਰ) ਸੁਮੇਰ ਪ੍ਰਬਤ ਆਪਣੀ ਥਾਂ ਤੋਂ ਉੱਡ ਸਕਦਾ ਹੈ ਕਿਸੇ ਪਾਸੇ ਨੂੰ। ਸਤਿਗੁਰੂ ਜੀ ਦਾ ਤਪ ਤਾਂ ਅਚੱਲ ਹੈ,ਉਹ ਨਹੀਂ ਡੋਲ ਸਕਦਾ, ਸਤਿਗੁਰੂ ਜੀ ਤਾਂ ਅਡੋਲ ਬੈਠੇ ਹਨ। ੨੦।

**ਚੌਪਈ॥ ਤਬ ਦੌਲਤ ਕੋ ਸ਼ਾਹਿ ਫੁਰਮਾਯਾ॥** ਤਦ ਦੌਲਤ ਖ਼ਾਂ ਨੂੰ ਬਾਬਰ ਬਾਦਸ਼ਾਹ ਨੇ ਕਿਹਾ ਹੈ।

**ਤੁਰਤ ਦੌਲਤ ਵਲ ਗੁਰ ਕੀ ਧਾਯਾ॥** ਬਾਬਰ ਦਾ ਹੁਕਮ ਸੁਣ ਕੇ ਹੀ ਦੌਲਤ ਖ਼ਾਂ ਗੁਰੂ ਜੀ ਵੱਲ ਨੂੰ ਤੁਰਿਆ ਹੈ।

**ਜਬ ਜਾਗ੍ਹਾ ਗੁਰ ਨਜ਼ਰ ਸੁ ਆਈ॥** ਸਤਿਗੁਰੂ ਜੀ ਦਾ ਤਪ ਅਸਥਾਨ ਜਦੋਂ ਦੌਲਤ ਖ਼ਾਂ ਨੂੰ ਦਿਸਿਆ ਹੈ।

**ਉਤਰ ਘੋੜਿਓਂ ਪਗ ਕਰੀ ਧਾਈ॥੨੧॥** ਦੌਲਤ ਖ਼ਾਂ ਓਥੋਂ ਘੋੜੇ ਤੋ ਉੱਤਰ ਕੇ ਉਸ ਤੋਂ ਅੱਗੇ ਸਤਿਕਾਰ ਵਜੋਂ ਪੈਰੀਂ ਤੁਰ ਕੇ ਗਿਆ ਹੈ। ੨੧।

**ਦੂਰੋਂ ਕੁਰਨਸ ਕਰਤਾ ਆਯਾ॥** ਦੂਰੋਂ ਹੀ ਸਤਿਗੁਰਾਂ ਵੱਲ ਨੂੰ ਧਰਤੀ 'ਤੇ ਨਮਸਕਾਰਾਂ ਕਰਦਾ ਆਉਂਦਾ ਹੈ, ਦੌਲਤ ਖ਼ਾਨ।

***ਚਰਨੀਂ ਮੱਥਾ ਗੁਰ ਕੀ ਲਾਯਾ॥*** ਆ ਕੇ ਸਤਿਗਰਾਂ ਦੇ ਚਰਨਾਂ 'ਤੇ ਮਸਤਕ ਲਾਇਆ, ਮੱਥਾ ਟੇਕਿਆ ਹੈ, ਗੁਰੂ ਨਾਨਕ ਸਾਹਿਬ ਜੀ ਨੂੰ।

***ਬਾਰ ਬਹੁਤ ਲੌਂ ਰਹਯੋ ਟਿਕਾਈ॥*** ਕਿਉਂਕਿ ਸ਼ਰਧਾਵਾਨ ਹੈ, ਮੁਰੀਦ ਹੈ, ਮਹਾਰਾਜ ਦੇ ਚਰਨਾਂ ਦਾ। ਇਸ ਦੇ ਕੋਲ ਮੋਦੀ ਖਾਨੇ ਦੀ ਨੌਕਰੀ ਕੀਤੀ ਸੀ ਸਤਿਗੁਰਾਂ ਨੇ, ਬੜੀਆਂ ਹੀ ਕਲਾਂ ਦੇਖੀਆਂ ਸਨ ਇਸਨੇ ਸਤਿਗੁਰਾਂ ਦੀਆਂ। ਬਹੁਤ ਚਿਰ ਤੱਕ ਮਸਤਕ ਚੁੱਕਿਆ ਹੀ ਨਹੀਂ ਹੈ, ਇਸ ਨੇ ਸਤਿਗਰਾਂ ਦੇ ਚਰਨਾਂ ਤੋਂ, ਬੜਾ ਚਰਨਾਂ 'ਤੇ ਮੱਥਾ ਟੇਕੀ ਰੱਖਿਆ ਹੈ।

***ਸਤਿਗੁਰ ਕਹਯੋ, ਅਬ ਲੇਹੁ ਉਠਾਈ॥੨੨॥*** ਸਤਿਗੁਰੂ ਜੀ ਨੇ ਹੁਕਮ ਕੀਤਾ, ਦੌਲਤ ! ਹੁਣ ਸੀਸ ਚੁੱਕ ਲੈ ਚਰਨਾਂ ਤੋਂ। ੨੨।

***ਸਤਿਗੁਰ ਥੇ ਸਭ ਜਾਣੀ ਜਾਣ॥*** ਸਤਿਗੁਰੂ ਜੀ ਤਾਂ ਅੰਤਰਜਾਮੀ ਸਨ, ਸਭ ਦੇ ਦਿਲਾਂ ਦੀ ਜਾਣਦੇ ਸਨ।

***ਪੂਛ ਦੌਲਤ ਗੁਰ ਰਾਖਯੋ ਮਾਣ॥*** ਉਸ ਦਾ ਮਾਣ ਰੱਖਣ ਵਾਸਤੇ ਦੌਲਤ ਖ਼ਾਂ ਨੂੰ ਪੁਛਦੇ ਹਨ ਸਤਿਗੁਰੂ ਜੀ।

***ਬਾਬਰ ਕੋ ਸਭ ਜ਼ਿਕਰ ਸੁਣਾਯਾ॥*** ਦੌਲਤ ਖਾਂ ਨੇ ਬਾਬਰ ਦੇ ਆਉਣ ਦਾ ਜ਼ਿਕਰ ਖੋਲ੍ਹ ਕੇ ਸੁਣਾਇਆ ਹੈ।

***ਤੁਮ ਪੈ ਬਾਬਰ ਚਾਹਤ ਆਯਾ॥੨੩॥*** ਮਹਾਰਾਜ ! ਬਾਬਰ ਤੁਹਾਡੇ ਕੋਲ ਚੱਲ ਕੇ ਆਉਣਾ ਚਹੁੰਦਾ ਹੈ, ਜੋ ਹੁਕਮ ਕਰੋਂ ਤਾਂ ਉਸ ਨੂੰ ਲਿਆਈਏ ਏਥੇ। ੨੩।

***ਸਤਿਗੁਰ ਕਹਯੋ ਹਮ ਊਹਾਂ ਜਾਵੈਂ॥*** ਸਤਿਗੁਰੂ ਜੀ ਨੇ ਕਿਹਾ, ਅਸੀਂ ਓਥੇ ਹੀ ਬਾਬਰ ਕੋਲ ਜਾਵਾਂਗੇ।

***ਈਹਾਂ ਲੋਕ ਉਸ ਲਯਾਇ ਸਤਾਵੈਂ॥*** ਏਥੇ ਆ ਕੇ ਉਹ ਲੋਕਾਂ ਨੂੰ ਦੁਖੀ ਕਰੇਗਾ, ਇਸ ਕਰਕੇ ਉਸ ਨੂੰ ਏਥੇ ਨਹੀਂ ਲਿਆਉਣਾ ਹੈ।

***ਹਮ ਆਪੇ ਦੇਖੈਂ ਉਸ ਚੱਲ॥*** ਅਸੀਂ ਆਪ ਚੱਲ ਕੇ ਵੇਖਾਂਗੇ ਉਸ ਨੂੰ, ਉਹ ਕੀ ਕਹਿੰਦਾ ਹੈ?

***ਬਾਬਰ ਚਹੈ ਜੁ ਕਰਨੀ ਗੱਲ॥੨੪॥*** ਜਿਹੜੀ ਬਾਬਰ ਨੇ ਗੱਲ ਕਰਨੀ ਹੈ ਸਾਡੇ ਨਾਲ, ਅਸੀਂ ਓਥੇ ਕਰਾਂਗੇ ਉਸ ਦੇ ਨਾਲ, ਏਥੇ ਨਹੀਂ ਲਿਆਉਣਾ ਉਸ ਨੂੰ। ੨੪।

***ਦੋਹਰਾ॥ ਜਹਿਂ ਡੇਰਾ ਬਾਬਰ ਕੀਆ ਸਤਿਗੁਰ ਪਹੁੰਚੇ ਜਾਇ॥*** ਜਿਥੇ ਬਾਬਰ ਨੇ ਡੇਰਾ ਲਾਇਆ ਹੈ ਆਪਣੇ ਲਸ਼ਕਰ ਵਿਚ, ਸਤਿਗੁਰੂ ਜੀ ਉਥੇ ਜਾ ਪਹੁੰਚੇ ਹਨ।

***ਮਰਦਾਨੇ ਕੋ ਗੁਰ ਕਹਯਾ ਸੁਰ ਕਰ ਰਬਾਬ ਬਜਾਇ॥੨੫॥*** ਮਰਦਾਨੇ ਨੂੰ ਹੁਕਮ ਦਿੱਤਾ ਹੈ ਮਹਾਰਾਜ ਨੇ, ਮਰਦਾਨਿਆਂ! ਰਬਾਬ ਵਜਾ। ੨੫।

***ਚੌਪਈ॥ ਜਬ ਮਰਦਾਨੇ ਰਬਾਬ ਬਜਾਯਾ॥*** ਜਦੋਂ ਮਰਦਾਨੇ ਰਬਾਬ ਨੂੰ ਵਜਾਇਆ ਹੈ।

***ਸੁਨ ਸੁਨ ਲਸ਼ਕਰ ਬਹੁ ਚਲ ਆਯਾ॥*** ਰਬਾਬ ਨੂੰ ਸੁਣ-ਸੁਣ ਕੇ ਬਾਬਰ ਦੀ ਬਹੁਤ ਸਾਰੀ ਫ਼ੌਜ ਚਲ ਕੇ ਆਈ ਹੈ।

***ਬਾਬਰ ਨੇ ਭੀ ਸੋ ਸੁਨ ਲਯੋ॥*** ਬਾਬਰ ਨੇ ਵੀ ਉਸ ਨੂੰ ਸੁਣ ਲਿਆ ਹੈ।

***ਨਾਨਕ ਹਮਰੇ ਲਸ਼ਕਰ ਅਯੋ॥੨੬॥*** ਕਿ ਗੁਰੂ ਨਾਨਕ ਸਾਹਿਬ ਜੀ ਮੇਰੇ ਲਸ਼ਕਰ ਵਿਚ ਆ ਪਹੁੰਚੇ ਹਨ। ੨੬।

***ਤੋ ਲੌਂ ਜਾਇ ਦੌਲਤ ਨੇ ਕਹੀ॥*** ਉਦੋਂ ਨੂੰ ਦੌਲਤ ਖ਼ਾਂ ਜਾ ਖ਼ਬਰ ਦਿੱਤੀ ਹੈ ਬਾਬਰ ਨੂੰ।

***ਬਾਬਰ ਦਿਲ ਕਛੁ ਨਿਹਚੌਂ ਭਈ॥*** ਜਦੋਂ ਇਹ ਗੱਲਾਂ ਸਾਰੀਆਂ ਸੁਣੀਆਂ ਹਨ ਉਸ ਨੇ ਕਿ ਮੇਰਾ ਲਸ਼ਕਰ ਹੀ ਦਿਵਾਨਾ ਹੋ ਗਿਆ ਹੈ, ਮੇਰੇ ਲਸ਼ਕਰ ਦੀ ਇਹ ਹਾਲਤ ਹੈ। ਇਹ ਸੁਣ ਕੇ ਬਾਬਰ ਨੂੰ ਕੁਛ ਯਕੀਨ ਹੋਇਆ ਹੈ, ਕਿ ਇਹ ਤਾਂ ਵਾਕਿਆ ਹੀ ਉਸੇ ਤਰ੍ਹਾਂ ਹੈ, ਜਿਵੇਂ ਦੌਲਤ ਖ਼ਾਂ ਨੇ ਦੱਸਿਆ ਸੀ। ਸਾਰਾ ਲਸ਼ਕਰ ਹੀ ਮੇਰਾ ਉਸ ਦੇ ਮਗਰ ਲਗ ਤੁਰਿਆ ਹੈ।

***ਤਬ ਬਾਬਰ ਅਸਵਾਰੀ ਮੰਗਾਈ॥*** ਤਦ ਬਾਬਰ ਨੇ ਆਪਣੀ ਅਸਵਾਰੀ ਮੰਗਾਈ ਹੈ, ਲਿਆਓ, ਉਸ ਨੂੰ ਅੱਗੋਂ ਚਲ ਕੇ ਮਿਲੀਏ।

***ਚਾਹਤ ਸਤਿਗਰ ਪਾਸ ਸੁ ਆਈ॥੨੭॥*** ਉਹ ਚਹੁੰਦਾ ਹੈ ਕਿ ਮੈਂ ਸਤਿਗੁਰਾਂ ਨੂੰ ਅੱਗੇ ਹੋ ਕੇ ਮਿਲਾਂ, ਐਸੀ ਕਲਾ ਦੇ ਜੋ ਮਾਲਕ ਨੇ। ੨੭।

***ਦੌਲਤ ਕੌ ਬਾਬਰ ਪੂਛ ਲਯੋ॥*** ਦੌਲਤ ਖ਼ਾਂ ਨੂੰ ਬਾਬਰ ਨੇ ਪੁੱਛਿਆ ਹੈ।

***ਭੇਟ ਪੀਰ ਕੀ ਚਹੀਯਤ ਦਯੋ ?॥*** ਪੀਰ ਸਾਹਿਬ ਨੂੰ ਕੀ ਭੇਟਾ ਦੇਣੀ ਚਾਹੀਦੀ ਹੈ।

***ਕਹੀ ਦੌਲਤ ਵਹ ਲੈਣ ਨ ਜੋਗ॥*** ਦੌਲਤ ਖ਼ਾਂ ਕਹਿਣ ਲੱਗਾ, ਉਹ ਕੁਛ ਨਹੀਂ ਲੈਂਦੇ, ਉਹਨਾਂ ਨੇ ਕੀ ਕਰਨੀਆਂ ਨੇ ਤੇਰੀਆਂ ਭੇਟਾ ਬਗੈਰਾ, ਉਹ ਤਾਂ ਕੋਈ ਚੀਜ਼ ਨਹੀਂ ਚਹੁੰਦੇ।

***ਜਾਤ ਉਸੇ ਪੈ ਹੈਂ ਸਭ ਲੋਗ॥੨੮॥*** ਸਾਰੇ ਲੋਕ ਮੇਰੇ ਵਰਗੇ ਜਾਂਦੇ ਨੇ, ਉਥੇ ਮੱਥੇ ਟੇਕਦੇ ਨੇ, ਉਹ ਕੋਈ ਕਿਸੇ ਦੀ ਚੀਜ਼ ਨਹੀਂ ਲੈਂਦੇ, ਸਤਿਗੁਰੂ ਜੀ ਤਾਂ ਪਉਣਅਹਾਰੀ ਸਨ, ਨਾ ਕੁਛ ਖਾਣ ਨਾ ਪੀਣ ਤੇ ਸਮਾਨ ਉਨ੍ਹਾਂ ਨੇ ਕੀ ਕਰਨਾ ਸੀ। ਭੇਟਾ ਤਾਂ ਉਹ ਲਵੇ, ਜਿਸ ਨੂੰ ਕੋਈ ਲੋਭ-ਲਾਲਚ ਹੋਵੇ ਕਿ ਚਲੋ ਕੋਈ ਪਦਾਰਥ ਮਿਲੇ ਖਾਵਾਂ ਪੀਵਾਂਗੇ। ਕੋਈ ਫਲ ਮੇਵੇ ਲਿਆਉਣ, ਲੇਕਿਨ ਸਤਿਗੁਰੂ ਤਾਂ ਕੋਈ ਚੀਜ਼ ਪਸੰਦ ਹੀ ਨਹੀਂ ਕਰਦੇ, ਉਹਨਾਂ ਨੂੰ ਤਾਂ ਨਾਮ ਦਾ ਹੀ ਅਧਾਰ ਹੈ। ੨੮।

***ਮੀਰੀ ਪੀਰੀ ਸਭ ਉਸ ਪਾਹਿ॥*** ਮੀਰੀ ਪੀਰੀ ਸਭ ਉਸ ਦੇ ਕੋਲ ਹੈ, ਸਭ ਪਦਾਰਥ ਉਸ ਕੋਲ ਹਾਜ਼ਰ ਰਹਿੰਦੇ ਨੇ।

***ਦੇਖੋਗੇ ਤੁਮ ਨੇੜੇ ਜਾਇ॥*** ਹੇ ਬਾਬਰ! ਜਦੋਂ ਉਹਨਾਂ ਦੇ ਨੇੜੇ ਗਿਆ, ਉਦੋਂ ਵੇਖੇਂਗੇ ਉਨ੍ਹਾਂ ਦੀ ਪਾਤਸ਼ਾਹੀ, ਉਹ ਕਿੱਡੇ ਵੇਪਰਵਾਹ ਹਨ!

***ਤੌ ਫਿਰ ਆਪ ਬੋਲਯੋ ਸ਼ਾਹਿ॥*** ਤਦ ਫਿਰ ਆਪ ਬਾਦਸ਼ਾਹ ਬਾਬਰ ਕਹਿਣ ਲੱਗਾ ਹੈ।

***ਖਾਲੀ ਦਸਤ ਰੂਹ ਹੈ ਸ਼ਾਹਿ॥੨੯॥*** ਜੇ ਖਾਲੀ ਹੱਥੀਂ ਜਾਈਏ ਤਾਂ ਕਹਿਣਗੇ ਖਾਲੀ ਰੂਹ ਹੈ ਬਾਦਸ਼ਾਹ ਦੀ, ਕੀ ਹੈ ਉਸ ਦੇ ਪੱਲੇ, ਕਿਸੇ ਸੰਤ ਮਹਾਤਮਾਂ ਕੋਲ ਦਰਸ਼ਨ ਕਰਨ ਵਾਲੇ ਵੱਡੇ ਆਦਮੀ ਖਾਲੀ ਜਾਣ? ਜੇ ਸੰਤਾਂ ਮਹਾਤਮਾਂ ਕੋਲ ਜਾਈਏ ਕੁਛ ਨਾ ਕੁਛ ਜ਼ਰੂਰ ਸ਼ਰਧਾ ਨਾਲ ਭੇਟਾ ਰੱਖੀਏ, ਤਾਂ ਹੀ ਬਖ਼ਸ਼ਸ਼ ਹੁੰਦੀ ਹੈ। ੨੯।

***ਦੋਹਰਾ॥ ਰੀਤੇ ਹਾਥ ਨ ਜਾਈਏ ਭਿੱਛਕ ਨ੍ਰਿਪ ਗੁਰਦੇਵ॥*** ਆਪਣੇ ਗੁਰੂ, ਬਾਦਸ਼ਾਹ ਤੇ ਭਿਖਾਰੀ ਕੋਲ ਖਾਲੀ ਹੱਥ ਨਹੀਂ ਜਾਣਾ ਚਾਹੀਦਾ, ਭਾਵੇਂ ਤਿਲ ਫੁਲ ਹੀ ਹੋਵੇ ਜ਼ਰੂਰ ਭੇਟ ਕਰੀਏ।

***ਉਨ ਕੈ ਆਗੇ ਬਿਨ ਧਰੇ ਵੈ ਫਿਰ ਅਗੋਂ ਨ ਦੇਵ॥੩੦॥*** ਉਹਨਾਂ ਦੇ ਅੱਗੇ ਜੇ ਖਾਲੀ ਹੱਥ ਜਾਈਏ ਨਾ ਰੱਖੀਏ ਕੁਛ, ਤਾਂ ਉਹ ਅੱਗੋਂ ਕੋਈ ਵਰਦਾਨ ਨਹੀਂ ਦਿੰਦਾ ਹੈ ਕੋਈ ਬਖ਼ਸ਼ਸ਼ ਨਹੀਂ ਕਰਦੇ। ੩੦।

***ਚੌਪਈ॥ ਤਬ ਦੌਲਤ ਖਾਂ ਭੰਗ ਬਤਾਈ॥*** ਤਾਂ ਦੋਲਤ ਖ਼ਾਂ ਕਹਿਣ ਲੱਗਿਆ, ਸੰਤਾਂ, ਮਹਾਤਮਾ ਦਾ ਤਾਂ ਆਹੀ ਹੁੰਦਾ ਹੈ, ਭੰਗ ਪੀ ਲੈਂਦੇ ਨੇ, ਜਿਵੇਂ ਆਮ ਸਾਧੂ ਪੀ ਲੈਂਦੇ ਨੇ। ਸਤਿਗੁਰੂ ਜੀ ਤਾਂ ਉਹ ਵੀ ਨਹੀਂ ਸੀ ਵਰਤਦੇ, ਉਹ ਤਾਂ ਜਮ੍ਹਾ ਹੀ ਪਉਣਅਹਾਰੀ ਸਨ ਪਰ ਉਸ ਨੇ ਕਿਹਾ ਜੇ ਭੇਟਾ ਤੁਸਾਂ ਲਿਜਾਣੀ ਹੈ ਤਾਂ ਸੁੱਖਾ ਲੈ ਜਾਓ।

***ਸਤਿਗੁਰ ਆਗੇ ਧਰ ਤੁਮ ਜਾਈ॥*** ਬਾਦਸ਼ਾਹ! ਉਹਨਾਂ ਦੇ ਅੱਗੇ ਰੱਖ ਦਿਓ ਜਾ ਕੇ।

***ਉਨ ਤਬ ਥੈਲੋ ਲੀਓ ਭਰਾਈ॥*** ਤਾਂ ਇਕ ਥੈਲਾ ਭਰਾ ਲਿਆ ਉਸ ਨੇ ਸੁੱਖੇ ਦਾ।

***ਉਤਰ ਘੋੜਿਓਂ ਭੇਟ ਚੜ੍ਹਾਈ॥੩੧॥*** ਬਾਬਰ ਨੇ ਘੋੜੇ ਤੋਂ ਉੱਤਰ ਉਹ ਭੰਗ ਦੀ ਥੈਲੀ ਭੇਟਾ ਕੀਤੀ ਹੈ। ੩੧।

***ਤਬ ਸਤਿਗੁਰ ਸ਼ਾਹਿ ਆਦਰ ਕਰਿਓ॥*** ਤਦ ਸਤਿਗੁਰਾਂ ਨੇ ਆਦਰ ਕੀਤਾ ਹੈ ਉਸ ਦਾ, ਸਤਿਕਾਰ ਕਰਕੇ ਆਪਣੇ ਕੋਲ ਬਿਠਾ ਲਿਆ ਹੈ।

**ਤੁਮ ਹਮ ਪਰ ਗੁਸੈ ਕਿਓਂ ਕਰਿਓ॥** ਸਤਿਗੁਰੂ ਨੇ ਕਿਹਾ ਬਾਬਰ ! ਓਧਰੋਂ ਤੁਰਨ ਲੱਗੇ ਨੇ ਸਾਡੇ 'ਤੇ ਗੁੱਸਾ ਕਿਉਂ ਕੀਤਾ ਤੂੰ, ਮੈਂ ਚੱਲ ਕੇ ਵੇਖਾਂਗਾ ਕਿ ਉਹ ਕੱਚਾ ਹੈ ਕਿ ਪੱਕਾ, ਤੂੰ ਗੁੱਸਾ ਕਿਹੜੀ ਗੱਲ ਦਾ ਕੀਤਾ ਹੈ ਮੇਰੇ 'ਤੇ।

**ਹਮ ਤੁਮਰੋ ਕੁਛ ਰੋਕਯੋ ਨਾਹੀਂ॥** ਅਸੀਂ ਤੇ ਰੋਕਿਆ ਹੈ ਕੁਛ, ਤੇਰੀ ਚੀਜ਼ ਮੱਲੀ ਹੈ ਕੋਈ, ਕਿਸ ਗੱਲ ਦਾ ਗੁੱਸਾ ਸਾਡੇ 'ਤੇ।

**ਇਕ ਰੋੜੀ ਪਰ ਬੈਠੇ ਹਾਂਹੀ॥੩੨॥** ਅਸੀਂ ਤਾਂ ਧਰਤੀ 'ਤੇ ਇਕ ਰੋੜ ਵਿਛਾ ਕੇ ਬੈਠੇ ਹਾਂ, ਹੋਰ ਤਾਂ ਤੇਰੀ ਕੋਈ ਚੀਜ਼ ਅਸੀਂ ਮੱਲੀ ਨਹੀਂ ਹੈ। ੩੨।

**ਜੋ ਤੂੰ ਚਲਤੋ ਚਿਤਵਤ ਆਯੋ॥** ਓਥੋਂ ਤੁਰਦਿਆਂ ਜੋ ਤੂੰ ਚਿਤ ਵਿਚ ਵਿਚਾਰਾਂ ਕਰਦਾ ਆਇਆ ਹੈ।

**ਦੇਹੁ ਸਜਾ ਜੋ ਤੈਂ ਦਿਲ ਭਾਯੋ॥** ਜੋ ਵੀ ਤੇਰੇ ਦਿਲ ਨੂੰ ਭਉਂਦੀ ਹੈ, ਉਹ ਸਜ਼ਾ ਦੇ ਕੇ ਵੇਖ ਲੈ ਸਾਨੂੰ।

**ਕੈ ਕੱਚੇ ਕੈ ਪੱਕੇ ਅਸੀਂ॥** ਅਸੀਂ ਕੱਚੇ ਹਾਂ ਜਾਂ ਪੱਕੇ।

**ਤੂੰ ਕਰ ਲੈ ਜੋ ਤੈਂ ਜੀਅ ਬਸੀ॥੩੩॥** ਜਿਹੜੀ ਚਿਤ ਵਿਚ ਵਸੀ ਹੈ ਤੇਰੇ, ਤੂੰ ਹੁਣ ਕਰਕੇ ਵੇਖ ਲੈ ਸਾਡੇ ਨਾਲ। ੩੩।

**ਝੂਠ ਕਰੈਂ ਕੈ ਸਾਚ ਕਮਾਈ॥** ਦੇਖ ਤਾਂ ਸਈ ਟੋਹ ਕੇ ਸਾਨੂੰ, ਅਸੀਂ ਝੂਠੀ ਕਮਾਈ ਕਰਦੇ ਹਾਂ ਕਿ ਸੱਚੀ ਕਰਦੇ ਹਾਂ, ਅਸੀਂ ਪ੍ਰਮੇਸ਼ਰ ਦੇ ਸੱਚੇ ਭਗਤ ਹਾਂ ਕਿ ਕੱਚੇ ਹਾਂ।

**ਨਜੀਕੈਂ ਦੇਖੋਂ ਤੈਂ ਕਹਯੋ ਜਾਈ॥** ਤੂੰ ਕਹਿੰਦਾ ਸੀ ਮੈਂ ਨੇੜੇ ਜਾ ਕੇ ਵੇਖਾਂਗਾ, ਉਹ ਕਿਹੋ ਜਿਹਾ ਹੈ।

**ਸਾਚੋ ਹੋਇ ਤੁ ਕਰਿਹੋਂ ਪੀਰ॥** ਤੂੰ ਆਖਿਆ ਸੀ, ਜੇ ਉਹ ਸੱਚਾ ਫਕੀਰ ਹੋਇਆ ਤਾਂ ਉਸ ਨੂੰ ਮੈਂ ਆਪਣਾ ਪੀਰ ਬਣਾ ਲਵਾਂਗਾਂ।

**ਝੂਠੋ ਹੁਇ ਹਿੰਦੂ ਦਯੋਂ ਚੀਰ॥੩੪॥** ਜੇ ਹਿੰਦੂ ਝੂਠਾ ਹੋਇਆ ਤਾਂ ਮੈਂ ਹਿੰਦੂ ਨੂੰ ਚੀਰ ਦਿਆਂਗਾ, ਤਲਵਾਰ ਦੇ ਘਾਟ ਉਤਾਰ ਦਿਆਂਗਾ, ਇਉਂ ਕਰਦਾ ਆਉਂਦਾ ਸੀ ਨਾ ਗੱਲਾਂ, ਦੱਸ ਹੁਣ ਤੂੰ, ਕਰ ਸਾਨੂੰ ਤੂੰ ਕੀ ਕਰਨਾਂ ਹੈ?। ੩੪।

**ਦੋਹਰਾ॥ ਸਾਚ ਸੁ ਸਾਹਿਬ ਘਰ ਰਹੈ ਔਰ ਸਾਚ ਦਿਖ ਨਾਂਹਿ॥** ਸਤਿਗੁਰੂ ਕਹਿਣ ਲੱਗੇ, ਜੇ ਤੂੰ ਸੱਚ ਵੇਖਣਾ ਚਹੁੰਦਾ ਹੈਂ, ਸੱਚ ਤਾਂ ਸਾਹਿਬ ਦੇ ਘਰ ਹੈ, ਹੋਰ ਕਿਤੇ ਸੱਚ ਨਹੀਂ, ਸਭ ਝੂਠ ਹੀ ਹੈ ਦੁਨੀਆਂ, ਇਹ ਝੂਠ ਦਾ ਪਸਾਰਾ ਹੈ, ਸਭ ਦੁਨੀਆਂ ਦਾ।

**ਗੁਰੂ ਪੀਰ ਪਤਿਸ਼ਾਹਿ ਸ਼ਾਹ ਦੇਖੈ ਬਹੁ ਪਤਿਆਹਿ॥੩੫॥** ਗੁਰੂ, ਪੀਰ, ਬਾਦਸ਼ਾਹ ਤੇ ਸ਼ਾਹ ਤਾਂ ਬਹੁਤ ਦੇਖੇ ਹਨ, ਸਭ ਤੇਰੇ ਵਾਂਗੂੰ ਵੀ ਤਸੱਲੀ ਕਰਕੇ ਵੇਖਦੇ ਹਨ। ੩੫।

**ਕਰਾਮਾਤ ਹਮ ਤੂੰ ਦਿਖੈਂ ਸੋ ਹਮ ਦਿਖਾਵੈਂ ਨਾਂਹਿ॥** ਤੂੰ ਤਾਂ ਸਾਡੇ ਵਿਚ ਕਰਾਮਾਤ ਦੇਖਣੀ ਚਹੁੰਦਾ ਹੈਂ, ਮੈਂ ਵੇਖਾਂ ਕਿ ਇਹਨਾਂ ਵਿਚ ਕਲਾ ਹੈ ਕਿ ਨਹੀਂ। ਤੂੰ ਜਿਹੜੀ ਕਲਾ ਵੇਖਣੀ ਚਹੁੰਦਾ ਹੈਂ ਅਸੀਂ ਉਹ ਵਿਖਾਉਂਦੇ ਨਹੀਂ ਹਾਂ।

**ਕਰਾਮਾਤ ਮੈਂ ਕਹਿਰ ਹੈ ਸੋ ਰੱਬੋਂ ਦੂਰ ਕਰਾਇ॥੩੬॥** ਕਰਾਮਾਤ ਤਾਂ ਕਹਿਰ ਦਾ ਨਾਮ ਹੈ, ਕਰਾਮਾਤ ਤਾਂ ਜ਼ੁਲਮ ਕਰਾਉਂਦੀ ਹੈ, ਉਹ ਤਾਂ ਬੰਦੇ ਨੂੰ ਰੱਬ ਦੇ ਨੇੜੇ ਨਹੀਂ ਰਹਿਣ ਦਿੰਦੀ ਹੈ। ੩੬।

**ਚੌਪਈ॥ ਕਰਾਮਾਤ ਹੁਇ ਜਾਂਕੇ ਪਾਹੀ॥** ਜਿਸ ਦੇ ਕੋਲ ਕਰਾਮਾਤ ਹੋਵੇ।

**ਆਪੇ ਕਿਉਂ ਨ ਕਰੈ ਪਤਿਸ਼ਾਹੀ॥** ਫੇਰ ਉਹ ਆਪ ਹੀ ਕਿਉਂ ਨਾ ਬੈਠ ਜਾਵੇ ਤਖਤ 'ਤੇ, ਉਹ ਆਪ ਹੀ ਪਾਤਸ਼ਾਹੀ ਕਰ ਲਵੇ, ਉਸ ਨੂੰ ਕੀ ਲੋੜ ਹੈ ਕਰਾਮਾਤਾਂ ਵਿਖਾਉਣ ਦੀ।

**ਕਰਾਮਾਤ ਕਹੋ ਪਾਸ ਰਸੂਲ॥** ਕਰਾਮਾਤ ਦੱਸੋ (ਰਸੂਲ) ਪੈਗੰਬਰ ਦੇ ਪਾਸ ਹੈ?

**ਖੁਦਾਇ ਮੰਨ ਜਿਸ ਕਰੈ ਕਬੂਲ॥੩੭॥** ਜਿਸ ਨੂੰ ਤੁਸੀਂ ਖੁਦਾ ਮੰਨ ਕੇ ਪ੍ਰਵਾਣ ਕਰਦੇ ਹੋ। ੩੭।

**ਕਰਾਮਾਤ ਜੋ ਜਗਤ ਦਿਖਾਵੈ॥** ਜੋ ਕੋਈ ਸੰਸਾਰੀ ਲੋਕਾਂ ਨੂੰ ਕਰਾਮਾਤ ਵਿਖਾਉਂਦਾ ਹੈ।

**ਜਗਤ ਲੋਕ ਤਿਸ ਬਹੁ ਸੰਤਾਵੈ॥** ਸੰਸਾਰ ਦੇ ਲੋਕ ਉਸ ਨੂੰ ਬਹੁਤ ਦੁਖੀ ਕਰਦੇ ਹਨ।

***ਨਜੀਕ ਰਹੈ ਜੋ ਕੋਊ ਖੁਦਾਇ॥*** ਜਿਹੜਾ ਕੋਈ ਪੁਰਸ਼ ਖੁਦਾ ਦੇ ਨੇੜੇ ਰਹਿੰਦਾ ਹੈ।

***ਕਰਾਮਾਤ ਤੇ ਦੂਰ ਪਰਾਇ॥੩੮॥*** ਉਹ ਕਰਾਮਾਤ ਤੋਂ ਦੂਰ ਰਹਿੰਦੇ ਨੇ, ਉਹ ਨਹੀਂ ਕਰਾਮਾਤ ਵਿਖਾਉਂਦੇ ਕਿਸੇ ਨੂੰ। ੩੮।

***ਕਰਾਮਾਤ ਤੁਮ ਦੇਖੀ ਚਹੋ॥*** ਹੇ ਬਾਬਰ ਤੂੰ ਵੀ ਕਰਾਮਾਤ ਵੇਖਣੀ ਚਹੁੰਦਾ ਹੈ।

***ਯਹ ਭੀ ਨਾਹੀਂ ਆਛੋ ਕਹੋ॥*** ਇਹ ਵੀ ਚੰਗੀ ਗੱਲ ਨਹੀਂ, ਤੂੰ ਹਰੇਕ ਨੂੰ ਕਹਿੰਦਾ ਹੈ, ਕਰਾਮਾਤ ਮੈਨੂੰ ਵਿਖਾਵੇ, ਫਿਰ ਮੈਂ ਮੰਨਦਾ ਹਾਂ। ਇਹ ਗਲਤ ਗੱਲ ਹੈ।

***ਕਰਾਮਾਤ ਹੋਵੈ ਦੋਊ ਭਾਂਤ॥*** ਕਰਾਮਾਤ ਦੇ ਦੋ ਤਰੀਕੇ ਹਨ, ਦੋ ਤਰ੍ਹਾਂ ਨਾਲ ਕਰਾਮਾਤ ਵੇਖੀ ਜਾਂਦੀ ਹੈ।

***ਕੈ ਮਿਹਰੋਂ ਕੈ ਕਹਿਰੋਂ ਹੋ ਜਾਤ॥੩੯॥*** ਜਾਂ ਤਾਂ ਕੋਈ ਕਿਸੇ ਤੇ ਮਿਹਰ ਕਰ ਦੇਵੇ ਜਾਂ ਫਿਰ ਜਿਹੜਾ (ਕਹਿਰ) ਤਬਾਹੀ ਕਰ ਦੇਵੇ, ਉਹ ਕਰਾਮਾਤ ਹੈ, ਦੋ ਹੀ ਢੰਗ ਦੇ ਨਾਲ ਕਰਾਮਾਤ ਵੇਖੀ ਜਾਂਦੀ ਹੈ। ੩੯।

***ਸੇਵਾ ਕਰੈ ਤੁ ਮਿਹਰ ਸੁ ਆਵੈ॥*** ਜੇ ਕਿਸੇ ਕਰਾਮਾਤੀ ਦੀ ਸੇਵਾ ਕਰੀਏ ਤਾਂ ਉਹ ਮਿਹਰ ਵਿਚ ਆ ਜਾਂਦਾ ਹੈ, ਫਿਰ ਤਾਂ ਹੋਈ ਮਿਹਰ ਦੀ ਕਰਾਮਾਤ।

***ਜ਼ਿਦ ਤੇ ਚਾਹੈ ਕਹਿਰ ਸੁ ਪਾਵੈ॥*** ਜੇ ਕੋਈ ਜਿਦ ਕਰਕੇ ਆਖੇ ਕਿ ਮੈਂ ਤਾਂ ਜ਼ਰੂਰ ਵੇਖਣੀ ਹੈ, ਫਿਰ ਤਾਂ ਕਹਿਰ ਹੀ ਹੋਵੇਗਾ।

***ਮਿਹਰ ਕਹਿਰ ਦੋਊ ਕਰਾਮਾਤ॥*** ਮਿਹਰ ਤੇ ਕਹਿਰ ਦੋ ਹੀ ਕਰਾਮਾਤ ਦੇ ਰੰਗ ਨੇ, ਦੋ ਤਰ੍ਹਾਂ ਨਾਲ ਹੀ ਕਰਾਮਾਤ ਹੁੰਦੀ ਹੈ।

***ਦੂਰ ਖ਼ੁਦਾ ਤੇ ਸੋ ਲੇ ਜਾਤ॥੪੦॥*** ਕਰਾਮਾਤ ਖੁਦਾ ਤੋਂ ਦੂਰ ਲੈ ਜਾਂਦੀ ਹੈ, ਇਹ ਕਰਾਮਾਤ ਨਹੀਂ ਭਾਈ ਵਿਖਾਉਣੀ ਚਾਹੀਦੀ, ਕਰਾਮਾਤ ਮਾੜੀ ਗੱਲ ਹੈ। ੪੦।

***ਦੋਹਰਾ॥ ਕਹਿਰ ਪਤਿਸ਼ਾਹਨ ਕਾਰ ਹੈ ਖੋਸ ਜੁ ਔਰਨ ਖਾਹਿਂ॥*** (ਕਹਿਰ) ਜ਼ੁਲਮ ਕਰਨਾ ਤਾਂ ਬਾਦਸ਼ਾਹਾਂ ਦਾ ਕੰਮ ਹੈ ਜੋ ਹੋਰਨਾਂ ਤੋਂ ਧੱਕੇ ਨਾਲ ਖੋਹ ਕੇ ਖਾਂਦੇ ਹਨ।

***ਕਹਿਰ ਕਰੈ ਜੁ ਫਕੀਰ ਹੋਇ, ਦੂਰ ਖੁਦਾਇ ਤੇ ਪਾਹਿ॥੪੧॥*** ਜੋ ਕਰਾਮਾਤ ਵਿਖਾਉਣੀ ਹੈ, ਇਹ ਹੈ ਕਹਿਰ ਕਰਨਾ, ਜਿਹੜਾ ਫਕੀਰ ਹੋ ਕੇ ਕਰਾਮਾਤ ਵਿਖਾਵੇ ਕਹਿਰ ਕਰੇ, ਉਹ ਫਕੀਰ, ਖੁਦਾ ਪਾਸੋਂ ਦੂਰ ਹੋ ਜਾਂਦਾ ਹੈ। ੪੧।

***ਤਬ ਬਾਬਰ ਨੇ ਸਮਝਿਆ ਜੋ ਮੈਂ ਚਿਤਵਤ ਆਇ॥*** ਤਦ ਬਾਬਰ ਦੀ ਅਕਲ ਵਿਚ ਆਈ ਗੱਲ ਕਿ ਮੈਂ ਜੋ ਉਥੋਂ ਤੁਰਿਆ ਆਉਂਦਾ ਚਿਤਵਦਾ ਆਉਂਦਾ ਹਾਂ ਕਿ ਕੱਚਾ ਵੇਖਾਂਗਾ ਤਾਂ ਉਸ ਨੂੰ ਸਜ਼ਾ ਦੇਵਾਂਗਾ, ਪੱਕਾ ਵੇਖਾਂਗਾ ਤਾਂ ਮੰਨ ਲਵਾਂਗਾ ਉਨ੍ਹਾਂ ਨੂੰ, ਮੈਂ ਜੋ ਮਨ ਵਿਚ ਸੋਚਿਆ, ਇਹਨ੍ਹਾਂ ਸਾਰੀਆਂ ਕਹਿ ਦਿੱਤੀਆਂ। ਇਹ ਤਾਂ ਅੰਤਰਜਾਮੀ ਨੇ ਤਸੱਲੀ ਹੋ ਗਈ ਹੈ ਮਨ ਵਿਚ।

***ਹੈ ਸਭ ਜਾਨੀ ਜਾਣ ਯਹ ਸਭ ਹਮ ਦਯੋ ਬਤਾਇ॥੪੨॥*** ਇਹ ਤਾਂ ਸਭ ਜਾਨੀ ਜਾਣ ਹਨ, ਅੰਤਰਜਾਮੀ ਹਨ, ਸਾਰੀ ਗੱਲ ਮੇਰੇ ਮਨ ਦੀ ਇਹਨਾਂ ਨੇ ਕਹਿ ਦਿੱਤੀ ਹੈ। ੪੨।

***ਚੌਪਈ॥ ਦੇਖ ਦਿਦਾਰ ਕੋ ਨਿਸ਼ਚਾ ਆਯਾ॥*** ਜਦੋਂ ਸਤਿਗੁਰੂ ਜੀ ਦਾ ਦਰਸ਼ਨ ਕੀਤਾ ਉਸ ਨੇ, ਦਿਦਾਰ ਪਾਇਆ, ਮਨ ਵਿਚ ਯਕੀਨ ਹੋ ਗਿਆ ਕਿ ਇਹ ਸੱਚੇ ਹਨ। ਉਹ ਜੋ ਗੱਲ ਕਹਿੰਦੇ ਨੇ ਸੱਚੀ ਕਹਿੰਦੇ ਨੇ ਬਿਲਕੁਲ ਹੀ ਠੀਕ ਹੈ।

***ਨਜੀਕ ਰਹੈ ਯਹ ਸੱਚ ਖੁਦਾਯਾ॥*** ਇਹ ਖੁਦਾ ਦੇ ਨੇੜੇ ਰਹਿੰਦੇ ਹਨ, ਇਹ ਸੱਚ ਹੈ।

***ਖੁਦਾਇ ਯਾਹਿ ਮੈਂ ਭੇਦ ਕਛੁ ਨਾਹੀਂ॥*** ਖੁਦਾ ਦੇ ਵਿਚ ਤੇ ਇਹਨਾਂ ਦੇ ਵਿਚ ਕੋਈ ਭੇਦ ਨਹੀਂ ਹੈ ਇਕੋ ਸਰੂਪ ਹੈ।

***ਅਬ ਮੈਂ ਇਸ ਤੇ ਮੰਗੋਂ ਪਤਿਸ਼ਾਹੀ॥੪੩॥*** ਮਨ ਵਿਚ ਤਸੱਲੀ ਹੋ ਗਈ ਕਿ ਹੁਣ ਮੈਂ ਇਹਨਾਂ ਤੋਂ ਮੰਗ ਲਵਾਂ ਪਾਤਸ਼ਾਹੀ।

***ਕਬੂਲ ਪਰੈ ਜੋ ਇਸੈ ਦੁਵਾਇ॥*** ਜੇ ਇਹਨਾਂ ਦੀ ਦੁਆ ਪ੍ਰਵਾਨ ਹੋ ਜਾਵੇ ਦਰਗਾਹ ਦੇ ਵਿਚ, ਇਹਨਾਂ ਦਾ ਕਹਿਣਾ ਖੁਦਾ ਮੰਨ ਲਵੇ।

***ਤੌ ਮੇਰੋ ਸਭ ਕਾਮ ਬਨ ਜਾਇ॥*** ਤਾਂ ਮੇਰਾ ਸਾਰਾ ਹੀ ਕਾਰਜ ਬਣ ਜਾਇਆਂ, ਹਿੰਦੋਸਤਾਨ ਦੀ ਪਾਤਸ਼ਾਹੀ ਮਿਲ ਜਾਇਗੀ।

**ਔ ਇਸੁ ਦੁਵਾਇ ਜਿ ਨਾਂਹਿ ਪੁਜਾਇ॥** ਅਤੇ ਜੇ ਇਨ੍ਹਾਂ ਦੀ ਉਥੇ ਦੁਆ ਨਾ ਪੁੱਜੀ ਜੇ ਖੁਦਾ ਇਹਨਾਂ ਦੀ ਦੁਆ ਨਾਂ ਮੰਨੇ।

**ਤੌ ਹਮਰੋ ਕੁਛ ਪਲਯੋਂ ਨ ਜਾਇ॥੪੪॥** ਤਾਂ ਮੇਰਾ ਕਿਹੜਾ ਕੋਈ ਨੁਕਸਾਨ ਹੋਣ ਲੱਗਿਆ, ਮੇਰੇ ਕੁਛ ਪੱਲਿਓਂ ਖ਼ਰਚ ਹੋਣ ਲੱਗਿਆਂ ? ਜੇ ਮੰਨ ਗਏ ਤਾਂ ਮੇਰਾ ਕਾਰਜ਼ ਠੀਕ ਹੋ ਜਾਇਗਾ, ਜੇ ਨਾ ਮੰਨੇ ਤਾਂ ਮੇਰਾ ਕੋਈ ਨੁਕਸਾਨ ਨਹੀਂ ਹੋਣ ਲੱਗਿਆ। ੪੪।

**ਖੋਟੇ ਬਚਨ ਕਹਿ ਕਿਮ ਬਿਖ ਬੋਵੈਂ॥** ਐਵੇਂ ਖੋਟਾ ਬੋਲ-ਬੋਲ ਕੇ ਕਿਉਂ ਜ਼ਹਿਰ ਬੀਜ ਲਵਾਂ, ਆਪਣੇ 'ਤੇ ਗੁੱਸੇ ਕਰ ਲਵਾਂ ਸਤਿਗੁਰਾਂ ਨੂੰ, ਇਹ ਮਨ ਵਿਚ ਤਸੱਲੀ ਹੋ ਗਈ, ਕਹਿਰ ਮਨ ਵਿੱਚੋਂ ਨਿਕਲ ਗਿਆ ਹੈ, ਮਨ ਨੀਵਾਂ ਹੋ ਗਿਆ ਹੈ।

**ਮੀਠੇ ਬਚ ਕਹਿ ਕਿਮ ਨਹਿਂ ਜੋਵੈਂ॥** ਮਿੱਠੇ-ਮਿੱਠੇ ਬਚਨ ਕਰ ਕੇ ਕਿਉਂ ਨਾ ਮੈਂ ਜੋਹ ਲਵਾਂ ਇਹਨਾਂ ਨੂੰ।

**ਤਬ ਬਾਬਰ ਆਇ ਦੋ ਕਰ ਜੋਰੇ॥** ਤਦ ਬਾਬਰ ਦਾ ਮਨ ਨੀਵਾਂ ਹੋ ਗਿਆ, ਉਸ ਨੇ ਦੋਵੇਂ ਹੱਥ ਜੋੜ ਕੇ।

**ਗਰਜ ਅਪਨੀ ਮੁਖੋਂ ਮਿਠ ਬੋਰੇ॥੪੫॥** ਆਪਣੀ ਗਰਜ ਵਾਸਤੇ ਮਿੱਠਾ ਬੋਲਣ ਲੱਗ ਪਿਆ, ਹੰਕਾਰ ਦੇ ਬਚਨ ਛੱਡ ਦਿੱਤੇ ਹਨ। ੪੫।

**ਆਯੋ ਮੈਂ ਤਵ ਕਦਮਾ ਪਾਸ॥** ਅਤੇ ਬੇਨਤੀਆਂ ਕਰਨ ਲੱਗ ਪਿਆ ਹੈ, ਮਹਾਰਾਜ ! ਮੈਂ ਤੁਹਾਡੇ ਚਰਨਾਂ ਵਿਚ ਆਇਆ ਹਾਂ, ਵੇਖ ਕਿੱਡੀ ਦੂਰੋਂ ਆਇਆ ਹਾਂ, ਆਸ ਲੈ ਕੇ।

**ਪੂਰਨ ਕੀਜੈ ਹਮਰੀ ਆਸ॥** ਮੇਰੀ ਆਸਾ ਪੂਰਨ ਕਰੋ, ਮੈਂ ਤਾਂ ਤੁਹਾਡੇ ਚਰਨਾਂ ਦਾ ਆਸਰਾ ਤੱਕ ਕੇ ਆਇਆ ਹਾਂ।

**ਮੈਂ ਸੁਨਿਓਂ ਤੁਮ ਹਿੰਦੂ ਬਡ ਪੀਰ॥** ਮਹਾਰਾਜ ! ਮੈਂ ਸੁਣਿਆਂ ਹੈ, ਦੁਨੀਆਂ ਵਾਲਿਆਂ ਤੋਂ, ਤੂੰ ਹੈਂ ਤਾਂ ਭਾਵੇਂ ਹਿੰਦੂ ਹੀ ਪਰ ਵੱਡਾ ਪੀਰ ਹੈਂ। ਸਭ ਤੋਂ ਵੱਡਾ ਤੂੰ ਹੀ ਹੈਂ, ਤੇਰੇ ਬਰਾਬਰ ਕੋਈ ਨਹੀਂ।

**ਤੁਮ ਪੈ ਆਇਓ ਹੋਇ ਅਧੀਰ॥੪੬॥** ਮੈਂ ਤਾਂ ਬਿਲਕੁਲ ਹੀ ਨਿਰਾਸ਼ ਹੋ ਕੇ ਆਇਆ ਹਾਂ ਤੁਹਾਡੇ ਚਰਨਾਂ ਵਿਚ। ੪੬।

**ਦੋਹਰਾ॥ ਜੋ ਸੁਨਿਓ ਸੋ ਦੇਖਿਓ ਤੂੰ ਪੀਰਨ ਸਿਰ ਪੀਰ॥** ਮੈਂ ਜੋ ਲੋਕਾਂ ਤੋਂ ਤੁਹਾਡੇ ਵਾਰੇ ਸੁਣਿਆ ਹੈ, ਉਹ ਮੈਂ ਹੁਣ ਅੱਖੀਂ ਵੇਖ ਲਿਆ ਹੈ, ਤੂੰ ਪੀਰਾਂ ਵਿੱਚੋਂ ਸ਼ਰੋਮਣੀ ਪੀਰ ਹੈਂ, ਤੂੰ ਸਭ ਤੋਂ ਵੱਡਾ ਹੈਂ, ਤੇਰੀ ਬਰਾਬਰੀ ਕੋਈ ਨਹੀਂ ਕਰਨ ਵਾਲਾ।

**ਤੁਮ ਦਿਦਾਰ ਕੇ ਪੇਖਨੇ ਭਯੋ ਮੇਰੋ ਮਨ ਧੀਰ॥੪੭॥** ਕਿਉਂਕਿ ਜਦੋਂ ਮੈਂ ਤੁਹਾਡਾ ਦਿਦਾਰ ਕੀਤਾ ਹੈ, ਆ ਕੇ ਦਰਸ਼ਨ ਕੀਤਾ ਹੈ, ਮੇਰੇ ਮਨ ਨੂੰ ਉਦੋਂ ਹੀ ਧੀਰਜ ਹੋ ਗਈ ਹੈ। ੪੭।

**ਚੌਪਈ॥ ਜੈਸੋ ਸੁਨਿਓ ਤੈਸੋ ਦੇਖਯੋ॥** ਜਿਹੋ ਜਿਹਾ ਮੈਂ ਤੁਹਾਡੇ ਬਾਰੇ ਸੁਣਿਆਂ ਸੀ, ਉਹੋ ਜਿਹਾ ਹੀ ਮੈਂ ਦੇਖਿਆ ਹੈ।

**ਪੀਰਨ ਸਿਰ ਤੂੰ ਪੀਰ ਪਰੇਖਯੋ॥** ਤੈਨੂੰ ਪਰਖ ਕੇ ਵੇਖਿਆ ਹੈ ਕਿ ਤੂੰ ਪੀਰਾਂ ਦਾ ਸ਼ਿਰੋਮਣੀ ਪੀਰ ਹੈਂ।

**ਜੋ ਜੋ ਬਾਤ ਦੌਲਤ ਖਾਂ ਕਹੀ॥** ਜੋ-ਜੋ ਗੱਲਾਂ ਮੈਨੂੰ ਦੌਲਤ ਖ਼ਾਂ ਨੇ ਦੱਸੀਆਂ ਸਨ।

**ਮੈਂ ਅਬ ਨੈਨਨ ਦੇਖੀ ਵਹੀ॥੪੮॥** ਮੈਂ ਉਹ ਹੁਣ ਸਭ ਅੱਖੀਂ ਵੇਖ ਲਈਆਂ ਹਨ। ੪੮।

**ਦੌਲਤ ਖਾਂ ਨੇ ਹਮੈਂ ਸੁਨਾਈ॥** ਦੌਲਤ ਖ਼ਾਂ ਨੇ ਮੈਨੂੰ ਸਭ ਕੁਛ ਦੱਸਿਆ ਹੈ।

**ਪਠਾਣੌਂ ਗੁਰਸਿਖ ਦਏ ਮਰਾਈ॥** ਪਠਾਣਾਂ ਨੇ ਤੁਹਾਡੇ ਗੁਰ ਸਿੱਖ ਰਾਇ ਭੋਇ ਵਰਗੇ ਮਰਵਾ ਦਿੱਤੇ ਹਨ।

**ਸਤਿਗੁਰ ਕੋਪੀ ਕਰੀ ਪਠਾਨਨ॥** ਪਠਾਣਾਂ ਉਤੇ ਸਤਿਗੁਰੂ ਜੀ ਕ੍ਰੋਪ ਹੋ ਗਏ ਹਨ।

**ਹਿੰਦ ਪਤਿਸ਼ਾਹੀਓਂ ਦੂਰ ਕਰਾਨਨ॥੪੯॥** ਇਹਨਾਂ ਲੋਦੀਆਂ ਪਠਾਣਾਂ ਨੂੰ ਹਿੰਦੋਸਤਾਨ ਦੀ ਪਾਤਸ਼ਾਹੀ ਤੋਂ ਦੂਰ ਕਰ ਦਿੱਤਾ ਹੈ, ਪਾਤਸ਼ਾਹੀ ਖੋਹ ਲਈ ਹੈ, ਇਹਨਾਂ ਤੋਂ। ੪੯।

**ਮੁਗ਼ਲੌਂ ਕੋ ਗੁਰ ਚਹਯੋ ਬੁਲਾਨਨ॥** ਸਾਨੂੰ ਮੁਗਲਾਂ ਨੂੰ ਤੁਸੀਂ ਆਪ ਬੁਲਾਣਾ ਚਹੁੰਦੇ ਹੋ, ਹਿੰਦੋਸਤਾਨ ਵਿਚ, ਸਾਡੇ 'ਤੇ ਕ੍ਰਿਪਾ ਕੀਤੀ ਹੈ।

**ਆਪੇ ਸਭ ਤੁਮ ਜਾਂਨੀ ਜਾਨਨ॥** ਤੁਸੀਂ ਆਪ ਹੀ ਸਭ ਜਾਣੀ ਜਾਣ ਹੋ, ਅੰਤਰਜਾਮੀ ਹੋ, ਤੁਹਾਡੇ ਤੋਂ ਕੁਛ ਭੁੱਲਿਆ ਨਹੀਂ

ਹੈ, ਮੈਂ ਕੀ ਕਹਾਂ?

***ਮੈਂ ਆਯੋ ਹੌਂ ਤੁਸਾਂ ਬੁਲਾਏ॥*** ਹੇ ਗਰੀਬ ਨਿਵਾਜ਼ ! ਮੈਂ ਆਪਣੇ ਆਪ ਨਹੀਂ ਆਇਆ ਹਾਂ। ਤੁਸਾਂ ਸੱਦਿਆ ਹੈ, ਤਾਂ ਮੈਂ ਆਇਆ ਹਾਂ, ਹੁਣ ਤੁਹਾਡੇ ਚਰਨਾਂ ਵਿਚ ਮੈਂ ਹਾਜ਼ਰ ਹਾਂ।

***ਦੌਲਤ ਖਾਂ ਤੇ ਲੇਹੁ ਪੁਛਾਏ॥੫੦॥*** ਦੌਲਤ ਖ਼ਾਂ ਨੂੰ ਪੁੱਛ ਲਵੋ, ਇਸ ਨੇ ਮੈਨੂੰ ਸੁਨੇਹਾ ਦਿੱਤਾ ਹੈ ਕਿ ਉਨ੍ਹਾਂ ਨੇ ਤੁਹਾਨੂੰ ਬੁਲਾਇਆ ਹੈ। ਚੱਲ ਉਨ੍ਹਾਂ ਨਾਲ ਗੱਲਬਾਤ ਕਰ ਲੈ, ਜੇ ਬਾਦਸ਼ਾਹੀ ਚਾਹੁੰਦਾ ਹੈਂ, ਹਿੰਦੋਸਤਾਨ ਦੀ। ੫੦।

***ਨਾਮ ਤੁਮੈਂ ਕਹਿ ਮੋਹ ਚੜ੍ਹਾਯੋ॥*** ਤੁਹਾਡਾ ਨਾਮ ਲੈ ਕੇ ਮੈਨੂੰ ਚੜ੍ਹਾ ਕੇ ਲਿਆਇਆ ਹੈਂ ਓਥੋਂ ਕਾਬਲ ਤੋਂ, ਨਹੀਂ ਤਾਂ ਮੈਂ ਨਹੀਂ ਸੀ ਆਉਂਦਾ।

***ਤੁਮੈਂ ਲਾਜ ਜੋ ਤੁਮੈਂ ਬੁਲਾਯੋ॥*** ਹੁਣ ਤਾਂ ਤੁਹਾਨੂੰ ਹੀ ਲਾਜ ਹੈ ਇਸ ਗੱਲ ਦੀ ਜੋ ਤੁਸਾਂ ਸੱਦਿਆ ਹੈ, ਆਪ ਤੁਸਾਂ ਬੁਲਾਇਆ ਹੈ। ਤੁਸੀਂ ਮੈਨੂੰ ਬਾਦਸ਼ਾਹੀ ਦੇ ਦਿਉ, ਹਿੰਦੋਸਤਾਨ ਦੀ।

***ਹਿੰਦ ਤਖਤ ਪਰ ਮੋਹਿ ਬਹਾਇ॥*** ਮਹਾਰਾਜ ! ਕਿਰਪਾ ਕਰੋ ਮੇਰੇ 'ਤੇ ਮੈਨੂੰ ਹਿੰਦੋਸਤਾਨ ਦੇ ਤਖ਼ਤ 'ਤੇ ਬਿਠਾ ਦਿਓ।

***ਬਾਈ ਸੂਬੇ ਨਾਲ ਦਿਵਾਇ॥੫੧॥*** ਮਹਾਰਾਜ ! ਇਕੱਲੇ ਹਿੰਦੋਸਤਾਨ ਦੀ ਗੱਲ ਨਹੀਂ, ਹਿੰਦੋਸਤਾਨ ਦੇ ਨਾਲ ਬਾਈ ਸੂਬਿਆਂ ਦਾ ਰਾਜ ਹੈ, ਉਹਨਾਂ ਸੂਬਿਆਂ ਦਾ ਰਾਜ ਵੀ ਮੈਨੂੰ ਬਖ਼ਸ਼ਸ਼ ਕਰੋ। ੫੧।

***ਦੋਹਰਾ॥ ਮੈਂ ਆਯੋ ਯਹ ਮੁਰਾਦ ਕਰ ਕਰੋਂ ਤੁਮੈ ਨਿਜ ਪੀਰ॥*** ਮੈਂ ਤੁਹਾਨੂੰ ਆਪਣਾ ਪੀਰ ਬਣਾਉਣ ਦੀ ਮਨਸ਼ਾ ਲੈ ਕੇ ਹਾਜ਼ਰ ਹੋਇਆ ਹਾਂ ਆਪ ਜੀ ਦੇ ਚਰਨਾਂ ਵਿਚ।

***ਹਮੈਂ ਦਿਵਾਵੋ ਤਖਤ ਹਿੰਦ, ਬਾਈ ਸੂਬੇ ਤਾਬੇਗੀਰ॥੫੨॥*** ਮਹਾਰਾਜ ! ਮੈਨੂੰ ਹਿੰਦੋਸਤਾਨ ਤਖ਼ਤ ਦਿਉ ਅਤੇ ਨਾਲ ਹੀ ਹਿੰਦੋਸਤਾਨ ਦੇ ਬਾਈ ਸੂਬੇ ਵੀ ਮੇਰੀ ਤਾਬਿਆ ਕਰੋ। ਬਾਈ ਸੂਬਿਆਂ ਦੀ ਰਾਜਧਾਨੀ ਸਾਰੀ ਮੇਰੇ ਅਧੀਨ ਹੋਵੇ। ੫੨।

***ਚੌਪਈ॥ ਤੌ ਬਾਬੇ ਬਾਬਰ ਸੌਂ ਕਹਯੋ॥*** ਤਾਂ ਬਾਬਾ ਜੀ ਨੇ, ਗੁਰੂ ਨਾਨਕ ਸਾਹਿਬ ਜੀ ਨੇ ਬਾਬਰ ਨੂੰ ਕਿਹਾ।

***ਤੁਮ ਪਤਿਸ਼ਾਹੀ ਪਿਕੰਬਰੋਂ ਚਹੋ॥*** ਹੇ ਬਾਦਸ਼ਾਹ ! ਤੂੰ ਤਾਂ ਕਹਿੰਦਾ ਕਿ ਪਾਤਸ਼ਾਹੀ ਮੇਰੇ ਪੈਗੰਬਰ ਦੇਣ ਵਾਲੇ ਹਨ, ਹਿੰਦੂ ਕੌਣ ਹੁੰਦੇ ਨੇ ਦੇਣ ਵਾਲੇ, ਤੇਰੀ ਤਾਂ ਉਨ੍ਹਾਂ 'ਤੇ ਮਨਸ਼ਾ ਹੈ ਕਿ ਮੇਰੇ ਤਾਂ ਪੈਕੰਬਰ ਮੈਨੂੰ ਦੇ ਸਕਦੇ ਹਨ।

***ਬਾਬਰ ਕਹਯੋ ਪਿਕੰਬਰ ਦੂਰ॥*** ਬਾਬਰ ਕਹਿਣ ਲੱਗਾ ਮਹਾਰਾਜ ! ਪੈਗੰਬਰ ਤਾਂ ਬੜੀ ਦੂਰ ਬੈਠੇ ਹਨ।

***ਮੈਂ ਨਾ ਸੱਕੋਂ ਪਹੁੰਚ ਹਜ਼ੂਰ॥੫੩॥*** ਮੈਂ ਓਥੇ ਉਹਨਾਂ ਦੇ ਹਜ਼ੂਰ ਨਹੀਂ ਜਾਂ ਸਕਦਾ, ਉਹ ਬਹੁਤ ਦੂਰ ਬੈਠੇ ਨੇ ਉੱਚੇ। ੫੩।

***ਪਿਕੰਬਰ ਰਹੈ ਵਾਲੀ ਦਰਗਾਹ॥*** ਜਿਥੇ ਦਰਗਾਹ ਦਾ (ਵਾਲੀ) ਮਾਲਕ ਖ਼ੁਦਾ ਰਹਿੰਦਾ ਹੈ, ਸਾਡਾ ਪੈਕੰਬਰ ਤਾਂ ਓਥੇ ਰਹਿੰਦਾ ਜੀ।

***ਸੱਤਿ ਅਸਮਾਨ ਕੇ ਊਪਰ ਵਾਹ॥*** ਉਹ ਸੱਤ ਅਸਮਾਨਾਂ ਦੇ ਉਪਰ ਹੈ, ਜਿਥੇ ਦਰਗਾਹ ਹੈ ਨਿਰੰਕਾਰ ਦੀ, ਓਥੇ ਸਾਡਾ ਰਸੂਲ ਰਹਿੰਦਾ ਜੀ।

***ਹਮੈ ਊਹਾਂ ਕਿਮ ਪਹੁੰਚਯੋ ਜਾਇ॥*** ਮੇਰੇ ਕੋਲੋ ਓਥੇ ਕਿਵੇਂ ਪਹੁੰਚਿਆ ਜਾ ਸਕਦਾ ਹੈ ਐਡੀ ਦੂਰ, ਮੈਂ ਨਹੀਂ ਮਹਾਰਾਜ ਪਹੁੰਚ ਸਕਦਾ।

***ਕੰਨੀਂ ਸੁਨੇ ਨ ਨਦਰਹਿ ਪਾਇ॥੫੪॥*** ਨਾ ਤਾਂ ਮੈਂ ਕੰਨੀਂ ਸੁਣੇ ਨੇ ਉਹ ਕਿੰਨੀ ਕੁ ਦੂਰ ਨੇ, ਸਿਰਫ ਸੁਣਿਆਂ ਹੀ ਹੈ ਕਿ ਸੱਤਾਂ ਅਸਮਾਨਾਂ ਤੋਂ ਉਤੇ ਰਹਿੰਦੇ ਹਨ, ਅਤੇ ਨਾ ਹੀ ਮੈਂ ਅੱਖੀਂ ਵੇਖਿਆ ਕੁਝ। ੫੪।

***ਸਤਿਗੁਰ ਕਹਯੋ ਤੁਮ ਸ਼ਾਹ ਸਦਾਵੋ॥*** ਸਤਿਗੁਰੂ ਕਹਿੰਦੇ ਤੂੰ ਬਾਦਸ਼ਾਹ ਕਹਾਉਂਦਾ ਹੈਂ ਆਪ ਦੁਨੀਆਂ 'ਤੇ।

***ਅਧੀ ਖੁਦਾਈ ਆਪ ਕਹਾਵੋ॥*** ਬਾਦਸ਼ਾਹ ਜਿਹੜੇ ਹਨ ਇਹ ਅੱਧੇ ਖੁਦਾ ਹੁੰਦੇ ਨੇ, ਇਹਨਾਂ ਵਿਚ ਕਰਾਮਾਤ ਹੁੰਦੀ ਹੈ,

ਸ਼ਕਤੀਆਂ ਹੁੰਦੀਆਂ ਹਨ, ਆਪਣੇ ਆਪ ਨੂੰ ਤੁਸੀਂ ਅੱਧੇ ਖੁਦਾ ਕਹਾਉਂਦੇ ਹੋ।

***ਕਰਾਮਾਤ ਪੀਰ ਪੰਜ ਰਖਾਵੋ॥*** ਪੰਜਾਂ ਪੀਰਾਂ ਜਿੰਨੀ (ਕਰਾਮਾਤ) ਸ਼ਕਤੀ ਰਖਦੇ ਹੋ। ਬਾਦਸ਼ਾਹ ਵਿਚ ਪੰਜਾਂ ਪੀਰਾਂ ਜਿੰਨੀ ਸ਼ਕਤੀ ਹੁੰਦੀ ਹੈ।

***ਪਾਸ ਪਿਕੰਬਰ ਕਿਮ ਨਹਿਂ ਜਾਵੋ?॥੫੫॥*** ਐਨੀ ਤਾਕਤ ਸਮਰੱਥਾ ਰਖਦੇ ਹੋਇ ਤੁਸੀਂ ਕਿਉਂ ਨਹੀਂ ਆਪਣੇ ਪੈਕੰਬਰ ਦੇ ਪਾਸ ਜਾ ਸਕਦੇ?। ੫੫।

***ਪਿਕੰਬਰ ਢਿਗ ਮੈਂ ਦੇਹੁ ਪੁਚਾਈ॥*** ਸਤਿਗੁਰੂ ਜੀ ਕਹਿੰਦੇ ਜੇ ਤੂੰ ਨਹੀਂ ਜਾ ਸਕਦਾ, ਤੇਰੇ ਪੈਕੰਬਰ ਕੋਲ ਤਾਂ ਅਸੀਂ ਪਹੁੰਚਾ ਸਕਦੇ ਹਾਂ, ਅਸੀਂ ਤੈਨੂੰ ਓਥੇ ਪਹੁੰਚਦਾ ਕਰ ਦੇਵਾਂਗੇ।

***ਜਾ ਕਰਿ ਲੌ ਤਿਸ ਤੇ ਪਤਿਸ਼ਾਹੀ॥*** ਓਥੇ ਜਾ ਕੇ ਉਹਨਾਂ ਤੋਂ ਪਾਤਸ਼ਾਹੀ ਲੈ ਲਵੋ।

***ਪਿਕੰਬਰ ਸਾਥ ਤੂੰ ਜਾਈਂ ਦ੍ਰਗਾਹਿ॥*** ਤੂੰ ਆਪਣੇ ਪੈਕੰਬਰ ਨੂੰ ਆਪਣੇ ਨਾਲ ਲੈ ਕੇ ਸੱਚੀ ਦਰਗਾਹ ਵਿਚ ਚਲਿਆ ਜਾਈਂ ਖੁਦਾ ਕੋਲ।

***ਓਹੀ ਦ੍ਰਗਾਹੋਂ ਦੇਊ ਲਿਖਾਇ॥੫੬॥*** ਉਹੀ ਤੇਰਾ ਪੈਗੰਬਰ ਸੱਚੀ ਦਰਗਾਹ ਵਿੱਚੋਂ ਖੁਦਾ ਕੋਲੋਂ ਤੈਨੂੰ ਪਾਤਸ਼ਾਹੀ ਲਿਖਵਾ ਦੇਵੇਗਾ, ਤੇਰੇ ਪੈਗੰਬਰ ਕੋਲ ਅਸੀਂ ਭੇਜ ਦਿੰਦੇ ਹਾਂ। ੫੬।

***ਦੋਹਰਾ॥ ਸੁਨ ਬਾਬਰ ਕੁਰਨਿਸ਼ ਕਰੀ, ਮੋ ਪਿਕੰਬਰ ਦਿਦਾਰ ਕਰਾਇ॥*** ਬਾਬਾ ਜੀ ਤੋਂ ਇਹ ਬਚਨ ਸੁਣ ਕੇ ਬਾਬਰ ਨੇ (ਕੁਰਨਿਸ਼) ਨਮਸ਼ਕਾਰ ਕੀਤੀ, ਬਾਬਾ ਜੀ ਧੰਨ ਹੋ ਮਹਾਰਾਜ ! ਤੁਸੀਂ ਮੈਨੂੰ ਮੇਰੇ ਪੈਗੰਬਰ ਦਾ ਦਰਸ਼ਨ ਕਰਵਾ ਦੇਵੋ।

***ਪਿਕੰਬਰ ਤੁਰਤ ਖੁਦਾਇ ਤੇ ਦੈ ਗੋ ਹਿੰਦ ਲਖਾਇ॥੫੭॥*** ਹੇ ਗਰੀਬ ਨਿਵਾਜ਼ ! ਜੇ ਤੁਸੀਂ ਮੈਨੂੰ ਓਥੇ ਭੇਜ ਦਿਉਂ ਖੁਦਾ ਕੋਲ, ਉਹ ਤਾਂ ਤੁਰਤ ਫੁਰਤ ਹੀ ਮੈਨੂੰ ਖੁਦਾ ਕੋਲੋਂ ਪਾਤਸ਼ਾਹੀ ਲਿਖਵਾ ਦੇਵੇਗਾ। ਬਖ਼ਸ਼ਸ਼ ਕਰੋ, ਮੈਨੂੰ ਦਿਦਾਰ ਕਰਾਓ, ਪੈਗੰਬਰ ਦੇ। ੫੭।

***ਚੌਪਈ॥ ਤਬਿ ਸਤਿਗੁਰ ਯੌ ਬਚਨ ਉਚਾਰੇ॥*** ਤਦ ਸਤਿਗੁਰੂ ਜੀ ਨੇ ਬਾਬਰ ਨੂੰ ਅੱਗੋਂ ਬਚਨ ਕੀਤਾ।

***ਆਸਾ ਅਸਾਡਾ ਲਿਜਾਵੇ ਦਰਗਹ ਦੁਆਰੇ॥*** ਆਹ ਸਾਡਾ (ਆਸਾ) ਡੰਡਾ ਜੋ ਹੈ, ਇਹ ਤੈਨੂੰ ਦਰਗਾਹ ਦੁਆਰੇ ਲੈ ਜਾਇਗਾ।

***ਸੋ ਆਸਾ ਉਸ ਦਯੋ ਫੜਾਇ॥*** ਉਹ ਡੰਡਾ ਉਸ ਨੂੰ ਫੜਾ ਦਿੱਤਾ ਹੈ।

***ਕਰ ਭੂਮ ਬਿਸਤਰੋ ਬਹੀ ਬਣਾਇ॥੫੮॥*** ਧਰਤੀ 'ਤੇ ਆਸਣ ਲਾ ਕੇ ਬੈਠ ਜਾਈਂ ਚੌਕੜਾ ਲਾ ਕੇ। ੫੮।

***ਧੂਪ ਦੀਪ ਕਰ ਮਸਤਕ ਧਰਯੋ॥*** ਧੂਪ ਕਰਕੇ (ਦੀਪ) ਜੋਤ ਜਗਾ ਕੇ ਮੱਥੇ ਨੂੰ ਲਾਈਂ ਇਸ ਡੰਡੇ ਨੂੰ।

***ਜਿਤ ਚਾਹੋ ਤਿਤ ਜਾਂਇ ਪਰਯੋ॥*** ਜਿਥੇ ਦੀ ਇੱਛਾ ਕਰੇਂਗਾ, ਓਥੇ ਹੀ ਚਲਿਆ ਜਾਇੰਗਾ, ਉਥੇ ਹੀ ਤੈਨੂੰ ਸਾਡਾ ਆਸਾ ਲੈ ਜਾਇਗਾ।

***ਸੱਤਿਨਾਮ ਕੋ ਜਾਪ ਜਪਈਓ॥*** ਸੱਚੇ ਨਾਮ ਵਾਹਿਗੁਰੂ ਦਾ ਜਾਪ ਕਰਿਓ, ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦਾ ਜਾਈਂ, ਤੈਨੂੰ ਸਾਡਾ ਆਸਾ ਲੈ ਜਾਇਗਾ ਦਰਗਾਹ ਦੇ ਵਿਚ।

***ਜਹਿਂ ਚਾਹੋ ਤਿਤਹੀ ਥਾਂ ਜਈਓ॥੫੯॥*** ਜਿਥੇ ਚਾਹੇਂਗਾ, ਤੂੰ ਉਸੇ ਹੀ ਥਾਂ 'ਤੇ ਚਲਿਆ ਜਾਇੰਗਾ, ਜਿਥੇ ਮਰਜ਼ੀ ਜਾਈਂ ਤੂੰ, ਇਹ ਤੈਨੂੰ ਉਥੇਂ ਹੀ ਪਹੁੰਚਦਾ ਕਰ ਦੇਵੇਗਾ। ੫੯।

***ਸਮੇਤ ਪਿਕੰਬਰ ਲੈ ਤੁਝ ਜਾਵੈ॥*** ਤੇਰੇ ਪੈਗੰਬਰ ਨੂੰ ਵੀ ਤੇਰੇ ਨਾਲ ਲੈ ਜਾਇਗਾ ਇਹ ਸਾਡਾ ਆਸਾ।

***ਜਾਵਤ ਦਰਗਹ ਨ ਕੋਊ ਅਟਕਾਵੈ॥*** ਦਰਗਾਹ ਜਾਂਦਿਆਂ ਨੂੰ ਤੈਨੂੰ ਕੋਈ ਵੀ ਅਟਕਾਏਗਾ ਨਹੀਂ, ਭਾਵ ਕੋਈ ਰੋਕੇਗਾ ਨਹੀਂ ਤੈਨੂੰ।

***ਜਹਾਂ ਪਿਕੰਬਰ ਇਕ ਬਾਰ ਗਯੋ॥*** ਜਿਥੇ ਤੇਰਾ ਪੈਕੰਬਰ ਇਕ ਵਾਰ ਗਿਆ ਹੈ।

***ਕੁੰਡੇ ਹਿਲਤੇ ਥੇ ਫਿਰ ਅਯੋ॥ ੬੦॥*** ਕਹਿੰਦੇ ਹਨ, ਜਦ ਹਜ਼ਰਤ ਮੁਹੰਮਦ ਸਾਹਿਬ ਸ਼ਬਿ-ਮਿਅਰਾਜ ਨੂੰ ਅਲ੍ਹਾ ਦੇ ਦਰਸ਼ਨਾਂ ਨੂੰ ਬਿਜਲੀ ਦੇ ਘੋੜੇ (ਬੁਰਾਕ) 'ਤੇ ਬੈਠ ਕੇ ਗਏ ਅਤੇ ਮਿਲ ਕੇ ਵਾਪਸ ਪਰਤੇ, ਤਾਂ ਉਨ੍ਹਾਂ ਦੇ ਦਰਵਾਜ਼ੇ ਦੀ ਕੁੰਡੀ ਹਾਲੀ ਹਿਲ ਰਹੀ ਸੀ, ਭਾਵ ਛਿਣ ਪਲ ਵਿਚ ਸਭ ਕੁਝ ਹੋ ਗਿਆ ਸੀ। ੬੦।

***ਅਬ ਘੜੀਆਂ ਭਾਵੈਂ ਰਹੁ ਚਾਰ॥*** ਹੁਣ ਭਾਵੇਂ ਚਾਰ ਘੜੀਆਂ ਰਹੀਂ, ਉਥੇ ਤੂੰ।

***ਬਚਨ ਪਿਕੰਬਰ ਕਰਯੋ ਕਈ ਬਾਰ॥*** ਜਿਸ ਦਾ ਕਈ ਵਾਰ ਪੈਗੰਬਰ ਨੇ ਬਚਨ ਕੀਤਾ ਹੈ।

***ਚਾਰ ਘੜੀ ਲਗ ਰਹੁ ਦਰਗਾਹ॥*** ਚਾਰ ਘੜੀਆਂ ਤੱਕ ਤੂੰ ਉੱਥੇ ਦਰਗਾਹ ਵਿਚ ਰਹੇਂਗਾ ਤੂੰ।

***ਜੋ ਜੀਅ ਆਵੈ ਮਾਂਗੋਂ ਤਾਂਹਿ॥੬੧॥*** ਜੋ ਤੇਰੇ ਦਿਲ ਵਿਚ ਆਵੇ, ਤੂੰ ਉਸ ਤੋਂ ਮੰਗ ਲਵੀਂ, ਉਸ ਵੇਲੇ। ੬੧।

***ਦੋਹਰਾ॥ ਕੁਰਨਿਸ਼ ਬਾਬਰ ਕਰ ਉਠਯੋ ਬਡੋ ਅਚੰਭੋ ਜਾਨ॥*** ਵੱਡੀ (ਅਚੰਭਾ) ਹੈਰਾਨਗੀ ਵਾਲੀ ਗੱਲ ਜਾਣ ਕੇ ਕਿ ਸਤਿਗੁਰਾਂ ਦਾ ਆਸਾ ਮੈਨੂੰ ਨਿਰੰਕਾਰ ਦੀ ਦਰਗਾਹ ਵਿੱਚ ਲੈ ਜਾਵੇਗਾ, ਬਾਬਰ ਗੁਰੂ ਜੀ ਨੂੰ ਨਮਸਕਾਰ ਕਰਕੇ ਉਠ ਖੜਾ ਹੋਇਆ ਹੈ।

***ਸਤਿਗੁਰ ਆਖੀ ਸੋ ਕਰੀ, ਲੈ ਆਸੋ ਕੀਓ ਪਿਆਨ॥੬੨॥*** ਆਸਾ ਲੈ ਕੇ ਆਪਣੇ ਲਸ਼ਕਰ ਵਿਚ ਚਲਾ ਗਿਆ, ਜਿਵੇਂ ਸਤਿਗੁਰੂ ਨੇ ਆਖਿਆ ਸੀ, ਉਸੇ ਤਰ੍ਹਾਂ ਕੀਤਾ ਬਾਬਰ ਨੇ। ੬੨।

***ਚੌਪਈ॥ ਜਾਇ ਬਾਬਰ ਨੇ ਸੋਈ ਕਰੀ॥*** ਜਾ ਕੇ ਬਾਬਰ ਉਸੇ ਤਰ੍ਹਾਂ ਕੀਤਾ, ਜਿਵੇਂ ਸਾਹਿਬ ਜੀ ਨੇ ਫ਼ੁਰਮਾਇਆ ਸੀ, ਡੰਡੇ ਨੂੰ ਧੂਪ ਕੀਤੀ ਤੇ ਜੋਤ ਆਦਿਕ ਜਗ੍ਹਾ ਕੇ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦੇ ਹੋਏ ਡੰਡੇ ਨੂੰ ਆਪਣੇ ਮੱਥੇ ਨਾਲ ਲਾਇਆ ਹੈ।

***ਲੈ ਆਸਾ ਉਡਿਓ ਉਸਹੀ ਘਰੀ॥*** ਉਸੇ ਹੀ ਘੜੀ ਗੁਰੂ ਕਾ ਆਸਾ ਬਾਬਰ ਨੂੰ ਲੈ ਉਡਿਆ ਹੈ, ਅਸਮਾਨ ਨੂੰ।

***ਲੈ ਪਹੁੰਚਯੋ ਸੱਤਵੇਂ ਆਕਾਸ਼॥*** ਆਸਾ ਬਾਬਰ ਨੂੰ ਲੈ ਕੇ ਸੱਤਵੇਂ ਅਕਾਸ ਵਿਚ ਪਹੁੰਚ ਗਿਆ ਹੈ।

***ਜਾ ਪਹੁੰਚਯੋ ਵਹਿ ਦਰਗਹ ਖਾਸ॥੬੩॥*** ਜਿਥੇ ਨਿਰੰਕਾਰ ਦੀ ਖਾਸ ਦਰਗਹ ਹੈ ਉੱਥੇ ਜਾ ਪਹੁੰਚਿਆ ਹੈ। ੬੩।

***ਦਰਗਹ ਰਹੇ ਕੁੰਡੇ ਅੜਾਏ॥*** ਅੱਗੇ ਦਰਗਾਹ ਦੇ ਦਰਵਾਜੇ ਨੂੰ ਕੁੰਡੇ ਅੜੇ ਹੋਏ ਸੀ।

***ਜੋ ਨਹਿੰ ਖੁਲ੍ਹੇ ਪਿਕੰਬਰ ਜਾਏ॥*** ਜੇ ਉੱਥੇ ਪੈਗੰਬਰ ਵੀ ਚਲਿਆ ਜਾਏ, ਉਹ ਤਾਂ ਵੀ ਨਹੀਂ ਖੁਲ੍ਹਦੇ ਸਨ, ਏਸ ਤਰ੍ਹਾਂ ਦਾ ਲੱਗਿਆ ਹੋਇਆ ਸੀ ਫਾਟਕ।

***ਸੱਤਿਨਾਮ ਜਬ ਬਾਬਰ ਪੁਕਾਰੇ॥*** ਜਦੋਂ ਬਾਬਰ ਨੇ ਸੱਚੇ ਨਾਮ ਵਾਹਿਗੁਰੂ ਵਾਹਿਗੁਰੂ ਦਾ ਸ਼ਬਦ ਕਿਹਾ।

***ਤੁਰਤ ਫੁਰਤ ਹੀ ਖੁਲ੍ਹੇ ਕਿਵਾਰੇ॥੬੪॥*** ਉਸੇ ਵੇਲੇ ਕਿਵਾੜ ਖੁਲ੍ਹ ਗਏ, ਦਰਗਾਹ ਦੇ ਬੂਹੇ ਖੁਲ੍ਹ ਗਏ। ੬੪।

***ਤਹਾਂ ਨਾਨਕ ਕੋ ਝੰਡਾ ਝੂਲੈ॥*** ਕੀ ਦੇਖਦਾ ਹੈ, ਅੱਗੇ ਗੁਰੂ ਨਾਨਕ ਸਾਹਿਬ ਜੀ ਦਾ ਝੰਡਾ ਝੂਲ ਰਿਹਾ ਹੈ, ਨਿਸ਼ਾਨ ਸਾਹਿਬ ਝੂਲ ਰਿਹਾ ਹੈ ਉਥੇ।

***ਪੜੈਂ ਬਾਣੀਆਂ ਪੋਥੀਅਨ ਖੂਲੈ॥*** ਗੁਰ ਸਿੱਖ ਬੈਠੇ ਹਨ, ਗੁਰਬਾਣੀ ਦੀਆਂ ਪੋਥੀਆਂ ਪ੍ਰਕਾਸ਼ ਕਰਕੇ ਬਾਣੀ ਪੜ੍ਹ ਰਹੇ ਨੇ, ਨਾਮ ਜਪ ਰਹੇ ਹਨ।

***ਰਬਾਬ ਬਜਾਵੈਂ ਗਾਵੈਂ ਰਾਗ॥*** ਗੁਰ ਸਿੱਖ ਰਬਾਬ ਵਜਾ ਕੇ ਰਾਗ ਵਿੱਚ ਗੁਰਬਾਣੀ ਦਾ ਗਾਇਨ ਕਰਦੇ ਹਨ।

***ਭਗਤ ਭਜਨ ਕੋ ਰੰਗ ਰਹਯੋ ਲਾਗ॥੬੫॥*** ਭਗਤਾਂ ਨੂੰ ਭਜਨ ਦਾ ਰੰਗ ਲੱਗਿਆ ਹੋਇਆ, ਨਾਮ ਦੀ ਮਸਤੀ ਚੜ੍ਹੀ ਹੋਈ ਹੈ। ੬੫।

***ਦੋਹਰਾ॥ ਤਿਹ ਜਾ ਬਾਬਰ ਦੇਖਿਓ ਝੰਡਾ ਨਾਨਕ ਸ਼ਾਹਿ॥*** ਉਥੇ ਜਾ ਕੇ ਬਾਬਰ ਨੇ ਗੁਰੂ ਨਾਨਕ ਸਾਹਿਬ ਜੀ ਦਾ ਝੰਡਾ ਝੂਲਦਾ ਵੇਖਿਆ।

**ਸਨਮੁਖ ਝੂਲੈ ਦ੍ਰਗਾਹ ਕੇ ਵਿਚ ਸੱਚੋ ਸਾਹਿਬ ਯਾਹਿ॥੬੬॥** ਸੱਚੀ ਦਰਗਾਹ ਦੇ ਸਨਮੁਖ ਸ੍ਰੀ ਨਿਸ਼ਾਨ ਸਾਹਿਬ ਜੀ ਝੂਲ ਰਹੇ ਹਨ, ਅੱਗੇ ਅੰਦਰ (ਦਰਗਾਹ) ਸੱਚਖੰਡ ਵਿੱਚ ਸੱਚਾ ਸਾਹਿਬ ਸ੍ਰੀ ਅਕਾਲ ਪੁਰਖ ਜੀ ਬਿਰਾਜਮਾਨ ਹਨ। ੬੬।

**ਸੇਤ ਸੁ ਗੰਗਾ ਨੀਰ ਸਮ ਔ ਬਾਦਰ ਸਮ ਤਹਿੰ ਕਾਲ॥** ਗੰਗਾ ਦੇ ਪਾਣੀ ਵਰਗਾ (ਸੇਤ) ਚਿੱਟਾ ਗੰਗਾ ਦਾ ਵਗਦਾ ਪਾਣੀ ਨੀਲੇ ਰੰਗ ਦਾ ਭਾਵ ਏਸ ਰੰਗ ਦਾ ਨਿਸ਼ਾਨ ਸਾਹਿਬ ਝੂਲਦਾ ਹੈ ਉਥੇ, ਬੱਦਲ ਦੇ ਵਾਂਗ (ਕਾਲ) ਸੁਰਮਈ ਰੰਗ ਦੀ ਭਾ ਮਾਰਦੀ ਹੈ।

**ਕੇਸਰੀ ਪਟ ਕੌ ਸੰਗ ਹਿਲੈ ਬਿਜਲੀ ਜੈਸੇ ਖਯਾਲ॥੬੭॥** ਉਸ ਦੇ (ਪੱਟ) ਕੱਪੜੇ 'ਤੇ ਕੇਸਰੀ ਰੰਗ ਖੰਡਾ ਕ੍ਰਿਪਾਨ ਤੇ ਚੱਕ੍ਰ ਦਾ ਨਿਸ਼ਾਨ ਜਦੋਂ (ਹਿਲੈ) ਝੂਲਦਾ ਹੈ, ਤਾਂ ਉਹ ਬਿਜਲੀ ਦੀ ਨਿਆਈਂ ਚਮਕਾਂ ਮਾਰਦਾ ਹੈ। ੬੭।

**ਚੌਪਈ॥ ਸਤਿਗੁਰ ਕੀ ਧ੍ਰਮਸਾਲ ਦਿਖਾਈ॥** ਉਥੇ ਦੇ ਸੇਵਾਦਾਰਾਂ ਨੇ ਬਾਬਰ ਨੂੰ ਸਾਰੀ ਦਰਗਾਹ ਦਾ ਦਰਸ਼ਨ ਕਰਵਾਇਆ ਹੈ, ਉਹਨਾਂ ਨੇ ਬਾਬਰ ਨੂੰ ਸਤਿਗੁਰੂ ਜੀ ਦੀ ਧਰਮਸ਼ਾਲਾ ਦੇ ਦਰਸ਼ਨ ਕਰਵਾਏ ਹਨ।

**ਸੰਤ ਸਾਧ ਬਹੇ ਡੇਰਾ ਲਾਈ॥** ਉਥੇ ਸਾਧੂ ਸੰਤ ਆਪਣਾ ਡੇਰਾ ਲਾ ਕੇ ਬੈਠੇ ਹੋਏ ਹਨ, ਨਾਮ ਜਪ ਰਹੇ ਹਨ।

**ਕਈ ਸ਼ਾਹਿ ਕਈ ਬੇਪਰਵਾਹਿ॥** ਉਥੇ ਕਈ ਤਾਂ ਸ਼ਾਹ ਲੋਕ ਬੈਠੇ ਹਨ ਅਤੇ ਕਈ ਉਥੇ ਰੱਬ ਦੇ ਰੰਗ ਵਿਚ ਬੇਪਰਵਾਹ ਬੈਠੇ ਹਨ, ਪਹੁੰਚੀਆਂ ਹੋਈਆਂ ਹਸਤੀਆਂ ਸੰਤ, ਮਹਾਤਮਾਂ, ਉਹ ਨਾਮ ਜਪ ਰਹੇ ਹਨ।

**ਰਿੱਧਿ ਸਿੱਧਿ ਸਭ ਹਾਜ਼ਰ ਵਾਹਿ॥੬੮॥** ਉਥੇ ਦਰਗਾਹ ਰਿੱਧੀ ਸਿੱਧੀਆਂ, ਨਉ ਨਿੱਧੀਆਂ ਸਭ ਉਥੇ ਹਾਜ਼ਰ ਹਨ, ਸਭ ਪਦਾਰਥ ਹਾਜ਼ਰ ਹਨ ਉਥੇ। ੬੮।

**ਦੋਹਰਾ॥ ਕਲਪ ਮੰਦਾਰ ਔ ਹਰ ਚੰਦਨ ਪਾਰਜਾਤ ਸੰਤਾਨ॥** ਕਲਪ ਬ੍ਰਿਛ, ਮੰਦਾਰ, ਹਰਿ ਚੰਦਨ, ਪਾਰਜਾਤ, ਅਤੇ ਸੰਤਾਨ, ਇਹ ਪੰਜੇ ਦਰਖਤ ਸਵਰਗ ਦੇ ਉਥੇ ਸਸ਼ੋਭਤ ਹਨ, ਹਰੀ ਦੀ ਦਰਗਾਹ ਵਿਚ।

**ਔਰ ਬ੍ਰਿਛ ਫੂਲੇ ਫਲੇ ਕਾਮਧੇਨ ਘਰ ਘਰਾਨ॥੬੯॥** ਹੋਰ ਅਨੇਕ ਪ੍ਰਕਾਰ ਬ੍ਰਿਛ ਫੁਲਾਂ ਵਾਲੇ, ਫਲਾਂ ਵਾਲੇ ਅਤੇ ਘਰ ਘਰ ਦੇ ਵਿੱਚ ਕਾਮਧੇਨ ਗਊਆਂ, ਜਿਨ੍ਹਾਂ ਤੋਂ ਮਨ ਚਿਤਵਤ ਫਲ ਪ੍ਰਾਪਤ ਹੁੰਦੇ ਹਨ। ੬੯।

**ਚੌਪਈ॥ ਚਿੰਤਾਮਣਿ ਸੌਂ ਕੰਧ ਚਿਣਾਈ॥** ਦਰਗਾਹ ਦੀ ਇਮਾਰਤ ਦੀਆਂ ਚਿੰਤਾਂਮਣੀਆਂ ਦੀਆਂ ਕੰਧਾਂ ਉਸਰੀਆਂ ਨੇ। (ਚਿੰਤਾਮਣਿ=ਇਕ ਮਣੀ) (ਰਤਨ) ਜੋ ਮਨ-ਬਾਂਛਤ ਪਦਾਰਥ ਦੇਂਦੀ ਹੈ।

**ਸੂਰਨ ਸੁਗੰਧੀ ਸੰਗ ਲਿਪਾਈ॥** ਸੁਗੰਧੀ ਵਾਲੇ ਸੋਨੇ ਨਾਲ ਉਨ੍ਹਾਂ ਕੰਧਾਂ ਦੀ ਲਿਪਾਈ ਹੋਈ ਹੋਈ ਹੈ।

**ਬਡੂਰਜ ਕੇ ਊਹਾਂ ਥੰਭ ਥੰਭਾਏ॥** (ਬਡੂਰਜ) ਇੱਕ ਪੱਥਰ ਹੈ ਕੀਮਤੀ, ਜਿਸ ਦੇ ਨਗ ਬਣਦੇ ਹਨ, ਇਹ ਨੌ ਰਤਨਾਂ ਵਿਚ ਆਉਂਦਾ ਹੈ। ਜਿਹੜੇ ਥੰਮ ਹਨ, ਦਰਗਾਹ ਵਿਚ ਬਡੂਰਜ ਪੱਥਰ ਦੇ ਬਣੇ ਹੋਏ ਹਨ।

**ਚੰਦਨ ਲਕਰੀ ਸਾਥ ਛਤਾਏ॥੭੦॥** ਦਰਗਾਹ ਦੀ ਛੱਤ ਬਾਵਨ ਚੰਦਨ ਦੀ ਲੱਕੜੀ ਨਾਲ ਛੱਤੀ ਹੋਈ ਹੈ, ਉਹ ਸੁਗੰਧੀ ਦੇ ਰਹੇ ਹਨ, ਮਹਿਕਾਂ ਆ ਰਹੀਆਂ ਹਨ, ਉਸ ਸਚੇ ਦਰਬਾਰ ਵਿੱਚੋਂ। ੭੦।

**ਮੂੰਗੇ ਕੇ ਊਹਾਂ ਲਗੇ ਕਪਾਟ॥** ਮੂੰਗਾ ਵੀ ਇੱਕ ਰਤਨ ਹੈ, ਉਥੇ ਮੂੰਗੇ ਦੇ ਦਰਵਾਜ਼ੇ ਲੱਗੇ ਹੋਏ ਹਨ, ਸੁੰਦਰ।

**ਚਿਤ੍ਰਕਾਰੀ ਪਾਰਸ ਦੀ ਠਾਟ॥** ਵਿਚ ਪਾਰਸ ਦੀਆਂ ਵੱਟੀਆਂ ਦੀ ਚਿੱਤ੍ਰਕਾਰੀ ਕੀਤੀ ਹੋਈ ਹੈ।

**ਬਾਬਰ ਕੋ ਤਹਾਂ ਸੈਲ ਕਰਾਯੋ॥** ਸਾਰੀ ਸੱਚੀ ਦਰਗਾਹ ਦੀ ਸੈਰ ਕਰਾਈ ਹੈ ਬਾਬਰ ਨੂੰ, ਉਥੋਂ ਦੇ ਰਹਿਣ ਵਾਲੇ ਸੇਵਾਦਾਰਾਂ ਨੇ।

**ਫਿਰ ਬਾਬਰ ਕੋ ਮੋੜ ਲੈ ਆਯੋ॥੭੧॥** ਸਾਰੇ ਦਰਸ਼ਨ ਦਿਦਾਰ ਕਰਾ ਕੇ ਫੇਰ ਬਾਬਰ ਨੂੰ ਮੋੜ ਕੇ ਲੈ ਆਏ ਹਨ। ੭੧।

**ਪਿਕੰਬਰ ਕੀ ਵਹਿ ਵੱਲ ਫਿਰਾਯੋ॥** ਤਾਂ ਚੱਲ ਤੇਰੇ ਪੈਕੰਬਰਾਂ ਵੱਲ ਵੀ ਲੈ ਚਲੀਏ, ਜਿਥੇ ਤੇਰੇ ਪੈਕੰਬਰ ਰਹਿੰਦੇ ਹਨ, ਪੈਕੰਬਰਾਂ ਦੇ ਦਰਸ਼ਨ ਨੂੰ ਗਿਆ ਸੀ ਨਾ। ਪਹਿਲਾ ਗੁਰੂ ਨਾਨਕ ਸਾਹਿਬ ਜੀ ਦੀ ਦਰਗਾਹ ਵਿਖਾਈ ਹੈ ਕਿ ਜਿਨ੍ਹਾਂ ਨੇ ਤੈਨੂੰ ਭੇਜਿਆ ਹੈ, ਉਹਨਾਂ ਦੀ ਦਰਗਾਹ ਵੇਖ ਲੈ ਪਹਿਲਾਂ। ਹੁਣ ਮੋੜ ਕੇ ਪੈਗੰਬਰ ਦੀ ਦਰਗਾਹ ਵਿਖਾਈ ਹੈ, ਜਿਥੇ

ਰਸੂਲ ਹਜ਼ਰਤ ਮੁਹੰਮਦ ਸਾਹਿਬ ਬੈਠੇ ਹਨ।

***ਦੇਤ ਬਾਂਗ ਤਿਹ ਮੁਲਾਂ ਦਿਖਾਯੋ॥*** ਜਦੋਂ ਬਾਬਰ ਉਥੇ ਆਪ ਦੇ ਪੈਗੰਬਰ ਦੀ ਦਰਗਾਹ ਵਿਚ ਗਿਆ, ਉਦੋਂ ਨਮਾਜ਼ ਦਾ ਟਾਇਮ ਸੀ, ਉਥੇ ਮੁੱਲਾਂ ਬਾਂਗ ਦਿੰਦਾ ਵਿਖਾਇਆ ਹੈ, ਬਾਬਰ ਨੂੰ।

***ਪਿਕੰਬਰ ਝੰਡਾ ਉਸੈ ਦਿਖਾਯੋ॥*** ਉਸ ਦੇ ਪੈਗੰਬਰ ਦਾ ਝੰਡਾ ਉਸ ਨੂੰ ਵਿਖਾਇਆ ਹੈ।

***ਰੰਗਯੋ ਨੀਲ ਸੋਂ ਬਹੁ ਦਿਨ ਹਾਯੋ॥੭੨॥*** ਉਹ ਨੀਲੇ ਰੰਗ ਦਾ ਰੰਗਿਆ ਹੋਇਆ ਬਹੁਤ ਦਿਨਾਂ ਦਾ ਕਿਤੇ ਪੁਰਾਣਾ ਹੋਇਆ ਹੋਇਆ ਸੀ। ੭੨।

***ਤਹਾਂ ਪਿਕੰਬਰ ਹੁਤੀ ਮਸੀਤ॥*** ਉੱਥੇ ਪੈਕੰਬਰ ਦੀ ਮਸੀਤ ਸੀ।

***ਉਨੈਂ ਸਵਾਰੀ ਅਪਨੀ ਰੀਤ॥*** ਉਨ੍ਹਾਂ ਨੇ ਆਪਣੀ ਰੀਤੀ ਅਨੁਸਾਰ ਬਣਾਈ ਹੋਈ ਸੀ।

***ਬਾਬਰ ਪਿਕੰਬਰ ਦੇਖਯੋ ਖੜੋ॥*** ਬਾਬਰ ਨੇ ਆਪਣੇ ਪੈਕੰਬਰ ਹਜ਼ਰਤ ਮੁਹੰਮਦ ਸਾਹਿਬ ਜੀ ਨੂੰ ਉੱਥੇ ਖੜ੍ਹੇ ਦੇਖਿਆ।

***ਕਬੀ ਉਠੈ ਕਬੀ ਲਾਂਬੋ ਪੜੋ॥੭੩॥*** ਉਹ ਨਮਾਜ਼ ਪੜ੍ਹ ਰਹੇ ਸੀ, ਉਸ ਵੇਲੇ, ਕਦੀ ਉਠ ਕੇ ਖੜ੍ਹੇ ਹੋ ਜਾਂਦੇ ਗੋਡਿਆਂ 'ਤੇ ਹੱਥ ਧੱਰ ਕੇ, ਕਦੀ ਲੰਮੇਂ ਪੈ ਕੇ ਨਮਸ਼ਕਾਰ ਕਰਦੇ। ੭੩।

***ਪੜ੍ਹੈ ਨਿਮਾਜ਼ ਤਹਿਂ ਆਪ ਰਸੂਲ॥*** ਪੈਗੰਬਰ ਆਪ ਨਿਮਾਜ਼ ਪੜ੍ਹ ਰਿਹਾ ਸੀ ਉੱਥੇ, ਜਿਥੇ ਦਰਗਾਹ ਵਿਚ ਮਸੀਤ ਬਣੀ ਹੋਈ ਸੀ।

***ਖਾਤਰ ਬੰਦਗੀ ਪੜ੍ਹਨ ਕਬੂਲ॥*** ਬੰਦਗੀ ਵਾਸਤੇ ਮੇਰੀ ਇਹ ਬੰਦਗੀ, ਮੇਰੀ ਇਹ ਨਮਸਕਾਰ ਕਬੂਲ ਹੋ ਜਾਏ, ਸੱਚੀ ਦਰਗਾਹ ਵਿਚ ਮੇਰੀ ਇਹ ਨਮਾਜ਼ ਪੜ੍ਹੀ ਪ੍ਰਵਾਣ ਹੋ ਜਾਏ।

***ਪੀਛੇ ਖੜੇ ਤਹਿ ਚਾਰੋਂ ਯਾਰ॥*** ਜਿਵੇਂ ਆਪਣੇ ਸਤਿਗੁਰਾਂ ਦੇ ਪੰਜ ਪਿਆਰੇ ਸ਼ਥਾਪਨ ਕੀਤੇ ਨੇ ਉਸ ਦੇ ਚਾਰ ਯਾਰ ਨੇ, ਰਸੂਲ ਦੇ ਚਾਰੇ ਯਾਰ ਉਸ ਦੇ ਪਿੱਛੇ ਖੜ੍ਹੇ ਨਮਾਜ਼ ਪੜ੍ਹ ਰਹੇ ਸੀ।

***ਤਿਨਕੇ ਪਾਛੇ ਪੀਰ ਹਜ਼ਾਰ॥੭੪॥*** ਉਹਨਾਂ ਦੇ ਪਿੱਛੇ ਇਹਨਾਂ ਦੇ ਮਜ਼ਬ ਦੇ ਹਜ਼ਾਰ ਪੀਰ ਖੜ੍ਹੇ ਸਨ। ੭੪।

***ਤਿਹ ਪਾਛੇ ਜਾ ਬਾਬਰ ਖੜਾਯਾ॥*** ਉੱਥੇ ਦੇ ਸੇਵਾਦਾਰਾਂ ਦੇ ਸਭ ਤੋਂ ਪਿੱਛੇ ਬਾਬਰ ਨੂੰ ਜਾ ਖੜ੍ਹਾ ਕੀਤਾ ਹੈ।

***ਆਸੇ ਮਾਜਰਾ ਪਿਕੰਬਰ ਸੁਣਾਯਾ॥*** (ਆਸੈ) ਡੰਡੇ ਦਾ ਸਾਰਾ ਹਾਲ ਬਾਬਰ ਨੇ ਆਪਣੇ ਪੈਗੰਬਰ ਨੂੰ ਸੁਣਾਇਆ ਹੈ।

***ਪਿਕੰਬਰ ਲੀਨੋ ਬਾਬਰ ਬੁਲਾਇ॥*** ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਜੀ ਨੇ ਬਾਬਰ ਨੂੰ ਆਪਣੇ ਪਾਸ ਬੁਲਾਇਆ ਹੈ।

***ਕਿਸ ਖਾਤਰ ਆਯੋ ਮੁਹਿ ਪਾਹਿ॥੭੫॥*** ਮੇਰੇ ਪਾਸ ਕਿਸ ਵਾਸਤੇ ਆਇਆ ਹੈਂ, ਕਿਉਂ ਆਇਆ ਤੂੰ ਦੱਸ ਪੈਗੰਬਰ ਨੇ ਕਿਹਾ?। ੭੫।

***ਬਾਬਰ ਕਹੀ ਮੈਂ ਚਹੋਂ ਪਤਿਸ਼ਾਹੀ॥*** ਬਾਬਰ ਨੇ ਆਪਣੇ ਮਨ ਦੀ ਗੱਲ ਦੱਸੀ, ਕਹਿੰਦਾ ਜੀ ਮੈਂ ਹਿੰਦੋਸਤਾਨ ਦੀ ਬਾਦਸ਼ਾਹੀ ਲੈਣ ਵਾਸਤੇ ਆਇਆ ਹਾਂ, ਤੁਹਾਡੇ ਪਾਸ।

***ਹਿੰਦ ਤਖਤ ਜੋ ਸੂਬੇ ਬਾਈ॥*** ਬਾਈ ਸੂਬਿਆਂ ਦੇ ਸਮੇਤ ਜੋ ਹਿੰਦੋਸਤਾਨ ਦਾ ਤਖਤ ਹੈ, ਉਹ ਮੈਨੂੰ ਬਖਸ਼ ਦਿਉ, ਮੇਰੀ ਇਹ ਮੰਗ ਹੈ।

***ਤੁਰਤ ਪਿਕੰਬਰ ਦੀਯੋ ਜੁਬਾਬੇ॥*** ਪੈਕੰਬਰ ਨੇ ਤੁਰਤ ਹੀ ਬਾਬਰ ਨੂੰ ਜੁਆਬ ਦੇ ਦਿੱਤਾ, ਨਾ ਬਈ ਨਾ ਇਹ ਗੱਲ ਨਹੀਂ ਹੋ ਸਕਦੀ।

***ਹਿੰਦ ਪਤਸ਼ਾਹੀ ਨਹੀਂ ਹਮ ਤਾਬੇ॥੭੬॥*** ਹਿੰਦੋਸਤਾਨ ਦੀ ਬਾਦਸ਼ਾਹੀ ਦੇਣੀ ਮੇਰੇ ਵੱਸ ਦੀ ਗੱਲ ਨਹੀਂ ਹੈ, ਹਿੰਦੋਸਤਾਨ ਦੀ ਬਾਦਸ਼ਾਹੀ ਮੇਰੀ ਤਾਬਿਆ ਨਹੀਂ ਹੈ। ੭੬।

***ਹਿੰਦ ਪਤਿਸ਼ਾਹੀ ਨਾਨਕ ਕੇਰੀ॥*** ਹਿੰਦੋਸਤਾਨ ਦੀ ਪਾਤਸ਼ਾਹੀ ਤਾਂ ਗੁਰੂ ਨਾਨਕ ਸਾਹਿਬ ਜੀ ਦੀ ਤਾਬਿਆ ਹੈ। ਇਹ ਉਨ੍ਹਾਂ

ਦੀ ਪਾਤਸ਼ਾਹੀ ਹੈ।

***ਕਰੀਂ ਨ ਆਸ ਫੇਰ ਤੂੰ ਮੇਰੀ॥੭੭॥*** ਹੇ ਬਾਬਰ! ਅੱਜ ਤੋਂ ਹਿੰਦੋਸਤਾਨ ਦੀ ਬਾਦਸ਼ਾਹੀ ਦੀ ਮੇਰੇ ਕੋਲੋਂ ਆਸ ਨਾ ਕਰੀਂ ਕਿ ਮੈਂ ਰਸੂਲ ਤੋਂ ਲੈ ਲਵਾਂਗਾ, ਮੇਰੇ ਵੱਸ ਦੀ ਕੋਈ ਗੱਲ ਨਹੀਂ ਹੈ, ਇਹ। ੭੭।

***ਸੋਰਠਾ॥ ਨਾਨਕ ਦੇਇ ਨ ਦੇਇ, ਹਮ ਅਧੀਨ ਕਛੁ ਨਾਂਹਿ ਅਬ॥*** ਪੈਗੰਬਰ ਕਹਿੰਦਾ ਗੁਰੂ ਨਾਨਕ ਸਾਹਿਬ ਜੀ ਪਾਤਸ਼ਾਹੀ ਦੇਣ ਜਾਂ ਨਾ ਦੇਣ ਤੈਨੂੰ, ਹੁਣ ਮੇਰੇ ਅਧੀਨ ਕੁਛ ਨਹੀਂ ਹੈ, ਉਹ ਦੇ ਸਕਦੇ ਹਨ।

***ਉਸ ਹੀ ਤੇ ਫਿਰ ਲੇਇ, ਜਿਸ ਬਿਧਿ ਰਿਝੈ ਰਿਝਾਇ ਕੈ॥੭੮॥*** ਜਿਸ ਤਰ੍ਹਾਂ ਵੀ ਉਹ ਖ਼ੁਸ਼ ਹੁੰਦੇ ਹੋਣ, ਉਵੇਂ ਹੀ ਖ਼ੁਸ਼ ਕਰਕੇ ਉਨ੍ਹਾਂ ਦੇ ਪਾਸੋਂ ਹੀ ਪਾਤਸ਼ਾਹੀ ਲੈ, ਜਿਵੇਂ ਉਹ ਮੰਨਦੇ ਨੇ, ਉਵੇਂ ਹੀ ਮਨਾ ਲੈ, ਮੇਰੇ ਵੱਸ ਕੋਈ ਨਹੀਂ ਮੇਰਾ ਜੁਆਬ ਹੈ, ਤੈਨੂੰ। ੭੮।

***ਚੌਪਈ॥ ਜਿਸ ਕੇ ਆਸੇ ਸੰਗ ਤੂੰ ਆਯੋ॥*** ਜਿੰਨ੍ਹਾਂ ਦੇ (ਆਸੇ) ਡੰਡੇ ਦੇ ਆਸਰੇ ਨਾਲ ਤੂੰ ਦਰਗਾਹ ਵਿੱਚ ਆਇਆ ਹੈਂ।

***ਲੈ ਪਤਿਸ਼ਾਹੀ ਉਸੇ ਰਿਝਾਯੋ॥*** ਉਹਨਾਂ ਨੂੰ ਪ੍ਰਸੰਨ ਕਰਕੇ ਉਨ੍ਹਾਂ ਤੋਂ ਪਾਤਸ਼ਾਹੀ ਲੈ ਲਵੋ, ਜਾ ਕੇ।

***ਹਿੰਦ ਤਖਤ ਹਮ ਤਾਬੇ ਨਾਹੀ॥*** ਹਿੰਦੋਸਤਾਨ ਦਾ ਤਖ਼ਤ ਮੇਰੇ ਅਧੀਨ ਨਹੀਂ ਹੈ।

***ਕੁਰਾਸਾਨ ਹੈ ਹਮਰੇ ਪਾਹੀ॥੭੯॥*** ਮੇਰੇ ਕੋਲ ਤਾਂ ਇਕ ਕੁਰਾਸਾਨ ਦੀ ਪਾਤਸ਼ਾਹੀ ਹੈ। ੭੯।

***ਸੋ ਹਮ ਨੇ ਤਿਮਰਲੰਗ ਦਯੋ॥*** ਉਹ ਤਾਂ ਤੇਰੇ ਤੋਂ ਪਹਿਲਾਂ ਮੈਂ ਤਿਮਰਲੰਗ ਨੂੰ ਦੇ ਚੁੱਕਾ ਹਾਂ।

***ਉਸੈ ਉਲਾਦ ਹੋਇ ਸੋ ਕਯੋ॥*** ਅੱਗੇ ਜੋ ਉਸ ਦੀ ਉਲਾਦ ਹੋਵੇਗੀ, ਉਹ ਪਾਤਸ਼ਾਹੀ ਕਰੇਗੀ ਕੁਰਾਸਾਨ ਦੀ।

***ਬਹੁ ਜਬਾਬ ਤਬ ਬਾਬਰ ਕਰੇ॥*** ਬਾਬਰ ਨੇ ਬੜੇ ਸਵਾਲ ਜਵਾਬ ਕੀਤੇ ਆਪ ਦੇ ਰਸੂਲ ਨਾਲ ਕਿ ਅਸੀਂ ਕਿਥੇ ਜਾਈਏ ਜੀ, ਅਸੀਂ ਹੁਣ ਲੋਕਾਂ ਦੇ ਕੋਲ ਜਾਈਏ ਮੰਗਣ! ਤੁਸੀਂ ਸਾਡੇ ਰਸੂਲ ਹੋਂ, ਅਸੀਂ ਖ਼ੁਦਾ ਤੁਹਾਨੂੰ ਮੰਨਦੇ ਹਾਂ, ਇਸ ਤਰ੍ਹਾਂ ਬੜੇ ਸਵਾਲ ਜਬਾਬ ਕੀਤੇ ਉਸ ਨੇ।

***ਰਸੂਲ ਓਤਨੇ ਮੋੜ ਸੁ ਧਰੇ॥੮੦॥*** ਰਸੂਲ ਨੇ ਓਨੇ ਹੀ ਅੱਗੋਂ ਮੋੜ ਦਿਤੇ, ਨਾ ਨਾ ਬਈ ਨਾ ਮੇਰਾ ਆਪਣਾ ਕੋਈ ਅਖਤਿਆਰ ਨਹੀਂ ਹੈ, ਇਹ ਨਹੀਂ ਮੈਂ ਦੇ ਸਕਦਾ। ੮੦।

***ਹੋਇ ਨਿਰਾਸਾ ਬਾਬਰ ਮੁੜਿਆ॥*** ਨਿਰਾਸ਼ ਹੋ ਕੇ ਬਾਬਰ ਫੇਰ ਵਾਪਸ ਆ ਗਿਆ ਹੈ।

***ਸੋ ਆਸਾ ਲੈ ਡੇਰੇ ਬੜਿਆ॥*** ਉਹ ਗੁਰੂ ਨਾਨਕ ਸਾਹਿਬ ਜੀ ਦਾ ਆਸਾ ਲੈ ਕੇ ਆਪਣੇ ਡੇਰੇ ਲਸ਼ਕਰ ਵਿਚ ਆ ਉਤੱਰਿਆ ਹੈ।

***ਬਾਬਰ ਆਸ ਦੂਰ ਤਬ ਭਈ॥*** ਬਾਬਰ ਆਸਾ ਦੂਰ ਹੋ ਗਈ ਹੈ ਜੋ ਉਸ ਦੇ ਮਨ ਵਿਚ ਸੀ ਕਿ ਮੈਂ ਪੈਗੰਬਰਾਂ ਤੋਂ ਲੈ ਲਵਾਂਗਾ, ਉਹ ਮੁਕ ਗਿਆ ਸਿਲਸਲਾ, ਜਬਾਬ ਹੋ ਗਿਆ ਹੈ ਦਰਗਾਹ ਵਿੱਚੋਂ।

***ਜਨ ਉਸ ਕਮਰ ਦੋ ਟੂਕ ਹੋ ਗਈ॥੮੧॥*** ਜਾਣੋ ਉਸ ਦਾ ਲੱਕ ਹੀ ਟੁੱਟ ਗਿਆ ਹੈ, ਆਸ ਮੁੱਕ ਗਈ ਹੈ ਉਸ ਦੀ। ੮੧।

***ਪਰੀ ਗਸ਼ੀ ਤਿਸ ਡੇਰੇ ਆਇ॥*** ਉਹ ਨਿਰਾਸ਼ ਹੋ ਕੇ ਮੁੜਿਆ ਸੀ ਲੱਕ ਟੁੱਟਿਆ ਪਿਆ ਸੀ, ਆਉਂਦੇ ਨੂੰ ਗਸ਼ੀ ਪੈ ਗਈ, ਬੇਹੋਸ਼ ਹੋ ਕੇ ਡਿੱਗ ਪਿਆ ਆਸਣ 'ਤੇ।

***ਲਗੋ ਕਰਨ ਮਨ ਬਹੁ ਪਛੁਤਾਇ॥*** ਆਪਣੇ ਮਨ ਵਿਚ ਬੜਾ ਪਛਤਾਵਾ ਕਰਨ ਲੱਗਿਆ ਹੈ।

***ਬਜੀਰ ਕਹੀ ਥੀ ਆਛੀ ਬਾਤ॥*** ਬਜ਼ੀਰ ਨੇ ਮੈਨੂੰ ਚੰਗੀ ਗੱਲ ਹੀ ਕਹੀ ਸੀ, ਕਿ ਹਿੰਦੋਸਤਾਨ ਨਾ ਜਾਈਂ।

***ਹਿੰਦੂ ਪੀਰ ਉਹਾਂ ਬਡੀ ਅਫ਼ਾਤ॥੮੨॥*** ਮੈਨੂੰ ਵਜ਼ੀਰ ਨੇ ਦੱਸਿਆ ਸੀ ਕਿ ਹਿੰਦੂਆਂ ਦਾ ਪੀਰ ਬੜੀ ਅਫਾਤ ਹੈ, ਉੱਥੇ ਵੇਖੀਂ ਕਿਤੇ ਉਸ ਦੇ ਟਾਕਰੇ 'ਤੇ ਚਲਿਆ ਨ ਜਾਈਂ, ਉਸ ਨੂੰ ਨਹੀਂ ਜਿੱਤਿਆ ਅੱਜ ਤਾਈਂ। ੮੨।

***ਦੋਹਰਾ॥ ਪਾਛੈ ਮੁੜੈਂ ਤੌ ਚੋਟ ਲਗੈ ਆਗੈ ਤੁਰੋਂ ਤੌ ਹਾਰ॥*** ਜੇ ਪਿਛਾਂਹ ਮੁੜਦਾ ਹਾਂ, ਤਾਂ ਸੁਆਣੀਆਂ ਮੇਹਣਾ ਮਾਰਨਗੀਆਂ

ਕਿਉਂ ਲਿਆਇਆਂ ਰਾਜ ਅੱਗੇ ਜਾਂਦਾ ਹਾਂ, ਤਾਂ ਬਣਦਾ ਕੁਛ ਨਹੀਂ ਹੈ, ਅੱਗੇ ਨੂੰ ਤੁਰਦਾ ਹਾਂ, ਤਾਂ ਹਾਰ ਦਾ ਸਾਹਮਣਾ ਕਰਨਾ ਪਏਗਾ।

***ਗਹ ਚਕਚੂੰਧਰ ਸਰਪ ਜਯੋਂ ਐਸੇ ਭਯੋ ਬਿਚਾਰ॥੮੩॥*** ਜਿਵੇਂ ਸੱਪ ਦੇ ਮੂੰਹ 'ਚ ਚਕਚੂੰਧਰ ਆ ਜਾਏ ਜੇ ਛੱਡਦਾ ਹੈ, ਤਾਂ ਕਹਿੰਦੇ ਕਿ ਮਾਰ ਲਿਆ ਹੈ ਸ਼ਿਕਾਰ? ਜੇ ਖਾਂਦਾ ਹੈ ਤਾਂ ਕੋਹੜੀ ਹੁੰਦਾ ਹੈ ਅੰਨ੍ਹਾਂ ਹੁੰਦਾ ਹੈ, ਇਉਂ ਹੋ ਗਿਆ ਹੈ ਮਨ ਵਿਚ, ਹੁਣ ਮੈਂ ਕੀ ਕਰਾਂ? ਇਉਂ ਬਾਬਰ ਤਾਂ ਜਮ੍ਹਾਂ ਹੀ ਨਿਰਾਸ਼ ਹੋ ਗਿਆ ਹੈ। ੮੩।

***ਚੌਪਈ॥ ਥਕ ਥਕ ਕੰਪੈ ਬਾਬਰ ਦੇਹ॥*** ਬਾਬਰ ਦਾ ਸਰੀਰ ਡਰ ਨਾਲ ਥਰ-ਥਰ ਕੰਬਣ ਲੱਗਿਆ ਹੈ।

***ਬਾਬਰ ਉਪਜਯੋ ਬਹੁ ਸੰਦੇਹ॥*** ਬਾਬਰ ਦੇ ਮਨ ਵਿਚ ਬੜਾ ਸੰਸਾ ਪੈਦਾ ਹੋ ਗਿਆ ਹੈ, ਬੜਾ ਹੈਰਾਨ ਪ੍ਰੇਸ਼ਾਨ ਹੋ ਗਿਆ ਹੈ।

***ਊਹਾਂ ਪਿੰਕਬਰ ਦੀਓ ਜੁਬਾਬ॥*** ਉਥੇ ਦਰਗਾਹ ਵਿੱਚੋਂ ਇਸ ਦੇ ਪੈਗੰਬਰ ਨੇ ਜੁਆਬ ਦੇ ਦਿੱਤਾ ਹੈ।

***ਮੁਝ ਕਰ ਦੀਨੋਂ ਹਿੰਦੂ ਤਾਬ॥੮੪॥*** ਮੈਨੂੰ ਹਿੰਦੂ ਪੀਰ ਦੀ ਤਾਬਿਆ ਕਰ ਦਿੱਤਾ ਹੈ, ਫਿਰ ਸਾਡੇ ਪੈਗੰਬਰ ਕਾਹਦੇ ਰਹਿ ਗਏ, ਜਦੋਂ ਸਾਨੂੰ ਕੁਛ ਦੇ ਲੈ ਹੀ ਨਹੀਂ ਸਕਦੇ। ੮੪।

***ਅਬ ਮੈਂ ਆਸ ਔਰ ਕਿਸ ਕਰੋਂ॥*** ਮੈਂ ਹੁਣ ਦੱਸੋਂ ਕਿਸ ਦੀ ਆਸਾ ਕਰਾਂ, ਕਿਸ ਦੇ ਅਗੇ ਝੋਲੀ ਅੱਡਾਂ ਜਾ ਕੇ, ਜਦੋਂ ਸਾਡੇ ਪੈਕੰਬਰ ਹੀ ਜੁਆਬ ਦੇ ਗਏ ਹਨ।

***ਅਬ ਕਿਸ ਆਗੇ ਸਜਦੋ ਕਰੋਂ॥*** ਹੁਣ ਮੈਂ ਕਿਸ ਦੇ ਅੱਗੇ ਮੱਥੇ ਟੇਕਾਂ, ਹੁਣ ਮੈਂ ਕਿਸ ਨੂੰ ਪੀਰ ਮੰਨਾਂ ਤੇ ਕਿਸ ਦੇ ਅੱਗੇ (ਸਜਦਾ) ਨਮਸ਼ਕਾਰ ਕਰਾਂ, ਮੱਥਾ ਟੇਕਾਂ।

***ਬੇੜਾ ਪੜਯੋ ਸਮੁੰਦਰ ਮਾਂਹਿ॥*** ਮੇਰਾ ਬੇੜਾ ਤਾਂ ਸਮੁੰਦਰ ਦੇ ਵਿਚ ਫਸ ਗਿਆ ਹੈ।

***ਦੀਓ ਪਿਕੰਬਰ ਅਗੇ ਧਕਾਇ॥੮੫॥*** ਮੇਰੇ ਪੈਕੰਬਰ ਨੇ ਅਗਾਂਹ ਧੱਕ ਦਿੱਤਾ ਮੈਨੂੰ ਕਿ ਜਾਹ ਉੱਥੋਂ ਮਿਲਦਾ, ਤਾਂ ਲੈ ਲਉ, ਮੇਰੇ ਕੋਲ ਕੁਛ ਨਹੀਂ ਹੈ। ੮੫।

***ਬਿਨ ਖੇਵਟ ਬੇੜਾ ਕਿਮ ਪਾਰ॥*** ਬਿਨਾਂ ਮਲਾਹ ਤੋਂ ਬੇੜਾ ਕਿਵੇਂ ਪਾਰ ਹੋਵੇ, ਮਲਾਹ ਤੋਂ ਬਗੈਰ ਬੇੜਾ ਪਾਰ ਨਹੀਂ ਲੱਗ ਸਕਦਾ।

***ਪਰੇ ਜਾਇ ਕਹੂੰ ਔਖੀ ਧਾਰ॥*** ਜੇ ਮੈਂ ਆਪਣੇ ਆਪ ਤੁਰ ਪਿਆ, ਤਾਂ ਕਿਸੇ ਔਖੀ ਧਾਰ ਵਿੱਚ ਫਸ ਜਾਇਗਾ ਜਾਂ ਕਿਤੇ ਡੁੱਬ ਹੀ ਜਾਇਗਾ ਬੇੜਾ ਮੇਰਾ, ਹੁਣ ਮੈਂ ਕਿਧਰ ਜਾਵਾਂ, ਐਸਾ ਪ੍ਰੇਸ਼ਾਨ ਹੋ ਗਿਆ।

***ਐਸੀ ਐਸੀ ਸੋਚਾਂ ਕਰੈ॥*** ਐਸੀਆਂ-ਐਸੀਆਂ ਬਿਚਾਰਾਂ ਮਨ ਦੇ ਨਾਲ ਕਰਦਾ ਹੈ, ਸੋਚਾਂ ਵਿਚ ਪੈ ਗਿਆ ਹੈ।

***ਕਬ ਡੂਬੈ ਕਬ ਸੰਸਯੋਂ ਤਰੈ॥੮੬॥*** ਕਦੀ ਤਾਂ ਡੁਬਦਾ ਹੈ, ਕਦੀ ਸੰਸਿਆਂ ਵਿਚ ਤਰਦਾ ਹੈ, ਕੋਈ ਸੁਝਦੀ ਨਹੀਂ। ੮੬।

***ਦੋਹਰਾ॥ ਤਬ ਬਾਬਰ ਕੈ ਮਨ ਫੁਰੀ, ਧਰੀ ਬਹੁਰ ਮਨ ਧੀਰ॥*** ਤਦ ਬਾਬਰ ਦੇ ਮਨ ਵਿਚ ਫੁਰਨਾ ਫੁਰਿਆ ਹੈ, ਕੁਛ ਧੀਰਜ ਧਰੀ ਹੈ ਮਨ ਵਿਚ।

***ਪਿਕੰਬਰ ਭੀ ਐਸੋ ਕਹਯੋ ਸੁ ਹਿੰਦ ਨਾਨਕ ਬਸ ਪੀਰ॥੮੭॥*** ਮੇਰੇ ਪੈਗੰਬਰ ਨੇ ਵੀ ਇਉਂ ਹੀ ਕਿਹਾ ਸੀ ਕਿ ਹਿੰਦੋਸਤਾਨ ਦਾ ਰਾਜ ਨਾਨਕ ਪੀਰ ਦੇ ਵਸ ਹੈ। ਉਹ ਦੇਵੇ ਤਾਂ ਦੇਵੇ, ਸਾਡੇ ਕੋਈ ਵਸ ਨਹੀਂ ਹੈ। ੮੭।

***ਚੌਪਈ॥ ਤਬ ਬਾਬਰ ਕੇ ਯੌ ਚਿਤ ਆਈ॥*** ਤਾਂ ਬਾਬਰ ਦੇ ਮਨ ਵਿੱਚ ਇਸ ਤਰ੍ਹਾਂ ਆਈ ਹੈ, ਗੱਲ।

***ਪਰੋਂ ਚਰਨ ਅਬ ਨਾਨਕ ਜਾਈ॥*** ਹੁਣ ਕੋਈ ਵਾਹ ਨਹੀਂ ਹੈ, ਹੁਣ ਤਾਂ ਗੁਰੂ ਨਾਨਕ ਦੇ ਚਰਨਾਂ 'ਤੇ ਡਿੱਗਾਂ ਜਾ ਕੇ, ਉਹਨਾਂ ਦੇ ਚਰਨਾਂ ਦੀ ਓਟ ਲਵਾਂ ਜਾ ਕੇ, ਹੋਰ ਕੋਈ ਆਸਰਾ ਨਹੀਂ ਰਿਹਾ।

***ਸਭ ਪੀਰਨ ਸਿਰ ਨਾਨਕ ਪੀਰ॥*** ਸਾਰਿਆਂ ਪੀਰਾਂ ਦੇ ਸਿਰ ਪੀਰ ਹੈ, ਗੁਰੂ ਨਾਨਕ ਸਾਹਿਬ।

***ਨਾਨਕ ਬਿਨ ਕੋ ਧਰਾਵੇ ਧੀਰ॥੮੮॥*** ਗੁਰੂ ਨਾਨਕ ਤੋਂ ਬਿਨਾਂ ਹੋਰ ਕਿਹੜਾ ਧੀਰਜ ਧਰਾਏ ਹੁਣ, ਕੌਣ ਹੌਸ਼ਲਾ ਦੇਵੇ। ੮੮।

***ਤਬ ਉਨ ਦੌਲਤ ਤੁਰਤ ਬੁਲਾਯਾ॥*** ਤਦ ਬਾਬਰ ਨੇ ਤੁਰਤ ਹੀ ਦੌਲਤ ਖ਼ਾਂ ਨੂੰ ਬੁਲਾਇਆ ਹੈ, ਆਪਣੇ ਪਾਸ।

***'ਤੈਨੇ ਮੁਝ ਈਹਾਂ ਆਨ ਫਸਾਯਾ॥*** ਤੂੰ ਮੇਰਾ ਬੇੜਾ ਏਥੇ ਲਿਆ ਕੇ ਫਸਾ ਦਿੱਤਾ ਹੈ, ਹੁਣ ਦੱਸ ਮੈਂ ਕਿਹੜੇ ਬੰਨੇ ਲੱਗਾਂ। ਉੱਥੋਂ ਦਰਗਾਹ ਤੋਂ ਜੁਆਬ ਮਿਲ ਗਿਆ ਹੈ,ਮੈਨੂੰ, ਹੁਣ ਮੈਂ ਮੁਸਲਮਾਨ ਬਣਾ ਕਿ ਹਿੰਦੂਆਂ ਦਾ?।

***ਘੁੰਮਣਵਾਣੀ ਮੈਂ ਦਯੋ ਡਾਰ॥*** ਤੇਰੇ ਆਖੇ ਮੈਂ ਏਧਰ ਆ ਗਿਆ ਹਾਂ, ਤੂੰ ਘੁੰਮਣਘੇਰੀ ਵਿਚ ਮੇਰਾ ਬੇੜਾ ਪਾ ਦਿੱਤਾ ਈ।

***ਕਹੁ ਸਤਿਗੁਰ ਕੋ ਲਾਵੈਂ ਪਾਰ॥੮੯॥*** ਆਖੋ ਹੁਣ ਸਤਿਗੁਰੂ ਨੂੰ ਮੇਰਾ ਬੇੜਾ ਪਾਰ ਕਰੇ, ਮੈਨੂੰ ਦੁਆਵੇ ਪਾਤਸ਼ਾਹੀ, ਮਿਹਰ ਕਰੇ, ਤੂੰ ਬੇਨਤੀ ਕਰ ਮੇਰੇ ਵੱਲੋਂ। ੮੯।

***'ਲੈ ਦੌਲਤ ਤਬ ਤੁਰਿਓ ਸਾਥ॥*** ਦੌਲਤ ਖ਼ਾਂ ਬਾਬਰ ਨੂੰ ਆਪਣੇ ਨਾਲ ਲੈ ਤੁਰਿਆ ਅਤੇ ਗੁਰੂ ਨਾਨਕ ਸਾਹਿਬ ਦੇ ਚਰਣਾ ਵਿਚ ਜਾ ਪਹੁੰਚਿਆ ਹੈ।

***ਛੁਹੇ ਚਰਣ ਔ ਜੋੜੇ ਹਾਥ॥*** ਆ ਗੁਰੂ ਨਾਨਕ ਸਾਹਿਬ ਜੀ ਦੇ ਚਰਣਾ 'ਤੇ ਨਮਸਕਾਰ ਕੀਤੀ ਤੇ ਹੱਥ ਜੋੜ ਕੇ ਖੜ੍ਹਾ ਹੋ ਗਿਆ ਹੈ।

***'ਮੈਂ ਹੌਂ ਤੁਝ ਦਾਸਨ ਕੋ ਦਾਸ॥*** ਐ ਗਰੀਬ ਨਿਵਾਜ! ਮੈਂ ਤੇਰੇ ਸੇਵਕਾਂ ਦਾ ਵੀ ਸੇਵਕ ਹਾਂ, ਤੇਰੇ ਦਾਸਰਿਆਂ ਦਾ ਦਾਸਰਾ ਹਾਂ ਬਖਸ਼ ਮੈਨੂੰ।

***ਪੂਰਨ ਕਰੋ ਹਮਾਰੀ ਆਸ॥੯੦॥*** ਮੇਰੀ ਆਸਾ ਪੂਰੀ ਕਰੋ ਹੁਣ, ਦਿਉ ਮੈਨੂੰ ਜੋ ਮੇਰੀ ਮੰਗ ਹੈ। ੯੦।

***ਦੋਹਰਾ॥ ਊਹਾਂ ਜੋ ਬਾਬਰ ਦਿਖਯੋ ਕਹੀ ਸੋਈ ਤਿਹ ਆਨ॥*** ਬਾਬਰ ਨੇ ਜੋ ਦਰਗਾਹ ਵਿਚ ਦੇਖਿਆ ਸੀ, ਉਹ ਸਭ ਸਤਿਗੁਰਾਂ ਨੂੰ ਦੱਸਿਆ ਹੈ, ਆ ਕੇ।

***ਸਤਿਗੁਰ ਹੱਸ ਕੇ ਚੁਪ ਰਹੇ ਓਇ ਸਭ ਜਾਣੀ ਜਾਣ॥੯੧॥*** ਸਤਿਗੁਰੂ ਜੀ ਤਾਂ ਅੰਤਰਯਾਮੀ ਸਨ, ਉਸ ਦੀ ਹਾਲਤ ਨੂੰ ਵੇਖ ਕੇ ਹੱਸ ਕੇ ਚੁੱਪ ਕਰ ਰਹੇ। ੯੧।

***ਚੌਪਈ॥ ਫਿਰ ਬਾਬਰ ਯੌ ਬਚਨ ਸੁਨਾਯੋ॥*** ਤਾਂ ਫਿਰ ਬਾਬਰ ਇਸ ਤਰ੍ਹਾਂ ਬੇਨਤੀਆਂ ਕਰ ਰਿਹਾ ਹੈ, ਬਚਨ ਕੀਤਾ ਹੈ, ਸਾਹਿਬ ਜੀ ਨੂੰ।

***ਤੇਰੋ ਭੇਤ ਨ ਕਿਨਹੂੰ ਪਾਯੋ॥*** ਹੇ ਮਹਾਰਾਜ ! ਤੇਰਾ ਭੇਦ ਨਹੀਂ ਕੋਈ ਜਾਣਦਾ, ਤੂੰ ਅਲੱਖ ਪੁਰਖ ਹੈਂ, ਬੇਅੰਤ ਬੇਅੰਤ ਹੈਂ ਤੇਰੀਆਂ ਤੂੰ ਜਾਣੇਂ।

***ਤੂੰ ਸ਼ਰੀਕ ਖੁਦਾਇ ਕੋ ਆਹੀ॥*** ਤੂੰ ਖੁਦਾ ਦਾ ਸ਼ਰੀਕ ਹੈਂ, ਭਰਾ ਹੈਂ ਕੋਈ ਉਸ ਦਾ।

***ਤੂੰ ਖੁਦਾਇ ਕੋ ਜਾਯੋ ਤਾਹੀਂ॥੯੨॥*** ਮੈਨੂੰ ਤਾਂ ਲੱਗਦਾ ਹੈ, ਤੁਸੀਂ ਖੁਦਾ ਦੇ ਪੁੱਤਰ ਹੀ ਹੋਂ, ਭਾਵ ਉਹਦਾ ਹੀ ਜਾਇਆ ਜੰਮਿਆ ਹੈਂ। ੯੨।

***ਤੈਥੋਂ ਜੁਦੋ ਨ ਆਪ ਖੁਦਾਇ॥*** ਤੇਰੇ ਨਾਲੋਂ ਖੁਦਾ ਕੋਈ ਵੱਖਰਾ ਨਹੀਂ ਲਗਦਾ ਮੈਨੂੰ, ਤੂੰ ਖੁਦ ਖੁਦਾ ਲਗਦਾ ਹੈ, ਆਪ ।

***ਜੋ ਹੋਵੈ ਸੋ ਤੇਰੀ ਰਜਾਇ॥*** ਜੋ ਵੀ ਕੁਛ ਸੰਸਾਰ ਵਿਚ ਹੋ ਰਿਹਾ ਹੈ, ਸਭ ਤੇਰੀ ਰਜ਼ਾ ਨਾਲ ਹੋ ਰਿਹਾ ਹੈ, ਤੇਰੀ ਆਗਿਆ ਨਾਲ ਹੋ ਰਿਹਾ ਹੈ ਸਭ ਕੁਛ, ਮੈਨੂੰ ਤਾਂ ਇਉ ਪ੍ਰਤੀਤ ਆਈ ਹੈ।

***ਤੂੰ ਰਜਾਇ ਕੋ ਕਰਨੇਹਾਰ॥*** ਆਪ ਦੀ ਰਜ਼ਾ ਨੂੰ ਕਰਨ ਵਾਲਾ ਤੂੰ ਹੀ ਹੈਂ, ਸਭ ਨੂੰ ਬਨਾਉਣ ਵਾਲਾ ਢਾਹੁਣ ਵਾਲਾ ਤੂੰ ਹੀ ਹੈਂ।

***ਤੇਰਾ ਅੰਤ ਨ ਪਾਰਾਵਾਰ॥੯੩॥*** ਤੇਰਾ ਅੰਤ ਕੋਈ ਨਹੀਂ ਹੈ ਤੂੰ ਬੇਅੰਤ ਹੈਂ ਬੇਅੰਤ ਹੈਂ। ੯੩।

***ਤੂੰ ਕਰਤਾ ਹੈਂ ਕਾਦਰ ਕਰੀਮ॥*** ਤੂੰ ਆਪ ਖੁਦ (ਕਾਦਰ) ਖੁਦਾ ਹੈਂ, ਤੂੰ ਹੀ ਸਭ ਦਾ ਸਿਰਜਨਹਾਰ ਹੈ, (ਕਰੀਮ) ਬਖ਼ਸ਼ਸ਼ ਕਰਨ ਵਾਲਾ ਵੀ ਤੂੰ ਹੀ ਹੈਂ।

***ਖੁਦ ਖੁਦਾਇ ਹੈਂ ਤੁਹੀ ਰਹੀਮ॥*** ਤੂੰ ਹੀ ਖੁਦ ਖੁਦਾ ਹੈਂ, ਤੂੰ ਹੀ ਸਾਰੇ ਸੰਸਾਰ 'ਤੇ ਰਹਿਮ ਕਰਨ ਵਾਲਾ ਹੈਂ।

***ਤੂੰ ਹੀ ਪਿਕੰਬਰ ਰਾਹੁ ਨੁਮਾਹਿ॥*** ਮਹਾਰਾਜ! ਪੈਗੰਬਰਾਂ ਨੂੰ ਰਾਹ ਵਿਖਾਉਣ ਵਾਲਾ ਵੀ ਤੂੰ ਆਪ ਹੀ ਹੈਂ, ਹੋਰ ਕੋਈ ਨਹੀਂ ਹੈ।

***ਤੇਰਾ ਸਿੱਰਰ ਨ ਪਾਯੋ ਜਾਇ॥੯੪॥*** ਤੇਰਾ ਭੇਦ ਨਹੀਂ ਕੋਈ ਜਾਣ ਸਕਦਾ, ਤੂੰ ਆਪ ਹੀ ਜਾਣਦਾ ਹੈਂ, ਆਪਣੇ ਭੇਦ ਨੂੰ। ੯੪।

***ਦੋਹਰਾ॥ ਤੇਰੇ ਨਾਮ ਪਰ ਮੈਂ ਬਿਕਯੋ ਦੌਲਤ ਹਾਥ ਪਠਾਣ॥*** ਬਾਬਰ ਬੇਨਤੀ ਕਰਦਾ ਹੈ, ਦੌਲਤ ਖ਼ਾਂ ਪਠਾਣ ਦੇ ਹੱਥੀਂ ਮੈਂ ਤੇਰੇ ਨਾਮ ਤੋਂ ਵਿਕ ਗਿਆ ਹਾਂ, ਮੈਂ ਤੇਰਾ ਲਾਲਾ ਗੋਲਾ ਖਰੀਦਦਾਰ ਬਣ ਗਿਆ ਹਾਂ।

***ਅਬ ਚਾਹੋ ਸੋ ਕੀਜੀਏ ਅਪਨੀ ਲਾਜ ਪਛਾਣ॥੯੫॥*** ਹੁਣ ਤੁਹਾਨੂੰ ਲੱਜਿਆ ਹੈ, ਇਸ ਗੱਲ ਦੀ, ਹੁਣ ਜੋ ਚਾਹੋਂ ਸੋ ਕਰੋ ਮੈਂ ਤਾਂ ਤੁਹਾਡੇ ਚਰਨਾਂ ਦੀ ਸ਼ਰਨ ਲਈ ਹੈ, ਹੁਣ ਜਿਵੇਂ ਮਰਜ਼ੀ ਹੈ, ਤੁਹਾਡੀ ਕਰੋ। ੯੫।

***ਚੌਪਈ॥ ਯੌ ਸਤਿਗੁਰ ਸੁਣ ਭਯੋ ਦਿਆਲਾ॥*** ਜਦੋਂ ਐਸੀਆਂ ਬੇਨਤੀਆਂ ਸੁਣੀਆਂ ਸਤਿਗੁਰੂ ਜੀ ਦਇਆਲ ਹੋ ਗਏ, ਬਾਬਰ 'ਤੇ ਮਿਹਰਵਾਨ ਹੋ ਗਏ।

***ਭੰਗ ਥੈਲੋ ਮੰਗ ਲਿਯੋ ਤਤਕਾਲਾ॥*** ਓਸੇ ਸਮੇਂ ਕਹਿੰਦੇ, ਲਿਆ ਜਿਹੜੀ ਭੇਟਾ ਸਾਡੀ ਲਿਆਇਆ ਹੈਂ, ਭੰਗ ਵਾਲਾ ਥੈਲਾ ਮੰਗ ਲਿਆ ਹੈ ਸਤਿਗੁਰੂ ਜੀ ਨੇ।

***ਕਹਯੋ, ਲਯਾਉ ਮੁਠ ਪਾਇ ਦੈਂ ਝੋਲੀ॥*** ਕਹਿੰਦੇ ਲਿਆ, ਸਾਡੇ ਕੋਲ ਥੈਲਾ, ਭੰਗ ਦੀਆਂ ਮੁੱਠਾਂ ਸਾਡੀ ਝੋਲੀ ਵਿਚ ਪਾ ਦੇ।

***ਬਾਬਰ ਤੁਰਤ ਵਹਿ ਥੈਲੀ ਖੋਲੀ॥੯੬॥*** ਬਾਬਰ ਤੁਰਤ ਹੀ ਸੁੱਖੇ ਦੀ ਥੈਲੀ ਖੋਲ੍ਹੀ ਹੈ। ੯੬।

***ਸਤਿ ਮੁਠੀਂ ਭਰ ਝੋਲੀ ਪਾਈ॥*** ਬਾਬਰ ਨੇ ਸੱਤ ਮੁੱਠੀਆਂ ਭਰ ਕੇ ਸਤਿਗੁਰਾਂ ਦੀ ਝੋਲੀ ਵਿਚ ਪਾ ਦਿੱਤੀਆਂ ਹਨ।

***ਪਿਛੋਂ ਝਾੜ ਉਨ ਥੈਲੀ ਮੁਧਾਈ॥*** ਪਿੱਛੋਂ ਸਾਰੀ ਥੈਲੀ ਝਾੜ ਕੇ ਉਸ ਨੇ ਸਤਿਗੁਰਾਂ ਦੀ ਝੋਲੀ ਝਾੜ ਦਿੱਤੀ।

***'ਭੰਗ ਮੁਠੀਂ ਸਤਿ ਦੀਨੀ ਡਾਰੀ॥*** ਸਤਿਗੁਰਾਂ ਦੀ ਝੋਲੀ ਵਿਚ ਸੁੱਖੇ ਦੀਆਂ ਸੱਤ ਮੁੱਠੀਆਂ ਪਾ ਦਿੱਤੀਆਂ ਹਨ, ਬਾਬਰ ਨੇ।

***ਸਤਿ ਪਤਿਸ਼ਾਹੀ ਦੀਨੀ ਸਾਰੀ॥੯੭॥*** ਸਤਿਗੁਰੂ ਜੀ ਨੇ ਬਾਬਰ ਨੂੰ ਸੱਤ ਬਾਦਸ਼ਾਹੀਆਂ ਬਖਸ਼ੀਆਂ ਹਨ। ੯੭।

***ਝੜੀ ਡਿਠੀ ਕਛੁ ਔਰ ਭੀ ਤਈ॥*** ਤੇ ਜਿਹੜੀ ਪਿੱਛੇ ਰਹਿ ਗਈ ਭੰਗ ਥੈਲੀ ਵਿੱਚੋਂ ਝਾੜੀ ਹੈ, ਝੋਲੀ ਵਿਚ।

***ਫਿਰ ਚਾਹੋਂ ਮੈਂ ਤੁਮ ਤੇ ਲਈ॥*** ਉਹ ਏਸੇ ਵਾਸਤੇ ਥੈਲੀ ਝਾੜੀ ਹੈ ਕਿ ਫਿਰ ਮੈਂ ਤੈਥੋਂ ਵਾਪਸ ਲੈਣਾਂ ਹੈ, ਸਭ ਕੁਝ।

***ਭੰਗ ਮੁਠੀ ਭਰ ਜੋ ਮੈਂ ਦਈ॥*** ਇਹ ਜੋ ਭੰਗ ਦੀਆਂ ਮੁੱਠੀਆਂ ਭਰ ਕੇ ਦਿੱਤੀਆਂ ਹਨ, ਮੈਂ ਤੈਨੂੰ।

***ਸਮੋਂ ਪਾਇ ਲੇਵੋਂ ਸਭ ਤਈ॥੯੮॥*** ਸਮਾਂ ਆਵੇਗਾ, ਫਿਰ ਮੈਂ ਸਾਰੀਆਂ ਹੀ ਤੈਥੋਂ ਲੈ ਲੈਣੀਆਂ ਨੇ, ਪਾਤਸ਼ਾਹੀਆਂ ਤੈਥੋਂ ਵਾਪਸ ਲੈ ਲੈਣੀਆਂ ਹਨ, ਸਤਿਗੁਰੂ ਜੀ ਨੇ ਕਿਹਾ। ੯੮।

***ਦੋਹਰਾ॥ ਭੰਗ ਬਦਲੇ ਸਭ ਹਿੰਦ ਦਈ ਯਹ ਬੇਪਰਵਾਹੀ ਕੀਨ॥*** ਭੰਗ ਦੇ ਬਦਲੇ ਸਾਰੇ ਹਿੰਦੋਸਤਾਨ ਦੀ ਬਾਦਸ਼ਾਹੀ ਬਖ਼ਸ਼ ਦਿੱਤੀ ਹੈ, ਬੇਪਰਵਾਹ ਸਤਿਗੁਰੂ ਜੀ ਨੇ ਇਹ ਬੇਪਰਵਾਹੀ ਕੀਤੀ ਹੈ।

***ਜਿਮ ਭਸਮੰਤਰ ਦੇਇ ਬਰ ਦੁਖ ਸਿਰ ਸ਼ਿਵ ਨਿਜ ਲੀਨ॥੯੯॥*** ਜਿਵੇਂ ਸ਼ਿਵ ਜੀ ਨੇ ਭਸਮੰਤਰ ਰਾਖਸ਼ ਨੂੰ ਵਰ ਦੇ ਕੇ ਭਾਵ ਭਸਮ ਕਰਨ ਵਾਲਾ ਕੜਾ ਦੇ ਕੇ ਆਪਣੇ ਸਿਰ 'ਤੇ ਦੁਖ ਸਹਾਰਿਆ ਸੀ। ੯੯।

***ਸੋਰਠਾ॥ ਜਬ ਗੁਰ ਕਹਯੋ ਉਚਾਰ 'ਭੰਗ ਬਦਲ ਸਭ ਹਿੰਦ ਦਈ'॥*** ਜਦੋਂ ਸਤਿਗੁਰੂ ਜੀ ਨੇ ਕਿਹਾ 'ਤੈਨੂੰ ਭੰਗ ਬਦਲੇ ਸਾਰਾ ਹਿੰਦੋਸਤਾਨ ਦੇ ਦਿੱਤਾ।

***ਕੀਨੋ ਐਸ ਕਰਾਰ, 'ਫਿਰ ਪਤਿਸ਼ਾਹੀ ਲੇਹਿੰਗੇ'॥੧੦੦॥*** ਏਸ ਤਰ੍ਹਾਂ ਇਕਰਾਰ ਕਰ ਲਿਆ ਬਾਬਰ ਨਾਲ ਕਿ ਇਹ ਪਾਤਸ਼ਾਹੀ ਤੈਥੋਂ ਲਵਾਂਗੇ ਵਾਪਸ। ੧੦੦।

***ਦੋਹਰਾ॥ ਜਬ ਸਤਿਗੁਰ ਨੇ ਯੌ ਕਹਯੋ, ਸੁਨ ਬਾਬਰ ਸੁਲਤਾਨ!*** ਜਦੋਂ ਸਤਿਗੁਰਾਂ ਨੇ ਇਉਂ ਆਖਿਆ, ਹੇ ਬਾਬਰ ਸੁਲਤਾਨ ! ਸੁਣੋ।

***ਫਿਰ ਹੂੰ ਨਹਿਂ ਜਬ ਹੋਇਗੋ ਤਬ ਲੈ ਹੈਂ ਦੈ ਕੈ ਤਾਨ॥੧੦੧॥*** ਤੂੰ ਜਦੋਂ ਨਾ ਹੋਇਆ ਨਾ, ਤੂੰ ਮਰ ਗਿਆ, ਤਦ ਅਸੀਂ (ਤਾਨ) ਜ਼ੋਰ ਨਾਲ ਲਵਾਂਗੇ, ਤੇਰੀ ਉਲਾਦ ਕੋਲੋਂ। ੧੦੧।

***ਅੜਿੱਲ॥ ਸੁਨ ਸਤਿਗੁਰ ਕੇ ਬਚਨ ਬਾਬਰ ਯੌ ਭਾਖਿਓ॥*** ਸਤਿਗੁਰੂ ਜੀ ਦੇ ਬਚਨ ਸੁਣ ਕੇ ਬਾਬਰ ਨੇ ਇਉਂ ਆਖਿਆ ਹੈ।

***ਦੇ ਕੇ ਲੈਣੋਂ ਥੂਕ ਵਡਨ ਹੀ ਆਖਿਓ॥*** ਮਹਾਰਾਜ ਚੀਜ਼ ਦੇ ਕੇ ਫਿਰ ਮੰਗ ਲੈਣੀ, ਇਹ ਤਾਂ ਥੁੱਕ ਦੇ ਬਰਾਬਰ ਹੁੰਦੀ ਹੈ, ਵੱਡੇ ਲੋਕ ਇਸ ਤਰ੍ਹਾਂ ਕਹਿੰਦੇ ਹਨ।

***ਦੇ ਕੇ ਲੈਣੋਂ ਥੂਕ ਮੁਖੋਂ ਜਿਮ ਚਟਣ ਹੈ॥*** ਚੀਜ਼ ਦੇ ਕੇ, ਕਿਸੇ ਨੂੰ,ਮੰਗ ਲੈਣੀ, ਇਹ ਤਾਂ ਥੁੱਕ ਕੇ ਚੱਟਣ ਵਾਲੀ ਗੱਲ ਹੈ ਆਪਣੇ ਮੂੰਹੋਂ। ਇਹ ਤਾਂ ਸਿਆਣਿਆਂ ਦੀ ਗੱਲ ਹੈ, ਮਹਾਰਾਜ! ਇਹ ਕੀ ਕਰਦੇ ਹੋਂ, ਤੁਸੀਂ ਕਹਿੰਦੇ ਵਾਪਸ ਲਵਾਂਗੇ।

***ਹੋ ਦੇ ਕੇ ਲੈਣ ਜਗੱਤ੍ਰ ਅਪਜਸ ਬਡ ਖਟਨ ਹੈ॥੧੦੨॥*** ਵਸਤੂ ਦੇ ਕੇ ਮੁੜ ਮੰਗ ਲੈਣੀ ਇਸ ਤਰ੍ਹਾਂ ਤਾਂ (ਅਪਜਸ) ਵੱਡੀ ਨਿੰਦਿਆ ਖੱਟਣ ਵਾਲੀ ਗੱਲ ਹੈ, ਕਹਿਣਗੇ ਪਹਿਲਾਂ ਦੇ ਦਿੱਤੀ, ਹੁਣ ਮੰਗਣ ਲਗਾ ਹੈ, ਉਸ ਤੋਂ ਲੋਕ ਆਮ ਲੋਗ ਚਰਚਾ ਕਰਨ ਲਗ ਜਾਂਦੇ ਹਨ। ੧੦੨।

***ਦੋਹਰਾ॥ ਤਬ ਸਤਿਗੁਰ ਬਾਬਰ ਕਹਯੋ, ਯੌ ਦੇ ਕੇ ਲੇਵਨ ਹੋਇ॥*** ਤਾਂ ਸਤਿਗੁਰਾਂ ਨੇ ਬਾਬਰ ਨੂੰ ਕਿਹਾ ਦੇ ਕੇ ਚੀਜ਼ ਇਉਂ ਲੈਣੀ ਪੈਂਦੀ ਹੈ।

***ਮੁਖਤ ਨਿਆਮਤ ਬੇ-ਕਦਰ ਰਾਖ ਨ ਸਾਕਤ ਕੋਇ॥੧੦੩॥*** ਕਿਉਂਕਿ ਬਿਨਾਂ ਕਮਾਈ ਤੋਂ, ਬਿਨਾਂ ਮਿਹਨਤ ਤੋਂ, ਜਿਹੜੀ ਚੀਜ਼ ਮਿਲ ਜਾਵੇ, ਉਹ ਬੇਕਦਰੇ ਲੋਕ ਰੱਖ ਨਹੀਂ ਸਕਦੇ, ਉਹਨਾਂ ਨੂੰ ਮਜਾਜ ਨਹੀਂ ਆਉਂਦੀ ਸਾਂਭਣ ਦੀ.ਕਿਹੜੀ ਕਮਾਈ ਕੀਤੀ ਹੁੰਦੀ ਹੈ, ਕੋਈ ਮਿਹਨਤ ਕੀਤੀ ਹੁੰਦੀ ਹੈ, ਇਸ ਕਰਕੇ ਇਉਂ ਉਨ੍ਹਾਂ ਤੋਂ ਚੀਜ਼ ਵਾਪਸ ਲੈਣੀ ਪੈਂਦੀ ਹੈ। ੧੦੩।

***ਛੰਦ॥ ਮੁਖਤ ਨਿਆਮਤ ਚੀਜ ਥੀ ਮਨਸੂਰੇ ਲੀਨੀ॥*** ਮਨਸੂਰ ਇਕ ਸੂਫੀ ਦਰਵੇਸ ਸੀ, ਉਸ ਨੂੰ ਮੁਫਤ ਦੀ ਨਿਆਮਤ ਮਿਲੀ ਸੀ, ਉਸ ਨੂੰ ਚੀਜ ਪ੍ਰਾਪਤ ਹੋ ਗਈ ਸੀ ਮੁਫਤੀ, ਕਿਸੇ ਵੇਦਾਂਤੀ ਸਾਧੂ ਨੇ ਕਿਹਾ ਜਾ ਕਲਾ ਦਿੱਤੀ ਤੈਨੂੰ। ਉਹ ਲੱਗ ਪਿਆ 'ਅਨਲਹਕ ਅਨਲਹਕ' ਕਰਨ । ਉਹ ਤਾਂ ਖੁਦਾ ਦਾ ਨਾਮ ਲੈਂਦਾ ਸੀ, ਆਪਣੇ ਵੱਲੋਂ। ਮੁਲਤਾਨ ਦਾ ਜਿਹੜਾ ਓਸ ਮੌਕੇ ਦਾ ਬਾਦਸ਼ਾਹ ਸੀ, ਉਸ ਦੀ ਲੜਕੀ ਦਾ ਨਾਮ ਅਨਲਹਕ ਸੀ। ਉਸ ਨੇ ਕਿਹਾ, ਮੇਰੀ ਲੜਕੀ 'ਤੇ ਆਸ਼ਕ ਹੋ ਗਿਆ ਹੈ। ਲਾਹ ਦਿਓ ਪੁੱਠੀ ਖੱਲ ਇਸ ਦੀ। ਇਹ ਕੈਸਾ ਸਾਧ ਹੈ? ਇਹੋ ਜਿਹੀਆਂ ਗੱਲਾਂ ਕਰਦਾ ਹੈ, ਪੁੱਠੀ ਖੱਲ ਲਹਾਉਣੀ ਪਈ ਸੀ ਉਸ ਨੂੰ।

***ਰਖ ਨ ਜਾਨੀ ਤਿਨੈ ਜਿੰਦ ਸੰਗ ਲੈ ਗਈ ਦੀਨੀ॥*** ਪਰ ਉਹ ਕਰਾਮਾਤ ਰੱਖ ਨਾ ਸਕਿਆ, ਬਖਸ਼ਸ ਤਾਂ ਹੋ ਗਈ ਸੀ, ਨਾਲ ਹੀ ਜਾਨ ਲੈ ਗਈ ਸੀ ਕਰਾਮਾਤ।

***ਮੁਖਤ ਨਿਆਮਤ ਹੈ ਕਪੂਰ ਪਾਇ ਜਿਉਂ ਰਖਨੋ॥*** ਮੁਖਤ ਦੀ ਨਿਆਮਤ ਇਉਂ ਹੈ, ਜਿਵੇਂ ਭਾਂਡੇ ਵਿਚ ਕਪੂਰ ਹੈ, ਕਪੂਰ ਪਾ ਲਈਏ ਥਾਲੀ ਵਿਚ।

***ਸੋ ਮਿਲ ਅਗਨ ਉਡ ਜਾਇ ਭਾਂਡਾ ਰਹੇ ਸਖਨੋ॥੧੦੪॥*** ਜੇ ਉਸ ਨੂੰ ਅੱਗ ਲੱਗ ਜਾਏ, ਉਹ ਉੱਡ ਜਾਂਦਾ ਹੈ, ਵਿੱਚ ਸੁਆਹ ਵੀ ਨਹੀਂ ਰਹਿੰਦੀ,ਕਪੂਰ ਉੱਡ ਜਾਂਦਾ ਹੈ, ਮੁਫਤ ਦੀ ਨਿਆਮਤ ਕਪੂਰ ਵਾਗੂੰ ਉੱਡ ਜਾਂਦੀ ਹੈ,ਉਸ ਨੂੰ ਰੱਖਣੀ ਨਹੀਂ ਆਉਂਦੀ। ੧੦੪।

***ਦੋਹਰਾ॥ ਤਬ ਸਤਿਗੁਰ ਕਹਯੋ, ਤੂੰ ਹਮ ਉਪਕਾਰ ਬਿਸਾਰ॥*** ਤਾਂ ਸਤਿਗੁਰ ਕਹਿਣ ਲੱਗੇ, ਬਾਬਰ ! ਅਸੀਂ ਤਾਂ ਤੇਰੇ 'ਤੇ ਪਰਉਪਕਾਰ ਕਰ ਰਹੇ ਹਾਂ, ਤੂੰ ਸਾਡਾ ਪਰਉਪਕਾਰ ਵਿਸਾਰ ਦੇਵੇਂਗਾ ਕਿ ਸਾਡੇ 'ਤੇ ਕੀ ਪਰਉਪਕਾਰ ਕੀਤਾ ਹੈ।

**ਕਾਟੋਗੇ ਹਮ ਅੰਸ ਸਿਰ, ਤੌ ਫਿਰ ਲੇਹਿਂ ਹੁਦਾਰ॥੧੦੫॥** ਸਾਡੇ ਕੀਤੇ ਪਰਉਪਕਾਰ ਨੂੰ ਜਦੋਂ ਭੁੱਲ ਜਾਣਗੇ, ਤਾਂ ਸਾਡੀ ਅੰਸ ਦੇ ਸਿਰ ਕੱਟਣਗੇ, ਫਿਰ ਅਸੀਂ ਉਦਾਰ ਦਿੱਤੀ ਚੀਜ਼ ਵਾਪਸ ਲੈ ਲਵਾਂਗੇ। ੧੦੫।

**ਚੌਪਈ॥ ਤਬ ਬਾਬਰ ਸੁਨ ਕੇ ਹੱਥ ਜੋੜੇ॥** ਸਤਿਗੁਰਾਂ ਦਾ ਬਚਨ ਸੁਣ ਤਦ ਬਾਬਰ ਨੇ ਹੱਥ ਜੋੜ ਕੇ ਬੇਨਤੀ ਕੀਤੀ।

**ਹਮਰੀ ਕੁਲ ਕਿਮ ਤੁਮ ਸਿਰ ਤੋੜੇ?** ਮਹਾਰਾਜ ਸਾਡੀ ਕੁਲ ਤੁਹਾਡੇ 'ਤੇ ਕਿਵੇਂ ਵਾਰ ਕਰੇਗੀ, ਤੁਹਾਡੀ ਅੰਸ-ਬੰਸ ਦੇ ਸਿਰ ਕਿਵੇਂ ਤੋੜੇਗੀ ਸਾਡੀ ਕੁਲ?

**ਹਮ ਤੁਝ ਰਖੈਂ ਮੁਰੀਦੀ ਦਾਵੈਂ॥** ਅਸੀਂ ਤਾਂ ਤੁਹਾਡੇ ਘਰ ਦੇ ਮੁਰੀਦ ਹਾਂ, ਮੁਰੀਦੀ ਦਾਵਾ ਰੱਖਾਂਗੇ, ਮਹਾਰਾਜ!।

**ਹਮ ਕੁਲ ਕਿਮ ਤੁਮ ਹਾਥ ਚਲਾਵੈਂ?॥੧੦੬॥** ਮੇਰੀ ਕੁਲ ਤੁਹਾਡੇ ਉੱਤੇ ਕਿਵੇਂ ਹੱਥ ਚੁੱਕੇਗੀ? ਮੇਰੇ ਨਹੀਂ ਦਿਮਾਗ ਵਿਚ ਗੱਲ ਆ ਰਹੀ। ੧੦੬।

**ਹਿੰਦ ਵੱਸ ਭਈ ਹਿੰਦੂ ਪੀਰ॥** ਹਿੰਦੋਸਤਾਨ ਦੀ ਰਾਜਧਾਨੀ ਤਾਂ ਹਿੰਦੂ ਪੀਰ ਗੁਰੂ ਨਾਨਕ ਸਾਹਿਬ ਜੀ ਦੇ ਵਿਚ ਹੈ, ਉਹ ਕਿਸੇ ਨੂੰ ਦੇਣ ਕਿਸੇ ਨੂੰ ਰੱਖਣ ਇਹ ਤਾਂ ਉਹਨਾਂ ਦੀ ਆਪਣੀ ਵਸਤੂ ਹੈ।

**ਤੁਮ ਪੀਰਨ ਕੇ ਸਿਰ ਹੋ ਪੀਰ॥** ਹੇ ਮਹਾਰਾਜ ! ਇਹ ਤੁਹਾਡੀ ਵਸਤੂ ਹੈ, ਤੁਸੀਂ ਪੀਰਾਂ ਸਿਰ ਪੀਰ ਹੋ, ਤੁਸੀਂ ਵੱਡੇ ਹੋ ਸਾਡੇ, ਅਸੀਂ ਤੁਹਾਡੇ ਘਰ ਦੇ ਮੁਰੀਦ ਹਾਂ, ਅਸੀਂ ਕਿਵੇਂ ਕਸੂਰ ਕਰਾਂਗੇ?

**ਤੁਮ ਤੋ ਬਖਸ਼ੀ ਹਮਹਿ ਜਗੀਰ॥** ਆਪ ਜੀ ਨੇ ਸਾਨੂੰ ਜਗੀਰ ਬਖ਼ਸ਼ ਦਿੱਤੀ ਹੈ, ਐਡੀ ਵੱਡੀ ਪਾਤਸ਼ਾਹੀ ਬਖ਼ਸ਼ ਦਿੱਤੀ ਹੈ, ਸਾਰੇ ਹਿੰਦੋਸਤਾਨ ਦੀ।

**ਹਮ ਹੋਵੈਂ ਕਿਮ ਤੁਮਹਿ ਦਗੀਰ॥੧੦੭॥** ਅਸੀਂ ਕਿਵੇਂ ਤੁਹਾਡੇ (ਦਗੀਰ) ਉਲਟ ਹੋਵਾਂਗੇ, ਇਹ ਨਹੀਂ ਹੋਵੇਗਾ, ਅਸੀਂ ਨਹੀਂ ਮਹਾਰਾਜ ਕਰਦੇ। ੧੦੭।

**ਦੋਹਰਾ॥ ਜੌ ਹਮ ਤੁਮ ਪਰ ਹਥ ਚਕੈਂ ਤੌ ਤੁਮ ਪਤਿਸ਼ਾਹੀ ਲੇਹੁ॥** ਬਾਬਰ ਨੇ ਬਚਨ ਕਹਿ ਦਿੱਤਾ ਕਿ ਮਹਾਰਾਜ ! ਜੇ ਸਾਡੀ ਅੰਸ-ਬੰਸ ਤੁਹਾਡੇ 'ਤੇ ਹੱਥ ਚੁੱਕੇ, ਤਾਂ ਤੁਸੀਂ ਹਿੰਦੋਸਤਾਨ ਦੀ ਪਾਤਸ਼ਾਹੀ ਵਾਪਸ ਕਰ ਲਿਓ।

**ਇਸ ਕਰਾਰ ਕੇ ਊਪਰੇ ਅਗੈ ਪਤਿਸ਼ਾਹੀ ਦੇਹੁ॥੧੦੮॥** ਇਸ ਇਕਰਾਰ ਦੇ ਉਤੇ ਸਾਨੂੰ ਅੱਗੇ ਪਾਤਿਸ਼ਾਹੀ ਦੇ ਦਿਓ। ੧੦੮।

**ਚੌਪਈ॥ ਇਸ ਕਰਾਰ ਕਰ ਦੀ ਪਤਿਸ਼ਾਹੀ॥** ਇਕ ਇਕਰਾਰ ਕਰ ਲਿਆ ਬਾਬਰ ਨਾਲ ਕਿ ਜਦੋਂ ਤੁਸੀਂ ਭੁੱਲ ਗਏ, ਉਦੋਂ ਅਸੀਂ ਵਾਪਸ ਲੈ ਲਵਾਂਗੇ, ਤਾਂ ਪਾਤਸ਼ਾਹੀ ਦੇ ਦਿੱਤੀ।

**ਤੀਨ ਪਤਿਸ਼ਾਹਨ ਨਾਂਹਿ ਭੁਲਾਈ॥** ਤਿੰਨ ਬਾਦਸ਼ਾਹਾਂ ਨੇ ਸਤਿਗੁਰੂ ਜੀ ਦੇ ਪਰਉਪਕਾਰ ਨੂੰ ਭੁਲਾਇਆ ਨਹੀਂ ਹੈ।

**ਬਾਬਰ ਤੇ ਸੁ ਹਿਮਾਯੂੰ ਭਯੋ॥** ਬਾਬਰ ਤੋਂ ਪਿੱਛੋਂ ਇਸ ਦਾ ਪੁੱਤਰ ਹਿਮਾਯੂੰ ਰਾਜ ਤਖਤ 'ਤੇ ਬੈਠਾ ਹੈ, ਹਿਮਾਯੂੰ ਹੋਇਆ ਹੈ, ਬਾਬਰ ਤੋਂ ਅੱਗੇ।

**ਹਿਮਾਯੂੰ ਨੇ ਫਿਰ ਅਕਬਰ ਜਯੋ॥੧੦੯॥** ਹਿਮਾਯੂੰ ਨੇ ਫਿਰ ਅਕਬਰ ਜੰਮਿਆ ਸੀ। ੧੦੯।

**ਤੀਨੋਂ ਨੇ ਗੁਰ ਮਹਿਮਾ ਰਾਖੀ॥** ਇਹਨਾਂ ਤਿੰਨਾਂ ਬਾਦਸ਼ਾਹਾਂ ਨੇ ਗੁਰੂ ਦੀ ਮਹਿਮਾ ਨੂੰ ਰੱਖਿਆ ਹੈ।

**ਮੁਖ ਤੇ ਭੀ ਕੁਛ ਬੁਰੀ ਨ ਭਾਖੀ॥** ਆਪਣੇ ਮੂੰਹੋਂ ਵੀ ਕਦੇ ਗੁਰੂ ਘਰ ਦੀ ਬੁਰਿਆਈ ਨਹੀਂ ਕਹੀ, ਇਹ ਗੁਰੂ ਨਾਨਕ ਦੇ ਘਰ ਨੂੰ ਪੂਰਾ ਮੰਨਦੇ ਰਹੇ ਹਨ।

**ਚੌਥੇ ਸ਼ਾਹ ਭਯੋ ਜਹਾਂਗੀਰ॥** ਚੌਥਾ ਬਾਦਸ਼ਾਹ ਮੁਗਲਾਂ ਵਿੱਚੋਂ ਜਹਾਂਗੀਰ ਹੋਇਆ ਹੈ, ਜਦੋਂ ਇਹ ਤਖ਼ਤ 'ਤੇ ਬੈਠਾ ਹੈ।

**ਮੁੱਲਾਂ ਕਾਜ਼ੀ ਮਿਲ ਭਯੋ ਅਸੀਰ॥੧੧੦॥** ਮੁਲਾਂ, ਕਾਜ਼ੀ ਮਿਲੇ ਸ਼ਰਈ ਆ ਕੇ ਉਹਨਾਂ ਦਾ (ਅਸੀਰ) ਕੈਦੀ ਹੋ ਗਿਆ ਭਾਵ ਉਹਨਾਂ ਦੇ ਆਖੇ ਲੱਗ ਗਿਆ। ਗੁਰੂ ਨਾਨਕ ਪਾਤਸ਼ਾਹ ਦੇ ਘਰ ਨੂੰ ਇਹ ਦੁਕਾਨ ਦੱਸਣ ਲੱਗ ਪਿਆ ਅਤੇ ਗੁਰੂ ਘਰ ਤੋਂ ਬੇਮੁਖ ਹੋ ਗਿਆ ਹੈ, ਜਹਾਂਗੀਰ। ੧੧੦।

**ਉਨ ਗੁਰ ਅਰਜਨ ਸੋਂ ਖੋਟੀ ਕਮਾਈ॥** ਇਸ ਬੇਈਮਾਨ ਨੇ ਗੁਰੂ ਅਰਜਨ ਸਾਹਿਬ ਜੀ 'ਤੇ ਹੱਥ ਚੁੱਕਿਆ, ਖੋਟਾ ਕੰਮ ਕੀਤਾ, ਉਹਨਾਂ ਨੂੰ ਤੱਤੀਆਂ ਤਵੀਆਂ 'ਤੇ ਬਿਠਾਇਆ ਅਤੇ ਉਬਲਦੀਆਂ ਦੇਗਾਂ ਵਿਚ ਬਿਠਾਇਆ ਇਸ ਨੇ।

**ਸੋਊ ਬੁਰਾਈ ਸਿਰ ਖਤ੍ਰੀ ਲਾਈ॥** ਆਪ ਵਿੱਚੋਂ ਤਿਲਕ ਗਿਆ ਹੈ, ਕਹਿੰਦਾ ਖੱਤ੍ਰੀ ਚੰਦੂ ਨੇ ਕਰਿਆ ਹੈ, ਇਹ ਤਾਂ ਉਸ ਦੇ ਸਿਰ ਬੁਰਿਆਈ ਲਾ ਕੇ ਆਪ ਵਿੱਚੋਂ ਨਿਕਲ ਗਿਆ ਉਹ।

**ਪੰਜਵੋਂ ਭਯੋ ਸੁ ਸ਼ਾਹ ਜਹਾਨ॥** ਪੰਜਵਾਂ ਮੁਗਲ ਬਾਦਸ਼ਾਹ ਸ਼ਾਹ ਜਹਾਨ ਹੋਇਆ ਹੈ।

**ਕਰੇ ਹਿੰਦੂ ਕਈ ਮੁੱਸਲਮਾਨ॥੧੧੧॥** ਉਸ ਨੇ ਵੀ ਨਹੀਂ ਢਿੱਲ ਕੀਤੀ, ਉਸ ਨੇ ਵੀ ਅਨੇਕਾਂ ਹਿੰਦੂਆਂ ਨੂੰ ਮੁਸਲਮਾਨ ਕੀਤਾ ਹੈ। ੧੧੧।

**ਛੀਵੋਂ ਭਯੋ ਸੁ ਸ਼ਾਹ ਨੁਰੰਗਾ॥** ਛੇਵਾਂ ਬਾਦਸ਼ਾਹ ਔਰੰਗਜੇਬ ਹੋਇਆ ਹੈ।

**ਕਰਯੋ ਗੁਰੂਅਨ ਸੋਂ ਉਨ ਬਡ ਦੰਗਾ॥** ਉਸ ਨੇ ਗੁਰੂਆਂ ਨਾਲ ਬੜਾ ਦੰਗਾ ਕਰੀ ਰੱਖਿਆ ਹੈ।

**ਹਰੀ ਕ੍ਰਿਸ਼ਨ ਉਨ ਬਾਲ ਮੰਗਾਏ॥** ਉਸ ਨੇ ਪੰਜ ਸਾਲ, ਪੰਜ ਮਹੀਨੇ ਦੇ ਬਾਲ-ਗੁਰੂ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਮੰਗਵਾਇਆ ਹੈ ਕਿ ਮੈਂ ਦਰਸ਼ਨ ਕਰਨੇ ਹਨ, ਸਤਿਗੁਰੂ ਜੀ ਦਾ ਪ੍ਰਣ ਸੀ, ਸਤਿਗੁਰੂ ਕਿਸੇ ਤੁਰਕ ਦੇ ਮੱਥੇ ਨਹੀਂ ਲੱਗਦੇ ਸਨ।

**ਉਸ ਸਿਰ ਗਏ ਬੁਰਾਈ ਲਾਏ॥੧੧੨॥** ਸਤਿਗੁਰੂ ਜੀ ਉਸ ਦੇ ਸਿਰ ਬੁਰਿਆਈ ਲਾ ਗਏ, ਕਹਿੰਦੇ ਅਸੀਂ ਨਹੀਂ ਦਰਸ਼ਨ ਦੇਣੇ, ਔਰੰਗਾ ਬਦੋਬਦੀ ਆਇਆ ਹੈ, ਕਹਿੰਦਾ ਮੈਂ ਦਰਸ਼ਨ ਕਰਨੇ ਨੇ। ਔਰੰਗੇ ਦੇ ਆਉਂਦੇ ਨੂੰ ਸਤਿਗੁਰੂ ਜੀ ਜੋਤੀ-ਜੋਤ ਸਮਾ ਗਏ। ਇਉਂ ਸਤਿਗੁਰੂ ਜੀ ਉਸ ਦੇ ਸਿਰ ਬੁਰਿਆਈ ਲਾ ਗਏ। ੧੧੨।

**ਦੋਹਰਾ॥ ਉਨ ਦੁਸ਼ਟੀ ਬਹੁਤੀ ਕਰੀ ਗੁਰੂ ਤੇਗ ਬਹਾਦਰ ਆਦਿ॥** ਉਸ ਨੇ ਤਾਂ ਬਹੁਤੀ ਜ਼ਿਆਦਾ ਦੁਸ਼ਟਤਾਈ ਕੀਤੀ ਹੈ, ਗੁਰੂ ਤੇਗ ਬਹਾਦਰ ਜੀ ਆਦਿਕ ਨਾਲ।

**ਸਹਿਤ ਸੁ ਚਾਰੋਂ ਪੋਤਰੇ ਲਗੋ ਖੂਨ ਸਿਰ ਤਾਦ॥੧੧੩॥** ਚਾਰੇ ਪੋਤਰਿਆਂ ਦੇ ਸਹਿਤ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਖੂਨ ਉਸ ਦੇ ਸਿਰ ਲੱਗਿਆ ਹੈ। ੧੧੩।

**ਚੌਪਈ॥ ਸ੍ਰੀ ਗੋਬਿੰਦ ਸਿੰਘ ਬਾਤ ਬਿਚਾਰੀ॥** ਗੁਰੂ ਗੋਬਿੰਦ ਸਿੰਘ ਜੀ ਨੇ ਇਸ ਗੱਲ ਨੂੰ ਵਿਚਾਰਿਆ ਹੈ।

**'ਇਕ ਪਤਿਸ਼ਾਹੀ ਇਨ ਰਹੀ ਸਾਰੀ॥** ਹੁਣ ਮੁਗਲਾਂ ਦੀ ਇਕ ਪਾਤਸ਼ਾਹੀ ਰਹਿ ਗਈ ਹੈ, ਛੇ ਹੋ ਗਈਆਂ ਹਨ।

**ਇਨ ਸਿਰ ਦੇਹ ਲਗੀ ਚਹੀਏ ਹਮਾਰੀ॥** ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕਹਿੰਦੇ ਹਨ, ਇਹਨਾਂ ਦੇ ਸਿਰ ਸਾਡਾ ਵੀ ਸਰੀਰ ਲੱਗਣਾ ਚਾਹੀਦਾ ਹੈ, ਤਾਂ ਸੱਤ ਪਾਤਸ਼ਾਹੀਆਂ ਪੂਰੀਆਂ ਹੁੰਦੀਆਂ ਹਨ।

**ਯੌ ਸਤਿਗੁਰ ਜੀ ਮਨਸਾ ਧਾਰੀ॥੧੧੪॥** ਇਉਂ ਸਤਿਗੁਰੂ ਜੀ ਨੇ ਮਨ ਵਿਚ ਸੋਚਿਆ ਹੈ। ੧੧੪।

**ਸੋਈ ਸਤਿਗੁਰ ਦਈ ਨਿਬਾਹ॥** ਉਹ ਸਤਿਗੁਰ ਜੀ ਨੇ ਨਿਭਾ ਦਿੱਤੀ ਸੀ, ਇਸ ਤਰਾਂ ਮੁਗਲ ਰਾਜ ਦਾ ਖਾਤਮਾ ਕੀਤਾ ਹੈ।

**ਯੌ ਭਈ ਪਤਿਸ਼ਾਹੀ ਸਾਤ ਬਿਤਾਹ॥** ਇਉਂ ਸੱਤ ਪਾਤਸ਼ਾਹੀਆਂ ਬਤੀਤ ਹੋ ਗਈਆਂ ਹਨ।

**ਨਿਜ ਬਚਨੀ ਗੁਰ ਯੌ ਦੁਖ ਪਾਯੋ॥** ਇਸ ਤਰਾਂ ਭਾਈ ਤਾਰੂ ਸਿੰਘ ਜੀ ਭੜਾਣੇ ਦੀ ਸੰਗਤ ਨੂੰ ਦੱਸ ਰਹੇ ਹਨ ਕਿ ਸਤਿਗੁਰੂ ਜੀ ਨੇ ਆਪਣੇ ਬਚਨਾਂ ਕਰਕੇ ਦੁਖ ਪਾਇਆ ਹੈ।

**ਯੌ ਬਚਨੀ ਗੁਰ ਗਏ ਬਿਕਾਯੋ॥੧੧੫॥** ਇਉਂ ਆਪਣੇ ਬਚਨਾਂ 'ਤੇ ਸਤਿਗੁਰੂ ਜੀ ਵਿਕ ਗਏ ਨੇ, ਇਉਂ ਹੋਇਆ ਹੈ ਸਾਰਾ ਕਾਰਨਾਮਾ। ੧੧੫।

**ਦੋਹਰਾ॥ ਇਸ ਬਿਧ ਇਹ ਝੂਠੇ ਭਏ ਬਚਨਨ ਤੇ ਸੁ ਮੁਗੱਲ॥** ਇਸ ਪ੍ਰਕਾਰ ਉਹ ਮੁਗਲ ਆਪਣੇ ਬਚਨਾਂ ਤੋਂ ਝੂਠੇ ਹੋ ਗਏ ਹਨ, ਦੋਸ਼ ਮੁਗਲਾਂ ਦੇ ਸਿਰ ਲੱਗ ਗਿਆ ਹੈ।

***ਲਈ ਪਤਿਸ਼ਾਹੀ ਨਿਜ ਕਹੈ ਭੂਲ ਗਈ ਵਹਿ ਗੱਲ॥੧੧੬॥*** ਹੁਣ ਕਹਿੰਦੇ ਹਨ ਕਿ ਅਸੀਂ ਤਾਂ ਆਪਣੇ ਬਲ ਨਾਲ ਪਾਤਸ਼ਾਹੀ ਲਈ ਹੈ, ਗੁਰੂ ਕੌਣ ਹੈ ਸਾਨੂੰ ਦੇਣ ਵਾਲਾ, ਉਹ ਗੱਲ ਭੁੱਲ ਗਈ ਹੈ ਕਿ ਕਿਵੇਂ ਮਿੰਨਤਾਂ ਖੁਸ਼ਾਮਦਾਂ ਕਰਕੇ ਲਈ ਸੀ। ੧੧੬।

***ਚੌਪਈ॥ ਮੁਗਲ ਕਹੈਂ ਹਮ ਖੁਦ ਬਲਵੰਤ॥*** ਹੁਣ ਮੁਗਲ ਕਹਿੰਦੇ ਹਨ ਕਿ ਅਸੀਂ ਕਿਹੜਾ ਮਾੜੇ ਸਾਂ, ਅਸੀਂ ਤਾਂ ਖੁਦ ਬੜੇ ਬਲ ਵਾਲੇ ਸਾਂ।

***ਹਿੰਦੂ ਮਾਰ ਕੀਏ ਹਮ ਅੰਤ॥*** ਹਿੰਦੂਆਂ ਨੂੰ ਮਾਰ ਕੇ ਉਹਨਾਂ ਦਾ ਅੰਤ ਤਾਂ ਅਸੀਂ ਕੀਤਾ ਹੈ।

***ਰਹੇ ਪਿਕੰਬਰ ਨਿਕਟ ਖੁਦਾਇ॥*** ਸਾਡੇ ਪੈਗੰਬਰ ਜੋ ਖੁਦਾ ਦੇ ਕੋਲ ਰਹਿੰਦੇ ਹਨ।

***ਹਿੰਦੂ ਊਹਾਂ ਕੋ ਢੁਕਨ ਨ ਪਾਇ॥੧੧੭॥*** ਹਿੰਦੂ ਉਥੇ ਨਹੀਂ ਜਾ ਸਕਦਾ, ਉਹਨਾਂ ਦੀ ਦਰਗਾਹ ਵਿਚ ਕੋਈ। ੧੧੭।

***ਦੋਹਰਾ॥ ਐਸ ਐਸ ਗ਼ਫ਼ਲਤ ਭਈ ਮੁਗ਼ਲਨ ਕੇ ਮਨ ਮਾਂਹਿ॥*** ਭਾਈ ਰਤਨ ਸਿੰਘ ਜੀ ਦੱਸ ਰਹੇ ਹਨ ਕਿ ਭਾਈ ਤਾਰੂ ਸਿੰਘ ਜੀ ਨੇ ਭੜਾਨੇ ਦੀ ਸੰਗਤ ਨੂੰ ਦੱਸਿਆ ਹੈ ਕਿ ਐਸੀਆਂ-ਐਸੀਆਂ ਗਾਫ਼ਲਤਾਈਆਂ ਕੀਤੀਆਂ ਹਨ, ਮੁਗਲਾਂ ਨੇ ਆਪਣੇ ਮਨ ਵਿਚ। ਐਸੀਆਂ ਨਾਲਾਇਕੀਆਂ ਕੀਤੀਆਂ ਹਨ, ਤਾਂ ਇਹਨਾਂ ਦੀ ਪਾਤਸ਼ਾਹੀ ਗਈ ਹੈ, ਤਾਂ ਇਹਨਾਂ ਦਾ ਰਾਜ ਖੋਹਿਆ ਗਿਆ ਹੈ।

***ਮੁਲਾਂ ਕਾਜ਼ੀ ਸੁਣ ਗੱਲਾਂ ਭੁਲੇ ਤਕਰਾਰੋਂ ਵਾਹਿ॥੧੧੮॥*** ਕਾਜ਼ੀਆਂ ਮੁਲਾਣਿਆਂ ਦੀਆਂ ਗੱਲਾਂ ਸੁਣ ਕੇ ਜੋ ਬਚਨ ਸੀ ਬਾਬਰ ਦਾ, ਉਸ ਨੂੰ ਵਿਸਰ ਗਏ ਹਨ। ੧੧੮।

*ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥*

## ਅਥ ਔਰ ਪ੍ਰਸੰਗ

### (ਭਾਈ ਤਾਰੂ ਸਿੰਘ ਜੀ ਕੈਦ ਹੋਏ)

***ਦੋਹਰਾ॥ ਤਾਰੂ ਸਿੰਘ ਨੇ ਇਮ ਕਹੀ ਸਿੱਖਨ ਕੋ ਸਮਝਾਇ॥*** ਭਾਈ ਤਾਰੂ ਸਿੰਘ ਜੀ ਨੇ ਭੜਾਣੇ ਦੇ ਸਿੱਖਾਂ ਨੂੰ ਸਮਝਾ ਕੇ ਸਾਰੀ ਗੱਲ ਆਖੀ ਹੈ।

***ਯੌ ਬੀਤੀ ਸਿਰ ਸਿੰਘ ਕੇ ਸੋ ਅਬ ਕਹੌਂ ਪ੍ਰਗਟਾਇ॥੧॥*** ਲਹੌਰ ਵਿਖੇ ਜੋ ਭਾਈ ਤਾਰੂ ਸਿੰਘ ਜੀ ਦੇ ਸਿਰ 'ਤੇ ਬੀਤੀ ਹੈ, ਹੁਣ ਉਹ ਪ੍ਰਗਟ ਕਰਕੇ ਕਹਿੰਦਾ ਹਾਂ। ੧।

***ਫਿਰ ਤਾਰੂ ਸਿੰਘ ਲੈ ਤੁਰੇ ਪ੍ਰਾਤ ਲਹੌਰਹਿ ਦਾਇ॥*** ਰਾਤ ਬਤੀਤ ਹੋ ਗਈ, ਭੜਾਣੇ ਨਗਰ ਦੇ ਕੋਲ ਦੂਸਰੇ ਦਿਨ ਸਵੇਰੇ ਅਹਿਦੀਏ ਭਾਈ ਤਾਰੂ ਸਿੰਘ ਨੂੰ ਲਹੌਰ ਦੀ ਤਰਫ ਲੈ ਕੇ ਤੁਰ ਪਏ ਹਨ।

***ਬੀਬੀ ਛੁਡਾਈ ਸਿਖਨ ਨੇ ਅਹਿਦੀਅਨ ਦਰਬ ਦਿਵਾਇ॥੨॥*** ਭੜਾਣੇ ਦੇ ਸਿੱਖਾਂ ਨੇ ਅਹਿਦੀਆਂ ਨੂੰ ਧਨ ਦੇ ਕੇ ਭਾਈ ਤਾਰੂ ਸਿੰਘ ਦੀ ਭੈਣ ਨੂੰ ਛੁਡਾ ਲਿਆ ਹੈ। ੨।

***ਚੌਪਈ॥ ਫਿਰ ਸਤਿਸੰਗਤ ਸਭ ਹਥ ਜੋੜੇ॥*** ਫਿਰ ਸਾਰੀ ਸੰਗਤ ਨੇ ਭਾਈ ਤਾਰੂ ਸਿੰਘ ਵਾਸਤੇ ਵਾਹਿਗੁਰੂ ਅੱਗੇ ਹੱਥ

ਜੋੜੇ ਹਨ।

***'ਨਿਭੈ ਲਾਜ ਸਿੱਖੀ ਕੀ ਓੜੈ॥*** ਕਿਉਂਕਿ ਲਹੌਰ ਚੱਲੇ ਹਨ, ਸਰਬੱਤ ਸੰਗਤ ਨੇ ਹੱਥ ਜੋੜ ਕੇ ਅਰਦਾਸ ਕੀਤੀ ਹੈ, ਸੱਚੇ ਪਾਤਸ਼ਾਹ ! ਗਰੀਬ ਨਿਵਾਜ਼ ! ਇਸ ਸਿੱਖ ਦੀ ਸਿੱਖੀ ਦੀ ਲਾਜ ਜ਼ਿੰਦਗੀ ਦੇ ਅਖੀਰ ਤੱਕ ਨਿਭ ਜਾਵੇ।

***ਸਿਖ ਸੰਗਤ ਯੌ ਕਰੈ ਅਰਦਾਸ॥*** ਸਿੱਖਾਂ ਦੀ ਸੰਗਤ ਨੇ ਇਉਂ ਅਰਦਾਸ ਕੀਤੀ ਹੈ।

***ਸਿੱਖੀ ਸਾਥ ਨਿਬਾਹੀਂ ਸਾਸ॥੩॥*** ਸੱਚੇ ਪਾਤਸ਼ਾਹ ਸਿੱਖ ਦੀ ਸਿੱਖੀ ਸੁਆਸਾਂ ਨਾਲ ਨਿਭਾ ਦਈਂ, ਇਹ ਸਿੱਖੀ ਤੋਂ ਨਾ ਡੋਲੇ। ੩।

***ਅਹਿਦੀ ਪਹੁੰਚੇ ਲਹੌਰਹਿ ਜਾਇ॥*** ਅਹਿਦੀਏ ਭਾਈ ਤਾਰੂ ਸਿੰਘ ਜੀ ਨੂੰ ਲੈ ਕੇ ਲਹੌਰ ਜਾ ਪਹੁੰਚੇ ਹਨ।

***ਬੰਦੀ ਖਾਨੇ ਦੀਓ ਫੜਾਇ॥*** ਜਾ ਕੇ (ਬੰਦੀਖਾਨੇ) ਜੇਲ੍ਹ ਖਾਨੇ ਵਿਚ ਦਾਖ਼ਲ ਕਰ ਦਿੱਤਾ ਹੈ, ਭਾਈ ਤਾਰੂ ਸਿੰਘ ਜੀ ਨੂੰ।

***ਕਈ ਦਿਵਸ ਹਹਿੰ ਫੜਿਓ ਰਹਿਓ॥*** ਕਈ ਦਿਨ ਉਥੇ ਗ੍ਰਿਫ਼ਤਾਰ ਹੋ ਕੇ ਬੰਦੀਖਾਨੇ ਵਿਚ ਬੈਠੇ ਰਹੇ।

***ਸਾਧ ਸੰਗਤ ਆ ਦਰਸ਼ਨ ਕਰਿਓ॥੪॥*** ਸੰਗਤਾਂ ਆ-ਆ ਕੇ ਭਾਈ ਸਾਹਿਬ ਦਾ ਦਰਸ਼ਨ ਕਰਦੀਆਂ ਹਨ, ਲਹੌਰ ਦੀਆਂ ਸੰਗਤਾਂ ਤੁਰਕਾਂ ਨੂੰ ਪੈਸੇ ਦੇ-ਦੇ ਕੇ ਗੁਰ ਸਿੱਖ ਭਾਈ ਤਾਰੂ ਸਿੰਘ ਦਾ ਦਰਸ਼ਨ ਕਰਦੇ ਹਨ। ੪।

***ਜਿਮ ਜਿਮ ਸਿੰਘ ਕੋ ਤੁਰਕ ਸਤਾਵੈਂ॥*** ਜਿਉਂ-ਜਿਉਂ ਸਿੰਘ ਨੂੰ ਤੁਰਕ ਸਤਾਉਂਦੇ ਹਨ, ਦੁਖੀ ਕਰਦੇ ਹਨ।

***ਤਿਮ ਤਿਮ ਮੁਖ ਸਿੰਘ ਲਾਲੀ ਆਵੈ॥*** ਤਿਉਂ-ਤਿਉਂ ਭਾਈ ਤਾਰੂ ਸਿੰਘ ਦੇ ਚਿਹਰੇ 'ਤੇ ਲਾਲੀ ਭਖਦੀ ਹੈ।

***ਜਿਮ ਜਿਮ ਸਿੰਘ ਕਛੁ ਪੀਏ ਨ ਖਾਇ॥*** ਜਿਵੇਂ-ਜਿਵੇਂ ਭਾਈ ਤਾਰੂ ਸਿੰਘ ਜੀ ਕੁਛ ਖਾਂਦੇ-ਪੀਂਦੇ ਨਹੀਂ ਹਨ।

***ਤਿਮ ਤਿਮ ਸਿੰਘ ਸੰਤੋਖ ਹ੍ਵੈ ਆਇ॥੫॥*** ਤਿਵੇਂ-ਤਿਵੇਂ ਸਿੰਘ ਜੀ ਨੂੰ ਸੰਤੋਖ ਆ ਗਿਆ ਹੈ, ਨਾ ਭੁੱਖ, ਨਾ ਪਿਆਸ ਰਹੀ, ਭਾਈ ਤਾਰੂ ਸਿੰਘ ਜੀ ਨੂੰ। ੫।

***ਜੀਵਣ ਤੇ ਸਿੰਘ ਆਸ ਚੁਕਾਈ॥*** ਜ਼ਿੰਦਗੀ ਜਿਉਣ ਦੀ ਤਾਂ ਸਿੰਘ ਜੀ ਨੇ ਉਮੀਦ ਹੀ ਮੁਕਾ ਦਿੱਤੀ ਹੈ, ਉਸ ਨੂੰ ਪਤਾ ਹੈ ਕਿ ਸ਼ਹੀਦ ਹੀ ਹੋਣਾ ਹੈ, ਅਸੀਂ ਤਾਂ ਸ਼ਹੀਦ ਹੋਣ ਦੀ ਪੱਕੀ ਦਲੀਲ ਕਰਕੇ ਆਏ ਹਨ।

***ਨਹਿੰ ਉਸ ਚਿੰਤ ਸੁ ਮਰਨੇ ਕਾਈ॥*** ਮਰਨ ਦੀ ਉਸ ਨੂੰ ਕੋਈ ਚਿੰਤਾ ਨਹੀਂ ਹੈ ਕਿ ਅਸੀਂ ਮਰਨਾਂ ਹੈ, ਸਾਡੇ 'ਤੇ ਕੀ ਮੁਸੀਬਤ ਆਉਣੀ ਹੈ, ਇਸ ਦਾ ਉਹਨਾਂ ਨੂੰ ਖਿਆਲ ਹੀ ਨਹੀਂ ਹੈ, ਇਹ ਗੱਲ ਦਿਲ 'ਤੇ ਹੀ ਹੈ ਨਈਂ।

***ਸਤ ਸੰਤੋਖ ਧੀਰ ਮਨ ਤਾਂਕੈ॥*** ਉ ਸਿੱਖ ਦੇ ਮਨ ਵਿਚ ਧੀਰਜ ਤੇ ਸਤ ਸੰਤੋਖ ਹੁੰਦਾ ਹੈ, ਜੀਵਨ ਦੀ ਜਿਸ ਨੂੰ ਆਸਾ ਨਾ ਹੋਵੇ ਤੇ ਉਹ ਸਦਾ ਹੀ ਸੀਸ ਤਲੀ 'ਤੇ ਰੱਖ ਕੇ ਤੁਰਿਆ ਫਿਰੇ।

***ਗੁਰ ਕਾ ਭਾਣਾ ਸਿਰ ਪਰ ਜਾਂਕੈ॥੬॥*** ਜਿਸ ਦੇ ਸੀਸ 'ਤੇ ਗੁਰੂ ਦਾ ਭਾਣਾ ਹੈ ਕਿ ਜੋ ਕਰਦਾ ਹੈ, ਸਤਿਗੁਰੂ ਕਰਦਾ ਹੈ, ਇਹ ਕੌਣ ਹਨ, ਮੇਰੇ ਨਾਲ ਕੁਛ ਕਰਨ ਵਾਲੇ। ੬।

***ਦੋਹਰਾ॥ ਜਿਸ ਕੇ ਮਨ ਮੈਂ ਭੈ ਗੁਰੂ ਤਿਸ ਭੈ ਜਮ ਕਾ ਨਾਂਹਿ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿਸ ਗੁਰ ਸਿੱਖ ਦੇ ਮਨ ਵਿਚ ਗੁਰੂ ਦਾ ਡਰ ਅਦਬ ਹੈ, ਉਸ ਦੇ ਮਨ ਵਿਚ ਜਮਾਂ ਦਾ ਵੀ ਕੋਈ ਡਰ ਭੈ ਨਹੀਂ ਹੈ, ਉਹ ਨਹੀਂ ਕਿਸੇ ਤੋਂ ਡਰਦਾ ਹੈ।

***ਜਿਸ ਕੇ ਹੱਥ ਮਸ਼ਾਲ ਹੈ ਕੀ ਕਰੁਗੁ ਅੰਧੇਰੋ ਤਾਂਹਿ॥੭॥*** ਜਿਸ ਦੇ ਹੱਥ ਵਿਚ ਬਲਦੀ ਮਸ਼ਾਲ ਹੋਵੇ, ਹਨੇਰਾ ਉਸ ਨੂੰ ਕੀ ਕਰੇਗਾ, ਉਸ ਦੇ ਅੱਗੇ ਪਿੱਛੇ ਚਾਨਣ ਹੈ, ਸਭ ਕੁਛ ਉਸ ਨੂੰ ਦਿਸਦਾ ਹੈ। ਸੋ ਗੁਰ ਸਿੱਖ ਨੂੰ ਤਾਂ ਚਾਨਣ ਸੀ ਕਿ ਸਾਡਾ ਗੁਰੂ ਸਮਰੱਥ ਹੈ, ਉਹ ਕਰਣ ਕਾਰਣ ਹੈ। ਮਸ਼ਾਲ ਦਾ ਪ੍ਰਮਾਣ ਦੇ ਕੇ ਦਸਦੇ ਹਨ ਕਿ ਜੇ ਮਸ਼ਾਲਚੀ ਹੱਥ ਮਸ਼ਾਲ ਹੋਵੇ, ਤਾਂ ਉਸ ਨੂੰ ਹਨੇਰਾ ਕੀ ਕਰ ਸਕਦਾ ਹੈ, ਉਸ ਨੂੰ ਸਭ ਕੁਛ ਨਜ਼ਰ ਆਉਂਦਾ ਹੈ, ਅੱਗੇ ਆਉਣ ਵਾਲਾ ਸਮਾਂ। ੭।

ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥

## ਸਾਖੀ ਮਤਾਬ ਸਿੰਘ ਕੀ (ਸ਼ਹੀਦੀ ਭਾਈ ਮਤਾਬ ਸਿੰਘ)

**ਦੋਹਰਾ॥ ਸੁਨੋ ਸਾਖੀ ਅਬ ਦੂਸਰੀ ਮਤਾਬ ਕੀ ਜੋਇ॥** ਭਾਈ ਰਤਨ ਸਿੰਘ ਜੀ ਦੇ ਦਾਦਾ ਜੀ ਭਾਈ ਮਤਾਬ ਸਿੰਘ ਜੀ ਦੇ ਨਾਲ ਕਿਵੇਂ ਬੀਤੀ? ਉਹ ਪ੍ਰਸੰਗ ਸੁਣੋ।

**ਲੈਣ ਗਯੋ ਹਰਿ ਭਗਤ ਥੋ ਜੰਡਿਆਲੇ ਵਾਲੋ ਸੋਇ॥੧॥** ਜੰਡਿਆਲੇ ਗੁਰੂ ਦਾ ਹਰਿ ਭਗਤ ਨਿਰੰਜਨੀਆਂ ਭਾਈ ਮਤਾਬ ਸਿੰਘ ਨੂੰ ਫ਼ੌਜ ਲੈ ਕੇ ਫੜਨ ਗਿਆ ਸੀ। ੧।

**ਚੌਪਈ॥ ਬਹੁਤ ਫੌਜ ਉਸ ਮੁਗਲੋ ਦਈ॥** ਮੁਗਲਾਂ ਨੇ ਉਸ ਨੂੰ ਬਹੁਤ ਸਾਰੀ ਫ਼ੌਜ ਦਿੱਤੀ ਹੋਈ ਸੀ।

**ਮਤਾਬ ਸਿੰਘ ਕੇ ਪਕੜਨ ਗਈ॥** ਭਾਈ ਮਤਾਬ ਸਿੰਘ ਨੂੰ ਫੜਨ ਵਾਸਤੇ।

**ਜੋਊ ਰਹੈ ਬਹੁ ਸਿੰਘਨ ਸਾਥ॥** ਜਿਹੜਾ ਬਹੁਤ ਸਾਰੇ ਸਿੰਘਾਂ ਦੇ ਨਾਲ ਰਹਿੰਦਾ ਸੀ।

**ਜਨ ਥੋਰਨ ਬਹੁ ਆਵੈ ਨ ਹਾਥ॥੨॥** ਉਹ ਥੋੜ੍ਹਿਆਂ ਬੰਦਿਆਂ ਦੇ ਹੱਥ ਆਉਣ ਵਾਲਾ ਹੀ ਨਹੀਂ ਸੀ, ਕੌਣ ਉਸ ਨੂੰ ਫੜ ਸਕਦਾ ਸੀ ।੨।

**ਮਤਾਬ ਸਿੰਘ ਹੈ ਸੂਰੋ ਪੂਰੋ॥** ਭਾਈ ਮਤਾਬ ਸਿੰਘ ਜੀ ਪੂਰੇ ਯੋਧੇ ਸੂਰਮੇ ਸਨ।

**ਨਾਮ ਸੁਨਤ ਹੋਇ ਦੁਸ਼ਮਨ ਦੂਰੋ॥** ਉਸ ਦਾ ਨਾਮ ਸੁਣ ਕੇ ਹੀ ਦੁਸ਼ਮਨ ਦੂਰ ਦੀ ਹੋ ਕੇ ਲੰਘਦਾ ਸੀ, ਐਸਾ ਭੈ ਸੀ ਉਸ ਦਾ।

**ਨਾਮ ਲੇਇ ਉਸ ਬੰਧੇ ਹਥਿਆਰ॥** ਗੁਰ ਸਿੱਖ ਸਵੇਰੇ ਜਦੋਂ ਕਮਰਕੱਸਾ ਲਾਉਂਦੇ, ਹਥਿਆਰ ਬੰਨ੍ਹ ਦੇ ਸਨ, ਤਾਂ ਮਤਾਬ ਸਿੰਘ ਦਾ ਨਾਮ ਲੈ ਕੇ ਬੰਨ੍ਹ ਦੇ ਸਨ, ਕੋਈ ਵੀ ਸੂਰਵੀਰ ਮਤਾਬ ਸਿੰਘ ਦਾ ਨਾਮ ਲੈ ਕੇ ਹਥਿਆਰ ਧਾਰਨ ਕਰਦਾ ਸੀ।

**ਮਰਨ ਲਰਨ ਕੋ ਰਹੈ ਤਿਆਰ॥੩॥** ਲੜਨ ਮਰਨ ਵਾਸਤੇ ਉਹ ਸਦਾ ਤਿਆਰ ਰਹਿੰਦਾ ਸੀ, ਉਸ ਦੇ ਖੌਫ ਨੇੜੇ ਨਹੀਂ ਸੀ ਰਹਿੰਦਾ, ਜਿਹੜਾ ਮਤਾਬ ਸਿੰਘ ਦਾ ਨਾਮ ਲੈ ਕੇ ਸ਼ਸਤ੍ਰ ਪਹਿਨੇ। ੩।

**ਜਿਧਰ ਹਲਕਾਰਨ ਦਯੋ ਬਤਾਹਿ॥** ਹਲਕਾਰੇ ਜਿਹੜੇ ਸਨ, ਖੁਫੀਆ ਪੁਲੀਸ, ਉਹ ਦਸਦੇ ਸਨ, ਅੱਜ ਐਸ ਇਲਾਕੇ ਵਿਚ ਗਿਆ ਹੈ, ਅੱਜ ਇਸ ਪਾਸੇ ਉਸ ਦੀ ਸ਼ੁਹਰਤ ਸੁਣੀ ਹੈ, ਕਿਉਂਕਿ ਜਿਧਰ ਮਤਾਬ ਸਿੰਘ ਜਾਂਦਾ ਸੀ ਤਰਥੱਲ ਮਚਾਉਂਦਾ ਜਾਂਦਾ ਸੀ।

**ਚੜ੍ਹਯੋ ਨਿਰੰਜਨੀ ਤਿਤ ਵਕੋ ਧਾਇ॥** ਉਸ ਪਾਸੇ ਨੂੰ ਫ਼ੌਜ ਲੈ ਕੇ ਹਰਿ ਭਗਤ ਨਿਰੰਜਨੀਆਂ ਗਿਆ ਹੈ।

**ਸਿੰਘ ਰਹੈਂ ਲੁਕ ਬੇਲਨ ਮਾਹੀ॥** ਜਿਥੇ ਜੰਗਲਾਂ ਬੇਲਿਆਂ ਵਿਚ ਸਿੰਘ ਲੁਕ ਕੇ ਰਹਿੰਦੇ ਸਨ।

**ਫੌਜ ਵੜਤ ਚਿਤ ਅਇ ਸੰਕਾਹੀ॥੪॥** ਫ਼ੌਜ ਜੰਗਲ ਵਿਚ ਵੜਦਿਆਂ ਅਤੀ ਸੰਕੋਚ ਕਰਦੀ ਹੈ, ਜੰਗਲ ਵਿਚ ਵੜਦਿਆਂ ਡਰਦੀ ਹੈ, ਜਿਵੇਂ ਸ਼ੇਰ ਦਾ ਭੈ ਹੁੰਦਾ ਹੈ, ਇਉਂ ਮਤਾਬ ਸਿੰਘ ਤੋਂ ਡਰਦੇ ਸਨ, ਫ਼ੌਜ ਵਾਲੇ। ੪।

**ਮਾਰੈ ਸਿੰਘਨ ਜੋ ਆਵੈਂ ਹਾਥ॥** ਫ਼ੌਜ ਵਾਲਿਆਂ ਦੇ ਹੱਥ ਜੇ ਕੋਈ ਸਿੰਘ ਲਗਦਾ ਹੈ, ਉਸ ਨੂੰ ਮਾਰ ਦਿੰਦੇ ਹਨ।

**ਮਾਰੈ ਸਿੰਘ ਉਨ ਲੈ ਬਹੁ ਸਾਥ॥** ਸਿੰਘ ਵੀ ਉਨ੍ਹਾਂ ਬਹੁਤਿਆਂ ਨੂੰ ਆਪਣੇ ਨਾਲ ਲੈ ਕੇ ਮਰਦੇ ਹਨ।

**ਉਨੈ ਢੂੰਡਤ ਦਿਨ ਕਈ ਬਿਤਾਯੋ॥** ਮਤਾਬ ਸਿੰਘ ਨੂੰ ਲੱਭਦਿਆਂ-ਲੱਭਦਿਆਂ ਕਈ ਦਿਨ ਬਿਤਾ ਦਿੱਤੇ ਹਨ।

**ਮਤਾਬ ਸਿੰਘ ਤਬ ਯੌ ਸੁਨ ਪਾਯੋ॥੫॥** ਮਤਾਬ ਸਿੰਘ ਤਦੋਂ ਇਉਂ ਸੁਣਿਆਂ ਹੈ। ੫।

***ਦੋਹਰਾ॥ ਤਾਰੂ ਸਿੰਘ ਜੀ ਤੁਰ ਗਯੋ ਅਹਿਦੀਅਨ ਸਾਥ ਲਹੌਰ॥*** ਭਾਈ ਤਾਰੂ ਸਿੰਘ ਪੁਲਸ ਵਾਲਿਆਂ ਨਾਲ ਲਹੌਰ ਚਲੇ ਗਏ ਹਨ, ਗ੍ਰਿਫ਼ਤਾਰ ਹੋ ਕੇ।

***ਸੀਸ ਲਗਾਂਵਨ ਤੁਰਕ ਸਿਰ ਦ੍ਰਗਹ ਮਚਾਵਨ ਰੌਰ॥੬॥*** ਤੁਰਕਾਂ ਦੇ ਸਿਰ ਆਪਣਾ ਸੀਸ ਲਗਾਉਣ ਵਾਸਤੇ ਤਾਂ ਕਿ ਦਰਗਾਹ ਵਿੱਚ ਰੌਲਾ ਪੈ ਜਾਵੇ। ੬।

***ਚੌਪਈ॥ ਲਹੌਰ ਜਾਇ ਸਿਰ ਚੜਗੁ ਨਵਾਬ॥*** ਲਹੌਰ ਜਾ ਕੇ ਭਾਈ ਤਾਰੂ ਸਿੰਘ ਨੇ ਨਵਾਬ ਦੇ ਸਿਰ ਚੜ੍ਹ ਜਾਣਾ ਹੈ, ਭਾਵੇਂ ਉਸ ਦੇ ਸਿਰ ਲਗਾਇਗਾ ਆਪਣੀ ਦੇਹ ਨੂੰ।

***ਲੈ ਜਾਇ ਦਰਗਹਿ ਉਨ ਕਰੂ ਖਰਾਬ॥*** ਉਸ ਨੂੰ ਫੜ ਕੇ ਦਰਗਾਹ ਵਿਚ ਲੈ ਜਾਣਾ ਹੈ ਭਾਈ ਤਾਰੂ ਸਿੰਘ ਨੇ, ਓਥੇ ਲਿਜਾ ਕੇ ਖਰਾਬ ਕਰੇਗਾ, ਉਸ ਨੂੰ, ਉਥੇ ਉਸ ਨੂੰ ਪਤਾ ਦੇਵੇਗਾ ਕਿ ਕਿਵੇਂ ਜ਼ੁਲਮ ਕਰੀਦਾ ਹੈ।

***ਕੇਸਨ ਸੌ ਕਰੂਗਾ ਸੀਸ ਨਿਬਾਇ॥*** ਉਥੇ ਆਪਣੇ ਕੇਸਾਂ ਨਾਲ ਸਿਰ ਨਾਲ ਸਿੱਖੀ ਨਿਭਾਇਗਾ ਭਾਈ ਤਾਰੂ ਸਿੰਘ।

***ਤੁਰਕਨ ਕੇ ਸਿਰ ਲਗੇ ਗੌ ਗੁਨਾਹ॥੭॥*** ਤੁਰਕਾਂ ਦੇ ਸਿਰ ਆਪਣਾ ਸੀਸ ਲਾ ਦੇਵੇਗਾ ਤਾਰੂ ਸਿੰਘ, ਇਹ ਭਾਂਡਾ ਉਨ੍ਹਾਂ ਦੇ ਸਿਰ ਭੰਨਣਾ ਹੈ। ੭।

***ਉਇ ਮੰਨੇਗਾ ਸਿਰ ਸਾਹਬ ਭਾਣਾ॥*** ਉਹ ਮਾਲਕ ਦੇ ਭਾਣੇ ਨੂੰ ਆਪਣੇ ਸਿਰ ਮੱਥੇ ਪ੍ਰਵਾਣ ਕਰੇਗਾ।

***ਸੁਫਲ ਮੰਨੇਗਾ ਸਿਰ ਤੁਰਕਨ ਲਾਣਾ॥*** ਤੁਰਕਾਂ ਦੇ ਜ਼ਿੰਮੇ ਆਪਣਾ ਸੀਸ ਲਾ ਕੇ ਸਫਲਾ ਸਮਝੇਗਾ ਉਹ।

***ਸਿੰਘ ਧੰਨ ਜੋ ਜੁੱਧ ਮਚਾਵੈਂ॥*** ਉਹ ਸਿੰਘ ਧੰਨਤਾ ਜੋਗ ਹੈ, ਜੋ ਤੁਰਕਾਂ ਦੇ ਨਾਲ ਜੁੱਧ ਕਰਦਾ ਹੈ।

***ਸਿੰਘ ਧੰਨ ਜੋ ਤੁਰਕਨ ਸਿਰ ਲਾਵੈਂ॥੮॥*** ਉਹ ਵੀ ਸਿੰਘ ਧੰਨਤਾ ਦੇ ਜੋਗ ਹੈ, ਜੋ ਆਪਣਾ ਸਿਰ ਤੁਰਕਾਂ ਦੇ ਸਿਰ ਲਾਉਂਦਾ ਹੈ ਭਾਵ ਸ਼ਹੀਦ ਹੁੰਦਾ ਹੈ। ੮।

***ਦੋਹਰਾ॥ ਮਰਨ ਸਭਨ ਕੇ ਸੀਸ ਵਰ, ਸੁਫਲ ਮਰਨ ਹੈ ਤਾਹਿ॥*** ਮੌਤ ਤਾਂ ਸਭ ਦੇ ਸਿਰ 'ਤੇ ਹੈ, ਸਭ ਨੇ ਮਰਨਾ ਹੈ, ਜੋ ਆਇਆ ਸੋ ਚਲਸੀ ਸਭ ਕੋਈ ਆਈ ਵਾਰੀਐ'' ਮੌਤ ਸਫਲੀ ਤਾਂ ਹੀ ਹੈ ਉਸ ਦੀ।

***ਧਰਮ ਨਿਭੈ, ਸਿਖੀ ਨਿਭੈ, ਸਿਰ ਤੁਰਕਨ ਸੀਸ ਲਗ ਜਾਹਿ॥੯॥*** ਸਿੱਖ ਦਾ ਧਰਮ ਨਿਭ ਜਾਏ, ਸਿੱਖੀ ਸਿਰ ਦੇ ਨਾਲ ਨਿਭ ਜਾਏ, ਸਿੱਖ ਦਾ ਸੀਸ ਤੁਰਕਾਂ ਦੇ ਸਿਰ ਲਗ ਜਾਏ ਉਸ ਦਾ ਮਰਨਾ ਸਫਲ ਹੈ। ੯।

***ਚੌਪਈ॥ ਧੰਨ ਧੰਨ ਦੇਹ ਮਨੀ ਸਿੰਘ ਭਾਈ॥*** ਭਾਈ ਮਨੀ ਸਿੰਘ ਜੀ ਦਾ ਸਰੀਰ ਧੰਨ-ਧੰਨ ਹੈ ਸ਼ਲਾਘਾਜੋਗ ਹੈ।

***ਬੰਦ ਬੰਦ ਜਿਨ ਦੇਹਿ ਕਟਾਈ॥*** ਜਿਨ੍ਹਾਂ ਨੇ ਆਪਣੇ ਸਰੀਰ ਦਾ ਬੰਦ-ਬੰਦ ਕਟਵਾਇਆ, ਜਿਨ੍ਹਾਂ ਨੇ ਆਪਣੇ ਸਰੀਰ ਦਾ ਹਰੇਕ ਜੋੜ ਜੁਦਾ-ਜੁਦਾ ਕਟਵਾਇਆ ਹੈ।

***ਧੰਨ ਦਿਆਲ ਸਿੰਘ ਸ਼ਾਹਿ ਸਿਰ ਵਾਲਾ॥*** ਪਿੰਡ ਸ਼ਾਹਿਸਿਰ ਵਾਲੇ ਦਾ ਭਾਈ ਦਿਆਲ ਸਿੰਘ ਜੀ ਵੀ ਧੰਨ ਹੈ।

***ਚੜ੍ਹਯੋ ਚਰਖੜੀ ਧਰਮ ਸੰਭਾਲਾ॥੧੦॥*** ਜਿਸ ਨੇ ਆਪਣੇ ਧਰਮ ਨੂੰ ਸੰਭਾਲਿਆ ਤੇ ਚਰਖੜੀ 'ਤੇ ਚੜ੍ਹ ਕੇ ਸ਼ਹੀਦ ਹੋਇਆ ਹੈ। ੧੦।

***ਸੁਬੇਗ ਸਿੰਘ ਜੰਬਰ ਸੁਤ ਨਾਲ॥*** ਜੰਬਰ ਪਿੰਡ ਦਾ ਭਾਈ ਸੁਬੇਗ ਸਿੰਘ ਆਪਣੇ ਪੁੱਤਰ ਦੇ ਨਾਲ।

***ਚੜ੍ਹ ਕਰ ਚਰਨ ਜਿਨ ਜਪਯੋ ਅਕਾਲ॥*** ਚਰਖੜੀਆਂ 'ਤੇ ਚੜ੍ਹ ਕੇ ਜਿਨ੍ਹਾਂ 'ਅਕਾਲ ਅਕਾਲ, ਸਤਿ ਸ੍ਰੀ ਅਕਾਲ ਸਤਿ ਸ੍ਰੀ ਅਕਾਲ' ਜਪਿਆ ਹੈ।

***ਧੰਨ ਧੰਨ ਵੈ ਜਿਨ ਸਿਦਕ ਨ ਹਾਰਾ॥*** ਧੰਨ ਹਨ, ਧੰਨ ਹਨ ਉਹ ਗੁਰ ਸਿੱਖ, ਜਿਨ੍ਹਾਂ ਨੇ ਸਿੱਖੀ ਸਿਦਕ ਨਹੀਂ ਹਾਰਿਆ ਹੈ।

***ਦੀਆਂ ਸੀਸ ਮੁਖ ਗੁਰੂ ਉਚਾਰਾ॥੧੧॥*** ਆਪਣੇ ਮੁਖੋਂ ਗੁਰੂ ਗੁਰੂ ਉਚਾਰਦਿਆਂ ਆਪਣਾ ਸੀਸ ਦਿੱਤਾ ਹੈ। ੧੧।

***ਦੋਹਰਾ॥ ਹਮਹਿ ਕਮਾਈ ਕਿਆ ਕਰੀ ਲੁਕ ਛਪ ਦੇਹ ਬਤਾਇ॥*** ਭਾਈ ਮਤਾਬ ਸਿੰਘ ਜੀ ਕਹਿੰਦੇ, ਅਸੀਂ ਕੀ ਕਮਾਈ

ਕੀਤੀ ਹੈ? ਲੁਕ ਛਿਪ ਕੇ ਆਪਣੇ ਸਰੀਰ ਨੂੰ ਬਚਾਈ ਫਿਰਦੇ ਹਾਂ ਕੀ ਕਮਾਈ ਹੈ ਸਾਡੀ?

***ਕਿਮ ਹਮ ਉਨ ਕੇ ਢਿਗ ਬਹੈਂ ਦਰਗਹਿ ਕਚੈਹਰੀ ਜਾਇ॥੧੨॥*** ਸੱਚੀ ਦਰਗਾਹ ਦੀ ਕਚਹਿਰੀ ਵਿਚ ਜਾ ਕੇ ਕਿਵੇਂ ਅਸੀਂ ਉਹਨਾਂ ਸ਼ਹੀਦਾਂ ਦੇ ਪਾਸ ਬੈਠਾਂਗੇ?। ੧੨।

***ਚੌਪਈ॥ ਉਨ ਸਿੰਘਨ ਸੋਂ ਹਮ ਕਿਮ ਰਲੀਏ॥*** ਉਹਨਾਂ ਸਿੰਘਾਂ ਨਾਲ ਅਸੀਂ ਕਿਵੇਂ ਰਲੀਏ, ਸਾਡਾ ਉਹਨਾਂ ਸਿੰਘਾਂ ਨਾਲ ਕਿਵੇਂ ਮਿਲਾਪ ਹੋਵੇ। ਦਰਗਾਹ ਵਿਚ ਸਾਨੂੰ ਕਦੋਂ ਉਹਨਾਂ ਦੇ ਬਰਾਬਰ ਬੈਠਣ ਦੇਵੇਗਾ ਕੋਈ?

***ਤਿਮ ਉਨ ਸੰਗ ਅਸੀਂ ਭੀ ਚਲੀਏ॥*** ਉਵੇਂ ਹੀ ਅਸੀਂ ਵੀ ਉਨ੍ਹਾਂ ਦੇ ਨਾਲ ਚਲੀਏ, ਅਸੀਂ ਵੀ ਉਹਨਾਂ ਦੇ ਕੋਲ ਦਰਗਾਹ ਵਿਚ ਅਪੜੀਏ ਪਹਿਲਾਂ ਹੀ।

***ਕਾਚੀ ਦੇਹ ਸਦਾ ਥਿਰ ਨਾਹੀ॥*** ਇਹ ਸਰੀਰ ਸਦਾ ਥਿਰ ਨਹੀਂ ਰਹਿਣਾ ਹੈ,ਇਹ ਤਾਂ ਕੱਚੇ ਭਾਂਡੇ ਦੀ ਤਰ੍ਹਾਂ ਹੈ।

***ਬਹੁਤ ਉਮਰ ਹਮ ਗਈ ਬਿਤਾਹੀ॥੧੩॥*** ਬਹੁਤੀ ਉਮਰ ਸਾਡੀ ਬਤੀਤ ਹੋ ਗਈ ਹੈ। ੧੩।

***ਬਿਨ ਤੁਰਕਨ ਕਹੂੰ ਦੇਹ ਗਰਈਏ॥*** ਤੁਰਕਾਂ ਦੇ ਨਾਲ ਲੜੇ ਮਰੇ ਤੋਂ ਬਿਨਾ ਐਵੇਂ ਦੇਹ ਕਿਉਂ ਗੁਆ ਲਈਏ। ਐਵੇਂ ਬੁਖਾਰ ਚੜ੍ਹ ਕੇ ਜਾਨ ਨਿਕਲ ਜਾਏ, ਇਸ ਦੇ ਵਿਚ ਕੀ ਵਡਿਆਈ ਹੈ ਸਿੱਖੀ ਕਮਾ ਕੇ ਮਰੀਏ, ਫਿਰ ਹੈ ਸਿੱਖੀ ਦਾ ਨਾਮ ਉੱਚਾ।

***ਸ਼ਹੀਦੀ ਮਰਾਤਬ ਤੇ ਕਿਉਂ ਜਈਏ॥*** ਅਸੀਂ ਸ਼ਹੀਦੀ ਰੁਤਬੇ ਤੋਂ ਕਿਉਂ ਰਹਿ ਜਾਈਏ!

***ਧ੍ਰਿਗ ਜਨਮ ਧ੍ਰਿਗ ਮਰਨੋਂ ਹੋਈ॥*** ਉਸ ਦਾ ਜਨਮ ਧ੍ਰਿਗ ਹੈ ਅਤੇ ਉਸ ਦੀ ਮੌਤ ਨੂੰ ਵੀ ਧ੍ਰਿਕਾਰ ਹੈ, ਜੋ ਸ਼ਹੀਦੀ ਮਰਾਤਬਾ ਨਹੀਂ ਪ੍ਰਾਪਤ ਕਰ ਸਕਿਆ, ਸਿੰਘ ਹੋ ਕੇ।

***ਤੁਰਕਨ ਬਿਨ ਸਿਰ ਚੜ੍ਹ ਮਰੈ ਜੋਈ॥੧੪॥*** ਜੋ ਤੁਰਕਾਂ ਦੇ ਸਿਰ ਚੜ੍ਹੇ ਤੋਂ ਬਗੈਰ ਮਰ ਗਿਆ ਹੈ, ਕਿਸੇ ਬਿਮਾਰੀ ਆਦਿਕ ਨਾਲ। ੧੪।

***ਮਤਾਬ ਸਿੰਘ ਨੇ ਐਸ ਬਿਚਾਰੀ॥*** ਭਾਈ ਮਤਾਬ ਸਿੰਘ ਨੇ ਇਉਂ ਆਪਣੇ ਮਨ ਵਿਚ ਵਿਚਾਰ ਕੀਤੀ ਹੈ।

***'ਤਾਰੂ ਸਿੰਘ ਸੰਗ ਕਰੀਏ ਤਆਰੀ॥*** ਭਾਈ ਤਾਰੂ ਸਿੰਘ ਜੀ ਨਾਲ ਵਾਇਦਾ ਹੈ ਸਾਡਾ ਕਿ ਇਕੱਠੇ ਸ਼ਹੀਦ ਹੋਵਾਂਗੇ, ਭਾਈ ਤਾਰੂ ਸਿੰਘ ਦੇ ਨਾਲ ਹੀ ਸ਼ਹੀਦ ਹੋਣ ਦੀ ਤਿਆਰੀ ਕਰੀਏ।

***ਹਮਰੋ ਉਸਕੋ ਹੁਤੋ ਸਨੇਹ॥*** ਸਾਡਾ ਤੇ ਉਸ ਦਾ ਆਪਸ ਵਿਚ ਬੜਾ ਪਿਆਰ ਹੈ।

***ਉਸ ਹੀ ਸੰਗ ਮਿਲ ਤਜੀਏ ਦੇਹ॥੧੫॥*** ਉਸ ਦੇ ਨਾਲ ਹੀ ਸ਼ਹੀਦ ਹੋ ਕੇ ਆਪਣਾ ਸਰੀਰ ਤਿਆਗੀਏ। ੧੫।

***ਦੋਹਰਾ॥ ਸਿੰਘ ਸੁ ਔਰਨ ਪ੍ਰਤਿ ਕਹਯੋ ਤੁਮ ਰੁਕੋ ਔਰ ਹੀ ਜਾਇ॥*** ਮਤਾਬ ਸਿੰਘ ਨਾਲ ਜਿਹੜੇ ਹੋਰ ਸਿੰਘ ਰਹਿੰਦੇ ਸਨ, ਉਹਨਾਂ ਨੂੰ ਕਿਹਾ, ਸਿੰਘੋ! ਹੁਣ ਤੁਸੀਂ ਹੋਰ ਸਿੰਘਾਂ ਦੇ ਜੱਥੇ ਵਿਚ ਕਿਸੇ ਹੋਰ ਪਾਸੇ ਚਲੇ ਜਾਉ, ਕਿਸੇ ਹੋਰ ਜੱਥੇ ਨਾਲ ਰਲ ਜਾਉ ਜਾ ਕੇ।

***ਅਸੀਂ ਸੁ ਜਾਇ ਲਹੌਰ ਕੋ ਤਾਰੂ ਸਿੰਘ ਕੇ ਪਾਹਿ॥੧੬॥*** ਅਸੀਂ ਤਾਂ ਉਥੇ ਲਹੌਰ ਨੂੰ ਜਾਵਾਂਗੇ, ਭਾਈ ਤਾਰੂ ਸਿਘ ਜੀ ਦੇ ਪਾਸ। ੧੬।

***ਚੌਪਈ॥ ਯੌ ਕਹਿ ਸਿੰਘ ਜੀ ਐਧਰ ਤੁਰਿਆ॥*** ਸਿੰਘਾਂ ਨੂੰ ਇਉਂ ਆਖ ਕੇ ਭਾਈ ਮਤਾਬ ਸਿੰਘ ਜੀ ਇਧਰ ਲਹੌਰ ਦੇ ਰਸਤੇ ਨੂੰ ਤੁਰ ਪਏ ਹਨ।

***ਸ਼ਸਤ੍ਰ ਛੱਡ ਹਥ ਸੋਟਾ ਫੜਿਆ॥*** ਸ਼ਸਤ੍ਰ ਸਿੰਘਾਂ ਨੂੰ ਦੇ ਕੇ ਕਿਹਾ, ਇਹ ਮੇਰੇ ਸ਼ਸ਼ਤ੍ਰ ਪੰਥ ਵਿਚ ਹਾਜ਼ਰ ਕਰ ਦੇਣੇ, ਇਕ ਮੋਟਾ ਟੰਬਾ ਆਪਣੇ ਹੱਥ ਵਿਚ ਫੜ ਲਿਆ ਹੈ।

***ਸ਼ਸਤ੍ਰਨ ਸੋ ਈਹਾਂ ਲਰ ਮਰੀਏ॥*** ਕਿਉਂ ਕਿ ਉਸ ਨੂੰ ਪਤਾ ਸੀ ਕਿ ਸ਼ਾਸਤ੍ਰਾਂ ਨਾਲ ਤਾਂ ਏਥੇ ਲੜ ਕੇ ਹੀ ਸ਼ਹੀਦ ਹੋ

ਜਾਵਾਂਗਾ, ਮੈਂ।

***ਸੋਟਾ ਸਲੈ ਨਵਾਬ ਢਿਗ ਜਈਦੇ॥੧੭॥*** ਇਹ ਬਹਾਨਾ ਬਣਾਇਆ ਸੀ ਭਾਈ ਮਤਾਬ ਸਿੰਘ ਨੇ ਕਿ ਜੇ ਸੋਟੇ ਨਾਲ ਲੜਾਈ ਲੜਾਂਗੇ, ਤਾਂ ਗ੍ਰਿਫ਼ਤਾਰ ਕਰ ਲੈਣਗੇ ਮੈਨੂੰ,ਘੇਰਾ ਪਾ ਕੇ ਅਤੇ ਨਵਾਬ ਕੋਲ ਚਲੇ ਜਾਵਾਂਗੇ। ੧੭।

***ਹਰੀ ਭਗਤ ਥੋ ਟੋਲਤ ਜਹਾਂ॥*** ਜਿਥੇ ਹਰਿ ਭਗਤ ਨਿਰੰਜਨੀਆਂ ਭਾਈ ਮਤਾਬ ਸਿੰਘ ਨੂੰ ਲੱਭ ਰਿਹਾ ਸੀ।

***ਸਿੰਘ ਜੀ ਪਹੁੰਚਯੋ ਆਪੇ ਤਹਾਂ॥*** ਭਾਈ ਮਤਾਬ ਸਿੰਘ ਜੀ ਆਪ ਹੀ ਉਥੇ ਲਹੌਰ ਦੇ ਰਸਤੇ 'ਤੇ ਪਹੁੰਚ ਗਏ ਹਨ।

***ਦੇਖਤ ਉਨੈ ਤੁਰਤ ਫੜ ਲਯੋ॥*** ਮਤਾਬ ਸਿੰਘ ਨੂੰ ਦੇਖਦਿਆਂ ਹੀ ਉਹਨਾਂ ਨੇ ਗ੍ਰਿਫ਼ਤਾਰ ਕਰ ਲਿਆ ਹੈ।

***ਨਰੜ ਕਰੜ ਗੱਡੇ ਪਰ ਠਯੋ॥੧੮॥*** ਭਾਈ ਮਤਾਬ ਸਿੰਘ ਨੂੰ ਚੰਗੀ ਤਰ੍ਹਾਂ ਨਰੜ ਕੇ ਕਰੜਾ ਕਰਕੇ ਗੱਡੇ 'ਤੇ ਲੱਦ ਲਿਆ ਹੈ। ੧੮।

***ਸੋਰਠਾ॥ ਬਾਂਹੁ ਸੁ ਊਪਰ ਬਾਂਹ ਧਰ ਲੀਯਨ ਮਧਯ ਟਿਕਾਇ॥*** ਬਾਂਹ ਦੇ ਉੱਪਰ ਰੱਖ ਕੇ ਗੱਡੇ ਵਿੱਚ ਟਿਕਾ ਲਿਆ ਹੈ।

***ਲੋਹੇ ਕੀਲ ਘੜਾਇਕੇ ਠੋਕ ਦੀਯੋ ਇਕ ਥਾਂਇ॥੧੯॥*** ਲੋਹੇ ਦੇ ਕਿੱਲ ਨੂੰ ਘੜ ਕੇ ਹਥੌੜੇ ਨਾਲ ਕਿੱਲ ਨੂੰ ਗੱਡੇ ਦੇ ਫੱਲ ਵਿੱਚ ਠੋਕ ਦਿੱਤਾ ਹੈ, ਇੱਕ ਥਾਂ 'ਤੇ। ੧੯।

***ਚੌਪਈ॥ ਚਿਰ ਮਧ ਡੰਡੋ ਬਾਂਧ ਪਿੜਾਈ॥*** ਫਿਰ ਦੋ ਡੰਡਿਆਂ ਵਿਚ ਚੰਗੀ ਤਰ੍ਹਾਂ ਕਸ ਕੇ ਮਤਾਬ ਸਿੰਘ ਦੇ ਡੌਲਿਆਂ ਨੂੰ ਨਪੀੜਿਆ ਹੈ।

***ਉਸ ਬਾਂਹਿ ਦੀਨੀ ਨਾੜ ਚੜ੍ਹਾਈ॥*** ਫਿਰ ਉਸ ਦੀਆਂ ਬਾਹਾਂ ਦੀਆਂ ਨਾੜ੍ਹਾ ਚੜ੍ਹਾ ਦਿੱਤੀਆਂ ਹਨ ਕਿ ਬਾਹਾਂ ਕੰਮ ਨਾ ਕਰਨ, ਫੁਲਾ ਦਿੱਤੀਆਂ ਇਸ ਤਰ੍ਹਾਂ।

***ਸਿੰਘ ਜੀ ਕੋ ਨਿਜ ਗ੍ਰਾਮ ਲਿਆਏ॥*** ਮਤਾਬ ਸਿੰਘ ਨੂੰ ਉਸ ਦੇ ਨਗਰ ਲੈ ਕੇ ਆਏ ਹਨ ਮੀਰਾਂ ਕੋਟ ਵਿਖੇ।

***ਪਛਾਨਨ ਕੋ ਬਹੁ ਲੋਕ ਸਦਾਏ॥੨੦॥*** ਮਤਾਬ ਸਿੰਘ ਦੀ ਪਛਾਣ ਕਰਨ ਵਾਸਤੇ ਪਿੰਡ ਦੇ ਬਹੁਤ ਸਾਰੇ ਲੋਕਾਂ ਨੂੰ ਸੱਦਿਆ ਹੈ। ੨੦।

***ਸਿੰਘ ਜੀ ਸ਼ਾਰਤ ਉਂਗਲੀ ਹਿਲਾਈ॥*** ਮਤਾਬ ਸਿੰਘ ਨੇ ਉਂਗਲੀ ਹਿਲਾ ਕੇ ਇਸ਼ਾਰਾ ਕਰ ਦਿੱਤਾ ਸਭ ਨੂੰ।

***ਨਹਿਂ ਅਬ ਸਿਆਨਨ ਕੀ ਗਲ ਕਾਈ॥*** ਹੁਣ ਨਹੀਂ ਪਛਾਨਣ ਦੀ ਕੋਈ ਗੱਲ, ਛੱਡੋ ਇਸ ਗੱਲ ਨੂੰ, ਇਉਂ ਇਸ਼ਾਰੇ ਨਾਲ ਹੀ ਸਮਝਾ ਦਿੱਤਾ ਸਭ ਨੂੰ, ਬਈ ਗੱਲ ਠੀਕ ਹੈ।

***ਜੋ ਕੋਈ ਆਖੈ ਆਣ ਪਛਾਣ॥*** ਜੇ ਕੋਈ ਆ ਕੇ ਆਖੇਗਾ ਪਛਾਣ ਕੇ ਕਿ ਮੈਂ ਜਾਣਦਾ ਹਾਂ।

***ਪਿੰਡ ਕਰਾਈਏਗਾ ਮੁਸਲਮਾਨ॥੨੧॥*** ਸਾਰੇ ਪਿੰਡ ਨੂੰ ਮੁਸਲਮਾਨ ਕਰਨਗੇ ਕਿ ਤੁਸੀਂ ਜਾਣਦੇ ਬੁਝਦੇ ਕਿਉਂ ਨਹੀਂ ਫੜਾਇਆ, ਜੇ ਤੁਹਾਨੂੰ ਅੱਗੇ ਮਿਲਦਾ ਸੀ, ਕਿਉਂ ਨਹੀਂ ਗ੍ਰਿਫ਼ਤਾਰ ਕਰਾਇਆ, ਏਸ ਦੋਸ਼ ਵਿੱਚ ਫੜ ਲੈਣਗੇ ਤੁਹਾਨੂੰ ਸਾਰਿਆਂ ਨੂੰ, ਇਉਂ ਇਸ਼ਾਰੇ ਨਾਲ ਹੀ ਸਮਝਾ ਦਿੱਤਾ ਹੈ, ਸਭ ਨੂੰ। ੨੧।

***ਦੋਹਰਾ॥ ਹਰਿ ਭਗਤ ਲਹੌਰਹਿ ਲੈ ਪੁਜਯੋ ਦੀਯੋ ਨਵਾਬ ਸੁਨਾਇ॥*** ਹਰਿ ਭਗਤ ਨਿਰੰਜਨੀਆਂ ਮਤਾਬ ਸਿੰਘ ਨੂੰ ਲੈ ਕੇ ਲਹੌਰ ਪੁੱਜ ਗਿਆ ਹੈ ਅਤੇ ਨਵਾਬ ਨੂੰ ਇਹ ਗੱਲ ਸੁਣਾ ਦਿੱਤੀ ਹੈ ਕਿ ਮਤਾਬ ਸਿੰਘ ਗ੍ਰਿਫ਼ਤਾਰ ਕਰ ਲਿਆ ਹੈ।

***ਤਾਰੂ ਸਿੰਘ ਦਿਖਾਲ ਕੇ ਕਹਯੋ ਦੋਹੁ ਚਰਖ ਚੜ੍ਹਾਇ॥੨੨॥*** ਨਵਾਬ ਨੇ ਜਾਂਦਿਆਂ ਨੂੰ ਹੀ ਹੁਕਮ ਸੁਣਾ ਦਿੱਤਾ ਹੈ ਕਿ ਤਾਰੂ ਸਿੰਘ ਵਿਖਾ ਕੇ ਚਰਖੜੀ 'ਤੇ ਚੜ੍ਹਾ ਦਿਉ ਇਸ ਨੂੰ। ੨੨।

***ਮਿਥੀ ਜਿਵੇਂ ਥੀ ਸਿੰਘ ਜੀ ਤਿਮ ਚੜ੍ਹਯੋ ਚਰਖ ਪਰ ਧਾਇ॥*** ਜਿਵੇਂ ਮਤਾਬ ਸਿੰਘ ਨੇ ਆਪਣੇ ਮਨ ਵਿਚ ਪਹਿਲਾਂ ਹੀ ਮਿਥੀ ਸੀ, ਭਾਈ ਤਾਰੂ ਸਿੰਘ ਦੇ ਦਰਸ਼ਨ ਕਰਕੇ ਉਵੇਂ ਹੀ ਚਰਖੜੀ 'ਤੇ ਜਾ ਚੜ੍ਹਿਆ ਹੈ ਹੱਲਾ ਬੋਲ ਕੇ।

***ਧੰਨ ਜਨਮ ਧੰਨ ਕਰਮ ਉਨ ਸਿਖੀ ਰਖ ਸਿਰ ਲਾਇ॥੨੩॥*** ਉਨ੍ਹਾਂ ਦਾ ਜਨਮ ਧੰਨ ਹੈ, ਕਰਮ ਵੀ ਉਨ੍ਹਾਂ ਦੇ ਧੰਨਤਾ

ਜੋਗ ਹਨ, ਜਿਨ੍ਹਾਂ ਨੇ ਆਪਣਾ ਸੀਸ ਲਾ ਕੇ ਸਿੱਖੀ ਨੂੰ ਰੱਖ ਲਿਆ ਹੈ, ਸਿੱਖੀ ਤੋਂ ਆਪਣਾ ਸੀਸ ਕੁਰਬਾਨ ਕਰਕੇ ਸਿੱਖੀ ਕਮਾਈ ਹੈ। ੨੩।

***ਤਾਰੂ ਸਿੰਘ ਸੁਨ ਖੁਸ਼ ਭਯੋ ਸਿੰਘ ਚੜ੍ਹਯੋ ਚਰਖ ਸ਼ਿਤਾਬ॥*** ਤਾਰੂ ਸਿੰਘ ਨੂੰ ਪਤਾ ਲੱਗ ਗਿਆ, ਕਿਸੇ ਨੇ ਜਾ ਕੇ ਦੱਸਿਆ ਕਿ ਚਰਖੜੀ ਦੇ ਉੱਤੇ ਛਾਲਾਂ ਮਾਰਦਾ ਗਿਆ ਹੈ, ਜੈਕਾਰੇ ਬੁਲਾਉਂਦਾ ਗਿਆ ਹੈ, ਚਰਖੜੀ 'ਤੇ ਚੜ੍ਹਨ ਵਾਸਤੇ, ਭਾਈ ਤਾਰੂ ਸਿੰਘ ਸੁਣ ਕੇ ਬੜਾ ਪ੍ਰਸੰਨ ਹੋਇਆ।

***ਅਸਾਂ ਨਿਮਿਤ ਆਪ ਆ ਮਿਲਯੋ ਧੰਨ ਧੰਨ ਸਿੰਘ ਮਤਾਬ॥੨੪॥*** ਸਾਡੇ ਵਾਸਤੇ ਆਪ ਆ ਕੇ ਮਿਲਿਆ ਹੈ ਕਿਉਂਕਿ ਪਹਿਲਾ ਬਚਨ ਕੀਤਾ ਹੋਇਆ ਸੀ, ਮੇਰੇ ਵਾਸਤੇ ਮਤਾਬ ਸਿੰਘ ਆਪ ਚਰਖੜੀ 'ਤੇ ਆ ਚੜ੍ਹਿਆ ਹੈ, ਮਤਾਬ ਸਿੰਘ ਤੂੰ ਧੰਨ ਹੈਂ, ਧੰਨ ਹੈਂ, ਇਉਂ ਤਾਰੂ ਸਿੰਘ ਨੇ ਮਤਾਬ ਸਿੰਘ ਦੀ ਮਹਿਮਾ ਕੀਤੀ। ੨੪।

***ਇਤੀ ਮਤਾਬ ਸਿੰਘ ਜੀ ਚਰਖ ਚੜਿ ਸਹੀਦੀ ਪਾਈ॥***

***ਅਬ ਫਿਰ ਤਾਰੂ ਸਿੰਘ ਕੋ ਪ੍ਰਸੰਗ ਕੀ ਸਾਖੀ ਤੁਰੀ॥***

*ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥*

## ਸਾਖੀ ਤਾਰੂ ਸਿੰਘ ਕੇ ਪ੍ਰਸੰਗ ਕੀ

### (ਭਾਈ ਤਾਰੂ ਸਿੰਘ ਜੀ ਦਾ ਸ਼ਹੀਦ ਹੋਣਾ)

***ਚੌਪਈ॥ ਤਾਰੂ ਸਿੰਘ ਪਰ ਫਿਰ ਗਲ ਆਈ॥*** ਭਾਈ ਮਤਾਬ ਸਿੰਘ ਮੀਰਾਂ ਕੋਟੀਏ ਦੇ ਸ਼ਹੀਦ ਹੋਣ ਤੋਂ ਬਾਅਦ ਮੁੜ ਕੇ ਗੱਲ ਫਿਰ ਭਾਈ ਤਾਰੂ ਸਿੰਘ 'ਤੇ ਆ ਗਈ ਹੈ।

***ਸੁਨੋ ਸੰਤ ਤੁਮ ਮਨ ਚਿਤ ਲਾਈ॥*** ਹੇ ਗੁਰ ਸਿੱਖੋ ! ਸੰਤ ਜਨੋਂ ਭਾਈ ਤਾਰੂ ਸਿੰਘ ਦਾ ਪ੍ਰਸੰਗ ਮਨ ਚਿਤ ਲਾ ਕੇ ਸੁਣੋ।

***ਤਾਰੂ ਸਿੰਘ ਨਵਾਬ ਬੁਲਾਯਾ॥*** ਤਾਰੂ ਸਿੰਘ ਨੂੰ ਨਵਾਬ ਖ਼ਾਨ ਬਹਾਦਰ ਸੂਬਾ ਲਹੌਰ ਨੇ ਆਪਣੇ ਕੋਲ ਸੱਦਿਆ ਹੈ।

***ਉਨੈਂ ਅਹਿਦੀਯਨ ਆਨ ਮਿਲਾਯਾ॥੧॥*** ਉਸ ਨੂੰ ਅਹਿਦੀਆਂ ਜੋ ਸਿਪਾਹੀ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲਿਆਏ ਸਨ ਨੇ ਲਿਆ ਕੇ ਮਿਲਾ ਦਿੱਤਾ। ੧।

***ਵਾਹਿਗੁਰੂ ਕੀ ਫਤ੍ਹੈ ਬੁਲਾਈ॥*** ਭਾਈ ਤਾਰੂ ਸਿੰਘ ਨੇ ਖ਼ਾਨ ਬਹਾਦਰ ਦੀ ਕਚਹਿਰੀ ਵਿਚ ਉੱਚੀ ਆਵਾਜ਼ ਵਿਚ ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹ॥ ਗਜਾਈ ਹੈ।

***'ਅਕਾਲ, ਅਕਾਲ ਕਹਿ ਊਚ ਸੁਨਾਈ॥*** ਜਿਵੇਂ ਨਿਹੰਗ ਸਿਘਾਂ ਦੀ ਰੀਤ ਹੈ, 'ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗੱਜ ਵੱਜ ਕੇ ਸੁਣਾਏ ਹਨ।

***ਸੁਨਤ ਨਵਾਬ ਅਤਿ ਸੋਖਤ ਭਯੋ॥*** ਸੁਣ ਕੇ ਨਵਾਬ ਦਾ ਮੂੰਹ ਸੁੱਕ ਗਿਆ ਹੈ, ਹੈਂ! ਕਿੰਨੇ ਦਿਨਾਂ ਦਾ ਫੜਿਆ ਹੋਇਆ ਭੁੱਖਾ ਪਿਆਸਾ ਹੈ, ਅਜੇ ਓਸੇ ਤਰ੍ਹਾਂ ਹੀ ਗੱਜਦਾ ਹੈ ਇਹ, ਤਾਂ, ਵੇਖ ਕੇ ਨਵਾਬ ਦਾ ਮੂੰਹ ਸੁੱਕ ਗਿਆ, ਵੇਖ ਕੇ ਸ਼ਕਲ

ਵਿਗੜ ਗਈ।

***ਕਾਟ ਅੰਗੁਲ ਜਨੁ ਲੂਣ ਲਗਯੋ॥੨॥*** ਜਿਵੇਂ ਉਂਗਲੀ ਵੱਢ ਕੇ ਉਸ ਦੇ ਉਤੇ ਲੂਣ ਪਾ ਦੇਈਦਾ ਹੈ, ਇਉਂ ਉਸ ਨੂੰ ਬੁਰਾ ਲੱਗਿਆ, ਇਉਂ ਤੜਫਿਆ ਹੈ। ੨।

***ਦੋਹਰਾ॥ ਤਾਰੂ ਸਿੰਘ ਜੀ ਤਬ ਕਹਯੋ, ਤੂੰ ਸੁਨ ਬਾਤ ਨਵਾਬ॥*** ਭਾਈ ਤਾਰੂ ਸਿੰਘ ਨੇ ਕਿਹਾ,ਓ ਨਵਾਬ! ਮੇਰੀ ਗੱਲ ਤਾਂ ਸੁਣ ਜਰਾ ਕੁ।

***ਹਮ ਤੁਮਰੋ ਨ ਬਿਗਾੜਿਓ, ਤੁਮ ਕਿਮ ਦੇਤ ਅਜ਼ਾਬ॥੩॥*** ਓ ਮੈਂ ਤੇਰਾ ਕੁਛ ਬਿਗਾੜਿਆ ? ਮੈਨੂੰ ਕਾਹਦੀ ਸਜ਼ਾ ਦੇਣ ਲੱਗਿਆ ਹੈਂ ਤੂੰ। ੩।

***ਚੌਪਈ॥ ਜੌ ਹਮ ਤੁਮਰੀ ਭੂਮ ਬਿਗਰੈਂ॥*** ਜੇ ਅਸੀਂ ਤੁਹਾਡੀ ਧਰਤੀ ਵਾਹੁੰਦੇ ਹਾਂ ਜਾਂ ਤੁਹਾਡੀ ਜ਼ਮੀਨ ਖਰਾਬ ਹੁੰਦੀ ਹੈ।

***ਤੌ ਤੁਮ ਕੋ ਹਮ ਪੈਸੇ ਭਰੈਂ॥*** ਤੁਹਾਨੂੰ ਉਸ ਦੇ ਅਸੀਂ ਪੈਸੇ ਭਰਦੇ ਹਾਂ, ਉਸ ਦਾ ਜੋ ਵੀ ਟੈਕਸ ਹੁੰਦਾ ਹੈ, ਉਹ ਭਰਦੇ ਹਾਂ, ਅਸੀਂ।

***ਔ ਜੋ ਵਣਜ ਵਪਾਰ ਭੀ ਕਰੈਂ॥*** ਅਤੇ ਜੋ ਸਾਡੇ ਸਿੰਘ ਵਣਜ ਵਪਾਰ ਕਰਦੇ ਹਨ, ਤੇਰੇ ਰਾਜ ਵਿਚ ਰਹਿ ਕੇ।

***ਤੌ ਭੀ ਤੁਮਰੋ ਹਾਲਾ ਭਰੈਂ॥੪॥*** ਜੋ ਵੀ ਤੇਰਾ ਬਣਦਾ ਹੈ ਕਾਨੂੰਨ ਮੁਤਾਬਕ ਅਸੀਂ ਤੇਰਾ ਹਾਲਾ ਭਰਦੇ ਹਾਂ। ੪।

***ਤੁਮਕੋ ਦੇ ਕੇ ਜੋ ਰਹਿ ਜਾਇ॥*** ਤੇਰਾ ਹਿੱਸਾ ਦੇ ਕੇ ਤੇਰਾ ਕਾਨੂੰਨ ਪੂਰਾ ਕਰਕੇ ਜੋ ਸਾਡੀ ਬੱਚਤ ਰਹਿ ਜਾਂਦੀ ਹੈ ਪਿੱਛੇ।

***ਸੋ ਹਮ ਅਪਨੇ ਪੇਟਨ ਪਾਇ॥*** ਉਹ ਅਸੀਂ ਆਪਣੇ ਪੇਟ ਵਿਚ ਪਾਉਂਦੇ ਹਾਂ, ਆਪਣੇ ਉੱਤੇ ਖ਼ਰਚ ਕਰਦੇ ਹਾਂ।

***ਅਪਨੋ ਤਨ ਪੇਟ ਰਖ ਕੇ ਊਣੀ॥*** ਫੇਰ ਅਸੀਂ ਓਸ ਖ਼ਰਚ ਦੇ ਵਿੱਚੋਂ ਆਪਣਾ ਸਰੀਰ ਢਿੱਡ ਊਣਾ ਰੱਖ ਕੇ ਭੁੱਖੇ ਰਹਿ ਕੇ ਥੋੜ੍ਹਾ ਖਾ ਕੇ।

***ਦੇਤ ਔਰ ਕੌ ਚਬਣ ਚਬੂਣੀ॥੫॥*** ਅਸੀਂ ਹੋਰ ਕਿਸੇ ਲੋੜਵੰਦ ਨੂੰ (ਚਬਨ ਚਬੂਣੀ) ਛੋਲੇ ਭੁਣਾ ਕੇ ਜਾਂ ਮਿੱਸੀਆਂ ਰੋਟੀਆਂ ਅਸੀਂ ਪ੍ਰਸ਼ਾਦੇ ਪਕਾ ਲੂਣ ਵਾਲੇ ਦਿੰਦੇ ਹਾਂ, ਹੋਰ ਅਸੀਂ ਕੀ ਕਰਦੇ ਹਾਂ? ਸਾਡੀ ਕੀ ਗਲਤੀ ਹੈ? ਕੀ ਕਸੂਰ ਹੈ?।੫।

***ਕਹੁ ਤੇਰੀ ਕਯਾ ਗਾਠੋਂ ਜਾਇ?*** ਕਿਉਂਕਿ ਖਰੇ ਸਿੰਘ ਸਨ, ਤੇਰੀ ਗੱਠੋਂ ਖੁਲ੍ਹਦਾ ਕੁਛ? ਦੱਸ ਤੇਰਾ ਕੀ ਵਿਗਾੜਿਆ?

***ਹਮ ਕੋ ਤੁਮ ਕਿਮ ਦੇਤ ਸਜਾਇ?*** ਦੱਸ ਕਿਹੜੇ ਕਾਨੂੰਨ ਵਿਚ ਤੂੰ ਸਾਨੂੰ ਸਜ਼ਾ ਦਿੰਦਾ ਹੈਂ? ਅਸੀਂ ਕੀ ਗਲਤੀ ਕਰਦੇ ਹਾਂ। ***ਨਵਾਬ ਅਗੇ ਥੋ ਕ੍ਰੋਧਹਿੰ ਭਰਯੋ॥*** ਉਹ ਤਾਂ ਅੱਗੇ ਹੀ ਸੜਿਆ ਬਲਿਆ ਸੀ, ਬੜਾ ਕ੍ਰੋਧ ਵਿਚ ਭਰਿਆ ਹੋਇਆ ਸੀ ਕਿ ਮੇਰੇ ਨਾਲ ਕਰਾਰੇ ਬਚਨ ਕਰਦੇ ਹਨ। ਉਹਨਾਂ ਨੇ ਕਾਨੂੰਨ ਅਨੁਸਾਰ ਤਾਂ ਦੋਸ਼ੀ ਬਣਾਇਆ ਹੈ ਨਾ ਖਾਲਸੇ ਨੂੰ, ਇਹ ਕਿਉਂ ਇਸ ਤਰ੍ਹਾਂ ਕਰਦੇ ਨੇ, ਲੇਕਿਨ ਖਾਲਸਾ ਤਾਂ ਆਪਣੇ ਧਰਮ ਵਿਚ ਪ੍ਰਪੱਕ ਸੀ, ਕਿਸੇ ਦਾ ਨੁਕਸਾਨ ਨਹੀਂ ਸੀ ਕਰ ਰਿਹਾ।

***ਮੁਖ ਤੇ ਖੋਟਾ ਬਚਨ ਉਚਰਯੋ॥੬॥*** ਉਸ ਨੇ ਆਪਣੇ ਮੂਹੋਂ ਖੋਟਾ ਬੋਲ ਬੋਲਿਆ, ਹੋਰ ਕੁਛ ਸਿੰਘ ਖੋਟਾ ਮੰਨਦੇ, ਜੋ ਸਿੱਖੀ ਦੇ ਖਿਲਾਫ ਬਚਨ ਕਰਦਾ ਹੈ ਕਿ ਮੈਂ ਤੈਨੂੰ ਸਿੱਖ ਨਹੀਂ ਰਹਿਣ ਦੇਣਾ ਜਾਂ ਤੇਰੀ ਸਿੱਖੀ ਭੰਗ ਕਰਨੀ ਹੈ, ਉਸਨੂੰ ਖੋਟਾ ਸ਼ਬਦ ਕਹਿੰਦੇ ਹਨ, ਖਾਲਸਾ ਨਹੀਂ ਇਸ ਨੂੰ ਬਰਦਾਸ਼ਤ ਕਰਦਾ। ੬।

***ਨਵਾਬ ਕਹੈ ਤੂੰ ਹੋ ਮੁਸਲਮਾਨ॥*** ਨਵਾਬ ਨੇ ਖੋਟਾ ਬਚਨ ਇਹ ਕੀਤਾ ਕਿ ਤਾਰੂ ਸਿੰਘ ਤੂੰ ਹੁਣ ਸਿੱਖੀ ਛੱਡ ਦੇ ਤੇ ਮੁਸਲਮਾਨ ਹੋ ਜਾਂ ਸਾਡੇ ਦੀਨ ਵਿਚ ਆ ਜਾ।

***ਤਉ ਛਾਡਾਂਗਾ ਤੁਮਰੀ ਜਾਨ॥*** ਤਾਂ ਤੇਰੀ ਜਾਨ ਛੱਡਾਗਾਂ ਜੇ ਤੂੰ ਮੁਸਲਮਾਨ ਹੋ ਜਾਏਂਗਾ।

***ਸਿੰਘ ਕਹਯੋ 'ਹਮ ਡਰ ਕਯਾ ਜਾਨੌਂ॥*** ਤਾਰੂ ਸਿੰਘ ਜੀ ਕਹਿਣ ਲੱਗੇ, ਅਸੀਂ ਕੋਈ ਤੈਥੋਂ ਡਰਦੇ ਹਾਂ, ਸਾਨੂੰ ਕੋਈ ਡਰ ਨਹੀਂ ਹੈ ਤੇਰਾ!

***ਹਮ ਹੋਵੈਂ ਕਿਮ ਮੁਸਲਮਾਨੌਂ॥੭॥*** ਕਿਵੇਂ ਅਸੀਂ ਮੁਸਲਮਾਨ ਹੋਈਏ, ਕਿਉਂ ਹੋਈਏ? ਕੀ ਮਤਲਬ ਇਸ ਗੱਲ ਦਾ?। ੭।

***ਮੁਸਲਮਾਨ ਕਰ ਮਰੌਂ ਕਿ ਨਾਹੀ?॥*** ਭਾਈ ਤਾਰੂ ਸਿੰਘ ਕਹਿੰਦੇ ਇਹ ਦੱਸ ਮੈਨੂੰ ਜੇ ਮੈਂ ਮੁਸਲਮਾਨ ਹੋ ਜਾਵਾਂ, ਫਿਰ ਮੌਤ ਆਵੇਗੀ ਕਿ ਨਹੀਂ ਆਵੇਗੀ ਮੈਨੂੰ, ਮਰਾਂਗਾ ਕਿ ਨਹੀਂ ਮਰਾਂਗਾ, ਜਿੰਦਾ ਰਹਿ ਜਾਵਾਂਗਾਂ ਦੁਨੀਆਂ ਵਿਚ?

***ਜੌ ਫਿਰ ਮਰੌਂ ਕਿਮ ਧਰਮ ਗਵਾਈ?॥*** ਜੇ ਫਿਰ ਵੀ ਮੈਂ ਮਰ ਜਾਣਾ ਹੈ ਤਾਂ ਮੈਂ ਧਰਮ ਕਿਉਂ ਛੱਡਾਂ ਆਪ ਦਾ, ਆਪ ਦੇ ਧਰਮ ਨੂੰ ਕਿਉਂ ਨਾ ਸਾਥ ਨਿਭਾਵਾਂ?

***ਚਹੀਏ ਨਵਾਬ ਤੇ ਧਰਮ ਰਖਾਯਾ॥*** ਭਾਈ ਤਾਰੂ ਸਿੰਘ ਜੀ ਆਪਣੇ ਮਨ ਨਾਲ ਗੱਲ ਕਰਦੇ ਹਨ ਕਿ ਨਵਾਬ ਤੋਂ ਆਪਣਾ ਧਰਮ ਰੱਖਣਾ ਚਾਹੀਦਾ ਹੈ।ਨਵਾਬ ! ਧਰਮ ਰੱਖਣਾ ਚਾਹੀਦਾ ਹੈ, ਜ਼ਰੂਰ ਆਪਣਾ ਬਚਾਉਣਾ ਚਾਹੀਦਾ ਹੈ, ਜੇ ਫਿਰ ਮਰ ਜਾਣਾ ਚਾਰ ਦਿਨ ਦੀ ਜਿੰਦਗੀ ਜਿਉ ਕੇ।

***ਕੇਸੀ ਸਾਸੀਂ ਨਿਬਾਹੁ ਕਰਾਯਾ॥੮॥*** ਇਸ ਕਰਕੇ ਦ੍ਰਿੜ੍ਹ ਹੋ ਕੇ ਭਾਈ ਤਾਰੂ ਸਿੰਘ ਨੇ ਆਪਣੇ ਕੇਸਾਂ ਸੁਆਸਾਂ ਨਾਲ ਸਿੱਖੀ ਨਿਭਾਈ ਹੈ। ੮।

***ਦੋਹਰਾ॥ ਫਿਰ ਨਵਾਬ ਏਹੀ ਕਹੀ, ਜਿੰਦ ਚਹੈਂ ਤਾਂ ਆਵਹੁ ਦੀਨ॥*** ਨਵਾਬ ਨੇ ਫਿਰ ਓਹੀ ਉੱਤਰ ਦਿੱਤਾ, ਕਹਿਣ ਲੱਗਾ, 'ਜੇ ਜਿੰਦ ਚਹੁੰਦਾ ਹੈਂ ਤਾਰੂ ਸਿੰਹਾਂ ਏਸ ਤਰ੍ਹਾਂ ਦੀ ਜਿੰਦਗੀ ਮਿਲਣੀ ਨਹੀਂ, ਜੇ ਜਿੰਦਗੀ ਰੱਖਣੀ ਚਾਹੁੰਦਾ ਹੈਂ, ਤਾਂ ਦੀਨ ਵਿਚ ਆ ਜਾ, ਹੋਰ ਕੋਈ ਇਲਾਜ਼ ਨਹੀਂ ਹੈ, ਇਸ ਗੱਲ ਦਾ।

***ਔਰ ਜੁ ਚਾਹੇਂ ਮਾਂਗ ਸੋ, ਧਨ ਅਰ ਮੁਲਖ ਜ਼ਮੀਨ॥੯॥*** ਜੇ ਹੋਰ ਕੋਈ ਇੱਛਾ ਹੈ ਤੇਰੀ, ਤਾਂ ਮੰਗ, ਤੈਨੂੰ ਪੈਸਾ ਅਤੇ ਮੁਲਕ ਦੀ ਧਰਤੀ ਜੋ ਤੂੰ ਆਖੇਂ। ੯।

***ਚੌਪਈ॥ ਔ ਮੁਗਲ ਪਠਾਣਨ ਬੇਟੀ ਲੇਹੁ॥*** ਜੇ ਤੂੰ ਮੁਸਲਮਾਨ ਹੋ ਜਾਏਂ, ਕਿਸੇ ਮੁਗਲ ਦੀ, ਕਿਸੇ ਪਠਾਣ ਦੀ, ਬੋਲ ਤੈਨੂੰ ਕਿਸ ਦੀ ਲੜਕੀ ਚਾਹੀਦੀ ਹੈ।

***ਬੀਚ ਹਵੇਲਨ ਬਾਸ ਕਰੇਹੁ॥*** ਅਤੇ ਵੱਡੀਆਂ ਹਵੇਲੀਆਂ ਉਸਾਰ ਦਿੰਦੇ ਹਾਂ, ਸੁੰਦਰ ਕੋਠੀਆਂ ਪਾ ਦਿਦੇ ਹਾਂ, ਉਥੇ ਤੂੰ ਨਿਵਾਸ ਕਰ, ਮੌਜ ਲੈ ਉਥੇ।

***ਤਬ ਸਿੰਘ ਜੀ ਨੇ ਬਚਨ ਉਚਾਰੋ॥*** ਤਾਂ ਭਾਈ ਤਾਰੂ ਸਿੰਘ ਜੀ ਉੱਤਰ ਦਿੰਦੇ ਹਨ।

***ਸੋ ਦੇਹੁ ਹਮ ਜੋ ਲਗੈ ਪਿਆਰੋ॥੧੦॥*** ਨਵਾਬ ! ਜੇ ਤੂੰ ਸਾਡੇ 'ਤੇ ਖੁਸ਼ ਹੈਂ, ਪ੍ਰਸੰਨ ਹੈਂ, ਤਾਂ ਸਾਨੂੰ ਉਹ ਚੀਜ਼ ਦੇਹ ਜੋ ਸਾਨੂੰ ਪਿਆਰੀ ਲਗਦੀ ਹੈ।

***ਤੂੰ ਜੇ ਹਮ ਪੈ ਹੈਂ ਮਿਹਰਬਾਨ॥*** ਕਿਉਂਕਿ ਭਾਈ ਤਾਰੂ ਸਿੰਘ ਜੀ ਸਭ ਜਾਣਦੇ ਸਨ, ਇਹਨਾਂ ਦੀਆਂ ਗੱਲਾਂ ਨੂੰ, ਉਸ ਨੇ ਆਖਿਆ ਜੇ ਤੂੰ ਅੰਦਰੋਂ ਮਿਹਰਵਾਨ ਹੈਂ ਨਾ ਸਾਡੇ 'ਤੇ, ਤਾਂ ਫਿਰ ਸੁਣ ਸਾਡੀ ਗੱਲ।

***ਆਖ ਹਮੈ ਨਾ ਹੋਹੁ ਮੁਸਲਮਾਨ॥*** ਇਹ ਬਚਨ ਕਹਿ ਸਾਨੂੰ ਕਿ ਤੂੰ ਆਪਣੇ ਧਰਮ ਵਿਚ ਪੱਕਾ ਰਹਿ, ਤੂੰ ਮੁਸਲਮਾਨ ਨਾ ਬਣ ਇਹ ਗੱਲ ਕਹਿ ਜੇ ਤੂੰ ਮੇਰੇ 'ਤੇ ਖੁਸ਼ ਹੈ।

***ਤੂੰ ਦੱਸ ਹਮੈਂ ਕਛੁ ਐਸੇ ਰਾਹੁ॥*** ਤੂੰ ਸਾਨੂੰ ਕੋਈ ਐਸਾ ਰਸਤਾ ਦੱਸ ਜਿਹੜਾ ਸਾਡੇ ਅਨੁਕੂਲ ਹੋਵੇ।

***ਕੇਸੀਂ ਸਾਸੀਂ ਹੋਇ ਨਿਬਾਹੁ॥੧੧॥*** ਮੇਰੀ ਸਿੱਖੀ ਸਾਬਤ ਨਿਭੇ, ਕੇਸ਼ਾਂ ਸੁਆਸਾਂ ਤੱਕ ਮੇਰੀ ਸਿੱਖੀ ਨਿਭ ਜਾਵੇ, ਐਸੀ ਗੱਲ ਕਹਿ ਚੰਗੀ। ੧੧।

***ਤਬ ਨਵਾਬ ਬਹੁ ਗੁੱਸਾ ਖਾਯਾ॥*** ਨਵਾਬ ਨੇ ਵੇਖਿਆ ਇਹ ਤਾਂ ਬੜਾ ਹਠੀਆ ਹੈ,ਇਹ ਤਾਂ ਕਿਸੇ ਗੱਲ ਨੂੰ ਪ੍ਰਵਾਨ ਨਹੀਂ ਕਰਦਾ, ਤਾਂ ਉਸ ਨੂੰ ਬੜਾ ਕਰੋਧ ਚੜ੍ਹ ਗਿਆ।

***ਮੁਖ ਤੇ ਖੋਟਾ ਬਚਨ ਸੁਨਾਯਾ॥*** ਆਪਣੇ ਮੂੰਹੋਂ ਖੋਟਾ ਬੋਲ ਬੋਲਿਆ ਹੈ ਤਾਰੂ ਸਿੰਘ ਨੂੰ।

***ਜੂਤਨ ਸਾਥ ਕਰੋਂ ਬਾਲ ਦੂਰ॥*** ਜਦੋਂ ਭਾਈ ਤਾਰੂ ਸਿੰਘ ਨੇ ਕੇਸ਼ਾਂ ਦਾ ਨਾਮ ਲਿਆ ਕਿ ਮੇਰੀ ਸਿੱਖੀ ਕੇਸ਼ਾਂ ਨਾਲ ਨਿਭ ਜਾਵੇ, ਤਾਂ ਨਵਾਬ ਸੜਿਆ ਬਲਿਆ ਹੋਇਆ ਕਹਿਣ ਲੱਗਾ, 'ਮੈਂ ਤੇਰੇ ਕੇਸ਼ ਜੁੱਤੀਆਂ ਮਾਰ-ਮਾਰ ਕੇ ਦੂਰ ਕਰ ਦਿਆਂਗਾ ਸਿਰ ਵਿੱਚੋਂ'।

***ਨਾਈਅਨ ਕਹਯੋ, ਸਿਰ ਮੂੰਨਹੁ ਜ਼ਰੂਰ॥੧੨॥*** ਉਸ ਨੇ ਹੁਕਮ ਦੇ ਦਿੱਤਾ ਨਾਈਆਂ ਨੂੰ ਕਿ ਇਸ ਦਾ ਸਿਰ ਮੁੰਨ ਦਿਉ ਮੇਰੇ ਸਾਹਮਣੇ, ਭਾਵ ਧੱਕੇ ਨਾਲ ਮੁਸਲਮਾਨ ਕਰਨਾ ਚਾਹੁੰਦਾ ਹੈ। ੧੨।

***ਦੋਹਰਾ॥ ਤਬ ਤਾਰੂ ਸਿੰਘ ਉਸ ਕਹਯੋ, ਵਹਿ ਜੂਤ ਤੁਮਾਰੇ ਪਾਹਿਂ॥*** ਤਾਂ ਤਾਰੂ ਸਿੰਘ ਨੇ ਉਸ ਨੂੰ ਕਿਹਾ, 'ਓ ਨਵਾਬ! ਸਾਨੂੰ ਤੂੰ ਜੂਤ ਦੱਸਦਾ ਹੈਂ, ਇਹ ਜੁੱਤੀਆਂ ਤੇਰੇ ਸਿਰ ਵੱਜਣਗੀਆਂ, ਦੇਖ ਤੂੰ ਖਾਲਸੇ ਦਾ ਪੰਜਾ।

***ਜੋ ਸਿਖ ਪੂਰੇ ਸਤਿਗੁਰੂ ਤਿਨ ਸਿਰ ਕੇਸ ਨਿਬਾਹਿਂ॥੧੩॥*** ਜਿਹੜੇ ਸਤਿਗੁਰੂ ਦੇ ਪੂਰੇ ਸੂਰੇ ਸਿੰਘ ਹਨ, ਉਹਨਾਂ ਦੀ ਸਿਰ ਤੇ ਕੇਸਾਂ ਨਾਲ ਸਿੱਖੀ ਨਿਭੇਗੀ, ਉਹਨਾਂ ਦੇ ਕੇਸ ਨਹੀਂ ਤੂੰ ਦੂਰ ਕਰ ਸਕਦਾ, ਉਹ ਸਾਥ ਹੀ ਜਾਣਗੇ। ੧੩।

***ਚੌਪਈ॥ ਤਬ ਨਵਾਬ ਨੇ ਨਊਏ ਲਗਾਏ॥*** ਤਦ ਨਵਾਬ ਨੇ ਨਾਈਆਂ ਨੂੰ ਭਾਈ ਤਾਰੂ ਸਿੰਘ ਦੇ ਕੇਸ ਕੱਟਣ ਵਾਸਤੇ ਲਗਾ ਦਿੱਤਾ ਹੈ।

***ਉਨ ਕੇ ਸੰਦ ਖੁੰਢੇ ਹੋ ਆਏ॥*** ਜਦੋਂ ਕੇਸਾਂ ਉੱਤੇ ਉਹ ਕੈਂਚੀਆਂ ਲਾਉਣ ਲੱਗੇ, ਤਾਂ ਉਹ ਖੁੰਢੀਆਂ ਹੋ ਗਈਆਂ, ਉਹ ਕੰਮ ਹੀ ਨਾ ਦੇਣ, ਭਾਈ ਤਾਰੂ ਸਿੰਘ ਜੀ ਦਾ ਇਕ ਵੀ ਰੋਮ ਨਾ ਕੱਟ ਸਕੇ।

***ਜਿਮ ਜਿਮ ਨਊਏ ਫੇਰ ਲਗਾਵੈਂ॥*** ਜਿਵੇਂ ਨਾਈ ਆਪਣੇ ਸੰਦਾਂ ਨੂੰ ਤਿੱਖੇ ਕਰ-ਕਰ ਕੇ ਫਿਰ ਕੇਸਾਂ ਦੇ ਨੇੜੇ ਕਰਦੇ ਹਨ।

***ਤਿਮ ਤਿਮ ਉਨ ਹਥ ਭੈੜੇ ਪਾਵੈਂ॥੧੪॥*** ਹੱਥ ਭੈੜੇ ਪੈ ਗਏ ਹਨ, ਹੱਥ ਨਹੀਂ ਕੰਮ ਕਰਦੇ, ਸੁੰਨ ਹੋ ਗਏ ਹੱਥ ਉਨ੍ਹਾਂ ਦੇ, ਉਹ ਕੈਂਚੀਆਂ ਫੜੀਆਂ ਹੀ ਨਹੀਂ ਜਾਂਦੀਆਂ ਉਨ੍ਹਾਂ ਦੇ ਹੱਥਾਂ ਨਾਲ। ੧੪।

***ਜਿਮ ਜਿਮ ਨਊਅਨ ਨਵਾਬ ਡਰਾਵੈ॥*** ਜਿਵੇਂ-ਜਿਵੇਂ ਨਵਾਬ ਨਾਈਆਂ ਨੂੰ ਦਬਕੇ ਮਾਰਦਾ ਹੈ, ਓਇ ਬੇਈਮਾਨੋ! 'ਓ ਤੁਸੀਂ ਕਿਉਂ ਨਹੀਂ ਉਤਾਰਦੇ, ਕਿਉਂ ਨਹੀਂ ਤੁਹਾਡੀ ਕੈਂਚੀ ਕੱਟਦੀ , ਜਿਵੇਂ-ਜਿਵੇਂ ਨਾਈਆਂ ਨੂੰ ਡਰਾਉਂਦਾ ਹੈ ਨਵਾਬ'।

***ਤਿਮ ਤਿਮ ਨਊਅਨ ਹਥ ਕੰਪਾਵੈਂ॥*** ਓਵੇਂ-ਓਵੇਂ ਹੀ ਨਾਈਆਂ ਦੇ ਹੱਥ ਕੰਬਣ ਲੱਗ ਪਏ ਹਨ, ਕੈਂਚੀਆਂ ਉਹਨਾਂ ਦੇ ਹੱਥਾਂ ਵਿੱਚੋਂ ਡਿੱਗ ਪਈਆਂ ਹਨ।

***ਕਲਾ ਖਾਲਸੇ ਤਬ ਐਸੀ ਕਈ॥*** ਖਾਲਸੇ ਦੀ ਐਸੀ ਕਲਾ ਹੋਈ ਹੈ ਕਿਉਂਕਿ ਪੂਰਾ ਸੂਰਾ ਗੁਰੂ ਕਾ ਸਿੱਖ ਹੈ ਨਾ, ਉਸ ਨੇ ਕਿਹਾ ਜੋ ਪੂਰੇ ਗੁਰੂ ਕੇ ਸਿੱਖ ਹਨ, ਉਹਨਾਂ ਉਤੇ ਤੇਰਾ ਨਹੀਂ ਕੁਛ ਜ਼ੋਰ ਚੱਲ ਸਕਦਾ।

***ਨਊਅਨ ਦ੍ਰਿਸ਼ਟ ਮੰਦ ਤਬ ਭਈ॥੧੫॥*** ਜਿਉਂ ਨਵਾਬ ਦਬਕੇ ਮਾਰਦਾ ਹੈ, ਨਾਈਆਂ ਨੂੰ, ਉਹਨਾਂ ਦੇ ਹੱਥ ਭੈੜੇ ਪੈ ਗਏ, ਉਹਨੇ ਦੇ ਸਰੀਰ ਕੰਮ ਕਰਨੋਂ ਹਟ ਗਏ, ਉਹਨਾਂ ਦੀ ਨਜ਼ਰ ਬੰਦ ਹੋ ਗਈ ਹੈ, ਐਸੀ ਦਸ਼ਾ ਹੋ ਗਈ ਹੈ ਨਾਈਆਂ ਦੀ। ੧੫।

***ਨਵਾਬ ਕਹਯੋ, ਇਨ ਜਾਦੂ ਚਲਾਯਾ॥*** ਨਵਾਬ ਕਹਿਣ ਲੱਗਾ, ਇਸ ਨੇ ਤਾਂ ਕੋਈ ਜਾਦੂ ਚਲਾ ਦਿੱਤਾ ਹੈ, ਕੋਈ ਨਾ ਕੋਈ ਮੰਤ੍ਰ ਪੜ੍ਹ ਦਿੱਤਾ ਹੈ ਇਹਨਾਂ ਉਤੇ।

***ਕੈ ਨਊਅਨ ਕਛੁ ਲੱਬ ਦਿਵਾਯਾ॥*** ਜਾਂ ਇਸ ਨੇ ਨਾਈਆਂ ਨੂੰ ਕੋਈ ਲੋਭ ਦੇ ਦਿੱਤਾ ਹੈ ਕਿ ਮੈਂ ਤੁਹਾਨੂੰ ਪੈਸੇ ਦੇ ਦਿਆਂਗਾ, ਕੋਈ ਲਾਲਚ ਕਹਿ ਦਿੱਤਾ ਹੈ।

***ਅਬ ਲਯਾਵੋ ਮੋਚੀ ਦੋ ਚਾਰ॥*** ਨਵਾਬ ਨੇ ਹੁਕਮ ਦੇ ਦਿੱਤਾ ਕਿ ਜਾਓ ਜਾ ਕੇ ਦੋ ਚਾਰ ਮੋਚੀ ਲੈ ਕੇ ਆਓ, ਜੋੜੇ ਗੰਢਣ ਵਾਲੇ।

***ਖੋਪਰੀ ਸਾਥ ਦਿਹੁ ਬਾਲ ਉਤਾਰ॥੧੬॥*** ਇਸ ਦੀ ਖੋਪਰੀ ਦੇ ਸਮੇਤ ਇਸ ਦੇ ਕੇਸ ਦੂਰ ਕਰ ਦਿਉ। ੧੬।

***ਤਬ ਸਿੰਘ ਜੀ ਬਹੁ ਭਲੀ ਮਨਾਈ॥*** ਪ੍ਰਮੇਸ਼ਰ ਦਾ ਭਾਣਾ ਤਾਂ ਮੰਨਣਾ ਹੈ, ਏਥੇ ਰਹਿਣਾ ਕਿਸੇ ਨਹੀਂ, ਸੰਸਾਰ ਤੋਂ ਚਲੇ ਜਾਣਾ ਹੈ, ਤਦ ਤਾਰੂ ਸਿੰਘ ਜੀ ਨੇ ਬਹੁਤ ਇਸ ਦੀ ਖ਼ੁਸ਼ੀ ਮਨਾਈ ਹੈ ਕਿ ਇਹ ਠੀਕ ਹੈ, ਇਹ ਹੁਕਮ ਇਸ ਨੇ ਚੰਗਾ ਦਿੱਤਾ ਹੈ।

***'ਸਾਥ ਕੇਸਨ ਕੇ ਖੋਪਰੀ ਜਾਈ॥*** ਮੇਰੇ ਕੇਸ ਤਾਂ ਖੋਪਰੀ 'ਤੇ ਲੱਗੇ ਰਹਿਣਗੇ ਨਾ, ਨਾਲ ਹੀ ਜਾਇਗੀ ਖੋਪਰੀ ਲਹਿ ਕੇ, ਮੇਰੇ ਕੇਸ ਨਹੀਂ ਲਾਹ ਸਕਣਗੇ।

***ਤੌ ਭੀ ਹਮਰੋ ਬਚਨ ਰਹਾਈ॥*** ਤਾਂ ਵੀ ਸਾਡਾ ਬਚਨ ਰਹਿ ਜਾਇਗਾ, ਮੈਂ ਜੋ ਕਿਹਾ ਹੈ ਕਿ ਮੇਰੇ ਕੇਸਾਂ-ਸੁਆਸਾਂ ਨਾਲ ਨਿਭੇਗੀ ਸਿੱਖੀ, ਉਹ ਪੂਰਾ ਹੋਵੇਗਾ।

***ਸਿਖੀ ਕੀ ਗੁਰ ਪੈਜ ਰਖਾਈ॥੧੭॥*** ਸਤਿਗੁਰੂ ਨੇ ਕ੍ਰਿਪਾ ਕੀਤੀ ਹੈ, ਉਨ੍ਹਾਂ ਨੇ ਪੈਂਜ ਰੱਖ ਲਈ ਹੈ, ਸਿੱਖੀ ਦੀ। ੧੭।

***'ਅਕਾਲ, ਅਕਾਲ' ਸਿੰਘ ਜਾਪ ਉਚਾਰੇ॥*** ਭਾਈ ਤਾਰੂ ਸਿੰਘ ਜੀ 'ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ' ਦੇ ਜਾਪ ਦਾ ਉਚਾਰਨ ਕਰ ਰਿਹਾ ਹੈ।

***ਸੁਣ ਨਵਾਬ ਮੂੰਦੇ ਕੰਨ ਸਾਰੇ॥*** ਨਵਾਬ ਦੇ ਸਮੇਤ ਜੋ ਕਾਜ਼ੀ ਮੁਲਾਣੇ ਤੇ ਵਜ਼ੀਰ ਆਦਿਕ ਸਨ, ਉੱਥੇ, ਉਨ੍ਹਾਂ ਨੇ ਆਪਣੇ ਕੰਨਾਂ ਵਿਚ ਉਂਗਲੀਆਂ ਦੇ ਲਈਆਂ ਤਾਂ ਕਿ ਸਤਿ ਸ੍ਰੀ ਅਕਾਲ ਦਾ ਜਾਪ ਉਹਨਾਂ ਨੂੰ ਨਾ ਸੁਣੇ, ਸਾਡੇ 'ਤੇ ਅਸਰ ਨਾ ਹੋ ਜਾਵੇ ਇਹਨਾਂ ਦੀ ਕਲਾਮ ਦਾ।

***ਤਬ ਨਵਾਬ ਬਹੁ ਕ੍ਰੋਧਹਿ ਭਰਾ॥*** ਖਾਲਸੇ ਤੋਂ ਜੈਕਾਰੇ ਸੁਣ ਕੇ ਸਿੰਘ ਨੂੰ ਗੱਜਦਾ ਸੁਣ ਕੇ ਤਦ ਨਵਾਬ ਬੜੇ ਕਰੋਧ ਵਿਚ ਹੋ ਗਿਆ ਹੈ।

***ਸੋਊ ਹੁਕਮ ਉਨ ਮੋਚੀਅਨ ਕਰਾ॥੧੮॥*** ਉਹੀ ਹੁਕਮ ਉਹਨਾਂ ਮੋਚੀਆਂ ਨੂੰ ਕੀਤਾ ਹੈ। ੧੮।

***ਇਸ ਕੀ ਖੋਪਰੀ ਸਾਥੇ ਬ਼ਾਲ॥*** ਕੇਸਾਂ ਸਮੇਤ ਇਸ ਦੀ ਖੋਪਰੀ।

***ਕਾਟ ਉਤਾਰੋ ਰੰਬੀ ਨਾਲ॥*** ਰੰਬੀਆਂ ਨਾਲ ਕੱਟ ਕੇ ਇਸ ਦਾ ਖੋਪਰ ਲਾਹ ਦਿਉ ਸਿਰ ਦੇ ਉੱਤੋਂ।

***ਤਬੈ ਕਸਾਇਨ ਵੈਸੀ ਕਰੀ॥*** ਤਦੋਂ ਉਨ੍ਹਾਂ (ਕਸਾਇਨ) ਕਸਾਈ ਮੋਚੀਆਂ ਨੇ, ਜਿਨ੍ਹਾਂ ਦੇ ਧਰਮ ਵਿਚ ਦਇਆ ਉੱਕਾ ਹੀ ਨਹੀਂ ਹੈ, ਉਸੇ ਤਰ੍ਹਾਂ ਕੀਤਾ ਹੈ।

***ਕਰ ਪੈਨੀ ਸਿਰ ਰੰਬੀ ਧਰੀ॥੧੯॥*** ਰੰਬੀ ਨੂੰ (ਪੈਨੀ) ਤਿੱਖੀ ਕਰਕੇ ਸਿਰ 'ਤੇ ਰੱਖਿਆ ਹੈ, ਮੱਥੇ 'ਤੇ। ੧੯।

***ਦੋਹਰਾ॥ ਪੈਨੀ ਥੀ ਰੰਬੀ ਕਰੀ, ਧਰ ਮੱਥਯੋ ਦਈ ਦਬਾਇ॥*** ਰੰਬੀ ਜੋ ਤਿੱਖੀ ਕੀਤੀ ਹੋਈ ਸੀ, ਉਸ ਨੂੰ ਮੱਥੇ 'ਤੇ ਰੱਖ ਕੇ ਦਬਾ ਦਿੱਤਾ, ਖੋਪਰੀ ਦਾ ਜੋੜ ਮੱਥੇ 'ਤੇ ਹੁੰਦਾ ਹੈ ਪਿਆਲੇ ਵਾਂਗ, ਉਹਨਾਂ ਨੇ ਮੱਥੇ 'ਤੇ ਰੱਖ ਕੇ ਦਬਾਇਆ, ਜਦੋਂ ਰੰਬੀ ਨੂੰ।

***ਮੱਥੇ ਤੇ ਕੰਨਾਂ ਤਈ, ਗਿਚੀਓਂ ਦਈ ਪੁਟਾਇ॥੨੦॥*** ਮੱਥੇ ਤੋਂ ਕੰਨਾਂ ਤੱਕ ਜਿਥੇ-ਜਿਥੇ ਖੋਪਰੀ ਦਾ ਜੋੜ ਸੀ, ਗਿੱਚੀ ਤੋਂ ਲਿਆ ਕੇ, ਗਿੱਚੀ ਤੋਂ ਰੰਬੀ ਨਾਲ ਸਾਰਾ ਖੋਪਰ ਦੁਆਲਿਓਂ ਲਾਹ ਦਿੱਤਾ। ੨੦।

***ਚੌਪਈ॥ ਸਿੰਘ ਜੀ ਮੁਖ ਤੇ ਸੀ ਨ ਕਰੀ॥*** ਭਾਈ ਤਾਰੂ ਸਿੰਘ ਨੇ ਆਪਣੇ ਮੁਖੋਂ ਸੀ ਤੱਕ ਨਾ ਕੀਤਾ , ਉਸੇ ਤਰ੍ਹਾਂ ਹੀ ਨਾਮ ਰੰਗ ਵਿਚ ਜੁੜੇ ਰਹੇ। ਨਾਮ ਸਿਮਰਣ ਹੀ ਕਰੀ ਗਏ, ਪ੍ਰਮੇਸ਼ਰ ਗੁਰੂ ਨੂੰ ਹੀ ਧਿਆਈ ਜਾਂਦੇ ਹਨ। ਅਚੱਲ ਬੈਠੇ ਹਨ।

***ਧੰਨ ਧੰਨ ਗੁਰਮੁਖ ਕਹਣੀ ਸਰੀ॥*** ਮੁਖ ਤੋਂ ਧੰਨ ਗੁਰੂ, ਧੰਨ ਗੁਰੂ ਇਹ ਹੀ ਸ਼ਬਦ ਨਿਕਲਿਆ, ਹੋਰ ਨਹੀਂ ਕੋਈ ਸ਼ਬਦ ਨਿਕਲਿਆ।

***ਹਕਾਰੋ. ਦੇਖ ਲੋਕ ਬਹੁ ਭਰੇ॥*** ਖਾਨੂੰ ਦਾ ਇਹ ਕਾਰਾ ਵੇਖ ਕੇ ਜੋ ਇਹਨਾਂ ਨੇ ਜ਼ੁਲਮ ਕੀਤਾ, ਲੋਕਾਂ ਦੇ ਸਾਹ ਚੜ੍ਹ ਗਏ ਕਿ ਐਨਾ ਜ਼ੁਲਮ! ਇਨਸਾਨ ਦੀ ਖੋਪਰੀ ਲਹਿੰਦੀ ਹੋਵੇ ਤੇ ਉਹ ਸੀ ਤੱਕ ਨਹੀਂ ਵੱਟ ਰਿਹਾ। ਇਹ ਕੀ ਕਰ ਰਹੇ

ਨੇ ਦੁਸ਼ਟ, ਇਹਨਾਂ ਨੂੰ ਕੋਈ ਦਇਆ ਨਹੀਂ, ਇਉਂ ਵੇਖ ਕੇ ਲੋਕਾਂ ਦੇ ਸਾਹ ਫੁਲ ਗਏ, ਜਿੰਨੇ ਵੇਖਣ ਵਾਲੇ ਸਨ।

***ਜੋ ਸੋਅ ਸੁਨੈਂ ਸੁ ਹੈ ਹੈ ਕਰੈ॥੨੧॥*** ਜੋ ਵੀ ਇਹ ਖ਼ਬਰ ਸੁਣ ਦਾ ਹੈ, ਹੈ, ਹੈ, ਕਰਦਾ ਹੈ, ਅਫਸੋਸ ਕਰਦੇ ਹਨ, ਅਤੀ ਦੁਖ ਮਨਾਉਂਦੇ ਹਨ, ਸੁਣਨ ਵਾਲੇ ਹਾਹਾਕਾਰ ਕਰ ਉੱਠਦੇ ਹਨ। ਓਹੋ ਐਡਾ ਕਹਿਰ, ਐਡਾ ਪ੍ਰਮੇਸ਼ਰ ਦੇ ਬੰਦਿਆਂ ਉਤੇ ਜ਼ੁਲਮ ਕਰਨ ਲੱਗੇ ਨੇ। ੨੧।

***ਲੋਕ ਸਿਆਣੇ ਐਸੇ ਕਹੈਂ॥*** ਜਿਹੜੇ ਸਿਆਣੇ ਪੁਰਸ਼ ਸਨ, ਜਿਹੜੇ ਇਹ ਜਾਣਦੇ ਸਨ ਕਿ ਖਲਕ ਖ਼ਾਲਕ ਦੀ ਹੈ, ਉਹ ਇਸ ਤਰ੍ਹਾਂ ਕਹਿੰਦੇ ਹਨ।

***ਪਤਿਸ਼ਾਹੀ ਇਨ ਕੀ ਨਾ ਰਹੈਂ॥*** ਐ ਖੁਦਾਵੰਦ ! ਐ ਪ੍ਰਮੇਸ਼ਰ ! ਇਹਨਾਂ ਦੁਸ਼ਟਾਂ ਦੀ ਦੁਨੀਆਂ 'ਤੇ ਪਾਤਸ਼ਾਹੀ ਨਾ ਰਹੇ, ਇਹਨਾਂ ਦਾ ਰਾਜ ਨਾਸ ਹੋ ਜਾਵੇ।

***ਠਾਰਾਂ ਸੈ ਊਪਰ ਦੁਇ ਸਾਲ॥*** ਅਠਾਰਾਂ ਸੋ ਦੋ ਸੰਮਤ ਬਿਕ੍ਰਮੀ ਨੂੰ (੧੮੦੨)।

***ਸਾਕਾ ਕੀਓ ਤਾਰੂ ਸਿੰਘ ਨਾਲ॥੨੨॥*** ਭਾਈ ਤਾਰੂ ਸਿੰਘ ਜੀ ਨਾਲ ਐਸਾ ਜ਼ੁਲਮ ਨਾਲ ਭਰਿਆ ਸਾਕਾ ਕੀਤਾ ਹੈ, ਦੁਸ਼ਟਾ ਨੇ। ੨੨।

***ਸਤਾਰਾਂ ਸੈ ਇਕਾਨਵੇਂ ਸਾਲ॥*** ਸਤਾਰਾਂ ਸੌ ਇਕਾਨਵੇਂ (੧੭੯੧) ਸੰਮਤ ਬਿਕ੍ਰਮੀ ਵਿਚ।

***ਇਸੇ ਕਹੀ ਥੀ ਹਕੀਕਤ ਨਾਲ॥*** ਏਸੇ ਖਾਨੂੰ ਨਵਾਬ ਨੇ ਹਕੀਕਤ ਰਾਇ ਨਾਲ ਕੀਤੀ ਸੀ, ਹਕੀਕਤ ਰਾਏ ਨੂੰ ਵੀ ਏਸੇ ਨੇ ਹੀ ਸ਼ਹੀਦ ਕੀਤਾ ਸੀ।

***ਉਸ ਤੇ ਸਰੀ ਨਹੀਂ ਥੀ ਕਾਈ॥*** ਉਸ ਤੋਂ ਤਾਂ ਕੁਝ ਨਹੀਂ ਸਰਿਆ, ਹਕੀਕਤ ਰਾਇ ਦੀ ਸ਼ਹੀਦੀ ਤਾਂ ਕੁਝ ਨਾ ਵਿਗਾੜ ਸਕੀ ਇਸ ਦਾ।

***ਸਗਵੋਂ ਨਵਾਬ ਗਯੋ ਚੰਬਲਾਈ॥੨੩॥*** ਸਗੋਂ ਨਵਾਬ ਚਾਮਲ ਗਿਆ ਕਿ ਇਹ ਕੀ ਧਰਮੀ ਹੁੰਦੇ ਨੇ, ਧਰਮ ਦੀ ਗੱਲ ਤਾਂ ਐਵੇ ਮਮੂਲੀ ਹੀ ਹੈ। ੨੩।

***ਦੋਹਰਾ॥ ਨਵਾਬ ਖਾਂ ਜ਼ੁਲਮੀ ਕਰੀ, ਸ਼ੁਹਰਤ ਭਈ ਜਹਾਨ॥*** ਖਾਨੂੰ ਨਵਾਬ ਨੇ ਇਹ ਜੋ ਜ਼ੁਲਮ ਕੀਤਾ ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰਨ ਦਾ, ਇਸ ਦੀ ਸ਼ੁਹਰਤ ਸਾਰੀ ਦੁਨੀਆਂ ਵਿਚ ਫੈਲ ਗਈ।

***ਦਿਲਗੀਰੀ ਸਿੰਘਨ ਭਈ, ਔ ਖੁਸ਼ੀਅਨ ਮੁਸਲਮਾਨ॥੨੪॥*** ਸਿੰਘਾਂ ਨੂੰ ਬੜੀ ਦਿਲਗੀਰੀ ਹੋਈ, ਓਹੋ! ਐਡਾ ਜ਼ੁਲਮ ਕੀਤਾ ਬੇਈਮਾਨਾਂ ਨੇ ਅਤੇ ਮੁਸਲਮਾਨਾਂ ਵਿਚ ਖੁਸ਼ੀਆਂ ਫੈਲ ਗਈਆਂ ਕਿ ਸਾਡਾ ਨਵਾਬ ਬੜਾ ਸ਼ਰਈ ਹੈ। ੨੪।

***ਧਰਮਸਾਲ ਸਿੱਖਨ ਹੁਤੀ ਤਾਮੇਂ ਦੀਨੋ ਪਾਇ॥*** ਭਾਈ ਤਾਰੂ ਸਿੰਘ ਦਾ ਖੋਪਰ ਉਤਾਰ ਦਿੱਤਾ ਗਿਆ ਹੈ। ਉਰਲੇ ਪਾਸੇ ਸੜਕ ਦੇ ਸ਼ਹੀਦ ਗੰਜ ਲਹੌਰ ਵਿਚ, ਸੜਕ ਦੇ ਦੂਜੇ ਪਾਸੇ ਧਰਮਸ਼ਾਲਾ ਹੈ ਲੰਡੇ ਬਜ਼ਾਰ ਵਿਚ, ਅੱਜ ਤੱਕ ਵੀ ਜੋ ਲਹੌਰ ਕਚਹਿਰੀ ਵਿਚ ਕਿਸੇ ਦਾ ਕੇਸ ਲਗਦਾ ਸੀ, ਸਿਖ ਸੰਗਤਾਂ ਉਥੇ ਜਾਂਦੀਆਂ ਤੇ ਪ੍ਰਸ਼ਾਦ ਕਰਾਉਂਦੀਆਂ ਅਤੇ ਸੁਖਣਾਂ ਸੁਖਦੇ ਮਹਾਰਾਜ ! ਸਾਡਾ ਇਹ ਕੇਸ ਬਰੀ ਹੋ ਜਾਵੇ, ਸ਼ਹੀਦੋ ! ਭਾਈ ਤਾਰੂ ਸਿੰਘ ਜੀ ! ਅਸੀਂ ਤੇਰੇ ਦਰਬਾਰ 'ਚ ਲਿਆ ਕੇ ਪ੍ਰਸ਼ਾਦ ਚੜ੍ਹਾਵਾਂਗੇ, ਸੋ ਇਸ ਤਰ੍ਹਾਂ ਕਰਕੇ ਉਹ ਜਾਂਦਾ ਹੀ ਬਰੀ ਹੋ ਜਾਂਦਾ, ਭਾਈ ਤਾਰੂ ਸਿੰਘ ਨੂੰ ਧਰਮਸ਼ਾਲਾ ਵਿਚ ਜਾ ਬਿਠਾਇਆ ਹੈ।

***ਜਬ ਨਿਕਸੈਂਗੇ ਪ੍ਰਾਣ ਇਸ, ਤਬ ਤੁਮ ਦਯੋ ਫੁਕਾਇ॥੨੫॥*** ਇਹ ਆਮ ਸਿੱਖਾਂ ਨੂੰ ਕਹਿ ਛੱਡਿਆ ਕਿ ਜਦੋਂ ਇਸ ਦੇ ਪ੍ਰਾਣ ਨਿਕਲ ਜਾਣਗੇ, ਫੇਰ ਤੁਸੀਂ ਇਸ ਦਾ ਸਸਕਾਰ ਕਰ ਦੇਣਾ। ੨੫।

***ਚੌਪਈ॥ ਸਿੰਘ ਜੀ ਮੁੱਖੋਂ ਹਾਇ ਨ ਕਰੈ॥*** ਭਾਈ ਤਾਰੂ ਸਿੰਘ ਜੀ ਦੂਸਰੇ ਲੋਕਾਂ ਵਾਂਗ ਆਪਣੇ ਮੁੱਖੋਂ ਹਾਇ, ਹਾਇ ਨਹੀਂ ਕਹਿੰਦੇ ਹਨ।

***ਗੁਰੂ ਗੁਰੂ ਮੁਖ ਤੇ ਸੋ ਰਰੈ॥*** ਆਪਣੇ ਮੁਖਾਰਬਿੰਦ ਤੋਂ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰੀ ਜਾਂਦੇ ਹਨ।

***ਸੀਸ ਰਕਤ ਸੋਂ ਕਰੈ ਸ਼ਨਾਨ॥*** ਜੋ ਸਿਰ ਵਿੱਚੋਂ ਖ਼ੂਨ ਨਿਕਲ ਰਿਹਾ ਹੈ, ਉਸ ਦੇ ਨਾਲ ਇਸ਼ਨਾਨ ਹੋ ਰਿਹਾ ਹੈ, ਸਰੀਰ ਦਾ।

***ਜਿਉਂ ਗੰਗਾ ਮੇਂ ਟੁਭੀ ਲਾਨ॥੨੬॥*** ਜਿਵੇਂ ਗੰਗਾ ਵਿਚ ਟੁੱਭੀਆਂ ਲਾਈਦੀਆਂ ਹਨ, ਇਉਂ ਸਿੰਘ ਨੇ ਖ਼ੂਨ ਵਿਚ ਇਸ਼ਨਾਨ ਕੀਤਾ ਹੈ। ੨੬।

***ਜਿਮ ਮਨਸੂਰ ਨੇ ਹਥ ਕਟਾਏ॥*** ਜਿਵੇਂ ਮਨਸੂਰ ਨੇ ਆਪਣੇ ਹੱਥ ਕਟਵਾ ਲਏ ਸਨ।

***ਤਿਨ ਲੋਹੂ ਸੋਂ ਵਜ਼ੂ ਸਜਾਏ॥*** ਉਸ ਨੇ ਆਪਣੇ ਖ਼ੂਨ ਦੇ ਨਾਲ (ਵੁਜ਼ੂ) ਪੰਜ ਸ਼ਨਾਨਾ ਕੀਤਾ ਸੀ।

***ਨਿਵਾਜ਼ ਭਈ ਉਸ ਦਰਗਹ ਕਬੂਲ॥*** ਲਹੂ ਨਾਲ ਪੰਜ ਸ਼ਨਾਨਾ ਕਰਕੇ ਜਦੋਂ ਉਸ ਨੇ ਨਿਮਾਜ਼ ਪੜੀ, ਉਹ ਸੱਚੀ ਦਰਗਾਹ ਜਾ ਕੇ ਪ੍ਰਵਾਣ ਹੋ ਗਈ, ਮਨਸੂਰ ਦੀ।

***ਮੁੱਲਾਂ ਕਾਜੀ ਭਏ ਰਜੂਲ॥੨੭॥*** ਮੁੱਲਾਂ ਕਾਜ਼ੀ ਜਿਨ੍ਹਾਂ ਨੇ ਹੱਥ ਕੱਟਣ ਦਾ ਫਤਵਾ ਦਿੱਤਾ ਸੀ, ਉਹ ਬੜੇ ਹੀ ਦੁਖੀ ਹੋਏ। ੨੭।

***ਦੋਹਰਾ॥ ਉਸ ਹੀ ਦਿਨ ਸੁ ਨਵਾਬ ਨੇ ਪੁਛ ਭੇਜਯੋ ਸਿੰਘ ਜੀ ਪਾਹੁ॥*** ਜਿਸ ਦਿਨ ਖੋਪਰੀ ਲਾਹੀ ਗਈ, ਤਾਰੂ ਸਿੰਘ ਨੂੰ ਧਰਮਸ਼ਾਲਾ ਵਿਚ ਬਿਠਾ ਦਿੱਤਾ, ਨਵਾਬ ਚਾਮਲ ਗਿਆ ਕਿ ਮੇਰਾ ਕੀ ਵਿਗਾੜ ਸਕਿਆ ਇਹ, ਮੈਂ ਤਾਂ ਉਸੇ ਤਰ੍ਹਾਂ ਹੀ ਸੌਖਾ ਬੈਠਾ ਹਾਂ,ਨਵਾਬ ਨੇ ਉਸੇ ਦਿਨ ਬੰਦੇ ਭੇਜੇ ਤਾਰੂ ਸਿੰਘ ਕੋਲ, ਕਿ ਜਾਓ! ਪੁਛ ਕੇ ਆਉ।

***ਤੂੰ ਜੋ ਕਹਤ ਥੋ ਕੇਸ ਹਮ ਸੀਸ ਹੀ ਸਾਥ ਨਿਬਾਹੁ॥੨੮॥*** ਤੂੰ ਜਿਹੜੀ ਗੱਲ ਕਰਦਾ ਸੀ ਕਿ ਮੇਰੀ ਸਿੱਖੀ ਕੇਸਾਂ ਸੁਆਸਾਂ ਸੰਗ ਨਿਭੇਗੀ। ੨੮।

***ਚੌਪਈ॥ ਯਹ ਤੁਮਰੀ ਭਈ ਝੂਠੀ ਗੱਲ॥*** ਇਹ ਤਾਂ ਤੇਰੀ ਗੱਲ ਝੂਠੀ ਨਿਕਲ ਗਈ ਤਾਰੂ ਸਿੰਘਾ !

***ਗਏ ਬਾਲ ਲੈ ਕੇ ਸਿਰ ਖੱਲ॥*** ਤੇਰੇ ਕੇਸ਼ ਸਿਰ ਦੀ ਖੋਪਰੀ ਵੀ ਨਾਲ ਲੈ ਗਏ ਹਨ।

***ਬਿਨਾਂ ਬਾਲ ਸਿਰ, ਦੇਹੀ ਰਹੀ॥*** ਬਿਨਾਂ ਕੇਸਾਂ ਤੋਂ ਤੇਰਾ ਸਰੀਰ ਰਹਿ ਗਿਆ ਹੈ।

***ਦੋਊ ਬਾਤ ਤੁਝ ਝੂਠੀ ਭਈ॥੨੯॥*** ਤੇਰੀਆਂ ਦੋਵੇਂ ਗੱਲਾਂ ਝੂਠੀਆਂ ਹੋ ਗਈਆਂ। ਇਕ ਤਾਂ ਇਹ ਕਿਹਾ ਸੀ ਕਿ ਜੁੱਤੀ ਅੱਗੇ ਲਾ ਕੇ ਲੈ ਕੇ ਜਾਊਂਗਾ, ਦੂਜਾ ਇਹ ਕਿਹਾ ਸੀ ਕਿ ਮੇਰੀ ਸਿੱਖੀ ਕੇਸਾਂ ਨਾਲ ਨਿਭੇਗੀ, ਤੇਰੇ ਕੇਸ ਖੋਪਰੀ ਸਮੇਤ ਲੱਥੇ ਪਏ ਨੇ, ਇਹ ਦੋਵੇ ਗੱਲਾਂ ਤੇਰੀਆਂ ਝੂਠੀਆਂ ਹੋ ਗਈਆ। ੨੯।

***ਤਬ ਸਿੰਘ ਨੇ ਯੌਂ ਬਾਨੀ ਕਹੀ॥*** ਤਦ ਸਿੰਘ ਜੀ ਨੇ ਇਉ ਉੱਤਰ ਦਿੱਤਾ ਹੈ।

***ਨਹਿੰ ਨਵਾਬ ਤੁਮ ਸਮਝੇ ਅਈ॥*** ਨਵਾਬ ਨੂੰ ਕਿਹਾ ਮੇਰੀ ਗੱਲ ਤੇਰੀ ਸਮਝ ਵਿਚ ਨਹੀਂ ਬੈਠੀ ਹੈ।

***ਰਹੇ ਕੇਸ ਹਮ ਖੋਪਰੀ ਨਾਲ॥*** ਮੇਰੇ ਕੇਸ ਤਾਂ ਨਹੀਂ ਉਤਾਰ ਸਕਿਆ, ਮੇਰੇ ਕੇਸ ਮੇਰੀ ਖੋਪਰੀ ਦੇ ਨਾਲ ਹਨ, ਮੇਰਾ ਸਰੀਰਕ ਅੰਗ ਤਾਂ ਵੱਖਰਾ ਕਰ ਦਿੱਤਾ, ਪਰ ਕੇਸ ਤਾਂ ਨਹੀਂ ਉਤਾਰ ਸਕਿਆ ਤੂੰ,ਇਹ ਮੇਰੀ ਗੱਲ ਸੱਚੀ ਹੈ।

***ਹੈਂ ਝੂਠੇ ਦੁਇ ਤੁਮਰੇ ਸੁਾਲ॥੩੦॥*** ਤੂੰ ਦੋਵੇਂ ਸੁਆਲ ਝੂਠੇ ਕੀਤੇ ਹਨ ਮੇਰੇ 'ਤੇ, ਇਹ ਤੇਰੇ ਦੋਵੇਂ ਸੁਆਲ ਗਲਤ ਹਨ। ੩੦।

***ਸੁਾਸ ਰਖੇ ਹਮ ਇਮ ਕਰ ਦੇਹ॥*** ਤੂੰ ਕਹਿੰਦਾ ਹੈਂ ਸੁਆਸ ਤੇਰੇ ਨਾਲ ਨੇ, ਸਵਾਸ ਏਸ ਕਰਕੇ ਸਰੀਰ ਵਿਚ ਰੱਖੇ ਹਨ ਮੈਂ।

***ਮਾਰ ਜੂਤ ਤੁਝ ਅਗੇ ਧਰ ਲੇਹਿਂ॥*** ਤੇਰੇ ਜੁੱਤੀਆਂ ਮਾਰ ਕੇ ਅੱਗੇ ਲਾ ਕੇ ਲੈ ਕੇ ਜਾਣਾ ਹੈ, ਇਸ ਕਰਕੇ ਮੈਂ ਸਰੀਰ ਕਰਕੇ ਜਿਉਂਦਾ ਬੈਠਾ ਹਾਂ।

***ਉਸਤਾਦ ਮਿਲਯੋ ਤੁਧ ਅਗੇ ਨ ਕੋਇ॥*** ਤੈਨੂੰ ਅਜੇ ਤੱਕ ਅੱਗੇ ਕੋਈ ਉਸਤਾਦ ਨਹੀਂ ਮਿਲਿਆ ਹੈ।

***ਖ਼ੂਨ ਹਕੀਕਤ ਪਚ ਗਯੋ ਤੋਇ॥੩੧॥*** ਤੈਨੂੰ ਹਕੀਕਤ ਰਾਇ ਦਾ ਖ਼ੂਨ (ਪਚ) ਹਜ਼ਮ ਹੋ ਗਿਆ ਨਾ, ਉਸ ਨੇ ਤੇਰਾ ਕੁਛ ਨਹੀਂ ਵਿਗਾੜਿਆ ਸੀ। ੩੧।

**ਮਾਰ ਜੂਤੀ ਧਰ ਲੇਊਂ ਆਗੇ॥** ਹੁਣ ਤੂੰ ਫਿਕਰ ਨਾ ਕਰ ਤਕੜਾ ਹੋ ਜਾ ਹੁਣ, ਤੈਨੂੰ ਅੱਗੇ ਰੱਖ ਕੇ ਲੈ ਕੇ ਜਾਣਾ ਹੈ ਮੈਂ।

**ਛੋਡਾ ਤੋਹਿ ਪਿਕੰਬਰ ਲਾਗੇ॥** ਛੱਡਾਂਗਾ ਕਿਥੇ? ਜਿਥੇ ਤੇਰਾ ਪੈਗੰਬਰ ਰਹਿੰਦਾ ਹੈ। ਉੱਥੇ ਦਰਗਾਹ ਵਿਚ ਉਸ ਦੇ ਸਾਮ੍ਹਣੇ ਲਿਜਾਣਾ ਜੁੱਤੀਆਂ ਮਾਰ ਕੇ।

**ਔਰ ਜੁ ਤੁਮਕੋ ਅਬ ਛਡ ਜਾਵੌਂ॥** ਅਤੇ ਜੇ ਤੈਨੂੰ ਜਿਉਂਦੇ ਜਾਗਦੇ ਨੂੰ ਏਥੇ ਛੱਡ ਜਾਵਾਂ।

**ਤੁਮ ਤੌਂ ਆਪੇ ਬਲੀ ਕਹਾਵੌਂ॥੩੨॥** ਤੂੰ ਤਾਂ ਆਪੇ ਹੀ ਕਹਿਣਾ ਹੈ ਕਿ ਮੈਂ ਬਲੀ ਹਾਂ, ਸਿੱਖਾਂ ਵਿਚ ਕੁਝ ਨਹੀਂ , ਸਿੱਖ ਕੁਝ ਨਹੀਂ ਕਿਸੇ ਦਾ ਵਿਗਾੜ ਸਕਦੇ, ਦੇਖ ਤੈਨੂੰ ਕਿਵੇਂ ਮੈਂ ਜੁੱਤੀ ਅੱਗੇ ਲਾ ਕੇ ਲਿਜਾਂਦਾ ਹਾਂ। ੩੨।

**ਛੋਡ ਪਿਕੰਬਰ ਤੁਝੈ ਦਿਖਾਲ॥** ਤੇਰੇ ਪੈਗੰਬਰ ਨੂੰ ਦਿਖਾਲ ਕੇ ਉੱਥੇ ਛੱਡੂ ਕਿ ਆਹ ਲੈ ਸਾਂਭ ਲੈ ਆਪ ਦੇ ਨੂੰ।

**ਦੇਊਂ ਉਸੈ ਕਚਹਿਰੀ ਡ਼ਾਲ॥** ਉਸ ਨੂੰ ਉਥੇ ਪ੍ਰਮੇਸ਼ਰ ਦੀ ਕਚਹਿਰੀ ਵਿਚ ਅਵਾਜ਼ ਪਵੇਗੀ, ਮੇਰੇ ਪੈਗੰਬਰ ਕਚਹਿਰੀ ਵਿਚ ਸੱਦਣਗੇ ਆ ਉਇ ਐਧਰ ! ਆਹ ਕੀ ਕਰਤੂਤ ਕਰਦੀ ਹੈ ਤੇਰੀ ਉਮੱਤ।

**ਵਹਿ ਤੁਹਿ ਕੂੜੀ ਭਰੇ ਸ਼ਫਾਤ॥** ਜੇ ਉਹ ਤੇਰੀ ਝੂਠੀ ਸਿਫਾਰਸ਼ ਕਰੇਗਾ ਉਥੇ, ਨਹੀਂ ਜੀ ਇਹ ਮੇਰਾ ਬੰਦਾ ਇਸ ਦਾ ਕੋਈ ਕਸੂਰ ਨਹੀਂ ਹੈ, ਇਹ ਝੂਠੀ ਗੱਲ ਹੈ।

**ਵਹਿ ਭੀ ਵਿਚ ਘਸੀਟਯੋ ਜਾਤ॥੩੩॥** ਤੇਰੇ ਪੈਕੰਬਰ ਨੂੰ ਵੀ ਨਾਲ ਹੀ ਫੜ ਲੈਣਾ ਉਥੇ, ਉਹ ਵੀ ਵਿਚੇ ਘੜੀਸ ਕੇ ਲੈ ਜਾਣਾ ਹੈ। ੩੩।

**ਦੋਹਰਾ॥ ਮਾਰ ਹਕੀਕਤ ਬਚ ਰਹਯੋਂ ਅਬ ਤੂੰ ਬਚਤੋ ਨਾਂਹਿ॥** ਅੱਗੇ ਬੇ-ਕਸੂਰੇ ਹਕੀਕਤ ਰਾਇ ਨੂੰ ਸ਼ਹੀਦ ਕਰ ਕੇ ਬਚ ਰਿਹਾ ਹੈਂ ਤੂੰ, ਹੁਣ ਨਹੀਂ ਤੂੰ ਬਚ ਸਕੇਂਗਾ ਤਕੜਾ ਹੋ ਜਾ।

**ਪਿਕੰਬਰ ਭੀ ਦੋਜਕ ਪੜੈ ਜੌ ਗਹੈ ਤੁਮਾਰੀ ਬਾਂਹਿ॥੩੪॥** ਜੇ ਤੇਰਾ ਪੈਕੰਬਰ ਤੇਰੀ ਬਾਂਹ ਫੜੇਗਾ ਤਾਂ ਉਹ ਵੀ ਤੇਰੇ ਨਾਲ ਹੀ (ਦੋਜ਼ਕਾਂ) ਨਰਕ ਵਿਚ ਪਵੇਗਾ ਉਹ ਵੀ ਛੁਟ ਨਹੀਂ ਸਕੇਗਾ। ੩੪।

**ਚੌਪਈ॥ ਕਹੋ ਜਾਇ ਹੋ ਰਹੁ ਮਜ਼ਬੂਤ॥** ਉਹ ਜਿਹੜਾ ਸੁਆਲ ਪੁੱਛਣ ਆਇਆ ਸੀ, ਉਸ ਨੂੰ ਸੁਨੇਹਾ ਦਿੱਤਾ, ਭਾਈ ਤਾਰੂ ਸਿੰਘ ਨੇ ਕਿ ਨਵਾਬ ਨੂੰ ਜਾ ਕੇ ਕਹੀਂ ਤਕੜਾਂ ਹੋ ਜਾ, ਖਾ ਪੀ ਲੈ ਜਿਹੜਾ ਕੁਛ ਕਰਨਾ ਹੈ ਕਰ ਲੈ, ਹੁਣ ਤੇਰੀ ਤਿਆਰੀ ਹੈ, ਹੁਣ ਸਾਡੀ ਵਾਰੀ ਹੈ।

**ਮਾਰੋਂ ਬੰਦ ਕਰ ਹਗਣੋ ਮੂਤ॥** ਜਾ ਉਸ ਨੂੰ ਕਹਿ ਦਿਉ ਤੇਰਾ ਹੱਗਣਾ ਮੂਤਣਾਂ ਬੰਦ। ਇਉਂ ਤੈਨੂੰ ਮਾਰਨਾ, ਦੁਖੀ ਕਰਕੇ।

**ਹੋਹੁ ਤਯਾਰ ਤੂੰ ਦੋਜਕ ਤਾਊਂ॥** ਨਰਕਾਂ ਵਿਚ ਜਾਣ ਨੂੰ ਤਿਆਰ ਹੋ ਜਾ, ਤੈਨੂੰ ਨਰਕਾਂ ਵਿਚ ਸੁੱਟਣਾ ਜਾ ਕੇ।

**ਮਾਰ ਜੂਤਨ ਤੁਹ ਪਹਿਲੋਂ ਲਿਜਾਊਂ॥੩੫॥** ਤੈਨੂੰ ਜੁੱਤੀਆਂ ਦੀ ਮਾਰ ਕਰਦਿਆਂ ਹੋਇ ਆਪ ਤੋਂ ਪਹਿਲਾਂ ਅੱਗੇ ਲਾ ਕੇ ਲਿਜਾਵਾਂਗਾ। ੩੫।

ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥

## (ਨਵਾਬ ਦਾ ਪਿਸ਼ਾਬ ਬੰਦ ਹੋਣਾ)

### ਸਾਖੀ ਨਵਾਬ ਕੋ ਤਸਦੀਹੇ ਜਾਨ ਕੰਦਨ ਕੇ ਅਜ਼ਾਬ ਕੀ

***ਦੋਹਰਾ॥ ਉਸ ਹੀ ਵਖਤ ਨਵਾਬ ਕੋ ਭਯੋ ਸੁ ਬੰਦ ਪਿਸ਼ਾਬ॥*** ਬੱਸ ਏਨਾ ਕਹਿਣ ਦੀ ਦੇਰ ਸੀ, ਓਸੇ ਵੇਲੇ ਪਿਸ਼ਾਬ ਬੰਦ ਹੋ ਗਿਆ ਉਸ ਦਾ, ਹੱਗਣਾਂ ਮੂਤਣਾਂ ਬੰਦ ਹੋ ਗਿਆ ਨਵਾਬ ਦਾ।

***ਯੌ ਤੜਫੈ ਜਿਮ ਥਲ ਮਛੀ, ਪਾਵਤ ਭਯੋ ਅਜ਼ਾਬ॥੧॥*** ਜਦੋਂ ਹੱਗਣਾਂ ਮੂਤਣਾਂ ਬੰਦ ਹੋ ਜਾਏ, ਫਿਰ ਉਸ ਨੂੰ ਪੁੱਛਿਆ ਜਾਣੀਏ, ਇਉਂ ਤੜਫੜਾ ਹੈ, ਜਿਵੇਂ ਮੱਛੀ ਪਾਣੀ ਵਿੱਚੋਂ ਕੱਢ ਕੇ ਥਲ ਵਿੱਚ ਸੁੱਟੀ ਹੁੰਦੀ ਹੈ, ਬੜਾ ਦੁਖ ਪਾ ਰਿਹਾ ਨਵਾਬ ਖਾਨੂੰ। ੧।

***ਚੌਪਈ॥ ਕਦੇ ਭੂਮ ਕਦੇ ਪਲੰਘ ਪਵੈ॥*** ਕਦੇ ਤਾਂ ਪਲੰਘ ਤੋਂ ਉਠਕੇ ਹੇਠਾਂ ਧਰਤੀ 'ਤੇ ਲੇਟਦਾ ਹੈ, ਮੂਤ ਬੰਦ ਹੋ ਗਿਆ ਹੈ, ਉਹ ਨਿਕਲਦਾ ਨਹੀਂ ਕਿਸੇ ਤਰ੍ਹਾਂ ਵੀ, ਇਉਂ ਤੜਫਣ ਲੱਗਿਆ।

***ਕਦੇ ਟਿਕੈ ਕਦੇ ਉਠ ਉਠ ਬਵੈ॥*** ਕਦੇ ਤਾਂ ਟਿਕ ਜਾਂਦਾ ਹੈ ਤੇ ਕਦੀ ਫਿਰ ਉਠ-ਉਠ ਕੇ ਬਹਿੰਦਾ ਹੈ, ਅਵੱਸ਼ਲੇ ਲੈਂਦਾ ਕਦੀ ਇਉਂ ਮਰੋੜਦਾ ਢਿੱਡ ਕਦੀ ਐਉਂ ਮਰੋੜਦਾ ਹੈ।

***ਕਦ ਊਧੋ ਕਦ ਮੂਧੋ ਹੋਇ॥*** ਕਦੀ ਮੂਧਾ ਪੈਂਦਾ ਹੈ, ਕਦੀ ਊਂਧਾ ਹੁੰਦਾ ਹੈ, ਕਦੇ ਸਿੱਧਾ ਵਿੰਗਾ ਹੁੰਦਾ ਹੈ।

***ਕਦ ਕੂਕੈ ਕਦ ਪਰੈ ਸੁ ਰੋਇ॥੨॥*** ਕਦੇ ਕੂਕਾਂ ਮਾਰਦਾ ਹੈ, ਓ ਮਰ ਗਿਆ, ਮਰ ਗਿਆ, ਮੈਨੂੰ ਛੁਡਾਵੇ ਕੋਈ ਤੇ ਕਦੀ ਰੋ ਪੈਂਦਾ ਹੈ, ਬੜੀ ਹੀ ਉੱਚੀ-ਉੱਚੀ। ੨।

***ਲਗੇ ਮੰਗਾਵਨ ਮੁੱਲਾਂ ਕਾਜ਼ੀ॥*** ਇਲਾਜ ਕਰਨ ਵਾਸਤੇ ਕਾਜ਼ੀ ਮੁਲਾਣਿਆਂ ਨੂੰ ਸੱਦਣ ਲੱਗੇ।

***ਕਹੈ, ਆਇ ਹਮ ਕਰੀਏ ਰਾਜ਼ੀ॥*** ਨਵਾਬ ਮੁਲਾਂ ਕਾਜ਼ੀਆਂ ਨੂੰ ਕਹਿੰਦਾ ਹੈ, ਆਓ ਮੈਨੂੰ ਆ ਕੇ ਹੁਣ ਰਾਜੀ ਕਰੋ।

***ਪੜ੍ਹ ਪੜ੍ਹ ਸ਼ੈਫ਼ੀ ਕਲਾਮਨ ਫੂਕੈਂ॥*** ਉਹ ਆਪਦੀਆਂ ਕਿਤਾਬਾਂ ਵਿੱਚੋਂ ਕਲਾਮਾਂ ਪੜ੍ਹਦੇ ਹਨ, ਸ਼ੈਫੀਆਂ ਉਨ੍ਹਾਂ ਦਾ ਨਾਮ ਹੈ ਕਲਾਮਾਂ ਦਾ ਤੇ ਫੂਕਾਂ ਮਾਰਦੇ ਨੇ।

***ਤਿਮ ਤਿਮ ਲਗੈ ਨਵਾਬ ਤਨ ਹੂਕੈਂ॥੩॥*** ਜਿਉਂ-ਜਿਉਂ ਉਹ ਪੜ੍ਹਦੇ ਹਨ ਮੰਤ੍ਰ ਤਿਉਂ-ਤਿਉਂ ਉਸ ਨੂੰ ਹੋਰ ਦੁਖ ਲਗਦਾ ਹੈ। ਕਿਉਂ ਕਿ ਗੱਲ ਉਲਟ ਹੈ ਹੁਣ, ਜਿਵੇਂ ਕਹਿੰਦੇ ਨੇ ਗੰਗਾ ਪਹੋਏ ਨੂੰ ਚਲੀ ਆ, ਹੁਣ ਉਸ ਦੀ ਕੀਤੀ ਦਾ ਫਲ ਉਸ ਨੂੰ ਮਿਲ ਰਿਹਾ ਹੈ। ੩।

***ਨੀਲਾ ਬਾਣਾ ਹਥ ਬਡ ਸੋਟੋ॥*** ਸ਼ਹੀਦ ਸਿੰਘ ਜਿਉਂ ਆ ਗਏ ਨੇ, ਨੀਲਾ ਬਾਣਾਂ ਜਿਨ੍ਹਾਂ ਦਾ ਹੱਥਾਂ ਵਿੱਚ ਸਲੋਤਰ ਹਨ। ਦੇਖੋ ਪੰਥ ਦੇ ਚਿੰਨ੍ਹ ਕਿਵੇਂ ਇਤਹਾਸ ਦੇ ਵਿਚ ਜ਼ਾਹਰ ਨੇ ਕਿ ਖਾਲਸੇ ਦਾ ਕੀ ਸਰੂਪ ਹੈ? ਹੱਥਾਂ ਵਿਚ ਸਲੋਤਰ ਫੜੇ ਹੋਏ ਹਨ, ਬੜੇ-ਬੜੇ ਮੋਟੇ, ਉਹਨਾਂ ਦਾ ਨੀਲਾ ਬਾਣਾ ਹੈ, ਦੁਮਾਲੇ ਤੇ ਚੱਕ੍ਰ ਫਬਦੇ ਹਨ।

***ਮਾਰੈਂ ਸ਼ਹੀਦ ਭੰਗ ਘੋਟਣੇ ਮੋਟੋ॥*** ਮੋਟੇ-ਮੋਟੇ ਸਲੋਤਰ ਸੁੱਖਾ ਘੋਟਣ ਵਾਲੇ ਸ਼ਹੀਦ ਸਿੰਘ ਮਾਰਦੇ ਹਨ, ਨਵਾਬ ਨੂੰ।

***ਜਿਮ ਜਿਮ ਪੀਰ ਪਿਕੰਬਰ ਧਯਾਵੈਂ॥*** ਜਿਉਂ-ਜਿਉਂ ਉਹ ਪੈਕੰਬਰਾਂ ਨੂੰ ਧਿਆਉਂਦਾ ਹੈ, ਆਪਣੇ ਪੀਰਾਂ ਨੂੰ ਯਾਦ ਕਰਦਾ ਹੈ।

***ਤਿਮ ਤਿਮ ਸ਼ਹੀਦ ਉਸ ਬਹੁਤ ਅਕਾਵੈਂ॥੪॥*** ਤਿਉਂ-ਤਿਉਂ ਸ਼ਹੀਦ ਉਸ ਨੂੰ ਕਹਿੰਦੇ ਹਨ, ਹੋਰ ਮਾਰ ਅਵਾਜ਼, ਸੱਦ ਕਿਸ ਨੂੰ ਸੱਦਦਾ ਹੈਂ! ਇਉਂ ਨਵਾਬ ਦੇ ਤਬਲਬਾਜਾਂ 'ਤੇ ਸਲੋਤਰ ਪੈਂਦੇ ਹਨ। ੪।

**ਕਹੈਂ, ਦੁਸ਼ਟ ! ਤੂਰ ਆਗੈ ਚਾਲ॥** ਉਸ ਨੂੰ ਦੱਬ ਕੇ ਮਾਰਦੇ ਨੇ ਸ਼ਹੀਦ ਕਹਿੰਦੇ, 'ਦੁਸ਼ਟਾ ! ਲੱਗ ਓਇ ਮੂਹਰੇ, ਚੱਲ ਤੈਨੂੰ ਲੈ ਚੱਲਣਾ ਉਥੇ'।

**ਕਰੇਂ ਨਵਾਬ ਕੋ ਐਸ ਹਵਾਲ॥** ਸ਼ਹੀਦਾਂ ਸਿੰਘਾਂ ਨੇ ਨਵਾਬ ਦਾ ਐਸਾ ਹਾਲ ਕਰ ਦਿੱਤਾ ਮਾਰ-ਮਾਰ ਕੇ ਦੁੰਬਾ ਬਣਾ ਦਿੱਤਾ।

**ਸਨਮੁਖ ਨਦਰ ਨਵਾਬੈ ਆਵੈ॥** ਹੋਰ ਤਾਂ ਨਹੀਂ ਕਿਸੇ ਨੂੰ ਦਿਸਦੇ, ਨਵਾਬ ਨੂੰ ਦਿਸਦੇ ਹਨ ਸ਼ਹੀਦ ਸਿੰਘ, ਜਿਹੜੇ ਸਲੋਤਰ ਫੇਰ ਰਹੇ ਨੇ।

**ਸੀਸ ਕਰਦ ਹਥ ਚਕਰ ਘੁਮਾਵੈਂ॥ ੫॥** ਸੀਸ 'ਤੇ ਕ੍ਰਿਪਾਨਾਂ ਖੰਡੇ ਸਜੇ ਹੋਏ ਨੇ, ਹੱਥ ਨਾਲ ਚੱਕਰ ਨੂੰ ਘੁਮਾਉਂਦੇ ਹਨ ਸ਼ਹੀਦ ਸਿੰਘ, ਮਾਰੀਏ ਦੁਸ਼ਟਾ ਤੈਨੂੰ ਬੇਈਮਾਨਾਂ, ਨਾਲੇ ਸਲੋਤਰ ਠੋਕਦੇ ਨੇ। ੫।

**ਨਵਾਬ ਦੇਖੇ ਅਰ ਥਰ ਕਰ ਕੰਪੇ॥** ਸ਼ਹੀਦ ਸਿੰਘਾਂ ਨੂੰ ਵੇਖ ਕੇ ਨਵਾਬ ਥਰ-ਥਰ ਕੰਬ ਰਿਹਾ ਹੈ।

**ਮੁਖ ਤੇ ਨਾਮ ਪਿਕੰਬਰ ਜੰਪੇ॥** ਆਪਣੇ ਮੂੰਹੋਂ ਪੈਗੰਬਰਾਂ ਦੇ ਨਾਮ ਲੈਂਦਾ ਹੈ, ਯਾਦ ਕਰਦਾ ਹੈ, ਆਓ ਛੁਡਾਓ ਮੈਨੂੰ।

**ਕਰ ਹਜ਼ਰਾਇਤ ਮੰਗਾਵੈ ਪੀਰ॥** (ਹਜ਼ਰਾਇਤ) ਮੰਤ੍ਰ ਪੜ੍ਹ-ਪੜ੍ਹ ਕੇ ਆਪਣੇ ਪੀਰਾਂ ਨੂੰ ਸਦਦੇ ਹਨ, ਕਾਜ਼ੀ ਮੁਲਾਂ।

**ਦੇਖ ਭੁਜੰਗਨ ਹੁਇ ਜਾਇਂ ਤਗੀਰ॥੬॥** (ਭੁਜੰਗਨ) ਸ਼ਹੀਦ ਸਿੰਘਾਂ ਨੂੰ ਵੇਖ ਕੇ ਉਹ ਭੱਜੇ ਜਾਂਦੇ ਹਨ। ੬।

**ਦੋਹਰਾ॥ ਪੀਰ ਪਿਕੰਬਰ ਜਿਸ ਜਪੈ, ਸੋਈ ਆਵੈ ਧਾਇ॥** ਨਵਾਬ ਜਿਹੜੇ ਪੀਰ ਪੈਕੰਬਰ ਨੂੰ ਯਾਦ ਕਰਦਾ, ਉਹ ਛੇਤੀ ਨਾਲ ਆਉਂਦਾ ਹੈ।

**ਚੱਕ੍ਰ ਕਟਾਰੀ ਕਰਦ ਸੌਂ, ਮਾਰ ਸ਼ਹੀਦ ਦੇਹਿਂ ਨਠਾਇ॥੭॥** ਚੱਕ੍ਰਾਂ ਕਟਾਰਾਂ ਅਤੇ ਕ੍ਰਿਪਾਨਾਂ ਨਾਲ ਮਾਰ-ਮਾਰ ਕੇ ਸ਼ਹੀਦ ਉਨ੍ਹਾਂ ਪੀਰਾਂ ਪੈਗੰਬਰਾਂ ਨੂੰ ਭਜਾ ਦਿੰਦੇ ਹਨ। ੭।

**ਚੌਪਈ॥ ਪੀਰ ਪਿਕੰਬਰ ਦੇਖੈ ਜਾਤੇ॥** ਜਦੋਂ ਨਵਾਬ ਨੇ ਆਪਣੇ ਪੀਰਾਂ-ਪੈਗੰਬਰਾਂ ਨੂੰ ਭੱਜੇ ਜਾਂਦਿਆਂ ਦੇਖਿਆ।

**ਤਜੀ ਆਸ ਤਿਨ ਕਾਜ਼ੀ ਮੁੱਲਾਂ ਤੇ॥** ਕਾਜ਼ੀਆਂ ਮੁਲਾਣਿਆਂ ਤੋਂ ਆਸ ਚੁੱਕਾ ਦਿੱਤੀ ਹੈ ਨਵਾਬ ਨੇ, ਕਿ ਇਹ ਨਹੀਂ ਮੈਨੂੰ ਬਚਾ ਸਕਦੇ।

**ਨਵਾਬ ਰਹਯੋ ਉਨ ਆਸ ਚੁਕਾਈ॥** ਨਵਾਬ ਉਨ੍ਹਾਂ ਦੀ ਆਸ ਮੁਕਾ ਬੈਠਾ ਹੈ।

**ਤਬ ਖਾਲਸੇ ਉਸ ਆਸ ਤਕਾਈ॥੮॥** ਫਿਰ ਉਸ ਨੇ ਖਾਲਸੇ ਦੀ ਓਟ ਤੱਕੀ ਹੈ। ੮।

**ਜਿਹ ਸਿਰ ਪਰ ਦੁਖ ਲਾਗੇ ਬੰਦੇ॥** ਜਿਸ ਬੰਦੇ ਦੇ ਸਿਰ 'ਤੇ ਦੁਖ ਲਗਦਾ ਹੈ, ਜਿਸ ਨੂੰ ਕੋਈ ਤਕਲੀਫ ਹੁੰਦੀ ਹੈ।

**ਬੁਰੇ ਲਗੈਂ ਤਿਸ ਸਭ ਹੀ ਧੰਦੇ॥** ਉਸ ਨੂੰ ਸਭ ਕੰਮਕਾਰ ਬੁਰੇ ਲਗਦੇ ਹਨ। ਉਸ ਨੂੰ ਆਪ ਦਾ ਮਜ਼ਬ ਆਦਿਕ ਵੀ ਬੁਰਾ ਲੱਗਦਾ ਹੈ ਕਿ ਮੈਨੂੰ ਤਾਂ ਇਹ ਛੁਡਾ ਨਹੀਂ ਸਕਿਆ।

**ਦੀਨ ਬਿਦੀਨ ਪੀਰ ਗੁਰ ਜੇਤੇ॥** ਦੀਨ ਤੋਂ ਬੇਦੀਨ ਹੋ ਕੇ ਆਪਣੇ ਪੀਰਾਂ ਨੂੰ ਛੱਡ ਕੇ ਸੱਚੇ ਗੁਰਾਂ ਨੂੰ ਮਨਾਉਣਾ ਪੈਂਦਾ ਹੈ ਕਿ ਕਿਸੇ ਤਰ੍ਹਾਂ ਬੱਚਤ ਹੋਵੇ ਮੇਰੀ।

**ਦੁਖੀਏ ਲੋਕ ਸੇਵਤ ਹੈਂ ਤੇਤੇ॥੯॥** ਦੁਖੀ ਲੋਕ ਉਹਨਾਂ ਦੀ ਸੇਵਾ ਪੂਜਾ ਕਰਦੇ ਹਨ। ੯।

**ਜਿਨ ਜਿਨ ਤੇ ਕੁਛ ਭਲੋ ਨ ਹੋਇ॥** ਜਿਨ੍ਹਾਂ-ਜਿਨ੍ਹਾਂ ਤੋਂ ਕੁਛ ਭਲਾ ਨਹੀਂ ਹੋ ਸਕਦਾ ਹੈ।

**ਸੇਵਤ ਲੋਕ ਔਰਨ ਕੋ ਤੋਇ॥** ਉਹ ਲੋਕ ਫਿਰ ਹੋਰਨਾਂ ਦੇ ਚਰਨੀਂ ਪੈਂਦੇ ਹਨ। ਇਹ ਸੰਸਾਰੀ ਗੱਲ ਹੈ, ਸੰਸਾਰ ਦੇ ਲੋਕ ਆਪਣੇ ਫਾਇਦੇ ਵਾਸਤੇ ਹੋਰਨਾਂ ਦੇ ਪੈਰੀਂ ਪੈਂਦੇ ਜਾ ਕੇ।

**ਭਟਕ ਭਟਕ ਨਰ ਔਰਨ ਸੇਵੈਂ॥** ਥਾਂ-ਥਾਂ ਭਟਕ ਕੇ ਉਹ ਮਨੁੱਖ ਹੋਰ-ਹੋਰ ਪੀਰਾਂ, ਫਕੀਰਾਂ, ਦੇਵੀ, ਦੇਵਤਿਆਂ ਦੀ ਮੰਨਤਾਂ ਕਰਦੇ ਹਨ।

**ਅਪਨੋ ਧਰਮ ਮੂੜ੍ਹ ਇਮ ਖੋਵੈਂ॥੧੦॥** ਮੂਰਖ ਲੋਕ ਇਉਂ ਆਪਣਾ ਧਰਮ ਛੱਡ ਦਿੰਦੇ ਹਨ, ਗਰਜ਼ ਦੀ ਖ਼ਾਤਰ। ੧੦।

***ਕੋਊ ਸੂਰੋ ਪੂਰੋ ਸਰੀਰ॥*** ਕੋਈ-ਕੋਈ ਪੂਰਾ ਸੂਰਾ ਸਰੀਰ ਹੈ ਸੰਸਾਰ 'ਤੇ ਜਿਹੜਾ ਆਪਣੇ ਧਰਮ 'ਤੇ ਪੂਰਾ ਨਿਸ਼ਚਾ ਰਖਦਾ ਹੈ। ਦੂਸਰੇ ਧਰਮ ਵੱਲ ਨਹੀਂ ਜਾਂਦਾ ਹੈ।

***ਨਿਜ ਗੁਰ ਪਰ ਹੀ ਰਾਖੈਂ ਧੀਰ॥*** ਆਪਣੇ ਗੁਰੂ ਪੀਰ ਦੇ ਉਪਰ ਹੀ ਧੀਰਜ ਰਖਦਾ ਹੈ ਕਿ ਜੋ ਇਹ ਕਹਿੰਦਾ ਹੈ, ਜੋ ਇਹ ਕਰਦਾ ਹੈ, ਉਹ ਠੀਕ ਹੈ, ਮੈਨੂੰ ਕੀ ਲੋੜ ਹੈ, ਕਿਸੇ ਦੇ ਮਗਰ ਜਾਣ ਦੀ।

***ਹੈ ਗੁਰ ਸਿਖ ਕੋ ਜਗ ਮਾਂਹਿ॥*** ਕੋਈ ਕੋਈ ਗੁਰ ਸਿੱਖ ਸੰਸਾਰ ਵਿਚ ਹਨ, *"ਜਗ ਮਹਿ ਉਤਮ ਕਾਂਢੀਅਹਿ ਵਿਰਲੇ ਕੇਈ ਕੇਇ"।*

***ਬੇਮੁਖ ਹੋਹਿਂ ਨ ਦੁਖ ਕਰ ਆਹਿ॥੧੧॥*** ਉਹ ਦੁਖ ਕਰਕੇ ਗੁਰੂ ਤੋਂ ਬੇਮੁਖ ਨਹੀਂ ਹੁੰਦੇ, ਜੇ ਸਰੀਰ ਨੂੰ ਕੋਈ ਦੁਖ ਲੱਗ ਗਿਆ ਤਾਂ ਇਹ ਸਾਡੇ ਕਰਮਾ ਦਾ ਫਲ ਹੈ, ਅਸੀਂ ਭੋਗੀਏ। ਕਿਉਂ ਅਸੀਂ ਕਿਸੇ ਦੇ ਪੈਰੀਂ ਪਈਏ, ਕਿਉਂ ਕਬਰਾਂ ਮੜੀਆਂ ਉੱਤੇ ਜਾਈਏ, ਕਿਉਂ ਜੰਡਾਂ ਪਿੱਪਲਾਂ ਨੂੰ ਪੂਜਦੇ ਫਿਰੀਏ। ੧੧।

***ਦੋਹਰਾ॥ ਬੰਦੀ ਖਾਨੋਂ ਸਭ ਛਡਯੋ ਕਰ ਕਰ ਨ੍ਵਾਬ ਸਲਾਮ॥*** ਇਉਂ ਜਦੋਂ ਦੁਖ ਲੱਗਿਆ ਹੈ ਨਵਾਬ ਨੂੰ ਕਹਿਣ ਲੱਗਾ, ਸਾਇਦ ਮੇਰਾ ਭਲਾ ਇਉਂ ਹੀ ਹੋ ਜਾਵੇ, ਜਿੰਨਾਂ ਲੋਕਾਂ ਨੂੰ ਸਜ਼ਾਵਾਂ ਦਿੱਤੀਆਂ ਹੋਈਆਂ ਹਨ, ਉਨ੍ਹਾਂ ਨੂੰ ਸਲਾਮ ਕਰ-ਕਰ ਕੇ ਛੱਡ ਦਿੱਤਾ ਹੈ।

***ਤੌ ਭੀ ਬੰਧਨ ਨਹਿਂ ਛੁਟਯੋ ਨਹਿਂ ਪਾਯੋ ਕਛੂ ਅਰਾਮ॥੧੨॥*** ਸਭ ਜੇਲ੍ਹਾਂ ਖਾਲੀ ਕਰ ਦਿੱਤੀਆਂ ਹਨ, ਫਿਰ (ਬੰਧਨ) ਪਿਸ਼ਾਬ ਦਾ ਬੰਨ੍ਹ ਨਹੀਂ ਛੁਟਦਾ ਤੇ ਨਾ ਹੀ ਕੋਈ ਅਰਾਮ ਆਇਆ ਹੈ, ਉਸੇ ਤਰ੍ਹਾਂ ਤੜਫਦਾ ਹੈ। ੧੨।

***ਚੌਪਈ॥ ਤਬ ਨਵਾਬ ਕੇ ਯਹ ਜੀਅ ਆਈ॥*** ਤਦ ਨਵਾਬ ਦੇ ਮਨ ਵਿਚ ਇਹ ਫੁਰਨਾ ਆਇਆ ਹੈ।

***'ਸਿੰਘ ਸ੍ਰਾਪ ਸਿੰਘਨ ਤੇ ਜਾਈ॥*** ਜੋ ਭਾਈ ਤਾਰੂ ਸਿੰਘ ਨੇ ਸ੍ਰਾਪ ਦਿੱਤਾ ਹੈ, ਸਿੰਘ ਹੀ ਇਸ ਸ੍ਰਾਪ ਤੋਂ ਮੁਕਤ ਕਰ ਸਕਦੇ ਹਨ, ਸਿੰਘ ਹੀ ਇਸ ਤੋਂ ਛੁਟਕਾਰਾ ਕਰ ਸਕਦੇ ਹੋਰ ਨਹੀਂ ਕਿਸੇ ਤੋਂ ਹੋ ਸਕਦਾ।

***ਜੋ ਰਾਖੈਂ ਤੌਂ ਸਿਖ ਰਖਾਵੈਂ॥*** ਜੇ ਮੈਨੂੰ ਰੱਖ ਸਕਣ ਤਾਂ ਸਿੱਖ ਹੀ ਰੱਖ ਸਕਦੇ ਹਨ ਹੋਰ ਨਹੀਂ ਵਾਹ ਏਥੇ ਜਾਣੀ।

***ਤਾਰੂ ਸਿੰਘ ਤੇ ਸਿਖ ਬਖ਼ਸ਼ਾਵੈਂ॥੧੩॥*** ਭਾਈ ਤਾਰੂ ਸਿੰਘ ਅੱਗੇ ਬੇਨਤੀ ਕਰਕੇ ਗੁਰੂ ਕੇ ਸਿੱਖ ਹੀ ਛੁਡਾ ਸਕਦੇ ਹਨ, ਉਹ ਹੀ ਮੇਰੀ ਭੁਲ ਬਖਸ਼ਾ ਸਕਦੇ ਹਨ। ੧੩।

***ਸ਼ਹਿਰੀ ਸਿੰਘ ਨਵਾਬ ਬੁਲਾਏ॥*** ਲਹੌਰ ਸ਼ਹਿਰ ਦੇ ਸਿੰਘਾਂ ਨੂੰ ਨਵਾਬ ਨੇ ਸੱਦਿਆ ਹੈ।

***ਸੋ ਡਰਦੇ ਸਭ ਹੀ ਚਲ ਆਏ॥*** ਕੀ ਕਰਨ ਓਧਰ ਵੀ ਡਰ ਹੈ, ਭਾਈ ਤਾਰੂ ਸਿੰਘ ਨੂੰ ਵੀ ਕੁਛ ਕਹਿ ਨਹੀਂ ਸਕਦੇ, ਏਧਰ ਨਵਾਬ ਤੋਂ ਡਰਦੇ ਹਨ, ਡਰਦੇ ਹੋਏ ਲਹੌਰ ਵਾਲੇ ਸਿੰਘ ਨਵਾਬ ਕੋਲ ਆਏ

***ਜੋੜ ਹਾਥ ਤਿਨ ਅਗੇ ਖਲੋਈ॥*** ਹਥ ਜੋੜ ਕੇ ਨਵਾਬ ਖਾਨੂੰ ਉਨ੍ਹਾਂ ਦੇ ਅੱਗੇ ਖੜ੍ਹਾ ਹੋ ਗਿਆ ਹੈ।

***ਮੈਂ ਤਕਸੀਰ ਕਿਮਹਿ ਬਖ਼ਸ਼ੋਈ॥ ੧੪॥*** ਕਹਿਣ ਲੱਗਾ ਹੈ ਨਵਾਬ, ਮੇਰੀ ਗਲਤੀ ਕਿਵੇਂ ਬਖਸ਼ਾਓ, ਮੈਂ ਭੁੱਲ ਕਰ ਬੈਠਾ ਹਾਂ। ੧੪।

***ਤਾਰੂ ਸਿੰਘ ਤੇ ਖਤਾ ਬਖ਼ਸ਼ਾਵੋ॥*** ਸਿੰਘੋ ! ਤਾਰੂ ਸਿੰਘ ਅੱਗੇ ਬੇਨਤੀ ਕਰਕੇ ਮੇਰੀ ਭੁੱਲ ਬਖਸ਼ਾਓ।

***ਖੋਪਰੀ ਸੀਸ ਪਰ ਕਿਵੇਂ ਟਿਕਾਵੋ॥*** ਕਿਵੇਂ ਕਰੋ ਉਹ ਖੋਪਰੀ ਫੇਰ ਰੱਖੋ ਉਸ ਦੇ ਸੀਸ 'ਤੇ, ਉਸ ਦੀ ਜਿਉਂ ਕੀ ਤਿਉਂ ਸਿੱਖੀ ਨਿਭੇ, ਉਸੇ ਤਰ੍ਹਾ ਹੀ ਰਹੇ, ਮੈਂ ਗਲਤੀ ਕੀਤੀ ਹੈ ਜਿਹੜੀ ਮੈਂ ਉਹਨਾਂ ਦੀ ਖੋਪਰੀ ਉਤਾਰ ਦਿੱਤੀ ਹੈ।

***ਡਰਤ ਸਿੱਖਨ ਜਾਇ ਆਖੀ ਸੋਈ॥*** ਡਰਦੇ ਹੋਏ ਸਿੱਖਾਂ ਨੇ ਉੱਸੇ ਤਰ੍ਹਾਂ ਜਾ ਆਖ ਦਿੱਤਾ ਹੈ ਭਾਈ ਤਾਰੂ ਸਿੰਘ ਨੂੰ, ਜਿਵੇਂ ਨਵਾਬ ਨੇ ਕਿਹਾ ਸੀ।

***ਉਤਰ ਤਾਰੂ ਸਿੰਘ ਐਸ ਬਤੋਈ॥੧੫॥*** ਤਾਰੂ ਸਿੰਘ ਨੇ ਉੱਤਰ ਦਿੱਤਾ ਹੈ, ਉਨ੍ਹਾਂ ਸਿੱਖਾਂ ਨੂੰ ਏਸ ਤਰ੍ਹਾਂ। ੧੫।

***ਕਹੁ ਨਵਾਬ ਕਿਮ ਤਰਲੇ ਲੇਵੈ॥*** ਦੱਸੋ ਨਵਾਬ ਕਿਵੇਂ ਤਰਲੇ ਲੈ ਰਿਹਾ, ਹੁਣ ਕਿਉਂ ਮਿੰਨਤਾ ਕਰ ਰਿਹਾ ਹੈ।

***ਅਬ ਹਮ ਖੋਪਰੀ ਕਾਹਿੰ ਛੁਹੇਵੈ॥*** ਹੁਣ ਸਾਡੀ ਖੋਪਰੀ ਕਿਉ ਸੀਸ 'ਤੇ ਟਿਕਾਉਂਦਾ ਹੈ।

***ਜੋ ਤੁਧ ਵਿੱਚ ਸੌ ਲਾਇ ਲੈ ਤਾਨ॥*** ਉਸ ਨੂੰ ਕਹਿ ਦਿਓ, ਜੋ ਤੇਰੇ ਵਿਚ ਕੁਛ ਹੋਰ ਜ਼ੋਰ ਹੈ, ਉਹ ਵੀ ਲਾ ਲੈ, ਹੁਣ ਕਸਰ ਨਾ ਰਹਿ ਜਾਏ ਕੋਈ।

***ਨਹਿੰ ਛਾਡੋ ਤੁਧ ਏਸ ਜਹਾਨ॥੧੬॥*** ਹੁਣ ਤੈਨੂੰ ਮੈਂ ਛੱਡ ਕੇ ਨਹੀਂ ਜਾਣਾ ਹੈ, ਹੁਣ ਤਾਂ ਤੈਨੂੰ ਜੁੱਤੀ ਮੂਹਰੇ ਲਾ ਕੇ ਹੀ ਲਿਜਾਣਾ ਹੈ, ਮੈਂ। ੧੬।

***ਦੋਹਰਾ॥ ਤਬ ਨਵਾਬ ਮਨ ਜਾਨਿਓ, ਮੁਹਿ ਰਖ ਨੇ ਸਾਕੈ ਕੋਇ॥*** ਜਦੋਂ ਨਵਾਬ ਨੂੰ ਉੱਤਰ ਦਿੱਤਾ ਸਿੱਖਾਂ ਨੇ ਜਾ ਕੇ ਕਿ ਹੁਣ ਕੋਈ ਵਾਹ ਨਹੀਂ ਹੈ। ਤਦ ਨਵਾਬ ਨੂੰ ਨਿਸਚਾ ਹੋ ਗਿਆ ਕਿ ਹੁਣ ਮੈਨੂੰ ਕੋਈ ਰੱਖ ਨਹੀਂ ਸਕਦਾ।

***ਰਾਖਨ ਆਖੈ ਜੋ ਮੁਝੇ, ਸਾਥੇ ਜਾਵੈ ਸੋਇ॥੧੭॥*** ਜਿਹੜਾ ਕੋਈ ਹੁਣ ਤਾਰੂ ਸਿੰਘ ਨੂੰ ਮੇਰੇ ਬਚਾਓ ਵਾਸਤੇ ਬੇਨਤੀ ਕਰੇਗਾ, ਮੇਰੇ ਨਾਲ ਹੀ ਉਹ ਜਾਇਗਾ, ਉਸ ਨੂੰ ਵੀ ਸ਼ਹੀਦ ਮੇਰੇ ਨਾਲ ਹੀ ਘੜੀਸ ਕੇ ਲੈ ਜਾਣਗੇ। ੧੭।

***ਚੌਪਈ॥ ਜਿਮ ਜਿਮ ਸ਼ਹੀਦ ਜੁ ਸੋਟੇ ਲਾਵੈਂ॥*** ਜਿਵੇਂ-ਜਿਵੇਂ ਸ਼ਹੀਦ ਸਿੰਘ ਨਵਾਬ ਦੇ ਸੋਟੇ ਮਾਰਦੇ ਹਨ, ਉਸ ਨੂੰ ਕੁੱਟਦੇ ਹਨ।

***ਤਿਉਂ ਤਿਉਂ ਨਵਾਬ ਗਸ਼ੀਆਂ ਪੈ ਜਾਵੈਂ॥*** ਉਸੇ ਤਰ੍ਹਾਂ ਹੀ ਨਵਾਬ ਨੂੰ ਗਸ਼ੀਆਂ ਪੈ ਜਾਂਦੀਆਂ ਹਨ, ਬੇਹੋਸ਼ ਹੋ ਜਾਂਦਾ ਹੈ।

***ਜਿਮ ਜਿਮ ਸ਼ਹੀਦ ਉਸ ਦੇਵੈਂ ਤ੍ਰਾਸ॥*** ਜਿਵੇਂ-ਜਿਵੇਂ ਸ਼ਹੀਦ ਸਿੰਘ ਉਸ ਨੂੰ ਡਰਾਉਂਦੇ ਹਨ, ਕੁੱਟਦੇ ਮਾਰਦੇ ਹਨ।

***ਨਬਾਬਹਿ ਆਵੈਂ ਔਖੇ ਸਾਸ॥੧੮॥*** ਨਵਾਬ ਨੂੰ ਬੜੇ ਔਖੇ-ਔਖੇ ਸੁਆਸ ਆਉਂਦੇ ਹਨ, ਸ੍ਵਾਸ ਨਿਕਲੇ ਕਿ ਨਿਕਲੇ, ਮਰਿਆ ਕਿ ਮਰਿਆ ਇਉਂ ਹੋ ਗਈ ਹੈ, ਉਸ ਦੇ ਨਾਲ। ੧੮।

***ਤਬ ਨਵਾਬ ਕੇ ਯਹ ਜੀਅ ਆਈ॥*** ਤਦ ਨਵਾਬ ਦੇ ਮਨ ਵਿਚ ਇਹ ਵਿਚਾਰ ਆਈ ਹੈ।

***ਕਰੈ ਨ ਕਰੈ ਅਬ ਖਾਲਸੋ ਸਹਾਈ॥*** ਕਹਿੰਦਾ ਹੁਣ ਨਹੀਂ ਮੈਨੂੰ ਕੋਈ ਛੁਡਾ ਸਕਦਾ, ਜੋ ਮੇਰੀ ਸਹਾਇਤਾ ਕਰ ਸਕਦਾ ਹੈ ਤਾਂ ਖਾਲਸਾ ਪੰਥ ਹੀ ਕਰ ਸਕਦਾ ਹੈ, ਇਹ ਮਰਜ਼ੀ ਹੈ ਉਸ ਦੀ ਸਹਾਇਤਾ ਕਰੇ, ਨਾ ਕਰੇ।

***ਸੁਬੇਗ ਸਿੰਘ ਛਡ ਪਾਸ ਬੁਲਾਯਾ॥*** ਭਾਈ ਸੁਬੇਗ ਸਿੰਘ ਜੇਲ੍ਹ ਵਿਚ ਸਨ, ਉਸ ਨੂੰ ਕੈਦ ਵਿਚੋਂ ਛੱਡ ਦਿੱਤਾ ਤੇ ਨਵਾਬ ਨੇ ਆਪਣੇ ਕੋਲ ਬੁਲਾਇਆ ਹੈ।

***ਹਾਲ ਅਪਣੋਂ ਉਸੈ ਸੁਨਾਯਾ॥੧੯॥*** ਉਸ ਨੂੰ ਆਪਣੀ ਸਾਰੀ ਵਿਥਿਆ ਸੁਣਾਈ ਹੈ। ੧੯।

***ਕਹਯੋ ਸ਼ਹੀਦ ਮੁਝ ਛਾਡਤ ਨਾਹੀਂ॥*** ਖਾਨੂੰ ਨਵਾਬ ਕਹਿੰਦਾ ਹੈ ਸੂਬੇਗ ਸਿੰਘ ਨੂੰ ਕਿ ਸ਼ਹੀਦਾਂ ਨੇ ਮੈਨੂੰ ਕਿਹਾ ਹੈ, 'ਤੈਨੂੰ ਅਸੀਂ ਛੱਡਣਾ ਨਹੀਂ ਹੈ। ਮੈਨੂੰ ਸ਼ਹੀਦਾਂ ਨੇ ਛੱਡਣਾ ਨਹੀਂ ਹੈ'।

***ਪੀਰ ਪਿਕੰਬਰਨ ਰਹਯੋ ਧਿਆਈ॥*** ਮੈਂ ਸਾਰੇ ਪੀਰ ਪੈਗੰਬਰਾਂ ਨੂੰ ਯਾਦ ਕਰ ਚੁੱਕਾਂ ਹਾਂ।

***ਪੀਰ ਪਿਕੰਬਰ ਆਵੈਂ ਪਾਸ॥*** ਮੇਰੇ ਪੀਰ ਪੈਗੰਬਰ ਮੇਰੇ ਕੋਲ ਮੇਰੀ ਮਦਦ ਵਾਸਤੇ ਆਉਂਦੇ ਹਨ।

***ਦੌੜ ਸ਼ਹੀਦ ਕਰੈਂ ਉਨ ਨਾਸ਼॥੨੦॥*** ਸ਼ਹੀਦ ਉਨ੍ਹਾਂ ਨੂੰ ਦੌੜ ਕੇ ਪੈ ਜਾਂਦੇ ਹਨ, ਉਨ੍ਹਾਂ ਨੂੰ ਕੁੱਟ-ਮਾਰ ਕਰਕੇ ਨਾਸ ਕਰ ਦਿੰਦੇ ਹਨ। ੨੦।

***ਅਬ ਤੇ ਆਸ ਹਮ ਸਿੰਘਨ ਰਹੀ॥*** ਸੁਬੇਗ ਸਿੰਘ ਜੀ ! ਹੁਣ ਤਾਂ ਮੇਰੀਆਂ ਸਭ ਆਸਾਂ ਮੁੱਕ ਗਈਆਂ ਹਨ, ਹੁਣ ਤਾਂ ਸਿਰਫ ਸਿੰਘਾਂ 'ਤੇ ਆਸ ਰਹਿ ਗਈ ਹੈ।

***ਮਾਰੇ ਰਾਖੇ ਖਾਲਸੋ ਸਹੀ॥*** ਮੈਨੂੰ ਰੱਖਣ ਚਾਹੇ ਮਾਰਨ, ਸਿਰਫ ਖਾਲਸਾ ਹੀ ਰਖ ਸਕਦਾ ਹੈ, ਹੋਰ ਨਹੀਂ ਕੋਈ ਹੁਣ ਰੱਖ ਸਕਦਾ ਮੈਨੂੰ।

***ਸੁਬੇਗ ਸਿੰਘ ਤਬ ਸੀਸ ਹਿਲਾਯਾ॥*** ਤਦ ਸੁਬੇਗ ਸਿੰਘ ਨੇ ਆਪਣਾ ਸਿਰ ਹਿਲਾਇਆ ਹੈ ਭਾਵ ਇਹ ਹੈ ਕਿ ਬੱਸ ਬੇ ਵਾਹ ਹੈ, ਹੁਣ ਸਾਡੀ ਅਸੀਂ ਕੀ ਕਰ ਸਕਦੇ ਹਾਂ ਹੁਣ ਇਸ ਦੇ ਵਿਚ।

***ਸੰਤ ਸਰਾਪ ਨ ਜਾਤ ਮਿਟਾਯਾ॥ ੨੧॥*** ਉਹ ਸੰਤ ਪੁਰਸ਼ ਹੈ, ਉਹ ਨਿਰਵੈਰ ਪੁਰਖ ਹੈ, ਉਸ ਦਾ ਸਰਾਪ ਦਿੱਤਾ ਹੋਇਆ ਕੋਈ ਨਹੀਂ ਮਿਟਾ ਸਕਦਾ, 'ਇਕ ਸਾਧ ਬਚਨ ਅਟਲਾਧਾ' ਉਹ ਨਹੀਂ ਹਟ ਸਕਦਾ ਹੁਣ, ਇਸ ਕਰਕੇ ਸਿਰ ਹਿਲਾ ਦਿੱਤਾ ਹੈ ਉਸ ਨੇ। ੨੧।

***ਬਹੁਤ ਖ਼ੌਫ਼ ਤਿਨ ਮਨ ਮੈਂ ਖਾਯਾ॥*** ਬੜਾ ਖੌਫ ਉਸ ਨੇ ਮਨ ਵਿਚ ਖਾਧਾ ਹੈ, ਸੁਬੇਗ ਸਿੰਘ ਵੀ ਡਰ ਗਿਆ ਹੈ, ਹੁਣ ਮੈਂ ਕੀ ਇਸ ਦੀ ਸਿਫਾਰਸ਼ ਕਰ ਸਕਦਾ ਹਾਂ।

***ਸੁੱਤੋ ਸ਼ੇਰ ਨ ਚਹੀਏ ਜਗਾਯਾ॥*** ਸੁੱਤੇ ਸ਼ੇਰ ਨੂੰ ਨਹੀਂ ਜਗਾਉਂਣਾ ਚਾਹੀਦਾ, ਉਸ ਨੇ ਤਾਂ ਭੱਬਕ ਕੇ ਪੈ ਜਾਣਾ ਹੈ, ਜੇ ਮੈਂ ਕੋਈ ਗੱਲ ਕਹੀ ਮੈਨੂੰ ਕਹਿ ਦਿੱਤਾ ਕੁਛ, ਮੈਨੂੰ ਕੌਣ ਛੁਡਾਏਗਾ। ਉਹ ਤਾਂ ਭਾਣੇ ਨੂੰ ਮੰਨ ਕੇ ਆਸਣ ਲਾਈ ਬੈਠੇ ਹਨ, ਖੋਪਰੀ ਲਾਹ ਕੇ ਸਿਰ ਤੋਂ ਪਰ੍ਹੇ ਰੱਖੀ ਪਈ ਹੈ, ਉਹਨਾਂ ਅੱਗੇ ਕੋਈ ਕੀ ਕਰੇਗਾ ਸਿਫਾਰਸ਼।

***ਮਤ ਹਮ ਪਰ ਕਛੁ ਕਰ ਦੈ ਵਾਕ॥*** ਸੁਬੇਗ ਸਿੰਘ ਡਰਦਾ ਹੈ ਕਿ ਐਸਾ ਨਾ ਹੋਏ ਕਿ ਮੇਰੇ 'ਤੇ ਕੋਈ ਉਹੋ ਜਿਹਾ ਬਚਨ ਕੱਢ ਦੇਣ ਮੂੰਹ ਵਿੱਚੋਂ ਭਾਈ ਤਾਰੂ ਸਿੰਘ ਜੀ, ਨਾਲ ਹੀ ਮੈਂ ਫੜਿਆ ਜਾਵਾਂਗਾ।

***ਹੁਵੈ ਖਵਾਰ ਸੋ ਪੀੜ੍ਹੀ ਲਾਕ॥੨੨॥*** ਪੀੜ੍ਹੀਆਂ ਤਾਈਂ ਦਾਗ ਲੱਗ ਜਾਇਗਾ ਮੈਨੂੰ, ਜਿਹੜਾ ਮੈਨੂੰ ਸਰਾਪ ਦਿੱਤਾ, ਮੇਰੇ ਪੁੱਤਰਾਂ ਪੋਤਰਿਆਂ ਨੂੰ, ਮੇਰੀ ਤਾਂ ਜੱਦ ਵਿਚ ਸਰਾਪ ਪੈ ਜਾਣਾ ਹੈ, ਮੇਰੀ ਤਾਂ ਪੀੜ੍ਹੀਆਂ ਤੱਕ ਮਾਰ ਪਵੇਗੀ, ਸਰਾਪ ਦੀ। ੨੨।

***ਦੋਹਰਾ॥ ਸੁਬੇਗ ਸਿੰਘ ਚੁਪ ਹੋ ਰਹਯੋ ਫੁਰੈ ਨਾ ਕਾਈ ਬਾਤ॥*** ਸੁਬੇਗ ਸਿੰਘ ਚੁੱਪ ਕਰ ਗਿਆ ਹੈ, ਕੋਈ ਗੱਲ ਫੁਰਦੀ ਨਹੀਂ ਹੈ, ਕੀ ਕਰਾਂ ਮੈਂ, ਕੀ ਨਾ ਕਰਾਂ।

***ਨਵਾਬ ਤਬੈ ਲਾਵਣ ਲਗੋ, ਸੁਬੇਗ ਸਿੰਘ ਪਗ ਹਾਤ॥੨੩॥*** ਨਵਾਬ ਹੇਠਾਂ ਤਾਂ ਲੇਟ ਰਿਹਾ ਸੀ ਧਰਤੀ 'ਤੇ, ਨੇੜੇ ਹੋ ਕੇ ਸੁਬੇਗ ਸਿੰਘ ਦੇ ਚਰਨੀ ਹੱਥ ਲਾਉਂਦਾ ਹੈ। ਸੁਬੇਗ ਸਿੰਘ ਜੀ ! ਮੇਰੀ ਬੇਨਤੀ ਸੁਣੋ, ਮੇਰੀ ਬੇਨਤੀ ਸੁਣੋ, ਇਉਂ ਤਰਲੇ ਕਰਦਾ ਹੈ। ੨੩।

***ਚੌਪਈ॥ ਸੁਬੇਗ ਸਿੰਘ ਜੀਅ ਯਹ ਆਈ॥*** ਸੁਬੇਗ ਸਿੰਘ ਦੇ ਮਨ ਵਿਚ ਇਹ ਗੱਲ ਆਈ ਹੈ।

***ਨਵਾਬ ਕਹਯੋ ਤਿਮ ਕਹਿਹੌ ਜਾਈ॥*** ਕਿ ਚਲੋ ਜਿਵੇਂ ਨਵਾਬ ਕਹਿੰਦਾ ਹੈ, ਮੈਂ ਓਵੇਂ ਕਹਿ ਦਿੰਦਾ ਹਾਂ ਜਾ ਕੇ, ਮੈਂ ਹੋਰ ਗੱਲ ਕੋਈ ਨਹੀਂ ਕਹਿਣੀ ਹੈ।

***ਨਵਾਬ ਕਹਯੋ ਮੁਝ ਕਰਯੋ ਸਲਾਮ॥*** ਨਵਾਬ ਕਹਿੰਦਾ ਮੇਰੀ ਸਲਾਮ ਕਹੋ ਤਾਰੂ ਸਿੰਘ ਨੂੰ ਜਾ ਕੇ।

***ਬਖ਼ਸ਼ੋ ਮੋਹ ਅਬ ਦੇਹੁ ਅਰਾਮ॥੨੪॥*** ਬੇਨਤੀ ਕਰਿਓ ਮੇਰੇ ਵਲੋਂ, "ਬਖ਼ਸ਼ ਲਉ ਜੀ ਮੈਨੂੰ" ਮੈਨੂੰ ਅਰਾਮ ਆ ਜਾਏ, ਮੈਂ ਬੜਾ ਦੁਖੀਆ ਜੇ। ੨੪।

***ਮੁਝ ਖਾਤਰ ਹਥ ਕਦਮੀਂ ਲਾਯੋ॥*** ਮੇਰੀ ਖ਼ਾਤਰ ਜਾ ਕੇ ਉਹਨਾਂ ਦੇ ਚਰਨਾਂ 'ਤੇ ਹੱਥ ਲਾਈਂ ਸੁਬੇਗ ਸਿੰਘਾ।

***ਜੋ ਚਾਹੋ ਸੁ ਕਰਾਰ ਬੰਧਾਯੋ॥*** ਜੋ ਉਹ ਚਾਹੁੰਦੇ ਹਨ, ਮੇਰੇ ਨਾਲ ਇਕਰਾਰ ਕਰ ਲੈਣ, ਉਸ 'ਤੇ ਮੈਂ ਪੂਰਾ ਉਤਰਾਂਗਾ। ਜੋ ਮਰਜ਼ੀ ਸੁਬੇਗ ਸਿੰਘਾਂ ਤੂੰ ਮਨਾਂ ਲੈ ਮੈਥੋਂ, ਭਾਈ ਤਾਰੂ ਸਿੰਘ ਜਿਹੜੀ ਗੱਲ ਕਹਿਣ, ਮੈਂ ਮੰਨਣ ਨੂੰ ਤਿਆਰ ਹਾਂ, ਮੈਥੋਂ ਜੋ ਮਰਜ਼ੀ ਹੈ ਕਰਾ ਲਉ ਪਰ ਮੈਨੂੰ ਜ਼ਰੂਰ ਬਖ਼ਸ਼ੋ।

***ਫੇਰ ਸਿੰਘਨ ਕੋ ਮੈਂ ਨਹਿਂ ਮਾਰੋਂ॥*** ਅੱਗੇ ਵਾਸਤੇ ਮੈਂ ਪ੍ਰਣ ਕਰਦਾ ਹਾਂ, ਕੰਨਾਂ ਨੂੰ ਹੱਥ ਲਾਉਂਦਾ ਹਾਂ, ਮੈਂ ਕਦੀ ਵੀ ਸਿੰਘਾਂ ਨੂੰ ਨਹੀਂ ਮਾਰਾਂਗਾ। ਕਦੀ ਸਿੰਘਾਂ 'ਤੇ ਕੋਈ ਜ਼ੁਲਮ ਨਹੀਂ ਕਰਾਂਗਾ।

***ਜੇ ਰਾਖੋ ਤੁਮ ਸਾਸ ਹਮਾਰੋ॥੨੫॥*** ਜੇ ਮੇਰੇ ਸਵਾਸ ਰੱਖ ਲਵੇ, ਤਾਂ ਅੱਗੇ ਵਾਸਤੇ ਮੈਂ ਸਿੰਘਾਂ ਨੂੰ ਕੁਛ ਨਹੀਂ ਕਹਾਂਗਾ, ਮੇਰੇ ਰਾਜ ਵਿਚ ਮੌਜਾਂ ਕਰਨ ਸਿੱਖ। ੨੫।

***ਜੇ ਤੁਮ ਹਮ ਕੋ ਬਖਸ਼ੋ ਨਾਹੀਂ॥*** ਜੇ ਤੁਸੀਂ ਮੈਨੂੰ ਨਹੀਂ ਬਖ਼ਸ਼ਣਾ, ਮੇਰੇ ਨਾਲ ਏਵੇਂ ਕਰਨੀ ਹੈ।

***ਤੌ ਸਾਸ ਹਮਾਰੇ ਦੁਖ ਸੌਂ ਜਾਹੀਂ॥*** ਮੇਰੀ ਬੜੀ ਦੁਖੀ ਹੋ ਕੇ ਜਾਨ ਨਿਕਲੇਗੀ, ਬੜਾ ਔਖਾ ਹੋ ਕੇ ਮਰਾਂਗਾ ਮੈਂ।

***ਮਰੋਂ ਸਹੀ ਪਰ ਛੂਟੇ ਪਿਸ਼ਾਬ॥*** ਉਹ ਜਾਣੇ ਮਰ ਜਾਵਾਂ ਮੈਂ ਤੁਹਾਡੇ ਬਚਨ ਨਾਲ ਜਰੂਰ ਪਰ ਮੇਰੇ ਪਿਸ਼ਾਬ ਦਾ ਬੰਨ੍ਹ ਛੁੱਟ ਜਾਵੇ, ਪਿਸ਼ਾਬ ਖੁਲ੍ਹ ਕੇ ਆ ਜਾਵੇ।

***ਜਾਵੈ ਜਿੰਦ ਪਰ ਬਿਨਾਂ ਅਜ਼ਾਬ॥੨੬॥*** ਬਿਨਾਂ (ਅਜ਼ਾਬ) ਦੁੱਖ ਤੋਂ ਮੇਰੀ ਜਾਨ ਬੇਸ਼ੱਕ ਚਲੀ ਜਾਵੇ। ੨੬।

***ਦੋਹਰਾ॥ ਨਬਾਬ ਕਹੀ ਸੋ ਸਭ ਕਹੀ, ਸੁਬੇਗ ਸਿੰਘ ਨੇ ਜਾਇ॥*** ਜੋ ਨਵਾਬ ਨੇ ਗੱਲਾਂ ਕਹੀਆਂ, ਸੁਬੇਗ ਸਿੰਘ ਨੇ ਉਸੇ ਤਰ੍ਹਾਂ ਸਭ ਜਾ ਕੇ ਤਾਰੂ ਸਿੰਘ ਨੂੰ ਕਹਿ ਦਿੱਤੀਆਂ ਹਨ।

***ਅਗਯੋਂ ਤਾਰੂ ਸਿੰਘ ਕਹੀ, ਫ਼ੁਰਮਾਇਸ਼ ਦੁਸ਼ਟਨ ਲਯਾਇ॥੨੭॥*** ਅੱਗੋਂ ਤਾਰੂ ਸਿੰਘ ਨੇ ਕਿਹਾ, 'ਦੁਸ਼ਟਾਂ ਦੀ ਸਿਫ਼ਾਰਸ਼ ਲਿਆਇਆਂ ਸੁਬੇਗ ਸਿੰਹਾਂ ! ਏਸ ਦੁਸ਼ਟ ਦੀ ਤੂੰ ਕਿਉਂ ਸਿਫਾਰਸ਼ ਕਰਦਾ ਹੈਂ'। ੨੭।

***ਚੌਪਈ॥ ਜੋ ਸਿਖ ਹਮ ਪੈ ਸਿਖ ਕੰਮ ਆਵੈ॥*** ਜੇ ਕੋਈ ਸਿੱਖ ਸਿੱਖਾਂ ਵਾਸਤੇ ਮੇਰੇ ਕੋਲ ਕੰਮ ਆਵੇ।

***ਹਮਰੇ ਚਾਮ ਕੀ ਪਨਹੀ ਬਨਾਵੈ॥*** ਸਿੱਖਾਂ ਵਾਸਤੇ ਮੇਰੇ ਚੰਮ ਦੀਆਂ ਜੁੱਤੀਆਂ ਬਣਾ ਲਵੇ ਮੈਨੂੰ ਪ੍ਰਵਾਣ ਹੈ।

***ਸਿਖ ਕਾਰਨ ਪਗ ਧਰੈ ਜੁ ਧਰਨ॥*** ਸਿੱਖ ਦੇ ਕਾਰਜ ਵਾਸਤੇ ਪੈਰ ਚਲ ਕੇ ਧਰਤੀ 'ਤੇ ਆਵੇ ਮੇਰੇ ਤੱਕ।

***ਹਮ ਧਾਰੈਂ ਸਿਰ ਉਸ ਕੌ ਚਰਨ॥੨੮॥*** ਮੈਂ ਉਸ ਦੇ ਚਰਨ ਆਪ ਦੇ ਸੀਸ 'ਤੇ ਲੈਂਦਾ ਹਾਂ, ਜੀ ਆਇਆਂ ਨੂੰ, ਸਿੱਖ ਦੇ ਵਾਸਤੇ ਹੋਵੇ ਕੋਈ ਕਾਰਜ, ਉਹਦੇ ਵਾਸਤੇ ਮੈਂ ਤਿਆਰ ਹਾਂ। ੨੮।

***ਨਿਬਾਬ ਜੋਗ ਵਗਨੀ ਵਗ ਗਈ॥*** ਖਾਨੂੰ ਨਵਾਬ ਨੂੰ ਜੋ ਵਗਨੀ ਸੀ ਜੋ ਬਚਨ ਹੋਣਾ ਸੀ ਸੋ ਹੋ ਗਿਆ ਹੈ, ਉਹ ਤਾਂ ਨਿਕਲ ਗਿਆ ਮੇਰੇ ਮੂੰਹ ਵਿੱਚੋਂ, ਜੋ ਬਚਨ ਸੀ।

***ਸਫ਼ਾਰਸ਼ ਦੁਸ਼ਟ ਨ ਚਹੀਯਤ ਕਹੀ॥*** ਸੁਬੇਗ ਸਿੰਘ ਜੀ ਐਸੇ ਦੁਸ਼ਟ ਦੀ ਸਿਫਾਰਸ਼ ਨਹੀਂ ਕਰਨੀਂ ਚਾਹੀਦੀ। ਕਦੀ ਉਸ ਦੇ ਭਲੇ ਵਾਸਤੇ ਨਾ ਸੋਚੋ।

***ਸਿਖ ਪਰ ਹਮਰੋ ਨਾਂਹਿ ਬਸਾਇ॥*** ਸਿੱਖ ਉਤੇ ਮੇਰੀ ਕੋਈ ਵਾਹ ਨਹੀਂ ਹੈ, ਗੁਰ ਸਿੱਖ ਜੋ ਕਰੇ ਸੋ ਕਰੇ, ਮੈਨੂੰ ਪ੍ਰਵਾਣ ਹੋਵੇਗੀ।

***ਔਰ ਕਰੇ ਸੰਗ ਉਸ ਕੇ ਜਾਇ॥੨੯॥*** ਜੇ ਹੋਰ ਕੋਈ ਕਰੇਗਾ, ਉਹ ਵੀ ਨਵਾਬ ਦੇ ਨਾਲ ਹੀ ਜਾਇਗਾ, ਉਹ ਵੀ ਨਹੀਂ ਏਥੇ ਰਹਿ ਸਕੇਗਾ। ੨੯।

***ਸੁਬੇਗ ਸਿੰਘ ਆ ਦੀਯੋ ਜੁਬਾਬ॥*** ਜਿਵੇਂ ਤਾਰੂ ਸਿੰਘ ਨੇ ਕਿਹਾ ਸੀ, ਸੁਬੇਗ ਸਿੰਘ ਨੇ ਉਸੇ ਤਰ੍ਹਾਂ ਆ ਕੇ ਨਵਾਬ ਨੂੰ ਜੁਆਬ ਦੇ ਦਿੱਤਾ, 'ਬਸ ਬਈ ਕੋਈ ਵਾਹ ਨਹੀਂ ਓਥੇ', ਅਸੀਂ ਨਹੀਂ ਕੁਛ ਕਹਿ ਸਕਦੇ।

***ਬਹੁਤ ਦੁਖੀ ਅਬ ਭਯੋ ਨਿਬਾਬ॥*** ਜਦੋਂ ਸੁਬੇਗ ਸਿੰਘ ਨੇ ਆ ਕੇ ਜੁਆਬ ਦੇ ਦਿੱਤਾ ਹੈ, ਹੁਣ ਨਵਾਬ ਅਤੀ ਦੁਖੀ ਹੋਇਆ ਹੈ।

***ਜਿਉਂ ਜਿਉਂ ਕਰੈਂ ਹਕੀਮੀ ਲੋਗ॥*** ਵੈਦ ਜੋ ਇਲਾਜ ਵਾਸਤੇ ਬੁਲਾਏ ਹਨ, ਉਹ ਜਿਵੇਂ-ਜਿਵੇਂ ਇਲਾਜ਼ ਕਰਦੇ ਹਨ।

***ਨਿਬਾਬ ਬਿਆਪੇ ਬਹੁਤੋ ਰੋਗ॥੩੦॥*** ਸਗੋਂ ਨਵਾਬ ਨੂੰ ਉਸ ਤੋਂ ਵੀ ਜ਼ਿਆਦਾ ਰੋਗ ਵਧਦਾ ਜਾਂਦਾ ਹੈ, ਉਹ ਹੋਰ ਦੁਖੀ ਹੋ ਰਿਹਾ ਜਿਉਂ-ਜਿਉਂ ਉਸ ਨੂੰ ਦਵਾਈਆਂ ਦਿੰਦੇ ਹਨ। ੩੦।

***ਕਰ ਨਹਿੰ ਸਕੈ ਨਵਾਬ ਸੁ ਚੂਪ॥*** ਦੁਖੀ ਹੋਇਆ ਨਵਾਬ ਚੁਪ ਨਹੀਂ ਕਰਦਾ ਹੈ, ਬਹੁੜੀ-ਬਹੁੜੀ ਕਰਦਾ ਹੈ ਹੁਣ।

***ਦੁਖ ਕਰ ਮਾਰੇ ਬਡੀ ਸੁ ਕੂਕ॥*** ਦੁਖ ਕਰ ਕੇ ਬੜੀ ਉੱਚੀ-ਉੱਚੀ ਕੂਕਾਂ ਮਾਰਦਾ ਹੈ ਜੋ ਕਿ ਬੜੀ ਦੂਰ-ਦੂਰ ਤੱਕ

ਸੁਣਦੀਆਂ ਹਨ।

**ਸੁਬੇਗ ਸਿੰਘ ਸੋਂ ਯੋਂ ਫਿਰ ਕਹਯੋ॥** ਨਵਾਬ ਫਿਰ ਸੁਬੇਗ ਸਿੰਘ ਨੂੰ ਇਉਂ ਕਹਿਣ ਲੱਗਾ ਹੈ।

**ਮੈਂ ਅਬ ਖਾਲਸੇ ਸ਼ਰਨੀ ਅਯੋ॥੩੧॥** ਸੁਬੇਗ ਸਿੰਘ ਜੀ ! ਹੁਣ ਮੈਂ ਖਾਲਸੇ ਦੀ ਸ਼ਰਣ ਲੈਂਦਾ ਹਾਂ, ਮੈਨੂੰ ਖਾਲਸੇ ਪੰਥ ਦੀ ਸ਼ਰਨ ਲੈ ਚਲੋ, ਓਥੇ ਮੇਰੇ 'ਤੇ ਕਿਰਪਾ ਕਰਾ ਦਿਓ। ੩੧।

**ਦੋਹਰਾ॥ ਤਾਰੂ ਸਿੰਘ ਸ੍ਰਾਪ ਹੁਇ ਸਕੈ ਨ ਕੋਊ ਮੋਰ॥** ਨਵਾਬ ਕਹਿੰਦਾ ਹੈ ਕਿ ਜੋ ਤਾਰੂ ਸਿੰਘ ਵਲੋਂ ਸ੍ਰਾਪ ਹੋ ਗਿਆ ਹੈ, ਉਸ ਨੂੰ ਤਾਂ ਕੋਈ ਨਹੀਂ ਮੋੜ ਸਕਦਾ, ਉਹ ਤਾਂ ਜਰੂਰ ਵਾਪਰੇਗਾ ਮੇਰੇ ਉਤੇ।

**ਜੇ ਮੋੜੇ ਤੋ ਖਾਲਸਾ ਔਰ ਨ ਸਾਕੇ ਮੋਰ॥੩੨॥** ਜੇ ਉਸ ਦੇ ਸ੍ਰਾਪ ਨੂੰ ਮੋੜ ਸਕਦਾ ਹੈ, ਤਾਂ ਖਾਲਸਾ ਪੰਥ ਹੀ ਮੋੜ ਸਕਦਾ ਹੈ ਹੋਰ ਨਹੀਂ ਕੋਈ ਮੋੜ ਸਕਦਾ, ਮੈਨੂੰ ਇਸ ਗੱਲ ਦਾ ਨਿਸਚਾ ਹੋ ਗਿਆ ਹੈ। ੩੨।

**ਚੌਪਈ॥ 'ਜਿਸ ਜਲ ਉਪਜੈ ਸੋ ਜਲ ਮਾਰੇ॥** ਜਿਸ ਪਾਣੀ ਤੋਂ ਕੋਈ ਵਸਤੂ ਪੈਦਾ ਹੁੰਦਾ ਹੈ, ਉਹੀ ਪਾਣੀ ਉਸ ਨੂੰ ਮਾਰਦਾ ਹੈ, ਜਿਵੇਂ ਫਸਲ ਪਾਣੀ ਨਾਲ ਉੱਗਦੀ ਹੈ ਜੇ ਉਹ ਫਸਲ ਪਾਣੀ ਵਿਚ ਡੁੱਬ ਜਾਵੇ ਤਾਂ ਉਹੀ ਪਾਣੀ ਉਸ ਨੂੰ ਮਾਰਦਾ ਹੈ, ਪੀਲੀ ਪੈ ਜਾਇਗੀ ਜਾਂ ਸੜ ਜਾਇਗੀ।

**ਜੋ ਜਲ ਮਾਰੇ ਸੋ ਜਲ ਤਾਰੇ॥** ਜਿਹੜਾ ਪਾਣੀ ਮਾਰਦਾ ਹੈ, ਉਹੀ ਪਾਣੀ ਤਾਰ ਸਕਦਾ ਹੈ, ਭਾਵ ਜੇ ਖਾਲਸੇ ਦਾ ਸ੍ਰਾਪ ਹੈ, ਤਾਂ ਖਾਲਸਾ ਹੀ ਬਖ਼ਸ਼ ਸਕਦਾ ਉਸ ਨੂੰ, ਹੋਰ ਕੋਈ ਨਹੀਂ ਸ੍ਰਾਪ ਨੂੰ ਦੂਰ ਕਰ ਸਕੇਗਾ।

**ਜੋਊ ਖਾਲਸੋ ਮਾਰਨਵਾਰ॥** ਜਿਹੜਾ ਖਾਲਸਾ ਮੈਨੂੰ ਮਾਰਨ ਵਾਲਾ ਹੈ, ਮੈਨੂੰ ਸਰਾਪ ਦੇਣ ਵਾਲਾ ਹੈ।

**ਖਾਲਸੋ ਚਹੈ ਤੋ ਕਰੈ ਨਿਹਾਲ॥੩੩॥** ਜੇ ਖਾਲਸਾ ਚਾਹੇ, ਤਾਂ ਮੈਨੂੰ ਨਿਹਾਲ ਕਰ ਸਕਦਾ ਹੈ, ਨਿਹਾਲ ਤੋਂ ਭਾਵ ਹੈ ਕਿ ਮੈਨੂੰ ਬਖ਼ਸ਼ ਸਕਦਾ ਹੈ। ਮੇਰਾ ਕਸੂਰ ਮੁਆਫ ਕਰਵਾ ਸਕਦਾ ਹੈ ਖਾਲਸਾ। ੩੩।

**ਤੱਤ ਖਾਲਸੋ ਹੈ ਜਿਹ ਜਾਇ॥** ਜੰਗਲਾਂ ਵਿਚ ਜਿਸ ਜਗ੍ਹਾ ਤੱਤ ਖਾਲਸਾ ਰਹਿੰਦਾ ਹੈ।

**ਜਾਇ ਤੁਰਤ ਤੂੰ ਤਿਸ ਹੀ ਥਾਇ॥** ਸੁਬੇਗ ਸਿੰਘ ! ਜਿਥੇ ਖਾਲਸੇ ਦਾ ਪੜਾਉ ਲੱਗਾ ਹੈ, ਤੂੰ ਛੇਤੀ ਤੋਂ ਛੇਤੀ ਜਾ ਉਸ ਜਗ੍ਹਾ 'ਤੇ।

**ਹਮਰੇ ਥਾਂ ਤੁਮ ਪੈਰੀਂ ਪਰੋ॥** ਮੇਰੀ ਥਾਂ ਜਾ ਕੇ ਤੂੰ ਖਾਲਸੇ ਦੇ ਚਰਨੀ ਪੈ ਜਾ ਕੇ।

**ਹਮਰੀ ਥਾਂ ਤੁਮ ਬਿਨਤੀ ਕਰੋ॥੩੪॥** ਮੇਰੀ ਥਾਂ ਜਾ ਕੇ ਸੁਬੇਗ ਸਿੰਘ ਜੀ ! ਤੁਸੀਂ ਖਾਲਸੇ ਪੰਥ ਕੋਲ ਮੇਰੀ ਤਰਫੋਂ ਬੇਨਤੀ ਕਰੋ। ੩੪।

**ਮੈਂ ਤੇ ਹੋਈ ਬਡ ਤਕਸੀਰ॥** ਮੇਰੇ ਕੋਲੋਂ ਵੱਡਾ ਕਸੂਰ ਹੋ ਗਿਆ ਹੈ, ਵੱਡੀ ਗਲਤੀ ਕਰ ਲਈ ਹੈ, ਮੈਂ।

**ਮੈਂ ਤੁਮਰੋ ਹੌਂ ਦੇਵਨਗੀਰ॥** ਮੈਂ ਤੁਹਾਡਾ ਦੇਨਹਾਰ ਹਾਂ।

**ਹੈ ਗੁਰ ਤੁਮਰੋ ਲਿਖਿਆ ਯਾਹਿ॥** ਤੁਹਾਡੇ ਗੁਰੂ ਜੀ ਨੇ ਬਾਣੀ ਵਿਚ ਇਸ ਤਰ੍ਹਾਂ ਲਿਖਿਆ ਹੈ ਜੋ ਪੜ੍ਹਦੇ ਹੋ ਰੋਜ਼।

**ਸੰਤ ਦੋਖੀ ਕਾ ਥਾਉ ਕੋ ਨਾਹਿ॥੩੫॥** ਸ੍ਰੀ ਸੁਖਮਨੀ ਸਾਹਿਬ ਵਿਚ ਲਿਖਿਆ ਹੈ ਕਿ ਸੰਤਾਂ ਦੇ ਦੋਖੀ ਨੂੰ ਕੋਈ ਥਾਂ ਨਹੀਂ ਹੈ, ਕੋਈ ਟਿਕਾਣਾ ਨਹੀ, ਭਾਵ ਉਸ ਨੂੰ ਹੋਰ ਕੋਈ ਨਹੀਂ ਬਖ਼ਸ਼ ਸਕਦਾ। ੩੫।

**ਸੰਤ ਕਾ ਨਿੰਦਕੁ ਮਹਾ ਹਤਿਆਰਾ॥** ਸੰਤਾਂ ਦੀ ਨਿੰਦਿਆ ਕਰਨ ਵਾਲਾ ਮਹਾਂ ਅਪਰਾਧੀ ਹੈ।

**ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥** ਸੰਤ ਵਿਚ ਤੇ ਪ੍ਰਮੇਸਰ ਵਿਚ ਫਰਕ ਕੋਈ ਨਹੀਂ ਹੈ, ਸੰਤ ਉਸੇ ਦਾ ਸਰੂਪ ਹੋ ਜਾਂਦੇ ਹਨ, ਉਹ ਤਾਂ ਪ੍ਰਮੇਸਰ ਨੇ ਆਪ ਮਾਰਿਆ ਹੈ, ਜੋ ਉਸ ਦੇ ਸੇਵਕਾਂ ਨੂੰ ਦੁਖ ਦੇਣਾ ਹੈ, ਉਹ ਪ੍ਰਮੇਸ਼ਰ ਨੂੰ ਦੁਖ ਦੇਣਾ ਹੈ।

**ਸੰਤ ਭਾਵੈ ਤਾ ਲਏ ਉਬਾਰ॥** ਜੇ ਸੰਤ ਨੂੰ ਭਾ ਜਾਵੇ ਤਾਂ ਉਹ ਦੋਖੀ ਨੂੰ ਵੀ ਬਚਾ ਸਕਦਾ ਹੈ। ਇਸ ਤਰ੍ਹਾਂ ਬੇਨਤੀਆਂ ਕਰਦਾ

ਹੈ ਚਰਨੀ ਹੱਥ ਲਾ ਲਾ ਕੇ।

***ਯੌ ਲਿਖਿਓ ਤੁਮ ਗ੍ਰੰਥ ਮਝਾਰ॥੩੬॥*** ਇਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੋਇਆ ਹੈ, ਮੈਂ ਸੁਣਿਆ ਹੈ। ੩੬।

***ਦੋਹਰਾ॥ ਔਰ ਬਾਤ ਹਮ ਇਕ ਸੁਨੀ ਗੁਰੂ ਖਾਲਸੇ ਗਯੋ ਬਤਾਇ॥*** ਕਹਿੰਦਾ ਇਕ ਗੱਲ ਮੈਂ ਹੋਰ ਸੁਣੀ ਹੈ, ਗੁਰੂ ਗੋਬਿੰਦ ਸਿੰਘ ਜੀ ਜਦੋਂ ਜੋਤੀ ਜੋਤਿ ਸਮਾਉਣ ਲੱਗੇ ਹਨ ਅੰਤ ਸਮੇਂ ਖਾਲਸੇ ਨੂੰ ਇਕ ਗੱਲ ਦੱਸ ਗਏ ਹਨ।

***ਪੰਜ ਸਿੱਖ ਜਹਿਂ ਹਥ ਜੋੜੈਂ ਤਹਿਂ ਮੈਂ ਪਹੁੰਚੇਂ ਆਇ॥੩੭॥*** ਕਹਿੰਦਾ ਮੈਂ ਸੁਣੀ ਹੈ ਗੱਲ ਕਿ ਜਿਥੇ ਪੰਜ ਸਿੰਘ ਅਰਦਾਸ ਕਰੋਗੇ ਮੈਂ ਉਥੇ ਹਾਜ਼ਰ ਹੋਵਾਂਗਾ, ਜੋ ਵੀ ਤੁਹਾਡਾ ਕਾਰਜ ਹੋਵੇਗਾ ਉਹ ਮੈਂ ਕਰਾਂਗਾ ਆ ਕੇ। ਕਹਿੰਦਾ ਮੈਨੂੰ ਪਤਾ ਲੱਗਾ ਹੈ ਗੁਰ ਸਿੱਖਾਂ ਨੇ ਦੱਸਿਆ ਹੈ, ਤੁਹਾਡੇ ਸਤਿਗੁਰੂ ਇਹ ਗੱਲ ਕਹਿ ਗਏ ਹਨ,''ਪੰਜ ਸਿਖਨ ਤੇ ਅਰਦਾਸ ਕਰਾਵੈ, ਜੋ ਬਰ ਅਗੈ ਸੋ ਬਰ ਪਾਵੈ। ੩੭।

***ਚੌਪਈ॥ ਗੁਰੂ ਗ੍ਰੰਥ ਮੈਂ ਲਿਖਿਓ ਜੋਇ॥*** ਜੋ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੀ ਹੋਈ ਹੈ।

***ਸਿਖ ਸੰਗਤ ਕਹੇ ਸੱਤ ਸੁ ਹੋਇ॥*** ਗੁਰੂ ਕੀ ਸਿੱਖ ਸੰਗਤ ਜੋ ਕਹੇ ਉਹ ਸੱਚਾ ਹੋ ਜਾਂਦਾ ਹੈ।

***ਦਿਹੋ ਪ੍ਰਤਾਇ ਸੁ ਹਮੈਂ ਦਿਖਾਇ॥*** ਕਹਿੰਦਾ ਇਹ ਗੱਲ ਪ੍ਰਤੱਖ ਕਰ ਕੇ ਵਿਖਾਓ, ਮੇਰੇ 'ਤੇ ਪ੍ਰਤਿਆਵਾ ਲਿਆਓ, ਮੈਂ ਸੰਤਾਂ ਦਾ ਦੋਖੀ ਹਾਂ, ਮੈਂ ਸੰਤਾਂ ਦਾ ਨਿੰਦਕ ਹਾਂ।

***ਐਸੇ ਆਖਯੋ ਨਵਾਬ ਬਨਾਇ॥੩੮॥*** ਏਸ ਤਰ੍ਹਾਂ ਦੀਆਂ ਗੱਲਾਂ ਬਣਾ ਬਣਾ ਕੇ ਭਾਈ ਸੁਬੇਗ ਨੂੰ ਕਿਹਾ, ਨਵਾਬ ਨੇ। ੩੮।

***ਔਰ ਸੁਨੀ ਮੈਂ ਪੜ੍ਹਤੇ ਬਾਨੀ॥*** ਹੋਰ ਵੀ ਗੁਰ ਸਿੱਖਾਂ ਨੂੰ ਬਾਣੀ ਪੜ੍ਹਦਿਆਂ ਸੁਣਿਆ ਹੈ।

***ਸੁਖਮਨੀ ਜੋ ਗੁਰੂ ਬਖਾਨੀ॥*** ਸੁਖਮਨੀ ਸਾਹਿਬ ਜੋ ਗੁਰੂ ਜੀ ਨੇ ਉਚਾਰੀ ਹੈ।

***'ਸੰਤ ਦੋਖੀ ਕਾ ਥਾਉ ਕੋ ਨਾਹਿ॥*** ਜੋ ਸੰਤਾਂ ਦਾ ਦੋਖੀ ਹੈ, ਉਸ ਦਾ ਕੋਈ ਟਿਕਾਣਾ ਨਹੀਂ ਹੈ, ਕੋਈ ਆਸਰਾ ਨਹੀਂ ਰਹਿ ਜਾਂਦਾ ਉਸ ਦੇ ਵਾਸਤੇ।

***ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ॥੩੯॥*** ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਪਰ ਜੇ ਉਹ ਸੰਤਾਂ ਨੂੰ ਭਾ ਜਾਵੇ ਤਾਂ ਉਸ ਦੀ ਵੀ ਗਤੀ ਹੋ ਸਕਦੀ ਹੈ, ਐਸੇ ਅਪਰਾਧੀ ਵੀ ਬਖਸ਼ੇ ਜਾ ਸਕਦੇ ਹਨ, ਇਉਂ ਮੈਂ ਬਾਣੀ ਵਿਚ ਸ੍ਰਵਣ ਕੀਤਾ ਹੈ। ੩੯।

***ਸੰਤ ਕੀ ਨਿੰਦਾ ਦੋਖ ਮਹਿ ਦੋਖੁ॥*** ਸੰਤਾਂ ਦੀ ਨਿੰਦਾ ਜੋ ਦੋਸਾਂ ਵਿੱਚੋਂ ਮਹਾਂ ਦੋਸ਼ ਹੈ, ਸਭ ਤੋਂ ਵੱਡਾ ਅਪਰਾਧ ਹੈ। ਇਹੋ ਜਿਹਾ ਹੋਰ ਅਪਰਾਧ ਕੋਈ ਨਹੀਂ ਹੈ।

***ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ॥*** ਹੇ ਨਾਨਕ ! ਜੇ ਐਸਾ ਅਪਰਾਧੀ ਸੰਤਾਂ ਨੂੰ ਭਾ ਜਾਵੇ, ਤਾਂ ਐਸੇ ਅਪਰਾਧੀ ਦੀ ਮੁਕਤੀ ਹੋ ਸਕਦੀ ਹੈ, ਉਹ ਵੀ ਮੁਕਤੀ ਨੂੰ ਪ੍ਰਾਪਤ ਕਰ ਸਕਦਾ ਹੈ।

***ਸੰਤ ਕੇ ਦੋਖੀ ਕੋ ਨਾਹੀ ਠਾਉ॥*** ਸੰਤਾਂ ਦੇ ਦੋਸ਼ੀ ਨੂੰ ਕੋਈ ਥਾਂ ਟਿਕਾਣਾ ਨਹੀਂ ਹੈ।

***ਨਾਨਕ ਸੰਤ ਭਾਵੈ ਤਾ ਲਏ ਮਿਲਾਇ॥੪੦॥*** ਜੇ ਸੰਤਾਂ ਨੂੰ ਭਾਅ ਜਾਵੇ, ਤਾਂ ਸੰਤ ਉਸ ਨੂੰ ਵੀ ਮਿਲਾ ਲੈਂਦੇ ਹਨ, ਉਸਦੇ ਵੀ ਪਾਪ ਬਖ਼ਸ਼ੇ ਜਾ ਸਕਦੇ ਹਨ। ੪੦।

***ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ॥*** ਸੰਤਾਂ ਦੇ ਦੋਖੀ ਨੂੰ ਗੁਰ ਸਿੱਖਾਂ ਦੇ ਦੋਖੀ ਨੂੰ ਹੋਰ ਕੋਈ ਰੱਖਣ ਵਾਲਾ ਨਹੀਂ ਹੈ।

***ਨਾਨਕ ਸੰਤ ਭਾਵੈ ਤਾ ਲਏ ਉਬਾਰਿ॥*** ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਹ ਦੋਖੀ ਸੰਤਾਂ ਨੂੰ ਭਾ ਜਾਵੇ, ਤਾਂ ਉਸ ਦਾ ਵੀ ਬਚਾ ਹੋ ਸਕਦਾ ਹੈ, ਤਾਂ ਉਸ ਨੂੰ ਵੀ 'ਸੰਤ ਦੋਖ' ਤੋਂ ਮੁਆਫੀ ਹੋ ਸਕਦੀ ਹੈ।

***ਜੋ ਯਹ ਬਾਨੀ ਹੈ ਗੁਰ ਸਾਚੀ॥*** ਜੇ ਇਹ ਗੁਰੂ ਕੀ ਬਾਣੀ ਸੱਚੀ ਹੈ, ਗੁਰ ਸਿੱਖੋ! ਸੱਚੀ ਕਰਕੇ ਪੜ੍ਹਦੇ ਹੋ।

***ਤੋ ਤਕਸੀਰ ਕਰੋ ਮੁਝ ਕਾਚੀ॥ ੪੧॥*** ਤਾਂ ਮੇਰੀ (ਤਕਸੀਰ) ਜੋ ਮੈਂ ਪਾਪ ਕੀਤਾ ਹੈ, ਉਸ ਨੂੰ ਕੱਚਾ ਕਰ ਦਿਉ। ਬਖ਼ਸ਼

ਦਿਉ ਮੈਨੂੰ ਇਕ ਵੇਰਾਂ, ਬਾਣੀ ਸੱਚੀ ਕਰਕੇ ਵਿਖਾਉ। ੪੧।

***ਦੋਹਰਾ॥ ਹਮ ਸਮ ਪਾਪੀ ਨਹਿੰ ਕੋਊ ਸੰਤ ਖਾਲਸੇ ਸਮ ਨਹਿੰ ਕੋਇ॥*** ਦੇਖ ਲਉ ਮੇਰੇ ਵਰਗਾ ਪਾਪੀ ਕੋਈ ਨਹੀਂ ਹੈ ਤੇ ਖਾਲਸੇ ਵਰਗਾ ਸੰਤ ਕੋਈ ਨਹੀਂ ਹੈ ਸ੍ਰਿਸ਼ਟੀ 'ਤੇ।

***ਸੁਖਮਨੀ ਮੈਂ ਜੋ ਲਿਖਿਓ ਪ੍ਰਤਾਇ ਦਿਖਾਲੋ ਸੋਇ॥ ੪੨॥*** ਜੋ ਸੁਖਮਨੀ ਸਾਹਿਬ ਵਿਚ ਲਿਖਿਆ ਹੈ, ਉਸ ਦਾ ਪ੍ਰਤਿਆਵਾ ਮੇਰੇ 'ਤੇ ਕਰੋ, ਦਿਖਾਓ ਇਹ, ਕਿ ਬਾਣੀ ਸੱਚੀ ਹੈ ਸਾਬਤ ਕਰ ਕੇ ਵਿਖਾਉ। ੪੨।

***ਜੋ ਗੁਰਬਾਨੀ ਮੈਂ ਸ਼ਕਤ ਤੌ ਸਿੱਖ ਸੱਚ ਪੰਚਨ ਮਾਹਿ॥*** ਜੇ ਗੁਰਬਾਣੀ ਵਿਚ ਸ਼ਕਤੀ ਹੈ, ਤਾਂ ਫਿਰ ਇਹ ਵੀ ਸੱਚ ਹੈ ਕਿ ਜਿਥੇ ਪੰਜ ਸਿੰਘ ਅਰਦਾਸ ਕਰਦੇ ਹੋਣ ਉਥੇ ਮੈਂ ਹਾਜ਼ਰ ਨਾਜਰ ਹਾਂ, ਗੁਰੂ ਸਾਹਿਬ ਹਾਜ਼ਰ ਨਾਜ਼ਰ ਹੋਣਗੇ ਉੱਥੇ।

***ਤੌ ਤੂ ਜਾਇ ਨਵਾਬ ਪੈ ਜੋ ਹੈ ਸਿੰਘਨ ਮਾਂਹਿ॥ ੪੩॥*** ਸੁਬੇਗ ਸਿੰਘ ਜੀ ਤੁਸੀਂ ਪੰਥ ਵਿਚ ਜਾਉ, ਜੋ ਸਿੰਘਾਂ ਵਿਚ ਨਵਾਬ ਕਪੂਰ ਸਿੰਘ ਜੀ ਹਨ, ਉਹਨਾਂ ਦੇ ਕੋਲ ਜਾਉ, ਉਨ੍ਹਾਂ ਅੱਗੇ ਬੇਨਤੀ ਕਰੋ ਮੇਰੀ। ੪੩।

***ਜੌ ਜਿੰਦ ਬਖ਼ਸ਼ੋ ਨਾਹਿੰ ਸਿੰਘ ਤੌ ਇਤਨੀ ਤੌ ਕਰ ਲਯਾਇ॥*** ਖਾਲਸੇ ਪੰਥ ਵਿੱਚ ਜਾ ਕੇ ਬੇਨਤੀ ਕਰ, ਜੇ ਮੇਰੀ ਜਾਨ ਬਖਸ਼ੀ ਨਹੀਂ ਕਰਦੇ ਉਹ, ਤਾਂ ਏਨਾ ਕੁ ਤਾਂ ਕਰਾ ਲਿਆ ਥੋੜ੍ਹਾ ਜਿਹਾ।

***ਇਕ ਬਾਰ ਦੁਖੋਂ ਛੁਡਾਇ ਕਰ, ਫਿਰ ਤਾਰੂ ਸਿੰਘ ਲੈ ਜਾਇ॥ ੪੪॥*** ਇਕ ਵਾਰੀ ਮੈਨੂੰ ਦੁਖ ਤੋਂ ਛੁਡਾ ਦਿਉ ਇਕੇਰਾਂ ਮੇਰਾ ਪਿਸ਼ਾਬ ਦਾ ਬੰਨ੍ਹ ਟੁਟ ਜਾਵੇ, ਮੇਰੀ ਜਾਨ ਸੌਖੀ ਹੋ ਜਾਵੇ, ਫੇਰ ਭਾਵੇਂ ਤਾਰੂ ਸਿੰਘ ਜੀ ਮੈਨੂੰ ਜੁੱਤੀ ਅੱਗੇ ਲਾ ਕੇ ਲੈ ਜਾਣ। ੪੪।

***ਸੁਬੇਗ ਸਿੰਘ ਜੰਬਰ ਤੁਰਯੋ ਜਾ ਪਹੁੰਚਯੋ ਖਾਲਸੇ ਪਾਸ॥*** ਭਾਈ ਸੁਬੇਗ ਸਿੰਘ ਜੀ ਜੰਬਰ ਪਿੰਡ ਦੇ ਰਹਿਣ ਵਾਲੇ ਨਵਾਬ ਦੀ ਬੰਦ ਖਲਾਸੀ ਕਰਾਉਣ ਵਾਸਤੇ ਲਹੌਰ ਤੋਂ ਤੁਰ ਕੇ ਖਾਲਸੇ ਪੰਥ ਦੇ ਪਾਸ ਪਹੁੰਚ ਗਏ।

***ਫਤੇ ਬੁਲਾਈ ਸਤਿਗੁਰੂ ਕਰ ਕੁਰਨਸ ਬਹੁਤ ਹੁਲਾਸ॥ ੪੫॥*** ਭਾਈ ਸੁਬੇਗ ਸਿੰਘ ਖਾਲਸੇ ਨੂੰ ਬੜੇ ਹੀ ਉਤਸ਼ਾਹ ਵਿਚ ਧਰਤੀ 'ਤੇ ਨਮਸਕਾਰ ਕਰਦਾ ਜਾਂਦਾ ਹੈ, ਦੂਰੋਂ ਹੀ ਜੈਕਾਰੇ ਗਜਾਉਂਦਾ ਜਾਂਦਾ ਹੈ, ਜਾ ਕੇ ਪੰਥ ਦੇ ਸਨਮੁਖ ਹੋ ਕੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤ੍ਹੇ ਗਜਾਈ ਹੈ ਜਾ ਕੇ। ੪੫।

***ਚੌਪਈ॥ ਸਮੂਹ ਖਾਲਸੇ ਦਿਵਾਨ ਲਗਾਯਾ॥*** ਸਰਬਤ ਖਾਲਸਾ ਇਕੱਤਰ ਹੋਇਆ ਹੈ, ਉਸ ਦੀ ਫਰਿਆਦ ਸੁਨਣੇ ਵਾਸਤੇ।

***ਆਦਰ ਸੌ ਸੁਬੇਗ ਸਿੰਘ ਬੁਲਾਯਾ॥*** ਬੜੇ ਆਦਰ ਸਤਿਕਾਰ ਨਾਲ ਸੁਬੇਗ ਸਿੰਘ ਬੁਲਾਇਆ ਹੈ, ਆਓ! ਕਿਸ ਤਰ੍ਹਾਂ ਆਉਣਾ ਹੋਇਆ ਹੈ।

***ਸੁਬੇਗ ਸਿੰਘ ਕੀ ਕੁਸ਼ਲ ਪੁਛ ਲਈ॥*** ਸੁਬੇਗ ਸਿੰਘ ਦੀ ਰਾਜੀ-ਖੁਸ਼ੀ ਸੁਖ-ਸਾਂਤੀ ਪੁੱਛੀ ਹੈ।

***ਕਪੂਰ ਸਿੰਘ ਜੀ ਨਵਾਬ ਆਇ ਪਈ॥ ੪੬॥*** ਨਵਾਬ ਕਪੂਰ ਸਿਘ ਜੀ 'ਤੇ ਸਾਰੀ ਗੱਲ ਆ ਪਈ ਹੈ। ੪੬।

***ਫਿਰ ਪੂਛੀ ਤਾਰੂ ਸਿੰਘ ਬਾਤ॥*** ਫਿਰ ਸੁਬੇਗ ਸਿੰਘ ਨੂੰ ਭਾਈ ਤਾਰੂ ਜੀ ਦੀ ਗੱਲਬਾਤ ਪੁੱਛੀ ਹੈ ਕਿ ਦੱਸੋ ਹੁਣ ਭਾਈ ਤਾਰੂ ਸਿੰਘ ਜੀ ਨਾਲ ਕੀ ਵਾਪਰਿਆ ਹੈ ਭਾਣਾ, ਦੱਸੋ ਹੁਣ ਗੱਲ ਕਿਥੇ ਕੁ ਗਈ ਹੈ।

***ਮਾਰ ਸਾਤ ਖਾਨੂੰ ਸਿਰ ਲਾਤ॥*** ਅੱਗੋ ਭਾਈ ਸੁਬੇਗ ਸਿੰਘ ਨੇ ਉੱਤਰ ਦਿੱਤਾ, ਕਹਿੰਦਾ, 'ਸੱਤ ਲੱਤਾਂ ਮਾਰੋ ਐਹੋ ਜਿਹੇ ਖਾਨੂੰ ਦੇ, ਜਿਸ ਨੇ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ।

***'ਧੰਨ ਧੰਨ ਤਾਰੂ ਸਿੰਘ' ਉਚਾਰਯੋ॥*** ਆਪਣੇ ਮੁੱਖੋਂ ਭਾਈ ਤਾਰੂ ਸਿੰਘ ਨੂੰ ਧੰਨ ਹਨ, ਧੰਨ ਹਨ, ਆਖਿਆ ਹੈ।

***ਧ੍ਰਿਗ ਧ੍ਰਿਗ ਨਵਾਬ ਖਾਨੂੰ ਧਿਰਕਾਰਯੋ॥੪੭॥*** ਸੁਬੇਗ ਸਿੰਘ ਨੇ ਨਵਾਬ ਖਾਨੂੰ ਨੂੰ ਧ੍ਰਿਗ ਹੈ, ਉਸ ਖਾਨੂੰ ਦੇ ਧ੍ਰਿਗ ਹੈ ਉਸ ਦੁਸ਼ਟ ਦੇ, ਇਉਂ ਕਹਿ ਧ੍ਰਿਕਾਰਿਆ ਹੈ। ੪੭।

***ਧੰਨ ਮਾਤ ਪਿਤਾ, ਧੰਨ ਉਸ ਭਾਈ॥*** ਧੰਨ ਹਨ ਭਾਈ ਤਾਰੂ ਸਿੰਘ ਜੀ ਦੇ ਮਾਤਾ ਪਿਤਾ, ਧੰਨ ਹਨ ਉਨਾਂ ਦੇ ਭਰਾ ਸਨਬੰਧੀ ਆਦਿਕ।

***ਸਿੱਖੀ ਰਖੀ ਔ ਦੇਹਿ ਗਵਾਈ॥*** ਜਿਸ ਨੇ ਸਿੱਖੀ ਸਲਾਮਤ ਰੱਖੀ ਹੈ, ਆਪਣੇ ਸਰੀਰ ਦੀ ਪ੍ਰਵਾਹ ਨਹੀਂ ਕੀਤੀ, ਆਪਣੀ ਦੇਹ ਗਵਾ ਦਿੱਤੀ ਹੈ।

***ਐਸੀ ਔਰ ਪੁਰਖ ਕਿਨ ਕਰੀ॥*** ਦੁਨੀਆਂ ਵਿਚ ਐਸੀ ਹੋਰ ਕਿਸੇ ਪੁਰਸ਼ ਤੋਂ ਐਹੋ ਜਿਹੀ ਨਹੀਂ ਸਰੀ, ਹੋਰ ਕਿਸੇ ਨੇ ਐਸਾ ਕਾਰਜ਼ ਨਹੀਂ ਕੀਤਾ, ਇਹ ਭਾਈ ਤਾਰੂ ਸਿੰਘ ਨੇ ਕਰਕੇ ਵਿਖਾਈ ਹੈ, ਜੋ ਦੇਹ ਦੀ ਪ੍ਰਵਾਹ ਨਹੀਂ ਸਿੱਖੀ ਸਲਾਮਤ ਰੱਖੀ ਹੈ।

***ਉਤਾਰ ਸੀਸੋਂ ਜਿਨ ਖੋਪਰੀ ਧਰੀ॥੪੮॥*** ਭਾਈ ਸੁਬੇਗ ਸਿੰਘ ਦੱਸ ਰਹੇ ਖਾਲਸੇ ਦੇ ਅੱਗੇ ਕਿ ਉਹ ਤਾਂ ਖੋਪਰੀ ਉਤਾਰ ਬੈਠੇ ਹਨ ਚੌਂਕੜਾਂ ਲਾਈ, ਖੋਪਰੀ ਸੀਸ ਤੋਂ ਵੱਖ ਖੋਪਰੀ ਲਾਹ ਕੇ ਬੈਠੇ ਹਨ, ਉਡੀਕ ਦੇ ਵਿਚ। ੪੮।

***ਦੋਹਰਾ॥ ਸੁਬੇਗ ਸਿੰਘ ਤਬ ਸੋ ਕਹੀ, ਜੋ ਕਹੀ ਨਵਾਬ ਬਨਾਇ॥*** ਫਿਰ ਜਿਵੇਂ ਖਾਨੂੰ ਨਵਾਬ ਨੇ ਬੇਨਤੀਆਂ ਕੀਤੀਆਂ ਸਨ, ਜਿਵੇਂ ਤਰਲੇ ਲਏ ਸਨ, ਉਵੇਂ ਜਿਵੇਂ ਸਭ ਦੱਸੀ ਗਿਆ ਕਿ ਇਉਂ ਤਰਲੇ ਲੈਂਦਾ ਹੈ ਖ਼ਾਨ ਨਵਾਬ, ਇਉਂ ਬੇਨਤੀਆਂ ਕਰਦਾ ਹੈ, ਖਾਲਸੇ ਪੰਥ ਦੀ ਓਟ ਲਈ ਹੈ, ਉਸ ਨੂੰ।

***ਸੁਨਤ ਸੁ ਸਿੰਘਨ ਇਮ ਲਗੀ, ਜਿਮ ਬਰੂਦੈ ਅਗਨ ਛੁਹਾਇ॥੪੯॥*** ਇਹ ਗਲ ਸੁਣ ਕੇ ਸਿੰਘਾਂ ਨੂੰ ਇਉਂ ਲੱਗੀ, ਜਿਵੇਂ ਬਰੂਦ ਨੂੰ ਅੱਗ ਲੱਗ ਜਾਂਦੀ ਹੈ ਤੇ ਪਟਾਕੇ ਪੈਂਦੇ ਹਨ ਤੇ ਸਿੰਘਾਂ ਨੂੰ ਇਕ ਦਮ ਗੁੱਸਾ ਆ ਗਿਆ ਹੈ। ੪੯।

***ਤਬੈ ਸਿੰਘ ਸੁਨ ਯੌ ਕਰਜੋ, ਅਬ ਚੜ੍ਹੋ ਲਹੌਰੇ ਧਾਇ॥*** ਜਦੋਂ ਖਾਲਸੇ ਪੰਥ ਨੇ ਇਉਂ ਸੁਣਿਆ, ਤਾਂ ਸਿੰਘਾਂ ਨੇ ਆਖਿਆ ਹੁਣ ਲਹੌਰ 'ਤੇ ਮਾਰੀਏ ਹੱਲਾ ਧਾਵਾ ਬੋਲ ਦੇਈਏ।

***ਯਾ ਸਿਰ ਕਟੀਏ ਨਵਾਬ ਕੋ, ਕੈ ਅਪਨੋ ਰਹੀਏ ਕਟਾਇ॥ ੫੦॥*** ਐਸੇ ਦੁਸ਼ਟ ਨਵਾਬ ਦਾ ਸਿਰ ਵੱਢ ਲਈਏ ਜਾ ਕੇ ਜਾਂ ਆਪਣਾ ਕਟਾ ਦੇਈਏ, ਹੁਣ ਕੀ ਏਥੇ ਰਹਿਣਾ ਹੈ ਦੁਨੀਆਂ 'ਤੇ ਇਉਂ ਸਿੰਘਾਂ ਨੂੰ ਗੁੱਸਾ ਆ ਗਿਆ। ੫੦।

***ਚੌਪਈ॥ ਕੋਊ ਕਹੈ, ਊਹਾਂ ਜਾਣ ਕਿਮ ਪਾਵੈਂ॥*** ਕਈ ਗੁਰ ਸਿੱਖ ਕਹਿੰਦੇ ਹਨ, ਉਥੇ ਕਿਵੇਂ ਅਪੜਾਂਗੇ ਆਪਾਂ, ਜਿਥੇ ਕਿਲ੍ਹੇ ਕੋਟ ਤੇ ਫ਼ੌਜਾਂ ਖੜ੍ਹੀਆਂ ਹਨ।

***ਹਮ ਥੋੜੇ ਕਿਮ ਕਰ ਹਮ ਜਾਵੈਂ॥*** ਅਸੀਂ ਤਾਂ ਥੋੜ੍ਹੇ ਹਾਂ, ਉੱਥੇ ਕਿਸ ਤਰੀਕੇ ਨਾਲ ਅਸੀਂ ਜਾ ਸਕਦੇ ਹਾਂ? ਨਵਾਬ ਨੂੰ ਅਸੀਂ ਕਿਵੇਂ ਮਾਰ ਸਕਦੇ ਹਾਂ?

***ਕੋਊ ਕਹੈ, ਹਮ ਭੇਖ ਬਟਾਵੈਂ॥*** ਕਈ ਗੁਰੂ ਕੇ ਲਾਲ ਕਹਿੰਦੇ, ਅਸੀਂ ਭੇਖ ਵਟਾ ਕੇ ਜਾਂਦੇ ਰਹਾਂਗੇ ਨਵਾਬ ਨੂੰ ਜਰੂਰ ਮਾਰਾਂਗੇ ਜਾ ਕੇ।

***ਕੋਊ ਕਹੈ ਹਮ ਰਾਤੀਂ ਧਾਵੈਂ॥੫੧॥*** ਕਈ ਸਿੰਘ ਕਹਿਣ ਲੱਗੇ, ਅਸੀਂ ਰਾਤ ਨੂੰ ਧਾਵਾ ਬੋਲ ਦਿਆਂਗੇ, ਰਾਤ ਨੂੰ ਹੱਲਾ ਬੋਲੀਏ, ਐਸੇ ਦੁਸ਼ਟ ਨੂੰ ਜਰੂਰ ਮਾਰੀਏ। ੫੧।

***ਜੌ ਉਨ ਮਾਰਤ ਹਮ ਮਰ ਜਾਈਏ॥*** ਜੇ ਅਸੀਂ ਉਸ ਨੂੰ ਮਾਰਦੇ ਹੋਏ ਉਥੇ ਹੀ ਮਰ ਜਾਈਏ, ਤਾਂ ਪ੍ਰਵਾਹ ਨਹੀਂ ਕਿਸੇ ਗੱਲ ਦੀ।

***ਸੌਤ ਸ਼ਹੀਦੀ ਸਿਦਕ ਕਮਾਈਏ॥*** ਤਾਂ ਸ਼ਹੀਦੀ ਸਾਡੀ ਸੱਤਿ ਹੋ ਜਾਇਗੀ ਸਹੀ ਹੋ ਜਾਏਗੀ ਤੇ ਸਿਦਕ ਦੀ ਅਸੀਂ ਕਮਾਈ ਕਰਾਂਗੇ। ਜਰੂਰ ਉਸ ਗੁਰ ਸਿੱਖ ਨੂੰ ਆਪਾਂ ਚਲ ਕੇ ਮਿਲੀਏ, ਉਸ ਦੇ ਨਾਲ ਚਲੀਏ, ਉਸ ਦਾ ਸਾਥ ਕਰੀਏ। ਉਸ ਦੁਸ਼ਟ ਨੂੰ ਮਾਰੀਏ, ਜਿਸ ਨੇ ਸਜ਼ਾ ਦਿੱਤੀ ਹੈ, ਉਸ ਨੂੰ।

***ਤਾਰੂ ਸਿੰਘ ਤੇ ਪਹਿਲਾਂ ਜਾਈਏ॥*** ਭਾਈ ਤਾਰੂ ਸਿੰਘ ਤੋਂ ਪਹਿਲਾਂ ਪਹੁੰਚੀਏ ਦਰਗਾਹ ਵਿਚ, ਜਦੋਂ ਉਹ ਦਰਗਾਹ ਵਿਚ

ਜਾਣਗੇ, ਅਸੀਂ ਆਦਰ ਸਤਿਕਾਰ ਕਰਾਂਗੇ, ਉਨ੍ਹਾਂ ਦਾ।

***ਜਾਇ ਦਰਗਾਹ ਮੈਂ ਰੌਰ ਮਚਾਈਏ॥੫੨॥*** ਦਰਗਾਹ ਵਿਚ ਰੌਲਾ ਪਾਈਏ ਜਾ ਕੇ ਸਤਿਗੁਰਾਂ ਦੇ ਅੱਗੇ ਬੇਨਤੀਆਂ ਕਰੀਏ ਮਹਾਰਾਜ ! ਐਡੇ-ਐਡੇ ਜ਼ੁਲਮੀ ਇਹ ਬੈਠੇ ਹਨ, ਕਿਰਪਾ ਕਰੋ, ਇਨ੍ਹਾਂ ਦੁਸ਼ਟਾਂ ਦਾ ਨਾਸ ਕਰੋ। ੫੨।

***ਸਫਲ ਜਨਮ ਅਪਨੋ ਕਰ ਲਈਏ॥*** ਆਪਣਾ ਜਨਮ ਤਾਂ ਸਫਲਾ ਕਰ ਲਈਏ। ਆਪਾਂ ਤਾਂ ਆਪਣੇ ਪਾਪ ਝਾੜ ਲਈਏ ਜਾ ਕੇ।

***ਕਰੁ ਅਰਦਾਸ ਨ ਢਿੱਲ ਲਗਈਏ॥*** ਪੰਥ ਅੱਗੇ ਬੇਨਤੀਆਂ ਕਰਦੇ ਹਨ, ਢਿਲ ਨਾ ਕਰੋ ਹੁਣ, ਕਰੋ ਅਰਦਾਸ, ਚੜ੍ਹੀਏ ਲਹੌਰ ਉਤੇ।

***ਤਾਰੂ ਸਿੰਘ ਕਿਯੋ ਜਹਾਜ਼ ਤਿਆਰ॥*** ਭਾਈ ਤਾਰੂ ਸਿੰਘ ਨੇ ਸ਼ਹੀਦਾਂ ਸਿੰਘਾਂ ਦਾ ਜਹਾਜ਼ ਤਿਆਰ ਕੀਤਾ ਹੈ। ਵਾਹਿਗੁਰੂ ਨਾਮ ਜਹਾਜ਼ ਹੈ ਚੜ੍ਹੇ ਸੁ ਉਤਰੇ ਪਾਰ। ਵਾਹਿਗੁਰੂ ਸ਼ਬਦ ਦਾ ਜਾਪ ਕਰ ਰਹੇ ਹਨ, ਸਚਖੰਡ ਪਹੁੰਚਣ ਵਾਸਤੇ ਜ਼ਹਾਜ ਤਿਆਰ ਕੀਤਾ ਹੈ, ਉਹਨਾਂ ਨੇ।

***ਦੁਖ ਸਾਗਰ ਤਰ ਹੋਈਏ ਪਾਰ॥੫੩॥*** ਦੁੱਖਾਂ ਦਾ ਸਮੁੰਦਰ ਜੋ ਸੰਸਾਰ ਹੈ, ਇਸ ਨੂੰ ਤਰ ਕੇ ਪਾਰ ਹੋ ਜਾਈਏ, ਉਨ੍ਹਾਂ ਨੇ ਜੋ ਜ਼ਹਾਜ ਤਿਆਰ ਕੀਤਾ ਹੈ, ਉਸ 'ਤੇ ਅਸਵਾਰ ਹੋਈਏ ਚੱਲ ਕੇ। ੫੩।

***ਦੋਹਰਾ॥ ਫਿਰ ਸਿੰਘਨ ਸੁਨ ਯੌ ਕਹੀ, ਪ੍ਰਣ ਤਾਰੂ ਸਿੰਘ ਲਯੋ ਧਾਰ॥*** ਜਦੋਂ ਖਾਲਸੇ ਪੰਥ ਵਿਚ ਇਹ ਗੱਲ ਆਈ, ਸਿੰਘ ਜੋਸ਼ ਵਿਚ ਆਏ, ਤਾਂ ਫਿਰ ਖਾਲਸੇ ਪੰਥ ਨੇ ਵਿਚਾਰ ਕੀਤੀ, ਹੁਣ ਕਾਹਲ ਨਾ ਕਰੋ, ਭਾਈ ਤਾਰੂ ਸਿੰਘ ਨੇ ਤਾਂ ਹੁਣ ਪ੍ਰਣ ਧਾਰ ਹੀ ਲਿਆ ਹੈ, ਉਹਨਾਂ ਨੇ ਤਾਂ ਕਰ ਹੀ ਦਿੱਤਾ ਹੈ, ਜੋ ਤੁਸੀਂ ਚਹੁੰਦੇ ਹੋ।

***ਲੈ ਜਾਊਂ ਉਸ ਧਰ ਅਗੈ ਜੂਤਨ ਸੇਤੀ ਮਾਰ॥ ੫੪॥*** ਜੁੱਤੀਆਂ ਦੀ ਮਾਰ ਕਰਕੇ ਜੁੱਤੀ ਅੱਗੇ ਰੱਖ ਕੇ ਮੈਂ ਦਰਗਾਹ ਨੂੰ ਲੈ ਕੇ ਜਾਵਾਂਗਾ ਖਾਨੂੰ ਨੂੰ, ਇਹ ਪ੍ਰਣ ਕੀਤਾ ਹੈ, ਭਾਈ ਤਾਰੂ ਸਿੰਘ ਨੇ। ਜੂਤ ਪੈਂਦੇ ਜਾਣਗੇ ਉਸ ਨੂੰ ਦਰਗਾਹ ਤਾਈਂ। ੫੪।

***ਚੌਪਈ॥ ਤੌ ਖਾਲਸੇ ਕਛੂ ਧੀਰ ਮਨ ਆਈ॥*** ਤਦ ਖਾਲਸੇ ਮਨ ਵਿਚ ਕੁਛ ਧੀਰਜ ਆਈ ਹੈ, ਹੌਂਸਲਾ ਹੋਇਆ ਹੈ, ਇਹ ਸੁਣ ਕੇ ਖਾਲਸੇ ਪੰਥ ਵਿਚ ਕੁਛ ਸਾਂਤੀ ਆਈ ਹੈ।

***ਤਾਰੂ ਸਿੰਘ ਕਹਯੋ, ਧੰਨ ਤੋਹਿ ਕਮਾਈ॥*** ਸਿੰਘਾਂ ਨੇ ਭਾਈ ਤਾਰੂ ਸਿੰਘ ਦੀ ਸ਼ਲਾਘਾ ਕੀਤੀ ਕਿ ਤਾਰੂ ਸਿੰਘਾਂ ! ਤੇਰੀ ਕਮਾਈ ਧੰਨਤਾ ਦੇ ਯੋਗ ਹੈ, ਜੋ ਸਿੱਖੀ ਦੇ ਵਾਸਤੇ ਖੋਪਰਾ ਉਤਰਾ ਕੇ ਰੱਖਿਆ ਹੋਇਆ ਹੈ ਅਤੇ ਸਿੱਖੀ ਦੀ ਸ਼ਾਨ ਉੱਚੀ ਕਰ ਰਿਹਾ ਹੈਂ।

***ਤਾਰੂ ਸਿੰਘ ਬਚ ਤਿਖੀ ਤਲਵਾਰ॥*** ਭਾਈ ਤਾਰੂ ਸਿੰਘ ਜੀ ਬਚਨ ਤਿੱਖੀ ਤਲਵਾਰ ਵਰਗੇ ਹਨ।

***ਜਾਵੈ ਚੀਰ ਸੁਮੇਰੋਂ ਪਾਰ॥ ੫੫॥*** ਭਾਈ ਤਾਰੂ ਸਿੰਘ ਦਾ ਸ੍ਰਾਪ ਦਿੱਤਾ ਹੋਇਆ ਤਿੱਖੀ ਤਲਵਾਰ ਵਰਗਾ ਹੈ, ਇਹ ਤਾਂ ਸੁਮੇਰ ਪ੍ਰਬਤ ਨੂੰ ਵੀ ਚੀਰ ਜਾਇਗਾ। ੫੫।

***ਤਾਰੂ ਸਿੰਘ ਉਸ ਦਈ ਜੜ੍ਹ ਪੁੱਟ॥*** ਭਾਈ ਤਾਰੂ ਸਿੰਘ ਨੇ ਉਸ ਖਾਨੂੰ ਨਵਾਬ ਦੀ ਜੜ੍ਹ ਪੁੱਟ ਦਿੱਤੀ ਹੈ। ਉਸ ਦੁਸ਼ਟ ਨੂੰ ਖ਼ਤਮ ਕਰ ਦਿੱਤਾ ਹੈ ਦੁਨੀਆਂ ਤੋਂ।

***ਪੀਰ ਪਿਕੰਬਰ ਦੇਵੋਂ ਤਖਤੋਂ ਸੁੱਟ॥*** ਜਿਹੜੀ ਪੀਰ ਪਿਕੰਬਰ ਇਸ ਦੀ ਸਫਾਤ ਭਰਣਗੇ, ਮਦਦ ਕਰਨਗੇ, ਸ਼ਹੀਦ ਉਨ੍ਹਾਂ ਨੂੰ ਮਾਰਨਗੇ ਤਖ਼ਤ ਤੋਂ ਉਲਟਾ ਕੇ, ਉਹਨਾਂ ਨੂੰ ਵੀ ਨਹੀਂ ਰਹਿਣ ਦੇਣਗੇ।

***ਸੰਤ ਸਰਾਪ ਚਹਿ ਮੇਟਯੋ ਜੋਇ॥*** ਜੇ ਕੋਈ ਸੰਤ ਤਾਰੂ ਸਿੰਘ ਜ਼ੀ ਦੇ ਸਰਾਪ ਨੂੰ ਮੇਟਣਾ ਚਾਹੇਗਾ, ਜਿਹੜਾ ਇਸ ਦੇ ਵਿਚ ਅੜਿੱਕਾ ਬਣੇਗਾ ਆ ਕੇ।

***ਪਹਿਲੋਂ ਛੂਟੈ ਢਾਲ ਜਿਮ ਸੋਇ॥੫੬॥*** ਉਹ ਢਾਲ ਵਾਂਗ ਪਹਿਲਾਂ ਛੁੱਟੇਗਾ, ਢਾਲ ਪਹਿਲਾਂ ਡਿੱਗਦੀ ਹੈ, ਜਦੋਂ ਸ਼ਸਤ੍ਰ ਦਾ ਵਾਰ ਹੁੰਦਾ ਹੈ। ਕਿਸੇ ਗੋਲੀ ਤੀਰ ਲੱਗੇ ਤਲਵਾਰ ਤੋਂ ਮਗਰੋਂ ਡਿੱਗੇਗੀ ਢਾਲ ਹੱਥੋਂ ਪਹਿਲਾਂ ਡਿੱਗ ਪੈਂਦੀ ਹੈ। ਕਹਿੰਦੇ ਪਹਿਲਾਂ ਉਹ ਉਡੇਗਾ ਜਿਹੜਾ ਇਸ ਦੇ ਵਿਚ ਸਾਮ੍ਹਣੇ ਆਵੇਗਾ। ੫੬।

***ਉਸ ਕੀ ਜਿੰਦ ਕੋ ਜੋ ਰਖ ਸੱਕੈ॥*** ਉਸ ਖਾਨੂੰ ਦੀ ਜਾਨ ਬਚਾਉਣ ਵਾਸਤੇ ਜੇ ਕੋਈ ਕਰੇਗਾ ਉਪਰਾਲਾ ਕਿ ਉਹ ਬਚ ਰਹੇ।

***ਸ਼ਹੀਦ ਮਾਰੈਂ ਉਸ ਸਾਥੈ ਧੱਕੈ॥*** ਸ਼ਹੀਦ ਸਿੰਘ ਉਸ ਨੂੰ ਵੀ ਧੱਕੇ ਮਾਰ ਕੇ ਨਾਲ ਹੀ ਲੈ ਜਾਣਗੇ।

***ਸੰਤ ਸ੍ਰਾਪ ਕੋ ਕਰੈਂ ਜੁ ਓਟ॥*** ਸੰਤਾਂ ਦੇ ਸ੍ਰਾਪ ਤੋਂ ਜਿਹੜਾ ਕੋਈ ਉਸ ਦਾ (ਓਟ) ਆਸਰਾ ਬਣਦਾ ਹੈ।

***ਇਕੋ ਚੋਟ ਫੁਟੈ ਕੋਟਨ ਕੋਟ॥ ੫੭॥*** ਉਸ ਦਾ ਸਰਾਪ ਐਸਾ ਹੁੰਦਾ ਹੈ, ਉਸ ਦੀ ਇਕੋ ਚੋਟ ਨਾਲ ਕਰੋੜਾਂ ਦੇ ਕਰੋੜਾਂ ਫੁੱਟ ਜਾਂਦੇ ਹਨ, ਉਸ ਦੀ ਬੱਚਤ ਨਹੀਂ ਹੋ ਸਕਦੀ। ਜਿਵੇਂ ਯਾਦਵਾਂ ਨਾਲ ਹੋਈ ਸੀ। ੫੭।

***ਸੁਬੇਗ ਸਿੰਘ ਤਬ ਬਚਨ ਉਚਾਰੇ॥*** ਭਾਈ ਸੁਬੇਗ ਸਿੰਘ ਨੇ ਤਦੋਂ ਖਾਲਸੇ ਪ੍ਰਤੀ ਬਚਨ ਆਖਿਆ ਹੈ।

***ਸੁਨੋ ਸੰਤ ਤੁਮ ਸਿੱਖ ਪਿਆਰੇ॥*** ਹੇ ਸੰਤ ਜਨੋਂ ! ਹੇ ਗੁਰ ਸਿੱਖੋ ! ਗੁਰੂ ਕੇ ਪਿਆਰਿਓ! ਸੁਣੋ ਤੁਸੀਂ ਬਚਨ ਮੇਰਾ।

***ਨਵਾਬ ਮਰਨ ਮੈਂ ਕੁਛ ਕਸਰ ਨਾਹੀਂ॥*** ਨਵਾਬ ਤਾਂ ਮਰਿਆ ਹੀ ਪਿਆ ਹੈ। ਉਹ ਤਾਂ ਬਸ ਘੜੀ ਪਲ ਦਾ ਹੀ ਹੈ। ਕੋਈ ਕਸਰ ਨਹੀਂ ਬਾਕੀ ਉਸ ਦੇ ਮਰਨ ਵਿਚ ਰਹਿ ਗਈ।

***ਸਭੀ ਤੁਰਕ ਲਰ ਮਰ ਗਲ ਜਾਹੀਂ॥ ੫੮॥*** ਫਿਰ ਸਾਰੇ ਤੁਰਕ ਲੜ ਕੇ ਆਪਸ ਵਿਚੀਂ ਮਰ ਜਾਂਣਗੇ, ਗਲ ਜਾਣਗੇ, ਨਾਸ ਹੋ ਜਾਣਗੇ, ਜੜ੍ਹ ਪੁਟੀ ਜਾਇਗੀ, ਇਹਨਾਂ ਦੀ। ੫੮।

***ਦੋਹਰਾ॥ ਸੁਬੇਗ ਸਿੰਘ ਫਿਰ ਇਮ ਕਹੀ, ਉਨ ਲਈ ਖਾਲਸੇ ਓਟ॥*** ਸੁਬੇਗ ਸਿੰਘ ਨੇ ਫਿਰ ਇਉਂ ਆਖਿਆ ਹੈ, ਖਾਲਸਾ ਜੀ ! ਉਸ ਨੇ ਤੁਹਾਡੀ ਓਟ ਤੱਕੀ ਹੈ, ਤੁਹਾਡਾ ਆਸਰਾ ਲਿਆ ਹੈ, ਗੁਰਬਾਣੀ ਦਾ ਆਸਰਾ ਲਿਆ ਹੈ, ਦੁਸ਼ਟ ਨੇ।

***ਨਹਿ ਸ਼ੁਕਤ ਦਿਖਾਲੇ ਖਾਲਸੋ, ਤੌ ਲਗੇ ਖਾਲਸੇ ਖੋਟ॥੫੯॥*** ਹੁਣ ਜੇ ਖਾਲਸਾ ਪੰਥ ਆਪਣੀ ਸ਼ਕਤੀ ਨਹੀਂ ਵਿਖਾਉਂਦਾ, ਗੁਰੂ ਕੀ ਤਾਕਤ ਨਹੀਂ ਵਿਖਾਉਂਦਾ, ਤਾਂ ਇਸ ਤੇ ਖੋਟ ਲੱਗੇਗਾ ਕਿ ਖਾਲਸੇ ਵਿਚ ਕੋਈ ਸ਼ਕਤੀ ਨਹੀਂ ਹੈ। ੫੯।

***ਚੌਪਈ॥ ਸਭੋ ਖਾਲਸੇ ਮਾਂਹਿ ਤੁਫ਼ੀਕ॥*** ਖਾਲਸੇ ਵਿਚ ਸਾਰੀਆਂ ਸਿਫਤਾਂ ਹਨ, ਸਭ ਤੌਂ ਫੀਕਾਂ ਨੇ ਇਸ ਦੇ ਵਿਚ।

***ਆਹਿ ਖਾਲਸੋ ਮੁਖ ਅਮੀਕ॥*** ਖਾਲਸੇ ਦੇ ਮੁਖ ਵਿਚ (ਅਸੀਂ) ਅੰਮ੍ਰਿਤ ਹੈ, ਜੇ ਖਾਲਸਾ ਕਹਿ ਦੇਵੇ ਕਿ ਇਹ ਨਹੀਂ ਮਰਦਾ, ਤਾਂ ਉਹ ਨਹੀਂ ਮਰ ਸਕਦਾ। ਜੇ ਕਹਿਣ ਇਹ ਰਹਿ ਨਹੀਂ ਸਕਦਾ, ਤਾਂ ਉਹ ਰਹਿ ਨਹੀਂ ਸਕਦਾ, ਖਾਲਸੇ ਦੇ ਬਚਨ ਵਿਚ ਸਭ ਬਰਕਤਾਂ ਹਨ।

***ਤਾਰੂ ਸਿੰਘ ਉਸ ਪਰਚਾ ਲਾਯਾ॥*** ਤਾਰੂ ਸਿੰਘ ਉਸ ਨੂੰ ਪਰਚਾ ਲਾਈ ਬੈਠਾ ਹੈ ਕਿ ਉਸ ਨੂੰ ਜੁੱਤੀ ਮੂਹਰੇ ਲਾ ਕੇ ਲਿਜਾਣਾ ਹੈ।

***ਤਾਰੂ ਸਿੰਘ ਉਸ ਸੱਚ ਦਿਖਾਯਾ॥ ੬੦॥*** ਤਾਰੂ ਸਿੰਘ ਨੇ ਖਾਲਸੇ ਪੰਥ ਦੀ ਕਲਾ ਉੱਚੀ ਕਰ ਵਿਖਾਈ ਹੈ, ਉਸ ਨੇ ਸੱਚ ਵਿਖਾਇਆ ਕਿ ਸੱਚ ਦੀ ਕਮਾਈ ਖਾਲਸਾ ਪੰਥ ਕਰਦਾ ਹੈ, ਇਹ ਬਿਲਕੁਲ ਝੂਠਾ ਨਹੀਂ ਹੈ, ਇਹ ਪੰਥ ਸੱਚਾ ਹੈ। ੬੦।

***ਗੁਰੂ ਖਾਲਸੋ ਖਾਲਸੋ ਗੁਰ ਆਪ॥*** ਗੁਰੂ ਖਾਲਸਾ ਹੈ, ਖਾਲਸਾ ਗੁਰੂ ਆਪ ਹੈ। *"ਖਾਲਸਾ ਮੇਰੋ ਰੂਪ ਹੈ ਖਾਸ ਖਾਲਸੇ ਮਹਿੰ ਹਉਂ ਕਰੌਂ ਨਿਵਾਸ"।*

***ਤਾਰੂ ਸਿੰਘ ਨਿਬਾਬ ਕੁਹਯੋ ਆਪ॥*** ਤਾਰੂ ਸਿੰਘ ਨੂੰ ਆਪ ਨਵਾਬ ਨੇ ਆਖਿਆ, ਭਾਈ ਤਾਰੂ ਸਿੰਘ ਜੀ ਖਾਲਸਾ ਹੈ। ਜਿਹੜਾ ਖਾਲਸੇ ਨੇ ਬਚਨ ਕਿਹਾ, ਉਹ ਪੂਰਾ ਹੋਇਆ ਹੈ। ਦੁਸ਼ਮਣ ਆਪ ਆਖ ਰਿਹਾ ਖਾਲਸੇ ਦੀਆਂ ਸਿਫਤਾਂ।

***ਨਵਾਬ ਖਾਲਸੇ ਪ੍ਰਨ ਸੱਚਾ ਆਯਾ॥*** ਨਵਾਬ ਨੂੰ ਖਾਲਸੇ ਪੰਥ 'ਤੇ ਭਰੋਸਾ ਆ ਗਿਆ ਹੈ ਕਿ ਜੋ ਖਾਲਸਾ ਪੰਥ ਕਹਿੰਦਾ ਹੈ, ਸਭ ਠੀਕ ਹੈ, ਖਾਲਸਾ ਪੰਥ ਬਿਲਕੁਲ ਸੱਚਾ ਸੁੱਚਾ ਹੈ। ਅਸੀਂ ਲੋਕ ਦੁਸ਼ਟ ਅਤੇ ਪਾਪੀ ਹਾਂ, ਇਹ ਉਸ ਦੀ

ਜ਼ੀਭ ਤੋਂ ਕਹਾਇਆ ਹੈ, ਇਹ ਹੈ ਖਾਲਸੇ ਦੀ ਕਲਾ।

***ਤੋ ਖਾਲਸੇ ਪਹਿ ਮੋਹਿ ਘਲਾਯਾ॥ ੬੧॥*** ਤਾਂ ਮੈਨੂੰ ਖਾਲਸੇ ਪੰਥ ਪਾਸ ਭੇਜਿਆ ਹੈ ਕਿਉਂਕਿ ਉਸ ਨੂੰ ਪ੍ਰਤੀਤ ਆ ਗਈ ਹੈ। ੬੧।

***ਖਾਲਸੇ ਮਹਿਂ ਉਨ ਲਖੀ ਤੁਫੀਕ॥*** ਖਾਲਸੇ ਪੰਥ ਵਿਚ ਉਸ ਨੇ ਸਾਰੀਆਂ ਸਿਫਤਾਂ ਵੇਖੀਆਂ ਹਨ, ਨਵਾਬ ਨੂੰ ਪ੍ਰਤੀਤ ਆ ਗਈ ਹੈ, ਖਾਲਸਾ ਪੰਥ ਜੋ ਕਰੇ ਸੋ ਕਰੇ, ਜੋ ਉਹ ਕਰੇ ਸੋ ਹੋ ਸਕਦਾ ਹੈ।

***ਖਾਲਸੋ ਮੁੱਖ ਉਨ ਲਖਯੋ ਅਮੀਕ॥*** ਖਾਲਸੇ ਦੇ ਮੁੱਖ ਵਿਚ ਅੰਮ੍ਰਿਤ ਜਾਣਿਆ ਹੈ ਉਸ ਨੇ, ਉਸ ਨੂੰ ਭਰੋਸਾ ਹੋ ਗਿਆ ਹੈ।

***ਕਹੋ ਖਾਲਸੇ ਸਭ ਕਰ ਦੇਤ॥*** ਖਾਲਸਾ ਤਾਂ ਸਭ ਕੁਛ ਕਰਨ ਕਾਰਣ ਹੈ, ਖਾਲਸਾ ਪੰਥ ਜੋ ਮਰਜ਼ੀ ਕਰ ਸਕਦਾ ਹੈ। ਜਿਨ੍ਹਾਂ ਨੂੰ ਗੁਰ ਸਿੱਖਾਂ ਦੀ ਪ੍ਰਤੀਤ ਹੈ, ਉਹ ਖਾਲਸੇ ਪੰਥ ਨੂੰ ਪ੍ਰਮੇਸ਼ਰ ਸਮਝਦੇ ਹਨ।

***ਗੁਰੂ ਖਾਲਸੇ ਮੈਂ ਭਿੰਨ ਨ ਭੇਤ॥ ੬੨॥*** ਗੁਰੂ ਤੇ ਖਾਲਸੇ ਵਿਚ ਕੋਈ ਭਿੰਨ-ਭੇਦ ਨਹੀਂ ਹੈ, ਗੁਰੂ ਤੇ ਖਾਲਸਾ ਇਕੋ ਹੀ ਸਰੂਪ ਹੈ, ਕੋਈ ਇਹਦੇ ਵਿਚ ਫਰਕ ਨਹੀਂ ਹੈ। ***"ਆਤਮ ਰਸ ਜਿਹ ਜਾਣਹੀ ਸੋ ਹੈ ਖਾਲਸ ਦੇਵ। ਪ੍ਰਭ ਮੈਂ ਮੋ ਮੈਂ ਤਾਸ ਮੈਂ ਰੰਚਕ ਨਾਹੀ ਭੇਦ।*** ਸ੍ਰੀ ਸਰਬਲੋਹ ਪਾ: ੧੦ ਵੀਂ"। ੬੨।

***ਗੁਰੂ ਖਾਲਸੋ ਖਾਲਸੋ ਗੁਰੂ॥*** ਗੁਰੂ ਖਾਲਸਾ ਹੈ, ਖਾਲਸਾ ਗੁਰੂ ਹੈ।

***ਕਹਿ ਗਏ ਗੁਰੂ ਭਯੋ ਜਬ ਤੁਰੂ॥*** ਜਦੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ, ਮਹਾਰਾਜ ਸੱਚਖੰਡ ਨੂੰ ਗਏ, ਉਦੋਂ ਖਾਲਸੇ ਨੂੰ ਬਚਨ ਕੀਤਾ ਹੈ ਮਹਾਰਾਜ ਨੇ ਕਿ ਅੱਜ ਤੋਂ ਗੁਰੂ ਖਾਲਸੇ ਵਿੱਚ ਨਿਵਾਸ ਕਰੇਗਾ। *"ਖਾਲਸੇ ਮੈਂ ਹਉ ਕਰਉ ਨਿਵਾਸ"।* ਸ੍ਰੀ ਸਰਬਲੋਹ-ਪਾ:੧੦ ਵੀਂ ਜੋ ਕਿਸੇ ਸਿੱਖ ਨੇ ਆਪਣੀ ਮਨੋਂ-ਕਾਮਨਾ ਪੂਰੀ ਕਰਨੀ ਹੋਵੇਗੀ, ਤਾਂ ਉਹ ਗੁਰੂ ਰੂਪ ਖਾਲਸਾ ਉਨ੍ਹਾਂ ਦੀਆਂ ਸਭ ਮਨੋਂ-ਕਾਮਨਾ ਪੂਰੀਆਂ ਕਰੇਗਾ।

***ਸੰਤ ਸਿੱਖਨ ਮੈਂ ਭੇਤ ਕਛੁ ਨਾਹੀਂ॥*** ਇਸ ਕਰਕੇ ਗੁਰ ਖਾਲਸੇ ਪੰਥ ਵਿਚ ਗੁਰ ਸਿੱਖਾਂ ਵਿਚ ਅਤੇ ਸੰਤਾਂ ਵਿਚ ਕੋਈ ਭੇਦ ਨਹੀਂ ਹੈ। ਖਾਲਸਾ ਹੀ ਸੰਤ ਹੈ, ਖਾਲਸਾ ਹੀ ਪੰਥ ਹੈ, ਖਾਲਸੇ ਦੀ ਉੱਚੀ ਸ਼ਾਨ ਹੈ।

***ਹੈ ਸਭ ਸਿੱਖਨ ਮਾਂਹਿ ਸੰਤਾਈ॥੬੩॥*** ਸੰਤ ਤਾਈ ਸਭ ਗੁਰ ਸਿੱਖਾਂ ਵਿਚ ਹੈ। ਜੋ ਗੁਰੂ ਕੀ ਰਹਿਤ ਨੂੰ ਗੁਰੂ ਕੀ ਚਾਲ ਚਲਦਾ ਹੈ, ਉਹ ਸੰਤਪੁਣਾਂ ਸਭ ਗੁਰ ਸਿੱਖਾਂ ਵਿਚ ਹੈ। ੬੩।

***ਦੋਹਰਾ॥ ਮਾਰੈਂ ਰੇਖ ਪਰ ਮੇਖ ਸੰਤ ਦੇਵੈਂ ਜੁਗ ਪਲਟਾਇ॥*** ਇਹ ਸੰਤਾਂ ਨੂੰ ਬਖਸ਼ਸ਼ ਹੈ ਸੱਚੀ ਦਰਗਾਹ ਵਿੱਚੋਂ, ਇਹ ਰੇਖ ਵਿਚ ਮੇਖ ਮਾਰ ਸਕਦੇ ਹਨ, ਭਾਵ ਜੇ ਪੁੱਠਾ ਲੇਖ ਲਿਖਿਆ ਹੋਵੇ, ਉਸ ਨੂੰ ਮੇਟ ਸਕਦੇ ਹਨ। ਗੌਤਮ ਰਿਖੀ ਵਾਗ ਜੁੱਗ ਪਲਟਾ ਸਕਦੇ ਹਨ।

***ਸੋਊ ਸੰਤ ਅਬ ਖਾਲਸੋ, ਦੇਖਯੋ ਹਮ ਪਰਤਯਾਇ॥੬੪॥*** ਉਹੀ ਸੰਤ ਹੁਣ ਖਾਲਸਾ ਪੰਥ ਹੈ, ਅਸੀਂ ਪਰਤਿਆ ਕੇ ਵੇਖਿਆ ਹੈ। ੬੪।

***ਚੌਪਈ॥ ਉਸੀ ਖਾਲਸੇ ਮੈਂ ਸ਼ਰਨ ਆਯੋ॥*** ਨਵਾਬ ਵਲੋਂ ਭਾਈ ਸੁਬੇਗ ਸਿੰਘ ਜੀ ਕਹਿ ਰਹੇ ਹਨ ਕਿ ਉਸੇ ਪੰਥ ਦੀ ਮੈਂ ਸ਼ਰਨ ਆਇਆ ਹਾਂ। ਜੋ ਸੰਤ ਹਨ, ਜੋ ਪ੍ਰਮੇਸ਼ਰ ਦਾ ਰੂਪ ਹਨ, ਜੋ ਗੁਰੂ ਦਾ ਰੂਪ ਹੈ।

***ਚਹੀਯਤ ਹੈ ਕਛੁ ਪਰਚਾ ਲਾਯੋ॥*** ਚਾਹੀਦਾ ਹੈ ਨਾ ਕੁਛ ਪਰਚਾ ਲਾਉਣਾ, ਹੁਣ ਦਿਖਾਉ ਮੈਨੂੰ ਕਿ ਖਾਲਸਾ ਪੂਰਨ ਸਚਾਈ ਵਿਚ ਹੈ, ਖਾਲਸਾ ਸੱਚਾ ਹੈ, ਮੇਰੇ 'ਤੇ ਇਮਤਿਹਾਨ ਹੋ ਰਿਹਾ ਹੈ, ਖਾਲਸੇ ਦਾ।

***ਅਪਨੇ ਗੁਰ ਕੀ ਲਾਜ ਨਿਬਾਹਾ॥*** ਆਪਣੇ ਗੁਰੂ ਦੀ ਹੁਣ ਲਾਜ ਨਿਬਾਹੋ, ਜੇ ਇਹ ਬਚਨ ਝੂਠ ਹੋਵੇ, ਤਾਂ ਗੁਰੂ ਨੂੰ ਹੀ ਲੱਜਿਆ ਹੋਵੇਗੀ।

***ਮੈਨੂੰ ਕਸ਼ਟੋਂ ਕਿਵੇਂ ਬਚਾਹਾ॥੬੫॥*** ਖਾਨੂੰ ਨਵਾਬ ਤਰਲੇ ਲੈਂਦਾ ਕਿ ਕਿਸੇ ਤਰ੍ਹਾਂ ਮੈਨੂੰ ਏਸ ਕਸ਼ਟ ਤੋਂ ਬਚਾਓ। ੬੫।

***ਜਿਮ ਉਨ ਦੁਸ਼ਟ ਥੀ ਮੈਨੂੰ ਕਹੀ॥*** ਭਾਈ ਸੁਬੇਗ ਜੀ ਖਾਲਸੇ ਨੂੰ ਕਹਿ ਰਹੇ ਹਨ ਕਿ ਜਿਵੇਂ ਉਸ ਦੁਸ਼ਟ ਖਾਨੂੰ ਨੇ ਮੈਨੂੰ ਗੱਲਾਂ ਕਹੀਆਂ ਹਨ।

***ਸਕਲ ਖਾਲਸੇ ਸੋਂ ਕਹਿ ਦਈ॥*** ਉਹ ਸਾਰੀਆਂ ਮੈ ਪੰਥ ਖਾਲਸੇ ਅੱਗੇ ਕਹਿ ਦਿੱਤੀਆਂ ਹਨ, ਜਿਵੇਂ ਮੈਨੂੰ ਖਾਨੂੰ ਨੇ ਬੇਨਤੀਆਂ ਕਹਿ ਕੇ ਭੇਜਿਆ ਹੈ।

***ਔ ਤਾਰੂ ਸਿੰਘ ਥੋਂ ਪੂਛ ਆਯਾ॥*** ਅਤੇ ਮੈਂ ਤਾਰੂ ਸਿੰਘ ਤੋਂ ਵੀ ਪੁੱਛ ਕੇ ਖਾਲਸੇ ਪੰਥ ਦੇ ਪਾਸ ਆਇਆ ਹਾਂ, ਉਨ੍ਹਾਂ ਦੀ ਆਗਿਆ ਲੈ ਕੇ ਆਇਆ ਹਾਂ।

***ਉਨ ਖਾਲਸੇ ਕੋ ਅਦਬ ਸੁਨਾਯਾ॥ ੬੬॥*** ਉਸ ਨੇ ਗੁਰੂ ਖਾਲਸੇ ਦਾ ਅਦਬ ਸਤਿਕਾਰ ਸੁਣਾਇਆ ਹੈ। ਖਾਲਸੇ ਅੱਗੇ ਮੇਰੀ ਕੋਈ ਨਹੀਂ ਗੱਲ। ਐਸੀ ਮੇਰੀ ਕੋਈ ਗੱਲ ਨਹੀਂ ਹੈ ਕਿ ਮੈਂ ਖਾਲਸੇ ਦਾ ਬਚਨ ਨਾ ਮੰਨਾਂ, ਉਨਾਂ ਦਾ ਕੀਤਾ ਬਚਨ ਮੈਨੂੰ ਪ੍ਰਵਾਨ ਹੈ। ੬੬।

***ਔਰ ਕਿਸੀ ਕੋ ਮੰਨੈ ਨ ਤਾਣ॥*** ਬਗੈਰ ਖਾਲਸੇ ਤੋਂ ਹੋਰ ਕਿਸੇ ਦਾ ਜ਼ੋਰ ਨਹੀਂ ਮੰਨਦਾ ਹੈ, ਕਿਸੇ ਦੇ ਜ਼ੋਰ ਅੱਗੇ ਨਹੀਂ ਝੁਕਦਾ ਹੈ।

***ਖਾਲਸੇ ਕੋ ਚਹਿ ਰਾਖਯੋ ਮਾਣ॥*** ਖਾਲਸੇ ਪੰਥ ਦਾ ਉਹ ਮਾਣ ਰੱਖਣਾ ਚਹੁੰਦਾ ਹੈ, ਭਾਈ ਤਾਰੂ ਸਿੰਘ ਜੀ ਖਾਲਸੇ ਦੇ ਅਨੁਸਾਰ ਹੋ ਕੇ ਚਲਣਾ ਚਹੁੰਦੇ ਹਨ।

***ਖਾਲਸੈ ਉਤੇ ਉਸ ਗੁਸਾ ਨ ਹੋਇ॥*** ਭਾਈ ਤਾਰੂ ਸਿੰਘ ਜੀ ਨੂੰ ਕੋਈ ਗੁੱਸਾ ਨਹੀਂ ਖਾਲਸੇ ਪੰਥ ਉਤੇ ਹੋ ਸਕਦਾ।

***ਕਹੀ ਖਾਲਸ਼ੇ ਮੰਨ ਲੈ ਸੋਇ॥ ੬੭॥*** ਜੋ ਖਾਲਸਾ ਕਹੇਗਾ ਭਾਈ ਤਾਰੂ ਸਿੰਘ ਜੀ ਪ੍ਰਵਾਣ ਕਰੇਗਾ, ਉਸ ਗੱਲ ਨੂੰ। ੬੭।

***ਜੋਂ ਕੁਛ ਖਾਲਸੇ ਆਛੋ ਹੋਈ॥*** ਜੋ ਖਾਲਸੇ ਵਾਸਤੇ ਅੱਛੀ ਗੱਲ ਹੋਵੇ, ਚੰਗੀ ਗੱਲ ਹੋਵੇ।

***ਲਗਤ ਤਾਰੂ ਸਿੰਘ ਆਛੋ ਸੋਈ॥*** ਉਹੀ ਗੱਲ ਭਾਈ ਤਾਰੂ ਸਿੰਘ ਨੂੰ ਅੱਛੀ ਲਗਦੀ ਹੈ, ਉਹ ਉਸ ਨੂੰ ਪ੍ਰਵਾਨ ਕਰਨਗੇ।

***ਤਾਰੂ ਸਿੰਘ ਤੇ ਡਰੋ ਸੁ ਨਾਹੀਂ॥*** ਖਾਲਸਾ ਜੀ ਭਾਈ ਤਾਰੂ ਸਿੰਘ ਤੋਂ ਨਾ ਡਰੋ ਤੁਸੀਂ, ਇਉਂ ਨਾ ਡਰੋ ਕਿ ਭਾਈ ਤਾਰੂ ਸਿੰਘ ਨਰਾਜ਼ ਹੋ ਜਾਇਗਾ ਸਾਡੇ 'ਤੇ ਕੋਈ ਬਚਨ ਨਾ ਕਰ ਦੇਵੇ, ਮੈਂ ਪੁੱਛ ਆਇਆ ਹਾਂ ਸਾਰੀਂ ਗੱਲ, ਖਾਲਸੇ ਪੰਥ ਦਾ ਉਸ ਦੇ ਦਿਲ ਵਿਚ ਬਹੁਤ ਹੀ ਅਦਬ ਸਤਿਕਾਰ ਹੈ।

***ਸੁਬੇਗ ਸਿੰਘ ਯੌ ਆਖ ਸੁਨਾਈ॥੬੮॥*** ਭਾਈ ਸੁਬੇਗ ਸਿੰਘ ਨੇ ਜੋ ਖਾਨੂੰ ਨਬਾਬ ਨੇ ਕਹੀਆਂ ਸਨ ਗੱਲਾਂ ਅਤੇ ਜੋ ਤਾਰੂ ਸਿੰਘ ਨੇ ਬਚਨ ਕਹੇ ਸਨ, ਉਹ ਸਾਰੇ ਖਾਲਸੇ ਪੱਥ ਅੱਗੇ ਖੋਲ੍ਹ ਕੇ ਰੱਖ ਦਿੱਤੇ ਹਨ। ੬੮।

***ਤਬੈ ਖਾਲਸੇ ਬਾਤ ਬਿਚਾਰੀ॥*** ਤਦ ਖਾਲਸੇ ਪੰਥ ਨੇ ਵਿਚਾਰ ਕੀਤੀ ਹੈ, ਗੁਰਮਤਾ ਸੋਧਿਆ ਸਾਰੇ ਮੁਖੀ ਸਿੰਘਾਂ ਨੇ।

***ਮਾਨੈਗੋ ਜੋ ਕਹੀ ਹਮਾਰੀ॥*** ਕਹਿਦੇ ਜੋ ਅਸੀਂ ਕਹਾਂਗੇ ਤਾਰੂ ਸਿੰਘ ਮੰਨ ਜਾਇਗਾ ਨਾ, ਭਾਈ ਤਾਰੂ ਸਿੰਘ ਪ੍ਰਵਾਣ ਕਰ ਲਵੇਗਾ ਨਾ।

***ਸਭ ਸਿੰਘਨ ਨੇ ਮਤਾ ਪਕਾਯਾ॥*** ਸਾਰੇ ਸਿੰਘਾਂ ਨੇ ਗੁਰਮਤਾ ਸੋਧਿਆ ਹੈ।

***ਗੁਰੂ ਖਾਲਸੇ ਐਸ ਠਰ੍ਹਾਯਾ॥੬੯॥*** ਗੁਰੂ ਖਾਲਸੇ ਨੇ ਏਸ ਤਰ੍ਹਾਂ ਗੁਰਮਤਾ ਪਾਸ ਕਰ ਦਿੱਤਾ ਹੈ। ੬੯।

***ਦੋਹਰਾ॥ ਪਹਿਲਾ ਜੁ ਬਾਰਾਂ ਮਾਜਰੇ ਥੇ ਅੰਮ੍ਰਿਤਸਰ ਸਾਥ॥*** ਬਾਰਾਂ ਪਿੰਡਾਂ ਦੀ ਨਵਾਬੀ, ਜੋ ਅੰਮ੍ਰਿਤਸਰ ਦੇ ਨਾਲ ਲਗਦੇ ਸਨ, ਦਿੱਤੀ ਸੀ, ਕਪੂਰ ਸਿੰਘ ਨੂੰ। ਖਾਲਸੇ ਨੇ ਆਖਿਆ ਪਹਿਲਾਂ ਉਹ ਪਿੰਡਾਂ ਦੀ ਜਗੀਰ ਦਿਉਂ, ਜਿਹੜੀ ਤੁਸੀਂ ਪਹਿਲਾਂ ਜਬਤ ਕਰ ਲਈ ਹੈ।

***ਛੋਟੇ ਲੈ ਕੇ ਬਡੇ ਦੈ ਉੱਠ ਕੇ ਅਪਨੇ ਹਾਥ॥੭੦॥*** ਛੋਟੇ ਪਿੰਡਾਂ ਤੋਂ ਲੈ ਕੇ ਜੋ ਬਾਰਾਂ ਵੱਡੇ ਪਿੰਡਾਂ ਦੀ ਜਗੀਰ ਹੈ, ਉਹ ਉੱਠ ਕੇ ਆਪ ਆਪਣੀ ਹੱਥੀਂ ਲਿਖ ਕੇ ਦੇਵੇ ਕਿ ਮੈਂ ਖਾਲਸੇ ਪੰਥ ਨੂੰ ਦਿੱਤੇ ਅੱਜ ਤੋਂ। ੭੦।

***ਚੌਪਈ॥ ਖਾਨ ਬਹਾਦਰ ਖਾਨੌਂ ਭੈਣ॥*** ਨਵਾਬ ਖ਼ਾਨ ਬਹਾਦਰ ਦੀ ਭੈਣ ਜੋ ਖਾਨੌਂ ਨਾਮ ਦੀ ਸੀ।

***ਵਸੈ ਫਰਜ਼ੁੱਲਾ ਖਾਂ ਕੇ ਐਨ॥*** ਫਰਜ਼ੁਲਾ ਖ਼ਾਂ ਦੇ (ਐਨ) ਘਰ ਵਸਦੀ ਸੀ, ਉਸ ਦੇ ਨਾਲ ਵਿਆਹੀ ਖਾਨੌਂ।

***ਫ਼ੁਜ਼ੁੱਲਾਪੁਰ ਤਿਸ ਗ੍ਰਾਮ ਬਸਾਯਾ॥*** ਫਰਜ਼ੁਲਾ ਖ਼ਾਂ ਨੇ ਆਪਣੇ ਨਾਮ ਦੇ ਉੱਤੇ ਫਰਜ਼ੁਲਾਪੁਰ ਪਿੰਡ ਵਸਾਇਆ ਹੈ।

***ਨਵਾਬ ਕਪੂਰ ਸਿੰਘ ਥੋਊ ਵਸਾਯਾ॥੭੧॥*** ਖਾਲਸੇ ਪੰਥ ਦੇ ਜਥੇਦਾਰ ਨਵਾਬ ਕਪੂਰ ਸਿੰਘ ਦੇ ਮਾਤਾ ਪਿਤਾ ਵੀ ਓਸੇ ਪਿੰਡ ਵਿਚ ਵਸਦੇ ਸਨ। ੭੧।

***ਤਿਸ ਕੋ ਪਟੋ ਦਯੋ ਘਲਾਇ॥*** ਇਕ ਸ੍ਰੀ ਅੰਮ੍ਰਿਤਸਰ ਦੇ ਨਾਲ ਬਾਰਾਂ ਮਾਜਰੇ ਲਿਖ ਕੇ ਦੇਵੇ, ਇਕ ਉਸ ਪਿੰਡ ਦਾ ਪਟਾ ਲਿਖ ਕੇ ਦੇਵੇ ਸਾਨੂੰ ਆਪਣੇ ਹੱਥੀਂ।

***ਸਿੰਘ ਪੁਰੋ ਤਿਸ ਨਾਮ ਧਰਾਇ॥*** ਫਰਜ਼ੁਲਾ ਪੁਰ ਤੋਂ ਨਾਮ ਬਦਲ ਕੇ ਉਸ ਦਾ ਨਾਮ ਸਿੰਘ ਪੁਰਾ ਰੱਖ ਕੇ ਆਪ ਕਾਗਜ਼ਾਂ ਵਿਚ ਲਿਖ ਕੇ ਉਹ ਸਾਨੂੰ ਭੇਜੇ, ਉਸ ਦਾ ਵੀ ਕਾਗਜ਼।

***ਸੁਨ ਕਪੂਰ ਸਿੰਘ ਗੁੱਸਾ ਕੀਆ॥*** ਇਹ ਗੁਰਮਤਾ ਜਦੋਂ ਖ਼ਾਲਸੇ ਨੇ ਕੀਤਾ, ਤਦ ਕਪੂਰ ਸਿੰਘ ਨਵਾਬ ਨੇ ਗੁੱਸਾ ਕੀਤਾ ਹੈ।

***ਮਾਂਗਯੋ ਰਾਜ ਕਿਨ ਹਮ ਕੋ ਦੀਆ॥੭੨॥*** ਏ ਖਾਲਸਾ ਜੀ ! ਇਹ ਕੀ ਲਿਖਾਉਣ ਲੱਗੇ ਹੋ? ਸਾਨੂੰ ਮੰਗਿਆ ਰਾਜ ਦੇਣਾ ਹੈ ਕਿਸੇ ਨੇ, ਅਸੀਂ ਗੁਰੂ ਦੀ ਕਲਾ ਨਾਲ ਗੁਰੂ ਦੇ ਬਲ ਨਾਲ ਲੈਣਾ ਹੈ ਰਾਜ ! ਸਾਨੂੰ ਗੁਰੂ ਜੀ ਬਖ਼ਸ਼ ਗਏ ਹਨ ਪਾਤਸ਼ਾਹੀਆਂ, ਅਸੀਂ ਨਹੀਂ ਲੈਣਾ ਮੰਗ ਕੇ ਰਾਜ ਤੁਰਕਾਂ ਤੋਂ। ੭੨।

***ਸਭੈ ਪਿੰਡ ਅਬ ਹੋਹਿਂ ਹਮਾਰੇ॥*** ਹੁਣ ਸਮਾਂ ਆ ਗਿਆ ਹੈ, ਇਹ ਬਾਰਾਂ ਪਿੰਡ ਤਾਂ ਕੀ, ਹੁਣ ਸਾਰੇ ਪਿੰਡ ਹੀ ਸਾਡੇ ਹੋਣਗੇ। ਇਹ ਮੇਰਾ ਪਿੰਡ ਕੀ ਲਿਖਾਉਂਣ ਲੱਗੇ ਹੋ, ਸਾਡੇ ਪਿੰਡਾਂ 'ਤੇ ਹੁਣ ਸਾਡਾ ਹੀ ਰਾਜ ਹੋ ਜਾਣਾ ਹੈ।

***ਜਬ ਹਮ ਲੇਹਿਂ ਲਹੌਰੇ ਮਾਰੇ॥*** ਜਦੋ ਅਸੀਂ ਲਹੌਰ ਦਾ ਤਖਤ ਹੀ ਖੋਹ ਲਿਆ ਤੁਰਕਾਂ ਤੋਂ।

***ਅਬ ਜੁ ਹਮੈਂ ਗੁਰ ਬਚਨ ਸੁਨਾਏ॥*** ਹੁਣ ਜੋ ਸਾਨੂੰ ਗੁਰੂ ਦੇ ਬਚਨ ਸੁਣਾਏ ਹਨ ਤੁਸੀਂ, ਜੋ ਗੁਰੂ ਬਖ਼ਸ਼ਸਾਂ ਕਰ ਗਏ ਹਨ, ਪੰਥ ਉੱਤੇ।

***ਮਰਨ ਕਾਲ ਕੇ ਦੁਖ ਸੰਤਾਏ॥੭੩॥*** ਜੋ ਖਾਨੂੰ ਕਹਿੰਦਾ ਹੈ, ਉਸ ਨੂੰ ਮਰਨ ਦੇ ਸਮੇਂ ਬੜਾ ਦੁਖ ਲਗਦਾ ਹੈ, ਉਹ ਤਰਲੇ ਤਾਂ ਲੈਂਦਾ ਹੈ, ਹੋਰ ਤਾਂ ਉਸ ਨੂੰ ਕੋਈ ਗਰਜ਼ ਨਹੀਂ ਹੈ ਸਾਡੇ ਨਾਲ, ਉਹ ਤਾਂ ਰੋਂਦਾ ਕੁਰਲਾਉਂਦਾ ਹੈ, ਮੇਰੀ ਜਾਨ ਛੁਡਾਓ ਖਾਲਸਾ ਜੀ, ਖਾਲਸੇ ਵਿਚ ਸਭ ਬਖ਼ਸ਼ਸ਼ਾਂ ਹਨ। ੭੩।

***ਮਰਨ ਕਾਲ ਕੋ ਦੁਖ ਹੈ ਭਾਰੀ॥*** ਮਰਨ ਸਮੇਂ ਬੜਾ ਭਾਰੀ ਦੁਖ ਹੁੰਦਾ ਹੈ।

***ਨਵਾਬ ਕਪੂਰ ਸਿੰਘ ਐਸ ਉਚਾਰੀ॥*** ਨਵਾਬ ਕਪੂਰ ਸਿੰਘ ਜੀ ਨੇ ਇਸ ਤਰ੍ਹਾਂ ਆਖਿਆ ਹੈ।

***ਜਨਮ ਮਰਨ ਜਗ ਦੁਖ ਦੋ ਆਹੀ॥*** ਸੰਸਾਰ ਵਿਚ ਸਭ ਤੋਂ ਵੱਡੇ ਦੋ ਦੁਖ ਹਨ, ਜਨਮ ਅਤੇ ਮਰਨ ਦਾ।

***ਯਾਂਤੇ ਸਤਿਗੁਰ ਹੋਇਂ ਸਹਾਈ॥੭੪॥*** ਜਿਸ ਤੋਂ ਸਤਿਗੁਰੂ ਜੀ ਸਹਾਈ ਹੋਣ, ਜਨਮ ਮਰਨ ਦਾ ਦੁਖ ਸਤਿਗੁਰੂ ਜੀ ਹੀ ਮੇਟ ਸਕਦੇ ਹਨ, ਹੋਰ ਕੋਈ ਨਹੀਂ। ੭੪।

***ਦੋਹਰਾ॥ ਇਮ ਉਨ ਸ੍ਰੀ ਗੁਰੂ ਗ੍ਰੰਥ ਕੋ ਲਯੋ ਆਸਰੋ ਆਇ॥*** ਨਵਾਬ ਕਪੂਰ ਸਿੰਘ ਜੀ ਕਹਿੰਦੇ ਹਨ ਖਾਲਸਾ ਜੀ ! ਉਸ ਦੁਸ਼ਟ ਨੇ ਮਰਨ ਦੇ ਦੁਖ ਨਾਲ ਇਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਸਰਾ ਲਿਆ ਹੈ। ਗੁਰਬਾਣੀ ਦਾ ਆਸਰਾ ਉਸ ਨੇ ਤਾਂ ਹੀ ਤੱਕਿਆ ਹੈ।

***ਇਤਨੀ ਖ਼ਾਤਰ ਦੁਸ਼ਟ ਕੋ ਦੀਜੈ ਪ੍ਰਚਾ ਦਿਖਾਇ॥੭੫॥*** ਚਲੋ ਜੇ ਖਾਲਸੇ ਨੇ ਜੇ ਮਿਹਰ ਕਰਨੀ ਹੈ, ਤਾਂ ਉਸ ਨੂੰ ਪਰਚਾ ਦਿਖਾ ਦਿਓ ਕਿ ਖਾਲਸੇ ਵਿਚ ਕਲਾ ਸੱਚੀ ਹੈ। ੭੫।

***ਚੌਪਈ॥ ਦੁਸ਼ਟ ਬਖਸ਼ਨੋ ਬਡੋ ਅਜੋਗ॥*** ਜੋ ਦੁਸ਼ਟ ਨੂੰ ਬਖਸ਼ਣਾ ਹੈ, ਇਹ ਬੜੀ ਅਜੋਗ ਗੱਲ ਹੈ। ਦੁਸ਼ਟ ਨੂੰ ਆਪਣੀ

ਕੀਤੀ ਦਾ ਫਲ ਭੁਗਤ ਲੈਣਾ ਚਾਹੀਦਾ ਹੈ, ਉਸ ਨੂੰ ਭੁਗਤਣ ਦਿਉ, ਨਾ ਬਖ਼ਸ਼ੋ ਉਸ ਨੂੰ।

***ਗੁਰ ਕੇ ਬਚਨ ਰਖਨ ਭਯੋ ਜੋਗ॥*** ਪਰ ਹੁਣ ਓਸ ਨੇ ਗੁਰੂ ਕੇ ਸ਼ਬਦ ਦੀ ਓਟ ਲਈ ਹੈ, ਗੁਰੂ ਕੇ ਬਚਨਾਂ ਦਾ ਆਸਰਾ ਲਿਆ ਹੈ, ਇਸ ਕਰਕੇ ਰੱਖਣ ਜੋਗ ਹੈ, ਬਚਾਉਂਣਾ ਸਾਡਾ ਫਰਜ਼ ਬਣ ਗਿਆ ਹੈ ਹੁਣ।

***ਪੰਜ ਸਿੰਘ ਤਬ ਸਿੰਘਨ ਉਠਾਏ॥*** ਓਹੀ ਗੁਰਮਤਾ ਹੋਇਆ ਹੈ ਜੋ ਸਤਿਗੁਰੂ ਜੀ ਅੰਤ ਸਮੇਂ ਕਹਿ ਗਏ ਹਨ ਕਿ ਖਾਲਸਾ, ਜਦੋਂ ਵੀ ਕਿਸੇ ਕਾਰਜ਼ ਨੂੰ ਕਰਨਾਂ ਹੋਵੇ ਪੰਜ ਸਿੰਘਾਂ ਤੋਂ ਅਰਦਾਸ ਕਰਾ ਦਿਓ। ਖਾਲਸੇ ਪੰਥ ਵੱਲੋਂ ਹੁਕਮ ਹੋਇਆ ਹੈ, ਤਦੋਂ ਸਿੰਘਾਂ ਵਿੱਚੋਂ ਕਰਣੀ ਵਾਲੇ ਪੰਜ ਸਿੰਘਾਂ ਨੂੰ ਅਰਦਾਸ ਕਰਨ ਵਾਸਤੇ ਉਠਾਇਆ ਹੈ।

***ਇਮ ਕਹਿ ਦਈ ਅਰਦਾਸ ਕਰਾਏ॥੭੬॥*** ਪੰਜ ਸਿੰਘ ਅਰਦਾਸ ਕਰੋ, ਭਾਈ ਖਾਨੂੰ ਦੇ ਪਿਸ਼ਾਬ ਦਾ ਬੰਨ੍ਹ ਪਿਆ ਹੋਇਆ ਟੁਟ ਜਾਵੇ, ਇਸ ਤਰ੍ਹਾਂ ਕਹਿ ਕੇ ਅਰਦਾਸ ਕਰਵਾ ਦਿੱਤੀ ਹੈ। ੭੬।

***ਤਾਰੂ ਸਿੰਘ ਕੀ ਜੂਤਨ ਸਾਥ॥*** ਨਾਲ ਇਹ ਸ਼ਬਦ ਕਹੋ ਕਿ ਇਹ ਮਰੇ ਜ਼ਰੂਰ ਪਰ ਤਾਰੂ ਸਿੰਘ ਦੀਆਂ ਜੁੱਤੀਆਂ ਇਸ ਨੂੰ ਪੈਂਦੀਆਂ ਜਾਣ, ਉਸ ਦੀ ਜੁੱਤੀ ਨਾਲ ਇਸ ਦਾ ਭਲਾ ਹੋਵੇ, ਤਾਰੂ ਸਿੰਘ ਦੀ ਜੁੱਤੀ ਨਾਲ ਉਸ ਦਾ ਸ਼ਰਲਾ ਛੁੱਟੇ, ਉਸ ਦੇ ਨਾਲ ਬੰਨ੍ਹ ਟੁੱਟੇ ਇਹ ਵੀ ਸ਼ਬਦ ਕਹੋ।

***ਨਵਾਬ ਲਵਾਵੈ ਸਿੰਘ ਕੇ ਹਾਥ॥*** ਖਾਨੂੰ ਨਵਾਬ ਸਿੰਘ ਦੇ ਹੱਥੋਂ ਆਪਣੇ ਸਿਰ ਜੁੱਤੀ ਮਰਵਾਵੇ ਭਾਈ ਤਾਰੂ ਸਿੰਘ ਦੀ।

***ਛੁਟੈ ਪਿਸ਼ਾਬ ਨਵਾਬ ਸੁਖ ਹੋਇ॥*** ਜੇ ਭਾਈ ਤਾਰੂ ਸਿੰਘ ਦੀ ਜੁੱਤੀ 'ਸਿੰਘ' ਖਾਨੂੰ ਦੇ ਸਿਰ ਵਿਚ ਮਾਰੇ, ਤਾਂ ਉਸ ਦਾ ਬੰਨ੍ਹ ਪਿਆ ਹੋਇਆ ਛੁੱਟੇ ਅਤੇ ਨਵਾਬ ਖਾਨੂੰ ਸੁਖ ਹੋਵੇ।

***ਫਿਰ ਮਰੈ ਤਾਰੂ ਸਿੰਘ ਆਗੈ ਸੋਇ॥੭੭॥*** ਫੇਰ ਉਹ ਤਾਰੂ ਸਿੰਘ ਤੋਂ ਪਹਿਲਾਂ ਮਰੇ, ਜੁੱਤੀ ਦੇ ਅੱਗੇ, ਤਾਰੂ ਸਿੰਘ ਤੋਂ ਪਹਿਲਾਂ ਖਾਨੂੰ ਨਵਾਬ ਨੂੰ ਜੁੱਤੀਆਂ ਖਾਂਦੇ ਨੂੰ ਮੌਤ ਆਵੇ। ੭੭।

***ਤਾਰੂ ਸਿੰਘ ਕੀ ਆਗਯਾ ਪਾਓ॥*** ਜੁੱਤੀਆਂ ਲਾਉਣ ਵੇਲੇ ਵੀ ਤਾਰੂ ਸਿੰਘ ਦੀ ਆਗਿਆ ਪ੍ਰਾਪਤ ਕਰਕੇ ਫੇਰ ਕਰਨਾ ਹੈ ਸਾਰਾ ਕੰਮ, ਉਹਨਾਂ ਦੀ ਆਗਿਆ ਬਿਨਾ ਨਹੀ ਕਰਨਾ।

***ਤੌ ਨਵਾਬ ਕੋ ਜੁਤੀ ਛੁਹਾਓ॥*** ਤਾਂ ਨਵਾਬ ਖਾਨੂੰ ਨੂੰ ਜੁੱਤੀ ਮਾਰਿਓ ਤਾਰੂ ਸਿੰਘ ਦੀ ਲਿਜਾ ਕੇ, ਪਹਿਲਾ ਪੁੱਛ ਲਇਓ ਸਾਰੀ ਗੱਲ।

***ਤਾਰੂ ਸਿੰਘ ਕੀ ਅਗਯਾ ਬਾਝ॥*** ਭਾਈ ਤਾਰੂ ਸਿੰਘ ਦੀ ਆਗਿਆ ਤੋਂ ਬਿਨਾਂ।

***ਕਰੋ ਨ ਕਛੂ ਨਿਬਾਬੈ ਕਾਜ॥੭੮॥*** ਕੋਈ ਕੰਮ ਨਵਾਬ ਦਾ ਨਹੀਂ ਕਰਨਾ ਹੈ, ਪਹਿਲਾਂ ਉਹਨਾਂ ਦੀ ਆਗਿਆ ਲੈਣੀ ਹੈ। ੭੮।

***ਗੁਰ ਬਚਨ ਖਾਤਰ ਯੌ ਕੀਓ॥*** ਸਤਿਗੁਰਾਂ ਦੇ ਬਚਨ ਦੀ ਖ਼ਾਤਰ ਗੁਰੂ ਜੀ ਬਚਨ ਹੈ *"ਜੋ ਸਰਨਿ ਆਵੈ ਤਿਸੁ ਕੰਠ ਲਾਵੈ ਇਹ ਬਿਰਦੁ ਸੁਆਮੀ ਸੰਦਾ"*। ਸਤਿਗੁਰਾਂ ਦੇ ਬਚਨ ਵਾਸਤੇ ਇਉਂ ਕੀਤਾ ਹੈ, ਆਪਣੇ ਆਪ ਨਹੀਂ ਕੁਛ ਕੀਤਾ ਹੈ, ਅਸਾਂ।

***ਤਾਰੂ ਸਿੰਘ ਕੋ ਯੌਂ ਕਹਿ ਦੀਓ॥*** ਪੰਥ ਵਲੋਂ ਭਾਈ ਤਾਰੂ ਸਿੰਘ ਨੂੰ ਇਉਂ ਆਖ ਦਿਓ ਪਹਿਲਾਂ ਜਾ ਕੇ।

***ਸੁਬੇਗ ਸਿੰਘ ਬਹੁ ਕੁਰਨਸ਼ ਕਰੀ॥*** ਜਦੋਂ ਖਾਲਸੇ ਪੰਥ ਨੇ ਖਾਨੂੰ ਨਵਾਬ ਦੀ ਅਰਦਾਸ ਕਰ ਦਿੱਤੀ ਹੈ, ਤਾਂ ਉਥੋਂ ਤੁਰਨ ਵੇਲੇ ਭਾਈ ਸੁਬੇਗ ਸਿੰਘ ਨੇ ਧਰਤੀ 'ਤੇ ਹੱਥ ਲਾ ਕੇ ਬਹੁਤ ਵਾਰੀ ਨਮਸ਼ਕਾਰ ਕੀਤੀ ਹੈ, ਖਾਲਸੇ ਪੰਥ ਨੂੰ।

***ਚਲਯੋ ਬਚਨ ਲੈ ਸਿਰ ਪਰ ਧਰੀ॥੭੯॥*** ਸੁਬੇਗ ਸਿੰਘ ਗੁਰੂ ਖਾਲਸੇ ਪੰਥ ਦਾ ਬਚਨ ਸਿਰ ਉੱਤੇ ਰੱਖ ਕੇ ਤੁਰ ਪਿਆ ਹੈ। ੭੯।

***ਦੋਹਰਾ॥ ਸੁਬੇਗ ਸਿੰਘ ਖਾਲਸੇ ਬਚਨ ਲੇ ਪਹੁੰਚਯੋ ਤਬੈ ਲਹੌਰ॥*** ਗੁਰੂ ਖਾਲਸੇ ਪੰਥ ਦਾ ਬਚਨ ਲੈ ਕੇ ਭਾਈ ਸੁਬੇਗ ਸਿੰਘ ਜੀ ਲਹੌਰ ਵਿਚ ਪਹੁੰਚ ਗਿਆ ਹੈ।

***ਪ੍ਰਿਥਮੈਂ ਤਾਰੂ ਸਿੰਘ ਪੈ ਜਾ ਕਹੀ, ਸਭੈ ਗੱਲ ਖੋਰ॥੮੦॥*** ਸਭ ਤੋਂ ਪਹਿਲਾਂ ਭਾਈ ਤਾਰੂ ਸਿੰਘ ਜੀ ਕੋਲ ਹਾਜ਼ਰ ਹੋਏ

ਹਨ। ਉਸ ਨੂੰ ਸਾਰਾ ਬਚਨ ਖੋਲ੍ਹ ਕੇ ਦੱਸਿਆ ਹੈ ਕਿ ਖਾਲਸੇ ਪੰਥ ਨੇ ਇਉਂ ਆਗਿਆ ਕੀਤੀ ਹੈ, ਬਚਨ ਕੀਤਾ ਹੈ, ਦੱਸੋ ਹੁਣ ਭਾਈ ਤਾਰੂ ਸਿੰਘ ਜੀ ਕਿਵੇਂ ਕਰੀਏ?। ੮੦।

***ਚੌਪਈ॥ ਸੁਬੇਗ ਸਿੰਘ ਤੇ ਸਿੰਘ ਸੁਨ ਲਈ॥*** ਭਾਈ ਤਾਰੂ ਸਿੰਘ ਨੇ ਸੁਬੇਗ ਸਿੰਘ ਦੀ ਰਸਨਾਂ ਤੋਂ ਸਾਰੀ ਵਾਰਤਾ ਸੁਣ ਲਈ ਹੈ।

***ਨਾਮ ਖਾਲਸੋ ਸੁਨ ਕੁਨਸ਼ ਕਈ॥*** ਜਦੋਂ ਖਾਲਸੇ ਪੰਥ ਦਾ ਨਾਮ ਆਇਆ ਹੈ ਕਿ ਖਾਲਸੇ ਨੇ ਬਚਨ ਕੀਤਾ ਹੈ, ਤਾਂ ਉਦੋਂ ਭਾਈ ਤਾਰੂ ਸਿੰਘ ਨੇ ਧਰਤੀ 'ਤੇ ਨਮਸ਼ਕਾਰ ਕੀਤੀ ਹੈ, ਖਾਲਸੇ ਪੰਥ ਨੂੰ।

***'ਖਾਲਸੇ ਪਰ ਸਭ ਦੇਹ ਕੁਰਬਾਨ॥*** ਭਾਈ ਤਾਰੂ ਸਿੰਘ ਨੇ ਕਿ ਖਾਲਸੇ ਪੰਥ ਤੋਂ ਮੇਰਾ ਸਰੀਰ ਕੁਰਬਾਨ ਹੈ।

***ਕਲਾ ਖਾਲਸੇ ਕਰਨ ਕਰਾਨ॥੮੧॥*** ਕਿਉਂਕਿ ਸਾਰੀ ਕਲਾ ਹੀ ਖਾਲਸੇ ਦੀ ਹੈ, ਸਭ ਕਰਨ ਕਾਰਣ ਖਾਲਸਾ ਹੀ ਹੈ, ਉਹਨਾਂ ਦੀ ਹੀ ਸਾਰੀ ਬਖਸ਼ਸ਼ ਹੈ, ਮੇਰੇ 'ਤੇ। ੮੧।

***ਸੰਬ੍ਰ੍ਰ ਖਾਲਸੇ ਆਗਯਾ ਦਈ॥*** ਜਦੋਂ ਸਰਬਤ੍ਰ ਖਾਲਸੇ ਨੇ ਹੁਕਮ ਦਿੱਤਾ ਹੋਵੇ।

***ਐਸ ਕੌਨ ਜੁ ਨਾਂਹਿ ਮਨਈ॥*** ਐਸਾ ਕੌਣ ਹੈ ਜੋ ਗੁਰੂ ਖਾਲਸੇ ਪੰਥ ਦੀ ਆਗਿਆ ਨਾ ਮੰਨੇ, ਮੈਂ ਕੌਣ ਹੁੰਦਾ ਹਾਂ, ਜੋ ਖਾਲਸੇ ਦੀ ਆਗਿਆ ਨਾ ਮੰਨਾਂ।

***ਪੰਜ ਸਿੰਘਨ ਅਰਦਾਸ ਸੁ ਯਾਹਿ॥*** ਉਹ ਜੋ ਪੰਜ ਸਿੰਘਾਂ ਵਲੋਂ ਅਰਦਾਸ ਕਰਵਾਈ ਹੈ, ਪੰਥ ਵਿਚ ਜਾ ਕੇ।

***ਵਹਿ ਤੋਂ ਮਾਨੀਯਤ ਧੁਰ ਦਰਗਾਹਿ॥੮੨॥*** ਉਹਨਾਂ ਦੀ ਅਰਦਾਸ ਤਾਂ ਧੁਰ ਦਰਗਾਹ ਵਿਚ ਪ੍ਰਵਾਣ ਹੋਣੀ ਹੈ, ਸੱਚੇ ਪਾਤਸ਼ਾਹ ਆਪ ਦਰਗਾਹ ਵਿਚ ਮੰਨ ਲੈਂਦੇ ਹਨ, ਅਰਦਾਸ ਨੂੰ। ੮੨।

***ਅਹੈ ਖਾਲਸੋ ਕਾਰਨ ਕਰਨ॥*** ਖਾਲਸਾ ਪੰਥ ਸਭ ਕੁਛ ਕਰਨ ਦੇ ਜੋਗ ਹੈ, ਸਭ ਤਰ੍ਹਾਂ ਕਰਕੇ ਸਮਰੱਥ ਹੈ ਖਾਲਸਾ ਪੰਥ।

***ਹਮ ਪਾਜੀ ਖਾਲਸੇ ਕੀ ਸ਼ਰਨ॥*** ਮੇਰੇ ਵਰਗੇ ਪਾਜੀ ਤਾਂ ਖਾਲਸੇ ਦੀ ਸ਼ਰਨ ਵਿਚ ਹਨ, ਖਾਲਸਾ ਜੋ ਕਰੇ ਕਰਾਵੇ, ਖਾਲਸੇ ਪੰਥ ਦੀ ਉੱਚੀ ਸ਼ਾਨ ਰੱਖਣੀ ਹੈ।

***ਇਹ ਸਭ ਕਲਾ ਖਾਲਸੇ ਤੇ ਹੋਇ॥*** ਜੋ ਮੇਰੇ ਵਿਚ ਕਲਾ ਹੈ, ਇਹ ਵੀ ਸਾਰੀ ਖਾਲਸੇ ਪੰਥ ਦੀ ਬਖ਼ਸ਼ਸ ਨਾਲ ਹੀ ਹੈ।

***ਰਾਖੇ ਮਾਰੇ ਖਾਲਸਾ ਸੋਇ॥੮੩॥*** ਉਹ ਖਾਨੂੰ ਨੂੰ ਚਾਹੇ ਰੱਖ ਲਵੇ, ਚਾਹੇ ਮਾਰ ਦੇਵੇ, ਇਹ ਸਭ ਖਾਲਸੇ ਵਿਚ ਸਮਰੱਥਾ ਹੈ। ੮੩।

***ਖਾਲਸੇ ਨੁਗਦਨ ਸੋਂ ਨਵਾਬੈ ਮਾਰੇ॥*** ਖਾਲਸੇ ਪੰਥ ਨੇ ਤਾਂ ਸ਼ਹੀਦੀ ਦੇਗਾ ਘੋਟ ਕੇ ਪਿੱਛੋਂ ਬਚਿਆ ਹੋਇਆ ਜੋ ਨੁਗਦੇ ਦਾ ਗੋਲਾ ਹੈ, ਉਹ ਮਾਰ-ਮਾਰ ਕੇ ਵੱਡੇ ਨਵਾਬਾਂ ਨੂੰ ਮਾਰਿਆ ਹੈ।

***ਅਰਦਾਸਨ ਸੋਂ ਪਤਿਸ਼ਾਹ ਬਹੁ ਗਾਰੇ॥*** ਅਰਦਾਸਾਂ ਕਰ-ਕਰ ਕੇ ਵੱਡੇ ਪਾਤਸ਼ਾਹਾਂ ਦੀਆਂ ਪਾਤਸ਼ਾਹੀਆਂ ਦੂਰ ਕਰ ਦਿੱਤੀਆਂ ਹਨ ਸੰਸਾਰ ਤੋਂ।

***ਅਪੁਨੇ ਸੋਟੇ ਜਿਮੀਂ ਪਰ ਲਾਵੈਂ॥*** ਜਦੋਂ ਸੁਖ ਨਿਧਾਨ ਰਗੜ ਕੇ ਸਲੋਤਰ ਧਰਤੀ ਉੱਤੇ ਸੁੱਟਦੇ ਹਨ, ਪੁਠਾ ਕਰਕੇ, ਜੋ ਭਾਰੇ ਭਾਰੇ ਸਲੋਤਰ ਹੁੰਦੇ ਹਨ।

***ਸਿਰ ਪਤਿਸ਼ਾਹੋਂ ਛਤ੍ਰ ਗਿਰਾਵੈਂ॥੮੪॥*** ਖਾਲਸੇ ਪੰਥ ਦੇ ਪ੍ਰਤਾਪ ਨਾਲ ਸਲੋਤਰਾਂ ਦੀ ਧਮਕ ਨਾਲ ਪਾਤਸ਼ਾਹਾਂ ਦੇ ਸਿਰਾਂ ਤੋਂ ਛਤ੍ਰ ਡਿੱਗ ਪੈਂਦੇ ਹਨ, ਇਉਂ ਖਾਲਸੇ ਵਿਚ ਕਲਾ ਦੱਸੀ ਹੈ। ੮੪।

***ਦੋਹਰਾ॥ ਸੁਬੇਗ ਸਿੰਘ ਤੁਰ ਜਾ ਕਹੀ ਸਭ ਨਵਾਬ ਕੇ ਪਾਸ॥*** ਭਾਈ ਤਾਰੂ ਸਿੰਘ ਦੇ ਕੋਲੋਂ ਤੁਰ ਕੇ ਭਾਈ ਸੁਬੇਗ ਸਿੰਘ ਨੇ ਨਵਾਬ ਖ਼ਾਨ ਬਹਾਦਰ ਜਿਥੇ ਤੜਫਦਾ ਪਿਆ ਸੀ, ਉੱਥੇ ਜਾ ਕੇ ਸਾਰੀ ਗੱਲ ਦੱਸ ਦਿੱਤੀ।

***ਜਿਹ ਬਿਧ ਸੰਬ੍ਰਹੈ ਖਾਲਸੇ ਕਰ ਦੀਨੀ ਅਰਦਾਸ॥੮੫॥*** ਜਿਸ ਪ੍ਰਕਾਰ ਸਰਬਤ੍ਰ ਖਾਲਸੇ ਨੇ ਅਰਦਾਸ ਕਰ ਦਿੱਤੀ ਹੈ

ਕਿ ਜੁੱਤੀ ਤਾਰੂ ਸਿੰਘ ਦੀ ਹੋਵੇ, ਸਿੰਘ ਦੇ ਹੱਥ ਵਿਚ ਹੋਵੇ, ਨਵਾਬ ਦੇ ਸਿਰ ਵਿਚ ਵੱਜੇ ਤਾਂ ਉਸ ਨੂੰ ਸੁਖ ਹੋਵੇ। ੮੫।

***ਚੌਪਈ॥ ਕਹੀ ਖਾਲਸੇ ਨਵਾਬ ਸੁਨ ਲਈ॥*** ਖਾਲਸੇ ਦਾ ਬਚਨ ਸਭ ਕਿਹਾ ਹੋਇਆ ਨਵਾਬ ਨੇ ਸੁਣ ਲਿਆ ਹੈ।

***ਮੁਸਲੇਂ ਪਾਸੋਂ ਦੂਰ ਕਰ ਦਈ॥*** ਸਭ ਮੁਸਲਮਾਨ ਕਾਜ਼ੀ ਮੁੱਲਾਂ ਨਵਾਬ ਤੋਂ ਦੂਰ ਕਰ ਦਿੱਤੇ ਹਨ।

***ਕਹੈ, ਸ਼ਿਤਾਬੀ ਚਹੀਯਤ ਕਈ॥*** ਨਵਾਬ ਕਹਿੰਦਾ ਸੁਬੇਗ ਸਿੰਹਾਂ (ਸ਼ਿਤਾਬੀ) ਛੇਤੀ ਕਰੋ, ਮੈਂ ਬੜਾ ਦੁਖੀ ਹਾਂ।

***ਤਾਰੂ ਸਿੰਘ ਕੀ ਜੁਤੀ ਮੰਗਈ॥੮੬॥*** ਤੁਰਤ ਹੀ ਭਾਈ ਤਾਰੂ ਸਿੰਘ ਦੀ ਜੁੱਤੀ ਮੰਗਵਾਈ ਹੈ। ੮੬।

***ਪਹਿਲੀ ਜੁਤੀ ਹਾਥ ਨ ਆਇ॥*** ਪਹਿਲੀ ਜੁੱਤੀ ਤਾਂ ਗੁਆਚ ਹੀ ਗਈ ਸੀ, ਉਹ ਤਾਂ ਹੱਥ ਨ ਲੱਗੀ।

***ਨਈ ਮੰਗਾਈ ਲੈ ਪੈਰੀਂ ਪਾਇ॥*** ਬਜ਼ਾਰ ਵਿੱਚੋਂ ਨਵੀਂ ਜੁੱਤੀ ਭਾਈ ਤਾਰੂ ਸਿੰਘ ਦੇ ਪੈਰੀਂ ਪਾ ਕੇ ਫਿਰ ਲੈ ਆਏ ਹਨ।

***ਸੁਬੇਗ ਸਿੰਘ ਕੇ ਦੇ ਕੈ ਹਾਥ॥*** ਉਹ ਜੁੱਤੀ ਭਾਈ ਸੁਬੇਗ ਦੇ ਹੱਥ ਫੜਾਈ ਹੈ।

***ਅਪਨੀ ਗਰਜ਼ ਉਨ ਲਾਈ ਮਾਥ॥੮੭॥*** ਆਪਣੀ ਗਰਜ਼ ਕਰਕੇ ਨਵਾਬ ਨੇ ਉਸ ਦੀ ਜੁੱਤੀ ਆਪਣੇ ਮੱਥੇ ਨੂੰ ਲਾਈ ਹੈ, ਸੁਬੇਗ ਸਿੰਘ ਨੂੰ ਕਹਿੰਦਾ ਹੈ, ਮਾਰੋ ਜੀ, ਮੇਰੇ ਸਿਰ ਵਿਚ। ੮੭।

***ਮਿਟ ਗਯੋ ਸੂਲ ਪਿਸ਼ਾਬ ਅਜ਼ਾਬ॥*** ਸਿਰ ਵਿਚ ਜੁੱਤੀ ਵੱਜਣ ਦੀ ਦੇਰ ਸੀ, ਉਦੋਂ ਹੀ ਬੰਨ੍ਹ ਖੁਲ੍ਹ ਗਿਆ ਹੈ, ਪਿਸ਼ਾਬ ਖੁਲ੍ਹ ਗਿਆ ਹੈ, ਜੋ ਸੂਲ ਹੋ ਰਿਹਾ ਸੀ, ਉਹ ਦੁਖ ਹਟ ਗਿਆ ਹੈ।

***ਨਵਾਬ ਕਹੇ ਧੰਨ ਹਮਰੇ ਭਾਗ॥*** ਨਵਾਬ ਕਹਿੰਦਾ ਹੈ 'ਧੰਨ ਮੇਰੇ ਭਾਗ ਧੰਨ ਮੇਰੇ ਭਾਗ' ਜੋ ਖਾਲਸੇ ਪੰਥ ਨੇ ਕਿਰਪਾ ਕਰ ਦਿੱਤੀ ਹੈ।

***ਤਾਰੂ ਸਿੰਘ ਹਮ ਪਰ ਕ੍ਰਿਪਾ ਕਰੀ॥*** ਭਾਈ ਤਾਰੂ ਸਿੰਘ ਨੇ ਬੜੀ ਕਿਰਪਾ ਕੀਤੀ ਹੈ, ਮੇਰੇ ਦੁਸ਼ਟ ਉਤੇ, ਮੈਂ ਤਾਂ ਪਾਪੀ ਹਾਂ, ਮੈਂ ਤਾਂ ਜ਼ੁਲਮ ਕੀਤਾ ਹੈ ਰੱਜ ਕੇ, ਉਨ੍ਹਾਂ ਨੇ ਫਿਰ ਵੀ ਕਿਰਪਾ ਕਰ ਦਿੱਤੀ ਹੈ ਮੇਰੇ 'ਤੇ।

***ਧੰਨ ਸਾਇਤ ਔਰ ਧੰਨ ਯਹ ਘਰੀ॥੮੮॥*** ਧੰਨ ਹੈ ਇਹ ਸਮਾਂ ਅਤੇ ਧੰਨ ਹੈ, ਇਹ ਘੜੀ ਜਿਸ ਟਾਇਮ ਮੈ ਬਖਸ਼ਿਆ ਗਿਆ ਹਾਂ। ੮੮।

***ਏਕ ਬਾਰ ਯੌ ਆਗੇ ਭਈ॥*** ਇਕ ਵਾਰੀ ਅੱਗੇ ਵੀ ਏਸ ਤਰ੍ਹਾਂ ਹੋਈ ਸੀ।

***ਸੋਈ ਖਾਲਸੇ ਹਮ ਤੇ ਕਰਈ॥*** ਉਹੀ ਖਾਲਸੇ ਨੇ ਮੇਰੇ 'ਤੇ ਹੁਣ ਕਰਕੇ ਵਿਖਾਇਆ ਹੈ।

***ਜਬੈ ਕਸ਼ਮੀਰ ਥੀ ਜ਼ੁਲਮੀ ਕਈ॥*** ਕਸ਼ਮੀਰ ਸਾਰਾ ਬ੍ਰਹਮ ਦਾ ਹੀ ਸੀ, ਇਥੇ ਹੀ ਚਾਰੇ ਬੇਦ ਛੇ ਸ਼ਾਸਤ੍ਰ ਏਥੇ ਬੜੇ ਬੜੇ ਵਿਦਿਆਲੇ ਸੀ ਹਿੰਦੂ ਧਰਮ ਦੇ ਅਤੇ ਸਰਬ ਬ੍ਰਹਮਣ ਜਿਤਨੇ ਉੱਤਮ ਬ੍ਰਹਮਣ ਸਨ, ਹਿੰਦੂ ਧਰਮ ਦੇ, ਏਥੇ ਰਹਿੰਦੇ ਸਨ। ਦਸਰਥ ਰਾਜਾ ਵੀ ਏਥੇ ਵਿਆਹਿਆ ਹੋਇਆ ਸੀ। ਜਦੋਂ ਕਸ਼ਮੀਰ ਵਿਚ ਜ਼ੁਲਮ ਕੀਤਾ ਸੀ।

***ਸਵਾ ਮਣ ਜਨੇਊ ਪੱਕੇ ਉਤਰਈ॥੮੯॥*** ਸਵਾ ਮਣ ਪੱਕੇ ਜਨੇਊ ਉਤਾਰੇ ਸਨ, ਕਸ਼ਮੀਰ ਵਿਚ ਉਸ ਸਮੇਂ। ੮੯।

***ਦੋਹਰਾ॥ ਤੇਰਾਂ ਘਰ ਕੁੱਲ ਲੁਕ ਬਚੇ ਔਰ ਕੀਏ ਮੁਸਲਮਾਨ॥*** ਜਿਤਨਾ ਵੀ ਸਾਰਾ ਕਸ਼ਮੀਰ ਹੈ, ਉਹ ਸਾਰੇ ਦਾ ਸਾਰਾ ਮੁਸਲਮਾਨ ਕਰ ਦਿੱਤਾ ਗਿਆ ਅਤੇ ਸਿਰਫ ਤੇਰਾ ਘਰ ਬ੍ਰਹਮਣਾਂ ਦੇ ਬਚੇ ਸਨ।

***ਤਬ ਨਵਾਬ ਕੋ ਸਿਰ ਦੁਖਯੋ, ਜਨ ਨਿਕਸਤ ਹੈ ਜਾਨ॥੯੦॥*** ਕਸ਼ਮੀਰ ਵਿਚ ਜੋ ਨਵਾਬ ਸੀ, ਉਸ ਨੇ ਸਵਾ-ਸਵਾ ਮਣ ਰੋਜ਼ ਦੇ ਜਨੇਊ ਲਾਹੇ ਸਨ। ਕਹਿੰਦੇ ਦਰਦ ਨਾਲ ਉਸ ਦਾ ਸਿਰ ਪਾਟਣ ਲੱਗ ਪਿਆ ਸੀ, ਜਾਣੋ ਕਿ ਜਾਨ ਹੀ ਨਿਕਲ ਰਹੀ ਹੈ। ੯੦।

***ਚੌਪਈ॥ ਜਬ ਨਵਾਬ ਉਨ ਬਹੁ ਦੁਖ ਪਾਯੋ॥*** ਜਦੋਂ ਕਸ਼ਮੀਰ ਦੇ ਨਵਾਬ ਨੇ ਬੜਾ ਹੀ ਦੁਖ ਪਾਇਆ।

***ਕਹਯੋ ਕਿਮੈਂ ਹਮ ਜਾਨ ਰਖਾਯੋ॥*** ਕਿਵੇਂ ਵੀ ਹੋਵੇ ਮੇਰੀ ਜਾਨ ਬਚਾਓ ਹਿੰਦੂਆਂ ਨੂੰ ਸੱਦ-ਸੱਦ ਕੇ ਕਿਹਾ, ਨਵਾਬ ਨੇ।

***ਤਬ ਲੋਕਨ ਯੋ ਕਹਯੋ ਉਪਾਇ॥*** ਤਦ ਸਿਆਣੇ ਲੋਕਾਂ ਨੇ ਇਹ ਉਪਾਉ ਦੱਸਿਆ ਹੈ।

***ਜੁਤੀ ਹਿੰਦੁਨ ਕੀ ਮਾਥ ਬੰਧਾਇ॥੯੧॥*** ਹਿੰਦੂ ਦੀ ਜੁੱਤੀ ਆਪਣੇ ਮੱਥੇ 'ਤੇ ਬੰਨ੍ਹੇ ਫਿਰ ਇਸ ਨੂੰ ਅਰਾਮ ਹੋਵੇਗਾ। ੯੧।

***ਦੁਖ ਕੇ ਮਾਰੇ ਇਮ ਹੀ ਕਰੀ॥*** ਸਿਰ ਦਰਦ ਦੇ ਦੁਖ ਦੇ ਮਾਰੇ ਨੇ ਇਉਂ ਕੀਤਾ ਸੀ, ਆਪਣੇ ਮੱਥੇ 'ਤੇ ਹਿੰਦੂ ਦੀ ਜੁੱਤੀ ਬੰਨ੍ਹੀ ਸੀ।

***ਤਬ ਵਹਿ ਬਚਯੋ ਜਬ ਯੌਂ ਕੀ ਸਰੀ॥*** ਉਸ ਤੋਂ ਏਸੇ ਤਰ੍ਹਾਂ ਹੀ ਕਰਾਇਆ ਸੀ, ਭਾਵ ਹਿੰਦੂ ਦੀ ਜੁੱਤੀ ਮੱਥੇ 'ਤੇ ਬੰਨ੍ਹਾਈ ਸੀ, ਫਿਰ ਹੀ ਉਹ ਬਚਿਆ ਸੀ।

***ਕਹਯੋ ਨਵਾਬ, ਅਬ ਕਰੋ ਬਧਾਈ॥*** ਨਵਾਬ ਨੇ ਕਿਹਾ, ਮੈਨੂੰ ਸੁਖ ਹੋ ਗਿਆ ਹੈ, ਅਰਾਮ ਆ ਗਿਆ ਹੈ, ਹੁਣ ਵਧਾਈਆਂ ਕਰੋ ਖੁਸ਼ੀਆਂ ਮਨਾਓ।

***ਖਾਲਸੇ ਨੇ ਦੁਖ ਦੀਓ ਮਿਟਾਈ॥੯੨॥*** ਖਾਲਸੇ ਪੰਥ ਨੇ ਮੇਰਾ ਦੁਖ ਦੂਰ ਕਰ ਦਿੱਤਾ ਹੈ, ਮੇਰੇ 'ਤੇ ਰਹਿਮ ਕੀਤਾ ਹੈ, ਭਾਈ ਤਾਰੂ ਸਿੰਘ ਜੀ ਨੇ। ੯੨।

***ਗੁਰ ਨਾਨਕ ਕੌ ਕੜਾਹ ਕਰਾਵੋ॥*** ਗੁਰੂ ਨਾਨਕ ਪਾਤਸ਼ਾਹ ਜੀ ਦਾ ਕੜਾਹ ਪ੍ਰਸ਼ਾਦ ਕਰਕੇ ਵਰਤਾਉ।

***ਦੀਪ ਮਾਲ ਸਭ ਸ਼ਹਿਰ ਜਲਾਵੋ॥*** ਸਾਰੇ ਸ਼ਹਿਰ ਵਿਚ ਦੀਪ ਮਾਲਾ ਕਰੋ, ਸਭ ਖੁਸ਼ੀਆਂ ਮਨਾਉ ਅੱਜ।

***ਬਜੇ ਸ਼ਦਯਾਨੇ ਸ਼ਲਕ ਕਰਾਈ॥*** ਨਾਨ੍ਹਾ ਪ੍ਰਕਾਰ ਦੇ ਬਾਜੇ ਬਜਾਏ ਅਤੇ ਤੋਪਾਂ ਦੀਆਂ ਸ਼ਲਕਾਂ ਕਰਾਈਆਂ, ਭਾਵ ਖੁਸ਼ੀਆਂ ਮਨਾਈਆਂ ਹਨ।

***ਦਈ ਖ਼ਰੈਤ ਕੰਗਾਲਨ ਤਾਈ॥੯੩॥*** ਗਰੀਬਾਂ ਨੂੰ ਖੈਰਾਇਤ ਦਿੱਤੀ ਹੈ, ਗਰੀਬਾਂ ਨੂੰ ਧਨ ਵੰਡਿਆ ਹੈ, ਖ਼ਜ਼ਾਨਾਂ ਮੰਗਾ ਲਿਆ ਹੈ, ਵਰਤਾਉ ਸਭ ਨੂੰ, ਸਭ ਦੀਆਂ ਖੁਸ਼ੀਆਂ ਲਵੋ ਗਰੀਬ ਗੁਰਬੇ ਦੀਆਂ। ੯੩।

## ਸ੍ਰੀ ਗੁਰ ਪੰਥ ਪ੍ਰਕਾਸ਼ ਗ੍ਰੰਥੇ॥

### ਸਾਖੀ ਪੰਥ ਕੈ ਪ੍ਰਚੈ ਕੀ ਭਈ

### ਹੋਰ ਸਾਖੀ ਨਵਾਬ ਕੀ

### (ਨਵਾਬ ਦੀ ਮੌਤ 'ਤੇ ਸੁਬੇਗ ਸਿੰਘ ਜੰਬਰ ਦਾ ਸਿੱਕਾ)

***ਦੋਹਰਾ॥ ਨਵਾਬ ਨਏ ਬਸਤਰ ਲਏ ਫਿਰ ਬਹਯੋ ਕਚਹਿਰੀ ਆਇ॥*** ਜਦੋਂ ਨਵਾਬ ਰਾਜ਼ੀ ਹੋ ਗਿਆ, ਉਸ ਨੇ ਨਵੇਂ ਕੱਪੜੇ ਪਹਿਨੇ ਤੇ ਕਚਹਿਰੀ ਆ ਬੈਠਾ ਹੈ।

***ਆਹਿ ਸਿੰਘਨ ਸਾਚੀ ਸਿਖੀ ਸੋ ਹਮ ਲਈ ਪਰਤਾਇ'॥੧॥*** ਕਚਹਿਰੀ ਆ ਕੇ ਕਹਿੰਦਾ, 'ਸਿੰਘਾਂ ਦੀ ਸਿੱਖੀ ਸੱਚੀ ਹੈ, ਖਾਲਸੇ ਪੰਥ ਦੀ ਕਲਾ ਸੱਚੀ ਹੈ, ਮੈਂ ਪਰਤਿਆ ਲਿਆ ਹੈ, ਮੇਰੇ ਉਪਰ ਵਾਪਰਿਆ ਹੈ, ਸਾਰਾ ਪ੍ਰਸੰਗ। ੧।

***ਚੌਪਈ॥ ਸੁਬੇਗ ਸਿੰਘ ਕੋ ਨਵਾਬ ਬੁਲਾਯਾ॥*** ਭਾਈ ਸੁਬੇਗ ਸਿਘ ਨੂੰ ਨਵਾਬ ਖ਼ਾਨ ਬਹਾਦਰ ਨੇ ਕਚਹਿਰੀ ਵਿਚ ਸੱਦਿਆ।

***ਕਰ ਆਦਰ ਤਿਸ ਪਾਸ ਬਹਾਯਾ॥*** ਖੜ੍ਹਾ ਹੋ ਕੇ ਆਦਰ ਕਰਕੇ ਬਰਾਬਰ ਕੁਰਸੀ ਦਿੱਤੀ ਉਸ ਨੂੰ, ਆਪਣੇ ਕੋਲ ਹੀ ਬਿਠਾ

ਲਿਆ ਹੈ, ਕਚਹਿਰੀ ਵਿਚ।

***'ਸਾਚ ਗੁਰੂ ਤੁਮ ਸਾਚੀ ਬਾਨੀ॥*** ਕਹਿਣ ਸੁਬੇਗ ਸਿੰਘ ਜੀ, ਤੁਹਾਡੇ ਗੁਰੂ ਸੱਚੇ ਹਨ, ਤੁਹਾਡੇ ਗੁਰੂਆਂ ਦੀ ਬਾਣੀ ਵੀ ਸੱਚੀ ਹੈ।

***ਅਜ਼ਮਾਇਸ਼ ਹਮ ਉਪਰ ਬਿਹਾਨੀ॥੨॥*** ਮੇਰੇ ਉਪਰ ਜੋ ਬੀਤੀ ਹੈ, ਮੈਂ ਅਜ਼ਮਾਇਸ਼ ਕਰਕੇ ਵੇਖੀ ਹੈ, ਜੋ ਤੁਹਾਡੇ ਗੁਰੂਆਂ ਨੇ ਸ਼ਬਦ ਕਹੇ ਹਨ, ਉਹ ਬਿਲਕੁਲ ਸੱਚੇ ਹਨ। ੨।

***ਮਰ ਜਾਵੋਂ ਮੈਂ ਭਾਵੇਂ ਅਬੀ॥*** ਮੇਰੀ ਮੌਤ ਭਾਵੇਂ ਹੁਣੇ ਹੀ ਹੋ ਜਾਏ, ਇਸ ਦੇ ਵਿਚ ਕੋਈ ਸ਼ੰਕਾ ਨਹੀਂ ਹੈ।

***ਹੈ ਮਰ ਜਾਣਾ ਸਿਰ ਪਰ ਸਭੀ॥*** ਮੌਤ ਸਭ ਕੇ ਸਿਰ 'ਤੇ ਹੈ, *''ਜੰਮਣ ਮਰਣਾਂ ਹੁਕਮ ਹੈ ਭਾਣੈ ਆਵੈ ਜਾਇ''॥* ਇਹ ਤਾਂ ਸਭ ਦੇ ਉੱਤੇ ਹੈ, ਸਭ ਨੇ ਮਰ ਜਾਣਾ ਹੈ, ਦੁਨੀਆਂ 'ਤੇ।

***ਜਾਨ-ਕੰਦਨ ਕੋ ਦੁਖ ਮਿਟ ਗਯੋ॥*** ਜੋ ਮੇਰੀ ਜਾਨ ਨਾਲ ਬਣੀ ਸੀ, ਨ ਨਿਕਲੇ ਜਾਨ ਨਾ ਬਚਾਂ, ਉਸ ਤੋਂ ਬਚ ਗਿਆ ਹਾਂ।

***ਤੁਮ ਕਿਰਪਾ ਤੇ ਸੁਖ ਸਭ ਭਯੋ॥੩॥*** ਸੁਬੇਗ ਸਿੰਘ ਜੀ ਤੁਸੀਂ ਮੇਰੇ 'ਤੇ ਕਿਰਪਾ ਕੀਤੀ ਹੈ, ਤੁਹਾਡੀ ਕਿਰਪਾ ਨਾਲ ਸਭ ਤਰ੍ਹਾਂ ਕਰਕੇ ਸੁਖ ਹੋ ਗਿਆ ਹੈ। ੩।

***ਐਸੋ ਦੁਖ ਹਮ ਫੇਰ ਨ ਆਵੈ॥*** ਗੁਰੂ ਸਾਹਿਬ ਅਤੇ ਖਾਲਸਾ ਪੰਥ ਮੇਰੇ 'ਤੇ ਕਿਰਪਾ ਰੱਖੇ, ਐਹੋ ਜਿਹਾ ਦੁਖ ਮੇਰੇ 'ਤੇ ਫਿਰ ਨਾ ਆਵੇ,ਇਹ ਮੈਨੂੰ ਬੜਾ ਭਾਰੀ ਦੁਖ ਹੋਇਆ ਸੀ।

***ਜਾਨ ਹਮਾਰੀ ਸੁਖ ਸੋਂ ਜਾਵੈ॥*** ਜਾਨ ਮੇਰੀ ਬੇਸ਼ੱਕ ਹੁਣੇ ਹੀ ਨਿਕਲ ਜਾਏ, ਪਰ ਸੁਖ ਨਾਲ ਨਿਕਲੇ।

***ਸਿੰਘਨ ਪਰ ਮੈਂ ਜ਼ੁਲਮੀ ਕਰਾਈ॥*** ਆਪਣੇ ਮੂੰਹੋਂ ਆਪ ਮੰਨਦਾ ਹੈ ਨਵਾਬ, 'ਮੈਂ ਸਿੰਘਾਂ ਉਤੇ ਬੜੇ ਭਾਰੀ ਜ਼ੁਲਮ ਕੀਤੇ ਹਨ'।

***ਅਪਨੀ ਕਰਨੀ ਆਪੇ ਪਾਈ॥੪॥*** ਮੈਂ ਆਪਣੀ ਕਰਤੂਤ ਦਾ ਫਲ ਆਪ ਪਾਇਆ ਹੈ, ਜੋ ਮੈਂ ਭੈੜੀ ਕਰਤੂਤ ਕੀਤੀ ਹੈ, ਉਸ ਦੀ ਸਜ਼ਾ ਮੈਨੂੰ ਮਿਲੀ ਹੈ। ੪।

***ਜੋ ਹਮ ਈਹਾਂ ਰਹੈ ਉਲਾਦ॥*** ਮੈਂ ਆਪਣੀ ਉਲਾਦ ਨੂੰ ਕਹਿ ਚਲਿਆ ਹਾਂ, 'ਜੋ ਮੇਰੇ ਪਿੱਛੋਂ ਮੇਰੀ ਉਲਾਦ ਏਥੇ ਰਹੇਗੀ'।

***ਸਿੰਘਨ ਸੋਂ ਵਹਿ ਕਰੈ ਨ ਬਾਦ॥*** ਅੱਗੇ ਵਾਸਤੇ ਸਿੰਘਾਂ ਨਾਲ ਕੋਈ (ਵਾਦ) ਝਗੜਾ ਨਹੀਂ ਕਰਨਗੇ।

***ਲੜਤ ਭਿੜਤ ਰਣ ਜੋ ਕਛੁ ਹੋਈ॥*** ਜੰਗ ਵਿੱਚ ਲੜਦਿਆਂ ਜੇ ਕੁਛ ਹੋ ਜਾਵੇ।

***ਤਾਂ ਕੋ ਦੋਸ਼ ਲਗਤ ਨਹਿਂ ਕੋਈ॥੫॥*** ਉਸ ਦਾ ਕੋਈ ਦੋਸ਼ ਨਹੀਂ ਹੈ, ''ਜੇ ਸਕਤੇ ਕਉ ਸਕਤਾ ਮਾਰੇ ਤਾਂ ਮਨ ਰੋਸ ਨ ਹੋਈ''। ਜਿਹੜਾ ਆਪ ਨੂੰ ਮਾਰਨ ਆਵੇ ਉਸ ਨੂੰ ਬੇਸ਼ਕ ਮਾਰ ਲਵੋ, ਉਸ 'ਤੇ ਕੋਈ ਰੋਸ ਨਹੀਂ ਹੈ। ੫।

***ਦੋਹਰਾ॥ ਫਿਰ ਨਵਾਬ ਜੰਬਰ ਕਹਯੋ, ਮਾਂਗ ਜੁ ਤੁਹਿ ਚਹ ਕਾਮ॥*** ਭਾਈ ਸੁਬੇਗ ਸਿੰਘ ਜੰਬਰ ਨੂੰ ਫਿਰ ਕਿਹਾ ਹੈ, ਨਵਾਬ ਨੇ 'ਜੰਬਰ ਜੀ! ਤੁਸੀਂ ਮੇਰੀ ਮਦਦ ਕੀਤੀ ਹੈ, ਤੁਸੀਂ ਮੰਗੋ ਤੁਹਾਨੂੰ ਕੀ ਚਾਹੀਦਾ ਹੈ, ਮੈ ਉਹੀ ਤੁਹਾਡਾ ਕਾਰਜ ਕਰਾਂ, ਜੋ ਤੁਸੀਂ ਆਖੋਗੇ।

***ਛੋਡ ਨਵਾਬੀ ਏਕ ਹਮ ਔਰ ਚਹੋ ਲਯੋ ਸਾਂਭ॥੬॥*** ਇਕ ਨਵਾਬੀ ਨੂੰ ਛੱਡ ਕੇ ਹੋਰ ਜੋ ਵੀ ਤੁਸੀਂ ਚਹੁੰਦੇ ਹੋ, ਸਾਂਭ ਸਕਦੇ ਹੋਂ, ਮੈਂ ਸਭ ਦੀ ਆਗਿਆ ਦਿੰਦਾ ਹਾਂ। ੬।

***ਚੌਪਈ॥ ਸੁਬੇਗ ਸਿੰਘ ਤਬ ਮਨੈ ਬਿਚਾਰਯੋ॥*** ਭਾਈ ਸੁਬੇਗ ਸਿੰਘ ਨੇ ਮਨ ਵਿਚ ਵਿਚਾਰ ਕੀਤੀ ਹੈ।

***ਕਾਮ ਖਾਲਸੇ ਚਹੀਅਤ ਸ੍ਵਾਰਯੋ॥*** ਮੈਨੂੰ ਖਾਲਸੇ ਪੰਥ ਦਾ ਕਾਰਜ਼ ਸਵਾਰਨਾ ਚਾਹੀਦਾ ਹੈ। ਖਾਲਸੇ ਪੰਥ ਦੀ ਸ਼ਾਨ ਉੱਚੀ ਹੋਵੇ, ਖਾਲਸੇ ਪੰਥ ਨੂੰ ਸੁਖ ਹੋਵੇ।

***ਕਰੋ ਚਬੂਤਰੈ ਮੁਹਿ ਮੁਖਤਯਾਰ॥*** ਕੋਤਵਾਲ ਦੀ ਕਚਹਿਰੀ, ਚਉਤਰਾ । ਮੁਖ-ਤਿਆਰੇ-ਆਮ ਮੁਖ ਪੁਰਸ਼ ਜਿਹੜਾ ਚਬੂਤਰੇ ਦਾਰ ਹੁੰਦਾ ਸੀ। ਉਸ ਨੂੰ ਆਗਿਆ ਹੁੰਦੀ ਸੀ, ਰਾਜ ਦੇ ਵਿਚ ਸਭ ਦੀ ਫਰਿਆਦ ਸੁਣਨੀ, ਸਭ ਦਾ ਦੁਖ ਸੁਣਨਾ। ਸਭ ਦੇ ਭਲੇ ਵਾਸਤੇ ਫ਼ੌਜ ਨੂੰ, ਪੁਲਸ ਨੂੰ ਰੱਯਤ ਨੂੰ, ਜੋ ਮਰਜ਼ੀ ਕਿਸੇ ਨੂੰ ਦੇ ਦੇਵੇ, ਉਨ੍ਹਾਂ ਦੀਆਂ ਤਨਖ਼ਾਹਾਂ ਆਦਿਕ,

ਅਹੁੱਦੇ ਵਧਾਉਣੇ, ਇਹ ਸਭ ਉਸ ਦਾ ਕਾਰਜ਼ ਹੁੰਦਾ ਸੀ। ਸੁਬੇਗ ਸਿਘ ਕਹਿਣ ਲੱਗਾ 'ਚਬੂਤਰੇ ਦਾ ਮੈਨੂੰ ਖੁਦ-ਮੁਖਤਿਆਰ ਬਣਾਓ, ਇਹ ਮੰਗ ਮੰਗ ਕਿ ਮੈਂ ਚਬੁਤਰੇ 'ਤੇ ਬੈਠ ਕੇ ਖਾਲਸੇ ਦਾ ਕਾਰਜ਼ ਸਵਾਰਾਂ। ਅੱਗੇ ਨੂੰ ਖਾਲਸੇ ਨੂੰ ਤਕਲੀਫਾਂ ਨਾ ਝੱਲਣੀਆਂ ਪੈਣ।

***ਲਗੇ ਟਕਸਾਲ ਅਬ ਨਾਮ ਹਮਾਰ॥੭॥*** ਮੇਰੇ ਨਾਮ 'ਤੇ ਟਕਸਾਲ ਲੱਗੇ, ਸਿੱਕਾ ਮੇਰੇ ਨਾਮ ਦਾ ਚੱਲੇ, ਇਹ ਦੋ ਕੰਮ ਕਰੋ ਤਾਂ, ਪਹਿਲੇ। ੭।

***ਸੋਊ ਬਾਤ ਮੰਨ ਲਈ ਨਬਾਬ॥*** ਨਵਾਬ ਨੇ ਆਖਿਆ 'ਮੈਨੂੰ ਪ੍ਰਵਾਨ ਹੈ ਜੀ, ਠੀਕ ਹੈ, ਤੁਸੀਂ ਚਬੂਤਰੇਦਾਰ ਹੋਏ ਅੱਜ ਤੋਂ, ਟਕਸਾਲ ਵੀ ਅੱਜ ਤੋਂ ਤੁਹਾਡੇ ਨਾਮ ਹੋਈ'।

***ਕੀਓ ਚਬੂਤਰੋ ਸਿੰਘ ਕੇ ਤਾਬ॥*** ਚਬੁਤਰੇ ਦਾ ਸਾਰਾ ਕਾਰਜ਼ ਭਾਈ ਸੁਬੇਗ ਸਿੰਘ ਦੇ ਅਧੀਨ ਕਰ ਦਿੱਤਾ ਹੈ, ਉਹਨਾਂ ਦੀ ਹਾਕਮੀ ਲਿਖ ਦਿੱਤੀ ਹੈ।

***ਸੁਬੇਗ ਸਿੰਘ ਥੋ ਜਾਨਤ ਬਾਤ॥*** ਸੁਬੇਗ ਸਿੰਘ ਏਸ ਗੱਲ ਨੂੰ ਜਾਣਦਾ ਸੀ, ਚੰਗੀ ਤਰ੍ਹਾਂ।

***ਨਵਾਬ ਜੀਏਗੋ ਇਕ ਦੋ ਰਾਤ॥੮॥*** ਨਵਾਬ ਜੇ ਜਿਉਂਦਾ ਰਿਹਾ ਤਾਂ ਇਕ ਦੋ ਰਾਤਾਂ ਹੀ ਹੋਰ ਜੀਵੇਗਾ, ਉਹ ਤਾਂ ਮਰਨ ਵਾਲਾ ਹੀ ਹੈ। ੮।

***ਇਸ ਕਰ ਸਿੰਘ ਕਛੁ ਦੇਰ ਨ ਲਾਈ॥*** ਇਸ ਕਰਕੇ ਸੁਬੇਗ ਸਿੰਘ ਨੇ ਦੇਰ ਨਾ ਲਗਾਈ ਕੰਮ ਨੂੰ।

***ਤੁਰਤ ਫੁਰਤ ਟਕਸਾਲ ਲਵਾਈ॥*** ਜਲਦੀ ਤੋਂ ਜਲਦੀ ਟਕਸਾਲ ਆਪਣੇ ਨਾਮ 'ਤੇ ਲਗਵਾ ਦਿੱਤੀ ਹੈ। ਸਿੱਕਾ ਸੁਬੇਗ ਸਿੰਘ ਦਾ ਚੱਲਣ ਲਗ ਪਿਆ ਹੈ।

***ਸਿੰਘ ਸੁਬੇਗ ਭਯੋ ਇਕ ਜੰਬਰ॥*** ਸਿੱਕੇ ਦੇ ਉਤੇ ਇਹ ਸ਼ਬਦ ਉੱਕਰੇ ਹਨ, 'ਜੰਬਰਾਂ ਦਾ ਇਕ ਸੁਬੇਗ ਸਿੰਘ ਹੋਇਆ ਹੈ, ਇਹ ਸਿੱਕੇ ਦੇ ਉੱਤੇ ਲਿਖਿਆ ਹੈ'।

***ਹੇਠ ਜ਼ਮੀਨ ਤੇ ਊਪਰ ਅੰਬਰ॥੯॥*** ਹੇਠਾਂ ਧਰਤੀ ਹੈ ਤੇ ਉਤੇ ਅਕਾਸ਼ ਹੈ, ਤੁਰਕਾਂ ਦੀ ਸ਼ਾਹੀ ਹੇਠਾਂ ਹੈ, ਖਾਲਸੇ ਦਾ ਤਖ਼ਤ ਉੱਪਰ ਹੈ, ਖਾਲਸੇ ਦੀ ਕਲਾ ਉੱਚੀ ਹੈ ਤੁਰਕਾਂ ਦੀ ਨੀਵੀਂ ਹੈ। ਇਹ ਸ਼ਬਦ ਲਿਖਿਆ ਹੈ, ਸਿੱਕੇ ਉਪਰ। ੯।

***ਦੋਹਰਾ॥ ਹੁਤੀ ਗਡਾਈ ਚਰਖੜੀ ਦੀਨੀ ਸੋਊ ਪੁਟਾਇ॥*** ਜਿਨ੍ਹਾਂ ਚਰਖੜੀਆਂ 'ਤੇ ਚੜ੍ਹਾ ਕੇ ਸਿੰਘਾਂ ਨੂੰ ਸਜ਼ਾ ਦਿੱਤੀ ਜਾਂਦੀ ਸੀ ਜਾਂ ਸ਼ਹੀਦ ਕੀਤਾ ਜਾਂਦਾ ਸੀ, ਸੁਬੇਗ ਸਿੰਘ ਨੇ ਹੁਕਮ ਕਰਕੇ ਉਹ ਜਲਦੀ ਤੋਂ ਜਲਦੀ ਪੁਟਾ ਦਿੱਤੀਆਂ।

***ਸ਼ਹੀਦ ਗੰਜ ਥੇ ਸਿਰ ਚਿਣੇ ਤੇਊ ਦੀਏ ਫੁਕਾਇ॥੧੦॥*** ਸ਼ਹੀਦ ਗੰਜ ਜੋ ਅਸਥਾਨ ਹੈ, ਇੱਥੇ ਸਿੰਘਾਂ ਨੂੰ ਸ਼ਹੀਦ ਕੀਤਾ ਜਾਂਦਾ ਸੀ। ਸ਼ਹੀਦਾਂ ਸਿੰਘਾਂ ਦੇ ਸਿਰ ਕੰਧਾਂ ਵਿਚ ਚਿਣੇ ਹੋਏ ਸਨ, ਉਨ੍ਹਾਂ ਸਿਰਾਂ ਨੂੰ ਕੱਢ ਕੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ ਹੈ। ੧੦।

***ਦਿਵਸ ਚਾਰ ਬੀਤਤ ਭਏ, ਸੁਖ ਅਨੰਦ ਸੋਂ ਨਿਬਾਬ॥*** ਨਵਾਬ ਦੇ ਚਾਰ ਦਿਨ ਸੁਖ ਅਨੰਦ ਨਾਲ ਬਤੀਤ ਹੋਵੇ ਹਨ।

***ਤੁਰਤ ਫੁਰਤ ਹੀ ਮਰ ਗਯੋ ਪਾਯੋ ਨ ਕਛੁ ਅਜ਼ਾਬ॥੧੧॥*** (ਤੁਰਤ ਫੁਰਤ) ਜਲਦੀ ਤੋਂ ਜਲਦੀ ਭਾਵ ਬਹੁਤ ਹੀ ਛੇਤੀ ਉਹ ਬਿਨਾ ਦੁਖ ਪਾਏ ਤੋਂ ਮਰ ਗਿਆ ਹੈ। ੧੧।

***ਚੌਪਈ॥ ਬਾਈ ਦਿਨ ਬੀਤੇ ਇਸ ਝਗਰੇ॥*** ਭਾਈ ਤਾਰੂ ਸਿੰਘ ਦੀ ਗ੍ਰਿਫ਼ਤਾਰੀ ਤੋਂ ਜਿਸ ਦਿਨ ਦਾ ਨਵਾਬ ਨਾਲ ਤਕਰਾਰ ਹੋਇਆ, ਉਦੋਂ ਤੋਂ ਲੈ ਕੇ ਨਵਾਬ ਦੇ ਮਰਨ ਤੱਕ, ਬਾਈ ਦਿਨ ਗੁਜ਼ਰ ਗਏ ਹਨ। ਭਾਈ ਤਾਰੂ ਸਿੰਘ ਬਿਨਾਂ ਖੋਪਰੀ ਤੋਂ ਬਾਈ ਦਿਨ ਬੈਠੇ ਰਹੇ ਹਨ ਚੌਕੜਾ ਲਈ।

***ਨਵਾਬ ਤੁਰਯੋ ਫਿਰ ਲੰਬੇ ਦਗਰੇ॥*** ਨਵਾਬ ਫਿਰ (ਦਗਰੇ) ਦੋਜ਼ਕ ਦੇ ਲੰਬੇ ਰਸਤੇ ਤੁਰ ਪਿਆ ਹੈ।

***ਹੈ ਹੈ ਕਾਰ ਅਚਾਨਕ ਭਯੋ॥*** ਜਦੋਂ ਨਵਾਬ ਮਰ ਗਿਆ, ਤਾਂ ਅਚਨਚੇਤ ਹੀ ਸਾਰੇ ਸ਼ਹਿਰ ਵਿਚ ਓ ਨਵਾਬ ਮਰ ਗਿਆ,

ਓ ਖਾਨੂੰ ਜ਼ਾਲਮ ਮਰ ਗਿਆ, ਏਸ ਤਰ੍ਹਾਂ ਰੌਲਾ ਪੈ ਗਿਆ ਹੈ।

***ਕੁੱਪਾ ਰੁੜ੍ਹਿਓ ਲੋਕਨ ਕਹਯੋ॥੧੨॥*** ਸਭ ਲੋਕਾਂ ਨੇ ਖੁਸ਼ੀ ਮਨਾਈ ਹੈ, ਨਵਾਬ ਦੇ ਮਰਨ ਦੀ, ਕਹਿੰਦੇ ਕੁੱਪਾ ਰੁੜ੍ਹ ਗਿਆ ਹੈ ਤੇਲ ਦਾ, ਭਾਵ ਦੁਸ਼ਟ ਮਰਿਆ ਹੈ, ਕੋਈ ਗੱਲ ਨਹੀਂ ਜਾਣ ਦਿਉ ਦੁਸ਼ਟ ਨੂੰ, ਦਫਾ ਹੋਣ ਦਿਓ, 'ਕੁਪਾ ਰੜ੍ਹਿਓ' ਕਹਿੰਦੇ ਬਲਾ ਟਲੀ ਹੈ। ੧੨।

***ਹਿੰਦੁਵਨ ਕੇ ਦਿਲ ਭਈ ਬਧਾਈ॥*** ਹਿੰਦੂ ਲੋਕਾਂ ਦੇ ਦਿਲ ਵਿਚ ਖੁਸ਼ੀਆਂ ਹੋਈਆਂ ਹਨ, ਵਧਾਈਆਂ ਹੋਈਆਂ ਹਨ।

***ਸਿੱਖੀ ਕੀ ਗੁਰ ਪੈਜ ਰਖਾਈ॥*** ਗੁਰ ਸਿੱਖੀ ਦੀ ਪੈਜ ਸਤਿਗੁਰਾਂ ਨੇ ਰੱਖ ਵਿਖਾਈ ਹੈ, ਗੁਰ ਸਿੱਖਾਂ ਦੇ ਬਚਨ ਉੱਚੇ ਕਰ ਵਿਖਾਏ ਹਨ, ਇਉਂ ਗੁਰੂ ਖਾਲਸਾ ਪੰਥ ਦੀ ਸ਼ਾਨ ਉੱਚੀ ਹੋਈ ਹੈ।

***ਭਯੋ ਤਾਰੂ ਸਿੰਘ ਕੋ ਪ੍ਰਣ ਪੂਰੋ॥*** ਭਾਈ ਤਾਰੂ ਸਿੰਘ ਜੀ ਦਾ ਕੀਤਾ ਹੋਇਆ ਪ੍ਰਣ ਪੂਰਾ ਹੋ ਗਿਆ ਹੈ।

***ਬਜੇ ਸਿੰਘਨ ਘਰ ਅਨਹਦ ਤੂਰੋ॥੧੩॥*** ਸਿੰਘਾਂ ਦੇ ਘਰ ਵਿਚ ਅਨਹਦ ਬਾਜੇ ਬੱਜੇ ਖੁਸ਼ੀਆਂ ਹੋਈਆਂ, ਜਗ੍ਹਾ-ਜਗ੍ਹਾ ਕਥਾ ਕੀਰਤਨ ਹੋਏ, ਅਰਦਾਸੇ ਹੋਏ, ਸਭ ਖਾਲਸੇ ਪੰਥ ਵਿਚ ਖੁਸ਼ੀਆਂ ਦੇ ਜੈ-ਜੈ ਕਾਰ ਦੇ ਜੈਕਾਰੇ ਗਜਾਏ ਗਏ। ੧੩।

***ਮੁਸਲਨ ਕੋ ਬਹੁ ਚਿੰਤਾ ਭਈ॥*** ਮੁਸਲਮਾਨਾਂ ਨੂੰ ਬੜਾ ਭਾਰੀ ਫਿਕਰ ਪੈ ਗਿਆ ਹੈ ਕਿ ਹੁਣ ਕੀ ਹੋਵੇਗਾ?

***ਪਤਿਸ਼ਾਹੀ ਹਮ ਤੇ ਅਬ ਗਈ॥*** ਸਮਝੋਂ ਕਿ ਹੁਣ ਪਾਤਸ਼ਾਹੀ ਸਾਡੇ ਕੋਲੋਂ ਚਲੀ ਗਈ ਹੈ।

***ਕਲਾ ਖਾਲਸੇ ਊਚੀ ਭਈ॥*** ਖਾਲਸੇ ਪੰਥ ਦੀ ਕਲਾ ਉੱਚੀ ਹੋ ਗਈ ਹੈ, ਇਸੇ ਕਰਕੇ ਖਾਲਸੇ ਪੰਥ ਵਿਚ ਖੁਸ਼ੀਆਂ ਵਾਪਰ ਗਈਆਂ ਹਨ।

***ਤੁਰਕਨ ਕਲਾ ਨੀਚੀ ਹੋ ਗਈ॥੧੪॥*** ਤੁਰਕਾਂ ਦੇ ਸਿਰ ਪਾਣੀ ਪੈ ਗਿਆ ਹੈ, ਉਹਨਾਂ ਦੀ ਕਲਾ ਨੀਵੀਂ ਹੋ ਗਈ ਹੈ। ੧੪।

***ਸਤ੍ਰਾਂ ਸਏ ਇਕਾਨਵੇ ਸਾਲ॥*** ਸਤਾਰਾਂ ਸੌ ਇਕਾਨਵੇਂ (੧੭੯੧) ਸੰਬਤ ਬਿਕ੍ਰਮੀ ਵਿਚ।

***ਮਾਰਯੋ ਹਕੀਕਤ ਖੁਸਯੋ ਨ ਬਾਲ॥*** ਹਕੀਕਤ ਰਾਏ ਨੂੰ ਮਾਰਿਆ ਸੀ, ਜਿਸ ਕਰਕੇ ਤੁਰਕਾਂ ਦਾ ਵਾਲ ਵੀ ਨਹੀਂ ਸੀ ਖੁਸਿਆ, ਕੁਝ ਨਹੀਂ ਸੀ ਵਿਗੜਿਆ ਤੁਰਕਾਂ ਦਾ।

***ਅਬ ਤਾਰੂ ਸਿੰਘ ਬਡ ਜਸ ਲੀਓ॥*** ਹੁਣ ਭਾਈ ਤਾਰੂ ਸਿੰਘ ਨੇ ਵੱਡਾ ਜੱਸ ਖੱਟਿਆ ਹੈ।

***ਮਾਰ ਜੂਤੀ ਨਵਾਬ ਮੁਹਰੈ ਕੀਓ॥੧੫॥*** ਜਿਸ ਨੇ ਜ਼ਾਲਮ ਖਾਨੂੰ ਨਵਾਬ ਦੇ ਸਿਰ ਵਿਚ ਜੁੱਤੀਆਂ ਮਾਰ-ਮਾਰ ਕੇ ਮੂਹਰੇ ਧਰ ਲਿਆ, ਚਲ ਦੁਸ਼ਟਾ ਚੱਲ ਤੈਨੂੰ ਨਰਕਾਂ ਵਿਚ ਸੁੱਟੀਏ। ੧੫।

***ਦੋਹਰਾ॥ ਰਹੀ ਖਾਲਸੇ ਪੰਥ ਕੀ ਗਈ ਤੁਰਕਨ ਕੀ ਲਾਜ॥*** ਖਾਲਸੇ ਪੰਥ ਦੀ ਲਾਜ ਰਹਿ ਆਈ ਹੈ ਸੰਸਾਰ 'ਤੇ, ਤੁਰਕਾਂ ਦੀ ਸ਼ਰਮ ਹਯਾ ਚਲੀ ਗਈ ਹੈ, ਤੁਰਕਾਂ ਨੂੰ ਬੇਸ਼ਰਮੀ ਝਲਣੀ ਪਈ ਹੈ, ਤੁਰਕਾਂ ਦੇ ਪੱਲੇ ਕੱਖ ਨਹੀ ਰਿਹਾ ਹੈ।

***ਤਾਰੂ ਸਿੰਘ ਸੁਬੇਗ ਸਿੰਘ ਕੀਨੋਂ ਸਿੱਖੀ ਕਾਜ॥੧੬॥*** ਭਾਈ ਤਾਰੂ ਸਿੰਘ ਨੇ ਖਾਨੂੰ ਨਾਲ ਮੋਰਚਾ ਲਾਇਆ ਹੈ, ਸੁਬੇਗ ਸਿੰਘ ਨੇ ਵਿਚੋਲਗੀ ਕੀਤੀ ਹੈ, ਦੋਹਾਂ ਸਿੰਘਾਂ ਨੇ ਖਾਲਸੇ ਪੰਥ ਦਾ ਕਾਰਜ਼ ਕੀਤਾ ਹੈ, ਖਾਲਸੇ ਦੀ ਸ਼ਾਨ ਉੱਚੀ ਕੀਤੀ ਹੈ, ਹੁਣ ਖਾਲਸੇ ਪੰਥ ਦੀ ਜੈ-ਜੈ ਕਾਰ ਹੋ ਗਈ ਹੈ, ਸਭ ਤੁਰਕਾਂ ਦੇ ਸਿਰ ਪਾਣੀ ਪੈ ਗਿਆ ਹੈ। ੧੬।

# ਸਾਖੀ ਭਾਈ ਤਾਰੂ ਸਿੰਘ ਜੀ

## (ਭਾਈ ਤਾਰੂ ਸਿੰਘ ਜੀ ਸ਼ਹੀਦ ਹੋਏ ਤੇ ਦਾਹ ਸੰਸਕਾਰ)

***ਦੋਹਰਾ॥ ਕੁਪੋਂ ਰੁੜ੍ਹਿਓ ਜਗ ਕਹੈ ਪਰੀ ਸ਼ਹਿਰ ਮੈਂ ਰੌਰ॥*** ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ, ਕਹਿੰਦੇ ਓ ਕੁੱਪਾ ਰੁੜ੍ਹਿਆ ਬਲਾ ਟਲੀ, ਦਫਾ ਹੋਇਆ, ਕਿਸੇ ਨਹੀ ਸੋਗ ਮਨਾਇਆ।

***ਸਿੰਘ ਅਚਾਨਕ ਆ ਕਹਯੋ ਤਾਰੂ ਸਿੰਘ ਜੀ ਕੌਰ॥੧॥*** ਇਕ ਸਿੰਘ ਨੇ ਅਚਾਨਕ ਹੀ ਆ ਕੇ ਆਖਿਆ, 'ਭਾਈ ਤਾਰੂ ਸਿੰਘ ਜੀ ! ਮੋਰਚਾ ਫਤੇ ਹੋ ਗਿਆ ਹੈ, ਤੁਹਾਡੀ ਜਿੱਤ ਹੋ ਗਈ ਹੈ। ਤੁਰਕ ਮਰ ਗਿਆ ਹੈ, ਦੁਸ਼ਟ ਉਹ ਤੁਰ ਗਿਆ, ਤੁਹਾਡੀ ਜੁੱਤੀ ਦੇ ਅੱਗੇ ਲੱਗ ਕੇ। ੧।

***ਚੌਪਈ॥ ਤਬ ਸਿੰਘ ਜੀ ਯੌ ਬਚਨ ਉਚਾਰਾ॥*** ਤਦ ਭਾਈ ਤਾਰੂ ਸਿੰਘ ਇਸ ਤਰ੍ਹਾਂ ਬਚਨ ਕੀਤਾ ਹੈ।

***ਲਯਾਵੋ ਲਕੜੀ ਚਿਖ ਕਰੋ ਤਿਆਰਾ॥*** ਹੁਣ ਲੱਕੜੀਆਂ ਲਿਆਓ, ਮੇਰਾ ਸਸਕਾਰ ਕਰਨ ਵਾਸਤੇ ਚਿਖਾ ਤਿਆਰ ਕਰੋ।

***ਸੁਨਤ ਸਿੰਘਨ ਬਿਧ ਸੋਈ ਕਰੀ॥*** ਭਾਈ ਤਾਰੂ ਸਿੰਘ ਤੋਂ ਇਹ ਬਚਨ ਸੁਣ ਕੇ ਸਿੰਘਾਂ ਨੇ ਉਸੇ ਪ੍ਰਕਾਰ ਕੀਤਾ ਹੈ।

***ਚਿਖਾ ਤਿਆਰ ਦੇਰ ਬਿਨ ਧਰੀ॥੨॥*** ਬਿਨਾਂ ਦੇਰੀ ਚਿਖਾ ਤਿਆਰ ਕਰ ਰੱਖੀ ਹੈ। ੨।

***ਤੌ ਸਿੰਘ ਜੀ ਬਹੁ ਕਾਹਲ ਧਰੀ॥*** ਤਾਂ ਭਾਈ ਤਾਰੂ ਸਿੰਘ ਜੀ ਨੇ ਬੜੀ (ਕਾਹਲੀ) ਜਲਦੀ ਕੀਤੀ ਹੈ।

***ਬਹੁ ਖੁਸ਼ੀਅਨ ਸੌਂ ਦੇਹੀ ਭਰੀ॥*** ਭਾਈ ਸਾਹਿਬ ਜੀ ਦਾ ਸਰੀਰ ਖ਼ੁਸ਼ੀਆਂ ਨਾਲ ਭਰ ਉਠਿਆ ਹੈ।

***ਸਤਿਗੁਰ ਪੈਜ ਖਾਲਸੇ ਰਾਖੀ॥*** ਮੇਰੇ ਸਤਿਗੁਰੂ ਨੇ ਸੱਚੇ ਪਾਤਸ਼ਾਹ ਨੇ ਖਾਲਸੇ ਪੰਥ ਦੀ ਪੱਤ ਰੱਖ ਲਈ ਹੈ।

***ਰਹੈ ਜਗਤ ਮੈਂ ਜੁਗ ਜੁਗ ਸਾਖੀ॥੩॥*** ਸੰਸਾਰ ਵਿਚ ਇਹ ਪ੍ਰਸੰਗ ਜੁਗੋ-ਜੁਗ ਅਟੱਲ ਰਹੇਗਾ, ਸਿੱਖ ਪੜ੍ਹਦੇ ਸੁਣਦੇ ਰਹਿਣਗੇ। ੩।

***ਹੁਤੋ ਅੰਮ੍ਰਿਤਸਰ ਜਲ ਜੁ ਮੰਗਾਯੋ॥*** ਭਾਈ ਤਾਰੂ ਸਿੰਘ ਦੇ ਆਖ਼ਰੀ ਇਸ਼ਨਾਨ ਵਾਸਤੇ ਸ੍ਰੀ ਅੰਮ੍ਰਿਤਸਰ ਤੋਂ ਅੰਮ੍ਰਿਤ ਜਲ ਮੰਗਵਾ ਕੇ ਰੱਖਿਆ ਸੀ।

***ਆਪ ਸਿੰਘ ਅਸ਼ਨਾਨ ਕਰਾਯੋ॥***ਭਾਈ ਤਾਰੂ ਸਿੰਘ ਜੀ ਨੇ ਖੋਪਰੀ ਉਤਰੀ ਤੋਂ ਆਪ ਆਪਣੇ ਹੱਥੀਂ ਇਸ਼ਨਾਨ ਕੀਤਾ ਹੈ।

***ਕੜਾਹ ਪ੍ਰਸ਼ਾਦਿ ਕਰਾਯੋ ਤਬ ਹੀ॥*** ਉਸ ਸਮੇਂ ਸਿੰਘਾਂ ਨੇ ਕੜਾਹ ਪ੍ਰਸ਼ਾਦ ਤਿਆਰ ਕਰਵਾਇਆ ਹੈ।

***ਸ਼ਬਦ ਪੜ੍ਹਾਯੋ ਜਪੁਜੀ ਸਭ ਹੀ॥੪॥*** ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਦਿਆਂ-ਕਰਦਿਆਂ ਸ੍ਰੀ ਜਪੁ ਜੀ ਸਾਹਿਬ ਜੀ ਦਾ ਪਾਠ ਪੜ੍ਹਾਇਆ ਹੈ। ੪।

***ਅਨੰਦ ਪੜ੍ਹਾਇ ਕਰੇ ਅਰਦਾਸ॥*** ਪੰਜ ਪਉੜੀਆਂ ਅਨੰਦ ਸਾਹਿਬ ਦੀਆਂ ਪੜ੍ਹਾ ਕੇ ਅਤੇ ਅਰਦਾਸ ਕਰਕੇ।

***ਸਿੰਘ ਸਬਹੂੰ ਠਾਂਢੇ ਤਿਸ ਪਾਸ॥*** ਸਮੂਹ ਸਿੰਘ ਉਸ ਦੇ ਕੋਲ ਹੀ ਖੜ੍ਹੇ ਸਨ ਅਰਦਾਸ ਵੇਲੇ।

***ਕਰ ਅਰਦਾਸ ਫਿਰ ਮਾਥ ਝੁਕਾਯੋ॥*** ਅਰਦਾਸ ਕਰਕੇ ਧਰਤੀ 'ਤੇ ਮੱਥਾ ਟੇਕਿਆ ਹੈ ਗੁਰੂ ਸਾਹਿਬ ਨੂੰ।

***ਗਏ ਗਰੜ ਜਯੋਂ ਸਾਸ ਉਡਾਯੋ॥੫॥*** ਗਰੜ ਪੰਛੀ ਦੇ ਵਾਂਗ ਭਾਈ ਤਾਰੂ ਸਿੰਘ ਦੇ ਪ੍ਰਾਣ-ਪੰਖੇਰੂ ਉਡਾਰੀ ਮਾਰ ਗਏ ਹਨ। ੫।

***ਪਹੁੰਚਯੋ ਜਾਇ ਸਚੀ ਦਰਗਾਹ॥*** ਖਾਨੂੰ ਦੁਸ਼ਟ ਨੂੰ ਖ਼ਤਮ ਕਰਕੇ ਆਪ (ਸੱਚੀ ਦਰਗਾਹ) ਸੱਚਖੰਡ ਜਾ ਪਹੁੰਚੇ ਹਨ।

***ਸੁਬੇਗ ਸਿੰਘ ਜੰਬਰ ਤੁਰਤਾਹ॥*** ਭਾਈ ਸੁਬੇਗ ਸਿੰਘ ਪਿੰਡ ਜੰਬਰਾਂ ਦੇ ਤੁਰਤ ਹੀ ਝਟਪਟ ਹੀ ਉੱਥੇ ਆ ਗਏ ਹਨ।

***ਦਯੋ ਚਿਖਾ ਧਰ ਅਗਨ ਲਗਾਈ॥*** ਭਾਈ ਤਾਰੂ ਸਿੰਘ ਦੇ ਮ੍ਰਿਤਕ ਸਰੀਰ ਨੂੰ ਚਿਖਾ 'ਤੇ ਰੱਖ ਅੱਗ ਲਗਾ ਦਿੱਤੀ ਹੈ।

***ਭੜਕ ਉਠੀ ਤਬ ਹੀ ਤੁਰਤਾਈ॥੬॥*** ਚੰਦਨ ਦੀਆਂ ਸੁੱਕੀਆਂ ਲੱਕੜਾਂ ਸਨ, ਉਸੇ ਵੇਲੇ ਅੱਗ ਭੜਕ ਉੱਠੀ ਹੈ, ਉੱਚੀਆਂ

ਉੱਚੀਆਂ ਲਾਟਾਂ ਉੱਠੀਆਂ ਹਨ। ੬।

***ਦੋਹਰਾ॥ ਠਾਰਾਂ ਸੈ ਦੁਇ ਸਾਲ ਪਰ ਬੀਤੇ ਬਿੱਕ੍ਰਮਰਾਇ॥*** ਅਠਾਰਾਂ ਸੌ ਤੋਂ ਦੋ ਸਾਲ (੧੮੦੨) ਉੱਪਰ ਬੀਤੇ ਸਨ, ਸੰਮਤ ਬਿਕ੍ਰਮੀ ਦੇ।

***ਤਾਰੂ ਸਿੰਘ ਤਬ ਲੈ ਤੁਰਯੋ ਜੁਤ ਜੁ ਤਿਹ ਸਿਰ ਲਾਇ॥੭॥*** ਉਸ (ਨਵਾਬ) ਦੇ ਸਿਰ 'ਜੁੱਤੀਆਂ ਮਾਰ-ਮਾਰ ਕੇ ਪ੍ਰਲੋਕ ਲੈ ਸਿਧਾਇਆ ਹੈ। ੭।

***ਚੌਪਈ॥ ਸ਼ਹੀਦ ਸਿੰਘ ਲੈਨ ਆਏ ਗੁਰ ਪਯਾਰੇ॥*** ਗੁਰੂ ਕੇ ਪਯਾਰੇ ਭਾਈ ਤਾਰੂ ਸਿੰਘ ਨੂੰ ਸ਼ਹੀਦ ਸਿੰਘ ਲੈਣ ਆਏ ਹਨ, ਦਰਗਾਹ ਤੋਂ।

***ਸ਼ਬਦ ਪੜ੍ਹੈਂ ਬਾਜੈਂ ਦੋ ਤਾਰੇ॥*** ਦੋਤਾਰਾਂ ਸਾਜ ਵਜਾ ਰਹੇ ਹਨ, ਸ਼ਬਦ ਕੀਰਤਨ ਕਰਦੇ ਹਨ।

***ਹਾਥ ਘੋੜੇ ਸੋ ਕੋਤਲ ਲਯਾਏ॥*** ਭਾਈ ਤਾਰੂ ਸਿੰਘ ਨੂੰ ਸੱਚਖੰਡ ਨੂੰ ਲਿਜਾਣ ਵਾਸਤੇ ਹਾਥੀ, ਘੋੜੇ (ਕੋਤਲ) ਉੱਡਣੇ ਘੋੜੇ ਲੈ ਆਏ ਹਨ, ਦਰਗਾਹ ਵਿੱਚੋਂ।

***ਤਾਰੂ ਸਿੰਘ ਬਿਬਾਨ ਬਿਠਾਏ॥੮॥*** ਭਾਈ ਤਾਰੂ ਸਿੰਘ ਜੀ ਨੂੰ ਬਿਬਾਨ ਵਿਚ ਬਿਠਾਇਆ ਹੈ, ਸਵਾਰ ਕੀਤਾ ਹੈ, ਇਉਂ ਸੱਚਖੰਡ ਨੂੰ ਪਯਾਨਾ ਕੀਤਾ ਹੈ, ਭਾਈ ਤਾਰੂ ਸਿੰਘ ਨੇ। ੮।

***ਨਿਵਾਬ ਲੈਨ ਕੋ ਸੋ ਜਮ ਆਏ॥*** ਖਾਨੂੰ ਨਵਾਬ ਨੂੰ ਲੈਣ ਵਾਸਤੇ ਧਰਮਰਾਇ ਦੇ ਜਮਦੂਤ ਆਇ ਹਨ

***ਹੱਥੀਂ ਜੂਤੇ ਸੂਲਨ ਜੜਾਏ॥*** ਜਿਨ੍ਹਾਂ (ਜੁੱਤੀਆਂ) ਵਿਚ ਸੂਲਾਂ (ਮੇਖਾਂ) ਗੱਡੀਆਂ ਹੋਈਆਂ ਹਨ, ਉਹ ਜੁੱਤੇ ਉਨ੍ਹਾਂ ਦੇ ਹੱਥਾਂ ਵਿਚ ਫੜੇ ਹੋਏ ਹਨ।

***ਨਵਾਬ ਉਨ੍ਹੈ ਫੜ ਦੋਜ਼ਖ ਪਾਯਾ॥*** ਖਾਨੂੰ ਨਵਾਬ ਨੂੰ ਜੁੱਤੀਆਂ ਮਾਰਦਿਆਂ-ਮਾਰਦਿਆਂ ਪੈਂਡਾ ਮੁਕਾ ਕੇ ਉਨ੍ਹਾਂ ਜਮਦੂਤਾਂ ਨੇ ਉਸਨੂੰ ਜਾ (ਦੋਜ਼ਖ) ਨਰਕਾਂ ਵਿਚ ਸੁੱਟਿਆ ਹੈ।

***ਸੌ ਜੁਤੀ ਨਿਤ ਹੁਕਮ ਫੁਰਮਾਯਾ॥੯॥*** ਧਰਮਰਾਇ ਨੇ ਹੁਕਮ ਕੀਤਾ ਹੈ ਕਿ ਇਸ ਨੂੰ ਨਰਕਾਂ ਵਿੱਚੋਂ ਕੱਢ ਕੇ, ਸੌ ਜੁੱਤੀ ਇਸ ਦੇ ਸਿਰ ਵਿਚ ਰੋਜ਼ ਲਾਓ। ਉਸ ਨੂੰ ਸਜ਼ਾ ਮੁਕਰਰ ਹੋ ਗਈ ਹੈ ਕਿ ਇਸ ਨੂੰ ਸੌ ਜੁੱਤੀ ਉਠਦੇ ਨੂੰ, ਬਹਿੰਦੇ ਨੂੰ ਰੋਜ਼ ਲਉਣੀ ਹੈ। ੯।

***ਤਾਰੂ ਸਿੰਘ ਕੋ ਕੁਰਸੀ ਬਹਾਯੋ॥*** ਸਤਿਗੁਰਾਂ ਦੀ ਦਰਗਾਹ ਵਿਚ ਭਾਈ ਤਾਰੂ ਸਿੰਘ ਨੂੰ ਕੁਰਸੀ 'ਤੇ ਬਿਠਾਇਆ ਹੈ।

***ਸ਼ਹੀਦਨ ਸਿਰ ਸ਼ਹੀਦ ਬਨਾਯੋ॥*** ਜੋ ਅੱਗੇ ਬੇਅੰਤ ਸ਼ਹੀਦ ਗਏ ਹਨ ਦਰਗਾਹ ਵਿਚ, ਉਨ੍ਹਾਂ ਸਾਰਿਆਂ ਸ਼ਹੀਦਾਂ ਦੇ ਉੱਤੇ ਸਿਰਮੌਰ ਕਰ ਦਿੱਤਾ ਹੈ, ਭਾਈ ਤਾਰੂ ਸਿੰਘ ਨੂੰ।

***ਗੁਰੂ ਗੋਬਿੰਦ ਸਿੰਘ ਸੁਤ ਜਹਿਂ ਚਾਰ॥*** ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਗਾਹ ਵਿਚ ਜਿਥੇ ਚਾਰੇ ਸਾਹਿਬਜ਼ਾਦੇ ਹਨ।

***ਭਯੋ ਤਾਰੂ ਸਿੰਘ ਡਿਉਢੀਦਾਰ॥੧੦॥*** ਦਰਗਾਹ ਦੀ ਡਿਉਢੀ ਵਿਚ ਭਾਈ ਤਾਰੂ ਸਿੰਘ ਨੂੰ ਡਿਉਢੀਦਾਰ ਬਣਾਇਆ ਹੈ। ਜੋ ਰਾਜਿਆਂ ਦੀਆਂ ਰਾਜਧਾਨੀਆਂ ਹੁੰਦੀਆਂ ਸਨ, ਉਸ ਦੇ ਵਿਚ ਇਕ ਅਫ਼ਸਰ ਡਿਉਢੀਦਾਰ ਹੁੰਦਾ ਸੀ, ਰਾਜੇ ਦੇ ਰਾਜ ਮਹੱਲਾਂ ਆਦਿਕ ਵਿਚ ਡਿਉਢੀਦਾਰ ਦਾ ਹੀ ਹੁਕਮ ਚਲਦਾ ਹੁੰਦਾ ਸੀ। ਇਸੇ ਤਰ੍ਹਾਂ ਦਰਗਾਹ ਵਿਚ ਡਿਉਢੀਦਾਰੀ ਦੀ ਅਫ਼ਸਰੀ ਮਿਲੀ, ਭਾਈ ਤਾਰੂ ਸਿੰਘ ਜੀ ਨੂੰ। ੧੦।

***ਮਨੀ ਸਿੰਘ ਥੇ ਸੱਜੇ ਪਾਸ॥*** ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਨੂੰ ਡਿਉਢੀ ਦੇ ਸੱਜੇ ਪਾਸੇ ਜਗ੍ਹਾ ਮਿਲੀ ਹੈ।

***ਤਾਰੂ ਸਿੰਘ ਕੀਓ ਖੱਬੇ ਵਾਸ॥*** ਡਿਉਢੀ ਦੇ ਖੱਬੇ ਪਾਸੇ ਵਾਲੇ ਕਮਰੇ ਵਿਚ ਭਾਈ ਤਾਰੂ ਸਿੰਘ ਦਾ ਨਿਵਾਸ ਕਰਾਇਆ ਹੈ।

***ਇਜੈ ਬਿਜੈ ਕੀ ਪਦਵੀ ਪਾਈ॥*** ਜਯ ਵਿਜਯ, ਵਿਸਨੂੰ ਜੀ ਦੇ ਸੇਵਕ ਤੇ ਦਵਾਰਪਾਲ। ਅਜੈ ਬਿਜੈ ਉਸ ਨੂੰ ਕਹਿੰਦੇ ਹਨ,

ਜਿਸ ਨੂੰ ਰਾਜਾ ਰਾਣਾ ਕੋਈ ਪਾਤਸ਼ਾਹ ਦੁਨੀਆਂ ਦਾ ਸਭ ਕੋਈ ਨਮਸ਼ਕਾਰ ਕਰੇ। ਦਰਗਾਹ ਵਿਚ ਅਜੈ ਬਿਜੈ ਦੀ ਪੱਦਵੀ ਮਿਲੀ ਹੈ, ਦੋਹਾਂ ਨੂੰ।

***ਸਭੈ ਸ਼ਹੀਦਨ ਮੁਹਰੇ ਥਾਈਂ॥੧੧॥*** ਸਭ ਸਹੀਦਾਂ ਤੋਂ ਮੁਹਰਲੀ ਜਗ੍ਹਾ ਇਹਨਾਂ ਨੂੰ ਪ੍ਰਾਪਤ ਹੋਈ ਹੈ। ੧੧।

***ਵਿਚ ਲਾਹੌਰ ਸਿੰਘ ਝੰਡਾ ਗਡਾਯਾ॥*** ਏਧਰ ਖਾਲਸੇ ਪੰਥ ਦੀ ਰਹੁ-ਰੀਤ ਹੈ ਜਿਥੇ ਕੋਈ ਸਿੰਘ ਸ਼ਹੀਦ ਹੁੰਦਾ ਹੈ, ਉਥੇ ਗੁਰਦੁਆਰਾ ਬਣਦਾ ਹੈ ਅਤੇ ਨਿਸ਼ਾਨ ਸਾਹਿਬ ਉਨ੍ਹਾਂ ਦੀ ਯਾਦ ਵਿਚ ਝੁਲਾਏ ਜਾਂਦੇ ਹਨ। ਲਹੌਰ ਵਿਚ ਭਾਈ ਤਾਰੂ ਸਿੰਘ ਦੀ ਯਾਦ ਵਿਚ ਗੁਰਦੁਆਰਾ 'ਸ਼ਹੀਦ ਗੰਜ' ਬਣਾਇਆ ਅਤੇ ਨਿਸ਼ਾਨ ਸਾਹਿਬ ਝੁਲਾਇਆ ਹੈ।

***ਸਭ ਲੋਕਨ ਕੋ ਪਰਚਾ ਦਿਖਾਯਾ॥*** ਜਿਵੇਂ ਖਾਨੂੰ ਨਵਾਬ ਨੂੰ ਸਾਰਾ ਇਮਤਿਹਾਨ ਦਿਖਾਇਆ ਹੈ, ਏਥੇ ਲਹੌਰ ਵਿਚ ਜੋ ਧਰਮਸ਼ਾਲਾ ਹੈ, ਓਥੇ ਲੋਕ ਭਾਈ ਤਾਰੂ ਸਿੰਘ ਜੀ ਦੇ ਚਰਨਾਂ ਵਿਚ ਆਉਂਦੇ ਹਨ। ਭਾਈ ਸਾਹਿਬ ਸਭ ਦੀਆਂ ਮਨੋ-ਕਾਮਨਾਂ ਪੂਰੀਆਂ ਕਰਦੇ ਹਨ।

***ਜੋ ਸੁਖ ਸੁੱਖੇ ਸੋ ਵਰ ਪਾਵੈ॥*** ਜੋ ਵੀ ਉਥੇ ਆ ਕੇ ਸੁੱਖਣਾ ਸੁਖਦਾ ਹੈ, ਸੋਈ ਵਰ ਪ੍ਰਾਪਤ ਕਰਦਾ ਹੈ। ਉਥੇ ਖਾਲਸਾ ਜੀ! ਕੜਾਹ ਪ੍ਰਸ਼ਾਦ ਦੀਆਂ ਦੇਗਾਂ ਆ ਕੇ ਵਰਤਦੀਆਂ ਰਹਿੰਦੀਆਂ ਸਨ। ਜਿਨ੍ਹਾਂ ਗੁਰ ਸਿੱਖਾਂ 'ਤੇ ਕੋਈ ਕੇਸ (ਮੁਕੱਦਮੇ) ਬਣਦੇ ਸਨ, ਉਹ ਉਥੇ ਭਾਈ ਤਾਰੂ ਸਿੰਘ ਦੀ ਧਰਮਸ਼ਾਲਾ ਸੁੱਖਣਾ, ਸੁਖਦੇ, ਮੈਂ ਆਪਣੇ ਮੁਕੱਦਮੇ ਵਿੱਚੋਂ ਜਿੱਤ ਜਾਵਾਂ, ਤਾਂ ਮੈਂ ਆ ਕੇ ਦੇਗਾਂ ਕਰਾਵਾਂ। ਮੁਕੱਦਮੇ ਤੋਂ ਜਿੱਤ ਪ੍ਰਾਪਤ ਹੋਣ ਤੋਂ ਬਾਅਦ ਆ ਕੇ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਕਰਵਾਉਂਦੇ ਸਨ।

***ਤਾਰੂ ਸਿੰਘ ਤੇ ਸਭ ਕਿਛ ਆਵੈ॥੧੨॥*** ਜੋ ਵੀ ਭਾਈ ਤਾਰੂ ਸਿੰਘ ਜੀ ਦੇ ਅਸਥਾਨ 'ਤੇ ਅਰਦਾਸ ਕਰਵਾਉਂਦਾ ਸੀ, ਓਥੋਂ ਸਭ ਕੁਛ ਪ੍ਰਾਪਤ ਹੁੰਦਾ ਸੀ। ੧੨।

***ਔਰ ਪੀਰਨ ਕੀ ਪੀਰੀ ਨ ਰਹੀ॥*** ਹੋਰ ਜਿਹੜੇ ਪੀਰ ਫਕੀਰ ਬਣੇ ਹੋਏ ਸਨ, ਸਭ ਦੀ ਪੀਰੀ ਖ਼ਤਮ, ਹੁਣ ਭਾਈ ਤਾਰੂ ਸਿੰਘ ਦੀ ਕਲਾ ਚਲ ਰਹੀ ਹੈ।

***ਸਿਰ ਪੀਰਨ ਕੇ ਪੀਰੀ ਭਈ॥*** ਭਾਈ ਤਾਰੂ ਸਿੰਘ ਜੀ ਸਾਰਿਆਂ ਪੀਰਾਂ ਦੇ ਸਿਰਮੌਰ ਪੀਰ ਬਣੇ, ਸਾਰਿਆਂ ਸਿੱਖਾਂ ਦੇ ਸਿਰਮੌਰ ਸਿੱਖ ਬਣੇ, ਸਭ ਦੀ ਕਲਾ ਨੀਵੀਂ ਹੋ ਗਈ ਹੈ, ਭਾਈ ਤਾਰੂ ਸਿੰਘ ਜੀ ਦੀ ਕਲਾ ਸਭ ਤੋਂ ਉੱਚੀ ਹੋ ਗਈ ਹੈ।

***ਦੂਧ ਪੂਤ ਜੋ ਅੰਨ ਧਨ ਚਾਹੈ॥*** ਜੋ ਵੀ ਦੁੱਧ, ਪੁੱਤਰ, ਅਨਾਜ ਅਤੇ ਮਾਇਆ ਆਦਿਕ ਚਾਹੁੰਦਾ ਹੈ।

***ਤਾਰੂ ਸਿੰਘ ਸੁੱਖ ਸਭ ਪਾਵੈ॥੧੩॥*** ਤਾਰੂ ਸਿੰਘ ਦੀ ਸੁੱਖਣਾਂ ਸੁੱਖੇ ਤੋਂ ਸਭ ਸੁਖ ਮਿਲਦਾ ਹੈ, ਜੋ ਮੰਗੇ ਸੋਈ ਮਿਲਦਾ ਹੈ। ੧੩।

***ਤਾਰੂ ਸਿੰਘ ਕੀ ਸਾਖੀ ਜੋ ਸੁਨੈ॥*** ਐਸੇ ਮਹਾਨ ਸ਼ਹੀਦ ਜੋ ਕਰਨੀ ਦੇ ਪੂਰੇ ਕਥਨੀ ਦੇ ਸੂਰੇ ਹੋਏ ਹਨ, ਭਾਈ ਤਾਰੂ ਸਿੰਘ ਜੀ ਦੇ ਇਤਿਹਾਸ ਨੂੰ ਪਾਵਨ ਪ੍ਰਸੰਗ ਨੂੰ ਜੋ ਵੀ ਗੁਰਮੁਖ ਸੁਣੇਗਾ।

***ਦੇਹਿ ਦੁੱਖ ਨਹਿਂ ਮਨ ਮੈਂ ਗੁਨੈਂ॥*** ਉਸ ਨੂੰ ਸਰੀਰਕ ਦੁਖ ਨਹੀਂ ਪ੍ਰਤੀਤ ਹੋਵੇਗਾ, ਉਸ ਦਾ ਸਰੀਰਕ ਦੁਖਾਂ ਤੋਂ ਛੁਟਕਾਰਾ ਹੋ ਜਾਇਗਾ ਜਿਹੜਾ ਇਸ ਸਾਖੀ ਨੂੰ ਸੁਣ ਲਵੇਗਾ।

***ਮਰਨ ਕਾਲ ਨਹਿਂ ਕਾਲ ਸੰਤਾਵੈ॥*** ਮਰਨ ਸਮੇਂ ਬੜਾ ਦੁਖ ਦਿੰਦੇ ਹਨ ਧਰਮ ਰਾਇ ਦੇ ਦੂਤ, ਉਹ ਬਹੁਤ ਬੁਰੀ ਹਾਲਤ ਕਰਦੇ ਹਨ, ਮਾਰਦੇ ਹਨ, ਜੋ ਸਭ ਦੇ ਸਿਰ 'ਤੇ ਆਉਣਾ ਮਰਨ ਦਾ ਸਮਾਂ, ਭਾਈ ਸਾਹਿਬ ਜੀ ਕਹਿੰਦੇ ਹਨ ਜੋ ਭਾਈ ਤਾਰੂ ਸਿੰਘ ਦਾ ਪ੍ਰਸੰਗ ਸੁਣੇਗਾ, ਉਸ ਮਰਨ ਸਮੇਂ ਦੁਖ ਨਹੀਂ ਲੱਗੇਗਾ ਜਮਦੂਤਾਂ ਦੋਂ ਛੁਟਕਾਰਾ ਹੋ ਜਾਇਗਾ, ਭਾਵੇ ਉਹ ਅਪਰਾਧੀ ਹੈ ਪਾਪੀ ਹੈ, ਸਜ਼ਾ ਮਿਲਣੀ ਹੈ ਪਰ ਨਹੀਂ, ਕਹਿੰਦੇ ਸਾਖੀ ਦਾ ਇਹ ਪ੍ਰਤਾਪ ਹੈ, ਜੋ ਐਸੇ ਮਹਾਨ ਸ਼ਹੀਦ ਦੀ ਸਾਖੀ ਸੁਣ ਲਏਗਾ, ਉਸ ਨੂੰ ਮੌਤ ਆਉਣ ਸਮੇਂ ਕਾਲ ਦੁਖੀ ਨਹੀਂ ਕਰੇਗਾ।

***ਜਮ ਕਿੰਕਰ ਤਿਸ ਨਾਂਹਿ ਅਕਾਵੈ॥੧੪॥*** ਜਮ ਦੇ ਜਿਹੜੇ (ਕਿੰਕਰ) ਦਾਸ ਜਮਦੂਤ ਉਸ ਨੂੰ ਨਹੀ ਅਕਾ ਸਕਣਗੇ, ਨਹੀਂ ਦੁਖ ਦੇ ਸਕਣਗੇ ਉਸ ਪ੍ਰਾਣੀ ਨੂੰ। ੧੪।

***ਸਾਸ ਜਾਂਹਿ ਤਿਸ ਸਿੱਖ ਸੁਖਾਲੇ॥*** ਜੋ ਗੁਰਮੁਖ ਗੁਰ ਸਿੱਖ ਭਾਈ ਤਾਰੂ ਸਿੰਘ ਜੀ ਦੀ ਸਾਖੀ ਸ੍ਰਵਣ ਕਰਦੇ ਨੇ, ਜਦੋਂ ਉਨ੍ਹਾਂ ਨੂੰ ਮੌਤ ਆਵੇਗੀ, ਤਾਂ ਉਨ੍ਹਾਂ ਦੇ ਸੁਖਾਲੇ ਹੀ ਸੁਾਸ ਨਿਕਲ ਜਾਣਗੇ, ਦੁਖ ਪਾ ਕੇ ਨਹੀਂ ਮਰਨਗੇ ਉਹ।

***ਸਿੱਖੀ ਨਿਬਹੈ ਕੇਸਨ ਨਾਲੇ॥*** ਅਤੇ ਜੋ ਗੁਰੂ ਕੇ ਲਾਲ ਅੰਮ੍ਰਿਤਧਾਰੀ ਸਿੰਘ ਹਨ, ਉਸ ਦੀ ਸਿੱਖੀ ਕੇਸਾਂ-ਸਵਾਸਾਂ ਨਾਲ ਨਿਭੇਗੀ, ਜਿਹੜਾ ਗੁਰ ਸਿੱਖ ਭਾਈ ਤਾਰੂ ਸਿੰਘ ਦੇ ਪ੍ਰਸੰਗ ਨੂੰ ਸ੍ਰਵਣ ਕਰੇਗਾ।

***ਲਿਖੀ ਰਤਨ ਸਿੰਘ ਜੈਸੇ ਸੁਨੀ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਮੈਂ ਉਸੇ ਤਰ੍ਹਾਂ ਸਾਖੀ ਲਿਖੀ ਤਾਰੂ ਸਿੰਘ ਦੀ, ਜਿਸ ਤਰ੍ਹਾਂ ਮੈਂ ਬਜ਼ੁਰਗਾਂ ਤੋਂ ਸੁਣੀ ਹੈ ਜਿਵੇਂ ਮੈਨੂੰ ਬਜ਼ੁਰਗਾਂ ਨੇ ਭਾਈ ਤਾਰੂ ਸਿੰਘ ਦੀ ਸਾਖੀ ਸੁਣਾਈ ਹੈ ਕਿ ਇਸ ਤਰ੍ਹਾਂ ਵਾਪਰੀ ਸੀ, ਮੈਂ ਜਿਉਂ ਕੀ ਤਿਉਂ ਉਸੇ ਤਰ੍ਹਾਂ ਲਿਖ ਦਿੱਤੀ ਹੈ।

***ਪੜ੍ਹੋ ਸਵਾਰ ਆਗੇ ਤੁਮ ਗੁਨੀ॥੧੫॥*** ਹੇ ਗੁਨੀ ਜਨੋਂ ਇਸ ਨੂੰ ਵਿਚਾਰ ਕੇ ਪੜ੍ਹੋ, ਜਿਥੇ ਕੋਈ ਪਦ ਅੱਖਰ ਵੱਧ ਘੱਟ ਹੈ, ਉਸ ਨੂੰ ਵਿਚਾਰ ਕੇ, ਉਸ ਨੂੰ ਪੂਰਾ ਸ਼ਬਦ ਬਣਾਕੇ ਸਵਾਰ ਕੇ ਪੜ੍ਹੋ। ੧੫।

***ਦੋਹਰਾ॥ ਠਾਰਾਂ ਸੈ ਦੋ ਊਪਰੈ ਸਾਲ ਜੁ ਬਿੱਕ੍ਰਮ ਰਾਇ॥*** ਉਸ ਵੇਲੇ ਬਿੱਕ੍ਰਮਾਜੀਤ ਰਾਜੇ ਦਾ ਜੋ ਸੰਮਤ ਬਿਕ੍ਰਮੀ ਹੈ, ਉਹ ਅਠਾਰ੍ਹਾਂ ਸੌ ਤੋਂ ਦੋ ਸਾਲ (੧੮੦੨) ਉਪਰ ਸੀ।

***ਖਾਨ ਬਹਾਦਰ ਮਾਰਿਓ ਤਾਰੂ ਸਿੰਘ ਘਿਸਟਾਇ॥੧੬॥*** ਭਾਈ ਤਾਰੂ ਸਿੰਘ ਨੇ ਖ਼ਾਨ ਬਹਾਦਰ ਨੂੰ ਘੜੀਸ-ਘੜੀਸ ਕੇ ਬੁਰੀ ਹਾਲਤ ਨਾਲ ਮਰਵਾਇਆ ਸ਼ਹੀਦਾਂ ਤੋਂ, ਕਿਵੇਂ ਘਸੀਟਿਆ ਉਸ ਨੂੰ? ਕਿਵੇਂ ਪਟਕਾ-ਪਟਕਾ ਕੇ ਧਰਤੀ 'ਤੇ ਮਾਰਿਆ, ਕਿਵੇਂ ਉਨ੍ਹਾਂ ਨੇ ਸਲੋਤਰਾਂ ਦੀ ਮਾਰ ਕੀਤੀ ਦੁਸ਼ਟ 'ਤੇ। ੧੬।

### *੧ੴ ਸ੍ਰੀ ਵਾਹਗੁਰੂ ਜੀ ਕੀ ਫਤੇ॥ ਸ੍ਰੀ ਅਕਾਲ ਸਹਾਇ॥*

# *ਸਾਖੀ ਜਸੂ ਬਧੇ ਕੀ ਲਿਖਜਤੇ॥*

# *ਸਾਖੀ ਜਸੂ ਬਧੇ ਕੀ ਚਲੀ*

### *(ਖਾਲਸੇ ਦੀਆਂ ਭਾਜੜਾਂ ਤੇ ਜਸਪਤ ਦਾ ਸਿੰਘਾਂ 'ਤੇ ਹੱਲਾ ਤੇ ਉਸ ਦਾ ਮਾਰਿਆ ਜਾਣਾ)*

***ਦੋਹਰਾ॥ ਖਾਨ ਬਹਾਦਰ ਜਬ ਮਰਯੋ ਰਹੇ ਪੁੱਤ੍ਰ ਉਸ ਦੋਇ॥*** ਖ਼ਾਨ ਬਹਾਦਰ ਜਦੋਂ ਮਰ ਗਿਆ, ਪਿੱਛੇ ਇਸ ਦੇ ਦੋ ਪੁੱਤ੍ਰ ਰਹਿ ਗਏ ਸਨ ਕਿਉਂਕਿ ਇਹਨਾਂ ਦਾ ਖ਼ਾਨਦਾਨ ਹੀ ਨਵਾਬ ਤੁਰਿਆ ਆਉਂਦਾ ਸੀ।

***ਲਹੌਰੈ ਔ ਮੁਲਤਾਨ ਕੇ ਸੂਬੇਦਾਰ ਭਏ ਸੋਇ॥ ੧॥*** ਲਹੌਰ ਅਤੇ ਮੁਲਤਾਨ ਦੇ ਉਹ ਦੋਵੇਂ ਸੂਬੇਦਾਰ ਹੋਏ ਹਨ। ੧।

***ਚੌਪਈ॥ ਅਹੀਯਾ ਖਾਂ ਔ ਸ਼ਾਹ ਨਿਵਾਜ਼॥*** ਅਹੀਯਾ ਖ਼ਾਨ ਅਤੇ ਸ਼ਾਹ ਨਿਵਾਸ ਇਹ ਦੋਵੇਂ ਪੁੱਤਰ ਸਨ, ਖ਼ਾਨ ਬਹਾਦਰ ਦੇ।

***ਦੋਨੋਂ ਮਿਲ ਕਰ ਕੀਨੋਂ ਰਾਜ॥*** ਇਨ੍ਹਾਂ ਦੋਵਾਂ ਨੇ ਆਪਸ ਵਿਚ ਰਲ ਕੇ ਰਾਜ ਕੀਤਾ, ਲਹੌਰ ਅਤੇ ਮੁਲਤਾਨ ਦੇ ਸੂਬੇ ਦਾ।

***ਸ਼ਾਹ ਨਿਵਾਜ ਫੜ ਅਹੀਯੋ ਲਯੋ॥*** ਸ਼ਾਹ ਨਿਵਾਜ਼ ਨੇ ਅਹੀਯਾ ਖ਼ਾਂ ਨੂੰ ਫੜ ਲਿਆ।

***ਲੂਟ ਕੂਟ ਬਾਹਰ ਕਰ ਦਯੋ॥੨॥*** ਸ਼ਾਹ ਨਿਵਾਜ਼ ਨੇ ਅਹੀਯਾ ਖ਼ਾਂ ਨੂੰ ਲੁੱਟ ਕੁੱਟ ਕੇ ਉਸ ਦੇ ਰਾਜ ਵਿੱਚੋਂ ਬਾਹਰ

ਕੱਢ ਦਿੱਤਾ। ੨।

***ਇਸ ਬਿਧਿ ਕਾਲ ਕਛੁਕ ਬਿਤਾਯੋ॥*** ਇਸ ਤਰ੍ਹਾਂ ਕੁਛ ਕੁ ਸਮਾਂ ਬਿਤਾਇਆ ਹੈ।

***ਸ਼ਾਹ ਨਿਵਾਜ਼ ਨਵਾਬ ਕਹਾਯੋ॥*** ਸ਼ਾਹ ਨਿਵਾਜ਼ ਨੇ ਨਵਾਬ ਕਹਾਇਆ ਹੈ, ਆਪਣੇ ਆਪ ਨੂੰ।

***ਸੋ ਭੀ ਲਾਗਯੋ ਸਿੰਘਨ ਮਾਰਨ॥*** ਉਹ ਵੀ ਦੁਸ਼ਟ ਸਿੰਘਾਂ ਨੂੰ ਮਾਰਨ ਲੱਗ ਪਿਆ ਹੈ।

***ਐਸੋ ਭਯੋ ਸਮੇਂ ਕੋ ਕਾਰਨ॥੩॥*** ਸਮੇ ਅਨੁਸਾਰ ਐਸਾ ਕਾਰਨ ਬਣਿਆ ਹੈ। ੩।

***ਲਖਤਪਿ ਜਸਪਤਿ ਭਏ ਦਿਵਾਨ॥*** ਲਖਪਤਿ ਰਾਏ ਤੇ ਜਸਪਤਿ ਰਾਇ ਇਸ ਦੇ ਦਿਵਾਨ ਹੋਏ, ਸ਼ਾਹ ਨਿੰਵਾਜ਼ ਦੇ ਵਜ਼ੀਰ ਹੋਏ ਹਨ।

***ਕਲਾਨੌਰ ਕੇ ਖਤ੍ਰੀ ਜਾਨ॥*** ਇਹ ਦੋਵੇਂ ਭਰਾ ਕਲਾਨੌਰ ਦੇ ਸਨ, ਜਾਣੋਂ।

***ਤੇ ਭੀ ਸਿੰਘਨ ਮਾਰਨ ਡਹੇ॥*** ਇਨ੍ਹਾਂ ਨੇ ਵੀ ਸਿੰਘਾਂ ਨੂੰ ਮਾਰਨਾਂ ਸ਼ੁਰੂ ਕਰ ਦਿੱਤਾ ਹੈ।

***ਉਨ ਸਿਉਂ ਖਾਲਸੋ ਲਰ ਮਰ ਖਹੇ॥੪॥*** ਖਾਲਸਾ ਪੰਥ ਤਾਂ ਬਣਾਇਆ ਹੀ ਯੁੱਧ ਵਾਸਤੇ ਸੀ, ਉਹਨਾਂ ਨਾਲ ਖਾਲਸਾ ਪੰਥ ਵੀ ਲੜਦਾ ਭਿੜਦਾ ਰਹਿੰਦਾ ਸੀ। ੪।

***ਸਿੰਘ ਭੀ ਰਖੈਂ ਪਤਿਸ਼ਾਹੀ ਦਾਵਾ॥*** ਖਾਲਸੇ ਵੀ ਆਪਣਾ ਪਾਤਸ਼ਾਹੀ ਦਾਅਵਾ ਰਖਦੇ ਹਨ।

***ਮਾਰੈਂ ਤੁਰਕਨ ਕਰਕੇ ਧਾਵਾ॥*** ਸਿੰਘ ਵੀ ਲਿਹਾਜ ਨਹੀਂ ਕਰਦੇ, ਦੂਰੋਂ ਧਾਵਾ ਬੋਲ ਕੇ ਤੁਰਕਾਂ ਨੂੰ ਮਾਰ ਕੇ ਲੁੱਟ ਕੇ ਲੈ ਜਾਂਦੇ।

***ਜਹਿਂ ਸਿੰਘਨ ਕੋ ਸੁਨੈ ਸੁ ਡੇਰਾ॥*** ਜਿਥੇ ਸਿੰਘਾਂ ਦਾ ਡੇਰਾ ਪਾਇਆ ਹੋਇਆ ਸੁਣਦੇ ਹਨ।

***ਤੁਰਕ ਫੌਜ ਜਾ ਪਾਵੈ ਘੇਰਾ॥੫॥*** ਤੁਰਕ ਫ਼ੌਜਾਂ ਜਾ ਘੇਰਾ ਪਉਂਦੀਆਂ ਹਨ ਸਿੰਘਾਂ ਨੂੰ, ਸਿੰਘਾਂ ਨੂੰ ਰਾਤ ਨਾ ਦਿਨ ਕਿਤੇ ਟਿਕਣਾ ਨਹੀਂ ਸੀ ਮਿਲਦਾ ਐਸਾ ਸਮੇਂ ਦਾ ਗੇੜ ਸੀ। ੫।

***ਦੋਹਰਾ॥ ਲਰੈਂ ਮਰੈਂ ਸਿੰਘ ਨਠ ਤੁਰੈਂ, ਤੁਰ ਨਠ ਫਿਰ ਮੁੜ ਪਾਹਿਂ॥*** ਸਿੰਘਾਂ ਦਾ ਕੰਮ ਸੀ ਲੜਦੇ ਭਿੜਦੇ ਸ਼ਹੀਦ ਹੁੰਦੇ ਅਤੇ ਜਦੋਂ ਵੇਖਦੇ ਬਹੁਤੀ ਫ਼ੌਜ ਆ ਗਈ ਹੈ ਸਿੰਘ ਛੱਡ ਕੇ ਜੰਗਲਾਂ ਨੂੰ ਹੋ ਜਾਂਦੇ, ਜਦੋਂ ਵੇਖਦੇ ਤੁਰਕ ਫ਼ੌਜ ਪਿਛਾਂਹ ਮੁੜ ਗਈ, ਉਦੋਂ ਹੀ ਫਿਰ ਮੁੜ ਪੈਂਦੇ, ਇਸ ਤਰ੍ਹਾਂ ਰੋਜ ਦਾ ਲੜਾਈ ਦਾ ਕੰਮ ਸੀ, ਇਹ ਥੋੜ੍ਹਾ ਕਿ ਲੁਕ ਜਾਓ ਹੁਣ! ਸਿੰਘਾਂ ਨੂੰ ਪਤਾ ਸੀ ਅਸੀਂ ਪਾਤਸ਼ਾਹੀ ਲੈਣੀ ਹੈ, ਇਹ ਜਿਹੜੇ ਪਹਿਲਾਂ ਰਾਜ ਕਰਦੇ ਹਨ, ਇਹਨਾਂ ਨੂੰ ਮਾਰ ਕੇ ਹੀ ਲੈਣੀ ਹੈ। ਇਸ ਕਰਕੇ ਖਾਲਸਾ ਵੀ ਖਹਿੜਾ ਨਹੀਂ ਸੀ ਛੱਡਦਾ ਤੁਰਕਾਂ ਦਾ।

***ਮਾਰ ਭਜੈਂ ਸਿੰਘ ਜਹਿਂ ਛਿਪੈਂ ਗੈਲੇ ਤੁਰਤ ਅਕਾਹਿਂ॥੬॥*** ਤੁਰਕਾਂ ਨੂੰ ਮਾਰ ਕੇ ਭੱਜ ਕੇ ਸਿੰਘ ਜਿੱਥੇ ਜਾ ਕੇ ਛਿਪਦੇ ਹਨ, ਤੁਰਕ ਵੀ ਤੁਰਤ ਹੀ ਸਿੰਘਾਂ ਦੇ ਪਿੱਛੇ ਜਾ ਪਹੁੰਚਦੇ ਹਨ ਅਤੇ ਸਿੰਘਾਂ ਨੂੰ ਬੜਾ ਦੁਖੀ ਕਰਦੇ ਹਨ। ੬।

***ਚੌਪਈ॥ ਅੱਕ ਪੱਕ ਸਿੰਘ ਦਿਨ ਸੁ ਗੁਜਾਰੈਂ॥*** (ਅੱਕ ਪੱਕ) ਦੁਖ-ਸੁਖ ਵਿੱਚ ਸਿੰਘ ਆਪਣਾ ਗੁਜਾਰਾਂ ਕਰਦੇ ਸਨ।

***ਊਹਾਂ ਤੇ ਫਿਰ ਅਗੇ ਸਿਧਾਰੈਂ॥*** ਲੁਟ-ਪੁੱਟ ਕੇ ਜ਼ਾਲਮਾਂ ਨੂੰ ਸਿੰਘ, ਫਿਰ ਓਥੋਂ ਅੱਗੇ ਚਲੇ ਜਾਂਦੇ ਹਨ।

***ਕਰਨ ਪਤਿਸ਼ਾਹੀ ਆਸਾ ਧਾਰੈਂ॥*** ਸਿੰਘਾਂ ਨੇ ਪਾਤਸ਼ਾਹੀ ਕਰਨ ਦੀ ਆਸਾ ਧਾਰੀ ਹੋਈ, ਪਾਤਸ਼ਾਹੀ ਕਰਨ ਦਾ ਸਿੰਘਾਂ ਦਾ ਦਾਹਵਾ ਹੈ।

***ਪਾਵੈਂ ਦੁਖ ਸੋ ਸੁੱਖ ਬਿਚਾਰੈਂ॥੭॥*** ਲੜਾਈ ਫਸਾਦ ਵਿੱਚੋਂ ਸੁਖ ਤਾਂ ਨਿਕਲਦਾ ਨਹੀਂ ਹੈ, ਸਿੰਘ ਭਾਵੇਂ ਦੁੱਖ ਹੀ ਪਾਉਂਦੇ ਹਨ ਪਰ ਫਿਰ ਵੀ ਸੁਖ ਕਰਕੇ ਮੰਨਦੇ ਹਨ ਦੁਖ ਨੂੰ। ੭।

***ਬਚਨ ਗੁਰੂ ਹਮ ਸਾਚ ਭੀ ਹੋਹੈਂ॥*** ਸਾਡੇ ਸੱਚੇ ਗੁਰੂ ਦੇ ਬਚਨ ਕੀਤੇ ਹੋਏ ਜਰੂਰ ਸੱਚੇ ਹੋਣਗੇ।

***ਹੰਨ ਹੰਨੇ ਹਮ ਸ਼ਾਹੀ ਕਰੋਹੈਂ॥*** ਅਸੀਂ ਵੀ (ਹੰਨੇ-ਹੰਨੇ) ਘੋੜੇ ਦੀ ਕਾਠੀ-ਕਾਠੀ ਪਾਤਸ਼ਾਹੀ ਕਰਾਂਗੇ, ਭਾਵ ਹਰੇਕ ਘੋੜ ਸਵਾਰ

ਰਾਜ ਭੋਗੇਗਾ।

***ਕੋਊ ਸਿੰਘ ਕਾਨਨ ਮੈਂ ਬਹੈਂ॥*** ਕਈ ਸਿੰਘਾਂ ਨੇ (ਕਾਨਨ) ਜੰਗਲਾਂ ਵਿਚ ਆਪਣਾ ਡੇਰਾ ਪਾਇਆ ਹੋਇਆ ਹੈ, ਉਥੇ ਦੁਸ਼ਮਣ ਤੋਂ ਲੁੱਕ ਕੇ ਬੈਠੇ ਹਨ।

***ਸ਼ੇਰ ਬਘਯਾੜ ਖੱਡਨ ਮੈਂ ਰਹੈਂ॥੮॥*** ਕਈ ਸਿੰਘ ਸ਼ੇਰਾਂ, ਬਘਿਆੜਾਂ ਦੀਆਂ ਖੱਡਾਂ ਵਿਚ ਰਹਿੰਦੇਂ ਹਨ, ਲੁਕ ਛਿਪ ਕੇ। ੮।

***ਕੋਊ ਦਰਯਾਉ ਬਰੇਤੀ ਰਹੈਂ॥*** ਦਰਿਆਵਾਂ ਦੇ ਦੋਹੀਂ ਪਾਸੀਂ ਝੱਲ ਹੁੰਦੇ ਹਨ, ਦਰਿਆ ਦੇ ਵਿਚਕਾਰ ਬਰੇਤੀ ਦੇ ਦੋਹੀਂ ਪਾਸੀਂ ਪਾਣੀ ਹੁੰਦਾ ਸੀ, ਕਈ ਸਿੰਘ ਉਸ ਬਰੇਤੀ 'ਤੇ ਰਹਿ ਕੇ ਗੁਜ਼ਾਰਾ ਕਰਦੇ ਸਨ।

***ਤੁਰਕ ਜਾਹਿ ਤਾਂਹੀ ਥਾਂ ਲਹੈਂ॥*** ਤੁਰਕ ਭਾਲਦੇ-ਭਾਲਦੇ ਜਾਂ ਉੱਥੇ ਲੱਭਦੇ ਹਨ ਕਿ ਔਹ ਸਿੰਘ ਬਰੇਤੀ 'ਤੇ ਡੇਰਾ ਲਾਈ ਬੈਠੇ ਹਨ।

***ਦੂਹੂੰ ਓਰ ਜਾਹਿੰ ਹੋਵੈ ਨੀਰ॥*** ਦੋਵੇਂ ਪਾਸੀਂ ਜਿਥੇ ਦਰਿਆ ਦਾ ਪਾਣੀ ਵਗਦਾ ਹੋਵੇ।

***ਲੁਕੇ ਬਚਾਵੈਂ ਅਪਨ ਸਰੀਰ॥੯॥*** ਖਾਲਸਾ ਸਮੇਂ ਨੂੰ ਬਿਚਾਰਦਾ ਸੀ, ਆਪਣੇ ਸਰੀਰ ਨੂੰ ਬਚਾਉਣ ਵਾਸਤੇ ਕਿ ਝੱਲ ਵਿਚ ਰਹਿਣ ਨਹੀਂ ਦੇਣਾ ਤੁਰਕਾਂ ਨੇ, ਪਿੱਛਾ ਕਰਦੇ ਹਨ, ਤਾਂ ਉਹ ਦਰਿਆ ਦੇ ਵਿਚ ਜਿਥੇ ਬਰੇਤੀ ਹੈ, ਜਿਥੇ ਕੋਈ ਦਰਿਆ ਨੇ ਛੱਡੀ ਹੋਵੇ ਜਗ੍ਹਾ, ਉਥੇ ਲੁਕ ਕੇ ਆਪਣੇ ਸਰੀਰ ਨੂੰ ਬਚਾਉਂਦੇ ਸਨ। ੯।

***ਤੁਰਕ ਫੌਜ ਸੌਂ ਚਹੂੰ ਵਲ ਰੂਕੈਂ॥*** ਤੁਰਕਾਂ ਦੀ ਫ਼ੌਜ ਮਗਰ ਪਤਾ ਕਰਕੇ ਭੇਤ ਕੱਢ ਕੇ, ਕਿਉਂਕਿ ਮਗਰ ਸੂਹੀਏ ਛੱਡੇ ਹੋਏ ਸਨ, ਉਹ ਲੱਭਦੇ ਫਿਰਦੇ ਰਹਿੰਦੇ ਸਨ, ਕਿਥੇ ਸਿੰਘ ਲੁਕੇ ਹੋਏ ਹਨ, ਜਿਥੇ ਬਰੇਤੀ ਦੇ ਵਿਚ ਡੇਰਾ ਪਾਇਆ ਹੋਇਆ, ਉੱਥੇ ਚਾਰ-ਚੁਫੇਰਿਓਂ ਘੇਰਾ ਪਾ ਲੈਂਦੇ ਸਨ।

***ਮਾਰ ਬੰਦੂਕਨ ਤਬ ਤਿਨ ਫੂਕੈਂ॥*** ਬੰਦੂਕਾਂ ਦੇ ਫਾਇਰ ਕਰ-ਕਰ ਕੇ ਸਿੰਘਾਂ ਦੇ ਨੁਕਸਾਨ ਕਰਦੇ ਹਨ।

***ਸਿੰਘ ਨੀਰ ਮੈਂ ਡੁਬ ਡੁਬ ਤਰੈਂ॥*** ਜਦੋਂ ਸਿੰਘ ਉਥੇ ਹਿਲਦੇ ਹਨ ਅੱਗੇ ਪਾਣੀ ਹੈ, ਦੋਹੀਂ ਪਾਸੀਂ ਵਗਦਾ ਹੈ, ਵਿਚਾਲੇ ਬਰੇਤੀ ਛੱਡੀ ਹੋਈ ਹੈ , ਸਿੰਘ ਜਦੋਂ ਪਾਣੀ ਵਿਚ ਵੜਦੇ ਹਨ, ਪਾਣੀ ਡੂੰਘਾ ਹੈ, ਕਈ ਸਿੰਘ ਉਥੇ ਡੁੱਬ ਕੇ ਚੜ੍ਹਾਈ ਕਰ ਜਾਂਦੇ ਹਨ।

***ਤੁਰਕ ਬੰਦੂਕਨ ਢੂੰਡਨ ਕਰੈਂ॥੧੦॥*** ਤੁਰਕ ਚਾਰ-ਚੁਫੇਰੇ ਬੈਠੇ ਹਨ ਖੁਸ਼ਕ ਥਾਂ 'ਤੇ ਉਹ ਸਿੰਘਾਂ ਨੂੰ ਨਿਸ਼ਾਨਾ ਬਣਾਉਂਦੇ ਹਨ, ਉੱਥੇ ਸਿੰਘਾਂ ਨੂੰ ਬੰਦੂਕਾਂ ਨਾਲ ਫੁੰਡਦੇ ਹਨ। ੧੦।

***ਦੋਹਰਾ॥ ਘਰ ਤੇ ਕਢੇ ਸੁ ਬਣ ਲੁਕੈਂ, ਬਨ ਤਜ ਨੀਰ ਲੁਕਾਇੰ॥*** ਘਰਾਂ ਵਿਚ ਖਾਲਸੇ ਨੂੰ ਰਹਿਣ ਨਹੀਂ ਦਿੰਦੇ, ਘਰਾਂ ਵਿੱਚੋਂ ਕੱਢਿਆ ਤਾਂ ਬਨ ਵਿਚ ਜਾ ਲੁਕਦੇ ਹਨ, ਜਦੋਂ ਤੁਰਕ ਸਿੰਘਾਂ ਨੂੰ ਜੰਗਲਾਂ ਵਿਚ ਵੀ ਨਹੀਂ ਲੁਕਣ ਦਿੰਦੇ, ਜੰਗਲ ਵਿੱਚੋਂ ਨਿਕਲ ਕੇ ਪਾਣੀ ਦੀ ਬਰੇਤੀ ਵਿਚ ਜਾ ਲੁਕਦੇ ਹਨ।

***ਜਲ ਮਹਿੰ ਲੁਕੈਂ ਤੌ ਨਹਿੰ ਬਚੈਂ ਕਹੌ ਸਿੰਘ ਕਤ ਜਾਹਿੰ॥੧੧॥*** ਦੱਸੋ ਪਾਣੀ ਵਿਚ ਕਿਵੇਂ ਲੁਕਿਆ ਜਾਂਦਾ ਹੈ? ਪਾਣੀ ਵਿਚ ਲੁਕਦੇ ਹਨ ਤਾਂ ਬਚਿਆ ਨਹੀਂ ਜਾ ਸਕਦਾ, ਡੁੱਬ ਜਾਂਦੇ ਹਨ, ਦੱਸੋ ਸਿੰਘ ਕਿਥੇ ਜਾਣ? ਕੋਈ ਜਗ੍ਹਾ ਨਹੀਂ ਰਹਿ ਗਈ ਸਿੰਘਾਂ ਦੇ ਲੁਕ ਛਿਪ ਕੇ ਗੁਜ਼ਾਰਾ ਕਰਨ ਨੂੰ। ੧੧।

***ਚੌਪਈ॥ ਪਰੇ ਨਿਸਾ ਛੁਟੈ ਸਿੰਘਨ ਪਯਾਲ॥*** ਸਾਰਾ ਦਿਨ ਤਾਂ ਇਹ ਹਾਲਤ ਹੁੰਦੀ ਰਹਿੰਦੀ ਹੈ, ਲੜਦਿਆਂ ਭਿੜਦਿਆਂ ਦਿਨ ਲੰਘ ਜਾਂਦਾ ਹੈ, ਜਦੋਂ ਰਾਤ ਪੈ ਜਾਂਦੀ ਹੈ ਤਾਂ ਫਿਰ ਖਿਆਲ ਛੁੱਟਦਾ ਹੈ ਸਿੰਘਾਂ ਦਾ, ਰਾਤ ਨੂੰ ਦਿਸਦਾ ਨਹੀਂ ਹੈ, ਤੁਰਕਾਂ ਦੀ ਫ਼ੌਜ ਪਿੱਛੇ ਹਟ ਜਾਂਦੀ ਹੈ, ਸਿੰਘਾਂ ਨੂੰ ਫਿਰ ਵਿਹਲ ਮਿਲ ਜਾਂਦਾ ਹੈ।

***ਤੁਰਕ ਰਲੈਂ ਮੁੜ ਡੇਰਨ ਨਾਲ॥*** ਤੁਰਕਾਂ ਨੇ ਜਿਥੇ ਡੇਰੇ ਪਾਏ ਹੁੰਦੇ ਹਨ, ਖੁਸ਼ਕ ਥਾਂ 'ਤੇ ਝੱਲ ਤੋਂ ਬਾਹਰ, ਫਿਰ ਆਪਣਿਆਂ ਡੇਰਿਆਂ ਵਿਚ ਜਾ ਵੜਦੇ ਹਨ।

***ਮੁਏ ਸਿੰਘ ਜੋ ਦੇਹਿੰ ਬਹਾਇ॥*** ਜਿਹੜੇ ਸਿੰਘ ਸ਼ਹੀਦ ਹੋ ਜਾਂਦੇ ਹਨ, ਉਨ੍ਹਾਂ ਨੂੰ ਦਰਿਆ ਦੀ ਭੇਟਾ ਕਰ ਦਿੱਤਾ ਜਾਂਦਾ ਹੈ।

***ਜੋ ਜ਼ਖਮੀ ਤੇ ਲਏ ਉਠਾਇ॥੧੨॥*** ਫੱਟੜ ਸਿੰਘਾਂ ਨੂੰ ਉਠਾ ਕੇ ਤੁਰ ਪੈਂਦੇ ਹਨ ਸਿੰਘ, ਕਿਸੇ ਜਗ੍ਹਾ ਲੁਕ ਛਿਪ ਕੇ ਉਨ੍ਹਾਂ ਦਾ ਇਲਾਜ਼ ਕਰਵਾਉਂਦੇ ਹਨ। ੧੨।

***ਦਿਸੈ ਨ ਜਾਗ੍ਹਾ ਜਾਵੈਂ ਜਾਹੀਂ॥*** ਕੋਈ ਐਸੀ ਜਗ੍ਹਾ ਨਹੀਂ ਦਿਸਦੀ ਜਿਥੇ ਸਿੰਘ ਚਲੇ ਜਾਣ, ਜਿਥੇ ਉਹ ਇਲਾਜ਼ ਕਰਾ ਸਕਣ, ਜਿਥੇ ਫੱਟ ਬਨ੍ਹਾਂ ਸਕਣ ਕੋਈ ਹਸਪਤਾਲ ਨਹੀਂ ਹੈ ਸਿੰਘਾਂ ਵਾਸਤੇ, ਕੋਈ ਜ਼ਰਾਹ ਲੋਕ ਨਹੀਂ ਹਨ ਜ਼ਖ਼ਮ ਸਿਉਣ ਵਾਲੇ, ਦਵਾਈ ਬੂਟੀ ਦਾ ਕੋਈ ਇੰਤਜ਼ਾਮ ਨਹੀਂ ਹੈ, ਏਸ ਕਰਕੇ ਕੋਈ ਐਸੀ ਜਗ੍ਹਾ ਨਹੀਂ ਹੈ, ਜਿਥੇ ਸਿੰਘ ਗੁਜ਼ਾਰਾ ਕਰ ਸਕਣ।

***ਐਸੀ ਠੌਰ ਨ ਜਹਾਂ ਬਚਾਹੀਂ॥*** ਐਸੀ ਕੋਈ ਥਾਂ ਨਹੀਂ ਹੈ ਜਿਥੇ ਸਿੰਘਾਂ ਦਾ ਬਚਾਉ ਹੋ ਸਕੇ, ਐਸੀ ਭੀੜ ਬਣੀ ਹੈ ਸਿੰਘਾਂ ਨੂੰ ਆ ਕੇ।

***ਕੋਈ ਕਹੈ, 'ਖਿੰਡ ਇਕ ਇਕ ਹੋਵੇ'॥*** ਹੁਣ ਗੁਰਮਤੇ ਸੋਧਦੇ ਹਨ ਸਿੰਘ, ਦੀਵਾਨ ਲਗਾਉਂਦੇ ਹਨ ਰਾਤ ਨੂੰ ਜਦੋਂ ਇਕੱਤਰ ਹੁੰਦੇ ਹਨ, ਉਦੋਂ ਕਈ ਸਿੰਘ ਰਾਇ ਦਿੰਦੇ ਹਨ ਕਿ ਖਾਲਸਾ ਜੀ! ਆਪਾਂ ਹੁਣ ਖਿੰਡ ਜਾਓ ਤੇ ਇਕੱਲੇ-ਇਕੱਲੇ ਹੋ ਜਾਈਏ, ਭੇਸ ਵਟਾ ਕੇ ਇਕੱਲੇ-ਇਕੱਲੇ ਹੋ ਕੇ ਲੁਕ ਜਾਈਏ।

***ਕੋਊ ਕਹੈ, 'ਖਿੰਡ ਮਤਿ ਪਤਿ ਖੋਵੋ'॥੧੩॥*** ਕਈ ਸਿੰਘ ਕਹਿੰਦੇ ਹੁਣ ਆਪਾਂ ਇਕੱਠੇ ਹਾਂ ਤੁਰਕਾਂ ਦਾ ਟਾਕਰਾ ਕਰ ਲੈਂਦੇ ਹਾਂ। ਜੇ ਆਪਾਂ ਇਕੱਲੇ-ਇਕੱਲੇ ਹੋਵਾਂਗੇ ਤਾਂ ਕੀ ਕਰਾਂਗੇ? ਐਵੇਂ ਆਪਣੀ ਇਜ਼ਤ ਖਰਾਬ ਹੋਵੇਗੀ। ਇਕੱਲੇ-ਇਕੱਲੇ ਨੂੰ ਫੜ ਲੈਣਗੇ ਤੁਰਕ ਫ਼ੌਜੀ ਤੇ ਸਾਡੀ ਜਥੇਬੰਦੀ ਖ਼ਤਮ ਹੋ ਜਾਇਗੀ। ੧੩।

***ਲਰੋ ਮਰੋ ਇਨ ਤੁਰਕਨ ਨਾਲ॥*** ਖਾਲਸਾ ਜੀ ! ਇਕੱਲੇ-ਇਕੱਲੇ ਹੋਣ ਦੀ ਕੋਈ ਲੋੜ ਨਹੀਂ ਹੈ, ਹੁਣ ਤਾਂ ਇਹਨਾਂ ਤੁਰਕਾਂ ਦੇ ਨਾਲ ਲੜੋ ਜਾਂ ਮਰੋ ਇਹੀ ਠੀਕ ਹੈ ਕੰਮ, ਰੋਜ਼ ਭਾਵੇਂ ਜੁੱਧ ਹੋਣ ਦਿਉ, ਜਿਵੇਂ ਹੁੰਦੇ ਹਨ।

***ਔਰ ਬਾਤ ਕੋਊ ਬਨੈ ਨ ਹਾਲ॥*** ਹੋਰ ਕਿਸੇ ਗੱਲ ਨਾਲ ਤਾਂ ਹਾਲ ਠੀਕ ਨਹੀਂ ਬਣ ਆਉਂਦਾ। ਹੋਰ ਕੋਈ ਤਰੀਕਾ ਫਿੱਟ ਨਹੀਂ ਆਉਂਦਾ, ਇਹੋ ਹੀ ਠੀਕ ਹੈ, ਰੋਜ਼ ਦੀ ਲੜਾਈ ਚੰਗੀ ਹੈ।

***ਇਕ ਕਹੈ 'ਹਮ ਜਾਵੈਂ ਤਹੀਂ'॥*** ਕਈ ਸਿੰਘ ਕਹਿੰਦੇ ਹਨ, ਅਸੀਂ ਤਾਂ ਉੱਥੇ ਜਾਵਾਂਗੇ।

***ਲਰਨੋਂ ਮਰਨੋਂ ਹੋਵੈ ਸਹੀ॥੧੪॥*** ਜਿਥੇ ਲੜਨਾਂ ਮਰਨਾਂ ਸਹੀ ਹੋਵੇ, ਸਾਡਾ ਹੱਕ ਬਣਦਾ ਹੋਵੇ, ਲੜ ਕੇ ਮਰਨ ਦਾ, ਆਪਾਂ ਉਹੋ ਜਿਹੀ ਜਗ੍ਹਾ 'ਤੇ ਲੜੀਏ ਤੁਰਕਾਂ ਨਾਲ ਜਾ ਕੇ। ੧੪।

***ਲਰਨ ਮਰਨ ਤੇ ਜੇ ਨਠ ਜਾਹੀਂ॥*** ਜੇ ਅਸੀਂ ਲੜਨ ਮਰਨ ਤੋਂ ਹੀ ਨੱਠ ਗਏ, ਘਬਰਾ ਗਏ, ਡਰ ਗਏ, ਕਿ ਆਪਾਂ ਏਥੇ ਮਰਾਂਗੇ।

***ਤੌ ਹਮ ਕਿਮ ਪਾਵੈਂ ਪਤਿਸ਼ਾਹੀ॥*** ਤੇ ਫਿਰ ਜੋ ਗੁਰੂ ਸਾਹਿਬ ਜੀ ਨੇ ਕਿਹਾ ਹੈ ਕਿ ਖਾਲਸੇ ਨੂੰ ਹੰਨੇ-ਹੰਨੇ ਪਾਤਸ਼ਾਹੀ ਦੇਣੀ ਹੈ, ਫਿਰ ਉਹ ਕਿਥੋਂ ਪਾਵਾਂਗੇ, ਪਾਤਸ਼ਾਹੀ ਤਾਂ ਤੁਰਕਾਂ ਨੂੰ ਮਾਰ ਕੇ ਹੀ ਮਿਲੇਗੀ।

***ਤਬ ਹੀ ਖਾਲਸੇ ਇਮ ਠਹਿਰਾਈ॥*** ਤਦ ਖਾਲਸੇ ਨੇ ਗੁਰਮਤਾ ਪਾਸ ਕਰ ਲਿਆ ਹੈ ਕਿ ਨਾ ਤਾਂ ਲੁਕਿਆਂ ਤੋਂ ਜਾਨ ਬਚਦੀ ਹੈ, ਨਾਂ ਭੱਜਿਆਂ 'ਤੇ, ਨਾ ਹੀ ਖਿੰਡਿਆਂ ਤੋਂ, ਫਿਰ ਏਸ ਤਰ੍ਹਾਂ ਗੁਰਮਤਾ ਸੋਧਿਆ ਹੈ ਖਾਲਸੇ ਨੇ।

***ਹੋਹਿ ਫੌਜ ਕੋ ਗੈਲੋ ਭਾਈ॥੧੫॥*** ਹੇ ਭਾਈ ਗੁਰ ਸਿੱਖੋ ! ਆਪਾਂ ਫ਼ੌਜ ਦੇ ਮਗਰ ਲਗ ਤੁਰੀਏ, ਜਿਧਰ ਨੂੰ ਜਾਣ, ਪਿੱਛਾ ਕਰੋ ਫ਼ੌਜ ਦਾ। ੧੫।

***ਲਈਏ ਘੋੜੇ ਰਾਤ ਜਹਿਂ ਸੋਵੈਂ॥*** ਜਦੋਂ ਰਾਤ ਨੂੰ ਤੁਰਕਾਂ ਦੀ ਫ਼ੌਜ ਸੌਂ ਜਾਏ, ਉਦੋਂ ਹੱਲਾ ਬੋਲੀਏ, ਘੋੜੇ ਖੋਹੀਏ, ਇਨ੍ਹਾਂ ਤੋਂ, ਜਿਸ ਤੇ ਪੈਦਲ ਸਿੰਘ ਘੋੜਿਆਂ 'ਤੇ ਸਵਾਰ ਹੋ ਜਾਣ।

***ਜੋਊ ਪਿਆਦੇ ਅਸਵਾਰ ਸੁ ਹੋਵੈਂ॥*** ਜਿਹੜੇ ਪੈਦਲ ਸਿੰਘ ਹਨ, ਉਹ ਘੋੜਿਆਂ 'ਤੇ ਸਵਾਰ ਹੋ ਜਾਣ।

***ਯਹ ਸੁਨ ਸਿੰਘ ਕਈ ਭਏ ਤਿਆਰ॥*** ਇਸ ਤਰ੍ਹਾਂ ਸੁਣ ਕਈ ਜੋਧੇ ਸਿੰਘ ਤਿਆਰ ਹੋ ਪਏ ਹਨ।

***ਸੁਤੇ ਤੁਰਕਨ ਲੇਵੋ ਮਾਰ॥੧੬॥*** ਜਦੋਂ ਤੁਰਕ ਰਾਤ ਨੂੰ ਸੌਂ ਜਾਣ,ਉਦੋਂ ਆਪਾਂ ਤਲਵਾਰ ਦੀ ਵਾਢ ਪਾ ਦੇਈਏ। ਜਿੰਨੇ ਮਰਨ ਮਾਰ ਦਈਏ,ਬਾਕੀ ਦਿਆਂ ਨੂੰ ਲੁੱਟ ਕੇ ਘੋੜੇ ਆਦਿਕ ਖੋਹ ਕੇ ਹੱਲਾ ਕਰ ਜਾਈਏ। ੧੬।

***ਸੂਰੇ ਸਿੰਘਨ ਯਹ ਠਹਰਾਈ॥*** ਜਿਹੜੇ ਸੂਰਵੀਰ ਸਿੰਘ ਸਨ, ਬਹਾਦਰ ਸਨ, ਦਲਾਂ ਦੇ ਮੋਹਰੀ ਸਨ ਜੰਗਾਂ ਦੇ,ਉਨ੍ਹਾਂ ਨੇ ਇਹ ਗੁਰਮਤਾ ਸੋਧ ਲਿਆ ਹੈ।

***ਸਿੰਘ ਤੁਰੇ ਉਨ ਗੈਲੇ ਧਾਈ॥*** ਜਦੋਂ ਦਿਨ ਛਿਪੇ ਤੁਰਕ ਸਿੰਘਾਂ ਤੋਂ ਪਿਛਾਂਹ ਹਟਣ, ਸਿੰਘ ਉਨ੍ਹਾਂ ਦੇ ਮਗਰੇ ਹੀ ਲਗ ਜਾਇਆ ਕਰਨ ਕਿ ਚਲੋ ਤਾਂ ਕਿੱਥੇ ਕੁ ਜਾਂਦੇ ਹੋ।

***ਐਸੀ ਤੋਰ ਸਿੰਘ ਉਠ ਚਲੇ॥*** ਐਸੀ ਤੋਰ ਸਿੰਘ ਉੱਠ ਕੇ ਮਗਰ ਤੁਰ ਪਏ ਹਨ, ਤੁਰਕਾਂ ਦੇ।

***ਤੁਰਕਨ ਫੌਜਨ ਕੇ ਸੰਗ ਰਲੇ॥੧੭॥*** ਜਦੋਂ ਰਾਤ ਪੈ ਜਾਏ ਉਦੋਂ ਪਤਾ ਨਹੀਂ ਲਗਦਾ ਕੌਣ ਹੈ? ਸਾਡਾ ਸਾਥੀ ਕਿਹੜਾ ਹੈ? ਫ਼ੌਜ ਦਾ ਕੰਮ ਹੁੰਦਾ ਹੈ ਸਿੰਘ ਨਾਲ ਹੀ ਰਲ ਗਏ ਉਨ੍ਹਾਂ ਦੇ, ਜਦੋਂ ਰਾਤ ਦਾ ਹਨੇਰਾ ਹੋ ਗਿਆ, ਸਿੰਘਾਂ ਨੇ ਉਨ੍ਹਾਂ ਨਾਲ ਹੀ ਤੌਰ ਤਰੀਕਾ ਬਦਲ ਕੇ ਉਨ੍ਹਾਂ ਦੇ ਨਾਲ ਹੀ ਰਲ ਗਏ ਹਨ। ੧੭।

***ਦੋਹਰਾ॥ ਸਿੰਘ ਸੁ ਡੇਰਾ ਵੇਖ ਕੇ, ਵੜੇ ਫੌਜ ਮੇਂ ਜਾਇ॥*** ਸਿੰਘਾਂ ਉਨ੍ਹਾਂ ਦਾ ਡੇਰਾ ਵੇਖਿਆ ਤੇ ਉਨ੍ਹਾਂ ਦੀ ਫ਼ੌਜ ਵਿਚ ਜਾ ਵੜੇ ਹਨ।

***ਤੁਰਕ ਸੁ ਥੱਕੇ ਸੋਇ ਗਏ, ਲਗਯੋ ਖਾਲਸੇ ਦਾਇ॥੧੮॥*** ਤੁਰਕਾਂ ਦੇ ਨਾਲ ਹੀ ਸਿੰਘ ਵੀ ਪੈ ਗਏ ਹਨ, ਜਦੋਂ ਥੱਕੇ ਹੋਏ ਤੁਰਕ ਸੌਂ ਗਏ, ਤਾਂ ਸਿੰਘਾਂ ਦਾ ਦਾਉ ਲੱਗ ਗਿਆ ਹੈ,ਲੱਗੇ ਤੁਰਕਾਂ ਨੂੰ ਝਟਕਾਉਣ। ੧੮।

***ਚੌਪਈ॥ ਤਬ ਸਿੰਘਨ ਘੋੜੇ ਲਏ ਖੋਲ੍॥*** ਤਦ ਸਿੰਘਾਂ ਨੇ ਤੁਰਕਾਂ ਨੂੰ ਝਟਕਾ ਕੇ ਉਨ੍ਹਾਂ ਦੇ ਘੋੜੇ ਖੋਲ੍ਹ ਲਏ।

***ਊਪਰ ਚੜ੍ਹੇ ਸੁ ਸਤਿਗੁਰ ਬੋਲ॥*** ਵਾਹਿਗੁਰੂ ਕਹਿ ਕੇ ਘੋੜਿਆ 'ਤੇ ਸਵਾਰ ਹੋ ਗਿਆ ਖਾਲਸਾ।

***ਦੂਜੇ ਗੈਲੇ ਲਏ ਲਗਾਇ॥*** ਘੋੜੇ ਹੋਰ ਫੜ ਲਏ ਹਨ, ਜਿਹੜਾ ਕੋਈ ਪੈਦਲ ਮਿਲੇ ਸਿੰਘ, ਉਸ ਨੂੰ ਕਹਿਣ ਫੜ ਘੋੜੇ ਚੜ੍ਹ ਉਤੇ, ਇਉਂ ਸਿੰਘਾਂ ਨੇ ਇੱਕ-ਇੱਕ ਦੋ-ਦੋ ਘੋੜੇ ਨਾਲ ਫੜ ਲਏ ਹਨ।

***ਗੈਲ ਪੜੈ ਤਿਸ ਆਵੈਂ ਘਾਇ॥੧੯॥*** ਜੇ ਕੋਈ ਪਿੱਛਾ ਕਰਦਾ ਹੈ ਤੁਰਕ ਉਸ ਨੂੰ ਥਾਂਇ ਮਾਰਦੇ ਹਨ ਸਿੰਘ। ੧੯।

***ਦੋਹਰਾ॥ ਜਿਤਨੇ ਘੋੜੇ ਥੇ ਮਰੇ ਉਤਨੇ ਸਿੰਘਨ ਲੀਨ॥*** ਜਿੰਨੇ ਕੁ ਸਿੰਘਾਂ ਦੇ ਘੋੜੇ ਮਾਰੇ ਗਏ ਸਨ, ਜੰਗਾਂ ਜੁੱਧਾਂ ਦੇ ਵਿਚ, ਸਿੰਘਾਂ ਨੇ ਉਨੇ ਘੋੜੇ ਹੋਰ ਖੋਹ ਲਏ।

***ਨਿਤਪ੍ਰਤਿ ਐਸੀ ਬਿਧ ਕਰੈਂ, ਫੌਜ ਤੁਰਕ ਭਈ ਖੀਨ॥੨੦॥*** ਸਤਿਗੁਰਾਂ ਨੇ ਐਸੀ ਵਿਧੀ ਬਣਾਈ ਸਿੰਘਾਂ ਦੇ ਬੜਾ ਗੁਰਮਤਾ ਰਾਸ ਆਇਆ ਹੈ, ਸਿੰਘ ਨਿਤਾਪ੍ਰਤੀ ਏਸ ਪ੍ਰਕਾਰ ਕਰਦੇ ਹਨ ਕਿ ਤੁਰਕਾਂ ਦੀ ਫ਼ੌਜ ਕਮਜ਼ੋਰ ਹੋ ਗਈ ਹੈ। ਸਿੰਘ ਦੂਣ ਸਵਾਏ ਹੋ ਗਏ ਹਨ, ਜਿਹੜੇ ਪੈਦਲ ਸਿੰਘ ਸੀ, ਉਹ ਵੀ ਘੋੜ ਸਵਾਰ ਹੋ ਗਏ ਹਨ। ਹੋਰ ਆ ਰਲੇ ਸਿੰਘ, ਸਿੰਘਾਂ ਨੇ ਆਪਣਾ ਜੱਥਾ ਮਜਬੂਤ ਕਰ ਲਿਆ ਹੈ। ੨੦।

***ਦੇਖੋ ਭਾਈ ਗੁਰ ਕਲਾ ਆਏ ਮਾਰਨ ਓਇ॥*** ਹੇ ਭਾਈਓ ! ਗੁਰ ਜੀ ਦੀ ਕਲਾ ਵੇਖੋ, ਤੁਰਕ ਸਿੰਘਾਂ ਨੂੰ ਮਾਰਨ ਚੜ੍ਹੇ ਸਨ, ਸਲਾਹ ਕਰਕੇ, ਕਿ ਚਲੋ ਸਿੰਘਾਂ ਨੂੰ ਛੱਡਣਾ ਨਹੀਂ ਇਨ੍ਹਾਂ ਨੂੰ ਮਾਰਨਾਂ ਹੈ।

***ਤੇਊ ਮਾਰੇ ਖਾਲਸੇ ਤੁਰਕ ਘਨੇ ਥੇ ਸੋਇ॥੨੧॥*** ਖਾਲਸੇ ਨੇ ਉਹ ਬਹੁਤੇ ਹੀ ਤੁਰਕ ਮਾਰ ਲਏ, ਜਿੰਨੇ ਕੁ ਸਿੰਘ ਸ਼ਹੀਦ ਕੀਤੇ ਸੀ ਤੁਰਕਾਂ ਨੇ, ਉਸ ਤੋਂ ਦੁਗਣੇ ਚੌਗਣੇ ਤੁਰਕ ਮਾਰ ਕੇ ਖਪਾ ਦਿੱਤੇ। ੨੧।

***ਚੌਪਈ॥ ਤੁਰਕ ਫੌਜ ਫਿਰ ਬਹੁਤੀ ਆਵੈ॥*** ਹੁਣ ਤੁਰਕਾਂ ਨੂੰ ਪਤਾ ਲੱਗਿਆ ਕਿ ਸਿੰਘ ਤਾਂ ਸਾਡੇ ਪਿੱਛੇ ਹੀ ਪੈ ਗਏ ਹਨ,

ਹੁਣ ਇਹ ਬਹੁਤੇ ਇਕੱਠੇ ਹੋਣ ਲੱਗ ਪਏ, ਥੋੜ੍ਹੇ ਤੁਰਦੇ ਨਹੀਂ ਹਨ, ਤੁਰਕਾਂ ਦੀ ਫ਼ੌਜ ਬਹੁਤੀ ਹੋ-ਹੋ ਕੇ ਸਿੰਘਾਂ ਦਾ ਪਿੱਛਾ ਕਰਨ ਲੱਗੀ।

***ਥੋੜੇ ਸਿੰਘ ਸੁ ਤਹਿਂ ਲੁਕ ਜਾਵੈਂ॥*** ਜਿਥੇ ਸਿੰਘ ਥੋੜ੍ਹੇ ਹੋਣ ਉਹ ਝੱਟ ਅੱਗਾ ਪਿੱਛਾ ਕਰ ਜਾਂਦੇ ਹਨ, ਲੁਕ ਛਿਪ ਜਾਂਦੇ ਹਨ ਉਥੇ ਹੀ ਕਿਤੇ।

***ਤਹਾਂ ਲੁਕੈ ਜਹਿਂ ਹੁਇ ਬਡ ਝੱਲ॥*** ਸਿੰਘ ਉਥੇ ਲੁਕਦੇ ਹਨ, ਜਿਥੇ ਵੱਡਾ ਖੁੱਲ੍ਹਾ ਜੰਗਲ ਹੋਵੇ, ਜਿਥੇ ਅਗਾਂਹ ਹੀ ਅਗਾਂਹ ਤੁਰੇ ਜੰਗਲ ਹੀ ਜੰਗਲ ਹੋਵੇ, ਤੁਰਕਾਂ ਦਾ ਉਥੇ ਬਲ ਨਹੀਂ ਸੀ ਪੈਂਦਾ, ਡਰਦੇ ਉੱਝ ਨਹੀਂ ਸੀ ਜਾਂਦੇ ਪਿੱਛੇ।

***ਲਵੈਂ ਗੜ੍ਹ ਕਾਨਨ ਕੋ ਮੱਲ॥੨੨॥*** ਜੰਗਲਾਂ ਦਾ ਹੀ ਕਿਲ੍ਹਾ ਮੱਲ ਲਿਆ ਹੈ ਖਾਲਸੇ ਨੇ, ਜੰਗਲਾਂ ਵਿਚ ਰਹਿਣਾ ਸ਼ੁਰੂ ਕਰ ਦਿੱਤਾ। ੨੨।

***ਰਾਤ ਸਿੰਘ ਹੁਇ ਬਹੁ ਹੁਸ਼ਿਆਰ॥*** ਸਿੰਘ ਖਿਡਾਰੀ ਸਨ ਜੰਗਾਂ ਦੇ, ਰਾਤ ਨੂੰ ਤਾਂ ਸਿੰਘਾਂ ਦਾ ਦਿਨ ਚੜ੍ਹਦਾ ਸੀ। ਜਿਵੇਂ ਦਿਨ ਚੜ੍ਹੇ ਆਮ ਲੋਕ ਕਹਿੰਦੇ ਹਨ, ਚਲੋ ਦਿਨ ਚੜ੍ਹ ਗਿਆ, ਕੰਮ-ਕਾਰ ਕਰੀਏ। ਜਦੋਂ ਰਾਤ ਪੈਂਦੀ, ਸਿੰਘਾਂ ਦਾ ਉਦੋਂ ਦਿਨ ਚੜ੍ਹਦਾ ਰਾਤ ਨੂੰ ਸਿੰਘ ਬਹੁਤ ਹੀ ਹੁਸ਼ਿਆਰ ਹੋ ਕੇ।

***ਲੇਵੈਂ ਤੁਰਕਨ ਕੋ ਫਿਰ ਮਾਰ॥*** ਫਿਰ ਨਿਕਲ ਕੇ ਜੰਗਲਾਂ ਵਿੱਚੋਂ ਤੁਰਕਾਂ ਨੂੰ ਮਾਰ ਲੈਂਦੇ ਸਨ, ਰਾਤ ਨੂੰ ਸਿੰਘ ਇਕ-ਇਕ ਦੇ ਦਸ-ਦਸ ਹੋ ਜਾਂਦੇ ਸਨ।

***ਦਿਨ ਮੈਂ ਤੁਰਕ ਬਹੁਤ ਮਿਲ ਧਾਵੈਂ॥*** ਦਿਨ ਵਿਚ ਤੁਰਕ ਬਹੁਤੇ ਇਕੱਠੇ ਹੋ ਕੇ ਧਾਵਾ ਬੋਲਦੇ ਹਨ।

***ਲੁਕੇ ਸਿੰਘ ਤਿਨ ਹਾਥ ਨ ਆਵੈਂ॥੨੩॥*** ਸਿੰਘ ਜੰਗਲਾਂ ਵਿਚ ਲੁਕ ਜਾਂਦੇ ਹਨ ਅਤੇ ਉਨ੍ਹਾਂ ਦੇ ਹੱਥ ਨਹੀਂ ਆਉਂਦੇ, ਭਾਵੇਂ ਕਿੰਨੀ ਫ਼ੌਜ ਲਈ ਫਿਰਨ। ੨੩।

***ਤੁਰਕ ਸੁ ਡਰਤੇ ਬੜੈਂ ਨ ਝੱਲ॥*** ਤੁਰਕ ਸਿੰਘਾਂ ਤੋਂ ਡਰਦੇ ਮਾਰੇ ਝੱਲ ਵਿਚ ਨਹੀਂ ਵੜਦੇ, ਸਿੰਘਾਂ ਦਾ ਪਿੱਛਾ ਨਹੀਂ ਕਰਦੇ ਸਨ।

***ਝਲ ਬੜੈਂ ਸਿੰਘ ਮਾਰਨ ਰੱਲ॥*** ਜੇ ਤੁਰਕ ਝਲ ਵਿਚ ਵੜਦੇ ਸਨ, ਤਾਂ ਸਿੰਘ ਰਲ ਕੇ ਘੇਰਾ ਪਾ ਕੇ ਮਾਰਦੇ ਸਨ ਉਨ੍ਹਾਂ ਨੂੰ, ਫਿਰ ਨਿਕਲਣ ਨਹੀਂ ਦਿੰਦੇ ਜੰਗਲ ਵਿੱਚੋਂ।

***ਝੱਲੋਂ ਸਿੰਘ ਤੌ ਬਾਹਰ ਜਾਵੈਂ॥*** ਸਿੰਘ ਤਾਂ ਝੱਲ ਵਿੱਚੋਂ ਬਾਹਰ ਨਿਕਲ ਕੇ ਹੱਲਾ ਮਾਰਦੇ ਹਨ ਤੁਰਕਾਂ 'ਤੇ, ਰਾਹ ਵਿਚ ਕੋਈ ਰਸਤ ਆਉਂਦੀ ਹੈ, ਕੋਈ ਫ਼ੌਜ ਆਉਂਦੀ ਹੈ, ਕੋਈ ਅਸਲਾ ਆਉਂਦਾ ਹੈ, ਸਿੰਘ ਜੰਗਲ ਵਿੱਚੋਂ ਬਾਹਰ ਰਾਹਾਂ 'ਤੇ ਜਾ ਲੁੱਟਦੇ ਹਨ।

***ਤੁਰਕਨ ਫੌਜ ਦੂਰ ਸੁਨ ਪਾਵੈਂ॥੨੪॥*** ਤੁਰਕਾਂ ਦੀ ਫ਼ੌਜ ਸਿੰਘਾਂ ਦਾ ਨਾਮ ਸੁਣ ਕੇ ਹੀ ਦੂਰ ਹੋ ਜਾਂਦੀ ਹੈ ਕਿ ਸਿੰਘ ਨਿਕਲ ਜਾਣ ਕਿਸੇ ਪਾਸੇ ਨੂੰ। ੨੪।

***ਮਾਰਨ ਰਸਤੇ ਦਿੱਲੀ ਲਹੌਰ॥*** ਉਹ ਵੇਖਦੇ ਹਨ ਤੁਰਕ ਭੱਜ ਗਏ ਹਨ ਲਹੌਰ ਨੂੰ ਜਾਂ ਹੋਰ ਕਿਸੇ ਕਸਬੇ ਸ਼ਹਿਰ ਵਿਚ ਜਾ ਵੜੇ ਹਨ। ਸਿੰਘ ਰਾਹਾਂ 'ਤੇ ਹੋ ਜਾਂਦੇ ਹਨ, ਲਹੌਰ ਦਿੱਲੀ ਨੂੰ ਜਿਹੜੇ ਲੋਕ ਜਾਂਦੇ ਉਸ ਮੌਕੇ, ਕੋਈ ਸੌਦਾਗਰ ਕੋਈ ਰਸਤ ਬਸਤ ਜਾਂ ਕੋਈ ਫ਼ੌਜੀ ਸਮਾਨ ਉਦੋਂ ਸਿੰਘ ਰਾਹ 'ਤੇ ਖੜ੍ਹ ਕੇ ਲੁੱਟਦੇ ਹਨ।

***ਕੋਈ ਮਾਰੈ ਰਾਹ ਪਿਸ਼ੌਰ॥*** ਕਈ ਜੱਥੇ ਸਿੰਘਾਂ ਦੇ ਬਣ ਗਏ ਤਿਆਰ-ਬਰ-ਤਿਆਰ ਹੋ ਗਏ। ਜਿਹੜੇ ਲੋਕ ਪਿਸ਼ੌਰ ਨੂੰ ਜਾਂਦੇ, ਉਧਰਲੇ ਸੌਦਾਗਰ ਵਪਾਰੀ ਉਨ੍ਹਾਂ ਨੂੰ ਜਾ ਸੋਧਦੇ, ਉਧਰੋਂ ਲੁੱਟ ਕੇ ਲਿਆਉਂਦੇ ਸਿੰਘ।

***ਅਗੇ ਪਿਛੈ ਹੁਇ ਲੁਟੈਂ ਲਹੌਰ॥*** ਅੱਗੇ ਪਿੱਛੇ ਹੋ ਕੇ ਵੇਖਦੇ ਹਨ ਕਿ ਆਹ ਪਾਸਾ ਸੁੰਨਾਂ ਹੈ, ਫ਼ੌਜ ਵਾਲੇ ਉਧਰ ਨੂੰ ਗਏ ਹੋਏ ਨੇ ਤੇ ਜਾ ਲਹੌਰ ਦੀਆਂ ਜਿਹੜੀਆਂ ਬਾਹਰਲੀਆਂ ਬਸਤੀਆਂ ਉਹਨਾਂ ਵਿਚ ਛਾਪੇ ਮਾਰਦੇ ਹਨ।

***ਇਮ ਕਰ ਸਿੰਘ ਮਚਾਵੈਂ ਰੌਰ॥੨੫॥*** ਇਉਂ ਸਿੰਘਾਂ ਨੇ ਪੰਜਾਬ ਵਿਚ ਚਾਰ-ਚੁਫੇਰੇ ਰੌਲਾ ਮਚਾ ਦਿੱਤਾ ਹੈ, ਮਾਰ ਲਿਆ, ਮਾਰ ਲਿਆ, ਹੋ ਰਹੀ ਚਾਰ-ਚੁਫੇਰੇ। ੨੫।

***ਦੋਹਰਾ॥ ਸਿੰਘ ਸੁ ਮਾਝਯੋਂ ਕੱਢ ਦਏ, ਬੜੇ ਸੁ ਰਾਵੀ ਝੱਲ॥*** ਅੰਮ੍ਰਿਤਸਰ ਦੇ ਨੇੜੇ-ਤੇੜੇ ਦਾ ਜੋ ਇਲਾਕਾ ਹੈ, ਮਾਝਾ ਦੇਸ਼ ਵਿੱਚੋਂ,ਏਧਰੋਂ ਤਾਂ ਸਿੰਘਾਂ ਨੂੰ ਕੱਢ ਦਿੱਤਾ ਹੈ। ਸਿੰਘ ਰਾਵੀ ਦੇ ਝੱਲ ਏਧਰ ਜਿੱਧਰ ਜੰਮੂ ਹੈ, ਕਸ਼ਮੀਰ ਹੈ, ਏਸ ਇਲਾਕੇ ਦੇ ਬਾਰ ਵੱਲ ਏਧਰ ਨੂੰ ਨਿਕੱਲ ਗਏ ਸਿੰਘ, ਇਹ ਖੁਲ੍ਹਾ ਇਲਾਕਾ ਸੀ।

***ਮਾਰ ਲੂਟ ਖਾਵਤ ਫਿਰੈਂ, ਰਾਖੈਂ ਮਿਲ ਕਰ ਗੱਲ॥੨੬॥*** ਆਪਸ ਵਿੱਚੀਂ ਜਥੇਬੰਦ ਤਾਲ-ਮੇਲ ਰਖਦੇ ਹਨ, ਮਿਲ ਕੇ ਰਾਹ ਜਾਂਦਿਆਂ ਨੂੰ ਲੁੱਟਦੇ ਮਾਰਦੇ ਹਨ ਅਤੇ ਛਕਦੇ ਛਕਾਉਂਦੇ ਹਨ ਸਿੰਘ। ਆਪਸ ਵਿੱਚੀਂ ਗੱਲ ਰੱਖਦੇ ਹਨ ਕਿ ਜੇ ਸਾਡਾ ਪਤਾ ਲੱਗੇ,ਤੁਰਕ ਸਾਡੇ ਮਗਰ ਲੱਗੇ ਨੇ, ਤਾਂ ਪਿੱਛਾ ਸਾਡਾ ਤੁਸੀਂ ਸਾਂਭਣਾ ਹੈ। ਪਿੱਛੋਂ ਤੁਰਕਾਂ ਨੂੰ ਤੁਸੀਂ ਪੈ ਜਾਇਓ, ਅੱਗੋਂ ਅਸੀਂ ਪੈ ਜਾਵਾਂਗੇ, ਇਸ ਤਰ੍ਹਾਂ ਤੁਰਕਾਂ ਦਾ ਟਾਕਰਾ ਕਰਦੇ ਹਨ ਸਿੰਘ। ੨੬।

***ਚੌਪਈ॥ ਇਸੀ ਭਾਂਤ ਸਿੰਘ ਗੁਜ਼ਰ ਕਰਾਹੀਂ॥*** ਏਸ ਤਰੀਕੇ ਨਾਲ ਸਿੰਘ ਆਪਣਾ ਨਿਰਬਾਹ ਕਰਨ ਲੱਗ ਪਏ ਹਨ, ਗੁਜ਼ਾਰਾ ਕਰਨ, ਲੱਗ ਪਏ ਹਨ।ਰਸਤ ਬਸਤ ਦੀ ਲੋੜ, ਅਸਲੇ ਦੀ ਲੋੜ, ਹਥਿਆਰਾਂ ਦੀ ਲੋੜ, ਘੋੜਿਆਂ ਦੀ ਲੋੜ,ਇਉਂ ਸਿੰਘ ਪੂਰੀ ਕਰਨ ਲਗ ਪਏ ਹਨ ਆਪਣੇ ਆਪ।

***ਫੌਜ ਘਨੀ ਲਖ ਨਠ ਬੀ ਜਾਹੀਂ॥*** ਸਿੰਘ ਜਦੋਂ ਵੇਖਦੇ ਹਨ ਕਿ ਤੁਰਕਾਂ ਦੀ ਬਹੁਤੀ ਫ਼ੌਜ ਇਕੱਠੀ ਹੋ ਕੇ ਆਈ,ਤਾਂ ਸਿੰਘ ਹਰਨ ਵੀ ਹੋ ਜਾਂਦੇ ਹਨ, ਭੱਜ ਕੇ ਜੰਗਲਾਂ ਬੀੜਾਂ ਵਿਚ ਦੂਰ ਨਿਕਲ ਜਾਂਦੇ ਹਨ।

***ਮਾਰ ਕਾਫਲੇ ਲੇਵੈਂ ਭਾਰੀ॥*** ਤੁਰਕ ਵੱਡੇ-ਵੱਡੇ ਕਾਫਲਿਆਂ ਦੇ ਰੂਪ ਵਿਚ ਬਾਹਰ ਨਿਕਲਦੇ ਹਨ; ਇਕੱਠੇ ਹੋ-ਹੋ ਤੁਰਦੇ ਨੇ ਤੁਰਕ, ਤਾਂ ਸਿੰਘ ਵੱਡੇ ਕਾਫਲਿਆਂ ਨੂੰ ਲੁੱਟਣ ਲੱਗ ਪਏ ਹਨ ਤੇ ਮਾਰਧਾੜ ਕਰਨੀ ਸ਼ੁਰੂ ਕਰ ਦਿੱਤੀ।

***ਲਹੌਰ ਗਿਰਦ ਤਿਨ ਦਯੋ ਉਜਾਰੀ॥੨੭॥*** ਲਹੌਰ ਦਾ ਚਾਰ-ਚੁਫੇਰਾ ਤਾਂ ਉਜਾੜ ਦਿੱਤਾ ਹੈ ਸਿੰਘਾਂ ਨੇ, ਕੋਈ ਵਸਤੀ ਰਹਿਣ ਨਹੀਂ ਦਿੱਤੀ, ਡਰਦਾ ਕੋਈ ਤੁਰਕ ਬਾਹਰ ਨਹੀਂ ਨਿਕਲਦਾ ਹਨੇਰੇ ਵਿਚ। ੨੭।

***ਦੇਖ ਤੁਰਕਨ ਕੌ ਲਾਗੇ ਆਗ॥*** ਇਹ ਵੇਖ ਕੇ ਤੁਰਕਾਂ ਨੂੰ ਅੱਗ ਲੱਗ ਜਾਂਦੀ ਹੈ ਕਿ ਇਹ ਸਾਨੂੰ ਘਰੇ ਵੀ ਨਹੀਂ ਟਿਕਣ ਦਿੰਦੇ, ਬਾਹਰ ਜੰਗਲ ਨਹੀਂ ਨਿਕਲਣ ਦਿੰਦੇ ਕਿ ਜੇ ਸਿੰਘਾਂ ਨੇ ਘੇਰ ਲਿਆ, ਤਾਂ ਫਿਰ ਨਹੀਂ ਘਰ ਵੜਨ ਦੇਣਾ, ਤੁਰਕਾਂ ਨੂੰ ਐਡਾ ਡਰ ਬਣਾਇਆ ਸਿੰਘਾਂ ਨੇ ਉਹ ਡਰਦੇ ਨਿਕਲਦੇ ਨਹੀਂ ਹਨ ਕਿਸੇ ਪਾਸੇ।

***ਮਾਰੈਂ ਸਿੰਘਨ ਗੈਲੇ ਲਾਗ॥*** ਤੁਰਕ ਫ਼ੌਜ ਸਿੰਘਾਂ ਦਾ ਪਿੱਛਾ ਕਰਕੇ ਪੈਂਦੀ ਹੈ ਕਿ ਇਹਨਾਂ ਨੂੰ ਮਾਰੋ, ਨਹੀਂ ਤਾਂ ਸਾਨੂੰ ਘਰੀਂ ਆ ਕੇ ਪੈਣਗੇ, ਜਦੋਂ ਉਹ ਮੁੜ ਆਉਂਦੇ ਹਨ ਤਾਂ ਸਿੰਘ ਵੀ ਨਾਲ ਹੀ ਮੁੜ ਆਉਂਦੇ ਹਨ।

***ਮੁੜ ਮੁੜ ਲੁਕ ਲੁਕ ਸਿੰਘ ਸੁ ਲਰੈਂ॥*** ਸਿੰਘ ਪਿੱਛਾ ਕਰ ਮੁੜ ਆਉਂਦੇ ਹਨ ਤੇ ਫਿਰ ਲੁਕ ਜਾਂਦੇ ਹਨ, ਜਦੋਂ ਅਵੇਸਲੇ ਹੁੰਦੇ ਹਨ, ਉਦੋਂ ਫਿਰ ਪੈ ਜਾਂਦੇ ਹਨ ਹੱਲਾ ਕਰਕੇ, ਇਉਂ ਸਿੰਘ ਲੁਕ ਵੀ ਜਾਂਦੇ ਹਨ ਅਤੇ ਹੱਲਾ ਵੀ ਬੋਲ ਦਿੰਦੇ ਹਨ।

***ਬਹੁਤਨ ਸੋਂ ਕਯਾ ਥੋੜ੍ਹੇ ਕਰੈਂ॥੨੮॥*** ਤੁਰਕ ਬਹੁਤੇ ਹਨ ਸਿੰਘ ਥੋੜੇ ਹਨ, ਬਹੁਤਿਆਂ ਨਾਲ ਤਾਂ ਏਵੇਂ ਹੀ ਲੜਾਈ ਹੋ ਸਕਦੀ ਹੈ ਕਿ ਜਦੋਂ ਅਵੇਸਲੇ ਹੋਣ, ਉਦੋਂ ਹੀ ਹੱਲਾ ਬੋਲ ਦੇਣਾ ਚੜ੍ਹ ਕੇ,ਭਾਈ ਬਹੁਤਿਆਂ ਨਾਲ ਥੋੜ੍ਹੇ ਤਾਂ ਨਹੀਂ ਲੜ ਸਕਦੇ ਸ਼ਰੇਆਮ ਮੈਦਾਨ ਦੇ ਵਿਚ ਖੜ੍ਹ ਕੇ। ੨੮।

***ਨਾਂਹਿ ਜ਼ਖੀਰੋ ਸਿੰਘਨ ਪਾਸ॥*** ਸਿੰਘਾਂ ਦੇ ਕੋਲ ਕੋਈ ਜ਼ਖੀਰਾ ਵੀ ਜਮ੍ਹਾਂ ਨਹੀਂ ਸੀ, ਕੋਈ ਅਸਲੇ ਦਾ ਭੰਡਾਰ ਜਾਂ ਅਨਾਜ਼ ਦਾ ਭੰਡਾਰ ਵੀ ਜਮ੍ਹਾਂ ਨਹੀਂ ਸੀ।

***ਸ਼ਸਤਰ ਬਸਤਰ ਹੀਨ ਸੁ ਖਾਸ॥*** ਸਿੰਘ ਤਾਂ ਸ਼ਸਤ੍ਰਾਂ ਬਸਤ੍ਰਾਂ ਤੋਂ ਵੀ ਹੀਣੇ ਸਨ, ਨਾ ਹੀ ਤਾਂ ਕੱਪੜਾ ਕਿਸੇ ਕੋਲ ਸੀ ਤੇ

ਨਾ ਹੀ ਕੋਈ ਬਹੁਤ ਚੰਗੇ ਹਥਿਆਰ ਸਨ। ਤਲਵਾਰਾਂ 'ਤੇ ਮਿਆਨ ਵੀ ਨਹੀਂ ਸੀ ਹੁੰਦੇ, ਇਉਂ ਨੰਗੀਆਂ ਤਲਵਾਰਾਂ ਲਈ ਫਿਰਦੇ ਸਿੰਘ।

***ਨਾਂਗੇ ਖਰੇ ਔ ਭੂਖੇ ਪਯਾਸੇ॥*** ਪਿੰਡੇ ਤੋਂ ਨੰਗੇ, ਰੋਟੀ ਤੋਂ ਖਾਲੀ ਪਾਣੀ ਤੋਂ ਬਿਨਾਂ, ਇਉਂ ਸਿੰਘ ਨੰਗੇ, ਭੁੱਖੇ ਪਿਆਸੇ ਪਰ ਤੁਰਕਾਂ ਦਾ ਨਹੀਂ ਸੀ ਖਹਿੜਾ ਛਡਦੇ।

***ਦਾਰੂ ਸਿੱਕਾ ਨਹਿਂ ਕਛੁ ਪਾਸੇ॥੨੯॥*** ਨਾ ਹੀ ਕੋਈ ਦਾਰੂ-ਸਿੱਕਾ ਜਮ੍ਹਾ ਸੀ, ਜਿਥੋਂ ਬਰੂਦ ਲੈ ਸਕਣ, ਗੋਲੀ ਸਿੱਕਾ ਲੈ ਸਕਣ, ਉਹ ਵੀ ਕੋਈ ਜ਼ਖੀਰਾ ਨਹੀਂ ਸੀ ਸਿੰਘਾਂ ਕੋਲ। ੨੯।

***ਹਾਟ ਪਟਨ ਬਾਜ਼ਾਰ ਸੁ ਨਾਹੀਂ॥*** ਉਦੋਂ ਵੱਡੇ ਸ਼ਹਿਰਾਂ ਵਿਚ ਸੰਘਣੀ ਅਬਾਦੀ ਵਿਚ ਹੀ ਦੁਕਾਨਾਂ ਹੁੰਦੀਆਂ ਸਨ, ਜੇ ਪੈਸੇ ਹੋਣ ਵੀ ਤਾਂ ਲੈਣ ਕਿਥੋਂ ਸੌਦਾ? ਜਦੋਂ ਦੁਕਾਨ ਹੀ ਕੋਈ ਨਹੀਂ ਤੇ ਨਾ ਹੀ ਕੋਈ ਸ਼ਹਿਰ ਸੀ ਨੇੜੇ।

***ਰੋਗੀ ਔਖਧ ਬਿਨ ਮਰ ਜਾਹੀਂ॥*** ਜੇ ਕੋਈ ਸਿੰਘ ਬਿਮਾਰ ਹੋ ਜਾਂਦਾ ਹੈ ਜਾਂ ਹੋਰ ਕਿਸੇ ਕਿਸਮ ਦਾ ਰੋਗ ਹੋ ਗਿਆ ਤਾਂ ਸਿੰਘ (ਔਖਧ) ਦਵਾਈ ਤੋਂ ਬਿਨਾਂ ਹੀ ਮਰ ਜਾਂਦੇ ਸਨ। ਦਾਰੂ ਕਰਨ ਵਾਸਤੇ ਕੋਈ ਵੈਦ ਨਹੀਂ ਲਭਦਾ, ਕੋਈ ਦਵਾਈ ਨਹੀਂ ਲੱਭਦੀ ਸਿੰਘਾਂ ਨੂੰ।

***ਗੁਰ ਬਚਨਨ ਕੀ ਉਨ ਕੌ ਆਸ॥*** ਬਸ ਇਕੋ ਹੀ ਆਸ ਹੈ ਸਿੰਘਾਂ ਨੂੰ ਕਿ ਖਾਲਸੇ ਦਾ ਰਾਜ ਹੋਵੇਗਾ, ਖਾਲਸੇ ਨੂੰ ਹੰਨੇ-ਹੰਨੇ ਪਾਤਸ਼ਾਹੀ ਦੇਣੀ ਹੈ, ਗੁਰਾਂ ਦੇ ਬਚਨਾਂ ਦੀ ਆਸ 'ਤੇ ਸਿੰਘ ਲੜਦੇ ਭਿੜਦੇ ਹਨ, ਸਿਦਕ ਧਾਰ ਕੇ।

***ਯਹੀ ਖ਼ਜ਼ਾਨੋਂ ਉਨ ਕੇ ਪਾਸ॥੩੦॥*** ਇਹੋ ਹੀ ਖਜ਼ਾਨਾ ਹੈ, ਖਾਲਸੇ ਪੰਥ ਕੋਲ ਗੁਰੂ ਕੇ ਸ਼ਬਦਾਂ ਦਾ, ਬਾਣੀ ਪੜ੍ਹਦੇ ਹਨ ਰੰਗ ਵਿਚ ਹੋ ਕੇ ਨਾਮ ਜਪਦੇ ਹਨ, ਸਿਮਰਨ ਕਰਦੇ ਹਨ। ਗੁਰੂ ਜੀ ਨੇ ਸਾਡੀ ਰੱਖਿਆ ਕਰਨੀ ਹੀ ਹੈ, ਸਤਿਗੁਰਾਂ ਨੇ ਸਾਨੂੰ ਪਾਤਸ਼ਾਹੀ ਦੇਣੀ ਹੀ ਦੇਣੀ ਹੈ, ਸਤਿਗੁਰਾਂ ਦੇ ਬਚਨ ਝੂਠੇ ਨਹੀਂ ਹੋ ਸਕਦੇ, ਬਸ ਇੱਕ ਇਹੋ ਹੀ ਆਸਰਾ ਹੈ। ੩੦।

***ਦੋਹਰਾ ॥ ਤੌ ਭੀ ਸਿੰਘ ਹੋਵੈਂ ਘਨੇ ਨਿਸ ਦਿਨ ਔਰ ਸੁ ਔਰ॥*** ਜਦੋਂ ਸਿਦਕ ਸਿੰਘਾਂ ਦਾ ਵੇਖਿਆ ਤਾਂ ਜਿਹੜੀ ਆਮ ਪਰਜਾ ਸੀ, ਜਿਹੜੇ ਜੱਟ ਜਿਮੀਂਦਾਰ ਪਿੰਡਾਂ ਵਿਚ ਵਸਦੇ ਸਨ, ਉਹ ਸਿੰਘਾਂ ਦੇ ਨਾਲ ਰਲਣੇ ਸ਼ੁਰੂ ਹੋ ਗਏ ਹਨ, ਕਿਉਂਕਿ ਤੁਰਕ ਪਿੰਡਾਂ ਦੇ ਲੋਕਾਂ 'ਤੇ ਤੱਦੀ ਕਰਦੇ ਨੇ, ਜੇ ਇਕ ਸਿੰਘ ਪਿੰਡ ਵਿੱਚੋਂ ਭੱਜ ਜਾਏ, ਤਾਂ ਸਾਰੇ ਪਿੰਡ ਨੂੰ ਕੁਟਾਪਾ ਚੜ੍ਹਦਾ ਕਿਉਂਕਿ ਤੁਰਕ ਫ਼ੌਜ ਏਵੇਂ ਕਰਦੀ ਹੈ, ਪਹਿਲਾਂ ਤੋਂ ਲੈ ਕੇ, ਉਹ ਫਿਰ ਅੱਕ ਕੇ ਸਿੰਘਾਂ ਨਾਲ ਹੀ ਰਲ ਜਾਂਦੇ, ਜਿਵੇਂ ਉਹ ਗੁਜ਼ਾਰਾ ਕਰਦੇ ਹਨ, ਉਵੇਂ ਆਪਾਂ ਵੀ ਕਰੀ ਚਲਾਂਗੇ। ਇਉਂ ਦੁਖੀ ਹੋਏ ਜਿਹੜੇ ਪਿੰਡਾਂ ਦੇ ਲੋਕ ਸਨ, ਉਹ ਵੀ ਸਿੰਘ ਪੰਥ ਨਾਲ ਰਲਣ ਲੱਗ ਪਏ, ਇਉਂ ਖਾਲਸੇ ਦਾ ਫਿਰ ਵਾਧਾ ਹੋਣ ਲੱਗ ਪਿਆ, ਤਾਂ ਵੀ ਰਾਤ ਦਿਨ ਹੋਰ ਹੋਰ ਭਰਤੀ ਹੋ ਕੇ ਸਿੰਘ ਫਿਰ ਬਹੁਤੇ ਹੋ ਗਏ ਸਨ।

***ਦੂਖ ਦਰਦ ਕਛੁ ਨਾ ਗਿਨੈਂ ਮਰਨੋਂ ਲਰਨੋਂ ਦੌਰ॥੩੧॥*** ਲੜਨ ਮਰਨ ਦੇ ਏਸ ਦੌਰ ਵਿਚ ਸਿੰਘ ਦੁਖ ਦਰਦ ਨੂੰ ਕੁਛ ਵੀ ਨਹੀਂ ਗਿਣਦੇ ਹਨ, ਸੁਖ ਮੰਨਦੇ ਹਨ ਕਿ ਸਤਿਗੁਰੂ ਜੀ ਦੇ ਬਚਨ ਆਪਾਂ ਨੂੰ ਰਾਸ ਆ ਜਾਣੇ ਹਨ, ਵੇਖੋ ਸਮਾਂ ਕੱਟੋ ਔਖੇ ਸੌਖੇ ਹੋ ਕੇ, ਜਿਵੇਂ ਹੁੰਦਾ ਹੈ ਨਿਰਬਾਹ ਕਰਦੇ ਹਨ, ਸਿੰਘ। ੩੧।

***ਚੌਪਈ॥ ਤਬੈ ਖਾਲਸੇ ਐਸ ਬਿਚਾਰਾ॥*** ਰਾਤ ਦਿਨ ਨੂੰ ਜਦੋਂ ਸਮਾਂ ਮਿਲਦਾ ਹੈ, ਉਦੋਂ ਸਿੰਘ ਗੁਰਮਤਾ ਵੀ ਸੋਧ ਲੈਂਦੇ ਹਨ, ਸਿੰਘਾਂ ਨੇ ਇਕੱਤਰ ਹੋ ਕੇ ਗੁਰਮਤਾ ਸੋਧ ਲਿਆ ਹੈ, ਏਸ ਤਰ੍ਹਾਂ ਬਿਚਾਰ ਕੀਤੀ, ਖਾਲਸੇ ਨੇ।

***ਮਾਰੈਂ ਤੁਰਕਨ ਕੋ ਫ਼ੁਜਦਾਰਾਂ॥*** ਕਿ ਇਉਂ ਕਰੀਏ ਖਾਲਸਾ ਜੀ ! ਹੁਣ, ਇਹਨਾਂ ਦੀ ਜਿਹੜੇ ਅਗਵਾਈ ਕਰਦੇ ਹਨ ਫ਼ੌਜਦਾਰ, ਜਿਹੜੇ ਇਨ੍ਹਾਂ ਦੇ ਜਰਨੈਲ ਕਰਨੈਲ ਆਗੂ ਨੇ ਉਹਨਾਂ ਨੂੰ ਮਾਰੀਏ। ਫ਼ੌਜ ਨੇ ਤਾਂ ਹੁਕਮ ਨਾਲ ਹੀ ਤੁਰਨਾ ਹੈ, ਸਰਦਾਰਾਂ ਨੇ ਲੱਗਣਾ ਹੈ ਫਿਰ ਫ਼ੌਜ ਮਗਰ ਤੁਰੇਗੀ, ਜੇ ਆਪਾਂ ਤੁਰਕਾਂ ਦੇ ਸਰਦਾਰਾਂ ਨੂੰ ਮਾਰੀਏ, ਤਾਂ ਫਿਰ ਫ਼ੌਜ ਕੀ ਕਰੇਗੀ? ਸਿਪਾਹੀ ਕੀ ਕਰਨਗੇ?

***ਮਾਰ ਫੌਜ ਕੋ ਸੂਧੇ ਹੋਵੋ॥*** ਸਿੱਧੇ ਹੋ ਕੇ ਫ਼ੌਜ ਮਾਰੀਏ, ਤਕੜੇ ਹੋ ਕੇ ਤੁਰਕ ਫ਼ੌਜਾਂ ਨੂੰ ਮਾਰੀਏ।

***ਲੂਟ ਫੌਜ ਕੋ ਦਾਰਿਦ ਖੋਵੋ॥੩੨॥*** ਫ਼ੌਜ ਨੂੰ ਲੁੱਟ ਕੇ ਆਪਣਾ ਦਲਿਦ੍ਰ ਦੂਰ ਕਰ ਲਈਏ। ਫ਼ੌਜ ਦੇ ਨਾਲ ਖਜ਼ਾਨਾ ਵੀ ਹੁੰਦਾ ਹੈ, ਉਨ੍ਹਾਂ ਨੂੰ ਤਨਖ਼ਾਹਾਂ ਦੇਣੀਆਂ, ਰਸਤਾਂ ਬਸਤਾਂ, ਸ਼ਸਤ੍ਰ ਅਸਤ ਵੀ ਫ਼ੌਜ ਕੋਲ ਵਾਧੂ ਹੁੰਦੇ ਹਨ। ਸਿੰਘਾਂ ਨੇ ਗੁਰਮਤਾ ਸੋਧਿਆ ਹੈ ਕਿ ਇਉਂ ਨਾ ਆਪਾਂ ਲੜੀਏ, ਹੁਣ ਇਨ੍ਹਾਂ ਦੇ ਫ਼ੌਜਦਾਰਾਂ 'ਤੇ ਹੱਲਾ ਬੋਲੀਏ, ਉਹਨਾਂ ਤੋਂ ਅਸਲਾ,ਘੋੜੇ ਆਦਿਕ ਖੋਹੀਏ ਆਪਣਾ ਗੁਜ਼ਾਰਾ ਚੰਗਾ ਕਰੀਏ ਤਕੜੇ ਹੋ ਕੇ ਖਾ ਪੀ ਕੇ ਤਿਆਰ-ਬਰ-ਤਿਆਰ ਹੋਈਏ। ੩੨।

***ਹਾਥੀ ਘੋੜੇ ਊਠ ਲਿਆਵੋ॥*** ਤੁਰਕਾਂ ਦੇ ਹਾਥੀ ਖੋਹੀਏ,ਲੱਦੇ ਲਦਾਏ ਊਠ ਲਵੋ ਇਨ੍ਹਾਂ ਤੋਂ, ਤੇ ਘੋੜੇ ਚੰਗੇ-ਚੰਗੇ ਖੋਹ ਲਈਏ।

***ਰਾਜ ਸਾਜ ਬਿਨ ਰਾਜ ਨ ਪਾਵੋ॥*** ਜੇ ਰਾਜ ਸਾਜ ਨਾ ਹੋਇਆ, ਤਾਂ ਕਹਿੰਦੇ ਰਾਜ ਕਾਹਦਾ? ਰਾਜ ਕਿਵੇਂ ਪ੍ਰਾਪਤ ਹੋ ਸਕਦਾ ਹੈ? ਰਾਜ ਸਾਜ ਨਾਲ ਹੀ ਰਾਜ ਹੁੰਦਾ ਹੈ, ਇਸ ਵਾਸਤੇ ਚੰਗਾ, ਫ਼ੌਜੀ ਸਮਾਨ ਤਿਆਰ ਕਰੀਏ, ਤਾਂ ਫਿਰ ਹੀ ਅਸੀਂ ਰਾਜ ਕਰਾਂਗੇ।

***ਭੂਮ ਮਲੋ ਲੈ ਕਿਲ੍ਹਾ ਚਿਨਾਈ॥*** ਧਰਤੀ ਮੱਲ ਕੇ ਉੱਥੇ ਕੇ ਉੱਥੇ ਕਿਲ੍ਹਾ ਤਿਆਰ ਕਰ ਲਈਏ, ਕਿਲ੍ਹਿਆਂ ਵਿਚ ਆਕੀ ਹੋ ਜਾਈਏ ਜੇ ਤੁਰਕ ਆਉਣ ਉਨ੍ਹਾਂ ਨੂੰ ਮਾਰ ਲਈਏ। ਕਿਲ੍ਹਿਆਂ ਵਿਚ ਜ਼ਖੀਰੇ ਜਮ੍ਹਾਂ ਕਰ ਲਈਏ। ਲੰਗਰ ਵਾਸਤੇ ਰਸਤਾਂ, ਬਰੂਦ ਸਿੱਕਾ ਸਭ ਜਮ੍ਹਾਂ ਕਰ ਲਈਏ।

***ਬਿਨਾ ਕਿਲ੍ਹਨ ਨ ਪੁਜੈ ਲੜਾਈ॥੩੩॥*** ਕਿਲ੍ਹਿਆਂ ਤੋਂ ਬਿਨਾਂ ਪੱਧਰੇ ਥਾਂ ਲੜਾਈ ਕਿੰਨੀ ਕੁ ਕਰ ਸਕਾਂਗੇ, ਕਿਲ੍ਹਿਆਂ ਤੋਂ ਬਿਨਾਂ ਲੜਾਈ ਨਹੀਂ ਪੁੱਗਣੀ ਕਿਉਂਕਿ ਤੁਰਕ ਤੋਪਖਾਨੇ ਲੈ ਆਉਂਦੇ ਹਨ, ਜੇ ਓਟ ਕੋਈ ਨਾ ਹੋਵੇ, ਤਾਂ ਗੋਲਾ ਕਿਵੇਂ ਰੁਕੇਗਾ? ਇਸ ਵਾਸਤੇ ਕਿਲ੍ਹੇ ਚਿਣ ਲਈਏ, ਤਕੜੇ ਹੋ ਕੇ ਲੜੀਏ ਕਿਲ੍ਹੇ ਕੋਟ ਕਰਕੇ। ੩੩।

***ਐਸ ਬਿਚਾਰਤ ਆਗੇ ਗਏ॥*** ਖਾਲਸਾ ਏਸ ਤਰ੍ਹਾਂ ਦੀ ਬਿਚਾਰ ਕਰਕੇ ਜੰਗਲਾਂ ਵਿੱਚੋਂ ਅੱਗੇ ਤੁਰੇ, ਨਿਕਲੇ ਬਾਹਰ ਜੰਗਲਾਂ ਵਿੱਚੋਂ।

***ਇਮਨਾਬਾਦ ਢਿਗ ਪਹੁੰਚਤ ਭਏ॥*** ਏਮਨਾਬਾਦ ਦੇ ਕੋਲ ਪਹੁੰਚ ਗਏ ਹਨ ਸਿੰਘ।

***ਆਵੈਂ ਮਗਰ ਤੁਰਕ ਲੈ ਖੋਜ॥*** ਤੁਰਕਾਂ ਦੀ ਫ਼ੌਜ ਵੀ ਸਿੰਘਾਂ ਦਾ ਖੋਜ-ਖੁਰਾ ਲੈ ਕੇ ਸਿੰਘਾਂ ਦੇ ਪਿੱਛੇ-ਪਿੱਛੇ ਆ ਰਹੀ ਹੈ।

***ਭੂਖੀ ਫਿਰੈ ਸਿੰਘਨ ਕੀ ਫੌਜ॥੩੪॥*** ਜਦੋਂ ਸਿੰਘਾਂ ਨੂੰ ਟਿਕਣਾ ਨਾ ਮਿਲਿਆ, ਲੰਗਰ ਕਿਤੇ ਬਨਾਉਣਾ ਨਾ ਮਿਲਿਆ। ਸਿੰਘਾਂ ਦੀ ਫ਼ੌਜ ਭੁੱਖੀ ਹੀ ਫਿਰੇ ਲੰਗਰ ਤੋਂ ਬਗੈਰ, ਕਿਤੇ ਟਿਕਣ ਨੂੰ ਨਾ ਦੇਣ, ਖੜਨ ਨਾ ਦੇਣ, ਰਾਤ ਦਿਨ ਇੱਕੋ ਕਰ ਦਿੱਤਾ ਹੈ। ੩੪।

***ਦੋਹਰਾ॥ ਇਮਨਾਬਾਦ ਜਗੀਰ ਥੀ, ਖੁਦ ਜਸਪਿਤ ਦਿਵਾਨ॥*** ਖੁਦ ਦਿਵਾਨ ਜਸਪਤਿ ਰਾਇ ਦੀ ਜਗੀਰ ਸੀ ਏਮਨਾਬਾਦ ਵਿਚ, ਆਪਣੀ ਜਗੀਰ ਦੀ ਜ਼ਮੀਨ ਦੀ ਵਾਹੀ ਦਾ ਮਾਮਲਾ ਲੈਂਦੇ ਸਨ ਓਥੋਂ।

***ਊਹਾਂ ਉਗ੍ਰਾਹੀ ਕਰਤ ਥੋ, ਬਹੁਤ ਫੌਜ ਕੇ ਤਾਨ॥੩੫॥*** ਲੱਖੂ ਦਾ ਭਰਾ ਜੱਸੂ, ਉਥੇ ਬਹੁਤੀ ਫ਼ੌਜ ਨਾਲ ਲੈ ਕੇ ਉਗਰਾਹੀ ਕਰਦਾ ਫਿਰਦਾ ਸੀ, ਮਾਮਲਾ ਉਗਰਾਹ ਰਿਹਾ ਸੀ। ੩੫।

***ਚੌਪਈ॥ ਲੇਵੈ ਪੈਸੇ ਦੇ ਕੇ ਦੁੱਖ॥*** ਉਦੋਂ ਉਹੋ ਜਿਹਾ ਹੀ ਮਾਮਲਾ ਹੁੰਦਾ ਸੀ, ਜਿਹੋ ਜਿਹੀ ਫਸਲ ਹੁੰਦੀ ਸੀ, ਰੱਬੀ ਫਸਲ ਸੀ, ਕਿਹੜੀਆਂ ਨਹਿਰਾਂ ਵਗਦੀਆਂ ਸੀ ਪਰ ਇਹ ਜੱਸੂ ਸਾਡਾ ਮਾਮਲਾ ਕਰੋ, ਸਾਨੂੰ ਨਹੀਂ ਪਤਾ ਤੁਹਾਡਾ ਹੋਇਆ ਕਿ ਨਹੀਂ ਹੋਇਆ। ਜਿਮੀਂਦਾਰਾਂ ਨੂੰ ਦੁੱਖ ਦੇ ਕੇ ਤੰਗ ਕਰਕੇ ਮਾਮਲੇ ਉਗਰਾਹ ਹੁੰਦੇ ਸਨ।

***ਬੰਧੈ ਪੈਚ ਸੁ ਹੋਕੈ ਰੁਖ॥*** ਰੁੱਖੇ ਹੋ ਕੇ, ਇਹਨਾਂ ਨੇ ਕੀ ਕਰਨਾ ਜਾ ਕੇ ਪੈਂਚਾ ਨੂੰ ਬੰਨ੍ਹ ਲੈਣਾ, ਲਿਆਓ ਬਈ ! ਮਾਮਲਾ ਦਿਉ ਉਗਰਾਹ ਕੇ, ਹੁਣ ਮਾਮਲਾ ਕਿਥੋਂ ਦੇਣ? ਫਸਲ ਉੱਗੀ ਹੀ ਨਹੀਂ ਹੈ, ਮਾਮਲਾ ਤਾਂ ਆਇਆ ਹੀ ਨਹੀਂ ਲੋਕਾਂ

ਕੋਲੋਂ, ਉਨ੍ਹਾਂ ਨੂੰ ਦੁਖ ਦੇ ਕੇ ਉਨ੍ਹਾਂ ਦੇ ਪਸ਼ੂ-ਡੰਗਰ ਸਭ ਨਿਲਾਮ ਕਰਕੇ, ਆਪ ਦਾ ਮਾਮਲਾ ਪੂਰਾ ਕਰਦੇ।

***ਕਿਸੈ ਟੰਗੈ ਕਿਸੈ ਕਮਚਨ ਮਾਰੈ॥*** ਕਿਸੇ ਨੂੰ ਪੁੱਠਾ ਟੰਗ ਦਿੰਦੇ ਹਨ, ਦੇਹ ਓਇ ਮਾਮਲਾ ! ਤਾਂ ਛੱਡਾਂਗੇ (ਕਮਚਨ) ਛਿਟੀਆਂ ਤੂਤ ਦੀਆਂ ਘੜਾ ਕੇ, ਛਿਟੀਆਂ ਦੀ ਮਾਰ ਕਰਦੇ ਸਨ, ਇਉਂ ਦੁਖ ਦੇ-ਦੇ ਕੇ ਮਾਮਲਾ ਉਗਰਾਹ ਹੁੰਦੇ ਸੀ।

***ਐਸ ਭਾਂਤ ਸਿਉਂ ਮੁਲਕ ਉਜਾਰੈ॥੩੬॥*** ਏਸ ਪ੍ਰਕਾਰ ਮੁਲਖ ਨੂੰ ਉਜਾੜਦੇ ਸਨ, ਉਜੜ ਜਾਏ ਜਾਂ ਵਸੇ, ਇਨ੍ਹਾਂ ਨੂੰ ਕੀ ਹੈ। ੩੬।

***ਭੁਖੇ ਜੱਟ ਨਠ ਸਿੰਘੀ ਰਲੈਂ॥*** ਜਿਹੜਾ ਮਾਮਲਾ ਦੇਣਾ ਉਧਾਰ ਸੁਧਾਰ ਫੜ ਕੇ ਤੇ ਆਪ ਭੁੱਖੇ ਮਰਨ ਲੱਗੇ, ਭੁੱਖੇ ਮਰਦੇ ਜੱਟ ਜਿਮੀਂਦਾਰ ਜਾ ਕੇ ਸਿੰਘਾਂ ਨਾਲ ਰਲ ਗਏ ਹਨ।

***ਘਰ ਦਰ ਛਡਕੇ ਰਲੈਂ ਸੁ ਦਲੈਂ॥*** ਆਪਣਾ ਘਰ ਬਾਰ ਛੱਡ ਕੇ ਸਿੰਘਾਂ ਦੇ ਦਲਾਂ ਨਾਲ ਰਲ ਜਾਂਦੇ ਹਨ, ਸਿੰਘਾਂ ਦੇ ਜੱਥਿਆਂ ਵਿਚ ਸ਼ਾਮਲ ਹੋ ਗਏ।

***ਜਿਨ ਘਰ ਦੇਣੇ ਜੋਗੋ ਨਾਂਹੀਂ॥*** ਜਿਸ ਦੇ ਘਰ ਮਾਮਲਾ ਦੇਣ ਜੋਗਾ ਨਹੀਂ, ਔਖਾ ਹੈ ਵਿਚਾਰਾ, ਉਹ ਨੇ ਵੀ ਦੇਣਾ ਹੁੰਦਾ ਹੈ। ਸੁਖ ਨਾਲ ਤਾਂ ਸਿੰਘਾਂ ਨਾਲ ਕੋਈ ਰਲਦਾ ਨਹੀਂ, ਘਰੋਂ ਦੁਖੀ ਹੁੰਦਾ ਹੈ, ਘਰ ਦੇ ਨਹੀਂ ਸਿਆਣਦੇ ਜੇ ਭਰਾ ਤਕੜੇ ਹਨ, ਉਹ ਜ਼ਮੀਨ ਖੋਹ ਲੈਂਦੇ ਹਨ, ਉਹ ਨਹੀਂ ਦਿੰਦੇ। ਫਿਰ ਉਸ ਨੇ ਗੁਜ਼ਾਰਾ ਕਿਥੋਂ ਕਰਨਾ ਹੈ, ਆਖਰਕਾਰ ਸਿੰਘਾਂ ਵਿਚ ਹੀ ਆਉਣਾ ਹੋਇਆ, ਉਸ ਨੇ।

***ਫਿਰੈਂ ਫਰਯਾਦੀ ਖਾਲਸੇ ਪਾਹੀ॥੩੭॥*** ਫਿਰ ਖਾਲਸੇ ਕੋਲ ਰਲ ਕੇ ਫ਼ਰਿਆਦ ਕਰਦੇ ਫਿਰਦੇ ਹਨ ਕਿ ਮੇਰੀ ਕੋਈ ਫਸਲ ਨਹੀਂ ਹੋਈ ਹੈ, ਮੈਥੋਂ ਜਬਰਦਸਤੀ ਮਾਮਲਾ ਲੈਂਦੇ ਹਨ। ੩੭।

***ਫਿਰਤ ਨਠਤ ਗਏ ਰੋੜੀ ਤੀਰ॥*** ਇਉਂ ਪਿੰਡਾਂ ਦੇ ਲੋਕ ਸਿੰਘਾਂ ਨਾਲ ਰਲਣ ਲੱਗ ਪਏ, ਸਿੰਘ ਭੁੱਖੇ ਤਿਹਾਏ ਨਠਦੇ ਫਿਰਦੇ ਹੋਏ ਰੋੜੀ ਸਾਹਿਬ ਗੁਰਦੁਆਰੇ ਆ ਗਏ ਹਨ, ਏਮਨਾਬਾਦ ਦੇ ਕੋਲ, ਏਥੇ ਵਿਸਾਖੀ ਦਾ ਮੇਲਾ ਲੱਗਦਾ ਹੈ।

***ਨ੍ਹਾਵਨ ਚਾਹੈਂ ਸੁਫਲ ਸਰੀਰ॥*** ਸਿੰਘਾਂ ਆਖਿਆ ਵਿਸਾਖੀ ਦਾ ਪੁਰਬ ਮਨਾ ਲਈਏ, ਵਿਸਾਖੀ ਦਾ ਇਸ਼ਨਾਨ ਕਰ ਲਈਏ, ਸਰੀਰ ਹੀ ਸੁਫਲ ਹੋ ਜਾਏ।

***ਤਿਹ ਸਿੰਘਨ ਆ ਮੇਲਾ ਲਾਯਾ॥*** ਉੱਥੇ ਆ ਕੇ ਸਿੰਘਾਂ ਨੇ ਵਿਸਾਖੀ ਦਾ ਜੋੜ ਮੇਲਾ ਆ ਲਾਇਆ ਹੈ।

***ਜਸਪਤ ਕੋ ਯੌ ਲਿਖ ਪਠਵਾਯਾ॥੩੮॥*** ਦਿਵਾਨ ਜਸਪਤ ਨੂੰ ਇਉਂ ਚਿੱਠੀ ਲਿਖ ਕੇ ਭੇਜੀ ਹੈ ਸਿੰਘਾਂ ਨੇ। ੩੮।

***ਦੋਹਰਾ॥ ਸਿੰਘ ਸੁ ਬਹੁਤੇ ਦਿਨਨ ਕੇ ਭੂਖੇ ਅੰਨ ਕੋ ਤ੍ਰਾਸ॥*** ਚਿੱਠੀ ਲਿਖਦੇ ਹਨ, ਜਸਪਤਿ ! ਸਿੰਘ ਬਹੁਤੇ ਦਿਨਾਂ ਦੇ ਭੁੱਖੇ ਹਨ, ਅੰਨ-ਅਨਾਜ ਤੋਂ ਬਿਨਾਂ।

***ਲਿਖ ਭੇਜੀ ਇਮ ਖਾਲਸੇ, ਜਸਪਤਿ ਕੋ ਅਰਦਾਸ॥੩੯॥*** ਜਸਪਤਿ ਨੂੰ (ਅਰਦਾਸ) ਬੇਨਤੀ-ਪੱਤਰ ਇਉਂ ਖਾਲਸੇ ਨੇ ਲਿਖ ਭੇਜਿਆ ਹੈ। ੩੯।

***ਚੌਪਈ॥ ਦਿਵਾਨ ਹਿੰਦੂ ਤੂੰ ਗੁਰੂ ਬਨਾਯਾ॥*** ਉਸ ਦੇ ਵਿਚ ਲਿਖਿਆ ਚਿੱਠੀ ਦੇ, ਹੇ ਦਿਵਾਨ ਸਾਹਿਬ ! ਗੁਰੂ ਨੇ ਕਿਰਪਾ ਕੀਤੀ ਹੋਈ ਹੈ, ਤੈਨੂੰ ਵਜ਼ੀਰੀ ਦਿੱਤੀ ਹੋਈ ਹੈ, ਤੂੰ ਵਜ਼ੀਰ ਹੈਂ ਇਸ ਇਲਾਕੇ ਉੱਤੇ।

***ਜਸਪਤ ਕੋ ਇਮ ਲਿੱਖ ਪਠਾਯਾ॥*** ਲਿਖ ਕੇ ਜਸਪਤ ਨੂੰ ਚਿੱਠੀ ਭੇਜੀ ਹੈ ਖਾਲਸੇ ਨੇ।

***ਹਮਰਾ ਤੁਮਰਾ ਬੈਰ ਸੁ ਨਾਂਹੀ॥*** ਸਾਡਾ ਤੁਹਾਡਾ ਕੋਈ ਵੈਰ ਵਿਰੋਧ ਨਹੀਂ ਹੈ, ਤੂੰ ਵੀ ਹਿੰਦੂ ਹੈਂ, ਏਧਰ ਵੀ ਖਾਲਸਾ ਹੈ, ਕੋਈ ਸਾਡਾ ਝਗੜਾ ਨਹੀਂ, ਤੇਰੇ ਨਾਲ ਕਿਸੇ ਕਿਸਮ ਦਾ।

***ਬੈਰ ਹਮਾਰਾ ਤੁਰਕਨ ਤਾਂਈ॥੪੦॥*** ਜੇ ਸਾਡਾ ਵੈਰ ਹੈ, ਤਾਂ ਤੁਰਕਾਂ ਨਾਲ ਹੈ, ਤੁਹਾਡੇ ਨਾਲ ਤਾਂ ਕੋਈ ਵੈਰ ਨਹੀਂ ਹੈ, ਹਿੰਦੂਆਂ ਨਾਲ। ੪੦।

***ਰਸਤ ਮੋਲ ਹਮ ਲੈਣੀ ਚਾਹੈਂ॥*** ਰਸਤ ਮੁਫਤ ਨਹੀਂ ਮੰਗਦੇ ਅਸੀਂ, ਮੁੱਲ ਲੈਣੀ ਚਾਹੁੰਦੇ ਹਾਂ, ਪੈਸੇ ਦੇ ਕੇ ਖਰੀਦਣੀ

ਚਹੁੰਦੇ ਹਾਂ।

***ਸ਼ਹਿਰ ਤੁਮਾਰੋ ਖਰੀਦ ਕਰਾਹੈਂ॥*** ਤੁਹਾਡਾ ਸ਼ਹਿਰ ਹੈ, ਤੁਹਾਡੀ ਜਗੀਰ ਹੈ, ਏਥੋਂ ਅਸੀਂ ਖਰੀਦ ਕਰਨੀ ਚਾਹੁੰਦੇ ਹਾਂ, ਪੈਸੇ ਦੇ ਕੇ ਰਸਤ ਲੈਣੀ ਚਹੁੰਦੇ ਹਾਂ।

***ਸਿੰਘ ਭੁਖੇ ਬਹੁ ਦਿਨ ਕੇ ਆਂਹੀਂ॥*** ਬਹੁਤ ਦਿਨਾਂ ਦੇ ਕੜਾਕੇ ਲੱਗੇ ਹੋਏ ਨੇ, ਸਿੰਘ ਭੁੱਖੇ ਹਨ, ਸਾਰੇ ਹੀ।

***ਤੁਮਰੋ ਕਛੁ ਬਿਗਾਰੈਂ ਨਾਹੀਂ॥੪੧॥*** ਤੇਰੇ ਇਲਾਕੇ ਦੀ ਕੋਈ ਚੀਜ਼ ਨਹੀਂ ਵਿਗਾੜਾਂਗੇ, ਕੋਈ ਤੇਰੀ ਲੁੱਟ-ਮਾਰ ਨਹੀਂ ਕਰਦੇ ਅਸੀਂ। ੪੧।

***ਮੁਲਖ ਆਪਨਾ ਲੇਹੁ ਬਚਾਇ॥*** ਅਸੀਂ ਪੈਸੇ ਨਾਲ ਵਸਤੂ ਲੈ ਲਵਾਂਗੇ ਅਤੇ ਤੇਰਾ ਮੁਲਖ ਵੀ ਬਚ ਜਾਇਗਾ, ਤੇਰੀ ਚੀਜ਼ ਕੋਈ ਲੁੱਟਦੇ ਨਹੀਂ, ਤੇਰਾ ਕੋਈ ਨੁਕਸਾਨ ਨਹੀਂ ਕਰਾਂਗੇ।

***ਔਰ ਮੁਲਕ ਹਮ ਬੜਹੈਂ ਜਾਇ॥*** ਤਿੰਨ ਦਿਨ ਏਥੇ ਮੇਲਾ ਕਰਕੇ ਫਿਰ ਅਸੀਂ ਹੋਰ ਮੁਲਕ ਵਿਚ ਜਾ ਵੜਾਂਗੇ, ਤੇਰਾ ਇਲਾਕਾ ਛੱਡ ਜਾਵਾਂਗੇ।

***ਯਹ ਸੁਨ ਜਸਪਤਿ ਕੀਨੋ ਬੋਜ॥*** ਇਹ ਸੁਣ ਕੇ ਜਸਪਤ ਨੇ ਬੜਾ ਗੁੱਸਾ ਕੀਤਾ ਹੈ।

***ਮੈਂ ਮਾਰੋਂ ਕੱਢ ਤੁਮਰੋ ਖੋਜ॥੪੨॥*** ਕਹਿੰਦਾ ਮੈਂ ਤਾਂ ਤੁਹਾਨੂੰ ਲੱਭਦਾ ਫਿਰਦਾ ਹਾਂ, ਜੰਗਲਾਂ ਵਿਚ ਤੁਹਾਡੀ ਭਾਲ ਕਰਦਾ ਹਾਂ, ਮੈਂ ਤਾਂ ਖੋਜ-ਖੋਜ ਕੇ ਮਾਰਦਾ ਹਾਂ, ਤੁਸੀਂ ਤਾਂ ਲੱਭੇ ਹੀ ਨਹੀਂ ਮੈਨੂੰ ਹੁਣ ਤਾਂਈਂ। ਵਾਹ ਭਈ ਵਾਹ ! ਏਥੇ ਮੇਰੇ ਏਰੀਏ ਵਿਚ ਆ ਗਏ ਹੋ?। ੪੨।

***ਨਿਕਸ ਝੱਲੋਂ ਤੁਮ ਬਾਹਰ ਧਾਏ॥*** ਜੰਗਲਾਂ ਵਿੱਚੋਂ ਲੁਕੇ ਹੋਏ ਹੁਣ ਤੁਸੀਂ ਬਾਹਰ ਨਿਕਲ ਆਏ ਹੋ।

***ਤੁਮ ਕੋ ਪਕੜ ਸੁ ਜਮ ਲੈ ਆਏ॥*** ਤੁਹਾਨੂੰ ਤਾਂ ਜਮ ਫੜ ਕੇ ਲੈ ਆਏ ਹਨ, ਮੇਰੇ ਇਲਾਕੇ ਵਿਚ, ਤੁਹਾਡੀ ਮੌਤ ਆ ਗਈ ਨੇੜੇ, ਤਾਂ ਤੁਸੀਂ ਨਿਕਲੇ ਹੋ- ਝੱਲਾਂ ਵਿੱਚੋਂ ਬਾਹਰ, ਸਮਝੋ ਤੁਹਾਡੀ ਮੌਤ ਲਿਆਈ ਹੈ, ਏਥੇ।

***ਸੀਸ ਮੁੰਨੋਂ ਤੁਮ ਜਾਟ ਬਨਾਵੋਂ॥*** ਬੇਈਮਾਨ ਨੇ ਖੋਟਾ ਸ਼ਬਦ ਕਿਹਾ ਹੈ, ਕਹਿਣ ਲਗਾ, ਮੈਂ ਤੁਹਾਡਾ ਸਿਰ ਮੁੰਨ ਕੇ ਤੁਹਾਨੂੰ ਜੱਟ ਬਣਾ ਦਿਆਂਗਾ, ਮੁੜ ਕੇ।

***ਤੁਮਰੇ ਬਾਲਨ ਮਾਲ੍ਹ ਬਨਾਵੋਂ॥੪੩॥*** ਤੁਹਾਡੇ (ਬਾਲਨ) ਕੇਸਾਂ ਨੂੰ ਵੱਟ ਦੇ ਕੇ (ਮਾਲ੍ਹ) ਰੱਸੇ ਬਣਾਵਾਂਗਾ। ੪੩।

***ਦੋਹਰਾ॥ ਜੈਸੇ ਗੋਲੀ ਨਥ ਮੰਗੈ, ਖਸਮ ਚਾਹੇ ਕਟ ਨੱਕ॥*** ਭਾਈ ਸਾਹਿਬ ਜੀ ਪ੍ਰਮਾਣ ਦਿੰਦੇ ਹਨ, ਗੋਲੀ ਤਾਂ ਕਹਿੰਦੀ ਕੋਈ ਇਨਾਮ ਦਿਉ ਜੀ, ਮੈਨੂੰ ਨੱਥ ਘੜਾ ਕੇ, ਮੈਨੂੰ ਕੋਈ ਸੋਨੇ ਦਾ ਗਹਿਣਾ ਇਨਾਮ ਦਿਓ। ਮਾਲਕ ਗੋਲੀ ਦਾ ਨੱਕ ਵੱਢਣਾ ਚਾਹੁੰਦਾ ਹੈ ਕਿ ਨੱਥ ਦਾ ਝਗੜਾ ਹੀ ਖ਼ਤਮ ਹੋ ਜਾਵੇ।

***ਹਮ ਤੁਮ ਚਾਹੈਂ ਮਾਰਨੋ, ਤੁਮ ਮਾਂਗੋ ਰਸਤ ਅਸ਼ੱਕ॥੪੪॥*** ਏਸੇ ਤਰ੍ਹਾਂ ਅਸੀਂ ਤਾਂ ਤੁਹਾਨੂੰ ਮਾਰਨਾ ਚਾਹੁੰਦੇ ਹਾਂ, ਤੁਸੀ ਬਿਨਾਂ ਸ਼ੱਕ ਤੋਂ ਰਸਤਾਂ ਮੰਗ ਰਹੇ ਹੋ,ਸਾਥੋਂ। ੪੪।

***ਚੌਪਈ॥ ਹਮ ਸੋਂ ਅਬ ਤੁਮ ਚਾਹੋਂ ਰਸਤ॥*** ਤੁਸੀਂ ਸਾਡੇ ਕੋਲ ਰਸਤਾਂ ਚਹੁੰਦੇ ਹੋ, ਹੁਣ ਆ ਕੇ।

***ਤੁਮ ਕੋ ਮਾਰੋਂ ਕਰ ਬੰਦੁਬਸਤ॥*** ਤੁਹਾਡਾ ਮੈਂ ਹੁਣੇ ਬੰਦੋਬਸਤ ਕਰਦਾ ਹਾਂ, ਤੁਹਾਨੂੰ ਹੁਣੇ ਮਾਰਦਾ ਹਾਂ ਮੈਂ, ਦੇਖਿਓ ਤਾਂ ਸਹੀ ਤੁਸੀਂ।

***ਭਾਈ ਲਖਪਤਿ ਸੁਨ ਅਬ ਪਾਵੈ॥*** ਦਬਕਾ ਮਾਰਦਾ ਹੈ ਲੱਖੂ ਦਾ, ਜੱਸੂ ਖੱਤਰੀ ਕਹਿੰਦਾ ਹੈ ਕਿ ਜੇ ਮੇਰੇ ਭਾਈ ਲਖਪਤਿ ਰਾਇ (ਲੱਖੂ) ਨੇ ਸੁਣ ਲਿਆ ਹੁਣ ਕਿ ਤੁਸੀਂ ਏਮਨਾਬਾਦ ਵਿਚ ਮੇਲਾ ਲਗਾਉਣ ਲੱਗੇ ਹੋ।

***ਮਨੀ ਸਿੰਘ ਜਿਮ ਫੜ ਲੈ ਜਾਵੈ॥੪੫॥*** ਉਹ ਆ ਕੇ ਤੁਹਾਨੂੰ ਮਨੀ ਸਿੰਘ ਦੇ ਵਾਂਗ ਫੜ ਕੇ ਲੈ ਜਾਇਗਾ ਲਹੌਰ ਨੂੰ। ੪੫।

***ਜਾਇ ਨ੍ਵਾਬ ਕੇ ਆਗੈ ਸਿਟਾਵੈ॥*** ਤੁਹਾਨੂੰ ਲਿਜਾ ਕੇ ਲਹੌਰ ਦੇ ਨਵਾਬ ਅੱਗੇ ਸੁੱਟ ਦਏਗਾ ਕਿ ਇਹ ਮੈਂ ਫੜ ਕੇ ਲਿਆਂਦੇ

ਹਨ।

***ਬੰਦ ਬੰਦ ਤੁਮ ਉਮੈਂ ਕਟਾਵੈ॥*** ਜਿਵੇਂ ਭਾਈ ਮਨੀ ਸਿੰਘ ਦਾ ਬੰਦ-ਬੰਦ ਕਟਵਾਇਆ ਨਾ, ਉਵੇਂ ਹੀ ਤੁਹਾਡਾ ਬੰਦ-ਬੰਦ ਕਟਵਾ ਦਏਗਾ ਮੇਰਾ ਭਰਾ, ਜੇ ਉਸ ਨੂੰ ਪਤਾ ਲੱਗ ਗਿਆ।

***ਸੁਨਤ ਸਿੰਘਨ ਕੋ ਆਯੋ ਯਾਦ॥*** ਜਦੋਂ ਇਹ ਗੱਲ ਸੁਣੀ, ਤਾਂ ਸਿੰਘਾਂ ਨੂੰ ਚੇਤਾ ਆ ਗਿਆ ਭਾਈ ਮਨੀ ਸਿੰਘ ਦਾ, ਓਹੋ! ਇਹ ਤਾਂ ਸਾਡੇ ਭਾਈ ਮਨੀ ਸਿੰਘ ਦਾ ਕਾਤਲ ਹੈ।

***ਕਹਯੋ ਸਿੰਘਨ, ਲਿਹੁ ਬਦਲੋ ਤਾਦ॥੪੬॥*** ਤਦ ਸਿੰਘਾਂ ਨੇ ਝੱਟ ਗੁਰਮਤਾ ਸੋਧ ਲਿਆ ਕਿ ਬਦਲਾ ਲਵੋ, ਦੁਸ਼ਟ ਤੋਂ। ਜੋ ਇਸ ਦੇ ਭਰਾ ਨੇ ਕਾਰਾ ਕੀਤਾ ਹੈ, ਉਸ ਦਾ ਸਾਨੂੰ ਮਿਹਣਾ ਮਾਰਿਆ ਹੈ ਇਸ ਨੇ, ਇਸ ਨੂੰ ਸੁੱਟੋ ਹੁਣ, ਇਹ ਨਾ ਜਾਇ ਜਿਉਂਦਾ। ੪੬।

***ਯਾਦ ਕਰਾਈ ਇਸ ਨਿਜ ਮੌਤ॥*** ਇਸ ਨੇ ਤਾਂ ਆਪ ਦੀ ਮੌਤ ਚੇਤੇ ਕਰਾ ਦਿੱਤੀ ਹੈ, ਸਾਨੂੰ ਖਾਲਸਾ ਜੀ!

***ਸ਼ੇਰ ਜਗਾਯੋ ਫੜ ਮੁੱਛਲ ਸੌਤ॥*** ਸੁੱਤੇ ਸ਼ੇਰ ਨੇ ਕਹਿੰਦੇ ਮੁੱਛਾਂ ਤੋਂ ਫੜ ਕੇ ਜਗਾਇਆ ਹੈ ਇਸ ਨੇ, ਸਿੰਘਾਂ ਨੂੰ ਚੇਤਾ ਆ ਗਿਆ ਹੈ ਕਿ ਇਹ ਤਾਂ ਦੁਸ਼ਟ ਹੈ, ਅਸੀਂ ਤਾਂ ਬਦਲਾ ਲੈਣਾ ਹੈ ਇਸ ਦੇ ਕੋਲੋਂ।

***ਮਨੀ ਸਿੰਘ ਇਸ ਭ੍ਰਾਇ ਫੜਾਯਾ॥*** ਇਸ ਦੇ ਸਕੇ ਭਰਾ (ਲੱਖੂ) ਨੇ ਭਾਈ ਮਨੀ ਸਿੰਘ ਨੂੰ ਫੜਾਇਆ ਸੀ।

***ਬਦਲੇ ਲਹੌ ਅਬ ਯਹ ਦਾਇ ਆਯਾ॥੪੭॥*** ਹੁਣ ਇਹ ਸਾਡੇ ਦਾਉ ਹੇਠ ਆਇਆ ਹੈ, ਲੈ ਲਵੋ ਬਦਲੇ ਹੁਣ, ਹੁਣ ਨਾ ਜਾਵੇ ਸੁੱਕਾ। ੪੭।

***ਜਬ ਸਿੰਘਨ ਐਸ ਸੁਨ ਪਾਯੋ॥*** ਜਦੋਂ ਸਿੰਘਾਂ ਨੇ ਜੱਸੂ ਦੇ ਮੂੰਹੋਂ ਐਸੇ ਕੁਵਾਕ ਸੁਣੇ।

***ਜਨ ਬਿਛੂ ਤਨ ਡੰਕ ਲਗਾਯੋ॥*** ਇਉਂ ਜਾਣੋ, ਜਿਵੇਂ ਬਿੱਛੂ ਨੇ ਡੰਗ ਮਾਰ ਦਿੱਤਾ ਹੋਵੇ, ਐਸੀ ਹਾਲਤ ਹੋ ਗਈ ਹੈ ਸਿੰਘਾਂ ਦੀ, ਸਿੰਘਾਂ ਨੂੰ ਰੋਹ ਚੜ੍ਹ ਗਿਆ ਹੈ ਇਕ ਦਮ।

***ਤਬੀ ਖਾਲਸੇ ਕਰੀ ਅਰਦਾਸ॥*** ਤਦ ਸਿੰਘਾਂ ਅਰਦਾਸਾ ਸੋਧਿਆ ਹੈ ਗੁਰੂ ਮਹਾਰਾਜ ਅੱਗੇ।

***ਖੱਤ੍ਰੀ ਮਾਰੈਂ ਹੁਇ ਕੰਮ ਰਾਸ॥੪੮॥*** ਅਰਦਾਸ ਵਿਚ ਏਸ ਤਰ੍ਹਾਂ ਕਿਹਾ, 'ਹੇ ਸੱਚੇ ਪਾਤਸ਼ਾਹ ਜੀ ! ਅਸੀਂ ਏਸ ਖੱਤਰੀ ਨੂੰ ਮਾਰੀਏ' ਆਪ ਜੀ ਦੇ ਖਾਲਸੇ ਦਾ ਇਹ ਕੰਮ ਰਾਸ ਹੋਵੇ, ਆਪ ਦੇ ਖਾਲਸੇ ਨੂੰ ਜੱਸੂ ਖੱਤਰੀ ਮਾਰਨ ਦਾ ਬਲ ਬਖ਼ਸ਼ਣਾਂ, ਅੰਗ-ਸੰਗ ਹੋ ਕੇ ਸਹਾਇਤਾ ਕਰਨੀ। ੪੮।

***ਦੋਹਰਾ॥ ਵਹਿ ਲੂਟਨ ਚੜ੍ਹਿਓ ਖਾਲਸੇ, ਸੋ ਲੀਓ ਖਾਲਸੇ ਲੂਟ॥*** ਉਸ ਨੇ ਤਾਂ ਖਾਲਸੇ ਨੂੰ ਲੁੱਟਣ ਵਾਸਤੇ ਖਾਲਸੇ 'ਤੇ ਚੜ੍ਹਾਈ ਕੀਤੀ ਸੀ, ਪਰ ਉਲਟਾ ਖਾਲਸੇ ਨੇ ਉਸ ਨੂੰ ਲੁੱਟ ਲਿਆ ਹੈ, ਉਸ ਤੋਂ ਸਭ ਕੁਛ ਖੋਹ ਲਿਆ ਹੈ।

***ਨਿਬਾਹੂ ਸਿੰਘ ਗਜ ਪੈ ਚੜ੍ਹਯੋ ਮਾਰ ਤੇਗਾ ਦਿਓ ਸੂਟ॥੪੯॥*** ਨਿਬਾਹੂ ਸਿੰਘ ਹਾਥੀ ਦਾ ਰੱਸਾ ਫੜ ਕੇ ਉੱਤੇ ਚੜ੍ਹ ਗਿਆ ਤੇ ਜੱਸੂ ਦੇ ਸਿਰ ਵਿਚ ਤਲਵਾਰ ਮਾਰ ਕੇ ਉਸ ਨੂੰ ਹਾਥੀ ਤੋਂ ਸੁੱਟ ਦਿੱਤਾ ਹੈ। ੪੯।

***ਚੌਪਈ॥ ਨਿਬਾਹੂ ਸਿੰਘ ਚੜ੍ਹ ਗਜ ਪੈ ਗਯੋ॥*** ਨਿਬਾਹੂ ਸਿੰਘ ਰੰਘਰੇਟਾ ਜੱਸੂ ਦੇ ਹਾਥੀ 'ਤੇ ਚੜ੍ਹ ਗਿਆ ਹੈ।

***ਸੀਸ ਕਾਟ ਸਭ ਜ਼ੇਵਰ ਲਯੋ॥*** ਉਸ ਦਾ ਸਿਰ ਵੱਢ ਕੇ ਹੇਠਾਂ ਸੁੱਟਿਆ ਤੇ ਉਸ ਦੇ ਸਭ ਗਹਿਣੇ ਮੋਤੀ, ਹੀਰੇ, ਜਵਾਹਰਾਤ ਕਲਗੀਆਂ ਲੱਗੀਆਂ ਹੋਈਆਂ ਸਭ ਲਾਹ ਕੇ ਝੋਲੇ ਦੇ ਵਿਚ, ਉਦੋਂ ਹੀ ਲਾਹ ਲਿਆ ਹੈ ਉਸ ਦਾ ਗਹਿਣਾ ਗੱਟਾ ਸਾਰਾ।

***ਔਰ ਦਰਬ ਦਈ ਊਪਰੋਂ ਗੇਰ॥*** ਅਤੇ ਜਿਹੜਾ ਮਾਮਲਾ ਉਗਰਾਹੁੰਦਾ ਸੀ ਲੋਕਾਂ ਤੋਂ, ਉਹ ਹਾਥੀ ਦੇ ਹੌਦੇ ਵਿਚ ਰੱਖਿਆ ਹੋਇਆ ਸੀ, ਹੋਰ ਸਾਰਾ ਧਨ ਹਾਥੀ ਉਪਰੋਂ ਹੇਠਾਂ ਸੁੱਟ ਦਿੱਤਾ ਹੈ, ਨਿਬਾਹੂ ਸਿੰਘ ਨੇ।

***ਔਰ ਸਿੰਘਨ ਚਕ ਲੀਨੀ ਢੇਰ॥੫੦॥*** ਹਾਥੀ ਭਰਿਆ ਹੋਇਆ ਸੀ, ਉਤੇ ਮਾਇਆ ਨਾਲ ਲੱਦਿਆ ਹੋਇਆ, ਸਿੰਘਾਂ ਨੇ

ਉਹ ਸਾਰਾ ਮਾਇਆ ਦਾ ਢੇਰ ਹੱਲਾ ਬੋਲ ਕੇ ਚੁੱਕ ਲਿਆ ਹੈ। ੫੦।

***ਦੋਹਰਾ॥ ਠਾਰਾਂ ਸੈ ਚੌਰੋ ਤਰੋ ਹੁਤੋ ਬਿਕ੍ਰਮ ਨ੍ਰਿਪ ਸਾਲ॥*** ਇਹ ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰਨ ਤੋਂ ਦੋ ਸਾਲ ਬਾਅਦ ਦੀ ਗੱਲ ਹੈ। ਉਸ ਸਮੇਂ ਬਿਕ੍ਰਮਜੀਤ ਰਾਜੇ ਦਾ ਸੰਮਤ ਬਿਕ੍ਰਮੀ ਅਠਾਰ੍ਹਾਂ ਸੌ ਤੋਂ ਚਾਰ ਉਤੇ ਸੀ, ਅਠਾਰ੍ਹਾਂ ਸੌ ਚਾਰ (੧੮੦੪) ਸੰਬਤ ਬਿਕ੍ਰਮੀ ਸੀ।

***ਜਸਪਤ ਖਤ੍ਰੀ ਮਾਰ ਕੇ ਲੀਯੋ ਸਿੰਘਨ ਬਹੁ ਮਾਲ॥੫੧॥*** ਜਸਪਤ ਖੱਤਰੀ ਨੂੰ ਮਾਰ ਕੇ ਸਿੰਘਾਂ ਨੇ ਬਹੁਤ ਮਾਲ ਲਿਆ ਹੈ ਇਸ ਦੇ ਕੋਲੋਂ, ਹੋਰ ਬਹੁਤ ਮਾਲ ਖਾਲਸੇ ਦੇ ਹੱਥ ਲੱਗਿਆ ਹੈ, ਜੱਸੂ ਨੂੰ ਮਾਰ ਕੇ। ੫੧।

*ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥*

## ਸਾਖੀ ਘੱਲੂਘਾਰੇ ਪੜੋਲ ਕਠੂਹੇ ਕੀ

### (ਛੋਟਾ ਘੱਲੂਘਾਰਾ ਪੜੋਲ ਕਠੂਹੇ ਵਾਲਾ)

***ਦੋਹਰਾ॥ ਪੜੋਲ ਕਠੂਹੋਂ ਬਸੋਲੀ ਜੰਬੂ ਜ਼ਿਲੌ ਸੁ ਆਹਿ॥*** ਅਗਲੇ ਪਾਸੇ ਪੜੋਲ ਤੇ ਜੰਮੂ ਸ਼ਹਿਰ, ਸਿਆਲਕੋਟ ਦੇ ਨਾਲ ਹੀ ਜੰਮੂ ਲੱਗ ਜਾਂਦਾ ਹੈ, ਕਸ਼ਮੀਰ ਦਾ ਏਰੀਆ, ਭਾਵ ਇਹ ਜੋ ਨਾਲ ਨਾਲ ਇਲਾਕਾ ਸੀ, ਰਾਵੀ ਦਾ ਇਹ ਝੱਲ ਸੀ। ਏਮਨਾਬਾਦ ਰਾਵੀ ਤੇ ਝਨਾਂ ਦੇ ਵਿਚਕਾਰ ਹੈ। ਏਥੋਂ ਲੁੱਟ ਕੇ ਕਠੂਹੇ ਨੂੰ ਚਲ ਪਿਆ ਹੈ, ਖਾਲਸਾ।

***ਘੱਲੂਘਾਰੋ ਅਤਿ ਬਡੋ, ਭਯੋ ਆਦਿ ਥੋ ਵਾਹਿ॥੧॥*** ਇਹ 'ਆਦਿ' ਪਹਿਲਾ ਘੱਲੂਘਾਰਾ ਜਿਹੜਾ ਵੱਡਾ ਘੱਲੂਘਾਰਾ ਉਦੋਂ ਕਿਹਾ ਜਾਂਦਾ ਸੀ। ਜਸਪਤਿ ਰਾਏ (ਜੱਸੂ) ਨੂੰ ਮਾਰਨ ਤੋਂ ਬਾਅਦ ਖਾਲਸੇ 'ਤੇ ਇਹ ਪਹਿਲਾ ਸਭ ਤੋਂ ਵੱਡਾ ਘੱਲੂਘਾਰਾ ਵਾਪਰਿਆ। ੧।

***ਚੌਪਈ॥ ਜਿਸ ਦਿਨ ਜਸਪਤਿ ਮਾਰ ਸੁ ਲਯੋ॥*** ਜਿਸ ਦਿਨ ਤੋਂ ਜਸਪਤ ਨੂੰ ਸਿੰਘਾਂ ਨੇ ਮਾਰ ਲਿਆ ਹੈ।

***ਸਿੰਘਨ ਟੂਟ ਦਰਿਦ੍ਰ ਗਯੋ॥*** ਉਸ ਦਿਨ ਤੋਂ ਸਿੰਘਾਂ ਦਾ ਦਲਿੱਦਰ ਟੁੱਟ ਗਿਆ ਹੈ।

***ਇਮਨਾਬਾਦ ਭੀ ਸ਼ਹਰ ਸੁ ਟੂਟਾ॥*** ਏਮਨਾਬਾਦ ਸ਼ਹਿਰ 'ਤੇ ਹੱਲਾ ਬੋਲ ਕੇ ਉਸ ਨੂੰ ਵੀ ਤੋੜ ਲਿਆ ਹੈ।

***ਉਹ ਭੀ ਖਾਲਸੋ ਅੱਛੋ ਲੂਟਾ॥੨॥*** ਉਸ ਨੂੰ ਸਿੰਘਾਂ ਨੇ ਚੰਗਾ ਲੁੱਟਿਆ ਹੈ, ਜਿਥੇ ਇਹਨਾਂ ਖੱਤਰੀਆਂ ਦੇ ਮਹਿਲ ਮਾੜੀਆਂ ਸਨ, ਉੱਥੇ ਜਾ ਵੜੇ ਹਨ ਅੰਦਰ, ਜਿਥੇ ਧਨ ਪਦਾਰਥਾਂ ਦੇ ਕੋਠੇ ਭਰੇ ਹੋਏ ਸਨ, ਸਿੰਘ ਦਾਖ਼ਲ ਹੋ ਗਏ ਹਨ, ਸ਼ਹਿਰ ਵਿਚ। ੨।

***ਬਹੁਤ ਖਜ਼ਾਨਾ ਥਾ ਤਿਸ ਸਾਥ॥*** ਉਸ ਦੇ ਸਾਥ ਬੜਾ ਭਾਰੀ ਖਜ਼ਾਨਾ ਸੀ, ਏਮਨਾਬਾਦ ਵਿਚ ਇਕੱਠਾ ਕੀਤਾ ਹੋਇਆ।

***ਲਾਗਯੋ ਭੂਖੇ ਸਿੰਘਨ ਹਾਥ॥*** ਸਿੰਘ ਤਾਂ ਪਹਿਲਾਂ ਹੀ ਭੁੱਖੇ ਸਨ, ਰਸਤਾਂ ਬਸਤਾਂ ਤਾਂ ਅਲੱਗ ਰਹਿ ਗਈਆਂ, ਖਜ਼ਾਨਾ ਵੀ ਬੜਾ ਭਾਰੀ ਸਿੰਘਾਂ ਦੇ ਹੱਥ ਲੱਗ ਗਿਆ।

***ਤੌ ਫਿਰ ਰਾਜਨ ਰਾਜਾ ਜਾਪੈਂ॥*** ਜਦੋਂ ਸਿੰਘ ਅੰਦਰ ਵੜੇ, ਵੱਡੇ-ਵੱਡੇ ਸ਼ਾਹੀ ਚੋਲੇ, ਕਲਗੀਆਂ ਤੋੜੇ, ਹੀਰੇ ਮੋਤੀਆਂ ਦੀਆਂ

ਮਾਲਾਂ, ਅੰਗੂਠੀ ਕੜੇ, ਕੰਠੇ, ਜੜੇ ਜੜਾਏ ਸੋਨੇ ਦੇ। ਸਿੰਘਾਂ ਨੇ ਝਟਪਟ ਪਉਣ ਦੀ ਕੀਤੀ। ਸਿੰਘ ਤਾਂ ਨੰਗੇ ਪਿੰਡੇ ਫਿਰਦੇ ਸਨ। ਸੋਹਣੀਆਂ ਰੇਸ਼ਮੀ ਪੁਸ਼ਾਕਾਂ ਪਾ ਕੇ ਕਮਰਕਸੇ ਕਰ ਲਏ। ਸਿੰਘ ਤਾਂ ਰਾਜੇ ਹੀ ਰਾਜੇ ਦਿਸਣ ਲੱਗ ਪਏ। ਜਦੋਂ ਕਲਗੀਆਂ ਲੱਗੀਆਂ, ਚੀਰੇ ਸੋਹਣੇ ਰੇਸ਼ਮੀ ਸਜਾ ਲਏ, ਹੁਣ ਇਹ ਤਾਂ ਪਤਾ ਨਾ ਲੱਗੇ ਸਿਪਾਹੀ ਕਿਹੜਾ ਇਹਨਾਂ ਵਿਚ ਸਾਰੇ ਹੀ ਸਰਦਾਰ, ਸਾਰੇ ਹੀ ਰਾਜੇ, ਕਲਗੀਆਂ ਲਾਈ ਫਿਰਨ ਤਬੇਲਿਆਂ ਵਿੱਚੋਂ ਚੰਗੇ-ਚੰਗੇ ਘੋੜੇ ਖੋਹ ਲਏ ਸਿੰਘਾਂ ਨੇ, ਮਾਲੋ-ਮਾਲ ਹੋ ਗਿਆ ਖਾਲਸਾ।

***ਦੀਸੈਂ ਭੂਪਤਿ ਨਾਂਹਿ ਸਿਵਾਪੈ॥੩॥*** ਚਿਹਰਿਆਂ 'ਤੇ ਸਿੰਘਾਂ ਦੇ ਲਾਲੀਆਂ ਚਮਕਦੀਆਂ ਸਨ, ਸਾਰੇ ਸਿੰਘ ਰਾਜਿਆਂ ਵਾਂਗ ਹੀ ਦਿਸਦੇ ਹਨ, ਕੋਈ ਸਿਆਣ ਵਿਚ ਨਹੀਂ ਆਉਂਦਾ ਕਿ ਕਿਹੜਾ ਸਿੰਘ ਹੈ। ੩।

***ਦੋਹਰਾ॥ ਯਹੀ ਬਾਤ ਲਖਪਤਿ ਸੁਨੀ, ਢਿਗ ਨਵਾਬ ਦਈ ਪਗ ਡਾਰ॥*** ਜੱਸੂ ਦੇ ਭਰਾ ਲੱਖੂ, ਨਾਮ ਤਾਂ ਇਹਨਾਂ ਦਾ ਜਸਪਤ ਰਾਏ ਤੇ ਲਖਪਤ ਰਾਏ ਸੀ, ਲਹੌਰੀ ਨਵਾਬ ਦੇ ਇਹ ਦਿਵਾਨ ਸਨ, ਪਰ ਖਾਲਸੇ ਪੰਥ ਦੇ ਜਾਨੀ ਹੋਣ ਕਰਕੇ ਅਤੇ ਕੌਮ ਦੇ ਗ਼ਦਾਰ ਹੋਣ ਕਰਕੇ, ਖੱਤ੍ਰੀਆਂ ਵਿੱਚੋਂ ਇਹ ਤੁਰਕਾਂ ਨੇ ਜ਼ੁਲਮ ਕਰਨ ਵਾਸਤੇ ਇਹ ਮੁਹਰੇ ਬਣਾਏ ਹੋਏ ਸਨ, ਏਸ ਕਰਕੇ ਸਿੰਘ ਇਹਨਾਂ ਨੂੰ ਜੱਸੂ ਤੇ ਲੱਖੂ ਕਹਿ ਕੇ ਹੀ ਸੱਦਦੇ ਸਨ। ਦਿਵਾਨ ਜਸਪਤਿ ਰਾਏ ਦੇ ਭਰਾ ਲਖਪਤਿ ਰਾਏ (ਲੱਖੂ) ਨੇ ਜਦੋਂ ਇਹ ਗੱਲ ਸੁਣੀ ਕਿ ਸਿੰਘਾਂ ਨੇ ਮੇਰੇ ਭਰਾ ਨੂੰ ਮਾਰ ਦਿੱਤਾ, ਨਾਲੇ ਮੇਰਾ ਖਜ਼ਾਨਾ ਮੇਰਾ ਸ਼ਹਿਰ,ਮੇਰੇ ਮਹਿਲ ਮਾੜੀਆਂ ਸਭ ਲੁੱਟ ਲਈਆਂ ਹਨ। ਉਹ ਨਵਾਬ ਦੇ ਅੱਗੇ ਜਾ ਕੇ ਰੋਇਆ ਪਿੱਟਿਆ ਪੱਗ ਲਾਹ ਸੁੱਟ ਦਿੱਤੀ ਹੈ, ਨਵਾਬ ਦੇ ਪੈਰਾਂ ਵਿਚ, ਮੇਰੀ ਕਾਹਦੀ ਇੱਜ਼ਤ ਰਹਿ ਗਈ ਹੈ, ਮੇਰਾ ਤਾਂ ਸੱਤਿਆਨਾਸ ਕਰ ਗਏ ਹਨ, ਮੇਰੇ ਸਕੇ ਭਰਾ ਨੂੰ ਕਤਲ ਕਰ ਦਿੱਤਾ ਹੈ ਖਾਲਸੇ ਨੇ।

***ਫੇਰ ਆਨ ਮੈਂ ਬੰਧੋਗੋ, ਸਿੰਘਨ ਕੋ ਪੰਥ ਗਾਰ॥੪॥*** ਲੱਖੂ ਲਹੌਰ ਦੇ ਨਵਾਬ ਨੂੰ ਕਹਿੰਦਾ ਹੈ ਕਿ 'ਸਿੰਘਾਂ ਦੇ ਪੰਥ ਨੂੰ ਗਾਲ ਕੇ ਮਾਰ ਕੇ ਆ ਕੇ ਫਿਰ ਮੈਂ ਇਹ ਪੱਗ ਬੰਨ੍ਹਾਂਗਾ, ਓਨ੍ਹਾਂ ਚਿਰ ਮੈਂ ਪੱਗ ਨਹੀਂ ਬੰਨ੍ਹਦਾ ਸਿਰ 'ਤੇ। ੪।

***ਚੌਪਈ॥ ਯਹ ਪਰਤੱਗਯਾ ਖੱਤ੍ਰੀ ਕਰੀ॥*** ਲੱਖੂ ਖੱਤ੍ਰੀ ਨੇ ਨਵਾਬ ਦੇ ਸਾਹਮਣੇ ਇਹ ਪ੍ਰਣ ਕੀਤਾ ਕਿ ਮੈਂ ਓਨਾ ਚਿਰ ਪੱਗ ਨਹੀਂ ਬੰਨ੍ਹਾਗਾ ਸਿਰ 'ਤੇ, ਜਿੰਨਾਂ ਚਿਰ ਮੈਂ ਬਦਲਾ ਨਹੀਂ ਲੈਂਦਾ, ਭਰਾ ਦਾ।

***ਮਾਰੋਂ ਸਿੰਘ ਚੜ੍ਹ ਇਤ ਹੀ ਘਰੀ॥*** ਏਸੇ ਹੀ ਘੜੀ, ਭਾਵ ਮੈਂ ਹੁਣੇ ਹੀ ਤਿਆਰ ਹਾਂ, ਮੈਂ ਫ਼ੌਜ ਨਾਲ ਚੜ੍ਹਾਈ ਕਰਕੇ ਹੁਣੇ ਹੀ ਮਾਰਾਂਗਾ ਸਿੰਘਾਂ ਨੂੰ ਜਾ ਕੇ।

***ਐਸ ਬਚਨ ਸੁਨ ਨ੍ਹਾਬ ਉਚਾਰਾ॥*** ਲੱਖੂ ਤੋਂ ਐਸਾ ਬਚਨ ਸੁਣ ਕੇ ਖ਼ਾਨ ਬਹਾਦਰ ਦਾ ਪੁੱਤਰ ਨਵਾਬ ਸ਼ਾਹ ਨਿਵਾਜ਼ ਇਹ ਦੁਸ਼ਟ ਸੀ ਬੜਾ ਭਾਰੀ, ਉਸ ਨੇ ਆਖਿਆ ਹੈ।

***ਖਰਚੋ ਦਰਬ ਲੈ ਮੇਰਾ ਸਾਰਾ॥੫॥*** ਜਿੰਨਾਂ ਵੀ ਸਿੰਘਾਂ ਨੂੰ ਮਾਰਨ 'ਤੇ ਖ਼ਰਚ ਆਵੇ, ਉਹ ਸਾਰਾ ਮੈਥੋਂ ਲੈ, ਮੇਰਾ ਸਾਰਾ ਖ਼ਜ਼ਾਨਾ ਖੁਲ੍ਹਾਂ ਤੇਰੇ ਵਾਸਤੇ, ਉਹ ਸਾਰਾ ਲੈ ਜਾ ਤੇ ਖੁਲ੍ਹਾ ਖ਼ਰਚ ਕਰ, ਮਾਰ ਸਿੰਘਾਂ ਨੂੰ, ਜਿਵੇਂ ਵੀ ਮਰਦੇ ਹਨ। ੫।

***ਦੋਹਰਾ॥ ਯਹ ਪੰਥ ਫਦੁਲ ਫਦੂਲੀਏ ਖੱਤ੍ਰੀ ਜਾਤ ਸੁਕੀਨ॥*** ਲੱਖੂ ਕਹਿੰਦਾ ਇਹ ਖਾਲਸਾ ਪੰਥ ਤਾਂ ਐਵੇਂ ਫਜ਼ੂਲ ਹੀ ਹੈ, ਇਹ ਤਾਂ ਖੱਤਰੀ (ਗੁਰੂ ਨਾਨਕ) ਨੇ ਪੰਥ ਬਣਾਇਆ ਹੈ ਫਜ਼ੂਲ ਜਿਹਾ।

***ਮੈਂ ਅਬ ਖੱਤ੍ਰੀ ਤੌ ਰਹਾਂ ਪੰਥ ਰਲਾਵੋਂ ਦੀਨ॥੬॥*** ਮੈਂ ਵੀ ਖੱਤਰੀ ਹਾਂ, ਮੈਂ ਹੁਣ ਖੱਤ੍ਰੀ ਤਾਂ ਰਹਾਂਗਾ, ਜੇ ਮੈਂ ਸਿੰਘਾਂ ਦੇ ਪੰਥ ਨੂੰ ਦੀਨ 'ਚ ਲਿਆਵਾਂਗਾ ਤਾਂ, ਮੈਂ ਸਾਰਿਆਂ ਸਿੱਖਾਂ ਨੂੰ ਮੁਸਲਮਾਨ ਕਰ ਦਿਆਂਗਾ। ੬।

***ਚੌਪਈ॥ ਯਹ ਉਸ਼ਟੰਡ ਇਕ ਖੱਤ੍ਰੀ ਕਯੋ॥*** ਇਸ ਖਾਲਸਾ ਪੰਥ ਦਾ (ਉਸਟੰਡ) ਉਪਦ੍ਰਵ ਇਕ ਖੱਤਰੀ (ਗੁਰੂ ਨਾਨਕ) ਨੇ ਖੜ੍ਹਾ ਕੀਤਾ ਹੈ। ਖਾਲਸੇ ਪੰਥ ਨੂੰ ਉਸਟਾਡ ਹੀ ਦਸਦਾ ਹੈ ਲੱਖੂ।

***ਨਾਮ ਖਾਲਸੋ ਜਗਤ ਸੁਨਯੋ॥*** ਖਾਲਸਾ ਨਾਮ ਜਿਸ ਦਾ ਜਗਤ ਵਿਚ ਸੁਣੀਂਦਾ ਹੈ।

***'ਮੈਂ ਭੀ ਖੱਤ੍ਰੀ ਤਊ ਕਹਾਵੋਂ॥*** ਮੈਂ ਵੀ ਖੱਤ੍ਰੀ ਤਾਂ ਕਹਾਉਂਗਾ।

***ਪੰਥ ਖਾਲਸੋ ਦੂਰ ਕਰਾਵੌਂ॥੭॥*** ਖਾਲਸੇ ਪੰਥ ਨੂੰ ਦੂਰ ਕਰ ਦਿਆਂਗਾ, ਭਾਵ ਖ਼ਤਮ ਕਰ ਦਿਆਂਗਾ ਏਸ ਨੂੰ, ਇਸ ਦਾ ਨਾਮੋ ਨਿਸ਼ਾਨ ਵੀ ਨਹੀਂ ਰਹਿਣ ਦਿਆਂਗਾ, ਇਸ ਤਰ੍ਹਾਂ ਤੜ ਮਾਰੀ ਹੈ, ਲੱਖੂ ਨੇ ਨਵਾਬ ਦੇ ਅੱਗੇ। ੭।

***ਨਵਾਬ ਪਾਸ ਯੌ ਕੀਯੋ ਹੰਕਾਰ॥*** ਨਵਾਬ ਦੇ ਕੋਲ ਇਉਂ ਹੰਕਾਰ ਕੀਤਾ ਲਖੂ ਖੱਤ੍ਰੀ ਨੇ।

***ਨਵਾਬ ਕਹਯੋ, ਯਹ ਅੱਛੀ ਕਾਰ॥*** ਨਵਾਬ ਕਹਿੰਦਾ ਇਹ ਬੜਾ ਚੰਗਾ ਕੰਮ ਹੈ। ਜੇ ਹਿੰਦੂ ਨਾਲ ਹਿੰਦੂ ਲੜੇ, ਤਾਂ ਫੇਰ ਉਨ੍ਹਾਂ ਨੂੰ ਤਾਂ ਚੰਗਾ ਲੱਗਣਾ ਹੀ ਹੈ, ਲੜਨ ਮਰਨ ਦੇ ਸਾਡਾ ਕੀ ਜਾਂਦਾ ਹੈ, ਇਸ ਕਰਕੇ ਨਵਾਬ ਕਹਿੰਦਾ, ਬੜੀ ਸੋਹਣੀ ਦਲੀਲ ਹੈ ਤੇਰੀ, ਇਹ ਚੰਗੀ ਗੱਲ ਹੈ, ਮੈਂ ਤੇਰੇ ਨਾਲ ਹਾਂ, ਕਰ ਤੂੰ ਉਵੇਂ ਜਿਵੇਂ ਕਰਨਾ ਚਹੁੰਦਾ ਹੈਂ।

***ਮੁਖਤਯਾਰ ਫੌਜਨ ਕੋ ਲੱਖੂ ਕੀਓ॥*** ਸਾਰੀਆਂ ਫ਼ੌਜਾਂ ਦਾ ਲੱਖੂ ਨੂੰ ਖੁਦਮੁਖਤਿਆਰ ਕਮਾਂਡਰ ਬਣਾ ਦਿੱਤਾ ਹੈ, 'ਅੱਜ ਤੋਂ ਸਾਰੀ ਫ਼ੌਜ ਦੀ ਮੁਖਤਿਆਰੀ ਤੇਰੇ ਕੋਲ ਸਾਰੀ ਫ਼ੌਜ ਤੇਰੀ ਆਗਿਆ ਵਿਚ ਚਲੇਗੀ।

***ਲਸ਼ਕਰ ਸਭ ਤਾਂਕੇ ਸੰਗ ਦੀਓ॥੮॥*** ਸਾਰੀ ਫ਼ੌਜ ਸਮੇਤ ਖ਼ਜ਼ਾਨੇ ਦੇ ਉਸ ਦੀ ਤਾਬਿਆ ਕਰ ਦਿੱਤਾ ਹੈ। ੮।

***ਨ੍ਵਾਬ ਸੰਗ ਤਿਨ ਯੌ ਗਿਨ ਲਈ॥*** ਨਵਾਬ ਨੇ ਉਸ ਦੇ (ਲਖੂ) ਨਾਲ ਇਉਂ ਗੱਲ ਮਿਥ ਲਈ ਹੈ। ਨਵਾਬ ਨਾਲ ਉਸ ਨੇ ਇਉਂ ਗੱਲ ਕਰ ਲਈ ਹੈ।

***ਮਾਰੋਂ ਸਿੰਘ ਜਹਾਂ ਲੌ ਹਈ॥*** ਇਸ ਨੇ ਹੰਕਾਰ ਕੀਤਾ ਹੈ, ਕਹਿਣ ਲੱਗਾ ' ਜਿੱਥੇਂ ਤੱਕ ਮੈਨੂੰ ਸਿੰਘ ਸੁਣਦੇ ਹਨ, ਮੈਂ ਉਥੋਂ ਤੱਕ ਸਭ ਸਿੰਘਾਂ ਨੂੰ ਖ਼ਤਮ ਕਰ ਦਿਆਂਗਾ, ਕੋਈ ਸਿੰਘ ਨਹੀਂ ਰਹਿਣ ਦਿਆਂਗਾ ਦੁਨੀਆਂ 'ਤੇ।

***ਜੇ ਕੋ ਸਿੰਘ ਕਹਾਵੈ ਨਾਮ॥*** ਜੋ ਵੀ ਕੋਈ ਆਪਣੇ ਆਪ ਨੂੰ ਸਿੰਘ ਨਾਮ ਕਰ ਕੇ ਕਹਾਇਗਾ।

***'ਮਾਰੋਂ ਤਿਨ ਕੇ ਸਭੀ ਗਰਾਮ॥੯॥*** ਮੈਂ ਉਨ੍ਹਾਂ ਦੇ ਸਾਰੇ ਨਗਰਾਂ ਦੇ ਨਗਰ ਹੀ ਖ਼ਤਮ ਕਰ ਦਿਆਂਗਾ, ਪਿੰਡ ਹੀ ਨਹੀਂ ਸਿੰਘਾਂ ਦਾ ਕੋਈ ਰਹਿਣ ਦਿਆਂਗਾ। ੯।

***ਦੋਹਰਾ॥ ਪਹਿਲੇ ਪਕੜੇ ਸਿੰਘ ਸੋ ਜੋ ਹੋਤੇ ਚਾਕਰ ਸਾਥ॥*** ਸਿੰਘ ਆਪਣਾ ਗੁਜ਼ਾਰਾ ਕਰਨ ਵਾਸਤੇ ਨਵਾਬ ਲਹੌਰ ਦੀ ਫ਼ੌਜ ਅਤੇ ਹੋਰ ਮਹਿਕਮਿਆਂ ਵਿਚ ਨੌਕਰੀ ਵੀ ਕਰਦੇ ਸਨ ਜਿਹੜੇ ਸਿੰਘ, ਲੱਖੂ ਨੇ ਪਹਿਲਾਂ ਉਹ ਫੜ ਲਏ ਹਨ।

***ਕੀਨੇ ਚੂਹੜਨ ਕੇ ਅਗੇ, ਕਹਯੋ ਕਟੋ ਇਨ ਮਾਥ॥੧੦॥*** ਉਨ੍ਹਾਂ ਸਿੰਘਾਂ ਨੂੰ ਚੂਹੜਿਆਂ ਦੇ ਅੱਗੇ ਕਰ ਦਿੱਤਾ ਹੈ 'ਮਾਰੋ ਓ ਇਨ੍ਹਾਂ ਨੂੰ, ਕਤਲ ਕਰ ਦਿਉ, ਇਉਂ ਉਨ੍ਹਾਂ ਨੂੰ ਹੁਕਮ ਦੇ ਦਿੱਤਾ ਹੈ ਕਿ 'ਇਨ੍ਹਾਂ ਦੇ ਸਿਰ ਲਾਹ ਦਿਓ। ੧੦।

***ਚੌਪਈ॥ ਜਬ ਲੋਕਨ ਐਸੇ ਸੁਨ ਪਾਈ॥*** ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ ਕਿ ਜਿਹੜੇ ਨੌਕਰੀ ਕਰਦੇ ਹਨ ਵਿਚਾਰੇ, ਜਿਹੜੇ ਇਨ੍ਹਾਂ ਤੁਰਕਾਂ ਦਾ ਹੀ ਕੰਮ ਕਰਦੇ ਸਨ, ਉਹਨਾਂ ਨੂੰ ਫੜ ਲਿਆ ਹੈ, ਇਸ ਬੇਈਮਾਨ ਨੇ ਬੜੀ ਮਾੜੀ ਗੱਲ ਕੀਤੀ ਹੈ । ਜਦੋਂ ਲੋਕਾਂ ਨੇ ਏਸ ਤਰ੍ਹਾਂ ਸੁਣਿਆ ਹੈ।

***ਹੈ ਹੈ ਕਾਰ ਸਭ ਜਗਤ ਕਰਾਈ॥*** ਸਾਰੇ ਸੰਸਾਰ ਵਿਚ ਹਾ-ਹਾ ਕਾਰ ਹੋ ਗਈ, ਓ ਹੈਂ! ਇਹ ਕੀ ਗੱਲ ? ਇਨ੍ਹਾਂ ਦਾ ਕੀ ਕਸੂਰ ਹੈ? ਇਹ ਤਾਂ ਨੌਕਰੀਆਂ ਕਰਦੇ ਸਨ, ਸਰਕਾਰ ਦੀ ਮਦਦ ਕਰਦੇ ਸਨ, ਇਹਨਾਂ ਨੂੰ ਕਿਉਂ ਮਰਵਾ ਰਿਹਾ ਹੈ ਇਹ?

***ਹਿੰਦੂ ਲੋਕ ਇਕੱਤਰ ਭਏ॥*** ਜਿਹੜੇ ਇਸ ਦੀ ਬਰਾਦਰੀ ਦੇ ਲੋਕ ਸਨ, ਹੋਰ ਵੀ ਲੋਕ ਜਿਹੜੇ ਸਨ ਹਿੰਦੂ, ਉਹ ਸਾਰੇ ਖੱਤ੍ਰੀ ਸਨ, ਬੜਾ ਜ਼ੁਲਮ ਹੋਇਆ, ਇਹ ਤਾਂ ਸਾਡਾ ਹਿੰਦੂ ਸਿੱਖਾਂ ਦਾ ਵੈਰ ਪਵਾਉਣ ਲੱਗਿਆ ਹੈ, ਸਿੰਘ ਫਿਰ ਸਾਡੇ ਨਾਲ ਕਦੋਂ ਖ਼ੈਰ ਕਰਨਗੇ। ਹਿੰਦੂ ਲੋਕ ਇਕੱਠੇ ਹੋਏ ਹਨ।

***ਤੇ ਚਲ ਲਖਪਤਿ ਹੀ ਪੈ ਗਏ॥੧੧॥*** ਉਹ ਸਾਰੇ ਹਿੰਦੂ ਲੋਕ ਜਿਤਨੇ ਵੀ ਸਨ ਸ਼ਹਿਰ ਦੇ, ਉਹ ਸਾਰੇ ਲਖਪਤਿ (ਲੱਖੂ) ਕੋਲ ਗਏ ਹਨ, ਉਸ ਨੂੰ ਕਹਿਣ ਲੱਗੇ ਹਨ। ੧੧।

***ਪਕੜ ਚਾਕਰ ਸਿੰਘ ਮਾਰੋਂ ਕਾਹੀਂ॥*** ਕਹਿੰਦੇ, ਇਹ ਜਿਹੜੇ ਚਾਕਰ ਨੌਕਰੀ ਕਰਦੇ ਹਨ ਲੋਕ, ਇਹਨਾਂ ਨੂੰ ਕਿਉਂ ਮਰਵਾਉਣ

ਲੱਗਾ ਹੈਂ ਤੂੰ।

***ਇਨ ਕੋ ਦੋਸ਼ ਕਛੂ ਭੀ ਨਾਹੀਂ॥*** ਇਹਨਾਂ ਦਾ ਕੋਈ ਵੀ ਕਸੂਰ ਨਹੀਂ ਹੈ, ਇਹ ਥੋੜ੍ਹੇ ਗਏ ਹਨ ਸਿੰਘਾਂ ਦੇ ਨਾਲ ਰਲ ਕੇ ਮਾਰਨ ਤੇਰੇ ਭਰਾ ਨੂੰ, ਇਹ ਨਿਰਦੋਸ਼ ਹਨ, ਨਾ ਮਰਵਾ ਇਹਨਾਂ ਨੂੰ ਚੰਗੀ ਗੱਲ ਨਹੀਂ ਹੈ। ਜਦੋਂ ਇਸ ਤਰ੍ਹਾਂ ਲੱਖੂ ਨੂੰ ਸਮਝਾਇਆ।

***ਹਮ ਆਏ ਹੈਂ ਤੁਮਰੇ ਪਾਹੀ॥*** ਅਸੀਂ ਤੇਰੇ ਕੋਲ ਆਏ ਹਾਂ ਸਾਰੇ, ਬੇਨਤੀ ਕਰਨ ਵਾਸਤੇ।

***ਹਮ ਖਾਤਰ ਇਨ ਸਭਨ ਬਖਸ਼ਾਈ॥੧੨॥*** ਅਸੀਂ ਇਨ੍ਹਾਂ ਸਾਰਿਆਂ ਨੂੰ ਬਖ਼ਸ਼ਾਉਣ ਵਾਸਤੇ ਆਏ ਹਾਂ, ਸਾਡੀ ਖ਼ਾਤਰ ਇਨ੍ਹਾਂ ਸਾਰਿਆਂ ਨੂੰ ਬਖਸ਼ ਦਿਉ, ਇਹ ਬੇਕਸੂਰ ਨੇ ਸਾਰੇ, ਜਦੋਂ ਭਾਈਚਾਰੇ ਨੇ ਇਹ ਗੱਲ ਕਹੀ। ੧੨।

***ਤੁਮ ਘਰ ਆਏ ਸਭ ਹੀ ਭਾਈ॥*** ਅਸੀਂ ਤੇਰੇ ਭਰਾ ਹਾਂ, ਸਾਰੇ ਅਸੀਂ ਵੀ ਖੱਤ੍ਰੀ ਹਾਂ, ਤੇਰੀ ਬਰਾਦਰੀ ਕਰਕੇ, ਸ਼ਰੀਕਾ ਕਰ ਕੇ ਕਹਿਣ ਆਏ ਤੁਹਾਡੇ ਘਰ।

***ਹਮਰੀ ਕਹੀ ਚਹੀਏ ਮਨ ਲਾਈ॥*** ਤੇਰਾ ਫਰਜ਼ ਹੈ ਸਾਡੇ ਭਰਾਵਾਂ ਦੀ ਕਹੀ ਹੋਈ ਗੱਲ ਮਨ ਲਾ ਕੇ ਮੰਨ ਲੈਣੀ ਚਾਹੀਦੀ ਹੈ, ਤੂੰ ਐਵੇਂ ਨਾ ਇਹਨਾਂ ਨੂੰ ਫਜ਼ਲ ਮਰਵਾ।

***ਕੌੜਾ ਮੱਲ ਔ ਮੱਲ ਕੁੰਜਾਹੀ॥*** ਕੌੜਾ ਮੱਲ ਅਤੇ ਕੁੰਜਾਈ ਮੱਲ ਇਹ ਸਹਿਜਧਾਰੀ ਸਿੱਖ ਸਨ, ਇਹ ਨੌਕਰੀਆਂ ਵੀ ਕਰਦੇ ਦਿਵਾਨੀਆਂ ਵੀ ਕਰਦੇ ਤੇ ਸਿੰਘਾਂ ਦੀ ਮਦਦ ਵੀ ਕਰਦੇ ਹੁੰਦੇ ਸਨ। ਇਹ ਗੁਰੂ ਪੰਥ ਜਾਣ ਕੇ ਸੇਵਾ ਕਰਦੇ ਹੁੰਦੇ ਸਨ। ਇਹ ਸਾਰੇ ਵੱਡੇ-ਵੱਡੇ ਅਫ਼ਸਰ ਆਏ ਇਕੱਠੇ ਹੋ ਕੇ।

***ਕਸ਼ਮੀਰੀ ਮੈਲ ਬੀ ਆਯੋ ਥਾਈ॥੧੩॥*** ਕਸ਼ਮੀਰੀ ਮੱਲ ਵਜ਼ੀਰ ਵੀ ਉਨ੍ਹਾਂ ਦੇ ਨਾਲ ਆਇਆ ਹੈ। ੧੩।

***ਲੱਛੀ ਰਾਮ ਥੋ ਪ੍ਰਿਥਮ ਦਿਵਾਨ॥*** ਲੱਛੀ ਰਾਮ ਪਹਿਲਾਂ ਦਿਵਾਨ ਹੁੰਦਾ ਸੀ, ਭਾਵ ਹੁਣ ਰਿਟਾਇਰ ਹੋਇਆ ਹੋਇਆ ਸੀ, ਉਹ ਸਿਆਣਾ ਬੰਦਾ ਸੀ, ਦਾਨਾ ਸੀ, ਉਹ ਵੀ ਨਾਲ ਆਇਆ ਹੈ, ਉਸ ਨੂੰ ਕਹਿਣ ਵਾਸਤੇ।

***ਤਿਸਕੀ ਥੇ ਸਭ ਮਨਤੇ ਆਨ॥*** ਉਸ ਦੀ ਸਾਰੇ ਆਣ ਮੰਨਦੇ ਸੀ, ਪੁਰਾਣਾਂ ਸੀ, ਲਾਇਕ ਬੰਦਾ ਸੀ, ਉਸ ਦੀ ਗੱਲ ਨਹੀਂ ਸੀ ਕੋਈ ਮੋੜਦਾ ਹੁੰਦਾ, ਇਸ ਕਰਕੇ ਉਹ ਲੱਛੀ ਰਾਮ ਵੀ ਆਇਆ ਹੈ।

***ਕੀਨੀ ਮਿੰਨਤ ਆਨ ਤਿਨ ਤਾਂਹੀ॥*** ਲੱਖੂ ਦਿਵਾਨ ਦੀ ਮਿੰਨਤ ਕੀਤੀ ਸਭ ਨੇ ਆ ਕੇ, ਕਿ ਸਾਡੀ ਬੇਨਤੀ ਸੁਣ ਲੈ, ਸਾਡੀ ਮਿੰਨਤ ਤਰਲਾ ਮੰਨ ਲੈ ਤੂੰ, ਅਸੀਂ ਤੈਨੂੰ ਇਹ ਨੇਕ ਸਲਾਹ ਦਿੰਦੇ ਹਾਂ, ਇਹ ਬੇਕਸੂਰੇ ਸਿੱਖ ਨਾ ਮਰਵਾ ਤੂੰ।

***ਸੂਰਤ ਸਿੰਘ ਦਿਵਾਨ ਪਤਿਸ਼ਾਹੀ॥੧੪॥*** ਸੂਰਤ ਸਿੰਘ ਦਿੱਲੀ ਦੇ ਪਾਤਸ਼ਾਹ ਵੱਲੋਂ ਦਿਵਾਨ ਸੀ, ਉਹ ਵੀ ਨਾਲ ਗਿਆ ਹੈ, 'ਤੂੰ ਭਾਈ ਇਹ ਕੀ ਕਰਦਾ ਹੈਂ' ਉਸ ਨੇ ਕਿਹਾ। ੧੪।

***ਦੋਹਰਾ॥ ਦਿਲੇਰਾਮ ਔ ਹਰੀ ਮੱਲ ਔ ਆਯੋ ਬਹਿਲੂ ਮੱਲ॥*** ਦਿਲੇ ਰਾਮ, ਹਰੀ ਮੱਲ ਤੇ ਬਹਿਲੂ ਮੱਲ ਹੋਰੀ ਵੀ ਆਏ ਹਨ ਲੱਖੂ ਨੂੰ ਸਮਝਾਉਣ ਵਾਸਤੇ।

***ਹਰੀ ਸਿਘ ਗੁਲਜ਼ਾਰ ਸਿੰਘ ਭਾਈ ਦੇਸ ਰਾਜ ਯੌਂ ਚੱਲ॥੧੫॥*** ਹਰੀ ਸਿੰਘ, ਗੁਲਜਾਰ ਸਿੰਘ ਤੇ ਭਾਈ ਦੇਸ ਰਾਜ ਸਿੰਘ ਵਾਲੇ, ਜਿਸ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਕਰਵਾਈ ਸੀ, ਜਿਸ ਨੂੰ ਪੰਥ ਨੇ ਭਾਈ ਦਾ ਖਿਤਾਬ ਦਿੱਤਾ ਸੀ, ਉਹ ਵੀ ਚਲ ਕੇ ਸਿੰਘਾਂ ਦੀ ਸਿਫਾਰਸ਼ ਕਰਨ ਗਏ ਹਨ, ਲੱਖੂ ਕੋਲ। ੧੫।

***ਚੌਪਈ॥ ਔਰ ਹਿੰਦੂ ਜੁੜ ਆਏ ਸਾਰੇ॥*** ਹੋਰ ਹਿੰਦੂ ਭਾਈਚਾਰੇ ਦੇ ਜਿੰਨੇ ਸੀ, ਲਹੌਰ ਦੇ ਰਹਿਣ ਵਾਲੇ ਅਤੇ ਬਾਹਰ ਦੇ ਸਾਰੇ ਜੁੜ ਕੇ ਗਏ ਇਕੱਠੇ ਹੋ ਕੇ।

***ਸਿੱਖ ਸੰਤ ਅਰ ਧਰਮ ਪਿਆਰੇ॥*** ਸਿਖ ਸੰਤ ਅਤੇ ਹੋਰ ਵੀ ਧਰਮ ਨੂੰ ਪਿਆਰ ਕਰਨ ਵਾਲੇ ਨੇਕ ਪੁਰਸ਼, ਭਾਵੇਂ ਮੁਸਲਮਾਨ ਸਨ, ਉਹ ਕੋਈ ਵੀ ਸੀ ਸਭ ਗਏ ਹਨ, ਲੱਖੂ ਕੋਲ ਇਕੱਠੇ ਹੋ ਕੇ।

***ਸਭ ਮਿਲ ਆਏ ਕਹਿ ਗਏ ਏਹੁ॥*** ਸਾਰੇ ਮਿਲ ਕੇ ਆਏ ਤੇ ਏਹੋ ਗੱਲ ਕਹਿ ਕੇ ਗਏ ਹਨ।

***ਹਮ ਖਾਤਰ ਛਡ ਸਿੰਘਨ ਦੇਹੁ॥੧੬॥*** ਓ ਭਲਿਆ ਮਾਣਸਾ ! ਅਸੀਂ ਤੇਰੇ ਕੋਲ ਆਏ ਸਾਡੀ ਖ਼ਾਤਰ ਇਨ੍ਹਾਂ ਸਿੰਘਾਂ ਨੂੰ ਛੱਡ ਦੇਹ ਤੂੰ। ੧੬।

***ਔਰ ਲੋਕ ਰਬ ਵਾਸਤੇ ਆਏ॥*** ਹੋਰ ਲੋਕ ਰੱਬ ਦੇ ਨਾਮ 'ਤੇ ਆਏ ਹਨ, ਓ ਰੱਬ ਦੇ ਵਾਸਤੇ ਛੱਡ ਦੇ ਇਨ੍ਹਾਂ ਨੂੰ, ਇਹ ਬੇਕਸੂਰੇ ਕਿਉਂ ਮਾਰਦਾ ਹੈਂ? ਇਹ ਪਾਪ ਸਾਰਿਆਂ ਨੂੰ ਲੱਗੇਗਾ ਇਹਨਾਂ ਦਾ।

***ਫਕੀਰ ਅਤੀਤ ਸਭੀ ਰਲ ਧਾਏ॥*** ਸੰਤ ਲੋਕ, ਅਤੀਤ ਲੋਕ, ਜਿਨ੍ਹਾਂ ਦਾ ਕੋਈ ਵਾਸਤਾ ਨਹੀਂ ਹੈ ਦੁਨੀਆਂ ਨਾਲ, ਫਕੀਰਾਂ ਨੇ ਵੀ ਇੱਕਠੇ ਹੋ ਕੇ ਆ ਫਰਿਆਦ ਕੀਤੀ।

***ਸਭਹਨ ਕੋ ਉਨ ਦੀਯੋ ਜਬਾਬ॥*** ਉਸ ਨੇ ਸੁਭ ਨੂੰ ਜੁਆਬ ਦੇ ਦਿੱਤਾ, ਨਹੀ ਓਇ ਮੈਂ ਗੱਲ ਮੰਨਦਾ ਤੁਹਾਡੀ, ਮੈਂ ਤਾਂ ਇਹ ਮਾਰਨੇ ਹੀ ਮਾਰਨੇ ਹਨ, ਮੈਂ ਨਹੀਂ ਛੱਡਣੇ।

***ਐਸੋ ਪਾਪੀ ਮੂੜ੍ਹ ਖਰਾਬ॥੧੭॥*** ਐਸਾ ਪਾਪੀ ਮੂਰਖ ਤੇ ਖਰਾਬ ਸੀ ਇਹ, ਇਸ ਨੇ ਨਹੀ ਮੰਨੀ ਕਿਸੇ ਦੀ। ੧੭।

***ਕਹਯੋ ਲੱਖੂ, ਮੈਂ ਮਾਨਤ ਨਾਂਹੀਂ॥*** ਲੱਖੂ ਕਹਿਣ ਲੱਗਾ ਮੈਂ ਨਹੀ ਮੰਨਦਾ ਤੁਹਾਡੀ ਕਿਸੇ ਦੀ ਵੀ, ਭਾਵੇਂ ਤੁਸੀਂ ਦਾਨੇ ਹੋ, ਵਜ਼ੀਰ ਹੋ, ਕੋਈ ਵੀ ਹੋ, ਮੈਂ ਨਹੀਂ ਤੁਹਾਡੀ ਪ੍ਰਵਾਹ ਕਰਦਾ।

***ਆਵੈ ਆਪ ਰੱਬ ਮੁਝ ਪਾਂਹੀਂ॥*** ਜੇ ਰੱਬ ਆਪ ਵੀ ਆਵੇ ਇਨ੍ਹਾਂ ਦੀ ਖ਼ਾਤਰ ਮੇਰੇ ਕੋਲ ਕਹਿਣ ਵਾਸਤੇ, ਮੈਂ ਤਾਂ ਵੀ ਨਹੀਂ ਮੰਨਦਾ,ਐਡਾ ਹੰਕਾਰ ਚੜ੍ਹਿਆ ਇਸ ਦੁਸ਼ਟ ਨੂੰ।

***ਤਿਨ ਮਿਲ ਕਹੀ ਫਿਰ ਸਾਚੀ ਬਾਤ॥*** ਉਨ੍ਹਾਂ ਨੇ ਸਾਰਿਆਂ ਨੇ ਅਖੀਰ ਵਿਚ ਸੱਚੀ ਗੱਲ ਕਹਿ ਦਿੱਤੀ ਲੱਖੂ ਨੂੰ, ਜਦੋਂ ਉਹ ਕਿਸੇ ਤਰ੍ਹਾਂ ਵੀ ਨਹੀਂ ਮੰਨਿਆ, ਇਸ ਦੇ ਵਿਚ ਝੂਠ ਤਾਂ ਨਹੀਂ ਹੈ ਕੁਛ, ਫਿਰ ਸਿੰਘ ਸੱਚੇ ਹੀ ਹਨ, ਜੋ ਤੇਰੇ ਭਰਾ ਨੂੰ ਮਾਰਿਆ ਉਨ੍ਹਾਂ ਨੇ। ਕੋਈ ਝੂਠਾ ਤਾਂ ਨਹੀਂ ਮਾਰਿਆ, ਉਹਨਾਂ ਦਾ ਕੀ ਕਸੂਰ ਹੈ? ਤੂੰ ਐਡਾ ਬੇਈਮਾਨ ਸਾਡੀ ਭਾਈਚਾਰੇ ਦੀ ਨਹੀਂ ਮੰਨ ਰਿਹਾ ਤੇ ਸਿੰਘਾਂ ਨੇ ਫਿਰ ਕੀ ਕਰਨਾ ਹੈ, ਤੇਰੇ ਭਾਈ ਨੂੰ ਮਾਰਨਾ ਨਹੀਂ ਸੀ।

***ਸਿੰਘਨ ਦੋਸ਼ ਦੇਤ ਹੂੰ ਕਾਤ॥੧੮॥*** ਸਿੰਘਾਂ ਨੂੰ ਦੋਸ਼ ਕਿਉਂ ਦਿੰਦੇ ਹੋ, ਫਿਰ ਸਿੰਘਾਂ ਨੇ ਤਾਂ ਆਪ ਦਾ ਹੱਕ ਲਿਆ ਹੈ, ਬਦਲਾ ਲਿਆ ਹੈ। ੧੮।

***ਮਨੀ ਸਿੰਘ ਤੈਂ ਪਕੜ ਕੁਹਾਯੋ॥*** ਭਾਈ ਮਨੀ ਸਿੰਘ ਨੂੰ ਤੂੰ ਪਕੜ ਕੇ ਨਹੀਂ ਮਰਵਾਇਆ? ਕਿਉਂ ਉਸ ਦਾ ਬੰਦ-ਬੰਦ ਕਟਵਾਇਆ ਤੈਂ।

***ਤੇਰਾ ਕੀਤਾ ਤੈਂ ਭਾਈ ਪਾਯੋ॥*** ਤੇਰੇ ਮਾੜੇ ਕੰਮ ਕੀਤੇ ਦਾ ਨਤੀਜਾ ਤੇਰੇ ਭਾਈ ਨੇ ਭੁਗਤਿਆ ਹੈ। ਪਾਪ ਤੂੰ ਕੀਤਾ ਹੈ, ਦੇਣੇ ਉਸ ਨੂੰ ਪੈ ਗਏ ਹਨ, ਉਹ ਤਾਂ ਮਰਿਆ ਹੈ, ਸਿੰਘਾਂ ਨੇ ਤਾਂ ਮਾਰਿਆ ਹੈ, ਉਹ ਬੇਕਸੂਰਾ ਨਹੀਂ ਮਾਰਿਆ, ਉਨ੍ਹਾਂ ਨੇ ਬਦਲਾ ਲਿਆ ਹੈ ਤੇਰੇ ਕੋਲੋਂ।

***ਲਾਨਤ ਲਾਨਤ ਕਹਿਤੇ ਗਏ॥*** ਜਦੋਂ ਉਹ ਨਾ ਹੀ ਮੰਨਿਆਂ ਤਾਂ ਉਹ ਲਾਹਨਤ ਹੈ, ਲਾਹਨਤ ਹੈ ਤੇਰੇ ਜੰਮਣ ਦੇ, ਫਿਟੇ ਮੂੰਹ ਤੇਰੇ, ਇਉਂ ਕਹਿੰਦੇ ਹੋਏ ਸਾਰੇ ਭਾਈਚਾਰੇ ਵਾਲੇ ਚਲੇ ਗਏ।

***ਕਛੂ ਸਿਆਣੇ ਠਾਂਢੇ ਰਹੇ॥੧੯॥*** ਜਦੋਂ ਸਾਰੇ ਤੁਰ ਗਏ, ਵਿੱਚੋਂ ਕੁਛ ਸਿਆਣੇ ਬੰਦੇ ਖੜ੍ਹੇ ਰਹੇ ਕਿ ਏਸ ਨੂੰ ਫਿਰ ਕਹਿ ਕੇ ਵੇਖੀਏ। ੧੯।

***ਦੋਹਰਾ॥ ਹਾਥ ਜੋੜ ਠਾਂਢੇ ਭਏ ਇਤੀ ਬਾਤ ਤੌਂ ਮਾਨ॥*** ਸਿਆਣੇ ਸਿਆਣੇ ਬੰਦੇ ਹੱਥ ਜੋੜ ਕੇ ਖੜ੍ਹੇ ਹੋ ਗਏ ਅਤੇ ਕਹਿਣ ਲੱਗੇ, 'ਏਨੀ ਗੱਲ ਤਾਂ ਮੰਨ ਲੈ ਸਾਡੀ, ਜੇ ਤੂੰ ਹੋਰ ਨਹੀਂ ਮੰਨਣੀ, ਜੇ ਤੂੰ ਰੱਬ ਦੀ ਵੀ ਨਹੀਂ ਮੰਨਦਾ, ਤਾਂ ਸਾਡੀ ਇਕ ਗੱਲ ਤਾਂ ਮੰਨ ਲੈ; ਇਉਂ ਕਰ ਤੂੰ।

***ਮਾਵਸ ਹੈ ਅਜ ਸੋਮਵਤਿ, ਕਾਲ ਕਰੀਂ ਮਨ ਮਾਨ॥੨੦॥*** ਅੱਜ ਸੋਮਵਾਰੀ ਮੱਸਿਆ ਹੈ, ਅੱਜ ਤਾਂ ਤੂੰ ਰਹਿਣ ਦੇ, ਕੱਲ੍ਹ ਨੂੰ ਤੂੰ ਮਨ-ਮਰਜ਼ੀ ਕਰੀਂ, ਚੱਲ ਤੂੰ ਨਹੀਂ ਹਟਣਾ ਤਾਂ ਨਾ ਹਟੀਂ, ਪਰ ਅੱਜ ਸੋਮਾਵਤੀ ਮੱਸਿਆ ਹੈ, ਅੱਜ ਦਾ ਦਿਨ ਤੂੰ ਠਹਿਰ ਜਾ, ਅੱਜ ਨਾ ਮਾਰ ਇਨ੍ਹਾਂ ਨੂੰ। ੨੦।

***ਚੌਪਈ॥ ਤਬ ਤਿਨ ਕੀ ਤਿਨ ਇਤੀ ਨ ਮਾਨੀ॥*** ਤਦ ਉਨ੍ਹਾਂ ਸਿਆਣਿਆਂ ਪੁਰਸ਼ਾਂ ਦੀ ਉਸ ਨੇ ਏਨੀ ਵੀ ਨਹੀਂ ਮੰਨੀ ਹੈ, ਕਹਿਣ ਲੱਗਾ, ਮੈਂ ਤੁਹਾਡੀ ਏਨੀ ਵੀ ਨਹੀ ਮੰਨਦਾ, ਬਿਲਕੁਲ ਹੀ ਨਹੀਂ ਮੈਂ ਇਹ ਛੱਡਣੇ, ਐਡਾ ਦੁਸ਼ਟ ਮੂੜ੍ਹ ਸੀ।

***ਦਏ ਮ੍ਰਾਇ ਸਿਖ, ਮੂੜ੍ਹ ਅਗਯਾਨੀ॥*** ਲੱਖੂ ਅਗਿਆਨੀ ਮੂਰਖ ਨੇ ਸਿੰਘਾਂ ਨੂੰ ਮਰਵਾ ਦਿੱਤਾ, ਜਿਹੜੇ ਚਾਕਰੀ ਕਰਦੇ ਸਨ, ਜਿਹੜੇ ਸਿੰਘ ਨੌਕਰੀ ਕਰਕੇ ਆਪਣਾ ਨਿਰਬਾਹ ਕਰਦੇ ਸਨ।

***ਹੋਕਾ ਦੀਨਾ ਸ਼ਹਿਰ ਬੁਲਾਇ॥*** ਸਾਰੇ ਸ਼ਹਿਰ ਨੂੰ ਸੱਦ ਕੇ ਹੋਕਾ ਦਿਵਾ ਦਿੱਤਾ ਹੈ। ਸ਼ਰੇਆਮ ਚੌਕ ਦੇ ਵਿੱਚ ਖੜ੍ਹੇ ਕਰਕੇ ਮਰਵਾਏ ਸਿੰਘ, ਉਹ ਗਿਣਤੀ ਵਿੱਚ ਚਾਰ ਕੁ ਸੌ ਸਿੰਘ ਸੀ, ਜੋ ਇਸ ਨੇ ਕਤਲ ਕਰਵਾਇਆ ਅਤੇ ਸ਼ਹਿਰ ਵਿਚ ਹੋਕਾ ਦਿਵਾ ਦਿੱਤਾ ਆਪਣੇ ਵੱਲੋਂ।

***'ਲੇਵੈ ਨ ਕੋਈ ਗੁਰ ਕੋ ਨਾਇ॥੨੧॥*** ਅੱਜ ਤੋਂ ਕੋਈ ਸਰਧਾਲੂ ਗੁਰੂ ਦਾ ਨਾਮ ਨਾ ਲਵੇ, ਕੋਈ ਗੁਰੂ ਦੇ ਨਾਮ ਦਾਨ-ਪੁੰਨ ਨਹੀਂ ਕਰਵਾ ਸਕਦਾ, ਕੋਈ ਵੀ ਦੇਗ ਆਦਿਕ ਨਹੀਂ ਕਰਵਾ ਸਕਦਾ। ੨੧।

***ਜੌ ਗੁਰ ਨਾਮ ਸੁਨਯੋ ਹਮ ਕਾਨ॥*** ਜੇ ਮੈਂ ਆਪਣੇ ਕੰਨਾਂ ਨਾਲ ਕਿਸੇ ਨੂੰ ਗੁਰੂ ਦਾ ਨਾਮ ਲੈਂਦੇ ਸੁਣ ਲਿਆ ਕਿ ਇਹ ਗੁਰੂ ਗੁਰੂ ਕਰਦਾ ਹੈ ਜਾਂ ਇਹ ਗੁਰੂ ਦਾ ਨਾਮ ਲੈਂਦਾ ਹੈ।

***ਛਾਡੌਂ ਨਾਂਹੀਂ ਕਢੌਂ ਪਰਾਨ॥*** ਮੈਂ ਉਸ ਨੂੰ ਜਿਉਂਦਾ ਨਹੀਂ ਛੱਡਾਂਗਾ, ਮੈਂ ਉਸ ਨੂੰ ਮਾਰ ਕੇ ਛਡਾਂਗਾ, ਉਸ ਦੇ ਪ੍ਰਾਣ ਕੱਢ ਕੇ ਛੱਡਾਂਗਾ, ਦੁਸ਼ਟ ਇਉਂ ਕਹਿਣ ਲੱਗਿਆ ਹੈ।

***ਨਾਨਕ ਕੀ ਕੋਊ ਪੜ੍ਹੈ ਨ ਬਾਨੀ॥*** ਅੱਜ ਤੋਂ ਕੋਈ ਗੁਰੂ ਨਾਨਕ ਸਾਹਿਬ ਦੀ ਕੋਈ ਬਾਣੀ ਨਾ ਪੜ੍ਹੇ।

***ਗ੍ਰੰਥ ਲੁਕੋਇ ਪੋਥੀਆਂ ਛਿਪਾਨੀ॥੨੨॥*** ਉਸ ਵੇਲੇ ਸਰਧਾਲੂਆਂ ਨੂੰ ਫਿਕਰ ਹੋ ਗਿਆ ਹੈ, ਉਨ੍ਹਾਂ ਨੇ ਗ੍ਰੰਥ ਲੁਕਾਉਣੇ ਸ਼ੁਰੂ-ਕਰ ਦਿੱਤੇ, ਪੋਥੀਆਂ ਛਿਪਾ ਦਿੱਤੀਆਂ ਕਿ ਦੁਸ਼ਟ ਨੂੰ ਪਤਾ ਨਾ ਲੱਗ ਜਾਏ ਕਿ ਇਸ ਦੇ ਕੋਲ ਗ੍ਰੰਥ ਹੈ ਜਾਂ ਇਸ ਦੇ ਕੋਲ ਕੋਈ ਪੋਥੀ ਹੈ, ਗੁਟਕਾ ਹੈ ਜੇ ਪਤਾ ਲੱਗ ਗਿਆ ਨਾਲੇ ਪੋਥੀ ਖ਼ਤਮ ਕਰੇਗਾ ਨਾਲ ਹੀ ਸਾਨੂੰ ਖ਼ਤਮ ਕਰੇਗਾ। ਫ਼ਿਕਰ ਹੋ ਗਿਆ ਸਿੱਖਾਂ ਨੂੰ, ਉਨ੍ਹਾਂ ਨੇ ਉਸੇ ਵੇਲੇ ਗੁਰੂ ਕੀ ਬਾਣੀ ਨੂੰ ਛੁਪਾ ਕੇ ਸਾਂਭ ਕੇ ਰੱਖ ਲਿਆ ਹੈ, ਸਿੱਖਾਂ ਨੇ। ੨੨।

***ਜੋ ਗੁਰ ਕੋ ਕੋਊ ਲੇਵੈ ਨਾਮ॥*** ਜੋ ਵੀ ਕੋਈ ਅੱਜ ਤੋਂ ਗੁਰੂ ਦਾ ਨਾਮ ਲਵੇਗਾ।

***ਮੁਸਲਮਾਨ ਉਸ ਕਰੋਂ ਪਛਾਨ॥*** ਮੈਂ ਉਸ ਨੂੰ ਪਛਾਣ ਕੇ ਮੁਸਲਮਾਨ ਬਣਾਵਾਂਗਾ, ਉਸ ਦੀ ਮੈਂ ਲਿਹਾਜ਼ ਨਹੀਂ ਕਰਨੀ ਕਿਸੇ ਕਿਸਮ ਦੀ।

***ਵਾਹਿਗੁਰੂ ਕੋ ਨਾਮ ਹਟਾਵੌ॥*** ਹੁਕਮ ਹੈ ਮੇਰਾ, ਅੱਜ ਤੋਂ ਕੋਈ ਵਾਹਿਗੁਰੂ ਦਾ ਨਾਮ ਨਾ ਲਵੇ, ਅੱਜ ਤੋਂ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਨਾ ਬੰਦ ਹੈ, ਸਭ ਵਾਸ਼ਤੇ।

***ਔਰ ਸਭਨ ਕੋ ਨਾਮ ਜਪਾਵੌ॥੨੩॥*** ਹੋਰ ਜਿਸ ਦਾ ਮਰਜ਼ੀ ਨਾਮ ਜਪਾਓ, ਰਾਮ ਕਹੋ ਕ੍ਰਿਸ਼ਨ ਕਹੋ, ਅੱਲਾ ਕਹੋ, ਖ਼ੁਦਾ ਕਹੋ, ਵਾਹਿਗੁਰੂ ਨਹੀਂ ਕੋਈ ਕਹਿ ਸਕਦਾ, ਐਡਾ ਸਖ਼ਤ ਹੁਕਮ ਦਿੱਤਾ ਹੈ, ਦੁਨੀਆਂ ਨੂੰ ਸੱਦ ਕੇ। ੨੩।

***ਦੋਹਰਾ॥ ਗੁੜ ਕੇ ਕਹਨੇ ਗੁਰ ਕਹੈਂ, ਧ੍ਰਾਯੋ ਨਾਮ॥*** ਪਹਿਲਾਂ ਲੰਡੇ ਭਾਸ਼ਾ ਹੁੰਦੀ ਸੀ, ਬਾਣੀਏ ਲੋਕ ਵਰਤੋਂ ਕਰਦੇ ਸਨ, ਉਹ ਜੇ ਗੁੜ ਕਹੀਏ ਤਾਂ ਗੁਰੂ ਲਿਖਿਆ ਜਾਂਦਾ ਸੀ। ਲੱਖੂ ਕਹਿੰਦਾ ਅੱਜ ਤੋਂ ਗੁੜ ਵੀ ਨਾ ਆਖੇ ਕੋਈ, ਕਿਉਂਕਿ ਗੁੜ ਕਹੇ ਤੋਂ ਗੁਰੂ ਸ਼ਬਦ ਬਣ ਜਾਂਦਾ ਹੈ। ਗੁੜ ਨੂੰ ਰੋੜੀ ਕਹੋ, ਰੋੜੀ ਨਾਮ ਗੁੜ ਦਾ ਲੱਖੂ ਨੇ ਰਖਾਇਆ ਸੀ।

***ਜੇ ਕੋ ਗੁਰੂ ਕਹਿ ਕਿਸ ਸਦੇ, ਮਾਰੋਂ ਚੜ੍ਹ ਤਿਸ ਗਾਮ॥੨੪॥*** ਜੋ ਵੀ ਕੋਈ ਕਿਸੇ ਨੂੰ ਗੁਰੂ ਕਹਿ ਸੱਦੇ, ਮੈਂ ਉਸ ਦਾ ਸਾਰਾ ਪਿੰਡ ਚੜ੍ਹ ਕੇ ਕਤਲ ਕਰ ਦਿਆਂਗਾ। ੨੪।

***ਚੌਪਈ॥ ਐਸ ਉਪੱਦ੍ਰਵ ਲੱਖੂ ਚਾਯਾ॥*** ਐਸਾ ਉਪੱਦਰ ਲੱਖੂ ਨੇ ਚੁੱਕਿਆ ਆ ਕੇ।

***ਚੜ੍ਹ ਸੋ ਖਾਲਸੇ ਊਪਰ ਧਾਯਾ॥*** ਚੜ੍ਹਿਆ ਹੈ ਉੱਪਰ ਖਾਲਸੇ ਦੇ ਹੱਲਾ ਬੋਲਣ ਵਾਸਤੇ।

***ਤੋਪ ਜੰਬੂਰੇ ਕਸੇ ਬਨਾਇ॥*** ਤੋਪਾਂ, ਛੋਟੀਆਂ ਤੋਪਾਂ ਆਦਿਕ ਚੰਗੀ ਤਰ੍ਹਾਂ ਕਸ ਲਏ ਹਨ।

***ਦਏ ਖਾਲਸੇ ਵੱਲ ਚਲਾਇ॥੨੫॥*** ਖਾਲਸੇ ਪੰਥ ਵੱਲ ਨੂੰ ਤੋਰੇ ਹਨ ਤਿਆਰ ਕਰਕੇ, ਏਧਰ ਪੜੌਲ ਕਠੂਹੇ ਨੂੰ, ਐਧਰ ਜੰਮੂ ਵੱਲ ਨੂੰ ਨਿਕਲੇ ਸਨ ਸਿੰਘ। ੨੫।

***ਹਯ ਗਯ ਰਥ ਪੈਦਲ ਲੈ ਧਾਯੋ॥*** ਘੋੜੇ ਹਾਥੀ, ਰਥ ਤੇ ਪੈਦਲ ਫ਼ੌਜ ਲੈ ਕੇ ਸਿੰਘਾਂ 'ਤੇ ਚੜ੍ਹਾਈ ਕੀਤੀ ਹੈ।

***ਹੋਰ ਸੁ ਰੱਯਤ ਸਾਥ ਚਲਾਯੋ॥*** ਹੋਰ ਸਾਰੀ ਪਰਜ਼ਾ ਨੂੰ ਵੀ ਨਾਲ ਤੋਰਿਆ ਹੈ, 'ਚਲੋ ਅੱਜ ਸਿੱਖਾਂ ਨੂੰ ਮਾਰਨਾਂ ਹੈ, ਛੱਡਣਾ ਨਹੀਂ ਹੈ ਕੋਈ, ਸਾਰੀ ਦੁਨੀਆਂ ਇਕੱਠੀ ਕਰ ਤੁਰ ਪਿਆ'।

***ਲਿਖ ਨਬਾਬ ਤਬ ਐਸ ਪਠਾਵੈ॥*** ਨਵਾਬ ਸ਼ਾਹ ਨਿਵਾਜ਼ ਤਦ ਏਸ ਤਰਾਂ ਦੇ ਹੁਕਮਨਾਮੇ ਲਿਖ ਲਿਖ ਕੇ ਭੇਜਦਾ ਹੈ ਲੋਕਾਂ ਨੂੰ।

***ਹਮਰਾ ਸੋ ਜੁ ਦਿਵਾਨ ਸੰਗ ਜਾਵੈ॥੨੬॥*** ਮੈ ਉਸ ਨੂੰ ਮੰਨਾਂਗਾ ਕਿ ਇਹ ਸਾਡਾ ਬੰਦਾ ਹੈ, ਜਿਹੜਾ ਦਿਵਾਨ ਲਖਪਤਿ ਨਾਲ ਜਾਇਗਾ, ਜੋ ਸਿੰਘਾਂ ਦੇ ਮੁਕਾਬਲੇ 'ਤੇ ਆਪੋ ਆਪਣੀ ਤਾਕਤ ਲੈ ਕੇ ਦਿਵਾਨ ਦੇ ਨਾਲ ਜਾਇਗਾ ਉਹ ਸਾਡਾ ਹੈ। ੨੬।

***ਮੁਲਤਾਨ ਬਹਾਵਲ ਮੁਲਕੇ ਤਾਬੇਂ॥*** ਏਧਰ ਬਹਾਵਲ ਦਾ ਇਲਾਕਾ ਸੀ, ਇਹ ਵੀ ਰਿਆਸਤ ਸੀ, ਮੁਲਤਾਨ ਸੂਬਾ ਵੀ ਇਸ ਦੇ ਅਧੀਨ ਸੀ, ਬਹਾਵਲ ਤੇ ਮੁਲਤਾਨ ਮੁਲਕ ਤੱਕ।

***ਦੀਨੀ ਫੌਜ ਨਵਾਬ ਚੜ੍ਹਾਈ॥*** ਉਥੋਂ ਦੀ ਫ਼ੌਜ ਨੂੰ ਵੀ ਹੁਕਮ ਦੇ ਦਿੱਤਾ ਹੈ ਕਿ ਮੁਲਤਾਨ ਤੇ ਬਹਾਵਲ ਦੀ ਫ਼ੌਜ ਵੀ ਜਾ ਕੇ ਲੱਖੂ ਦੀ ਮਦਦ ਕਰੇ।

***ਕਸੂਰ ਆਦ ਲੌਂ ਅਟਕ ਸੁ ਤਾਕਰ॥*** ਕਸੂਰ ਆਦਿਕ ਤੋਂ ਲੈ ਕੇ ਅਟਕ ਤੱਕ ਜਿੰਨੀ ਫ਼ੌਜ ਸੀ ਪਠਾਣਾਂ ਦੀ, ਉਨ੍ਹਾਂ ਨੂੰ ਵੀ ਹੁਕਮ ਸੁਣਾ ਦਿੱਤਾ ਹੈ, ਤੁਸੀਂ ਵੀ ਚਲੋਂ ਨਾਲ ਸਭ ਜਾ ਕੇ ਸਿੰਘਾਂ ਦਾ ਖੁਰਾ-ਖੋਜ ਮਿਟਾਓ।

***ਔਰ ਦੁਆਬੇ ਤਿਹਾੜੇ ਲਾ ਕਰ॥੨੭॥*** ਦੁਆਬਾ ਤੇ ਤਿਹਾੜਾ ਸਤਿਲੁਜ ਤੋਂ ਚੜ੍ਹਦੇ ਪਾਸੇ ਦਾ ਤਿਹਾੜਾ ਮੁਲਕ ਵਜਦਾ ਹੈ, ਸਭ ਨੂੰ ਹੁਕਮ ਹੋ ਗਿਆ ਹੈ, ਸਭ ਚਲੋ ਨਾਲ, ਇਹ ਸਾਰੇ ਦੇ ਸਾਰੇ ਤਿਆਰ ਹੋ ਕੇ ਗਏ ਹਨ। ੨੭।

***ਲਿਖ ਭੇਜੇ ਤਿਨ ਸਕਲ ਪਹਾੜ॥*** ਬਾਈਧਾਰ ਦੇ ਜਿਹੜੇ ਪਹਾੜ ਹਨ, ਸਭ ਥਾਵਾਂ 'ਤੇ ਹੁਕਮ ਭੇਜ ਦਿੱਤਾ ਹੈ ਕਿ ਤੁਸੀਂ ਵੀ ਸਿੰਘਾਂ ਨੂੰ ਮਾਰੋ, ਤੁਸੀਂ ਪਹਾੜੀਂ ਲੈ ਜਾ ਕੇ ਅੱਗੋਂ ਜਾ ਕੇ ਰੋਕੋ ਤੇ ਸਿੰਘਾਂ ਦਾ ਖ਼ਾਤਮਾ ਕਰੋ।

***ਨਵਾਬ ਬੁਲਾਏ ਕਰ ਬਹੁ ਤਾੜ॥*** ਬੜੀ ਤਾੜਨਾ ਕਰਕੇ ਜੇ ਕਿਸੇ ਨੇ ਲੁਕੋਇਆ ਜਾਂ ਕਿਸੇ ਨੇ ਸਿੰਘਾਂ ਦੀ ਮਦਦ ਕੀਤੀ, ਉਹ ਨਹੀਂ ਛੱਡਿਆ ਜਾਇਗਾ।

***'ਜੋ ਇਨਮੈਂ ਕੋ ਰਹੈ ਸਿਪਾਹੀ॥*** ਜੋ ਇਨ੍ਹਾਂ ਵਿੱਚੋਂ ਸਿਪਾਹੀ ਘਰੇ ਰਹਿ ਗਿਆ।

***ਤਿਸਕੀ ਜਾਨ ਬਚੇਗੀ ਨਾਹੀਂ॥੨੮॥*** ਉਸ ਦੀ ਜਾਨ ਨਹੀਂ ਬਚੇਗੀ, ਉਹ ਨਹੀਂ ਛੱਡਿਆ ਜਾਇਗਾ। ੨੮।

***ਐਸ ਦਬਾਵ ਨਬਾਬ ਸੁ ਦੇਇ॥*** ਏਸ ਤਰ੍ਹਾਂ ਦਾ ਦਬਾਓ ਪਾਉਂਦਾ ਹੈ, ਨਵਾਬ ਸ਼ਾਹ ਨਿਵਾਜ਼ ਲਹੌਰ ਵਾਲਾ।

***ਤਿਸਤੇ ਆਕੀ ਰਹੈ ਸੁ ਕੋਇ॥*** ਉਸ ਤੋਂ ਕਿਹੜਾ ਆਕੀ ਰਹਿ ਸਕਦਾ ਹੈ, ਜਦੋਂ ਹੁਕਮ ਚੜ੍ਹ ਜਾਏ ਸੈਨਾਂ 'ਤੇ।

***ਐਸੋ ਕੋ ਜੋ ਚਲੈ ਨ ਕਹੇ॥*** ਕੌਣ ਹੈ ਐਸਾ ਜਿਹੜਾ ਆਖੇ ਨਾ ਲੱਗੇ ਨਵਾਬ ਦੇ ਐਡਾ ਸਖ਼ਤ ਹੁਕਮ ਸੁਣਾਇਆ ਹੈ।

**ਮਾਰਨ ਸਿੰਘਨ ਬਹੁ ਜਗ ਚਹੇ॥੨੯॥** ਸਾਰਾ ਸੰਸਾਰ ਹੀ ਬਹੁਤੇ ਸਿੰਘਾਂ ਨੂੰ ਮਾਰਨਾ ਚਾਹੁੰਦਾ ਹੈ। ੨੯।

**ਦੋਹਰਾ॥ ਆਯੋ ਜੋ ਦੀਵਾਨ ਪੈ ਦੇਵਣ ਜੱਸੂ ਕਾਣ॥** ਲਖਪਤ ਦਿਵਾਨ ਦੇ ਕੋਲ ਜੇ ਕੋਈ ਉਸ ਦੇ ਭਰਾ ਜਸਪਤ ਦੀ ਮੁਕਾਣ ਦੇਣ ਆਉਂਦਾ ਹੈ।

**ਲੇਵੈ ਜੱਸੂ ਤਿਸ ਸੰਗੈ ਪਾਵੈ ਨਹਿੰ ਘਰ ਜਾਣ॥੩੦॥** 'ਲੱਖੂ' ਚਾਹੀਦਾ ਹੈ ਜਾਂ ਉਹ ਜਸਪਤਿ ਨਾਲ ਉਸ ਨੂੰ ਵੀ ਮਾਣੋ ਲੈ ਜਾਂਦਾ ਹੈ, ਉਹ ਵੀ ਮਰਿਆ ਸਮਝਦਾ ਹੈ। ੩੦।

**ਚੌਪਈ॥ ਔਰ ਨਵੀਂ ਰੱਖ ਲਈ ਸਿਪਾਹਿ॥** ਹੋਰ ਨਵੀਂ ਫ਼ੌਜ ਭਰਤੀ ਕਰ ਲਈ ਹੈ, ਬੇਓੜਕ ਹੀ।

**ਆਯੋ ਰਹਨ ਜੁ ਮੋੜਯੋ ਨਾਂਹਿ॥** ਜੋ ਵੀ ਫ਼ੌਜ ਵਿਚ ਭਰਤੀ ਹੋਣ ਵਾਸਤੇ ਆਇਆ ਹੈ, ਉਸ ਨੂੰ ਮੋੜਿਆ ਨਹੀਂ ਹੈ, ਸਭ ਨੂੰ ਫ਼ੌਜ ਵਿਚ ਭਰਤੀ ਕਰ ਲਿਆ ਹੈ।

**ਕਹੇ, ਦਿਵਸ ਦੋ ਮੈਂ ਲਊਂ ਫੜ੍ਹ ਹੀ॥** ਲੱਖੂ ਕਹਿੰਦਾ ਹੈ, ਮੈਂ ਦੋ ਦਿਨਾਂ ਵਿਚ ਹੀ ਫੜ ਲਵਾਂਗਾ, ਖਾਲਸੇ ਨੂੰ।

**ਫੇਰ ਉਤਾਰੂੰ ਕਰੂੰ ਤੁਰਤ ਹੀ॥੩੧॥** ਫਿਰ ਉਤਾਰਾ ਕਰਾਂਗਾ, ਪਹਿਲਾਂ ਸਿੰਘਾਂ ਨੂੰ ਫੜਕੇ ਫਿਰ ਪੜਾਉ ਲਾਵਾਂਗਾ,ਓਨਾਂ ਚਿਰ ਮੈਂ ਖਲੋਣਾ ਹੀ ਨਹੀਂ ਹੈ। ੩੧।

**ਚੜ੍ਹਿਓ ਹਾਥੀ ਉਤੇ ਦਿਵਾਨ॥** ਲੱਖੂ ਦਿਵਾਨ ਹਾਥੀ 'ਤੇ ਚੜ੍ਹਿਆ ਹੈ, ਫ਼ੌਜ ਦੀ ਅਗਵਾਈ ਕਰਨ ਵਾਸਤੇ।

**ਉੱਠੀ ਧੂੜ ਰਵਿ ਰੁਕਯੋ ਸਮਾਨ॥** ਫ਼ੌਜਾਂ ਦੇ ਚੜ੍ਹਾਈ ਕਰਨ ਨਾਲ ਸਾਰਾ ਅਕਾਸ਼ ਹੀ ਧੂੜ ਨਾਲ ਭਰ ਗਿਆ ਹੈ ਤੇ ਸੂਰਜ ਲੁਕ ਗਿਆ ਹੈ ਗਰਦ ਗੁਬਾਰ ਵਿਚ।

**ਐਸੋ ਸ਼ੋਰ ਜਗਤ ਮੈਂ ਭਯੋ॥** ਜਗਤ ਵਿਚ ਐਸਾ ਰੌਲਾ ਪੈ ਗਿਆ ਹੈ।

**ਅਬੈ ਖਾਲਸੋ ਲੁਕਨ ਨ ਦਯੋ॥੩੨॥** ਹੁਣ ਨਹੀਂ ਸਿੰਘਾਂ ਨੂੰ ਲੁਕਣ ਦੇਣਾ ਕਿਤੇ, ਹੁਣ ਖਾਲਸਾ ਕਿਥੇ ਲੁਕੇਗਾ, ਇਉਂ ਦੁਨੀਆਂ ਵਿਚ ਰੌਲਾ ਪੈ ਗਿਆ ਹੈ। ੩੨।

**ਇਹ ਤੋ ਖਾਲਸ ਛਡੈ ਨ ਬੀਜ॥** ਇਨ੍ਹਾਂ ਨੇ ਤਾਂ ਖਾਲਸੇ ਦਾ ਬੀਜ ਵੀ ਨਹੀਂ ਛੱਡਣਾ, ਇਹ ਦੁਸ਼ਟ ਤਾਂ ਖਾਲਸੇ ਨੂੰ ਖ਼ਤਮ ਕਰਕੇ ਛੱਡੇਗਾ।

**ਭਾਈ ਬੈਰ ਲੈਨ ਚੜ੍ਹਿਓ ਖੀਝ॥** ਖਿਝ ਕੇ ਚੜ੍ਹਿਆ ਹੈ ਆਪਣੇ ਭਰਾ ਦਾ ਵੈਰ ਲੈਣ ਵਾਸਤੇ।

**ਜੈਸੇ ਆਂਧੀ ਪਾਤ ਉਡਾਵੈ॥** ਜਿਵੇਂ ਹਨੇਰੀ ਪੱਤੇ ਉਡਾ ਕੇ ਲੈ ਜਾਂਦੀ ਹੈ।

**ਤੈਸੋ ਖਾਲਸੋ ਆਗੈ ਧਾਵੈ॥੩੩॥** ਐਸੇ ਹੀ ਖਾਲਸਾ ਅੱਗੇ ਨੂੰ ਚੱਲ ਪਿਆ ਹੈ, ਸਿੰਘ ਵੀ ਆਪਣਾ ਬਚਾਉ ਕਰਨ ਵਾਸਤੇ ਝੱਲੋ ਝੱਲ ਅੱਗੇ ਨਿਕਲੇ ਹਨ। ੩੩।

**ਦੋਹਰਾ॥ ਜੋ ਆਏ ਥੇ ਤੁਰਤ ਕੇ, ਤੇ ਤੁਰਤ ਤੁਰੇ ਘਰ ਓਰ॥** ਜਿਹੜੇ ਤੁਰਕ ਹੀ ਆਏ ਸਨ ਸਿੰਘਾਂ ਵਿਚ ਰਲਣ ਵਾਸਤੇ, ਉਹ ਤਾਂ ਉਦੋਂ ਹੀ ਘਰ ਦੀ ਤਰਫ ਮੁੜ ਗਏ ਕਿ ਸਿੰਘਾਂ ਮਗਰ ਤਾਂ ਮੁਲਕ ਚੜ੍ਹ ਕੇ ਆ ਰਿਹਾ ਹੈ।

**ਰਹੇ ਸਿੱਖ ਜੋ ਥੇ ਪਕੇ, ਸਤਿਗੁਰ ਊਪਰ ਜੋਰ॥੩੪॥** ਜਿਨ੍ਹਾਂ ਸਿੰਘਾਂ ਦੀ ਸਤਿਗੁਰ ਤੇ ਟੇਕ ਹੈ, ਉਹ ਪੱਕੇ ਸਿੰਘ ਬਾਕੀ ਰਹਿ ਗਏ ਹਨ, ਸਭ ਕੱਚੇ ਝੜ ਗਏ, ਡਰਾਕਲ ਸਭ ਭੱਜ ਗਏ ਹਨ। ੩੪।

**ਚੌਪਈ॥ ਜਿਮ ਜਿਮ ਲੋਕਨ ਸ਼ੁਹਰਤ ਭਈ॥** ਜਿਵੇਂ-ਜਿਵੇਂ ਲੋਕਾਂ ਨੂੰ ਏਸ ਗੱਲ ਦੀ ਸ਼ੁਹਰਤ ਹੋਈ ਹੈ, ਖ਼ਬਰ ਹੋਈ ਹੈ, ਲੋਕਾਂ ਨੂੰ।

**ਤਿਮ ਤਿਮ ਫੌਜ ਸਿੰਘਨ ਪਰ ਗਈ॥** ਤਿਉਂ-ਤਿਉਂ ਫ਼ੌਜਾਂ ਸਿੰਘਾਂ ਉੱਤੇ ਚੜ੍ਹਾਈ ਕਰਕੇ ਗਈਆਂ ਹਨ, ਜਿਵੇਂ ਉਨ੍ਹਾਂ ਨੂੰ ਹੁਕਮ ਹੋਇਆ ਹੈ ਹਾਕਮਾਂ ਦਾ।

**ਮਾਤ ਪਿਤਨ ਸਿੰਘਨ ਚਿੰਤਾ ਪਈ॥** ਸਿੰਘਾਂ ਦੇ ਮਾਤਾ ਪਿਤਾ ਨੂੰ ਫਿਕਰ ਹੋ ਗਿਆ ਕਿ ਸਾਡੇ ਤਾਂ ਪੁੱਤਰ ਅਜੇ ਹੁਣੇ ਹੀ

ਰਲੇ ਸਨ, ਅਜੇ ਗਏ ਹੀ ਹਨ।

***ਮੋੜ ਲਿਆਏ ਪੁੱਤਨ ਕਈ॥੩੫॥*** ਕਈ ਮਗਰ ਜਾ ਕੇ ਮਾਪੇ ਮੋੜ ਲਿਆਏ ਸਿੰਘਾਂ ਨੂੰ ਨਵੇਂ ਰਲਿਆਂ ਨੂੰ। ੩੫।

***ਕੋਈ ਦੌੜੇ ਮੋੜਨ ਤਾਈਂ॥*** ਕਈ ਮਾਪੇ ਭੱਜੇ ਹਨ ਕਿ ਅਸੀਂ ਵੀ ਮੋੜ ਕੇ ਲਿਆਈਏ ਆਪ ਦੇ ਬੱਚਿਆਂ ਨੂੰ।

***ਪੁਤ੍ਰ ਰਲੈ ਥੇ ਲੁੱਟਨ ਤਾਈਂ॥*** ਉਨ੍ਹਾਂ ਦੇ ਪੁੱਤਰ ਤਾਂ ਲੁੱਟਣ ਵਾਸਤੇ ਤੁਰਕਾਂ ਨੂੰ, ਪੰਥ ਵਿਚ ਰਲੇ ਸਨ।

***ਕਹੈ ਮਾਤ ਤੁਮ ਘਰ ਸੁਤ ਚੱਲੋ॥*** ਉਹਨਾਂ ਦੀਆਂ ਮਾਤਾ ਕਹਿੰਦੀਆਂ ਹਨ, ਪੁੱਤਰ! ਤੁਸੀਂ ਘਰ ਨੂੰ ਵਾਪਸ ਚੱਲੋ।

***ਸੀਸ ਮੁਨਾਇ ਜੱਟਨ ਵਿੱਚ ਰਲੋ॥੩੬॥*** ਸਿਰ ਮੁਨਾ ਕੇ ਜਾ ਕੇ ਜੱਟਾਂ ਵਿਚ ਰਲ ਜਾਓ, ਪਹਿਲਾਂ ਵਾਂਗ ਹੀ। ੩੬।

***ਦੋਹਰਾ॥ ਜੋ ਪੱਕੇ ਥੇ ਸੋ ਰਹੇ, ਕੱਚੇ ਗਏ ਸੁ ਭਾਜ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜੋ ਪੱਕੇ ਸਿੱਖ ਸਨ, ਉਹ ਤਾਂ ਕਾਇਮ ਰਹੇ ਹਨ, ਜਿਹੜੇ ਕੱਚੇ ਸਨ, ਜਿਨ੍ਹਾਂ ਨੂੰ ਸਮਝ ਨਹੀਂ ਸੀ ਸਿੱਖੀ ਦੀ, ਉਹ ਸਭ ਭੱਜ ਕੇ ਘਰਾਂ ਨੂੰ ਆ ਗਏ ਹਨ।

***ਮਰੇ ਗਏ ਸਭ ਸੁਰਗ ਨੋ, ਜੀਏ ਕਰਯੋ ਤਿਨ ਰਾਜ॥੩੭॥*** ਜੋ ਸਿੰਘ ਜੰਗ ਵਿਚ ਸ਼ਹੀਦ ਹੋ ਗਏ, ਉਹ ਸਭ ਸਤਿਗੁਰਾਂ ਦੇ ਚਰਨਾਂ ਵਿਚ ਚਲੇ ਗਏ, ਸੁਰਗਾਂ ਵਿਚ ਨਿਵਾਸ ਹੋਇਆ ਹੈ ਉਨ੍ਹਾਂ ਦਾ, ਜਿਹੜੇ ਜਿਉਂਦੇ ਰਹਿ ਗਏ ਉਨ੍ਹਾਂ ਨੇ ਪਿੱਛੋਂ ਰਾਜ ਕੀਤਾ ਹੈ। ੩੭।

***ਚੌਪਈ॥ ਅਸਲ ਖਾਲਸਾ ਸੋਊ ਰਹਯੋ॥*** ਮਕਾਬਲੇ 'ਤੇ ਜੋ ਅਸਲ ਖਾਲਸਾ ਸੀ, ਉਹੀ ਰਹਿ ਗਿਆ ਹੈ, ਬਾਕੀ ਸਭ ਭੱਜ ਗਏ ਹਨ।

***ਪਰਿਯੋ ਮੁਕਾਬਲ ਦੁਹੂ ਵਲ ਤਹਿਯੋ॥*** ਦੋਹਾਂ ਪਾਸਿਆਂ ਤੋਂ ਮੁਕਾਬਲਾ ਸ਼ੁਰੂ ਹੋ ਗਿਆ ਹੈ।

***ਤੁਰਕ ਸੁ ਆਟਾ ਸਿੰਘ ਸੁ ਲੂਣ॥*** ਏਨੀ ਗਿਣਤੀ ਘੱਟ ਹੈ ਸਿੰਘਾਂ ਦੀ, ਜਿਵੇਂ ਆਟੇ ਲੂਣ ਹੁੰਦਾ ਹੈ, ਖੁਰਾਕ ਆਟੇ ਦੀ ਹੁੰਦੀ ਹੈ, ਚੂੰਢੀ ਕੁ ਲੂਣ ਪਾਈਏ ਤਾਂ ਬਰਾਬਰ ਹੋ ਜਾਂਦਾ ਹੈ, ਇਤਨੀ ਗਿਣਤੀ ਹੈ ਤੁਰਕਾਂ ਦੀ।

***ਤੁਰਕ ਘਟਾ ਸਿੰਘ ਬਿੱਜਲ ਊਨ॥੩੮॥*** ਜਿਵੇਂ ਬਦਲ ਦੀ ਘਟਾ ਚੜ੍ਹਦੀ ਹੈ ਅਸਮਾਨ ਉਤੇ, ਘਟਾ ਤਾਂ ਸਾਰੇ ਅਸਮਾਨ 'ਤੇ ਫੈਲੀ ਹੁੰਦੀ ਹੈ ਤੇ ਅਸਮਾਨੀ ਬਿਜਲੀ ਮਾੜੀ ਜਿਹੀ ਤਾਰ ਜਿਹੀ ਹੁੰਦੀ ਹੈ, ਐਨਾ ਫਰਕ ਸੀ ਤੁਰਕਾਂ ਦੀ ਅਤੇ ਸਿੰਘਾਂ ਦੀ ਗਿਣਤੀ ਦਾ। ੩੮।

***ਦੋਹਰਾ॥ ਦੇਖ ਸੁ ਲਸ਼ਕਰ ਅਤਿ ਘਣਾ, ਸਭ ਖਾਲਸੇ ਲਾਯੋ ਦਿਵਾਨ॥*** ਜਦੋਂ ਸਿੰਘਾਂ ਨੇ ਵੇਖਿਆ ਕਿ ਤੁਰਕਾਂ ਦਾ ਲਸ਼ਕਰ ਬਹੁਤ ਜ਼ਿਆਦਾ ਹੈ, ਤਾਂ ਸਰਬੱਤ ਖਾਲਸੇ ਨੇ ਗੁਰਮਤਾ ਕਰਨ ਵਾਸਤੇ ਦੀਵਾਨ ਲਾਇਆ ਹੈ।

***ਇਨ ਸੋ ਸਨਮੁਖ ਕਿਮ ਲਰੈਂ, ਇਹ ਚਲ ਅਯੋ ਜਹਾਨ॥੩੯॥*** ਸਿੰਘਾਂ ਨੇ ਵਿਚਾਰ ਕੀਤੀ ਕਿ ਸਿੰਘੋ ! ਦੱਸੋ ਸਨਮੁਖ ਹੋ ਕੇ ਇਨ੍ਹਾਂ ਨਾਲ ਕਿਵੇਂ ਲੜਿਆ ਜਾ ਸਕਦਾ ਹੈ? ਇਹ ਤਾਂ ਮੁਲਕ ਹੀ ਇਕੱਠਾ ਹੋ ਕੇ ਆ ਗਿਆ ਹੈ ਸਾਰਾ। ੩੯।

***ਜੇਊ ਸੂਰ ਸਿਰ ਬਾਹਰੇ ਤੇਊ ਕਹੈਂ, ਲੜੋ ਆਜ॥*** ਜਿਹੜੇ ਤਾਂ 'ਸਿਰੋਂ ਬਾਹਰੇ ਸੂਰਬੀਰ ਬਹਾਦਰ ਦਲੇਰ ਸਿੰਘ ਸਨ, ਉਹ ਕਹਿੰਦੇ ਖਾਲਸਾ ਜੀ ਦਿਲ ਕੀ ਹੈ, ਅੱਜ ਹੀ ਮੁਕਾਬਲਾ ਕਰੀਏ, ਅੱਜ ਹੀ ਜੰਗ ਕਰੀਏ, ਇਹਨਾਂ ਦੇ ਨਾਲ।

***ਜੋਊ ਸਿਆਨੇ ਸੋ ਕਹੈਂ, ਲੜੋ ਸੁ ਮੁੜ ਮੁੜ ਭਾਜ॥੪੦॥*** ਜੋ ਸਿਆਣੇ ਸਿੰਘ ਸਨ, ਜਿਨ੍ਹਾਂ ਨੇ ਅੱਗੇ ਜੰਗ ਲੜੇ ਸਨ, ਏਸ ਤਰ੍ਹਾਂ ਨਹੀਂ ਆਪਣੀ ਇਨ੍ਹਾਂ ਨਾਲ ਪੁਗਣੀ, ਇਹ ਮੁਲਕ ਕਿੰਨਾਂ ਕੁ ਵੱਢ ਦਿਆਂਗੇ ਅਸੀਂ, ਆਪਾਂ ਨੂੰ ਤਾਂ ਭੱਜ ਭੱਜ ਕੇ ਲੜਨਾ ਚਾਹੀਦਾ ਹੈ। ਭੱਜ ਕੇ ਅੱਗੇ ਨਿਕਲ ਜਾਓ, ਜਿਹੜਾ ਦੁਸ਼ਮਣ ਨਾਲ ਰਲ ਕੇ ਲੜਨ ਦੀ ਕੋਸ਼ਸ਼ ਕਰੇ, ਉਸ ਨੂੰ ਮਾਰੋ ਆਪਾ ਅੱਗੇ-ਅੱਗੇ ਚਲੀਏ ਤੇ ਭੱਜ-ਭੱਜ ਕੇ ਲੜੀਏ। ੪੦।

***ਚੌਪਈ॥ ਸਯਾਨਨ ਨੇ ਯੌ ਬਾਤ ਸੁਨਾਈ॥*** ਸਿਆਣਿਆਂ ਸਿੰਘਾਂ ਨੇ ਗੁਰਮਤਾ ਸੋਧ ਕੇ ਇਉਂ ਗੱਲ ਸਮਝਾਈ ਹੈ।

***ਲੜਾਈ ਕੇ ਫੱਟ ਕਹੈਂ ਸੁ ਢਾਈ॥*** ਖਾਲਸਾ ਜੀ ! ਸਿਆਣਿਆਂ ਨੇ ਕਿਹਾ ਹੈ ਕਿ ਲੜਾਈ ਦੇ ਢਾਈ ਫੱਟ ਹਨ। ਵਾਰਸ਼

ਸ਼ਾਹ ਨੇ ਕਿਹਾ "ਵਾਰਸ਼ ਸ਼ਾਹ ਲੜਾਈ ਦੇ ਫੱਟ ਢਾਈ, ਏਕੇ ਮਾਰਨਾ ਮਰਨ ਤੇ ਭੱਜ ਜਾਣਾ"। ਕਹਿੰਦੇ ਹਨ ਇਹ ਅੱਧਾ ਫੱਟ ਹੈ ਮਰ ਜਾਣਾ ਲੜ ਕੇ। ਮਾਰ ਕੇ ਭੱਜ ਜਾਣਾ ਇਹ ਪੂਰਾ ਫੱਟ ਹੈ, ਇਹ ਲੜਾਈ ਦਾ ਪੂਰਾ ਦਾਉ ਹੈ, ਅੱਗੇ ਭੱਜ ਕੇ ਆਪਣੇ ਆਪ ਦਾ ਬਚਾਉ ਕਰਨਾ ਫਿਰ ਵੇਲਾ ਪਾ ਕੇ ਦੁਸ਼ਮਣ ਨੂੰ ਮਾਰ ਲੈਣਾ।

***ਮਿਲਨ ਭਜਨ ਇਹ ਸਾਰ ਦੋਇ॥*** ਲੁਕ ਜਾਣਾ, ਭੱਜ ਜਾਣਾ, ਮਿਲ ਪੈਣਾ, ਇਹ ਪੂਰੇ ਫੱਟ ਹਨ। ਦੁਸ਼ਮਣ ਨਾਲ ਮੌਕੇ 'ਤੇ ਮੇਲ ਕਰ ਲਉ, ਸਮਾਂ ਪਾ ਕੇ ਫਿਰ ਮਾਰ ਲਉ ਅਤੇ ਨਿਕਲ ਜਾਣਾ ਛੱਡ ਕੇ, ਜਦੋਂ ਫਿਰ ਜੰਗ ਹੋਵੇ,ਫਿਰ ਲੜ ਪੈਣਾ, ਇਉਂ ਬਚਾਉ ਪੂਰਾ ਕਰਨਾ ਏਸੇ ਨੂੰ ਪੂਰੀ ਲੜਾਈ ਕਹਿੰਦੇ ਹਨ।

***ਲੜ ਮਰ ਮੁਕਣ ਆਧਾ ਸੋਇ॥੪੧॥*** ਲੜ ਕੇ ਮਰ ਮੁਕ ਜਾਣਾ ਇਹ ਅੱਧਾ ਫੱਟ ਹੈ ਲੜਾਈ ਦਾ । ਇਸ ਤਰ੍ਹਾਂ ਲੜਾਈ ਦੇ ਢਾਈ ਫੱਟ ਹਨ। ੪੧।

***ਹਮੇਂ ਗੁਰੂ ਨੇ ਭਜਨ ਬਤਾਯਾ॥*** ਸਾਨੂੰ ਸਤਿਗੁਰਾਂ ਨੇ ਲੜਾਈ ਦਾ ਪੂਰਾ ਫੱਟ ਦੱਸਿਆ ਹੈ ਕਿ ਜਦੋਂ ਆਪਾਂ ਥੋੜ੍ਹੇ ਹੋਈਏ ਦੁਸ਼ਮਣ ਜ਼ਿਆਦਾ ਹੋਵੇ, ਉਦੋਂ ਭੱਜ ਕੇ ਭਾਵ ਜਦੋਂ ਮੁਕਾਬਲਾ ਹੋਵੇ, ਉਦੋਂ ਵੀ ਅੱਗੇ ਲੱਗ ਕੇ ਦੌੜਦੇ ਰਹੀਏ, ਜਿਹੜਾ ਕੋਈ ਤਕੜਾ ਦੁਸ਼ਮਣ ਨਾਲ ਰਲੇਗਾ, ਤਕੜਾ ਹੀ ਰਲੇਗਾ, ਉਸ ਤਕੜੇ ਨੂੰ ਮਾਰ ਲਵੋ। ਤਕੜੇ ਇਉਂ ਮਾਰੇ ਜਾਣਗੇ ਤੇ ਮਾੜੇ-ਮਾੜੇ ਰਹਿ ਜਾਣਗੇ, ਉਨ੍ਹਾਂ 'ਤੇ ਜਦੋਂ ਹੱਲਾ ਬੋਲੋਗੇ ਉਦੋਂ ਮਾਰ ਲਵਾਂਗੇ।

***ਭਜ ਭਜ ਲੜਨੋਂ ਬਡ ਯਹ ਦਾਯਾ॥*** ਇਹ ਵੱਡਾ ਦਾਉ ਹੈ, ਜਿਹੜਾ ਭੱਜ-ਭੱਜ ਲੜਨਾ, ਲੜਨਾ ਤਾਂ ਹੈ ਹੀ ਭੱਜਣਾ ਨਹੀਂ ਕਿ ਡਰ ਕੇ ਭੱਜ ਜਾਣਾ, ਲੜੀ ਵੀ ਜਾਣਾ ਹੈ,ਭੱਜੀ ਵੀ ਜਾਣਾ ਹੈ ਭਾਵ ਵਕਤ ਨਹੀਂ ਦੇਣਾ ਹੈ, ਜੇ ਇਕ ਥਾਂ 'ਤੇ ਜੰਮ ਕੇ ਲੜੀਏ, ਤਾਂ ਦੁਸ਼ਮਣ ਘੇਰਾ ਘੱਤ ਲੈਂਦਾ ਹੈ। ਫਿਰ ਉੱਥੇ ਲੜਾਈ ਵਿਚ ਫਸਿਆਂ ਨਿਕਲਿਆ ਨਹੀਂ ਜਾਂਦਾ ਹੈ।

***ਭਜ ਭਜ ਲੜਿਓ ਸਤਿਗੁਰ ਆਪ॥*** ਸਤਿਗੁਰੂ ਆਪ ਜਦੋਂ ਅਨੰਦਪੁਰ ਸਾਹਿਬ ਤੋਂ ਜਦੋਂ ਅਤੀ ਲੜਾਈ ਦਾ ਸਿਰਾ ਆ ਗਿਆ ਕਿ ਦੁਸ਼ਮਣ ਹੁਣ ਘੇਰਾ ਛੱਡ ਕੇ ਨਹੀਂ ਜਾਇਗਾ। ਸੱਤ ਮਹੀਨੇ ਘੇਰਾ ਪਏ ਨੂੰ ਹੋ ਗਏ ਨੇ ਤੇ ਸਤਿਗੁਰੂ ਫਿਰ ਲੜਾਈ ਉਸੇ ਢੰਗ ਨਾਲ ਲੜੇ ਹਨ। ਛੱਡ ਕੇ ਅਨੰਦਪੁਰ ਸਾਹਿਬ ਨੂੰ ਅੱਗੇ ਚੱਲ ਪਏ ਨੇ ਜਿਹੜੇ ਰਲੇ ਨਾਲ ਓਹੋ ਮਾਰੇ ਹਨ, ਮਾੜੇ ਤਾਂ ਰਲ ਨਹੀਂ ਸੀ ਸਕਦੇ।

***ਭਜ ਭਜ ਲੜਨੋਂ ਨਹਿਂ ਕਛੁ ਪਾਪ॥੪੨॥*** ਭੱਜ-ਭੱਜ ਕੇ ਲੜਨ ਵਿੱਚ ਕੋਈ ਪਾਪ ਨਹੀਂ ਹੈ, ਛੱਡ ਕੇ ਉੱਕਾ ਹੀ ਲੁਕ ਜਾਣਾ, ਉਹ ਤਾਂ ਪਾਪ ਵਾਲੀ ਗੱਲ ਹੈ। ਦਿਲ ਛੱਡ ਜਾਣਾ। ੪੨।

***ਕਈ ਬਾਰ ਭਜ ਗਯੋ ਭਗਵਾਨ॥*** ਭਗਵਾਨ ਸ੍ਰੀ ਕ੍ਰਿਸ਼ਨ ਜੀ ਕਈ ਵਾਰੀ ਜੰਗ ਕਰਦੇ ਕਰਦੇ ਵਿੱਚੋਂ ਛੱਡ ਕੇ ਭੱਜ ਗਏ ਸਨ।

***ਮਧ ਸਮੁੰਦਰ ਕੀਨੋ ਥਾਨ॥*** ਸਮੁੰਦਰ ਦੇ ਵਿਚਕਾਰ ਜਾ ਦੁਆਰਕਾ ਨਗਰੀ ਸਥਾਨ ਸਥਾਪਤ ਕਰ ਲਿਆ ਸੀ, ਉਨ੍ਹਾਂ ਨੇ ਜਾ ਕੇ।

***ਪਾਂਡਵ ਭੀ ਥੇ ਭਜ ਕੇ ਬਚੇ॥*** ਪਾਂਡਵ ਵੀ ਭੱਜ ਕੇ ਬਚੇ ਸਨ, ਭੱਜ ਕੇ ਨਿਕਲ ਗਏ ਸਨ, ਸਿਆਣਿਆਂ ਲੋਕਾਂ ਨੇ ਜਿੰਨੀਆਂ ਲੜਾਈਆਂ ਲੜੀਆਂ ਹਨ, ਭੱਜ ਕੇ ਲੜੀਆਂ ਹਨ।

***ਮੰਦਰ ਥੇ ਜਹ ਲੱਖੀ ਰਚੇ॥੪੩॥*** ਲਾਖ ਦਾ ਮੰਦਰ, ਜੋ ਵਿਰਾਟ ਰਾਜੇ ਨੇ ਬਣਵਾਇਆ ਸੀ, ਪਾਂਡਵਾ ਨੂੰ ਲਾਖ ਦੇ ਮੰਦਰ ਵਿਚ ਵਾੜ ਕੇ ਮਗਰੋਂ ਅੱਗ ਲਾ ਦਿੱਤੀ ਸੀ। ਉਨ੍ਹਾਂ ਨੂੰ ਅਣਭੋਲ ਸਮਝ ਕੇ ਕਿ ਇਨ੍ਹਾਂ ਨੂੰ ਪਤਾ ਕੋਈ ਨਹੀਂ, ਪਰ ਉਹ ਗੁਪਤ ਰਸਤੇ ਰਾਹੀਂ ਬਾਹਰ ਨਿਕਲ ਗਏ ਸਨ। ੪੩।

***ਦੋਹਰਾ॥ ਜੋਊ ਸਯਾਨਨ ਨੇ ਕਹੀ, ਮਨੀ ਸੂਰਨ ਸੋ ਗੱਲ॥*** ਜੋ ਸਿਆਣੇ ਸਿੰਘਾਂ ਨੇ ਕਿਹਾ ਹੈ, ਓਸ ਬਚਨ ਨੂੰ ਸਿਆਣੇ ਸੂਰਵੀਰ ਸਿੰਘਾਂ ਨੇ ਮੰਨ ਲਿਆ ਹੈ ਕਿ 'ਠੀਕ ਹੈ ਜੀ ਜਿਵੇਂ ਤੁਸੀਂ ਕਹਿੰਦੇ ਹੋ।

***ਲਰਤ ਭਜਤ ਆਗੇ ਤੁਰੇ ਲਯੋ ਆਸਰੋ ਝੱਲ॥੪੪॥*** ਸਿੰਘ ਕਾਹਨੂੰਵਾਲ ਦੇ ਛੰਭ ਵਿਚ ਜਿੱਥੇ ਇਕੱਤਰ ਹੋਏ ਸਨ, ਲੜਦੇ

ਭਿੜਦੇ ਅੱਗੇ ਤੁਰੇ ਹਨ,ਛੰਭ ਦੇ ਵਿਚ ਵਿਚ ਦੀ, ਜੰਗਲ ਦੇ। ੪੪।

***ਚੌਪਈ॥ ਤਬਹਿ ਸਿੰਘਨ ਹੋ ਲਗ ਗਯੋ ਦਾਇ॥*** ਤਦ ਸਿੰਘਾਂ ਦਾ ਦਾਉ ਲੱਗ ਹੈ, ਸਿੰਘਾਂ ਨੂੰ ਸਮਾਂ ਮਿਲ ਗਿਆ ਹੈ।

***ਪ੍ਰਿਥਮ ਹਰੌਲ ਤੁਰਕ ਕੀਓ ਘਾਇ॥*** ਹਰਿਆਵਲ ਦਸਤੇ ਹੁੰਦੇ ਹਨ, ਜਿਹੜੇ ਅੱਗੇ ਹੋ ਕੇ ਲੜਨ ਵਾਲੇ, ਇਹ ਹਰਿਆਵਲ ਜੱਥੇ ਲੱਖੂ ਨੇ ਲੜਨ ਵਾਸਤੇ ਅੱਗੇ ਕੀਤੇ ਸਨ ਕਿ ਤੁਸੀਂ ਅੱਗੇ ਹੋ ਕੇ ਸਿੰਘਾਂ ਨਾਲ ਲੜਾਈ ਪਾਓ, ਪਿੱਛੋਂ ਅਸੀਂ ਤੋਪ ਜੰਬੂਰੇ ਮਾਰ ਕੇ ਸਿੰਘਾਂ ਨੂੰ ਖ਼ਤਮ ਕਰਾਂਗੇ। ਤਾਂ ਸਿੰਘਾਂ ਨੇ ਅੱਗਾ ਪਿੱਛਾ ਨਹੀਂ ਵੇਖਿਆ,ਉਨ੍ਹਾਂ ਨੇ ਵੇਖਿਆ ਕਿ ਸਾਡੇ ਏਰੀਏ ਵਿਚ ਆ ਗਏ ਨੇ ਬੀੜ ਦੇ ਪਾਸੇ ਪਾਸੇ, ਇਹ ਸਾਡੇ ਨਾਲ ਲੜਨ ਆਏ ਹਨ, ਸਿੰਘਾਂ ਨੇ ਮਾਰੇ ਛਪੋਲ ਏਧਰੋਂ, ਮਾਰਿਆ ਛਪੋਲ ਉਧਰੋਂ, ਸੋਧ ਲਏ ਜਿਹੜੇ ਹਰਿਆਵਲੇ ਦਸਤੇ ਬਹੁਤੇ ਕਾਹਲੇ ਸਨ ਲੜਨ ਨੂੰ, ਉਹ ਤਾਂ ਸਿੰਘਾਂ ਨੇ ਪਹਿਲਾਂ ਹੀ ਮਾਰ ਲਏ।

***ਤਬ ਦਿਵਾਨ ਯੌ ਚਿੰਤਾ ਪਰੀ॥*** ਜਦੋਂ ਦਿਵਾਨ ਨੇ ਵੇਖਿਆ ਕਿ ਬੀੜ ਦੇ ਦੁਆਲੇ-ਦੁਆਲੇ ਸਿੰਘਾਂ ਨੇ ਮਾਰ-ਮਾਰ ਕੇ ਤੁਰਕਾਂ ਦੇ ਢੇਰ ਲਾ ਦਿੱਤੇ ਹਨ, ਤਾਂ ਉਸ ਨੂੰ ਚਿੰਤਾ ਪੈ ਗਈ ਕਿ ਇਹ ਕੀ ਬਣਿਆ ਸਾਡੇ ਨਾਲ, ਅਸੀਂ ਤਾਂ ਇਹਨਾਂ ਨੂੰ ਮਾਰਨ ਆਏ ਸੀ, ਸਾਨੂੰ ਹੀ ਮਾਰ ਲਿਆ ਹੈ ਇਹਨਾਂ ਨੇ।

***ਬਿਨ ਤਤਬੀਰ ਫੌਜ ਸੋ ਮਰੀ॥੪੫॥*** ਸਾਡੀ ਉਹ ਫ਼ੌਜ ਬਿਨਾਂ ਤਰੀਕੇ ਤੋਂ ਮਾਰੀ ਗਈ ਹੈ, ਸਾਨੂੰ ਨਹੀਂ ਸੀ ਪਤਾ ਕਿ ਐਨਾਂ ਮੂਲਕ ਅਸੀਂ ਚਲੇ ਹਾਂ, ਸਿੰਘਾਂ ਨੂੰ ਜਿਉਂਦੇ ਫੜ ਲਵਾਂਗੇ ਅਸੀਂ, ਇਉਂ ਦਲੀਲਾਂ ਕਰਦੇ ਸੀ। ਇਹ ਨਹੀਂ ਸੀ ਪਤਾ ਕਿ ਸਿੰਘ ਤਾਂ ਅੱਗੇ ਬੜੇ ਦਾਉ-ਪੇਚ ਜਾਣਦੇ ਹਨ ਲੜਾਈ ਦੇ। ਸਿੰਘਾਂ ਨੇ ਕਿਹਾ ਜਿਹੜੇ ਮੂਹਰੇ ਹੋ ਕੇ ਆਏ ਹਨ ਲੜਾਈ ਵਿਚ ਅੱਗੇ ਲੰਗ ਕੇ, ਤਕੜਾ ਹੀ ਬੰਦਾ ਹੁੰਦਾ ਹੈ ਹੌਂਸਲੇ ਨਾਲ ਮੂਹਰੇ, ਇਹਨਾਂ ਨੂੰ ਤਾਂ ਸੋਧ ਲਵੋ ਪਹਿਲਾਂ, ਫਿਰ ਦੂਜਿਆਂ ਨਾਲ ਵੇਖਾਂਗੇ। ੪੫।

***ਔਰ ਤਤਬੀਰ ਫੌਜ ਕੀ ਕਰੀਐ॥*** ਫਿਰ ਹੋਰ ਸਿਆਣੇ ਇਕੱਠੇ ਕੀਤੇ ਹਨ ਆਪ ਦੇ, ਕਿ ਲੜਾਈ ਕਿਸ ਢੰਗ ਨਾਲ ਕਰੀਏ, ਕੋਈ ਹੋਰ ਫ਼ੌਜੀ ਢੰਗ ਤਰੀਕਾ ਵਰਤੀਏ, ਲੜਨ ਵਾਸਤੇ।

***ਤੋਪ ਘੋੜਨ ਕੀ ਆਗੈ ਧਰੀਐ॥*** ਜੋ ਘੋੜਿਆਂ ਨਾਲ ਖਿੱਚਣ ਵਾਲੀਆਂ ਛੋਟੀਆਂ ਤੋਪਾਂ ਸਨ, ਹਾਥੀਆਂ ਨਾਲ ਖਿੱਚਣ ਵਾਲੀਆਂ ਤੋਪਾਂ, ਊਠਾਂ ਨਾਲ ਖਿੱਚਣ ਵਾਲੀਆਂ, ਝੋਟਿਆਂ ਬੈਲਾਂ ਨਾਲ ਖਿੱਚਣ ਵਾਲੀਆਂ ਭਾਰੀਆਂ ਤੋਪਾਂ, ਉਹ ਪਿੱਛੇ ਰੱਖੀਆਂ ਹਨ। ਜੋ ਘੋੜਿਆਂ ਨਾਲ ਖਿੱਚ ਕੇ ਲਿਜਾਣ ਵਾਲੀਆਂ ਤੋਪਾਂ ਸਨ, ਛੋਟੀਆਂ ਉਹ ਅੱਗੇ ਕੀਤੀਆਂ।

***ਤਿਹਿ ਪਾਛੈ ਕੀਨੀ ਹਥ ਨਾਲ॥*** ਅੱਗੇ ਉਨ੍ਹਾਂ ਪਿੱਛੇ ਹੱਥ ਨਾਲਾਂ ਜੋ ਵੱਡੀਆਂ ਰਾਈਫਲਾਂ ਵਾਲੇ ਜਿਨ੍ਹਾਂ ਦੇ ਪਾਈਆ ਪਾਈਆ ਬਰੂਦ ਪੈਂਦਾ ਫਾਇਰ ਵਿਚ, ਉਨ੍ਹਾਂ ਜੁਆਨਾਂ ਦੀ ਪਿੱਛੇ ਲਾਈਨ ਬੰਨ੍ਹ ਦਿੱਤੀ।

***ਤਿਸੈ ਜੰਬੂਰਨ ਲਾਈ ਪਾਲ॥੪੬॥*** ਓਸ ਤੋਂ ਬਾਅਦ (ਜੰਬੂਰਨ) ਛੋਟੀਆਂ ਤੋਪਾਂ ਦੀ ਪੰਗਤੀ ਲਾ ਦਿੱਤੀ ਹੈ, ਬੰਨ੍ਹ ਕੇ ਲਾਈਨ ਇਉਂ ਤਰੀਕਾ ਬਣਾ ਲਿਆ ਕਿ ਆਪਾਂ ਛੋਟੀਆਂ ਤੋਪਾਂ ਨਾਲ ਉਡਾਉਂਦੇ ਚਲੀਏ, ਖਾਲਸੇ ਨੂੰ। ੪੬।

***ਤਿਸਕੇ ਪਾਛੇ ਕਰੀ ਸਿਪਾਹਿ॥*** ਉਸ ਦੇ ਪਿੱਛੇ ਜੋ ਪੈਦਲ ਫ਼ੌਜ ਸੀ, ਉਹ ਕੀਤੀ ਹੈ।

***ਫੌਜ ਅਸਲ ਨਿਜ ਰਾਖੀ ਪਾਹਿ॥*** ਜਿਹੜੀ ਜੰਗੀ ਫ਼ੌਜ ਸੀ, ਅਸਲ ਵੱਡੀ ਫ਼ੌਜ ਉਹ ਲੱਖੂ ਨੇ ਆਪਣੇ ਦੁਆਲੇ ਰੱਖੀ ਹੈ। ਕਿ ਮੈਨੂੰ ਨਾ ਸਿੰਘ ਕਿਤੇ ਆ ਮਾਰਨ।

***ਰਚੀ ਚੰਮੂ ਦਿਵਾਨ ਉਲਟੇ ਰਾਹਿ॥*** ਕਿਉਂਕਿ ਆਮ ਕਰਕੇ ਤੋਪਾਂ ਪਿੱਛੇ ਹੁੰਦੀਆਂ ਹਨ, ਪੈਦਲ ਅੱਗੇ ਹੁੰਦੇ ਹਨ, ਉਨ੍ਹਾਂ ਦੀ ਮਦਦ 'ਤੇ ਘੋੜ ਸਵਾਰ ਹੁੰਦੇ ਹਨ, ਤੋਪਾਂ ਦੂਰੋਂ ਚਲਾਈਆਂ ਜਾਂਦੀਆਂ ਹਨ। ਇਸ ਨੇ 'ਉਲਟੇ ਰਾਹਿ' ਤੋਪਾਂ, ਤਹਿਕਲੇ, ਜੰਬੂਰੇ ਨਾਲਾਂ ਉਹ ਅੱਗੇ ਕਰਕੇ, ਆਪ ਸਿਪਾਹੀ ਉਸ ਦੇ ਪਿੱਛੇ ਕਰ ਲਏ ਹਨ। ਇਸ ਨੇ ਉਲਟਾ ਤਰੀਕਾ ਵਰਤਿਆ ਕਿ ਸਿਪਾਹੀ ਬਚਦੇ ਰਹਿਣ ਤੇ ਤੋਪਾਂ ਨਾਲ ਹੀ ਆਪਾਂ ਕੰਮ ਸਾਰੀਏ।

***ਸਭ ਤੇ ਪਾਛੇ ਡਰਤ ਸੁ ਜਾਇ॥੪੭॥*** ਐਨੀ ਫ਼ੌਜ ਅੱਗੇ ਲਾ ਕੇ ਆਪ ਸਾਰਿਆਂ ਦੇ ਪਿੱਛੇ, ਫਿਰ ਵੀ ਡਰਦਾ ਹੈ ਸਿੰਘਾਂ

ਤੋਂ ਕਿ ਮੈਨੂੰ ਨਾ ਛਪੋਲ ਮਾਰਨ ਸਿੰਘ, ਮੇਰੇ 'ਤੇ ਨਾ ਆ ਪੈਣ। ੪੭।

***ਜੋ ਸਿੰਘ ਮੁੜ ਕਰ ਕਰੈਂ ਲੜਾਈ॥*** ਜਿਹੜੇ ਸਿੰਘ ਬੀੜ ਵਿੱਚੋਂ ਨਿਕਲਕੇ ਮੁੜ ਕੇ ਹੱਲਾ ਬੋਲਦੇ ਹਨ, ਇਨ੍ਹਾਂ 'ਤੇ।

***ਨਹਿਂ ਤੋਪਨ ਸੌਂ ਕਛੂ ਬਸਾਈ॥*** ਅੱਗੋਂ ਉਹ ਤੋਪਾਂ ਨਾਲ ਲੜਦੇ ਹਨ, ਤੋਪਾਂ ਦੇ ਗੋਲੇ ਛੱਡਦੇ ਹਨ, ਉੱਥੇ ਵਾਹ ਨਹੀਂ ਜਾਂਦੀ ਕਿਸੇ ਦੀ।

***ਤੌ ਸਿੰਘ ਫੇਰ ਵੜੈਂ ਮੁੜ ਝੱਲ॥*** ਤਾਂ ਸਿੰਘ ਹੱਲਾ ਤਾਂ ਕਰਦੇ ਹਨ ਹੌਂਸਲਾ ਕਰਕੇ, ਪਰ ਤੋਪਾਂ ਅੱਗੇ ਵਾਹ ਨਾ ਜਾਂਦੀ ਕਰਕੇ ਫਿਰ ਪਿਛਾਂਹ ਮੁੜ ਕੇ ਝੱਲ ਵਿਚ ਵੜ ਜਾਦੇ ਹਨ।

***ਐਸੀ ਭਈ ਖਾਲਸੇ ਗੱਲ॥੪੮॥*** ਖਾਲਸੇ ਪੰਥ ਨਾਲ ਏਸ ਤਰ੍ਹਾਂ ਵਾਪਰੀ ਹੈ ਉੱਥੇ, ਬੜੇ ਹੀ ਉਥੇ ਖਾਲਸੇ ਨੂੰ ਦੁੱਖ ਮੁਸੀਬਤਾਂ ਝੱਲਣੀਆਂ ਪਈਆਂ। ੪੮।

***ਵੜੈਂ ਤਾਂਹਿ ਜਹਿਂ ਤੋਪ ਨ ਜਾਵੈ॥*** ਹੁਣ ਸਿੰਘ ਉਥੇ ਚਲੇ ਗਏ ਸੰਘਣੇ ਜੰਗਲ ਵਿਚ, ਜਿਥੇ ਤੋਪ ਦਾ ਗੋਲਾ ਨਾ ਵੱਜੇ, ਜੇ ਤੋਪਾਂ ਚਲਾਉਂਦੇ ਹਨ, ਤਾਂ ਉਹ ਹੱਥਾਂ ਵਿਚ ਵਜਦੀਆਂ ਨੇ, ਜਿਹੜਾ ਜੰਗਲ ਦੇ ਅੰਦਰ ਜਾਵੇ, ਉਸ ਨੂੰ ਸਿੰਘ ਜਾਣ ਨਹੀਂ ਦਿੰਦੇ ਹਨ, ਵਾਪਸ।

***ਘੁੜਿਆਲਨ ਨਹਿਂ ਕਛੂ ਬਸਾਵੈ॥*** ਜੋ ਘੋੜਿਆਂ ਨਾਲ ਖਿੱਚਣ ਵਾਲੀਆਂ ਤੋਪਾਂ ਸਨ, ਉਨਾਂ ਅੱਗੇ ਵਾਹ ਨਹੀਂ ਜਾਂਦੀ ਕਿਸੇ ਦੀ।

***ਛਡੀ ਫੌਜ ਲੇਹਿਂ ਸਿੰਘ ਉਸ ਮਾਰ॥*** ਜਿਹੜਾ ਕੋਈ ਫ਼ੌਜ ਨੂੰ ਛੱਡ ਕੇ ਜਰਾ ਕੁ ਪਾਸੇ ਹੋਇਆ ਸਿੰਘ ਉਸ ਨੂੰ ਮਾਰ ਲੈਂਦੇ ਹਨ।

***ਇਸ ਬਿਧ ਸਿੰਘ ਬਚੇ ਕਈ ਬਾਰ॥੪੯॥*** ਏਸ ਤਰ੍ਹਾਂ ਕਈ ਵਾਰੀ ਸਿੰਘ ਪਿੱਛੇ ਹਟ ਜਾਂਦੇ, ਇਉਂ ਕਈ ਵਾਰੀ ਸਿੰਘ ਬਚੇ, ਕਿਉਂਕਿ ਜੇ ਸਿੰਘ ਹੱਲਾ ਹੀ ਕਰੀ ਜਾਣ ਫਿਰ ਤਾਂ ਮਾਰੇ ਹੀ ਪਏ ਸਨ। ੪੯।

***ਤਬਹਿ ਦਿਵਾਨ ਬਿਲਦਾਰ ਬੁਲਾਏ॥*** ਬੇਲਦਾਰ ਜੋ ਜੰਗਲ ਕੱਟਣ ਵਾਲੇ ਸਨ, ਉਨਾਂ ਨੂੰ ਬੁਲਾਇਆ ਹੈ ਲੱਖੂ ਨੇ, 'ਆਓ ਐਧਰ ਜੰਗਲ ਕੱਟ ਕੇ ਕੱਢੀਏ ਸਿੰਘਾਂ ਨੂੰ'।

***ਬਿਕਟ ਠੌਰ ਤਹਿਂ ਰਾਹ ਬਨਵਾਏ॥*** ਕਠਨ ਥਾਵਾਂ 'ਤੇ ਜਿਥੇ ਬਹੁਤੇ ਸੰਘਣੇ ਜੰਗਲ ਸਨ, ਤੋਪਾਂ ਨਹੀਂ ਲੰਘਦੀਆਂ ਸਨ, ਉਥੇ ਰਾਹ ਬਣਾਏ ਤੋਪਾਂ ਅੱਗੇ ਲੰਘਾਉਣ ਵਾਸਤੇ।

***ਝੱਲ ਗਾੜ੍ਹੇ ਤਹਿਂ ਫੂਕ ਜਲਾਵੈਂ॥*** ਜਿਥੇ ਬਹੁਤੇ ਸੰਘਣੇ ਝੱਲ ਸਨ, ਝਾੜ ਸਨ, ਪਤਾ ਹੀ ਨਹੀਂ ਸੀ ਲਗਦਾ, ਉਨ੍ਹਾਂ ਨੇ ਅੱਗ ਲਾ ਕੇ ਫੂਕ ਦਿੱਤੇ, ਉਹ ਜੰਗਲ।

***ਸੇਧ ਧਰੇ ਤੁਰ ਤੋਪ ਚਲਾਵੈਂ॥੫੦॥*** ਸੇਧ ਰੱਖ-ਰੱਖ ਕੇ ਜਿਥੇ-ਜਿਥੇ ਸਿੰਘ ਸਨ, ਰਾਹ ਬਣਾ ਕੇ ਤੋਪਾਂ ਦੇ ਫਾਇਰ ਕਰਨ ਲੱਗੇ। ੫੦।

***ਤਬ ਸਿੰਘਨ ਕੌ ਬਹੁਤ ਸਤਾਯਾ॥*** ਤਦ ਸਿੰਘਾਂ ਨੂੰ ਬਹੁਤ ਦੁਖੀ ਕੀਤਾ, ਹੁਣ ਝੱਲ ਵਿਚ ਕਿਥੇ ਕੁ ਲੁਕਣ, ਕਿਥੇ ਚਲੇ ਜਾਣ।

***ਖਾਣੇ ਨੂੰ ਕੁਛ ਹੱਥ ਨ ਆਯਾ॥*** ਖਾਣ-ਪੀਣ ਨੂੰ ਕੋਈ ਰਸਤ-ਬਸਤ ਨਹੀਂ ਹੈ, ਜੇ ਜੰਗਲ ਤੋਂ ਬਾਹਰ ਹੋਣ ਸਿੰਘ ਤਾਂ ਕਿਸੇ ਨੂੰ ਲੁੱਟ ਲੈਣ, ਹੁਣ ਜੰਗਲ ਵਿੱਚੋਂ ਰੋਟੀ ਤਾਂ ਚਾਹੀਦੀ ਹੈ, ਜੇ ਇਕ ਵੇਲੇ ਵੀ ਮਿਲੇ ਅੱਠੀਂ ਪਹਿਰੀ ਵੀ ਮਿਲੇ, ਹੁਣ ਉਹ ਵੀ ਮੁੱਕ ਗਈ ਹੈ, ਆਮ ਖਾਣ-ਪੀਣ ਨੂੰ ਕੋਈ ਚੀਜ਼ ਹੱਥ ਨਹੀਂ ਆਉਂਦੀ ਹੈ।

***ਭੁੱਖੇ ਹੁਇ ਸਿੰਘ ਆਗੈ ਤੁਰੈ॥*** ਭੁੱਖਣ-ਭਾਣੇ ਲੜਦੇ ਹੋਏ ਸਿੰਘ ਅੱਗੇ ਹੀ ਅੱਗੇ ਜੰਗਲ ਵਿਚ ਤੁਰੇ ਜਾਂਦੇ ਹਨ।

***ਝੱਲੋਂ ਬਾਹਰ ਸਿੰਘ ਨਿਕਰੇ॥੫੧॥*** ਅੱਗੇ ਜਾ ਕੇ ਜੰਗਲ ਮੁੱਕ ਗਿਆ **ਹੈ, ਸਿੰਘ** ਝੱਲ ਤੋਂ ਬਾਹਰ ਨਿੱਕਲੇ ਹਨ। ੫੧।

***ਦੋਹਰਾ॥ ਕਿਤੇ ਉਰਾਰ ਸੁ ਝਲ ਵੜੇ, ਕਿਤੇ ਪਾਰ ਝੱਲ ਮਾਂਹਿ॥*** ਅੱਗੇ ਦਰਿਆ ਰਾਵੀ ਆ ਗਿਆ ਹੈ, ਸਿੰਘ ਰਾਵੀ ਦੇ ਉਰਲੇ ਉਰਲੇ, ਪਾਸੇ ਤੁਰੇ ਜਾਂਦੇ ਸਨ, ਜਦੋਂ ਝੱਲ ਮੁੱਕ **ਗਿਆ, ਸਿੰਘ** ਰਾਵੀਂ ਤੋਂ ਪਾਰ ਟੱਪ ਗਏ, ਦੂਜੇ ਕਿਨਾਰੇ 'ਤੇ

ਕਿਤੇ ਉਰਲੇ ਕਿਨਾਰੇ 'ਤੇ, ਇਉਂ ਰਾਵੀ ਦੇ ਕਿਨਾਰੇ ਝੱਲ ਵਿਚ ਦੀ ਤੁਰੇ ਜਾਂਦੇ ਹਨ ਸਿੰਘ।

***ਐਸੇ ਐਸੇ ਜਤਨ ਸੌਂ ਸਿੰਘ ਸੁ ਆਗੇ ਜਾਹਿ॥੫੨॥*** ਇਸ ਤਰ੍ਹਾਂ ਦਾ ਜ਼ਤਨ ਕਰਦੇ ਹੋਇਆਂ ਕਈ ਤਰੀਕਿਆਂ ਨਾਲ ਸਿੰਘ ਅੱਗੇ-ਅੱਗੇ ਜਾ ਰਹੇ ਹਨ। ਰਾਵੀ ਦੇ ਪਾਰ ਉਰਾਰ ਹੋ ਕੇ ਸਿੰਘ ਅੱਗੇ-ਅੱਗੇ ਨਿਕਲ ਰਹੇ ਹਨ, ਫ਼ੌਜ ਤੁਰਕਾਂ ਦੀ ਉਨ੍ਹਾਂ ਦਾ ਪਿੱਛਾ ਕਰ ਰਹੀ ਹੈ। ੫੨।

***ਚੌਪਈ॥ ਤਬ ਦਰਿਆਇ ਭਯੋ ਅਤਿ ਤਾਰੂ॥*** ਜਦੋਂ ਉਥੇ ਨੇੜੇ ਚਲੇ ਗਏ, ਦਰਿਆ ਤੰਗ ਹੁੰਦਾ ਚਲਾ ਗਿਆ, ਤੰਗ ਹੋਣ ਕਰਕੇ ਪਾਣੀ ਇਕੱਠਾ ਹੋ ਕੇ ਭੇਜ਼ ਵਹਾਉ ਵਿਚ ਵਗਦਾ ਹੈ। ਓਥੇ ਤਾਰੂ ਹੋ ਗਿਆ ਹੈ, ਪਾਣੀ ਰਾਵੀ ਦਾ ਤੇਜ ਗਤੀ ਅਤੇ ਅਤੀ ਡੂੰਘਾ ਹੋ ਗਿਆ ਹੈ।

***ਸਿੰਘ ਹੁਇ ਗਏ ਰਾਵੀ ਪਾਰੂ॥*** ਸਿੰਘਾਂ ਨੇ ਆਖਿਆ ਹੁਣ ਆਪਾਂ ਦੋ ਪਾਸੀਂ ਨਾ ਹੋਈਏ ਇਕ ਪਾਸਾ ਮੱਲੀਏ, ਤਾਂ ਸਿੰਘ ਛੰਭ ਵਾਲਾ ਉਰਲਾ ਪਾਸਾ ਛੱਡ ਕੇ ਰਾਵੀਓਂ ਪਾਰ ਹੋ ਗਏ ਹਨ।

***ਪਾਰ ਪਾਰ ਸਿੰਘ ਮੁਹਰੇ ਜਾਵੈਂ॥*** ਸਿੰਘ ਪਾਰ ਹੋ ਗਏ ਹਨ, ਹੁਣ ਰਾਵੀ ਦਰਿਆ ਤੋਂ ਪਰਲੇ ਪਾਸੇ ਸਿੰਘ ਅੱਗੇ-ਅੱਗੇ ਜਾ ਰਹੇ ਹਨ, ਪਿੱਛੇ ਬਰਾਬਰ ਬਰਾਬਰ ਤੁਰਕਾਂ ਦੀ ਫ਼ੌਜ ਆ ਰਹੀ ਹੈ। ਏਧਰੋਂ ਪਿੱਛੋਂ ਫ਼ੌਜ ਨੇ ਵੀ ਰਾਵੀ ਟੱਪ ਕੇ ਸਿੰਘਾਂ ਦਾ ਪਿੱਛਾ ਕਰ ਲਿਆ ਹੈ। ਅੱਗੇ ਝੱਲ ਵੀ ਨਹੀਂ ਹੈ।

***ਪਾਛੇ ਫ਼ੌਜ ਤੁਰਕ ਕੀ ਆਵੈ॥੫੩॥*** ਪਿੱਛੇ-ਪਿੱਛੇ ਸਿੰਘਾਂ ਦੇ ਤੁਰਕਾਂ ਦੀ ਫ਼ੌਜ ਲੱਗੀ ਹੋਈ ਆ ਰਹੀ ਹੈ।

***ਨਹਿਂ ਡੇਰੋ ਸਿੰਘ ਕਰਨਾ ਮਿਲੈ॥*** ਹੁਣ ਸਿੰਘਾਂ ਨੂੰ ਕਿਤੇ ਡੇਰਾ ਕਰਨਾ ਨਹੀਂ ਮਿਲਦਾ ਹੈ, ਭਾਵ ਐਨੀ ਫ਼ੌਜ ਆ ਗਈ ਹੈ ਤੁਰਕਾਂ ਦੀ। ੫੩।

***ਕਹੂੰ ਰਾਤ ਕਹੂੰ ਦਿਲ ਹੂੰ ਚਲੈਂ॥*** ਕਿਤੇ ਰਾਤ ਕਿਤੇ ਦਿਨ ਤੁਰੇ ਹੀ ਜਾਂਦੇ ਹਨ ਖੜਨ ਨੂੰ ਟਾਇਮ ਨਹੀਂ ਹੈ।

***ਨਹਿਂ ਸਿੰਘਨ ਕਛ ਰਹਿਓ ਪੱਲੈ॥*** ਹੁਣ ਕੋਈ ਵਸਤੂ ਸਿੰਘਾਂ ਦੇ ਪੱਲੇ ਨਹੀਂ ਰਹੀ ਹੈ।

***ਭਾਰ ਬ੍ਰਦਾਰੀ ਬਿਨ ਕਯਾ ਚੱਲੈ॥੫੪॥*** ਜੇ ਭਾਰ ਬ੍ਰਦਾਰੀ ਨਾ ਹੋਵੇ, ਰਸਤ-ਬਸਤ ਨਾਲ ਊਠ ਲੱਦੇ ਹੋਣ, ਨਾਲ ਗੱਡੇ ਲੱਦੇ ਹੋਣ, ਬਰੂਦ ਸਿੱਕੇ, ਹਥਿਆਰਾਂ ਦੇ ਗੱਡੇ ਲੱਦੇ ਹੋਣ, ਲੜਾਈ ਤਾਂ ਹੀ ਹੋਵੇਗੀ, ਲੜਾਈ ਵਿਚ ਹਥਿਆਰ ਵੀ ਟੁੱਟਣੇ ਹਨ, ਸਭ ਕੁਛ ਮੁੱਕ ਜਾਣਾ ਹੈ। ਜੇ ਭਾਰ ਬ੍ਰਦਾਰੀ ਨਾ ਹੋਵੇ, ਰਾਜ ਸਾਜ਼ ਨਾ ਚਲੇ, ਉਤਨੀ ਦੇਰ ਕਿਵੇਂ ਹੋਵੇ ਲੜਾਈ?। ੫੪।

***ਗੋਲੀ ਦਾਰੂ ਕਹੂੰ ਪਹੁੰਚੈ ਨਾਹੀਂ॥*** ਸਿੰਘਾਂ ਨੂੰ ਪਿੱਛੇ ਤੋਂ ਕੋਈ ਗੋਲੀ ਬਰੂਦ ਨਹੀਂ ਪਹੁੰਚਦਾ, ਗੋਲੀ ਸਿੱਕੇ ਦੀ ਕੋਈ ਸਹਾਇਤਾ ਨਹੀਂ ਪਹੁੰਚਦੀ।

***ਕਾ ਸੌਂ ਸਿੰਘ ਸੁ ਕਰੈਂ ਲਰਾਈ॥*** ਕਿਸ ਚੀਜ਼ ਦੇ ਨਾਲ ਸਿੰਘ ਲੜਾਈ ਕਰਨ,ਲੜਾਈ ਵਾਲੇ ਸ਼ਸਤ੍ਰ ਤੋਪਾਂ ਅਤੇ ਦਾਰੂ ਸਿੱਕਾ ਤਾਂ ਸਿੰਘਾਂ ਦੇ ਕੋਲ ਹੈ ਨਹੀਂ ਹੈ, ਬੰਦੂਕਾਂ ਦਾ ਦਾਰੂ ਸਿੱਕਾ ਮੁੱਕ ਗਿਆ ਹੈ,ਬੰਦੂਕਾਂ ਵੀ ਕਿਸੇ ਕੰਮ ਨਾ ਰਹੀਆਂ।

***ਸ਼ਸਤਰ ਕਾਟਤ ਖੁੰਢੇ ਹੋਏ॥*** ਸ਼ਸਤ੍ਰਾਂ ਨੂੰ ਧਾਰ ਲਾਉਣ ਵਾਲਾ ਕੋਈ ਨਹੀਂ ਹੈ, ਝੱਲ ਵਿਚ ਕੌਣ ਮਿਲੇ, ਤੁਰਕਾਂ ਨੂੰ ਵੱਢਦਿਆਂ ਵੱਢਦਿਆਂ ਸਿੰਘਾਂ ਦੇ ਹਥਿਆਰ ਖੁੰਢੇ ਹੋ ਗਏ ਹਨ।

***ਰਾਤ ਦਿਵਸ ਸਿੰਘ ਨਾਂਹੀ ਸੋਏ॥੫੫॥*** ਉੱਥੇ ਖੜ੍ਹਨ ਦਾ ਟਾਇਮ ਨਹੀਂ ਹੈ, ਸੌਣਾ ਤਾਂ ਕਿਤੇ ਰਿਹਾ ਹੈ, ਰਾਤ ਦਿਨ ਤੁਰੇ ਜਾਂਦੇ ਹਨ, ਉਨੀਂਦਰੇ ਵੀ ਹੋ ਗਿਆ ਹੈ ਖਾਲਸਾ। ੫੫।

***ਗਈ ਕਮਾਨ ਟੂਟ ਸੋ ਚਲਤੀ॥*** ਤੀਰ ਚਲਦੇ-ਚਲਦੇ ਕਮਾਣਾਂ ਟੁੱਟ ਗਈਆਂ ਹਨ, ਚਿੱਲੇ ਟੁਟ ਗਏ ਹਨ, ਜਿਹੜੇ ਧਨੁਸ਼ ਸਨ ਉਨ੍ਹਾਂ ਦੇ।

***ਤੀਰ ਮੁੱਕੇ ਫਿਰ ਮਿਲੈ ਨ ਭਰਤੀ॥*** ਜਦੋਂ ਤੀਰ ਮੁੱਕ ਗਏ ਤਾਂ ਭੱਥੇ ਖਾਲੀ ਹੋ ਗਏ ਹਨ, ਜੇ ਪਿੱਛੋਂ ਤੀਰ ਹੋਰ ਮਿਲਣ ਤਾਂ

ਹੀ ਚਲਾਉਣ, ਪਿੱਛੋਂ ਤੀਰਾਂ ਦੀ ਭਰਤੀ ਮੁੱਕ ਗਈ ਹੈ, ਹੁਣ ਤੀਰ ਵੀ ਨਹੀਂ ਕਮਾਨਾਂ ਦੇ ਚਿੱਲੇ ਵੀ ਟੁੱਟ ਗਏ ਹਨ।

***ਨੇਜ਼ੇ ਫਲ ਰਹੇ ਦੁਸ਼ਮਨ ਤਨ ਮੈਂ॥*** ਜਿਹੜੇ ਬਰਛੇ ਸਨ ਸਿੰਘਾਂ ਕੋਲ, ਉਹ ਚਲਦੇ ਚਲਦੇ ਦੁਸ਼ਮਣਾਂ ਦੇ ਸਰੀਰ ਵਿਚ ਹੀ ਟੁੱਟ ਗਏ ਹਨ, ਵਰਦੀਆਂ ਲੋਹੇ ਦੀਆਂ ਪਾਈਆਂ ਸਨ ਦੁਸ਼ਮਣਾਂ ਨੇ, ਸਿੰਘਾਂ ਨੇ ਜ਼ੋਰ ਨਾਲ ਮਾਰਨਾ ਤੇ ਬਰਛਾ ਟੁੱਟ ਜਾਣਾ, ਬਰਛੇ ਦੇ ਫਲ ਉਨ੍ਹਾਂ ਦੇ ਤਨ ਵਿਚ ਹੀ ਰਹਿ ਗਏ ਸਨ।

***ਘਾੜੂ ਲਭੈ ਸੁ ਨਾਂਹੀ ਬ੍ਨ ਮੈਂ॥੫੬॥*** ਜਦੋਂ ਅੱਧਾ ਬਰਛਾ ਵਿੱਚੇ ਹੀ ਟੁੱਟ ਗਿਆ ਸਰੀਰ ਦੇ, ਦੂਜਾ ਫਿਰ ਮੂੰਹ ਕੱਢੇ ਲੁਹਾਰ ਤਾਂ ਹੀ ਬਣੇਗਾ ਨਾ, ਕਹਿੰਦੇ ਉੱਥੇ ਜੰਗਲ ਵਿਚ ਘੜਨ ਵਾਲਾ ਕੌਣ ਹੈ, ਕੋਈ ਮਿਸਤ੍ਰੀ ਕੋਈ ਲੁਹਾਰ ਨਹੀਂ ਮਿਲਦਾ ਜੰਗਲ ਵਿਚ। ੫੬।

***ਬਿਨਾ ਦਾਨੇ ਭਏ ਘੋੜੇ ਮਾੜੇ॥*** ਘੋੜਿਆਂ ਨੂੰ ਦਾਨਾ ਕੋਈ ਨਹੀਂ ਹੈ, ਕੱਖ ਪੱਠਾ ਹੀ ਹੈ ਜਿਹੋ ਜਿਹਾ ਮਿਲਦਾ ਹੈ, ਬਿਨਾਂ ਦਾਨੇ ਤੋਂ ਘੋੜੇ ਵੀ ਲਿੱਸੇ ਹੋ ਗਏ ਸਭ।

***ਬਿਨ ਬਸਤਰ ਤਨ ਧੂਪ ਸੁ ਸਾੜੇ॥*** ਗਰਮੀ ਦਾ ਮੌਸਮ ਹੈ ਧੁੱਪ ਪਿੰਡੇ ਨੂੰ ਸਾੜਦੀ ਹੈ। ਸਿੰਘਾਂ ਦੇ ਸਰੀਰ ਦੇ ਵਸਤ੍ਰ ਵੀ ਫਟ ਗਏ ਹਨ ਸਾਰੇ।

***ਆਟਾ ਦਾਨਾ ਨਹੀਂ ਕਯਾ ਪਾਵੈਂ॥*** ਦੱਸੋ ਕੀ ਛਕਣ? ਆਟਾ ਦਾਨਾ ਵੀ ਨਹੀਂ ਹੈ ਲੰਗਰ ਵਾਸਤੇ।

***ਪਾਣੀ ਭੀ ਤਹਿਂ ਹੱਥ ਨ ਆਵੈ॥੫੭॥*** ਪੀਣ ਵਾਸਤੇ ਪਾਣੀ ਵੀ ਹੱਥ ਨਹੀਂ ਆਉਂਦਾ ਹੈ, ਪਾਣੀ ਵੀ ਕਿਤੇ-ਕਿਤੇ ਛਪੜੀਆਂ ਦਾ ਸੀ ਮਾੜਾ ਮੋਟਾ, ਉਹ ਵੀ ਸੁੱਕ ਗਈਆਂ, ਖਾਲਸੇ ਨੂੰ ਐਨੀ ਤੰਗੀ ਹੋ ਗਈ ਹੈ, ਪਾਣੀ-ਪੀਣ ਨੂੰ ਵੀ ਨਹੀਂ ਮਿਲਦਾ ਖਾਲਸੇ ਨੂੰ। ੫੭।

***ਦੋਹਰਾ॥ ਅੱਧੀ ਮੌਤ ਮੁਸਾਫਰੀ ਸਾਰੀ ਮੌਤ ਸੁ ਭੁੱਖ॥*** ਜਦੋਂ ਅਸੀਂ ਦਸ ਵੀਹ ਕੋਹ ਪੈਦਲ ਤੁਰ ਕੇ ਜਾਈਏ, ਫਿਰ ਪੱਲੇ ਕੀ ਹੁੰਦਾ ਹੈ ਮੁਸਾਫਰ ਦੇ, ਓਧਰੋਂ ਭੁੱਖ ਪਿਆਸ ਵੀ ਲੱਗੀ ਹੁੰਦੀ ਹੈ, ਸਰੀਰ ਥੱਕ ਟੁੱਟ ਕੇ ਚੂਰ ਹੋਇਆ ਪਿਆ ਹੁੰਦਾ ਹੈ, ਮੁਸਾਫਰੀ ਅੱਧੀ ਮੌਤ ਹੁੰਦੀ ਹੈ। ਅੱਗੇ ਜਾਂਦਿਆਂ ਨੂੰ ਖਾਣ-ਪੀਣ ਨੂੰ ਕੁਛ ਨਾ ਮਿਲੇ ਤਾਂ ਮੌਤ ਤਾਂ ਹੋਈ ਪਈ ਹੈ।

***ਊਹਾਂ ਆਇ ਦੋਊ ਮਿਲੀ ਯਹ ਭਯੋ ਖਾਲਸੇ ਦੁੱਖ॥੫੮॥*** ਸਿੰਘਾਂ ਨੂੰ ਏਸ ਲੜਾਈ ਵਿਚ ਮੁਸਾਫਰੀ ਤੇ ਭੁੱਖ ਦੋਵੇਂ ਇਕੱਠੀਆਂ ਹੋ ਗਈਆਂ ਹਨ, ਇਹ ਵੱਡਾ ਦੁਖ ਹੋ ਗਿਆ ਹੈ ਖਾਲਸੇ ਨੂੰ। ੫੮।

***ਚੌਪਈ॥ ਤਬ ਸਿੰਘਨ ਨੇ ਬਹੁ ਦੁਖ ਪਾਯਾ॥*** ਤਦ ਖਾਲਸੇ ਪੰਥ ਨੂੰ ਬਹੁਤ ਤਕਲੀਫ ਹੋਈ ਬੜਾ ਹੀ ਦੁਖ ਮਿਲਿਆ ਹੈ।

***ਹਿੰਦਵਾਇਣ ਕੋ ਕੌਣਾ ਤਕਾਯਾ॥*** ਹੁਣ ਸਿੰਘਾਂ ਨੇ ਹਿੰਦੂਆਂ ਦਾ ਆਸਰਾ ਦੇਖਿਆ ਹੈ ਕਿ ਹਿੰਦੂ ਲੋਕ ਤਾਂ ਵਸਦੇ ਹਨ, ਪਿੰਡਾਂ ਵਿਚ ਵੀ ਸ਼ਹਿਰਾਂ ਕਸਬਿਆਂ ਵਿਚ ਵੀ ਕਿ ਆਪਾਂ ਇਨ੍ਹਾਂ ਦਾ ਆਸਰਾ ਲਈਏ, ਇਹ ਸਾਡੀ ਜੇ ਕੋਈ ਮਦਦ ਕਰਨ।

***ਵੜੇ ਸੁ ਜਾਇ ਪਹਾੜਨ ਝੱਲ॥*** ਪਹਾੜਾਂ ਵਿਚ ਸਾਰੇ ਹਿੰਦੂ ਹੀ ਵਸਦੇ ਸਨ, ਇਸ ਕਰਕੇ ਪਹਾੜਾਂ ਦੇ ਝੱਲ ਵਿਚ ਜਾ ਵੜੇ ਹਨ ਸਿੰਘ ਕਿ ਚਲ ਏਥੇ ਸਾਨੂੰ ਕੋਈ (ਟਿਕਾਣਾਂ) ਆਸਰਾ ਮਿਲੇਗਾ।

***ਕਰਹਿਂ ਹਿੰਦੂ ਕਛੂ ਹਮਰੀ ਵੱਲ॥੫੯॥*** ਖਿਆਲ ਸੀ ਸਿੰਘਾਂ ਦਾ ਕਿ ਹਿੰਦੂ ਸਾਡਾ ਕੁਛ ਪੱਖ ਕਰਨਗੇ, ਸਾਡੀ ਕੋਈ ਮਦਦ ਕਰਨਗੇ। ੫੯।

***ਹਿੰਦੂ ਕੋ ਪਾਰਨ ਤੁਰਕਨ ਗਾਰਨ॥*** ਸਾਨੂੰ ਸਤਿਗੁਰਾਂ ਨੇ ਹੁਕਮ ਕੀਤਾ ਹੈ ਕਿ ਹਿੰਦੂਆਂ ਦੀ ਪ੍ਰਤਿਪਾਲਣਾਂ ਕਰੋ, ਦੁਸ਼ਟ ਤੁਰਕਾਂ ਨੂੰ ਗਾਲੋ ਤੁਰਕਾਂ ਨੂੰ ਮਾਰੋ।

***ਭਯੋ ਖਾਲਸਾ ਇਸ ਹੀ ਕਾਰਨ॥*** ਏਸੇ ਕਾਰਨ ਹੀ ਖਾਲਸਾ ਬਣਿਆ ਹੈ, ਖਾਲਸੇ ਦਾ ਮੂਲ ਦਸਦੇ ਹਨ ਕਿ ਖਾਲਸਾ ਸਜਾਉਣ ਦਾ ਕੀ ਮਕਸਦ ਸੀ, ਕਿਉਂਕਿ ਹਿੰਦੂਆਂ ਤੇ ਮੁਸੀਬਤ ਸੀ, ਹਿੰਦੂਆਂ ਦੇ ਜਨੇਊ ਲਹਿੰਦੇ ਸਨ ਸਵਾ-

ਸਵਾ ਮਣ ਪੱਕੇ, ਹਿੰਦੂਆਂ ਨੂੰ ਮੁਸਲਮਾਨ ਕਰੀ ਜਾਂਦੇ ਸਨ, ਹਿੰਦੂਆਂ ਦੇ ਕਾਰਨ ਹੀ ਮਹਾਰਾਜ ਨੇ ਖਾਲਸਾ ਪੰਥ ਸਾਜਿਆ ਹੈ।

***ਨਹਿਂ ਜਾਨਯੋ ਯਹਿ ਤੁਰਕਨ ਭਾਈ॥*** ਇਹ ਹੁਣ ਸਿੰਘਾਂ ਨੂੰ ਕੀ ਪਤਾ ਸੀ ਕਿ ਸਾਡਾ ਪੱਖ ਲੈਣਾ ਹੈ ਇਨ੍ਹਾਂ ਨੇ ਕਿ ਤੁਰਕਾਂ ਦੀ ਮਦਦ ਕਰਨਗੇ, ਸਾਨੂੰ ਆਪ ਦੇ ਸਮਝਣਗੇ ਜਾਂ ਉਨ੍ਹਾਂ ਨਾਲ ਭਾਈਚਾਰਾ ਪਾਉਣਗੇ। ਸਿੰਘਾਂ ਨੂੰ ਇਹ ਪਤਾ ਨਹੀਂ ਸੀ ਕਿ ਇਹ ਵੀ ਤੁਰਕਾਂ ਦੇ ਭਰਾ ਹੀ ਹਨ।

***ਹਮਰੇ ਸੰਗ ਬਹੁ ਕਰੈਂ ਬੁਰਾਈ॥੯੦॥*** ਇਹ ਵੀ ਖ਼ਬਰ ਨਹੀਂ ਸੀ ਕਿ ਹਿੰਦੂ ਲੋਕ ਸਾਡੇ ਨਾਲ ਬੁਰਿਆਈ ਕਰਨਗੇ, ਬਲਕਿ ਸਾਡੇ 'ਤੇ ਹੀ ਹੱਥ ਪਾਉਣਗੇ, ਕਿਸੇ ਮਾੜੇ ਸਿੰਘ ਨੂੰ ਦੇਖ ਕੇ ਆਪ ਹੀ ਫੜ ਲੈਣਗੇ। ੯੦।

***ਜਿਨ ਬੰਦੇ ਸੋ ਦਗਾ ਕਮਾਈ॥*** ਜਿਨ੍ਹਾਂ ਹਿੰਦੂਆਂ ਨੇ ਬੰਦੇ ਬਹਾਦਰ ਨਾਲ ਵੀ ਦਗਾ ਕਮਾਇਆ ਸੀ। ਬੰਦਾ ਬਹਾਦਰ ਜਦੋਂ ਪਹਾੜਾਂ ਨੂੰ ਚੜ੍ਹ ਗਿਆ ਸੀ, ਬੰਦੇ ਬਹਾਦਰ ਨੂੰ ਇਨ੍ਹਾਂ ਨੇ ਪਿੰਜਰੇ ਵਿਚ ਬੰਦ ਕਰ ਲਿਆ ਸੀ, ਕੈਦ ਕਰ ਲਿਆ ਸ਼ੀ, ਬੰਦੇ ਬਹਾਦਰ ਨੂੰ ਵੀ ਇਨ੍ਹਾਂ ਨੇ ਹੀ ਧੋਖਾ ਦਿੱਤਾ ਸੀ।

***ਸੱਦਯੋ ਬੰਦਾ ਕੁਮਕੈ ਤਾਂਈਂ॥*** ਬੰਦੇ ਨੂੰ ਇਨ੍ਹਾਂ ਨੇ ਸੱਦਿਆ ਸੀ, ਆਪ ਦੀ ਮਦਦ ਵਾਸਤੇ ਕਿ ਸਾਡੀ ਮਦਦ ਕਰੇਗਾ।

***ਜਬ ਬੰਦੇ ਨੇ ਤੁਰਕ ਸੁ ਮਾਰੇ॥*** ਜਦੋਂ ਬੰਦੇ ਬਹਾਦਰ ਨੇ ਤੁਰਕਾਂ ਨੂੰ ਮਾਰ ਕੇ ਹਿੰਦੂ ਪਹਾੜੀਆਂ ਦੀ ਮਦਦ ਕੀਤੀ।

***ਕਰਾਈ ਬੰਦੇ ਕੀ ਇਨ ਫਿਰ ਹਾਰੇ॥੯੧॥*** ਫਿਰ ਇਨ੍ਹਾਂ ਨੇ ਭੇਤ ਦੇ ਕੇ ਬੰਦੇ ਦੀ ਹਾਰ ਕਰਵਾ ਦਿੱਤੀ , ਬੰਦੇ ਨੂੰ ਫੜ ਕੇ ਪਿੰਜਰੇ ਵਿਚ ਪਾ ਲਿਆ, ਏਧਰ ਖਾਲਸੇ ਪੰਥ 'ਤੇ ਤੁਰਕਾਂ ਨੇ ਹੱਲਾ ਬੋਲ ਦਿੱਤਾ, ਦਿੱਲੀ ਤੋਂ ਫ਼ੌਜਾਂ ਮੰਗਾ ਲਈਆਂ। ੯੧।

***ਦੋਹਰਾ॥ ਸਿੰਘਨ ਸਮਝਯੋ ਨਾਂਹਿ ਯੌ ਦਗੇ ਬਾਜ਼ ਇਹ ਆਦ॥*** ਸਿੰਘਾਂ ਨੂੰ ਅਜੇ ਵੀ ਪਤਾ ਨਹੀਂ ਲੱਗਿਆ ਕਿ ਇਹ ਮੁੱਢ ਤੋਂ ਦਗ਼ੇਬਾਜ ਹਨ, ਕਿਉਂਕਿ ਸਤਿਗੁਰਾਂ ਨਾਲ ਵੀ ਇਹਨਾਂ ਪਹਾੜੀਆਂ ਨੇ ਲੜਾਈ ਪੁਆਈ ਸੀ, ਔਰੰਗਜ਼ੇਬ ਨੂੰ ਕਹਿ ਕੇ ਘੇਰਾ ਪੁਆ ਦਿੱਤਾ ਸੀ ਅਨੰਦਪੁਰ ਸਾਹਿਬ ਨੂੰ, ਸਾਇਦ ਸਾਡੀ ਮਦਦ ਕਰਨ, ਅਸੀਂ ਇਨ੍ਹਾਂ ਦਾ ਆਸਰਾ ਲਈਏ, ਅੱਗੇ ਹਿੰਦੂ ਇਲਾਕਾ ਆ ਗਿਆ ਹੈ ਸਾਰਾ ਕਠੂਹਾ ਤੇ ਜੰਮੂ ਦਾ ਇਲਾਕਾ ਦਰਿਆ ਦੇ ਕਿਨਾਰੇ-ਕਿਨਾਰੇ ਉੱਥੇ ਪਹੁੰਚ ਗਏ, ਅੱਗੇ ਪਹਾੜ ਦਾ ਇਲਾਕਾ ਆ ਗਿਆ ਹੈ।

***ਬੰਦਈ ਸਿੰਘ ਇਨ ਫੜ ਦਏ, ਰਖੀ ਨ ਸਿੰਘਨ ਯਾਦ॥੯੨॥*** ਸਿੰਘਾਂ ਨੂੰ ਚੇਤਾ ਨਹੀਂ ਰਿਹਾ ਕਿ ਬੰਦਈ ਸਿੰਘਾਂ ਨੂੰ ਫੜ ਕੇ ਇਨ੍ਹਾਂ ਨੇ ਤੁਰਕਾਂ ਨੂੰ ਫੜਾ ਦਿੱਤਾ ਸੀ। ੯੨।

***ਚੌਪਈ॥ ਵੱਲ ਬਸੋਹਲੀ ਸਿੰਘ ਸੁ ਤੁਰੇ॥*** ਬਸੋਲੀ ਕਠੂਏ ਵੱਲ ਨੂੰ ਸਿੰਘ ਤੁਰੇ ਹਨ ਕਿ ਚਲੋ ਏਧਰ ਹਿੰਦੂਆਂ ਦਾ ਵਾਸਾ ਹੈ, ਏਧਰ ਚਲੀਏ ਅਸੀਂ, ਸਾਡੀ ਮਦਦ ਕਰਨਗੇ, ਰਸਤ ਬਸਤ ਮਿਲੇਗੀ।

***ਅਗੈ ਬਸੋਲ਼ੀ ਬਹੁ ਪ੍ਰਬਤੀ ਜੁੜੇ॥*** ਇਹ ਪਹਾੜੀਏ ਵੀ ਲਹੌਰ ਸੂਬੇ ਨੂੰ ਮਾਮਲਾ ਭਰਦੇ ਸਨ, ਏਥੇ ਪਹਿਲਾਂ ਹੀ ਸੁਨੇਹੇ ਪਹੁੰਚੇ ਹੋਏ ਸਨ, ਬਸੋਲੀ ਵਿਚ ਬਹੁਤ ਸਾਰੇ ਪਹਾੜੀ ਹਿੰਦੂਆਂ ਨੇ ਇਕੱਠ ਕਰ ਲਿਆ ਹੈ।

***ਸਿੰਘ ਸਮਝੀ, ਹਮ ਵਲ ਕਰੇ॥*** ਸਿੰਘਾਂ ਨੇ ਸਮਝਿਆ ਇਹ ਸਾਰੇ ਪਹਾੜ ਦੇ ਲੋਕ ਇਕੱਠੇ ਹੋਏ ਹਨ, ਇਹ ਸਾਡੀ ਮਦਦ ਕਰਨਗੇ।

***ਕਈ ਸਿੰਘ ਜਾ ਤਿਨ ਮੋ ਰਲੇ॥੯੩॥*** ਕਈ ਸਿੰਘ ਹਿੰਦੂ ਸਮਝ ਕੇ ਜਾ ਰਲੇ ਉਨਾਂ ਦੇ ਨਾਲ ਕਿ ਸਾਡੀ ਮਦਦ ਕਰਨਗੇ, ਕੋਈ ਜਲ ਪਾਣੀ ਦੀ ਸੇਵਾ ਪੁੱਛਣਗੇ। ੯੩।

***ਤਬ ਤਿਨ ਤੁਰਤ ਸੁ ਦੀਨੇ ਮਾਰ॥*** ਤਦ ਉਨ੍ਹਾਂ ਨੇ ਤੁਰਤ ਹੀ ਉਨ੍ਹਾਂ ਸਿੰਘਾਂ ਨੂੰ ਮਾਰ ਦਿੱਤਾ ਹੈ।

***ਕਈ ਪਕਰਾਏ ਤੁਰਕਨ ਵਾਰ॥*** ਕਈ ਸਿੰਘਾਂ ਨੂੰ ਫੜ ਕੇ ਤੁਰਕਾਂ ਦੇ ਹਵਾਲੇ ਕਰ ਦਿੱਤਾ ਹੈ, ਇਉਂ ਇਨ੍ਹਾਂ ਨੇ ਸਿੰਘਾਂ ਨਾਲ

ਧੋਖਾ ਕੀਤਾ।

***ਤੁਰਤ ਤੁਰਕਨ ਸੋ ਦੀਨੇ ਮਾਰੀ॥*** ਤੁਰਕਾਂ ਨੇ ਸਿੰਘਾਂ ਨੂੰ ਫੜ ਕੇ ਤੁਰਤ ਹੀ ਮਾਰ ਦਿੱਤਾ ਹੈ।

***ਸਿੰਘਨ ਰਾਤ ਬਿਧਨ ਭਈ ਭਾਰੀ॥੬੪॥*** ਸਿੰਘਾਂ ਉਤੇ (ਬਿਧਨ ਰਾਤ) ਮੌਤ ਰੂਪੀ ਦੁਖਦਾਈ ਰਾਤ ਆ ਪਈ ਹੈ। ੬੪।

***ਦੋਹਰਾ॥ ਪੜੋਲ ਕਠੂਏ ਭਾਂਤ ਇਤ ਸਿੰਘ ਫਸੇ ਜੋ ਜਾਇ॥*** ਪੜੋਲ ਅਤੇ ਕਠੂਏ ਨਗਰਾਂ ਵਿਚ ਜੋ ਸਿੰਘ ਜਾ ਕੇ ਇਸ ਪ੍ਰਕਾਰ ਫਸ ਗਏ ਹਨ।

***ਲੀਨੇ ਲੂਟ ਔ ਕੂਟ ਕਰ, ਨੱਠੇ ਸੁ ਫਿਰ ਪਛਤਾਇ॥੬੫॥*** ਇਨ੍ਹਾਂ ਨੇ ਸਿੰਘਾਂ ਨੂੰ ਲੁੱਟ ਕੇ ਮਰਵਾ ਦਿੱਤਾ ਹੈ, ਫਿਰ ਸਿੰਘਾਂ ਨੂੰ ਪਤਾ ਲੱਗਾ ਕਿ ਸਾਡੇ ਨਾਲ ਤਾਂ ਦੁਸ਼ਮਣੀ ਕੀਤੀ ਹੈ ਇਨ੍ਹਾਂ ਨੇ, ਸਾਡੇ ਨਾਲ ਤਾਂ ਧੋਖਾ ਹੋਇਆ, ਫਿਰ ਸਿੰਘਾਂ ਦੇ ਜਥੇ ਪਿਛਾਂਹ ਨੂੰ ਭੱਜੇ। ੬੫।

***ਚੌਪਈ॥ ਸਿੰਘਨ ਤਬੈ ਪਹਾੜ ਤਕਾਯਾ॥*** ਸਿੰਘਾਂ ਨੇ ਅੱਗੇ ਉੱਚੇ ਪਹਾੜਾਂ ਦਾ ਆਸਰਾ ਤੱਕਿਆ ਹੈ ਕਿ ਉੱਚੇ ਪਹਾੜਾਂ 'ਤੇ ਚੜ੍ਹ ਚਲੀਏ, ਓਥੇ ਫ਼ੌਜ ਨਹੀਂ ਕੁਛ ਕਰ ਸਕੇਗੀ।

***ਡੇਰਾ ਤਿਸ ਸੋ ਵੱਲ ਚਲਾਯਿਆ॥*** ਪਹਾੜਾਂ ਵੱਲ ਨੂੰ ਸਿੰਘਾਂ ਨੇ ਆਪਣੇ ਡੇਰੇ ਦਾ ਰੁਖ ਕੀਤਾ ਹੈ ਕਿ ਏਧਰ ਚੱਲੋ ਸਿੰਘਾਂ ਦੀ ਫ਼ੌਜ ਲੈ ਕੇ।

***ਆਗੈ ਪੂਰਯੋ ਲਖਯੋ ਪਹਾੜ॥*** ਜਦੋਂ ਪਹਾੜ ਦੇ ਸਿੰਘ ਨੇੜੇ ਗਏ ਕੀ ਦੇਖਿਆ, ਅੱਗੇ ਪਹਾੜਾਂ 'ਤੇ ਸੈਨਾਂ ਜੁੜੀ ਪਈ ਹੈ,ਅੱਗੇ ਸਾਰਾ ਪਹਾੜ, ਪਹਾੜੀ ਸੈਨਾਂ ਨਾਲ ਭਰਿਆ ਹੋਇਆ ਹੈ।

***ਕੜੇ ਖੜੇ ਥੇ ਸ਼ਸਤ੍ਰਨ ਨਾਲ॥੬੬॥*** ਸ਼ਸਤ੍ਰਾਂ ਨਾਲ ਲੈੱਸ ਹੋ ਕੇ ਅੱਗੇ ਮੋਰਚਾਬੰਦੀ ਕਰੀ ਬੈਠੇ ਸਨ ਕਿ ਸਿੰਘ ਪਹਾੜਾਂ ਉੱਤੇ ਚੜ੍ਹਨਗੇ ਤਾਂ ਅਸੀਂ ਇਹਨਾਂ ਨੂੰ ਮਾਰਾਂਗੇ। ੬੬।

***ਦੋਹਰਾ॥ ਸਾਥ ਪਹਾੜ ਪਹਾੜੀਏ ਲਏ ਨਿਬਾਬ ਬੁਲਾਇ॥*** ਆਪਣਾ ਸਾਥ ਜਾਣ ਕੇ ਪਹਾੜ ਦੇ ਰਹਿਣ ਵਾਲੇ ਪਹਾੜੀਏ ਲੋਕਾਂ ਨੂੰ ਵੀ ਆਪਣੇ ਨਾਲ ਰਲਾ ਲਿਆ ਹੈ ਨਬਾਬ ਨੇ ਬੁਲਾ ਕੇ ਕਿ ਆਓ, ਤੁਹਾਡੇ ਇਲਾਕੇ ਵਿਚ ਪੰਥ ਵੜ ਰਿਹਾ ਹੈ, ਇਹਨਾਂ ਨੂੰ ਵੜਨ ਨਹੀਂ ਦੇਣਾ ਹੈ, ਤਕੜੇ ਹੋ ਕੇ ਇਕੱਠੇ ਹੋ ਕੇ ਰੋਕੋ ਇਨ੍ਹਾਂ ਨੂੰ।

***ਉਪਰ ਪਹਾੜ ਸੁ ਆ ਖੜੇ, ਦਿਖ ਸਿੰਘ ਸੰਸਾ ਆਇ॥੬੭॥*** ਉਹ ਸਿੰਘਾਂ ਨੂੰ ਰੋਕਣ ਵਾਸਤੇ ਪਹਾੜ ਦੇ ਉੱਪਰ ਆ ਖੜ੍ਹੇ ਹੋਏ ਹਨ, ਇਹ ਵੇਖ ਕੇ ਸਿੰਘਾਂ ਦੇ ਮਨ ਨੂੰ ਬੜਾ ਹੀ ਸੰਸਾ ਹੋਇਆ ਹੈ ਕਿ ਇਹ ਸਾਨੂੰ ਪਹਾੜ ਤੇ ਚੜ੍ਹੋਨੋਂ ਰੋਕਣ ਵਾਸਤੇ ਅੱਗੇ ਆ ਖੜ੍ਹੇ ਹੋਏ ਹਨ। ੬੭।

***ਚੌਪਈ॥ ਫੇਰ ਖਾਲਸੇ ਪਿਛਾ ਤਕਾਯਾ॥*** ਫਿਰ ਸਿੰਘਾਂ ਨੇ ਆਪਣਾ ਪਿੱਛਾ ਤਕਾਇਆ ਹੈ ਕਿ ਵਾਪਸ ਮੁੜੋ, ਇਹ ਗਲਤ ਰਾਹ ਹੈ ਅੱਗੇ ਦੁਸ਼ਮਣ ਖੜ੍ਹਾ ਹੈ।

***ਤੁਰਕ ਫੌਜ ਸੋਂ ਜੰਗ ਮਚਾਯਾ॥*** ਤੁਰਕਾਂ ਦੀ ਫ਼ੌਜ ਨਾਲ ਜੰਗ ਸ਼ੁਰੂ ਕਰ ਦਿੱਤਾ ਹੈ ਖਾਲਸੇ ਨੇ।

***ਪੁਠੀ ਸਿੱਧੀ ਖੁੰਢੀ ਤਲਵਾਰ॥*** ਸਿੰਘਾਂ ਦੇ ਹਥਿਆਰ ਵੀ ਟੁੱਟ ਚੁੱਕੇ ਨੇ, ਖੁੰਢੇ ਹੋ ਚੁੱਕੇ ਹਨ, ਬੜੇ ਹੀ ਬਲਵਾਨ ਸਿੰਘ ਸਨ, ਪੁੱਠੀ, ਸਿੱਧੀ, ਖੁੰਢੀ ਜਿਵੇਂ ਵੀ ਹੋਈ ਤਲਵਾਰ ਵਾਹ ਦਿੱਤੀ ਹੈ ਸਿੰਘਾਂ ਨੇ।

***ਮਾਰਹਿਂ ਬਲ ਸੋਂ ਹੋ ਜਾਇ ਪਾਰ॥੬੮॥*** ਬੜੇ ਬਲੀ ਸਿੰਘ ਸਨ, ਪੂਰੇ ਜ਼ੋਰ ਨਾਲ ਮਾਰ ਕੇ, ਭਾਵੇਂ ਖੁੰਢੀ ਤਲਵਾਰ ਹੋਵੇ, ਮਾਰ ਕੇ ਪਾਰ ਕਰ ਦਿੰਦੇ ਸਨ, ਸੰਜੋਆਂ ਪਾੜ ਕੇ ਤਲਵਾਰ ਪਾਰ ਲੰਘ ਜਾਂਦੀ ਹੈ। ੬੮।

***ਇਕ ਫਲ ਨੇਜੋ ਰਹੈ ਜੁ ਬੀਚ॥*** ਜਦੋਂ ਸਿੰਘ ਦੁਸ਼ਮਣ ਦੇ ਨੇਜ਼ਾ ਮਾਰਦੇ ਹਨ ਤੇ ਉਹ ਨੇਜ਼ੇ ਦਾ ਫਲ ਟੁੱਟ ਕੇ ਦੁਸ਼ਮਣ ਦੀ ਛਾਤੀ ਵਿਚ ਹੀ ਰਹਿ ਜਾਂਦਾ ਹੈ।

***ਮਾਰਹਿਂ ਸਿਰ ਤਹਿਂ ਛੜ ਕੌ ਖੀਚ॥*** ਨੇਜ਼ੇ ਦੇ ਸੋਟੇ ਹੀ ਸਿੰਘਾਂ ਦੇ ਹੱਥ ਵਿਚ ਰਹਿ ਗਏ, ਸੋਟੇ ਨੂੰ ਖਿੱਚ ਕੇ ਪੂਰੇ ਜ਼ੋਰ ਨਾਲ

ਮਾਰਦੇ ਹਨ ਉਨ੍ਹਾਂ ਦੇ ਸਿਰ ਵਿਚ।

***ਤੁਟੀ ਕਮਾਨ ਸਿਰ ਮਾਰਹਿਂ ਤਾਨ॥*** ਕਮਾਣਾਂ ਚਿੱਲੇ ਟੁੱਟ ਗਏ ਹਨ ਸਿੰਘਾਂ ਦੇ, ਉਹ ਟੁੱਟੀ ਹੋਈ ਕਮਾਣ ਹੀ ਸਿਰ ਵਿਚ ਮਾਰਦੇ ਹਨ ਦੁਸ਼ਮਣ ਆਏ ਦੇ।

***ਸੀਸ ਸੁ ਫੋੜਹਿਂ ਬਲੀ ਜੁਆਨ॥੬੯॥*** ਸਿੰਘ ਬੜੇ ਹੀ ਬਲੀ ਜੁਆਨ ਹਨ, ਉਹ ਟੁੱਟੀਆਂ ਕਮਾਣਾਂ ਨਾਲ ਹੀ ਸਿਰ ਫੋੜ ਦਿੰਦੇ ਹਨ। ੬੯।

***ਟੋਲੈਂ ਲੱਖੂ ਜੁ ਪਾਵੈਂ ਕਹੀਂ॥*** ਸਿੰਘ ਲੱਖੂ ਖੱਤਰੀ ਨੂੰ ਲੱਭਦੇ ਫਿਰਦੇ ਹਨ, ਭੇਸ ਬਦਲ ਕੇ ਕਿ ਹੈ ਕਿਥੇ ਉਹ ਫ਼ੌਜ ਵਿਚ, ਸਾਨੂੰ ਪਤਾ ਲੱਗੇ ਉਸ ਦਾ ਤੇ ਹੱਲਾ ਬੋਲੀਏ। ਫ਼ੌਜ ਬੇਸ਼ੁਮਾਰ ਹੈ, ਸਾਰਾ ਮੁਲਕ ਇਕੱਠਾ ਹੋਇਆ ਹੈ, ਉਸ ਦਾ ਪਤਾ ਨਹੀਂ ਲੱਗ ਰਿਹਾ ਸਿੰਘਾਂ ਨੂੰ।

***ਰਹੈ ਪਿਛੈ ਸੋ ਲੱਭੇ ਨਹੀਂ॥*** ਲੱਖੂ ਪਿੱਛੇ ਫ਼ੌਜ ਵਿਚ ਰਹਿੰਦਾ ਹੈ, ਉਹ ਸਿੰਘਾਂ ਨੂੰ ਲੱਭ ਨਹੀਂ ਰਿਹਾ ਹੈ।

***ਬਲੀ ਸਿੰਘ ਜੋ ਸ਼ਸਤਰ ਮਾਰੈਂ॥*** ਜਿਹੜੇ ਬੜੇ ਬਲਵਾਨ ਸਿੰਘ ਸਨ, ਕਿਉਂਕਿ ਚੋਣਵਾਂ ਹੀ ਖਾਲਸਾ ਰਹਿ ਗਿਆ ਹੈ। ਕੱਚੇ ਪਿੱਲੇ ਸਭ ਝੜ ਚੁੱਕੇ ਸਨ, ਕਮਜ਼ੋਰ ਸਿੰਘ ਸਭ ਸ਼ਹੀਦ ਹੋ ਚੁੱਕੇ ਸਨ, ਹੁਣ ਬਲਵਾਨ ਖ਼ਾਲਸਾ ਹੀ ਰਹਿ ਗਿਆ ਸੀ, ਉਹ ਜਦੋਂ ਦੁਸ਼ਮਣ 'ਤੇ ਸ਼ਸਤ੍ਰ ਵਾਹੁੰਦੇ ਹਨ।

***ਤੁਰਕ ਸੁ ਮੁੰਡੀਆ ਕਾਟ ਬਿਡਾਰੈਂ॥੭੦॥*** ਉਹ ਖੁੰਢਿਆਂ ਸ਼ਸਤ੍ਰਾਂ ਨਾਲ ਹੀ ਤੁਰਕਾਂ ਦੇ (ਮੁੰਡੀਆ) ਸਿਰ ਲਾਹ-ਲਾਹ ਕੇ ਧਰੀ ਆਉਂਦੇ ਹਨ। ੭੦।

***ਦੋਹਰਾ॥ ਫੇਰ ਫਿਰੇ ਬਲ ਨਹਿਂ ਚਲੈ ਤੋਪ ਜੰਬੂਰਨ ਨਾਲ॥*** ਜਦੋਂ ਮੁੜ ਕੇ ਫਿਰ ਹੱਲਾ ਕਰਦੇ ਹਨ, ਏਨੇ ਨੂੰ ਉਹ ਤੋਪਾਂ ਲਿਆਉਂਦੇ ਹਨ, ਉਨ੍ਹਾਂ ਅੱਗੇ ਸਿੰਘਾਂ ਦਾ ਬਲ ਨਹੀਂ ਪੈਂਦਾ, ਫਿਰ ਮੁੜ ਪੈਂਦੇ ਹਨ ਵਾਪਸ।

***ਤਕਯੋ ਤਬਹਿ ਦਰਿਯਾਉ ਤਿਨ ਹੋਈਏ ਜਿਮ ਤਿਮ ਪਾਰ॥੭੧॥*** ਸਿੰਘਾਂ ਨੇ ਜਦੋਂ ਵੇਖਿਆ ਕਿ ਬੜਾ ਹੀ ਭਿਆਨਕ ਸਮਾਂ ਆ ਗਿਆ ਹੈ, ਅੱਗੇ ਸਾਨੂੰ ਵਧਣ ਨਹੀਂ ਦਿੰਦੇ, ਤੋਪਖਾਨਾਂ ਲਿਆ ਲਾਇਆ ਹੈ ਇਹਨਾਂ ਨੇ ਤਦ ਸਿੰਘਾਂ ਨੇ ਦਰਿਆ ਦਾ ਆਸਰਾ ਤੱਕਿਆ ਹੈ ਕਿ ਜਿਵੇਂ ਕਿਵੇਂ ਦਰਿਆ ਹੀ ਪਾਰ ਹੋ ਜਾਈਏ ਇਥੋਂ। ੭੧।

***ਚੌਪਈ॥ ਜਾਇ ਖੜੇ ਦਰਿਯਾਇ ਕਿਨਾਰੇ॥*** ਖਾਲਸੇ ਦਰਿਆ ਦੇ ਕਿਨਾਰੇ 'ਤੇ ਜਾ ਖੜੇ ਹੋਏ ਹਨ।

***ਅਗੇ ਦਰਿਯਾਇ ਸੁ ਲਹਰਨ ਮਾਰੇ॥*** ਅੱਗੇ ਪਾਣੀ ਆਇਆ ਹੋਇਆ ਸੀ ਦਰਿਆ ਵਿਚ, ਬਰਸਾਤਾਂ ਹੋਈਆਂ ਸਨ, ਦਰਿਆ ਦੇ ਡੂੰਘੇ ਪਾਣੀ ਦੀਆਂ ਲਹਿਰਾਂ ਠਾਠਾਂ ਮਾਰ ਰਹੀਆਂ ਸਨ।

***ਸ਼ੂੰਕੇ ਫੂੰਕੇ ਚਕ ਚਕ ਡੰਡ॥*** ਇਕ ਦਰਿਆ ਤੰਗ ਹੋ ਗਿਆ ਏਥੋਂ, ਸ਼ੂਕਾਂ ਪਾਉਂਦਾ ਜਾ ਰਿਹਾ ਹੈ, ਪਾਣੀ ਛੱਲਾਂ ਤੇ ਛੱਲਾਂ ਚੁੱਕ ਚੁੱਕ ਕੇ ਮਾਰ ਰਿਹਾ ਸੀ।

***ਘੁੰਮਨ ਘੇਰਨ ਭਯਾਨ ਪ੍ਰਚੰਡ॥੭੨॥*** ਦਰਿਆ ਦੀਆਂ ਘੁੰਮਣ-ਘੇਰੀਆਂ ਭਿਆਨਕ ਅਤੇ ਬਲਵਾਨ ਸਨ, ਘੁੰਮਣਘੇਰੀ ਵਿਚ ਜਿਹੜੀ ਚੀਜ਼ ਫਸ ਜਾਏ, ਉਹ ਪਾਰ ਨਹੀਂ ਹੋ ਸਕਦੀ। ੭੨।

***ਬਹੁਤ ਜ਼ੋਰ ਸੌਂ ਗਾਜਤ ਆਵੈ॥*** ਉਤੇ ਪਹਾੜ ਤੋਂ ਹੇਠਾਂ ਵੱਲ ਨੂੰ ਦਰਿਆ ਦਾ ਪਾਣੀ ਬਹੁਤ ਜ਼ੋਰ ਨਾਲ ਵਹਿ ਰਿਹਾ ਸੀ, ਗੱਜਦਾ ਤੁਰਿਆ ਆਉਂਦਾ ਸੀ ਉਪਰੋਂ।

***ਬਹੁਤ ਬ੍ਰਿਛਨ ਕੀ ਜੜ੍ਹਾਂ ਪੁਟਾਵੈ॥*** ਰੁੱਖਾਂ ਨੂੰ ਜੜ੍ਹਾਂ ਤੋਂ ਹੀ ਪੁੱਟੀ ਜਾਂਦਾ ਸੀ, ਕਿਨਾਰਿਆਂ ਨੂੰ ਢਾਹ ਕੇ ਲਈ ਜਾਂਦੀ ਰਾਵੀ।

***ਉਹਾਂ ਪੁਰਸ਼ ਕੀ ਕੌਨ ਚਲਾਵੈ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਉਥੇ ਪੁਰਸ਼ ਦੀ ਕੀ ਤਾਕਤ ਹੈ, ਉੱਥੇ ਬੰਦੇ ਦੀ ਤਾਕਤ ਕਿਵੇਂ ਚਲ ਸਕਦੀ ਸੀ।

***ਤੋੜਤ ਸਿਲਾ ਪੱਥਰ ਕੀ ਆਵੈ॥੭੩॥*** ਪਾਣੀ ਦਾ ਵਹਾਉ ਐਨੇ ਜ਼ੋਰ ਦਾ ਸੀ ਕਿ ਉਹ ਤਾਂ ਵੱਡੇ-ਵੱਡੇ ਪੱਥਰਾਂ ਦੀ ਸਿਲਾ

ਨੂੰ ਤੋੜ ਕੇ ਰੋੜ੍ਹ ਕੇ ਨਾਲ ਲਈ ਆਉਂਦਾ ਸੀ। ੭੩।

***ਦੋਹਰਾ॥ ਕਹਯੋ ਉਹਾਂ ਖੜ ਖਾਲਸੇ, ਕੌਊ ਯਾਹ ਲਿਆਵੈ ਥਾਹੁ॥*** ਉਥੇ ਦਰਿਆ ਦੇ ਕਿਨਾਰੇ 'ਤੇ ਸਾਰਾ ਖਾਲਸਾ ਆ ਖੜ੍ਹਾ ਹੋਇਆ ਹੈ, ਸਿੰਘਾਂ ਨੇ ਆਖਿਆ ਕੋਈ ਹੈ ਸੂਰਮਾਂ? ਕੋਈ ਯੋਧਾਂ ਸਿੰਘ, ਏਥੋਂ ਦੀ ਰਾਵੀ ਪਾਰ ਕਰ ਸਕਦਾ ਹੈ? ਕੋਈ ਵਿਖਾਵੇ ਕਿ ਇਸ ਘਾਟ ਦਰਿਆ ਅਸੀਂ ਲੰਘ ਜਾਵਾਂਗੇ, ਕੋਈ ਪਾਣੀ ਦਾ (ਥਾਹ) ਅੰਦਾਜ਼ਾ ਲਾ ਕੇ ਆਵੇ।

***ਯਾਂਕੇ ਪਾਛੈ ਸਭ ਲੰਘੈਂ ਐਸ ਬਤਾਵੈ ਰਾਹੁ॥੭੪॥*** ਕੋਈ ਐਸਾ ਸਾਨੂੰ ਰਾਹ ਦੱਸੇ, ਜਿਹੜਾ ਪਹਿਲਾਂ ਪਾਰ ਲੰਘ ਕੇ ਵਿਖਾਏ, ਜਿਸ ਦੇ ਪਿੱਛੇ ਅਸੀਂ ਸਾਰੇ ਹੀ ਦਰਿਆ ਵਿਚ ਠਿੱਲ ਪਈਏ ਤੇ ਪਾਰ ਹੋ ਜਾਈਏ। ਫਿਰ ਹੀ ਠਿੱਲੀਏ ਨਾ ਜੇ ਸਾਨੂੰ ਕੋਈ ਪਾਰ ਹੋਣ ਦਾ ਭਰੋਸਾ ਹੋ ਜਾਵੇ। ਇਉਂ ਸਿੰਘ ਉਰਲੇ ਪਾਸੇ ਦਰਿਆ ਦੇ ਖੜ੍ਹ ਕੇ ਦੇਖ ਰਹੇ ਹਨ ਕਿ ਕਿਵੇਂ ਪਾਰ ਲੰਘੀਏ?। ੭੪।

***ਚੌਪਈ॥ ਰਹਤ ਸਿੰਘ ਥੇ ਡੱਲੇ ਵਾਲ॥*** ਡੱਲਾ ਪਿੰਡ ਸੁਲਤਾਨਪੁਰ ਲੋਦੀ ਦੇ ਨਜ਼ਦੀਕ ਹੈ, ਇਸ ਪਿੰਡ ਵਿਚ ਬਹੱਤਰ ਬ੍ਰਹਮ ਗਿਆਨੀ ਹੋਏ ਹਨ, ਏਸੇ ਡੱਲੇ* ਪਿੰਡ ਦੀ ਪੰਥ ਦੀਆਂ ਬਾਰਾਂ ਮਿਸਲਾਂ ਵਿੱਚੋਂ ਇਕ ਮਿਸਲ ਵੀ ਹੋਈ ਹੈ। ਏਸ ਡੱਲੇ ਪਿੰਡ ਵਾਲੇ ਸਿੰਘ ਪੰਥ ਖਾਲਸੇ ਵਿਚ ਰਹਿੰਦੇ ਸਨ।

***ਖਤ੍ਰੀ ਜਾਤ ਸੁ ਭਾਈ ਚਾਰ॥*** ਇਹ ਚਾਰ ਭਰਾ ਸਨ, ਜਾਤ ਦੇ ਖੱਤਰੀ ਸਨ।

***ਸੂਰਬੀਰ ਬਡ ਜਾਪਹਿਂ ਭੂਪ॥*** ਇਹ ਬੜੇ ਬਹਾਦਰ ਸਨ, ਰਾਜਿਆਂ ਵਰਗੇ ਸੁੰਦਰ ਚਿਹਰੇ ਮੁਹਰੇ, ਮੱਥੇ ਚੌੜੇ ਮੋਟੇ-ਮੋਟੇ ਨੇਤ੍ਰਾਂ ਵਾਲੇ ਬੜੇ ਉਚੇ ਲੰਬੇ ਜੁਆਨ ਸੋਹਣੇ ਸਨ।

***ਉਮਦੇ ਘੋੜੇ ਬਹੁਤ ਅਨੂਪ॥੭੫॥*** ਇਹਨਾਂ ਦੇ ਘੋੜੇ ਵੀ ਬੜੇ ਸੁੰਦਰ ਅਤੇ ਚੰਚਲ ਸਨ। ੭੫।

***ਕਹੇ ਸਿੰਘਨ ਦੁਇ ਵੜਤ ਸੁ ਭਏ॥*** ਸਿੰਘਾਂ ਦੇ ਕਹੇ ਤੋਂ ਦਰਿਆ ਦਾ ਥਾਹ ਲਿਆਉਣ ਵਾਸਤੇ ਕਿ ਪਾਣੀ ਕਿੰਨਾਂ ਕੁ ਡੂੰਘਾ ਹੈ, ਅਰਦਾਸਾ ਸੋਧ ਕੇ ਦੋਵੇਂ ਭਾਈ ਦਰਿਆ ਵਿਚ ਠਿੱਲ੍ਹ ਪਏ ਹਨ।

***ਖਾ ਗਏ ਗੋਤੇ ਨਹਿਂ ਫਿਰ ਅਏ॥*** ਦੋਵੇਂ ਹੀ ਭਾਈ ਦਰਿਆ ਦੀਆਂ ਘੁੰਮਣਘੇਰੀਆਂ ਵਿਚ ਫਸ ਗਏ, ਦੋਵੇਂ ਹੀ ਡੁੱਬ ਗਏ ਸਕੇ ਭਾਈ, ਉਹਨਾਂ ਘੁੰਮਣਘੇਰੀਆਂ ਵਿਚ ਹੀ ਗੋਤੇ ਖਾ ਗਏ ਅਤੇ ਮੁੜ ਪਾਣੀ 'ਚੋਂ ਬਾਹਰ ਨਾ ਆਏ।

***ਗੁਰਦਯਾਲ ਸਿੰਘ ਕੇ ਭਾਈ ਓਈ॥*** ਉਹ ਦੋਵੇਂ ਭਾਈ ਗੁਰਦਿਆਲ ਸਿੰਘ ਦੇ ਸਕੇ ਭਰਾ ਸਨ, ਦੋਵੇਂ ਹੀ ਦਰਿਆ ਵਿਚੋਂ ਨਾ ਨਿਕਲ ਸਕੇ।

***ਮਿਸਲ ਡੱਲੇਵਾਲ ਜਿਨ ਤੇ ਹੋਈ॥੭੬॥*** ਜਿਨਾਂ ਸਿੰਘਾਂ ਤੋਂ ਮਿਸਲ ਡੱਲੇਵਾਲੀਆਂ ਹੋਈ ਹੈ, ਉਹ ਸਿੰਘ ਸਨ ਇਹ। ੭੬।

***ਤਬਹਿ ਖਾਲਸੇ ਐਸ ਬਿਚਾਰਾ॥*** ਤਦ ਸਿੰਘਾਂ ਨੇ ਇਸ ਤਰ੍ਹਾਂ ਬਿਚਾਰ ਕੀਤੀ।

***ਹਮ ਸਿਰ ਆਯੋ ਉਹ ਵਖਤ ਭਾਰਾ॥*** ਸਾਡੇ ਉੱਤੇ ਉਹ ਭਾਰੀ ਸਮਾਂ ਆ ਗਿਆ ਹੈ, ਦੁਖਦਾਈ, ਮੁਸੀਬਤਾਂ ਭਰਿਆ।

***ਇਕੱਲੇ ਕਿਮ ਡੂਬ ਮਰੈਂ ਦਰਯਾਇ॥*** ਅਸੀਂ ਇਕੱਲੇ-ਇਕੱਲੇ ਦਰਿਆ ਵਿਚ ਕਿਵੇਂ ਡੁੱਬ ਕੇ ਮਰੀਏ, ਕਿਉਂ ਮਰੀਏ।

***ਮਰੋ ਤੁਰਕ ਸੰਗ ਲੈ ਦਸ ਭਾਇ॥੭੭॥*** 'ਦਸ-ਦਸ, ਬਾਰਾਂ-ਬਾਰਾਂ ਤੁਰਕਾਂ ਨੂੰ ਨਾਲ ਲੈ ਕੇ ਮਰੀਏ', ਇਹ ਸਿੰਘਾਂ ਨੇ ਗੁਰਮਤਾ ਸੋਧ ਲਿਆ ਹੈ। ੭੭।

***ਦੋਹਰਾ॥ ਤਬਹਿ ਬਿਚਾਰਯੋ ਖਾਲਸੇ, 'ਆਯੋ ਵੇਲਾ ਸੋਇ'॥*** ਖਾਲਸੇ ਨੇ ਵਿਚਾਰ ਕੀਤੀ ਹੈ, ਖਾਲਸਾ ਜੀ! 'ਸਮਾਂ ਆ ਗਿਆ ਹੈ ਉਹ'।

***ਜੋ ਸ੍ਰੀ ਮੁਖ ਤੇ ਆਖਿਓ ਸਤਿਗੁਰ ਸਨਮੁਖ ਹੋਇ॥੭੮॥*** ਸਨਮੁਖ ਹੋ ਕੇ ਸਤਿਗੁਰਾਂ ਨੇ, ਜਦੋਂ ਹਜ਼ੂਰ ਹਾਜ਼ਰ ਸਨ ਦਸਵੇਂ ਪਾਤਸ਼ਾਹ, ਉਦੋਂ ਖਾਲਸੇ ਨੂੰ ਇਹ ਹੁਕਮਨਾਮਾ ਦਿੱਤਾ ਸੀ। ੭੮।

---

*(ਡੱਲਾ ਪਿੰਡ ਰਾਵੀ ਕਿਨਾਰੇ ਜਿਲ੍ਹਾ ਗੁਰਦਾਸਪੁਰ ਵਿਚ ਹੈ।)*

***ਚੌਪਈ॥ ਸਿਧੋ ਮੁਖ ਕਰ ਮਰੈ ਜੁ ਸੂਰਾ॥*** ਖਾਲਸੇ ਨੂੰ ਕਿਹਾਂ ਸੀ ਜਿਹੜਾ ਸੂਰਵੀਰ ਗੁਰੂ ਕਾ ਲਾਲ ਸਿੱਧੇ ਮੱਥੇ ਮਰਦਾ ਹੈ ਸੂਰਾ ਸੋਈ।

***ਸਵਾ ਲਾਖ ਮੈਂ ਲੇਊਗਾ ਪੂਰਾ॥*** ਉਸ ਨੂੰ ਮੈਂ ਪੂਰੇ ਸਵਾ ਲੱਖ ਵਿਚ ਲਵਾਂਗਾ, "ਸਵਾ ਲਾਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊ"। ਉਹ ਸਵਾ ਸਵਾ ਲੱਖ ਵਿਚ ਇਕੱਲਾ ਮੈਂ ਗਿਣ ਲਵਾਂਗਾ।

***ਤੌ ਛਾਡੌਂ ਤਰ ਪੰਥ ਖਿਆਲ॥*** ਖਾਲਸੇ ਨੇ ਦਰਿਆ ਤਰਨ ਦਾ ਖਿਆਲ ਛੱਡ ਕੇ ਵੈਰੀ ਦੇ ਸਨਮੁਖ ਹੋ ਕੇ ਲੜਨ ਦਾ ਨਿਸ਼ਚਾ ਕੀਤਾ ਹੈ।

***ਕਰਯੋ ਪਤਿਸ਼ਾਹੀ ਫਿਰ ਸੁਖ ਨਾਲ॥੭੯॥*** ਫਿਰ ਸੁਖ ਨਾਲ ਪਾਤਸ਼ਾਹੀ ਕਰਿਓ ਖਾਲਸਾ ਜੀ ।। ੭੯।

***ਦੋਹਰਾ॥ ਬਚਨ ਕਹੇ ਜੋ ਖਾਲਸੇ ਲਏ ਪੰਥ ਸੋਈ ਮਾਨ॥*** ਜੋ ਖਾਲਸੇ ਪੰਥ ਨੇ ਬਚਨ ਕਹੇ ਸਨ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ, ਉਹ ਸਿਰ ਮੱਥੇ ਪ੍ਰਵਾਣ ਕੀਤੇ ਖਾਲਸੇ ਨੇ ਕਿ ਹੁਣ ਆਪਾਂ ਨੂੰ ਸਨਮੁਖ ਹੋ ਕੇ ਹੀ ਲੜਨਾ ਚਾਹੀਦਾ ਹੈ, ਸਤਿਗੁਰਾਂ ਦਾ ਇਹ ਬਚਨ ਹੈ, ਅਸੀਂ ਉਸ 'ਤੇ ਫੁੱਲ ਚੜ੍ਹਾਵਾਂਗੇ, ਆਓ! ਪਿੱਛੇ ਤੁਰਕਾਂ ਦੇ ਗਲ ਪਈਏ।

***ਚਹੂੰ ਓਰ ਮੁਖ ਕਰ ਚੜ੍ਹੇ, ਮੋੜਯੋ ਮੁੱਖ ਨ ਕਾਨ॥੮੦॥*** ਖਾਲਸੇ ਨੇ ਚੌਹੀਂ ਪਾਸੀਂ ਮੂੰਹ ਕਰ ਲਿਆ ਹੈ ਅਤੇ ਚੜ੍ਹ ਪਿਆ ਵੈਰੀ 'ਤੇ ਦੁਸ਼ਮਣ ਤੋਂ ਮੂੰਹ ਨਹੀਂ ਮੋੜਿਆ ਨਾ ਪਾਸਾ ਵੱਟਿਆ ਹੈ। ੮੦।

***ਚੌਪਈ॥ ਜੇਊ ਵਲ ਪਹਾੜ ਥੇ ਖੜੇ॥*** ਜਿਹੜੇ ਸਿੰਘਾਂ ਦਾ ਮੁਖ ਪਹਾੜ ਵੱਲ ਸੀ।

***ਹਿੰਮਤ ਕਰ ਪਹਾੜ ਸੋ ਚੜ੍ਹੇ॥*** ਹੁਕਮ ਹੋ ਗਿਆ ਹੈ ਸਿੰਘੋ। ਹੱਲਾ ਬੋਲ ਦਿਓ ਚਾਰੋਂ ਤਰਫ, ਜਿਧਰ ਕਿਸੇ ਦਾ ਬਲ ਪੈਂਦਾ ਹੈ, ਓਧਰ ਹੀ ਨਿਕਲ ਜਾਓ, ਪਹਾੜ ਵਾਲੇ ਸਿੰਘਾਂ ਨੇ ਪਹਾੜੀਆਂ 'ਤੇ ਹੱਲਾ ਬੋਲ ਕੇ ਹਿੰਮਤ ਕਰਕੇ ਪਹਾੜ 'ਤੇ ਜਾ ਚੜ੍ਹੇ ਹਨ।

***ਅੱਗੈ ਖੜੀ ਪਹਾੜ ਸਿਪਾਹ॥*** ਅੱਗੇ ਪਹਾੜੀਆਂ ਦੀ ਫ਼ੌਜ ਤਣੀ ਖੜ੍ਹੀ ਸੀ।

***ਸੋ ਦੇਵੈ ਨਹੀਂ ਸਿੰਘਨ ਰਾਹ॥੮੧॥*** ਪਹਾੜੀਆਂ ਦੀ ਫ਼ੌਜ ਸਿੰਘਾਂ ਨੂੰ ਅੱਗੇ ਲੰਘਣ ਵਾਸਤੇ ਰਾਹ ਨਹੀਂ ਦਿੰਦੀ ਕਿ ਸਿੰਘ ਪਹਾੜੀਆਂ ਨੂੰ ਪਾਰ ਕਰ ਕੇ ਅੱਗੇ ਲੰਘ ਜਾਣ, ਅੱਗਾ ਰੋਕਣ ਵਾਸਤੇ ਫ਼ੌਜ ਖੜ੍ਹੀ ਦੇਖੀ। ੮੧।

***ਮਾਰਹਿਂ ਪਾਥਰ ਇਟਨ ਬੰਦੂਕ॥*** ਬੰਦੂਕਾਂ ਵੀ ਚਲਾਉਂਦੇ ਨੇ ਪੱਥਰ ਮਾਰਦੇ ਨੇ, ਇੱਟਾਂ ਢੀਮਾਂ ਨਾਲ ਸਿੰਘਾਂ ਨੂੰ ਉਪਰ ਚੜ੍ਹਨ ਨਹੀਂ ਦਿੰਦੇ।

***ਆਵੈਂ ਤੋਪਨ ਗੋਲ ਸੋ ਕੂਕ॥*** ਜਿਹੜੇ ਸਿੰਘ ਚੜ੍ਹਦੇ ਨੇ ਉਪਰ ਪਿੱਛੋਂ ਤੋਪਖਾਨਾ ਤੁਰਕਾਂ ਦਾ, ਤੋਪ ਦੇ ਗੋਲੇ ਕੂਕਦੇ ਆਉਂਦੇ ਹਨ ਸਿੰਘਾਂ 'ਤੇ।

***ਜਹਾਂ ਲਗੈ ਤਨ ਜਾਵੈ ਟੂਟ॥*** ਜਿਥੇ ਕਿਸੇ ਸਿੰਘ ਦੇ ਸਰੀਰ 'ਤੇ ਗੋਲਾ ਲਗਦਾ ਹੈ, ਸਿੰਘਾਂ ਦੇ ਹੱਡ ਤੋੜਦਾ ਜਾਂਦਾ ਹੈ। ਤਨ ਟੁੱਟਦਾ ਜਾਂਦਾ ਹੈ, ਜਿਸ ਦਾ ਸਰੀਰ ਹੀ ਟੁੱਟ ਜਾਵੇ, ਪੱਟ ਟੁੱਟ ਜਾਏ, ਬਾਂਹ ਟੁੱਟ ਜਾਏ, ਕੋਈ ਅੰਗ ਟੁੱਟ ਜਾਏ, ਫਿਰ ਉਹ ਤੁਰਨ ਜੋਗਾ ਨਹੀਂ ਰਹਿੰਦਾ ਹੈ, ਕਿਵੇਂ ਫਿਰ ਚੜ੍ਹਨ ਪਹਾੜ 'ਤੇ।

***ਅਗੇ ਸਿਪਾਹੀ ਖੜੇ ਰਾਜਪੂਤ॥੮੨॥*** ਅੱਗੇ ਪਹਾੜ ਦੇ ਸਿਪਾਹੀ ਜੋ ਰਾਜਪੂਤ ਕਹਾਉਂਦੇ ਹਨ, ਉਹ ਅੱਗਾ ਰੋਕੀ ਖੜ੍ਹੇ ਹਨ। ੮੨।

***ਦੋਹਰਾ॥ ਤੌ ਸਿੰਘਨ ਫਿਰ ਜੋਸ਼ ਕਰ ਇਕ ਲਯੋ ਮੋਰਚੋ ਮਾਰ॥*** ਪਹਾੜੀ ਦਾ ਇਹ ਹੁੰਦਾ ਹੈ, ਇਕ ਪਹਾੜੀ ਚੜ੍ਹ ਜਾਓ ਅੱਗੇ ਉਤਨੀ ਹੀ ਵੱਡੀ ਪਹਾੜੀ ਹੋਰ ਖੜ੍ਹੀ ਹੈ, ਉਹ ਚੜ੍ਹ ਜਾਓ ਅੱਗੇ ਹੋਰ ਪਹਾੜੀ ਖੜ੍ਹੀ ਹੈ। ਪਹਾੜਾਂ ਦਾ ਇਹ ਤਰੀਕਾ ਹੁੰਦਾ ਹੈ ਉੱਚੇ ਤੋਂ ਉੱਚਾ, ਉੱਚੇ ਤੋਂ ਉੱਚਾ ਸਿੰਘ ਨੇ ਜੋਸ਼ ਕਰ ਕੇ ਇਕ ਪਹਾੜੀ 'ਤੇ ਮੋਰਚਾ ਮੱਲ ਲਿਆ ਹੈ, ਉਹ ਟਿੱਬਾ ਜਦੋਂ ਖੋਹ ਲਿਆ ਹੈ ਤਿਨ੍ਹਾਂ ਪਹਾੜੀਆਂ ਤੋਂ।

***ਓਹੁ ਆਇ ਬਹੁਤੇ ਪੜੇ, ਉਨ ਦੀਏ ਫੇਰ ਉਤਾਰ॥੮੩॥*** ਅਤੇ ਫਿਰ ਦੂਸਰੇ ਟਿੱਬਿਆਂ ਵਾਲੇ ਬਹੁਤੇ ਪਹਾੜੀਏ ਆ ਕੇ ਹੱਲਾ ਬੋਲ ਕੇ ਪੈ ਗਏ ਹਨ, ਫਿਰ ਸਿੰਘਾਂ ਨੂੰ ਪਹਾੜੀ ਤੋਂ ਥੱਲੇ ਉਤਰਨਾ ਪਿਆ ਹੈ। ੮੩।

***ਚੌਪਈ॥ ਤੌ ਸਿੰਘਨ ਫਿਰ ਕੀਓ ਉਪਾਉ॥*** ਤਾਂ ਸਿੰਘਾਂ ਨੇ ਫਿਰ ਯਤਨ ਕੀਤਾ ਹੈ ਚੜ੍ਹਨ ਵਾਸਤੇ।

***ਤੱਕਯੋ ਉਪਰ ਚੜ੍ਹਨ ਕੌ ਦਾਉ॥*** ਕਿ ਕਿਵੇਂ ਚੜ੍ਹੀਏ ਉੱਪਰ ? ਕੋਈ ਹੋਰ ਰਾਹ ਤੱਕੋ, ਜਿਸ ਤਰ੍ਹਾਂ ਅਸੀਂ ਪਹਾੜ 'ਤੇ ਚੜ੍ਹ ਸਕੀਏ।

***ਲੁਕੇ ਪਹਾੜ ਜੜ੍ਹਨ ਮੈਂ ਧਾਇ॥*** ਧਾਵਾ ਕਰਕੇ ਪਹਾੜ 'ਤੇ ਚੜ੍ਹਨ ਵਾਸਤੇ ਕਿ ਪਹਾੜ ਵਿਚ ਜੰਗਲ ਹੈ, ਬਨ ਹੈ, ਇਸ ਦੇ ਵਿਚ ਲੁਕ ਕੇ ਆਪਣਾ ਆਪ ਬਚਾ ਲਵਾਂਗੇ, ਇਉਂ ਹੱਲਾ ਬੋਲ ਕੇ ਪਹਾੜਾਂ ਦੀ ਜੜ੍ਹਾਂ ਵਿਚ ਜਾ ਲੁਕੇ ਹਨ।

***ਖੋਦ ਮਿਟੀ ਲੁਕਨ ਕੀਯੋ ਥਾਇ॥੮੪॥*** ਸ਼ਸਤ੍ਰਾਂ ਨਾਲ ਮਿੱਟੀ ਪੁੱਟ-ਪੁੱਟ ਕੇ ਸਿੰਘਾਂ ਨੇ ਮੋਰਚੇ ਬਣਾਏ ਹਨ, ਜਿਸ ਵਿਚ ਆਪਣੇ ਸਰੀਰ ਨੂੰ ਲੁਕੋ ਸਕਣ, ਅਜੇ ਆਸ਼ਰਾ ਲਿਆ ਹੈ ਕਿ ਟਾਇਮ ਮਿਲਿਆ ਫਿਰ ਪੁੱਟ ਕੇ ਅੱਗੇ ਚਲਾਂਗੇ। ੮੪।

***ਜਿਮ ਸਿਰ ਲੁਕੇ ਸੁ ਊਪਰ ਵਾਇ॥*** ਜਿਵੇਂ ਉਪਰੋਂ ਸਿਰ ਲੁਕੇ ਉਪਰੋਂ ਨਾ ਸਾਡੇ 'ਤੇ ਕੋਈ ਵਾਰ ਕਰ ਸਕੇ, ਇਉਂ ਸਿੰਘ ਪਹਾੜ ਦੇ ਵਿਚ ਸਮਾ ਗਏ ਹਨ।

***ਤਿਸ ਬਿਧ ਮਿੱਟੀ ਸਿੰਘਨ ਪੁਟਾਇ॥*** ਉਸ ਤਰੀਕੇ ਨਾਲ ਮਿੱਟੀ ਪੁੱਟੀ ਹੈ ਸਿੰਘਾਂ ਨੇ ਕਿ ਉਪਰੋਂ ਆ ਕੇ ਨਾ ਕੋਈ ਚੀਜ਼ ਵੱਜੇ, ਜੇ ਲੱਗੇ ਤਾਂ ਸਿਰ ਤੋਂ ਬੁੜ੍ਹਕ ਕੇ ਅੱਗੇ ਚਲੀ ਜਾਏ, ਇਉਂ ਸਿਲਾਂ ਦਾ ਥੱਲਾ ਪੁੱਟ ਕੇ ਉੱਥੇ ਸਿੰਘਾਂ ਨੇ ਬਣਾ ਲਿਆ ਹੈ ਆਸਰਾ।

***ਕਰਦਨ ਛੁਰੀਅਨ ਸਾਥ ਕਟਾਰੀ॥*** ਛੋਟੀਆਂ ਕ੍ਰਿਪਾਨਾਂ ਨਾਲ, ਛੁਰੀਆਂ ਨਾਲ, ਕਟਾਰਾਂ ਨਾਲ, ਜਿਸ ਤਰ੍ਹਾਂ ਦੇ ਵੀ ਸ਼ਸਤਰ ਸੀ ਸਿੰਘਾਂ ਕੋਲ, ਉਨ੍ਹਾਂ ਨਾਲ ਪੁੱਟ-ਪੁੱਟ ਕੇ ਮਿੱਟੀ ਉਥੇ ਜਗ੍ਹਾ ਬਣਾਈ।

***ਨੇਜਨ ਬਰਛਨ ਮੰਗ ਤਲਵਾਰੀ॥੮੫॥*** ਨੇਜਿਆਂ ਨਾਲ, ਬਰਛਿਆਂ ਨਾਲ ਤੇ ਤਲਵਾਰਾਂ ਨਾਲ ਪੁੱਟ-ਪੁੱਟ ਕੇ ਸਿੰਘਾਂ ਨੇ ਜਿੰਨਾਂ ਥਾਂ ਬਨਿਆ ਬਣਾਇਆ। ੮੫।

***ਦੋਹਰਾ॥ ਠਹਰ ਥਾਉਂ ਪਗ ਧਰਨ ਕਰ ਕੀਨੋਂ ਸਿੰਘਨ ਜੋਰ॥*** ਚੜ੍ਹਾਈ ਉੱਚੀ ਸੀ ਸਿੰਘਾਂ ਨੇ ਪੈਰ ਰੱਖਣ ਵਾਸਤੇ ਪੌਡੇ ਬਣਾ ਕੇ, ਸਿੰਘਾਂ ਨੇ ਜ਼ੋਰ ਕਰਕੇ ਕਿ ਚਲੀਏ ਉਤੇ।

***ਜਾਇ ਚੜ੍ਹੇ ਤਿਹ ਥਾਂ ਖੜੇ, ਅੜੇ ਭਿੜੇ ਤਿਨ ਘੋਰ॥੮੬॥*** ਸਿੰਘ ਪਹਾੜ ਦੇ ਉਤੇ ਚੜ੍ਹੇ ਕੇ ਉਸ ਥਾਂ ਜਾ ਖੜ੍ਹੇ ਹਨ ਅਤੇ ਪਹਾੜੀਆਂ ਨਾਲ ਜਾ ਟਾਕਰਾ ਕੀਤਾ ਹੈ, ਜਿਹੜੇ ਅੱਗੋ ਅੜੇ ਹਨ, ਉਨ੍ਹਾਂ ਨਾਲ ਘੋਰ ਜੁੱਧ ਮਚਾ ਦਿੱਤਾ ਹੈ, ਸਿੰਘਾਂ ਦਾ ਪਿੱਛੇ ਤਾਂ ਕੋਈ ਆਸਰਾ ਨਹੀਂ ਹੈ, ਮੁਸ਼ਕਲ ਨਾਲ ਸਿੰਘ ਪਹਾੜ ਉਤੇ ਚੜ੍ਹੇ ਸਨ, ਫਿਰ ਕੱਦ ਉਤਰਦੇ ਸੀ। ਇਉਂ ਜ਼ੋਰ ਪਾਇਆ ਹੈ ਪਹਾੜ ਦੀ ਫ਼ੌਜ ਉਤੇ। ੮੬।

***ਚੌਪਈ॥ ਤਬ ਪਹਾੜੀਏ ਅਏ ਕਰ ਸ਼ੋਰ॥*** ਉਧਰੋਂ ਢੋਲ ਵਜਾ ਕੇ ਰੌਲਾ ਪਾ ਕੇ ਪਹਾੜਾਂ ਦੇ ਲੋਕ ਜਿਹੜੇ ਸਨ, ਬੜੇ ਇਕੱਠੇ ਹੋ ਕੇ ਸਿੰਘਾਂ ਦੇ ਦੁਆਲੇ ਆ ਹੋਏ ਹਨ।

***ਮਗਰੇ ਦੀਨੋ ਸਿੰਘਨ ਜ਼ੋਰ॥*** ਸਿੰਘਾਂ ਨੇ ਉਹਨਾਂ ਦੇ ਮਗਰੇ ਜ਼ੋਰ ਕਰ ਦਿੱਤਾ ਹੈ ਕਿ ਇਹ ਹੁਣ ਸਾਨੂੰ ਲਾਹੁਣਗੇ ਥੱਲੇ,ਅੱਗੇ ਇਕ ਵੇਰਾਂ ਲਹਿ ਚੁੱਕੇ ਹਾਂ। ਸਿੰਘਾਂ ਨੇ ਪੂਰੇ ਜ਼ੋਰ ਨਾਲ ਉਨ੍ਹਾਂ ਪਹਾੜੀਆਂ ਦਾ ਪਿੱਛਾ ਕੀਤਾ ਹੈ।

***ਸਿੰਘਨ ਹਥਹੁੰ ਸ਼ਸਤਰ ਛੁੱਟੇ॥*** ਜਦੋਂ ਸਿੰਘਾਂ ਦੇ ਹੱਥੋ ਸ਼ਸਤ੍ਰ ਚੱਲੇ।

***ਲਗੇ ਪ੍ਰਬਤੀਅਨ ਫਿਰੇ ਅਪੁਠੇ॥੮੭॥*** ਜਦੋਂ ਸ਼ਸਤ੍ਰ ਪਹਾੜੀਆਂ ਦੇ ਵੱਜੇ ਮੂੰਹ ਦੂਜੇ ਪਾਸੇ ਕਰ ਦਿੱਤਾ ਹੈ ਸਿੰਘਾਂ ਨੇ, ਭੱਜ ਗਏ ਹਨ ਅੱਗੇ ਹੋ ਕੇ ਪਿੱਠ ਦੇ ਕੇ। ੮੭।

***ਗੈਲ ਸੁ ਸਿੰਘਨ ਬਹੁਤ ਦਬਾਈ॥*** ਸਿੰਘ ਉਨ੍ਹਾਂ ਦਾ ਪਿੱਛਾ ਦੱਬੀ ਤੁਰੇ ਗਏ ਕਿ ਹੁਣ ਖੜ੍ਹਨ ਨਾ ਦਿਉ ਇਹਨਾਂ ਨੂੰ ,ਪੈਰ

ਨਾ ਲੱਗਣ ਦਿਉ। ਹੱਲੇ ਤੇ ਹੱਲਾ ਬੋਲ ਕੇ ਪਹਾੜੀਆਂ ਦੇ ਮੋਢਿਆਂ 'ਤੇ ਸਿੰਘ ਜਾ ਚੜ੍ਹੇ ਹਨ।

***ਲਿਯੋ ਸੁ ਟਿੱਬਾ ਸਿੰਘਨ ਛੁਡਾਈ॥*** ਸਿੰਘਾਂ ਨੇ ਉਹ ਸਾਰਾ ਟਿੱਬਾ ਪਹਾੜੀਆਂ ਤੋਂ ਖੋਹ ਲਿਆ ਹੈ, ਆਪਣਾ ਆਸਰਾ ਬਣਾ ਲਿਆ ਹੈ, ਲੜਨ ਭਿੜਨ ਦਾ।

***ਜੋਊ ਸਜਾਦੇ ਚੜ੍ਹੇ ਉਤਾਹੀ॥*** ਜਿਹੜੇ ਪੈਦਲ ਸਨ, ਉਹ ਤਾਂ ਚੜ੍ਹ ਗਏ ਪਹਾੜ ਉੱਪਰ, ਇੱਕ ਇੱਕ ਹੱਲਾ ਬੋਲ ਕੇ

***ਘੋੜੇ ਉਨ ਕੇ ਚੜ੍ਹੇ ਸੁ ਨਾਹੀ॥੮੮॥*** ਘੋੜੇ ਵੀ ਸਨ ਨਾਲ, ਘੋੜੇ ਨਹੀਂ ਚੜ੍ਹ ਸਕੇ, ਘੋੜੇ ਉੱਥੇ ਹੀ ਰਹਿ ਗਏ ਸਿੰਘਾਂ ਦੇ। ੮੮।

***ਔਰ ਤਕਾਯੋ ਚੜ੍ਹ ਇਕ ਰਾਹੁ॥*** ਹੁਣ ਸਿੰਘਾਂ ਨੇ ਅੱਗਾ ਤਕਾਇਆ ਹੈ ਕਿ ਕੋਈ ਹੋਰ ਰਾਹ ਲੱਭੀਏ ਹੁਣ, ਜਿਵੇਂ ਇਸ ਟਿੱਬੇ 'ਤੇ ਕਾਬਜ ਹੋ ਗਏ ਹਾਂ, ਹੁਣ ਅੱਗੇ ਨਿਕਲਣ ਵਾਸਤੇ ਵੀ ਰਾਹ ਤਕਾਓ।

***ਦਰਯਾਉ ਕਰਤ ਥਾ ਜਿਤ ਵਲ ਢਾਹੁ॥*** ਜਿਧਰ ਦਰਿਆ ਨੇ ਢਾਹ ਲਾਈ ਹੋਈ ਸੀ, ਪਹਾੜ ਨੂੰ ਭੰਨੀ ਤੁਰਿਆ ਜਾਂਦਾ ਸੀ, ਉਸ ਪਾਸੇ ਨੂੰ ਦੇਖਿਆ ਸਿੰਘਾਂ ਨੇ ਆਸਰਾ।

***ਸ਼ਸਤ੍ਰਨ ਸਿਉਂ ਤਿਹ ਰਾਹ ਖੁਦਾਯਾ॥*** ਉਥੇ ਵੀ ਸਿੰਘਾਂ ਨੇ ਸ਼ਸਤ੍ਰਾਂ ਨਾਲ ਰਸਤਾ ਬਣਾਇਆ ਕਿ ਅੱਗੇ ਪੱਗਡੰਡੀ ਰਾਹ ਬਣਾਈਏ, ਜਿਥੋਂ ਘੋੜਿਆਂ ਸਮੇਤ ਲੰਘ ਸਕੀਏ।

***ਘੋੜੇ ਕਉ ਤਿਹ ਚਰਨ ਰਖਾਯਾ॥੮੯॥*** ਥਾਂ ਬਣਾ-ਬਣਾ ਕੇ ਘੋੜੇ ਦਾ ਪੈਰ ਰੱਖਣ ਵਾਸਤੇ ਇਉਂ ਜਗ੍ਹਾ ਬਣਾ ਕੇ ਜਾਂਦੇ ਹਨ ਸਿੰਘ। ੮੯।

***ਕੋਈ ਬਚੈ ਕੋਈ ਗਿਰ ਜਾਵੈ॥*** ਕੋਈ ਤਾਂ ਬਚ ਗਿਆ ਕੋਈ ਓਥੋਂ ਡਿੱਗ ਪੈਂਦਾ ਹੈ।

***ਗਿਰੈ ਤਹਾਂ ਸੁ ਦਰਯਾਉ ਡੁਬਾਵੈ॥*** ਦਰਿਆ ਦੇ ਕੰਢੇ 'ਤੇ ਪੈਰ ਧਰਨ ਜੋਗੀ ਪਗਡੰਡੀ ਬਣਾਈ ਸੀ ਸਿੰਘਾਂ ਨੇ, ਜਿਸ ਦਾ ਉਥੋਂ ਪਹਾੜ ਤੋਂ ਪੈਰ ਫਿਸਲ ਜਾਂਦਾ ਹੈ, ਉਹ ਹੇਠਾਂ ਦਰਿਆ ਵਿਚ ਡਿੱਗ ਕੇ ਡੁੱਬ ਜਾਂਦਾ ਸੀ।

***ਮਿਲੈਂ ਨ ਪਿਛਲਨ ਫਿਰ ਸੋ ਅਗਲੇ॥*** ਅੱਗੇ ਵਾਲੇ ਪਿਛਲਿਆਂ ਦਾ ਕਿਵੇਂ ਪਤਾ ਕਰਨ, ਜੋ ਅੱਗੇ ਲੰਘ ਗਏ, ਉਹ ਮੁੜ ਕੇ ਪਿਛਲਿਆਂ ਨੂੰ ਨਹੀਂ ਮਿਲੇ, ਅੱਗੇ ਵਾਲਿਆਂ ਨੂੰ ਪਿੱਛੇ ਵਾਲਿਆਂ ਦਾ ਨਹੀਂ ਕਿ ਪਿੱਛੇ ਕੀ ਹੋ ਰਿਹਾ ਹੈ, ਪਿਛੇ ਰਹਿ ਗਿਆਂ ਨੂੰ ਅਗਲਿਆਂ ਦਾ ਨਹੀਂ ਪਤਾ ਕਿ ਅੱਗੇ ਕੀ ਹੋ ਰਿਹਾ ਹੈ, ਇਉਂ ਤੰਗ ਰਸਤਾ ਹੋਣ ਕਰਕੇ ਫਿਰ ਕੌਣ ਖ਼ਬਰ ਲਿਆਵੇ ਇਕ ਦੂਸਰੇ ਦੀ।

***ਜਿਤ ਕੇ ਸੇ ਤਿਤ ਗਏ ਸੁ ਵਗਲੇ॥੯੦॥*** ਜਿਥੇ ਕੋਈ ਸੀ ਉਥੇ ਹੀ ਵਗਲਿਆ ਗਿਆ, ਜੋ ਤੰਗ ਰਸਤੇ ਵਿਚ ਫਸ ਗਏ ਸਨ, ਉਹ ਉਥੇ ਹੀ ਘਿਰ ਗਏ। ੯੦।

***ਅਗੇ ਲਖਨ ਕੀ ਜਗਾ ਨ ਪੱਯੇ॥*** ਅੱਗੇ ਲੰਘਣ ਨੂੰ ਜਗ੍ਹਾ ਕੋਈ ਨਹੀਂ ਹੈ, ਕੋਈ ਥਾਂ ਨਹੀਂ ਰਹਿ ਗਈ ਲੰਘਣ ਨੂੰ।

***ਪਿਛੇ ਕਿਤ ਬਿਧਿ ਪਲਟ ਨ ਜੱਯੇ॥*** ਪਿੱਛੇ ਵੀ ਕਿਸੇ ਤਰੀਕੇ ਨਾਲ ਮੁੜ ਕੇ ਨਹੀਂ ਜਾ ਸਕਦੇ ਕਿ ਪਿੱਛੇ ਹੀ ਮੁੜ ਜਾਣ।

***ਭਈ ਭੀੜ ਬਹੁ ਭਰ ਗਯੋ ਰਾਹੁ॥*** ਪਿੱਛੇ ਰਾਹ ਭਰ ਗਿਆ ਭੀੜ ਨਾਲ, ਭੀੜ ਬਹੁਤੀ ਹੋ ਗਈ ਹੈ, ਤੰਗ ਪਗਡੰਡੀ ਹੈ ਪਹਾੜ 'ਤੇ।

***ਤਿਲਕੇ ਫਿਲਕੇ ਡੁਬੇ ਦਰਯਾਹੁ॥੯੧॥*** ਜਿਸ ਕਿਸੇ ਦਾ ਪੈਰ ਤਿਲਕ ਗਿਆ ਹੈ,ਉਹ ਫਿਸਲ ਕੇ ਸਿੱਧਾ ਹੀ ਦਰਿਆ ਵਿਚ ਡਿੱਗ ਕੇ ਡੁੱਬ ਮਰਿਆ ਹੈ। ੯੧।

***ਦੋਹਰਾ॥ ਅਗਲੇ ਕਹੈਂ ਪਿਛਲੇ ਭਲੇ, ਪਿਛਲੇ ਅਗਾਂਹ ਤਕਾਹਿਂ॥*** ਪਿਛਲੇ ਕਹਿੰਦੇ ਹਨ ਅੱਗੇ ਵਾਲੇ ਕਿਤੇ ਵਾਹਵਾ ਠਿਕਾਣੇ ਲੱਗ ਗਏ ਹੋਣਗੇ, ਅਗਲੇ ਕਹਿੰਦੇ ਹਨ ਪਿੱਛੇ ਵਾਲੇ ਚੰਗੇ ਰਹਿ ਗਏ ਹਨ। ਅੱਗੇ ਤਾਂ ਰਾਹ ਹੀ ਕੋਈ ਨਹੀਂ ਰਹਿ ਗਿਆ ਹੁਣ, ਹੁਣ ਕਿਧਰ ਨੂੰ ਜਾਈਏ, ਪਿੱਛੇ ਵਾਲੇ ਅਗਾਂਹ ਚੜ੍ਹਨ ਵਾਸਤੇ ਦੇਖ ਰਹੇ ਹਨ, ਐਸੀ ਬਿਪਤਾ ਆਈ ਹੈ ਖਾਲਸੇ ਨੂੰ।

***ਕੋਊ ਕਿਸੈ ਨ ਕਹਿ ਸਕੈ ਲਗੈ ਰਾਹ ਤਹਿਂ ਜਾਹਿਂ॥੯੨॥*** ਕੋਈ ਨਹੀ ਕਿਸੇ ਨੂੰ ਦੱਸ ਸਕਦਾ ਕਿ ਕਿਹੜਾ ਰਾਹ ਹੈ ਹੁਣ, ਕਿਹੜੇ ਰਾਹ ਪਈਏ, ਖਾਲਸਾ ਜੀ ! ਕਿਥੇ ਗੁਰਮਤਾ ਕਰਨ, ਥਾਂ ਤਾਂ ਜਦੋਂ ਬੰਦਿਆਂ ਦੇ ਖੜ੍ਹਨ ਨੂੰ ਨਹੀਂ ਹੁੰਦੀ, ਇੱਕਲੇ-ਇੱਕਲੇ ਚੜ੍ਹ ਰਹੇ ਸਨ। ੯੨।

***ਚੌਪਈ॥ ਰਿਜ਼ਕ ਖਾਨ ਕੀ ਕੌਨ ਚਲਾਵੈ॥*** ਉਥੇ ਰੋਟੀ ਪਾਣੀ ਦੀ ਗੱਲ ਹੀ ਛੱਡੋ ਤੁਸੀਂ, ਰੋਟੀ ਪਾਣੀ ਦੀ ਤਾਂ ਗੱਲ ਹੀ ਕੋਈ ਨਾ ਰਹਿ ਗਈ, ਉਪਰ ਚੜ੍ਹਨ ਨੂੰ ਹੀ ਥਾਂ ਨਹੀਂ ਹੈ, ਖੜ੍ਹਨ ਨੂੰ ਥਾਂ, ਟਾਇਮ ਨਹੀਂ ਹੈ, ਪਾਣੀ ਨਹੀਂ ਹੈ, ਰਿਜ਼ਕ ਦੀ ਤਾਂ ਗੱਲ ਹੀ ਛੱਡ ਦਿਓ ਤੁਸੀਂ, ਹੈ ਨਹੀਂ ਹੈ ਸਮਾਂ ਸਿੰਘਾਂ ਕੋਲ।

***ਪਾਨੀ ਪੀਨੋਂ ਨਹਿਂ ਬਣ ਆਵੈ॥*** ਪਾਣੀ ਪੀਣਾ ਵੀ ਨਹੀਂ ਬਣ ਆਉਂਦਾ ਪਾਣੀ ਕਿਥੋਂ ਪੀਣ?

***ਪਰ ਕਿਛ ਕਲਾ ਸੁ ਧਰੀ ਸਰੀਰ॥*** ਸਤਿਗੁਰ ਨੇ ਕ੍ਰਿਪਾ ਕੀਤੀ ਸਿੰਘਾਂ ਨੇ ਕਲਾ ਧਾਰੀ, ਉਨ੍ਹਾਂ ਨੇ ਸਰੀਰ ਕਰਕੇ ਹਿੰਮਤ ਕੀਤੀ ਹੈ।

***ਗਿਰੇ ਨ ਚਲਨੋਂ ਧਰੇ ਸੁ ਧੀਰ॥੯੩॥*** ਐਸੀ ਧੀਰਜ ਸਿੰਘਾਂ ਦੇ ਮਨ ਵਿਚ ਆ ਗਈ ਹੈ, ਹੁਣ ਖਲੋਂਦੇ ਨਹੀਂ ਹਨ, ਹੌਂਸਲਾ ਨਹੀਂ ਟੁੱਟਦਾ ਸਿੰਘਾਂ ਦਾ, ਸਹੀ ਸਲਾਮਤ ਅੱਗੇ ਨੂੰ ਵਧਣ ਵਾਸਤੇ ਕਾਇਮ ਨੇ। ੯੩।

***ਕਈ ਦਿਨਨ ਕੇ ਭੂਖੇ ਸਿੱਖ॥*** ਸਿੰਘ ਕਈਆਂ ਦਿਨਾਂ ਤੋਂ ਭੁੱਖੇ ਸਨ, ਉਨ੍ਹਾਂ ਨੂੰ ਖਾਣ ਵਾਸਤੇ ਲੰਗਰ ਵੀ ਨਹੀਂ ਮਿਲਿਆ ਸੀ।

***ਮੰਗਤ ਉਨ ਨਹਿਂ ਲੱਭੈ ਭਿੱਖ॥*** ਜੇ ਉਹ ਮੰਗਦੇ ਹਨ ਖਾਣ ਨੂੰ, ਤਾਂ ਕਿਸ ਤੋਂ ਮੰਗਣ, ਉਨ੍ਹਾਂ ਨੂੰ ਤਾਂ ਮੰਗਦਿਆਂ ਨੂੰ ਭਿੱਖਿਆ ਵੀ ਨਹੀਂ ਮਿਲਦੀ ਹੈ। ਮੰਗਣ ਵਾਸਤੇ ਵੀ ਕੋਈ ਥਾਂ ਠਿਕਾਣਾ ਨਹੀਂ ਰਹਿ ਗਿਆ।

***ਸਗਵਾਂ ਮਾਰੈਂ ਦੇਖ ਸੁ ਥਾਇ॥*** ਸਗੋਂ ਦੇਖ ਕੇ ਸਿੰਘਾਂ ਉਹ ਥਾਏਂ ਮਾਰਨ ਪੈਂਦੇ ਹਨ, ਜਾ ਲੜਨ ਪੈਂਦੇ ਹਨ।

***ਪਾਇ ਰਸੇ ਦੁਇ ਤੁਰਕਨ ਫੜਾਇ॥੯੪॥*** ਜੇ ਕੋਈ ਸਿੰਘ ਅਗਾਂਹ ਲੰਘ ਵੀ ਗਿਆ ਹੈ, ਉਸ ਨੂੰ ਰੱਸਿਆਂ ਨਾਲ ਬੰਨ੍ਹ ਕੇ ਤੁਰਕਾਂ ਨੂੰ ਫੜਾ ਦਿੰਦੇ ਸਨ। ੯੪।

***ਦੋਹਰਾ॥ ਮਾਰਤ ਮਰਤੇ ਦੇਖ ਜਨ ਗਈ ਭਾਜ ਉਨ ਭੂਖ॥*** ਜਦੋਂ ਸਿੰਘਾਂ ਨੇ ਦੇਖਿਆ ਕਿ ਲੜਦੇ ਭਿੜਦੇ ਵੀ ਮਰਦੇ ਜਾਂਦੇ ਹਾਂ ਤੇ ਡਿੱਗ-ਡਿੱਗ ਕੇ ਵੀ ਮਰਦੇ ਹਾਂ, ਇਹ ਦੇਖ ਕੇ ਉਨ੍ਹਾਂ ਦੀ ਜਾਣੋਂ ਭੁੱਖ ਹੀ ਦੌੜ ਗਈ ਹੈ, ਭੁੱਖ ਦੂਰ ਹੋ ਗਈ ਹੈ।

***ਭਯੋ ਸੰਤੋਖ ਸੌ ਖਾਲਸੇ ਹਰੇ ਦੇਖ ਕੇ ਰੂਪ॥੯੫॥*** ਅੱਗੇ ਹਰੇ ਭਰੇ ਰੁੱਖ ਆ ਗਏ ਪਹਾੜ ਦੇ, ਉਹ ਦੇਖ ਕੇ ਸਿੰਘਾਂ ਦੀ ਭੁੱਖ ਜਾਂਦੀ ਰਹੀ ਹੈ, ਮਨ ਤ੍ਰਿਪਤ ਹੋ ਗਏ ਹਨ ਸਿੰਘਾਂ ਦੇ। ੯੫।

***ਉੱਪਰ ਚੜ੍ਹੇ ਸੁ ਖੜ ਰਹੇ ਸੁਨੋਂ ਤਲਨ ਕੀ ਬਾਤ॥*** ਜਿਹੜੇ ਉਪਰ ਚੜ੍ਹੇ ਉਹ ਤਾਂ ਜਿੰਨੀ ਕੁ ਜਗ੍ਹਾ 'ਤੇ ਖੜ੍ਹੇ ਹਨ, ਉਹ ਤਾਂ ਉੱਥੇ ਜਾ ਵੜੇ ਹਨ ਅੱਗੇ ਜਾਣ ਨੂੰ ਥਾਂ ਨਹੀਂ ਹੈ, ਹੁਣ ਪਿਛਲਿਆਂ ਦੀ ਗੱਲ ਸੁਣੋ,ਉਨਾਂ ਨਾਲ ਕੀ ਵਾਪਰ ਰਿਹਾ ਹੈ।

***ਜਿਹ ਬਿਧ ਸੁਨੀ ਹਮ ਪਿਤਾ ਤੇ, ਕਰੌਂ ਸੋਊ ਵਖਯਾਤ॥੯੬॥*** ਸਾਡੇ ਪਿਤਾ ਰਾਏ ਸਿੰਘ ਜੀ ਉਸ ਵੇਲੇ ਨਾਲ ਸਨ ਸਿੰਘਾਂ ਦੇ, ਜੋ ਮੇਰੇ ਪਿਤਾ ਜੀ ਨੇ ਦੱਸਿਆ ਹੈ ਮੈਨੂੰ, ਮੈਂ ਤੁਹਾਨੂੰ ਪ੍ਰਗਟ ਕਰਕੇ ਦੱਸਦਾ ਹਾਂ। ੯੬।

***ਚੌਪਈ॥ ਨੀਹਲ ਤੁਰਕਨ ਪਾਯੋ ਜੋਰ॥*** (ਨੀਹਲ) ਪਹਾੜ ਤੋਂ ਆ ਤੁਰਕਾਂ ਜਦੋਂ ਜ਼ੋਰ ਪਾਇਆ, ਖਾਲਸੇ ਨੂੰ ਘੇਰ ਲਿਆ।

***ਜਾਨਯੋਂ ਸਿੰਘਨ ਭਾਜਣ ਤੋਰ॥*** ਜਾਣ ਲਿਆ ਉਨਾਂ ਨੇ ਕਿ ਸਿੰਘਾਂ ਨੂੰ ਭੱਜਣ ਨੂੰ ਹੁਣ ਕੋਈ ਰਾਹ ਨਹੀਂ ਹੈ, ਸਿੰਘਾਂ ਨੂੰ ਹੁਣ ਭੱਜਣ ਨਾ ਦਿਉ।

***ਸਿੰਘਨ ਊਪਰ ਹੱਲਾ ਕਰਾਯੋ॥*** ਸਿੰਘਾਂ ਉਪਰ ਹੱਲਾ ਬੋਲ ਦਿੱਤਾ ਹੈ ਤੁਰਕਾਂ ਨੇ।

***ਛਾਡ ਨਿਸ਼ਾਨਨ ਬਾਜੈ ਬਜਾਯੋ॥੯੭॥*** ਧੌਂਸਿਆਂ ਨੂੰ ਛੱਡ ਕੇ ਬਿਗਲ ਬਜਾਇਆ ਹੈ ਜੰਗ ਦਾ ਤੁਰਕਾਂ ਨੇ। ੯੭।

***ਹੁਕਮ ਦੀਯੋ ਅਰ ਨਕੀਬ ਫਿਰਾਯੋ॥*** (ਨਕੀਬ) ਹਲਕਾਰਾ ਨੇ ਫਿਰ ਕੇ ਸਾਰੀ ਫ਼ੌਜ ਵਿਚ ਹੁਕਮ ਦੇ ਦਿੱਤਾ ਹੈ ਤੁਰਕਾਂ ਨੂੰ।

ਕਿ ਸਿੰਘਾਂ ਵਿੱਚੋਂ ਕੋਈ ਜਾਣ ਨਾਂ ਪਾਏ ਬਚ ਕੇ,ਬੜੇ ਸਿੰਘ ਘਿਰੇ ਨੇ ਮੌਕੇ 'ਤੇ ਫਸ ਗਏ ਹਨ।

**'ਪਹਿਲੇ ਲੂਟ ਨ ਕਰਨੀ ਪਾਯੋ॥** ਹੁਕਮ ਕਰ ਦਿੱਤਾ ਹੈ ਵੇਖਿਓ ਕਿਤੇ! ਪਹਿਲਾਂ ਲੁੱਟਣ ਨਾ ਪੈ ਜਾਇਓ ਸਿੰਘਾਂ ਨੂੰ, ਉਨ੍ਹਾਂ ਨੂੰ ਇਉਂ ਹੈ ਕਿ ਖਵਰੇ ਸਿੰਘਾਂ ਕੋਲ ਧਨ ਪਦਾਰਥ ਕਿੰਨਾਂ ਕੁ ਹੋਵੇਗਾ, ਕੋਈ ਨਾ ਲੁੱਟਿਓ ਪਹਿਲੇ।

**ਲਯਾਵੇ ਸਿੱਖਨ ਕੋ ਸਿਰ ਜੋਈ॥** ਐਲਾਨ ਕਰ ਦਿੱਤਾ ਹੈ ਜਿਹੜਾ ਸਿੱਖ ਦਾ ਸਿਰ ਵੱਢ ਕੇ ਲਿਆਵੇਗਾ।

**ਪੰਜ ਰੁਪੱਯੇ ਸਿਰ ਦਿਉਂ ਤੋਈ॥੯੮॥** ਉਸ ਨੂੰ ਪੰਜ ਰੁਪਏ ਇਕ ਸਿਰ ਦਾ ਮੈਂ ਮੁੱਲ ਦੇਵਾਂਗਾ, ਲਿਆਓ ਜਿਹੜਾ ਸਿੱਖ ਦਾ ਸਿਰ ਲਾਹ ਕੇ ਲਿਆਉਂਦਾ ਹੈ। ੯੮।

**ਪਾਛੈ ਲੂਟ ਮਾਫ ਮੈਂ ਕਰੌਂ॥** ਜਦੋਂ ਸਿੰਘਾਂ ਨੂੰ ਮਾਰ ਲਉਗੇ ਫਿਰ ਮੈਂ ਲੁੱਟ ਮਾਫ ਕਰ ਦਿਆਂਗਾ।

**ਡੇਰਾ ਸਭ ਜਬ ਕਤਲੋ ਕਰੌਂ॥** ਜਦੋਂ ਖ਼ਾਲਸੇ ਪੰਥ ਦਾ ਸਾਰਾ ਡੇਰਾ ਕਤਲ ਕਰ ਦਿਓਗੇ, ਓਦੋਂ ਮੈਂ ਸਾਰੀ ਲੁੱਟ ਮਾਫ ਕਰ ਦਿਆਂਗਾ, ਇਉਂ ਲੱਖੂ ਨੇ ਡੌਂਡੀ ਪਿਟਾ ਦਿੱਤੀ ਸਾਰੀ ਫ਼ੌਜ ਵਿਚ।

**ਪਹਿਲੋਂ ਲੂਟਨ ਕੋ ਤੁਮ ਪਰੇ॥** ਜੇ ਤੁਸੀਂ ਪਹਿਲਾਂ ਲੁੱਟਣ ਪੈ ਗਏ ਇਨ੍ਹਾਂ ਨੂੰ।

**ਮਤਿ ਕਤ ਭਾਜ ਸਿੰਘ ਫਿਰ ਵਰੇਂ॥੯੯॥** ਉਹ ਨਾ ਹੋਵੇ ਸਿੰਘ ਤੁਹਾਨੂੰ ਮਾਰ ਵੀ ਜਾਣ ਤੇ ਭੱਜ ਵੀ ਜਾਣ, ਪਹਿਲਾਂ ਨਾ ਇਉਂ ਕਰਿਓ ਪਹਿਲਾਂ ਸਿੰਘਾਂ ਦੇ ਮਾਰਨ ਦਾ ਖਿਆਲ ਕਰੋ। ੯੯।

**ਤਬ ਸਿੰਘਨ ਕੇ ਸਿਰ ਭਈ ਮਾਰ॥** ਜਦੋਂ ਇਹ ਲਾਲਚ ਦਿੱਤਾ ਗਿਆ, ਫਿਰ ਸਿੰਘਾਂ 'ਤੇ ਟੁੱਟ ਪਈ ਹੈ ਸਾਰੀ ਤੁਰਕ ਫ਼ੌਜ, ਤਦ ਸਿੰਘਾਂ ਦੇ ਸਿਰ ਮਾਰ ਪੈਣ ਲੱਗੀ ਹੈ।

**ਛੂਟਤ ਭਈ ਤੋਪ ਤਲਵਾਰ॥** ਇਕ ਦਮ ਤੋਪਾਂ, ਤਲਵਾਰਾਂ ਚੱਲਣ ਲੱਗ ਪਈਆਂ ਹਨ, ਸਿੰਘਾਂ 'ਤੇ ਜ਼ੋਰ ਪਾ ਲਿਆ ਹੈ।

**ਘੋੜਨ ਸੋਂ ਸਿੰਘ ਦਏ ਪਿਛਾਰੇ॥** ਤੁਰਕਾਂ ਦੀ ਘੋੜ ਸਵਾਰ ਫ਼ੌਜ ਨੇ ਪੈਦਲ ਸਿੰਘਾਂ ਨੂੰ ਘੋੜਿਆਂ ਦੀ ਫੇਟਾਂ ਮਾਰ ਕੇ ਪਛਾੜ ਦਿੱਤਾ ਹੈ।

**ਤਬ ਸਿੰਘਨ ਭੀ ਸ਼ਸਤ੍ਰ ਸੰਭਾਰੇ॥੧੦੦॥** ਸਿੰਘ ਵੀ ਅੱਗੋਂ ਤਿਆਰ-ਬਰ-ਤਿਆਰ ਹੋ ਗਏ ਹਨ ਕਿ ਅਖੀਰਲਾ ਟਾਇਮ ਆ ਗਿਆ ਹੈ, ਹੁਣ ਸ਼ਹੀਦੀਆਂ ਪਉਣੀਆਂ ਹਨ, ਜਰਾ ਚੰਗੇ ਤਰੜੇ ਹੋ ਕੇ ਪਾਈਏ, ਤਦ ਸਿੰਘਾਂ ਨੇ ਵੀ ਆਪਣੇ ਹੱਥਾਂ ਵਿਚ ਸ਼ਸਤ੍ਰ ਸੰਭਾਲੇ ਹਨ। ੧੦੦।

**ਔ ਪੁਨ ਗੁਰ ਕੇ ਬਚਨ ਬਿਚਾਰੇ॥** ਅਤੇ ਫਿਰ ਸਤਿਗੁਰੂ ਜੀ ਦੇ ਬਚਨ ਚੇਤੇ ਕੀਤੇ ਸਿੰਘਾਂ ਨੇ, ਜੋ ਮਹਾਰਾਜ ਨੇ ਕਿਹਾ ਸੀ।

**ਹੋ ਠਾਂਢੇ ਕਿਛ ਅਗੇ ਸਿਧਾਰੇ॥** ਸਿੰਘੋ ! ਖੜ੍ਹੇ ਹੋ ਜਾਓ, ਕਾਇਮ ਹੋ ਜਾਓ, ਅੱਗੇ ਹੋ ਕੇ ਜੱਥੇ ਬੰਨ੍ਹ ਲਈਏ, ਆਪਾਂ ਤੁਰਕਾਂ 'ਤੇ ਹੱਲਾ ਕਰੀਏ ਅੱਗੇ ਹੋ ਕੇ।

**ਤੁਰਕਨ ਹੱਲਾ ਫੇਟਾ ਕਰਯੋ॥** ਤੁਰਕਾਂ ਦੇ ਘੋੜਿਆਂ ਦੀਆ ਫੇਟਾਂ ਸਹਾਰ ਕੇ ਸਿੰਘਾਂ ਨੇ ਹੱਲਾ ਕੀਤਾ ਹੈ ਤੁਰਕਾਂ 'ਤੇ।

**ਤੁਰਕਨ ਦਲ ਫਿਰ ਪਿਛੇ ਹਨ ਰਹਯੋ॥੧੦੧॥** ਸਿੰਘਾਂ ਦੇ ਹੱਲੇ ਤੋਂ ਡਰਦਿਆਂ ਤੁਰਕਾਂ ਦੀ ਫ਼ੌਜ ਪਿੱਛੇ ਹਟ ਗਈ ਹੈ। ੧੦੧।

**ਦੋਹਰਾ॥ ਸੁੱਖਾ ਸਿੰਘ ਤਬ ਯੋਂ ਕਹੀ, ਸੋਂ ਪਰੋਂ ਲੱਖੂ ਪਰ ਜਾਇ॥** ਭਾਈ ਸੁੱਖਾ ਸਿੰਘ ਮਾੜੀ ਕੰਬੋ ਕੀ ਵਾਲਾ ਮਤਾਬ ਸਿੰਘ ਸ਼ਹੀਦ ਦੇ ਸਾਥੀ ਉਸ ਵੇਲੇ ਪੰਥ ਦੇ ਨਾਲ ਸੀ, ਉਸ ਨੇ ਕਿਹਾ ਖਾਲਸਾ ਜੀ ! ਮੈਂ ਲੱਖੂ 'ਤੇ ਹੱਲਾ ਕਰ ਕੇ ਜਾ ਪੈਂਦਾ ਹਾਂ।

**ਹਮਰੇ ਸੰਗ ਆਵੈ ਸੋਊ, ਜੋ ਪਿੱਛੇ ਕਰੈ ਨ ਪਾਇ॥੧੦੨॥** ਸਾਡੇ ਨਾਲ ਉਹ ਆਵੇ, ਜਿਸ ਨੇ ਪਿੱਛੇ ਪੈਰ ਨਹੀਂ ਰੱਖਣਾ ਹੈ, ਜਿਹਨੇ ਅੱਗੇ ਹੀ ਵਧਣਾ ਹੈ, ਭਾਵੇਂ ਸ਼ਹੀਦ ਹੋਈਏ ਭਾਵੇਂ ਨਿੱਕਲ ਚਲੀਏ। ੧੦੨।

**ਚੌਪਈ॥ ਸੁੱਖਾ ਸਿੰਘ ਤਬ ਸਦ ਹਲਕਾਰੇ॥** ਤਦ ਸੁੱਖਾ ਸਿੰਘ ਨੇ (ਹਲਕਾਰੇ) ਜਸੂਸਾਂ ਨੂੰ ਸੱਦਿਆ ਹੈ।

**ਰਹਿ ਦਿਵਾਨ ਜਹਿਂ, ਦੱਸੋ ਸਾਰੇ॥** ਸਾਰੇ ਮਿਲ ਕੇ ਦੱਸੋ ਦਿਵਾਨ ਲੱਖੂ ਫ਼ੌਜ ਦੇ ਵਿਚ ਕਿਥੇ ਕੁ ਰਹਿੰਦਾ ਹੈ?

**ਹਲਕਾਰੇ ਕਹੀ ਸੁ ਹੱਥ ਨ ਆਵੈ॥** ਹਲਕਾਰਿਆਂ ਨੇ ਆਖਿਆ ਸੁੱਖਾ ਸਿੰਘ ਜੀ ! ਉਹ ਤੁਹਾਡੇ ਹੱਥ ਨਹੀਂ ਆਉਣਾ, ਉਹ ਨਹੀਂ ਕਿਸੇ ਤਰ੍ਹਾਂ ਕਾਬੂ ਆ ਸਕਦਾ।

**ਬਹੁ ਫੌਜਨ ਕੇ ਮੱਧ ਰਹਾਵੈ॥੧੦੩॥** ਸਾਰੀ ਫ਼ੌਜ ਦੇ ਵਿਚਕਾਰ ਰਹਿੰਦਾ ਹੈ ਉਹ, ਜਿਥੇ ਕੋਈ ਵੀ ਪਹੁੰਚ ਨਹੀਂ ਸਕਦਾ। ਚਾਰ-ਚੁਫੇਰੇ ਕਤਾਰਾਂ ਬੱਧੀਆਂ ਹਨ ਫ਼ੌਜ ਦੀਆਂ, ਹਜ਼ਾਰਾਂ ਦੀ ਤਾਦਾਦ ਵਿਚ ਫ਼ੌਜ ਹੈ ਉਸ ਦੇ ਪਹਿਰੇ 'ਤੇ। ੧੦੩।

**ਊਚੋ ਹਾਥੀ ਅੰਬਾਰੀ ਲਾਲ॥** ਉੱਚਾ ਹਾਥੀ ਹੈ, ਲਾਲ ਰੰਗ ਦੀ ਅੰਬਾਰੀ ਹੈ, ਜਿਸ ਦੇ ਵਿਚ ਬੈਠਾ ਹੈ ਉਹ।

**ਰਹੇ ਤਹਾਂ ਨਹ ਡਰਤੁ ਨਾਲ॥** ਉਥੇ ਵੀ ਉਹ ਡਰ ਕਰਕੇ ਨਹੀਂ ਰਹਿੰਦਾ।

**ਲਘੁ ਹਾਥੀ ਕੇ ਊਪਰ ਬਹੇ॥** ਕਈ ਵਾਰੀ ਵੱਡੇ ਹਾਥੀ ਨੂੰ ਛੱਡ ਕੇ ਛੋਟੇ ਹਾਥੀ ਉਪਰ ਚੜ੍ਹ ਜਾਂਦਾ ਹੈ, ਆਪਣਾ ਬਚਾਉ ਕਰਨ ਵਾਸਤੇ ਇਕ ਥਾਂ ਟਿਕ ਕੇ ਨਹੀਂ ਬੈਠਦਾ ਹੈ ਉਹ।

**ਕਬੀ ਘੋੜਾ ਕਬ ਪਾਲਕੀ ਬਹੇ॥੧੦੪॥** ਕਦੇ ਘੋੜੇ 'ਤੇ ਸਵਾਰ ਹੋ ਜਾਂਦਾ ਹੈ, ਕਈ ਵਾਰੀ ਪਾਲਕੀ ਵਿੱਚ ਬੈਠ ਜਾਂਦਾ ਹੈ,ਉਸ ਦਾ ਪਤਾ ਹੀ ਨਹੀ ਹੈ ਕਿਹੜੇ ਵੇਲੇ ਕਿਥੇ ਹੋਵੇਗਾ?। ੧੦੪।

**ਰਖੇ ਚੁਫੇਰੇ ਪੈਦਲ ਘਨੀ॥** ਉਹ ਆਪਣੇ ਚਾਰ-ਚੁਫੇਰੇ ਆਪਣੀ ਰਾਖੀ ਵਾਸਤੇ ਬਹੁਤੀ ਪੈਦਲ ਫ਼ੌਜ ਰਖਦਾ ਹੈ।

**ਫਿਰ ਅਸਵਾਰੀ ਫੌਜ ਜਹਿਂ ਬਨੀ॥** ਫਿਰ ਉਨ੍ਹਾਂ ਪੈਦਲ ਫ਼ੌਜਾਂ ਦੇ ਆਲੇ-ਦੁਆਲੇ ਘੋੜ ਸਵਾਰ ਹੈ, ਫ਼ੌਜਾਂ ਦੀਆਂ ਜਿਥੇ ਟੁਕੜੀਆਂ ਬਣੀਆਂ ਹੋਈਆਂ ਹਨ।

**ਆਗੇ ਰਾਖੇ ਊਠ ਜੰਬੂਰੇ॥** ਉਸ ਤੋਂ ਅੱਗੇ ਊਠਾਂ ਤੇ (ਜੰਬੂਰੇ) ਛੋਟੀਆਂ ਤੋਪਾਂ ਹਨ, ਇਹ ਜੰਬੂਰੇ ਊਠਾਂ 'ਤੇ ਰੱਖ ਕੇ ਚਲਾਏ ਜਾਂਦੇ ਹਨ।

**ਆਗੇ ਤੋਪਨ ਕੀ ਬਿਧਿ ਪੂਰੇ॥੧੦੫॥** ਉਸ ਤੋਂ ਅੱਗੇ ਤੋਪਖਾਨਾ ਪੂਰੀ ਵਿਧੀ ਨਾਲ ਫਿੱਟ ਕੀਤਾ ਹੋਇਆ ਹੈ, ਕਿਵੇਂ ਪਹੁੰਚੋਂਗੇ ਉਥੇ? ੧੦੫।

**ਦੋਹਰਾ॥ ਸੁੱਖਾ ਸਿੰਘ ਸੁ ਨਹਿਂ ਟਰਯੋ ਕਰੀ ਤਿਸ ਪੈ ਦੌੜ॥** ਭਾਵੇਂ ਹਲਕਾਰਿਆਂ ਨੇ ਸਭ ਕੁਝ ਦੱਸਿਆ ਹੈ, ਪਰ ਨਹੀਂ ਡਰਿਆ ਹੈ ਜੁਆਨ, ਟਲਿਆ ਨਹੀਂ ਹੈ, ਹੌਂਸਲਾ ਕਰਕੇ ਜਿਧਰ ਲੱਖੂ ਦਾ ਪਤਾ ਦੱਸਿਆ ਹੈ, ਉਧਰ ਨੂੰ ਉਸ 'ਤੇ ਦੌੜ ਕੇ ਹੱਲਾ ਕਰ ਦਿੱਤਾ ਹੈ ਸੁੱਖਾ ਸਿੰਘ ਨੇ।

**ਜੰਬੂਰੇ ਕਾ ਗੋਲਾ ਲਾਗਯੋ, ਦਈ ਟਾਂਗ ਤਿਸ ਤੋੜ॥੧੦੬॥** ਛੋਟੀ ਤੋਪ ਦਾ ਗੋਲ਼ਾ ਉਸ ਦੀ ਲੱਤ 'ਤੇ ਆ ਕੇ ਵੱਜਾ ਹੈ, ਘੋੜ ਸਵਾਰ ਸੁੱਖਾ ਸਿੰਘ ਦੇ, ਉਸ ਨੇ ਉਸ ਦੀ ਲੱਤ ਤੋੜ ਦਿੱਤੀ ਹੈ। ੧੦੬।

**ਚੌਪਈ॥ ਟੂਟੀ ਟੰਗ ਦੇਹ ਬਿਹਬਲ ਭਈ॥** ਲੱਤ ਟੁੱਟੀ ਤੋਂ ਸਰੀਰ ਵਿਆਕੁਲ ਹੋ ਗਿਆ ਹੈ, ਪੀੜ ਨਾਲ ਦੁਖੀ ਹੋਇਆ ਹੈ।

**ਪਹੁੰਚ ਨ ਸਕਯੋ ਮਨ ਕੀ ਮਨ ਰਹੀ॥** ਉਸ ਨੇ ਹੌਂਸਲਾ ਤਾਂ ਬੜਾ ਕੀਤਾ ਕਿ ਮੈਂ ਜਾ ਪਵਾਂਗਾ ਉਸ ਨੂੰ ਟੁੱਟ ਕੇ, ਪਰ ਮਨ ਦੀ ਮਨ ਵਿਚ ਰਹਿ ਗਈ ਅੱਗੇ ਵਧ ਨ ਸਕਿਆ।

**ਲੀਨੀ ਟੰਗ ਹੰਨੇ ਸਿਉਂ ਬੰਧ॥** ਉਸ ਨੇ ਆਪਣੀ ਲੱਤ ਕਾਠੀ ਨਾਲ ਬੰਨ੍ਹਾ ਲਈ ਹੈ ਘੁੱਟ ਕੇ ਸਿੰਘਾਂ ਤੋਂ।

**ਆਗੈ ਲਗੈ ਨ ਚੜ੍ਹਨੋਂ ਵੰਧ॥੧੦੭॥** ਹੁਣ ਅੱਗੇ ਲੱਗਣ ਨੂੰ ਤਾਕਤ ਨਹੀਂ ਪੈਂਦੀ, ਸਰੀਰ ਬਿਹਬਲ ਹੋ ਗਿਆ ਹੈ। ੧੦੭।

**ਤਬੈ ਸੁਖਾ ਸਿੰਘ ਪਾਛੇ ਮੁੜਾ॥** ਤਦ ਭਾਈ ਸੁੱਖਾ ਸਿੰਘ ਪਿੱਛੇ ਨੂੰ ਮੁੜ ਆਇਆ ਹੈ ਕਿ ਏਥੇ ਬਲ ਨਹੀਂ ਪੈਣਾ ਹੈ ਮੇਰਾ।

**ਕਬੀ ਮੁੜੈ ਕਬੀ ਹੋ ਰਹਿ ਖੜਾ॥** ਕਦੇ ਮੁੜ ਪੈਦਾ ਹੈ, ਕਦੀ ਦਿਲ ਵਿਚ ਫਿਰ ਗੁੱਸਾ ਆਉਂਦਾ ਹੈ, ਖੜ੍ਹ ਕੇ ਵੇਖਦਾ ਹੈ ਕਿ ਫਿਰ ਹੱਲਾ ਕਰਾਂ, ਹੁਣ ਸਰੀਰ ਸਾਥ ਨਹੀਂ ਦੇ ਰਿਹਾ ਹੈ।

**ਤੌ ਭੀ ਸਿੰਘ ਹੀ ਰਖੇ ਹਥਯਾਰ॥** ਤਾਂ ਵੀ ਸੁੱਖਾ ਸਿੰਘ ਨੇ ਉਸੇ ਤਰ੍ਹਾਂ ਹਥਿਆਰ ਰੱਖੇ ਸਨ, ਉਸੇ ਤਰ੍ਹਾਂ ਤਿਆਰ-ਬਰ-ਤਿਆਰ

ਖੜ੍ਹਾ ਹੈ।

***ਹਠ ਔ ਤਪ ਕੇ ਬਲਹਿ ਸੰਭਾਰ॥੧੦੮॥*** ਹੱਠ ਅਤੇ ਤਪ ਦੇ ਬਲ ਨਾਲ ਆਪਣੇ ਆਪ ਨੂੰ ਸੰਭਾਲਿਆ ਹੋਇਆ ਹੈ। ੧੦੮।

***ਜਹਾਂ ਹੋਇ ਸਿੰਘਨ ਕੋ ਭੀੜ॥*** ਜਿਥੇ ਸਿੰਘਾਂ ਨੂੰ ਭੀੜ ਪੈਂਦੀ ਹੈ, ਤੁਰਕ ਫ਼ੌਜ ਹੱਲਾ ਬੋਲਦੀ ਹੈ, ਸਿੰਘਾਂ ਉਤੇ ਆ ਕੇ।

***ਤਹੀਂ ਸੁ ਡਾਹੇ ਜਾਇ ਸਰੀਰ॥*** ਉਥੇ ਜਾ ਕੇ ਦੁਸ਼ਮਣ ਦੇ ਅੱਗੇ ਆਪਣਾ ਸਰੀਰ ਡਾਹ ਦਿੰਦਾ ਹੈ, ਅੱਗੇ ਹੋ ਕੇ ਸ਼ਸਤ੍ਰ ਵਾਹੁੰਦਾ ਹੈ ਉਨਾਂ ਉੱਤੇ ਤੇ ਸਿੰਘਾਂ ਨੂੰ ਛੜਾਉਂਦਾ ਹੈ।

***ਔਰ ਸੁਨੋਂ ਅਬ ਅਗਲੀ ਬਾਤ॥*** ਹੁਣ ਹੋਰ ਇਸ ਤੋਂ ਅੱਗੇ ਦੀ ਗੱਲ ਸੁਣੋ।

***ਕਿਛ ਪਰਬਤ ਕਿਛ ਨੀਹਲ ਘਾਤ॥੧੦੯॥*** ਕੁਛ ਪਹਾੜ ਦੇ ਉਤੇ ਤੇ ਕੁਛ (ਨੀਹਲ) ਪਹਾੜ ਦੇ ਪੈਰਾਂ ਵਿਚ ਜੋ ਛੋਟੀਆਂ ਪਹਾੜੀਆਂ ਹਨ, ਉੱਥੇ ਸਿੰਘਾਂ ਦਾ ਘਾਤ ਹੋਇਆ ਹੈ। ੧੦੯।

***ਯੌਂ ਤਬ ਖਾਲਸੇ ਮਤਾ ਮਤਾਯਾ॥*** ਤਦ ਖਾਲਸੇ ਨੇ ਖੜ੍ਹੇ ਖੜ੍ਹਾਏ, ਕਸੇ ਕਸਾਏ ਨੇ ਇਉਂ ਗੁਰਮਤਾ ਸੋਧ ਲਿਆ ਹੈ।

***'ਹਮ ਤੇ ਤੁਰਕ ਨ ਜਾਤ ਭਜਾਯਾ॥*** ਖਾਲਸਾ ਜੀ ! ਤੁਰਕਾਂ ਨੂੰ ਅਸੀਂ ਭਜਾ ਨਹੀਂ ਸਕਦੇ, ਕਿਉਂਕਿ ਜੰਬੂਰੇ, ਤੋਪਾਂ ਆਦਿਕ ਨਾਲ ਪੂਰੀ ਫ਼ੌਜ ਡਟੀ ਹੋਈ ਹੈ, ਇਹਨਾਂ ਨੇ ਭਜਾਇਆਂ ਨਹੀਂ ਭਜਣਾ ਹੈ।

***ਏ ਬਹੁਤੇ ਹਮ ਹੈਂ ਅਤਿ ਥੋੜੇ॥*** ਇਹ ਬਹੁਤ ਜ਼ਿਆਦਾ ਹਨ, ਅਸੀਂ ਬਹੁਤ ਹੀ ਘੱਟ ਹਾਂ ਗਿਣਤੀ ਵਿਚ।

***ਭੂਖੇ ਹਮ ਔ ਭੂਖੇ ਘੋੜੇ॥੧੧੦॥*** ਘੋੜੇ ਵੀ ਭੁੱਖੇ ਹਨ ਅਤੇ ਅਸੀਂ ਵੀ ਭੁੱਖੇ ਹਾਂ, ਕਈ ਦਿਨ ਹੋ ਗਏ ਹਨ, ਜੰਗ ਲੜਦਿਆਂ ਨੂੰ ਭੁੱਖੇ ਕਿਵੇਂ ਲੜ ਸਕਦੇ ਹਾਂ। ੧੧੦।

***ਅਬ ਹਮ ਇਨ ਤੇ ਜਾਵੈਂ ਭਾਜ॥*** ਸਿੰਘਾਂ ਨੇ ਗੁਰਮਤਾ ਸੋਧਿਆ ਕਿ ਹੁਣ ਆਪਾਂ ਇਹਨਾਂ 'ਤੇ ਹੱਲਾ ਬੋਲ ਕੇ ਏਥੋਂ ਭੱਜ ਕੇ ਆਪਣਾ ਆਪ ਬਚਾਈਏ।

***ਸੂਧੇ ਹੁਇ ਫਿਰ ਕਰਿ ਹੈਂ ਕਾਜ॥*** ਸਿੱਧੇ ਹੋ ਕੇ, ਸਾਵਧਾਨ ਹੋ ਕੇ ਅਸੀਂ ਫਿਰ ਦਿਨ ਪਾ ਕੇ ਆਪਣਾ ਕੰਮ ਕਰਾਂਗੇ, ਭਾਵ ਦੁਬਾਰਾ ਕਿਸੇ ਜੰਗ ਵਿਚ ਇਹਨਾਂ ਤੋਂ ਚੰਗੀ ਤਰਾਂ ਬਦਲਾ ਲਵਾਂਗੇ, ਇਸ ਘਲੂਘਾਰੇ ਦਾ।

***ਚਾਰੋਂ ਕੁੰਟਨ ਕੌ ਭਜ ਜਾਵੋਂ॥*** ਸਿੰਘਾਂ ਨੇ ਕਿਹਾ ਚਾਰੇ ਕੂੰਟਾਂ ਨੂੰ ਜਿਧਰ ਕਿਸੇ ਦਾ ਦਾਓ ਲੱਗਦਾ ਹੈ, ਜਿਸ ਤਰ੍ਹਾਂ ਵੀ ਕਿਸੇ ਕੋਲੋ ਲੰਘੀਦਾ ਹੈ, ਉਵੇਂ ਹੀ ਲੰਘੋ ਤੁਰਕਾਂ ਦੀ ਭੀੜ ਵਿੱਚੋਂ।

***ਅਬ ਤੌ ਨਠ ਕਰ ਵਕਤ ਲੰਘਾਵੋਂ॥੧੧੧॥*** ਹੁਣ ਤਾਂ ਭੱਜ ਕੇ ਆਪਣਾ ਸਮਾਂ ਲੰਘਾਓ ਖਾਲਸਾ ਜੀ ! ਆਪਣਾ ਆਪ ਬਚਾਓ। ੧੧੧।

***ਹਮ ਕੋ ਨਠਨਾ ਗੁਰ ਬਤਾਯਾ॥*** ਗੁਰੂ ਸਾਹਿਬ ਜੀ ਨੇ ਸਾਨੂੰ ਦੱਸਿਆ ਹੈ ਕਿ ਲੜਾਈ ਵਿਚ ਚਾਰ-ਚੁਫੇਰਿਓਂ ਜਦੋਂ ਕੋਈ ਵਾਹ ਨਾ ਜਾਵੇ, ਉਦੋਂ ਭੱਜ ਕੇ ਨਿਕਲ ਜਾਉ ਅਤੇ ਆਪਣਾ ਆਪ ਬਚਾ ਲਵੋ।

***ਢਾਈ ਪਟ ਮੈਂ ਫੱਟ ਗਿਣਾਯਾ॥*** ਲੜਾਈ ਦੇ ਢਾਈ ਫੱਟਾਂ ਵਿੱਚੋਂ ਇਹ ਇੱਕ ਫੱਟ ਭੱਜ ਕੇ ਜਾਨ ਬਚਾਉਣੀ, ਇਹ ਲੜਾਈ ਦਾ ਪੂਰਾ ਤਰੀਕਾ ਹੈ।

***ਦੈਤਨ ਤੇ ਦੇਵਤੇ ਭਜ ਗਏ॥*** ਪ੍ਰਮਾਣ ਦਿੰਦੇ ਹਨ ਮਿਥਹਾਸ ਵਿੱਚੋਂ, ਵੇਖੋ! ਦੇਵਤਿਆਂ ਦਾ ਤੇ ਰਾਖਸ਼ਾਂ ਦਾ ਯੁੱਧ ਹੋਇਆ ਹੈ, ਦੇਵਤੇ ਜੇਹੜੇ ਆਪਣੇ ਆਪ ਵਿਚ ਸਮ੍ਰੱਥਾ ਰਖਦੇ ਸਨ। ਉਹ ਵੀ ਦੈਂਤਾਂ ਤੋਂ ਸਮਾਂ ਪਾ ਕੇ ਭੱਜ ਕੇ ਨਿਕਲ ਗਏ ਸਨ।

***ਆਪਨੋ ਦੇਸ਼ ਲੇਤ ਫਿਰ ਭਏ॥੧੧੨॥*** ਦੈਤਾਂ ਤੋਂ ਸਮਾਂ ਪਾ ਕੇ ਆਪਣੇ ਦੇਸ਼ ਸਵਰਗ ਨੂੰ ਫਿਰ ਅਜ਼ਾਦ ਕਰਾ ਲਿਆ ਉਹਨਾਂ ਨੇ। ੧੧੨।

***ਕਿਸ਼ਨ ਆਪ ਲੁਕ ਗਯੋ ਕਈ ਬਾਰ॥*** ਕ੍ਰਿਸ਼ਨ ਭਗਵਾਨ ਜੀ ਨੇ ਕਈ ਵਾਰ ਲੁਕ ਕੇ ਉਨ੍ਹਾਂ ਨੇ ਆਪਣਾ ਆਪ

ਬਚਾਇਆ ਹੈ।

***ਭਏ ਜੁ ਆਪ ਬਿਸ਼ਨੁ ਅਵਤਾਰ॥*** ਕ੍ਰਿਸ਼ਨ ਜੀ ਜੋ ਆਪ ਵਿਸ਼ਨੂੰ ਜੀ ਦੇ ਅਵਤਾਰ ਹੋਏ ਹਨ, ਉਨ੍ਹਾਂ ਨੇ ਕਈ ਵਾਰ ਭੱਜ ਕੇ ਆਪਦਾ ਬਚਾ ਕੀਤਾ ਸੀ।

***ਭਸਮੰਤਰ ਤੇ ਸ਼ਿਵ ਗਏ ਭਾਜ॥*** ਭਸਮੰਤਰ ਦੈਂਤ ਤੋਂ ਸਿਵ ਜੀ ਨੂੰ ਵੀ ਭੱਜ ਕੇ ਜਾਨ ਬਚਾਉਣੀ ਪਈ ਸੀ।

***ਫਿਰ ਅਪਨੋ ਕਰ ਲੀਨੋ ਕਾਜ॥੧੧੩॥*** ਫਿਰ ਪਰਤ ਕੇ ਮੋਹਣੀ ਅਵਤਾਰ ਧਾਰ ਕੇ ਫਿਰ ਆਪਣਾ ਕਾਰਜ ਸ਼ੁੱਧ ਲਿਆ, ਭਸਮੰਤਰ ਨੂੰ ਮਾਰ ਲਿਆ। ੧੧੩।

***ਦੋਹਰਾ॥ ਸੁੱਖਾ ਸਿੰਘ ਤਿਖਾਣ ਥੋ ਜੋ, ਕੰਬੋ ਮਾੜੀ ਵਾਲ॥*** ਪਿੰਡ ਕੰਬੋ ਕੀ ਮਾੜੀ ਵਾਲਾ ਭਾਈ ਸੁੱਖਾ ਸਿੰਘ ਤ੍ਰਖਾਣ ਜਾਤ ਦਾ, ਜੋ ਬੜਾ ਹੀ ਸੂਰਵੀਰ ਬਹਾਦਰ ਸੀ।

***ਲੱਖੂ ਕੇ ਸਨਮੁਖ ਰਹੈ ਥੰਨੇ ਸਿੰਘਨ ਨਾਲ॥੧੧੪॥*** ਉਹ ਆਪਣੇ ਜਥੇ ਨਾਲ ਲੱਖੂ ਖੱਤਰੀ ਦੇ ਸਨਮੁਖ ਰਹਿੰਦਾ ਸੀ। ਜਿਧਰ ਲੱਖੂ ਫ਼ੌਜ ਤੋਂ ਹੱਲਾ ਕਰਵਾਉਂਦਾ ਸੀ, ਉਧਰੋਂ ਹੀ ਆਪਣੇ ਸਾਥੀਆਂ ਨਾਲ ਅੱਗੇ ਹੱਲਾ ਰੋਕ ਕੇ ਦੁਸ਼ਮਣਾਂ ਦਾ ਟਾਕਰਾ ਕਰਦਾ ਹੈ। ੧੧੪।

***ਚੌਪਈ॥ ਤਬਹਿ ਖਾਲਸੇ ਐਸ ਠਹਿਰਾਈ॥*** ਤਦ ਖਾਲਸੇ ਨੇ ਗੁਰਮਤਾ ਤਹਿ ਕਰ ਲਿਆ ਹੈ।

***ਆਪ ਆਪਨੀ ਓਰ ਤਕਾਈ॥*** ਸਿੰਘਾਂ ਨੇ ਹੁਣ ਆਪੋ ਆਪਣਾ ਰਾਹ ਤੱਕਿਆ ਹੈ ਨਿਕਲਣ ਵਾਸਤੇ ਦੁਸ਼ਮਣ ਦਲ ਵਿੱਚੋਂ।

***ਜੋਊ ਪਹਾੜੀ ਚੜ੍ਹਯੋ ਨ ਜਾਈ॥*** ਜਿਨ੍ਹਾਂ ਤੋਂ ਪਹਾੜ 'ਤੇ ਚੜ੍ਹਿਆ ਨਹੀਂ ਜਾਂਦਾ ਹੈ, ਖਾਲਸਾ ਜੀ ! ਜੋ ਪਹਾੜ 'ਤੇ ਚੜ੍ਹ ਨਹੀਂ ਸਕਦੇ।

***ਤਿਨ ਸਿੰਘਨ ਸੋਂ ਐਸ ਸੁਨਾਈ॥੧੧੫॥*** ਉਹਨਾਂ ਸਿੰਘਾਂ ਨੂੰ ਏਸ ਤਰ੍ਹਾਂ ਉੱਚੀ ਅਵਾਜ਼ ਵਿਚ ਸੁਣਾ ਕੇ ਕਿਹਾ। ੧੧੫।

***'ਹਮ ਸੁ ਪਹਾੜੀ ਨਾਂਹਿ ਚੜ੍ਹਾਈ॥*** ਸਿੰਘੋ ! ਆਪਣੇ ਤੋਂ ਪਹਾੜ ਨਹੀਂ ਚੜ੍ਹਿਆ ਜਾਣਾ, ਘੋੜ ਸਵਾਰ ਨਹੀਂ ਚੜ੍ਹ ਸਕਦੇ ਪਹਾੜ 'ਤੇ, ਪੈਦਲ ਤਾਂ ਚੜ੍ਹ ਜਾਣਗੇ।

***ਹਮ ਕੋ ਬਚਨ ਪਿਛੇ ਕੋ ਕਰਾਹੀ॥*** ਪਿੱਛੇ ਨੂੰ ਵਾਪਸ ਮੁੜ ਕੇ ਸਾਡਾ ਬਚਾਉ ਹੋ ਸਕਦਾ ਹੈ।

***ਪਹਾੜ ਘੋੜੇ ਤੇ ਚੜ੍ਹਯੋ ਨ ਜਾਵੈ॥*** ਘੋੜੇ ਪਹਾੜ 'ਤੇ ਚੜ੍ਹ ਨਹੀਂ ਸਕਦੇ।

***ਬਿਨ ਘੋੜੇ ਹਮ ਕਿੱਕਰ ਧਾਵੈਂ॥੧੧੬॥*** ਬਿਨਾ ਘੋੜਿਆਂ ਤੋਂ ਅਸੀਂ ਹੱਲਾ ਕਿਵੇਂ ਬੋਲ ਸਕਦੇ ਹਾਂ, ਦੁਸ਼ਮਣ ਵਿਚ ਦੀ ਨਿੱਕਲ ਕਿਵੇਂ ਸਕਾਂਗੇ। ੧੧੬।

***ਦੋਹਰਾ॥ ਤਬੇ ਖਾਲਸੇ ਨੇ ਕਹੀਂ ਖਿੰਡੋ ਸੁ ਚਾਰੋਂ ਓਰ॥*** ਤਦ ਖਾਲਸੇ ਪੰਥ ਦਾ ਹੁਕਮ ਹੋ ਗਿਆ ਹੈ ਕਿ ਖਾਲਸਾ! ਚਾਰੋਂ ਤਰਫ ਨੂੰ ਖਿੰਡ ਜਾਏ, ਜਿਧਰ ਨੂੰ ਕਿਸੇ ਦਾ ਮੂੰਹ ਹੁੰਦਾ ਹੈ, ਉਧਰ ਨੂੰ ਹੀ ਨਿਕਲ ਜਾਓ।

***ਫਿਰ ਮਾਝੇ ਹੋ ਏਕਠੇ ਆਨ ਮਚਾਵੈ ਸ਼ੋਰ॥੧੧੭॥*** ਇਕੇਰਾਂ ਨਿਕਲ ਜਾਓ ਮਾਲਵੇ ਦੇਸ਼, ਜੰਗਲ ਅਤੇ ਬੀਕਾਨੇਰ ਤੱਕ, ਫਿਰ ਵਾਪਸ ਆ ਕੇ ਮਾਝੇ ਦੇਸ਼ ਵਿਚ ਇਕੱਠੇ ਹੋ ਕੇ ਦੰਗਾ ਸ਼ੁਰੂ ਕਰ ਦਿਆਂਗੇ, ਉਹੀ ਚਾਲ ਖਾਲਸੇ ਵਾਲੀ ਫਿਰ ਫੜ ਲਵਾਂਗੇ। ੧੧੭।

***ਚੌਪਈ॥ ਤਬ ਸੁੱਖਾ ਸਿੰਘ ਕਰੀ ਸਲਾਹ॥*** ਤਦ ਸੁੱਖਾ ਸਿੰਘ ਨੇ ਆਪਣੇ ਸਾਥੀਆਂ ਨਾਲ ਸਲਾਹ ਕੀਤੀ ਹੈ।

***ਆਵੋ ਹਮ ਸੰਗ ਪਿਛਲੇ ਦਾਇ॥*** ਮੇਰੇ ਨਾਲ ਆਉ! ਸਾਰੇ ਯੋਧੇ ਪਿਛਲੇ ਦਾਉ ਨੂੰ ਆਪਾਂ ਹੱਲਾ ਬੋਲੀਏ, ਤੁਰਕਾਂ 'ਤੇ ਹੱਲਾ ਬੋਲ ਕੇ ਆਪਾਂ ਨਿਕਲਣ ਕੀ ਕਰੀਏ।

***ਜੋ ਹੈ ਕੋਊ ਸਜਾਦਾ ਸਿੰਘ॥*** ਜੋ ਪੈਦਲ ਸਿੰਘ ਹਨ, ਬਿਨਾ ਕਿਸੇ ਸਵਾਰੀ ਤੋਂ।

***ਚੜ੍ਹੋ ਪਹਾੜੀ ਕਰੋ ਨ ਢਿੱਲ॥੧੧੮॥*** ਉਹ ਸਾਰੇ ਪਹਾੜਾਂ ਨੂੰ ਚੜ੍ਹ ਜਾਉ, ਹੁਣ ਦੇਰ ਨਾ ਕਰੋ। ੧੧੮।

***ਜੋ ਅਸਵਾਰ ਸੁ ਹਮ ਸੰਗ ਆਵੈ॥*** ਜੋ ਘੋੜ ਸਵਾਰ ਸਿੰਘ ਹਨ, ਉਹ ਸਾਰੇ ਸਾਡੇ ਨਾਲ ਆਓ।

***ਸੋਊ ਪਹਾੜਨ ਪੈਰ ਨ ਪਾਵੋ॥*** ਘੋੜਿਆਂ ਵਾਲਿਆਂ ਤੋਂ ਪਹਾੜ 'ਤੇ ਨਹੀਂ ਚੜ੍ਹਿਆ ਜਾਣਾ, ਉਹ ਪਹਾੜਾਂ ਵਿਚ ਪੈਰ ਨਾ ਪਾਇਓ।

***ਜਬ ਲਗ ਚੜ੍ਹੇਂ ਪਹਾੜ ਪਯਾਦੇ॥*** ਜਦੋਂ ਤੱਕ ਪੈਦਲ ਸਿੰਘ ਪਹਾੜ 'ਤੇ ਚੜ੍ਹਨਗੇ।

***ਤੌ ਲਗ ਹਮ ਨਹਿ ਛਡ ਉਨ ਜਾਂਦੇ॥੧੧੯॥*** ਉਦੋਂ ਤੱਕ ਅਸੀ ਉਨ੍ਹਾਂ ਦਾ ਪਿੱਛਾ ਛੱਡ ਕੇ ਨਹੀਂ ਜਾਂਦੇ, ਖਾਲਸਾ ਜੀ! ਜਿੰਨੇ ਤੁਸੀਂ ਪੈਦਲ ਹੋ ਚੜ੍ਹੋ ਪਹਾੜਾਂ 'ਤੇ, ਜਦੋਂ ਤੁਸੀਂ ਚੜ੍ਹ ਜਾਉਗੇ, ਉਦੋਂ ਅਸੀਂ ਜਾਵਾਂਗੇ। ੧੧੯।

***ਦੋਹਰਾ॥ ਜਬ ਸੁੱਖਾ ਸਿੰਘ ਖਾਲਸੇ ਯੌ ਦੀਨੋ ਫੁਰਮਾਇ॥*** ਭਾਈ ਸੁੱਖਾ ਸਿੰਘ ਜੋ ਉਸ ਵੇਲੇ ਸਿੰਘਾਂ ਦੇ ਆਗੂਆਂ ਵਿੱਚੋਂ ਸੀ, ਜਦੋਂ ਸਿੰਘਾਂ ਨੂੰ ਇਉਂ ਹੁਕਮ ਕਰ ਦਿੱਤਾ ਹੈ ਉਸ ਨੇ।

***ਬੇਟਾ ਮਿਲਯੋ ਨ ਬਾਪ ਕੋ ਭਾਈ ਮਿਲਯੋ ਨ ਭਾਇ॥੧੨੦॥*** ਪੁੱਤਰ ਨੇ ਪਿਉ ਨੂੰ ਨਹੀਂ ਪੁੱਛਿਆ, ਪਿਉ ਨੇ ਪੁੱਤਰ ਨੂੰ ਨਹੀਂ ਪੁੱਛਿਆ, ਭਰਾ ਨੇ ਭਰਾ ਨੂੰ ਨਹੀਂ ਪੁੱਛਿਆ ਹੈ। ਪੁੱਤਰ ਪਿਉ ਨੂੰ ਨਹੀਂ ਮਿਲਿਆ ਤੇ ਭਾਈ ਨੂੰ ਭਾਈ ਨਹੀਂ ਮਿਲਿਆ ਹੈ। ੧੨੦।

***ਜਬ ਸੁੱਖਾ ਸਿੰਘ ਨੇ ਲਖੇ ਚੜ੍ਹੇ ਸਜਾਦੇ ਪਹਾੜ॥*** ਜਦੋਂ ਸੁੱਖਾ ਸਿੰਘ ਨੇ ਦੇਖਿਆ ਕਿ ਪੈਦਲ ਸਿੰਘ ਸਭ ਪਹਾੜ 'ਤੇ ਚੜ੍ਹ ਗਏ ਹਨ।

***ਕਿਛੁ ਦਰਿਆ ਸੋ ਬੰਧ ਤੁਲ੍ਹੇ ਵੜੇ ਸੁ ਹੋਣੋ ਪਾਰ॥੧੨੧॥*** (ਤੁਲ੍ਹੇ) ਕੱਖ ਕਾਨਿਆਂ ਦੀ ਬੇੜੀ ਬੰਨ੍ਹ ਕੇ ਜਿਹੜੇ ਦਰਿਆ ਦੇ ਤਾਰੂ ਸਿੰਘ ਸਨ, ਉਹ ਤੁਲ੍ਹੇ ਬੰਨ੍ਹ ਕੇ, ਦਰਿਆ ਪਾਰ ਹੋਣ ਵਾਸਤੇ ਠਿੱਲ੍ਹ ਪਏ ਹਨ ਦਰਿਆ ਵਿਚ ਅਤੇ ਪਾਰ ਹੋ ਗਏ ਹਨ। ੧੨੧।

***ਚੌਪਈ॥ ਤਬ ਸੁੱਖਾ ਸਿੰਘ ਕਰੀ ਸਲਾਹਿ॥*** ਤਦ ਸੁੱਖਾ ਸਿੰਘ ਨੇ ਨਾਲ ਦੇ ਸਾਥੀਆਂ ਨਾਲ ਗੁਰਮਤਾ ਕੀਤਾ ਹੈ।

***ਅਬ ਲੱਖੂ ਪਰ ਪਰੀਐ ਜਾਇ॥*** ਹੁਣ ਆਪਾਂ ਘੋੜ ਸਵਾਰ ਸਿੰਘ ਲੱਖੂ 'ਤੇ ਹੱਲਾ ਬੋਲ ਕੇ ਜਾ ਪਈਏ।

***ਜੋ ਦੇਵੇ ਕੋ ਹਮੈ ਬਤਾਇ॥*** ਜੇ ਕੋਈ ਸਿੰਘ ਮੈਨੂੰ (ਲੱਖੂ ਦੇ ਵਾਰੇ) ਦੱਸ ਦੇਵੇ (ਕਿ ਏਸ ਵਕਤ ਉਹ ਕਿਥੇ ਹੈ?)

***ਉਸੈ ਮਾਰੋਂ ਕੈ ਰਹੋਂ ਮਰਾਇ॥੧੨੨॥*** ਜਾਂ ਉਸ (ਲੱਖ) ਨੂੰ ਮਾਰਾਂਗਾ ਜਾਂ ਆਪ ਮਰਾਂਗਾ ਮੈਂ। ੧੨੨।

***ਤਬੇ ਦਨਾਵਾਂ ਐਸੇ ਕਹੀ॥*** ਸਿਆਣੇ ਸਿੰਘਾਂ ਨੇ (ਸੁੱਖਾ ਸਿੰਘ ਨੂੰ ) ਇਉਂ ਆਖਿਆ ਹੈ।

***ਅਬ ਹਮ ਲੜਨੇ ਹਿੰਮਤ ਨਹੀ॥*** ਹੁਣ ਸਾਡੇ ਵਿਚ ਲੜਨ ਦੀ ਹਿੰਮਤ ਨਹੀਂ ਰਹੀ ਹੈ, ਕਈ ਦਿਨ ਹੋ ਗਏ ਹਨ ਲੜਦਿਆਂ ਨੂੰ, ਸਰੀਰ ਵੀ ਸਭ ਸਿੰਘਾਂ ਦੇ ਫੱਟੜ ਹੋ ਗਏ ਹਨ।

***ਅਬ ਹਮ ਚਲੋ ਇਹਾਂ ਤੇ ਦੌੜ॥*** ਹੁਣ ਆਪਾਂ ਏਥੋਂ ਹਰਨ ਹੋ ਜਾਈਏ, ਭਾਵ ਦੌੜ ਕੇ ਨਿੱਕਲ ਜਾਈਏ ਦੁਸ਼ਮਣ ਦਲ ਵਿੱਚੋਂ।

***ਮੁਲਖ ਮਾਲਵੇ ਕਰਾਯੋ ਗੌਰ॥੧੨੩॥*** ਮਾਲਵੇ ਮੁਲਖ ਦੀ ਗੌਰ ਕਰੀਏ ਨਿਕਲਣ ਵਾਸਤੇ, ਮਾਲਵੇ ਵਿਚ ਆਪਣਾ ਬੰਦੋਬਸਤ ਹੋਵੇਗਾ, ਉਥੇ ਆਪਾਂ ਨੂੰ ਖਾਣਾ ਦਾਣਾ ਵੀ ਮਿਲੇਗਾ, ਉਥੇ ਫੱਟ ਜ਼ਖ਼ਮ ਵੀ ਬੰਨ੍ਹਾਂ ਲਵਾਂਗੇ। ੧੨੩।

***ਦੋਹਰਾ॥ ਫੌਜ ਸੁ ਆਗੈ ਬਹੁਤ ਹੈ, ਕਿਮ ਕਰ ਲੰਘਯੋ ਜਾਇ॥*** ਸਿੰਘ ਆਪਸ ਵਿਚ ਗੁਰਮਤਾ ਕਰਦੇ ਹਨ ਕਿ ਅੱਗੇ ਫ਼ੌਜ ਬਹੁਤ ਜ਼ਿਆਦਾ ਹੈ, ਉਸ ਨੂੰ ਚੀਰ ਕੇ ਕਿਵੇਂ ਲੰਘਿਆ ਜਾ ਸਕਦਾ ਹੈ?।

***ਤੋਪ ਜੰਬੂਰੇ ਬਹੁ ਚਿਣੇ, ਨਹੀਂ ਵੇਹਲ ਕਿਤ ਜਾਇ॥੧੨੪॥*** ਤੋਪਾਂ ਤੇ ਜੰਬੂਰੇ ਅੱਗੇ ਲਾਈਨਾਂ ਵਿਚ ਬਹੁਤ ਹੀ ਜ਼ਿਆਦਾ ਚਿਣੇ ਹੋਏ ਹਨ ਕਿਤੇ ਵਿਹਲਾ ਥਾਂ ਨਹੀਂ ਹੈ, ਕਿਥੋਂ ਦੀ ਲੰਘਾਂਗੇ। ੧੨੪।

***ਚੌਪਈ॥ ਕੋਊ ਕਹੈਂ ਕੋਊ ਰਾਹੁ ਤਕਾਓ॥*** ਸਿੰਘ ਕਹਿੰਦੇ ਹਨ ਕਿ ਕੋਈ ਰਾਹ ਤਾਂ ਦੇਖੋ, ਜਿਥੋਂ ਦੀ ਅਸੀਂ ਨਿਕਲ ਸਕੀਏ।

***ਥੋੜੀ ਫੌਜ ਵਲੋਂ ਨਠ ਜਾਓ॥*** ਜਿਧਰ ਥੋੜ੍ਹੀ ਫ਼ੌਜ ਹੋਵੇ, ਉਧਰੋਂ ਨੱਠ ਜਾਈਏ, ਉਹ ਰਾਹ ਤਕਾਈਏ ਫ਼ੌਜ ਨੂੰ ਲੰਘ ਜਾਵਾਂਗੇ

ਪਛਾੜ ਕੇ।

***ਕੋਊ ਕਹੈ, ਦਰਿਯਾ ਮੈਂ ਵੜੋ॥*** ਕੋਈ ਸਿੰਘ ਕਹਿੰਦਾ ਹੈ ਦਰਿਆ ਵਿਚ ਵੜ ਜਾਉ।

***ਕੋਊ ਕਹੈ, ਫਿਰ ਪਹਾੜੀਂ ਚੜ੍ਹੋ॥੧੨੫॥*** ਸਲਾਹਾਂ ਦੇਣ, ਕੋਈ ਕਹਿੰਦਾ ਪਹਾੜ 'ਤੇ ਚੜ੍ਹ ਚਲੀਏ, ਰਾਹ ਤੇ ਕੋਈ ਨਹੀਂ ਹੈ, ਕਿਵੇਂ ਕਰੀਏ?। ੧੨੫।

***ਦੋਹਰਾ॥ ਤਬ ਸੁੱਖਾ ਸਿੰਘ ਨੇ ਕਹਯੋ ਲੁਕ ਛਿਪ ਕਿਸੈ ਬਚਾਹਿੰ॥*** ਤਦ ਸੁੱਖਾ ਸਿੰਘ ਨੇ ਕਿਹਾ ਸਿੰਘੋ ! ਕਿਉਂ ਹੁਣ ਤਕਾਉਂਦੇ ਹੋ, ਹੁਣ ਲੁਕ ਛਿਪ ਕੇ ਬਚਾ ਨਹੀਂ ਹੋਣਾ ਕਿਸੇ ਦਾ, ਕਿਥੇ ਲੁਕੋਗੇ ਜਦੋਂ ਥਾਂ ਹੀ ਕੋਈ ਨਹੀਂ ਹੈ।

***ਬਿਨਾਂ ਲੜਾਈ ਕੇ ਕੀਏ ਹਮਰੋ ਨਾਂਹਿ ਨਿਬਾਹਿ॥੧੨੬॥*** ਹੁਣ ਬਗੈਰ ਲੜਾਈ ਕੀਤੇ ਤੋਂ ਸਾਡਾ ਨਹੀਂ ਨਿਰਬਾਹ ਹੋ ਸਕਦਾ, ਆਪ ਲੜਾਈ ਕਰੋ ਜਿਵੇਂ ਹੁੰਦੀ ਹੈ, ਜਿਹੜਾ ਪਾਸਾ ਕਮਜ਼ੋਰ ਹੋਵੇ ਦੁਸ਼ਮਣ ਦਾ ਉਧਰ ਨੂੰ ਹੱਲਾ ਬੋਲ ਦਿਉ। ੧੨੬।

***ਚੌਪਈ॥ ਸੁਖਾ ਸਿੰਘ ਤਬ ਕਹਯੋ ਪੁਕਾਰੀ॥*** ਤਦ ਭਾਈ ਸੁੱਖਾ ਸਿੰਘ ਨੇ ਸਾਰੇ ਖਾਲਸੇ ਨੂੰ ਉੱਚੀ ਅਵਾਜ਼ ਵਿਚ ਆਖਿਆ ਹੈ।

***ਆਵੋ ਹਮ ਸੰਗ ਫੌਜ ਸੁ ਸਾਰੀ॥*** ਸਾਰੀ ਖਾਲਸਾ ਫ਼ੌਜ ਮੇਰੇ ਪਿੱਛੇ ਮੇਰੇ ਨਾਲ ਆ ਜਾਉ।

***ਮਾਰੋ ਮੋਰਚੋ ਜੋ ਹੈ ਭਾਰੀ॥*** ਹੁਣ ਛੋਟੇ ਮੋਟੇ ਮੋਰਚਿਆਂ 'ਤੇ ਨਹੀਂ ਹੱਲਾ ਬੋਲਣਾ ਹੈ, ਜੋ ਭਾਰੀ ਮੋਰਚਾ ਹੈ, ਜਿਥੇ ਸਭ ਤੋਂ ਭਾਰੀ ਫ਼ੌਜ ਹੈ,ਉਥੇ ਹੱਲਾ ਬੋਲੀਏ, ਉਥੇ ਰਾਹ ਖੋਲੀਏ, ਜਿਥੋਂ ਖਾਲਸਾ ਲੰਘ ਸਕੇ, ਕਿਉਂਕਿ ਘੇਰਾ ਪੈ ਚੁੱਕਾ ਸੀ ਬੰਦੇ ਨਾਲ ਬੰਦਾ ਖੜ੍ਹਾ ਸੀ ਵਾੜ ਵਾਂਗੂੰ, ਲੰਘਣ ਦੀ ਕੋਈ ਥਾਂ ਨਹੀਂ ਸੀ,ਜਦੋਂ ਇਹ ਹੁਕਮ ਦਿੱਤਾ।

***ਅਬ ਨਹਿੰ ਕਰੋ ਸੁ ਜਾਨ ਪਿਆਰੀ॥੧੨੭॥*** ਖਾਲਸਾ ਜੀ ! ਹੁਣ ਜਾਨ ਪਿਆਰੀ ਨਾ ਕਰੋ, ਹੁਣ ਆਪਣੀ ਜਾਨ ਦੀ ਬੱਚਤ ਨਹੀਂ ਸੋਚਣੀ ਕਿਸੇ ਨੇ, ਆਓ! ਲੜੀਏ ਮਰੀਏ, ਜਿਹੜਾ ਲੰਘ ਜਾਇ ਸੋ ਲੰਘ ਜਾਏ। ੧੨੭।

***ਯੌਂ ਕਹਿ ਸਿੰਘਨ ਧੀਰ ਧਰਾਈ॥*** ਇਉਂ ਕਹਿ ਕੇ ਸਿੰਘਾਂ ਨੂੰ ਧੀਰਜ ਦਿੱਤੀ ਹੈ ਸਿੰਘੋ ! ਹੌਂਸਲਾ ਕਰੋ, ਆਪਾਂ ਕੋਈ ਇਕੱਲੇ ਮਰਨ ਲੱਗੇ ਹਾਂ,ਬਹੁਤਿਆਂ ਨੂੰ ਨਾਲ ਲੈ ਕੇ ਮਰਾਂਗੇ, ਆਓ ਮੇਰੇ ਪਿੱਛੇ।

***ਪਰਯੋ ਮੋਰਚੈ ਊਪਰ ਜਾਈ॥*** ਜਿਥੇ ਤੁਰਕਾਂ ਦਾ ਭਾਰੀ ਦਲ ਸੀ ਜਿਹੜਾ ਵੱਡਾ ਮੋਰਚਾ ਸੀ, ਉਸੇ ਮੋਰਚੇ ਉੱਤੇ ਜਾ ਪਿਆ ਹੈ ਹੱਲਾ ਕਰਕੇ ਖਾਲਸਾ।

***ਆਗੇ ਤੇ ਸੌ ਦੂਰ ਸੁ ਭਏ॥*** ਤੁਰਕ ਮੋਰਚਾ ਛੱਡ ਕੇ ਭੱਜ ਗਏ ਹਨ, ਉਥੋਂ ਦੂਰ ਹੋ ਗਏ ਖਾਲਸੇ ਤੋਂ।

***ਦਯੋ ਰਾਹ ਛਡ ਨਠ ਨਠ ਗਏ॥ ੧੨੮॥*** ਤੁਰਕਾਂ ਨੇ ਉਦੋਂ ਹੀ ਖਾਲਸੇ ਨੂੰ ਰਾਹ ਛੱਡ ਦਿੱਤਾ ਹੈ, ਤੁਰਕ ਉਥੋਂ ਭੱਜ-ਭੱਜ ਕੇ ਦੂਰ ਚਲੇ ਗਏ ਹਨ ਕਿ ਖਾਲਸਾ ਤਾਂ ਹੁਣ ਇੱਕ ਦੂ ਇੱਕ ਕਰਕੇ ਹਟੇਗਾ,ਇਹ ਤਾਂ ਆ ਪਿਆ ਹੈ ਸਾਡੇ ਉਤੇ, ਜਿਹੜਾ ਇਹਨਾਂ ਦੇ ਰਗੜੇ ਥੱਲੇ ਆ ਗਿਆ, ਉਹ ਸੋਧਿਆ ਜਾਇਗਾ ਇਉਂ ਡਰਦੇ ਹੋਏ ਭੱਜ ਗਏ ਹਨ ਤੁਰਕ। ੧੨੮।

***ਜੋ ਅੜਿਆ ਸੋ ਲੀਨੋ ਮਾਰ॥*** ਜਿਹੜਾ ਵੀ ਸਰਦਾਰ ਫ਼ੌਜ ਲੈ ਕੇ ਅੱਗੇ ਅੜਿਆ ਉਸ ਨੂੰ ਤੁਰਤ ਮਾਰ ਲਿਆ ਹੈ ਖਾਲਸੇ ਨੇ।

***ਉਨ ਕੇ ਲੀਨੇ ਲੂਟ ਹਥਿਆਰ॥*** ਉਨ੍ਹਾਂ (ਤੁਰਕਾਂ ) ਦੇ ਘੋੜੇ ਹਥਿਆਰ ਸਿੰਘਾਂ ਨੇ ਲੁੱਟ ਲਏ ਹਨ। ਜਿਨ੍ਹਾਂ ਕੋਲ ਮਾੜੇ ਘੋੜੇ ਸੀ, ਉਹ ਚੰਗਿਆਂ 'ਤੇ ਚੜ੍ਹ ਗਏ, ਟੁੱਟੇ ਫੁੱਟੇ ਹਥਿਆਰ ਸੁੱਟ ਕੇ ਚੰਗੇ ਲੈ ਲਏ ਹਨ ਸਿੰਘਾਂ ਨੇ, ਇਉਂ ਤੁਰਕਾਂ ਨੂੰ ਮਾਰਦੇ ਹੋਏ ਅੱਗੇ ਵਧ ਰਹੇ ਨੇ।

***ਅੱਗੇ ਬੇਲਾ ਲੀਓ ਤਕਾਇ॥*** ਅੱਗੇ ਬੜਾ ਝੱਲ ਆ ਗਿਆ ਹੈ, ਉਸ ਨੂੰ ਤੱਕਿਆ ਹੈ ਸਿੰਘਾਂ ਨੇ ਆਸਰੇ ਵਾਸਤੇ।

***ਜਾਇ ਵੜੇ ਸਭ ਤਿਸਕੇ ਮਾਂਹਿ॥੧੨੯॥*** ਜਿੰਨੇ ਸਿੰਘ ਨਿਕਲੇ ਹਨ ਮੋਰਚਾ ਤੋੜ ਕੇ, ਉਹ ਸਾਰੇ ਦੇ ਸਾਰੇ ਝੱਲ ਵਿਚ ਜਾ ਦਾਖ਼ਲ ਹੋਏ ਹਨ। ੧੨੯।

***ਜਿਸ ਹੀ ਰਾਹ ਸੁਖਾ ਸਿੰਘ ਗਯੋ॥*** ਜਿਹੜੇ ਰਾਹ ਭਾਈ ਸੁਖਾ ਸਿੰਘ ਗਿਆ ਹੈ।

***ਤਿਸ ਹੀ ਪਾਛੇ ਬਹੁ ਦਲ ਭਯੋ॥*** ਉਸੇ ਦੇ ਹੀ ਪਿੱਛੇ ਦਲ ਖਾਲਸਾ ਵਹੀਰ ਪਾ ਕੇ ਤੁਰਿਆ ਜਾ ਰਿਹਾ ਹੈ।

***ਫੇਰ ਦੁਵੱਲੋਂ ਤੁਰਕ ਜੁ ਆਏ॥*** ਜਦੋਂ ਸਿੰਘ ਲੰਘ ਗਏ ਹਨ, ਫਿਰ ਤੁਰਕ ਦੋਹਾਂ ਪਾਸਿਆਂ ਤੋਂ ਹੱਲਾ ਕਰਕੇ ਆਏ ਹਨ।

***ਸਿੰਘਨ ਪਿੱਛਾ ਲੀਓ ਦਬਾਏ॥੧੩੦॥*** ਅਜੇ ਸਾਰੇ ਤਾਂ ਲੰਘੇ ਨਹੀਂ ਸਨ, ਪਿੱਛੇ ਜਿਹੜੇ ਰਹਿ ਗਏ ਸੀ ਥੋੜ੍ਹੇ-ਥੋੜ੍ਹੇ ਸਿੰਘ, ਉਹ ਪਿੱਛਾ ਬੰਦ ਕਰ ਲਿਆ, ਉਹ ਸਿੰਘ ਨਾ ਉਧਰ ਜਾਣ ਜੋਗੇ, ਨਾ ਉਧਰ ਜਾਣ ਜੋਗੇ, ਜਿਹੜੇ ਲੰਘ ਗਏ ਸੁ ਲੰਘ ਗਏ ਹੱਲਾ ਬੋਲ ਕੇ। ੧੩੦।

***ਦੂਹੂੰ ਵਲ ਤੇ ਤੋਪ ਸ਼ਸਤਰ ਚੱਲੈਂ॥*** ਦੋਹਾਂ ਪਾਸਿਆਂ ਤੋਂ ਤੋਪਾਂ ਤੇ ਹੋਰ ਸ਼ਸਤ੍ਰ ਚਲ ਰਹੇ ਸਨ ਸਿੰਘ 'ਤੇ, ਸ਼ਲਕਾਂ ਕਰ ਰਹੇ ਹਨ ਸਿੰਘਾਂ 'ਤੇ।

***ਉਪਰ ਸਿੰਘਨ ਕਰ ਪਏ ਸੁ ਹੱਲੇ॥*** ਤੁਰਕ ਸਿੰਘਾਂ ਉੱਪਰ ਹੱਲਾ ਕਰ ਕੇ ਪੈ ਗਏ ਹਨ।

***ਦੂਹੂੰ ਵੱਲ ਤੇ ਤੋਪ ਚਲਾਵੈਂ॥*** ਸਿੰਘਾਂ ਉੱਤੇ ਦੋਹਾਂ ਪਾਸਿਆਂ ਤੋਂ ਤੋਪਾਂ ਚਲਾਉਂਦੇ ਹਨ ਦੁਸ਼ਮਣ ਦਲ ਵਾਲੇ।

***ਮਧ ਸਿੰਘਨ ਘੇਰ ਤੁਰਕ ਸੁ ਘਾਵੈਂ॥੧੩੧॥*** ਸਿੰਘਾਂ ਨੂੰ ਦੋਹਾਂ ਪਾਸਿਆਂ ਤੋਂ ਘੇਰ ਕੇ ਤੁਰਕ ਮਾਰਦੇ ਹਨ। ੧੩੧।

***ਜੋ ਸਿੰਘ ਆਏ ਕਰਕੇ ਗੱਠ॥*** ਜੋ ਸਿੰਘ ਜੱਥੇਬੰਦ ਹੋ ਕੇ ਨਿਕਲੇ ਹਨ ਮੋਰਚੇ ਵਿੱਚੋਂ।

***ਤੇ ਲੰਘੇ ਉਨ ਲਾ ਕੇ ਸੱਟ॥*** ਉਹ ਸਿੰਘ ਤੁਰਕਾਂ ਦੇ ਸੱਟ ਲਾ ਕੇ ਲੰਘੇ ਹਨ, ਜਿਹੜੇ ਅੱਗੇ ਤੁਰਕ ਆਏ ਹਨ ਮੁਕਾਬਲੇ 'ਤੇ ਉਨ੍ਹਾਂ ਨੂੰ ਝਟਕਾ ਕੇ ਲੰਘੇ ਹਨ।

***ਜੋ ਪਿੱਛੇ ਤੇ ਲੀਨੇ ਤੋੜ॥*** ਵਹੀਰ ਲੰਘਿਆ ਆ ਰਿਹਾ ਸੀ, ਜਿੰਨੇ ਸਿੰਘ ਲੰਘ ਗਏ ਸੁ ਲੰਘ ਗਏ, ਜਿਹੜੇ ਟਾਵੇਂ ਟੱਲੇ ਦਿਵਾਨੇ ਮਸਤਾਨੇ ਸਿੰਘ ਪਿੱਛੇ ਆ ਰਹੇ ਸਨ ਜਾਂ ਜਿਹੜੇ ਫੱਟੜ ਸਨ, ਜ਼ਖ਼ਮੀ ਸਨ, ਜਿਹੜੇ ਸਿੰਘਾਂ ਨੂੰ ਪਿੱਛੋਂ ਵਹੀਰ ਨਾਲੋਂ ਤੋੜ ਲਿਆ ਹੈ ਤੁਰਕਾਂ ਨੇ।

***ਤੇ ਮਾਰੇ ਸਾਰੇ ਉਨ ਜੋੜ॥੧੩੨॥*** ਉਨ੍ਹਾਂ ਸਾਰੇ ਸਿੰਘਾਂ ਨੂੰ ਘੇਰ ਕੇ ਸ਼ਹੀਦ ਕਰ ਦਿੱਤਾ ਹੈ, ਉਹ ਸਭ ਮਾਰੇ ਗਏ ਹਨ ਸਿੰਘ। ੧੩੨।

***ਸੁੱਖਾ ਸਿੰਘ ਮੁੜ ਖੜ੍ਹੇ ਰਲਾਵੈ॥*** ਸੁੱਖਾ ਸਿੰਘ ਜੋ ਪਹਿਲਾਂ ਵੈਰੀ ਨੂੰ ਸੱਟ ਲਾ ਕੇ ਨਿੱਕਲ ਗਿਆ ਹੈ, ਹੁਣ ਮੁੜ ਖੜ੍ਹਾ ਹੋ ਕੇ ਸਿੰਘਾਂ ਨੂੰ ਨਾਲ ਰਲਾ ਰਿਹਾ ਹੈ ਕਿ ਜੋ ਪਿੱਛੇ ਖਾਲਸਾ ਫ਼ੌਜ ਆ ਰਹੀ ਹੈ, ਉਹ ਇਕੱਠੀ ਹੋ ਜਾਵੇ।

***ਬਹੁਤ ਫੌਜ ਸੋਂ ਨਾਹਿ ਬਸਾਵੈ॥*** ਤੁਰਕ ਫ਼ੌਜ ਬਹੁਤੀ ਹੈ,ਕਿੰਨੀ ਕੁ ਫ਼ੌਜ ਨਾਲ ਟਾਕਰਾ ਕਰੀ ਜਾਵੇ, ਫਿਰ ਜਿਹੜੇ ਆਉਂਦੇ ਹਨ ਸਿੰਘਾਂ ਨੂੰ ਘੇਰਨ ਵਾਸਤੇ ਉਹਨਾਂ ਨੂੰ ਮਾਰਦੇ ਹਨ, ਇਸ ਕਰਕੇ ਸਿੰਘਾਂ ਦਾ ਕੋਈ ਜ਼ੋਰ ਨਹੀਂ ਚਲਦਾ ਹੈ, ਸਾਰਿਆਂ ਨੂੰ ਪਿੱਛੇ ਹਟਾਇਆ ਨਹੀਂ ਜਾਂਦਾ ਹੈ।

***ਲੜਤ ਭਿੜਤ ਕਛੁ ਵੜੇ ਸੁ ਝੱਲ॥*** ਇਸ ਤਰ੍ਹਾਂ ਲੜਦਿਆਂ-ਭਿੜਦਿਆਂ ਮਰਦਿਆਂ-ਮਾਰਦਿਆਂ ਕੁਛ ਸਿੰਘ ਝੱਲ ਵਿਚ ਜਾ ਵੜੇ ਹਨ।

***ਤੁਰਕ ਵੜੇ ਤਿਹ ਮਗਰੇ ਚੱਲ॥੧੩੩॥*** ਤੁਰਕ ਵੀ ਬੜੇ ਮਨਚਲੇ ਹੋਏ ਸਨ ਕਿ ਸਿੰਘ ਹੁਣ ਜਾਂਦੇ ਹਨ, ਇਹਨਾਂ ਨੂੰ ਮਾਰ ਲਈਏ, ਆਪਾਂ ਹੁਣ ਛੱਡਣਾ ਨਹੀਂ ਹੈ। ਤੁਰਕ ਵੀ ਸਿੰਘਾਂ ਦੇ ਮਗਰੇ ਝੱਲ ਵਿਚ ਵੜ ਗਏ ਹਨ। ੧੩੩।

***ਜੋ ਤੁਰਕਨ ਕੇ ਹਾਥ ਸੁ ਆਯੋ॥*** ਜਿਹੜਾ ਕੋਈ ਸਿੰਘ ਥੱਕਿਆ-ਟੁੱਟਿਆ ਫੱਟੜ ਜ਼ਖ਼ਮੀ ਤੁਰਕਾਂ ਦੇ ਹੱਥ ਆ ਗਿਆ ਹੈ।

***ਤੁਰਤ ਫੁਰਤ ਉਨ ਮਾਰ ਗਵਾਯੋ॥*** ਤੁਰਕ ਫੁਰਤ ਹੀ ਉਨ੍ਹਾਂ ਨੂੰ ਮਾਰ ਮੁਕਾਇਆ ਹੈ।

***ਕੀਯੋ ਗਮਨ ਸਿੰਘਨ ਵਲ ਝੱਲ॥*** ਜਿਹੜੇ ਸਿੰਘ ਜੰਗਲ ਵੱਲ ਚਲੇ ਗਏ ਸਨ।

***ਰਤਨ ਸਿੰਘ ਕਹਿ ਤਿਨ ਅਬ ਗੱਲ॥੧੩੪॥*** ਜਿਹੜੇ ਸਿੰਘ ਝੱਲ ਵਿਚ ਦਾਖ਼ਲ ਹੋ ਗਏ ਹਨ ਤੁਰਕਾਂ ਤੋਂ ਪਿੱਛਾ ਛੁੜਾ

ਕੇ, ਉਨ੍ਹਾਂ ਨਾਲ ਕੀ ਭਾਣਾ ਵਾਪਰ ਰਿਹਾ ਹੈ, ਭਾਈ ਰਤਨ ਸਿੰਘ ਜੀ ਹੁਣ ਉਨ੍ਹਾਂ ਸਿੰਘਾਂ ਦੀ ਗੱਲ ਕਹਿੰਦੇ ਹਨ। ੧੩੪।

***ਸਿੰਘਨ ਝੱਲ ਵੜ ਪੈ ਗਈ ਰਾਤ॥*** ਜਦੋਂ ਸਿੰਘ ਝੱਲ ਵਿਚ ਦਾਖ਼ਲ ਹੋ ਗਏ, ਤਾਂ ਰਾਤ ਪੈ ਗਈ ਹੈ, ਦਿਨ ਖ਼ਤਮ ਹੋ ਗਿਆ ਅਤੇ ਅੰਧੇਰਾ ਹੋ ਗਿਆ ਹੈ।

***ਤੁਰਕ ਫੌਜ ਭਈ ਡੇਰੇ ਜਾਤ॥*** ਤੁਰਕਾਂ ਦੀ ਫ਼ੌਜ ਆਪਣੇ ਡੇਰੇ ਨੂੰ ਮੁੜ ਗਈ ਹੈ, ਵਾਪਸ ਪਿੱਛੇ ਨੂੰ।

***ਸਿੰਘਨ ਝਲ ਮੈਂ ਪਾਯੋ ਗ੍ਰਾਮ॥*** ਸਿੰਘਾਂ ਨੂੰ ਝੱਲ ਵਿਚ ਇਕ ਨਗਰ ਮਿਲ ਗਿਆ ਹੈ।

***ਲੂਟ ਕੂਟ ਤਹਿਂ ਕੀਯੋ ਬਿਸ੍ਰਾਮ॥੧੩੫॥*** ਸਿੰਘਾਂ ਨੇ ਜਾ ਉਸ ਪਿੰਡ ਨੂੰ ਲੁੱਟ ਪਾਈ ਹੈ, ਕਿਉਂਕਿ ਸਿੰਘ ਭੁੱਖੇ ਸਨ, ਕਈ ਦਿਨਾਂ ਦੇ, ਮਹੀਨੇ ਹੀ ਲੰਘ ਗਏ ਸਨ। ਉਨ੍ਹਾਂ ਨੂੰ ਲੁੱਟ-ਕੁੱਟ ਕੇ ਜੋ ਅੰਨ ਅਨਾਜ਼ ਮਿਲਿਆ ਜੋ ਕੱਚਾ ਭੁੰਨਾਂ, ਸਿੰਘਾਂ ਨੇ ਬਿਸ੍ਰਾਮ ਕੀਤਾ ਥੋੜ੍ਹਾ ਜਿਹਾ। ੧੩੫।

***ਆਧੀ ਰੈਨ ਤਹਾਂ ਤੇ ਤੁਰੇ॥*** ਅੱਧੀ ਰਾਤ ਹੋ ਗਈ, ਸੁੱਖਾ ਸਿੰਘ ਨੇ ਸਿੰਘਾਂ ਨੂੰ ਕਿਹਾ, ਉਠੋ ਸਿੰਘੋ ! ਆਪਣੇ ਜਖ਼ਮ ਤਾਜੇ ਲੱਗੇ ਹੋਏ ਨੇ ਜੇ ਇਹ ਠਰ ਗਏ, ਤਾਂ ਆਪਾਂ ਤੋਂ ਤੁਰਿਆ ਨਹੀਂ ਜਾਣਾ, ਹੁਣ ਤੁਰੇ ਚੱਲੋ ਰੁਕੋ ਨਾ, ਅੱਧੀ ਰਾਤ ਨੂੰ ਫਿਰ ਤੁਰ ਪਏ ਹਨ, ਸਿੰਘ।

***ਤੁਰਕ ਫੌਜ ਤੌਂ ਗੈਲੇ ਜੁਰੇ॥*** ਤੁਰਕਾਂ ਦੀ ਫ਼ੌਜ ਨੇ ਜੁੜ ਕੇ ਫਿਰ ਸਿੰਘਾਂ ਦਾ ਪਿੱਛਾ ਕੀਤਾ ਹੈ।

***ਸਿੰਘਨ ਕੇ ਤੇ ਲਾਗੇ ਖੋਜ॥*** ਸਿੰਘਾਂ ਦੀ ਖੋਜ ਕਰ ਰਹੇ ਹਨ, ਕਿਧਰ ਨੂੰ ਗਏ, ਕਿਧਰ ਨੂੰ ਗਏ, ਸਿੰਘ ਹੌਲੀ-ਹੌਲੀ ਜਾ ਰਹੇ ਹਨ।

***ਡਿੱਗੇ ਢੱਠੇ ਕੋ ਮਾਰੈਂ ਸੋਜ॥੧੩੬॥*** ਜਿਹੜਾ ਸਿੰਘ ਕੋਈ ਡਿੱਗ ਪਿਆ ਜਾਂ ਜ਼ਿਆਦਾ ਜਖ਼ਮੀ ਹੋਣ ਕਰਕੇ ਢਹਿ ਪਿਆ ਹੈ, ਸਿੰਘ ਲਚਾਰ ਹੋ ਗਿਆ ਹੈ, ਸਿੰਘ ਉਹ ਅਟਕ ਗਿਆ ਹੈ, ਉਸ ਨੂੰ ਉਹ ਲੱਭ ਕੇ ਮਾਰ ਲੈਂਦੇ ਹਨ। ੧੩੬।

***ਥੱਕੇ ਭੁੱਖੇ ਨੰਗੇ ਥੇ ਖਰੇ॥*** ਸਿੰਘ ਕਈ ਮਹੀਨਿਆਂ ਦੇ ਭੁੱਖੇ ਜੰਗ ਕਰਦਿਆਂ ਅਤੇ ਉਨੀਂਦਰੇ ਕਰ ਕੇ ਥੱਕੇ ਹੋਏ, ਪਿੰਡੇ ਤੋਂ ਨੰਗੇ, ਕੋਈ ਕੱਪੜਾ ਨਹੀਂ ਚੰਗਾ ਤਨ 'ਤੇ, ਘਾਇਲ ਹੋਏ-ਹੋਏ ਖਲੋਤੇ ਹਨ।

***ਥੋੜੇ ਥੋੜੇ ਜਾਤ ਥੇ ਤੁਰੇ॥*** ਉਹ ਹੌਲੀ-ਹੌਲੀ ਤੁਰੇ ਜਾ ਰਹੇ ਸਨ, ਝੱਲ ਵਿੱਚੋਂ ਲੰਘ ਰਹੇ ਸਨ, ਹੌਲੀ-ਹੌਲੀ।

***ਆਇ ਫੌਜ ਨੇ ਤਹਿਂ ਫਿਰ ਘਿਰੇ॥*** ਤਾਜ਼ਾ ਦਮ ਫ਼ੌਜ ਨੇ ਫਿਰ ਆ ਘੇਰਾ ਪਾਇਆ ਹੈ, ਉਨ੍ਹਾਂ ਸਿੰਘਾਂ ਨੂੰ।

***ਤਿਨ ਸੌਂ ਲਰਨ ਸਿੰਘ ਫਿਰ ਫਿਰੇ॥੧੩੭॥*** ਸਿੰਘਾਂ ਆਖਿਆ ਇਹ ਤਾਂ ਨਹੀਂ ਪਿੱਛਾ ਛੱਡ ਦੇ, ਸਿੰਘ ਫਿਰ ਪਿੱਛੇ ਨੂੰ ਮੁੜੇ ਖਾਲਸੇ ਨੇ ਉਨ੍ਹਾਂ (ਤੁਰਕਾਂ ) ਨਾਲ ਜੁੱਧ ਪਾ ਲਿਆ ਹੈ ਜਾ ਕੇ। ੧੩੭।

***ਜੋਊ ਝੱਲ ਕੇ ਅੰਦਰ ਆਯੋ॥*** ਜੇ ਕੋਈ ਤੁਰਕ ਝੱਲ ਅੰਦਰ ਆ ਵੜਿਆ ਹੈ।

***ਸੋ ਸਿੰਘਨ ਨੇ ਲਯੋ ਦਬਾਯੋ॥*** ਉਸ ਨੂੰ ਘੇਰ ਕੇ ਸਿੰਘਾਂ ਨੇ ਉੱਥੇ ਹੀ ਮਾਰ ਲਿਆ ਹੈ।

***ਝੱਲੋਂ ਬਾਹਰ ਸਿੰਘ ਜਿਨ ਪਾਯੋ॥*** ਜੇ ਕੋਈ ਸਿੰਘ ਝੱਲ ਤੋਂ ਬਾਹਰ ਮਿਲ ਗਿਆ ਤੁਰਕਾਂ ਨੂੰ।

***ਸੋਊ ਉਨ ਨੇ ਮਾਰ ਖਪਾਯੋ॥੧੩੮॥*** ਉਸ (ਸਿੰਘ) ਨੂੰ ਉਨ੍ਹਾਂ (ਤੁਰਕਾਂ ) ਨੇ ਮਾਰ ਖਪਾਇਆ ਹੈ। ੧੩੮।

***ਤਬੈ ਖਾਲਸੇ ਮਤਾ ਪਕਾਯਾ॥*** ਤਦ ਖਾਲਸੇ ਨੇ ਗੁਰਮਤਾ ਸੋਧਿਆ ਹੈ।

***ਨੱਠ ਖਾਲਸੋ ਜਾਣ ਕਦ ਪਾਯਾ॥*** ਜੇ ਅਸੀਂ ਕਹੀਏ ਭੱਜ ਕੇ ਨਿਕਲ ਜਾਈਏ ਇਨ੍ਹਾਂ ਤੋਂ, ਭੱਜ ਕੇ ਅਸੀਂ ਕਿਥੇ ਤੱਕ ਜਾਵਾਂਗੇ?

***ਮੁੜ ਮੁੜ ਲੜੌ ਔ ਤੁਰਤੇ ਜਾਵੈ॥*** ਤੁਰੇ ਵੀ ਜਾਵੇ ਅਤੇ ਮੁੜ-ਮੁੜ ਕੇ ਲੜਦੇ ਵੀ ਚਲੀਏ ਇਨ੍ਹਾਂ ਦੇ ਨਾਲ, ਤਾਂ ਕਿ ਤੁਰਕ ਬਹੁਤਾ ਜ਼ੋਰ ਨਾ ਕਰ ਸਕਣ ਸਾਡੇ 'ਤੇ।

***ਔਰ ਵੱਡਾ ਕੋ ਝੱਲ ਤਕਾਵੈ॥੧੩੯॥*** ਏਸ ਤੋਂ ਵੀ ਵੱਡਾ ਹੋਰ ਕੋਈ (ਝੱਲ) ਉਜਾੜ ਬੀਆਬਾਨ ਹੋਵੇ, ਜੰਗਲ ਹੋਵੇ, ਉਸ

ਨੂੰ ਦੇਖੇ ਲੁਕਣ ਵਾਸਤੇ। ੧੩੯।

***ਦੋਹਰਾ॥ ਛੋਟੇ ਝੱਲ ਜਬ ਸਿੰਘ ਵੜੈਂ ਕਰੈਂ ਤੁਰਕ ਬਹੁ ਖ਼੍ਵਾਰ॥*** ਜਦੋਂ ਛੋਟੇ ਵਿਰਲੇ ਵਿਰਲੇ ਝੱਲ ਵਿਚ ਸਿੰਘ ਜਾ ਕੇ ਦਾਖ਼ਲ ਹੁੰਦੇ ਸਨ, ਉਥੇ ਤੁਰਕ ਚਾਰ-ਚਫੇਰਿਓਂ ਘੇਰਾ ਪਾ ਕੇ ਸਿੰਘਾਂ ਨੂੰ ਬੜਾ ਖ਼ੁਆਰ ਕਰਦੇ ਹਨ।

***ਵਡੇ ਝੱਲ ਮਹਿਂ ਖਾਲਸਾ, ਵੜ ਤੁਰਕਨ ਲੇਹਿ ਮਾਰ॥੧੪੦॥*** ਜਦੋਂ ਵੱਡੇ ਝੱਲ ਵਿਚ ਖਾਲਸਾ ਜਾ ਵੜਦਾ, ਸਿੰਘ ਤੁਰਕਾਂ ਨੂੰ ਉੱਥੇ ਮਾਰ ਲੈਂਦੇ ਸਨ। ੧੪੦।

***ਚੌਪਈ॥ ਤਬ ਤੁਰਕਨ ਇਕ ਮਤਾ ਪਕਾਯਾ॥*** ਤਦ ਤੁਰਕਾਂ ਨੇ ਇਕ ਮਤਾ ਪਕਾਇਆ ਹੈ, ਸਲਾਹ ਵਿਚਾਰ ਕੀਤੀ ਹੈ।

***ਮੁਲਕ ਇਕੱਠਾ ਕਰ ਤਿਨੈਂ ਮੰਗਾਯਾ॥*** ਕਿ ਸਾਰਾ ਮੁਲਕ ਇਕੱਠਾ ਕਰ ਕੇ ਲਿਆਈਏ।

***ਦਈਏ ਝੱਲ ਮੈਂ ਰੱਯਤ ਵਾੜ॥*** ਆਮ ਲੋਕਾਂ ਨੂੰ ਝੱਲ ਵਿਚ ਵਾੜ ਦੇਈਏ।

***ਇਨ ਸਿੰਘਨ ਕੌ ਲੇਵੈ ਮਾਰ॥੧੪੧॥*** ਉਹ ਲੋਕ ਇਨ੍ਹਾਂ ਸਿੰਘਾਂ ਨੂੰ ਮਾਰ ਲੈਣਗੇ। ੧੪੧।

***ਤਬ ਦਿਵਾਨ ਨੇ ਰੱਯਤ ਮੰਗਾਈ॥*** ਤਦ ਲੱਖੂ ਦਿਵਾਨ ਨੇ ਆਮ ਜਨਤਾ ਨੂੰ ਸੱਦਿਆ ਹੈ।

***ਆਈ ਰੱਯਤ ਢੋਲ ਬਜਾਈ॥*** ਮੁਸਲਿਮ ਪਰਜ਼ਾ ਢੋਲ ਬਜਾ ਕੇ ਆਈ ਹੈ, ਜਿਵੇਂ ਅੱਗੇ ਇਕੱਠੀਆਂ ਹੋ ਕੇ ਆਉਂਦੀਆਂ ਸੀ। ਲੋਕ ਢੋਲ ਬਜਾ ਕੇ ਢਾਣੀਆਂ ਬੰਨ੍ਹ ਕੇ ਆਏ ਹਨ ਸਿੰਘਾਂ ਪਿੱਛੇ।

***ਦੀਨੇ ਸੋਊ ਬੇਲੇ ਪੇਲ॥*** ਉਨ੍ਹਾਂ ਲੋਕਾਂ ਨੂੰ (ਬੇਲੇ) ਝੱਲ ਵਿਚ ਵਾੜ ਦਿੱਤਾ ਹੈ।

***ਸਾਥ ਬੰਦੂਕਨ ਔ ਹਥ ਸੇਲ੍ਹ॥੧੪੨॥*** ਨਾਲ ਉਨ੍ਹਾਂ ਨੂੰ ਬੰਦੂਕਾਂ ਤੇ ਹੱਥਾਂ ਵਿਚ ਬਰਛੇ ਫੜਾਏ ਹਨ। ੧੪੨।

***ਦੋਹਰਾ॥ ਸੋ ਸਿੰਘਨ ਸਿਉਂ ਆ ਭਿੜੇ ਕਰ ਕਰ ਕਈ ਉਪਾਇ॥*** ਕਈ ਜਤਨ ਕਰ ਕਰਕੇ ਰਾਹ ਆਦਿਕ ਸਾਫ ਕਰ ਕੇ ਉਹ ਲੋਕ ਸਿੰਘਾਂ ਨਾਲ ਆ ਭਿੜੇ ਹਨ।

***ਤੌ ਸਿੰਘਨ ਔਖੀ ਬਨੀ, ਲਭੈ ਨਹੀਂ ਕਹੂੰ ਰਾਹਿ॥੧੪੩॥*** ਤਾਂ ਸਿੰਘਾਂ ਨੂੰ ਬੜੀ ਔਖ ਆ ਬਣੀ ਹੈ ਕਿ ਇਹ ਤਾਂ ਪਰਜਾ ਹੀ ਸਾਡੇ ਨਾਲ ਲੜਨ ਆ ਗਈ। ੧੪੩।

***ਚੌਪਈ॥ ਸੁਖਾ ਸਿੰਘ ਤਬ ਐਸੀ ਕਹੀ॥*** ਭਾਈ ਸੁੱਖਾ ਸਿੰਘ ਨੇ ਸਿੰਘਾਂ ਨੂੰ ਇਸ ਤਰ੍ਹਾਂ ਆਖਿਆ ਹੈ।

***ਬਿਨ ਮਾਰੇ ਹਮ ਬਚੈਂ ਸੁ ਨਹੀ॥*** ਇਨ੍ਹਾਂ ਦੇ ਪਿੰਡਾਂ ਦੇ ਲੋਕਾਂ ਨੂੰ ਮਾਰੇ ਤੋਂ ਬਗੈਰ ਅਸੀਂ ਬਚ ਨਹੀਂ ਸਕਦੇ, ਜੇ ਅਸੀਂ ਇਨ੍ਹਾਂ ਨੂੰ ਨਾ ਮਾਰਿਆ ਤਾਂ ਇਹ ਸਾਨੂੰ ਮਾਰ ਲੈਣਗੇ।

***ਜੇ ਅਬ ਇਨ ਕੋ ਲਈਏ ਮਾਰ॥*** ਜੇ ਅਸੀਂ ਇਨ੍ਹਾਂ ਨੂੰ ਮਾਰ ਲਈਏ ਜਿਹੜੇ ਢੋਲ ਬਜਾ ਕੇ ਤੁਰੇ ਆਉਂਦੇ ਹਨ।

***ਤੌ ਬੇਲੇ ਮੇਂ ਰਹੀਏ ਸੁਖਾਰ॥੧੪੪॥*** ਤਾਂ ਜੰਗਲ ਵਿਚ ਸੌਖੇ ਹੋ ਜਾਵਾਂਗੇ, ਕਿਸੇ ਨੇ ਪਿੱਛਾ ਕਰਨਾ ਹੀ ਨਹੀਂ ਫਿਰ, ਤੁਰਕ ਤਾਂ ਬੇਲੇ ਵਿਚ ਵੜ ਹੀ ਨਹੀਂ ਸਕਦੇ। ੧੪੪।

***ਜੇ ਹਮ ਤੇ ਇਹ ਹੋਹਿ ਨ ਮਾਰ॥*** ਜੇ ਇਹ ਪਿੰਡਾਂ ਦੇ ਲੋਕ ਸਾਡੇ ਕੋਲੋਂ ਨਾ ਮਾਰੇ ਗਏ, ਅਸੀਂ ਇਨ੍ਹਾਂ ਨੂੰ ਕੁਛ ਨਾ ਆਖੀਏ।

***ਤੌ ਏਹ ਹਮ ਕੌ ਲੈ ਹੈਂ ਮਾਰ॥*** ਇਨ੍ਹਾਂ ਨੇ ਸਾਡੇ ਨਾਲ ਕੋਈ ਲਿਹਾਜ਼ ਨਹੀਂ ਕਰਨੀ, ਇਹ ਤਾਂ ਭੂਤਰੇ ਲੋਕ ਹਨ। ਇਹਨਾਂ ਦਾ ਕੋਈ ਧਰਮ ਨਹੀਂ ਹੈਂ, ਮਜ਼ਬ ਨਹੀਂ ਹੈ, ਕੋਈ ਅਸੂਲ ਨਹੀਂ ਇਨ੍ਹਾਂ ਦਾ, ਇਹ ਫਿਰ ਸਾਨੂੰ ਮਾਰ ਲੈਣਗੇ।

***ਫਸੇ ਚੋਰ ਜਿਮ ਤਿਨ ਹੱਠ ਕੀਆ॥*** ਜਿਵੇਂ ਚੋਰ ਫਸਿਆ ਹੁੰਦਾ ਹੈ ਸੰਨ੍ਹ ਵਿਚ ਤੇ ਫਿਰ ਹੱਠ ਹੀ ਹੁੰਦਾ ਹੈ ਚੋਰ ਕੋਲ ਕਿ ਹੁਣ ਕਿਵੇਂ ਨਿਕਲਾਂ ਮੈਂ, ਜਿਹੜਾ ਉਸ ਦੇ ਅੱਗੇ ਆ ਜਾਏ ਉਸ ਦੇ ਸੱਟ ਲਾ ਕੇ ਨਿਕਲਦਾ ਹੈ ਜ਼ੋਸ ਨਾਲ, ਭੱਜ ਗਿਆ ਹੈ ਤੇ ਭੱਜ ਗਿਆ ਚੋਰ ਫੜਿਆ ਗਿਆ ਤਾਂ ਮਾਰਿਆ ਗਿਆ। ਸਿੰਘਾਂ ਨੇ ਫਸੇ ਹੋਏ ਚੋਰ ਵਾਂਗ ਹੱਠ ਕੀਤਾ ਹੈ ਉੱਥੇ।

***ਸਤਿਗੁਰ ਰਖਣੋਂ ਖਾਲਸੋ ਥੀਆ॥੧੪੫॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਖਾਲਸੇ ਦੀ ਰੱਖਿਆ ਕਰਨੀ ਸੀ

ਸਤਿਗੁਰਾਂ ਨੇ। ੧੪੫।

***ਦੋਹਰਾ॥ ਤੌ ਸਿੰਘ ਹੱਲਾ ਕਰ ਪਏ ਜੱਟ ਚਲੇ ਸੁ ਅੱਗੇ ਲਾਗ॥*** ਉਹ ਹੈ ਤਾਂ ਜੱਟ-ਬੂਟ ਹੀ ਸਨ, ਕੁਛ ਨਹੀਂ ਸੀ ਕਰਨ ਜੋਗੇ, ਜਦੋਂ ਸਿੰਘ ਉਨ੍ਹਾਂ 'ਤੇ ਹੱਲਾ ਕਰਕੇ ਪਏ, ਉਨ੍ਹਾਂ ਨੂੰ ਜੱਟ ਪਿੱਠ ਦੇ ਕੇ ਭੱਜ ਤੁਰੇ।

***ਜੋ ਲੱਭੇ ਸੋ ਖੋਹ ਲਏ, ਦਏ ਜਾਣ ਬਹੁ ਭਾਗ॥੧੪੬॥*** ਜਿਹੜੇ ਸਿੰਘਾਂ ਦੇ ਹੱਥ ਆ ਗਏ, ਉਹ ਤਾਂ ਮਾਰੇ ਅਤੇ ਸਸਤ੍ਰ ਖੋਹ ਲਏ, ਜਿਹੜੇ ਭੱਜ ਗਏ, ਉਨ੍ਹਾਂ ਨੂੰ ਭੱਜ ਜਾਣ ਦਿੱਤਾ ਸਿੰਘਾਂ ਨੇ। ੧੪੬।

***ਚੌਪਈ॥ ਕਈ ਸੁ ਤਿਨ ਕੀ ਘੋੜੀ ਲਈ॥*** ਉਨ੍ਹਾਂ ਲੋਕਾਂ ਦੀਆਂ ਕਈ ਘੋੜੀਆਂ ਖੋਹ ਲਈਆਂ ਹਨ ਸਿੰਘਾਂ ਨੇ।

***ਬਸਤਰ ਸ਼ਸਤਰ ਦੇ ਗਏ ਕਈ॥*** ਕਈਆਂ ਨੇ ਹਥਿਆਰ ਤੇ ਬਸਤ੍ਰ ਦੇ ਕੇ ਆਪਣੇ, ਸਿੰਘਾਂ ਤੋਂ ਖਹਿੜਾ ਛੁਡਾਇਆ ਹੈ।

***ਫੇਰ ਸਿੰਘ ਹੁਇ ਤੁਰੇ ਸੁਖਾਰੇ॥*** ਜਦੋਂ ਉਹ ਲੋਕ ਭੱਜ ਗਏ ਹਨ, ਤਾਂ ਸਿੰਘ ਫਿਰ ਸੌਖਾ ਹੋ ਕੇ ਤੁਰੇ ਹਨ।

***ਜੋ ਲਰਨ ਵਾਰੇ ਤੇ ਸਭ ਹਾਰੇ॥੧੪੭॥*** ਜੋ ਸਿੰਘਾਂ ਮਗਰ ਹੱਲਾ ਕਰਨ ਵਾਲੇ ਲੜਨ ਵਾਲੇ ਸਨ ਤੁਰਕ, ਉਹ ਤਾਂ ਸਭ ਹਾਰ ਗਏ ਸਨ, ਉਹ ਤਾਂ ਹੰਭ ਕੇ ਪਿੱਛੇ ਜਾ ਡਿੱਗੇ ਹਨ ਕਿ ਹੁਣ ਕੋਈ ਵਾਹ ਨਹੀਂ ਹੈ ਸਾਡੀ, ਸਿੰਘਾਂ ਤੋਂ ਭੈ-ਭੀਤ ਸਨ ਤੁਰਕ, ਹੁਣ ਉਹ ਨਹੀਂ ਪਿੱਛਾ ਕਰਦੇ। ੧੪੭।

***ਕਿਛ ਕੁ ਸਿੰਘਨ ਕੋ ਬੇਹਲ ਭਯੋ॥*** ਸਿੰਘਾਂ ਨੂੰ ਕੁਛ ਕੁ ਵਿਹਲ ਮਿਲਿਆ ਦੁਸ਼ਮਣ ਤੋਂ।

***ਤਬ ਮਾਝੇ ਕੋ ਵੜਨੋ ਠਯੋ॥*** ਤਦ ਸਿੰਘਾਂ ਦਾ ਮਾਝੇ ਦੇਸ਼ ਵਿਚ ਜਾ ਦਾਖ਼ਲਾ ਹੋਇਆ ਹੈ।

***ਤੌ ਫਿਰ ਸਿੰਘਨ ਕਰੀ ਸਲਾਹਿ॥*** ਫਿਰ ਸਿੰਘਾਂ ਨੇ ਗੁਰਮਤਾ ਸੋਧਿਆ ਹੈ ਆਪਸ ਵਿਚੀਂ।

***ਆਗੇ ਦੇਸ਼ ਰਾਮੇ ਕੋ ਆਹਿ॥੧੪੮॥*** ਅੱਗੇ 'ਰਾਮੇ ਰੰਧਾਵੇ' ਦਾ ਦੇਸ਼ ਆ ਗਿਆ ਹੈ, ਮਾਝੇ ਵਿਚ ਗੁਰਦਾਸਪੁਰ ਦਾ ਏਰੀਆ ਆ ਗਿਆ ਹੈ। ੧੪੮।

***ਸਿੰਘ ਕਹੈਂ ਅਬ ਟਪੀਐ ਦਰਯਾਉ॥*** ਏਥੇ ਹੁਣ ਦਰਿਆ ਆ ਗਿਆ ਹੈ ਸਿੰਘਾਂ ਨੇ ਕਿਹਾ, ਹੁਣ ਰਾਵੀ ਦਰਿਆ ਪਾਰ ਕਰੀਏ।

***ਕੀਓ ਉਦਮ ਤਬ ਲਖਨੇ ਕਾਉ॥*** ਸਿੰਘਾਂ ਨੇ ਦਰਿਆ ਰਾਵੀ ਪਾਰ ਕਰਨ ਦਾ ਉਦਮ ਕੀਤਾ ਹੈ।

***ਸਿਖਰ ਦੁਪਹਿਰੀ ਤੀਰ ਦਰਯਾਏ॥*** ਦਰਿਆ ਦੇ ਕਿਨਾਰੇ 'ਤੇ ਦੁਪਹਿਰ ਦਾ ਸਿਖਰ ਹੋ ਗਿਆ ਹੈ।

***ਦਿੱਭ ਖਿੱਭ ਕੇ ਤੁਲ੍ਹੇ ਬਨਾਏ॥੧੪੯॥*** ਸਿੰਘਾਂ ਦਰਿਆ ਰਾਵੀ ਲੰਘਣ ਵਾਸਤੇ (ਦਿੱਭ ਖਿੱਭ) ਦੱਭ ਕਾਨਿਆਂ ਦੇ ਤੁਲ੍ਹੇ ਬਨਾ ਲਏ ਹਨ। ੧੪੯।

***ਭਯੋ ਖਾਲਸੋ ਇਮਹਿ ਉਰਾਰ॥*** ਇਉਂ ਖਾਲਸਾ ਰਾਵੀ ਦਰਿਆ ਦੇ ਉਰਲੇ ਪਾਸੇ ਹੋ ਗਿਆ, ਭਾਵ ਦਰਿਆ ਪਾਰ ਕਰ ਗਏ ਹਨ ਸਿੰਘ।

***ਉਹਾਂ ਖੜੇ ਰਹੇ ਘਰੀ ਦੁਇ ਚਾਰਾ॥*** ਉਥੇਂ ਦੋ ਚਾਰ ਘੜੀਆਂ ਖੜ੍ਹ ਕੇ ਸਿੰਘਾਂ ਨੇ ਬਿਸ੍ਰਾਮ ਕੀਤਾ ਹੈ, ਤਾਂ ਜੋ ਪਿੱਛੇ ਦਰਿਆ ਪਾਰ ਕਰਕੇ ਸਿੰਘ ਆ ਰਹੇ ਹਨ, ਉਹ ਨਾਲ ਰਲ ਜਾਣ।

***ਸਵਾਰ ਕਾਠੜੇ ਤੰਗ ਖਿਚਵਾਇ॥*** ਘੋੜ ਸਵਾਰਾਂ ਨੇ ਆਪਣੇ ਘੋੜਿਆਂ ਦੀਆਂ ਕਾਠੀਆਂ ਤੇ ਤੰਗ ਜੋ ਕਿ ਢਿੱਲੇ ਹੋ ਚੁੱਕੇ ਸਨ ਜਾਂ ਟੁੱਟ ਗਏ ਸਨ, ਉਨ੍ਹਾਂ ਖਿਚਵਾਇਆ ਹੈ ਕੱਸਿਆ ਹੈ, ਚੰਗੀ ਤਰ੍ਹਾਂ।

***ਤੁਰੇ ਸਿੰਘ ਤੌ ਅਗਲੇ ਦਾਇ॥੧੫੦॥*** ਦਰਿਆ ਪਾਰ ਕਰ ਕੇ ਸਿੰਘ ਆਪਣੀ ਮੰਜ਼ਲ ਦੇ ਅਗਲੇ ਵਲ ਨੂੰ ਤੁਰ ਪਏ ਹਨ ਮਾਝੇ ਵੱਲ ਨੂੰ। ੧੫੦।

***ਦੋਹਰਾ॥ ਜੋ ਰਹਯੋ ਥੋ ਸਿੰਘਨ ਪਹਿ ਸੋ ਡੁਬਿਓ ਦਰਿਆਇ॥*** ਸਿੰਘਾਂ ਪਾਸ ਜੇ ਕੋਈ ਮਾੜਾ ਮੋਟਾ ਸਮਾਨ ਰਹਿ ਗਿਆ ਸੀ, ਉਹ ਦਰਿਆ ਵਿਚ ਡੁੱਬ ਗਿਆ ਹੈ, ਪਾਰ ਨਹੀਂ ਲੰਘਾ ਸਕੇ ਕਿਉਂਕਿ ਤੁਲ੍ਹੇ 'ਤੇ ਤਾਂ ਮਸਾਂ ਤਰ ਕੇ ਲੰਘੀਦਾ

ਹੈ। ਵਜ਼ਨ ਵਾਲੀ ਕੋਈ ਭਾਰੀ ਚੀਜ਼ ਲੰਘੀ ਨਹੀਂ ਹੈ, ਉਹ ਤਾਂ ਰੁੜ੍ਹ ਗਿਆ ਹੈ ਦਰਿਆ ਵਿਚ ਸਭ ਕੁਛ।

***ਅੱਗੈ ਤੱਤੇ ਰੇਤ ਸੌਂ ਜਲੈਂ ਸੁ ਨੰਗੇ ਪਾਇ॥੧੫੧॥*** ਅੱਗੇ ਰੇਤੇ ਦਾ ਤੱਤਾ ਥਲ ਆ ਗਿਆ ਹੈ। ਦੁਪਹਿਰ ਦਾ ਸਮਾਂ ਸੀ, ਤੱਤੇ ਰੇਤੇ 'ਤੇ ਸਿੰਘਾਂ ਦੇ ਪੈਰ ਸੜ ਰਹੇ ਹਨ। ੧੫੧।

***ਚੌਪਈ॥ ਬਹੁਤ ਸੁ ਘਨੀ ਬਰੇਤੀ ਆਈ॥*** ਰੇਤਾ ਕਿਹੜਾ ਥੋੜ੍ਹਾ ਹੁੰਦਾ ਹੈ ਦਰਿਆਵਾਂ ਵਿਚ ਤਿੰਨ-ਤਿੰਨ ਚਾਰ-ਚਾਰ ਮੀਲ ਚੌੜੇ ਹੁੰਦੇ ਹਨ ਦਰਿਆ, ਰੇਤਾ ਦਰਿਆ ਦਾ ਬਹੁਤ ਜਿਆਦਾ ਆ ਗਿਆ ਹੈ ਅੱਗੇ।

***ਜਨੁ ਕਰ ਤੱਤੀ ਤਵੀ ਬਿਛਾਈ॥*** ਰੇਤ ਐਨੀ ਗਰਮ ਹੈ ਜਾਣੋ ਤੱਤੀ ਤਵੀ ਵਿਛੀ ਹੋਈ ਹੈ, ਏਸ ਤਰ੍ਹਾਂ ਪੈਰਾਂ ਨੂੰ ਸਾੜਦੀ ਹੈ।

***ਤਬ ਸਿੰਘਨ ਨੇ ਕਪੜੇ ਪਾੜੇ॥*** ਜਦੋਂ ਸਿੰਘਾਂ ਦੇ ਪੈਰ ਸੜਨ ਲੱਗੇ, ਤਦ ਉਹਨਾਂ ਨੇ ਆਪਣੇ ਤਨ ਦੇ ਕੱਪੜੇ ਪਾੜੇ ਹਨ, ਪੈਰਾਂ 'ਤੇ ਲਪੇਟਨ ਵਾਸਤੇ।

***ਪੈਰੀਂ ਬੰਧੇ ਬਚੇ ਨਹਿ ਸਾੜੇ॥੧੫੨॥*** ਪੈਰਾਂ 'ਤੇ ਕੱਪੜੇ ਬੰਨ੍ਹੇ ਕਿ ਪੈਰ ਬਚ ਜਾਣ ਸੜਨ ਤੋਂ, ਰੇਤ ਨਾ ਸਾੜੇ ਪੈਰਾਂ ਨੂੰ, ਕੱਪੜੇ ਪੈਰਾਂ ਨੂੰ ਬੰਨ੍ਹੇ ਹਨ, ਪੈਰ ਫਿਰ ਵੀ ਨਹੀਂ ਬਚੇ, ਰੇਤ ਨੇ ਸਾੜ ਦਿੱਤੇ ਸਨ। ੧੫੨।

***ਦੋਹਰਾ॥ ਚਰਨ ਲਪੇਟਨ ਕੋ ਤਊ ਬੈਠੇ ਚਿੱਤੜ ਟਿਕਾਇ॥*** ਸਿੰਘ ਪੈਰਾਂ ਨੂੰ ਕੱਪੜਾ ਲਪੇਟਨ ਵਾਸਤੇ ਜਦੋਂ ਰੇਤੇ ਉੱਪਰ ਆਪਣੇ ਚਿੱਤੜ ਟਿਕਾ ਕੇ ਬੈਠੇ ਹਨ।

***ਤਿਨਕੇ ਚਿੱਤੜ ਜਾਹਿ ਜਲ,ਕਰੈਂ ਸਿੰਘ ਹਾਇ ਹਾਇ॥੧੫੩॥*** ਤੱਤਾ ਰੇਤਾ ਹੈ ਭਈ ਇਕੱਲਾ ਕਛਹਿਰਾ ਕਿਵੇਂ ਬਚਾਵੇ? ਸਿੰਘ ਚਿੱਤੜ ਜਦੋਂ ਹੇਠਾਂ ਧਰਤੀ 'ਤੇ ਲਾਉਂਦੇ ਹਨ, ਤਾਂ ਚਿੱਤੜ ਸੜ ਜਾਦੇ ਹਨ, ਤਾਂ ਸਿੰਘ ਹਾਏ ਹਾਏ ਕਰਦੇ ਹਨ, ਹਾਏ ਓ! ਮੱਚ ਗਿਆ, ਹਾਏ ਓ! ਮੱਚ ਗਿਆ ਕਹਿੰਦੇ ਹਨ, ਮੂੰਹੋਂ। ੧੫੩।

***ਚੌਪਈ॥ ਇਸ ਬਿਧਿ ਸਿੰਘ ਉਤਰੇ ਦਰਿਆਇ॥*** ਇਸ ਪ੍ਰਕਾਰ ਡਿੱਗਦਿਆਂ ਢਹਿੰਦਿਆਂ ਨੇ ਰੇਤਾ ਪਾਰ ਕਰਕੇ ਸਿੰਘਾਂ ਨੇ ਦਰਿਆ ਦੇ ਅੱਗੇ ਉਤਾਰਾ ਕੀਤਾ ਹੈ।

***ਵੜੇ ਸਿੰਘ ਮਾਝੇ ਮੇਂ ਆਇ॥*** ਸਿੰਘ ਮਾਝੇ ਦੇਸ਼ ਵਿਚ ਆ ਵੜੇ ਹਨ।

***ਫੇਰ ਲੰਘੇ ਜਹਿ ਦੁਇ ਦਰਿਆਇ॥*** ਜਿਥੇ ਦੋਵੇਂ ਦਰਿਆ ਸਤਿਲੁਜ ਤੇ ਬਿਆਸਾ ਇਕੱਠੇ ਹੁੰਦੇ ਹਨ, ਭਾਵ ਜਿਥੇ ਹਰੀ ਕਾ ਪੱਤਣ ਹੈ, ਉੱਥੋਂ ਦੀ ਲੰਘੇ ਹਨ, ਸਿੰਘ।

***ਇਮ ਕਰ ਪੁੱਜੇ ਜੰਗਲ ਜਾਇ॥੧੫੪॥*** ਇਹ ਜੰਗਲ ਦੇਸ਼ ਕਹਾਉਂਦਾ ਹੈ ਮਾਲਵਾ ਦੇਸ਼, ਹਰੀ ਦਾ ਪੱਤਣ ਲੰਘ ਕੇ ਫਿਰ ਅਗਲਾ ਏਰੀਆ ਫਿਰ ਮਾਲਵਾ ਆ ਜਾਂਦਾ ਹੈ, ਇਉਂ ਕਰਕੇ ਸਿੰਘ ਜੰਗਲ ਦੇਸ਼ ਵਿਚ ਜਾ ਪੁੱਜੇ ਹਨ। ੧੫੪।

***ਹੈ ਜੈਤੋ ਕੇ ਊਹਾਂ ਗਰਾਮ॥*** ਇਹ ਜੈਤੋ ਦਾ ਇਲਾਕਾ ਆ ਗਿਆ ਹੈ ਜੈਤੋ,ਭੁੱਚੋ, ਇਹ ਵੱਡੇ ਨਗਰ ਵਸਦੇ ਸਨ।

***ਉਤਰੇ ਸਿੰਘ ਕਰ ਊਹਾਂ ਬਾਮ॥*** ਉਥੇ ਸਿੰਘਾਂ ਨੇ ਆ ਉਤਾਰਾ ਕੀਤਾ ਹੈ, ਗੁਰੂ ਸਾਹਿਬਾਂ ਦੇ ਵੀ ਚਰਨ ਪਏ ਸਨ ਓਥੇ, ਅੱਗੇ ਸਿੰਘਾਂ ਦੀ ਔਣੀ ਜਾਣੀ ਸੀ ਏਸ ਪਾਸੇ ਨੂੰ, ਜਦੋਂ ਵੀ ਉਧਰ ਮਾਝੇ ਵਿਚ ਮੁਸੀਬਤ ਬਣਦੀ, ਉਦੋਂ ਸਿੰਘ ਏਧਰ ਜੰਗਲ ਦੇਸ਼ ਨੂੰ ਆ ਜਾਂਦੇ ਸਨ। ਸਿੰਘਾਂ ਦੀ ਵਾਕਫੀਅਤ ਸੀ ਏਥੋਂ ਦੇ ਲੋਕਾਂ ਨਾਲ, ਏਥੇ ਮਾਲਵੇਂ ਦੇ ਸਿੰਘਾਂ ਨੇ ਸਿੰਘਾਂ ਨੂੰ ਜੀ ਆਇਆਂ ਕਿਹਾ ਹੈ।

***ਸੁਖਾ ਸਿੰਘ ਤਹਿ ਟੰਗ ਖੁਲ੍ਹਾਏ॥*** ਸੁੱਖਾ ਸਿੰਘ ਦੀ ਲੱਤ ਘੋੜੇ ਨਾਲ ਬੱਧੀ ਹੋਈ ਸੀ, ਜੋ ਤੋਪ ਦਾ ਗੋਲਾ ਵੱਜਣ ਕਰਕੇ ਟੁੱਟੀ ਹੋਈ ਸੀ, ਉਥੇ ਸੁੱਖਾਂ ਸਿੰਘ ਨੇ ਘੋੜੇ ਦੇ ਹੰਨੇ ਨਾਲੋਂ ਆਪਣੀ ਲੱਤ ਖੁਲ੍ਹਾਈ ਹੈ।

***ਸੱਦ ਸਿਆਣੇ ਬੰਦ ਲਗਾਏ॥੧੫੫॥*** ਮਾਲਵੇ ਦੇਸ਼ ਦੇ ਸਿਆਣੇ ਲੋਕ ਟੁੱਟੇ ਭੱਜੇ ਅੰਗ ਬੰਨ੍ਹਣੇ ਜਾਣਦੇ ਸਨ, ਸਿਆਣੇ ਸਿਆਣੇ ਲੋਕਾਂ ਨੂੰ ਭਾਲ ਕੇ ਲਿਆਏ ਹਨ ਮਾਲਵੇ ਦੇ ਸਿੱਖ ਕਿ ਸਿੰਘਾਂ ਦੇ ਜ਼ਖ਼ਮ ਬੰਨ੍ਹਾਈਏ ਖ਼ਰਾਬ ਜ਼ਖ਼ਮਾਂ ਦਾ ਇਲਾਜ਼ ਕਰਾਈਏ, ਜਿਨ੍ਹਾਂ ਸਿੰਘਾਂ ਦੀਆਂ ਲੱਤਾਂ ਬਾਹਾਂ ਟੁੱਟੀਆਂ ਸਨ, ਉਹ ਬਨ੍ਹਾਈਏ, ਸਿਆਣਿਆਂ ਬੈਦਾਂ ਹਕੀਮਾਂ

ਨੂ ਲਗਾਇਆ ਹੈ ਸਿੰਘਾਂ ਦੀ ਸੇਵਾ ਵਿਚ। ੧੫੫।

***ਤੇਲ ਪਾਇ ਟੰਗ ਧਰੀ ਪਨਾਰੇ॥*** ਲੱਤ ਨੂੰ ਠੀਕ ਤਰ੍ਹਾਂ ਬੰਨ੍ਹ ਕੇ ਤੇਲ ਪਾ ਕੇ ਪਰਨਾਲੇ ਵਿਚ ਰੱਖਿਆ ਹੈ ਸਿੱਧੀ ਕਰਕੇ, ਛੇਤੀ ਰਾਜ਼ੀ ਹੋਣ ਵਾਸਤੇ।

***ਪੈ ਮੰਜੇ ਸਿੰਘ ਮਨੀਆ ਹਾਰੇ॥*** ਮੰਜੇ 'ਤੇ ਪੂਨਾਲਾ ਬਣਾ ਕੇ ਵਿਚ ਲੱਤ ਰੱਖੀ ਸੁੱਖਾ ਸਿੰਘ ਪਿਆ ਹੈ ਆਪਣਾ ਮਨ ਹਾਰ ਕੇ ਹੁਣ ਕੀ ਕੀਤਾ ਜਾਏ? ਜ਼ਖ਼ਮ ਤਾਂ ਠੀਕ ਕਰਨਾ ਹੀ ਸੀ।

***ਫਿਰ ਕਾਰੀਗਰੁ ਕਰੀ ਤਿਆਰੇ॥*** ਫਿਰ ਕਾਰੀਗਰ ਨੇ ਤੇਲ ਦੇ ਵਿਚ ਪਾ ਕੇ, ਬੜੇ ਜਤਨ ਕਰਕੇ ਜੋ ਜੋ ਤਰੀਕੇ ਵਰਤਣ ਵਾਲੇ ਸੀ, ਲੱਤ ਠੀਕ ਕਰਨ ਵਾਸਤੇ ਵਰਤੇ ਉਨ੍ਹਾਂ ਨੇ, ਲੱਤ ਚੰਗੀ ਤਰ੍ਹਾਂ ਬਨ੍ਹਾਈ ਹੈ, ਲੱਤ ਜੁੜ ਗਈ ਹੈ, ਫਿਰ ਸਾਬਤ ਹੋ ਗਈ।

***ਮਹੀਨੇ ਪੰਜ ਛੀ ਪੁੱਜੇ ਸਾਰੇ॥੧੫੬॥*** ਸੁੱਖਾ ਸਿੰਘ ਦੀ ਲੱਤ ਠੀਕ ਹੋਣ ਨੂੰ ਸਾਰੇ ਪੰਜ ਛੇ ਮਹੀਨੇ ਲੱਗੇ ਹਨ, ਲੱਤ ਠੀਕ ਹੋ ਗਈ ਹੈ। ੧੫੬।

***ਫਿਰ ਸਿੰਘ ਮਜਨ ਕਰ ਸ਼ਸਤ੍ਰ ਪਹਰੇ॥*** ਭਾਈ ਸੁੱਖਾ ਸਿੰਘ ਨੇ ਇਸ਼ਨਾਨ ਕਰਕੇ ਫਿਰ ਸ਼ਸਤ੍ਰ ਬਸਤ੍ਰ ਪਹਿਨੇ ਹਨ।

***ਚੜ੍ਹਯੋ ਘੋੜੇ ਮੁਖ ਉਸ ਹੀ ਲਹਰੇ॥*** ਇਹ ਨਹੀ ਕਿ ਜ਼ਖ਼ਮ ਹੋਇਆ ਹੈ ਵੱਡਾ, ਸੱਟ ਵੱਜ ਗਈ ਹੈ, ਸਰੀਰ ਵਿਚ ਤਾਕਤ ਨਹੀਂ ਰਹੀ, ਬਲ ਨਹੀਂ ਰਿਹਾ ਹੈ, ਨਹੀਂ, ਕਹਿੰਦੇ ਉਸ ਹੀ ਲਹਿਰ ਵਿਚ ਫਿਰ ਚੜ੍ਹਿਆ ਹੈ ਘੋੜੇ 'ਤੇ ਜੁਆਨ। ਜਦੋਂ ਰਾਜ਼ੀ ਹੋ ਗਿਆ, ਉਸ ਵੇਲੇ ਫਿਰ ਘੋੜੇ 'ਤੇ ਅਸਵਾਰ ਹੋ ਗਿਆ ਹੈ ਸੁੱਖਾ ਸਿੰਘ। ਸ਼ਸਤ੍ਰ ਬਸਤ੍ਰ ਪਹਿਨ ਕੇ ਫਿਰ ਜੰਗ ਨੂੰ ਤਿਆਰ ਹੋ ਗਿਆ ਹੈ।

***ਇਮ ਹਮ ਸੁਨੀ ਪਿਤਾ ਤੇ ਬਾਤ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਮੇਰੇ ਪਿਤਾ ਨੇ ਮੈਨੂੰ ਸਾਰੀ ਕਹਾਣੀ ਸੁਣਾਈ ਸੀ। ਖਾਲਸੇ ਪੰਥ ਦੇ ਸਾਰੇ ਦੁੱਖਾਂ ਭੁੱਖਾਂ ਵਿਚ ਰਤਨ ਸਿੰਘ ਦੇ ਪਿਤਾ ਰਾਏ ਸਿੰਘ ਜੀ ਨਾਲ ਸਨ। ਰਤਨ ਸਿੰਘ ਜੀ ਸ਼ਯਾਮ ਸਿੰਘ ਨਾਰੋਵਾਲ ਵਾਲਿਆ ਦੇ ਦੋਹਤਰੇ ਸਨ। ਇਸ ਤਰ੍ਹਾਂ ਮੈਂ ਆਪਣੇ ਪਿਤਾ ਤੋਂ ਇਹ ਘਲੂਘਾਰੇ ਦੀ ਕਹਾਣੀ ਸੁਣੀ ਸੀ।

***ਸੁੱਖਾ ਸਿੰਘ ਤਿਸ ਲਯਾਯੋ ਸਾਥ॥੧੫੭॥*** ਸੁੱਖਾ ਸਿੰਘ ਨੂੰ ਵੀ ਉਹ (ਰਾਏ ਸਿੰਘ) ਆਪਣੇ ਨਾਲ ਲਿਆਇਆ ਸੀ, ਏਥੇ ਭੜੀ ਪਿੰਡ ਜਿਥੇ ਹੈ, ਸੁੱਖਾ ਸਿੰਘ ਦੇ ਬੈਠਿਆਂ ਤੋਂ ਇਹ ਸਾਰੀ ਵਾਰਤਾ ਮੈਨੂੰ ਮੇਰੇ ਪਿਤਾ ਨੇ ਸੁਣਾਈ ਸੀ। ੧੫੭।

ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥

# ਅਥ ਔਰ ਪ੍ਰਸੰਗ

## (ਪਹਾੜੀ ਰਾਜਿਆਂ ਦੀਆਂ ਰਿਆਸਤਾਂ ਵਿਚ ਸਿੰਘਾਂ ਨਾਲ ਸਲੂਕ)

***ਚੌਪਈ॥ ਅਬ ਮੈ ਉਨਕੀ ਬਾਤ ਸੁਨਾਊਂ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਹੁਣ ਮੈਂ ਉਨ੍ਹਾਂ ਸਿੰਘਾਂ ਦੀ ਗੱਲ ਸੁਣਾਉਂਦਾ ਹਾਂ।

***ਰਹੇ ਜੋ ਪੜੋਲ ਕਠੂਹੇ ਥਾਊਂ॥*** ਜਿਹੜੇ ਸਿੰਘ ਪੜੋਲ, ਕਠੂਹੇ ਆਦਿ ਥਾਵਾਂ 'ਤੇ ਰਹਿ ਗਏ ਸਨ, ਉਨ੍ਹਾਂ ਨਾਲ ਕੀ ਬੀਤੀ ਹੈ, ਮੈਂ ਉਹ ਗੱਲ ਸੁਣਾਉਂਦਾ ਹਾਂ।

***ਬਚੇ ਘੋੜੇ ਸੋ ਇਹ ਦਿਸ਼ ਆਏ॥*** ਜਿਹੜੇ ਘੋੜਿਆਂ ਵਾਲੇ ਸਿੰਘ ਏਸ ਘੱਲੂਘਾਰੇ ਵਿੱਚੋਂ ਬਚ ਗਏ, ਉਹ ਤਾਂ ਏਧਰ (ਜੰਗਲ) ਦੀ ਤਰਫ ਆ ਗਏ ਹਨ।

***ਬਿਨਾਂ ਘੋੜੇ ਤੇ ਪਹਾੜ ਚੜ੍ਹਾਏ॥੧॥*** ਜਿਹੜੇ ਸਿੰਘ ਘੋੜਿਆਂ ਤੋਂ ਬਗੈਰ ਪੈਦਲ ਸਨ, ਉਨ੍ਹਾਂ ਨੂੰ ਪਹਾੜਾਂ 'ਤੇ ਚੜ੍ਹਾ ਦਿੱਤਾ ਸੀ।

***ਚਹੁੰ ਵਲ ਹੋ ਗਏ ਸਿੰਘਨ ਕੇ ਫੇਰੇ॥*** ਚੌਹੀਂ-ਪਾਸੀਂ ਸਿੰਘਾਂ ਦੇ ਫੇਰੇ ਹੋ ਗਏ, ਕੁਛ ਪਹਾੜ ਨੂੰ ਚੜ੍ਹ ਗਏ, ਕੁਛ ਮਾਝੇ ਵਿਚ ਆ ਵੜੇ, ਕੁਛ ਜੰਗਲ ਦੇਸ਼ ਵਿਚ ਪਹੁੰਚ ਗਏ ਹਨ, ਇਉਂ ਸਿੰਘ ਸਾਰੇ ਦੇਸ਼ ਵਿਚ ਖਿਲਰ ਗਏ ਹਨ।

***ਐਸੇ ਭਏ ਦੁਖਨ ਕੇ ਘੇਰੇ॥*** ਏਸ ਤਰ੍ਹਾਂ ਸਿੰਘਾਂ ਨੂੰ ਘੇਰਾ ਪਾਇਆ ਹੈ, ਦੁਖਾਂ ਨੇ।

***ਉਤੈ ਦਰਯਾਇ ਸੁ ਤੁਰਤ ਰੁੜ੍ਹਾਵੈ॥*** ਉਧਰ ਤਾਂ ਜਿਹੜਾ ਵੀ ਦਰਿਆ ਵਿਚ ਡਿੱਗ ਪਿਆ ਹੈ ਪਹਾੜ ਤੋਂ, ਦਰਿਆ ਉਸ ਨੂੰ ਤੁਰਤ ਹੀ ਰੋੜ੍ਹ ਕੇ ਲੈ ਗਿਆ।

***ਉਤ ਪਹਾੜੀਏ ਗਲ ਰੱਸੀ ਪਾਵੈਂ॥੨॥*** ਓਧਰ ਜੋ ਪਹਾੜਾਂ ਵਿਚ ਜਾਂਦੇ ਸਨ, ਤਾਂ ਪਹਾੜੀਏ ਲੋਕ ਗਲਾਂ ਵਿਚ ਰੱਸੇ ਪਾ ਕੇ ਤੁਰਕਾਂ ਨੂੰ ਫੜਾ ਦਿੰਦੇ ਸਨ, ਸਿਘਾਂ ਨੂੰ। ੨।

***ਇਤੋ ਫੌਜ ਦਿਵਾਨ ਜੁ ਠਈ॥*** ਏਧਰ ਪਿੱਛੇ ਦਿਵਾਨ ਦੀ ਜੋ ਫ਼ੌਜ ਸੀ।

***ਸੋਊ ਸਿੰਘਨ ਕੋ ਕਾਟਤ ਭਈ॥*** ਉਹ ਸਿੰਘਾਂ ਨੂੰ ਮਾਰਦੀ ਸੀ, ਪਿੱਛਾ ਉਹ ਨਹੀਂ ਸੀ ਛੱਡਦੇ।

***ਅਗੈ ਰਾਹਿ ਨਹਿੰ ਲਭੈ ਪਹਾਰੀਂ॥*** ਅੱਗੇ ਪਹਾੜਾਂ ਵਿਚ ਕੋਈ ਰਸਤਾ ਨਹੀਂ ਲੱਭਦਾ ਸਿੰਘਾਂ ਨੂੰ ਕਿ ਕਿੱਧਰ ਨੂੰ ਜਾਈਏ? ਜੰਗਲ ਬੀਆਬਾਨ ਆ ਗਿਆ ਹੈ।

***ਐਸੀ ਭਈ ਸਮੇਂ ਕੀ ਕਾਰੀ॥੩॥*** ਐਸਾ ਸਮੇਂ ਦਾ ਗੇੜ ਹੋਇਆ ਹੈ ਸਿੰਘਾਂ 'ਤੇ, ਬੜੀ ਹੀ ਦੁਰਦਸ਼ਾ ਹੋਈ ਹੈ ਸਿੰਘਾਂ ਦੀ। ੩।

***ਦੋਹਰਾ॥ ਔਰ ਬਾਤ ਕਛੂ ਨਹਿੰ ਬਨੇ ਸਿੰਘਨ ਯਹ ਮਤ ਕੀਨ॥*** ਸਿੰਘਾਂ ਨੇ ਗੁਰਮਤਾ ਕਰ ਲਿਆ ਕਿ ਖਾਲਸਾ ਜੀ ! ਹੋਰ ਤਾਂ ਕੋਈ ਗੱਲ ਬਣਦੀ ਨਹੀਂ ਹੈ।

***ਉਤਰੇ ਸਭੇ ਪਿਆਦ ਹੁਇ, ਡਿਗ ਪਰੇ ਜ਼ਮੀਨ॥੪॥*** ਪੈਦਲ ਸਿੰਘ ਜਿਹੜੇ ਪਹਾੜ 'ਤੇ ਚੜ੍ਹੇ ਸਨ, ਉਹ ਪਹਾੜ ਤੋਂ ਉਤਰਦੇ ਸਮੇਂ ਧਰਤੀ 'ਤੇ ਡਿੱਗ-ਡਿੱਗ ਪੈਂਦੇ ਹਨ। ਭੁੱਖੇ ਹਨ, ਮਹੀਨੇ ਬੀਤ ਗਏ ਹਨ, ਕੁਛ ਖਾਧਾ ਨਹੀਂ, ਪੀਤਾ ਨਹੀ ਹੈ। ਪਹਾੜੀ ਲੋਕ ਸਹਾਇਤਾ ਕੋਈ ਨਹੀਂ ਕਰਦੇ, ਮੁੱਲ ਖਰੀਦਿਆਂ ਵੀ ਨਹੀਂ ਦਿੰਦੇ ਕੁਛ। ੪।

***ਚੌਪਈ॥ ਪਾਛੇ ਪੜੇ ਪਹਾੜੀਏ ਫੇਰ॥*** ਪਹਾੜੀਏ ਲੋਕ ਫਿਰ ਖਾਲਸੇ ਦੇ ਪਿੱਛੇ ਪੈ ਗਏ ਹਨ।

***ਸਿੰਘਨ ਮਾਰੇ ਕੂਟੇ ਘੇਰ॥*** ਸਿੰਘਾਂ ਨੂੰ ਘੇਰ ਕੇ ਕੁੱਟ ਕੇ ਮਾਰਦੇ ਹਨ।

***ਸਿੰਘਨ ਉਚੇ ਪ੍ਰਬਤ ਤਕਾਏ॥*** ਫਿਰ ਸਿੰਘਾਂ ਨੇ ਆਪਣੇ ਬਚਾਉ ਵਾਸਤੇ ਉੱਚੇ ਪਹਾੜਾਂ ਦਾ ਆਸਰਾ ਤੱਕਿਆ ਹੈ।

***ਹੱਥ ਨ ਪਹੁੰਚਯੋ ਤਬ ਫਿਰ ਆਏ॥੫॥*** ਪਹਾੜ ਉੱਤੇ ਹੱਥ ਨਹੀਂ ਪੈਂਦਾ ਹੈ, ਪਹਾੜ ਉੱਤੇ ਰਸਤਾ ਕੋਈ ਨਹੀਂ ਹੈ, ਪਗਡੰਡੀ ਕੋਈ ਨਹੀਂ ਹੈ, ਉਧਰ ਨੂੰ ਕਿਸੇ ਦੇ ਜਾਣ ਦਾ ਰਾਹ ਹੀ ਕੋਈ ਨਹੀਂ ਉੱਚੇ ਪਹਾੜਾਂ 'ਤੇ। ਕਿਸੇ ਥਾਂ ਹੱਥ ਨਹੀਂ ਪੈਂਦਾ ਹੈ, ਸਿੰਘ ਫਿਰ ਪਿੱਛੇ ਨੂੰ ਮੁੜ ਆਏ ਹੋਨ। ੫।

***ਐਸੀ ਆਨ ਚੁਫੇਰੀ ਪਈ॥*** ਇਉਂ ਚਾਰ-ਚੁਫੇਰਿਓਂ ਮੁਸੀਬਤ ਦੇ ਪਹਾੜ ਆ ਟੁੱਟੇ ਸਨ ਖਾਲਸੇ 'ਤੇ।

***ਸਿੰਘਨ ਪੌਰਖ ਨਾਂਹਿ ਬਸਈ॥*** ਸਿੰਘਾਂ ਦੀ (ਪੌਰਖ) ਹਿੰਮਤ ਨਹੀਂ ਪੈਂਦੀ ਹੈ, ਕੋਈ ਜ਼ੋਰ ਨਹੀਂ ਚਲਦਾ ਸਿੰਘਾਂ ਦਾ।

***ਲੂਟ ਨਹਿਂ ਸਕਹਿਂ ਮੋਲ ਨਹਿਂ ਪਾਵੈਂ॥*** ਸਿੰਘਾਂ ਵਿਚ ਹੁਣ ਲੁੱਟਣ ਜੋਗੀ ਵੀ ਤਾਕਤ ਨਹੀਂ ਹੈ, ਜਥੇਬੰਦੀ ਨਹੀਂ ਰਹੀ ਹੈ, ਜੇ ਜਥੇਬੰਦੀ ਹੋਵੇ, ਤਾਂ ਜਿਵੇਂ ਮਰਜ਼ੀ ਲੁੱਟ ਲਵੋ ਪਹਾੜੀ ਬਸ਼ਿੰਦਿਆਂ ਨੂੰ, ਜੇ ਉਨਾਂ ਨੂੰ ਲੁੱਟਦੇ ਹਨ, ਤਾਂ ਉਨਾਂ ਦੀ ਮਦਦ 'ਤੇ ਪਹਾੜੀ ਰਾਜੇ ਆ ਜਾਂਦੇ ਹਨ, ਫ਼ੌਜ ਆ ਜਾਂਦੀ ਹੈ, ਪੁਲਸ ਆ ਜਾਂਦੀ ਹੈ ਅਤੇ ਨਾ ਹੀ ਮੁੱਲ ਨੂੰ ਕੋਈ ਚੀਜ਼ ਦਿੰਦੇ ਹਨ, ਪੈਸੇ ਲੈ ਕੇ ਵੀ ਕੋਈ ਵਸਤ ਨਹੀਂ ਦਿੰਦੇ ਖਾਲਸੇ ਨੂੰ।

***ਇਤ ਕਰ ਭੂਖੇ ਮਰ ਮਰ ਜਾਵੈਂ॥੬॥*** ਇਸ ਕਰਕੇ ਸਿੰਘ ਰੋਟੀ ਪਾਣੀ ਤੋਂ ਬਿਨਾਂ ਭੁੱਖੇ ਭਾਣੇ ਮਰ ਜਾਂਦੇ ਹਨ। ੬।

***ਜਿੱਧਰ ਜਾਵੈਂ ਉਧਰੋਂ ਮਰਾਵੈਂ॥*** ਖਾਲਸੇ ਦਾ ਪੱਤਾ-ਪੱਤਾ ਵੈਰੀ ਹੋ ਗਿਆ ਹੈ, ਜਿਧਰ ਨੂੰ ਵੀ ਸਿੰਘ ਜਾਂਦੇ ਹਨ, ਉਧਰ ਹੀ ਮਾਰਦੇ ਹਨ, ਖਾਲਸੇ ਦੇ ਵੈਰੀ ਹੋ ਗਏ ਹਨ, ਸਾਰੇ।

***ਖੜ ਖੜ ਸਿੰਘ ਚੌਫੇਰ ਤਕਾਵੈਂ॥*** ਸਿਘ ਖੜ੍ਹ-ਖੜ੍ਹ ਕੇ ਚਾਰ-ਚੁਫੇਰਾ ਤੱਕਦੇ ਹਨ ਕਿ ਹੁਣ ਕਿਧਰ ਨੂੰ ਜਾਈਏ? ਕਿਹੜਾ ਰਸਤਾ ਲੱਭੀਏ? ਚਾਰ-ਚੁਫੇਰੇ ਨਿਗਾਹ ਮਾਰ ਕੇ ਵੇਖਦੇ ਹਨ ਸਿੰਘ।

***ਤਬ ਸਿੰਘਨ ਨੇ ਯਹ ਮਤ ਠਈ॥*** ਤਦ ਸਿੰਘਾਂ ਨੇ ਇਹ ਗੁਰਮਤਾ ਕੀਤਾ ਹੈ।

***ਹਮਰਿ ਪ੍ਰਬਤੀਅਨ ਬੁਰੀ ਨ ਕਈ॥੭॥*** ਇਹਨਾਂ ਪਹਾੜੀਆਂ ਦਾ ਕੁਛ ਬੁਰਾ ਤਾਂ ਅਸੀਂ ਕੀਤਾ ਨਹੀਂ ਹੈ, ਕੋਈ ਇਨ੍ਹਾਂ ਨਾਲ ਵੈਰ ਨਹੀਂ ਕੀਤਾ, ਕੋਈ ਵਿਰੋਧ ਨਹੀਂ ਕੀਤਾ ਹੈ। ਕੋਈ ਇਨ੍ਹਾਂ ਦਾ ਕਾਰਜ ਨਹੀਂ ਵਿਗਾੜਿਆ ਹੈ। ੭।

***ਸਗਵਾਂ ਪ੍ਰਬਤੀਅਨ ਕੇ ਰਿਪੁ ਮਾਰੇ॥*** ਸਗੋਂ ਪਹਾੜੀਆਂ ਦੇ ਦੁਸ਼ਮਨ ਮਾਰੇ ਸਨ। ਜਿਹੜੇ ਇਹਨਾਂ ਤੋਂ ਹਾਲਾ ਮਾਮਲਾ ਲੈਂਦੇ ਸਨ ਲਹੌਰ ਵਾਲੇ, ਉਹ ਇਹਨਾਂ ਦੇ ਦੁਸ਼ਮਣ ਮਾਰੇ ਸਨ। ਬੰਦੇ ਬਹਾਦਰ ਨੇ ਵੀ ਇਹਨਾਂ ਦੇ ਦੁਸ਼ਮਣ ਮਾਰੇ ਸਨ।

***ਹਮ ਨੇ ਇਨਕੇ ਕਾਜ ਸਵਾਰੇ॥*** ਸਿੰਘ ਵਿਚਾਰਾਂ ਕਰਦੇ ਹਨ, ਅਸੀਂ ਤਾਂ ਸਗੋਂ ਇਨ੍ਹਾਂ ਦੇ ਕਾਰਜ਼ ਸਵਾਰੇ ਸਨ, ਇਨ੍ਹਾਂ ਤੋਂ ਮਾਮਲੇ ਲੈਣ ਵਾਲੇ ਉਹ ਸਾਰੇ ਭਜਾਏ ਸਨ, ਇਨ੍ਹਾਂ ਦਾ ਤਾਂ ਭਲਾ ਕੀਤਾ ਸੀ, ਅਸੀਂ।

***ਹਮ ਤੁਰਕਨ ਸੋਂ ਜੰਗ ਮਚਾਵੈਂ॥*** ਅਸੀਂ ਤਾਂ ਇਹਨਾਂ ਵਾਸਤੇ ਤੁਰਕਾਂ ਨਾਲ ਜੰਗ ਜੁੱਧ ਲੜਦੇ ਸਾਂ।

***ਇਨਕੇ ਊਪਰ ਆਵਨ ਨ ਪਾਵੈਂ॥੮॥*** ਜਦੋਂ ਤੁਰਕਾਂ ਦਾ ਸਾਡੇ ਨਾਲ ਜੁੱਧ ਲੱਗਿਆ ਹੈ, ਤਾਂ ਇਨ੍ਹਾਂ ਉਪਰ ਕਿਸ ਤਰ੍ਹਾਂ ਆ ਸਕਦੇ ਸਨ, ਸਾਡੇ ਕਰਕੇ ਇਹਨਾਂ ਉਪਰ ਨਹੀਂ ਆ ਸਕਦੇ ਸਨ, ਤੁਰਕ। ੮।

***ਹਮ ਨੇ ਜੀਤ ਤੁਰਕ ਅਬ ਮਾਰੇ॥*** ਹੁਣ ਅਸੀਂ ਤੁਰਕਾਂ ਨੂੰ ਮਾਰ ਕੇ ਜਿੱਤ ਲਿਆ ਹੈ, ਪਹਾੜਾਂ 'ਤੇ ਆਉਣ ਜੋਗੇ ਨਹੀਂ ਰਹਿਣ ਦਿੱਤੇ।

***ਏ ਟਕਿਆਨ ਤੇ ਭਏ ਸੁਖਾਰੇ॥*** ਇਹ ਲੋਕ (ਟਕਿਅਨ) ਟਕੇ ਭਰਨ ਤੋਂ, ਮਾਮਲਾ ਨਾ ਦੇਣ ਕਰਕੇ ਸੌਖੇ ਹੋ ਗਏ ਹਨ।

***ਏ ਪਹਾੜੀਏ ਕੱਚੇ ਆਦਿ॥*** ਇਹ ਪਹਾੜੀਏ ਆਦਿ ਤੋਂ ਹੀ ਕੱਚੇ ਹਨ, ਇਹਨਾਂ ਦੀ ਮੱਤ ਬੁੱਧ ਵੀ ਕੱਚੀ ਹੈ, ਇਹਨਾਂ ਦੇ ਵਿਚਾਰ ਵੀ ਕੱਚੇ ਹਨ।

***ਕਰਯੋ ਇਨ੍ਹੈਂ ਹਮ ਗੁਰ ਸੌਂ ਬਾਦ॥੯॥*** ਪਹਾੜੀਆਂ ਦਾ ਚਰਿਤ੍ਰ ਪੇਸ਼ ਕੀਤਾ ਹੈ ਕਿ ਉਹ ਕਿੰਨੇ ਨਾਸ਼ੁਕਰੇ ਹੁੰਦੇ ਹਨ। ਇਨ੍ਹਾਂ ਨੇ ਸਾਡੇ ਸਤਿਗੁਰਾਂ ਨਾਲ ਵੀ ਝਗੜਾ ਕੀਤਾ ਹੈ, ਤੁਰਕਾਂ ਨੂੰ ਨਾਲ ਲਿਆ ਕੇ ਸ੍ਰੀ ਅਨੰਦਪੁਰ ਘੇਰਾ ਪੁਆਇਆ ਸੀ

ਸਤਿਗੁਰਾਂ ਨੂੰ, ਕਹਿੰਦੇ ਸੀ ਅਸੀਂ ਲੱਗਦੇ ਹਾਂ, ਅਸੀਂ ਲੜਾਂਗੇ, ਤੁਸੀਂ ਸਾਡੀ ਮਦਦ ਕਰੋ। ੯।

***ਅਸ ਕਹਿ ਸਿੰਘ ਸੁ ਚੜ੍ਹੇ ਪਹਾੜੀਂ॥*** ਏਸ ਤਰ੍ਹਾਂ ਕਹਿ ਕੇ ਸਿੰਘ ਪਹਾੜਾਂ ਨੂੰ ਚੜ੍ਹੇ ਹਨ ਅੱਗੇ ਨੂੰ।

***ਆਗੇ ਹੋ ਕੇ ਆਪ ਉਜਾੜੀ॥*** ਅੱਗੇ ਹੋ ਹੋ ਕੇ ਸਿੰਘ ਉਜਾੜਾਂ ਵੱਲ ਨੂੰ ਜਿਥੇ ਕੋਈ ਪਿੰਡ ਨਹੀਂ ਉਧਰ ਨੂੰ ਚਾਲਾ ਪਉਂਦੇ ਹਨ।

***ਕਈ ਹਜਾਰ ਸਿੰਘ ਪਰਬਤ ਧਸਿਆ॥*** ਸਿੰਘ ਕਿਹੜੇ ਥੋੜ੍ਹੇ ਸਨ, ਕਈ ਹਜ਼ਾਰ ਸਿੰਘ ਸੀ ਪੰਜਾਬ ਦਾ, ਸਭ ਪਹਾੜਾਂ ਵਿਚ ਜਾ ਧਸੇ।

***ਨਠੋ ਪਹਾੜ ਕਛੁ ਰਹੈ ਨ ਬਸਿਆ॥੧੦॥*** ਸਿੰਘਾਂ ਦਾ ਕੋਈ ਜ਼ੋਰ ਨਹੀਂ ਰਿਹਾ ਹੈ, ਕੋਈ ਵਾਹ ਨਹੀਂ ਜਾਂਦੀ, ਏਸ ਕਰਕੇ ਪਹਾੜਾਂ ਵਿੱਚੋਂ ਸਿੰਘ ਨੱਠ ਪਏ ਹਨ। ੧੦।

***ਪਾਛੇ ਤੁਰਕ ਸੁ ਲਾਗੇ ਜਾਵੈਂ॥*** ਪਿੱਛੋਂ ਤੁਰਕ ਸਿੰਘਾਂ ਨੂੰ ਦੱਬੀ ਤੁਰੇ ਆਉਂਦੇ ਹਨ।

***ਡਿਗੇ ਪੜੇ ਤਿਸੁ ਸੀਸ ਕਟਾਵੈਂ॥*** ਜੇ ਕੋਈ ਸਿੰਘ ਡਿੱਗਾ ਢੱਠਾ ਮਿਲ ਜਾਂਦਾ ਹੈ ਤੁਰਕਾਂ ਨੂੰ, ਉਸ ਦਾ ਸਿਰ ਵੱਢ ਲੈਂਦੇ ਹਨ।

***ਕਾਟਤ ਕੂਟਤ ਵੈ ਗਏ ਥਾਕ॥*** ਹੁਣ ਅਖ਼ੀਰ ਹੋ ਗਈ ਹੈ ਸਿੰਘਾਂ ਨੂੰ ਮਾਰਦੇ, ਲੁੱਟਦੇ, ਕੁੱਟਦੇ ਉਹ (ਤੁਰਕ) ਥੱਕ ਹੀ ਗਏ ਹਨ, ਮਾਰਦੇ-ਮਾਰਦੇ ਸਿੰਘਾਂ ਨੂੰ ਤੁਰਕ ਹੰਭ ਗਏ ਹਨ।

***ਸਿੰਘ ਨ ਨਿਖੁੱਟੇ ਰਹੇ ਕਛੁ ਬਾਕ॥੧੧॥*** ਸਤਿਗੁਰੂ ਦੀ ਕਿਰਪਾ ਰਹੀ ਹੈ, ਸਿੰਘ ਨਹੀਂ ਮਾਰੇ ਗਏ ਸਾਰੇ, ਮੁੱਕੇ ਨਹੀਂ ਹਨ ਸਿੰਘ, ਬਾਕੀ ਫਿਰ ਵੀ ਖਾਲਸਾ ਰਹਿ ਗਿਆ ਹੈ,ਬਹੁਤ ਸਾਰੇ ਸਿੰਘ ਪਹਾੜਾ ਵਿਚ ਹੀ ਰਹਿ ਗਏ ਹਨ। ੧੧।

***ਦੋਹਰਾ॥ ਕਹੂੰ ਕਹੂੰ ਸਿੰਘ ਲੜ ਪੜੈਂ, ਕਹੂੰ ਭੂਖੇ ਖਾਵੈਂ ਲੂਟ॥*** ਕਦੀ-ਕਦੀ ਸਿੰਘਾਂ ਨੂੰ ਗੁੱਸਾ ਆਉਂਦਾ ਹੈ ਕਿ ਇਹ ਦੁਸ਼ਟ ਸਾਡਾ ਪਿੱਛਾ ਨਹੀਂ ਛਡਦੇ ਹਨ, ਫਿਰ ਸਿੰਘ ਉਲਟ ਕੇ ਹੱਲਾ ਬੋਲ ਦਿੰਦੇ ਹਨ ਉਨ੍ਹਾਂ 'ਤੇ। ਜਦੋਂ ਸਿੰਘ ਭੁੱਖੇ ਹੁੰਦੇ ਤਾਂ ਕਦੇ ਲੁੱਟ ਕੇ ਉਨ੍ਹਾਂ ਤੋਂ ਖਾ ਜਾਂਦੇ ਸਨ।

***ਜਹਿਂ ਮੁੱਲ ਦੇਵੈਂ ਨਾ ਤਹਾਂ, ਖਾਵੈਂ ਪੁਟਤ ਸੁ ਬੂਟ॥੧੨॥*** ਜਿਥੇ ਕੋਈ ਪੈਸਿਆਂ ਨੂੰ ਵੀ ਰਸਤ ਬਸਤ ਮੁੱਲ ਨਹੀਂ ਦਿੰਦਾ, ਜਿਹੋ ਜਿਹੀ ਫ਼ਸਲ ਹੁੰਦੀ ਹੈ ਕੱਚੀ ਪੱਕੀ ਉਸੇ ਨੂੰ ਪੁੱਟ ਕੇ ਖਾ ਕੇ ਗੁਜ਼ਾਰਾ ਕਰ ਲੈਂਦੇ ਹਨ। ੧੨।

***ਚੌਪਈ॥ ਤਹਾਂ ਲਚਾਰ ਰਿਜਕ ਕੀ ਭਈ॥*** ਉੱਥੇ ਪਹਾੜਾਂ ਵਿਚ ਸਿੰਘਾਂ ਨੂੰ ਵੱਡਾ ਦੁਖ ਤਾਂ ਰਾਸ਼ਨ ਦਾ ਹੋ ਗਿਆ ਹੈ, (ਰਿਜ਼ਕ) ਖਾਣ ਵਾਸਤੇ ਰਾਸ਼ਨ ਨਹੀਂ ਮਿਲ ਰਿਹਾ।

***ਸਿੰਘ ਸੁ ਚੜ੍ਹ ਗਏ ਭੁੱਖੇ ਕਈ॥*** ਭੁੱਖ ਦੇ ਦੁਖ ਨਾਲ ਬਹੁਤ ਸਾਰੇ ਸਿੰਘ ਚੜ੍ਹਾਈ ਕਰ ਗਏ ਹਨ, ਭਾਵ ਪ੍ਰਲੋਕ ਗਮਨ ਕਰ ਗਏ ਹਨ।

***ਮੁੱਲ ਜੁ ਮੰਗੈਂ ਨਾ ਢੁਕੈਂ ਦੁਵਾਰੇ॥*** ਸਿੰਘ ਜੇ ਉਨ੍ਹਾਂ ਤੋਂ ਕੋਈ ਵਸਤੂ ਮੁਲ ਨੂੰ ਮੰਗਦੇ ਹਨ, ਤਾਂ ਪਹਾੜੀ ਲੋਕ ਉਨ੍ਹਾਂ ਨੂੰ ਆਪਣੇ ਘਰ ਦੇ ਦਰਵਾਜ਼ੇ ਅੱਗੇ ਨਹੀਂ ਢੁੱਕਣ ਦਿੰਦੇ, ਰਾਸ਼ਨ ਤਾਂ ਕੀ ਦੇਣਾ ਸੀ, ਉਨ੍ਹਾਂ ਤੋਂ ਆਪਣੇ ਘਰ ਦੇ ਬੂਹੇ ਬੰਦ ਕਰ ਲੈਂਦੇ ਸਨ।

***ਜੌ ਲੂਟੈਂ ਤੌ ਰਾਜੇ ਮਾਰੈਂ॥੧੩॥*** ਜੇ ਸਿੰਘ ਉਨ੍ਹਾਂ ਦੀ ਲੁੱਟ-ਮਾਰ ਕਰਦੇ ਹਨ, ਤਾਂ ਰਾਜੇ ਫ਼ੌਜ ਲੈ ਕੇ ਆ ਜਾਂਦੇ ਹਨ, ਉਹ ਮਾਰਦੇ ਹਨ। ੧੩।

***ਖ੍ਰੀਦਨ ਗਏ ਸੁ ਦੇਵੈਂ ਨਹੀਂ॥*** ਜੇ ਕੋਈ ਰਾਸ਼ਨ ਆਦਿਕ ਦੁਕਾਨ ਤੋਂ ਸਿੰਘ ਖਰੀਦ ਕਰਨ ਗਏ ਹਨ, ਤਾਂ ਉਨਾਂ ਨੂੰ ਉਹ ਲੋਕ ਮੁੱਲ ਨੂੰ ਵੀ ਕੋਈ ਚੀਜ ਨਹੀਂ ਦਿੰਦੇ।

***ਖਾਲਸੇ ਕੋ ਯਹਿ ਖ੍ਵਾਰੀ ਭਈ॥*** ਸਿੰਘਾਂ ਨੂੰ ਇਹ ਬੜੀ ਭਾਰੀ ਖੁਆਰੀ ਆ ਬਣੀ ਹੈ, ਬਹੁਤ ਹੀ ਮੁਸ਼ਕਲ ਆ ਬਣਾ ਹੈ।

***ਕੋਊ ਕਹੈ, ਏ ਬੰਦੇ ਸੰਗ ਆਏ॥*** ਸਿੰਘਾਂ ਨੂੰ ਅਗੋਂ ਤਾਹਨੇ ਮਾਰਦੇ ਹਨ ਪਹਾੜੀ ਲੋਕ ਕਿ ਇਹ ਉਹੀ ਨੇ ਜਿਹੜੇ ਬੰਦੇ ਬਹਾਦਰ ਨਾਲ ਆਏ ਸਨ, ਉਦੋਂ ਸਾਨੂੰ ਇਹਨਾਂ ਜ਼ਲੀਲ ਕੀਤਾ ਸੀ, ਸਾਨੂੰ ਆਪਣੀ ਰੱਯਤ ਬਣਾ ਲਿਆ ਸੀ।

***ਲੂਟ ਕੂਟ ਇਨ ਹਮ ਸੰਤਾਏ॥੧੪॥*** ਉਦੋਂ ਇਨ੍ਹਾਂ ਨੇ ਸਾਨੂੰ ਲੁੱਟ-ਕੁੱਟ ਕੇ ਬੜਾ ਸਤਾਇਆ ਸੀ, ਸਾਨੂੰ ਬੜਾ ਦੁਖੀ ਕੀਤਾ ਸੀ। ੧੪।

***ਬਹੁਤਨ ਦੇਖ ਸੁ ਜਾਵੈਂ ਭਾਜ॥*** ਜਦੋਂ ਸਿੰਘਾਂ ਦੀ ਗਿਣਤੀ ਬਹੁਤੀ ਵੇਖਦੇ ਹਨ, ਤਾਂ ਪਹਾੜੀ ਲੋਕ ਦੇਖ ਕੇ ਭੱਜ ਜਾਂਦੇ ਹਨ।

***ਥੋੜਨ ਕੋ ਲੁਟ ਕਰੈਂ ਇਲਾਜ॥*** ਸਿੰਘ ਜਦੋਂ ਥੋੜ੍ਹੇ ਪਹਾੜੀਆਂ ਨੂੰ ਮਿਲਦੇ ਹਨ, ਉਨ੍ਹਾਂ ਦਾ ਇਲਾਜ਼ ਵੀ ਕਰ ਜਾਂਦੇ ਹਨ, ਉਨ੍ਹਾਂ ਨੂੰ ਲੁੱਟ ਵੀ ਲੈਂਦੇ ਹਨ ਤੇ ਉਨ੍ਹਾਂ ਦਾ ਬੰਦੋਬਸਤ ਵੀ ਕਰ ਜਾਂਦੇ ਹਨ, ਚੰਗਾ ਚਾਟ੍ਹਾ ਵੀ ਛਕਾ ਜਾਂਦੇ ਹਨ।

***ਕੋਊ ਨ ਰਾਜਾ ਧੀਰ ਧਰਾਵੈ॥*** ਕੋਈ ਐਸਾ ਰਾਜਾ ਨਹੀਂ ਰਹਿ ਗਿਆ ਜਿਹੜਾ ਸਿੰਘਾਂ ਨੂੰ ਧੀਰਜ ਦੇਵੇ, ਕੋਈ ਨਹੀਂ ਸਿੰਘੋ ! ਜੇ ਤੁਹਾਡੇ 'ਤੇ ਮੁਸੀਬਤ ਬਣੀ ਹੈ, ਕੋਈ ਨਹੀਂ ਸਹਾਇਤਾ ਕਰਦਾ ਜਾਂ ਰਾਸ਼ਨ ਪਾਣੀ ਦੇਵੇ ਕੋਈ।

***ਕੋਊ ਨ ਰਾਜਾ ਗੈਲ ਛੁਡਾਵੈ॥੧੫॥*** ਕੋਈ ਐਸਾ ਰਾਜਾ ਨਹੀਂ ਰਹਿ ਗਿਆ ਜਿਹੜਾ ਅੱਗੇ ਹੋ ਕੇ ਤੁਰਕਾਂ ਨੂੰ ਰੋਕੇ, 'ਓ ਕਿਉਂ ਪਿੱਛਾ ਕਰਦੇ ਤੁਰੇ ਆਉਂਦੇ ਹੋ, ਜਾਣ ਦਿਉ ਇਨ੍ਹਾਂ ਕੋਲ ਕਿਹੜਾ ਕੋਈ ਲੜਨ ਦਾ ਕੋਈ ਸਾਜ ਹੈ, ਕੋਈ ਵੀ ਰਾਜਾ ਪਿੱਛਾ ਨਹੀਂ ਛੁਡਾਉਂਦਾ ਸਿਘਾਂ ਦਾ'। ੧੫।

***ਤਬ ਸਿੰਘਨ ਨੇ ਭੇਖ ਵਟਾਯੋ॥*** ਤਦ ਸਿੰਘਾਂ ਨੇ ਆਪਣਾ ਉਪਰਲਾ ਲਿਬਾਸ ਬਦਲ ਲਿਆ ਹੈ।

***ਕੇਸਨ ਬਾਂਧ ਸਿਰ ਜਟ ਠਹਿਰਾਯੋ॥*** ਸਿੰਘਾਂ ਨੇ ਕਛਹਿਰੇ ਉਤਾਂਹ ਚੜ੍ਹਾ ਕੇ ਉੱਤੇ ਲੰਗੋਟੀਆਂ ਕਸ ਲਈਆਂ ਹਨ, ਕੇਸਾਂ ਦੀਆਂ ਜਟਾਂ ਬਣਾਂ ਲਈਆਂ, ਸਾਧੂ ਬਣ ਗਏ ਹਨ, ਬਿਭੂਤੀਆਂ ਸਰੀਰ ਚੜ੍ਹਾ ਲਈਆਂ, ਇਹੋ ਜਿਹਾ ਭੇਸ ਬਦਲ ਲਿਆ ਹੈ, ਸਿੰਘਾਂ ਨੇ।

***ਚਾਕਰ ਹੋਨੇ ਕਰੇ ਬਨਾਇ॥*** ਕਈਆਂ ਨੇ ਨੌਕਰਾਂ ਵਾਲੇ ਭੇਸ ਬਣਾ ਲਏ ਹਨ ਕਿ ਸਾਨੂੰ ਨੌਕਰ ਰੱਖ ਲਵੋ, ਅਸੀਂ ਤੁਹਾਡਾ ਕੰਮ ਕਰਾਂਗੇ।

***ਮੰਡੀ ਕੁੱਲੂ ਲੌ ਪਹੁੰਚਯੋ ਜਾਇ॥੧੬॥*** ਸਿੰਘ ਪਹਾੜਾਂ ਨੂੰ ਚੜ੍ਹਦੇ ਹੋਏ ਕੁੱਲੂ ਤੇ ਮੰਡੀ ਤੱਕ ਜਾ ਪਹੁੰਚੇ ਹਨ, ਏਥੋਂ ਤੱਕ ਆ ਪਹੁੰਚਿਆ ਹੈ ਖਾਲਸਾ। ੧੬।

***ਔਰ ਰਾਣੀ ਕੋਊ ਨਕਟੀ ਕਹਾਵੈ॥*** ਅਤੇ ਪਹਾੜ ਵਿਚ ਇਕ 'ਨਕਟੀ ਰਾਣੀ' ਸੀ, 'ਨਕਟੀ' ਕਹਾਉਂਦੀ ਸੀ, ਖਾਲਸਾ ਉਸ ਦੀ ਰਿਆਸਤ ਵਿਚ ਪਹੁੰਚਿਆ ਹੈ।

***ਤਿਹ ਥਾਂ ਜਾਇ ਦਿਨ ਕਟੈਂ ਸੁਖਾਵੈ॥*** ਉਸ ਨੇ ਸਿੰਘਾਂ ਦਾ ਆਦਰ ਕੀਤਾ ਹੈ,ਰਾਸ਼ਨ ਪਾਣੀ ਵੀ ਉਸ ਨੇ ਦਿੱਤਾ ਸੇਵਾ ਵੀ ਕੀਤੀ ਸਿੰਘਾਂ ਦੀ, ਇਸ ਨਕਟੀ ਰਾਣੀ ਦੇ ਰਾਜ ਵਿਚ, ਉਸ ਥਾਂ ਸਿੰਘਾਂ ਨੇ ਸੁਖ ਨਾਲ ਦਿਨ ਕੱਟੇ ਹਨ।

***ਐਸੇ ਪੰਜ ਛੇ ਕਟੇ ਮਹੀਨੇ॥*** ਏਸ ਤਰ੍ਹਾਂ ਪੰਜ ਛੇ ਮਹੀਨੇ ਪਹਾੜਾਂ ਵਿਚ ਖੁਆਰ ਹੋਇਆ ਹੈ ਖਾਲਸਾ, ਏਸ ਤਰ੍ਹਾਂ ਪੰਜ ਛੇ ਮਹੀਨੇ ਬਤੀਤ ਕੀਤੇ ਹਨ ਸਿੰਘਾਂ ਨੇ।

***ਫਿਰ ਮੁੜ ਆਏ ਕੀਰਤਪੁਰੀ ਮੇਂ॥੧੭॥*** ਬਾਕੀ ਬਚੇ ਹੋਏ ਸਿੰਘ ਫਿਰ ਮੁੜ ਕੇ ਸ੍ਰੀ ਕੀਰਤਪੁਰ ਆ ਗਏ ਹਨ। ੧੭।

***ਦੋਹਰਾ॥ ਜੋਊ ਬਚਯੋ ਇਸ ਮੌਤ ਤੇ ਵਿਚ ਪਹੁੰਚ ਪਹਾੜੀ ਔਖ॥*** ਜਿਹੜੇ ਇਸ ਸਮੇਂ ਮੌਤ ਤੋਂ ਸਿੰਘ ਬਚੇ ਹਨ ਤੇ ਪਹਾੜਾਂ ਵਿਚ ਔਖੇ ਦਿਨ ਕੱਟ ਲਏ ਹਨ, ਬੜੇ ਹੀ ਮੁਸੀਬਤਾਂ ਭਰੇ ਦਿਨ ਕੱਟੇ ਹਨ।

***ਕੀਰਤਪੁਰ ਫਿਰ ਆ ਪੁਜੇ ਜੇ ਕੌ ਬਚਿਓ ਚੋਖ॥੧੮॥*** ਜੇ ਕੋਈ ਚੋਖਿਆ ਵਿੱਚੋਂ ਥੋੜ੍ਹੇ ਜਿਹੇ ਬਚ ਗਏ ਹਨ ਸਿੰਘ, ਉਹ ਕੀਰਤਪੁਰ ਆ ਪੁੱਜੇ ਹਨ। ਇਹ ਖਾਲਸੇ ਉਤੇ ਬੜੀ ਭਾਰੀ ਮੁਸੀਬਤ 'ਘੱਲੂਘਾਰਾ' ਜਿਸ ਨੂੰ ਕਹਿੰਦੇ ਹਨ। ਉਦੋਂ ਇਹ ਸਭ ਤੋਂ ਵੱਡਾ ਘੱਲੂਘਾਰਾ ਸੀ। ਵੱਡੇ ਘੱਲੂਘਾਰੇ ਵਿਚ ਅਹਿਮਦਸ਼ਾਹ ਨਾਲ ਟਾਕਰਾ ਹੋਇਆ ਹੈ ਸਿੰਘਾਂ ਦਾ, ਇਕ ਦਿਨ ਵਿਚ ਵੀਹ ਤੀਹ ਹਜ਼ਾਰ ਸਿੰਘ ਸ਼ਹੀਦ ਹੋਇਆ ਹੈ, ਉਹ ਇਕ ਦਿਨ ਦੀ ਲੜਾਈ ਸੀ। ਇਸ ਵਿਚ ਛੇ ਮਹੀਨੇ ਹੋ ਗਏ ਹਨ,ਲੜਦਿਆਂ ਭਿੜਦਿਆਂ, ਭੁੱਖ ਦਾ ਦੁਖ ਕੱਟਿਆ ਹੈ, ਉਸ ਵਕਤ ਇਹ ਵੱਡਾ ਘੱਲੂਘਾਰਾ

ਕਹਾਉਂਦਾ ਸੀ। ੧੮।

***ਛਠੇ ਮਹੀਨੇ ਲਿਖ ਚਿਠੇ ਸਿੰਘਨ ਭਯੋ ਮਿਲਾਨ॥*** ਛੇਵੇਂ ਮਹੀਨੇ ਸਿੰਘਾਂ ਨੇ ਓਧਰੋ ਓਧਰੀ ਚਿੱਠੀ ਪੱਤਰ ਕੀਤੇ, ਫਿਰ ਸਿੰਘਾਂ ਦਾ ਆਪਸ ਵਿੱਚ ਮਿਲਾਪ ਹੋਇਆ ਹੈ, ਫਿਰ ਇਕੱਤਰਤਾਈ ਹੋਣ ਲੱਗੀ ਹੈ ਵਹੀਰ ਦੀ।

***ਜੋ ਬਚਿਓ ਔ ਮਰ ਗਯੋ ਆਈ ਤਬਹਿ ਪਛਾਨ॥੧੯॥*** ਕਿਹੜਾ ਸਿੰਘ ਸ਼ਹੀਦ ਹੋ ਗਿਆ ਹੈ ਅਤੇ ਕਿਹੜਾ ਬਚਿਆ ਹੈ, ਫਿਰ ਪਛਾਣ ਆਈ ਹੈ। ਕਿ ਕਿਹੜਾ ਸਿੰਘ ਸ਼ਹੀਦ ਹੋ ਗਿਆ ਹੈ ਅਤੇ ਕਿਹੜਾ ਬਚ ਗਿਆ ਹੈ। ੧੯।

*ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥*

## ਅਥ ਔਰ ਪ੍ਰਸੰਗ

### (ਘਲੂਘਾਰੇ ਵਿਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ)

***ਚੌਪਈ॥ ਅਬ ਸੁਨ ਫਿਰ ਸਬਹਨ ਕੀ ਬਾਤ॥*** ਹੁਣ ਸਾਰਿਆਂ ਸਿੰਘਾਂ ਦੀ ਗੱਲ ਸੁਣੋਂ ਕਿ ਖਾਲਸਾ ਪੰਥ ਫਿਰ ਕਿਵੇਂ ਇਕੱਤਰ ਹੋਇਆ ਹੈ। ਜਿਨ੍ਹਾਂ ਨੇ ਐਡੀ ਦੁਖ ਭੁੱਖ ਸਹਾਰੀ ਹੈ।

***ਜਿਨ ਜਿਨ ਆਈ ਥੀ ਬਿੱਧਨ ਰਾਤ॥*** ਜਿਨ੍ਹਾਂ-ਜਿਨ੍ਹਾਂ ਸਿੰਘਾਂ 'ਤੇ (ਬਿਧਨ) ਮੌਤ ਦੀ ਰਾਤ ਆਈ ਸੀ। ਕਿੰਨੀਆਂ ਰਾਤਾਂ ਮੌਤ ਦੀਆਂ ਲੰਘੀਆਂ ਹਨ ਸਿੰਘਾਂ ਉਤੋਂ।

***ਜੋ ਜੰਗਲ ਮੈਂ ਪੁਜੇ ਸੁ ਬਾਂਚੇ॥*** ਜਿਹੜੇ ਸਿੰਘ ਜੰਗਲ ਦੇਸ਼ ਵਿਚ ਆ ਗਏ ਸਨ, ਭਾਈ ਸੁੱਖਾ ਸਿੰਘ ਨਾਲ ਉਹ ਤਾਂ ਬਚ ਗਏ ਸਨ।

***ਕੁਛ ਕੁ ਮਾਝੇ ਵੜ ਲੁਕ ਮੁੜ ਹਾਚੇ॥੧॥*** ਕੁਛ ਕੁ ਸਿੰਘ ਜਿਹੜੇ ਮਾਝੇ ਵਿਚ ਦਾਖ਼ਲ ਹੋ ਗਏ ਸਨ, ਉਹ ਲੁਕ ਛਿਪ ਕੇ ਬਘਿਆੜਾਂ ਦੀਆਂ ਖੱਡਾਂ ਵਿਚ, ਖੂਹਾਂ ਖਾਤਿਆਂ ਵਿਚ, ਭੇਸ ਵਟਾ ਕੇ ਇਉਂ ਉਨ੍ਹਾਂ ਨਿਰਬਾਹ ਕੀਤਾ ਹੈ। ਕੁਛ ਕੁ ਮਾਝੇ ਵਿਚ ਵੜ ਕੇ ਲੁਕ ਛਿਪਕੇ ਮੁੜ ਪਰਤ ਆਏ ਸਨ। ੧।

***ਔ ਜੁ ਪੜੋਲ ਫੜੇ ਸੋ ਮਾਰੇ॥*** ਅਤੇ ਜਿਹੜੇ ਪੜੋਲ ਨਗਰ ਕੋਲ ਫੜੇ ਗਏ ਸਨ ਸਿੰਘ, ਜਾਂ ਪਹਾੜੀਆਂ ਨੇ ਫੜ ਫੜ ਕੇ ਦਿੱਤਾ ਸੀ ਤੁਰਕਾਂ ਨੂੰ, ਉਹ ਤਾਂ ਸਭ ਦੇ ਸਭ ਮਾਰੇ ਗਏ।

***ਕਈ ਪਹਾੜਨ ਮੈਂ ਰਹੇ ਹਾਰੇ॥*** ਕਈ ਪਹਾੜਾਂ ਵਿਚ ਹਾਰ ਕੇ ਰਹਿ ਗਏ ਹਨ ਸਿੰਘ, ਜਿਨ੍ਹਾਂ ਦੇ ਸਰੀਰ ਹੀ ਕੰਮ ਦੇਣ ਜੋਗੇ ਨਹੀਂ ਰਹੇ, ਤੁਰਨੋਂ ਫਿਰਨੋਂ ਵੀ ਰਹਿ ਗਏ, ਉਨ੍ਹਾਂ ਨੇ ਕਿਵੇਂ ਗਰੀਬੀ ਨਾਲ ਮੰਗ ਤੰਗ ਕੇ ਗੁਜ਼ਾਰਾ ਕੀਤਾ ਹੋਊ, ਉਹ ਤਾਂ ਕਰਤਾ ਪੁਰਖ ਹੀ ਜਾਣਦਾ ਹੈ, ਜੋ ਉਨ੍ਹਾਂ ਨੇ ਮੁਸੀਬਤ ਦੇ ਦਿਨ ਕੱਟੇ ਹੋਣਗੇ।

***ਬਹੁਤੇ ਜੇਹਲ ਬਸੋਲੀਅਨ ਕਰਕੇ॥*** ਬਹੁਤੇ ਸਿੰਘ ਬਸੋਲੀ ਵਾਲਿਆਂ ਨੇ ਜਿਹਲਾਂ ਵਿਚ ਡੱਕ ਦਿੱਤੇ ਸਨ।

***ਹੱਥ ਹਥੌੜੀ ਗਲ ਟੰਕ ਭਰਕੇ॥੨॥*** ਗਲਾਂ ਵਿਚ ਤੁਉਕ ਪਾ ਕੇ ਹੱਥਾਂ ਵਿਚ ਹੱਥ ਕੜੀਆਂ ਪਾ ਕੇ ਸਿਘਾਂ ਦੇ। ੨।

***ਪਾਸ ਨਿਬਾਬ ਗਏ ਤੇ ਸਾਰੇ॥*** ਉਹ ਸਾਰੇ ਸਿੰਘ ਲਹੌਰ ਦੇ ਨਬਾਬ ਸ਼ਾਹ ਨਿਵਾਜ਼ ਦੇ ਕੋਲ ਭੇਜ ਦਿੱਤੇ ਗਏ ਸਨ।

***ਉਨਕੇ ਸੀਸਨ ਬੁਰਜ ਉਸਾਰੇ॥*** ਲਹੌਰ ਵਿਚ ਉਨ੍ਹਾਂ (ਸਿੰਘਾਂ ) ਦੇ ਸਿਰਾਂ ਦੇ ਬੁਰਜ ਉਸਾਰੇ ਗਏ ਸਨ, ਸਿਰ ਕੱਟ-ਕੱਟ ਕੇ। ਲਹੌਰ ਵਿੱਚ ਨੇਜਿਆ 'ਤੇ ਸਿੰਘਾਂ ਦੇ ਸਿਰ ਪਰੋਅ ਕੇ ਤੁਰਕ ਮੁਜ਼ਾਹਰੇ ਕਰਦੇ ਸਨ, ਐਹ ਵੇਖੋ ! ਐਨੇ ਸਿੰਘਾਂ ਦੇ

ਸਿਰ ਵੱਢ ਕੇ ਲਿਆਏ ਹਾਂ ਅਸੀਂ। ਗੱਡਿਆਂ ਦੇ ਗੱਡੇ, ਊਠ ਲੱਦ-ਲੱਦ ਕੇ ਸਿੰਘਾਂ ਦੇ ਸਿਰਾਂ ਦੇ ਨਿਬਾਬ ਨੂੰ ਵਿਖਾ ਕੇ ਇਨਾਮ ਲੈਂਦੇ ਸਨ ਅਤੇ ਆਪਣੀ ਸ਼ੁਹਰਤ ਕਰਦੇ ਸਨ, ਆਕੜ-ਆਕੜ ਕੇ ਤੁਰਦੇ ਸਨ ਤੁਰਕ।

***ਬਚੇ ਸਿੰਘ ਕਿਛ ਹਿੱਸਾ ਥੋਰਾ॥*** ਐਵੇਂ ਨਾਮ ਮਾਤ੍ਰ ਥੋੜ੍ਹਾ ਜਿਹਾ ਹਿੱਸਾ ਸਿੰਘਾਂ ਦਾ ਬਚਿਆ ਹੈ।

***ਰਹਯੋ ਨ ਤਿਨ ਪੈ ਚੜ੍ਹਨੋ ਘੋੜਾ॥੩॥*** ਉਨ੍ਹਾਂ ਵਿਚਾਰਿਆਂ (ਸਿੰਘਾਂ)ਕੋਲ ਨਾ ਕੋਈ ਲੀੜਾ ਨਾ ਕੱਪੜਾ, ਚੜ੍ਹਨ ਵਾਸਤੇ ਉਨ੍ਹਾਂ ਕੋਲ ਕੋਈ ਘੋੜਾ ਆਦਿਕ ਸਵਾਰੀ ਵੀ ਨਾ ਰਹੀ, ਪੈਦਲ ਹੀ ਰਹਿ ਗਏ ਸਨ, ਬੜਾ ਬੁਰਾ ਹਾਲ ਹੋ ਗਿਆ ਹੈ ਸਿੰਘਾਂ ਦਾ। ੩।

***ਦੋਹਰਾ॥ ਸੁੱਖਾ ਸਿੰਘ ਸੰਗ ਜੋ ਗਏ ਹਜ਼ਾਰ ਦੋਇ ਕੈ ਤੀਨ॥*** ਭਾਈ ਸੁੱਖਾ ਸਿੰਘ ਦੇ ਨਾਲ ਜੋ ਦੋ ਤਿੰਨ ਕੁ ਹਜ਼ਾਰ ਸਿੰਘ ਜੋ ਜੈਤੋ ਦੇ ਇਲਾਕੇ ਵਿਚ ਗਿਆ ਸੀ।

***ਇਨ ਪੈ ਘੋੜੇ ਜੋ ਬਚਯੋ ਬੀਜ ਮਾਤ੍ਰ ਗਿਨ ਲੀਨ॥੪॥*** ਇਨ੍ਹਾਂ ਸਿੰਘਾਂ ਕੋਲ ਜੇ ਕੋਈ ਘੋੜਾ ਬਚਿਆ ਹੈ, ਤਾਂ ਉਸ ਨੂੰ (ਬੀਜ ਮਾਤ੍ਰ) ਨਾਮ ਮਾਤ੍ਰ, ਅਸਲੋਂ ਥੋੜ੍ਹੇ ਗਿਣ ਲਵੋ, ਭਾਵ ਬਹੁਤ ਹੀ ਘੱਟ ਗਿਣਤੀ ਦੇ ਘੋੜੇ ਬਚੇ ਹਨ। ੪।

***ਚੌਪਈ॥ ਕੋਊ ਕਹੈ ਮੋਏ ਚਾਲੀ ਹਜ਼ਾਰ॥*** ਭਾਈ ਸਾਹਿਬ ਜੀ ਕਹਿੰਦੇ ਹਨ, ਕੋਈ ਤਾਂ ਕਹਿੰਦੇ ਹਨ ਘੱਲੂਘਾਰੇ ਵਿਚ ਚਾਲੀ ਹਜ਼ਾਰ ਸਿੰਘ ਮਰੇ ਸਨ।

***ਕੋਊ ਕਹੈ ਸਿੰਘ ਬਹੁ ਭਏ ਮਾਰ॥*** ਕੋਈ ਇਹ ਕਹਿੰਦੇ ਸਨ ਕੋਈ ਗਿਣਤੀ ਨਹੀਂ, ਚਾਲੀ ਹਜ਼ਾਰ ਨਹੀਂ ਸਿੰਘ ਤਾਂ ਬਹੁਤੇ ਮਾਰੇ ਗਏ ਸਨ, ਸ਼ਹੀਦ ਸਿੰਘਾਂ ਦੀ ਗਿਣਤੀ ਤਾਂ ਇਸ ਤੋਂ ਕਿਤੇ ਜ਼ਿਆਦਾ ਹੈ।

***ਕੋਊ ਕਹੈ ਸਿੰਘ ਚਾਲੀ ਸਾਰੇ॥*** ਕੋਈ ਕਹਿੰਦੇ ਹਨ, ਸਿੰਘ ਚਾਲੀ ਹਜ਼ਾਰ ਹੀ ਸਨ ਸਾਰੇ ਗਿਣਤੀ ਦੇ, ਜ਼ਿਆਦਾ ਨਹੀਂ ਸਨ ਇਸ ਤੋਂ।

***ਤਿਨ ਮੈਂ ਬਚੇ ਛੇ ਸਤ ਕੁ ਸਾਰੇ॥੫॥*** ਉਨ੍ਹਾਂ ਵਿੱਚੋਂ ਛੇ ਸੱਤ ਕੁ ਹਜ਼ਾਰ ਬਚੇ ਸੀ ਸਾਰੇ ਬਾਕੀ ਦੇ, ਚਾਲੀ ਹਜ਼ਾਰ ਦਾ ਚਾਲੀ ਹਜ਼ਾਰ ਸ਼ਹੀਦ ਹੋ ਗਿਆ ਸੀ, ਕਈ ਲਿਖਾਰੀ ਏਸ ਤਰ੍ਹਾਂ ਕਹਿੰਦੇ ਹਨ। ੫।

***ਕੋਊ ਕਹੈ ਦਲ ਆਹਿ ਪਚਾਸ॥*** ਕੋਈ ਕਹਿੰਦਾ ਹੈ ਸਾਰੇ ਬੁੱਢੇ ਦਲ ਦੀ ਗਿਣਤੀ ਪੰਜਾਹ ਕੁ ਹਜ਼ਾਰ ਸੀ।

***ਤਿਨ ਮੈਂ ਭਯੋ ਚਾਲੀ ਕੋ ਨਾਸ॥*** ਉਨ੍ਹਾਂ ਪੰਜਾਹ ਹਜ਼ਾਰ ਦੇ ਦਲ ਪੰਥ ਵਿੱਚੋਂ ਚਾਲੀ ਹਜ਼ਾਰ ਦਾ ਨਾਸ ਹੋ ਗਿਆ ਹੈ, ਚਾਲੀ ਹਜ਼ਾਰ ਸਿੰਘ ਸ਼ਹੀਦੀਆਂ ਪਾ ਗਏ ਸਨ।

***ਕੋਊ ਕਹੈ ਸਿੰਘ ਹੋਤੇ ਘਨੇ॥*** ਕੋਈ ਕਹਿੰਦਾ ਹੈ ਆਪੋ ਆਪਣੀ ਮੱਤ ਅਨੁਸਾਰ ਸਿੰਘ ਤਾਂ ਇਸ ਤੋਂ ਬਹੁਤ ਜ਼ਿਆਦਾ ਸਨ, ਉਨ੍ਹਾਂ ਦੀ ਕੋਈ ਗਿਣਤੀ ਨਹੀਂ ਸੀ ਹੋ ਸਕਦੀ।

***ਪਰਤ ਨਹੀਂ ਜੋ ਮੂਏ ਗਨੇ॥੬॥*** ਜੋ ਸਿੰਘ ਮਰੇ ਹਨ, ਉਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ੬।

***ਸੋ ਲਿਖ ਦੀਨੀ ਜੋ ਹਮ ਸੁਨੀ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿਵੇਂ-ਜਿਵੇਂ ਮੈਂ ਸਿੰਘ ਤੋਂ ਸੁਣਿਆਂ ਹੈ, ਉਹ ਲਿਖ ਦਿੱਤਾ ਹੈ।

***ਪਰਤ ਨਹੀਂ ਕੁਛ ਗਿਨਤੀ ਗਨੀ॥*** ਇਸ ਲਈ ਉਨ੍ਹਾਂ ਸਿੰਘਾਂ ਦੀ ਸਹੀ ਗਿਣਤੀ ਨਹੀਂ ਦੱਸੀ ਜਾ ਸਕਦੀ, ਜੇ ਆਪਾਂ ਗਿਣਤੀ ਕਰੀਏ।

***ਜੋ ਮੁਹਿ ਪਿਤਾ ਥੋ ਮੋਹਿ ਸੁਨਾਯੋ॥*** ਜੋ ਮੇਰੇ ਪਿਤਾ ਨੇ ਮੈਨੂੰ ਸੁਣਾਇਆ ਹੈ ਜੋ ਉਸ ਮੁਸੀਬਤ ਵੇਲੇ ਪੰਥ ਦੇ ਨਾਲ ਸਨ।

***ਰਤਨ ਸਿੰਘ ਨੇ ਸੋਊ ਲਿਖਾਯੋ॥੭॥*** ਮੈ ਰਤਨ ਸਿੰਘ ਨੇ ਉਹੀ ਅੱਗੇ ਲਿਖਾ ਦਿੱਤਾ ਹੈ ਕੈਪਟਨ ਮਰੇ ਸਾਹਿਬ ਨੂੰ, ਜੋ ਮੇਰੇ ਪਿਤਾ ਨੇ ਅੱਖੀਂ ਵੇਖਿਆ ਮੈਨੂੰ ਸੁਣਾਇਆ ਸੀ। ੭।

***ਦੋਹਰਾ॥ ਸੰਮਤ ਠਾਰਾਂ ਸੈ ਹੁਤੋ ਊਪਰ ਤੀਨ ਸੁ ਸਾਲ॥*** ਬਿਕ੍ਰਮੀ ਸੰਮਤ ਅਠਾਰਾਂ ਸੌ ਦੇ ਉਪਰ ਤਿੰਨ ਸਾਲ (੧੮੦੩)

ਸੀ। ਅਠਾਰਾ ਸੌ ਤਿੰਨ ਸੰਮਤ ਬਿਕ੍ਰਮੀ ਸੀ, ਉਸ ਵੇਲੇ ।

***ਘਲਘਾਰੋ ਵਡ ਕਰਯੋ ਤੁਰਕਨ ਸਿੰਘਨ ਨਾਲ॥੮॥*** ਤੁਰਕਾਂ ਨੇ ਸਿੰਘਾਂ ਨਾਲ ਵੱਡਾ ਘੱਲੂਘਾਰਾ ਕੀਤਾ ਹੈ।

ਇਤਿ ਸ੍ਰੀ ਲਖੂ ਔ ਸਾਹਿ ਨਿਵਾਜ਼ ਕੀਯੋ ਖਾਲਸੇ ਕੇ ਘਲੂਘਾਰੇ ਪੜ੍ਹੋਲ ਕਨੂਹੇ ਕੀ ਪੂਰਣੰਹਿ। ੮।

***ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥***

# ਸਾਖੀ ਲਖੂ ਔ ਸ਼ਾਹਿ ਨਿਵਾਜ਼ ਸਿਰ ਹੋਣੀ ਕੀ

## (ਅਹਿਮਦ ਸ਼ਾਹ ਦਾ ਹਮਲਾ, ਲੱਖੂ ਸਿੰਘਾਂ ਦੇ ਹਵਾਲੇ)

***ਦੋਹਰਾ॥ ਸ਼ਾਹ ਨਵਾਜ਼ ਗਰੋਰ ਵਧਯੋ ਸਿੰਘਨ ਕੋ ਤਬ ਮਾਰ॥*** ਵੱਡੇ ਘਲੂਘਾਰੇ ਵਿਚ ਵੱਡੀ ਗਿਣਤੀ ਵਿਚ ਸਿੰਘ ਨੂੰ ਸ਼ਹੀਦ ਕਰਕੇ ਲਹੌਰ ਦੇ ਸੂਬੇਦਾਰ ਸ਼ਾਹ ਨਿਵਾਜ਼ ਨੂੰ ਬੜਾ ਭਾਰੀ (ਗਰਰੋ) ਗਰੂਰ, ਹੰਕਾਰ ਵਧ ਗਿਆ ਹੈ।

***ਕਹਿ ਪਤਿਸ਼ਾਹੀ ਮੈਂ ਕਰੂੰ ਜਾ ਦਿੱਲੀ ਤਖਤ ਸੰਭਾਰ॥੧॥*** ਅਮੀਰਾਂ ਵਜ਼ੀਰਾਂ ਨੂੰ ਕਹਿੰਦਾ ਹੁਣ ਮੈਂ ਦਿੱਲੀ ਜਾ ਕੇ ਤਖ਼ਤ ਸੰਭਾਲਾਂਗਾ ਤੇ ਬਾਦਸ਼ਾਹੀ ਕਰਾਂਗਾ ਦਿੱਲੀ ਦੀ। ੧।

***ਲੱਖੂ ਸ਼ਾਹ ਨਿਵਾਜ਼ ਸਿਰ ਆਈ ਬੁਰਾਈ ਦੋਇ॥*** ਦਿਵਾਨ ਲੱਖੂ ਖੱਤਰੀ ਤੇ ਸ਼ਾਹ ਨਿਵਾਜ ਸੂਬਾ ਲਹੌਰ ਦੋਵਾਂ ਦੇ ਸਿਰ ਬੁਰਿਆਈ ਆਈ ਹੈ, ਖਾਲਸੇ 'ਤੇ ਜ਼ੁਲਮ ਕਰਨ ਦਾ ਸਾਰਾ ਪਾਪ ਇਨ੍ਹਾਂ ਦੋਵਾਂ ਦੇ ਸਿਰ ਚੜ੍ਹਿਆ ਹੈ।

***ਦੇਖੋ ਸਤਿਗੁਰ ਕੀ ਕਲਾ ਕਯਾ ਉਨ ਸਿਰ ਹੋਣੀ ਹੋਇ॥੨॥*** ਸਤਿਗੁਰੂ ਜੀ ਦੀ ਕਲਾ ਦੇਖੋ, ਉਨ੍ਹਾਂ ਦੇ ਸਿਰ ਕੀ ਹੋਣੀ ਵਾਪਰਦੀ ਹੈ। ੨।

***ਹੈ ਭਾਵੀ ਕੋ ਭਾਵ ਯੌ ਬਡ ਪਾਪੀਓਂ ਪਾਪ ਕਰਾਇ॥*** ਕਹਿੰਦੇ ਭਾਵੀ ਦਾ ਭਾਵ ਇਹ ਹੈ, ਜਦੋਂ ਭਾਵੀ ਆਉਂਦੀ ਹੈ, ਤਾਂ ਪਾਪੀਆਂ ਤੋਂ ਵੱਡੇ-ਵੱਡੇ ਪਾਪ ਕਰਵਾ ਦਿੰਦੀ ਹੈ, ਜਦੋਂ ਬਹੁਤੇ ਪਾਪ ਕਰ ਲੈਂਦੇ ਹਨ ਪਾਪੀ ਲੋਕ।

***ਭਾਰੋਂ ਭਾਰੋ ਹੁਇ ਵਜ਼ਨ ਤੇ ਬੇੜੋ ਭਰਯੋ ਡੁਬਾਇ॥੩॥*** ਜੇ ਬੇੜੇ ਵਿਚ ਭਾਰ ਲੱਦੀ ਜਾਈਏ, ਲੱਦੀ ਜਾਈਏ, ਬੇੜੇ ਦੀ ਸਮਰੱਥਾ ਤੋਂ ਬਹੁਤਾ ਭਾਰ ਲੱਦ ਦੇਈਏ, ਤਾਂ ਡੁੱਬਣਾ ਹੀ ਹੈ, ਫਿਰ ਏਸੇ ਤਰ੍ਹਾਂ ਏਨ੍ਹਾਂ ਪਾਪੀਆਂ ਦਾ ਪਾਪਾਂ ਨਾਲ ਬੇੜਾ ਭਰਿਆ ਹੈ, ਜਿਉਂ ਪਾਪ ਕਰੀ ਗਏ ਹਨ, ਹਟੇ ਹੀ ਨਹੀਂ ਹਨ, ਉਦੋਂ ਹੀ ਇਹਨਾਂ ਨੂੰ ਸੁਰਤ ਆਈ ਹੈ ਜਦੋਂ ਬੇੜਾ ਹੀ ਡੁੱਬ ਗਿਆ ਹੈ ਇਨ੍ਹਾਂ ਦਾ, ਦੁਸ਼ਟਾਂ ਦਾ ਬੇੜਾ ਡੁੱਬ ਗਿਆ ਹੈ, ਪਾਪਾਂ ਨਾਲ ਬਹੁਤਾ ਭਾਰੀ ਹੋ ਕੇ। ੩।

***ਔਰ ਕਹਨ ਤਿਸ ਕਯਾ ਕਹੋਂ ਗੁੜ ਕਹਨੋਂ ਦੀਓ ਹਟਾਇ॥*** ਹੋਰ ਕਹਿਣ ਨੂੰ ਉਨ੍ਹਾਂ ਨੂੰ ਕੀ ਕਹੀਏ, ਉਹਨਾਂ ਨੇ ਤਾਂ ਗੁੜ ਕਹਿਣਾ ਵੀ ਹਟਾ ਦਿੱਤਾ ਹੈ, ਕਹਿੰਦੇ ਗੁੜ ਨਾ ਆਖੋ ਜੋ ਲੰਡੇ ਲਫਜ਼ ਬਾਣੀਏ ਲਿਖਦੇ ਹਨ, ਉਨ੍ਹਾਂ ਵਿਚ ਜੇ ਗੁੜ ਲਿਖੀਏ ਤਾਂ ਗੁਰ ਕਿਹਾ ਜਾਂਦਾ ਹੈ।

***ਗੁੜ ਕਹਣੇ ਮੈਂ ਗੁਰ ਸੁਨਯੋਂ, ਮਿਠਾਈ ਦੀਯੋ ਅਖਾਇ॥੪॥*** ਉਨ੍ਹਾਂ ਨੂੰ ਗੁੜ ਕਹਿਣ ਦੇ ਵਿਚ ਗੁਰ ਸੁਣਿਆ ਹੈ, ਲੱਖੂ ਨੇ ਗੁੜ ਨੂੰ ਮਿਠਿਆਈ ਕਹਿਣਾ ਸ਼ੁਰੂ ਕਰਵਾ ਦਿੱਤਾ। ੪।

***ਚੌਪਈ॥ ਤਬ ਲੱਖੂ ਨੇ ਹੋਕਾ ਦਿਵਾਯੋ॥*** ਤਦ ਲੱਖੂ ਨੇ ਸਾਰੀ ਪਰਜ਼ਾ ਵਿਚ ਡੌਂਡੀ ਪਿਟਾ ਦਿੱਤੀ ਹੈ।

***'ਨਾਨਕ ਕੋ ਨਾਨੂ ਕਹਿਵਾਯੋ॥*** ਅੱਜ ਤੋਂ ਨਾਨਕ ਨੂੰ ਗੁਰੂ ਨਾਨਕ ਨਹੀਂ ਕਹਿਣਾ ਕਿਸੇ ਨੇ, ਨਾਨੂੰ ਆਖੋ, ਗੁਰੂ ਨਾਨਕ ਸਾਹਿਬ

ਜੀ ਨੂੰ ਲੋਕਾਂ ਤੋਂ ਨਫ਼ਰਤ ਨਾਲ ਨਾਨੂੰ ਕਹਾਇਆ ਹੈ। ਜੇ ਕਿਸੇ ਨੂੰ ਮੈਂ ਗੁਰੂ ਨਾਨਕ ਕਹਿੰਦਾ ਸੁਣ ਲਿਆ, ਉਸ ਨੂੰ ਤੁਰਕ ਬਣਾ ਕੇ ਛੱਡਾਂਗਾ।

***ਨਾਨਕ ਬਾਣੀ ਸੁਨੈ ਜੁ ਕਾਂਨ॥*** ਜੇ ਕਿਸੇ ਨੇ ਆਪਣੇ ਕੰਨਾਂ ਨਾਲ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਨੂੰ ਸੁਣਿਆ।

***ਤਾਂਹਿ ਕਰਾਵੋਂ ਮੁਸਲਮਾਨ॥੫॥*** ਉਸ ਨੂੰ ਫੜ ਕੇ ਮੈਂ ਮੁਸਲਮਾਨ ਕਰਵਾ ਦਿਆਂਗਾ, ਮੈਂ ਉਸ ਸਿੱਖ ਨੂੰ ਹਿੰਦੂ ਹੀ ਨਹੀਂ ਰਹਿਣ ਦੇਣਾ ਹੈ। ੫।

***ਗ੍ਰੰਥ ਪੋਥੀ ਹਥ ਆਵਹਿ ਵਾਹਿ॥*** ਜੇ ਉਸ ਦੇ ਹੱਥ ਗ੍ਰੰਥ ਜਾਂ ਪੋਥੀ ਆ ਜਾਵੇ ਗੁਰਬਾਣੀ ਦੀ।

***ਮਧ ਦਰਿਆਇ ਡੁਬਾਵੈ ਤਾਂਹਿ॥*** ਉਸ (ਪੋਥੀ) ਨੂੰ ਦਰਿਆ ਵਿਚ ਡੁਬੋ ਦਿੰਦਾ ਹੈ।

***ਕਹਿ ਮੈਂ ਨਾਨਕ ਪੰਥ ਮਿਟਾਊਂ॥*** ਲੱਖੂ ਦੁਸ਼ਟ ਕਹਿੰਦਾ ਹੈ, 'ਮੈਂ ਗੁਰੂ ਨਾਨਕ ਦਾ ਪੰਥ ਮਿਟਾ ਦਿਆਂਗਾ' ਸੰਸਾਰ ਤੋਂ।

***ਮੈਂ ਭੀ ਖੱਤ੍ਰੂ ਤਊ ਕਹਾਊਂ॥੬॥*** ਮੈਂ ਵੀ ਤਾਂ ਹੀ ਖੱਤਰੀ ਕਹਾਵਾਂਗਾ, ਜਦੋਂ ਗੁਰੂ ਨਾਨਕ ਸਾਹਿਬ ਦਾ ਚਲਾਇਆ ਪੰਥ ਮਿਟਾ ਦਿਆਂਗਾ। ੬।

***ਦੋਹਰਾ॥ ਜਬੈ ਜਗਤ ਮੈਂ ਯੌ ਭਈ, ਸੁਨੀ ਬਾਤ ਦਰਗਾਹਿ॥*** ਜਦੋਂ ਜਗਤ ਵਿਚ ਐਸੀ ਦਸ਼ਾ ਹੋਈ, ਤਾਂ ਦਰਗਾਹ ਵਿਚ ਜਾ ਪੁਕਾਰ ਹੋਈ ਹੈ, ਦਰਗਾਹ ਵਿਚ ਜਾ ਰੌਲਾ ਪਿਆ।

***ਤੌ ਪਾਰਖਦ ਕਰਤੇ ਪੁਛੈ, ਯਹ ਕਯਾ ਭਈ ਰਜਾਇ?॥੭॥*** ਪ੍ਰਮੇਸ਼ਰ ਨੇ ਕਰਤੇ ਪੁਰਖ ਨੇ (ਪਾਰਖਦ) ਦਰਬਾਰੀਆਂ ਨੂੰ ਆਪਣਿਆ ਨੂੰ ਪੁੱਛਿਆ ਹੈ ਕਿ ਇਹ ਕੀ ਹੋ ਗਿਆ ਹੈ? ਜਗਤ ਵਿਚ ਹਨੇਰਾ ਹੋ ਗਿਆ ਹੈ, ਰੋਸ਼ਨੀ ਨਹੀਂ ਦਿਸਦੀ,ਇਹ ਸਾਰੇ ਪਾਪ ਹੀ ਪਾਪ ਹੋ ਰਿਹਾ ਹੈ, ਕੋਈ ਧਰਮ ਕਰਮ ਨਹੀਂ ਹੋ ਰਿਹਾ ਹੈ, ਇਹ ਗੱਲ ਕੀ ਹੋਈ ਹੈ। ੭।

***ਚੌਪਈ॥ ਤਬੈ ਪਾਰਖਦ ਐਸੀ ਕਹੀ॥*** ਤਦ ਉਨ੍ਹਾਂ ਪ੍ਰਮੇਸਰ ਦੇ (ਪਾਰਖਦ) ਦਰਬਾਰੀਆਂ ਨੇ ਏਸ ਤਰ੍ਹਾਂ ਬਿਆਨ ਦਿੱਤਾ ਹੈ।

***'ਨਾਨਕ ਕੀ ਨਿੰਦਿਯਾ ਜਗ ਭਈ॥*** ਹੇ ਪ੍ਰਮੇਸ਼ਰ ਜੀ ! ਗੁਰੂ ਨਾਨਕ ਦੀ ਨਿੰਦਿਆ ਹੋ ਰਹੀ ਹੈ ਜਗਤ ਵਿਚ।

***ਤੁਮ'ਤਾਕੋ ਕੁਛ ਵੱਟਾ ਨ ਲਾਯੋ॥*** ਹੇ ਵਾਹਿਗੁਰੂ ਤੁਸੀਂ ਉਨਾਂ ਨੂੰ ਕੋਈ ਸਜ਼ਾ ਨਾ ਦਿੱਤੀ।

***ਯੌ ਅੰਧੇਰ ਹ੍ਵੈ ਜਗ ਮੈਂ ਆਯੋ॥੮॥*** ਇਉਂ ਹਨੇਰਾ ਜੱਗ ਵਿਚ ਹੋਇਆ ਹੈ। 'ਗੁਰਬਾਣੀ ਇਸ ਜਗ ਮਹਿ ਚਾਨਣੁ' ਗੁਰਬਾਣੀ ਨੇ ਰੋਸ਼ਨੀ ਕਰ ਦਿੱਤੀ ਸੀ ਗਿਆਨ ਦੀ। ਲੋਕ ਪ੍ਰਮੇਸ਼ਰ ਦਾ ਨਾਮ ਸਿਮਰਨ ਕਰਨ ਲੱਗ ਪਏ ਸਨ। ਜਦੋਂ ਪ੍ਰਮੇਸ਼ਰ ਦਾ ਨਾਮ ਸਿਮਰਨ ਕਰਨੋਂ ਹਟ ਗਏ ਲੋਕ, ਤਾਂ ਆਪੇ ਹਨੇਰਾ ਹੋਣਾ ਸੀ, ਮੇਰਾ ਸੇਵਕ ਕੋਈ ਨਹੀਂ ਰਿਹਾ ਪ੍ਰਮੇਸ਼ਰ ਨੇ ਕਿਹਾ। ੮।

***ਦੋਹਰਾ॥ ਜਿਮ ਅੰਧੇਰ ਘਰ ਦੀਪ ਹੁਇ, ਮਧ ਸੂਰਜ ਚੜ੍ਹੇ ਅਕਾਸ਼॥*** ਜਿਵੇਂ ਹਨੇਰੇ ਘਰ ਵਿਚ ਦੀਵਾ ਹੋਵੇ ਤਾਂ ਚਾਨਣ ਹੁੰਦਾ ਹੈ, ਅਕਾਸ਼ ਵਿਚ ਸੂਰਜ ਚੜ੍ਹੇ ਤੋਂ ਚਾਨਣ ਹੁੰਦਾ ਹੈ।

***ਤਿਮ ਥੀ ਬਾਨੀ ਨਾਨਕਹਿ, ਸੁਨ ਜਗ ਹੋਤ ਪ੍ਰਕਾਸ਼॥੯॥*** ਓਵੇਂ ਹੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਸੀ ਸੰਸਾਰ ਵਿਚ ਜਿਸ ਨੂੰ ਸੁਣਨ ਕਰਕੇ ਗਿਆਨ ਦਾ ਪ੍ਰਕਾਸ਼ ਹੁੰਦਾ ਸੀ। ੯।

***ਚੌਪਈ॥ ਤਬ ਕਰਤੇ ਨੇ ਯੌਂ ਫੁਰਮਾਈ॥*** ਤਾਂ ਕਰਤੇ ਪੁਰਖ ਨੇ ਇਉਂ ਹੁਕਮ ਕੀਤਾ ਹੈ।

***ਨਿੰਦਕ ਦਿਹੋਂ ਸਜਾਇ ਬਨਾਈ॥*** ਗੁਰ ਦੇ ਨਿੰਦਕਾਂ ਨੂੰ ਮੈਂ ਐਸੀ ਸਜਾ ਦੇਵਾਂਗਾ ਬਣਾ ਕੇ।

***ਜਿਨ ਕੀਨੀ ਸੋ ਤਿਸੈ ਭੁੰਚਾਵੋਂ॥*** ਜਿਨ੍ਹਾਂ ਨਿੰਦਕਾਂ ਨੇ ਗੁਰੂ ਨਾਨਕ ਦੀ ਨਿੰਦਿਆ ਕੀਤੀ ਹੈ, ਜਿਨ੍ਹਾਂ ਬੇਈਮਾਨਾਂ ਨੇ ਪਾਪ ਕੀਤਾ ਹੈ, ਉਸ ਦਾ ਫਲ ਮੈ ਉਨ੍ਹਾਂ ਨੂੰ ਹੁਣੇ-ਭੁਗਤਾਉਂਦਾ ਹਾਂ।

***ਤੁਰਤ ਸੁ ਤਿਸ ਹੀ ਅਗੈ ਲਿਆਵੋਂ॥੧੦॥*** ਤੁਰਤ-ਫੁਰਤ ਹੀ ਉਨ੍ਹਾਂ ਦੇ ਮਾੜੇ ਕਰਮਾਂ ਦਾ ਫਲ ਉਨ੍ਹਾਂ ਦੇ ਅੱਗੇ ਲਿਆਵਾਂਗਾ। ੧੦।

***ਜਬ ਕਰਤੇ ਨੇ ਐਸੀ ਕਹੀ॥*** ਜਦੋਂ ਕਰਤੇ ਪੁਰਖ ਨੇ ਐਸੇ ਆਖਿਆ

***ਕਰਨੇਹਾਰਨ ਵੈਸੀ ਠਈ॥*** (ਕਰਨਹਾਰ) ਹੋਣੀ ਨੇ ਉਸੇ ਤਰ੍ਹਾਂ ਕਰਨ ਦੀ ਠਾਣ ਲਈ ਹੈ।

***ਖੜੋ ਕਰਾਯੋ ਕਾਬਲੋਂ ਸ਼ਾਹਿ॥*** ਕਾਬਲ ਸ਼ਹਿਰ ਵਿੱਚੋਂ ਅਹਿਮਦ ਸ਼ਾਹ ਅਬਦਾਲੀ ਨੂੰ ਤਿਆਰ ਕਰ ਦਿੱਤਾ ਹੈ।

***ਸੋਊ ਤੁਰਾਯੋ ਲਹੌਰਹਿ ਰਾਹਿ॥੧੧॥*** ਉਸ ਨੂੰ ਪ੍ਰੇਰ ਕੇ ਹੋਣੀ ਨੇ ਲਹੌਰ ਦੇ ਰਸਤੇ ਨੂੰ ਤੋਰ ਦਿੱਤਾ ਹੈ। ੧੧।

***ਜਿਮ ਕੰਟੇ ਸੋਂ ਕੰਟਾਂ ਨਿਕਾਰਨ॥*** ਜਿਵੇਂ ਪੈਰ ਵਿਚ ਕਿੱਕਰ ਬੇਰੀ ਆਦਿਕ ਦਾ ਕੰਡਾ ਲੱਗ ਜਾਏ ਦੂਜੀ (ਕੰਟੇ) ਸੂਲ ਨਾਲ ਕੱਡਾ ਕੱਢ ਦੇਈਦਾ ਹੈ।

***ਤਿਮ ਤੁਰਕਨ ਕੂੰ ਤੁਰਕ ਸੁ ਗਾਰਨ॥੧੨॥*** ਉਵੇਂ ਹੀ ਤੁਰਕਾਂ ਨੂੰ ਤੁਰਕ ਹੀ ਮਾਰਨਗੇ ਹੁਣ, ਪ੍ਰਮੇਸ਼ਰ ਨੇ ਐਸੀ ਬਣਤ ਬਣਾ ਦਿੱਤੀ ਹੈ। ੧੨।

***ਦੋਹਰਾ॥ ਠਾਰਾਂ ਸੈ ਚਰੋਤ੍ਰੈ ਉਠਯੋ ਉਪੱਦ੍ਰਵ ਧਾਇ॥*** ਸੰਮਤ ਬਿਕ੍ਰਮੀ ਅਠਾਰਾਂ ਸੌ ਤੋਂ ਚਾਰ ਉਪਰ (੧੮੦੪)ਉਸ ਵੇਲੇ ਜਦੋਂ ਇਹ ਜ਼ੁਲਮ ਦੀ ਹਨੇਰੀ ਉਠੀ ਹੈ ਹੱਲਾ ਕਰਨ ਵਾਸਤੇ।

***ਨਾਦਰ ਸ਼ਾਹਿ ਕੋ ਮਾਰਿ ਕੈ ਆਯੋ ਅਹਿਮਦ ਸ਼ਾਹਿ॥੧੩॥*** ਨਾਦਰ ਸ਼ਾਹ ਨੂੰ ਮਾਰ ਕੇ, ਫ਼ੌਜ ਦੀ ਸਾਰੀ ਕਮਾਨ ਆਪਣੇ ਕਬਜ਼ੇ ਕਰਕੇ, ਕਾਬਲ ਤੋਂ ਅਹਿਮਦ ਸ਼ਾਹ ਆ ਗਿਆ ਹੈ। ੧੩।

***ਚੌਪਈ॥ ਤਮੂਰ ਸ਼ਾਹਿ ਉਸ ਬੇਟਾ ਥੋਊ॥*** ਤੈਮੂਰ ਸ਼ਾਹ ਉਸ (ਅਬਦਾਲੀ) ਦਾ ਪੁੱਤਰ ਸੀ।

***ਦਿੱਲੀ ਦੇਖ ਗਏ ਥੇ ਦੋਊ॥*** ਇਹ ਦੋਵੇਂ ਪਿਉਂ ਪੁੱਤਰ ਪਹਿਲਾਂ ਨਾਦਰ ਨਾਲ ਆ ਕੇ ਦਿੱਲੀ ਵੇਖ ਗਏ ਸਨ।

***ਸੋ ਦਿੱਲੀ ਦਿਲ ਤਿਨ ਕੇ ਬਸੀ॥*** ਓਸ ਸਮੇਂ ਦੀ ਦਿੱਲੀ ਇਹਨਾਂ ਦੇ ਦਿਲ ਵਿਚ ਵਸੀ ਹੋਈ ਸੀ।

***ਆਇ ਲਹੌਰ ਤਬ ਉਨ ਨੇ ਖਸੀ॥੧੪॥*** ਤਦ ਉਨ੍ਹਾਂ ਨੇ ਲਹੌਰ ਆ ਕੇ (ਖਸੀ) ਖੋਹ ਲਿਆ ਹੈ, ਭਾਵ ਲਹੌਰ 'ਤੇ ਕਬਜ਼ਾ ਕਰ ਲਿਆ ਹੈ। ੧੪।

***ਲੱਖੂ ਕਾਬਲੀ ਸੋਂ ਮਿਲ ਪਯੋ॥*** ਲੱਖੂ ਖੱਤਰੀ ਜਿਸ ਨੇ ਘੱਲੂਘਾਰਾ ਕੀਤਾ ਸੀ, ਇਸ ਨੂੰ ਪਤਾ ਸੀ ਕਿ ਮੈਂ ਮੁਖੀ ਵਜ਼ੀਰ ਹਾਂ, ਮੈਂ ਜ਼ੁਲਮ ਕੀਤਾ ਹੈ। ਇਹ ਪਹਿਲਾਂ ਹੀ (ਕਾਬਲੀ) ਕਾਬਲ ਦੇ ਬਾਦਸ਼ਾਹ ਅਹਿਮਦ ਸ਼ਾਹ ਨਾਲ ਜਾ ਮਿਲਿਆ ਹੈ।

***ਸ਼ਾਹ ਨਵਾਜ਼ ਭੀ ਉਨੈਂ ਮਿਲਯੋ॥*** ਉਸ ਨੇ ਸ਼ਾਹ ਨਵਾਜ਼ ਸੂਬਾ ਲਹੌਰ ਨੂੰ ਵੀ ਉਸ ਦੇ ਨਾਲ ਮਿਲਾ ਦਿੱਤਾ ਹੈ ਕਿ ਅਸੀਂ ਵੀ ਤੇਰੇ ਨਾਲ ਹਾਂ।

***ਯਹੀ ਬਿਧੀ ਤਬ ਲੱਖੂ ਆਈ॥*** ਇਹੀ ਤਰੀਕਾ ਤਦ ਲੱਖੂ ਨੂੰ ਆਇਆ ਹੈ।

***ਯੋ ਕਰਤਾਰ ਤੁ ਬਿਧੀ ਮਿਲਾਈ॥੧੫॥*** ਇਉਂ ਕਰਤੇ ਪੁਰਖ ਨੇ ਉਹੀ ਵਿਧੀ ਮਿਲਾ ਦਿੱਤੀ, ਉਸ ਨੇ ਲੱਖੂ ਨੂੰ ਦੰਡ ਦੇਣ ਦਾ ਆ ਕੌਤਕ ਰਚਿਆ ਹੈ। ੧੫।

***ਵਜ਼ੀਰ ਕਮਰਦੀਨ ਸੂਰਹ ਅਲੀ॥*** ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਦਾ ਵਜੀਰ ਕਮਰਦੀਨ ਤੇ ਸੂਰਹ ਅਲੀ।

***ਸਾਥ ਜੈਪੁਰੀ ਮਾਧੋ ਸਿੰਘ ਬਲੀ॥*** ਤੀਜਾ ਇਹਨਾਂ ਦੇ ਨਾਲ ਜੈਪੁਰ ਦਾ ਰਾਜਪੂਤ ਰਾਜਾ ਮਾਧੋ ਸਿੰਘ ਬੜਾ ਬਲਵਾਨ ਸੀ।

***ਸਾਥ ਸ਼ਜ਼ਾਦੇ ਅਰ ਫੌਜ ਆਈ॥*** ਇਹਨਾਂ ਦੇ ਨਾਲ ਪਿਆਦੇ ਅਤੇ ਹੋਰ ਫ਼ੌਜ ਵੀ ਆਈ ਹੈ, ਦਿੱਲੀ ਦੀ ਇਕੱਠੀ ਹੋ ਕੇ।

***ਸ੍ਰਿਹੰਦ ਲੰਘ ਸੋ ਪੜੇ ਅਗਾਹੀਂ॥੧੬॥*** ਅਹਿਮਦ ਸ਼ਾਹ ਅਬਦਾਲੀ ਨੂੰ ਅੱਗੋਂ ਰੋਕਣ ਵਾਸਤੇ ਇਹ ਸਰਹੰਦ ਲੰਘ ਕੇ ਉਸਤੋਂ ਅੱਗੇ ਆ ਗਏ ਹਨ। ੧੬।

***ਸਿਰਹੰਦ ਪਿਛੇ ਸ਼ਾਹਿ ਸੁਨੀ ਤਕਾਈ॥*** ਅਹਿਮਦ ਸ਼ਾਹ ਅਬਦਾਲੀ ਨੇ ਉਨ੍ਹਾਂ ਤੋਂ ਪਿੱਛੋਂ ਸਰਹੰਦ ਸ਼ਹਿਰ ਨੂੰ ਸੁੰਨਾਂ ਪਿਆ ਤੱਕਿਆ ਹੈ।

***ਸਾਠ ਕੋਸ ਤੇ ਚੜ ਲਈ ਧਾਈ॥*** ਅਹਿਮਦ ਸ਼ਾਹ ਅਬਦਾਲੀ ਰੋਪੜ ਵਾਲੇ ਦਰੇ ਲੰਘ ਗਿਆ ਹੈ ਪਹਾੜ,ਉਹ ਤਾਂ ਓਥੋਂ ਸਿੱਧੇ ਲਹੌਰ ਨੂੰ ਆ ਰਹੇ ਸਨ, ਅਬਦਾਲੀ ਨੇ ਸੱਠ ਕੋਹ ਤੋਂ ਸਰਹੰਦ 'ਤੇ ਚੜ੍ਹਾਈ ਕਰਕੇ ਧਾਵਾ ਬੋਲਿਆ ਹੈ।

***ਘਾਟ ਔਰ ਤੇ ਸੋ ਲੰਘ ਪਰਯੋ॥*** ਅਬਦਾਲੀ ਦਰਿਆ ਦੇ ਕਿਸੇ ਹੋਰ ਘਾਟ ਤੋਂ ਲੰਘ ਗਿਆ ਹੈ।

***ਡੇਰੋ ਸ੍ਰਿਹੰਦ ਢਿਗੇ ਆਇ ਕਰਯੋ॥੧੭॥*** ਸਰਹੰਦ ਦੇ ਨੇੜੇ ਆ ਡੇਰਾ ਕੀਤਾ ਹੈ ਅਬਦਾਲੀ ਨੇ। ੧੭।

***ਦੋਹਰਾ॥ ਸ੍ਰਿਹੰਦ ਦੌੜ ਤਿਨ ਜਾ ਮਲੀ ਮਧ ਲਯੋ ਖਜ਼ਾਨੋ ਲੂਟ॥*** ਸਰਹੰਦ ਬਾਵਨੀ ਸੀ ਬਵੰਜਾ ਲੱਖ ਦਾ ਇਲਾਕਾ ਸੀ, ਏਥੇ ਮੁਗਲਾਂ ਦਾ ਖ਼ਜ਼ਾਨਾ ਸੀ, ਅਹਿਮਦ ਸ਼ਾਹ ਨੇ ਦੌੜ ਕੇ ਜਾ ਸਰਹੰਦ ਨੂੰ ਮੱਲਿਆ ਹੈ ਤੇ ਕਿਲ੍ਹੇ ਵਿੱਚੋਂ ਜਾ ਖ਼ਜ਼ਾਨਾ ਲੁੱਟਿਆ ਹੈ ਸਾਰਾ।

***ਤਹਾਂ ਥਾਇ ਸੀ ਫਿਰ ਲੜੀ ਦਿਨ ਬਾਈ ਲੌ ਜੂਟ॥੧੮॥*** ਉੱਥੇ ਬਾਵਨੀ ਸਰਹੰਦ ਵਿਚ ਦਿੱਲੀ ਦੀਆਂ ਫ਼ੌਜਾਂ ਨੇ ਅਹਿਮਦ ਸ਼ਾਹ ਨਾਲ ਬਾਕੀ ਦਿਨ ਤੱਕ ਜੁੱਟ ਕੇ ਫਿਰ ਡਟ ਕੇ ਜੁੱਧ ਕੀਤਾ ਹੈ। ੧੮।

***ਚੌਪਈ॥ ਸ੍ਰਿਹੰਦ ਤੋਪ ਹੁੰਤੀ ਜੋ ਰਹੀ॥*** ਸਰਹੰਦ ਵਿਚ ਜਿਹੜੀਆਂ ਤੋਪਾਂ ਰਹਿ ਗਈਆਂ ਸਨ, ਉਹ ਅਹਿਮਦ ਸ਼ਾਹ ਦੇ ਕਬਜ਼ੇ ਵਿਚ ਆ ਗਈਆ ਸਨ।

***ਅਹਮਦ ਸ਼ਾਹ ਕਰੀ ਸੋ ਸਹੀ॥*** ਅਹਿਮਦ ਸ਼ਾਹ ਨੇ ਉਹ ਸਾਰੀਆਂ ਤੋਪਾਂ ਸਹੀ ਕਰਵਾ ਲਈਆਂ।

***ਕਰਕੇ ਇਕਠੀ ਦਈ ਚਲਾਈ॥*** ਜਦੋਂ ਸਰਹੰਦੀ ਫ਼ੌਜਾਂ ਕਬਜ਼ਾ ਲੈਣ ਵਾਸਤੇ ਵਾਪਸ ਮੁੜੀਆਂ ਹਨ, ਤਾਂ ਉਸ ਨੇ ਤੋਪਾਂ ਇਕੱਠੀਆਂ ਕਰਕੇ ਫਾਇਰ ਖੋਲ੍ਹ ਦਿੱਤਾ ਹੈ।

***ਮੁਯੋ ਕਮਰ ਦੀਂ ਗੋਲਾ ਖਾਈ॥੧੯॥*** ਬਾਦਸ਼ਾਹ ਮੁਹੰਮਦ ਸ਼ਾਹ ਦਿੱਲੀ ਦਾ ਵਜ਼ੀਰ ਕਮਰਦੀਨ ਤੋਪ ਦਾ ਗੋਲਾ ਲੱਗ ਕੇ ਮਰ ਗਿਆ ਹੈ, ਅਹਿਮਦ ਸ਼ਾਹ ਅਬਦਾਲੀ ਤੋਂ। ੧੯।

***ਤਿਸ ਕੋ ਸੁਤ ਮੀਰ ਮੰਨੂੰ ਸਿਆਣਾ॥*** ਉਸ ਦਾ ਪੁੱਤਰ ਮੀਰ ਮੰਨੂੰ ਬੜਾ ਸਿਆਣਾ ਸੀ, ਬੜਾ ਹੀ ਚੁਸਤ ਚਲਾਕ ਸੀ।

***ਮੁਯੋ ਵਜ਼ੀਰ ਨ ਕਿਨਹੂੰ ਜਾਣਾ॥*** ਕਿਸੇ ਨੇ ਵੀ ਨਹੀਂ ਜਾਣਿਆ ਕਿ ਦਿੱਲੀ ਦਾ ਵਜ਼ੀਰ ਕਮਰਦੀਨ ਮਰ ਗਿਆ ਹੈ।

***ਤੁਰਤ ਲੜਾਈ ਦਈ ਮਚਾਇ॥*** ਮੀਰ ਮੰਨੂੰ ਨੇ ਤੁਰਤ ਹੀ ਘਮਸਾਨ ਦੀ ਲੜਾਈ ਅਰੰਭ ਕਰ ਦਿੱਤੀ ਹੈ।

***ਧਰਯੋ ਵਜ਼ੀਰ ਸੁ ਹਾਥੀ ਪਾਇ॥੨੦॥*** ਵਜ਼ੀਰ ਕਮਰਦੀਨ ਨੂੰ ਹਾਥੀ ਦੀ ਅੰਬਾਰੀ ਵਿਚ ਬਿਠਾ ਕੇ ਅੱਗੇ ਕਰ ਲਿਆ ਹੈ। ੨੦।

***ਖ੍ਵਾਸੀ ਐਸੀ ਬਿਧਿ ਬਨ ਆਈ॥*** ਕੁਦਰਤੀ ਤੌਰ 'ਤੇ ਐਸੀ ਵਿਧੀ ਬਣ ਆਈ ਹੈ।

***ਕੁੰਨਸ ਲੇਵੈ ਹਥਹ ਹਲਾਈ॥*** ਉਹ ਆਪਣਾ ਹੱਥ ਹਿਲਾ ਹਿਲਾ ਕੇ ਸਲਾਮੀ ਦਾ ਜੁਆਬ ਦੇ ਰਿਹਾ ਸੀ, ਉਹਨਾਂ ਫ਼ੌਜੀਆਂ ਦੀ ਸਲਾਮੀ ਕਬੂਲ ਕਰ ਰਿਹਾ ਸੀ ਅਤੇ ਜੰਗ ਲੜਨ ਦਾ ਇਸ਼ਾਰਾ ਕਰ ਰਿਹਾ ਸੀ।

***ਸਭ ਫੌਜਨ ਮਨ ਉਪਜਯੋ ਚਾਇ॥*** ਜਦੋਂ ਫ਼ੌਜਾਂ ਨੇ ਵੇਖਿਆ ਕਿ ਸਾਡਾ ਵਜ਼ੀਰ ਕਾਇਮ ਹੈ, ਸਾਰੀ ਫ਼ੌਜ ਦੇ ਮਨ ਵਿਚ ਚਾਉ ਚੜ੍ਹ ਗਿਆ ਹੈ।

***ਗਿਲਜੇ ਕੀ ਦਈ ਫੌਜ ਭਜਾਇ॥੨੧॥*** ਅਹਿਮਦ ਸ਼ਾਹ ਅਬਦਾਲੀ ਗਿਲਜੇ ਦੀ ਫ਼ੌਜ ਭਜਾ ਦਿੱਤੀ ਹੈ ਦਿੱਲੀ ਦੀ ਫ਼ੌਜ ਨੇ। ੨੧।

***ਦੋਹਰਾ॥ ਫਤ੍ਹੇ ਭਈ ਤਬ ਹਿੰਦ ਕੀ ਕੀਓ ਕਾਬਲੀ ਕੂਚ॥*** ਹਿੰਦੋਸਤਾਨ ਦੀ ਫ਼ੌਜ ਦੀ ਫਤੇ ਹੋ ਗਈ ਹੈ ਤੇ ਕਾਬਲ ਤੋਂ ਆਇਆ ਅਹਿਮਦ ਸ਼ਾਹ ਹਾਰ ਗਿਆ ਹੈ, ਫ਼ੌਜ ਨੱਠ ਗਈ, ਉਸ ਨੇ ਕੂਚ ਕਰ ਦਿੱਤਾ ਹੈ ਕਾਬਲ ਨੂੰ ਵਾਪਸ ਜਾਣ ਵਾਸਤੇ।

***ਪਾਛੈ ਮੀਰ ਮੰਨੂੰ ਲਗੋ, ਗਯੋ ਲਹੌਰਹਿ ਮੂਚ॥੨੨॥*** ਮੀਰ ਮੰਨੂੰ ਉਸ ਦੇ ਪਿੱਛੇ ਲੱਗਿਆ ਹੋਇਆ ਹੋਇਆ ਲਹੌਰ ਨੂੰ ਗਿਆ ਹੈ ਛੂਟ ਕਰਕੇ। ੨੨।

***ਚੌਪਈ॥ ਤਬ ਲਹੌਰ ਆਇ ਮੰਨੂੰ ਵੜਿਓ॥*** ਤਦ ਮੀਰ ਮੰਨੂੰ ਅਹਿਮਦ ਸ਼ਾਹ ਅਬਦਾਲੀ ਨੂੰ ਕਾਬਲ ਦੇ ਰਾਹ ਪਾ ਕੇ

ਲਹੌਰ ਆ ਵੜਿਆ ਹੈ।

***ਤਬ ਹੀ ਲੱਖੂ ਉਸ ਨੇ ਫੜਿਓ॥*** ਹੁਣ ਕੁਦਰਤ ਵਿਧੀ ਬਣਾਉਂਦੀ ਹੈ,ਕਿਉਂਕਿ ਲੱਖੂ ਅਬਦਾਲੀ ਦੇ ਨਾਲ ਰਲ ਗਿਆ ਸੀ, ਏਸ ਕਰਕੇ ਮੀਰ ਮੰਨੂੰ ਨੇ ਲੱਖੂ ਨੂੰ ਆ ਗ੍ਰਿਫ਼ਤਾਰ ਕੀਤਾ ਹੈ।

***ਤੀਹ ਲਖ ਟਕਾ ਦੰਡ ਤਹਿੰ ਚੂਕੇ॥*** ਲਖੂ ਤੋਂ ਤੀਹ ਲੱਖ ਟਕਾ ਡੰਨ ਦਾ ਚੁਕਾਇਆ ਹੈ, ਲੱਖੂ ਨੂੰ ਹਿੰਦੋਸਤਾਨ ਸਰਕਾਰ ਨਾਲ ਗਦਾਰੀ ਕਰਨ ਦੇ ਦੋਸ਼ ਵਿਚ ਤੀਹ ਲੱਖ ਟਕਾ ਡੰਨ ਲਾਇਆ ਹੈ।

***ਬੀਸ ਭਰਯੋ ਉਨ ਔਰ ਨ ਮੁਕੇ॥੨੩॥*** ਉਸ ਨੇ ਤੀਹ ਲੱਖ ਟਕੇ ਵਿਚੋਂ ਵੀਹ ਲੱਖ ਟਕਾ ਭਰ ਦਿੱਤਾ ਹੈ, ਹੋਰ ਪੈਸਾ ਮੁੱਕ ਗਿਆ, ਬਾਕੀ ਦੀ ਰਕਮ ਨਾ ਦੇ ਸਕਿਆ ਹੈ। ੨੩।

***ਕੌੜਾ ਮੱਲ ਹੁਤੋ ਗੁਰ ਸਿੱਖ॥*** ਦਿਵਾਨ ਕੌੜਾ ਮੱਲ ਗੁਰੂ ਦਾ ਸਿੱਖ ਸੀ।

***ਦਸ ਲਖ ਟਕੋ ਦਿਯੋ ਤਿਹ ਲਿੱਖ॥*** ਕੌੜਾ ਮੱਲ ਨੇ ਦੱਸ ਲੱਖ ਟਕਾ ਲਿਖ ਕੇ ਦੇ ਦਿੱਤਾ, ਮੀਰ ਮੰਨੂੰ ਨੇ ਦਸ ਲਖ ਟਕੇ ਵਿਚ ਲੱਖੂ ਨੂੰ ਦਿਵਾਨ ਕੌੜਾ ਮੱਲ ਦੇ ਹਵਾਲੇ ਕਰ ਦਿੱਤਾ ਹੈ।

***ਜਿਮ ਜਿਮ ਸਿੱਖਨ ਉਨ ਦੁਖ ਦਯੋ॥*** ਜਿਵੇਂ-ਜਿਵੇਂ ਓਸ (ਲੱਖੂ) ਨੇਂ ਸਿੱਖਾਂ ਨੂੰ ਦੁਖ ਦਿੱਤਾ ਸੀ।

(ਲੱਖੂ ਗ੍ਰਿਫ਼ਤਾਰ ਕੀਤਾ ਹੋਇਆ ਹੈ)

***ਤਿਸਕੋ ਸਭੀ ਸੁਨਾਵਤ ਭਯੋ॥੨੪॥*** ਉਸ (ਲੱਖੂ) ਨੂੰ ਉਹ ਸਾਰਾ ਕਿੱਸਾ ਸੁਣਾਇਆ ਹੈ, ਦਿਵਾਨ ਕੌੜਾ ਮੱਲ ਨੇ, ਗਿਣ ਗਿਣ ਕੇ ਲੱਖੂ ਨੂੰ ਉਸ ਦੇ ਜ਼ੁਲਮ ਸੁਣਾਏ ਸਨ। ੨੪।

***ਦੋਹਰਾ॥ ਅਪਨੇ ਹੀ ਚਕਰੈਲ ਸਿੰਘ ਤੈਂ ਫੜ ਲਏ ਬਿਦੋਸ਼॥*** ਓ ਦੁਸ਼ਟਾ! ਤੂੰ ਆਪਣੇ ਹੀ (ਚਕਰੈਲ) ਨੌਕਰੀ ਕਰਨ ਵਾਲੇ ਬੇਦੋਸ਼ੇ ਸਿੰਘਾਂ ਨੂੰ ਫੜ ਲਿਆ ਸੀ।

***ਸੋਮਵਤੀ ਨਹਿੰ ਮਾਰ ਤੂੰ, ਕਹਿ ਰਹੇ ਲਹੌਰੀ ਜੋਸ਼॥੨੫॥*** ਸਾਰੇ ਹੀ ਲਹੌਰ ਦੇ ਪਤਵੰਤੇ ਲੋਕ ਤੈਨੂੰ ਕਹਿ ਰਹੇ ਸਨ ਜੋਸ਼ ਵਿਚ ਆ ਕੇ, ਕਿ ਅੱਜ ਸੋਮਵਾਰੀ ਮੱਸਿਆ ਹੈ ਅੱਜ ਨਾ ਮਾਰ ਇਨ੍ਹਾਂ ਚਕਰੈਲ ਸਿੰਘਾਂ ਨੂੰ। ੨੫।

***ਚੌਪਈ॥ ਤੂੰ ਨਹਿੰ ਟਲਿਓਂ ਉਸ ਦਿਨ ਮਾਰੇ॥*** ਓ ਦੁਸ਼ਟਾ! ਤੂੰ ਉਨ੍ਹਾਂ ਸਿੰਘਾਂ ਨੂੰ ਮਾਰਨ ਤੋਂ ਨਾ ਟਲਿਆ, ਓਸੇ ਦਿਨ ਹੀ ਮਾਰਿਆ ਤੂੰ ਉਨ੍ਹਾਂ ਸਿੰਘਾਂ ਨੂੰ।

***ਤੈਂ ਯੌਂ ਕੀਨੇ ਬਹੁਤ ਅਖਾਰੇ॥*** ਇਉਂ ਤੂੰ ਜੋ ਬੜੇ ਭਾਰੀ ਜ਼ੁਲਮ ਕੀਤੇ ਸਨ।

***ਐਸੀ ਐਸੀ ਔਰ ਸੁਨਾਈ॥*** ਐਸੇ-ਐਸੇ ਹੋਰ ਜਿਹੜੇ ਅਤਿਆਚਾਰ ਕੀਤੇ ਸਨ ਉਹ ਸਾਰੇ ਗਿਣ ਕੇ ਸੁਣਾਏ ਦੁਸ਼ਟ ਨੂੰ।

***ਉਨ ਸਿੰਘਨ ਸਯੋਂ ਜੈਸੀ ਕਮਾਈ॥੨੬॥*** ਉਸ (ਲੱਖੂ) ਨੇ ਸਿੰਘਾਂ ਨਾਲ ਜੈਸਾ ਜ਼ੁਲਮ ਕੀਤਾ ਸੀ। ੨੬।

***ਘੱਲੂਘਾਰੋ ਜੈਸ ਕਰਾਯੋ॥*** ਜਿਵੇਂ ਲੱਖੂ ਨੇ ਪੜੋਲ ਕਹੂਹੇ ਵਾਲਾ ਘੱਲੂਘਾਰਾ ਕਰਵਾਇਆ, ਜਿਸ ਵਿਚ ਹਜ਼ਾਰਾਂ ਸਿੰਘ ਸ਼ਹੀਦ ਹੋ ਗਿਆ ਹੈ, ਹਜ਼ਾਰਾਂ ਦੀ ਗਿਣਤੀ ਵਿਚ ਜ਼ਖ਼ਮੀ (ਫਟੜ) ਹੋਏ ਸਨ ਅਤੇ ਕੈਦ ਵਿੱਚ ਤਸੀਹੇ ਦਿੱਤੇ ਗਏ ਸਨ।

***ਬੈਠੇ ਗਰੀਬ ਸਿਖ ਘਰੋਂ ਮੂਵਾਯੋ॥*** ਘਰਾਂ ਵਿਚ ਬੈਠੇ ਗਰੀਬ ਸਿੱਖਾਂ ਨੂੰ ਤੂੰ ਬਿਨਾਂ ਕਸੂਰ ਤੋਂ ਮਰਵਾਇਆ ਹੈ।

***ਗੁਰ ਕੋ ਨਾਮ ਤੈ ਕਹਣ ਹਟਾਯੋ॥*** ਤੂੰ ਗੁਰੂ ਸਾਹਿਬ ਜੀ ਦਾ ਨਾਮ ਲੈਣ ਤੋਂ ਵੀ ਹਟਾ ਦਿੱਤਾ ਸੀ ਸਿੱਖਾਂ ਨੂੰ, ਗੁੜ ਕਹਿਣੋਂ ਹਟਾ ਦਿੱਤਾ ਸੀ, ਗੁਰੂ ਦਾ ਨਾਮ ਤਾਂ ਕਿਤੇ ਰਿਹਾ।

***ਪੋਥੀ ਗ੍ਰੰਥ ਤੈਂ ਖੂਹ ਡੁਬਾਯੋ॥੨੭॥*** ਗੁਰੂ ਕੇ ਗ੍ਰੰਥ ਪੋਥੀਆਂ ਜਿਨ੍ਹਾਂ ਵਿਚ ਬਾਣੀ ਲਿਖੀ ਹੋਈ ਸੀ, ਉਹ ਤੂੰ ਖੂਹਾਂ, ਨਦੀਆਂ ਵਿਚ ਰੋੜ੍ਹ ਦਿੱਤੇ ਸਨ। ੨੭।

***ਯੌਂ ਕਹਿ ਦੀਨੀ ਮੁਸ਼ਕਨ ਚੜ੍ਹਾਇ॥*** ਦਿਵਾਨ ਕੌੜਾ ਮੱਲ ਨੇ ਇਉਂ ਆਖ ਕੇ ਉਸ ਦੀਆਂ ਮੁਸ਼ਕਾਂ ਕਸ ਦਿੱਤੀਆਂ ਹਨ, ਨੂੜ ਦਿੱਤਾ ਹੈ, ਲੱਖੂ ਦੁਸ਼ਟ ਨੂੰ, ਪਿੱਛੇ ਨੂੰ ਬਾਹਾਂ ਕਰ ਕੇ ਬੰਨ੍ਹ ਲਈਆਂ ਹਨ।

***ਸਿਹਤ ਖਾਨੇ ਮੈਂ ਦਯੋ ਗਿਰਾਇ॥*** (ਸਿਹਤ ਖਾਨੇ) ਟੱਟੀ ਖਾਨੇ ਵਿਚ ਸੁੱਟ ਦਿੱਤਾ ਹੈ ਲੱਖੂ ਨੂੰ।

***ਸਿਖਨ ਤੇ ਤਿਸ ਸੀਸ ਹਗਾਯੋ॥*** ਧਰਤੀ ਵਿੱਚ ਟੋਆ ਪੁੱਟ ਕੇ ਉਸ ਦੇ ਵਿਚ ਬਿਠਾਇਆ ਹੈ ਲੱਖੂ ਨੂੰ, ਕੁੱਤਿਆਂ ਨਾਲ ਏਸ ਨੂੰ ਖਾਣਾ ਖੁਆਇਆ ਹੈ ਤੇ ਸਿੱਖਾਂ ਨੂੰ ਸੱਦ ਕੇ ਇਸ ਦੇ ਸਿਰ ਵਿਚ ਹਗਾਇਆ ਹੈ।

***ਔਰ ਲੋਕਨ ਤ੍ਰੇ ਸੀਸ ਮੁਤਾਯੋ॥੨੮॥*** ਹੋਰ ਲੋਕਾਂ ਤੋਂ ਉਸ (ਲੱਖੂ) ਦੇ ਸਿਰ ਵਿਚ ਮੂਤ ਕਰਾਇਆ ਹੈ। ੨੮।

***ਦੋਹਰਾ॥ ਐਸੀ ਕੌੜਾ ਮਲ ਕਰੀ, ਲਖੂ ਬਾਬ ਬਣਾਇ॥*** ਲੱਖੂ ਦੀ ਬਾਬ ਬਣਾ ਕੇ ਉਸ ਦੀ ਕਰਨੀ ਦਾ ਫਲ ਭੁਗਤਾ ਕੇ,ਦੀਵਾਨ ਕੌੜਾ ਨੇ ਐਸੀ ਹਾਲਤ ਕੀਤੀ ਹੈ ਲੱਖੂ ਦੁਸ਼ਟ ਦੀ।

***ਜੈਸੀ ਕੀਨੀ ਥੀ ਉਨ੍ਹੇਂ ਸੋ ਉਨ ਪਾਈ ਸਜਾਹਿ॥। ੨੯॥*** ਜਿਹੋ ਜਿਹੀ ਉਸ ਨੇ ਕਰਤੂਤ ਕੀਤੀ ਸੀ,ਉਸ ਦੀ ਸਜ਼ਾ ਪਾ ਲਈ ਹੈ ਉਸ ਨੇ, ਉਸ ਨੂੰ ਉਸ ਦੇ ਕੀਤੇ ਅੱਤਿਆਚਾਰਾਂ ਦਾ ਫਲ ਭੁਗਤਾਇਆ ਹੈ, ਗੁਰੂ ਕੇ ਸਹਿਜਧਾਰੀ ਸਿੱਖ ਦਿਵਾਨ ਕੌੜਾ ਮੱਲ ਨੇ। ੨੯।

***ਰਤਨ ਸਿੰਘ ਨੇ ਜਿਮ ਸੁਨੀ ਤਿਮ ਯਹਿ ਦਈ ਲਿਖਾਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜਿਵੇਂ ਮੈਂ ਸੁਣਿਆ ਹੈ ਬਜ਼ੁਰਗਾਂ ਤੋਂ, ਹੋਰ ਗੁਰ ਸਿੱਖਾਂ ਸਿਆਣਿਆਂ ਪੁਰਸ਼ਾਂ ਤੋਂ, ਉਵੇਂ ਹੀ ਮੈਂ ਕੈਪਟਨ ਮਰੇ ਸਾਹਿਬ ਨੂੰ ਲਿਖਵਾ ਦਿੱਤਾ ਹੈ ਇਤਹਾਸ ਸਿੰਘਾਂ ਦਾ।

***ਅਠਾਰਾਂ ਸੈ ਪਚੋਤਰੇ ਸਾਲ ਬਿਕ੍ਰਮੀ ਗਾਇ॥੩੦॥*** ਬਿਕ੍ਰਮਾਜੀਤ ਰਾਜੇ ਦਾ ਸੰਮਤ ਬਿਕ੍ਰਮੀ ਅਠਾਰ੍ਹਾਂ ਸੌ ਤੋਂ ਪੰਜ ਉੱਤੇ (੧੮੦੫) ਸੀ ਉਸ ਮੌਕੇ ਜਿਸ ਸਮੇਂ ਇਹ ਕਹਾਣੀ ਵਾਪਰੀ ਹੈ। ੩੦।

*ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥*

# ਸਾਖੀ ਰਾਮ ਰੌਣੀ ਕੀ

## (ਰਾਮ ਰੌਣੀ ਦਾ ਬਨਣਾ ਤੇ ਉਸ ਪਰ ਅਦੀਨਾਂ ਬੇਗ ਦਾ ਹਮਲਾ)

***ਦੋਹਰਾ॥ ਤਬੈ ਖਾਲਸੇ ਦੁਖ ਲਹਯੋ, ਵਿਚ ਝਾੜਨ ਅੜਯੋ ਨ ਜਾਇ॥*** ਤਦ ਖਾਲਸੇ ਨੇ ਦੁਖ ਪ੍ਰਾਪਤ ਕੀਤਾ, ਬੜੀਆਂ ਮੁਸ਼ਕਲਾਂ ਦਾ ਟਾਕਰਾ ਕੀਤਾ, ਝਾੜਾਂ ਵਿਚ ਤਾਂ ਦੁਸ਼ਮਣ ਨਾਲ ਅੜਿਆ ਨਹੀਂ ਜਾਂਦਾ। ਕਿਲ੍ਹੇ ਹੋਣ ਤਾਂ ਡਟ ਕੇ ਲੜਨ, ਕਿਲ੍ਹਾ ਨਹੀਂ,ਕੋਟ ਕੰਧ ਨਹੀਂ,ਆਸਰਾ ਨਹੀਂ, ਤੋਪਾਂ ਵਾਲੇ ਬੰਦੂਕਾਂ ਅਤੇ ਬਹੁਤੇ ਮੁਲਕ ਵਾਲੇ, ਜਿਵੇਂ ਮਰਜ਼ੀ ਭਈ ਕਰਨ। ਦਰਿਆਵਾ 'ਚੋਂ ਲੰਘਣ ਵਾਸਤੇ ਬੇੜਾ ਕੋਈ ਨਹੀਂ ਕੋਈ ਹਿੰਮਤ ਨਾਲ ਤਰ ਕੇ ਲੰਘ ਜਾਏ ਸੁ ਲੰਘ ਜਾਏ, ਦੂਜਾ ਵਿਚ ਦਰਿਆ ਦੇ ਡੁੱਬਦਾ ਸੀ।

***ਲੜੀਐ ਕੰਧਨ ਵਿਚ ਖੜੋ, ਕੀਨੀ ਸਿੰਘਨ ਸਲਾਹਿ॥੧॥*** ਹੁਣ ਫੇਰ ਸਿੰਘਾਂ ਨੇ ਇੱਕਠੇ ਹੋ ਕੇ ਸਲਾਹ ਕੀਤੀ ਹੈ ਗੁਰਮਤਾ ਸੋਧਿਆ ਹੈ। ਹੁਣ ਆਪਾਂ ਕੋਈ ਕਿਲ੍ਹਾ (ਕੋਟ) ਬਣਾਈਏ, ਕੋਈ ਆਸਰਾ ਕਰੀਏ, ਜਿਸ ਦੇ ਆਸਰੇ ਅਸੀਂ ਲੜੀਏ ਤੁਰਕਾਂ ਦੇ ਨਾਲ। ੧।

***ਚੌਪਈ॥ ਤਬ ਚਾਹੈਂ ਸਿੰਘ ਕੰਧ ਬਣਾਈ॥*** ਤਦ ਸਿੰਘ ਚਹੁੰਦੇ ਹਨ, ਕੋਈ ਨਾ ਕੋਈ ਕੰਧ ਉਸਾਰੀਏ, ਓਟ ਬਣਾਈਏ ਕੁਝ ਨਾ ਕੁਝ।

**ਅੜਨੋਂ ਲੜਨੋਂ ਮਰਨੋਂ ਵਾਈ॥** ਦੁਸ਼ਮਣ ਅੜਨ ਲੜਨ ਵਾਸਤੇ ਅਤੇ ਮਾਰਨ ਵਾਸਤੇ ਕੋਈ ਨਾ ਕੋਈ ਆਸਰਾ ਬਣਾਈਏ।

**ਕੋਊ ਕਹੈ, ਲਿਹੋ ਕਿਲ੍ਹਾ ਮੱਲ॥** ਹੁਣ ਸਿੰਘ ਗੁਰਮਤਾ ਕਰਰਹੇ ਹਨ, ਕਈ ਸਿੰਘ ਸਲਾਹ ਦਿੰਦੇ, ਹਨ ਕਿ ਆਪਾਂ ਕਿਲ੍ਹਾ ਮੱਲ ਲਵੋ, ਜਿਹੜਾ ਸ੍ਰੀ ਅੰਮ੍ਰਿਤਸਰ ਕਿਲ੍ਹਾ ਖੜ੍ਹਾ ਗੋਬਿੰਦਗੜ੍ਹ ਕਹਿੰਦੇ ਇਸ ਨੂੰ ਮੱਲ ਲਈਏ, ਇਹ ਦੇ ਵਿਚ ਜਾ ਵੱੜੀਏ।

**ਕੋਊ ਕਹੈ, 'ਝਾੜੀਂ ਹੀ ਭੱਲ' ॥ ੨ ॥** ਸਿੰਘ ਆਪੋ ਆਪਣੀ ਸਲਾਹ ਦਿੰਦੇ ਹਨ, ਕੋਈ ਕਹਿੰਦੇ ਹਨ, ਨਹੀਂ, ਨਹੀਂ, ਝਾੜਾਂ ਵਿਚ ਹੀ ਠੀਕ ਹਾਂ, ਜੰਗਲ ਆਦਿਕ ਵਿਚ ਅਗਾਂਹ ਤਾਂ ਹੋ ਜਾਵਾਂਗੇ ਜੇ ਬਹੁਤੀ ਫ਼ੌਜ ਆ ਗਈ। ੨।

**ਜੁੜ ਸਯਾਨਨ ਨੇ ਆਖੀ ਫੇਰ॥** ਵਿਚ ਜਿਹੜੇ ਦਾਨੇ ਪ੍ਰਧਾਨੇ ਸਿੰਘ ਸੀ, ਸਿਆਣਿਆਂ ਸਿੰਘਾਂ ਨੇ ਸਾਰਿਆਂ ਦਾ ਮਤਾ ਸੁਣਿਆ ਫਿਰ ਸਿਆਣਿਆਂ ਨੇ ਉੱਤਰ ਦਿੱਤਾ ਹੈ।

**'ਬਿਨਾਂ ਆਸਰੇ ਬਚੇ ਨ ਸ਼ੇਰ॥** ਖਾਲਸਾ ਜੀ ! ਜਿਨ੍ਹਾਂ ਚਿਰ ਆਸਰਾ ਨਾ ਹੋਵੇ, ਸ਼ੇਰ ਜੰਗਲ ਦਾ ਬਾਦਸ਼ਾਹ ਹੁੰਦਾ ਹੈ, ਬਿਨਾਂ ਆਸਰੇ ਤੋਂ ਉਹ ਵੀ ਨਹੀਂ ਬਚਦਾ ਸ਼ਿਕਾਰੀ ਮਾਰ ਲੈਂਦੇ ਹਨ।

**ਉਹ ਭੀ ਬਚੇ ਆਸਰੇ ਝੱਲ॥** ਸ਼ੇਰ ਜਿਥੇ ਸ਼ਿਕਾਰ ਕਰਦਾ ਹੈ, ਉਸ ਤੋਂ ਸੌ ਕੋਹ 'ਤੇ ਉਸ ਦਾ ਟਿਕਾਣਾ ਹੁੰਦਾ ਹੈ, ਜਿਥੇ ਉਹ ਰਹਿੰਦਾ ਹੈ। ਜੇ ਝੱਲ ਨਾ ਹੋਵੇ, ਸੰਘਣਾਂ ਜੰਗਲ ਨਾ ਹੋਵੇ, ਤਾਂ ਸ਼ੇਰ ਵੀ ਨਹੀਂ ਬਚ ਸਕਦਾ, ਉਹ ਵੀ ਝੱਲ ਦੇ ਆਸਰੇ ਹੀ ਬਚਦਾ ਹੈ।

**ਲਾਇ ਦੀਵਾਨ ਖਾਲਸੇ ਕਰੀ ਗੱਲ॥੩॥** ਖਾਲਸੇ ਪੰਥ ਨੇ ਦੀਵਾਨ ਲਾ ਕੇ ਗੁਰਮਤਾ ਸੋਧਿਆ ਹੈ। ੩।

**ਸਿੰਘ ਸਿਦਕੀਅਨ ਨੇ ਬੀਚਾਰੀ॥** ਜਿਹੜੇ ਸਿਦਕੀ ਸਿੰਘ ਸੀਸ ਤਲੀ 'ਤੇ ਧਰੀ ਫਿਰਦੇ ਸਨ ਪੰਥ ਦੀ ਖਾਤਰ, ਨੇ ਵਿਚਾਰ ਕੀਤੀ।

**ਕਿਮ ਲਰੀਐ ਔਰ ਕਿਲ੍ਹੇ ਮਝਾਰੀ॥** ਕਿਵੇਂ ਲੜੀਏ ਹੋਰ ਕਿਲ੍ਹੇ ਵਿਚ।

**ਛੋੜ ਅੰਮ੍ਰਿਤਸਰ ਗੁਰ ਦਰਬਾਰ॥** ਗੁਰੂ ਸਾਹਿਬ ਜੀ ਦਾ ਦਰਬਾਰ ਸ੍ਰੀ ਅੰਮ੍ਰਿਤਸਰ ਜੀ ਛੱਡ ਕੇ।

**ਕੈਰੋ ਪਾਂਡੋ ਮੂਏ ਭੂਮ ਵਿਚਾਰ॥੪॥** ਕੈਰੋਂ ਪਾਂਡਵ ਵੀ ਧਰਤੀ ਦੀ ਵਿਚਾਰ ਕਰਕੇ ਮਰੇ ਸਨ, ਕਿ ਜੰਗ ਜੁੱਧ ਵਾਸਤੇ ਕਿਹੜੀ ਧਰਤੀ ਜੋਗ ਹੈ। ੪।

**ਦੋਹਰਾ॥ ਜੈਸੀ ਭੂਮ ਕੁਲਛੇਤਰੀ, ਤੈਸੀ ਢਿਗ ਗੁਰਦ੍ਵਾਰ॥** ਸਾਰੇ ਸਿੰਘਾਂ ਨੇ ਵਿਚਾਰ ਕੀਤੀ ਹੈ, ਖਾਲਸਾ ਜੀ ! ਉਹੀ ਕੁਲਛੇਤਰ ਵੇਖ ਕੇ ਲੜੇ ਸਨ ਕਿ ਏਥੇ ਲੜੀਏ, ਇਹ ਧਰਤੀ ਚੰਗੀ ਹੈ ਲੜਨ ਦੇ ਵਾਸਤੇ, ਜਿਵੇਂ ਉਨ੍ਹਾਂ ਨੇ ਕੁਰਛੇਤਰ ਲੱਭਿਆ ਸੀ। ਸਾਡੇ ਵਾਸਤੇ ਸਾਡੇ ਗੁਰੂਆਂ ਦਾ ਦਰਬਾਰ ਸ੍ਰੀ ਅੰਮ੍ਰਿਤਸਰ ਪਵਿਤ੍ਰ ਹੈ। ਸਾਡੇ ਵਾਸਤੇ ਸ੍ਰੀ ਅੰਮ੍ਰਿਤਸਰ ਕੁਰਛੇਤਰ ਦੀ ਧਰਤੀ ਵਾਂਗ ਹੈ।

**ਮਰੈ ਸੁ ਢਿਗ ਗੁਰਦ੍ਵਾਰ ਕੇ, ਸਿਖ ਹੋ ਸੁ ਜਨਮ ਹਜ਼ਾਰ॥੫॥** ਜੇ ਅਸੀਂ ਗੁਰਦੁਆਰੇ ਦੇ ਨੇੜੇ ਪ੍ਰਕਰਮਾ ਵਿਚ ਸ਼ਹੀਦ ਹੋਵਾਂਗਾ, ਤਾਂ ਹਜ਼ਾਰਾਂ ਜਨਮ ਸਿੱਖਾਂ ਦੇ ਘਰ ਲਵਾਂਗੇ, ਗੁਰ ਸਿੱਖ ਬਣਾਂਗੇ, ਲੜਾਂਗੇ, ਮਰਾਂਗੇ ਗੁਰੂ ਕੀ ਬਾਣੀ ਪੜ੍ਹਾਂਗੇ, ਗੁਰੂ ਕੀ ਜਥੇਬੰਦੀ ਵਿਚ ਰਹਾਂਗੇ। ੫।

**ਚੌਪਈ॥ ਤਬੈ ਭੂਮਕਾ ਦੇਖਨ ਚਹੈ॥** ਤਦ ਸਿੰਘਾਂ ਨੇ ਕਿਲ੍ਹਾ ਬਨਾਉਣ ਵਾਸਤੇ ਜੋਗ ਧਰਤੀ ਵੇਖਣੀ ਚਾਹੀ ਹੈ ਕਿ ਕਿਹੜੀ ਐਸੀ ਧਰਤੀ ਹੈ, ਜਿਥੇ ਖਾਲਸਾ ਕਿਲ੍ਹਾ ਬਣਾਏ।

**ਕਿਹੀ ਬਾਤ ਇਕ ਸਯਾਨੇ ਅਹੈ॥** ਇਕ ਸਿਆਣੇ ਸਿੰਘ ਨੇ ਬਚਨ ਆਖਿਆ ਹੈ।

**ਪਾਂਚ ਸਰ ਜੋ ਗੁਰੂ ਬਣਾਏ॥** ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਜੋ ਗੁਰੂ ਸਾਹਿਬ ਜੀ ਨੇ ਪੰਜ ਸਰੋਵਰ ਬਣਾਏ ਸਨ। ਇਹ ਜੋ ਪੰਜ ਤੀਰਥ ਸ੍ਰੀ ਅੰਮ੍ਰਿਤਸਰ, ਸ੍ਰੀ ਕੌਲਸਰ, ਸ੍ਰੀ ਰਾਮ ਸਰ, ਸ੍ਰੀ ਬਿਬੇਕ ਸਰ ਤੇ ਸ੍ਰੀ ਸੰਤੋਖ ਸਰ ਜੀ ਸਰੋਵਰ ਹਨ।

**ਕੁਲਛੇਤਰ ਤੇ ਅਧਿਕ ਰਚਾਏ॥੬॥** ਇਹਨਾਂ ਸਰੋਵਰਾਂ ਦਾ ਕੁਰਛੇਤਰ ਦੀ ਧਰਤੀ ਤੋਂ ਜ਼ਿਆਦਾ ਮਹਾਤਮ ਹੈ, ਅਕਾਲ ਪੁਰਖ ਨੇ ਵੀ ਚਰਨ ਪਾਏ ਹਨ ਏਥੇ। ਅੰਮ੍ਰਿਤ ਸਰੋਵਰ ਤੋਂ ਅਧਿਕ ਹੋਰ ਕੋਈ ਧਰਤੀ ਪਵਿਤ੍ਰ ਨਹੀਂ ਹੈ। ੬।

**ਇਸ ਤੇ ਭੂਮ ਔਰ ਕਤ ਭਲੀ॥** ਏਸ ਤੋਂ ਪਵਿਤ੍ਰ ਧਰਤੀ ਹੋਰ ਕਿਥੇ ਹੈ, ਇਹ ਧਰਤੀ ਮੱਲਣ ਜੋਗ ਹੈ।

**ਇਹ ਤਜਿ ਔਰ ਲਈਏ ਜਹਿ ਚਲੀ॥** ਏਸ ਧਰਤੀ ਨੂੰ ਛੱਡ ਕੇ ਜਿਥੇ ਹੋਰ ਧਰਤੀ ਮੱਲ ਲਈਏ ਚੱਲ ਕੇ।

**ਗੁਰਦ੍ਵਾਰੇ ਹੀ ਮਰਨੋਂ ਚਹਿਯੈ॥** ਗੁਰੂ ਦੇ ਦੁਆਰੇ 'ਤੇ ਹੀ ਮਰਨਾ ਚਾਹੀਦਾ ਹੈ,"ਮਰਉ ਤਾ ਹਰਿ ਕੇ ਦੁਆਰ" ਪ੍ਰਮੇਸ਼ਰ ਦੇ ਦੁਆਰੇ 'ਤੇ ਹੀ ਮਰਨਾ ਚਾਹੀਦਾ ਹੈ ਤਾਂ ਕਿ ਮਰਨਾ ਸਫਲ ਹੋ ਜਾਏ।

**ਔਰ ਫੌਜ ਕਿਮ ਜਾਨ ਗਵੱਯੈ॥੭॥** ਹੋਰ ਥਾਂ 'ਤੇ ਮਰ ਕੇ ਕਿਉਂ ਐਵੇਂ ਫ਼ੌਜ ਦੀ ਜਾਨ ਗਵਾਈਏ। ੭।

**ਦੋਹਰਾ॥ ਈਹਾਂ ਸੁ ਕੰਧ ਬਣਾਇ ਕਿਛੁ ਤੁਰਕਨ ਸੌਂ ਕਰੌ ਜੰਗ॥** ਸਿੰਘਾਂ ਨੇ ਗੁਰਮਤਾ ਸੋਧ ਲਿਆ ਹੈ ਕਿ ਏਥੇ ਕਿਲ੍ਹੇ ਦੀਆਂ ਕੰਧਾਂ ਬਣਾ ਕੇ ਤੁਰਕਾਂ ਨਾਲ ਕੁਛ ਜੰਗ ਧਰਮ ਯੁਧ ਲੜੀਏ।

**ਮਰੈਂ ਤਾਂ ਸੁਰਗ ਸਿਧਾਰ ਹੈਂ, ਬਚ ਲਏਂ ਪਤਿਸ਼ਾਹੀ ਅੰਗ॥੮॥** ਜੇ ਅਸੀਂ ਸ਼ਹੀਦ ਹੋ ਗਏ, ਤਾਂ ਸੂਰਗਾਂ ਵਿਚ ਨਿਵਾਸ ਕਰਾਂਗੇ, ਸਤਿਗੁਰ ਜੀ ਦੇ ਚਰਨਾਂ ਵਿਚ ਨਿਵਾਸ ਕਰਾਂਗੇ। ਜੇ ਜਿਉਂਦੇ ਰਹੇ ਤਾਂ ਰਾਜ ਲਵਾਂਗੇ ਪਾਤਸ਼ਾਹੀ ਭੋਗਾਂਗੇ। ੮।

**ਚੌਪਈ॥ ਏਕ ਸਿੱਖ ਨੇ ਐਸ ਉਚਾਰਾ॥** ਹੋਰ ਇਕ ਸਿੱਖ ਨੇ ਬਚਨ ਕੀਤਾ ਹੈ।

**ਹਮ ਦੇਖਯੋ ਇਕ ਅਚਰਜ ਭਾਰਾ॥** ਖਾਲਸਾ ਜੀ ! ਮੈਂ ਅੱਜ ਇਕ ਅਨੋਖਾ ਕੌਤਕ ਵੇਖਿਆ ਹੈ।

**ਇਕ ਛੇਲੀ ਊਹਾਂ ਭੂਲ ਰਹੀ॥** ਇਕ ਬੱਕਰੀ ਕਿਤੇ ਸੂਣ ਵਾਲੀ ਭੁੱਲ ਕੇ ਉਸ ਥਾਂ 'ਤੇ ਰਹਿ ਗਈ।

**ਸੋਊ ਬਿਆਇਤ ਊਹਾਂ ਭਈ॥੯॥** ਆਜੜੀ ਤਾਂ ਆਪਣੀਆਂ ਹੋਰ ਬੱਕਰੀਆਂ ਲੈ ਕੇ ਘਰ ਨੂੰ ਚਲਾ ਗਿਆ ਹੈ। ਉਹ ਬੱਕਰੀ ਉਥੇ (ਬਿਆਇਤ) ਵਿਆਈ ਗਈ, ਸੂ ਪਈ ਹੈ ਅਤੇ ਦੋ ਮੇਮਣੇ ਦੇ ਦਿੱਤੇ ਸਨ। ੯।

**ਸੋਊ ਦੇਖ ਬਘਿਆੜਨ ਲਈ॥** ਉਸ ਬੱਕਰੀ ਅਤੇ ਉਸ ਦੇ ਬੱਚਿਆਂ ਨੂੰ ਬਘਿਆੜਾਂ ਨੇ ਵੇਖ ਲਿਆ ਹੈ।

**ਰਹੇ ਬਘਯਾੜ ਦੁਇ ਜ਼ੋਰ ਲਗਈ॥** ਉਹ ਬਘਿਆੜ ਉਸ ਦੇ ਲੇਲਿਆਂ ਨੂੰ ਉਸ ਤੋਂ ਖੋਹਣ ਵਾਸਤੇ ਜ਼ੋਰ ਲਾ ਰਹੇ ਸਨ।

**ਬਕਰੀ ਛੇਲੈ ਦਏ ਨ ਲੈਨ॥** ਬਘਿਆੜਾਂ ਨੇ ਬੜਾ ਜ਼ੋਰ ਲਾਇਆ ਹੈ ਅੱਗੋਂ ਬੱਕਰੀ ਜੰਗ ਕਰਨ ਵਾਸਤੇ ਖੜ੍ਹੀ ਹੋ ਗਈ ਹੈ, ਬੱਕਰੀ ਨੇ ਆਪਣੇ ਛੇਲਿਆਂ 'ਤੇ ਬਘਿਆੜਾਂ ਨੂੰ ਝਪਟਣ ਨਹੀਂ ਦਿੱਤਾ।

**ਐਸੀ ਦੇਖੀ ਬਾਤ ਸੁ ਮੈਨ॥੧੦॥** ਐਸੀ ਗੱਲ, ਬਘਿਆੜਾਂ ਨਾਲ ਬੱਕਰੀ ਲੜਦੀ, ਮੈਂ ਆਪਣੀ ਅੱਖੀਂ ਵੇਖੀ ਹੈ ਉਸ ਧਰਤੀ 'ਤੇ। ੧੦।

**ਦੋਹਰਾ॥ ਤਬੈ ਖਾਲਸੇ ਉਹ ਕਹੀ, ਹਮ ਯਹ ਸੁਨੈਂ ਨ ਗੱਲ॥** ਤਦ ਖਾਲਸੇ ਨੇ ਉਸ ਸਿੰਘ ਨੂੰ ਕਿਹਾ ਸੁਣੋਂ ਖਾਲਸਾ ! ਬੱਕਰੀਆਂ ਦੀ ਲੜਾਈ, ਅਸੀਂ ਨਹੀਂ ਇਹ ਗੱਲ ਮੰਨਦੇ, ਲੜ ਪਈ ਹੋਵੇਗੀ ਬੱਕਰੀ ਪਰ ਸਾਨੂੰ ਕੀ ਇਸ ਗੱਲ ਨਾਲ।

**ਹਮਰੋ ਨਿਸ਼ਚਾ ਗੁਰ ਉਤੇ ਮਰੈਂ ਚਰਨ ਉਸ ਤੱਲ॥੧੧॥** ਸਾਡਾ ਨਿਸ਼ਚਾ ਤਾਂ ਸਤਿਗੁਰਾਂ ਦੇ ਚਰਨਾਂ 'ਤੇ ਹੈ, ਗੁਰੂ ਦੇ ਦੁਆਰੇ 'ਤੇ ਗੁਰੂ ਚਰਨਾਂ ਹੇਠ, ਗੁਰੂ ਆਸਰੇ ਅਸੀਂ ਤਾਂ ਮਰਨਾ ਹੈ, ਅਸੀਂ ਤਾਂ ਗੁਰਦੁਆਰਾ ਜਾਣਦੇ ਹਾਂ ਕਿ ਇਹ ਗੁਰੂ ਕਾ ਦੁਆਰਾ ਹੈ, ਗੁਰੂ ਕੀ ਧਰਤੀ ਹੈ, ਏਥੇ ਸ਼ਹੀਦੀਆਂ ਪਾਈਏ, ਏਥੇ ਪ੍ਰਾਣ ਦੇਈਏ, ਸਾਨੂੰ ਤਾਂ ਇਹੋ ਭਰੋਸਾ ਹੈ। ੧੧।

**ਚੌਪਈ॥ ਤਬ ਇਕ ਸਿੰਘ ਸਿਆਣੇ ਕਹੀ॥** ਤਾਂ ਇਕ ਸਿਆਣੇ ਸਿੰਘ ਨੇ ਆਖਿਆ ਹੈ।

**'ਸਭੀ ਬਾਤ ਈਹਾਂ ਮਿਲ ਅਹੀ॥** ਖਾਲਸਾ ਜੀ ! ਏਥੇ ਤਾਂ ਫਿਰ ਸਾਰੀਆਂ ਹੀ ਗੱਲਾਂ ਮਿਲ ਗਈਆਂ ਹਨ, ਬੱਕਰੀ ਛੇਲੇ ਵਾਲੀ ਗੱਲ ਰਲ ਗਈ ਹੈ। ਇਹ ਧਰਤੀ ਬਲਵਾਨ ਹੈ। ਏਧਰ ਗੁਰੂਆਂ ਦੀ ਵੀ ਧਰਤੀ ਹੈ। ਗੁਰੂ ਆਸਰੇ ਮਰਨਾ ਹੈ, ਇਸ ਧਰਤੀ ਨੂੰ ਪਸੰਦ ਕਰਨਾ ਹੈ, ਇਹ ਸਾਰੀਆਂ ਹੀ ਗੱਲਾਂ ਇਕੱਠੀਆਂ ਹੋ ਗਈਆਂ ਹਨ।

**ਪੰਚੋਂ ਸਰ ਜੋ ਗੁਰੂ ਬਨਾਏ॥** ਗੁਰ ਸਾਹਿਬ ਜੀ ਨੇ ਜੋ ਪੰਜਾਂ ਸਰੋਵਰਾਂ ਦੀ ਰਚਨਾਂ ਕੀਤੀ ਹੈ।

**ਤਿਨ ਹੀ ਮੈਂ ਇਕ ਬਚਨ ਮਿਲਾਏ॥੧੨॥** ਸਾਰੇ ਰਲ ਕੇ ਗੁਰਮਤਾ ਕਰੋ, ਇਨ੍ਹਾਂ ਪੰਜਾਂ ਸਰੋਵਰਾਂ ਵਿੱਚੋਂ ਆਪਾਂ ਇਕ ਸਰੋਵਰ 'ਤੇ ਬਣਾ ਲਈਏ ਆਸਰਾ। ੧੨।

**ਦੋਹਰਾ॥ ਅੰਮ੍ਰਿਤਸਰ ਬਿਬੇਕਸਰ, ਕੌਲ ਸਰਾ ਲੀਓ ਥਾਪ॥** ਸਿੱਖ ਪੰਥ ਦੇ ਮਹਾਨ ਤੀਰਥ ਸ੍ਰੀ ਅੰਮ੍ਰਿਤਸਰ ਵਿਚ ਗੁਰੂ ਜੀ ਵੱਲੋਂ ਹੋਰ ਸਰੋਵਰ ਬਿਬੇਕ ਸਰ ਕੌਲਸਰ ਬਣਾਏ ਗਏ ਹਨ, ਉਨ੍ਹਾਂ ਵਿੱਚੋਂ ਆਪਣੇ ਆਸਰੇ ਵਾਸਤੇ ਥਾਪ ਲਵੋ।

**ਸੰਤੋਖਸਰ ਔ ਰਾਮਸਰ ਗੁਰ ਰਾਮਦਾਸ ਕਰੇ ਆਪ॥੧੩॥** ਸੰਤੋਖਸਰ ਅਤੇ ਰਾਮਸਰ ਸਰੋਵਰ ਦੀ ਆਪ ਰਚਨਾ ਕੀਤੀ ਹੈ, ਸ੍ਰੀ ਗੁਰੂ ਰਾਮਦਾਸ ਜੀ ਨੇ। ੧੩।

**ਚੌਪਈ॥ ਰਾਮਦਾਸ ਸਰ ਜੋ ਪੰਜ ਬਨਾਏ॥** ਗੁਰੂ ਰਾਮਦਾਸ ਜੀ ਨੇ ਜੋ ਪੰਜ ਸਰੋਵਰ ਬਣਾਏ ਹਨ।

**ਇਕ ਥਾਂ ਲੀਜੈ ਕੰਧ ਚਿਨਾਏ॥** ਇਨ੍ਹਾਂ ਸਰੋਵਰਾਂ ਵਿੱਚੋਂ ਇਕ ਸੋਰਵਰ 'ਤੇ ਕੰਧਾਂ ਚਿਣਵਾ ਲਈਏ, ਉਥੇ ਆਸਰਾ ਕਰ ਲਈਏ ਲੜਨ ਵਾਸਤੇ।

**ਮਰੈਂ ਤੁਰਕ ਤਹਿੰ ਆਪੇ ਆਇ॥** ਤੁਰਕ ਸਾਡੇ 'ਤੇ ਚੜ੍ਹ-ਚੜ੍ਹ ਕੇ ਆਉਣਗੇ, ਉਹ ਆਪਣੇ ਆਪ ਹੀ ਉਥੇ ਆ-ਆ ਕੇ ਸਾਡੇ ਹੱਥੋਂ ਮਰੀ ਜਾਣਗੇ।

**ਗੜ੍ਹੀ ਬਨਾਓ ਰਣ ਥੰਮ੍ਹ ਭਾਇ॥੧੪॥** ਇਥੇ ਗੜ੍ਹੀ ਬਣਾ ਲਵੋ ਅਤੇ ਜੰਗ ਦੇ ਮੈਦਾਨ ਵਿਚ ਰਣ ਥੰਮ੍ਹ ਗੱਡ ਦਿਉ। ੧੪।

**ਹੁਤੀ ਖੂਹੀ ਤਹਿੰ ਗੁਰੂ ਲਵਾਈ॥** ਉਥੇ ਸਤਿਗੁਰੂ ਰਾਮਦਾਸ ਨੇ ਖੂਹੀ ਬਣਾਈ ਸੀ।

**ਤਿਹ ਥਾਂ ਲੀਨੀ ਨੀਂਹ ਧਰਾਈ॥** ਖੂਹੀ ਨੂੰ ਵਿਚਕਾਰ ਰੱਖ ਕੇ ਉਸ ਦੁਆਲੇ ਨੀਂਹ ਰੱਖ ਦਿੱਤੀ ਹੈ।

**ਆਪੈ ਰਾਜ ਸਿੰਘ ਆਪੇ ਮਜੂਰ॥** ਸਿੰਘਾਂ ਵਿਚ ਇਹੀ ਖੂਬੀ ਹੈ, ਸਰਬੰਗੀ ਖਾਲਸਾ ਹੈ, ਕੋਈ ਰਾਮਗੜ੍ਹੀਆ, ਕੋਈ ਲੁਹਾਰ ਹੈ, ਕੋਈ ਤ੍ਰਖਾਣ ਹੈ, ਕੋਈ ਜੱਟ ਸਿੰਘ ਹੈ, ਕੋਈ ਖੱਤ੍ਰੀ ਸਿੰਘ ਹੈ, ਕੋਈ ਅਰੋੜਾ ਸਿੱਖ ਹੈ। ਸਾਰੀਆਂ ਕੌਮਾਂ ਵਿੱਚੋਂ, ਸਾਰੀਆਂ ਜਾਤਾਂ ਵਿੱਚੋਂ ਖਾਲਸੇ ਪੰਥ ਦੀ ਰਚਨਾਂ ਹੋਈ ਹੈ। ਕਿਲ੍ਹਾ ਬਨਾਉਣ ਵਾਸਤੇ ਸਿੰਘ ਆਪ ਹੀ ਰਾਜ ਮਿਸਤ੍ਰੀ ਹਨ ਅਤੇ ਆਪ ਹੀ ਮਜਦੂਰ ਹਨ ਸਿੰਘ।

**ਬਡੇ ਭੁਜੰਗੀ ਦਿਲ ਕੇ ਸੂਰ॥੧੫॥** ਸਿੰਘ ਵੱਡੇ (ਭੁਜੰਗੀ) ਸੱਪ ਵਾਂਗ ਜ਼ਹਿਰੇ ਅਤੇ ਦਿਲ ਦੇ ਬਹਾਦਰ ਸਨ। ੧੫।

**ਆਪੇ ਪੀਸੈਂ ਆਪ ਪਕਾਵੈਂ॥** ਸਿੰਘ ਆਪ ਹੀ ਆਪਣੇ ਹੱਥੀਂ ਚੱਕੀ 'ਤੇ ਆਟਾ ਪੀਂਹਦੇ ਸਨ ਅਤੇ ਆਪ ਹੀ ਲੰਗਰ ਸਜਾਉਂਦੇ ਸਨ।

**ਤੇਤੋ ਬਡੇ ਸ੍ਰਦਾਰ ਕਹਾਵੈਂ॥** ਜਿਨੀਂ ਕੋਈ ਬਹੁਤੀ ਸੇਵਾ ਕਰਦਾ ਸੀ, ਉਨਾਂ ਹੀ ਉਹ ਪੰਥ ਵਿਚ ਵੱਡਾ ਸਰਦਾਰ ਕਹਾਉਂਦਾ ਸੀ। ਉਨ੍ਹਾਂ ਨੂੰ ਵੱਡਾ ਗਿਣਿਆਂ ਜਾਂਦਾ ਸੀ, ਵੇਹਲੜਾਂ ਨੂੰ ਨਹੀਂ ਕਿ ਵੇਹਲੇ ਪਏ ਰਹਿਣ ਤੇ ਫੂੰ-ਫੂੰ ਕਰਦੇ ਫਿਰਨ, ਅੱਜ ਲੰਗਰ ਨਹੀਂ ਪਕਾਇਆ ਲੇਟ ਕਰ ਦਿੱਤਾ ਹੈ।

**ਜੋਊ ਕਰੈ ਸਿੰਘ ਬਹੁਤੇ ਕੰਮ॥** ਜਿਹੜਾ ਸਿੰਘ ਬਹੁਤੀ ਸੇਵਾ ਕਰਦਾ ਸੀ।

**'ਧੰਨ ਧੰਨਾ' ਕਹੈਂ, 'ਸਿੰਘ ਤਿਸੈ ਜੰਮ' ॥ ੧੬॥** ਸਿੰਘ ਉਸ ਨੂੰ ਕਹਿੰਦੇ ਸਨ, ਧੰਨ ਹੈ, ਤੇਰਾ ਜਨਮ ਸਿੰਘਾ! ਧੰਨ ਹੈ ਤੇਰਾ ਜਨਮ! ਤੂੰ ਸਿੰਘਾਂ ਦੀ ਬੜੀ ਸੇਵਾ ਕਰਦਾ ਹੈਂ, ਤੇਰੇ ਜੈਸੇ ਗੁਰੂ ਕੇ ਲਾਲ ਚਾਹੀਦੇ ਹਨ ਗੁਰਘਰ ਵਿਚ। ੧੬।

**ਕੋਊ ਕਰੈ ਨ ਕਿਸੀ ਸ਼ਰੀਕਾ॥** ਕੋਈ ਵੀ ਸਿੰਘ ਇਕ ਦੂਜੇ ਨਾਲ ਸ਼ਰੀਕਾ ਨਹੀਂ ਕਰਦਾ ਹੈ ਕਿ ਫਲਾਨਾ ਸਿੰਘ ਨਹੀਂ ਸੇਵਾ ਕਰਦਾ, ਮੈਂ ਵੀ ਨਹੀਂ ਕਰਨੀ।

**ਕੋਈ ਨ ਸੁਨਾਵੈ ਦੁਖ ਨਿਜ ਜੀ ਕਾ॥** ਆਪਣੇ ਦੁਖ ਕੋਈ ਵੀ ਸਿੰਘ ਨਹੀਂ ਸੁਣਾਉਂਦਾ ਹੈ ਦੂਜਿਆਂ ਸਿੰਘਾਂ ਨੂੰ, ਭਾਵੇਂ ਬੁਖਾਰ ਚੜ੍ਹਿਆ ਹੈ, ਤਾਪ ਚੜ੍ਹਿਆ ਹੈ, ਕੋਈ ਰੋਗ ਹੈ ਜਾਂ ਹੋਰ ਦੁਖ ਹੈ, ਚੜ੍ਹਦੀ ਕਲਾ ਦਾ ਖਾਲਸਾ ਹੈ।

**ਕੰਧ ਬਨਾਵੈਂ ਦੌੜੇ ਦੌੜ॥** ਸਿੰਘ ਦੌੜ-ਦੌੜ ਕੇ ਕੰਧ ਬਣਾ ਰਹੇ ਸਨ, ਕੋਈ ਗਾਰਾ ਲਈ ਆਉਂਦਾ ਹੈ, ਕੋਈ ਇੱਟਾਂ ਲਈ ਆਉਂਦਾ ਹੈ। ਵਿੱਚੇ ਸਿੰਘ ਰਾਜ ਮਿਸਤ੍ਰੀ ਹਨ, ਉਹ ਕੋਈ ਦਿਹਾੜੀ ਨਹੀਂ ਮੰਗਦੇ।

**ਜਿਮ ਬੰਦਰ ਪੁਲ ਬੰਧਤ ਧੌੜ॥੧੭॥** ਜਿਵੇਂ ਲੰਕਾਂ ਨੂੰ ਜਾਣ ਲੱਗਿਆਂ ਸਮੁੰਦਰ 'ਤੇ ਪੁਲ ਬੰਨ੍ਹਿਆ ਸੀ, ਬਾਂਦਰਾਂ ਦੀ ਸੈਨਾ ਸੀ ਸ੍ਰੀ ਰਾਮਚੰਦ ਜੀ ਨਾਲ, ਬਾਂਦਰ ਵੱਡੇ-ਵੱਡੇ ਪੱਥਰ ਲਈ ਆਉਂਦੇ ਸੀ, ਲੰਕਾਂ ਨੂੰ ਪੁਲ ਬੰਨ੍ਹ ਲਿਆ ਸੀ ਉਨ੍ਹਾਂ ਨੇ। ਉਸੇ ਤਰ੍ਹਾਂ ਸਿੰਘ ਭੱਜ-ਭੱਜ ਕੇ ਇੱਟਾਂ ਲਿਆਉਂਦੇ ਸੀ। ੧੭।

**ਚਾਰੇ ਲੰਗਾਂ ਲੈ ਤੁਰੇ ਨਿਸਦਿਨ ਨਾਹਿੰ ਥਕਾਇੰ॥** ਚਾਰੇ (ਲੰਗਾਂ) ਬਾਹੀਆਂ, ਕੰਧਾਂ ਇੱਕੋ ਵੇਲੇ ਲੈ ਤੁਰੇ ਸਨ, ਸਿੰਘਾਂ ਨੇ ਕਿਲ੍ਹੇ ਦੀਆਂ ਚਾਰੇ ਕੰਧਾਂ, ਇਕੋ ਸਮੇਂ ਬਨਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ, ਰਾਤ ਦਿਨ ਸੇਵਾ ਕਰਦੇ ਥੱਕਦੇ ਨਹੀਂ ਸਨ।

**ਹੌਲੀ ਹੌਲੀ ਜਿਉਂ ਕਹੈਂ ਤਿਮ ਤਿਮ ਦੌੜ ਕਮਾਹਿੰ॥੧੮॥** ਜਿਹੜੇ ਸਿਆਣੇ ਸਿੰਘ ਸੀ, ਉਹ ਕਹਿੰਦੇ ਸਨ, ਹੌਲੀ ਸਿੰਘੋ! ਥੱਕ ਜਾਉਂਗੇ, ਜਰਾ ਸਹਿਜ ਨਾਲ ਲਈ ਆਓ ! ਉਹ ਸਗੋਂ ਹੋਰ ਜ਼ੋਰ ਨਾਲ, ਹੋਰ ਤੇਜ਼ੀ ਕਰਦੇ ਸਨ, ਭੱਜ-ਭੱਜ ਕੇ ਕਿਲ੍ਹਾ ਬਣਾਉਣ ਦੀ ਸੇਵਾ ਕਰਦੇ ਸਨ ਕਿ ਛੇਤੀ ਆਸਰਾ ਬਣਾ ਲਈਏ ਫ਼ੌਜ ਦੇ ਆਉਣ ਤੋਂ ਪਹਿਲਾਂ-ਪਹਿਲਾਂ। ੧੮।

**ਚੌਪਈ॥ ਬੁਰਜ ਦਰਵਾਜੇ ਬਨਾਯੋ ਖਾਸ॥** ਚਾਰ ਖਾਸ ਬੁਰਜ਼ ਉਸਾਰ ਲਏ ਸਨ ਗੜ੍ਹੀ ਦੇ, ਇਕ ਵੱਡਾ ਦਰਵਾਜ਼ਾ ਰੱਖ ਲਿਆ ਹੈ, ਹੋਰ ਦੀ ਦਰਵਾਜ਼ੇ ਰੱਖ ਲਏ ਹਨ, ਅੰਦਰ ਆਉਣ ਜਾਣ ਵਾਸਤੇ।

**ਮੰਡਯੋ ਸੁ ਮਰਨੌਂ ਤਿਹ ਥਾਂ ਵਾਸ॥** ਸਿੰਘਾਂ ਤਾਂ ਉਸ ਥਾਂ ਵਾਸਾ ਕੀਤਾ ਹੈ ਕਿ ਏਥੇ ਲੜਕੇ ਸ਼ਹੀਦ ਹੋਵਾਂਗੇ, ਦੁਸ਼ਟਾਂ ਨੂੰ ਮਾਰਾਂਗੇ ਤੇ ਮਰਾਂਗੇ, ਇਹ ਉਨ੍ਹਾਂ ਸਿੰਘਾਂ ਦਾ ਨਿਸ਼ਾਨਾ ਮਿਥਿਆ ਹੋਇਆ ਹੈ।

**ਜੋ ਲਭਯੋ ਕਿਛ ਖਰਚ ਸੁ ਪਾਯੋ॥** ਜੇ ਲੜਾਈ ਲਗਣੀ ਹੈ ਤਾਂ ਕਿਲ੍ਹੇ ਵਿਚ ਰਾਸ਼ਨ ਵੀ ਚਾਹੀਦਾ ਹੈ। ਜੋ ਵੀ ਕਿਸੇ ਸਿੰਘ ਨੂੰ ਲੱਭਿਆ ਹੈ, ਲਿਆ ਕੇ ਖਾਲਸੇ ਪੰਥ ਅੱਗੇ ਹਾਜ਼ਰ ਕੀਤਾ ਹੈ। ਅੰਨ, ਅਨਾਜ਼ ਵਰਤਣ ਵਾਲੀਆਂ ਵਸਤੂਆਂ ਦਾਰੂ ਸਿੱਕਾ ਸਭ ਜਮ੍ਹਾਂ ਕੀਤਾ ਹੈ ਖਾਲਸੇ ਨੇ।

**ਲੁਟਯੋ ਕੁਟਯੋ ਥੋ ਜੋ ਭੁਜ ਚਾਯੋ॥੧੯॥** ਲੁੱਟ-ਕੁੱਟ ਕੇ ਜੋ ਆਪਣੀਆਂ ਬਾਹਾਂ ਨਾਲ ਚੁੱਕ ਸਕਦੇ ਸਨ ਸਿਰ 'ਤੇ ਉਹ ਵਸਤੂਆਂ ਲਿਆ ਕੇ ਰੱਖੀਆਂ ਹਿੰਮਤ ਨਾਲ, ਬੜਾ ਹੀ ਉੱਦਮ ਕਰਕੇ। ੧੯।

**ਚਾਰ ਓਰ ਤਿਹ ਰੌਣੀ ਬਣਾਈ॥** ਕਿਲ੍ਹੇ ਦੇ ਚਾਰੋਂ ਤਰਫ ਪਾਣੀ ਦੀ ਭਰੀ ਹੋਈ ਖਾਈ ਬਣਾਈ ਹੈ, ਜਿਸ ਨੂੰ ਕੋਈ ਟੱਪ ਨਾ ਸਕੇ, ਕੰਧ ਨੂੰ ਹੱਥ ਨਾ ਪਾ ਸਕੇ। (ਰੌਣੀ) ਖਾਈ।

**ਇਮ ਕਰ ਰੌਣੀ ਨਾਮ ਸਦਾਈ॥** ਰਾਮਸਰ ਸਰੋਵਰ 'ਤੇ ਸਿੰਘਾਂ ਨੇ ਇਕ ਛੋਟਾ ਜਿਹਾਂ ਕਿਲ੍ਹਾ ਬਣਾ ਲਿਆ ਹੈ, ਉਸ ਦੇ ਚਾਰ-ਚੁਫੇਰੇ ਖਾਈ ਬਣਾ ਲਈ ਹੈ, ਇਸ ਕਰਕੇ ਇਸ ਕਿਲ੍ਹੇ ਦਾ ਨਾਮ ਰਾਮ ਰੌਣੀ ਪਿਆ ਹੈ।

**ਗਿਰਦੈ ਲਏ ਭੁਇ ਮੋਰਚੇ ਪੁਟਾਇ॥** ਉਸ ਕਿਲ੍ਹੇ ਦੇ ਇਰਦ-ਗਿਰਦ ਚਾਰ-ਚੁਫੇਰੇ ਦੁਸ਼ਮਣ ਨੂੰ ਰੋਕਣ ਵਾਸਤੇ ਸਿੰਘਾਂ ਨੇ ਮੋਰਚੇ ਪੁੱਟ ਲਏ ਸਨ। ਉਨ੍ਹਾਂ ਮੋਰਚਿਆਂ ਵਿਚ ਬੰਦੂਕਾਂ ਵਾਲੇ, ਕਮਾਨਾਂ ਵਾਲੇ, ਬੈਠ ਗਏ ਸਨ ਨਿਸ਼ਾਨਾਂ ਲੈ ਕੇ।

**ਖਾਈ ਲਈ ਅਤਿ ਗਹਰ ਕਰਾਇ॥੨੦॥** ਕਿਲ੍ਹੇ ਦੇ ਚੁਫੇਰੇ ਪਾਣੀ ਵਾਲੀ ਖਾਈ ਅਤੀ ਡੂੰਘੀ ਕਰ ਲਈ ਹੈ, ਤਾਂ ਕਿ ਦੁਸ਼ਮਣ ਟੱਪ ਨਾ ਸਕੇ, ਪਾਣੀ ਤੋਂ ਖਾਲੀ ਹੋਵੇ, ਤਾਂ ਵੀ ਵਿਚ ਡਿੱਗ ਪਵੇ, ਉਤਾਂਹ ਕਿਲ੍ਹੇ 'ਤੇ ਚੜ੍ਹ ਨਾ ਸਕਣ, ਏਸ ਤਰ੍ਹਾਂ ਸਿੰਘਾਂ ਨੇ ਹਿੰਮਤ ਕੀਤੀ ਹੈ। ੨੦।

**ਆਪੇ ਪੱਟੈਂ ਆਪ ਉਸਾਰੈਂ॥** ਸਿੰਘ ਆਪ ਹੀ ਖਾਈ ਨੂੰ ਪੁੱਟਦੇ ਹਨ ਤੇ ਆਪ ਹੀ ਕਿਲ੍ਹੇ ਦੀਆਂ ਕੰਧਾਂ ਉਸਾਰ ਰਹੇ ਹਨ।

**ਰਾਜ ਮਜੂਰ ਸਿੰਘ ਗੁਰੂ ਪਿਆਰੈ॥** ਗੁਰੂ ਦੇ ਪਿਆਰੇ ਸਿੰਘ ਜਿਹੜੇ ਇੱਟਾਂ ਦੀ ਚਿਣਾਈ ਕਰਨੀ ਜਾਣਦੇ ਸਨ, ਉਹ ਆਪ

ਹੀ ਇੱਟਾਂ ਚਿਣਨ ਵਾਲੇ ਰਾਜ ਮਿਸਤ੍ਰੀ ਸਨ ਤੇ ਆਪ ਹੀ ਮਜਦੂਰ ਸਨ ਇੱਟਾਂ ਆਦਿਕ ਢੋਣ ਵਾਲੇ।

***ਰਾਤ ਦਿਵਸ ਕਰ ਕੰਧ ਚਿਨਾਈ॥*** ਰਾਤ ਦਿਨ ਇਕ ਕਰਕੇ ਸਿੰਘਾਂ ਨੇ ਰਾਮਰੌਣੀ ਕਿਲ੍ਹੇ ਦੀਆਂ ਕੰਧਾਂ ਉਸਾਰ ਲਈਆਂ ਹਨ।

***ਕਿਛਕੁ ਆਸਰੋ ਲਯੋ ਬਨਾਈ॥੨੧॥*** ਜਿੰਨੀ ਕੁ ਹਿੰਮਤ ਕੀਤੀ ਹੈ ਖਾਲਸੇ ਨੇ, ਉਤਨਾਂ ਕੁ ਆਸਰਾ ਬਣਾ ਲਿਆ ਹੈ। ੨੧।

***ਸਿੰਘ ਪੰਜ ਸੈ ਭਯੋ ਉਹਾਂ ਸਾਰੋ॥*** ਜਦੋਂ ਗਿਣਤੀ ਕੀਤੀ ਸਿੰਘਾਂ ਦੀ ਸਾਰਾ ਪੰਜ ਕੁ ਸੌ ਸਿੰਘ ਇਕੱਤਰ ਹੋਇਆ ਹੈ। ਹਕੂਮਤ ਨਾਲ ਲੜਨ ਵਾਸਤੇ ਪੰਜ ਸੌ ਸਿੰਘ ਨੇ ਇਕੱਤਰ ਹੋ ਕੇ ਕਿਲ੍ਹਾ ਉਸਾਰ ਲਿਆ ਹੈ।

***ਸ਼ਹੀਦ ਹੋਨ ਕੋ ਉਨ ਪ੍ਰਣ ਧਾਰੋ॥*** ਗੁਰਮਤਾ ਕਰ ਲਿਆ ਸਿੰਘਾਂ ਨੇ, ਪ੍ਰਣ ਕਰ ਲਿਆ ਹੈ, ਹੁਣ ਭੱਜਣਾ ਨਹੀਂ ਹੈ, ਜੰਗਲਾਂ ਦੇ ਦੁਖ ਸਹਾਰ ਲਏ ਹਨ ਬਥੇਰੇ। ਉਥੇ ਮੰਗਿਆਂ ਵੀ ਕਿਸੇ ਨੇ ਕੁਛ ਨਹੀਂ ਦਿੱਤਾ, ਮੁੱਲ ਨੂੰ ਵੀ ਨਹੀਂ ਦਿੱਤਾ, ਇਸ ਵਾਸਤੇ ਏਥੇ ਗੁਰਦੁਆਰੇ ਮਰੀਏ, ਏਥੇ ਸੀਸ ਲਾਇਆ ਹੋਇਆ ਸਫਲ ਹੋ ਜਾਇਗਾ ਸਾਡਾ।

***ਔਰ ਜ਼ਯਾਦ ਦੀ ਜਗ੍ਹਾ ਥੀ ਨਾਹੀਂ॥*** ਇਸ ਤੋਂ ਹੋਰ ਜ਼ਿਆਦਾ ਸਿੰਘਾਂ ਦੇ ਵੜਨ ਦੀ ਜਗ੍ਹਾ ਨਹੀਂ ਸੀ, ਦੂਸਰੇ ਸਿੰਘ ਖਿੰਡ ਪੁੰਡ ਗਏ ਹਨ ਆਸ ਪਾਸ।

***ਇਸ ਬਿਧ ਸਿੰਘ ਵੜੇ ਘਣੇ ਨਾਂਹੀ॥੨੨॥*** ਇਸ ਤਰ੍ਹਾਂ ਬਹੁਤੇ ਸਿੰਘ ਨਹੀਂ ਵੜ ਸਕੇ ਕਿਲ੍ਹੇ ਵਿਚ। ੨੨।

***ਦੋਹਰਾ॥ ਖਬਰ ਭਈ ਜਬ ਤੁਰਕ ਕੋ ਲੜਯੋ ਅਚਾਨਕ ਆਇ॥*** ਜਦੋਂ ਤੁਰਕਾਂ ਨੂੰ ਖ਼ਬਰ ਹੋਈ ਕਿ ਖਾਲਸੇ ਨੇ ਤਾਂ ਕਿਲ੍ਹਾ ਰਚ ਲਿਆ ਹੈ, ਤਾਂ ਅਚਾਨਕ ਹੀ ਤੁਰਕਾਂ ਦੀਆਂ ਫ਼ੌਜਾਂ ਨੇ ਕਿਲ੍ਹੇ ਨੂੰ ਆ ਘੇਰਿਆ ਹੈ ਲੜਨ ਵਾਸਤੇ।

***ਮੀਰ ਮੰਨੂੰ ਨੇ ਭੇਜਿਓ ਦੀਨਾ ਬੇਗ ਚੜ੍ਹਾਇ॥੨੩॥*** ਲਹੌਰ ਦੇ ਸੂਬੇ ਮੀਰ ਮੰਨੂ ਨੇ ਦੀਨਾਂ ਬੇਗ ਸਿੰਘਾਂ ਉਤੇ ਚੜ੍ਹਾ ਕੇ ਭੇਜਿਆ ਹੈ। ੨੩।

***ਦਿਵਾਨ ਕੌੜਾ ਮਲ ਸਦੀਕਾ ਨਾਲ॥*** ਦਿਵਾਨ ਕੌੜਾ ਮੱਲ ਤੇ ਸਦੀਕ ਅਲੀ ਨਾਲ।

***ਅਜ਼ੀਜ ਖਾਨ ਥੇ ਸੂਬੇਦਾਰ॥*** ਸੂਬੇਦਾਰ ਅਜ਼ੀਜ ਖ਼ਾਨ ਵੀ ਨਾਲ ਸੀ।

***ਰਾਜੇ ਪਹਾੜੀ ਕਈ ਚੜ੍ਹਾਏ॥*** ਕਈ ਪਹਾੜੀ ਰਾਜਿਆਂ ਨੂੰ ਵੀ ਫ਼ੌਜ ਸਮੇਤ ਚੜ੍ਹਾਇਆ ਹੈ ਸਿੰਘਾਂ 'ਤੇ।

***ਤੋਪਖਾਨੋ ਬਹੁ ਸਾਥ ਲਿਆਏ॥੨੪॥*** ਬਹੁਤ ਭਾਰੀ ਤੋਪਖਾਨਾ ਵੀ ਆਪਣੇ ਨਾਲ ਲਿਆਂਦਾ ਹੈ। ੨੪।

***ਤੁਰਕਨ ਤਬ ਰਨਗੜ੍ਹੋ ਬਨਾਯਾ॥*** ਤੁਰਕਾਂ ਨੇ ਤਦ ਸਿੰਘਾਂ ਨਾਲ ਲੜਨ ਵਾਸਤੇ (ਰਨਗੜ) ਇਕ ਵਲਗਣ ਜਿਹੀ ਵਲ ਲਈ ਹੈ।

***ਰੌਣੀ ਦੁਵਾਜੇ ਸਨਮੁਖ ਧਕਾਯਾ॥*** ਤੁਰਕ ਫ਼ੌਜ ਨੂੰ ਰਾਮ ਰੌਣੀ ਕਿਲ੍ਹੇ ਦੇ ਦਰਵਾਜ਼ੇ ਦੇ ਸਾਮ੍ਹਣੇ ਨੂੰ ਕਰਕੇ ਹੱਲਾ ਕੀਤਾ ਹੈ।

***ਤਬੈ ਖਾਲਸੇ ਬਾਤ ਬਿਚਾਰੀ॥*** ਤਦ ਖਾਲਸੇ ਨੇ ਵੀ ਜੰਗ ਕਰਨ ਦੇ ਢੰਗ ਨੂੰ ਚੰਗੀ ਤਰ੍ਹਾਂ ਵਿਚਾਰਿਆ ਹੈ।

***ਤੁਰਕਨ ਪਾਈ ਹਮ ਪੈ ਭਾਰੀ॥੨੫॥*** ਤੁਰਕ ਸਾਡੇ ਉੱਤੇ ਭਾਰੀ ਪੈ ਗਏ ਹਨ। ੨੫।

***ਹੋਵੋ ਸ਼ਹੀਦ ਔ ਤੁਰਕਨ ਮਾਰੋ॥*** ਹੁਣ ਤੁਰਕਾਂ ਨੂੰ ਮਾਰ-ਮਾਰ ਕੇ ਸ਼ਹੀਦ ਹੋਈਏ ਏਥੇ।

***ਇਹ ਵੀ ਸੁਨੀਐ ਜਗਤ ਅਖ੍ਯਾਰੋ॥*** ਐਸਾ ਜੰਗ ਕਰੋ ਕਿ ਦੁਨੀਆਂ ਵਿਚ ਮਸ਼ਹੂਰੀ ਹੋ ਜਾਵੇ ਕਿ ਸਿੰਘ ਤੁਰਕਾਂ ਦੀ ਹਕੂਮਤ ਵਿਚ ਕਿਲ੍ਹਾ ਬਣਾ ਕੇ ਵਿਚ ਲੜੇ ਸਨ, ਇਹ (ਅਖਾਰੋ) ਜੰਗ ਵੀ ਸੰਸਾਰ ਵਿਚ ਸੁਣਿਆ ਜਾਵੇ।

***ਦੀਨ ਮਜ਼ਹਬ ਕੋ ਯਹ ਹੈ ਜੁੱਧ॥*** ਇਹ ਖਾਲਸੇ ਵਾਸਤੇ ਧਰਮ ਜੁੱਧ ਹੈ।

***ਛੁਹੈ ਸ਼ਸਤ੍ਰ ਤਨ ਹੋਵਗ ਸੁੱਧ॥੨੬॥*** ਸਰੀਰ 'ਤੇ ਸ਼ਸਤ੍ਰ ਲੱਗਣ ਨਾਲ ਸਰੀਰ ਸ਼ੁਧ ਹੋ ਜਾਇਗਾ, ਸ਼ਸਤ੍ਰ ਵਜਣਗੇ, ਤਾਂ ਸਰੀਰ ਪਵਿਤ੍ਰ ਹੋ ਜਾਣਗੇ, ਸੀਸ ਵੀ ਸ਼ਸਤ੍ਰਾਂ ਦੀ ਭੇਟਾ ਹੋਵੇਗਾ। ੨੬।

***ਦੋਹਰਾ॥ ਤਬ ਦਸ ਸਿੰਘਨ ਨਿਕਸਿ ਕੈ, ਰਣਗੜ੍ਹ ਲੀਓ ਛੁਡਾਇ॥*** ਤਦ ਦਸ ਸਿੰਘਾਂ ਨੇ ਰਾਮ ਰੌਣੀ ਕਿਲ੍ਹੇ ਵਿੱਚੋਂ

ਨਿਕਲ ਕੇ ਜਿਥੇ ਤੁਰਕਾਂ ਨੇ ਲੜਾਈ ਲੜਨ ਵਾਸਤੇ ਰਣ ਖੰਭ ਗੱਡਿਆ ਸੀ, ਉਸ ਥਾਂ ਨੂੰ ਛੁਡਾ ਲਿਆ ਹੈ?

***ਤੁਰਕਨ ਮਾਰ ਸੁ ਮਰ ਗਏ ਜੋ ਬਚਯੋ ਰਲਯੋ ਪੁਨ ਆਇ॥੨੭॥*** ਉਹ ਸਿੰਘ ਤੁਰਕਾਂ ਨੂੰ ਮਾਰਦੇ ਹੋਵੇ ਸ਼ਹੀਦ ਹੋ ਗਏ ਸਨ ਅਤੇ ਜੇ ਕੋਈ ਬਚ ਗਿਆ, ਉਨ੍ਹਾਂ ਵਿੱਚੋਂ ਉਹ ਫਿਰ ਆ ਕੇ ਰੌਣੀ ਵਿਚ ਦਾਖ਼ਲ ਹੋ ਗਏ ਸਨ, ਜਿਹੜੇ ਇਕ ਦੋ ਬਚੇ ਸਨ। ੨੭।

***ਚੌਪਈ॥ ਕਰ ਹੱਲਾ ਸਿੰਘ ਸ਼ੇਰ ਜਿਮ ਪਾਵੈਂ॥*** "ਸਿੰਘਾਂ ਦਾ ਹੱਲਾ, ਹੱਲਾ ਇਨਕਾ ਕਹਿਰ ਖੁਦਾਇ। ਯਾ ਅੱਲਾ ! ਹੱਲਾ ਇਨਕਾ ਰੋਕਿਆ ਨਾ ਜਾਏ, ਤੁਰਕ ਕਹਿੰਦੇ ਹੁੰਦੇ ਸਨ। ਜਦੋਂ ਸਿੰਘਾਂ ਨੇ ਸ਼ੇਰਾਂ ਵਾਂਗ ਹੱਲਾ ਬੋਲ ਦਿੱਤਾ, ਫੇਰ ਕੌਣ ਖੜ੍ਹੇ ਇਕ ਸ਼ੇਰ ਨਹੀਂ ਝੱਲੀਦਾ ਜਦੋਂ ਦਸ ਸ਼ੇਰ ਇਕੱਠੇ ਪੈ ਗਏ ਹਨ, ਤੁਰਕਾਂ ਨੇ ਓਦੋਂ ਹੀ ਮੈਦਾਨ ਖਾਲੀ ਕਰ ਦਿੱਤਾ ਹੈ।

***ਜਨੁ ਬਿੱਜਲ ਵਿਚ ਘਨਕੇ ਧਾਵੈ॥*** ਜਾਣੋਂ ਬੱਦਲਾਂ ਵਿੱਚੋਂ ਅਸਮਾਨੀ ਬਿਜਲੀ ਕੜਕਦੀ ਹੈ, ਇਉਂ ਹੱਲਾ ਕੀਤਾ ਹੈ ਸਿੰਘਾਂ ਨੇ।

***ਈਹਾਂ ਮਾਰ ਜਾਂ ਊਹਾਂ ਲਗਾਵੈਂ॥*** ਏਥੇ ਵੱਡੇ ਜ਼ਰਨੈਲ ਨੂੰ ਮਾਰ ਕੇ ਉੱਥੇ ਜਾ ਮਾਰਿਆ ਹੈ,ਕਿਸੇ ਫ਼ੌਜੀ ਅਫਸਰ ਨੂੰ ਉਧਰ ਜਾ ਮਾਰਿਆ ਵਾਰ, ਇਉਂ ਸਿੰਘ ਲੜਦੇ ਸਨ ਮੈਦਾਨ ਵਿਚ, ਜਿਥੇ ਦਸ ਸਿੰਘ ਹੋਣ ਇਹੋ ਜਿਹੇ ਲੜਨ ਵਾਲੇ, ਉਥੇ ਸੱਥਰ ਲਾਹ ਦਿੰਦੇ ਹਨ ਫ਼ੌਜਾਂ ਦੇ, ਭੱਜਣ ਤੋਂ ਬਿਨਾਂ ਹੋਰ ਆਸਰਾ ਹੀ ਨਾ ਦਿਸਦਾ ਦੁਸ਼ਮਣ ਨੂੰ।

***ਪੈਰ ਪਯਾਦੇ ਘੋੜੇ' ਜਿਮ ਧਾਵੈਂ॥੨੮॥*** ਸਿੰਘ ਇਤਨੇ ਬਲੀ ਹੋ ਚੁੱਕੇ ਸਨ, ਪੈਦਲ ਸਨ, ਘੋੜਿਆਂ ਦੀ ਦੌੜ ਵਾਂਗ ਸਿੰਘ ਛੂਟ ਕਰ ਦਿੰਦੇ ਸਨ, ਤੁਰਕ ਹਨ ਮੂਹਰੇ ਇਉਂ ਤਾਂ ਨਹੀਂ ਡਰਦੇ ਐਵੇਂ, ਪਤਾ ਹੈ ਕਿ ਜਿਸ 'ਤੇ ਜਾ ਪਿਆ ਖਾਲਸਾ ਦੋ ਖੰਡ ਕਰ ਦੇਏਗਾ, ਏਸ ਕਰ ਭੈ ਖਾਂਦੇ ਸਨ ਖਾਲਸੇ ਤੋਂ ਸਭ। ੨੮।

***ਰਾਤ ਹਨੇਰੀ ਸਿੰਘ ਜਾਇ ਪਰੈਂ॥*** ਜਦੋਂ ਹਨੇਰੀ ਰਾਤ ਹੋਵੇ ਤੁਰਕਾਂ ਨੂੰ ਦਿਸਦਾ ਹੀ ਕੋਈ ਨਹੀਂ, ਸਿੰਘਾਂ ਦਾ ਤਾਂ ਰਾਤ ਨੂੰ ਦਿਨ ਚੜ੍ਹਦਾ ਹੈ। ਹਨੇਰੀ ਰਾਤ ਵਿਚ ਤੁਰਕਾਂ ਦੇ ਮੋਰਚੇ 'ਤੇ ਜਾ ਪੈਂਦੇ ਹਨ ਸਿੰਘ, ਦਸ ਦਸ, ਵੀਹ ਵੀਹ ਇਕੱਠੇ ਹੋ ਕੇ।

***ਸਿੰਘਨ ਭੁਲਾਵੇ ਤੁਰਕ ਆਪ ਮਰੈਂ॥*** ਸਿੰਘ ਤਾਂ ਦਬਾ ਦਬ ਹੱਲਾ ਮਾਰ ਕੇ ਜੋ ਹੱਥ ਲੱਗਦਾ ਹੈ, ਲੁੱਟ ਲਿਆਉਂਦੇ ਸਨ, ਸਿੰਘਾਂ ਦੇ ਭੁਲੇਖੇ ਜੋ ਚਾਨਣ ਵਿਚ ਜਾਗਣ ਜਾਣਦੇ ਸਨ, ਰਾਤ ਤਾਂ ਕਿਤੇ ਜਾਗੇ ਹੀ ਨਹੀਂ ਤੁਰਕ, ਉਨ੍ਹਾਂ ਨੂੰ ਕੀ ਪਤਾ ਕੌਣ ਸਾਨੂੰ ਮਾਰਦਾ, ਤੁਰਕ ਆਪਸ ਵਿਚੀਂ ਹੀ ਲੜਕੇ ਮਰ ਜਾਂਦੇ ਸਨ, ਜਦੋਂ ਦਿਨ ਚੜ੍ਹਦਾ ਹੈ,ਓਥੇ ਸਿੰਘ ਤਾਂ ਕੋਈ ਹੁੰਦਾ ਹੀ ਨਹੀਂ, ਤੁਰਕ ਆਪੇ ਹੀ ਲੜ ਕੇ ਢੇਰ ਹੋਏ ਪਏ ਹੁੰਦੇ ਸਨ।

***ਸਿੰਘ ਏਕ ਸੋ ਸੰਪੈ ਭਾਰੀ॥*** ਉਹ ਇੱਕੋ ਸਿੰਘ ਹੀ ਜੁੱਧ ਵਿਚ ਤੁਰਕਾਂ 'ਤੇ ਭਾਰੀ ਪੈ ਜਾਂਦਾ ਹੈ।

***ਇਸ ਬਿਧ ਥੋਰੇ ਬਹੁ ਕਰਨ ਖੁਆਰੀ॥੨੯॥*** ਇਸ ਤਰ੍ਹਾਂ ਥੋੜ੍ਹੇ ਸਿੰਘ ਬਹੁਤੀ ਫ਼ੌਜ ਦੀ ਖੁਆਰੀ ਕਰ ਦਿੰਦੇ ਸਨ, ਉਨ੍ਹਾਂ ਨੂੰ ਭਜਾ ਮੈਦਾਨ ਵੇਹਲਾ ਕਰ ਦਿੰਦੇ ਸਨ। ੨੯।

***ਦੋਹਰਾ॥ ਲੁਕਯੋ ਛਪਯੋ ਕੋਊ ਸਿੰਘ ਤਬ ਝਾੜਨ ਖੱਡਨ ਹੋਇ॥*** ਕਿਲ੍ਹੇ ਵਿੱਚੋਂ ਨਿਕਲਕੇ ਜਿੰਨੇ ਕੁ ਸਿੰਘ ਸ਼ਹੀਦ ਹੋ ਜਾਂਦੇ ਸਨ, ਜਿਹੜੇ ਕੋਈ ਬਾਹਰ ਸਿੰਘ ਤਦ ਝਾੜਾਂ ਖੱਡਾਂ ਵਿਚ ਲੁਕ ਕੇ ਗੁਜ਼ਾਰਾ ਕਰਦੇ ਸਨ।

***ਤੁਰਕਨ ਊਪਰ ਆ ਪਰੈ, ਹੋਨ ਸ਼ਹੀਦੈ ਸੋਇ॥੩੦॥*** ਝਾੜਾਂ ਖੱਡਾਂ ਵਿੱਚੋਂ ਬਾਹਰ ਨਿਕਲ ਕੇ ਉਹ ਵੀ ਤੁਰਕਾਂ ਉਪਰ ਆ ਪੈਂਦੇ ਸਨ, ਸ਼ਹੀਦੀ ਰੁਤਵਾ ਪ੍ਰਾਪਤ ਕਰਨ ਵਾਸਤੇ, ਉਹ ਆ ਕੇ ਸ਼ਹੀਦ ਹੋ ਜਾਂਦੇ ਸਨ ਜੁੱਧ ਲੜਕੇ। ੩੦।

***ਚੌਪਈ॥ ਤਬ ਤੁਰਕਨ ਨੇ ਸੁਰੰਗ ਲਗਾਈ॥*** ਤਦ ਤੁਰਕਾਂ ਨੇ ਕਿਲ੍ਹੇ ਵਿਚ ਜਾਣ ਵਾਸਤੇ ਸੁਰੰਗ ਲਗਾਈ ਹੈ।

***ਸਿੰਘਨ ਡੂੰਘੀ ਕਰੀ ਅਗਯੋਂ ਖਾਈ॥*** ਸਿੰਘਾਂ ਨੇ ਕਿਲ੍ਹੇ ਦੇ ਚੌਹੀ ਪਾਸੀਂ ਰੌਣੀ ਪੁੱਟੀ ਸੀ, ਉਹ ਹੋਰ ਡੂੰਘੀ ਕਰ ਦਿੱਤੀ ਕਿ ਤੁਰਕ ਸੁਰੰਗ ਰਾਹੀਂ ਕਿਲ੍ਹੇ ਵਿਚ ਨਾ ਆ ਜਾਣ।

**ਮਧ ਖਾਈ ਬਹੁ ਸਿੰਘ ਬਹਿ ਰਹੇ॥** ਬਹੁਤ ਸਾਰੇ ਸਿੰਘ ਖਾਈ ਵਿਚ ਹੀ ਬੈਠੇ ਹਨ ਮੋਰਚੇ 'ਤੇ।

**ਸੁਰੰਗ ਅਗੈ ਨਹੀਂ ਚਲਨੇ ਦਹੇ॥੩੧॥** ਸੁਰੰਗ ਨੂੰ ਅੱਗੇ ਨੂੰ ਪੁੱਟਣ ਨਹੀਂ ਦਿੰਦੇ ਸਨ, ਜਦੋਂ ਖਾਈ ਤੱਕ ਸੁਰੰਗ ਲੈ ਕੇ ਆਉਂਦੇ ਸਨ ਤੁਰਕ, ਅੱਗੋਂ ਸਿੰਘ ਬਰਛੇ ਆਦਿਕ ਮਾਰਦੇ ਸਨ। ਤੁਰਕ ਪਿਛਾਂਹ ਹੀ ਮੁੜ ਜਾਂਦੇ ਸਨ ਕਿ ਅੱਗੇ ਸਿੰਘ ਬੈਠੇ ਹਨ। ੩੧।

**ਲੜ ਕੇ ਮਰਨੋਂ ਡਰੈਂ ਸਿੰਘ ਨਾਹੀਂ॥** ਲੜਕੇ ਮਰਨ ਤੋਂ ਸਿੰਘ ਡਰਦੇ ਹੀ ਨਹੀਂ ਸਨ।

**ਖਰਚ ਗਯੋ ਮੁਕ ਗਮ ਭਯੋ ਤਾਹੀਂ॥** ਅਸਲ ਤਾਂ ਗੱਲ ਇਹ ਹੋ ਗਈ ਹੈ ਕਿ ਅੰਦਰ ਕਿਲ੍ਹੇ ਵਿੱਚੋਂ ਖ਼ਰਚ ਮੁੱਕ ਗਿਆ। ਰੋਜ਼ ਦਾ ਲੰਗਰ ਕਿਵੇਂ ਚੱਲੇ, ਭਾਵੇਂ ਦੋ ਦੋ ਦਿਨਾਂ ਬਾਅਦ ਮਿਲਦਾ ਸੀ, ਪਰ ਉਹ ਵੀ ਹੁਣ ਆਸਰਾ ਟੁੱਟ ਗਿਆ ਹੈ, ਕਿਲ੍ਹੇ ਅੰਦਰੋਂ ਜਦੋਂ ਖ਼ਰਚ ਮੁਕ ਗਿਆ, ਤਾਂ ਉਥੇ ਸਿੰਘਾਂ ਨੂੰ ਕੁਛ ਕੁ ਗ਼ਮ ਹੋਇਆ ਹੈ। ਸਿੰਘ ਉਦਾਸ ਹੋਏ ਸਨ।

**ਬਹੁ ਭੀੜ ਤਹਿ ਤੁਰਕਨ ਪਾਈ॥** ਬਾਹਰੋ ਤੁਰਕਾਂ ਦੀ ਫ਼ੌਜ ਦੀ ਬਹੁਤੀ ਭੀੜ ਨੇ ਸਿੰਘਾਂ 'ਤੇ ਜ਼ੋਰ ਪਾ ਲਿਆ ਸੀ।

**ਸਿੰਘਨ ਬਾਤ ਮੌਤ ਲੈ ਆਈ॥੩੨॥** ਸਿੰਘਾਂ ਵਾਸਤੇ ਉਹ ਗਲ ਬਣ ਗਈ ਹੈ ਕਿ ਸਿੰਘਾਂ ਦੀ ਮੌਤ ਹੀ ਉਨ੍ਹਾਂ ਨੂੰ ਕਿਲ੍ਹੇ ਅੰਦਰ ਲੈ ਆਈ ਹੈ, ਅੰਦਰੋਂ ਅੰਨ ਅਨਾਜ਼ ਬਰੂਦ ਸਿੱਕਾ ਮੁਕ ਗਿਆ ਹੈ ਅਤੇ ਬਾਹਰੋਂ ਸਿੰਘ ਕਿਲ੍ਹੇ ਅੰਦਰ ਦਾਖ਼ਲ ਨਹੀਂ ਹੋ ਸਕਦੇ, ਫ਼ੌਜਾਂ ਦਾ ਘੇਰਾ ਬੜਾ ਜ਼ਬਰਦਸਤ ਹੈ। ਬਾਹਰੋਂ ਕੋਈ ਚੀਜ਼ ਦਾਖ਼ਲ ਨਹੀਂ ਹੁੰਦੀ, ਸੁਰੰਗਾਂ ਲਾ-ਲਾ ਕੇ ਕਿਲ੍ਹੇ ਅੰਦਰ ਦਾਖ਼ਲ ਹੋਣ ਨੂੰ ਕਰਦੇ ਸਨ। ਹੁਣ ਉਨ੍ਹਾਂ ਨੂੰ ਰੋਕਣ ਕਿ ਹੋਰ ਕੋਈ ਕੰਮ ਕਰਨ, ਇਸ ਕਰਕੇ ਉਥੇ ਬਹੁਤ ਔਖੀ ਬਣੀ ਹੈ ਸਿੰਘਾਂ ਨੂੰ। ੩੨।

**ਤਬਹਿ ਖਾਲਸੇ ਬਾਤ ਵਿਚਾਰੀ॥** ਤਾਂ ਸਿੰਘਾਂ ਨੇ ਆਪਸ ਵਿਚੀਂ ਇਸ ਗੱਲ ਦੀ ਵਿਚਾਰ ਕੀਤੀ ਹੈ।

**ਨੱਠ ਗਏ ਪਤਿ ਜਾਇ ਹਮਾਰੀ॥** ਜੇ ਬੂਹਾ ਖੋਲ੍ਹ ਕੇ ਕਿਲ੍ਹੇ ਦਾ ਆਪਾਂ ਫ਼ੌਜਾਂ ਵਿੱਚੋਂ ਲੰਘ ਵੀ ਜਾਈਏ, ਤਾਂ ਫਿਰ ਉਹ ਇੱਜਤ ਨਹੀਂ ਰਹਿਣੀ ਕਿ ਕਿਲ੍ਹਾ ਬਣਾਇਆ ਸੀ ਹੁਣ ਲੜ ਨਾ ਸਕੇ, ਭੱਜ ਗਏ ਰਾਤ ਨੂੰ, ਤਾਂ ਫਿਰ ਇਹ ਵੀ ਲਾਜ ਲੱਗੇਗੀ, ਇਹ ਨਹੀਂ ਅਸਾਂ ਕਰਣਾ।

**ਲਰ ਕੇ ਮਰਨ ਬਾਤ ਹੈ ਖੂਬ॥** ਜੰਗ ਕਰਦਿਆਂ ਸ਼ਹੀਦ ਹੋ ਜਾਈਏ ਇਹ ਚੰਗੀ ਗੱਲ ਹੈ, ਇਉਂ ਗੁਰਮਤਾ ਕਰ ਲਿਆ ਸਿੰਘਾਂ ਨੇ।

**ਜਗ ਮੈਂ ਸਾਕੋ ਹੋਰ ਅਜੂਬ॥੩੩॥** ਓਹੋ ਬਾਦਸ਼ਾਹੀਆਂ ਨਾਲ ਲੜਨ ਵਾਲੇ, ਸਿਰਫ ਪੰਜ-ਪੰਜ ਸੌ ਸਿੰਘ। ਉਹ ਨਹੀਂ ਅੱਗੋਂ ਟਲੇ ਸਨ, ਤੁਰਕਾਂ ਨੂੰ ਮਾਰਦੇ-ਮਾਰਦੇ ਸ਼ਹੀਦੀਆਂ ਪਾ ਗਏ ਸਨ। ਕਹਿੰਦੇ ਇਹ ਸੰਸਾਰ ਵਿਚ ਸਾਕਾ ਬਣ ਜਾਇਗਾ, ਗ੍ਰੰਥਾਂ ਵਿਚ ਨਾਮ ਆ ਜਾਇਗਾ, ਇਹ ਇਕ ਅਨੋਖਾ ਹੀ ਸਾਕਾ ਹੋਇਗਾ ਸਿੰਘਾਂ ਦਾ। ੩੩।

**ਕਰਕੇ ਹੱਲਾ ਇਕ ਵਾਰ ਪਾਹੋ॥** ਇਕੋ ਵਾਰੀ ਹੱਲਾ ਕਰਕੇ ਤੁਰਕਾਂ 'ਤੇ ਪੈ ਜਾਵੋ, ਇਹਨਾਂ ਬਹੁਤੀਆਂ ਫ਼ੌਜਾਂ ਦਾ ਲੜਾਈ ਦਾ ਚਾਉ ਲਾਹ ਦੇਈਏ।

**ਤੁਰਕਨ ਕੇ ਸਿਰ ਸੀਸ ਲਗਾਹੋ॥** ਆਪਣੇ ਸੀਸ ਤੁਰਕਾਂ ਦੇ ਸਿਰ ਲਗਾ ਦਿਓ।

**ਦੋ ਦੋ ਚਾਰ ਚਾਰ ਲੈ ਮਰੋ॥** ਦੋ-ਦੋ ਚਾਰ-ਚਾਰ ਤੁਰਕਾਂ ਨੂੰ ਆਪਣੇ ਨਾਲ ਲੈ ਕੇ ਮਰੋ ਖਾਲਸਾ ਜੀ ! ਜੇ ਸ਼ਹੀਦੀ ਪਉਣੀ ਹੀ ਹੈ।

**ਤੁਰਕਨ ਸਿਉਂ ਯੌਂ ਜੁੱਧੋ ਕਰੋ॥੩੪॥** ਤੁਰਕਾਂ ਨਾਲ ਇਉਂ ਜੰਗ ਕਰੀਏ। ੩੪।

**ਦੋਹਰਾ॥ ਕਰ ਹੱਲਾ ਤਿਨ ਪਰ ਪਰੇ ਲਯੋ ਮੋਰਚੋ ਮਾਰ॥** ਸਿੰਘ ਕਿਲ੍ਹੇ ਵਿੱਚੋਂ ਨਿਕਲ ਕੇ ਹੱਲਾ ਕਰ ਕੇ ਪੈ ਗਏ ਹਨ ਦੁਸ਼ਮਣ 'ਤੇ, ਸਿੰਘਾਂ ਨੇ ਦੁਸ਼ਮਣ ਦਾ ਮੋਰਚਾ ਫਤਹ ਕਰ ਲਿਆ ਹੈ। ਸਾਰਾ ਮੋਰਚਾ ਕਤਲ ਕਰ ਦਿੱਤਾ ਹੈ, ਜਿਹੜੇ ਤੁਰਕ ਅੱਗੇ ਰੋਕਣ ਵਾਲੇ ਖੜ੍ਹੇ ਸਨ।

**ਹੁਤੋ ਜੁ ਦੀਨਾ ਬੇਗ ਕੋ ਸੋ ਪੈ ਕੀਓ ਖੁਵਾਰ॥੩੫॥** ਦੀਨਾ ਬੇਗ ਨੂੰ ਅੱਗੇ ਹੋ ਕੇ ਹਮਲਾ ਕਰਨ ਦਾ ਹੁਕਮ ਹੋਇਆ

ਸੀ, ਇਸ ਦਾ ਮੋਰਚਾ ਚੰਗੀ ਤਰ੍ਹਾਂ ਖੁਆਰ ਕੀਤਾ ਖਾਲਸੇ ਨੇ। ੩੫।

***ਚੌਪਈ॥ ਫੇਰ ਸਦੀਕੇ ਮੋਰਚਾ ਮਾਰਯੋ॥*** ਫਿਰ ਸਦੀਕ ਅਲੀ ਦਾ ਜਾ ਮੋਰਚਾ ਮਾਰਿਆ ਖਾਲਸੇ ਨੇ।

***ਬੀਸ ਸਿੰਘਨ ਤੇ ਤਿਨੇ ਨ ਸੰਭਾਰਯੋ॥*** ਉਸ ਦੇ ਉਤੇ ਵੀਹ ਸਿੰਘ ਹੀ ਚੜ੍ਹੇ ਸਨ, ਸਦੀਕ ਅਲੀ ਵੀਹ ਸਿੰਘਾਂ ਨੂੰ ਵੀ ਨਹੀਂ ਸੰਭਾਲ ਸਕਿਆ। ਵੀਹ ਸਿੰਘਾਂ ਨੇ ਟੁਕੜੇ-ਟੁਕੜੇ ਟੁਕੜੇ ਕਰ ਦਿੱਤੇ ਮੁਗਲਾਂ ਦੇ।

***ਸਿੰਘ ਮਝੈਲ ਬਡ ਜੋਧੇ ਭਾਰੇ॥*** ਮਾਝੇ ਦੇ ਸਿੰਘ ਬੜੇ ਭਾਰੀ ਜੋਧੇ ਸੂਰਮੇ ਸਨ।

***ਪੀਤੀ ਪਾਹੁਲ ਉਨ ਖੰਡੇ ਦੁਧਾਰੇ॥੩੬॥*** ਦੋ ਧਾਰੇ ਖੰਡੇ ਦਾ ਉਨ੍ਹਾਂ ਨੇ ਅੰਮ੍ਰਿਤਪਾਨ ਕੀਤਾ ਹੋਇਆ ਸੀ। ੩੬।

***ਦੋਹਰਾ॥ ਇਸ ਬਿਧਿ ਨਿਤ ਪ੍ਰਤਿ ਖਾਲਸੇ ਤਰਤ ਲੜਾਈ ਹੋਇ॥*** ਇਸ ਤਰ੍ਹਾਂ ਹਰ ਰੋਜ਼ ਖਾਲਸੇ ਦੀ ਤੁਰਕਾਂ ਨਾਲ ਤੁਰਕ ਹੀ ਲੜਾਈ ਹੁੰਦੀ ਹੈ।

***ਸਿੰਘ ਨ ਤੁਰਕਨ ਤੇ ਮੁਕੈਂ, ਇਕ ਮਰੇ ਵਰੈਂ ਆਇ ਦੋਇ॥੩੭॥*** ਤੁਰਕਾਂ ਤੋਂ ਸਿੰਘ ਮੁਕਦੇ ਨਹੀਂ ਹਨ, ਜੇ ਕਿਲ੍ਹੇ ਵਾਲਿਆਂ ਸਿੰਘਾਂ ਵਿੱਚੋਂ ਇਕ ਸਿੰਘ ਸ਼ਹੀਦ ਹੋ ਜਾਂਦਾ ਹੈ, ਤਾਂ ਦੋ ਸਿੰਘ ਕਿਲ੍ਹੇ ਵਿਚ ਹੋਰ ਆ ਵੜਦੇ ਹਨ ਧਰਮ ਜੁਧ ਲੜਨ ਵਾਸਤੇ। "ਗੁਰੂ ਨਾਨਕ ਦਾ ਥੜ੍ਹਾ ਇਕ ਗਿਆ ਤੇ ਦੂਜਾ ਖੜ੍ਹਾ।" ਏਥੇ ਤਾਂ ਹਾਜ਼ਰ ਨਾਜ਼ਰ ਕਲਾ ਚਲਦੀ ਹੈ ਗੁਰੂ ਮਹਾਰਾਜ ਦੀ। ੩੭।

***ਸਿੰਘ ਸੁ ਮਰ ਮੁਕੈਂ ਨਹੀਂ, ਜੈਸੇ ਓਗਲ ਨੀਰ॥*** ਸਿੰਘ ਮਰ ਕੇ ਵੀ ਮੁਕਦੇ ਨਹੀਂ ਸਨ, ਜਿਵੇਂ ਸੋਮੇ ਦਾ ਪਾਣੀ ਹੁੰਦਾ ਹੈ। ਸੋਮੇ ਦੇ ਪਾਣੀ ਵਾਂਗ ਸਿੰਘ ਮੁਕਦੇ ਨਹੀਂ ਸਨ, ਜਿਵੇਂ ਸੋਮੇ ਦਾ ਪਾਣੀ ਪਿੱਛੋਂ ਹੋਰ ਤੁਰਿਆ ਆਉਂਦਾ ਹੈ। ਇਸ ਤਰ੍ਹਾਂ ਅੰਮ੍ਰਿਤ ਛਕ ਕੇ ਹੋਰ ਸਿੰਘ ਸਜ ਰਹੇ ਸਨ।

***ਲੁਕੇ ਛਪੇ ਜੇ ਢਿਗ ਹੁਤੇ ਆਇ ਜਿਤ ਕਿਤ ਵੜੈਂ ਤਤਬੀਰ॥੩੮॥*** ਜਿਹੜੇ ਸਿੰਘ ਨੇੜੇ-ਨੇੜੇ ਲੁਕੇ ਸਨ, ਜੰਗਲਾਂ, ਬੇਲਿਆਂ, ਝਾੜਾਂ ਵਿਚ ਉਹ ਕੋਈ ਨਾ ਕੋਈ ਤਰੀਕਾ ਸੋਚ ਕੇ ਜਿਥੋਂ ਕਿਤੋਂ ਕਿਲ੍ਹੇ ਵਿਚ ਆ ਵੜਦੇ ਸਨ। ੩੮।

***ਚੌਪਈ॥ ਜਿਮ ਜਿਮ ਸਿੰਘ ਸੁਨੈ ਸਿੰਘ ਮਰੈਂ॥*** ਕਿਲ੍ਹੇ ਤੋਂ ਬਾਹਰ ਜਿਉਂ-ਜਿਉਂ ਸਿੰਘਾਂ ਨੂੰ ਪਤਾ ਲਗਦਾ ਹੈ ਕਿ ਸਿੰਘ. ਕਿਲ੍ਹੇ ਵਿਚ ਘਿਰੇ ਹੋਏ ਸਨ। ਦਸ-ਦਸ, ਵੀਹ-ਵੀਹ ਸਿੰਘ ਕਿੱਲ੍ਹੇ ਤੋਂ ਬਾਹਰ ਨਿਕਲ ਕੇ ਸ਼ਹੀਦੀਆਂ ਪਾਉਂਦੇ ਹਨ। ਜਿਹੜੇ ਸਿੰਘ ਬਾਹਰ ਜੰਗਲਾਂ ਬੇਲਿਆਂ ਵਿਚ ਸਨ, ਹੁਣ ਚਹੁੰਦੇ ਸਨ ਉਹ ਕਿ ਆਪਾਂ ਭਰਾਵਾਂ ਦੀ ਮਦਦ ਕਰੀਏ। ਬਾਹਰੋਂ ਸਿੰਘ ਕਿਲ੍ਹੇ ਦੇ ਅੰਦਰ ਵੜਨਾਂ ਚਹੁੰਦੇ ਸਨ, ਕਿਲ੍ਹੇ ਨੂੰ ਬਾਹਰੋਂ ਘੇਰਾ ਪਿਆ ਹੋਇਆ ਸੀ, ਲੰਘਿਆ ਨਹੀਂ ਜਾਂਦਾ ਕਿਸੇ ਪਾਸਿਓਂ ਵੀ।

***ਔਰ ਸਿੰਘ ਜਿਮ ਤਿਮ ਤਹਿਂ ਵਰੈਂ॥*** ਜਿਸ ਤਰ੍ਹਾਂ ਵੀ ਸਿੰਘਾਂ ਤੋਂ ਯਤਨ ਹੁੰਦਾ ਰਿਹਾ, ਦੌੜ ਭੱਜ ਕੇ ਸਿੰਘ ਕਿਲ੍ਹੇ ਦੇ ਵਿਚ ਦਾਖ਼ਲ ਹੁੰਦੇ ਰਹੇ ਸਨ।

***ਜੋ ਕੋਊ ਸਿੰਘ ਨ ਵਰਨੇ ਪਾਵੈਂ॥*** ਬਹੁਤੀ ਫ਼ੌਜ ਕਰਕੇ ਜੇ ਕਿਸੇ ਸਿੰਘ ਤੋਂ ਕਿਲ੍ਹੇ ਅੰਦਰ ਵੜਿਆ ਨਾ ਜਾ ਸਕੇ।

***ਦੰਤ ਪੀਸ ਚੌਫੇਰੇ ਧਾਵੈਂ॥੩੯॥*** ਉਹ ਸਿੰਘ ਦੰਦ ਪੀਂਹਦੇ ਸਨ, ਕ੍ਰੋਧ ਕਰਦੇ ਸਨ ਤੇ ਕਿਲ੍ਹੇ ਦੇ ਚਾਰ- ਚੁਫੇਰੇ ਗੇੜਾ ਬੰਨ੍ਹਿਆਂ ਹੋਇਆ ਹੈ ਕਿ ਕਿਤੋਂ ਦੀ ਮੇਰਾ ਬਲ ਪਵੇ ਤੇ ਮੈਂ ਅੰਦਰ ਦਾਖ਼ਲ ਹੋਵਾਂ। ੩੯।

***ਕਹੈਂ, ਮਰੈਂਗੇ ਉਨ ਕੇ ਸਾਥ॥*** ਕਿਲ੍ਹੇ ਤੋਂ ਬਾਹਰਲੇ ਸਿੰਘ ਕਹਿੰਦੇ ਸਨ, ਜਿਹੜੇ ਸਾਡੇ ਭਰਾ ਕਿਲ੍ਹੇ ਵਿੱਚੋਂ ਲੜ ਰਹੇ ਸਨ, ਅਸੀਂ ਵੀ ਉਨ੍ਹਾਂ ਦੇ ਸਾਥ ਹੀ ਮਰਾਂਗੇ।

***ਉਨ੍ਹੈਂ ਦਿਖਾਵੈਂ ਮਿਲ ਹਮ ਹਾਥ॥*** ਉਹਨਾਂ ਸਿੰਘਾਂ ਨਾਲ ਮਿਲ ਕੇ ਅਸੀਂ ਵੀ ਆਪਣਾ ਬਲ ਵਿਖਾਵਾਂਗੇ, ਤੁਰਕਾਂ ਨੂੰ ਹੱਥ ਵਿਖਾਵਾਂਗੇ ਆਪਣੇ।

***ਜੇ ਉਨ ਕੋ ਹਮ ਕਰੈਂ ਨ ਸਾਥ॥*** ਜਿਹੜੇ ਸਿੰਘ ਬਾਹਰ ਜੰਗਲ ਬੇਲੇ ਜਾਂ ਕਿਸੇ ਹੋਰ ਜਗ੍ਹਾ 'ਤੇ ਰਹਿੰਦੇ ਸਨ ਲੁਕ ਕੇ, ਉਹ

ਸਿੰਘ ਵਿਚਾਰਾਂ ਕਰਦੇ ਸਨ ਕਿ ਜੇ ਅੰਦਰਲੇ ਸਿੰਘਾਂ ਦਾ ਸਾਥ ਨਾ ਦੇਈਏ, ਅਸੀਂ ਬਾਹਰ ਜਿਉਂਦੇ ਤੁਰੇ ਫਿਰੀਏ।

***ਗੁਰ ਦ੍ਰਗਾਹ ਕਯਾ ਦਿਖਾਵੈਂ ਮਾਥ॥ ੪੦॥*** ਜਦੋਂ ਅਸੀਂ ਸ਼ਹੀਦ ਹੋ ਕੇ ਦਰਗਾਹ ਵਿਚ ਜਾਵਾਂਗੇ, ਉਥੇ ਗੁਰੂ ਜੀ ਨੂੰ ਕੀ ਮੂੰਹ ਵਿਖਾਵਾਂਗੇ ਕਿ ਭਰਾਵਾਂ ਨਾਲ ਨਹੀਂ ਮਿਲ ਕੇ ਲੜੇ ? ਉਨ੍ਹਾਂ ਦਾ ਸਾਥ ਨਹੀਂ ਦਿੱਤਾ?। ੪੦।

***ਦੋਹਰਾ॥ ਏਕ ਮਰੇ ਦੁਇ ਰਲੈਂ, ਤੁਰਕਨ ਲਖੀ ਯਹ ਰੀਤ॥*** "ਇਕ ਗਿਆ ਦੂਜਾ ਖੜ੍ਹਾ, ਬਾਬੇ ਨਾਨਕ ਦਾ ਥੜ੍ਹਾ।" ਜਦੋਂ ਤੁਰਕਾਂ ਨੇ ਇਹ ਰੀਤੀ ਵੇਖੀ ਸਿੰਘਾਂ ਦੀ ਕਿ ਜੇ ਇਕ ਸਿੰਘ ਸ਼ਹੀਦ ਹੁੰਦਾ ਹੈ, ਕਿਲ੍ਹੇ ਵਾਲੇ ਸਿੰਘਾਂ ਵਿੱਚੋਂ ਤਾਂ ਬਾਹਰੋਂ ਦੋ ਸਿੰਘ ਆ ਵੜਣੇ ਹਨ, ਕਿਲ੍ਹੇ ਵਿਚ ਇਉਂ ਤਾਂ ਇਹਨਾਂ ਨੇ ਮਰਨਾ ਨਹੀਂ ਹੈ ਸਾਡੇ ਕੋਲੋਂ।

***ਬੁਰਜ ਉਸਾਰ ਖਾਈ ਪਟੀ ਛਡਯੋ ਨ ਰਸਤੋ ਕੀਤ॥੪੧॥*** ਤੁਰਕਾਂ ਨੇ ਕਿਲ੍ਹੇ ਦੇ ਬਾਹਰ ਮਿੱਟੀ ਦੇ ਉੱਚੇ-ਉੱਚੇ ਬੁਰਜ਼ ਉਸਾਰ ਲਏ ਸਨ, ਇੱਟਾਂ ਦੇ, ਉਸ ਦੇ ਵਿਚ ਬੰਦੂਕਾਂ ਵਾਲੇ ਬਿਠਾ ਦਿੱਤੇ ਸਨ ਕਿ ਜਿਹੜਾ ਸਿੰਘ ਬਦੋਬਦੀ ਅੰਦਰ ਲੰਘੇ, ਉਸ ਨੂੰ ਮਾਰ ਦਿਓ। ਦਰਵਾਜ਼ਿਆਂ ਦੇ ਸਾਮ੍ਹਣੇ ਬੁਰਜ਼ ਕਿ ਜਦੋਂ ਸਿੰਘ ਅੰਦਰੋਂ ਨਿਕਲਣ ਉਦੋਂ ਹੀ ਫਾਇਰ ਕਰੋ ਉਨ੍ਹਾਂ 'ਤੇ। ਤੁਰਕਾਂ ਨੇ ਖਾਈ ਹੋਰ ਡੂੰਘੀ ਪੁੱਟ ਦਿੱਤੀ ਹੈ, ਖਾਈ ਦੇ ਉਤੋਂ ਦੀ ਹੋਰ ਖਾਈ ਪੁੱਟ ਦਿੱਤੀ ਹੈ ਕਿ ਖਾਈ ਟੱਪ ਕੇ ਉਤੋਂ ਦੀ ਨਾ ਲੰਘ ਸਕੇ ਕੋਈ। ਇਸ ਤਰ੍ਹਾਂ ਸਿੰਘਾਂ ਦੇ ਅੰਦਰ ਵੜਨ ਜਾਂ ਬਾਹਰ ਨਿਕਲਣ ਵਾਸਤੇ ਕਿਤੇ ਵੀ ਰਸਤਾ ਨਹੀਂ ਛੱਡਿਆ ਹੈ। ੪੧।

***ਚੌਪਈ॥ ਜੌ ਲੌ ਸਿੰਘ ਵੜਤ ਥੇ ਧਾਈ॥*** ਜਦੋਂ ਤੱਕ ਬਾਹਰੋਂ ਸਿੰਘ ਧਾਵਾ ਕਰ ਕੇ ਕਿਲ੍ਹੇ ਦੇ ਅੰਦਰ ਵੜ ਜਾਂਦੇ ਸਨ।

***ਦਾਰੂ ਸਿੱਕੋ ਲੈ ਭੀ ਆਈ॥*** ਗੋਲੀ ਬਰੂਦ ਅਤੇ ਰਾਸ਼ਨ ਵੀ ਬਾਹਰੋਂ ਸਿੰਘ ਅੰਦਰ ਲੈ ਆਉਂਦੇ ਸਨ ਬਦੋਬਦੀ।

***ਸਿਖ ਵੜਨ ਤੇ ਜਬ ਉਨ ਘੇਰੇ॥*** ਤੁਰਕਾਂ ਨੇ ਘੇਰਾਂ ਹੋਰ ਤਕੜਾ ਕਰ ਲਿਆ ਕਿ ਕੋਈ ਸਿੰਘ ਕਿਲ੍ਹੇ ਵਿਚ ਨਾ ਵੜ ਸਕੇ।

***ਸਿੰਘਨ ਲਖਯੋ ਮਰਨ ਆਯੋ ਨੇਰੇ॥੪੨॥*** ਸਿੰਘਾਂ ਨੇ ਦੇਖਿਆ ਕਿ ਹੁਣ ਸਾਡੀ ਮੌਤ ਨੇੜੇ ਆ ਗਈ ਹੈ, ਹੁਣ ਪੂਰਾ ਇੰਤਜ਼ਾਮ ਕਰ ਲਿਆ ਇਹਨਾਂ ਨੇ, ਹੁਣ ਸਾਨੂੰ ਅੰਦਰ ਦਾਖ਼ਲ ਨਹੀਂ ਹੋਣ ਦੇਣਗੇ। ੪੨।

***ਮਾਰੋ ਮੁਰਚਾ ਜੋ ਨੇੜੇ ਆਯਾ॥*** ਜਿਹੜਾ ਵੀ ਨੇੜੇ ਆਵੇ ਉਹੀ ਮੋਰਚਾ ਮਾਰ ਲਵੋ, ਉਸ 'ਤੇ ਹੱਲਾ ਬੋਲ ਦੇਈਏ ਅੰਦਰੋਂ ਨਿਕਲ ਕੇ।

***ਸਿੰਘਨ ਨੇ ਮਤੋ ਯੌ ਠਹਿਰਾਯਾ॥*** ਸਿੰਘਾਂ ਨੇ ਇਉਂ ਗੁਰਮਤਾ ਸੋਧ ਲਿਆ ਹੈ।

***ਮਾਰੋ ਮਰੋ ਔ ਸ਼ਹੀਦੀ ਲੇਹੁ॥*** ਹੋਰ ਤਾਂ ਹੁਣ ਕੋਈ ਰਸਤਾ ਨਹੀ ਰਹਿ ਗਿਆ ਹੈ ਤੁਰਕਾ ਨੂੰ ਮਾਰੀਏ ਤੇ ਮਰੀਏ ਅਤੇ ਸ਼ਹੀਦੀ ਪ੍ਰਾਪਤ ਕਰੀਏ।

***ਦੀਨਾ ਬੇਗ ਕੋ ਟੋਲ ਮਰੇਹੁ॥੪੩॥*** ਦੀਨਾ ਬੇਗ ਜਲੰਧਰੀ ਨੂੰ ਫ਼ੌਜ ਵਿੱਚੋਂ ਟੋਲ ਕੇ ਮਾਰੀਏ, ਇਸ ਦੀ ਫ਼ੌਜ ਵਿਚ ਵੜ ਕੇ। ੪੩।

***ਦੋਹਰਾ॥ ਜਬੈ ਖਾਲਸੋ ਯੌ ਮਥੀ ਤਹਿਂ ਵੜਯੋ ਸਿੰਘ ਇਕ ਆਇ॥*** ਏਧਰ ਖਾਲਸੇ ਨੇ ਇਉਂ ਗੁਰਮਤਾ ਇਹ ਸੋਧਿਆ ਹੈ ਕਿ ਦੀਨਾ ਬੇਗ ਫ਼ੌਜ ਲੈ ਕੇ ਅੱਗੇ ਨੂੰ ਵਧ ਰਿਹਾ ਹੈ, ਪਹਿਲਾਂ ਇਸ ਨੂੰ ਮਾਰੀਏ। ਏਸੇ ਰੌਲੇ-ਗੌਲੇ ਵਿਚ ਇਕ ਸਿੰਘ ਹੱਲਾ ਕਰਕੇ ਅੰਦਰ ਆ ਵੜਿਆ ਹੈ ਕਿਲ੍ਹੇ ਦੇ।

***ਉਨੈ ਆਨ ਐਸੇ ਕਹਯੋ ' ਇਹ ਮੋਰਚੋ ਸਿੰਘਨ ਵਾਇ॥੪੪॥*** ਉਸ ਨੇ ਆ ਕੇ ਕਿਹਾ ਖਾਲਸਾ ਜੀ ! ਇਹ ਜੋ ਮੋਰਚਾ ਹੈ, ਇਹ ਸਿੰਘਾਂ ਦਾ ਮੋਰਚਾ ਜੇ ਸਾਮ੍ਹਣੇ। ੪੪।

***ਚੌਪਈ॥ ਸਿੰਘ ਤ੍ਰੁਖਾਨ ਜੱਸਾ ਸਿੰਘ ਜੋਇ॥*** ਜੋ ਤ੍ਰਖਾਣ ਜਾਤੀ ਨਾਲ ਸਬੰਧਤ ਜੱਸਾ ਸਿੰਘ ਹੈ, ਇਹ ਉਸ ਦਾ ਜਥਾ ਹੈ, ਉਹ ਆਪਣੇ ਸਿੰਘਾਂ ਦਾ ਜਥਾ ਲੈ ਕੇ ਅੱਗੇ ਵਧ ਰਿਹਾ ਹੈ।

***ਦੀਨੋਂ ਸਿੰਘਨ ਛੇਕ ਥੋ ਸੋਇ॥*** ਉਸ ਨੂੰ ਸਿੰਘਾਂ ਨੇ ਲੜਕੀ ਮਾਰਨ ਦੇ ਦੋਸ਼ ਵਿਚ ਛੇਕ ਦਿੱਤਾ ਸੀ ਪੰਥ ਵਿੱਚੋਂ।

***ਸੋ ਆਇ ਦੀਨਾ ਬੇਗ ਪੈ ਰਹਾ॥*** ਉਹ (ਜੱਸਾ ਸਿੰਘ) ਦੀਨਾ ਬੇਗ ਦੇ ਕੋਲ ਆ ਕੇ ਨੌਕਰ ਰਹਿ ਪਿਆ ਸੀ।

***ਸਿੰਘ ਸੈਂਕਰੋਂ ਉਸ ਸੰਗ ਅਹਾ॥੪੫॥*** ਸੈਂਕੜੇ ਸਿੰਘ ਉਸਦੇ ਨਾਲ ਸਨ, ਜੋ ਅੱਗੇ ਵਧੇ ਆ ਰਹੇ ਸਨ। ੪੫।

***ਤੋ ਸਿੰਘ ਯੌ ਅਬ ਬਚਨ ਉਚਾਰੇ॥*** ਉਸ ਸਿੰਘ ਨੇ ਹੁਣ ਇਉਂ ਬਚਨ ਆਖੇ ਹਨ।

***ਹਮ ਭੀ ਮਰੈਂ ਸੁ ਸਿੰਘਨ ਨਾਰੇ॥*** ਉਹ ਸਿੰਘ ਵੀ ਜੱਸਾ ਸਿੰਘ ਦੇ ਜਥੇ ਵਿੱਚੋਂ ਹੀ ਆਇਆ ਸੀ,ਉਨ੍ਹਾਂ ਦੀਆਂ ਗੱਲਾਂ ਸੁਣ ਕੇ, ਉਸ ਸਿੰਘ ਨੇ ਕਿਹਾ ਹੈ ਕਿ ਜੱਸਾ ਸਿੰਘ ਦੇ ਸਾਥੀ ਸਿੰਘ ਕਹਿੰਦੇ ਸਨ ਕਿ ਅਸੀਂ ਵੀ ਕਿਲ੍ਹੇ ਵਾਲੇ ਸਿੰਘਾਂ ਦੇ ਨਾਲ ਹੀ ਸ਼ਹੀਦ ਹੋਵਾਂਗੇ।

***ਜੇ ਤੁਮ ਹਮ ਕੋ ਲੇਵੋ ਮੇਲ॥*** ਉਨ੍ਹਾਂ ਸਿੰਘਾਂ ਵੱਲੋਂ ਹੀ ਉਹ ਸਿੰਘ ਆਇਆ ਕਿ ਖਾਲਸਾ ਜੀ ! ਜੇ ਸਾਨੂੰ ਇਸ ਸਮੇਂ ਖਾਲਸਾ ਆਪਣੇ ਨਾਲ ਮੇਲ ਲਵੇ, ਸਾਨੂੰ ਕਿਲ੍ਹੇ ਅੰਦਰ ਦਾਖ਼ਲ ਕਰ ਲਵੋਂ ਤੁਸੀਂ।

***ਆਇ ਰਲੈਂ ਹਮ ਤੁਮਰੀ ਗੈਲ॥੪੬॥*** ਅਸੀਂ ਤੁਰਕਾਂ ਦਾ ਸਾਥ ਛੱਡ ਕੇ ਤੁਹਾਡੇ ਨਾਲ ਆ ਰਲਾਂਗੇ। ੪੬।

ਸਿੰਘਨ ਕਹਯੋ ਅਬ ਆਖਰੀ ਵੇਲਾ। ਗੁਰੂ ਖਾਲਸੇ ਨੇ ਆਖਿਆ ਕਿ ਸਿੰਘਾ ਖ਼ਾਲਸੇ ਨਾਲ ਮਿਲਣ ਦਾ ਤੁਹਾਡਾ ਆਖਰੀ ਸਮਾਂ ਹੈ, ਜੇ ਤੁਸੀਂ ਹੁਣ ਨਾ ਖਾਲਸੇ ਨਾਲ ਮਿਲ ਸਕੇ ਫਿਰ ਕਦੇ ਵੀ ਨਹੀਂ ਮਿਲ ਸਕੋਗੇ।

***ਜੇ ਤੁਮ ਕਰੋ ਹਮੈਂ ਸੰਗ ਮੇਲਾ॥*** ਜੇ ਤਸੀਂ ਸਾਡੇ ਨਾਲ ਮਿਲਾਪ ਕਰਨਾ ਚਹੁੰਦੇ ਹੋ ਤਾਂ ਇਹ ਆਖਰੀ ਮੇਲਾ ਹੈ।

***ਯਹ ਬਦਲੋ ਤੁਹਿ ਦੇਵੈਗੋ ਗੁਰੂ॥*** ਜੇ ਤੁਸੀਂ ਹੁਣ ਸਾਡਾ ਸਾਥ ਦੇਵੋਂਗੇ ਇਹਦਾ ਜੋ ਫਲ ਹੈ, ਤੁਹਾਨੂੰ ਸਤਿਗੁਰੂ ਦੇਵੇਗਾ ਕਿ ਮੌਕਾ ਹੁਣ ਹੈ, ਹੁਣ ਜਿੰਦਗੀ ਮੌਤ ਦਾ ਸੁਾਲ ਹੈ। ਏਥੇ ਮੋਰਚਾ ਲੱਗਾ ਹੋਇਆ ਹੈ ਐਸ ਵੇਲੇ, ਤਾਂ ਅਸੀਂ ਤੁਹਾਨੂੰ ਕੁਝ ਨਹੀਂ ਦੇ ਸਕਦੇ, ਗੁਰੂ ਹੀ ਇਸ ਮੇਲ ਦਾ ਫਲ ਦੇਵੇਗਾ ਤੁਹਾਨੂੰ, ਅਸੀਂ ਮੇਲਦੇ ਹਾਂ ਤੁਹਾਨੂੰ।

***ਬਚਨ ਖਾਲਸੇ ਤੁਮ ਹੁਇ ਫੁਰੂ॥੪੭॥*** ਇਹ ਖਾਲਸੇ ਨੇ ਬਚਨ ਕਰ ਦਿੱਤਾ ਹੈ,ਤੁਹਾਨੂੰ ਇਹ ਫੁਰ ਜਾਇਗਾ, ਖਾਲਸੇ ਵੱਲੋਂ ਨਿਕਲੇ ਹੋਏ ਬਚਨ ਦਾ ਫਲ ਮਿਲੇਗਾ ਤੁਹਾਨੂੰ । ੪੭।

***ਦੋਹਰਾ॥ ਜੱਸਾ ਸਿੰਘ ਕੋ ਤਿਨ ਕਹਯੋ ਅਬ ਆਪ ਤੁਮ ਕਰੋ ਸੰਭਾਲ॥*** ਜਦੋਂ ਸ: ਜੱਸਾ ਸਿੰਘ ਦਾ ਮੋਰਚਾ ਰਾਮ ਰੌਣੀ ਕਿਲ੍ਹੇ ਦੇ ਨੇੜੇ ਹੋ ਗਿਆ,ਤਾਂ ਜੱਸਾ ਸਿੰਘ ਦੇ ਸਾਥੀ ਸਿੰਘਾਂ ਨੇ ਉਸ ਨੂੰ ਹੁਣ ਤੂੰ ਆਪਣਾ ਆਪ ਸੰਭਾਲ ਲੈ, ਅਸੀਂ ਹੁਣ ਤੇਰਾ ਸਾਥ ਨਹੀਂ ਦੇਣਾ ਹੈ।

***ਅਬ ਹਮ ਅੰਦਰ ਵੜੈਂਗੇ ਮਰੈਂ ਸੁ ਪੰਥਹਿ ਨਾਲੇ॥੪੮॥*** ਅਸੀਂ ਹੁਣ ਕਿਲ੍ਹੇ ਦੇ ਅੰਦਰ ਵੜਾਂਗੇ ਅਤੇ ਤੁਰਕਾਂ ਨਾਲ, ਪੰਥ ਦੇ ਸਾਥ ਹੀ ਸ਼ਹੀਦ ਹੋਵਾਂਗੇ। ੪੮।

***ਚੌਪਈ॥ ਜੱਸਾ ਸਿੰਘ ਭੀ ਸਿੰਘਨ ਕਹਯੋ॥*** ਜੱਸਾ ਸਿੰਘ ਨੇ ਵੀ ਅੱਗੋਂ ਆਪਣੇ ਸਾਥੀ ਸਿੰਘਾਂ ਨੂੰ ਆਖਿਆ।

***ਹਮ ਕਬ ਖਾਲਸਯੋਂ ਟੂਟਨ ਚਹਯੋ॥*** ਮੈਂ ਕਦੋਂ ਖਾਲਸੇ ਨਾਲੋਂ ਟੁੱਟਣਾ ਚਹੁੰਦਾ ਹਾਂ? ਜੇ ਖਾਲਸੇ ਨੇ ਮੈਨੂੰ ਛੇਕ ਦਿੱਤਾ ਹੈ ਤਾਂ ਹੀ ਮੈਂ ਬਾਹਰ ਨਿਕਲਿਆਂ ਹਾਂ, ਮੈਂ ਕੋਈ ਬਦੋਬਦੀ ਨਹੀਂ ਨਿਖੜਿਆ ਖਾਲਸੇ ਤੋਂ,ਮੇਰਾ ਕਿਹੜਾ ਦਿਲ ਕਰਦਾ ਹੈ ਕਿ ਤੁਹਾਡੇ ਨਾਲੋਂ ਨਿਖੜ ਕੇ ਮਰਾਂ, ਮੇਰਾ ਵੀ ਤੁਹਾਡੇ ਨਾਲ ਹੀ ਸਾਥ ਹੋਵੇਗਾ।

***ਹਮ ਭੀ ਰਲੈਂਗੇ ਖਾਲਸੇ ਨਾਲ॥*** ਅਸੀਂ ਵੀ ਖਾਲਸੇ ਦੇ ਨਾਲ ਹੀ ਮਰਾਂਗੇ,ਮੈਂ ਵੀ ਚਲਾਂਗਾ ਤੁਹਾਡੇ ਨਾਲ ਕਿਲ੍ਹੇ ਅੰਦਰ।

***ਖਾਲਸੋ ਟੂਟੀ 'ਗੰਢਨਾ ਵਾਲ॥੪੯॥*** ਖਾਲਸਾ ਤਾਂ ਟੁੱਟੀ ਗੰਢਦਾ ਆਇਆ ਹੈ, ਖਾਲਸਾ ਤਾਂ ਵਿਛੁੜਿਆਂ ਨੂੰ ਮੇਲਦਾ ਆਇਆ ਹੈ, ਇਹ ਸਦਾ ਰਵਾਇਤ ਰਹੀ ਹੈ। ੪੯।

***ਜੱਸਾ ਸਿੰਘ ਨੇ ਲਿਖੀ ਅਰਦਾਸ॥*** ਜੱਸਾ ਸਿੰਘ ਨੇ ਇਕ ਬੇਨਤੀ ਪੱਤਰ ਲਿਖਿਆ ਹੈ ਖਾਲਸੇ ਪੰਥ ਵੱਲ।

***ਬੰਧ ਤੀਰ ਘੱਲੀ ਸਿੰਘਨ ਪਾਸ॥*** ਜੱਸਾ ਸਿੰਘ ਜੰਗੀ ਯੋਧਾ ਸੀ,ਬੜਾ ਭਾਰੀ ਤੀਰ-ਅੰਦਾਜ਼ ਸੀ, ਬੜੀ ਦੂਰ ਕੋਹ-ਕੋਹ 'ਤੇ ਜਾ ਕੇ ਇਸ ਦਾ ਤੀਰ ਡਿਗਦਾ ਸੀ। ਇਸ ਨੇ ਚਿੱਠੀ ਆਪਣੇ ਤੀਰ ਦੇ ਨਾਲ ਬੰਨ ਕੇ ਕਿਲ੍ਹੇ ਅੰਦਰ ਭੇਜੀ ਹੈ, ਸਿੰਘਾਂ

ਨੂੰ ਖ਼ਬਰ ਕਰਨ ਵਾਸਤੇ।

***ਅਬ ਹਮ ਕੋ ਤੁਮ ਲੇਹੁ ਮਿਲਾਇ॥*** ਹੇ ਖਾਲਸਾ ਜੀ ! ਹੁਣ ਤੁਸੀਂ ਜੇ ਮੈਨੂੰ ਮਿਲਾ ਲਵੋ।

***ਤੌ ਆਨ ਪਰੈਂ ਖਾਲਸੇ ਸ਼ਰਨਾਇ॥੫੦॥*** 'ਤਾਂ ਮੈਂ ਖਾਲਸੇ ਦੀ ਸ਼ਰਨ ਆ ਪੈਂਦਾ ਹਾਂ, ਤੁਸੀਂ ਹੁਕਾਮ ਕਰੋ, ਮੈਂ ਤੁਹਾਡੀ ਸ਼ਰਨ ਹੁਣੇ ਆ ਪੈਦਾ ਹਾਂ। ੫੦।

***ਸਿੰਘਨ ਲਿਖਯੋ ਅਬ ਮਿਲਨੇ ਵੇਲਾ॥*** ਸਿੰਘਾਂ ਨੇ ਜੱਸਾ ਸਿੰਘ ਦੇ ਪੱਤਰ ਦਾ ਜਵਾਬ ਲਿਖਿਆ 'ਜੱਸਾ ਸਿੰਘਾ ! ਹੁਣ ਤਾਂ ਮਿਲਣ ਦਾ ਵੇਲਾ ਹੈ, ਹੁਣ ਨਾ ਮਿਲਿਆਂ ਤਾਂ ਫਿਰ ਕਦੋਂ ਮਿਲੇਂਗਾ? ਹੁਣ ਤੇਰਾ ਸਮਾਂ ਹੈ, ਆ ਜਾ ਤੇਰੇ ਵਾਸਤੇ ਖਾਲਸੇ ਦਾ ਦਰਵਾਜ਼ਾ ਖੁੱਲਾ ਹੈ।

***ਟੂਟੇ ਫੂਟੇ ਕੋ ਹੋਵਗੁ ਮੇਲਾ॥*** ਜਦੋਂ ਸ਼ਹੀਦੀਆਂ ਪਾਉਣੀਆਂ, ਧਰਮ 'ਤੇ ਜਾਨਾਂ ਵਾਰਨੀਆਂ ਹੋਣ, ਉਦੋਂ ਟੁੱਟਾ-ਫੁੱਟਾ ਕੁਛ ਨਹੀਂ ਵੇਖਿਆ ਜਾਂਦਾ, ਸਭ ਨੂੰ ਮੇਲ ਲਿਆ ਜਾਂਦਾ ਹੈ।

***ਜੱਸਾ ਸਿੰਘ ਬੇਗ ਦੀਨ ਕਹਯੋ॥*** ਅਦੀਨ ਬੇਗ ਸੂਬਾ ਜਲੰਧਰ ਦੇ ਪਾਸ ਜੱਸਾ ਸਿੰਘ ਨੌਕਰ ਸੀ। ਜੱਸਾ ਸਿੰਘ ਨੇ ਅਦੀਨਾ ਬੇਗ ਨੂੰ ਆਖਿਆ।

***ਹਮਰੋ ਹਿਸਾਬ ਅਬੈ ਕਰ ਦਿਯੋ॥੫੧॥*** ਲੈ ਬਈ ਜੋ ਤੇਰਾ ਪੈਸਾ ਟਕਾ ਲੈਣਾ ਦੇਣਾ ਹੈ, ਹੁਣ ਸਾਡਾ ਹਿਸਾਬ ਕਰ ਦੇ, ਸਾਡਾ ਪੈਸਾ ਜੋ ਸਾਡਾ ਬਕਾਇਆ ਰਹਿੰਦਾ ਹੈ, ਉਹ ਸਾਨੂੰ ਦੇ-ਦੇ ਹੁਣੇ। ੫੧।

***ਹਿਸਾਬ ਕਰਾਇ ਸੁ ਦੋ ਦਿਨ ਪਾਇ॥*** ਦੀਨਾ ਬੇਗ ਤੋਂ ਹਿਸਾਬ ਕਰਾ ਕੇ ਆਪ ਦਾ ਜਿਹੜਾ ਪੈਸਾ ਲੈਣਾ ਸੀ ਲੈ ਲਿਆ, ਉਸ ਤੋਂ ਦੋ ਦਿਨ ਬਾਅਦ।

***ਵੜਯੋ ਜੱਸਾ ਸਿੰਘ ਅੰਦਰ ਜਾਇ॥*** ਜੱਸਾ ਸਿੰਘ ਜੈਕਾਰੇ ਗਜਾਉਂਦਾ ਹੋਇਆ, ਸਿੰਘਾਂ ਨੂੰ ਨਾਲ ਲੈ ਕੇ ਕਿਲ੍ਹੇ ਅੰਦਰ ਆ ਵੜਿਆ ਹੈ।

***ਜਬ ਜੱਸਾ ਸਿੰਘ ਅੰਦਰ ਵੜਾ॥*** ਜਦੋਂ ਜੱਸਾ ਸਿੰਘ ਕਿਲ੍ਹੇ ਦੇ ਅੰਦਰ ਜਾ ਵੜਿਆ ਹੈ।

***ਤੁਰਕਨ ਸਿਰ ਜਨੁ ਪਾਨੀ ਪੜਾ॥ ੫੨॥*** ਜੱਸਾ ਸਿੰਘ ਨੂੰ ਤੁਰਕਾਂ ਨੇ ਆਪਣੀ ਮੱਦਦ 'ਤੇ ਲਿਆਂਦਾ ਸੀ, ਇਹ ਬੜਾ ਸੂਰਬੀਰ ਯੋਧਾ ਸੀ। ਜਦੋਂ ਸਿੰਘ ਨਹੀਂ ਝੱਲੀਦੇ ਤੁਰਕਾਂ ਤੋਂ, ਜੱਸਾ ਸਿੰਘ ਨਾਲ ਤਾਂ ਸੈਂਕੜਿਆਂ ਦੀ ਗਿਣਤੀ ਵਿਚ ਸਿੰਘ ਸਨ। ਜਦੋਂ ਤੁਰਕਾਂ ਨੇ ਸੁਣਿਆ ਕਿ ਜੱਸਾ ਕਿਲ੍ਹੇ ਵਿਚ ਜਾ ਵੜਿਆ ਹੈ, ਤਾਂ 'ਜਾਣੋ ਤੁਰਕਾਂ ਦੇ ਸਿਰ ਵਿਚ ਪਾਣੀ ਪੈ ਗਿਆ ਹੈ'। ੫੨।

***ਦੋਹਰਾ॥ ਸਤਿਗੁਰ ਕੁਦਰਤ ਯੌ ਭਈ, ਕਰਨ ਸੁ ਸਿੰਘਨ ਕਾਜ॥*** ਸਿੰਘਾਂ ਦਾ ਕਾਰਜ ਸ਼ੁਧ ਕਰਨ ਵਾਸਤੇ ਸਤਿਗੁਰੂ ਦੀ ਕੁਦਰਤ ਇਉਂ ਹੋਈ ਹੈ।

***ਵੜੈ ਮੁਲਤਾਨੈ ਆਇ ਸੋ, ਪੁਤ ਖਾਨੂੰ ਸ਼ਾਹ ਨਵਾਜ॥੫੩॥*** ਮੀਰ ਮੰਨੂੰ ਤੋਂ ਪਹਿਲਾਂ ਲਹੌਰੀ ਸੂਬਾ ਸ਼ਾਹ ਨਿਵਾਜ਼ ਜੋ ਕਿ ਮੀਰ ਮੰਨੂੰ ਤੋਂ ਹਾਰ ਕੇ ਭੱਜ ਗਿਆ ਸੀ, ਖ਼ਾਨ ਬਹਾਦਰ ਦਾ ਪੁੱਤਰ ਸ਼ਾਹ ਨਿਵਾਜ਼ ਤੁਰਦਾ ਫਿਰਦਾ ਫ਼ੌਜ ਨਾਲ ਮੁਲਤਾਨ ਆ ਵੜਿਆ ਹੈ। ਮੁਲਤਾਨ ਲਹੌਰ ਦੇ ਮਤਹਿਤ ਹੁੰਦਾ ਸੀ, ਉਸ ਨੇ ਮੁਲਤਾਨ 'ਤੇ ਕਬਜ਼ਾ ਕਰ ਲਿਆ ਹੈ। ੫੩।

***ਚੌਪਈ॥ ਤਬ ਤੁਰਕਨ ਅਪਨੀ ਪੜ ਗਈ॥*** ਤਦੋਂ ਤੁਰਕਾਂ ਨੂੰ ਆਪਣਾ ਫਿਕਰ ਪੈ ਗਿਆ ਹੈ ਕਿ ਸਿੰਘਾਂ ਨਾਲ ਤਾਂ ਜਦੋਂ ਲੜਾਂਗੇ ਵੇਖੀ ਜਾਇਗੀ, ਆਹ ਪਿਛਿਓਂ ਬਿੱਜ ਆ ਪਈ ਹੈ ਸਾਨੂੰ, ਇਸ ਦਾ ਇੰਤਜ਼ਾਮ ਕਰੀਏ।

***ਮੀਰ ਮੰਨੂੰ ਨੈ ਫੌਜ ਸਦ ਲਈ॥*** ਮੀਰ ਮੰਨੂੰ ਸੂਬਾ ਲਹੌਰ ਨੇ ਆਪਣੀ ਫ਼ੌਜ ਵਾਪਸ ਸੱਦ ਲਈ ਹੈ ਲਹੌਰ ਦਾ ਇੰਤਜ਼ਾਮ ਕਰਨ ਵਾਸਤੇ, ਕਿਤੇ ਸਾਨੂੰ ਨਾ ਆ ਪੈਂਦਾ ਹੋਵੇ ਸ਼ਾਹ ਨਿਵਾਜ਼।

***ਤਬ ਕੌੜਾ ਮੱਲ ਬਾਤ ਬਨਾਈ॥*** ਮੀਰ ਮੰਨੂੰ ਨਾਲ ਤਦ ਕੌੜਾ ਮੱਲ ਦੀਵਾਨ ਨੇ ਗੱਲ ਬਣਾਈ ਹੈ।

***ਸਿੰਘਨ ਲਈਏ ਸਾਥ ਰਲਾਈ॥੫੪॥*** ਕਿ ਸਿੰਘਾਂ ਨੂੰ ਮਿੱਠੇ ਪਿਆਰੇ ਹੋ ਕੇ ਆਪਣੇ ਨਾਲ ਰਲਾ ਲਈਏ। ੫੪।

***ਦੀਨਾ ਬੇਗ ਭੀ ਸ਼ਾਹਦੀ ਪੂਰੀ॥*** ਅਦੀਨਾ ਬੇਗ ਵੀ ਸਿੰਘਾਂ ਦੀ ਸੇਵਾ ਕਰਦਾ ਸੀ। ਗੁਰੂ ਨਾਨਕ ਸਾਹਿਬ ਜੀ ਦੇ ਨਾਮ 'ਤੇ ਲੰਗਰ ਲਾ ਕੇ ਰੱਖਦਾ ਸੀ। ਸਿੰਘਾਂ ਨੂੰ ਆਇਆਂ ਗਿਆਂ ਨੂੰ ਲੰਗਰ ਛਕਾਉਂਦਾ ਸੀ, ਉਸ ਨੇ ਆਖਿਆ ਬਿਲਕੁਲ ਠੀਕ ਹੈ, ਜੇ ਸਿੰਘ ਤੁਹਾਡੇ ਨਾਲ ਹੋਏ ਤਾਂ ਫਿਰ ਸ਼ਾਹ ਨਿਵਾਜ਼ ਤੁਹਾਡਾ ਕੁਝ ਨਹੀਂ ਵਿਗਾੜ ਸਕਦਾ। ਸਿੰਘ ਮਾਰ ਲੈਣਗੇ ਸ਼ਾਹ ਨਿਵਾਜ਼ ਨੂੰ, ਸਿੰਘਾਂ ਨੂੰ ਜਰੂਰ ਨਾਲ ਲਵੋ, ਦੀਨਾ ਬੇਗ ਨੇ ਸ਼ਾਹਦੀ ਭਰ ਦਿੱਤੀ ਹੈ ਖਾਲਸੇ ਦੀ।

***ਮੀਰ ਮੰਨੂੰ ਕੇ ਗਿਣੀ ਹਜ਼ੂਰੀ॥*** ਮੀਰ ਮੰਨੂੰ ਕੋਲ ਬੈਠ ਕੇ ਸਲਾਹ ਕੀਤੀ ਹੈ, ਕਿ ਠੀਕ ਹੈ ਸਿੰਘਾਂ ਨੂੰ ਸਾਥ ਲਵੋ। ਉਸ ਸਮੇਂ ਬੁੱਢੇ ਦਲ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਸੀ।

***ਮੀਰ ਮੰਨੂੰ ਤੇ ਲਯੋ ਕਹਾਇ॥*** ਦਿਵਾਨ ਕੌੜਾ ਮੱਲ ਨੇ ਮੀਰ ਮੰਨੂੰ ਤੋਂ ਕਹਾ ਲਿਆ ਹੈ, ਸਿੰਘਾਂ ਨਾਲ ਸੰਧੀ ਕਰਨ ਵਾਸਤੇ।

***ਕੌੜਾ ਮੱਲ ਸਿੰਘ ਲਏ ਚੜ੍ਹਾਇ॥੫੫॥*** ਕੌੜਾ ਮੱਲ ਨੇ ਸਿੰਘਾਂ ਨਾਲ ਗੁਰਮਤਾ ਸੋਧ ਲਿਆ ਹੈ ਕਿ ਖਾਲਸਾ ਜੀ ! ਆਓ ਹੁਣ, ਹੁਣ ਕਾਰਜ਼ ਬਣਦਾ ਹੈ, ਹੁਣ ਹੋਰ ਵੀ ਕਾਰਜ਼ ਕਰਾਂਗੇ। ਸਿੰਘਾਂ ਆਖਿਆ ਚੱਲ ਤੇਰੇ ਨਾਲ ਹਾਂ ਅਸੀਂ, ਜੇ ਤੂੰ ਸਾਡੇ ਗੁਰੂ ਦਾ ਸਿੱਖ ਹੈਂ, ਅਸੀਂ ਵੀ ਤੇਰੇ ਨਾਂਲ ਚਲਾਂਗੇ, ਕੌੜਾ ਮੱਲ ਨੇ ਸਿੰਘਾਂ ਨੂੰ ਆਪਣੇ ਨਾਲ ਚੜ੍ਹਾ ਲਿਆ ਹੈ। ੫੫।

***ਮਾਝੋ ਪੱਟੀ ਸੰਗ ਲਏ ਰਲਾਈ॥*** ਮਾਝੇ ਵਿੱਚੋਂ ਪੱਟੀ ਸ਼ਹਿਰ ਦੇ ਇਲਾਕੇ ਦੇ ਸਿੰਘਾਂ ਨੂੰ ਨਾਲ ਰਲਾ ਲਿਆ ਹੈ ਸ਼ਾਹ ਨਿਵਾਜ਼ 'ਤੇ ਚੜ੍ਹਾਈ ਕਰਨ ਵਾਸਤੇ।

***ਆਧੀ ਸਿੰਘਨ ਲਿਖ ਦੁਆਈ॥*** ਸਿੰਘਾਂ ਨੇ ਕਿਹਾ ਸਾਡਾ ਹਿੱਸਾ, ਉਹਨੇ ਕਿਹਾ ਅੱਧਾ ਇਲਾਕਾ ਪੱਟੀ ਦਾ, ਸਿੰਘਾਂ ਨੂੰ ਲਿਖ ਕੇ ਦੁਆ ਦਿੱਤਾ ਹੈ ਮੀਰ ਮੰਨੂੰ ਤੋਂ ਕਿ ਪੱਟੀ ਦਾ ਅੱਧਾ ਇਲਾਕਾ ਇਨ੍ਹਾਂ ਨੂੰ ਦੇ ਦਿਓ, ਉਸ ਦੀ ਉਗਰਾਹੀ ਖਾਲਸਾ ਕਰਿਆ ਕਰੇਗਾ। ਸਿੰਘ ਛਕਿਆ ਛਕਾਇਆ ਕਰਨਗੇ, ਲੰਗਰ ਲਗਾਹਿਆ ਕਰਨਗੇ। ਅੱਧਾ ਇਲਾਕਾ ਪੱਟੀ ਦਾ ਲਹੌਰ ਕੋਲ ਰਹੇਗਾ, ਇਉਂ ਸਿੰਘਾਂ ਨੇ ਸ਼ਰਤਾਂ ਲਿਖਾ ਲਈਆਂ ਹਨ।

***ਬਾਰਾਂ ਪਿੰਡ ਜੋ ਗੁਰ ਚਕ ਵਾਲੇ॥*** ਬਾਰਾਂ ਪਿੰਡ ਜੋ ਅਕਬਰ ਗੁਰੂ ਅਮਰਦਾਸ ਜੀ ਨੂੰ ਭੇਟਾ ਦੇ ਗਿਆ ਸੀ, ਬਾਰਾਂ ਪਿੰਡ ਜਿਹੜੇ (ਗੁਰ ਚੱਕ) ਸ੍ਰੀ ਅੰਮ੍ਰਿਤਸਰ ਵਾਲੇ ਸਨ।

***ਲਿਖਾਇ ਦੀਏ ਰਾਮ ਰੌਣੀ ਨਾਲੇ॥੫੬॥*** ਉਹ ਬਾਰਾਂ ਪਿੰਡ ਰਾਮ ਰੌਣੀ ਕਿਲ੍ਹੇ ਦੇ ਸਮੇਤ ਲਿਖਾ ਕੇ ਦੇ ਦਿੱਤੇ ਸਨ ਖਾਲਸੇ ਨੂੰ ਕੌੜਾ ਮੱਲ ਨੇ ਮੀਰ ਮੰਨੂੰ ਤੋਂ। ੫੬।

***ਦੋਹਰਾ॥ ਰਾਮ ਰੌਣੀ ਰਾਮਗੜ੍ਹ ਭਯੋ ਉਸ ਦਿਨ ਤੇ ਮਸ਼ਹੂਰ॥*** ਖਾਲਸੇ ਨੇ ਜੋ ਰਾਮ ਰੌਣੀ ਕਿਲ੍ਹਾ ਬਣਾਇਆ ਸੀ। ਉਸ ਦਿਨ ਤੋਂ ਇਸ ਦਾ ਨਾਮ ਰਾਮਗੜ੍ਹ ਮਸ਼ਹੂਰ ਹੋ ਗਿਆ ਹੈ।

***ਠੇਕੇ ਰਾਮਗੜ੍ਹੀਏ ਭਏ, ਵੜੇ ਸੁ ਵਖਤ ਜ਼ਰੂਰ॥੫੭॥*** ਰਾਮਗੜ੍ਹ ਸ: ਜੱਸਾ ਸਿੰਘ ਨੂੰ ਸੌਂਪਿਆ ਗਿਆ ਜੋ ਜਰੂਰੀ ਸਮੇਂ ਖਾਲਸੇ ਦੀ ਮਦਦ 'ਤੇ ਕਿਲ੍ਹੇ ਵਿਚ ਆ ਵੜਿਆ ਸੀ। ਉਸ ਦਿਨ ਤੋਂ ਉਸ ਕਿਲ੍ਹੇ ਦੇ ਰਾਮਗੜ੍ਹੀਏ ਠੇਕੇਦਾਰ ਬਣ ਗਏ। ਪਾਠੰਤਰ-ਠੇਕੇ। ਦੀ ਥਾਂ 'ਛੇਕੇ' ਪਾਠ ਹੈ। ਜੱਸਾ ਸਿੰਘ ਹੋਰੀ ਜੋ ਪੰਥ ਵਿਚ ਛੇਕੇ ਹੋਏ ਸਨ, ਲੋੜ ਵੇਲੇ, ਔਖੇ ਵੇਲੇ (ਜੋ ਆਏ)। ੫੭।

***ਰਤਨ ਸਿੰਘ ਨੇ ਜੋ ਸੁਨੀ, ਬ੍ਰਿੱਧਨ ਲੋਕਨ ਪਾਸ॥*** ਭਾਈ ਰਤਨ ਸਿੰਘ ਜੀ ਕਹਿੰਦੇ, ਜੋ ਮੈਂ ਬਜ਼ੁਰਗ ਸਿੰਘ ਪਾਸੋਂ ਸੁਣਿਆ ਸੀ, ਇਸ ਪ੍ਰਸੰਗ ਵਾਰੇ, ਜਿਵੇਂ-ਜਿਵੇਂ ਖਾਲਸੇ ਨਾਲ ਵਾਪਰਿਆ ਸੀ ਰਾਮ ਰੌਣੀ ਕਿਲ੍ਹੇ ਵਿਚ।

***ਆਗੈ ਸੋਊ ਸੁਨਾਇ ਹੈ, ਖਾਨੂੰ ਕੋ ਸੁਤ ਨਾਸ਼॥੫੮॥*** ਇਹ ਤਾਂ ਮੈਂ ਪਿਛਲਾ ਪ੍ਰਸੰਗ ਪੁਰਾਤਨ ਸਿੰਘਾਂ ਤੋਂ ਸੁਣ ਕੇ ਲਿਖਿਆ

ਹੈ। ਹੁਣ ਅੱਗੇ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਦੇ ਪੁੱਤਰ ਸ਼ਾਹ ਨਿਵਾਜ਼ ਨੂੰ ਕਿਵੇਂ ਮਾਰਿਆ ਹੈ ਖਾਲਸੇ ਪੰਥ ਨੇ, ਉਹ ਪ੍ਰਸੰਗ ਸੁਣਾਵਾਂਗਾ । ੫੮।

***ਇਮ ਰਾਮਰੌਣੀ ਸਿੰਘ ਲੜੇ ਪੰਜ ਪਰ ਅਠਾਰਾਂ ਸੈ ਸਾਲ॥*** ਇਉਂ ਰਾਮਰੌਣੀ ਕਿਲ੍ਹੇ ਵਿਚ ਸਿੰਘ ਲੜੇ ਸਨ, ਮੀਰ ਮੰਨੂੰ ਦੀਆਂ ਤੁਰਕ ਫ਼ੌਜਾਂ ਨਾਲ ਅਠਾਰ੍ਹਾਂ ਸੌ ਪੰਜ (੧੮੦੫) ਬਿਕ੍ਰਮੀ ਸੰਮਤ ਵਿਚ।

***ਸ਼ਾਹ ਨਿਵਾਜ਼ ਜਿਮ ਆ ਮੁਆ, ਸੋ ਆਗੈ ਸੁਨੋ ਹਵਾਲ॥੫੯॥*** ਜਿਵੇਂ ਸ਼ਾਹ ਨਿਵਾਜ਼, ਖ਼ਾਨ ਬਹਾਦਰ ਦਾ ਪੁੱਤਰ, ਜਿਵੇਂ ਆ ਕੇ ਮਰਿਆ ਹੈ, ਉਸ ਦਾ ਸਾਰਾ ਹਵਾਲਾ ਸੁਣੋ ਕਿ ਉਹ ਕਿਵੇਂ ਮਰਿਆ, ਜਿਸ ਦੀ ਸੂਬੇਦਾਰੀ ਸਮੇਂ ਵਿਚ ਪੜੋਲ ਕਠੂਹੇ ਵਾਲਾ ਵੱਡਾ ਘੱਲੂਘਾਰਾ ਹੋਇਆ ਸੀ। ੫੯।

***ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ਹੈ॥***

## ਸਾਖੀ ਕੌੜਾ ਮੱਲ ਜੀ ਦੀ ਬਹਾਦਰੀ

### (ਕੌੜਾ ਮੱਲ ਨੇ ਸਿੰਘਾਂ ਦੀ ਕੁਮਕ ਨਾਲ ਸ਼ਾਹ ਨਿਵਾਜ਼ ਨੂੰ ਮਾਰਿਆ)

***ਦੋਹਰਾ॥ ਕਿਛਕੁ ਸਿੰਘ ਸਾਥੀ ਹੁਇ ਸਿਖ ਕੌੜਾ ਮਲ ਜਾਣ॥*** ਸਾਰਾ ਪੰਥ ਨਹੀਂ ਗਿਆ ਹੈ ਕੌੜਾ ਮੱਲ ਨਾਲ, ਸਿਰਫ ਰਾਮਗੜ੍ਹੀਏ ਜੱਸਾ ਸਿੰਘ ਦਾ ਜਥਾ ਗਿਆ ਹੈ, ਹੋਰ ਸਿੰਘ ਲੈ ਗਿਆ ਹੈ ਆਪਣੇ ਨਾਲ ਨਾਮੀ ਗ੍ਰਾਮੀ, ਕੌੜਾ ਮੱਲ ਨੂੰ ਗੁਰੂ ਦਾ ਸਿੱਖ ਜਾਣ ਕੇ ਕੁਛ ਕੁ ਸਿੰਘ ਉਸ ਦੇ ਸਾਥੀ ਬਣ ਗਏ ਸਨ।

***ਚੜ੍ਹਿਓ ਸ਼ਾਹ ਨਿਵਾਜ਼ ਪਰ ਸਿੰਘਨ ਕੋ ਰਖ ਤਾਣ॥੧॥*** ਤੁਰਕਾਂ ਦੀ ਲਹੌਰੀ ਫ਼ੌਜ ਕੌੜਾ ਮੱਲ ਦੇ ਨਾਲ ਹੈ ਪਰ ਭਰੋਸਾ ਕੋਈ ਨਹੀਂ ਹੈ, ਇਹ ਤੁਰਕ ਤੁਰਕ ਤਾਂ ਇਕ ਹੋ ਜਾਣਗੇ, ਇਹਨਾਂ ਨੇ ਤਾਂ ਲੜਨਾਂ ਹੀ ਨਹੀਂ ਹੈ। ਸੂਬੇ ਵੱਲੋਂ ਹੁਕਮ ਹੋ ਗਿਆ ਹੈ, ਜਾਓ! ਉਸ ਦਾ ਸਿਰ ਵੱਢ ਕੇ ਲਿਆਓ। ਕੌੜਾ ਮੱਲ ਨੇ ਸਿੰਘਾਂ ਦੇ ਜ਼ੋਰ 'ਤੇ ਸ਼ਾਹ ਨਿਵਾਜ਼ 'ਤੇ ਜਾ ਚੜ੍ਹਾਈ ਕੀਤੀ ਹੈ। ੧।

***ਚੌਪਈ॥ ਜਹਾਂ ਖਾਲਸੋ ਦਿਵਾਨ ਸਜਾਵੈ॥*** ਜਿਥੇ ਖਾਲਸਾ ਪੰਥ ਦੀਵਾਨ ਸਜਾਉਂਦਾ ਹੈ।

***ਕੌੜਾ ਮਲ ਨਿਤਪ੍ਰਤਿ ਤਹਿਂ ਆਵੈ॥*** ਦੀਵਾਨ ਕੌੜਾ ਮੱਲ ਹਰ ਰੋਜ਼ ਉਥੇ (ਖਾਲਸੇ ਦੇ ਦੀਵਾਨ ਵਿਚ) ਆਉਂਦਾ ਹੈ।

***ਰਹਿਰਾਸ ਸੁਨੈ ਔਰ ਸੁਨੈਂ ਅਰਦਾਸ॥*** ਸ੍ਰੀ ਰਹਿਰਾਸ ਸਾਹਿਬ ਜੀ ਦਾ ਪਾਠ ਸੁਣਦਾ ਹੈ ਅਤੇ ਖਾਲਸੇ ਪੰਥ ਦੀ ਅਰਦਾਸ ਸੁਣਦਾ ਹੈ।

***ਨਿੱਤ ਰੋਜ਼ ਦਏ ਖਾਲਸੇ ਪਾਸ॥੨॥*** ਹਰ ਰੋਜ਼ ਦਾ ਜੋ ਸਿੰਘਾਂ ਨਾਲ ਰਸਤ ਬਸਤ ਅਤੇ ਖ਼ਰਚ ਦਾ ਜੋ ਬੰਧਾਨ ਕੀਤਾ ਹੈ, ਕੌੜਾ ਮੱਲ ਉਹ ਰੋਜ਼ਾਨਾ ਹੀ ਸਿੰਘਾਂ ਨੂੰ ਦਿੰਦਾ ਹੈ। ੨।

***ਲੈ ਆਗਯਾ ਪਾਸ ਸਿੰਘਨ ਬਹੈ॥*** ਸਿੰਘਾ ਤੋਂ ਆਗਿਆ ਲੈ ਕੇ ਉਨ੍ਹਾਂ ਨੂੰ ਮਿਲਦਾ ਹੈ।

***ਫਤ੍ਹੇ ਵਾਹਿਗੁਰੂ ਮੁਖ ਤੇ ਕਹੈ॥*** ਆਪਣੇ ਮੂੰਹੋਂ ਸਿੰਘਾਂ ਨੂੰ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤੇ, ਆਖਦਾ ਹੈ।

***ਨਿਤਪ੍ਰਤਿ ਕੜਾਹ ਲੈ ਸਿੰਘਨ ਮਿਲੈ॥*** ਨਿਤਾਪ੍ਰਤੀ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਦੀ ਰਸਤ ਲੈ ਕੇ ਹਾਜ਼ਰ ਹੁੰਦਾ ਹੈ।

**ਨਿਹੰਗਨ ਰੁਪੱਯੇ ਪੰਜ ਦੈ ਭਿਲੈ॥੩॥** ਜੋ ਫਰਲਿਆਂ ਵਾਲੇ ਨਿਹੰਗ ਸਿੰਘ ਸਨ ਉਹਨਾਂ ਸਿੰਘਾਂ ਦੇ, ਉਨ੍ਹਾਂ ਦੇ ਗੋਡੀਂ ਹੱਥ ਲਾਉਂਦਾ ਹੈ ਜਾ ਕੇ, ਪੰਜ ਰੁਪਏ ਮੱਥਾ ਟੇਕਦਾ ਹੈ, ਭੇਟਾ ਕਰਦਾ ਹੈ ਸਿੰਘ ਦੀ। ੩।*

**ਪੰਜ ਰੁੱਪਯੇ ਤਨਖਾਹਿ ਲਗਾਵੈ॥** ਪੰਜ ਰੁਪਏ ਤਨਖ਼ਾਹ ਦੇ ਭੇਟਾ ਕਰਦਾ ਹੈ (ਕਿਉਂਕਿ ਹੁੱਕਾ ਪੀਂਦਾ ਸੀ)

**ਤੌ ਹੁੱਕੋ ਪੀਣੋ ਮਾਫ ਕਰਾਵੈ॥** ਤਾਂ ਹੁੱਕਾ ਪੀਣਾ ਮੁਆਫ ਕਰਾਉਂਦਾ ਸੀ ਪੰਜ ਰੁਪਏ ਤਨਖ਼ਾਹ ਲਵਾ ਕੇ ਹਰ ਰੋਜ਼।

**ਕਹੈ ਸਿੰਘਨ, ਹਮ ਗੁਰ ਦੀ ਆਸ॥** ਕੌੜਾ ਮੱਲ ਸਿੰਘਾਂ ਨੂੰ ਕਹਿੰਦਾ, ਮੈਨੂੰ ਗੁਰੂ ਦੀ ਆਸ ਹੈ, ਸਤਿਗੁਰੂ ਕਿਰਪਾ ਕਰੇ, ਸਾਡੀ ਮਦਦ ਸਤਿਗੁਰੂ ਕਰਨਾ।

**ਸ਼ਾਹਿ ਨਿਵਾਜ਼ ਫੜ ਲ੍ਯਾਊਂ ਖਾਸ ॥੪॥** ਮੈਂ ਸ਼ਾਹ ਨਿਵਾਜ਼ ਨੂੰ ਜਿਉਂਦਾ ਫੜ ਕੇ ਲਿਆਵਾਂਗਾ। ੪।

**ਤਬ ਖਾਲਸੇ ਬਚਨ ਪਲਟਾਯਾ॥** ਖਾਲਸੇ ਨੇ ਉਸ ਦਾ ਬਚਨ ਪਲਟਾਅ ਦਿੱਤਾ ਹੈ।

**ਹਮ ਚਾਹਤ ਉਸ ਮਾਰ ਗਵਾਯਾ॥** ਅਸੀਂ ਉਸ ਨੂੰ ਜਿਉਂਦੇ ਨੂੰ ਗ੍ਰਿਫ਼ਤਾਰ ਕਰਕੇ ਨਹੀਂ ਲਿਆਉਂਣਾ ਚਾਹੁੰਦੇ, ਉਹ ਬੜਾ ਹੀ ਦੁਸ਼ਟ ਹੈ, ਅਸੀਂ ਤਾਂ ਉਸ ਨੂੰ ਰੋਲ ਕੇ ਮਾਰਨਾ ਚਾਹੁੰਦੇ ਹਾਂ।

**ਉਸ ਮਰਵਾਏ ਸਿੰਘ ਅਸੇਖ॥** ਆਪਣੀ ਸੂਬੇਦਾਰੀ ਦੇ ਸਮੇਂ ਵਿਚ ਉਸ ਨੇ ਬਹੁਤ ਜ਼ਿਆਦਾ ਸਿੰਘਾਂ ਨੂੰ ਸ਼ਹੀਦ ਕਰਵਾਇਆ ਸੀ।

**ਹਮ ਕਬ ਛੋਡੈਂ ਉਸ ਕਉ ਦੇਖ॥੫॥** ਉਸ ਨੂੰ ਦੇਖ ਕੇ ਅਸੀਂ ਕਦੋਂ ਛਡਾਂਗੇ? ਅਸੀਂ ਤਾਂ ਦੇਖਦੇ ਸਾਰ ਉਸ ਨੂੰ ਤੁਰਤ ਮਾਰਾਂਗੇ। ੫।

**ਦੋਹਰਾ॥ ਔਰ ਤੁਰਕਾਨੀ ਫੌਜ ਸਾਥ, ਖਾਨੂੰ ਸਕੋ ਭਰਾਇ॥** ਅਤੇ ਤੁਰਕਾਂ ਦੀ ਫ਼ੌਜ ਨਾਲ ਖ਼ਾਨ ਬਹਾਦਰ ਜ਼ਕਰੀਆ ਖ਼ਾਂ ਦਾ ਸਕਾ ਭਰਾ।

**ਆਗੈ ਫੜੈ ਥੋ ਸੋ ਕਰਯੋ ਸ਼ਾਹਿ ਨਿਵਾਜ਼ੈ ਵਾਇ॥੬॥** ਮੀਰ ਮੰਨੂੰ ਨੇ ਫੜ ਕੇ ਉਸ ਨੂੰ ਸ਼ਾਹ ਨਿਵਾਜ਼ ਦੇ ਅੱਗੇ ਲੜਨ ਵਾਸਤੇ ਕੀਤਾ ਹੈ। ੬।

**ਚੌਪਈ॥ ਸ਼ਾਹਿ ਨਿਵਾਜ਼ ਜਬ ਸੂਬੋ ਥੋ ਹੋਯੋ॥** ਸ਼ਾਹ ਨਿਵਾਜ਼ ਜਦੋਂ ਲਹੌਰ ਦਾ ਸੂਬਾ ਬਣਿਆ ਸੀ।

**ਲੂਟੇ ਕੂਟੇ ਤੇ ਸਭ ਉਨ ਕੋਹਯੋ॥** ਉਦੋਂ ਉਸ ਨੇ ਸਭ ਨੂੰ ਲੁੱਟਿਆ-ਕੁੱਟਿਆ ਤੇ ਮਾਰਿਆ ਸੀ, ਦੁਖੀ ਕੀਤਾ ਸੀ ਸਿੰਘਾਂ ਨੂੰ।

**ਸੋ ਮੀਰ ਮੰਨੂੰ ਨੇ ਦੀਏ ਚੜ੍ਹਾਇ॥** ਉਹਨਾਂ ਸਾਰੇ ਹੀ ਲੋਕਾਂ ਨੂੰ ਮੀਰ ਮੰਨੂੰ ਨੇ ਸ਼ਾਹ ਨਿਵਾਜ਼ ਉਤੇ ਚੜ੍ਹਾਈ ਕਰਕੇ ਭੇਜਿਆ।

**ਕੌੜਾ ਮਲ ਕੈ ਸਾਥ ਮਿਲਾਇ॥੭॥** ਉਹ ਸਾਰੇ ਕੌੜਾ ਮੱਲ ਨਾਲ ਮਿਲਾ ਦਿੱਤੇ ਸਨ ਕਿ ਜਾ ਕੇ ਉਸ ਦੀ ਮਦਦ ਕਰੋ। ੭।

**ਦੋਹਰਾ॥ ਜੰਗ ਪਰਯੋ ਦੋਊ ਤਰਫ, ਦੋਊ ਫੜ੍ਹੇ ਤਕਾਇਂ॥** ਮੁਲਤਾਨ ਜਾ ਪਹੁੰਚੇ ਹਨ। ਦੋਹਾਂ ਪਾਸਿਆਂ ਤੋਂ ਜੰਗ ਸ਼ੁਰੂ ਹੋ ਗਿਆ ਤੇ ਦੋਵੇਂ ਹੀ ਆਪੋ ਆਪਣੀ ਫੜ੍ਹੇ ਤਕਾਉਂਦੇ ਸਨ।

**ਸ਼ਾਹਿ ਨਿਵਾਜ ਕੌੜਾ ਮਲ ਭਏ, ਦੋਨੋਂ ਸਨਮੁਖ ਆਇ॥੮॥** ਉਧਰੋਂ ਮੁਲਤਾਨ ਦੇ ਕਿਲ੍ਹੇ ਵਿੱਚੋਂ ਸ਼ਾਹ ਨਿਵਾਜ਼ ਫ਼ੌਜ

---

*ਨੋਟ:-ਅੱਜ ਵੀ ਅਜੇ ਖਾਲਸੇ ਪੰਥ (ਸ੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ) ਪਾਸ ਤਾਂਬੇ ਦੇ ਪਟੇ ਲਿਖੇ ਮਿਲਦੇ ਹਨ। 'ਅਕਾਲ 'ਤੇ ਜਦੋਂ ਨਿਹੰਗ ਸਿੰਘ ਜਾਵੇ ਸਵਾ ਦਮੜਾ (ਰੁਪਯਾ) ਉਸ ਦੀ ਭੇਟ ਸ੍ਰੀ ਅਕਾਲ ਤਖ਼ਤ ਵੱਲੋਂ। ਜਾਣੀ ਕਿ ਪੂਜਨੀਕ ਖਾਲਸਾ ਹੈ। ਜਿਹੜਾ ਫਰਲੇ ਵਾਲਾ ਸਿੰਘ, ਜਿਸ ਨੂੰ ਮਾਣ ਮਿਲਦਾ ਹੈ ਪੰਥ (ਬੁੱਢੇ ਦਲ) ਵੱਲੋਂ, ਜੋ ਪੁਰਾਤਨ ਸਿੰਘ ਸੇਵਾ ਕਰਨ ਵਾਲੇ ਵੱਡੀਆਂ ਘਾਲਾਂ ਘਾਲਣ ਵਾਲੇ, ਉਨ੍ਹਾਂ ਦਾ ਮਾਣ ਰੱਖਿਆ ਹੋਇਆ ਹੈ। ਫਿਰ ਹੋਰ ਸੇਵਾ ਵੱਖਰੀ ਹੈ ਲੰਗਰ ਵਾਸਤੇ, ਦੇਗ ਵਾਸਤੇ, ਕਿਉਂਕਿ ਸਿੰਘ 'ਚੁਗਲ ਮੁਗਲ' ਭਾਵ ਜੂਠ-ਮੀਠ ਤਾਂ ਖਾਂਦੇ ਨਹੀਂ ਸਨ, ਸਿੰਘਾਂ ਨੇ ਪੰਥਕ 'ਬੁੱਢੇ ਦਲ ਦੀ) ਮ੍ਰਯਾਦਾ ਅਨੁਸਾਰ ਸ਼ੁੱਧ ਪ੍ਰਸ਼ਾਦ ਬਣਾ ਕੇ ਛਕਣਾ ਹੈ।

ਲੈ ਕੇ ਨਿਕਲਿਆ ਹੈ, ਏਧਰੋਂ ਕੌੜਾ ਮੱਲ ਸਿੰਘਾਂ ਤੇ ਤੁਰਕਾਂ ਦੀ ਫ਼ੌਜ ਨੂੰ ਲੈ ਕੇ ਪਹੁੰਚਿਆ ਹੈ, ਦੋਵੇਂ ਆਪੋ ਆਪਣੀਆਂ ਫ਼ੌਜਾਂ ਲੈ ਕੇ ਆਹਮੋ-ਸਾਮ੍ਹਣੇ ਹੋਏ ਹਨ। ੮।

***ਚੌਪਈ॥ ਤੁਰਕ ਤੁਰਕ ਰਲ ਮਿਲ ਟਲ ਗਏ॥*** ਤੁਰਕ-ਤੁਰਕ ਆਪਸ ਵਿਚ ਰਲ ਮਿਲ ਕੇ ਜੰਗ ਕਰਨ ਤੋਂ ਟਲ ਗਏ ਹਨ। ਲਹੌਰੀ ਫ਼ੌਜ ਨੇ ਕਿਹਾ, ਅਸੀ ਤੁਰਕ ਹਾਂ, ਅਸੀਂ ਕਿਉਂ ਲੜੀਏ? ਸ਼ਾਬਾਸ਼ ਤਾਂ ਕੌੜਾ ਮੱਲ ਨੂੰ ਮਿਲਣੀ ਹੈ। ਅਸੀਂ ਕਿਉਂ ਲੜੀਏ। ਉਹ ਐਧਰ ਉੱਧਰ ਫੋਕੇ ਫਾਇਰ ਕਰਨ ਲਗ ਪਏ। ਉਧਰਲੇ ਤੁਰਕਾਂ ਨੂੰ ਮਾਰਨ ਹੀ ਨਾ, ਉਹ ਭੀ ਇਨ੍ਹਾਂ ਨੂੰ ਨਾ ਮਾਰਨ। ਟਲ ਗਏ, ਜੰਗ ਕਰਦੇ ਕਰਦੇ ਪਿਛਾਂਹ ਹਟ ਗਏ ਕੌੜ ਮੱਲ ਤੋਂ।

***ਕੌੜੇ ਹਿੰਦੂ ਤੁੜਾਵਤ ਚਹੇ॥*** ਉਨ੍ਹਾਂ ਦੋਹਾਂ ਪਾਸਿਆਂ ਦੇ ਤੁਰਕਾਂ ਦਾ ਇਰਾਦਾ ਹੋ ਗਿਆ ਕਿ ਕੌੜਾ ਮੱਲ ਹਿੰਦੂ ਹੈ, ਇਹਨੂੰ ਤੁੜਵਾਈਏ, ਇਸ ਨੂੰ ਮਰਵਾਈਏ। ਦੋਹਾਂ ਪਾਸਿਆਂ ਦੇ ਤੁਰਕਾਂ ਨੇ ਮਸ਼ਵਰਾ ਕਰ ਲਿਆ ਕਿ ਅਸੀਂ ਕਿਉਂ ਲੜੀਏ ਆਪਸ ਵਿਚ, ਉਹ ਲੜਾਈ ਵਿੱਚੋਂ ਟਲ ਗਏ ਸਨ।

***ਤਬ ਕੌੜਾ ਮਲ ਕਰ ਗੁਰ ਆਸ॥*** ਜਦੋਂ ਤੁਰਕਾਂ ਦੀ ਫ਼ੌਜ ਬੇਈਮਾਨ ਹੋ ਗਈ, ਤਾਂ ਕੌੜਾ ਮੱਲ ਨੇ ਗੁਰੂ ਮਹਾਰਾਜ 'ਤੇ ਆਸ ਰੱਖੀ ਹੈ। ਗੁਰੂ ਖਾਲਸੇ ਪੰਥ ਦਾ ਆਸਰਾ ਲਿਆ ਹੈ।

***ਸਿੰਘ ਖੜਾਏ ਅਪਨੇ ਆਪ॥੯॥*** ਕੌੜਾ ਮੱਲ ਨੇ ਖਾਲਸਾ ਫ਼ੌਜ ਨੂੰ ਆਪਣੇ ਕੋਲ ਖੜ੍ਹਾ ਕਰ ਲਿਆ ਹੈ। ੯।

***ਤਬੈ ਨਿਵਾਜ਼ ਨੇ ਕੀਯੋ ਜ਼ੋਰ॥*** ਤਦ ਕੌੜਾ ਮੱਲ 'ਤੇ ਸ਼ਾਹ ਨਿਵਾਜ਼ ਨੇ ਜ਼ੋਰ ਕੀਤਾ ਹੈ, ਸ਼ਾਹ ਨਿਵਾਜ਼ ਅੱਗੇ ਵਧਿਆ ਹੈ ਫ਼ੌਜ ਲੈ ਕੇ।

***ਸਹੌਂ ਕੌੜਾ ਮੱਲ ਘੋੜੇ ਤੋਰ॥*** ਆਪਣਾ ਘੋੜਾ ਤੋਰ ਕੇ ਸ਼ਾਹ ਨਿਵਾਜ਼ ਸਾਮ੍ਹਣੇ ਹੋਇਆ ਹੈ ਕੌੜਾ ਮੱਲ ਦੇ।

***ਅਬ ਹੈ ਖਾਲਸੇ ਜੀ ਕੋ ਵੇਲਾ॥*** ਜਦੋਂ ਸ਼ਾਹ ਨਿਵਾਜ਼ ਸਾਮ੍ਹਣੇ ਆਇਆ ਹੈ ਕੌੜਾ ਮੱਲ ਦੇ, ਕੌੜਾ ਮੱਲ ਨੇ ਕਿਹਾ ਖਾਲਸਾ ਜੀ ! ਹੁਣ ਤੁਹਾਡਾ ਵੇਲਾ ਹੈ।

***ਕਰ ਆਯੋ ਹਮ ਪਰ ਵਹਿ ਹੇਲਾ॥੧੦॥*** ਉਹ ਸਾਡੇ 'ਤੇ ਹੱਲਾ ਕਰਕੇ ਆਇਆ ਹੈ, ਹੁਣ ਤੁਸੀਂ ਵੇਲਾ ਸੰਭਾਲਣਾ ਹੈ। ੧੦।

***ਸਿੰਘ ਕਰਯੋਂ ਕਛੁ ਗਮ ਕਰ ਨਾਹੀਂ॥*** ਸਿੰਘਾਂ ਨੇ ਕਿਹਾ, ਕੌੜਾ ਮੱਲ ਤੂੰ ਕਿਸੇ ਤਰ੍ਹਾਂ ਦਾ ਗਮ ਨਾ ਕਰ, ਫਿਕਰ ਨਾ ਕਰ ਕਿਸੇ ਤਰ੍ਹਾਂ ਦਾ।

***ਨਜੀਕ ਆਵੈ ਹਮ ਦੇਈਂ ਬਤਾਈਂ॥*** ਜਦੋਂ ਸ਼ਾਹ ਨਿਵਾਜ਼ ਤੇਰੇ ਨੇੜੇ ਆ ਗਿਆ, ਉਦੋਂ ਦੱਸੀਂ ਸਾਨੂੰ, ਉਦੋਂ ਅਸੀਂ ਸੰਭਾਲਾਂਗੇ ਇਸ ਨੂੰ।

***ਹਮ ਆਗੇ ਹੋ ਖਲੇ ਤਿਆਰ॥*** ਅਸੀਂ ਅੱਗੇ ਹੋ ਕੇ ਤਿਆਰ-ਬਰ-ਤਿਆਰ ਖੜ੍ਹੇ ਹਾਂ।

***ਲੇਵੈਂਗੇ ਉਸ ਤੁਰਤਹਿ ਮਾਰ॥੧੧॥*** ਉਸ (ਸ਼ਾਹ ਨਿਵਾਜ਼) ਦੁਸ਼ਟ ਨੂੰ ਅਸੀਂ ਤੁਰਤ ਹੀ ਮਾਰਾਂਗੇ। ੧੧।

***ਦੋਹਰਾ॥ ਤੌ ਲੌ ਆਇ ਨਿਵਾਜੇ ਕਹਯੋ ਕੌੜੇ ਨਿਮਕ ਹਰਾਮ॥*** ਉਦੋਂ ਤੱਕ ਸ਼ਾਹ ਨਿਵਾਜ਼ ਨੇ ਕੌੜੇ ਮੱਲ ਨੂੰ ਆ ਕੇ ਕਿਹਾ, 'ਓ ਕੌੜਿਆ ਨਮਕ ਹਰਾਮੀਆਂ ! ਸਾਡਾ ਨੌਕਰ ਹੋ ਕੇ ਸਾਡੇ ਨਾਲ ਲੜਨ ਆਇਆ ਹੈਂ'।

***ਅਖੈ ਤ੍ਰ ਸ਼ਸਤ੍ਰ ਸੰਭਾਲ ਤੂੰ, ਅਖੈ ਤੌ ਤੁਰਕ ਸਲਾਮ॥੧੨॥*** ਜਾਂ ਤਾਂ ਲੜਾਈ ਵਾਸਤੇ ਆਪਣੇ ਸ਼ਸਤ੍ਰਾਂ ਨੂੰ ਸੰਭਾਲ ਕੇ ਸਾਮ੍ਹਣੇ ਆ ਟਾਕਰੇ 'ਤੇ ਜਾ ਤੁਰਕ (ਸ਼ਾਹ ਨਿਵਾਜ਼) ਨੂੰ ਸਲਾਮ ਕਰ। ੧੨।

***ਚੌਪਈ॥ ਤਬ ਕੌੜਾ ਮਲ ਸਿੰਘਨ ਕਹਯੋ॥*** ਤਾਂ ਕੌੜਾ ਮੱਲ ਨੇ ਸਿੰਘਾਂ ਨੂੰ ਆਖਿਆ।

***ਬੋਲਤ੍ਰ ਸ਼ਾਹਿ ਨਿਵਾਜੈ ਅਹਯੋ॥*** ਆਹ ਸ਼ਾਹ ਨਿਵਾਜ਼ ਬੋਲ ਰਿਹਾ ਹੈ!

***ਸਿੰਘਨ ਦੀਨੀ ਸ਼ਲਕ ਚਲਾਇ॥*** ਸਿੰਘ ਰਾਤ ਦਿਨ ਦੇ ਸ਼ਿਕਾਰੀ ਸਨ, ਸਿੰਘਾਂ ਨੇ ਸ਼ਾਹ ਨਿਵਾਜ਼ ਦੀ ਅਵਾਜ਼ 'ਤੇ ਨਿਸ਼ਾਨਾਂ ਲੈ ਕੇ ਸ਼ਲਕ ਕਰ ਦਿੱਤੀ ਹੈ। (ਸ਼ਲਕ) ਆਪਣੀਆਂ ਸਾਰੀਆਂ ਬੰਦੂਕਾਂ ਦਾ ਇਕੱਠਾ ਫਾਇਰ ਖੋਲ੍ਹ ਦਿੱਤਾ ਹੈ।

***ਲਗੀ ਕਲੇਜ ਨਿਵਾਜੈ ਸ਼ਾਹਿ॥੧੩॥*** ਸਿੰਘਾਂ ਦੀ ਗੋਲੀਆਂ ਸ਼ਾਹ ਨਿਵਾਜ਼ ਦੇ ਕਾਲਜੇ ਵਿਚ ਲੱਗੀਆਂ ਤੇ ਪਾਰ ਹੋ ਗਈਆਂ। ੧੩।

***ਝੂਮ ਘੋੜੇ ਤੇ ਭੂਮ ਮੈਂ ਪੜਾ॥*** ਝੂਲਦਾ ਹੋਇਆ ਘੋੜੇ ਤੋਂ ਧਰਤੀ 'ਤੇ ਆ ਪਿਆ ਹੈ।

***ਗੋਲੀ ਲਗੀ ਫਿਰ ਭਯੋ ਨ ਖੜਾ॥*** ਗੋਲੀ ਟਿਕਾਣੇ 'ਤੇ ਲੱਗੀ ਹੈ (ਕਾਲਜੇ ਵਿਚ) ਫਿਰ ਖੜ੍ਹਾ ਨਹੀਂ ਹੋ ਸਕਿਆ ਦੁਬਾਰਾ।

***ਏਕ ਸਿੰਘ ਤਬ ਉਤਰ ਹੁਯੋ ਖੜਾ॥*** ਸਿੰਘਾਂ ਦੀਆਂ ਬੰਦੂਕਾਂ ਦੀ ਸ਼ਲਕ ਹੋਣ ਨਾਲ ਸ਼ਾਹ ਨਿਵਾਜ਼ ਦੇ ਕਈ ਹੋਰ ਸਾਥੀ ਵੀ ਨਾਲ ਹੀ ਮਾਰੇ ਗਏ ਤੇ ਜ਼ਖ਼ਮੀ ਹੋ ਗਏ। ਤਦ ਇਕ ਸਿੰਘ ਆਪਣੇ ਘੋੜੇ ਤੋ ਉੱਤਰ ਕੇ ਜ਼ਖ਼ਮੀ ਪਏ ਸ਼ਾਹ ਨਿਵਾਜ਼ ਕੋਲ ਜਾ ਖੜ੍ਹਾ ਹੋਇਆ ਹੈ।

***ਕਾਟ ਸੀਸ ਹਥ ਲੀਨੋਂ ਫੜਾ॥੧੪॥*** ਉਸ ਨੇ ਸ਼ਾਹ ਨਿਵਾਜ਼ ਦਾ ਸਿਰ ਵੱਢ ਕੇ ਆਪਣੇ ਹੱਥ ਵਿਚ ਫੜ ਲਿਆ ਹੈ। ੧੪।

***ਮੀਰ ਮੰਨੂੰ ਢਿਗ ਦਯੋ ਪਹੁੰਚਾਇ॥*** ਕੌੜਾ ਮੱਲ ਨੇ ਸ਼ਾਹ ਨਿਵਾਜ਼ ਦਾ ਸਿਰ ਮੀਰ ਮੰਨੂ ਕੋਲ ਪਹੁੰਚਦਾ ਕਰ ਦਿੱਤਾ ਹੈ।

***ਦੇਖਤ ਸੀਸ ਖੁਸ਼ੀ ਭਈ ਵਾਇ॥*** ਸ਼ਾਹ ਨਿਵਾਜ਼ ਦੇ ਸਿਰ ਨੂੰ ਵੇਖ ਕੇ ਉਸ (ਮੀਰ ਮੰਨੂੰ) ਨੂੰ ਬੜੀ ਖੁਸ਼ੀ ਹੋਈ ਹੈ।

***ਕਾਗਜ ਕਲਮ ਸੁ ਨਿਜ ਹਥ ਲੀਨ॥*** ਮੀਰ ਮੰਨੂ ਕੌੜਾ ਮੱਲ 'ਤੇ ਬੜਾ ਹੀ ਪ੍ਰਸੰਨ ਹੋਇਆ ਹੈ ਤੇ ਆਪਣੇ ਹੱਥ ਕਾਗਜ਼ ਤੇ ਕਲਮ ਫੜੀ ਹੈ।

***ਕੌੜਾ ਮੱਲ ਬਹਾਦਰ ਖਿਤਾਬ ਲਿਖ ਦੀਨ॥੧੫॥*** ਕੌੜਾ ਮੱਲ ਨੂੰ 'ਬਹਾਦਰ' ਦਾ ਖਿਤਾਬ ਲਿਖ ਦਿੱਤਾ ਹੈ, ਬਹਾਦਰ ਕੌੜਾ ਮੱਲ। ੧੫।

***ਜੋ ਕੌੜਾ ਮਲ ਕਰੀ ਖਾਲਸੈ ਭਲੀ॥*** ਜੋ ਕੌੜਾ ਮੱਲ ਨੇ ਖਾਲਸੇ ਦੀ ਭਲੀ ਸੇਵਾ ਕੀਤੀ ਸੀ।

***ਤੁਰਤ ਫੁਰਤ ਸੋ ਤਿਸ ਕੋ ਫਲੀ॥*** ਉਹ ਤੁਰਤ-ਫੁਰਤ ਹੀ ਉਸ ਨੂੰ ਫਲ ਗਈ। ਖਾਲਸੇ ਦੀ ਸੇਵਾ ਕਰਨ ਦਾ ਕੌੜਾ ਮੱਲ ਨੂੰ ਤੁਰਤ-ਫੁਰਤ ਹੀ ਫਲ ਮਿਲਿਆ ਹੈ। ਬਹਾਦਰੀ ਦਾ ਖਿਤਾਬ ਤੇ ਹੋਰ ਮੂੰਹੋਂ ਮੰਗੀਆਂ ਜਗੀਰਾਂ ਮਿਲੀਆਂ ਸਨ।

***ਆਗੇ ਸੁਨੋਂ ਔਰ ਭੀ ਸਾਖੀ॥*** ਅੱਗੇ ਹੋਰ ਵੀ ਸਾਖੀ ਸੁਣੋ ਖਾਲਸਾ ਜੀ।

***ਹਮ ਬਡਿਅਨ ਜੋ ਹਮ ਥੀ ਭਾਖੀ॥੧੬॥*** ਜੋ ਸਾਡੇ ਵੱਡਿਆਂ ਨੇ ਮੈਨੂੰ ਆਖੀ ਸੀ, ਮੇਰੇ ਪਿਉ ਦਾਦੇ ਨੇ ਹੋਰ ਪੁਰਾਤਨ ਸਿੰਘਾਂ ਨੇ ਜੋ ਮੈਨੂੰ ਦੱਸਿਆ ਸੀ ਜਿਹੜੇ ਉਸ ਮੌਕੇ ਨਾਲ ਸੀ, ਜਿਨ੍ਹਾਂ ਨੇ ਆਪਣੇ ਹੱਥੀ ਕਾਰਜ਼ ਕੀਤੇ ਸੀ, ਉਹਨਾਂ ਨੇ ਦੱਸਿਆ ਸੀ ਮੈਨੂੰ। ੧੬।

***ਦੋਹਰਾ॥ ਅਠਾਰਾਂ ਸੈ ਛੇਓ ਤ੍ਰੈ ਭਯੋ ਸ਼ਾਹਿ ਨਿਵਾਜ ਬਹੀਰ॥*** ਸੰਮਤ ਅਠਾਰ੍ਹਾਂ ਸੌ ਤੋਂ ਛੇ ਉਤੇ (੧੮੦੬) ਸੀ ਉਦੋਂ, ਜਦੋਂ ਸ਼ਾਹ ਨਿਵਾਜ਼ ਬਹੀਰ ਪਾ ਗਿਆ, ਚਲਾਣਾ ਕਰ ਗਿਆ।

***ਰਤਨ ਸਿੰਘ ਨੈਂ ਜਿਮ ਸੁਨਯੋ ਲਿਖਯੋ ਉਸੈ ਤਤਬੀਰ॥੧੭॥*** (ਮੈਂ) ਰਤਨ ਸਿੰਘ ਨੇ ਜਿਵੇਂ ਸੁਣਿਆ ਹੈ, ਉਸੇ ਤਰੀਕੇ ਨਾਲ ਲਿਖ ਦਿੱਤਾ ਹੈ। ੧੭।

## ੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥

## ਸ੍ਰੀ ਗੁਰ ਪੰਥ ਪ੍ਰਕਾਸ਼ ਗ੍ਰੰਥੇ॥

## ਸਾਖੀ ਸ੍ਰੀ ਅੰਮ੍ਰਿਤਸਰ ਜੀ ਕੀ (ਸ੍ਰੀ ਅੰਮ੍ਰਿਤਸਰ ਡੇਰੇ)

**ਚੌਪਈ॥ ਮੁਲਕ ਲੂਟ ਅੰਮ੍ਰਿਤਸਰ ਆਵੈਂ॥** ਖਾਲਸੇ ਪੰਥ ਦੀ ਰਵਾਇਤ ਹੈ ਕਿ ਲੁਟ-ਮਾਰ 'ਤੇ ਹੀ ਗੁਜ਼ਾਰਾ ਸੀ, ਜਿਹੜੇ ਮੁਲਖ ਆਕੀ ਸਨ ਸਿੰਘਾਂ ਤੋਂ, ਸਿੰਘ ਲੁਟ-ਮਾਰ ਕਰਕੇ ਲਿਆਉਂਦੇ, ਮਾਰ ਕੇ ਧਾੜੇ ਰਾਸ਼ਨ ਬਰੂਦ ਸਿੱਕਾ ਅੰਮ੍ਰਿਤਸਰ ਆਉਂਦੇ ਸਨ।

**ਦਿਵਾਲੀ ਬਿਸਾਖੀ ਮੇਲਾ ਲਾਵੈਂ॥** ਖਾਲਸਾ ਪੰਥ ਦਿਵਾਲੀ ਅਤੇ ਵਿਸਾਖੀ ਦੇ ਜੋੜ ਮੇਲੇ ਧੂਮ-ਧਾਮ ਨਾਲ ਮਨਾਉਂਦੇ ਸਨ।

**ਬੈਠ ਹਰਿਮੰਦਰ ਸੁਨੈਂ ਸੁ ਗਯਾਨ॥** ਸ੍ਰੀ ਹਰਿਮੰਦਰ ਸਾਹਿਬ ਵਿਚ ਬੈਠ ਕੇ ਸਿੰਘ ਗੁਰਬਾਣੀ ਦਾ ਗਿਆਨ ਸ੍ਰਵਣ ਕਰਦੇ ਸਨ।

**ਗੁਰ ਬਚਨਨ ਪਰ ਲਾਵੈਂ ਧਯਾਨ॥੧॥** ਗੁਰੂ ਦੇ ਬਚਨਾਂ ਉਪਰ ਧਿਆਨ ਕੇਂਦਰਤ ਕਰਦੇ ਸਨ।"ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ। ਖੁਆਰ ਹੋਇਅ ਸਭ ਮਿਲੈਂਗੇ ਬਚੈ ਸ਼ਰਨ ਜੋ ਹੋਇ" ਖਾਲਸਾ ਉਨ੍ਹਾਂ ਦੇ ਕੀਤੇ ਬਚਨਾਂ 'ਤੇ ਧਿਆਨ ਦਿੰਦਾ ਹੈ। ਖਾਲਸੇ ਪੰਥ ਨੂੰ ਆਖਰ ਪਾਤਸ਼ਾਹੀ ਮਿਲਣੀ ਹੈ। ੧।

**ਅਕਾਲ ਬੁੰਗੈ ਚੜ੍ਹ ਤਖਤੈ ਬਹਿ ਹੈਂ॥** ਸ੍ਰੀ ਅਕਾਲ ਤਖ਼ਤ 'ਤੇ ਚੜ੍ਹ ਕੇ ਬੈਠਦੇ ਹਨ, ਪੰਥ ਦੇ ਮੁਖੀ ਜਥੇਦਾਰ।

**ਲਾਇ ਦੀਵਾਨ ਗੁਰਮਤੇ ਮਤ ਹੈਂ॥** ਦਿਵਾਨ ਲਾ ਕੇ ਅਕਾਲ ਤਖ਼ਤ 'ਤੇ ਖਾਲਸਾ ਗੁਰਮਤੇ ਸੋਧਦਾ ਹੈ।

**ਸੂਬਤ ਖਾਲਸੈ ਸੋਇ ਅਦਾਲਤ॥** ਸ੍ਰੀ ਅਕਾਲ ਤਖ਼ਤ 'ਤੇ ਸਰਬੱਤ ਖਾਲਸੇ ਦੀ ਅਦਾਲਤ ਲੱਗਦੀ ਹੈ, ਸਰੱਬਤ ਖਾਲਸੇ ਦਾ ਇਕੱਠ ਹੁੰਦਾ ਹੈ। ਸਰਬੱਤ ਖਾਲਸਾ ਉਥੇ ਨਿਆ ਕਰਦਾ ਹੈ। ਜਿਸ ਦੇ ਨਾਲ ਬੇਇਨਸਾਫੀ ਹੁੰਦੀ ਹੈ, ਉਸ ਨੂੰ ਇਨਸਾਫ ਦੁਆਉਂਦੇ ਸਨ।

**ਅਸਿਖਨ ਗਾਰ ਸਿੰਘਨ ਪ੍ਰਤਿਪਾਲਤ॥੨॥** (ਅਸਿੱਖ) ਦੁਸ਼ਟਾਂ ਨੂੰ ਗਾਲਦਾ ਹੈ, ਖਾਲਸਾ ਤੇ ਸਿੰਘਾਂ ਦੀ ਪਾਲਣਾ ਕਰਦਾ ਹੈ। ੨।

**ਦੋਹਰਾ॥ ਜਿਤੈ ਪਾਪ ਔ ਖਾਪ ਕਰ ਲੂਟ ਕੂਟ ਨਿਤ ਲਿਆਹਿਂ॥** ਸਿੰਘ ਦੁਸ਼ਮਣ ਨੂੰ ਨਿਤਾ-ਪ੍ਰਤੀ ਲੁਟ-ਮਾਰ ਕੇ ਲਿਆਉਂਦੇ, (ਖਾਪ) ਖਪਾ ਕੇ, ਮਾਰ ਕੇ ਆਉਂਦੇ ਸਨ, ਉਸ ਦੇ ਨਾਲ ਪਾਪ ਸਿਰ ਚੜ੍ਹਦਾ ਹੈ। ਇਸ ਤਰ੍ਹਾਂ ਜਿੰਨੇ ਪਾਪ ਖਾਲਸੇ ਤੋਂ ਹੋ ਜਾਂਦੇ ਸਨ।

**ਇਕ ਇਕ ਚੁੱਭੈ ਤਾਲ ਗੁਰ ਸਭ ਕਲ ਦੂਰ ਕਰਾਹਿਂ॥੩॥** ਖਾਲਸਾ ਇਕ ਇਕ ਚੁੱਭਾ (ਤਾਲ) ਅੰਮ੍ਰਿਤ ਸਰੋਵਰ ਵਿਚ ਲਾ ਕੇ ਆਪਣੇ ਸਾਰੇ (ਕਲ) ਕਾਲਖ, ਪਾਪ ਦੂਰ ਕਰ ਲੈਂਦਾ ਹੈ, ਸਭ ਪਾਪ ਨਸ਼ਟ, ਦੂਰ ਹੋ ਜਾਂਦੇ ਹਨ ਖਾਲਸੇ ਦੇ। ੩।

**ਚੌਪਈ॥ ਸਿੰਘਨ ਕੇ ਭ ਆਪ ਠੜ ਜਾਏ॥** ਅੰਮ੍ਰਿਤ ਸਰੋਵਰ ਦੇ ਵਿਚ ਇਸ਼ਨਾਨ ਕਰਨ ਨਾਲ ਸਿੰਘਾਂ ਦੇ ਸਾਰੇ ਪਾਪ ਝੜ ਜਾਂਦੇ ਹਨ!

**ਹੁਤੇ ਜੁ ਆਪਸ ਮਾਂਹਿ ਕਮਾਏ॥** ਆਪਸ ਵਿਚ ਜੋ ਪਾਪ ਕਮਾਏ ਹੋਣ ਕਿਸੇ ਨਾਲ ਦ੍ਰਗਾ ਹੋ ਜਾਂਦਾ ਹੈ, ਕਿਸੇ ਨਾਲ ਜ਼ੋਰ ਜ਼ਬਰਦਸਤੀ ਹੋ ਜਾਂਦੀ ਹੈ, ਉਹ ਸਭ ਕਿਲਵਿਖ ਦੂਰ ਹੋ ਜਾਂਦੇ ਹਨ।

**ਕੋਊ ਕਮਾਏ ਕੋਊ ਲੂਟ ਖਾਇ॥** ਕੋਈ ਤਾਂ ਆਪਣੀ ਦਸਾਂ ਨੌਂਹਾਂ ਦੀ ਕਮਾਈ ਕਰਦਾ ਹੈ, ਕੋਈ ਲੁੱਟ ਕੇ ਖਾਂਦਾ ਹੈ ਉਨ੍ਹਾਂ ਨੂੰ, ਇਸ ਤਰ੍ਹਾਂ ਪਾਪ ਹੋ ਗਿਆ।

**ਤਾਲ ਚੁਭੈ ਤੇ ਸਭ ਨਠ ਜਾਇ॥੪॥** ਸਰੋਵਰ ਵਿਚ ਚੁੱਭਾ ਲਉਣ ਨਾਲ ਸਭ ਪਾਪ ਨੱਠ ਜਾਂਦੇ ਹਨ, ਇਉਂ ਨਿਰਮਲ ਹੋ ਜਾਂਦਾ ਹੈ ਖਾਲਸਾ। ੪।

**ਸੋਰਠਾ॥ ਸੁਨਹੁ ਸੁ ਤਾਲ ਪ੍ਰਤਾਪ ਨ੍ਹਾਇ ਜਾਇ ਜਿਹ ਪਗ ਧਰਹਿਂ॥** ਭਾਈ ਰਤਨ ਸਿੰਘ ਹੇ ਗੁਰ ਸਿੱਖੋ! ਅੰਮ੍ਰਿਤ ਸਰੋਵਰ ਦਾ ਪ੍ਰਤਾਪ ਸੁਨਹੁ, ਜਦੋਂ ਖਾਲਸਾ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਕੇ ਜਿਥੇ ਜਾ ਕੇ ਆਪਣੇ ਚਰਨ ਪਾ ਦਿੰਦਾ ਹੈ।

**ਲੂਟ ਕੂਟ ਜਿਸ ਕਰੈਂ ਖਾਪ ਰਿਜਕ ਉਸੈ ਭਏ ਚੌਗੁਨੋਂ॥੫॥** ਜਿਸ ਨੂੰ ਜਾ ਕੇ ਲੁੱਟਦੇ-ਕੁੱਟਦੇ ਹਨ, ਖੋਹ-ਖਿੰਝ ਕੇ ਲਿਆਉਂਦੇ ਹਨ ਸਿੰਘ, ਸਰੋਵਰ ਦੇ ਪ੍ਰਤਾਪ ਕਰਕੇ ਮਹਾਰਾਜ ਉਸ ਦੇ ਘਰੇ ਹੋਰ ਚੌਗੁਣਾਂ ਰਿਜ਼ਕ ਭੇਜ ਦਿੰਦੇ ਹਨ। ਸਿੰਘ ਲਿਆਉਂਦੇ ਇਕ ਹਿੱਸਾ ਹਨ, ਤਿੰਨ ਹਿੱਸੇ ਵੱਧ ਦੇ ਆਉਂਦੇ ਹਨ। ਇਸ ਤਰ੍ਹਾਂ ਉਸ ਦੇ ਚਾਰ ਗੁਣਾਂ ਜ਼ਿਆਦਾ ਅੰਨ ਅਨਾਜ਼ ਪੈਦਾ ਹੁੰਦਾ ਹੈ। ੫।

**ਦੋਹਰਾ॥ ਲੂਟੋ ਖੋਹੇ ਹੋਇ ਜੋਊ ਤਿਨ ਕੋ ਮਿਲੈ ਨਸਾਫ॥** ਜੇ ਕੋਈ ਆਪਸ ਵਿਚ ਲੁੱਟ ਖੋਹ ਕਰਦਾ ਹੈ, ਉਹ ਫਰਯਾਦ ਕਰਦਾ ਹੈ ਖਾਲਸੇ ਪੰਥ ਅੱਗੇ, ਉਸ ਨੂੰ ਇਨਸ਼ਾਫ ਦਿੰਦਾ ਹੈ ਖਾਲਸਾ, ਉਹਨਾਂ ਦਾ ਰਾਜ਼ੀਨਾਮਾ ਕਰਵਾਉਂਦਾ ਹੈ ਖਾਲਸਾ।

**ਝੂਠਨ ਕੋ ਤਨਖਾਹ ਕਰੈਂ, ਔ ਸੱਚਨ ਕਰਾਵੈਂ ਮਾਫ॥੬॥** ਜਿਹੜੇ ਝੂਠੇ ਹੁੰਦੇ ਹਨ, ਉਨ੍ਹਾਂ ਨੂੰ (ਤਨਖ਼ਾਹ) ਡੰਨ ਲਾਉਂਦਾ ਹੈ ਖਾਲਸਾ, ਜਿਹੜੇ ਸੱਚੇ ਹੁੰਦੇ ਹਨ, ਉਨਾਂ ਨੂੰ ਮੁਆਫ ਕਰ ਦਿੱਤਾ ਜਾਂਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਖਾਲਸੇ ਦੀ ਅਦਾਲਤ ਵਿਚ ਇਸ ਤਰ੍ਹਾਂ ਇਨਸ਼ਾਫ ਹੁੰਦਾ ਹਰ ਰੋਜ਼। ੬।

*ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥*

## ਸਾਖੀ ਅਹਿਮਦ ਸ਼ਾਹ ਔਰ ਸੁੱਖਾ ਸਿੰਘ ਕੀ

### (ਖਾਲਸੇ ਵਿਚ ਫੁੱਟ, ਸੁੱਖਾ ਸਿੰਘ ਸ਼ਹੀਦ)

**ਦੋਹਰਾ॥ ਅਠਾਰਾਂ ਸੈ ਦਸ ਊਪਰੇ ਫਿਰ ਆਯੋ ਅਹਿਮਦ ਸ਼ਾਹਿ॥** ਅਠਾਰਾਂ ਸੌ ਤੋਂ ਦਸ (੧੮੧੦) ਉਪਰ ਸੰਮਤ ਬਿਕ੍ਰਮੀ ਵਿਚ ਫਿਰ ਤੀਜੀ ਵਾਰ ਆਇ ਅਹਿਮਦ ਆਇਆ ਹੈ, ਹਿੰਦੋਸਤਾਨ 'ਤੇ ਚੜ੍ਹ ਕੇ।

**ਸੱਦਯੋ ਰੁਹੇਲੇ ਨਜੀਬ ਖਾਂ, ਮੁਏ ਮੁਹੰਮਦ ਸ਼ਾਹਿ॥੧॥** ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦੇ ਮਰੇ ਤੋਂ ਬਾਅਦ ਨਜੀਬ ਖ਼ਾਂ ਰੁਹੇਲੇ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਸੱਦਿਆ ਹੈ। ੧।

**ਚੌਪਈ॥ ਚਾਰ ਪਾਵ ਕੇ ਚਾਰ ਬਜੀਰ॥** ਦਿੱਲੀ ਦੀ ਬਾਦਸ਼ਾਹੀ ਦੇ ਚਾਰ ਪੈਰ ਸਨ, ਅਤੇ ਚਾਰ ਵੱਡੇ ਵਜ਼ੀਰ ਸਨ ਦਿੱਲੀ ਦੇ।

**ਦਬਯੋ ਆਪ ਤਿਨ ਮੁਲਖ ਗੰਭੀਰ॥** ਉਨ੍ਹਾਂ ਵਜ਼ੀਰਾਂ ਨੇ ਆਪ ਹੀ ਵੱਖ-ਵੱਖ ਥਾਵਾ 'ਤੇ ਮੁਲਖ ਨੂੰ ਦਬਾ ਲਿਆ ਹੈ।

**ਆਪਸ ਮਾਂਹਿ ਸ਼ਰੀਕਤ ਕਰੈਂ॥** ਆਪਸ ਵਿਚ ਸ਼ਰੀਕਾ ਕਰਦੇ ਹਨ, ਵੈਰ ਵਿਰੋਧ ਰੱਖਦੇ ਹਨ ਆਪਸ ਵਿਚ।

**ਆਪਸ ਮਾਂਹਿ ਸੁ ਮਾਰੈ ਮਰੈਂ॥੨॥** ਆਪਸ ਵਿਚ ਇਕ ਦੂਜੇ ਨੂੰ ਮਾਰਦੇ ਮਰਦੇ ਹਨ। ੨।

**ਲਖਨਊ ਮਲਯੋ ਮਨਸੂਰਹਿ ਅਲੀ॥** ਲਖਨਊ ਸ਼ਹਿਰ ਮਨਸੂਰ ਅਲੀ ਨੇ ਮੱਲ ਲਿਆ ਹੈ, ਲਖਨਊ ਨੂੰ ਉਸ ਨੇ ਆਪਣੀ ਰਾਜਧਾਨੀ ਬਣਾ ਲਿਆ।

**ਮਨਸੂਰੀ ਟਕੇ ਮੋਹਰ ਜਿਹ ਚਲੀ॥** ਜਿਸ ਮਨਸੂਰ ਅਲੀ ਤੋਂ ਮਨਸੂਰੀ ਟਕੇ ਤੇ ਮੋਹਰਾਂ ਚੱਲੀਆਂ।

***ਹੁਤੋ ਬਜ਼ੀਰ ਨਿਜ਼ਾਮਹਿ ਅਲੀ॥*** ਦੂਜਾ ਵਜ਼ੀਰ ਨਿਜ਼ਾਮ ਅਲੀ ਸੀ।

***ਦੱਖਨ ਰੋਕ ਰਖੀ ਉਨ ਭਲੀ॥੩॥*** ਉਸ ਨੇ ਹਿੰਦੋਸਤਾਨ ਦੀ ਦੱਖਣੀ ਬਾਹੀ ਰੋਕ ਲਈ ਹੈ ਚੰਗੀ ਤਰ੍ਹਾਂ, ਦੱਖਣ ਦਾ ਇਲਾਕਾ ਹੈਦਰਾਬਾਦ ਆਦਿ ਰੋਕ ਲਿਆ ਹੈ। ੩।

***ਦੋਹਰਾ॥ ਦਿੱਲੀ ਕੇ ਪਤਿਸ਼ਾਹਿ ਕੋ ਇਨ ਲੂਣ ਹਰਾਮ॥*** ਇਨ੍ਹਾਂ ਚਾਰਾਂ ਹੀ ਵਜ਼ੀਰਾਂ ਨੇ ਦਿੱਲੀ ਦੇ ਬਾਦਸ਼ਾਹ ਦਾ ਲੂਣ-ਹਰਾਮ ਕੀਤਾ ਹੈ। ਬਾਦਸ਼ਾਹ ਤਾਂ ਕੋਈ ਬਣਾਇਆ ਨਾ, ਸਗੋਂ ਦੇਸ਼ ਨੂੰ ਅੱਡੋ-ਅੱਡੀ ਵੰਡ ਕੇ ਬੈਠ ਗਏ ਸਨ।

***ਰੁਹੇਲਾ ਗਿਲਜੈ ਜਾ ਮਿਲਯੋ ਨਜੀਬ ਖਾਨ ਉਸ ਨਾਮ॥੪॥*** ਪਠਾਣ, ਰੁਹੇਲੇ, ਗਿਲਜੇ, ਉਹਨਾਂ ਦੀਆਂ ਕੌਮਾਂ ਹਨ। ਨਜੀਬ ਖ਼ਾਨ ਰੁਹੇਲਾ ਉਸ ਦਾ ਨਾਮ ਸੀ, ਉਹ ਗਿਲਜੇ ਅਹਿਮਦ ਸ਼ਾਹ ਅਬਦਾਲੀ ਨੂੰ ਜਾ ਮਿਲਿਆ ਹੈ। ਦਿੱਲੀ ਦਾ ਤੀਜ਼ਾ ਵਜ਼ੀਰ ਨਜੀਬ ਖ਼ਾਂ ਸੀ। ੪।

***ਚੌਪਈ॥ ਮੁਗਲ ਗਾਜਦੀਂ ਮ੍ਰਹਟਨ ਲਯਾਵੈ॥*** ਦਿੱਲੀ ਦੇ ਬਾਦਸ਼ਾਹ ਦਾ ਚੌਥਾ ਵਜ਼ੀਰ ਮੁਗਲ ਗਾਜਦੀਨ ਸੀ, ਉਹ ਮਰਹੱਟਿਆਂ ਨੂੰ ਲੈ ਕੇ ਆਉਂਦਾ ਹੈ।

***ਰੁਹੇਲੇ ਊਪਰ ਉਨੈਂ ਚੜ੍ਹਾਵੈ॥*** ਉਹ ਨਜੀਬ ਖ਼ਾਨ ਰੁਹੇਲੇ ਉੱਤੇ ਉਨ੍ਹਾਂ ਨੂੰ ਚੜ੍ਹਾ ਕੇ ਲਿਆਉਂਦਾ ਹੈ।

***ਨਜੀਬ ਖ਼ਾਨ ਨੇ ਨਜੀਬ ਗੜ੍ਹ ਰਚਾ॥*** ਨਜੀਬ ਖ਼ਾਂ ਰੁਹੇਲੇ ਨੇ ਨਜੀਬ ਗੜ੍ਹ ਨਾਮ ਦਾ ਇਕ ਕਿਲ੍ਹਾ ਬਣਾਇਆ ਹੈ ਬੜਾ ਜ਼ਬਰਦਸਤ।

***ਮੁਗਲ ਪਠਾਨ ਬੈਰ ਤਬ ਮਚਾ॥੫॥*** ਇਸ ਤੋਂ ਮੁਗਲਾਂ ਅਤੇ ਪਠਾਣਾਂ ਦੀ ਆਪਸ ਵਿਚ ਦੁਸ਼ਮਣੀ ਵਧ ਗਈ ਹੈ। ੫।

***ਦੋਹਰਾ॥ ਮੁਹੰਮਦ ਸ਼ਾਹ ਜਬ ਮਰ ਗਯੋ, ਦਿੱਲੀ ਪਰ ਗਯੋ ਰੌਲ॥*** ਮੁਹੰਮਦ ਸ਼ਾਹ ਰੰਗੀਲਾ ਜਦੋਂ ਮਰ ਗਿਆ ਤਾਂ ਦਿੱਲੀ ਵਿਚ ਰੌਲਾ ਪੈ ਗਿਆ ਹੈ। ਆਪੋ ਆਪਣੇ ਇਲਾਕਿਆਂ 'ਤੇ ਕਾਬਜ਼ ਹੋ ਗਏ ਸਾਰੇ।

***ਰਹਯੋ ਨਜੀਬਹਿ ਖਾਨ ਔ ਮੁਗਲ ਗਾਜਦੀਂ ਬੋਲ॥੬॥*** ਨਜੀਬ ਖ਼ਾਨ ਅਤੇ ਗਾਜੀਦੀਨ ਦੀ ਬੋਲਚਾਲ ਭਾਵ ਰੌਲਾ ਗੌਲਾ ਰਹਿੰਦਾ ਹੈ। ੬।

***ਚੌਪਈ॥ ਰੁਹੇਲੇ ਨੇ ਪਠਾਣ ਮੰਗਾਯਾ॥*** ਨਜੀਬ ਖ਼ਾਂ ਰੁਹੇਲੇ ਨੇ ਪਠਾਣ ਅਹਿਮਦ ਸ਼ਾਹ ਨੂੰ ਮੰਗਾਇਆ ਹੈ, (ਦਿੱਲੀ ਸੱਦਿਆ ਹੈ)

***ਮੁਗਲਨ ਕੋ ਵਹਿ ਚਾਹਤ ਮਰਾਯਾ॥*** ਉਹ ਮੁਗਲਾਂ ਨੂੰ ਮਰਵਾਉਣਾ ਚਾਹੁੰਦਾ ਸੀ।

***ਇਤ ਬਿਧਿ ਸਤਿਗੁਰ ਬਾਤ ਬਣਾਵੈਂ॥*** ਇਸ ਤਰ੍ਹਾਂ ਸਤਿਗੁਰੂ ਜੀ ਆਪ ਹੀ (ਬਾਤ) ਗੱਲ ਬਣਾ ਰਹੇ ਹਨ ਸਾਰੀ, ਉਨ੍ਹਾਂ ਦੇ ਹੁਕਮ ਨਾਲ ਹੀ ਅਬਦਾਲੀ ਆ ਰਿਹਾ ਹੈ, ਮੁਗਲਾਂ ਨੂੰ ਗਾਲਣ ਵਾਸਤੇ।

***ਤੁਰਕਨ ਤੇ ਇਮ ਤੁਰਕ ਮਰਾਵੈਂ॥੭॥*** ਇਸ ਤਰ੍ਹਾਂ ਤੁਰਕਾਂ ਤੋਂ ਤੁਰਕ ਮਰਵਾਉਣਗੇ ਸਤਿਗੁਰੂ ਜੀ। ੭।

***ਸਿੰਘਨ ਕੋ ਬਿਚ ਲਗ ਗਯੋ ਦਾਇ॥*** ਤੁਰਕਾਂ ਤੁਰਕਾਂ ਦੀ ਆਪਸੀ ਲੜਾਈ ਵਿਚ ਸਿੰਘਾਂ ਦਾ ਦਾਉ ਲੱਗ ਗਿਆ ਹੈ।

***ਮਾਰੈਂ ਤੁਰਕਨ ਕੋ ਸਿੰਘ ਧਾਇ॥*** ਧਾਵਾ ਬੋਲ ਕੇ ਸਿੰਘ ਜਾ ਮਾਰਦੇ ਹਨ ਤੁਰਕਾਂ ਨੂੰ, ਸਿੰਘ ਛਪੋਲ ਮਾਰ ਕੇ ਮਾਰਦੇ ਹਨ ਤੁਰਕਾਂ ਨੂੰ।

***ਉਇ ਦੋਊ ਭੀ ਖਾਲਸੇ ਮਾਰੇਂ॥*** ਮੁਗਲ ਵੀ ਸਿੰਘਾਂ ਦੇ ਵੈਰੀ, ਪਠਾਣ ਵੀ ਸਿੰਘਾਂ ਦੇ ਵੈਰੀ, ਉਹ ਦੋਵੇਂ ਹੀ ਮੁਗਲ ਤੇ ਪਠਾਣ ਵੀ ਸਿੰਘਾਂ ਨੂੰ ਮਾਰਦੇ ਸਨ।

***ਖਾਲਸੋ ਉਨ ਦੂਊਅਨ ਕੋ ਗਾਰੇਂ॥੮॥*** ਖਾਲਸਾ ਉਨ੍ਹਾਂ ਦੋਹਾਂ (ਮੁਗਲਾਂ ਅਤੇ ਪਠਾਣਾਂ) ਨੂੰ ਮਾਰਦਾ ਹੈ। ੮।

***ਦੋਹਰਾ॥ ਗਾਜਦੀਂ ਸੱਦੇ ਮਰਹਟੇ, ਘੇਰਯੋ ਰੁਹੇਲੋ ਆਇ॥*** ਗਾਜਦੀਨ ਮੁਗਲ ਨੇ ਮਰਹੱਟਿਆਂ ਨੂੰ ਸੱਦ ਕੇ ਨਜੀਬ ਖ਼ਾਂ ਰੁਹੇਲੇ ਨੂੰ ਆ ਘੇਰਿਆ ਹੈ।

***ਤਿਸ ਤੇ ਅਹਿਮਦ ਸ਼ਾਹਿ ਕਹਿ ਪਠਾਣ ਸੁ ਲਯੋ ਬੁਲਾਇ॥੯॥*** ਇਸ ਤਰ੍ਹਾਂ ਨਜੀਬ ਖ਼ਾਂ ਰੁਹੇਲੇ ਨੇ ਅਹਿਮਦ ਸ਼ਾਹ ਨੂੰ

ਬੁਲਾ ਲਿਆ ਹੈ। ੯।

**ਚੌਪਈ॥ ਤਬ ਉਨ ਅਹਿਮਦ ਸ਼ਾਹ ਬੁਲਾਯਾ॥** ਤਦ ਉਸ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਬੁਲਾ ਲਿਆ ਹੈ।

**ਆਨ ਉਸੇ ਨੇ ਸੋਊ ਛੁਡਾਯਾ॥** ਉਸ ਨੇ ਆ ਕੇ ਉਸ (ਨਜੀਬ ਖ਼ਾਂ) ਨੂੰ ਆ ਕੇ ਛੁਡਾਇਆ ਹੈ, ਮਰਹੱਟਿਆ ਨੂੰ।

**ਲਹੌਰ ਸ੍ਰਿਹੰਦ ਉਸੈ ਨੇ ਮੱਲੀ॥** ਲਹੌਰ ਤੇ ਸਰਹੰਦ ਵੀ ਉਸ (ਅਹਿਮਦ ਸ਼ਾਹ) ਨੇ ਮੱਲ ਲਈ ਸੀ।

**ਛੁਡਾਇ ਲਈ ਮ੍ਰਹਟੇ ਤੇ ਦਿੱਲੀ॥੧੦॥** ਮਰਹੱਟਿਆਂ ਤੋਂ ਦਿੱਲੀ ਛੁਡਾ ਕੇ ਨਜੀਬ ਖਾਂ ਰੁਹੇਲੇ ਨੂੰ ਲੈ ਦਿੱਤੀ ਸੀ। ੧੦।

**ਗਾਜਦੀਂ ਫੇਰ ਮ੍ਰਹਟੇ ਬੁਲਾਏ॥** ਮੁਗਲ ਗਾਜ਼ਦੀਨ ਨੇ ਫਿਰ ਮਰਹੱਟੇ ਬੁਲਾ ਲਏ ਹਨ।

**ਸੋ ਰੁਹੇਲੇ ਦੇ ਗਿਰਦ ਕਰਵਾਏ॥** ਫਿਰ ਨਜੀਬ ਖ਼ਾਂ ਰੁਹੇਲੇ ਦੇ ਦੁਆਲੇ ਕਰਵਾ ਦਿੱਤੇ ਹਨ ਮਰਹੱਟੇ।

**ਰੁਹੇਲੇ ਨੇ ਫਿਰ ਸਦੇ ਪਠਾਣ॥** ਰੁਹੇਲੇ ਨਜੀਬ ਖ਼ਾਂ ਨੇ ਫਿਰ ਗਿਲਜਿਆਂ ਨੂੰ ਸੱਦ ਲਿਆ ਹੈ, ਉਨ੍ਹਾਂ ਦੇ ਮੁਕਾਬਲੇ 'ਤੇ। ੧੧।

**ਸੋ ਕਰ ਆਯੋ ਕਾਬਲੋਂ ਤਾਣ॥੧੧॥** ਉਹ ਕਾਬਲ ਤੋਂ ਬੜੇ ਹੀ (ਤਾਣ) ਤਾਕਤ ਇਕੱਠੀ ਕਰ ਕੇ ਆਇਆ ਹੈ।

**ਮੀਰ ਮੰਨੂੰ ਕੋ ਸੁਸਤੀ ਭਈ॥** ਅਹਿਮਦ ਸ਼ਾਹ ਦਾ ਨਾਮ ਸੁਣ ਕੇ ਮੀਰ ਮੰਨੂੰ ਸੁਸਤ ਜਿਹਾ ਹੋ ਗਿਆ ਹੈ।

**ਦਿੱਲੀ ਤੇ ਕੁਛ ਮਦਤ ਨ ਅਈ॥** ਦਿੱਲੀ ਵਾਲਿਆਂ ਨੂੰ ਤਾਂ ਆਪ ਦਾ ਫ਼ਿਕਰ ਪਿਆ ਹੋਇਆ ਸੀ, ਇਸ ਕਰਕੇ ਮੀਰ ਮੰਨੂੰ ਦੀ ਦਿੱਲੀ ਤੋਂ ਮਦਦ ਵਾਸਤੇ ਫ਼ੌਜ ਆਦਿਕ ਨਾ ਆਈ।

**ਆਨ ਕਾਬਲੀ ਸ਼ਾਹਦਰੇ ਪਰਿਓ॥** ਅਹਿਮਦ ਸ਼ਾਹ ਅਬਦਾਲੀ ਸ਼ਾਹਦਰੇ ਸ਼ਹਿਰ ਨੂੰ ਆ ਪਿਆ ਹੈ ਜੋ ਕਿ ਲਹੌਰ ਦੇ ਕੋਲ ਹੀ ਸੀ।

**ਬਿਚ ਲਹੌਰ ਕੌੜਾ ਮਲ ਅੜਿਓ॥੧੨॥** ਦਿਵਾਨ ਕੌੜਾ ਮਲ ਲਹੌਰ ਦੇ ਵਿਚ ਅੜ ਗਿਆ ਹੈ, ਅਹਿਮਦ ਸ਼ਾਹ ਦੇ ਵਿਰੋਧ ਵਿਚ। ੧੨।

**ਤਿਨ ਸਿੰਘਨ ਕੋ ਲਿਖਯੋ ਬਨਾਈ॥** ਉਸ ਨੇ ਸਿੰਘਾਂ ਨੂੰ ਚਿੱਠੀ ਲਿਖੀ ਹੈ ਚੰਗੀ ਤਰ੍ਹਾਂ।

**ਹਮ ਤੁਮ ਹਿੰਦੂ ਇਕ ਗੁਰ ਭਾਈ॥** ਅਸੀਂ ਹਿੰਦੂ ਤੇ ਤੁਸੀਂ ਸਿੱਖ, ਅਸੀਂ ਤੁਸੀਂ ਦੋਵੇਂ ਇਕੋ ਗੁਰੂ ਦੇ ਸਿੱਖ ਹੋਣ ਕਰਕੇ ਗੁਰਭਾਈ ਹਾਂ, ਸਾਡੀ ਮਦਦ ਕਰੋ ਤੁਸੀਂ।

**ਦੀਨ ਮਜ਼੍ਹਬ ਕੀ ਬਾਤ ਸੁਨਾਈ॥** ਆਪੋ ਆਪਣੇ ਧਰਮ ਦੀ ਗੱਲ ਸੁਣਾਈ ਹੈ ਸਿੰਘਾਂ ਨੂੰ।

**ਗਿਲਜਨ ਕੌਂ ਤੁਮ ਦੇਹੁ ਹਟਾਈ॥੧੩॥** ਗਿਲਜਿਆਂ ਨੂੰ ਤੁਸੀਂ ਭਜਾ ਦਿਓ ਏਥੋਂ, ਵਾਪਸ ਮੋੜ ਦਿਉ ਉਨ੍ਹਾਂ ਨੂੰ। ੧੩।

**ਦਯੋ ਖਰਚ ਕੋ ਸਿੱਕਾ ਦਾਰੂ॥** ਕੌੜਾ ਮੱਲ ਨੇ ਸਿੰਘਾਂ ਨੂੰ ਗੋਲੀ ਬਰੂਦ ਆਦਿਕ ਲੜਾਈ ਦਾ ਸਮਾਨ ਦਿੱਤਾ ਹੈ।

**ਟਕੋ ਦੇਣ ਕੋ ਕੀਓ ਤਿਆਰੂ॥** ਖਾਲਸੇ ਨੂੰ ਪੈਸਾ ਦੇਣ ਦੀ ਵੀ ਤਿਆਰੀ ਕਰ ਲਈ ਹੈ ਕਿ ਰੁਪਿਆ ਵੀ ਲਵੋ ਜਿਨਾਂ ਮਰਜ਼ੀ ਹੈ।

**ਮੀਰ ਮੰਨੂੰ ਤੇ ਦਯੋ ਲਿਖਾਇ॥** ਲਹੌਰੀ ਸੂਬੇ ਮੀਰ ਮੰਨੂੰ ਤੋਂ ਅਹਿਦਨਾਮਾ ਲਿਖਾ ਕੇ ਦੇ ਦਿੱਤਾ ਹੈ।

**ਸੋ ਭੀ ਘਲਯੋ ਸਿੰਘਨ ਕੇ ਪਾਇ॥੧੪॥** ਮੀਰ ਮੰਨੂੰ ਤੋਂ ਜੋ ਇਨਾਮ ਸ਼ਸਤ੍ਰ, ਬਸਤ੍ਰ, ਰਸਤਾਂ ਆਦਿਕ ਉਹ ਵੀ ਲਿਖਾ ਕੇ ਭੇਜ ਦਿੱਤਾ ਹੈ, ਖਾਲਸੇ ਦਲ ਨੂੰ। ੧੪।

**ਦੋਹਰਾ॥ ਇਸ ਗਨੀਮ ਕੋ ਮੋੜਿ ਕੇ ਫਿਰ ਹਮ ਕਰਹੈ ਗੱਲ॥** ਚਿੱਠੀ ਵਿਚ ਇਹ ਵੀ ਲਿਖਿਆ ਹੈ ਕਿ ਇਸ ਦੁਸ਼ਮਣ ਨੂੰ ਮੋੜ ਕੇ ਫਿਰ ਅਸੀਂ ਆਪਸ ਵਿਚ ਮਿਤ੍ਰਤਾ ਪੂਰਨ ਗੱਲ ਕਰਾਂਗੇ।

**ਆਕੀ ਜੋ ਹਮ ਤੇ ਰਹੈ, ਲਯੋ ਮੁਲਕ ਤੁਮ ਮੱਲ॥੧੫॥** ਜਿਹੜਾ ਮੁਲਕ ਸਾਡੀ ਤਾਬਿਆ ਵਿਚ ਨਾ ਆਇਆ, ਆਕੀ ਰਿਹਾ ਸਾਥੋਂ, ਖਾਲਸਾ ਜੀ ! ਉਹ ਤੁਸੀਂ ਮੱਲ ਲਿਓ। ੧੫।

**ਚੌਪਈ॥ ਜਬ ਤੇ ਬੰਦੇ ਰੋਕਾ ਪਹਾਰ॥** ਜਦੋਂ ਤੋਂ ਬੰਦੇ ਬਹਾਦਰ ਨੇ ਪਹਾੜ ਰੋਕੇ ਸਨ, ਭਾਵ ਈਨ ਮਨਾ ਲਈ ਸੀ ਪਹਾੜੀਆਂ ਨੂੰ।

**ਪੈਸਾ ਨ ਆਯਾ ਤੁਰਕਨ ਬਾਰ॥** ਉਦੋਂ ਤੋਂ ਹੀ ਤੁਰਕਾਂ ਦੇ ਘਰ ਕੋਈ ਪੈਸਾ ਨਹੀਂ ਸੀ ਆਇਆ ਪਹਾੜੀਆਂ ਵੱਲੋਂ, ਪਹਾੜ

ਦਾ ਕੋਈ ਮਾਮਲਾ ਨਹੀਂ ਸੀ ਉਗਰਾਹਿਆ ਤੁਰਕਾਂ ਨੇ।

***ਉਨ ਗਏ ਖਾਲਸੇ ਸੈਂ ਕਰੀ ਖੁਆਰੀ॥*** ਜਦੋਂ ਪੜੋਲ ਕਠੂਹੇ ਦਾ ਵੱਡਾ ਘੱਲੂਘਾਰਾ ਹੋਇਆ ਸੀ, ਉਦੋਂ ਪਹਾੜੀ ਲੋਕਾਂ ਤੇ ਰਾਜਿਆਂ ਨੇ ਬੜੀ ਖੁਆਰੀ ਕੀਤੀ ਸੀ ਖਾਲਸੇ ਦੀ, ਸਿੰਘਾਂ ਨੂੰ ਨਾਹੀ ਮੰਗਿਆਂ ਅਤੇ ਨਾ ਹੀ ਪੈਸੇ ਨਾਲ ਅਨਾਜ਼ ਦਿੱਤਾ, ਸਗੋਂ ਮਾਰਦੇ ਰਹੇ, ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਲਹੌਰ ਭੇਜਦੇ ਰਹੇ। ਐਸਾ ਦੁਸ਼ਟਪੁਣਾਂ ਕੀਤਾ ਪਹਾੜੀ ਰਾਜਿਆਂ ਨੇ।

***ਮੁਲਕ ਮੱਲੋ ਤੁਮ ਸੱਤੇ ਧਾਰੀ॥੧੬॥*** ਤੁਰਕਾਂ ਨੇ ਖਾਲਸੇ ਨੂੰ ਆਖਿਆ ਤੁਸੀਂ ਪਹਾੜ ਦੀਆਂ ਸੱਤੇ ਧਾਰਾਂ ਮੱਲ ਲਵੋ। ਸਾਰੇ ਪਹਾੜ ਤੁਹਾਨੂੰ ਦੇ ਦਿੱਤੇ ਹਨ। ੧੬।

***ਪੜੋਲ ਕਠੂਹੇ ਬਸੋਹਲੀ ਵਾਰੀ॥*** ਜਿਹੜੇ ਪੜੋਲ ਕਠੂਹੇ ਤੇ ਬਸੋਲੀ ਵਾਲੇ ਹਨ।

***ਲੇਹੁ ਬਦਲੇ ਤੁਮ ਦੂਣ ਭੀ ਸਾਰੀ॥*** ਦੂਣ ਤੱਕ ਬਦਲੇ ਲਵੋ, ਜਿਨ੍ਹਾਂ ਨੇ ਉਦੋਂ ਖੁਆਰ ਕੀਤਾ ਸੀ ਖਾਲਸੇ ਨੂੰ।

***ਉਗਰਾਹੀਐ ਪੈਸਾ ਜਿਤੋ ਪੰਜਾਬ॥*** ਸਾਰੇ ਪੰਜਾਬ ਤੋਂ ਪੈਸਾ ਉਗਰਾਹੋ ਜਿਹੜਾ ਸਾਨੂੰ ਨਹੀਂ ਦਿੰਦੇ ਲੋਕ।

***ਹੈ ਪਹਾੜਨ ਮੈਂ ਇਤਨੋ ਤਾਬ॥੧੭॥*** ਜਿੰਨਾਂ ਪੈਸਾ ਪੰਜਾਬ ਦੇ ਵਿਚੋਂ ਉਨਾਂ ਹੀ ਪੈਸਾ ਪਹਾੜਾਂ ਵਿਚ ਹੈ, ਜਿੰਨੀ ਸਾਡੀ ਤਾਬਿਆ ਰਕਮ ਆਉਂਦੀ ਸੀ, ਉਹ ਸਾਰੀ ਤੁਹਾਨੂੰ ਦਿੱਤੀ। ੧੭।

***ਦੋਹਰਾ॥ ਸੌ ਸੁ ਸਿੰਘ ਇਕੱਤ੍ਰ ਭਏ, ਕਰਕੇ ਸੋ ਅਰਦਾਸ॥*** ਸੋ ਕੁ ਸਿੰਘ ਇਕੱਠੇ ਹੋ ਗਏ, ਅਰਦਾਸਾ ਸੋਧ ਕੇ।

***ਡੇਰਾ ਘਣੀਏ ਕੇ ਕੀਆ, ਚਲੇ ਕੌੜਾ ਮਲ ਪਾਸ॥੧੮॥*** ਅੰਮ੍ਰਿਤਸਰ ਤੋਂ ਅਗਲੇ ਪਾਸੇ ਲਹੌਰ ਦੇ ਕੋਲ ਘਣੀਏ ਕੇ ਪਿੰਡ ਹੈ, ਉਥੇ ਜਾ ਡੇਰਾ ਕੀਤਾ ਹੈ ਖਾਲਸੇ ਨੇ, ਸਿੰਘ ਕੌੜਾ ਮੱਲ ਕੋਲ ਚੱਲੇ ਹਨ, ਅਹਿਮਦ ਸ਼ਾਹ ਦੇ ਟਾਕਰੇ 'ਤੇ। ੧੮।

***ਚੌਪਈ॥ ਤਬ ਆਪਸ ਮੈਂ ਸਿੰਘ ਹੀ ਲਰੇ॥*** ਕੁਦਰਤੋਂ ਐਸਾ ਭਾਣਾ ਵਰਤਿਆ ਤਦ ਵੱਖੋ-ਵੱਖਰੀਆਂ ਜੱਥੇਬੰਦੀਆਂ ਦੇ ਸਿੰਘ ਆਪਸ ਵਿਚ ਹੀ ਲੜ ਪਏ ਸਨ।

***ਅਪਨੀ ਆਪ ਖੁਆਰੀ ਪਰੇ॥*** ਆਪ ਹੀ ਆਪਣੀ ਖੁਆਰੀ ਕਰਨ ਵਿਚ ਪੈ ਗਏ ਸਨ।

***ਹਰੀ ਸਿੰਘ ਭੰਗੀ ਦਗਾ ਕਮਾਯਾ॥*** ਹਰੀ ਸਿੰਘ ਭੰਗੀ ਨੇ ਦਗਾ ਕੀਤਾ ਹੈ ਰਾਮਗੜ੍ਹੀਆਂ ਨਾਲ।

***ਕੁਸ਼ਾਲ ਸਿੰਘ ਰਾਮਗੜ੍ਹੀਅ ਘਾਯਾ॥੧੯॥*** ਰਾਮਗੜ੍ਹੀਏ ਜੱਸਾ ਸਿੰਘ ਦੇ ਵੱਡੇ ਭਰਾ ਕੁਸ਼ਾਲ ਨੂੰ ਸ਼ਿਕਾਰ ਖੇਡਦੇ ਨੂੰ ਮਾਰ ਦਿੱਤਾ ਹੈ। ੧੯।

***ਸਭ ਸਿੰਘਨ ਨੇ ਮਾਨਯੋ ਬੁਰਾ॥*** ਸਾਰੇ ਸਿੰਘਾਂ ਨੇ ਇਸ ਦਾ ਬੁਰਾ ਮਨਾਇਆ ਹੈ, ਹੈ-ਹੈ, ਓਧਰ ਤਾਂ ਅਬਦਾਲੀ ਨਾਲ ਯੁੱਧ ਨੂੰ ਆਏ ਹਾਂ ਅਸੀਂ ਸਾਰੇ ਇਕੱਤ੍ਰ ਹੋ ਕੇ, ਇਹ ਆਪਸ ਵਿੱਚੀਂ ਬੁਰਿਆਈ ਕੀਤੀ ਹੈ ਇਕ ਦੂਜੇ ਦੀ। ਸਾਰੇ ਪੰਥ ਨੇ ਬੁਰਾ ਮਨਾਇਆ ਕਿ ਇਹ ਗੱਲ ਮਾੜੀ ਕੀਤੀ ਹੈ ਇਸ ਨੇ।

***ਡੇਰਾ ਭੰਗੀਅਨ ਲੂਟਨ ਕਰਾ॥*** ਖਾਲਸਾ ਗੁੱਸੇ ਵਿਚ ਭੰਗੀਆਂ ਦੇ ਡੇਰੇ 'ਤੇ ਜਾ ਪਿਆ ਹੈ, ਸਾਰੇ ਸਿੰਘਾਂ ਨੇ ਇਕੱਠੇ ਹੋ ਕੇ ਭੰਗੀਆਂ ਦਾ ਡੇਰਾ ਜਾ ਲੁੱਟਿਆ ਹੈ।

***ਯਹੈ ਬਾਤ ਭੰਗੀਅਨ ਸੁਨ ਪਾਈ॥*** ਇਹ ਡੇਰਾ ਲੁੱਟਣ ਦੀ ਗੱਲ ਨੂੰ ਜਦੋਂ ਭੰਗੀਆਂ ਨੇ ਸੁਣਿਆ।

***ਆਗੈ ਭੰਗੀ ਚਲੇ ਪਰਾਈ॥੨੦॥*** ਭੰਗੀਆਂ ਨੇ ਦੇਖਿਆ ਕਿ ਸਾਨੂੰ ਸਾਰਾ ਹੀ ਖਾਲਸਾ ਆ ਪਿਆ ਹੈ, ਤਾਂ ਭੰਗੀ ਅੱਗੇ ਲੱਗ ਕੇ ਭੱਜ ਤੁਰੇ ਕਿ ਹੁਣ ਖਾਲਸੇ ਅੱਗੇ ਕਿਹੜਾ ਖੜ੍ਹੇਗਾ, ਇਹ ਤਾਂ ਮਾਰ ਦੇਣਗੇ, ਇਸ ਕਰਕੇ ਨੱਠ ਗਏ ਮੈਦਾਨ ਛੱਡ ਕੇ। ੨੦।

***ਦੋਹਰਾ॥ ਦਸ ਹਜ਼ਾਰ ਭੰਗੀ ਭਜੇ ਸਿੰਘ ਪੜੇ ਲੈ ਬੀਸ॥*** ਭੰਗੀਆਂ ਦੀ ਮਿਸਲ ਦੀ ਗਿਣਤੀ ਉਸ ਸਮੇਂ ਦਸ ਹਜ਼ਾਰ ਸਿੰਘਾਂ ਦੀ ਸੀ ਜਿਹੜੇ ਭੱਜੇ ਸਨ, ਵੀਰ ਹਜ਼ਾਰ ਸਿੰਘ ਪੈ ਗਿਆ ਹੱਲਾ ਕਰਕੇ ਇਹਨਾਂ 'ਤੇ।

***ਇਮ ਕਰ ਏਈ ਸਿੰਘ ਭੇ ਲੜਨੇ ਵਾਲੇ ਤੀਸ॥੨੧॥*** ਇਸ ਤਰ੍ਹਾਂ ਕਰਕੇ ਲੜਾਕੂ ਸਿੰਘਾਂ ਦੀ ਗਿਣਤੀ ਤੀਹ ਹਜ਼ਾਰ ਹੋ ਗਈ ਹੈ, ਜੋ ਕੌੜਾ ਮੱਲ ਦੀ ਮਦਦ ਤੇ ਅਹਿਮਦ ਸ਼ਾਹ ਅਬਦਾਲੀ ਦੇ ਟਾਕਰੇ 'ਤੇ ਗਏ ਸਨ। ੨੧।

***ਚੌਪਈ॥ ਔਰ ਡੇਰਾ ਜਾ ਪਯੋ ਲਹੌਰ॥*** ਹੋਰ ਸਿੰਘਾਂ ਨੇ ਲਹੌਰ ਜਾ ਡੇਰਾ ਪਾਇਆ ਹੈ।

***ਸ਼ਾਲਾਮਾਰ ਬਾਗ ਕੇ ਧੌਰ॥*** ਸ਼ਾਲਾਮਾਰਾ ਬਾਗ ਦੇ ਕੋਲ।

***ਸਿੰਘ ਲਹੌਰੀ ਦੁਵਾਜ਼ੇ ਆਏ॥*** ਜਦੋਂ ਸਿੰਘ ਲਹੌਰੀ ਦਰਵਾਜ਼ੇ ਵੱਲ ਨੂੰ ਆਏ, ਗੇੜਾ ਦਿੱਤਾ ਸਿੰਘਾਂ ਨੇ।

***ਦੇਖੇ ਕਸਾਈ ਗਊ ਫੜਾਏ॥੨੨॥*** ਅੱਗੇ ਕਸਾਈ ਗਊ ਫੜੀ ਆਉਂਦੇ ਸਨ ਵੱਢਣ ਵਾਸਤੇ। ੨੨।

***ਸੋਊ ਸਿੰਘਨ ਨੈ ਦੀਨੇ ਮਾਰ॥*** ਸਿੰਘਾਂ ਨੇ ਉਹ ਬੁੱਚੜ ਮਾਰ ਦਿੱਤੇ।

***ਭਈ ਦਰਵਾਜ਼ਨ ਮੈਂ ਹੜਤਾਰ॥*** ਸਾਰੇ ਲਹੌਰ ਸ਼ਹਿਰ ਵਿਚ ਹੜਤਾਲ ਹੋ ਗਈ, ਦਰਵਾਜ਼ੇ ਬੰਦ ਹੋ ਗਏ ਸਨ।

***ਸ਼ਹਿਰ ਲੋਕਨ ਫਿਰ ਸਿੰਘ ਫ਼ੌਜ ਮਾਰੀ॥*** ਲਹੌਰ ਸ਼ਹਿਰ ਦੇ ਲੋਕਾਂ ਨੇ ਇਸ ਗੱਲੋਂ ਫਿਰ ਸਿੰਘਾਂ ਦੀ ਫ਼ੌਜ ਨੂੰ ਮਾਰਿਆ ਹੈ ਕਿ ਇਨ੍ਹਾਂ ਨੇ ਕਸਾਈਆਂ ਨੂੰ ਕਿਉਂ ਮਾਰਿਆ ਹੈ।

***ਇਹਾਂ ਭੀ ਸਿੰਘਨ ਭਈ ਖੁਆਰੀ॥੨੩॥*** ਏਥੇ ਵੀ ਸਿੰਘਾਂ ਦੀ ਖੁਆਰੀ ਹੋਈ, ਆਏ ਸੀ ਏਥੇ ਅਬਦਾਲੀ ਨੂੰ ਭਜਾਉਣ ਵਾਸਤੇ ਤੇ ਆਪਸ ਵਿਚੀ ਲੜ ਪਏ, ਇਉਂ ਖੁਆਰੀ ਹੋ ਗਈ ਸਿੰਘਾਂ ਦੀ। ੨੩।

***ਦੋਹਰਾ॥ ਪਹਿਰ ਤੀਸਰੇ ਪੀ ਸੁਖਾ, ਚੜ੍ਹ ਸੁੱਖਾ ਸਿੰਘ ਤਖਾਣ॥*** ਭਾਈ ਸੁੱਖਾ ਸਿੰਘ ਰਾਮਗੜ੍ਹੀਆ ਦਿਨ ਦੇ ਤੀਜੇ ਪਹਿਰ ਸ਼ਹੀਦੀ ਦੇਗਾਂ ਛਕ ਕੇ, ਖੇਡੇ ਮਹੱਲੇ ਨੂੰ ਚੜ੍ਹਿਆ ਹੈ।

***ਸ਼ਯਾਮ ਸਿੰਘ ਕੋ ਪਾਲਕੋ ਕੰਬੋ ਮਾੜੀਵਾਨ॥੨੪॥*** ਕੰਬੋ ਕੀ ਮਾੜੀ ਦਾ ਵਸਨੀਕ ਸੀ ਸੁੱਖਾ ਸਿੰਘ ਅਤੇ ਸਜਾਮ ਸਿੰਘ ਨਾਰੋਕਿਆਂ ਵਾਲੇ ਦਾ ਪਾਲਕ ਪੁੱਤ੍ਰ ਸੀ। ੨੪।

***ਚੌਪਈ॥ ਤਬ ਤਿਨ ਕਰੀ ਨ ਕਛੂ ਸਲਾਹਿ॥*** ਤਦ ਉਨ੍ਹਾਂ ਨੇ ਕਿਸੇ ਨਾਲ ਵੀ ਕੋਈ ਗੁਰਮਤਾ ਨਾ ਕੀਤਾ, ਅਚਾਨਕ ਹੀ ਚਲੇ ਗਏ ਕਿ ਚੱਲੋ ਅਸੀਂ ਜਾ-ਆਉਂਦੇ ਹਾਂ।

***ਲੰਘਯੋ ਰਾਵੀ ਗਾਹਣ ਪਾਇ॥*** ਰਾਵੀ ਦਾ ਥੋੜ੍ਹਾ-ਥੋੜ੍ਹਾ ਪਾਣੀ ਸੀ, ਸਿੰਘ ਲੰਘ ਗਏ ਪਾਰ।

***ਤਿਸਕੇ ਪਾਛੇ ਲੰਘੇ ਨਿਹੰਗ॥*** ਜੋ ਫਰਲਿਆਂ ਵਾਲੇ ਸਨ, ਜਿਨ੍ਹਾਂ ਨੂੰ 'ਨਿਹੰਗ ਭੁਜੰਗ' ਕਹਿੰਦੇ ਸਨ "ਪਹਿਲਾਂ ਦਲਾਂ ਮਿਲੰਦਿਆ ਭੇੜ ਪਿਆ ਨਿਹੰਗਾਂ" ਭਾਵ ਜਿਹੜੇ ਯੋਧੇ ਸੂਰਮੇ ਸਨ, ਜੋ ਸੁੱਖਾਂ ਸਿੰਘ ਦੇ ਸਾਥੀ ਸਨ, ਉਹ ਵੀ ਉਸ ਦੇ ਪਿੱਛੇ ਲੰਘ ਤੁਰੇ।

***ਨਹਿੰ ਕੀਨੀ ਕਿਨ ਗਿਣਤੀ ਸੰਗ॥੨੫॥*** ਉਹ ਕੋਈ ਲੜਨ ਵਾਸਤੇ ਤਾਂ ਗਏ ਨਹੀਂ ਕਿ ਗਿਣਤੀ ਵੇਖੀਏ ਕਿ ਉਹ ਫ਼ੌਜ ਬੇ-ਓੜਕੀ ਉੱਤਰੀ ਹੋਈ ਹੈ, ਲੱਖਾਂ ਦੀ ਤਾਦਾਦ ਵਿਚ, ਅਸੀਂ ਸੈਂਕੜੇ ਵੀ ਨਹੀਂ ਹਾਂ। ਆਪਣੇ ਸਾਥੀਆਂ ਦੀ ਵੀ ਕੋਈ ਗਿਣਤੀ ਨਹੀਂ ਸੀ ਕੀਤੀ। ਸਹਿਜ-ਸੁਭਾਉ ਹੀ ਰਾਵੀ ਤੋਂ ਪਾਰ ਲੰਘ ਗਏ ਸਨ। ੨੫।

***ਨਿਕਟ ਸੁ ਗਿਲਜਨ ਡੇਰੇ ਗਏ॥*** ਰਾਵੀ ਤੋਂ ਪਾਰ ਗਿਲਜੇ ਉੱਤਰੇ ਹੋਏ ਸਨ, ਗਿਲਜਿਆਂ ਦੇ ਨੇੜੇ ਚਲੇ ਗਏ ਉਹ।

***ਝਾੜ ਝਪਾੜਨ ਉਤਰਤ ਭਏ॥*** ਝਾੜਾਂ ਆਦਿਕ ਦੇ ਵਿਚ ਉੱਤਰ ਪਏ ਸੁਚੇਤੇ ਹੋਣ ਵਾਸਤੇ, ਕੋਈ ਐਥੇ ਬੈਠ ਗਿਆ, ਕੋਈ ਉਥੇ ਬੈਠ ਗਿਆ ਸਿੰਘ।

***ਰਾਵੀ ਜਲ ਸੁ ਸੁਚੇਤੋ ਕੀਓ॥*** ਸਿੰਘਾਂ ਨੇ 'ਸੁਚੇਤੇ' ਕਰ ਕੇ ਰਾਵੀ ਦੇ ਜਲ ਨਾਲ ਹੱਥ ਆਦਿਕ ਤਕੜੇ ਕੀਤੇ ਸਨ।

***ਉਤਿ ਗਿਲਜਨ ਕੋ ਰੌਲੋ ਥੀਓ॥੨੬॥*** ਓਧਰ ਗਿਲਜਿਆਂ ਵਿਚ ਰੌਲਾ ਪੈ ਗਿਆ, ਫ਼ੌਜ ਆ ਗਈ ਫ਼ੌਜ ਆ ਗਈ, ਆਪਣੀ ਬੋਲੀ ਵਿਚ ਉਨ੍ਹਾਂ ਨੇ ਰੌਲਾ ਪਾ ਦਿੱਤਾ ਹੈ। ੨੬।

***ਉਨ ਜਾਨਯੋ ਦਲ ਆਵੈ ਚਲਾ॥*** ਉਨ੍ਹਾਂ ਨੇ ਸਮਝਿਆ ਕਿ ਪੰਜਾਬ ਦੇ ਰਹਿਣ ਵਾਲੇ ਜਿਹੜੇ ਸਿੰਘ ਹਨ, ਉਨ੍ਹਾਂ ਦਾ ਦਲ

ਚਲਿਆ ਆ ਰਿਹਾ ਹੈ।

***ਉਹ ਦੇਖਨ ਲਾਗਯੋ ਹ੍ਵੈ ਖਲਾ॥*** ਅੱਗੋਂ ਅਬਦਾਲੀ ਖੜ੍ਹਾ ਹੋ-ਹੋ ਕੇ ਦੇਖਣ ਲੱਗਿਆ ਹੈ ਕਿ ਕਿਵੇਂ ਆਉਂਦੇ ਸਨ?

***ਅਹਿਮਦ ਸ਼ਾਹਿ ਦਿਲ ਖਤਰੋ ਭਯੋ॥*** ਅਹਿਮਦ ਸ਼ਾਹ ਅਬਦਾਲੀ ਦੇ ਦਿਲ ਵਿਚ ਖ਼ਤਰਾ ਹੋ ਗਿਆ ਹੈ, ਡਰ ਹੋ ਗਿਆ ਹੈ।

***ਕਿਛੁ ਦਿਲ ਮੈਂ ਤਿਸ ਧੀਰ ਨ ਧਰਯੋ॥੨੭॥*** ਉਸ ਨੇ ਦਿਲ ਵਿਚ ਧੀਰਜ਼ ਨਾ ਧਰੀ, ਦਿਲ ਹੀ ਛੱਡ ਗਿਆ ਕਿ ਇਹ ਤਾਂ ਸਾਰਾ ਪੰਜਾਬ ਹੀ ਆ ਗਿਆ ਚੜ੍ਹ ਕੇ, ਉਹ ਨਾ ਹੋਵੇ ਕਿ ਸਾਨੂੰ ਹੀ ਮਾਰ ਦੇਣ। ੨੭।

***ਤੁਰਤ ਘੋੜੇ ਪੈ ਭਯੋ ਸਵਾਰ॥*** ਅਹਿਮਦ ਸ਼ਾਹ ਅਬਦਾਲੀ ਸਿੰਘਾਂ ਨੂੰ ਦੇਖਦਿਆਂ ਹੀ ਘੋੜੇ 'ਤੇ ਸਵਾਰ ਹੋ ਗਿਆ ਹੈ।

***ਆਗੇ ਕੀਨੇ ਦਸਤੇ ਚਾਰ॥*** ਬਾਰਾਂ-ਬਾਰਾਂ ਹਜ਼ਾਰ ਦੇ ਦਸਤੇ ਬਣਾਏ ਸਨ ਫ਼ੌਜ ਦੇ, ਉਸ ਨੇ ਚਾਰ ਦਸਤੇ ਫ਼ੌਜ ਦੇ ਅੱਗੇ ਕਰ ਦਿੱਤੇ ਹਨ ਕਿ ਅੱਗਾ ਰੋਕੋ ਜਾ ਕੇ।

***ਕਹਯੋ ਓਨ, ਹਮ ਪੈ ਹਿੰਦ ਆਈ॥*** ਅਤੇ ਲਲਕਾਰਾ ਮਾਰ ਦਿੱਤਾ ਹੈ ਆਪਣੀ ਫ਼ੌਜ ਨੂੰ, 'ਓ ਹਿੰਦੂ ਆ ਗਏ ਨੇ ਸਾਡੇ 'ਤੇ ਚੜ੍ਹ ਕੈ, ਤਕੜੇ ਹੋ ਜਾਓ'।

***ਕਬ ਪਹੁਚੈ ਨਠ ਕਾਬਲ ਜਾਈ॥੨੮॥*** 'ਜੇ ਭੱਜੇ ਤਾਂ ਕਦੋਂ ਕਾਬਲ ਅੱਪੜੇ' ਇਹ ਤਾਂ ਹਿੰਦੋਸਤਾਨ ਚੜ੍ਹ ਕੇ ਆ ਗਿਆ ਸਾਰਾ। ੨੮।

***ਫੜ ਸ਼ਮਸ਼ੇਰਹਿ ਸਨਮੁਖ ਹੋਯੋ॥*** ਤਲਵਾਰਾਂ ਫੜ ਕੇ ਸਾਹਮਣੇ ਹੋਏ ਹਨ ਸਿੰਘਾਂ ਦੇ।

***ਜਾ ਸਿੰਘਨ ਸੋਂ ਮੂਹਰੋ ਢੋਯੋ॥੨੯॥*** ਜਾ ਸਿੰਘਾਂ 'ਤੇ ਮੂਹਰਿਓਂ ਟਾਕਰਾ ਕੀਤਾ ਆਉਂਦਿਆਂ ਸਿੰਘਾਂ 'ਤੇ। ੨੯।

***ਦੋਹਰਾ॥ ਸਿੰਘ ਸੁ ਥੋਰੇ ਥੇ ਲੰਘੇ, ਰਹੇ ਥੋਰੇ ਡੇਰੇ ਮਾਹਿਂ॥*** ਥੋੜ੍ਹੇ ਜਿਹੇ ਸਿੰਘ ਡੇਰੇ ਵਿਚ ਸਨ, ਥੋੜ੍ਹੇ ਜਿਹੇ ਦਰਿਆ ਰਾਵੀ ਤੋਂ ਪਾਰ ਲੰਘੇ ਸਨ।

***ਕਿਛੁ ਨੱਠੇ ਕਿਛੁ ਗੈਲ ਗਏ ਚੰਗੇ ਜੋਊ ਗਿਣਾਇਂ॥੩੦॥*** ਜਿਹੜੇ ਚੰਗੇ ਸੂਰਮੇ ਸਨ, ਕੁਛ ਤਾਂ ਸੁੱਖਾ ਸਿੰਘ ਦੇ ਨਾਲ ਗਏ ਸਨ, ਕੁਛ ਸਿੰਘ ਪਿੱਛੇ ਮੁੜ ਆਏ ਸਨ, ਜਿਨ੍ਹਾਂ ਨੂੰ ਚੰਗੇ ਯੋਧੇ ਗਿਣਿਆਂ ਜਾਂਦਾ ਸੀ। ੩੦।

***ਚੌਪਈ॥ ਸੁੱਖਾ ਸਿੰਘ ਫੌਜ ਆਵਤ ਜਾਨੀ॥*** ਸੁੱਖਾ ਸਿੰਘ ਨੇ ਦੇਖਿਆ ਫੌਜ ਆ ਰਹੀ ਹੈ, ਘੋੜਿਆਂ 'ਤੇ ਚੜ੍ਹੇ ਆਉਂਦੇ ਸਨ ਲੜਨ ਵਾਸਤੇ।

***ਸੰਗ ਆਪਣੇ ਥੋਰੀ ਮਾਨੀ॥*** ਆਪਣੇ ਨਾਲ ਉਸ ਦੇ ਥੋੜ੍ਹੇ ਜਿਹੇ ਸਿੰਘ ਸਨ, ਆਪਣੇ ਨਾਲ ਥੋੜ੍ਹੀ ਫ਼ੌਜ ਮੰਨੀ ਹੈ।

***ਤਬ ਉਨ ਮਨ ਮੈਂ ਕੀਓ ਬਿਚਾਰ॥*** ਤਦ ਉਸ (ਸੁੱਖਾ ਸਿੰਘ) ਨੇ ਮਨ ਵਿਚ ਬਿਚਾਰ ਕੀਤੀ ਹੈ।

***ਸਭੀ ਭਾਂਤ ਅਬ ਭਈ ਲਚਾਰ॥੩੧॥*** ਸਭ ਤਰ੍ਹਾਂ ਕਰਕੇ ਲਚਾਰੀ ਬਣ ਗਈ ਹੈ। ੩੧।

***ਜੋ ਮੈਂ ਇਨ ਸੋਂ ਕਰੋਂ ਲਰਾਈ॥*** ਜੇ ਮੈਂ ਹੁਣ ਇਨ੍ਹਾਂ ਨਾਲ ਟਾਕਰਾ ਕਰਦਾ ਹਾਂ ਅੱਗੇ ਵੱਧ ਕੇ।

***ਤੋ ਇਨ ਸੋਂ ਨਹਿਂ ਵਾਰੈ ਆਈ॥*** ਉਹ ਬਹੁਤੇ ਸਨ ਹਜਾਰਾਂ ਦੀ ਗਿਣਤੀ ਵਿਚ, ਇਹਨਾਂ ਨਾਲ ਵਾਰਾ ਨਹੀਂ ਆ ਸਕਦਾ, ਕਿਸ ਨੂੰ ਮਾਰਾਂਗੇ, ਕਿਸ ਦਾ ਵਾਰ ਰੋਕਾਂਗੇ

***ਇਹ ਆਟਾ ਹਮ ਹਿੱਸਾ ਲੌਣ॥*** ਇਤਨਾ ਫਰਕ ਸੀ ਜਿਵੇਂ ਆਟੇ ਵਿਚ ਲੂਣ ਹੁੰਦਾ ਹੈ, ਜਿਵੇਂ ਆਟੇ ਦੀ ਪਰਾਤ ਭਰੀ ਹੋਵੇ ਤੇ ਚੁਟਕੀ ਲੂਣ ਦੀ ਪਾ ਦੇਈਏ ਤਾਂ ਬਰਾਬਰ ਹੋ ਜਾਂਦਾ ਹੈ। ਇਤਨੀ ਕੁ ਤਾਂ ਸਾਡੀ ਗਿਣਤੀ ਹੈ, ਅਸੀਂ ਬਿਲਕੁਲ ਥੋੜ੍ਹੇ ਹਾਂ।

***ਲੜ ਕੈ ਮਰਨ ਭਲੋ ਕਹਿ ਕੌਣ॥੩੨॥*** ਜੇ ਅਸੀਂ ਇਨ੍ਹਾਂ ਨਾਲ ਲੜ ਮਰੀਏ, ਤਾਂ ਕੌਣ ਆਖੇਗਾ ਭਲੀ ਗੱਲ ਹੋਈ। ਸਾਰੇ ਆਖਣਗੇ ਵਿਚਾਰ ਕਰਨੀ ਸੀ, ਇਹ ਬਹੁਤੇ ਸਨ, ਬਹੁਤਿਆਂ ਨਾਲ ਕਿਉਂ ਲੜਾਈ ਛੇੜਨੀ ਸੀ, ਸਾਨੂੰ ਕੌਣ ਚੰਗਾ ਆਖੇਗਾ। ੩੨।

**ਜੇ ਅਬ ਹਮ ਜਾਵੈਂਗੇ ਭਾਜ॥** ਜੇ ਹੁਣ ਅਸੀਂ ਪਿੱਛੇ ਨੂੰ ਭੱਜਦੇ ਹਾਂ ਕਿ ਨਦੀ ਪਾਰ ਲੰਘ ਜਾਈਏ।

**ਤੌ ਸਿੰਘਨ ਮੈਂ ਆਵੈ ਲਾਜ॥** ਤਾਂ ਫਿਰ ਸਿੰਘਾਂ ਵਿਚ ਲੱਜਿਆ ਆਵੇਗੀ ਸਿੰਘ ਕਹਿਣਗੇ ਵਾਹ ! ਜਦੋਂ ਸੂਰਮਿਆਂ ਦਾ ਟਾਕਰਾ ਹੋਣ ਲੱਗਿਆ, ਉਦੋਂ ਭੱਜ ਆਏ ਸੀ। ਫਿਰ ਸਿੰਘਾਂ ਵਿਚ ਸ਼ਰਮਿੰਦਰੀ ਆਵੇਗੀ।

**ਬਾਤ ਬੁਰੀ ਤਿਨ ਦੋਊ ਬਿਚਾਰੀ॥** ਦੋਵੇਂ ਗੱਲਾਂ ਮਾੜੀਆਂ, ਭੱਜੀਏ ਤਾਂ ਵੀ ਮਰੀਏ, ਲੜਦੇ ਹਾਂ ਤਾਂ ਵੀ ਮਰਦੇ, ਇਉਂ ਵਿਚਾਰਿਆ ਹੈ।

**ਮੈਂ ਲਰ ਮਰੌਂ ਸੁ ਭਲੀ ਬਿਚਾਰੀ॥੩੩॥** ਮੈਂ ਲੜ ਮਰਾਂ ਤਾਂ ਇਹੀ ਭਲੀ ਹੈ, ਸ਼ਰਮਿੰਦਗੀ ਤਾਂ ਨਹੀਂ ਆਵੇਗੀ ਸਿੰਘਾਂ ਦੇ ਵਿਚ, ਕੋਈ ਇਉਂ ਤਾਂ ਨਹੀਂ ਆਖੇਗਾ 'ਭੱਜ ਗਿਆ ਸੁੱਖਾ ਸਿੰਘ'। ੩੩।

**ਦੋਹਰਾ॥ ਪਾਛੇ ਪਾਉਂ ਨਾਂ ਪਾਇਓ, ਦਿਗ ਸਿੰਘਨ ਸੋ ਕਹਿ ਦੀਨ॥** ਸੁੱਖਾ ਸਿੰਘ ਨੇ ਆਪਣੇ ਨਾਲ ਦੇ ਸਿੰਘਾਂ ਨੂੰ ਕਹਿ ਦਿੱਤਾ ਸਿੰਘੋ ! ਹੁਣ ਆਪਣਾ ਪੈਰ ਪਿੱਛੇ ਨਾ ਰੱਖਿਓ, ਅੱਗੇ ਦੁਸ਼ਮਣ ਵੱਲ ਨੂੰ ਰੱਖਿਓ।

**ਇਹਾਂ ਸ਼ਹੀਦ ਹਮ ਹੋਂਹਿਗੇ, ਲਰ ਕਰ ਮਜ਼ੁਬੇ ਦੀਨ॥੩੪॥** ਅਸੀਂ ਤਾਂ ਦੀਨ ਮਜ਼ੁਬ ਭਾਵ ਧਰਮ ਯੁੱਧ ਲੜ ਕੇ ਏਥੇ ਹੀ ਸ਼ਹੀਦ ਹੋਵਾਂਗੇ। ੩੪।

**ਚੌਪਈ॥ ਕਹਯੋ ਸੁਖਾ ਸਿੰਘ ਸਾਥਨਿਵਾਰ॥** ਸੁੱਖਾ ਸਿੰਘ ਨੇ ਆਪਣੇ ਨਾਲ ਵਾਲੇ ਸਾਥੀਆਂ ਨੂੰ ਆਖਿਆ ਹੈ।

**ਜਿਨ ਜਿੰਦ ਰਖਣੀ ਮੁੜ ਜਾਹੁ ਪਾਰ॥** ਸਾਥੀਓ ! ਜਿਸ ਨੂੰ ਆਪਣੀ ਜਾਨ ਪਿਆਰੀ ਹੈ ਉਹ ਰਾਵੀ ਤੋਂ ਪਾਰ ਵਾਪਸ ਸਿੰਘਾਂ ਕੋਲ ਮੁੜ ਜਾਓ।

**ਸਿੰਘਨ ਕਹਯੋ ਹਮ ਕਿਮ ਨਠ ਜਾਹੀਂ॥** ਸਾਥੀ ਸਿੰਘਾਂ ਨੇ ਸੁੱਖਾ ਸਿੰਘ ਨੂੰ ਕਿਹਾ, ਅਸੀਂ ਕਿਵੇਂ ਭੱਜ ਜਾਈਏ ਤੁਹਾਨੂੰ ਛੱਡ ਕੇ?।

**ਸਾਥ ਤੁਸਾਡੇ ਸੁਨਹਿਰੋ ਖਾਹੀਂ॥੩੫॥** ਅਸੀਂ ਤੁਹਾਡੇ ਨਾਲ ਇਕ ਬਾਟੇ ਵਿਚ ਇਕੱਠੇ ਛਕਦੇ ਰਹੇ ਹਾਂ। ਹੁਣ ਲੜਾਈ ਦੇ ਵੇਲੇ ਵਰਤਾਰਾ ਵੱਖਰਾ ਕਰ ਲਈਏ। ਅਸੀਂ ਨਹੀਂ ਭੱਜਦੇ ਹੁਣ। ੩੫।

**ਅਸੀਂ ਸ਼ਹੀਦੀ ਸਾਥ ਕਮਾਵੈਂ॥** ਜਦੋਂ ਅਸੀਂ ਬੈਠ ਕੇ ਇਕੱਠੇ ਛਕਦੇ ਹਾਂ, ਤਾਂ ਸ਼ਹੀਦੀ ਵੀ ਅਸੀਂ ਤੁਹਾਡੇ ਨਾਲ ਹੀ ਕਮਾਵਾਂਗੇ, ਤੁਹਾਡੇ ਨਾਲ ਹੀ ਸ਼ਹੀਦ ਹੋਵਾਂਗੇ।

**ਸ਼ਹੀਦਨ ਮੈਂ ਡੇਰਾ ਪਾਵੈਂ॥** ਅਸੀਂ ਵੀ ਤੁਹਾਡੇ ਨਾਲ ਦਰਗਾਹ ਵਿਚ ਸ਼ਹੀਦਾਂ ਵਿੱਚ ਪੱਕਾ ਡੇਰਾ ਪਾਵਾਂਗੇ।

**ਜਸਗਉਰੀਓ ਥੋ ਫੁਫੜ ਹਮਾਰਾ॥** ਭਾਈ ਰਤਨ ਸਿੰਘ ਜੀ ਉਹਨਾਂ ਦੇ ਨਾਲ ਮੇਰਾ ਫੁੱਫੜ ਵੀ ਹੈ ਸੀ, ਉਸ ਦਾ ਨਾਮ 'ਜਸਗਉਰੀਆ' ਸੀ।

**ਨਹਿੰ ਮੁੜਿਓ ਵਹਿ ਬਾਲ ਬਿਚਾਰਾ॥੩੬॥** ਉਹ ਵਿਚਾਰਾ ਅਜੇ ਬੱਚਾ ਹੀ ਸੀ ਬਾਲਕ ਸੀ, ਉਸ ਨੂੰ ਕਿਹਾ ਕਿ ਤੂੰ ਮੁੜ ਜਾਹ, ਤੇਰੀ ਅਜੇ ਉਮਰ ਨਿਆਣੀ ਹੈ, ਉਸ ਨੇ ਕਿਹਾ ਨਾ, ਮੈਂ ਤਾਂ ਨਾਲ ਹੀ ਸ਼ਹੀਦ ਹੋਵਾਂਗਾ, ਉਹ ਪਿੱਛੇ ਵਾਪਸ ਨਹੀਂ ਮੁੜਿਆ। ੩੬।

**ਪਿਤਾ ਹਮਾਰਾ ਉਨ ਦਯੋ ਮੜੋਯਾ॥** ਮੇਰਾ ਪਿਤਾ ਰਾਇ ਸਿੰਘ ਵੀ ਉਨ੍ਹਾਂ ਦੇ ਨਾਲ ਸੀ, ਉਹ ਵੀ ਅਜੇ ਛੋਟੀ ਉਮਰ ਦਾ ਸੀ, ਉਸ ਨੂੰ ਸੁੱਖਾ ਨੇ ਮੋੜ ਦਿੱਤਾ ਵਾਪਸ, ਕਹਿੰਦਾ ਓ ਜਾਹ ਕਾਕਾ ਮੁੜ ਜਾ ਤੂੰ।

**ਆਇ ਸ਼ਾਮ ਸਿੰਘ ਪਾਸ ਖਲੋਯਾ॥** ਮੇਰਾ ਪਿਤਾ ਜਥੇਦਾਰ ਸਜਾਮ ਸਿੰਘ ਦੇ ਪਾਸ ਜਾ ਖੜ੍ਹਾ ਹੋਇਆ ਹੈ।

**ਇਤਨੇ ਮੈਂ ਫੌਜ ਪਹੁੰਚੀ ਆਇ॥** ਏਨੇ ਚਿਰ ਨੂੰ ਅਬਦਾਲੀ ਦੀ ਫ਼ੌਜ ਸੁੱਖਾ ਸਿੰਘ ਦੇ ਨੇੜੇ ਆ ਪਹੁੰਚੀ ਹੈ।

**ਮੁੜ ਸਿੰਘਨ ਦਏ ਘੋੜੇ ਰਲਾਇ॥੩੭॥** ਸਿੰਘਾਂ ਨੇ ਜਾ ਘੋੜੇ ਰਲਾਏ ਹਨ ਉਨਾਂ ਵਿਚ। ੩੭।

**ਬੰਦੂਕ ਤੀਰ ਤਲਵਾਰ ਚਲਾਈ॥** ਸਿੰਘਾਂ ਨੇ ਤੀਰ, ਤਲਵਾਰਾਂ ਤੇ ਬੰਦੂਕਾਂ ਚਲਾਈਆਂ ਸਨ।

**ਆਵਤ ਗਿਲਜੇ ਦਏ ਹਟਾਈ॥** ਬੰਦੂਕਾਂ ਦੇ ਪਹਿਲੇ ਫਾਇਰ ਖੋਲ੍ਹਣ ਨਾਲ ਹੀ ਜਿਹੜੇ ਗਿਲਜੇ ਮੂੰਹ ਆਉਂਦੇ ਸਨ, ਉਤਾਂਹ

ਨੂੰ, ਉਹ ਤਾਂ ਮਾਰ ਕੇ ਸੁੱਟ ਦਿੱਤੇ ਸਨ ਸਿੰਘਾਂ ਨੇ ਤੇ ਬਾਕੀ ਦੇ ਗਿਲਜੇ ਪਿੱਛੇ ਹਟ ਗਏ ਹਨ।

***ਖੜ ਕਰ ਲੜੇ ਨ ਆਏ ਚੱਲ॥*** ਸਿੰਘ ਓਥੋਂ ਲੜਾਈ ਕਰਦੇ-ਕਰਦੇ ਨਾਲ ਦੀ ਨਾਲ ਚਲ ਕੇ ਨਹੀਂ ਆਏ, ਸਗੋਂ ਓਥੇ ਹੀ ਡਟ ਕੇ ਖੜ੍ਹ ਗਏ ਹਨ ਜੰਗ ਯੁੱਧ ਵਿਚ।

***ਚੁਕ ਗਏ ਸਿੰਘ ਯਾ ਤੇ ਗੱਲ॥੩੮॥*** (ਚੂਕ ਗਏ) ਭੁੱਲ ਗਏ, ਪਹਿਲੇ ਦਸਤੇ ਅਬਦਾਲੀ ਦੇ ਸਿੰਘਾਂ ਨੇ ਡੇਗ ਦਿੱਤੇ ਸੀ, ਸਿੰਘਾਂ ਦੀ ਜਿੱਤ ਹੋ ਗਈ ਸੀ, ਉਦੋਂ ਹੀ ਵਾਪਸ ਆ ਜਾਂਦੇ। ਨਹੀਂ, ਉਥੇ ਖੜ੍ਹ ਕੇ ਮੈਦਾਨ ਵਿਚ ਹੋਰ ਆਉਣ ਦਿਓ, ਜਿਹੜੇ ਆਉਂਦੇ ਹਨ, ਏਥੇ ਹੀ ਮਾਰਾਂਗੇ ਮੈਦਾਨ ਵਿਚ। ਕਹਿੰਦੇ ਏਥੋਂ ਉੱਕ ਗਏ ਹਨ ਸਿੰਘ, ਧੋਖਾ ਹੋ ਗਿਆ। ੩੮।

***ਦੋਹਰਾ॥ ਇਕ ਦਸਤੋ ਦੀਓ ਮੋੜ ਤਿਨ ਮਗਰੋਂ ਆਯੋ ਚੌਣ॥*** ਸਿੰਘਾਂ ਨੇ ਅਬਦਾਲੀ ਦੀ ਫ਼ੌਜ ਦਾ ਪਹਿਲਾ ਦਸਤਾ ਤਾਂ ਮੋੜ ਦਿੱਤਾ ਸੀ, ਪਿੱਛੋਂ ਚਾਰ ਦਸਤੇ ਹੋਰ ਆ ਗਏ ਚੌਗੁਣੀ ਫ਼ੌਜ ਆ ਚੜ੍ਹੀ ਹੈ।

***ਐਸ ਭਏ ਸੁ ਸਿੰਘ ਤਹਿਂ ਜਿਵ ਆਟੇ ਮੈਂ ਲੋਂਣ॥੩੯॥*** ਸਿੰਘ ਓਥੇ ਇਸ ਤਰ੍ਹਾਂ ਹੋ ਗਏ ਅਬਦਾਲੀ ਦੀ ਫ਼ੌਜ ਵਿਚ, ਜਿਵੇਂ ਆਟੇ ਵਿਚ ਲੂਣ ਹੁੰਦਾ ਹੈ, ਸਿੰਘ ਥੋੜ੍ਹੇ ਹੀ ਰਹਿ ਗਏ ਨਾਲ ਦੇ। ੩੯।

***ਸੁੱਖਾ ਸਿੰਘ ਦਿਲ ਇਮ ਅਈ, ਜਹਿਂ ਹੋਵੈ ਅਹਮਦ ਸ਼ਾਹਿ॥*** ਸੁੱਖਾ ਸਿੰਘ ਦੇ ਦਿਲ ਵਿਚ ਵਿਚਾਰ ਆਈ ਕਿ ਫ਼ੌਜ ਵਿਚ ਜਿਸ ਜਗ੍ਹਾ 'ਤੇ ਅਹਿਮਦ ਸ਼ਾਹ ਅਬਦਾਲੀ ਆਪ ਹੋਵੇ।

***ਤਿਸ ਸੌਂ ਹੱਥ ਮੈਂ ਜਾ ਕਰੌਂ ਜੇ ਕੋ ਦਏ ਬਤਾਇ॥੪੦॥*** ਜੇ ਮੈਨੂੰ ਦੱਸ ਦੇਵੇ ਉਸ ਦੇ ਵਾਰੇ ਕਿ ਉਹ ਬੈਠਾ ਹੈ ਜਾਂ ਉਹ ਖੜ੍ਹਾ ਹੈ ਅਹਿਮਦ ਸ਼ਾਹ, ਤਾਂ ਮੈਂ ਉਸ ਦੇ ਨਾਲ ਜਾ ਦੋ ਹੱਥ ਕਰਾਂ, ਉਸ ਨੂੰ ਮੈ ਜਾ ਮਾਰਾਂ ਮੈਦਾਨ ਵਿਚ। ੪੦।

***ਚੌਪਈ॥ ਸੁੱਖਾ ਸਿੰਘ ਕਛੁ ਅੱਗੇ ਗਯੋ॥*** ਸੁੱਖਾ ਸਿੰਘ ਅਬਦਾਲੀ ਦੀ ਫ਼ੌਜ ਵਿਚ ਕੁਛ ਕੁ ਅੱਗੇ ਵਧਿਆ ਹੈ।

***ਪੂਛਤ ਸ਼ਾਹਿ ਕਿਨ ਨਾਂਹਿ ਬਤਯੋ॥*** ਉਹ ਪਠਾਣ ਪਸ਼ਤੋਂ ਬੋਲੀ ਬੋਲਣ ਵਾਲੇ ਨਾ ਤਾਂ ਸੁੱਖਾਂ ਸਿੰਘ ਉਨ੍ਹਾਂ ਦੀ ਬੋਲੀ ਸਮਝੇ, ਨਾ ਉਹ ਸੁੱਖਾ ਸਿੰਘ ਦੀ ਸਮਝਣ, ਸੁੱਖਾ ਸਿੰਘ ਪੁੱਛਦਾ ਰਿਹਾ, ਉਨ੍ਹਾਂ ਦੇ ਫੌਜੀਆਂ ਨੂੰ ਕਿਥੇ ਹੈ ਤੁਹਾਡਾ ਸ਼ਾਹ ਜਿਹੜਾ ਹੈ, ਪਰ ਕੌਣ ਦੱਸੇ ਓਥੇ? ਜਦੋਂ ਬੋਲੀ ਨਾ ਸਮਝੀ ਉਨ੍ਹਾਂ ਨੇ।

***ਸਮਝੇ ਨਇਂ ਕੋਊ ਤਿਸਕੀ ਬਾਤ॥*** ਕੋਈ ਉਸ ਦੀ ਗੱਲ ਨੂੰ ਸਮਝ ਨਾ ਸਕਿਆ।

***ਗਰਦ ਗੁਬਾਰ ਹ੍ਵੈ ਪਰ ਗਈ ਰਾਤ॥੪੧॥*** ਉੱਥੇ ਗਰਦ ਗੁਬਾਰ ਹੋ ਧੂੜ ਅਸਮਾਨ ਨੂੰ ਚੜ੍ਹ ਕੇ ਹਨੇਰਾ ਹੋ ਗਿਆ ਹੈ, ਜਿਵੇਂ ਰਾਤ ਪੈ ਗਈ ਹੁੰਦੀ ਹੈ। ੪੧।

***ਸਿੰਘ ਕੀ ਕਛੁ ਉਹਾਂ ਲਗੀ ਨ ਘਾਤ॥*** ਭਾਈ ਸੁੱਖਾ ਸਿੰਘ ਦਾ ਉਥੇ ਕੋਈ ਦਾਉ ਨਾ ਲੱਗਿਆ ਅਬਦਾਲੀ 'ਤੇ।

***ਕਰੈਂ ਗਿਲਜਨ ਪਰ ਸਿੰਘ ਤਹਿਂ ਹਾਥ॥*** ਜਦੋਂ ਅਬਦਾਲੀ ਸੁੱਖਾ ਸਿੰਘ ਦੇ ਹੱਥ ਨਾ ਲੱਗਿਆ ਤਾਂ ਉਸ ਨੇ ਗਿਲਜਿਆਂ ਉੱਤੇ ਹੱਥ ਉਠਾ ਲਿਆ, ਲੱਗਾ ਗਿਲਜਿਆਂ ਨੂੰ ਮਾਰਨ।

***ਮਾਰ ਮੁਯੋ ਤਹਿਂ ਭਯੋ ਸ਼ਹੀਦ॥*** ਗਿਲਜਿਆਂ ਨੂੰ ਮਾਰਦਾ ਹੋਇਆ (ਸੁੱਖਾ ਸਿੰਘ) ਉਥੇ ਸ਼ਹੀਦ ਹੋ ਗਿਆ ਹੈ।

***ਕਰੀ ਦੇਰ ਉਨ ਹਠ ਸੌਂ ਜੀਦ॥੪੨॥*** ਉਸ (ਸੁੱਖਾ ਸਿੰਘ ) ਨੇ ਹੱਠ ਨਾਲ ਜ਼ਿਦ ਕਰ ਕੇ ਉਸ ਨੇ ਗਿਲਜਿਆਂ ਦੀ ਫ਼ੌਜ ਵਿਚ ਦੇਰੀ ਕਰ ਦਿੱਤੀ ਹੈ। ੪੨।

***ਦੋਹਰਾ॥ ਸੁੱਖਾ ਸਿੰਘ ਊਹਾਂ ਮੁਯੋ ਫੌਜ ਮੁੜ ਸੁ ਤਰਫ਼ ਲਹੌਰ॥*** ਸੁੱਖਾ ਸਿੰਘ ਤਾਂ ਉਥੇ ਹੀ ਸ਼ਹੀਦ ਹੋ ਗਿਆ ਹੈ ਤੇ ਜਿਹੜੀ ਬਾਕੀ ਫ਼ੌਜ ਸੀ ਸਿੰਘਾਂ ਦੀ, ਉਹ ਲਹੌਰ ਦੀ ਤਰਫ ਮੁੜ ਆਈ ਹੈ।

***ਅਗੇ ਸ਼ਲਕ ਲਹੌਰੀਅਨ ਦਈ ਸਿੰਘਨ ਪਰ ਜੋਰ॥੪੩॥*** ਅੱਗੇ ਲਹੌਰੀਆਂ ਦੀ ਫ਼ੌਜ ਖੜ੍ਹੀ ਸੀ, ਉਨ੍ਹਾਂ ਨੇ ਬੰਦੂਕਾਂ ਜੋੜ ਕੇ ਸਾਰੀਆਂ ਬੰਦੂਕਾਂ ਦਾ (ਸ਼ਲਕ) ਇਕੱਠਾ ਫਾਇਰ ਸਿੰਘਾਂ ਉਤੇ ਖੋਲ੍ਹ ਦਿੱਤਾ। ੪੩।

***ਚੌਪਈ॥ ਜਬ ਦੁਵੱਲ ਸਿੰਘਨ ਭਈ ਮਾਰੀ॥*** ਜਦੋਂ ਗਿਲਜਿਆਂ ਤੇ ਲਹੌਰੀਆਂ ਦੀ ਦੋ ਪਾਸਿਆਂ ਤੋਂ ਸਿੰਘਾਂ ਉੱਤੇ ਮਾਰ ਪਈ।

***ਤਬ ਖਾਲਸੇ ਕੋ ਭਈ ਖੁਆਰੀ॥*** ਤਾਂ ਖਾਲਸੇ ਨੂੰ ਬੜੀ ਖੁਆਰੀ ਹੋਈ ਹੈ, ਦੋ ਪਾਸੀਂ ਕਿਸ ਦੇ ਨਾਲ ਲੜਨ ਉਸ ਦੇ ਨਾਲ ਲੜਨ ਕਿ ਉਨ੍ਹਾਂ ਨਾਲ ਲੜਨ।

***ਤਬ ਖਾਲਸੇ ਆਇ ਡੇਰੇ ਅੜਾ॥*** ਤਦ ਖਾਲਸਾ ਡੇਰੇ ਵਿਚ ਆ ਕੇ ਰੁਕ ਗਿਆ।

***ਰਾਤ ਪਵਾਈ ਹੋ ਕੇ ਖੜਾ॥ ੪੪॥*** ਰਾਤ ਉਥੇ ਹੀ ਖਲੋ ਕੇ ਬਤੀਤੀ ਕੀਤੀ ਹੈ।

***ਦੋਹਰਾ॥ਰਾਤ ਪੜੀ ਸਿੰਘ ਸਭਨ ਗਲ ਕੀਓ ਡੇਰੋ ਮਾਝੈ ਵੱਲ॥*** ਲਹੌਰੋਂ ਰਾਤ ਪਈ ਤੋਂ ਸਿੰਘਾਂ ਨੇ ਆਪਣਾ ਡੇਰਾ ਮਾਝੇ ਵੱਲ ਨੂੰ ਕੂਚ ਕਰ ਦਿੱਤਾ ਕਿ ਇਹ ਤਾਂ ਦੋਵੇਂ ਹੀ ਬੇਈਮਾਨ ਨੇ, ਸਿੰਘ ਨਾਮੀ ਗ੍ਰਾਮੀ ਸ਼ਹੀਦ ਹੋ ਗਏ ਸੀ ਬਹੁਤ ਸਾਰੇ।

***ਤੁਰਕ ਦੋਊ ਬੇਈਮਾਨ ਹੈਂ, ਲੁੱਟ ਖਾਹੋ ਦੋਊਅਨ ਰੱਲ॥੪੫॥*** ਸਿੰਘਾਂ ਨੇ ਕਿਹਾ, ਤੁਰਕ ਦੋਵੇਂ ਬੇਈਮਾਨ ਹਨ, ਹੁਣ ਦੋਹਾਂ ਨੂੰ ਹੀ ਲੁੱਟ ਕੇ ਖਾਓ, ਹੁਣ ਨਾ ਲਹੌਰੀਆਂ ਨੂੰ ਛੱਡੋ ਤੇ ਨਾ ਗਿਲਜਿਆਂ ਨੂੰ ਛੱਡੋ। ਰੱਲ ਮਿਲ ਕੇ ਦੋਹਾਂ ਨੂੰ ਹੀ ਲੁੱਟੋ ਖੋਹੋ। ੪੫।

***ਬਿੱਕ੍ਰਮ ਅਠਾਰਾਂ ਸੈ ਬਿਤੇ ਉੱਪਰ ਦਸਵੇਂ ਸਾਲ॥*** ਸੰਮਤ ਬਿਕ੍ਰਮੀ ਅਠਾਰਾਂ ਸੌ ਤੋਂ ਦਸ (੧੮੧੦) ਸਾਲ ਉੱਤੇ ਸੀ ਉਸ ਸਮੇਂ।

***ਭਯੋ ਸ਼ਹੀਦ ਸੁ ਸੁੱਖਾ ਸਿੰਘ ਸ਼ਾਹਿ ਕਾਬਲੀ ਨਾਲ॥੪੬॥*** ਅਹਿਮਦ ਸ਼ਾਹ ਅਬਦਾਲੀ ਕਾਬਲ ਵਾਲੇ ਦੀ ਫ਼ੌਜ ਨਾਲ ਲੜਦਾ ਹੋਇਆ ਸੁੱਖਾ ਸਿੰਘ ਸ਼ਹੀਦ ਹੋ ਗਿਆ। ੪੬।

***ਸਿੰਘਨ ਕੋ ਔ ਤੁਰਕਨ ਕੋ ਕਰਨੋਂ ਭਲੋ ਨ ਜੋੜ॥*** ਭਾਈ ਰਤਨ ਸਿੰਘ ਜੀ ਨੀਤੀ ਲਿਖਦੇ ਹਨ, ਤੁਰਕਾਂ ਨਾਲ ਜੋੜ ਕਰਕੇ ਗਏ ਸੀ ਕਿ ਲਹੌਰੀਆਂ ਦੀ ਮਦਦ 'ਤੇ ਜਾਇਗਾ ਖਾਲਸਾ। ਤੁਰਕਾਂ ਨਾਲ ਮੇਲ ਕਰਨਾ ਸਿੰਘਾਂ ਦਾ ਉੱਕਾ ਹੀ ਨਹੀਂ ਫਬਦਾ। ਸਿੰਘੋ ! ਅੱਗੇ ਵਾਸਤੇ ਲਕੀਰ ਖਿੱਚ ਦਿਓ ਕਿ ਤੁਰਕਾਂ ਨਾਲ ਸਿੰਘਾਂ ਦਾ ਮੇਲ ਹੋਣ ਨਾਲ ਕਦੇ ਵੀ ਸਿੰਘਾਂ ਦਾ ਭਲਾ ਨਹੀਂ ਹੋ ਸਕਦਾ।"ਸਿੰਘ ਤੁਰਕ ਕਾ ਐਸਾ ਮੇਲ, ਬਰੂਦ ਅਗਨਿ ਕੀ ਜੈਸੀ ਖੇਲ"।

***ਤਬ ਹੀ ਬਿਧਿ ਖੋਟੀ ਭਵੈ ਦੇਵੈ ਚੰਡੀ ਤੋੜ॥੪੭॥*** ਜਦੋਂ ਤੁਰਕਾਂ ਨਾਲ ਮੇਲ ਕਰਾਂਗੇ, ਉਦੋਂ ਹੀ ਖੋਟੀ ਵਿਧੀ ਹੋਵੇਗੀ, ਉਦੋਂ ਹੀ ਚੰਡੀ (ਤੋੜ) ਲੜਾ ਦੇਵੇਗੀ ਸਿੰਘਾਂ ਨੂੰ। ੪੭।

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥

ਸ੍ਰੀ ਗੁਰ ਪੰਥ ਪ੍ਰਕਾਸ਼ ਗ੍ਰੰਥੇ॥

## ਇਤੀ ਸੁੱਖਾ ਸਿੰਘ ਸ਼ਹੀਦੀ ਪਾਈ॥

## ਬਾਕੀ ਪ੍ਰਸੰਗ ਅਗੈ ਤੁਰਯੋ

(ਮਹਾਰਾਜਾ ਕੌੜਾ ਮੱਲ ਦਾ ਜੁੱਧ ਵਿਚ ਸ਼ਹੀਦ ਹੋਣਾ)

**ਦੋਹਰਾ॥ਜੇ ਕੋ ਆਖੈ ਪ੍ਰਸ਼ਨ ਫਿਰ ਆਗੈ ਸ਼ਾਹਿ ਕਯਾ ਕੀਨ॥** ਜੇ ਕੋਈ ਇਹ ਪ੍ਰਸ਼ਨ ਕਰੇ ਕਿ ਜਦੋਂ ਸੁੱਖਾ ਸਿੰਘ ਸ਼ਹੀਦ ਹੋ ਗਿਆ ਤੇ ਸਿੰਘ ਵਾਪਸ ਮੁੜ ਆਇ ਤਾਂ ਫਿਰ ਅਬਦਾਲੀ ਨੇ ਕੀ ਕੀਤਾ। ਸ਼ਾਹਿ=ਅਹਿਮਦ ਸ਼ਾਹ ਅਬਦਾਲੀ।

**ਲਹੌਰ ਤੁਟੀ ਕੈ ਨਾ ਤੁਟੀ, ਉਤ੍ਰ ਚਹੀਐ ਤਿਸ ਦੀਨ॥ ੧॥** ਲਹੌਰ ਟੁੱਟੀ ਜਾਂ ਨਾ ਟੁੱਟੀ ਅਹਿਮਦ ਸ਼ਾਹ ਤੋਂ, ਲਹੌਰ ਫਤ੍ਹੇ ਕੀਤਾ ਜਾਂ ਨਹੀਂ ਕੀਤਾ, ਇਤਿਹਾਸਕਾਰ ਨੂੰ ਇਸ ਦਾ ਉੱਤਰ ਦੇਣਾ ਚਾਹੀਦਾ ਹੈ। ੧।

**ਉਸੀ ਹੰਗਾਮੇ ਮੈਂ ਮੁਯੋ ਕੌੜਾ ਮਲ ਦੀਵਾਨ॥** ਉਸੇ (ਹੰਗਾਮੇ) ਲੜਾਈ ਵਿਚ ਦਿਵਾਨ ਕੌੜਾ ਮੱਲ ਸ਼ਹੀਦ ਹੋ ਗਿਆ, ਜੋ ਸਿੰਘਾਂ ਨਾਲ ਪ੍ਰੇਮ ਰੱਖਦਾ ਸੀ, ਸਿੰਘ ਉਸ ਦੇ ਨਾਲ ਚਲੇ ਜਾਂਦੇ ਜਿਧਰ ਆਖਦਾ ਸੀ।

**ਸਾਥੈ ਸੰਗਤ ਸਿੰਘ ਔ ਰਾਜਾ ਜੇਜੋਵਾਨ॥ ੨॥** ਜੇਜੋਵਾਨ ਦਾ ਰਾਜਾ ਲਹੌਰੀਆਂ ਦੇ ਨਾਲ ਸੀ ਤੇ ਸੰਗਤ ਸਿੰਘ ਵਜ਼ੀਰ ਸੀ, ਉਹ ਵੀ ਕੌੜਾ ਮੱਲ ਦੇ ਨਾਲ ਹੀ ਮਾਰੇ ਗਏ ਸਨ। ੨।

**ਚੌਪਈ॥ਕਈ ਮਹੀਨੇ ਲਰਤੇ ਭਏ॥** ਅਹਿਮਦ ਸ਼ਾਹ ਅਬਦਾਲੀ ਨਾਲ ਲਹੌਰੀਆਂ ਦੀ ਟੱਕਰ ਹੋ ਗਈ, ਕਈ ਮਹੀਨੇ ਲੜਦਿਆਂ ਹੋ ਗਏ।

**ਨਹਿਂ ਦਿਲੀਓਂ ਕੋਊ ਮੱਦਤ ਅਏ॥** ਲਹੌਰ ਵਾਲਿਆਂ ਦੀ ਦਿੱਲੀ ਦੀ ਤਰਫੋਂ, ਕੋਈ ਮੱਦਦ ਨੂੰ ਨਾ ਆਇਆ।

**ਤੁਰਤ ਰੁਹੇਲੇ ਰੌਲਾ ਪਾਯਾ॥** (ਰੁਹੇਲੇ) ਪਠਾਣ ਨੇ ਤੁਰਤ ਹੀ ਰੌਲਾ ਪਾ ਦਿੱਤਾ ਹੈ।

**ਮੀਰ ਮੰਨੂੰ ਇਮ ਸ਼ਾਹਿ ਹਰਾਯਾ॥ ੩॥** ਲਹੌਰ ਦੇ ਸੂਬੇ ਮੀਰ ਮੰਨੂੰ ਨੂੰ ਇਉਂ ਅਹਿਮਦ ਸ਼ਾਹ ਅਬਦਾਲੀ ਨੇ ਹਰਾਇਆ ਹੈ। ੩।

**ਹਾਥ ਬੰਧ ਗਲ ਕਪੜੋ ਪਾਇ॥** ਮੀਰ ਮੰਨੂੰ ਨੇ ਹੱਥ ਬੰਨ੍ਹ ਕੇ ਗਲ ਵਿਚ ਪੱਲਾ ਪਾ ਕੇ।

**ਨੱਠ ਨ ਗਯੋ, ਮਿਲ ਪਯੋ ਸ਼ਾਹਿ॥** ਮੀਰ ਮੰਨੂੰ ਭੱਜ ਕੇ ਨਹੀਂ ਗਿਆ ਕਿਸੇ ਪਾਸੇ, ਅਹਿਮਦ ਸ਼ਾਹ ਅਬਦਾਲੀ ਨੂੰ ਅਧੀਨਗੀ ਸਹਿਤ ਆ ਮਿਲਿਆ ਹੈ, ਕਹਿਣ ਲੱਗਾ ਰੱਖ ਲੈ ਚਾਹੇ ਮਾਰ ਲੈ, ਹੁਣ ਤਾਂ ਹਾਂ ਤੇਰਾ ਮੈਂ।

**ਪਚਾਸ ਲੱਖ ਰੁਪਯੋ ਲਯੋ ਉਨ ਮੰਨ॥** ਅਹਿਮਦ ਸ਼ਾਹ ਨੇ ਕਿਹਾ ਡੰਨ ਲਾਵਾਂਗਾ ਤੈਨੂੰ, ਡੰਨ ਦਾ ਖ਼ਰਚ ਭਰ। ਉਸ ਨੇ ਕਿਹਾ ਕਿੰਨਾ? ਅਹਿਮਦ ਸ਼ਾਹ ਨੇ ਕਿਹਾ ਪੰਜਾਹ ਲੱਖ ਰੁਪਯਾ ਲਾਉਂਗਾ ਤੈਨੂੰ ਡੰਨ, ਮੀਰ ਮੰਨੂੰ ਨੇ ਪੰਜਾਹ ਲੱਖ ਰੁਪਿਆ ਦੇਣਾ ਮੰਨ ਲਿਆ ਹੈ ਅਬਦਾਲੀ ਨੂੰ।

**ਫਿਰ ਸ਼ਾਹਿ ਬਹਾਯੋ ਕਰ ਆਪੰਨ॥ ੪॥** ਮੀਰ ਮੰਨੂੰ ਨੇ ਜਦੋਂ ਪੰਜਾਹ ਲੱਖ ਰੁਪਯਾ ਦੇਣਾ ਮੰਨ ਲਿਆ, ਫਿਰ ਅਹਿਮਦ ਸ਼ਾਹ ਅਬਦਾਲੀ ਨੇ ਮੀਰ ਮੰਨੂੰ ਨੂੰ ਕਿਹਾ ਕਿ ਅੱਜ ਤੋਂ ਤੂੰ ਮੇਰੇ ਵਲੋਂ ਲਹੌਰ ਦਾ ਸੂਬਾ ਹੋਇਆ, ਆਪਣੇ ਵਲੋਂ ਮੀਰ ਮੰਨੂੰ ਨੂੰ ਲਹੌਰ ਦਾ ਸੂਬਾ ਮੁਕੱਰਰ ਕਰ ਦਿੱਤਾ ਹੈ। ੪।

**ਲਹੌਰ ਜਿੱਤ ਦਿੱਲੀ ਜਿੱਤ ਲਈ॥** ਲਹੌਰ ਨੂੰ ਜਿੱਤ ਕੇ ਅਬਦਾਲੀ ਨੇ ਫਿਰ ਦਿੱਲੀ ਨੂੰ ਵੀ ਜਿੱਤ ਲਿਆ ਹੈ।

**ਖਾਂ ਨਜੀਬ ਕੋ ਦਿੱਲੀ ਦਈ॥** ਨਜ਼ੀਬ ਖ਼ਾਂ ਰੁਹੇਲੇ ਨੂੰ ਦਿੱਲੀ ਜਿੱਤ ਕੇ ਦੇ ਦਿੱਤੀ ਹੈ ਅਬਦਾਲੀ ਨੇ।

***ਬਹਾਯੋ ਉਨ ਕਰ ਅਪਨ ਵਜ਼ੀਰ॥*** ਆਪਣਾ ਵਜ਼ੀਰ ਕਰਕੇ ਕਿ ਬਾਦਸ਼ਾਹ ਅੱਜ ਤੋਂ ਦਿੱਲੀ ਦਾ ਮੈਂ ਹੋਇਆ ਤੇ ਮੇਰੇ ਵਲੋਂ ਤੂੰ ਵਜ਼ੀਰ ਹੋਇਆ।

***ਸ਼ਾਹੀ ਮੁਗਲਨ ਕੀ ਭਈ ਦਿਲੀਓਂ ਤਗੀਰ॥ ੫॥*** ਮੁਗਲਾਂ ਦੀ ਬਾਦਸ਼ਾਹੀ ਦਿੱਲੀ ਤੋਂ ਖ਼ਤਮ ਹੋ ਗਈ ਹੈ, ਓਸ ਦਿਨ ਤੋਂ, ਤਗੀਰ=ਬਦਲ ਗਈ, ਭਾਵ ਹਟ ਗਈ ਹੈ। ੫।

## ਅਥ ਸਾਖੀ ਦੁਆਬੇ ਕੀ॥

### (ਆਦੀਨਾਂ ਬੇਗ ਤੇ ਸੋਢੀ ਬਢਭਾਗ ਸਿੰਘ, ਜਲੰਧਰ ਕਤਲ)

***ਦੋਹਰਾ॥ਇਸ ਦਿੱਲੀ ਪਰਚਾਵਣੋ ਉਠਯੋ ਥੋ ਬਹੁਤੀ ਵਾਰ॥*** ਇਸ ਦਿੱਲੀ ਨੂੰ ਲੁੱਟਣ ਵਾਸਤੇ ਬਹੁਤ ਵਾਰੀ ਆਉਂਦੇ ਰਹੇ ਹਨ।

***ਦੱਖਣੀ ਔ ਬਡ ਪੱਛਮੀ ਲਰਮਰ ਭਏ ਖੁਵਾਰ॥ ੧॥*** ਦੱਖਣ ਦੇ ਤੇ ਪੱਛਮ ਦੇ ਕਈ ਵਾਰ ਆਉਂਦੇ ਰਹੇ ਤੇ ਲੜ ਮਰ ਕੇ ਖੁਆਰ ਹੁੰਦੇ ਰਹੇ, ਦਿੱਲੀ ਦੀ ਬਾਦਸ਼ਾਹੀ ਵਾਸਤੇ। ੧।

***ਹੁਤੋ ਜੁ ਚੌਥੇ ਮੁਗਲ ਸੋ ਦਿੱਲੀ ਕੋ ਜੁ ਵਜ਼ੀਰ॥*** ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦਾ ਚੌਥਾ ਵਜ਼ੀਰ ਜੁ ਮੁਗਲ ਗਾਜਦੀਂ ਸੀ।

***ਸੋ ਨਠ ਮਰਹਟਨ ਪੈ ਗਯੋ ਦਿਲੀਓਂ ਹੋਇ ਤਗੀਰ॥ ੨॥*** ਉਹ ਅਬਦਾਲੀ ਤੋਂ ਡਰਦਾ ਭੱਜ ਕੇ ਮਰਹੱਟਿਆਂ ਕੋਲ ਚਲਾ ਗਿਆ, ਜਦੋਂ ਦਿੱਲੀ ਤੋਂ ਮੁਗਲਾਂ ਦਾ ਰਾਜ ਸਮਾਪਤ ਹੋ ਗਿਆ। ੨।

***ਚੌਪਈ॥ਨਾਮ ਗਾਜਦੀਂ ਸੋਊ ਕਹਾਯਾ॥*** ਉਸ ਨੇ ਆਪਣਾ ਨਾਮ ਗਾਜਦੀਂ ਕਹਾਇਆ ਹੈ।

***ਅਲਕਾਬ ਪਤਸ਼ਾਹੋਂ 'ਬਨਰਾ' ਪਾਯਾ॥*** ਉਸ ਨੇ ਪਾਤਸ਼ਾਹ ਤੋਂ (ਬਨਰਾ) ਦੂਲ੍ਹੇ, ਲਾੜੇ ਦਾ (ਅਲਕਾਬ) ਖਿਤਾਬ ਪ੍ਰਾਪਤ ਕੀਤਾ।

***ਮਲਾਰ ਮਰਹਟੇ ਸੋਂ ਦੋਸਤੀ ਲਾਈ॥*** ਉਸ ਨੇ ਮਲ੍ਹਾਰ ਨਾਮ ਦੇ ਮਰਹੱਟੇ ਨਾਲ ਮਿਤ੍ਰਤਾ ਪਾ ਲਈ ਹੈ।

***ਜਾ ਬੈਠੋ ਸੋ ਤਿਸਕੈ ਪਾਈ॥ ੩॥*** ਉਸ ਦੇ ਪਾਸ ਜਾ ਬੈਠਾ ਹੈ ਉਸ ਦਾ ਮਿੱਤ੍ਰ ਬਣ ਕੇ। ੩।

**ਕਈ ਬਰਸ ਸੋ ਊਹਾਂ ਰਹਯੋ॥** ਉਹ ਕਈ ਵਰ੍ਹੇ ਉੱਥੇ ਰਿਹਾ ਉਸ ਦੇ ਕੋਲ।

***ਤਿਹਿ ਪਾਛੈ ਉਨ ਚਾਉਨੋ ਚਯੋ॥*** ਉਸ ਤੋਂ ਪਿੱਛੋਂ ਉਸ ਨੇ ਫਿਰ ਚਉਨਾਂ ਚੁਕਿਆ ਭਾਵ ਫਿਰ ਸਿਰ ਉਠਾਣਾਂ ਚਾਹਿਆ।

***ਲਾਖ ਟਕਾ ਉਨ ਕੂਚ ਠਹਰਾਯੋ॥*** ਮਰ੍ਹੱਟਿਆਂ ਨੂੰ ਨਾਲ ਲੈ ਕੇ ਕਹਿਣ, ਚੱਲੋ ਮੇਰੇ ਨਾਲ ਮੈਂ ਲੱਖ ਰੁਪਿਆ ਦਿੰਦਾ ਹਾਂ, ਕੂਚ ਕਰੋ ਮੇਰੇ ਨਾਲ, ਚੱਲ ਕੇ ਦਿੱਲੀ ਮਾਰੀਏ।

***ਪੱਚੀ ਹਜ਼ਾਰ ਜਹਿਂ ਡੇਰਾ ਲਾਯੋ॥ ੪॥*** ਰਾਹ ਵਿਚ ਜਿਥੇ ਵੀ ਡੇਰਾ ਲਾਉਗੇ, ਰਸਤ ਬਸਤ ਵਾਸਤੇ,ਮੇਰੇ ਕੋਲੋਂ ਪੰਝੀ ਹਜ਼ਾਰ ਰੁਪਿਆ ਲੈ ਲਿਆ ਕਰੋ। ਲੱਖ ਰੁਪਿਆ ਨਗਦ ਦੇ ਕੇ ਪੱਚੀ ਹਜ਼ਾਰ ਰਸਤ ਦਾ ਹਰ ਪੜਾਉ 'ਤੇ ਦਿੰਦਾ ਆਇਆ ਹੈ। ੪।

***ਇਸੀ ਭਾਂਤ ਉਨ ਦਿੱਲੀ ਛੁਡਾਈ॥*** ਇਸ ਪ੍ਰਕਾਰ ਉਸ (ਮੁਗਲ ਗਾਜਦੀਂ) ਨੇ ਦਿੱਲੀ ਫਿਰ ਛੁਡਾ ਲਈ ਹੈ ਨਜ਼ੀਬ ਖ਼ਾ ਰੁਹੇਲੇ ਤੋਂ।

***ਰੁਹੇਲਾ ਦਿੱਲੀਓਂ ਗਾਇਓ ਪਰਾਈ॥*** ਰੁਹੇਲਾ ਨਜ਼ੀਬ ਖਾਂ ਦਿੱਲੀ ਨੂੰ ਛੱਡ ਕੇ ਭੱਜ ਗਿਆ ਹੈ, ਮੁਗਲਾਂ 'ਤੇ ਮਰਹੱਟਿਆਂ ਨੇ ਫਿਰ ਦਿੱਲੀ ਖੋਹ ਲਈ ਹੈ।

***ਨਜੀਬ ਗੜੇ ਜਾ ਨਜੀਬਾ ਵੜਾ॥*** ਸਹਾਰਨਪੁਰ ਦੇ ਇਲਾਕੇ ਵਿਚ ਨਜ਼ੀਬ ਖਾਂ ਨੇ ਨਜ਼ੀਬ ਗੜ੍ਹ ਕਿਲ੍ਹਾ ਬਣਾਇਆ ਸੀ। ਨਜ਼ੀਬ ਖ਼ਾਂ ਉਸ ਕਿਲ੍ਹੇ ਵਿਚ ਜਾ ਵੜਿਆ ਹੈ।

***ਮ੍ਰਹੱਟੇ ਡੇਰਾ ਆਇ ਦਿੱਲੀ ਕਰਾ॥ ੫॥*** ਮਰਹੱਟਿਆਂ ਨੇ ਦਿੱਲੀ ਆ ਕੇ ਆਪਣਾ ਡੇਰਾ ਕਰ ਲਿਆ ਹੈ। ੫।

***ਦੋਹਰਾ॥ਮਲਾਰ ਰਾਘੋ ਦੋਇ ਸੀਧੀਏ ਔ ਤੁੱਕੌ ਹੁਲਕਰ ਥੋਇ॥*** ਮਲਾਰ ਰਾਓ ਤੇ ਰਾਘੋ ਰਾਓ ਇਹ ਦੋਵੇਂ ਸੰਧੀਏ ਸਨ ਅਤੇ ਹੁਲਕਰ ਤੁੱਕੋ ਮਰਹੱਟੇ ਸਨ।

***ਆਇ ਦਿੱਲੀ ਬਹੁ ਦਿਨ ਰਹੇ, ਆਗੇ ਚੜ੍ਹੈ ਨ ਕੋਇ॥ ੬॥*** ਇਨ੍ਹਾਂ ਮਰਹੱਟਿਆਂ ਨੇ ਦਿੱਲੀ ਫੜ੍ਹੇ ਕਰ ਲਈ ਹੈ,ਉਸ ਤੋਂ ਅੱਗੇ ਨਹੀਂ ਕੋਈ ਚੜ੍ਹਾਈ ਕਰਦਾ ਏ। ੬।

***ਚੌਪਈ॥ਆਗੇ ਗਿਲਜਨ ਤੇ ਵਹਿ ਭੀ ਡਰੇ॥*** ਅੱਗੋਂ ਉਹ ਗਿਲਜਿਆਂ ਤੋਂ ਵੀ ਡਰਦੇ ਸਨ।

***ਆਗੇ ਡੇਰੋ ਸੋ ਨਹਿਂ ਕਰੇ॥*** ਦਿੱਲੀ ਤੋਂ ਅੱਗੇ ਡੇਰਾ ਨਹੀਂ ਕਰਦੇ ਡਰਦੇ।

***ਇਹ ਬਿਧਿ ਬੀਤਤ ਭਯੋ ਸੁ ਸਾਲ॥*** ਇਸ ਤਰ੍ਹਾਂ ਇਕ ਸਾਲ ਲੰਘ ਗਿਆ ਹੈ, ਮਰਹੱਟਿਆਂ ਦੀ ਫ਼ੌਜ ਦਿੱਲੀ ਬੈਠੀ ਰਹੀ ਅੱਗੇ ਵਧੀ ਨਾ ਨਜ਼ੀਬ ਖ਼ਾਂ ਵੱਲ।

***ਦੀਨਾ ਬੇਗ ਕੋ ਸੁਨੋਂ ਹਵਾਲ॥ ੭॥*** ਅਦੀਨਾਂ ਬੇਗ ਜੋ ਜਲੰਧਰ ਦਾ ਸੂਬਾ ਹੈ, ਉਸ ਦਾ ਹਾਲ ਸੁਣੋ। ੭।

***ਪਹਾੜਨ ਮੈਂ ਉਨ ਪਾਯੋ ਜ਼ਵਾਲ॥*** ਪਹਾੜਾ ਦੇ ਵਿਚ ਉਸ (ਅਦੀਨਾਂ ਬੇਗ) ਨੇ ਬੜਾ ਹੀ ਦੁੱਖ ਪਾਇਆ ਹੈ ਬੜਾ ਦੁਖ ਭੁੱਖ ਕੱਟਿਆ ਹੈ ਇਸ ਨੇ।

***ਰਹਯੋ ਨ ਥੋ ਉਸ ਪੱਲੇ ਮਾਲ॥*** ਪੱਲੇ ਧਨ ਕੋਈ ਨਹੀਂ ਰਹਿ ਗਿਆ, ਫ਼ੌਜ ਵੀ ਰੱਖੀ ਹੋਈ ਹੈ। ਉਸ ਨੂੰ ਤਨਖ਼ਾਹ ਦਿੰਦਾ ਸੀ। ਫ਼ੌਜ ਨੂੰ ਰਾਸ਼ਨ ਚਾਹੀਦਾ ਹੈ, ਹੋਰ ਸਾਜੋ-ਸਮਾਨ ਚਾਹੀਦਾ ਹੈ, ਜਿਸ ਕਰਕੇ ਅਦੀਨਾਂ ਬੇਗ ਦੇ ਕੁਛ ਵੀ ਪੱਲੇ ਨਾ ਰਿਹਾ।

***ਮੁਲਕ ਯਾਦ ਕਰ ਹਾਹੁਕੇ ਭਰੇ॥*** ਆਪ ਤਾਂ ਜਲੰਧਰ ਦਾ ਮੁਲਕ ਉਗਰਾਹੁੰਦਾ ਸੀ, ਉਹ ਪਠਾਣਾਂ ਨੇ ਖੋਹਿਆ ਹੋਇਆ ਹੈ, ਇਸ ਕਰਕੇ ਮੁਲਕ ਨੂੰ ਯਾਦ ਕਰਕੇ ਠੰਢੇ ਸਾਹ ਲੈਂਦਾ ਹੈ।

***ਬਿਨਾਂ ਜੋਰ ਕਿਛ ਨਾਹੀਂ ਸਰੇ॥ ੮॥*** ਬੜੀਆਂ ਵਿਚਾਰਾਂ ਕਰਦਾ ਹੈ, ਕੌਣ ਮੈਨੂੰ ਲੈ ਕੇ ਦੇਵੇ? ਆਪਣੀ ਤਾਕਤ ਤੋਂ ਬਗੈਰ ਇਸ ਤੋਂ ਕੁਛ ਵੀ ਨਹੀਂ ਸਰਦਾ ਹੈ। ੮।

***ਮਾੜੇ ਸ਼ਾਹਿ ਜਿਮ ਖੇਪਾਂ ਭਰੇ॥*** ਮਾੜੇ ਸ਼ਾਹੂਕਾਰ ਵਾਂਗ ਥੋੜ੍ਹਾ-ਥੋੜ੍ਹਾ ਕਰ ਕੇ ਫ਼ੌਜ ਆਦਿਕ ਦਾ ਪੈਸੇ ਟਕੇ ਦਾ ਡੰਗ ਸਾਰਦਾ ਹੈ ਕਿ ਅਜੇ ਐਨੇ ਕੁ ਨਾਲ ਗੁਜ਼ਾਰਾ ਕਰੋ।

***ਬਿਨਾਂ ਦਾਵ ਕੁਛ ਉਸ ਨਹਿਂ ਸਰੇ॥*** ਬਿਨਾ (ਦਾਵ) ਦਿੱਤੇ ਤੋਂ ਸਰਦਾ ਵੀ ਨਹੀਂ, ਪੈਸਾ ਪੱਲੇ ਕੋਈ ਨਹੀਂ ਰਹਿ ਗਿਆ।

***ਸੋ ਵਹਿ ਗਿਨਤੀ ਦਿਲ ਮੈਂ ਕਰਾਹੀ॥*** ਦਿਲ ਵਿਚ (ਗਿਣਤੀ) ਵਿਚਾਰਾਂ ਕਰਦਾ ਹੈ ਕਿਵੇਂ ਬਣੇਗੀ? ਕਿਵੇਂ ਮੇਰੀ ਸੂਬੇਦਾਰੀ ਰਹੇਗੀ? ਕਲ੍ਹ ਨੂੰ ਫ਼ੌਜ ਤੁਰ ਗਈ ਤਾਂ ਮੈਂ ਫਿਰ ਇਕੱਲਾ ਰਹਿ ਜਾਵਾਂਗਾ।

***ਉਪਾਉ ਉਸੈ ਕੁਛ ਦਿੱਸੈ ਨਾਹੀਂ॥ ੯॥*** ਕੋਈ ਉਸ ਨੂੰ ਉਪਾਉ ਨਹੀਂ ਬਣਦਾ ਦਿਸਦਾ ਕਿ ਮੈਂ ਕੀ ਕਰਾਂ?। ੯।

***ਦੋਹਰਾ॥ਬਹੁਤ ਮਨਸੂਬੇ ਚਕ ਰਹਯੋ ਬਨੈ ਨ ਕਿਛੂ ਉਪਾਇ॥*** ਬੜੀਆਂ ਹੀ ਵਿਉਂਤਾ ਬਣਾਉਂਦਾ ਹੈ ਪਰ ਕੋਈ ਵੀ ਉਪਾਉ ਨਹੀਂ ਬਣਦਾ ਹੈ ਉਸ ਤੋਂ।

***ਉਸੈ ਸਿੱਖ ਇਕ ਢਿਗ ਹੁਤੋ, ਤਿਨ ਬਿਧ ਦਈ ਬਤਾਇ॥ ੧੦॥*** ਅਦੀਨਾਂ ਬੇਗ ਗੁਰ ਸਿੱਖਾਂ ਵਾਸਤੇ ਲੰਗਰ ਲਾ ਕੇ ਰੱਖਦਾ ਸੀ, ਗੁਰੂ ਦਾ ਸਿੱਖ ਕਹਾਉਂਦਾ ਸੀ। ਹੁਣ ਬੁੱਢਾ ਹੋਇਆ ਹੋਇਆ ਸੀ। ਜਦੋਂ ਤੋਂ ਜੁਆਨੀ ਚੜ੍ਹਿਆ ਸੀ, ਉਦੋਂ ਤੋਂ ਸੂਬੇਦਾਰੀ ਕਰਦਾ ਸੀ। ਇਹ ਸਿੰਘਾਂ ਨਾਲ ਮੇਲ-ਜੋਲ ਰੱਖਦਾ ਸੀ ਵਿਗਾੜਦਾ ਨਹੀਂ ਸੀ। ਅਦੀਨਾਂ ਬੇਗ ਪਾਸ

ਇਕ ਸਿੱਖ ਵੀ ਰਹਿੰਦਾ ਸੀ। ਫ਼ੌਜ ਵਿਚ, ਉਸ ਨੇ ਅਦੀਨਾਂ ਬੇਗ ਨੂੰ ਇਕ ਵਿਧੀ ਦੱਸੀ ਹੈ। ੧੦।

***ਚੌਪਈ॥'ਬਡਭਾਗ ਸਿੰਘ ਸੋਂ ਜੋ ਬਣ ਆਵੈ॥*** ਉਹ ਸਿੰਘ ਕਹਿਣ ਲੱਗਾ ਕਿ ਜੇ ਤੇਰੀ ਬਡਭਾਗ ਸਿੰਘ ਨਾ ਬਣ ਆਏ ਤਾਂ।

***ਸਿੰਘ ਲਾਖ ਸੋ ਤੁਰਤ ਮੰਗਾਵੇ॥*** ਜੇ ਤੁਸੀਂ ਉਸ ਦੇ ਨਾਲ ਗੱਲ ਕਰੋ ਤਾਂ ਉਹ (ਵਡਭਾਗ ਸਿੰਘ) ਤੁਰਤ ਹੀ ਲੱਖ ਸਿੰਘ ਮੰਗਾ ਸਕਦਾ ਹੈ।

***ਜਬੈ ਨਬਾਬ ਸੁ ਐਸੀ ਸੁਨੀ॥*** ਜਦੋਂ (ਨਬਾਬ) ਅਦੀਨਾਂ ਬੇਗ ਨੇ ਏਸ ਤਰ੍ਹਾਂ ਸੁਣਿਆਂ ਸਿੱਖ ਤੋਂ ਬਡਭਾਗ ਦੇ ਵਾਰੇ।

***ਉਸ ਕੋ ਲੋੜ ਭਈ ਚੌਗੁਨੀ॥ ੧੧॥*** ਉਸ ਨੂੰ ਤਾਂ ਚੌਗੁਣੀ ਲੋੜ ਸੀ, ਉਹ ਤਾਂ ਅੱਗੇ ਹੀ ਚਹੁੰਦਾ ਸੀ ਕਿ ਮੇਰਾ ਕੋਈ ਮਦਦਗਾਰ ਹੋਵੇ। ੧੧।

***ਫਿਰ ਸਿੰਘਨ ਪਰ ਬਾਤ ਹੂੰ ਆਈ॥*** ਫਿਰ ਗੱਲ ਸਿੰਘਾਂ 'ਤੇ ਆ ਗਈ ਹੈ ਕਿ ਬਡਭਾਗ ਸਿੰਘ ਦੇ ਆਖੇ ਤੋਂ ਕਿਵੇਂ ਸਿੰਘ ਆਏ ਹਨ ਉਹ ਗੱਲ ਦੱਸਦੇ ਹਨ।

***ਸੁਨੋਂ ਸਿੰਘ ਤੁਮ ਗੁਰਮੁਖ ਭਾਈ॥*** ਹੇ ਸਿੰਘੋ !ਗੁਰਮੁਖ ਭਾਈਓ !ਸੁਣੋਂ ਤੁਸੀਂ, ਸਿੰਘ ਕਿਵੇਂ ਮਦਦ 'ਤੇ ਆਏ ਹਨ।

***ਬਡਭਾਗ ਸਿੰਘ ਪਰਬਤ ਮੈਂ ਰਹਯੋ॥*** ਬਡਭਾਗ ਪਹਾੜਾਂ ਵਿਚ ਰਹਿੰਦਾ ਸੀ (ਜਿਥੇ ਅੱਜ-ਕਲ੍ਹ ਦੇਹੁਰਾ ਬੰਣਿਆ ਹੋਇਆ)

***ਕਰਤਾਰਪੁਰੇ ਜਬ ਕਤਲੋ ਭਯੋ॥ ੧੨॥*** ਜਦੋਂ ਕਰਤਾਰਪੁਰ ਕਤਲ ਕੀਤਾ ਸੀ, ਉਦੋਂ ਇਹ ਪਹਾੜੀਂ ਜਾ ਚੜ੍ਹਿਆ ਸੀ। ੧੨।

***ਸੋ ਭੀ ਹਾਥ ਕਟੇ ਕਟ ਖਾਇ॥*** ਉਹ ਵੀ ਦੰਦੀਆਂ ਵੱਢਦਾ ਸੀ ਹੱਥਾਂ 'ਤੇ (ਗੁੱਸੇ ਵਿਚ) ਕੋਈ ਸਮਾਂ ਵਾਹਿਗੁਰੂ ਦੇਵੇ, ਮੈਂ ਵੈਰ ਲਵਾਂ ਜਲੰਧਰੀਆਂ ਤੋਂ।

***ਔਰ ਕਿਛ ਤਿਸ ਲਗੈ ਨ ਦਾਇ॥*** ਹੋਰ ਤਾਂ ਕਿਸੇ ਤਰ੍ਹਾਂ ਦਾਉ ਨਹੀਂ ਸੀ ਲਗਦਾ, ਕਿਵੇਂ ਲੜੇ ਜਲੰਧਰ ਦੇ ਸੂਬੇ ਨਾਲ।

***ਪਠਾਣ ਜੋ ਗੜ੍ਹੀ ਜਲੰਧਰ ਵਾਰੇ॥*** ਜਲੰਧਰ ਦੀ ਗੜ੍ਹੀ ਵਾਲੇ ਜੋ ਪਠਾਣ ਸਨ।

***ਜਬ ਲਗ ਸਕਉਂ ਨ ਉਸਕੌ ਮਾਰੇ॥ ੧੩॥*** ਜਦੋਂ ਤੱਕ ਮੈਂ ਉਸ ਨੂੰ ਮਾਰ ਕੇ ਬਦਲਾ ਨਹੀ ਲੈਂਦਾ। ੧੩।

***ਥੰਮ ਗੁਰੂ ਕੋ ਦੀਨੋ ਫੂਕ॥*** ਗੁਰੂ ਸਾਹਿਬ ਜੀ ਦਾ ਗੁਰਦੁਆਰਾ ਸ੍ਰੀ ਥੰਮ੍ਹ ਸਾਹਿਬ ਸਾੜ ਦਿੱਤਾ ਸੀ, ਗੜ੍ਹੀ ਵਾਲੇ ਪਠਾਣਾਂ ਨੇ।

***ਬਡਭਾਗ ਸਿੰਘ ਦਿੱਲੀਓਂ ਉੱਠੇ ਕੂਕ॥*** ਬਡਭਾਗ ਸਿੰਘ ਦੇ ਦਿਲ ਵਿੱਚੋਂ ਹੂਕ ਉੱਠਦੀ ਸੀ, ਅੰਦਰੋਂ ਅਵਾਜ਼ ਨਿਕਲਦੀ ਸੀ। ਬਡਭਾਗ ਦਿਲੋਂ ਕੂਕ ਉੱਠਿਆ ਸੀ।

***ਸਿਰ ਤੇ ਪੱਗ ਸੁ ਦੀਨੀ ਡਾਰ॥*** ਉਸ ਨੇ ਆਪਣੇ ਸਿਰ ਤੋਂ (ਪੱਗ ਦੁਮਾਲਾ ਉਤਾਰ ਕੇ ਸੁੱਟ ਦਿੱਤਾ।

***ਬੰਨ੍ਹੋ ਜਲੰਧਰ ਕੋ ਮੈਂ ਮਾਰ॥ ੧੪॥*** ਬਡਭਾਗ ਸਿੰਘ ਨੇ ਪ੍ਰਣ ਕਰ ਲਿਆ ਕਿ ਜਿਹੜੇ ਜਲੰਧਰ ਵਾਲਿਆ ਨੇ ਥੰਮ੍ਹ ਸਾਹਿਬ ਸਾੜਿਆ ਹੈ, ਉਨ੍ਹਾਂ ਨੂੰ ਮਾਰ ਕੇ ਪੱਗ ਬੰਨ੍ਹਾਂਗਾ ਮੈਂ। ੧੪।

***ਦੋਹਰਾ॥ਦੋਨੋਂ ਦੁਖੀਏ ਅਤਿ ਦਿਲੇ ਮਿਲ ਦੋਵੈਂ ਚਾਹੇਂ ਕਾਮ॥*** ਅਦੀਨਾਂ ਬੇਗ ਤੇ ਬਡਭਾਗ ਸਿੰਘ ਦਿਲੋਂ ਅਤੀ ਦੁਖੀ ਸਨ ਦੋਵੇਂ ਅਤੇ ਦੋਵੇਂ ਆਪਣਾ ਕੰਮ ਮਿਲ ਕੇ ਕਰਨਾ ਚਹੁੰਦੇ ਸਨ।

***ਤਿਸੈ ਸਮਾਂ ਤਿਮ ਆ ਪੁਜਾ, ਸੁਗ੍ਰੀਵ ਮਿਲੇ ਜਿਮ ਰਾਮ॥ ੧੫॥*** ਉਨ੍ਹਾਂ ਦਾ ਸਮਾਂ ਓਸੇ ਤਰ੍ਹਾਂ ਨੇੜੇ ਆ ਪੁੱਜਿਆ ਹੈ, ਜਿਵੇਂ ਸੁਗ੍ਰੀਵ ਤੇ ਰਾਮ ਚੰਦ੍ਰ ਦੋਵੇਂ ਦੁਖੀਏ ਆਪਸ ਵਿਚ ਮਿਲੇ ਸਨ। ਸੁਗ੍ਰੀਵ ਕਿਸਕਿੰਧਾ ਕੇ ਰਾਜਾ ਬਾਲੀ ਦਾ ਛੋਟਾ ਭਰਾ ਸੀ। ਜਿਸ ਦੀ ਮਿਤ੍ਰਤਾ ਕਰਕੇ ਸ੍ਰੀ ਰਾਮਚੰਦ੍ਰ ਜੀ ਨੇ ਲੰਕਾ ਫਤਹਿ ਕਰ ਲਈ। ਰਾਮਚੰਦ੍ਰ ਜੀ ਨੇ ਬਾਲੀ ਨੂੰ ਮਾਰ ਕੇ ਸੁਗ੍ਰੀਵ ਨੂੰ ਉਸ ਦੇ ਘਰ ਵਾਲੀ ਵਾਪਸ ਦੁਆਈ ਦੇ ਕਿਸ਼ਕਿੰਧਾ ਦਾ ਰਾਜਾ ਬਣਾ ਦਿੱਤਾ ਸੀ। ੧੫।

***ਚੌਪਈ॥ਰਾਜਪੁਰੇ ਰਹੈ ਦੀਨਾ ਬੇਗ॥*** ਅਦੀਨਾਂ ਬੇਗ ਰਾਜਪੁਰੇ ਰਹਿੰਦਾ ਸੀ।

***ਗੁਰ ਕੀ ਚਲੈ ਕੁਲਾਹਲ ਦੇਗ॥*** ਇਸ ਰੌਲੇ-ਗੌਲੇ ਵਿਚ ਹੀ ਗੁਰੂ ਕਾ (ਦੇਗ) ਲੰਗਰ ਵੀ ਚਲਾਉਂਦਾ ਸੀ। ਗੁਰੂ ਦਾ ਭੋੜਾ ਸਿੱਖ ਕਹਾਉਂਦਾ ਸੀ। ਕੁਲਾਹਲ=ਰੌਲਾ ਗੌਲਾ।

**ਦੋਊ ਦੁਖੀਏ ਦੁਖ ਕੇ ਭਰੇ॥** ਦੋਵੇਂ ਹੀ ਦੁਖੀ ਸਨ ਤੇ ਦੁਖ ਨਾਲ ਪੀੜਤ ਸਨ।

**ਦੇਖੈਂ ਸੁਖ ਕਉ ਹੁਇ ਹੁਇ ਖਰੇ॥ ੧੬॥** ਉਹ ਖੜੇ ਹੋ-ਹੋ ਕੇ ਸੁਖ ਦੀਆਂ ਘੜੀਆਂ ਨੂੰ ਦੇਖ ਰਹੇ ਸਨ ਕਿ ਕੋਈ ਸਬੱਬ ਬਣੇ, ਸਾਡਾ ਵੈਰ ਨਿਕਲੇ ਓਧਰੋਂ ਓਧਰੀਂ ਤੇ ਸਾਨੂੰ ਵੀ ਕੋਈ ਸਾਹ ਆਵੇ ਸੁਖ ਦਾ। ੧੬।

**ਸੂਬੇਦਾਰੀ ਦੁਖ ਦੀਨਾ ਬੇਗ॥** ਅਦੀਨਾਂ ਬੇਗ ਨੂੰ ਤਾਂ ਸੂਬੇਦਾਰੀ ਦਾ ਦੁੱਖ ਸੀ ਕਿ ਮੇਰੀ ਸੂਬੇਦਾਰੀ ਮੈਨੂੰ ਮਿਲੇ।

**ਬਡਭਾਗ ਸਿੰਘ ਦੁਖ ਥੰਭ ਸੜੇਗ॥** ਬਡਭਾਗ ਸਿੰਘ ਨੂੰ ਗੁਰਦੁਆਰਾ ਥੰਮ੍ਹ ਸਾਹਿਬ ਸਾੜੇ ਦਾ ਦੁਖ ਸੀ, ਥੰਮ ਸਾਹਿਬ, ਕਰਤਾਰਪੁਰ ਵਿਚ ਉਹ ਅਸਥਾਨ ਹੈ, ਜਿਥੇ ਦੀਵਾਨ ਦਾ ਕਮਰਾ ਬਨਾਉਣ ਲਈ ਗੁਰੂ ਅਰਜਨ ਦੇਵ ਜੀ ਨੇ ਟਾਲ੍ਹੀ ਦਾ ਥੰਭਾ ਲਾਇਆ ਸੀ।

**ਦੀਨਾ ਬੇਗ ਕੋ ਗਯੋ ਵਕੀਲ॥** ਅਦੀਨਾਂ ਬੇਗ ਦਾ ਵਕੀਲ, ਵਡਭਾਗ ਸਿੰਘ ਕੋਲ ਗਿਆ ਹੈ।

**ਗੁਰੂ ਮਿਲਨ ਕਛੁ ਕਰੀ ਨ ਢੀਲ॥ ੧੭॥** ਗੁਰੂ ਕੇ ਸਿੱਖ ਬਡਭਾਗ ਸਿੰਘ ਨੇ ਵੀ ਵਕੀਲ ਨੂੰ ਮਿਲਣ ਵਾਸਤੇ ਢਿੱਲ ਨਹੀਂ ਕੀਤੀ ਹੈ। ੧੭।

**ਦੋਨੋਂ ਮਿਲਨੇ ਬਾਤ ਠਹਿਰਾਈ॥** ਦੋਹਾਂ (ਅਦੀਨਾਂ ਬੇਗ ਦੇ ਵਕੀਲ ਤੇ ਬਡਭਾਗ ਸਿੰਘ ਨੇ) ਨੇ ਆਦੀਨਾਂ ਬੇਗ ਨਾਲ ਮਿਲਣ ਦੀ ਗੱਲਬਾਤ ਤਹਿ ਕਰ ਲਈ ਹੈ।

**ਅੱਧ ਬਿਚਾਲੇ ਜਾਗ੍ਹਾ ਠਾਈ॥** ਦੋਹਾਂ ਨੇ ਆਪੋ ਆਪਣੇ ਅਸਥਾਨ ਤੋਂ ਰਸਤੇ ਅੱਧ ਵਿਚਕਾਰ ਦੀ ਜਗ੍ਹਾ ਚੁਣ ਲਈ ਹੈ, ਗੱਲਬਾਤ ਵਾਸਤੇ।

**ਬਡਭਾਗ ਸਿੰਘ ਆ ਪਹਿਲਾਂ ਖੜਯਾਂ॥** ਉਸ ਜਗ੍ਹਾ 'ਤੇ ਬਡਭਾਗ ਸਿੰਘ ਪਹਿਲਾਂ ਆ ਖੜ੍ਹਾ ਹੋਇਆ ਹੈ, ਜਿਥੇ ਜਗ੍ਹਾ ਮੁਕੱਰਰ ਕੀਤੀ ਸੀ।

**ਤੁਰਤ ਨਬਾਬ ਤਹਾਂ ਚਲ ਆਯਾ॥ ੧੮॥** ਨਬਾਬ ਅਦੀਨਾਂ ਬੇਗ ਵੀ ਉਸ ਥਾਂ 'ਤੇ ਤੁਰਤ ਹੀ ਆ ਗਿਆ ਹੈ। ੧੮।

**ਦੋਨੋਂ ਉਤਰ ਇਕ ਜਾ ਆਏ॥** ਦੋਵੇਂ ਹੀ ਇਕ ਜਗ੍ਹਾ 'ਤੇ ਉੱਤਰ ਆਏ ਹਨ।

**ਹਾਥਨ ਮੈਂ ਹੱਥ ਗੁਰੂ ਦਬਾਏ॥** ਅਦੀਨਾਂ ਬੇਗ ਤੇ ਬਡਭਾਗ ਸਿੰਘ ਨੇ ਆਪਸ ਵਿਚ ਹੱਥ ਮਿਲਾ ਕੇ ਘੁੱਟਿਆ ਹੈ ਹੱਥਾਂ ਨੂੰ।

**ਨ੍ਵਾਬ ਕਹਯੋ 'ਤੁਮ ਪੀਰ ਹਮਾਰੇ'॥** ਨਵਾਬ ਅਦੀਨਾਂ ਬੇਗ ਨੇ ਕਿਹਾ, ਤੁਸੀਂ ਤਾਂ ਪੀਰ ਹੋ ਸਾਡੇ, ਅਸੀਂ ਵੀ ਗੁਰੂ ਨਾਨਕ ਦੇ ਮੁਰੀਦ ਹਾਂ।

**ਗੁਰੂ ਕਹੀ 'ਇਮਾਨ ਸਲਾਮਤ ਦਿਦਾਰੇ'॥ ੧੯॥** ਬਡਭਾਗ ਸਿੰਘ ਨੇ ਕਿਹਾ, ਤੁਹਾਡਾ ਦਿਦਾਰ ਤੇ ਇਮਾਨ ਸਲਾਮਤ ਰਹੇ। ੧੯।

**ਮਸੱਨਦ ਇਕ ਪੈ ਦੋਨੋਂ ਬਹੇ॥** ਇਕੋ (ਮਸਨਦ) ਆਸਣ 'ਤੇ ਦੋਵੇਂ ਬੈਠੇ ਹਨ ਆਪਸ ਵਿੱਚੀਂ ਵਿਚਾਰ ਕਰਨ ਵਾਸਤੇ।

**ਆਪ ਆਪਨੇ ਸਭ ਦੁਖ ਕਹੇ॥** ਦੋਹਾਂ ਨੇ ਆਪੋ ਆਪਣੇ ਦੁਖ ਦੱਸੇ ਹਨ।

**ਨਬਾਬ ਕਹੀ, ਹਮ ਮੁਲਕ ਦਿਵਾਵੋ॥** ਨਵਾਬ ਅਦੀਨਾਂ ਬੇਗ ਕਹਿਣ ਲੱਗਾ ਪੀਰ ਸਾਹਿਬ ਜੀ ! ਮੈਨੂੰ ਮੇਰਾ ਜਲੰਧਰ ਦਾ ਮੁਲਕ ਦਿਉ, ਮੈਨੂੰ ਜਲੰਧਰ ਦੀ ਸੂਬੇਦਾਰੀ ਦਿਵਾਓ।

**ਤੁਮ ਹੋ ਪੀਰ ਹਮ ਮੁਰੀਦ ਬਨਾਵੋ॥ ੨੦॥** ਤੁਸੀਂ ਸਾਡੇ ਪੀਰ ਹੋ, ਅੱਜ ਤੋਂ ਸਾਨੂੰ ਆਪਣੇ ਮੁਰੀਦ ਬਣਾ ਲਵੋ। ੨੦।

**ਦੋਹਰਾ॥ਕਰਤਾਰਪੁਰੇ ਜਿਤਨੀ ਕਰੀ ਪਠਾਨਨ ਜਲੰਧਰਵਾਲ॥** ਗੱਲ ਤਹਿ ਕਰ ਲਈ ਹੈ ਕਿ ਜਲੰਧਰ ਵਾਲੇ ਪਠਾਣਾਂ ਨੇ ਜਿਹਨਾਂ ਨੇ ਕਰਤਾਰਪੁਰ ਦੀ ਬੇਅਦਬੀ ਕੀਤੀ ਹੈ, ਜ਼ੁਲਮ ਕੀਤਾ ਹੈ।

**ਕਰੋਂ ਕਤਲ ਜਲੰਧਰ, ਤੂੰ ਲਿਖ ਦੇਹ ਨਿਜ ਹਥ ਨਾਲ ॥ ੨੧॥** ਉਨ੍ਹਾਂ ਨੇ ਕਰਤਾਰਪੁਰ ਕਤਲ ਕੀਤਾ ਸੀ, ਮੈਂ ਜਲੰਧਰ ਕਤਲ ਕਰਾਂਗਾ, ਤੂੰ ਆਪਣੇ ਹੱਥ ਨਾਲ ਲਿਖ ਕੇ ਦੇ ਦੇ, ਜੇ ਤੈਨੂੰ ਪ੍ਰਵਾਣ ਹੈ ਤਾਂ ਆ ਜਾ। ੨੧।

***ਚੌਪਈ॥ਨਾਸਰ ਅਲੀ ਕੋ ਫੂਕੋਂ ਤਿਮ ਹੀ॥*** ਨਾਸਰ ਅਲੀ ਜਲੰਧਰ ਦਾ ਜ਼ਾਲਿਮ ਫ਼ੌਜਦਾਰ ਸੀ। ਜਿਸ ਨੇ ੧੭੫੭ ਈ: ਵਿਚ ਕਰਤਾਰਪੁਰ ਦਾ ਥੱਮ੍ਹ ਸਾਹਿਬ ਸਾੜਿਆ ਸੀ। ਉਂਝ ਤਾਂ ਉਹ ਮਰ ਚੁੱਕਿਆ ਸੀ ਤੇ ਕਬਰ ਵਿਚ ਦੱਬਿਆ ਹੋਇਆ ਸੀ। ਉਸ ਦੁਸ਼ਟ ਨੂੰ ਉਵੇਂ ਹੀ ਅੱਗ ਵਿਚ ਪਾ ਕੇ ਫੂਕਾਂਗਾ।

***ਉਨੈਂ ਫੂਕਿਓ ਥੰਮ੍ਹ ਕੇ ਜਿਮ ਹੀ॥*** ਜਿਵੇਂ ਉਸ ਨੇ ਥੰਮ੍ਹ ਸਾਹਿਬ ਸਾੜਿਆ ਸੀ, ਓਵੇਂ ਹੀ ਨਾਸਰ ਅਲੀ ਨੂੰ ਸਾੜਾਂਗਾ।

***ਜਿਉਂ ਤਹਿਂ ਗਊ ਪਠਾਣਨ ਘਾਈ॥*** ਜਿਵੇਂ ਪਠਾਣਾਂ ਨੇ ਉੱਥੇ ਗਊਆਂ ਮਾਰੀਆਂ ਸਨ।

***ਮੈਂ ਊਹਾਂ ਦੇਊਂ ਸੂਰ ਜਲਾਈ॥ ੨੨॥*** ਮੈਂ ਉਥੇ ਜਲੰਧਰ ਦੀਆਂ ਮਸੀਤਾਂ ਵਿਚ ਸੂਰ ਸਾੜ ਦਿਆਂਗਾ। ੨੨।

***ਜਲੰਧਰ ਮੁਸਲੇ ਕਤਲੇ ਕਰੂੰ॥*** ਜਿੰਨੇ ਜਲੰਧਰ ਵਿਚ ਮੁਸਲਮਾਨ ਹਨ, ਉਹ ਸਾਰੇ ਮੈਂ ਕਤਲ ਕਰਾਂਗਾ।

***ਫੇਰ ਟਰਾਵੈਂ ਮੈਂ ਨਹਿਂ ਟਰੂੰ॥*** ਫਿਰ ਤੂੰ ਮੈਨੂੰ ਟਾਂਲੇ ਕਿ ਜਾਣ ਦਿਓ, ਮੈਂ ਨਹੀਂ ਓਇ ! ਟਲਣਾਂ। ਇਹ ਪੱਕੀ ਗੱਲ ਹੀ, ਇਹ ਸੋਚ ਲੈ ਪਹਿਲਾਂ।

***ਹਿੰਦਵਾਨੀ ਜਿਮ ਮੁਗਲਾਨੀ ਫੜਾਊਂ॥*** ਜਿਵੇਂ ਉਥੋਂ ਦੀਆਂ ਹਿੰਦੁਵਾਨੀਆਂ ਚੁੱਕੀਆਂ ਸਨ, ਉਵੇਂ ਮੈਂ ਮੁਗਲਾਣੀਆਂ ਤੇ ਪਠਾਣੀਆਂ ਫੜਾਉਣੀਆਂ ਹਨ ਜਲੰਧਰ ਦੀਆਂ, ਮੈਂ ਨਹੀਂ ਛੱਡਣੀਆਂ, ਵੈਰ ਤਦ ਮੈਂ ਲਵਾਂਗਾ।

***ਚੂਹੜਨ ਕੋ ਮੈਂ ਪਠਾਨੀ ਕਰਾਊਂ॥ ੨੩॥*** ਚੂਹੜਿਆਂ ਦੇ ਨਾਲ ਮੈ ਪਠਾਣੀਆਂ ਦੀਆਂ ਸ਼ਾਦੀਆਂ ਕਰਾਂਗਾ, ਪਠਾਣੀਆਂ ਨਾਲ ਮੈਂ ਉਹ ਕਰਵਾਵਾਂਗਾ ਜੋ ਪਠਾਣਾਂ ਨੇ ਹਿੰਦੁਵਾਨੀਆਂ ਨਾਲ ਕੀਤਾ ਹੈ। ੨੩।

***ਕਸਮ ਸਾਥ ਮੋ ਕੋ ਲਿਖ ਦੇਹੁ॥*** ਕੁਰਾਨ ਦੀ ਕਸਮ ਦੇ ਨਾਲ ਮੈਨੂੰ ਇਹ ਲਿਖ ਕੇ ਦੇ ਕਿ ਮੈਨੂੰ ਮਨਜ਼ੂਰ ਹੈ ਇਹ ਗੱਲ।

***ਮੁਲਕ ਦੁਆਬਾ ਮੈਂ ਤੋ ਲੇਹੁ॥*** ਜੇ ਇਹ ਗੱਲਾਂ ਮਨਜ਼ੂਰ ਹਨ ਤਾਂ ਦੁਆਬਾ ਦੇਸ਼ ਮੇਰੇ ਕੋਲੋਂ ਲਵੀਂ ਆ ਕੇ।

***ਪਹਿਲੋਂ ਦੀ ਮੈਂ ਦੇਉਂ ਛਡਾਈ॥*** ਬਡਭਾਗ ਸਿੰਘ ਕਹਿੰਦਾ, 'ਪਹਿਲਾਂ ਮੈਂ ਤੇਰੀ ਸੂਬੇਦਾਰੀ ਛੁਡਾ ਕੇ ਦੇਵਾਂਗਾ'।

***ਪਾਛੈ ਹਮਰੋ ਮਨ ਪਤਿਆਈਂ॥ ੨੪॥*** ਪਿੱਛੋਂ ਸਾਡੇ ਮਨ ਦੀ ਤਸੱਲੀ ਕਰਾ ਦੇਵੀਂ। ੨੪।

***ਦੋਹਰਾ॥ਬਡਭਾਗ ਸਿੰਘ ਜੋਊ ਕਹੀ, ਸੋ ਉਨ ਲੀਨੀ ਮਾਨ॥*** ਬਡਭਾਗ ਸਿੰਘ ਨੇ ਜਿੰਨੀਆਂ ਵੀ ਸ਼ਰਤਾਂ ਰੱਖੀਆਂ ਸਨ, ਅਦੀਨਾਂ ਬੇਗ ਨੇ ਸਭ ਪ੍ਰਵਾਣ ਕਰ ਲਈਆਂ, ਕਹਿਣ ਲੱਗਾ, 'ਮੈਨੂੰ ਮੰਨਜੂਰ ਹੈ' 'ਮੈਂ ਤੁਹਾਡੀਆਂ ਸਭ ਸ਼ਰਤਾਂ ਪੂਰੀਆਂ ਕਰਾਂਗਾ।

***ਖਾਈ ਕਸਮ ਕੁਰਾਨ ਕੀ, 'ਸਾਬਤ ਰਖੋਂ ਇਮਾਨ' ॥੨੫॥*** ਕੁਰਾਨ ਦੀ ਕਸਮ ਖਾ ਕੇ ਕਹਿਣ ਲੱਗਾ, ' ਮੈਂ ਇਮਾਨ 'ਤੇ ਸਾਬਤ ਰਹਾਂਗਾ, ਮੈਂ ਨਹੀਂ ਡੋਲਦਾ, ਮੈਂ ਨਹੀਂ ਡੋਲਦਾ, ਮੈਂ ਨਹੀਂ ਮੁਕਰਦਾ ਇਸ ਗੱਲ ਤੋਂ'। ੨੫।

***ਚੌਪਈ॥ਬਡਭਾਗ ਸਿੰਘ ਲਿਖ ਖਾਲਸੇ ਕਹੀ॥*** ਬਡਭਾਗ ਸਿੰਘ ਨੇ ਖਾਲਸੇ ਪੰਥ ਨੂੰ ਲਿਖ ਕੇ ਭੇਜਿਆ ਹੈ।

***ਹਮ ਗੁਰ ਹੋ ਤੁਮ ਸਿੰਘ ਹੋ ਸਹੀ॥*** ਅਸੀਂ ਤੇ ਤੁਸੀਂ ਸਾਰੇ ਹੀ ਗੁਰੂ ਕੇ ਸਿੰਘ ਹਾਂ।

***ਆਵੋ ਪਰਸੁਾਰਥ ਗੁਰ ਕਾਜ॥*** ਗੁਰੂ ਕੇ ਕਾਰਜ਼ ਵਾਸਤੇ ਪਰਉਪਕਾਰ ਵਾਸਤੇ ਆ ਜਾਓ, ਖਾਲਸਾ ਜੀ !

***ਆਵੋ ਸਭ ਖਾਲਸੋ ਕਰ ਸਾਜ॥ ੨੬॥*** ਸਾਰਾ ਖਾਲਸਾ ਜੰਗ ਦਾ ਸਾਜਾ ਕਰਕੇ ਆ ਜਾਓ, ਗੁਰੂ ਘਰ ਦਾ ਬਦਲਾ ਲੈਣ ਵਾਸਤੇ। ੨੬।

***ਨਵਾਬ ਡੇਰਾ ਤਬ ਕੀਓ ਤਿਆਰ॥*** ਅਦੀਨਾਂ ਬੇਗ ਨਵਾਬ ਨੇ ਆਪਣੀ ਫ਼ੌਜ ਤਿਆਰ ਕਰ ਲਈ ਹੈ।

***ਬੁਲਾਏ ਪਹਾੜੀਏ ਲੜਨੇ ਵਾਰ॥*** ਜਿਹੜੇ ਪਹਾੜੀਏ ਜਲੰਧਰ ਨੂੰ ਮਾਮਲਾ ਭਰਦੇ ਸਨ, ਉਹਨਾਂ ਲੜਨ ਵਾਲੇ ਪਹਾੜੀਆਂ ਨੂੰ ਬੁਲਾ ਲਿਆ ਹੈ।

***ਸਿੰਘਨ ਕੋ ਯੌ ਲਿਖ ਪਠਾਯੋ॥*** ਸਿੰਘਾਂ ਨੂੰ ਇਉਂ ਲਿਖ ਕੇ ਭੇਜਿਆ ਹੈ।

***'ਜਾਣੋ ਮੋਹਿ ਜਲੰਧਰ ਆਯੋ॥ ੨੭॥*** ਮੈਨੂੰ ਜਲੰਧਰ ਆਇਆ ਹੀ ਸਮਝੋ। ੨੭।

**ਆਗੇ ਡੇਰਾ ਤੁਮ ਕੇ ਲਯਾਊਂ॥** ਖਾਲਸਾ ਜੀ ਮੈਂ ਆਪਣੀ ਫ਼ੌਜ ਦਾ ਡੇਰਾ ਤੁਹਾਡੇ ਨਾਲੋਂ ਪਹਿਲਾਂ ਲੈ ਕੇ ਆਵਾਂਗਾ।

**ਨੀਹਲ ਆਨ ਮੈਂ ਡੇਰਾ ਪਾਊਂ॥** ਪਹਾੜਾਂ ਦੀ ਉਤਾਰਾਈ ਵਿਚ ਹੇਠਾਂ ਮੈਦਾਨੀ ਇਲਾਕੇ ਵਿਚ ਮੈਂ ਆ ਕੇ ਡੇਰਾ ਪਾਵਾਂਗਾ।

**ਆਗੇ ਗਿਲਜਨ ਸੁਨੀ ਅਵਾਈ॥** ਅੱਗੇ ਗਿਲਜਿਆਂ ਨੇ ਸੁਣਿਆਂ ਕਿ ਅਦੀਨਾਂ ਬੇਗ ਫ਼ੌਜ ਲੈ ਕੇ ਆ ਰਿਹਾ ਹੈ।
ਅਵਾਈ=ਅਫਵਾਹ।

**ਉਤਰੇ ਮੁਹਰੇ ਸੋਈ ਆਈ॥ ੨੮॥** ਉਨ੍ਹਾਂ ਗਿਲਜਿਆਂ ਦੀ ਫੌਜ ਅੱਗੋਂ ਹੀ ਮੁਹਰੇ ਆ ਉੱਤਰੀ ਹੈ। ੨੮।

**ਪਾਂਛਡ ਜਾਇ ਉਨ ਡੇਰਾ ਕਰਾ॥** ਉਸ ਨੇ ਪਿੱਛੇ ਜਾ ਕੇ ਡੇਰਾ ਕਰ ਲਿਆ ਹੈ।

**ਨਵਾਬ ਉਹਾਂ ਉਨ ਤੇ ਬਹੁ ਡਰਾ॥** ਅਦੀਨਾਂ ਬੇਗ ਨਵਾਬ ਉਥੇ ਉਹਨਾਂ ਤੋਂ ਬਹੁਤ ਡਰ ਗਿਆ ਹੈ।

**ਅਗੇ ਤੁਰਕਨ ਉਸੇ ਭੁੱਲ ਗਯੋ॥** ਉਸ ਵੇਲੇ ਤੁਰਕਾਂ ਨੂੰ ਅੱਗੇ ਜਾਣਾ ਹੀ ਭੁੱਲ ਗਿਆ ਹੈ (ਅਦੀਨਾਂ ਬੇਗ ਤੋਂ ਉਸ ਦੀ ਫ਼ੌਜ ਨੂੰ)

**ਰਹਣ ਉਹਾਂ ਉਸ ਦੁਭਰ ਭਯੋ॥ ੨੯॥** ਉਸ (ਅਦੀਨਾਂ ਬੇਗ) ਦਾ ਉੱਥੇ ਰਹਿਣਾ ਵੀ ਦੁੱਭਰ ਹੋ ਗਿਆ ਹੈ ਕਿ ਜੇ ਮੈਂ ਏਥੋਂ ਤੁਰ ਪਿਆ ਤਾਂ ਮੇਰੇ 'ਤੇ ਹਮਲਾ ਨਾ ਹੋ ਜਾਵੇ। ੨੯।

**ਦੋਹਰਾ॥ਸੁਨਤ ਖਾਲਸੋ ਚੜ੍ਹ ਤੁਰਾ ਜਾਲੰਧਰ ਕੇ ਰਾਹੁ॥** ਇਹ ਸੁਣਨ ਸਾਰ ਹੀ ਬਡਭਾਗ ਸਿੰਘ ਦਾ ਸੁਨੇਹਾ, ਖਾਲਸਾ ਜਲੰਧਰ ਦੇ ਰਾਹ ਨੂੰ ਚੜ੍ਹ ਤੁਰਿਆ ਹੈ।

**ਮਾਰਤ ਕੂਟਤ ਮੁਲਕ ਉਸ ਢੁਕਯੋ ਫੌਜ ਕੇ ਪਾਹਿ॥ ੩੦॥** ਉਸ ਮੁਲਕ ਨੂੰ ਮਾਰਦਾ ਕੁੱਟਦਾ ਹੋਇਆ ਅਦੀਨਾਂ ਬੇਗ ਦੀ ਫ਼ੌਜ ਕੋਲ ਆ ਪਹੁੰਚਿਆ ਹੈ ਖਾਲਸਾ। ੩੦।

**ਚੌਪਈ॥ਜੋਊ ਸੂਰ ਹੁਤੇ ਅਤਿ ਭਾਰੋ॥** ਜਿਹੜੇ ਅਤੀ ਭਾਰੀ ਸੂਰਮੇਂ ਬਲਵਾਨ ਸਨ।

**ਕਹੈਂ 'ਨਵਾਬ ਬਿਨਾਂ ਇਸ ਮਾਰੋ'॥** ਉਹ ਕਹਿੰਦੇ ਨਵਾਬ ਦੀਨਾਂ ਬੇਗ ਨੂੰ ਸੱਦਣ ਦੀ ਕੀ ਲੋੜ ਹੈ? ਕਹਿੰਦੇ ਨਵਾਬ ਤੋਂ ਬਗੈਰ ਹੀ ਇਸ (ਜਲੰਧਰ) ਨੂੰ ਮਾਰੀਏ।

**ਔ ਸਿੰਘ ਸਯਾਣੇ ਕਹੈਂ ਨਵਾਬ ਬੁਲਾਵੈਂ॥** ਅਤੇ ਸਿਆਣੇ ਸਿੰਘ ਕਹਿੰਦੇ, 'ਪਹਿਲਾਂ ਨਵਾਬ ਨੂੰ ਬੁਲਾ ਲਈਏ'।

**ਪਹਿਲੇ ਉਸ ਤੇ ਜੁਧ ਮਚਾਵੈਂ॥ ੩੧॥** ਪਹਿਲਾਂ ਉਸ ਤੋਂ ਲੜਾਈ ਸ਼ੁਰੂ ਕਰਵਾਈਏ ਉਸ ਨੇ ਸੂਬੇਦਾਰੀ ਕਰਨੀ ਹੈ, ਉਸ ਦੀ ਗੁਮਰਾਹੀ ਕਢਾਈਏ ਪਹਿਲਾਂ, ਮਗਰੋਂ ਇਉਂ ਨਾ ਕਹੇ ਕਿ ਇਹ ਤਾਂ ਮੈਂ ਹੀ ਮਾਰ ਲੈਂਦਾ ਪਹਿਲਾਂ, ਖਾਲਸੇ ਦੀ ਤਾਂ ਲੋੜ ਹੀ ਨਹੀਂ ਸੀ। ੩੧।

**ਉਸੇ ਗੁਮਰਾਹੀ ਲਯੈ ਕਢਾਇ॥** ਪਹਿਲਾਂ ਉਸ ਦੀ ਆਕੜ ਫਾਕੜ ਕਢਾ ਲਈਏ ਸੂਬੇ ਦੀ।

**ਪਾਛੇ ਮਾਰੈਂ ਗਿਲਜਨ ਧਾਇ॥** ਪਿੱਛੋਂ ਗਿਲਜਿਆਂ 'ਤੇ ਧਾਵਾ ਬੋਲ ਕੇ ਮਾਰੀਏ ਉਨ੍ਹਾਂ ਨੂੰ।

**ਸੁਨੈ ਨਿਬਾਬ ਖਾਲਸੋ ਆਯੋ॥** ਜਦੋਂ ਨਵਾਬ (ਅਦੀਨਾਂ ਬੇਗ) ਨੇ ਸੁਣਿਆਂ ਕਿ ਖਾਲਸਾ ਪੰਥ ਆ ਗਿਆ ਹੈ।

**ਜਾਣਯੋਂ ਹੋਗ ਮੋਮਨ ਕੋ ਭਾਯੋ॥ ੩੨॥** ਉਸ ਨੇ ਜਾਣਿਆਂ ਹੈ ਕਿ ਜਿਵੇਂ ਮੇਰਾ ਮਨ ਚਾਹੁੰਦਾ ਹੈ ਕਿ ਸੂਬੇਦਾਰੀ ਮੈਨੂੰ ਵਾਪਸ ਦੇ ਦੇਣ ਖੋਹ ਕੇ ਕਹਿੰਦਾ 'ਮੇਰੇ ਮਨ ਦੀ ਭਾਵਨਾ ਪੂਰੀ ਹੋ ਗਈ ਹੈ ਹੁਣ'। ੩੨। *(ਪਾ: ਮੋ ਮਨ ਹੈ)*

**ਦੋਹਰਾ॥ਨਬਾਬ ਪਹਾੜੋਂ ਤੋਂ ਲਹਯੋ ਜਬ ਸਿੰਘਨ ਓਇ ਲੈ ਜੋਇ॥** ਨਵਾਬ ਪਹਾੜਾਂ ਤੋਂ ਉਦੋਂ ਉੱਤਰਿਆ ਹੈ,ਜਦੋਂ ਉਸ ਨੇ ਵੇਖ ਲਿਆ ਕਿ ਠੀਕ ਖਾਲਸਾ ਮੇਰੇ ਨਾਲ ਰਾਜ਼ੀ ਹੈ,ਮੇਰੀ ਮਦਦ 'ਤੇ ਆਏ ਹਨ ਖਾਲਸੇ।

**ਫੇਰ ਸੁ ਸਿੰਘਨ ਤੇ ਡਰਯੋ 'ਮਤ ਜੀਤੈਂ ਮੈਂ ਸੋਇ'॥ ੩੩॥** ਫਿਰ ਸਿੰਘਾਂ ਤੋਂ ਡਰ ਗਿਆ ਹੈ ਕਿ ਕਿਤੇ ਸਿੰਘ ਮੈਨੂੰ ਨਾ ਫੜ ਲੈਂਦੇ ਹੋਣ, ਸਿੰਘ ਕਿਤੇ ਮੈਨੂੰ ਨਾ ਜਿੱਤ ਲੈਂਦੇ ਹੋਣ। ੩੩।

**ਚੌਪਈ॥ਬਡਭਾਗ ਸਿੰਘ ਸੌਂ ਉਨ ਸਭ ਕਹੀ॥** ਬਡਭਾਗ ਸਿੰਘ ਨੂੰ ਉਸ ਨੇ ਆਪਣੇ ਦਿਲ ਦੇ ਡਰ ਦੀ ਸਾਰੀ ਗੱਲ ਆਖੀ ਹੈ।

***ਗੁਰੂ ਕਹਯੋਂ, 'ਤੂੰ ਡਰ ਕਿਛੁ ਨਹੀਂ'॥*** ਅੱਗੋਂ ਗੁਰੂ ਕੇ ਬਡਭਾਗ ਸਿੰਘ ਨੇ ਆਖਿਆ ਅਦੀਨਾਂ ਬੇਗ ਨੂੰ 'ਤੂੰ ਕਿਸੇ ਤਰ੍ਹਾਂ ਵੀ ਡਰ ਨਾ ਖਾਲਸੇ ਤੋਂ ਉਹ ਤਾਂ ਤੇਰੀ ਮੱਦਦ 'ਤੇ ਆਇਆ ਹੈ।

***ਬਡਭਾਗ ਸਿੰਘ ਤਿਸ ਧੀਰ ਧਰਾਈ॥*** ਬਡਭਾਗ ਸਿੰਘ ਨੇ ਉਸ ਨੂੰ ਤਸਲੀ ਦਿੱਤੀ, ਉਸ ਦਾ ਹੌਂਸਲਾ ਵਧਾਇਆ ਹੈ।

***ਤਬ ਆਯੋ ਵਹਿ ਖਾਲਸੇ ਪਾਈ॥ ੩੪॥*** ਅਦੀਨਾਂ ਬੇਗ ਤਦ ਆਇਆ ਹੈ ਖਾਲਸੇ ਪੰਥ ਦੇ ਪਾਸ। ੩੪।

***ਦੋਹਰਾ॥ਸ੍ਯਾਮ ਸਿੰਘ ਜੱਸਾ ਸਿੰਘ ਮੁਗਲ ਲਯੋ ਮਿਲਾਇ॥*** ਜਥੇਦਾਰ ਸ੍ਯਾਮ ਸਿੰਘ ਨਾਰੋਕਿਆਂ ਵਾਲੇ ਤੇ ਜ: ਜੱਸਾ ਸਿੰਘ ਜੀ ਆਹਲੂਵਾਲੀਆ ਉਸ ਸਮੇਂ ਪੰਥ (ਬੁੱਢਾ ਦਲ) ਦੇ ਜਥੇਦਾਰ ਸਨ, ਸ੍ਯਾਮ ਸਿੰਘ ਬਾਰਾਂ ਹਜ਼ਾਰ ਘੋੜ ਸਵਾਰ ਲੈ ਕੇ ਬੁੱਢੇ ਦਲ ਦੇ ਨਾਲ ਰਹਿੰਦੇ ਸਨ ਜੱਸਾ ਸਿੰਘ ਬੁੱਢੇ ਦਲ ਦਾ ਚੌਥੇ ਜਥੇਦਾਰ ਸਨ, ਗੁਰੂ ਸਾਹਿਬ ਜੀ ਤੋਂ ਬਾਅਦ। ਉਨ੍ਹਾਂ ਨਾਲ ਮਿਲਾ ਦਿੱਤਾ ਬਡਭਾਗ ਸਿੰਘ ਨੇ ਅਦੀਨਾਂ ਬੇਗ ਨੂੰ।

***ਨਜ਼ਰਾਨਾ ਖਾਲਸੇ ਲਯੋ, ਔ ਕੁਛ ਲਾਈ ਤਨਖਾਹਿ॥ ੩੫॥*** ਖਾਲਸੇ ਨੇ ਉਸ ਤੋਂ ਨਜ਼ਰਾਨਾ ਲਿਆ ਹੈ ਅਤੇ ਕੁਛ ਡੰਨ ਵੀ ਲਾਇਆ ਹੈ ਉਸ ਨੂੰ, ਖਾਲਸੇ ਦਾ ਮਾਮਲਾ ਭਰ ਲਿਆ, ਲੰਗਰ ਵਾਸਤੇ ਰਸਤ ਬਸਤ, ਕੜਾਹ ਪ੍ਰਸ਼ਾਦ ਅਤੇ ਸ਼ਹੀਦੀ ਦੇਗਾਂ ਵਾਸਤੇ ਮਾਇਆ ਹਾਜ਼ਰ ਕਰ। ੩੫।

***ਦੋਹਰਾ॥ਤਬ ਨਵਾਬ ਖਾਲਸੇ ਕਹੀ, 'ਹਮ ਤੁਮ ਗੁਰ ਕੀ ਆਸ'॥*** ਤਦ ਨਵਾਬ ਅਦੀਨਾਂ ਬੇਗ ਨੇ ਖਾਲਸੇ ਨੂੰ ਆਖਿਆ, ਜੀ ਮੇਰੀ ਤਾਂ ਗੁਰੂ 'ਤੇ ਆਸ ਹੈ, ਗੁਰੂ ਮਹਾਰਾਜ ਸਾਨੂੰ 'ਫਤਹ' ਬਖ਼ਸ਼ਸ਼ ਕਰਨ।

***ਸਵੇਰੇ ਮਾਰੋ ਕਾਬਲੀ, ਹਮ ਤੁਮ ਕੰਮ ਹੁਇ ਰਾਸ॥ ੩੬॥*** ਕੱਲ੍ਹ ਸਵੇਰੇ ਕਾਬਲੀ ਗਿਲਜਿਆਂ ਨੂੰ ਮਾਰੋ, ਜਿਸ ਕਰਕੇ ਸਾਡਾ ਤੇ ਤੁਹਾਡਾ ਕੰਮ ਰਾਸ ਹੋ ਜਾਵੇ। ੩੬।

***ਚੌਪਈ॥ਤਬੈ ਖਾਲਸੈ ਯੌਂ ਹਸ ਕਹੀ॥*** ਤਦ ਖਾਲਸੇ ਨੇ ਹੱਸ ਕੇ ਇਉਂ ਆਖਿਆ ਹੈ।

***ਹਮ ਤੁਮ ਰਲ ਮਿਲ ਲੜਨੋਂ ਨਹੀ॥*** ਅਸੀਂ ਤੁਹਾਡੇ ਨਾਲ ਰਲ ਮਿਲ ਕੇ ਨਹੀਂ ਲੜਨਾ ਹੈ, ਗਿਲਜਿਆਂ ਨਾਲ।

***ਜਬੈ ਖਾਲਸੇ ਉਠੇ ਤਰਵਾਰ॥*** ਜਦੋਂ ਖਾਲਸੇ ਨੇ ਹੱਲਾ ਬੋਲਿਆ, ਜਦੋਂ ਖਾਲਸੇ ਦੀ ਤਲਵਾਰ ਉੱਠੇਗੀ ਜੰਗ ਵਿਚ।

***ਬਿਨ ਪਛਾਣ ਸਭ ਹੁਇ ਹੈਂ ਮਾਰ॥ ੩੭॥*** ਬਿਨਾਂ ਪਛਾਣ ਤੋਂ ਸਭ ਤੁਰਕਾਂ 'ਤੇ ਮਾਰ ਹੋਵੇਗੀ ਜਾਂ ਮੁਗਲ ਹਨ ਜਾਂ ਪਠਾਣ। ਕਿਉਂਕਿ ਅਦੀਨਾਂ ਬੇਗ ਦੀ ਫ਼ੌਜ ਵੀ ਮੁਸਲਮਾਨਾਂ ਦੀ, ਇਸ ਕਰਕੇ ਖਾਲਸਾ ਆਖ ਰਿਹਾ ਨਵਾਬ ਨੂੰ ਕਿ ਉਹਨਾਂ ਦੇ ਭੁਲੇਖੇ ਵਿੱਚ ਕਿਤੇ ਤੇਰੀ ਫ਼ੌਜ ਨਾ ਮਾਰੀ ਜਾਏ, ਖਾਲਸੇ ਦੇ ਹੱਥੋਂ। ੩੭।

***ਤਬ ਨਵਾਬ ਨੇ ਐਸ ਠਹਰਾਈ॥*** ਤਦ ਨਬਾਬ ਨੇ ਕਿਹਾ ਖਾਲਸਾ ਜੀ ! ਇਉਂ ਨਾ ਹੋਵੇ ਕਿ ਮੇਰੀ ਫ਼ੌਜ ਵੀ ਰਗੜ ਦਿਉ, ਉਨ੍ਹਾਂ ਦੇ ਨਾਲ ਹੀ, ਨਵਾਬ ਨੇ ਇਉਂ ਗੱਲ ਤਹਿ ਕਰ ਲਈ ਹੈ ਖਾਲਸੇ ਨਾਲ ।

***'ਹਮਰੀ ਫੌਜ ਸਿਰ ਟੰਗੈ ਹਰਿਆਈ॥*** ਅਸੀਂ ਆਪਣੀ ਫ਼ੌਜ ਦੀ ਨਿਸ਼ਾਨੀ ਰੱਖ ਲੈਂਦੇ ਹਾਂ, ਸਾਡੀ ਫ਼ੌਜ ਆਪਣੇ ਸਿਰ 'ਤੇ ਹਰਿਆਈ ਟੰਗੇਗੀ। ਹਰੇ ਕਣਕ ਦਾ ਖੇਤ ਸੀ, ਅਦੀਨਾਂ ਬੇਗ ਨੇ ਉਹ ਕੱਟ ਕੇ ਆਪਣੀ ਫ਼ੌਜ ਦੀਆਂ ਪੱਗਾਂ ਵਿਚ ਉਹ ਟੰਗ 'ਦਿੱਤੇ ਹਨ, ਜਿਵੇਂ ਲੋਕ ਦੁਸਹਿਰੇ ਵਾਲੇ ਦਿਨ ਆਪਣੀ ਪੱਗ,'ਚ ਹਰੀ ਕਣਕ ਟੰਗ ਲੈਂਦੇ ਹਨ।

***ਤਬਹਿ ਖਾਲਸੇ ਲਈ ਸੁ ਮਾਨ॥*** ਤਦ ਖਾਲਸੇ ਨੇ ਉਸ ਦੀ ਗੱਲ ਮੰਨ ਲਈ ਹੈ।

***ਹਮ ਛਾਡੈਂ ਯੌ ਤੁਮੈਂ ਪਹਿਚਾਨ॥ ੩੮॥*** (ਖਾਲਸੇ ਨੇ ਕਿਹਾ) ਅਸੀਂ ਤੁਹਾਨੂੰ ਇਉਂ ਹਰਿਆਲੀ ਵੇਖ ਕੇ ਛੱਡਾਂਗੇ ਪਛਾਣ ਕੇ ਕਿ ਇਹ ਤਾਂ ਅਦੀਨਾਂ ਬੇਗ ਦੇ ਸਿਪਾਹੀ ਹਨ। ੩੮।

***ਦੋਹਰਾ॥ਸੋਊ ਕੀਨੋ ਪ੍ਰਾਤ ਉਠ ਸਿਰ ਪਰ ਕਣਕ ਟੰਗਾਇ॥*** ਉਹੀ ਕੀਤਾ ਹੈ ਸਵੇਰੇ ਉਠ ਕੇ ਅਦੀਨਾਂ ਬੇਗ ਨੇ ਆਪਣੀ ਸਾਰੀ ਫ਼ੌਜ ਦੀਆਂ ਪੱਗਾਂ ਵਿਚ ਹਰੀ ਕਣਕ ਟੰਗਾ ਦਿੱਤੀ ਹੈ।

***ਡੇਰਾ ਕੀਨੋ ਕੂਚ ਤਬ ਦਈ ਲੜਾਈ ਪਾਇ॥ ੩੯॥*** ਤਦ ਨਵਾਬ ਅਦੀਨਾਂ ਬੇਗ ਨੇ ਉਥੋਂ ਕੂਚ ਕਰ ਕੇ ਗਿਲਜਿਆਂ

ਨਾਲ ਜਾ ਲੜਾਈ ਸ਼ੁਰੂ ਕੀਤੀ ਹੈ। ੩੯।

***ਚੌਪਈ॥ਉਨ ਆਗੈ ਯੌ ਜੁਗਤ ਬਨਾਈ॥*** ਅੱਗੇ ਉਨ੍ਹਾਂ ਪਠਾਣਾਂ ਨੇ ਵੀ ਲੜਾਈ ਲੜਨ ਵਾਸਤੇ ਵਿਉਂਤ ਬਣਾਈ ਹੋਈ ਸੀ।

***ਮੋਹਰੇ ਮੋਰਚੋ ਬੰਧਯੋ ਆਈ॥*** ਮੁਹਰਿਓਂ ਉਨ੍ਹਾਂ ਨੇ ਵੀ ਪੱਕੀ ਤਰ੍ਹਾਂ ਮੋਰਚਾਬੰਦੀ ਕੀਤੀ ਹੋਈ ਸੀ, ਮੁਹਰੇ ਆ ਕੇ ਮੋਰਚਾ ਬੰਨ੍ਹਿਆ ਹੋਇਆ ਸੀ।

***ਤੋਪਖਾਨੇ ਕੀਓ ਆਗੇ ਜ਼ੋਰ॥*** ਅੱਗੇ ਜਲੰਧਰ ਵਾਲੇ ਪਠਾਣਾਂ ਨੇ ਤੋਪਖਾਨਾਂ ਬੀੜਿਆ ਹੋਇਆ ਸੀ, ਕਿ ਅੱਗੋਂ ਤੋਪਾਂ ਦੇ ਨਾਲ ਉਡਾਵਾਂਗੇ।

***ਦੁਈ ਤਰਫ ਕੀ ਜੰਬੂਰਨ ਕੋਰ॥ ੪੦॥*** ਤੋਪਾਂ ਦੇ ਕੋਲ ਦੋਹੀਂ ਪਾਸੀਂ ਜੰਬੂਰਿਆ ਦੀਆਂ ਲਾਈਨਾਂ ਬੱਧੀਆਂ ਹੋਈਆਂ ਸਨ। ੪੦।

***ਮੱਧ ਸੁ ਫੌਜ ਅਸਵਾਰੀ ਰਹੀ॥*** ਉਨ੍ਹਾਂ ਦੇ ਵਿਚਕਾਰ ਘੋੜ ਸਵਾਰਾਂ ਦੀ ਫ਼ੌਜ ਤਿਆਰ ਰੱਖੀ।

***ਇਸ ਬਿਧਿ ਲੜਾਈ ਕੀਨੀ ਸਹੀ॥*** ਇਸ ਤਰ੍ਹਾਂ ਲੜਾਈ ਦਾ ਸਹੀ ਢੰਗ ਤਰੀਕਾ ਕੀਤਾ ਹੈ।

***ਉਤੇ ਨਵਾਬ ਭੀ ਫੌਜ ਚੜ੍ਹਾਈ॥*** ਉਨ੍ਹਾਂ (ਪਠਾਣਾਂ) 'ਤੇ ਨਵਾਬ ਨੇ ਆਪਣੀ ਫ਼ੌਜ ਦੀ ਚੜ੍ਹਾਈ ਕੀਤੀ ਹੈ।

***ਗਿਲਜਨ ਦੀਨੀ ਸੋਊ ਹਟਾਈ॥ ੪੧॥*** ਗਿਲਜਿਆਂ ਨੇ ਅੱਗੋਂ (ਮੁਕਾਬਲਾ ਕਰਕੇ) ਉਹ ਫ਼ੌਜ ਅਦੀਨਾਂ ਬੇਗ ਦੀ ਹਟਾ ਦਿੱਤੀ ਹੈ। ੪੧।

***ਨਵਾਬ ਸਿੰਘਨ ਪੈ ਮਨੁੱਖ ਦੁੜਾਵੈ॥*** ਨਵਾਬ ਅਦੀਨਾਂ ਬੇਗ ਆਪ ਤਾਂ ਲੜਾਈ ਦੀ ਅਗਵਾਈ ਕਰ ਰਿਹਾ ਹੈ, ਸਿੰਘਾਂ ਕੋਲ ਬੰਦੇ ਭੇਜਦਾ ਹੈ ਕਿ ਖਾਲਸਾ ਜੀ ! ਮਦਦ ਕਰੋ ਮੇਰੀ।

***ਸਿੰਘ ਸੋ ਲੜਨੇ ਥੋੜੇ ਆਵੈਂ॥*** ਥੋੜ੍ਹੇ-ਥੋੜ੍ਹੇ ਸਿੰਘ ਲੜਨ ਵਾਸਤੇ ਆਉਂਦੇ ਹਨ ਮੈਦਾਨ ਵਿਚ।

***ਨਵਾਬ ਫੌਜ ਉਨ ਦਈ ਚਲਾਈ॥*** ਨਵਾਬ ਦੀਨਾਂ ਬੇਗ ਦੀ ਫ਼ੌਜ ਉਨ੍ਹਾਂ ਨੇ ਭਜਾ ਦਿੱਤੀ ਹੈ ਮੈਦਾਨ ਵਿੱਚੋਂ, ਖੜ੍ਹਨ ਹੀ ਨਾ ਦਿੱਤੀ, ਅੱਗੇ ਲਾ ਲਈ ਹੈ।

***ਤੋਪ ਜੰਬੂਰਨ ਬਹੁਤੀ ਘਾਈ॥ ੪੨॥*** ਅਦੀਨਾ ਬੇਗ ਦੀ ਫ਼ੌਜ ਤੋਪਾਂ ਜੰਬੂਰਿਆਂ ਨਾਲ ਬਹੁਤ ਮਾਰੀ ਗਈ ਹੈ। ੪੨।

***ਨਵਾਬ ਫੌਜ ਤਬ ਫੀਕੀ ਭਈ॥*** ਨਵਾਬ ਦੀ ਫ਼ੌਜ ਫਿੱਕੀ ਪੈ ਗਈ ਹੈ ਲੜਾਈ ਵਿਚ, ਮੂੰਹ ਨਾ ਕਰਨ ਓਧਰ, ਓਧਰ ਤੋਪਾਂ ਵੱਲ।

***ਨਵਾਬ ਦਿਲੇ ਬਹੁ ਚਿੰਤਾ ਠਈ॥*** ਨਵਾਬ ਅਦੀਨਾਂ ਬੇਗ ਦੇ ਦਿਲ ਵਿਚ ਬੜਾ ਫ਼ਿਕਰ ਹੋ ਗਿਆ ਹੈ ਕਿ ਮੇਰੀ ਫੌਜ ਤਾਂ ਭਾਂਜ ਖਾ ਗਈ ਹੈ, ਅਗਾਂਹ ਹੁੰਦੀ ਨਹੀਂ ਹੈ ਦੁਸ਼ਮਣ ਦੇ ਅੱਗੇ, ਹੁਕਮ ਕੀਤਿਆਂ ਤੋਂ ਵੀ ਅਗਾਂਹ ਨਹੀਂ ਵਧਦੀ ਫ਼ੌਜ।

***ਤਬ ਨਵਾਬ ਨੇ ਘੱਲੋ ਅਸਵਾਰ॥*** ਤਦ ਅਦੀਨਾਂ ਬੇਗ ਨੇ ਘੋੜ ਸਵਾਰ ਭਜਾਏ ਹਨ ਖਾਲਸੇ ਕੋਲ।

***ਖਾਲਸੋ ਨਹਿੰ ਆਯੋ ਹਮ ਲਏ ਮਾਰ॥ ੪੩॥*** ਖਾਲਸਾ ਮੇਰੀ ਮਦਦ 'ਤੇ ਨਹੀਂ ਆਇਆ, ਅਸੀਂ ਤਾਂ ਮਾਰ ਲਏ ਹਾਂ ਦੁਸ਼ਮਣ ਨੇ, ਉਨ੍ਹਾਂ ਦੇ ਤੋਪਾਂ ਜੰਬੂਰਿਆਂ ਨੇ ਸਾਡਾ ਬੁਰਾ ਹਾਲ ਕਰ ਦਿੱਤਾ ਹੈ। ੪੩।

***ਦੋਹਰਾ॥ਤਬਹਿ ਖਾਲਸੇ ਯੌਂ ਕਹਯੋ, 'ਹਮ ਲਰੈਂ ਸੁ ਵਖਤੇ ਔਰ॥*** ਤਦ ਖਾਲਸੇ ਨੇ ਅੱਗੋਂ ਜਵਾਬ ਦਿੱਤਾ ਹੈ,' ਸਾਡਾ ਸਮਾਂ ਲੜਨ ਦਾ ਹੋਰ ਹੈ, ਉਸ ਵੇਲੇ ਲੜਾਂਗੇ ਅਸੀਂ, ਜਦੋਂ ਸਾਡਾ ਸਮਾਂ ਆ ਗਿਆ'।

***ਸੁੱਖਾ ਪੀ ਕਾਬੈ ਫਿਰੈਂ ਫਿਰ ਕਰੈਂ ਸੁਚੇਤੇ ਤੌਰ॥ ੪੪॥*** ਕਹਿੰਦੇ ਪਹਿਲੇ ਪਹਿਰ ਨਹੀਂ ਲੜਦਾ ਖਾਲਸਾ, ਤੀਜਾ ਪਹਿਰ ਹੋ ਲੈਣ ਦੇ, ਫਿਰ ਸੁੱਖਾ ਪੀਵਾਂਗੇ, ਫਿਰ ਖੇਡੇ ਮਹੱਲੇ ਜਾਵਾਂਗੇ, ਜੰਗਲ ਮੈਦਾਨ ਫਿਰ ਪੰਜ ਸ਼ਨਾਨਾ ਕਰਾਂਗੇ, ਜਲ ਪਾਣੀ ਵਰਤਾਂਗੇ, ਚੂਲੇ ਕਰਾਂਗੇ। ੪੪।

***ਖਾਲਸੋ ਪਗੜੋ ਜਬ ਬੰਧੇ ਔ ਬਾਨੀ ਕਰੇ ਉਚਾਰ॥*** ਉਸ ਤੋਂ ਬਾਅਦ ਦੁਮਾਲੇ ਝੁਲਾ ਕੇ ਨਾਲ ਬਾਣੀ ਪੜ੍ਹਾਂਗੇ ਦੁਮਾਲੇ ਦਾ ਸ਼ਲੋਕ ਆਦਿਕ।

***ਹਮ ਪੈ ਹਮ ਗੁਰ ਆ ਖੜੇ ਹੋਇ ਫਤੇ ਜੈਕਾਰ॥ ੪੫॥*** ਫਿਰ ਸਾਡੇ ਗੁਰੂ ਸਾਡੀ ਪਿੱਠ 'ਤੇ ਆ ਖੜਨਗੇ, ਸਾਡੇ ਗੁਰੂ ਹਾਜ਼ਰ ਨਾਜ਼ਰ ਹਨ, ਬਸ ਹੱਲਾ ਕਰਨ ਦੀ ਦੇਰ ਹੈ, ਫਤ੍ਹੇ ਹੋ ਜਾਣੀ ਹੈ ਸਾਡੀ, ਇਉਂ ਤੁਰਕਾਂ ਨੂੰ ਜਿੱਤ ਲੈਣਾ ਹੈ। ੪੫।

***ਚੌਪਈ॥ਇਤਨੇ ਮੈਂ ਸਿੰਘ ਭਏ ਸੁ ਤਯਾਰ॥*** ਏਨੇ ਚਿਰ ਨੂੰ ਸਿੰਘ ਤਿਆਰ ਹੋ ਗਏ ਸਨ।

***ਪੀ ਪੀ ਸੁਖੇ ਲਏ ਹਥਯਾਰ॥*** ਸੁਖਾ ਛਕ-ਛਕ ਕੇ ਸਿੰਘਾਂ ਨੇ ਹੱਥਾਂ ਵਿਚ ਹਥਿਆਰ ਫੜ ਲਏ ਹਨ।

***ਜਾਇ ਨਿਹੰਗਨ ਮੁਹਰਾ ਲਯੋ॥*** ਜਿਹੜੇ ਸਿਰੋਂ ਬਾਹਰੇ ਹੁੰਦੇ ਸਨ ਸਿੰਘ ਜੋਧੇ, ਹੁਣ ਉਨ੍ਹਾਂ ਜਾ ਮੁਹਰਾ ਲਿਆ ਹੈ, ਨਿਹੰਗ ਸਿੰਘ ਅੱਗੇ ਵਧੇ ਹਨ।

***ਦੀਨ ਮਜ਼ਹਬ ਜੁਧ ਸਿੰਘਨ ਠਯੋ॥ ੪੬॥*** ਸਿੰਘਾਂ ਨੇ ਦੀਨ ਮਜ਼ਬ ਦਾ ਜੁੱਧ ਭਾਵ ਧਰਮ ਯੁੱਧ ਸੁਰੂ ਕੀਤਾ ਹੈ। ੪੬।

***ਸਿੰਘਨ ਆਗੈ ਧਾਰੇ ਪਾਇ॥*** ਸਿੰਘਾਂ ਨੇ ਅੱਗੇ ਵਧ ਕੇ ਦੁਸ਼ਮਣ ਦਲ ਵਿਚ ਪੈਰ ਰੱਖਿਆ ਹੈ।

***ਗਿਲਜਨ ਦੀਨੇ ਸੋਊ ਹਟਾਇ॥*** ਜਿਹੜੇ ਸਿੰਘ ਪਹਿਲਾਂ ਨਿਕਲੇ ਸਨ, ਉਨ੍ਹਾਂ ਨੂੰ ਗਿਲਜਿਆਂ ਨੇ ਠਲ੍ਹਿਆ ਹੈ ਤੋਪਾਂ ਨਾਲ।

***ਤਬ ਨਵਾਬ ਕੈ ਸੋਚੈਂ ਪਰੀ॥*** ਤਦ ਨਵਾਬ ਸੋਚਾਂ ਵਿਚ ਪੈ ਗਿਆ ਹੈ।'

***ਖਾਲਸੇ ਤੇ ਕਿਛ ਅਛੀ ਨ ਸਰੀ॥ ੪੭॥*** ਖਾਲਸਾ ਗਿਆ ਤਾਂ ਹੈ ਜੰਗੇ ਮੈਦਾਨ ਵਿਚ ਪਰ ਕੋਈ ਗੱਲ ਬਣੀ ਨਾ ਚੰਗੀ, ਇਉਂ ਨਵਾਬ ਸੋਚਣ ਲੱਗਿਆ ਹੈ। ੪੭।

***ਦੋਹਰਾ॥ਸ਼ਾਮ ਸਿੰਘ ਕੇ ਡਰਿਓਂ ਪੈਜ-ਗੜ੍ਹੀਯੋ ਕਰਮ ਸਿੰਘ॥*** ਪੈਂਜਗੜ੍ਹ ਪਿੰਡ ਦੇ ਕਰਮ ਸਿੰਘ, ਸ਼ਾਮ ਸਿੰਘ ਦੇ ਡੇਰੇ ਵਿੱਚੋਂ ਆਪਣਾ ਜਥਾ ਲੈ ਕੇ ਤਿਆਰ ਹੋਏ ਸਨ।

***ਤਿਨ ਸ਼ਸਤ੍ਰ ਔ ਬਸਤ੍ਰ ਸੋਂ ਕੀਓ ਸ਼ਨਾਨ ਨਿਸੰਗ॥ ੪੮॥*** ਉਹ ਸਣੇ ਕੇਸੀਂ ਇਸ਼ਨਾਨ ਕਰਕੇ ਤਿਆਰ ਹੋ ਗਿਆ ਹੈ ਨਿਸ਼ੰਗ ਹੋ ਕੇ। ੪੮।

***ਚੌਪਈ॥ਤਬਹਿ ਕਰਮ ਸਿੰਘ ਭਯੋ ਅਸ੍ਵਾਰ॥*** ਤਦ ਕਰਮ ਸਿੰਘ ਘੋੜੇ ਸਵਾਰ ਹੋਇਆ ਹੈ।

***ਦੀਨ ਮਜ਼ਹਬ ਜੁਧ ਰਿਦੈ ਸੁ ਧਾਰ॥*** ਧਰਮ ਦਾ ਯੁੱਧ, ਇਹ ਦੀਨ ਮਜ਼ਬ ਦਾ ਯੁੱਧ ਹੈ ਸਾਡਾ, ਹਿਰਦੇ ਵਿਚ ਇਹ ਧਾਰ ਕੇ ਦਿਲ ਵਿਚ ਸ਼ਹੀਦੀ ਪਉਣ ਦੇ ਚਾਉ ਨਾਲ ਚੜ੍ਹਿਆ ਹੈ।

***ਔ ਗੁਰ ਗ੍ਰਿਹ ਕੇ ਬਦਲੇ ਜਾਣ॥*** ਅਤੇ ਗੁਰੂ ਘਰ ਗੁ: ਥੰਮ ਸਾਹਿਬ ਦਾ ਬਦਲਾ ਲੈਣ ਵਾਸਤੇ ਜਾਣੋ।

***ਪਿੱਛੈ ਮੁੜਨ ਨ ਕੀਨੋ ਧਯਾਨ॥ ੪੯॥*** ਵਾਪਸ ਪਿੱਛੇ ਮੁੜਨ ਦਾ ਧਿਆਨ ਨਹੀਂ ਕੀਤਾ ਹੈ। ੪੯।

***ਸੰਜੋਇ ਧਾਰ ਸਿਰ ਮੁਕਟ ਬੰਧਾਯੋ॥*** ਸਰੀਰ ਤੇ ਸੰਜੋਆ ਪਹਿਨ ਕੇ ਸੀਸ 'ਤੇ ਚੰਦ ਤੋੜਾ ਸਜਾਇਆ ਹੈ।

***ਢਾਲ ਹਾਥ ਗਲ ਤੇਗੋ ਪਾਯੋ॥*** ਹੱਥ ਵਿਚ ਢਾਲ ਫੜੀ ਹੈ ਅਤੇ ਗਲ ਵਿਚ ਗਾਤਰੇ ਤੇਗਾ ਪਹਿਨਿਆਂ ਹੈ ਉਸ ਨੇ।

***ਯੌ ਕਰਤੇ ਤਿਨ ਘੋੜੇ ਚਲਾਏ॥*** ਇਉਂ ਤਿਆਰੀ ਕਰਕੇ ਫ਼ੌਜ ਦਾ ਜੱਥਾ ਲੈ ਕੇ ਘੋੜੇ ਤੋਰੇ ਹਨ ਅੱਗੇ ਨੂੰ।

***ਜੋ ਉਸ ਪਯਾਰੇ ਸੋ ਸੰਗ ਧਾਏ॥ ੫੦॥*** ਜੋ ਉਸ ਦੇ ਪਿਆਰੇ ਮਿਤ੍ਰ ਸਨ, ਉਹ ਵੀ ਨਾਲ ਚੜ੍ਹੇ ਹਨ ਫ਼ੌਜ ਲੈ ਕੇ ਸਵਾਰ ਹੋ ਕੇ ਘੋੜਿਆਂ 'ਤੇ। ੫੦।

***ਦੋਹਰਾ॥ਜਹਿਂ ਗਿਲਜਨ ਕੋ ਜੋਰ ਥੋ ਤਹਿਂ ਪਹੁੰਚੇ ਸਿੰਘ ਧਾਇ॥*** ਜਿਥੇ ਗਿਲਜਿਆਂ ਦਾ ਜ਼ੋਰ ਪਾਇਆ ਹੋਇਆ ਸੀ ਫ਼ੌਜ 'ਤੇ, ਇਹ ਜੱਥਾ ਧਾਵਾ ਬੋਲ ਕੇ ਉੱਥੇ ਜਾ ਪਿਆ ਹੈ।

***ਉਨ ਕੇ ਮੁਹਰੇ ਹਰੋਲ ਥੋ, ਸਿੰਘ ਪਰਯੋ ਉਸੀ ਪੈ ਜਾਇ॥ ੫੧॥*** ਉਨਾਂ ਦੇ ਅੱਗੇ ਹਰਿਆਵਲ ਦਸਤੇ ਵਾਲਾ ਖਹਿਰਾ ਪਠਾਣ ਸੀ, ਇਹ ਬੜੀ ਆਕੜ ਵਾਲਾ ਸੀ, ਉਹ ਹਰਿਆਵਲ ਦਸਤੇ 'ਤੇ ਜਾ ਪਿਆ ਹੈ ਟੁੱਟ ਕੇ ਕਰਮ ਸਿੰਘ। ੫੧।

***ਹਰੌਲ ਸਿੰਘ ਜਬ ਆਵਤ ਦੇਖਾ॥*** ਜਦੋਂ ਹਰਿਆਵਲ ਦਸਤੇ ਨੇ ਕਰਮ ਸਿੰਘ ਦਾ ਜੱਥਾ ਆਉਂਦਾ ਵੇਖਿਆ।

***ਪਰਯੋ ਸਿੰਘ ਪੈ ਹੋਇ ਸੁਰੇਖਾ॥*** ਉਹ ਸਾਵਧਾਨ ਹੋ ਕੇ ਕਰਮ ਸਿੰਘ 'ਤੇ ਪੈ ਗਿਆ ਹੈ।

***ਆਇ ਤਲਵਾਰ ਸਿੰਘ ਤਿਨ ਸਿਰ ਲਾਈ॥*** ਉਸ ਖਹਿਰੇ ਪਠਾਣ ਨੇ ਕਰਮ ਸਿੰਘ ਪੈਂਜਗੜ੍ਹੀਏ ਦੇ ਸੀਸ 'ਤੇ ਤਲਵਾਰ ਚਲਾਈ ਹੈ।

***ਮੁਕਟ ਸਹਤ ਸਿਰੋਂ ਪੱਗ ਗਿਰਾਈ॥ ੫੨॥*** ਉਸ ਨੇ ਕਰਮ ਸਿੰਘ ਦਾ ਅੱਧਾ ਸਿਰ ਦੁਮਾਲੇ ਸਮੇਤ ਝਟਕਾ ਦਿੱਤਾ ਹੈ। ੫੨।

***ਦੋਹਰਾ॥ਸਿੰਘ ਸੁ ਬਿਨ ਹੀ ਪੱਗ ਤੇ ਉਇ ਸਿਰ ਤੇਗ ਸੁ ਝਾਰ॥*** ਕਰਮ ਸਿੰਘ ਜਿਸ ਦੀ ਪੱਗ ਤੇ ਅੱਧਾ ਸੀਸ ਲਹਿ ਗਿਆ ਸੀ, ਖਹਿਰੇ ਪਠਾਣ ਦੀ ਤਲਵਾਰ ਦੇ ਨਾਲ। ਹੁਣ ਕਰਮ ਸਿੰਘ ਬਿਨਾ ਪੱਗ ਤੋਂ ਹੀ ਆਪ ਦੀ ਤੇਗ ਦਾ ਭਰਵਾਂ ਵਾਰ ਪਠਾਣ ਦੇ ਸਿਰ 'ਤੇ ਕੀਤਾ ਹੈ।

***ਗਿਰਯੋ ਭੂਮਹਿ ਝੰਬ ਸੋ ਤੇਗ ਲਗੀ ਸਿਰ ਪਾਰ॥ ੫੩॥*** ਕਰਮ ਸਿੰਘ ਦੀ ਤਲਵਾਰ ਉਸ ਪਠਾਣ ਦਾ ਸਿਰ 'ਤੇ ਮੋਢਾ ਕੱਟਦੀ ਹੋਈ ਪਾਰ ਲੰਘ ਗਈ, ਉਹ ਪਠਾਣ ਝਟ ਦੇ ਕੇ ਧਰਤੀ 'ਤੇ ਜਾ ਡਿੱਗਿਆ ਹੈ। ੫੩।

***ਕਰਮ ਸਿੰਘ ਪੱਗ ਬਿਨ ਪਰਯੋ ਜਨ ਬਿਨੰ ਬਾਜ ਕੁਲਾਹਿ॥*** ਕਰਮ ਸਿੰਘ ਤਾਂ ਜੰਗ ਦੇ ਮੈਦਾਨ ਵਿਚ ਇਉਂ ਪਿਆ ਹੈ। ਜਿਵੇਂ ਬਾਜ ਟੋਪੀ ਤੋਂ ਬਿਨਾਂ ਪਿਆ ਹੋਵੇ।

***ਤਿੱਤਰ ਜਿਮ ਗਿਲਜੋ ਪਰਜੋ ਰੱਖਯੋ ਉਸ ਹੀ ਥਾਇ॥ ੫੪॥*** ਗਿਲਜਾ ਜੋ ਸੀ ਹਰਿਆਵਲ ਦਸਤੇ ਦਾ ਸਰਦਾਰ,ਉਹ ਤਿੱਤਰ ਵਾਗ ਪਿਆ ਹੈ ਧਰਤੀ 'ਤੇ, ਕਰਮ ਸਿੰਘ ਨੇ ਉਸੇ ਹੀ ਥਾਂ 'ਤੇ ਰੱਖਿਆ ਹੈ, ਦੋਵੇਂ ਹੀ ਸ਼ਹੀਦ ਧਰਤੀ 'ਤੇ ਹੋ ਗਏ ਹਨ। ੫੪।

***ਚੌਪਈ॥ਤਬੈ ਖਾਲਸੇ ਹੱਲਾ ਕੀਯੋ॥*** ਜਦੋਂ ਦੋਵੇਂ ਆਗੂ ਸ਼ਹੀਦ ਹੋ ਗਏ ਤਾਂ ਖਾਲਸੇ ਨੇ ਹੱਲਾ ਬੋਲ ਦਿੱਤਾ ਹੈ ਗਿਲਜਿਆਂ ਤੇ।

***ਮਾਰ ਤਲਵਾਰ ਅਗੇ ਧਰ ਲੀਯੋ॥*** ਮਾਰ-ਮਾਰ ਕੇ ਤੇਗਾਂ ਗਿਲਜਿਆਂ ਨੂੰ ਅੱਗੇ ਲਾ ਲਿਆ ਹੈ ਖਾਲਸੇ ਨੇ।

***ਲਈ ਓਟ ਉਨ ਤੋਪਨ ਮੁਹਰੇ॥*** ਉਨ੍ਹਾਂ ਨੇ ਤੋਪਖਾਨਾਂ ਅੱਗੇ ਕਰਕੇ ਤੋਪਾਂ ਦੀ ਓਟ ਲਈ ਹੈ।

***ਮਾਰਹਿਂ ਛਲਕ ਜਿਹ ਗੋਲੇ ਦੁਹਰੇ॥ ੫੫॥*** ਪਠਾਣ ਤੋਪਾਂ ਵਿੱਚ ਦੋ-ਦੋ ਗੋਲੇ ਪਾ-ਪਾ ਕੇ ਛਲਕਾਂ ਮਾਰਨ ਲੱਗੇ ਤੋਪਾਂ ਦੀਆਂ। ੫੫।

***ਔ ਟਕਿਅਨ ਕੀ ਥੈਲੀ ਚਲਾਵੈਂ॥*** ਅਤੇ ਮਨਸੂਰੀ ਟਕੇ ਹੁੰਦੇ ਸਨ ਮੋਟੇ-ਮੋਟੇ ਤਾਂਬੇ ਦੇ, ਉਨ੍ਹਾਂ ਦੀ ਥੈਲੀਆਂ ਭਰ-ਭਰ ਕੇ ਤੋਪਾਂ ਵਿਚ ਪਾ ਕੇ ਚਲਾਉਂਦੇ ਹਨ।

***ਸਿੰਘ ਸੂਰ ਬਹੁ ਗਿਰਗਿਰ ਪਾਵਹਿਂ॥*** ਜਿਹੜੇ ਸਿੰਘ ਸੂਰਵੀਰਾਂ ਨੇ ਤੁਰਕਾਂ 'ਤੇ ਹੱਲਾ ਕੀਤਾ ਸੀ, ਉਹ ਤੋਪਾਂ ਦੇ ਫਾਇਰ ਨਾਲ ਧਰਤੀ 'ਤੇ ਡਿੱਗ-ਡਿੱਗ ਪੈਂਦੇ ਸਨ।

***ਤਬ ਸਿੰਘਨ ਕਛੁ ਥੰਭਨ ਲੀਯੋ॥*** ਤਦ ਸਿੰਘ ਆਪੋ ਆਪਣੇ ਰਾਮ ਜੰਗੇ ਲੈ ਕੇ ਡੱਟ ਕੇ ਖੜ੍ਹ ਗਏ ਅੱਗੇ ਤੋਪਾਂ ਦੇ।

***ਬੰਦੂਕਨ ਬਹੁ ਰਾਬਾ ਦੀਯੋ॥ ੫੬॥*** ਭਾਰੀਆਂ ਬੰਦੂਕਾਂ ਜਿਨ੍ਹਾਂ ਵਿਚ ਅੱਧਾ ਕਿਲੋ ਬਰੂਦ ਪੈਂਦਾ ਸੀ, ਇਕ ਇਕ ਫਾਇਰ ਦਾ, ਗੋਲੀਆਂ ਦੀ ਇਕੋ ਵਾਰ ਆ ਵਰਖਾ ਕੀਤੀ ਹੈ, ਇਹ ਬੰਦੂਕਾਂ ਦੀਆਂ ਗੋਲੀਆਂ ਦੀ ਵਰਖਾ ਕਰਨ ਦੀ ਲੜਾਈ ਸਿੰਘਾਂ ਤੋਂ ਚਲੀ ਹੈ, ਇਉਂ ਸਿੰਘ ਬਾਲੀ ਤੇ ਬਾਲੀ, ਬਾਲੀ ਤੇ ਬਾਲੀ ਮਾਰਨ ਲੱਗ ਪਏ ਬੰਦੂਕਾਂ ਦੀ। ੫੬।

***ਬੰਦੂਕਨ ਸੋਂ ਬਹੁ ਦੁਰਾਨੀ ਗਿਰੇ॥*** ਬੰਦੂਕਾਂ ਦੇ ਇੱਕਠੇ ਫਾਇਰਾਂ ਨਾਲ ਬਹੁਤ ਗਿਲਜੇ ਡਿੱਗੇ ਹਨ ਧਰਤੀ 'ਤੇ।

***ਨੱਠਨ ਓਟ ਲੁਕਾਵੈਂ ਸਿਰੇ॥*** ਦੁਰਾਨੀ ਨੱਠ ਕੇ ਤੋਪਾਂ ਦੀ ਓਟ ਲੈ ਕੇ ਆਪਣਾ ਸਿਰ ਲੁਕਾਉਂਦੇ ਸਨ, ਸਿੰਘਾਂ ਦੀਆਂ ਬੰਦੂਕਾਂ ਤੋਂ ਡਰਦੇ।

***ਸ਼ੁਤਰ ਨਾਲ ਲੈ ਸ਼ੁਤਰ ਸੁ ਤੁਰੇ॥*** (ਸ਼ੁਤਰ) ਊਠਾਂ ਵਾਲੇ ਸਿੰਘ,ਊਠਾਂ ਵਾਲੀਆਂ ਛੋਟੀਆਂ ਤੋਪਾਂ ਲੈ ਕੇ ਅੱਗੇ ਫਾਇਰ ਤੇ ਫਾਇਰ ਕਰਦੇ ਤੁਰੇ ਜਾ ਰਹੇ ਹਨ।

***ਨੱਠ ਦੁਰਾਨੀ ਡੇਰਨ ਮੁੜੇ॥ ੫੭॥*** ਗਿਲਜਿਆਂ ਦੇ ਫਿਰ ਮੁੜ ਕੇ ਪੈਰ ਨਹੀਂ ਲੱਗੇ ਸਨ, ਗਿਲਜੇ ਪਿੱਛੇ ਜਾ ਕੇ ਆਪਣੇ ਡੇਰਿਆਂ ਵਿਚ ਜਾ ਵੜੇ ਹਨ। ੫੭।

***ਦੋਹਰਾ॥ਤਬ ਨਵਾਬ ਸੋ ਦੇਖਿਓ ਫਤ੍ਹੇ ਖਾਲਸੋ ਪਾਇ॥*** ਤਦੋਂ ਨਵਾਬ (ਅਦੀਨਾਂ ਬੇਗ) ਨੇ ਵੇਖਿਆ ਕਿ ਖਾਲਸੇ ਨੇ ਤਾਂ ਫਤ੍ਹੇ ਪ੍ਰਾਪਤ ਕਰ ਲਈ ਹੈ, ਪਠਾਣ ਤਾਂ ਖੜ੍ਹ ਹੀ ਨਹੀਂ ਸਕੇ ਖਾਲਸੇ ਦੇ ਸਾਮ੍ਹਣੇ।

***ਨਠੇ ਦੁਰਾਨੀ ਦੇਖ ਤਿਨ ਝੰਡੇ ਦੀਓ ਖੜਾਇ॥ ੫੮॥*** ਗਿਲਜਿਆਂ ਨੂੰ ਭੱਜੇ ਜਾਂਦਿਆਂ ਨੂੰ ਵੇਖ ਕੇ ਅਦੀਨਾਂ ਬੇਗ ਨੇ ਜਿੱਤ ਦੇ ਝੰਡੇ ਖੜ੍ਹੇ ਕਰ ਦਿੱਤੇ ਹਨ। ੫੮।

***ਚੌਪਈ॥ਨਵਾਬ ਸਿੰਘਨ ਪੈ ਵਕੀਲ ਦੁੜਾਏ॥*** ਨਵਾਬ ਨੇ ਆਪਣੇ ਵਕੀਲ ਸਿੰਘਾਂ ਕੋਲ ਭੇਜੇ ਹਨ।

***ਸਿੰਘ ਜੀ ! ਫਤ੍ਹੇ ਲਈ ਤੁਮ ਪਾਏ॥*** ਖਾਲਸਾ ਜੀ ! ਤੁਸੀਂ ਫਤ੍ਹੇ ਪ੍ਰਾਪਤ ਕਰ ਲਈ ਹੈ, ਮੋਰਚਾ ਜਿੱਤ ਲਿਆ ਹੈ, ਤੁਸੀਂ।

***ਆਗੇ ਕਦਮ ਨ ਕੀਓ ਜਾਏ॥*** ਹੁਣ ਤੁਸੀਂ ਅੱਗੇ ਜਾ ਕੇ ਉਹਨਾਂ ਦੇ ਪਿੱਛੇ ਧਾਵਾ ਨਾ ਕਰਿਓ। ਹੁਣ ਨਾ ਅੱਗੇ ਵਧਿਓ।

***ਈਹਾਂ ਕੀਜੋ ਡੇਰਾ ਥਾਏ॥ ੫੯॥*** ਏਸੇ ਥਾਂ 'ਤੇ ਹੀ ਡੇਰਾ ਕਰ ਦਿਓ, ਹੁਣ ਆਪਾਂ ਮੋਰਚਾ ਫਤ੍ਹੇ ਕਰ ਲਿਆ ਹੈ, ਹੁਣ ਪੜਾਉ ਅਜੇ ਏਥੇ ਹੀ ਰਹਿਣ ਦਿਓ। ੫੯।

***ਇਮ ਹਮ ਝੰਡਾ ਦਯੋ ਖੜਾਏ॥*** ਇਉਂ ਅਸੀਂ ਝੰਡਾ ਖੜਾ ਕਰ ਦਿੱਤਾ ਹੈ ਫਤ੍ਹੇ ਦਾ।

***ਨਠੇ ਕੁੱਤੇ ਨਹਿਂ ਗੈਲ ਦਬਾਏ॥*** ਕੁੱਤਾ ਭੱਜ ਜਾਵੇ ਤਾਂ ਉਸ ਦਾ ਪਿੱਛਾ ਨਹੀਂ ਕਰਨਾ ਚਾਹੀਦਾ, ਜੇ ਉਹ ਭੱਜ ਜਾਏ, ਤਾਂ ਉਸ ਨੂੰ ਭੱਜਣ ਦੇਣਾ ਚਾਹੀਦਾ ਹੈ।

***ਫੌਜ ਨਠੇ ਨਹਿਂ ਗੈਲ ਦਬੱਯੇ॥*** ਏਸੇ ਤਰ੍ਹਾਂ ਜੇ ਫ਼ੌਜ ਨੱਠ ਜਾਵੇ ਲੜਾਈ ਵਿੱਚੋਂ; ਉਸ ਦਾ ਵੀ ਪਿੱਛਾ ਨਹੀਂ ਕਰਨਾ ਚਾਹੀਦਾ।

***ਚਪੇ ਚੋਰ ਤੇ ਸੱਟ ਨ ਖੱਯੇ॥ ੬੦॥*** ਖਿਝੇ ਹੋਏ ਚੋਰ ਤੋਂ ਸੱਟ ਨਹੀਂ ਖਾਣੀ ਚਾਹੀਦੀ,ਜੇ ਚੋਰ ਨਿਕਲਣਾ ਚਾਹੇ ਤਾਂ ਉਸ ਨੂੰ ਨਿਕਲ ਦੇਣਾ ਚਾਹੀਦਾ ਹੈ। ਫਿਰ ਮਗਰੋਂ ਭਾਵੇਂ ਘੇਰਾ ਪਾ ਕੇ ਫੜ ਲਵੋ, ਪਰ ਉਦੋਂ ਨਹੀਂ ਚੋਰ ਤੋਂ ਸੱਟ ਖਾਣੀ ਚਾਹੀਦਾ। ੬੦।

***ਦੋਹਰਾ॥ਨੱਠੀ ਜਾਤੀ ਫੌਜ ਭੀ ਕਰਤ ਜੀਅ ਪੈ ਖੇਲ॥*** ਭੱਜੀ ਜਾਂਦੀ ਫ਼ੌਜ ਵੀ ਆਪਣੀ ਜਾਨ 'ਤੇ ਖੇਡ ਜਾਂਦੀ ਹੁੰਦੀ ਹੈ, ਉਹ ਵੀ ਆਖਦੇ ਹਨ ਮਰੋ ਜਾਂ ਮਾਰੋ ਸਾਨੂੰ ਤਾਂ ਛੱਡਦੇ ਨਹੀਂ ਹਨ, ਇਹ।

***ਜਾਇ ਮਰੈ ਕੋਈ ਸੂਰਮਾ ਫਿਰ ਕਬ ਹੋਵੈ ਮੇਲ॥ ੬੧॥*** ਖਾਲਸਾ ਜੀ ! ਐਵੇਂ ਕੋਈ ਸੂਰਵੀਰ ਅੱਗੇ ਹੋ ਕੇ ਸੱਟ ਖਾ ਜਾਏ, ਮਾਰਿਆ ਜਾਏ, ਫਿਰ ਕਦੋਂ ਉਸ ਦੇ ਨਾਲ ਮੇਲ ਹੋਵੇਗਾ? ਉਹ ਤਾਂ ਸ਼ਹੀਦ ਹੋ ਜਾਇਗਾ। ੬੧।

***ਚੌਪਈ॥ਹਮ ਤੋ ਲੋੜ ਫਤ੍ਹੇ ਕੀ ਅਈ॥*** ਸਾਨੂੰ ਤਾਂ ਜਿੱਤ ਦੀ ਲੋੜ ਹੈ ਸੀ।

***ਸੋ ਅਬ ਹਮ ਕੋ ਤੁਮ ਗੁਰ ਦਈ॥*** ਉਹ ਸਾਨੂੰ ਤੁਹਾਨੂੰ ਫਤ੍ਹੇ ਗੁਰੂ ਨੇ ਦੇ ਦਿੱਤੀ ਹੈ, ਹੁਣ ਆਪਣੀ ਜਿੱਤ ਹੋ ਗਈ ਹੈ ਗੁਰੂ ਦੀ ਕਿਰਪਾ ਸਦਕਾ।

***ਸਿੰਘ ਮਾਨ ਤਹਿਂ ਹੀ ਭਏ ਖੜੇ॥*** ਸਿੰਘ ਓਥੇ ਹੀ ਖੜ੍ਹੇ ਹੋ ਗਏ ਕਿ ਠੀਕ ਹੈ ਸਿਆਣੀ ਗੱਲ ਕਹੀ ਹੈ ਉਸ ਨੇ।

***ਦੁਰਾਨੀ ਨਠ ਜਾ ਡੇਰਨ ਵੜੇ॥ ੬੨॥*** ਗਿਲਜੇ ਭੱਜ ਕੇ ਜਾ ਕੇ ਆਪਣੇ ਡੇਰਿਆਂ ਵਿਚ ਦਾਖ਼ਲ ਹੋ ਗਏ ਹਨ। ੬੨।

***ਤੌ ਲਗ ਪਰ ਗਈ ਥੀ ਤਹਿਂ ਰਾਤ॥*** ਉਦੋਂ ਤੀਜਾ ਪਹਿਰ ਸੀ ਦਿਨ ਦਾ, ਜਦੋਂ ਖਾਲਸੇ ਨੇ ਹੱਲਾ ਬੋਲਿਆ, ਤਦ ਤੱਕ ਰਾਤ ਪੈ ਚੁੱਕੀ ਸੀ, ਖਾਲਸੇ ਦੀ ਜਿੱਤ ਹੋ ਗਈ।

***ਐਸੀ ਭਈ ਤਹਾਂ ਕੀ ਬਾਤ॥*** ਉਥੇ (ਜਲੰਧਰ) ਦੀ ਲੜਾਈ ਐਸੀ ਗੱਲ ਹੋਈ ਸੀ।

**ਗਏ ਦੁਰਾਨੀ ਅਪਣੇ ਡੇਰੇ॥** (ਦੁਰਾਨੀ) ਗਿਲਜੇ ਆਪੋ-ਆਪਣਿਆਂ ਡੇਰਿਆਂ ਨੂੰ ਚਲੇ ਗਏ ਹਨ।

**ਸਭ ਨਠ ਚਲੇ ਰਖੇ ਜੋ ਘੇਰੇ॥ ੬੩॥** ਫ਼ੌਜਦਾਰਾਂ ਨੇ ਬਥੇਰਾ ਘੇਰ-ਘੇਰ ਕੇ ਕਿਹਾ ਖੜ੍ਹ ਜਾਓ, ਓ ਖੜ੍ਹ ਜਾਓ, ਕੋਈ ਨਹੀਂ ਖੜ੍ਹਿਆ, ਜਦੋਂ ਫ਼ੌਜ ਦੀ ਧੀਰਜ ਛੁਟ ਜਾਦੀ ਹੈ, ਹਾਰ ਹੋ ਜਾਵੇ, ਸਭ ਨੇ ਓਥੋਂ ਭੱਜਣ ਦੀ ਕੀਤੀ ਹੈ। ੬੩।

**ਦੋਹਰਾ॥ਸਿੰਘ ਜੋਊ ਹੁਸ਼ਿਆਰ ਥੇ, ਗਏ ਜੁ ਗਿਲਜਨ ਗੈਲ॥** ਲੜਾਈ ਜਿਨ੍ਹਾਂ ਦਾ ਰੋਜ਼ ਦਾ ਕੰਮ ਸੀ ਹੁਸ਼ਿਆਰ ਸਿੰਘ ਸਨ ਯੋਧੇ, ਉਹ ਨਹੀਂ ਪਿੱਛੇ ਹਟੇ,ਉਹ ਤਾਂ ਦੁਰਾਨੀਆਂ ਦੇ ਪਿੱਛੇ ਹੀ ਤੁਰੇ ਗਏ, ਕਿ ਹੁਣ ਡੇਰਾ ਲੈ ਕੇ ਭੱਜਣਗੇ, ਇਹਨਾਂ ਦਾ ਖ਼ਜ਼ਾਨਾ ਹਥਿਆਰ ਤੇ ਹੋਰ ਰਾਜ ਸਾਜ ਚੁੱਕਣ ਨਹੀਂ ਦੇਣੇ ਹੁਣ। ਆਪਾਂ ਹੁਣ ਸਮਾਂ ਨਹੀਂ ਦੇਣਾ ਉਨ੍ਹਾਂ ਨੂੰ ਚੁੱਕਣ ਦਾ।

**ਨਠਤ ਭਯੋ ਉਨ ਦੇਖ ਕੈ, ਲੂਟ ਕਰੀ ਉਨ ਸੈਲ॥ ੬੪॥** ਉਨ੍ਹਾਂ ਭੱਜਿਆਂ ਜਾਂਦਿਆਂ ਨੂੰ ਵੇਖ ਕੇ ਉਨ੍ਹਾਂ ਦੇ ਘੋੜੇ ਹਥਿਆਰ ਭੱਜੇ ਜਾਂਦਿਆਂ ਦੇ ਖੋਹੇ ਸਿੰਘਾਂ ਨੇ।

**ਚੌਪਈ॥ਅੱਧੀ ਰਾਤ ਚਾਂਦਨੀ ਭਈ॥** ਪਹਿਲੀ ਅੱਧੀ ਰਾਤ ਹਨੇਰੀ ਸੀ, ਪਿਛਲੀ ਅੱਧੀ ਰਾਤ ਚਾਂਦਨੀ ਹੋ ਗਈ ਸੀ।

**ਸਿੰਘਨ ਡੇਰੇ ਖਬਰੋ ਅਈ॥** ਸਿੰਘਾਂ ਦੇ ਡੇਰੇ ਖ਼ਬਰ ਆਈ ਹੈ।

**ਸਿੰਘਨ ਨਗਾਰੇ ਦਏ ਬਜਾਇ॥** ਸਿੰਘਾਂ ਨੇ ਨਗਾਰਿਆਂ 'ਤੇ ਚੋਟਾਂ ਲਾ ਦਿੱਤੀਆਂ।

**ਹੁਯੋ ਜੋਊ ਲਯੋ ਸਿੰਘਨ ਲੁਟਾਇ॥ ੬੫॥** ਜੋ ਵੀ ਕੁਛ ਉਨ੍ਹਾਂ ਕੋਲ ਹੋਇਆ, ਉਹ ਲੁਟ ਲਿਆ ਹੈ ਖਾਲਸੇ ਨੇ। ੬੫।

**ਜਿਨੈ ਸਭੀ ਸੋ ਤਿਨ ਹੀ ਲਈ॥** ਜਿਸ ਕਿਸੇ ਸਿੰਘ ਨੂੰ ਵੀ ਕੋਈ ਚੀਜ਼ ਵਸਤੂ ਹਥਿਆਰ ਘੋੜਾ ਲੱਭਿਆ, ਉਹ ਉਸੇ ਨੇ ਹੀ ਲੈ ਲਿਆ ਹੈ ਮਾਇਆ ਆਦਿਕ ਲੈ ਗਏ ਆਪੋ ਆਪਣੇ ਡੇਰੇ ਨੂੰ।

**ਤਿਨ ਕੀ ਭੂਖ ਬਹੁਤ ਭਜ ਗਈ॥** ਐਨਾ ਮਾਲ ਖੋਹਿਆ ਉਨ੍ਹਾਂ ਕੋਲੋਂ,ਉਨ੍ਹਾਂ ਸਿੰਘਾਂ ਦੀ ਹਰ ਤਰ੍ਹਾਂ ਦੀ ਭੁੱਖ ਦੌੜ ਗਈ ਹੈ।

**ਨਬਾਬ ਡੇਰੇ ਯੌਂ ਦਏ ਕਹਾਏ॥** ਨਵਾਬ ਅਦੀਨਾਂ ਬੇਗ ਦੇ ਡੇਰੇ ਇਉਂ ਆਖ ਭੇਜਿਆ ਹੈ।

**ਕੋਊ ਤੁਮਾਰੋ ਲੁਟਨ ਨ ਜਾਏ॥ ੬੬॥** ਤੁਹਾਡਾ ਕੋਈ ਤੁਰਕ ਜਲੰਧਰ ਨੂੰ ਲੁੱਟਣ ਨਾ ਜਾਏ, ਖਾਲਸੇ ਦੇ ਹੁੰਦੇ, ਐਵੇ ਨਾ ਸਾਥੋਂ ਕੋਈ ਮਾਰਿਆ ਜਾਏ, ਖਾਹ-ਮਖਾਹ। ੬੬।

**ਸਿੰਘ ਲੇਹਿੰਗੇ ਸਾਥੇ ਲੂਟ॥** ਓਥੇ ਜੇ ਤੁਹਾਡਾ ਕੋਈ ਤੁਰਕ ਚਲਿਆ ਗਿਆ। ਤਾਂ ਸਿੰਘ ਉਸ ਨੂੰ ਵੀ ਨਾਲ ਹੀ ਲੁੱਟ ਲੈਣਗੇ, ਉਹ ਵੀ ਨਹੀ ਬਚੇਗਾ ਮੁਗਲ।

**ਔਰ ਦੇਹਿੰਗੇ ਸਿਰ ਭੀ ਕੂਟ॥** ਅਤੇ ਉਹਨਾਂ ਮੁਸਲਿਆਂ ਦਾ ਸਿਰ ਵੀ ਕੁੱਟ ਦੇਣਗੇ, ਥਾਏਂ ਹੀ ਮਾਰ ਦੇਣਗੇ ਸਿੰਘ, ਮਤ ਜਾਣ ਦੇਈਂ ਡੇਰੇ ਵਿੱਚੋਂ, ਇਉਂ ਉਨ੍ਹਾਂ ਦੇ ਡੇਰੇ ਖ਼ਬਰ ਘਲ ਦਿੱਤੀ ਖਾਲਸੇ ਨੇ।

**ਤਿਨ ਕੀ ਚੀਜ਼ ਸਭ ਸਿੰਘਨ ਲਈ॥** ਉਨ੍ਹਾਂ (ਪਠਾਣਾਂ) ਦੀਆਂ ਜਿੰਨੀਆਂ ਵਸਤੂਆਂ ਸਨ, ਉਹ ਸਭ ਸਿੰਘਾਂ ਨੇ ਖੋਹ ਲਈਆਂ।

**ਡੇਰੇ ਤੋਪ ਸੌ ਫੂਕ ਬੁਝਈ॥ ੬੭॥** ਜੋ ਤੋਪਖਾਨਾਂ ਸਿੰਘਾਂ ਨੇ ਸਰ ਕੀਤਾ ਸੀ, ਉਨ੍ਹਾਂ ਤੋਪਾਂ ਦੇ ਸਭ ਪਲੀਤੇ ਬੁਝਾ ਦਿੱਤੇ ਹਨ ਸਿੰਘਾਂ ਨੇ। ੬੭।

**ਸਿਰ ਬਲੰਦ ਜਦ ਨਠ ਤੁਰਯੋ ਰਹਿਤੀ ਅੱਧੀ ਰਾਤ॥** ਜਦੋਂ ਸਰ ਬੁਲੰਦ ਖ਼ਾਂ ਅੱਧੀ ਰਾਤ ਭੱਜ ਤੁਰਿਆ ਹੈ ਜਲੰਧਰ ਨੂੰ।

**ਭਾਰ ਬ੍ਰਦਾਰੀ ਸਭ ਰਹੀ, ਭਈ ਜਲੰਧੂਰ ਪ੍ਰਭਾਤ॥ ੬੮॥** ਜੋ ਭਾਰ ਬ੍ਰਦਾਰੀ ਸੀ, ਜੋ ਉਨ੍ਹਾਂ ਨੇ ਸੂਬੇਦਾਰੀ ਦਾ ਸਮਾਨ ਸਾਰਾ ਲੁੱਟ ਕੇ ਲਿਜਾਣਾ ਸੀ, ਜਲੰਧਰ ਤੋਂ ਸਭ ਉੱਥੇ ਰਹਿ ਗਈ, ਜਲੰਧਰ ਜਾਂਦੇ ਨੂੰ ਉਸ ਦੇ ਪ੍ਰਭਾਤ ਹੋ ਗਈ ਦਿਨ ਚੜ੍ਹ ਗਿਆ ਹੈ। ਭਾਰ ਬ੍ਰਦਾਰੀ=ਭਾਰ ਆਦਿ ਚੁੱਕਣ ਲਈ ਊਠ ਖੱਚਰ ਆਦਿ। ੬੮।

**ਚੌਪਈ॥ਜਾਇ ਜਲੰਧਰ ਰਹਯੋ ਨ ਘੜੀ॥** ਸਰ ਬੁਲੰਦ ਖ਼ਾਂ ਮੈਦਾਨ ਵਿਚ ਭੱਜਿਆ ਹੋਇਆ ਆਇਆ ਹੈ, ਜਲੰਧਰ ਵਿਚ

ਇਕ ਘੜੀ ਨਹੀਂ ਠਹਿਰਿਆ ਹੈ।

***ਸਿੰਘਨ ਫੌਜ ਤਿਸ ਪਾਛੈ ਚੜ੍ਹੀ॥*** ਸਿੰਘਾਂ ਦੀ ਫ਼ੌਜ ਉਸ ਦੇ ਪਿੱਛੇ ਮੌਰਾਂ 'ਤੇ ਚੜ੍ਹੀ ਆਉਂਦੀ ਸੀ ਕਿ ਜਾਣ ਨਹੀਂ ਦੇਣਾ ਇਸ ਨੂੰ ਫੜ ਲਉ ਜਾਣ ਨਾ ਪਠਾਣ ਨੱਠ ਕੇ।

***ਬਹੁਤ ਘੋੜੇ ਉਸ ਨਦੀਅਨ ਗੱਡੇ॥*** ਉਸ ਦੇ ਬਹੁਤ ਸਾਰੇ ਗੱਡੇ ਧਨ ਆਦਿਕ ਦੇ ਭਰੇ ਹੋਏ ਨਦੀਆਂ ਵਿਚ ਹੀ ਰਹਿ ਗਏ ਸਨ, ਘੋੜੇ ਆਦਿਕ ਵੀ।

***ਨੱਠੇ ਪੈਰੀਂ ਘੋੜੇ ਛੱਡੇ॥ ੬੯॥*** ਘੋੜਿਆਂ ਦੀ ਰਕਾਬ ਵਿਚ ਵੀ ਪੈਰ ਨਹੀਂ ਪਉਣ ਦਿੱਤਾ ਖਾਲਸੇ ਨੇ ਜਦੋਂ ਮੌਰਾ 'ਤੇ ਆ ਚੜ੍ਹੇ ਤੇ ਤੇਗ ਗੋਲੀ ਚਲ ਪਈ ਘੋੜੇ ਆਦਿਕ ਸਭ ਕੁਛ ਛੱਡ ਕੇ ਨੰਗੇ ਪੈਰੀਂ ਭੱਜੇ ਪਠਾਣ ਏਥੋਂ। ੬੯।

***ਊਹਾਂ ਜਲੰਧਰ ਭਾਜੜ ਪੜੀ॥*** ਉਥੇ ਜਲੰਧਰ ਵਿਚ ਭਾਜੜ ਪੈ ਗਈ ਹੈ, ਨੱਠਣ ਦੀ ਪੈ ਗਈ ਹੈ ਸਾਰਿਆਂ ਨੂੰ।

***ਧੋਗੜੀ ਆਇ ਜਲੰਧਰ ਵੜੀ॥*** (ਧੋਗੜੀ) ਲੁਟੇਰਿਆਂ ਦੀ ਫ਼ੌਜ ਜਲੰਧਰ ਨੂੰ ਲੁੱਟਣ ਵਾਸਤੇ ਜਲੰਧਰ ਵਿਚ ਆ ਵੜੀ ਹੈ।

***ਤੌ ਲੈ ਸਿੰਘਨ ਫਿਰੀ ਆਹਿ ਛੂਟ॥*** ਉਦੋਂ ਨੂੰ ਫਿਰ ਆ ਕੇ ਛੂਟ ਕਰ ਦਿੱਤੀ ਹੈ, ਹੱਲਾ ਬੋਲ ਦਿੱਤਾ ਹੈ ਸਿੰਘਾਂ ਨੇ।

***ਖੂਬ ਕਰੀ ਭਾਜੜ ਕੀ ਲੂਟ॥ ੭੦॥*** ਭੱਜਣ ਵਾਸਤੇ ਜੋ ਸਮਾਨ ਉਨ੍ਹਾਂ ਨੇ ਲੱਦਿਆ ਹੋਇਆ ਸੀ,ਸਿੰਘਾਂ ਨੇ ਖ਼ੂਬ ਲੁੱਟ ਲਿਆ ਹੈ। ੭੦।

***ਤਬ ਲੌ ਸਭ ਦਲ ਆਇ ਪਹੂਚਾ॥*** ਉਦੋਂ ਤੱਕ ਸਾਰਾ ਹੀ ਦਲ (ਬੁੱਢਾਂ ਦਲ) ਜਲੰਧਰ ਸ਼ਹਿਰ ਵਿਚ ਆ ਪਹੁੰਚਿਆ ਹੈ।

***ਪਹਿਲੇ ਲੂਟੇ ਗਿਰਦੇ ਕੂਚਾ॥*** ਪਹਿਲਾਂ ਜਲੰਧਰ ਦਾ ਚੌਗਿਰਦਾ ਚਾਰ-ਚੁਫੇਰੇ ਜਿਹੜੇ ਵਸਦੇ ਸਨ, ਜਲੰਧਰ ਦੇ ਬਾਹਰਲੀ ਹਵਾ ਲੈਣ ਵਾਲੇ, ਹਰਿਆਵਲ ਵਿਚ ਕੋਠੀਆਂ ਪਾਈਆਂ ਹੋਈਆਂ ਸਨ ਵੱਡੇ-ਵੱਡੇ ਸਰਦਾਰਾਂ ਸੂਬੇਦਾਰਾਂ ਨੇ ਪਹਿਲਾਂ ਉਨ੍ਹਾਂ (ਕੂਚਾ) ਕੂਚਿਆਂ, ਬਸਤੀਆਂ ਦੀ ਲੁੱਟ ਮਚਾਈ ਖਾਲਸੇ ਨੇ।

***ਦੀਨਾ ਬੇਗ ਪੈ ਤੁਰਕ ਪੁਕਾਰੇ॥*** ਭੱਜ ਕੇ ਤੁਰਕਾਂ ਨੇ ਅਦੀਨਾਂ ਬੇਗ ਕੋਲ ਪੁਕਾਰ ਕੀਤੀ ਹੈ।

***ਰਖ ਲੋ ਜਲੰਧਰ ਪੈਸੇ ਦੇਹਿਂ ਭਾਰੇ॥ ੭੧॥*** ਹੇ ਅਦੀਨਾਂ ਬੇਗ ਜੀ ! ਰੱਖ ਲੋ ਜਲੰਧਰ ਜੇ ਰੱਖੀਦਾ ਹੈ ਬੜੇ ਭਾਰੀ ਭਾਵ ਬਹੁਤੇ ਰੁਪਿਆ ਦੇ ਦਿੰਦੇ ਹਨ। ੭੧।

***ਕਰੋੜ ਰੁਪਯੇ ਜਲੰਧਰ ਮਾਂਹਿ॥*** ਕਰੋੜਾਂ ਰੁਪਏ ਜਲੰਧਰ ਵਿਚ ਹਨ।

***ਹੱਥੀ ਦੇਹਿਂ ਤਾਂ ਲੁਟਾਓਂ ਸੁ ਨਾਂਹਿ॥*** ਲੁਟਾਓ ਤਾਂ ਨਾ,ਅਸੀਂ ਆਪਣੇ ਹੱਥੀਂ ਸਾਰੇ ਰੁਪਏ ਦੇ ਦਿੰਦੇ ਹਾਂ।

***ਦੀਨਾ ਬੇਗ ਜੱਸਾ ਸ੍ਰਿੰਘ ਪਾਸ॥*** ਉਸ ਵੇਲੇ ਬੁੱਢੇ ਦਲ ਦੇ ਜਥੇਦਾਰ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਸਨ। ਅਦੀਨਾਂ ਬੇਗ ਨੇ ਜੈਸਾ ਸਿੰਘ ਦੇ ਕੋਲ।

***ਖਾਲਸਯੋਂ ਗੁਪਤੀ ਭੇਜੀ ਅਰਦਾਸ॥ ੭੨॥*** ਖਾਲਸੇ ਤੋਂ ਗੁਪਤ, ਪਤਾ ਨਾ ਕਿਸੇ ਨੂੰ ਲੱਗੇ, ਗੁਪਤ ਰੂਪ ਵਿਚ ਬੇਨਤੀ ਘੱਲੀ ਹੈ। ੭੨।

***ਦੋਹਰਾ॥ਮੇਰੋ ਮੂੰਹ ਨ ਕਹਿ ਸਕੇ ਬਡਭਾਗ ਸਿੰਘ ਕੇ ਪਾਹਿ॥*** ਅਦੀਨਾਂ ਬੇਗ ਬੇਨਤੀ ਕਰਦਾ ਹੋਇਆ ਕਹਿੰਦਾ ਹੈ ਕਿ 'ਬਡਭਾਗ ਦੇ ਕੋਲ ਮੇਰਾ ਮੂੰਹ ਨਹੀਂ ਕੁਛ ਕਹਿ ਸਕੇਗਾ, ਕਿਉਂਕਿ ਮੇਰੀ ਉਸ ਦੀ ਸ਼ਰਤ ਹੈ ਲਿਖ ਲਿਖ ਕੀਤਾ ਹੋਇਆ ਹੈ। ਸਹੁੰ ਕੁਰਾਨ ਦੀ ਖਾ ਕੇ ਮੈਂ ਸ਼ਰਤ ਲਿਖ ਦਿੱਤੀ ਹੋਈ ਹੈ।

***ਜਲੰਧਰ ਬਚੇ ਬਚਾਇ ਜਿਮ ਲੇ ਟਕੇ ਸੁ ਬੇਪਰਵਾਹਿ॥ ੭੩॥*** ਜ: ਜੱਸਾ ਸਿੰਘ (ਬੁੱਢਾ ਦਲ) ਨੂੰ ਸੁਨੇਹਾ ਭੇਜਿਆ ਹੈ, ਜਿਵੇਂ ਵੀ ਜਲੰਧਰ ਬਚਦਾ ਹੈ ਇਸ ਨੂੰ ਬਚਾ ਲਵੋ, (ਬੇਪਰਵਾਹ) ਧਨ ਦੀ ਕੋਈ ਪਰਵਾਹ ਨਹੀਂ ਹੈ,ਜਿੰਨਾਂ ਧਨ ਲੈਣਾ ਹੈ,ਉਹ ਲੈ ਲਵੋ ਮੇਰੇ ਭੋਲੋਂ। ੭੩।

***ਚੌਪਈ॥ਤਬ ਜੱਸਾ ਸਿੰਘ ਨਗਾਰਾ ਬਜਵਾਯਾ॥*** ਤਦ ਜ: ਜੱਸ਼ਾ ਸਿੰਘ (ਬੁੱਢਾ ਦਲ) ਨਗਾਰੇ 'ਤੇ ਚੋਟ ਲਵਾ ਦਿੱਤੀ ਹੈ,

ਇਹ ਨਿਸ਼ਾਨੀ ਹੁੰਦੀ ਹੈ, ਜੇ ਹੱਲਾ ਕਰਨਾ ਹੋਵੇ ਤਾਂ ਵੀ ਨਗਾਰਾ ਬਜਾਉਣਾ ਹੈ। ਜੇ ਰੋਕਣਾ ਹੋਵੇ ਖਾਲਸੇ ਨੇ ਹੱਲੇ ਨੂੰ ਤਾਂ ਵੀ ਨਗਾਰੇ 'ਤੇ ਚੋਟ ਲਾਉਣੀ ਹੈ। ਕਿ ਗੱਲ ਹੈ? ਪਿੱਛੋਂ ਹੁਕਮ ਆ ਗਿਆ ਹੈ। ਕਿਉਂਕਿ ਗੱਲੀਬਾਤੀਂ ਤਾਂ ਲੜਾਈ ਵਿਚ ਸੁਣਦਾ ਨਹੀਂ ਕੁਛ ਰੌਲੇ-ਗੌਲੇ ਵਿਚ, ਨਗਾਰਾ ਬੱਜੇ ਤੋਂ ਖ਼ਬਰ ਹੋ ਜਾਂਦੀ ਹੈ ਕਿ ਰੋਕ ਬਈ, ਪਤਾ ਕਰਦੀ ਹੈ ਫ਼ੌਜ ਕੀ ਗੱਲ ਹੋਈ ਹੈ? ਕਿਉ ਰੋਕਿਆ ਗਿਆ ਹੈ।

***ਬਡਭਾਗ ਸਿੰਘ ਨੇ ਸੋ ਸੁਣ ਪਾਯਾ॥*** ਬਡਭਾਗ ਸਿੰਘ ਨੇ ਵੀ ਨਗਾਰੇ ਦੀ ਅਵਾਜ਼ ਨੂੰ ਸੁਣਿਆ ਹੈ ਕਿ ਇਹ ਰੋਕ ਦਾ ਨਗਾਰਾ ਵੱਜਿਆ ਹੈ।

***ਸਰਬੱਤ ਖਾਲਸੋ ਸੱਦ ਬੁਲਾਯਾ॥*** ਸਰਬੱਤ ਖਾਲਸੇ ਨੂੰ ਸੱਦਾ ਭੇਜ ਕੇ ਬੁਲਾ ਲਿਆ ਹੈ ਵਾਪਸ, ਕਿਉਂਕਿ ਜੰਗੀ ਸਿੰਘ ਤਾਂ ਲੁੱਟਣ ਗਏ ਹੋਏ ਸਨ, ਬਾਕੀ ਦਾ ਨਾਮੀ ਗ੍ਰਾਮੀ ਖਾਲਸਾ ਤਾਂ ਜਥਿਆਂ ਦੇ ਰੂਪ ਵਿਚ ਹੁੰਦਾ ਸੀ, ਉਨ੍ਹਾਂ ਸਾਰਿਆਂ ਨੂੰ ਸੱਦਿਆ ਹੈ ਗੁਰਮਤਾ ਕਰਨ ਵਾਸਤੇ।

***ਇਕ ਥਾਂ ਤਿਨਕਾ ਦਿਵਾਨ ਲਗਾਯਾ॥ ੭੪॥*** ਉਨ੍ਹਾਂ ਦਾ ਇਕ ਥਾਂ ਦੀਵਾਨ ਲਗਾਇਆ ਹੈ ਸਾਰੇ ਖਾਲਸੇ ਨੇ ਇਕੱਤ੍ਰ ਹੋ ਕੇ। ੭੪।

***ਬਡਭਾਗ ਸਿੰਘ ਤਬ ਬੋਲਯੋ ਗੱਜ॥*** ਤਦ ਬਾਬਾ ਬਡਭਾਗ ਸਿੰਘ ਗੱਜ ਕੇ ਬੋਲਿਆ ਹੈ, ਨੋਕ ਝੋਕ ਹੋ ਗਈ ਨਾ ਓਧਰੋ ਓਧਰੀ ਕਿ ਇਹ ਰੋਕੀ ਕਿਉਂ ਗਈ ਹੈ ਲੜਾਈ? ਕਿ ਰੋਕ ਦਿਉ ਲੜਾਈ ਗੱਲ ਸੁਣ ਲਵੋ ਸਾਡੀ। ਬਡਭਾਗ ਸਿੰਘ ਇਉਂ ਬੋਲਿਆ ਹੈ, ਕੜਕ ਕੇ।

***ਹੈ ਕੋ ਜਲੰਧਰ ਰਖੈ ਜੁ ਅੱਜ॥*** 'ਹੈ ਕੋਈ ਜਿਹੜਾ ਜਲੰਧਰ ਨੂੰ ਅੱਜ ਬਚਾਉਣ ਵਾਲਾ ਹੋਵੇ' 'ਬੋਲੋ ਕਿਹੜਾ ਹੈ? ਸਰਬੱਤ ਖਾਲਸੇ ਵਿਚ ਜਦੋਂ ਇਸ ਤਰ੍ਹਾਂ ਬੋਲਿਆ ਬਡਭਾਗ ਸਿੰਘ'।

***ਧੂਹ ਕਟਾਰ ਤਿਨ ਹੱਥ ਚਮਕਾਯਾ॥*** ਕਟਾਰ ਨੂੰ ਧੂਹ ਕੇ ਹੱਥ ਦੇ ਵਿਚ ਚਮਕਾਇਆ ਹੈ ਕਹਿੰਦਾ, 'ਬੋਲੋ ਕਿਹੜਾ ਬੋਲਦਾ ਹੈ? ਕੌਣ ਹੈ ਰੋਕਣ ਵਾਲਾ ਲੜਾਈ ਨੂੰ ਦੱਸੋ ਮੈਨੂੰ?'

***ਉਸੇ ਮਾਰ ਮੈਂ ਮਰਹੋਂ ਘਾਯਾ॥ ੭੫॥*** ਉਸ ਨੂੰ ਮਾਰ ਕੇ ਮੈਂ, ਮੈਂ ਆਪਣੇ ਆਪ ਦੇ ਮਰ ਜਾਵਾਂਗਾ, ਮੈਂ ਤਾਂ ਸਾਰੇ ਜਲੰਧਰ ਨੂੰ ਕਤਲ ਕਰਨਾ ਹੈ। ੭੫।

***ਉਠਯੋ ਖਾਲਸੋ ਹੱਥ ਸਭ ਜੋੜ॥*** ਖਾਲਸਾ ਪੰਥ ਦੀਵਾਨ ਲਗਾਈ ਬੈਠਾ ਸੀ, ਹੱਥ ਜੋੜ ਕੇ ਖੜ੍ਹਾ ਹੋ ਗਿਆ ਹੈ ਖਾਲਸਾ।

***ਕੌਣ ਸਕੇ ਤਵ ਬਚਨ ਸੁ ਮੋੜ॥*** ਹੇ ਬਡਭਾਗ ਸਿੰਘ ਜੀ ! ਕੌਣ ਹੈ ਜੋ ਤੇਰਾ ਬਚਨ ਮੋੜੇ, ਨਹੀਂ ਮੋੜ ਸਕਦਾ, ਬੋਲੋ ਕੀ ਹੁਕਮ ਹੈ?।

***ਦਏ ਨਗਾਰੇ ਸਭਨ ਬਜਾਈ॥*** ਸਾਰਿਆਂ ਨੇ ਨਗਾਰਾ ਦੂਜਾ ਬਜਾ ਦਿੱਤਾ ਹੈ ਹੱਲੇ ਵਾਲਾ , ਅੱਗੇ ਜਿਹੜੇ ਸਿੰਘ ਨਹੀਂ ਸਨ ਗਏ ਹੱਲੇ ਵਿਚ,ਉਹ ਵੀ ਤਿਆਰ ਹੋ ਗਏ ਸਨ।

***ਦੀਨਾ ਰਖੈ ਤੋ ਉਸੈ ਲੁਟਾਈ॥ ੭੬॥*** ਖਾਲਸੇ ਨੇ ਕਹਿ ਦਿੱਤਾ ਕਿ ਜੇ ਅਦੀਨਾਂ ਬਚਾਉਂਦਾ ਹੈ ਜਲੰਧਰ ਨੂੰ, ਵਿਚੇ ਉਸ ਨੂੰ ਵੀ ਲੁੱਟ ਲਵੋ। ੭੬।

***ਦੀਨਾ ਬੇਗ ਨੈ ਯੋ ਸੁਨ ਪਾਈ॥*** ਜਦੋਂ ਅਦੀਨਾ ਬੇਗ ਨੇ ਇਉਂ ਸੁਣਿਆ ਹੈ ਖਾਲਸੇ ਦੇ ਗੁਰਮਤੇ ਬਾਰੇ।

***ਮਤ ਮੈਂ ਪਹਿਲੋਂ ਜਾਉਂ ਲੁਟਾਈ॥*** ਮਤਾਂ ਕਿਤੇ ਜਲੰਧਰ ਤੋਂ ਪਹਿਲਾਂ ਮੈਂ ਹੀ ਨਾ ਲੁੱਟਿਆ ਜਾਵਾਂ।

***ਨਗਾਰਾ ਤੁਰਤ ਸੁ ਦਯੋ ਬਜਾਈ॥*** ਉਸ ਨੇ ਵੀ ਉਸੇ ਵੇਲੇ ਹੱਲੇ ਦਾ ਨਗਾਰਾ ਬਜਾ ਦਿੱਤਾ ਹੈ।

***ਤੁਰ ਖਾਲਸੇ ਮੈਂ ਪਹੁੰਚਯੋ ਆਈ॥ ੭੭॥*** ਭੱਜ ਕੇ ਆਪ ਖਾਲਸੇ ਪੰਥ ਵਿਚ ਆ ਪਹੁੰਚਿਆ ਹੈ (ਅਦੀਨਾਂ ਬੇਗ)। ੭੭।

***ਦੋਹਰਾ॥ਬਡਭਾਗ ਸਿੰਘ ਪੈ ਹੋ ਖੜੋ, ਕਹਯੋ ਮੁਰਚੋ ਹਮੈ ਬਤਾਉ॥*** ਬਡਭਾਗ ਸਿੰਘ ਦੇ ਕੋਲ ਖੜ੍ਹਾ ਹੋ ਕੇ ਕਹਿਣ ਲੱਗਾ,

ਪੀਰ ਜ਼ੀ ! ਦੱਸੋ ਕਿਹੜੇ ਮੋਰਚੇ 'ਤੇ ਮੈਂ ਹੱਲਾ ਕਰਾਂ।

***ਅਬ ਪਿਛਲੇ ਪੈਸੇ ਤਾਰੀਏ, ਔ ਅਗੇ ਲਿਯੋ ਕੜਾਹੁ॥ ੭੮॥*** ਪਿੱਛੇ ਜੋ ਮੈਂ ਤੁਹਾਡੇ ਨਾਲ ਸ਼ਰਤ ਕੀਤੀ ਹੈ, ਉਹ ਮੈਥੋਂ ਲਵੋ, ਅੱਗੇ ਵਾਸਤੇ ਖੁਲ੍ਹੇ ਕੜਾਹ ਪ੍ਰਸਾਦ ਕਰੋ। ਫ਼ੌਜ ਲੁੱਟਣ ਗਈ ਹੈ, ਜੰਗ ਹੋ ਰਿਹਾ ਹੈ, ਸਾਰੀ ਛਕੋ ਛਕਾਉ। ਲਉ ਤੁਸੀਂ ਕੜਾਹ ਪ੍ਰਸਾਦ ਦੀਆਂ ਦੇਗਾਂ ਤਿਆਰ ਕਰੋ ਤੇ ਮੈਨੂੰ ਹੁਕਮ ਦਿਉ, ਕਿਹੜੇ ਮੋਰਚੇ 'ਤੇ ਹੱਲਾ ਬੋਲ ਦਿਆਂ। ੭੮।

***ਚੌਪਈ॥ ਬਡਭਾਗ ਸਿੰਘ ਨੇ ਯੌਂ ਤਬ ਕਹੀ॥*** ਤਦ ਬਡਭਾਗ ਸਿੰਘ ਨੇ ਇਉਂ ਆਖਿਆ ਹੈ।

***ਕਤਲ ਪਠਾਨਨ ਕਰਕੇ ਸਹੀ॥*** ਕਹਿੰਦਾ ਠਹਿਰ ਜਾ ਜਰਾ, ਪਠਾਣਾਂ ਦੀ ਕਤਲਾਮ ਕਰ ਕੇ ਫਿਰ ਕਰਾਂਗੇ, ਇਹੋ ਜਿਹੀਆਂ ਗੱਲਾਂ।

***ਨਾਸਰ ਅਲੀ ਫੂਕ ਕੇ ਆਗ॥*** ਨਾਸਰ ਅਲੀ ਮਰ ਚੁੱਕਿਆ ਸੀ ਅਤੇ ਕਬਰ ਵਿਚ ਦੱਬਿਆ ਹੋਇਆ ਸੀ। ਨਾਸਰ ਅਲੀ ਨੂੰ ਕਬਰ ਵਿੱਚੋਂ ਕੱਢ ਕੇ ਅੱਗ ਵਿਚ ਫੂਕ ਕੇ।

***ਔਰ ਕੰਮ ਹਮ ਪਿਛਲੇ ਲਾਗ॥ ੭੯॥*** ਹੋਰ ਸਭ ਕੰਮ ਅਸੀਂ ਪਿੱਛੋਂ ਲੱਗ ਕੇ ਕਰਾਂਗੇ। ੭੯।

***ਦੋਹਰਾ॥ਬਡਭਾਗ ਸਿੰਘ ਖਾਲਸੇ ਕਹੈ, ਹੈ ਜੋ ਸਿਖ ਮੁਰੀਦ॥*** ਬਡਭਾਗ ਸਿੰਘ ਨੇ ਹੁਕਮ ਕਰ ਦਿੱਤਾ ਕਹਿੰਦਾ 'ਮੁਰੀਦ ਸਿੱਖ ਹੈ ਬਈ ਕੋਈ' ਮੁਰੀਦ ਦਾ ਅਰਥ ਹੁੰਦਾ ਹੈ ਮੁਸਲਮਾਨਾਂ ਵਿੱਚੋਂ ਜੋ ਸਿੱਖ ਬਣੇ ਹਨ, ਕਿਉਂਕਿ ਉਸ ਵੇਲੇ ਤੁਰਕਾਂ ਐਡਾ ਜ਼ੁਲਮ ਕੀਤਾ ਸੀ ਸਾਰੇ ਦੇਸ਼ ਦੇ ਉੱਤੇ, ਬਹੁਤ ਸਾਰੇ ਮੁਰੀਦ ਸਿੱਖ ਬਣ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਵੀ ਤੁਰਕੀ ਦਲ ਰਹਿੰਦਾ ਸੀ।

***ਤੁਰਕਨ ਕੀ ਲੇ ਤੁਰਕਨੀ, ਹਮਰੀ ਯਹੀ ਤਗੀਦ॥ ੮੦॥*** ਮੇਰੀ ਇਹ ਤਗੀਦ ਹੈ 'ਜਿਹੜਾ ਮੁਰੀਦ ਸਿੱਖ ਹੈ, ਉਹ ਜਲੰਧਰੋਂ ਤੁਰਕਣੀ ਲਵੇ ਆਪ ਦੇ ਘਰ ਪਾ ਲਵੇ, ਇਉਂ ਮੁਰੀਦ ਸਿੱਖਾਂ ਨੂੰ ਹੁਕਮ ਹੋਇਆ ਹੈ। ੮੦।

***ਚੌਪਈ॥ਦੀਨਾ ਬੇਗ ਨੂੰ ਯੌ ਕਹਿ ਦੀਯੋ॥*** ਅਦੀਨਾਂ ਬੇਗ ਨੂੰ ਇਉਂ ਆਖ ਦਿੱਤਾ ਹੈ, ਤੁਮ ਆਖ ਦਿੱਤਾ ਹੈ।

***ਤੁਮ ਆਪਨੇ ਡੇਰੇ ਤੇ ਨਿਕਲਨ ਨ ਦੀਯੋ॥*** ਤੂੰ ਇਹ ਖਿਆਲ ਕਰ ਲੈ ਅਦੀਨਾਂ ਬੇਗ! ਆਪਣੇ ਡੇਰੇ ਵਿੱਚੋਂ ਕਿਸੇ ਸਿਪਾਹੀ ਨੂੰ ਬਾਹਰ ਨਹੀਂ ਨਿਕਲਣ ਦੇਣਾ ਹੈ।

***ਕਿਆ ਜਾਣੌਂ ਕੋਈ ਹ੍ਵੈ ਜੇ ਬਾਤ॥*** ਕੀ ਜਾਣੀਏ ਕੋਈ ਖਾਲਸੇ ਨਾਲ ਐਸੀ ਵੈਸੀ ਗੱਲ ਹੋ ਜਾਵੇ। ਕਿਤੇ ਖਾਲਸੇ ਨਾਲ ਹੀ ਨਾ ਹੱਲਾ ਹੋ ਜਾਵੇ।

***ਵਿਚੋਂ ਹੋਵੈ ਤੁਮਰੋ ਘਾਤ॥ ੮੧॥*** ਇਹ ਨਾ ਹੋਵੇ, ਵਿਚੇ ਹੀ ਤੇਰਾ ਘਾਤ ਹੋ ਜਾਵੇ, ਤੈਨੂੰ ਵੀ ਸਿੰਘ ਝਟਕਾ ਦੇਣ ਵਿਚੇ ਹੀ। ੮੧।

***ਦੀਨਾ ਬੇਗ ਤਬ ਯੌ ਕਹਿ ਦੀਯੋ॥*** ਤਦ ਅਦੀਨਾਂ ਬੇਗ ਨੇ ਅੱਗੋਂ ਇਉਂ ਕਹਿ ਦਿੱਤਾ ਹੈ।

***ਮੈਂ ਅਬ ਤੁਮਰੋ ਸਿੱਖ ਹ੍ਵੈ ਰਹਯੋ॥*** ਕਹਿੰਦਾ ਜੀ ਮੈਂ ਤਾਂ ਹੁਣ ਤੁਹਾਡਾ ਸਿੱਖ ਬਣ ਗਿਆ ਹਾਂ, ਮੇਰੇ 'ਤੇ ਤਾਂ ਨਾਂਹ ਐਸੇ ਵਾਕ ਕਰੋ ਕਿ ਵਿੱਚੇ ਹੀ ਤੈਨੂੰ ਰਗੜ ਦਿਆਂਗੇ, ਤੈਨੂੰ ਵੀ ਮਾਰ ਦਿਆਂਗੇ, ਮੈਂ ਤਾਂ ਹੁਣ ਤੁਹਾਡਾ ਸਿੱਖ ਤਾਂ ਮੁਰੀਦ ਹਾਂ ਤੁਹਾਡਾ।

***ਭੋਡਾ ਸਿੱਖ ਮੈਂ ਤੁਮਰ ਭਯੋ॥*** ਮੈਂ ਤੁਹਾਡਾ ਰੋੜਾ ਭੋਡਾ ਸਿੱਖ ਹਾਂ, ਮੇਰੇ 'ਤੇ ਕਿਰਪਾ ਕਰਕੇ ਮੈਨੂੰ ਰੱਖ ਲਵੋ।

***ਜਿਮ ਚਾਹੋ ਤਿਮ ਹੀ ਰਖ ਲਯੋ॥ ੮੨॥*** ਜਿਵੇਂ ਵੀ ਤੁਸੀਂ ਰੱਖਣਾ ਚਹੁੰਦੇ ਹੋ, ਓਵੇਂ ਹੀ ਰੱਖ ਲਵੋ, ਮੈ ਹਾਜ਼ਰ ਹਾਂ। ੮੨।

***ਤਬੈ ਖਾਲਸੈ ਹੱਲਾ ਕੀਯੋ॥*** ਤਦ ਖਾਲਸੇ ਨੇ ਹੱਲਾ ਬੋਲ ਦਿੱਤਾ ਹੈ ਜਲੰਧਰ ਦੇ ਉੱਤੇ।

***ਵੜੇ ਸੁ ਸ਼ਹਰ ਕਤਲ ਯੌ ਕੀਯੋ॥*** ਖਾਲਸੇ ਨੇ ਜਲੰਧਰ ਸ਼ਹਿਰ ਵਿਚ ਦਾਖ਼ਲ ਹੋ ਕੇ ਇਉਂ ਕਤਲਾਮ ਕੀਤੀ ਹੈ।

**ਬੋਦੀ ਵਾਲਾ ਦੇਵੈਂ ਛਾਡ॥** ਜਿਸਦੇ ਸਿਰ 'ਤੇ ਬੋਦੀ ਹੋਵੇ, ਉਸ ਨੂੰ ਹਿੰਦੂ ਸਮਝਦੇ ਛੱਡ ਦਿੰਦੇ ਸਨ ਸਿੰਘ।

**ਬਿਨ ਬੋਦੀ ਤਿਸ ਦੇਵੈਂ ਕਾਟ॥ ੮੩॥** ਜਿਸ ਦੇ ਸਿਰ 'ਤੇ ਬੋਦੀ ਨਹੀਂ ਹੈ, ਉਸ ਨੂੰ ਉਦੋਂ ਹੀ ਝਟਕਾ ਦਿੰਦੇ ਸਨ। ੮੩।

**ਦੋਹਰਾ॥ਬਡਭਾਗ ਸਿੰਘ ਥੀ ਜਿਮ ਕਹੀ ਸੋਈ ਖਾਲਸੇ ਕੀਨ॥** ਜਿਵੇਂ ਬਡਭਾਗ ਸਿੰਘ ਨੇ ਕਿਹਾ ਸੀ, ਖਾਲਸੇ ਪੰਥ ਨੇ ਸਾਰੀ ਕਾਰਵਾਈ ਉਸੇ ਤਰ੍ਹਾਂ ਹੀ ਕੀਤੀ।

**ਗੋਰੋਂ ਕਢ ਨਾਸਰ ਅਲੀ ਤਿਮੈਂ ਸੂਰ ਮੁਖ ਦੀਨ॥ ੮੪॥** ਕਬਰ ਵਿੱਚੋਂ ਨਾਸਰ ਅਲੀ ਨੂੰ ਕੱਢ ਲਿਆ ਹੈ, ਜਿਹੜਾ ਅਬਦਾਲੀ ਵੱਲੋਂ ਜਲੰਧਰ ਦਾ ਸੂਬਾ ਬਣਿਆ ਸੀ, ਸੂਰ ਦਾ ਡਲਾ ਲਿਆ ਕੇ ਉਸ ਦੇ ਮੂੰਹ ਵਿਚ ਦਿੱਤਾ ਹੈ। ੮੪।

**ਚੌਪਈ॥ਮੁਗਲ ਪਠਾਣੀ ਸ਼ੇਖ ਸੈਦਾਣੀ॥** ਮੁਗਲਾਣੀਆਂ, ਪਠਾਣੀਆਂ, ਸਯਦਾਂ ਦੀਆਂ ਕੁੜੀਆਂ ਤੇ ਸ਼ੇਖਾਂ ਦੀਆਂ ਕੁੜੀਆਂ।

**ਫੜ ਰੰਘਰੇਟਨ ਸੋਊ ਆਣੀ॥** ਉਹ ਸਭ ਰੰਘਰੇਟੇ ਸਿੱਖਾਂ ਨੇ ਫੜ ਕੇ ਲਿਆਂਦੀਆਂ ਸਨ।

**ਸਰੂਪ ਸਿੰਘ ਇਕ ਬਾਹਮਨ ਸਿੱਖ॥** ਖਾਲਸੇ ਪੰਥ ਵਿਚ ਬ੍ਰਾਹਮਣ ਜਾਤ ਦਾ ਸਿੱਖ ਸਰੂਪ ਸਿੰਘ ਸੀ।

**ਚਿਨਾਲ ਥਲੇ ਮੇਂ ਜਨਮਯੋਂ ਦਿੱਖ॥ ੮੫॥** ਸਰਹੰਦ ਦੇ ਕੋਲ ਅਗਲੇ ਪਾਸੇ ਪਿੰਡ ਹੈ ਚਿਨਾਰਥਲ, ਉਥੋਂ ਦਾ ਜਨਮ ਸੀ ਉਸ ਦਾ, ਉਥੋਂ ਦਾ ਰਹਿਣ ਵਾਲਾ ਸੀ। ੮੫।

**ਬਡਭਾਗ ਸਿੰਘ ਜੀ ਥੀ ਯੌ ਕਹੀ॥** ਬਡਭਾਗ ਸਿੰਘ ਨੇ ਇਉਂ ਕਿਹਾ ਸੀ।

**ਜਲਧ੍ਰੂੰ ਤੁਰਕਨੀ ਰਖੋ ਸਿੱਖ ਸਹੀ॥** ਜਿਹੜਾ ਜਲੰਧਰ ਦੀ ਤੁਰਕਣੀ ਰੱਖ ਲਵੇਗਾ, ਉਹ ਸਿੱਖ ਸਹੀ ਰਹੇਗਾ, ਉਸ ਦੀ ਸਿੱਖੀ ਭੰਗ ਨਹੀਂ ਹੋਵੇਗੀ।

**ਜਲੰਧ੍ਰੂੰ ਤੁਰਕਨੀ ਸਿੱਖ ਰਖੇ ਜੋਊ॥** ਜਲੰਧਰ ਵਿੱਚੋਂ ਜਿਹੜਾ ਵੀ ਸਿੱਖ ਤੁਰਕਨੀ ਰੱਖੇਗਾ।

**ਐਥੇ ਓਥੇ ਮੈਂ ਵਾਲੀ ਹੋਊਂ॥ ੮੬॥** ਏਥੇ ਉਥੇ ਭਾਵ ਲੋਕ ਪ੍ਰਲੋਕ ਵਿਚ ਮੈਂ ਉਸ ਦਾ ਵਾਲੀ ਹੋਵਾਂਗਾ, ਉਸ ਦੀ ਸਜ਼ਾ ਪ੍ਰਲੋਕ ਵਿਚ ਮੈਨੂੰ ਮਿਲੇਗੀ, ਮੈਂ ਉਥੇ ਹਾਮੀ ਭਰਾਂਗਾ ਕਿ ਮੇਰੇ ਹੁਕਮ ਨਾਲ ਜਲੰਧਰ ਵਿਚ ਸਭ ਕੁਛ ਹੋਇਆ ਹੈ। ਇਸ ਕੁਕਰਮ ਦੀ ਕਿਸੇ ਸਿੱਖ ਨੂੰ ਕੋਈ ਸਜ਼ਾ ਨਹੀਂ ਮਿਲੇਗੀ। ੮੬।

**ਦੋਹਰਾ॥ਡੇਰਾ ਲਾਯੋ ਭਾਦਸੋਂ ਸਭ ਸਿਖ ਮੈਂ ਤਿਸ ਆਨ॥** ਜਦੋਂ ਖਾਲਸੇ ਪੰਥ ਨੇ ਖੰਨੇ ਕੋਲ ਭਾਦਸੋਂ ਵਿਖੇ ਡੇਰਾ ਲਾਇਆ, ਸਭ ਸਿੰਘਾਂ ਵਿਚ ਉਸ ਬ੍ਰਹਮਣ ਸਿੰਘ, ਸਰੂਪ ਸਿੰਘ ਨੇ ਆ ਕੇ।

**ਬਚਨ ਮੰਨਯੋ ਉਨ ਗੁਰੂ ਕੋ ਧੰਨ ਸਿਖ ਸੋਊ ਜਾਣ॥ ੮੭॥** ਉਸ (ਸਰੂਪ ਸਿੰਘ) ਨੇ ਗੁਰੂ ਕੇ ਸਿੱਖ ਬਡਭਾਗ ਸਿੰਘ ਦਾ ਬਚਨ ਮੰਨਿਆ ਹੈ (ਤੁਰਕਣੀ ਨੂੰ ਘਰ ਪਾਣ ਦਾ ਆਪਣੇ) ਉਸ ਸਿੱਖ ਨੂੰ ਧੰਨ ਜਾਣੋ। ੮੭।

**ਦੀਨਾ ਬੇਗ ਤਬ ਆਇਓ ਲੇਇ ਰੁਪੱਯੇ ਲਾਖ॥** ਤਦ ਅਦੀਨਾਂ ਬੇਗ ਲੱਖਾਂ ਰੁਪਈਏ ਲੈ ਕੇ ਖਾਲਸੇ ਅੱਗੇ ਹਾਜ਼ਰ ਹੋਇਆ ਹੈ।

**ਕੜਾਹ ਲਿਆਯੋ ਹਜ਼ਾਰ ਕੋ, ਦੀਓ ਅਗੈ ਖਾਲਸੈ ਰਾਖ॥ ੮੮॥** ਇਕ ਹਜ਼ਾਰ ਰੁਪਏ ਦੀਆਂ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਦੀਆ ਰਸਤਾਂ ਬਸਤਾਂ ਤੇ ਲੱਖ ਰੁਪਿਆ ਨਗਦ ਲਿਆ ਕੇ ਖਾਲਸੇ ਪੰਥ ਦੇ ਅੱਗੇ ਰੱਖ ਮੱਥਾ ਟੇਕਿਆ ਹੈ। ੮੮।

**ਚੌਪਈ॥ ਪੈਸੇ ਸੌਂਪੇ ਸ਼ਯਾਮ ਸਿੰਘ ਪਾਸ॥** ਬਜ਼ੁਰਗ ਆਗੂ ਜ: ਸਜਾਮ ਸਿੰਘ ਜੀ ਨਾਰੋਕਿਆਂ ਵਾਲਿਆਂ ਨੂੰ ਸੌਂਪਿਆ ਹੈ ਖਾਲਸੇ ਪੰਥ ਨੇ।

**ਕੜਾਹ ਵਰਤਾਯੋ ਕਰ ਅਰਦਾਸ॥** ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ ਹੈ। ਖਾਲਸਾ ਜੀ ! ਉਦੋਂ ਇਕ ਰੁਪਏ ਦੀ ਪੰਜ ਮਣ ਕਣਕ ਆ ਜਾਂਦੀ ਸੀ ਅਤੇ ਏਸੇ ਤਰ੍ਹਾਂ ਇਕ ਰੁਪਏ ਦਾ ਸਵਾ ਮਣ ਦੁੱਧ ਆ ਜਾਂਦਾ ਸੀ।

**ਨਵਾਬ ਕੜਾਹ ਜਬ ਮੁਖ ਮੇਂ ਪਾਯੋ॥** ਨਵਾਬ (ਦੀਨਾਂ ਬੇਗ) ਨੇ ਜਦੋਂ ਆਪਣੇ ਮੁੱਖ ਵਿਚ ਗੁਰੂ ਕਾ ਕੜਾਹ

ਪ੍ਰਸ਼ਾਦ ਪਾਇਆ।

***'ਧੰਨ ਨਾਨਕ ਗੁਰ' ਉਨੈਂ ਅਲਾਯੋ॥ ੮੯॥*** ਉਸ ਦੇ ਮੁੱਖੋਂ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ' ਸਾਹਿਬ ਨਿਕਲਿਆ ਹੈ। ੮੯।

***ਹਮ ਸੇ ਬੁੱਢਣ ਕੋ ਯਹ ਖਾਨਾ॥*** ਨਵਾਬ ਕਹਿਣ ਲੱਗਾ, 'ਸਾਡੇ ਵਰਗੇ ਬੁੱਢਿਆਂ ਵਾਸਤੇ ਇਹ ਕੈਸਾ ਭੋਜਨ ਬਣਾਇਆ ਹੈ। ਕੈਸਾ ਅਨੰਦਦਾਇਕ ਕੜਾਹ ਪ੍ਰਸ਼ਾਦ ਬਣਾਇਆ ਹੈ'।

***ਹੈ ਯਹ ਬਹਿਸਤੋਂ ਨਾਨਕ ਜੀ ਆਨਾ॥*** ਇਹ ਗੁਰੂ ਨਾਨਕ ਸਾਹਿਬ ਜੀ ਨੇ ਸਾਡੇ ਗੁਰ ਸਿੱਖਾਂ ਵਾਸਤੇ ਬਹਿਸਤਾਂ ਤੋਂ ਲਿਆਂਦਾ ਹੈ ਸਾਡੇ ਵਾਸਤੇ ਸੁਗਾਤ ਲਿਆ ਕੇ ਦਿੱਤੀ ਹੈ।

***ਪੰਝੀ ਹਜ਼ਾਰ ਔਰ ਕਰ ਲੀਓ॥*** ਪੰਝੀ ਹਜ਼ਾਰ ਰੁਪਿਆ ਮੈਂ ਜੀ ਹੋਰ ਹਾਜ਼ਰ ਕਰਾਂਗਾ।

***ਦੁਆਬੇ ਟਕਾ ਸਵਾ ਲਾਖ ਥੀਯੋ॥ ੯੦॥*** ਦੁਆਬੇ ਦੇਸ਼ ਦਾ ਸਵਾ ਲੱਖ ਰੁਪਿਆ ਸਲਾਨਾ ਉਗਰਾਹਿਆ ਜਾਂਦਾ ਹੈ ਮਾਮਲਾ। ੯੦।

***ਨਵਾਬ ਦੁਵਾਬਾ ਲੁਟਣੋ ਹਟਾਯਾ॥*** ਨਵਾਬ (ਅਦੀਨਾਂ ਬੇਗ) ਨੇ ਖਾਲਸੇ ਨੂੰ ਅੱਗੇ ਬੇਨਤੀ ਕਰਕੇ, ਦੁਆਬੇ ਮੁਲਕ ਨੂੰ ਲੁੱਟਣ ਤੋਂ ਹਟਾਇਆ ਹੈ, ਦੁਆਬਾ ਉਸ ਨੇ ਲੁੱਟਣ ਤੋਂ ਬਚਾ ਲਿਆ ਹੈ ਕਿ ਦੁਆਬਾ ਨਾ ਲੁੱਟੋ, ਜਲੰਧਰ ਦਾ ਤੁਹਾਡਾ ਬਚਨ ਸੀ ਲੁੱਟਣ ਦਾ, ਉਹ ਪੂਰਾ ਹੋ ਗਿਆ ਹੈ। ਮੈਥੋਂ ਹੱਥੀਂ ਮਾਮਲਾ ਲੈ ਲਿਆ ਕਰੋ।

***ਸਾਂਝਾ ਖਾਲਸੇ ਸਾਥ ਬਣਾਯਾ॥*** ਅੱਜ ਤੋਂ ਦੁਆਬਾ ਦੇਸ਼ ਸ਼ਾਂਝਾ ਹੋ ਗਿਆ ਹੈ ਤੁਹਾਡੇ ਨਾਲ, ਜਿੰਨਾਂ ਮਾਮਲਾ ਉਗਰਾਹਿਆ ਕਰਾਂਗੇ, ਉਹ ਸਾਰਾ ਅੱਧੋ-ਅੱਧ ਸਾਡਾ ਤੁਹਾਡਾ ਹੋਇਆ ਕਰੇਗਾ।

***ਅਠਾਰਾਂ ਸੌ ਤੇਰ੍ਹਵੇਂ ਸਾਲ॥*** ਬਿਕ੍ਰਮੀ ਸੰਮਤ ਦੇ ਅਠਾਰ੍ਹਾਂ ਸੌ ਤੇਰਵੇ (੧੮੧੩) ਸਾਲ ਵਿਚ।

***ਐਸੋ ਭਯੋ ਖਾਲਸੇ ਚਾਲ॥ ੯੧॥*** ਐਸਾ ਚਾਲਾ ਹੋਇਆ ਹੈ ਉਸ ਸਮੇਂ ਖਾਲਸੇ ਪੰਥ ਦਾ, ਜਦੋਂ ਮੁਗਲ ਪਠਾਣ ਥਰ-ਥਰ ਕੇ ਕੰਬਦੇ ਖਾਲਸੇ ਪੰਥ ਕੋਲੋਂ। ੯੧।

## ਸਾਖੀ ਮਰਹੱਟਨ ਔ ਪੰਥ ਖਾਲਸੇ ਨੇ ਸ਼ਹਿਰ ਲੁੱਟ ਕੇ ਅਹਿਮਦ ਸ਼ਾਹ ਕੰਧਾਰੀ ਕੋ ਸੂਬਾ ਅਸਮੁੰਦ ਖਾਂ ਪਕੜਾਯਾ

### (ਸਰਹੰਦ ਲੁੱਟਣੀ ਤੇ ਮਰਹੱਟਿਆਂ ਨਾਲ ਮੁੱਠਭੇੜ)

***ਦੋਹਰਾ॥ ਮੁਗਲ ਜੁ ਦਿੱਲੀਪਤਿ ਹੁਤੇ ਸੁ ਕਿਤ ਰਹੇ ਦਿੱਲੀਏ ਮੱਧ ਦੜਾਇ॥*** ਉਸ ਸਮੇਂ ਜੋ ਦਿੱਲੀ ਦਾ ਮੁਗਲ ਬਾਦਸ਼ਾਹ ਸੀ, ਉਹ ਤਾਂ ਕਿਤੇ ਦਿੱਲੀ ਵਿਚ ਹੀ ਦੜ ਕੇ ਬੈਠਾ ਰਿਹਾ ਹੈ।

***ਪਠਾਣ ਕੰਧਾਰੀ ਹ੍ਵੈ ਰਹਯੋ ਦਿੱਲੀ ਗਿਰਦ ਪਤਿਸ਼ਾਹਿ॥ ੧॥*** ਉਸ ਸਮੇਂ ਅਹਿਮਦ ਸ਼ਾਹ ਕੰਧਾਰੀ ਦਿੱਲੀ ਦੇ ਪਾਤਸ਼ਾਹ ਦੇ ਦੁਆਲੇ ਹੋਇਆ ਹੋਇਆ ਸੀ, ਦਿੱਲੀ ਨੂੰ ਘੇਰਾ ਪਾਇਆ ਹੋਇਆ ਸੀ। ੧।

***ਦਿੱਲੀ ਮੇਂ ਜਬ ਯੌਂ ਸੁਨਯੋ ਗਯੋ ਬੁਲੰਦ ਖਾਂ ਭਾਜ॥*** ਦਿੱਲੀ ਵਿਚ ਜਦੋਂ ਇਉਂ ਸੁਣਿਆ ਹੈ ਕਿ ਖਾਲਸੇ ਤੋਂ ਹਾਰ ਖਾ ਕੇ ਸਰ ਬੁਲੰਦ ਖਾ ਭੱਜ ਗਿਆ ਹੈ।

***ਲਏ ਮਰਹੱਟੇ ਸੰਗ ਉਨ ਉਠਯੋ ਗਾਜਦੀਂ ਗਾਜ॥ ੨॥*** ਮਰਹੱਟਿਆਂ ਨੂੰ ਨਾਲ ਲਿਆ ਹੈ ਉਸ ਨੇ, ਗਾਜਦੀਂ ਗੱਜ ਕੇ ਉੱਠਿਆ ਹੈ, ਚਲੋ ਮੈਂ ਚਲਦਾ ਹਾਂ। ੨।

***ਚੌਪਈ॥ ਲਾਖ ਟਕਾ ਤਿਸ ਤੇ ਸੁ ਰਲਾਯਾ॥*** ਉਸ ਨੇ ਲੱਖ ਟਕਾ ਦੇਣਾ ਕਰਕੇ ਮਰਹੱਟਿਆਂ ਨੂੰ ਆਪਣੇ ਨਾਲ ਰਲਾਇਆ ਹੈ।

**ਤੌ ਮਰਹੱਟਨ ਅਗੈ ਚਲਾਯਾ॥** ਤਾਂ ਮਰਹੱਟਿਆਂ ਨੂੰ ਅੱਗੇ ਤੋਰਿਆ ਹੈ, ਉਨ੍ਹਾਂ ਨੂੰ ਮਾਮਲਾ ਦੇਣਾ ਕਰਕੇ ਲਿਆਂਦਾ ਹੈ।

**ਸ੍ਰਿਹੰਦ ਸਮੁੰਦ ਖਾਂ ਆਕੀ ਭਯੋ॥** ਅਬਦਾਲੀ ਵੱਲੋਂ ਸਮੁੰਦ ਖਾਂ ਸਰਹੰਦ ਦਾ ਸੂਬੇਦਾਰ ਸੀ, ਉਹ ਦਿੱਲੀ ਤੋਂ ਆਕੀ ਹੋ ਗਿਆ ਹੈ।

**ਮ੍ਰਹੱਟਨ ਭੇੜਾ ਆਨ ਸੁ ਕਯੋ॥ ੩॥** ਮਰਹੱਟਿਆਂ ਨੇ ਸਰਹੰਦ ਆ ਕੇ ਜੰਗ ਸ਼ੁਰੂ ਕਰ ਦਿੱਤਾ ਹੈ। ੩।

**ਸੋ ਉਨ ਸ਼ਹਰ ਵੜਨ ਨਾ ਦਏ॥** ਉਹ ਉਨ੍ਹਾਂ (ਮਰਹੱਟਿਆਂ)ਨੂੰ ਸਰਹੰਦ ਸ਼ਹਿਰ ਵਿਚ ਦਾਖਲ ਨਹੀਂ ਹੋਣ ਦਿੰਦਾ ਹੈ।

**ਬਹੁ ਦਿਨ ਲੜੇ ਸੁ ਫਿੱਕੇ ਭਏ॥** ਉਹ ਬਹੁਤ ਦਿਨ ਲੜ ਕੇ ਫਿੱਕੇ ਪੈ ਗਏ ਸਨ, ਮੁਗਲ ਗਾਜ਼ਦੀਂ ਦਾ ਕੋਈ ਜ਼ੋਰ ਨਹੀਂ ਚੜ੍ਹਿਆ ਸਰਹੰਦੀਆਂ 'ਤੇ।

**ਦੀਨ ਬੇਗ ਯੌ ਬਜੀਰਹਿ ਕਹਯੋ॥** ਅਦੀਨਾਂ ਬੇਗ ਨੇ ਦਿੱਲੀ ਦੇ ਵਜ਼ੀਰ ਨੂੰ ਇਉਂ ਕਿਹਾ ਹੈ।

**ਬਿਨਾਂ ਸਿੰਘਨ ਮਰਤੋ ਨਹਿੰ ਅਹਯੋ॥ ੪॥** ਸਿੰਘਾਂ ਤੋਂ ਬਗੈਰ ਨਹੀਂ ਮਰਨਾ ਹੈ ਸਰਹੰਦੀ ਸੂਬੇ ਨੇ। ੪।

**ਬਜੀਰ ਕਹੀ, ਦੇ ਟਕੇ ਲੈ ਆਓ॥** ਵਜ਼ੀਰ ਨੇ ਕਿਹਾ ਅਦੀਨਾਂ ਬੇਗ ਨੂੰ, ਖਾਲਸੇ ਨੂੰ ਜਿੰਨੇ ਰੁਪਏ ਮੰਗਦੇ ਹਨ, ਉਤਨੇ ਦੇ ਕੇ ਲੈ ਆਓ।

**ਸਿੰਘਨ ਸੇਤੀ ਬਾਤ ਬਨਾਓ॥** ਸਿੰਘਾਂ ਨਾਲ ਗੱਲ ਬਣਾ ਲਵੋ।

**ਦੀਨਾ ਬੇਗ ਸਦੀਕੋ ਭਿਜਾਯੋ॥** ਅਦੀਨਾਂ ਬੇਗ ਨੇ ਸਦੀਕ ਬੇਗ ਨੂੰ ਖਾਲਸੇ ਨਾਲ ਗੱਲਬਾਤ ਕਰਨ ਵਾਸਤੇ ਭੇਜਿਆ ਹੈ।

**ਸੋ ਸਿੰਘਨ ਕੋ ਲੈ ਕੇ ਆਯੋ॥ ੫॥** ਉਹ ਸਿੰਘਾਂ ਨਾਲ ਗੱਲ ਕਰਕੇ ਆਪਣੇ ਨਾਲ ਲੈ ਕੇ ਆਇਆ ਹੈ। ੫।

**ਸਿੰਘਨ ਕਹਯੋ, ਹਮ ਟਕੇ ਨ ਲੇਵੈਂ॥** ਸਿੰਘਾਂ ਨੇ ਕਿਹਾ 'ਅਸੀਂ ਨਹੀਂ ਕੋਈ ਟਕਾ ਆਦਿਕ ਲੈਂਦੇ।'

**ਗਿਲਜਨ ਕੋ ਹਮ ਮਾਰ ਗਿਰੇਵੈਂ॥** ਬਿਨਾਂ ਪੈਸੇ ਟਕੇ ਤੋਂ ਹੀ ਅਸੀਂ ਗਿਲਜਿਆਂ ਨੂੰ ਮਾਰ ਸੁੱਟਾਂਗੇ।

**ਜੌ ਸਿੰਘਨ ਸੋਂ ਸ਼ਹਰ ਲੁਟਾਵੋ॥** ਜੇ ਤੁਸੀਂ ਸਿੰਘਾਂ ਨੂੰ ਸਰਹੰਦ ਸ਼ਹਿਰ ਦੀ ਲੁੱਟ ਮਾਫ ਕਰਵਾ ਦਿਉ ਤਾਂ, ਜੇ ਸਿੰਘਾਂ ਨੂੰ ਸ਼ਹਿਰ ਲੁਟਾ ਦੇਵੋ।

**ਤੌ ਸਿੰਘਨ ਕੋ ਤੁਰਤ ਕਢਾਵੋ॥ ੬॥** ਤਾਂ ਸਿੰਘਾਂ ਨੂੰ ਤੁਰਤ ਹੀ ਹਮਲੇ ਲਈ ਤਿਆਰ ਕਰਵਾਓ। ੬।

**ਦੋਹਰਾ॥ ਸ਼ੇਰ ਤਬੈ ਤੁਰਤ ਮਾਰੀਏ ਜੌ ਦਏ ਬੇਲੇ ਕੋ ਫੂਕ॥** ਸ਼ੇਰ ਤਦੋਂ ਹੀ ਮਾਰਿਆ ਜਾ ਸਕਦਾ ਹੈ ਜੇ ਚੁਫੇਰਿਓਂ ਜੰਗਲ ਨੂੰ ਅੱਗ ਲਗਾ ਦਿੱਤੀ ਜਾਵੇ, ਫਿਰ ਸ਼ਿਕਾਰੀ ਉਸ ਨੂੰ ਤੁਰਤ ਹੀ ਮਾਰ ਲੈਂਦੇ ਹਨ।

**ਕਿਲ੍ਹਾ ਤੁਟਤ ਹੈ ਤਬ ਝਬੈ ਜਬ ਸ਼ਹਰ ਪਰਤ ਹੈ ਲੂਕ॥ ੭॥** ਕਿਲ੍ਹਾ ਤਾਂ ਝਟ ਦੇ ਕੇ ਟੁੱਟਦਾ ਹੁੰਦਾ ਹੈ, ਜਦੋਂ ਸ਼ਹਿਰ ਵਿਚ ਲੁੱਟ ਪਾ ਦੇਈਏ ਤਾਂ। ਫਿਰ ਕਿਲ੍ਹੇ ਅੰਦਲਿਆਂ ਨੂੰ ਘਬਰਾਹਟ ਹੋ ਜਾਂਦੀ ਹੈ ਕਿ ਸ਼ਹਿਰ ਤਾਂ ਲੁੱਟਿਆ ਗਿਆ ਹੈ ਬਾਹਲਾ ਤੇ ਉਹ ਬੂਹੇ ਖੋਲ੍ਹ ਦਿੰਦੇ ਹਨ ਕਿਲ੍ਹੇ ਦੇ। ਇਸ ਵਾਸਤੇ ਕਿਲ੍ਹਾ ਵੀ ਤਾਂ ਹੀ ਟੁੱਟੇਗਾ, ਜੇ ਅਸੀਂ ਸਰਹੰਦ ਪਹਿਲਾ ਲੁੱਟਾਂਗੇ। ਪਾ: ਲੂਕ ਦੀ ਥਾਂ ਲੂਟ ਹੈ। ੭।

**ਚੌਪਈ॥ਸਿੰਘਨ ਲੂਟ ਸੁ ਮਾਫ ਕਰਾਈ॥** ਸਿੰਘਾਂ ਨੇ ਸਰਹੰਦ ਦੀ ਲੁੱਟ ਮੁਆਫ ਕਰਵਾ ਲਈ ਹੈ। ਖਾਲਸਾ ਜੀ ! ਤੁਸੀਂ ਕਿਲ੍ਹਾ ਤੋੜੋ ਸਰਹੰਦ ਨੂੰ ਮਾਰੋ, ਲੁੱਟ ਤੁਹਾਡੀ ਹੋਵੇਗੀ ਜਿੰਨੀ ਕਰੋਗੇ।

**ਕੁਰਾਨ ਕਸਮ ਉਨ ਬਹੁਤੀ ਖਾਈ॥** ਉਨ੍ਹਾਂ ਨੇ ਕੁਰਾਨ ਦੀਆਂ ਬਹੁਤੀਆਂ ਕਸਮਾਂ ਖਾ ਲਈਆਂ ਹਨ, ਖਾਲਸਾ ਜੀ! ਅਸੀਂ ਕਸਮ ਖਾਂਦੇ ਹਾਂ, ਅਸੀਂ ਲੁੱਟ ਪੁਆਵਾਂਗੇ, ਤੁਸੀਂ ਜਿਵੇਂ ਮਰਜ਼ੀ ਲੁਟਿਓ ਸਰਹੰਦ ਨੂੰ।

**ਸਿੰਘਨ ਡੇਰਾ ਪੰਜਾਬੀ ਪਾਯਾ॥** ਸਿੰਘਾਂ ਨੇ ਸਰਹੰਦ ਸ਼ਹਿਰ ਦੇ ਪੰਜਾਬੀ ਬਾਗ ਵਿਚ ਆ ਕੇ ਡੇਰਾ ਪਾ ਲਿਆ ਹੈ।

**ਸਿਰਹੰਦ ਸ਼ਹਿਰ ਨੂੰ ਹੱਲਾ ਕਰਾਯਾ॥ ੮॥** ਸਰਹੰਦ ਸ਼ਹਿਰ 'ਤੇ ਹੱਲਾ ਬੋਲ ਦਿੱਤਾ ਹੈ ਸਿੰਘਾਂ ਨੇ। ੮।

**ਦੋਹਰਾ॥ਸਤਿਗੁਰ ਕੋ ਥੋ ਹੁਕਮ ਜੋ ਬਨੀ ਬਿਧੀ ਅਬ ਆਇ॥** ਜੋ ਸਤਿਗੁਰਾਂ ਦਾ ਹੁਕਮ ਸੀ ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣੀ, ਉਹ ਵਿਧੀ ਬਣ ਗਈ ਹੈ ਆ ਕੇ। ਖਾਲਸੇ ਦੇ ਪਹਿਲੇ ਹੱਲੇ ਵੇਲੇ ਬੰਦੇ ਬਹਾਦਰ ਸਰਹੰਦ ਨੂੰ

ਬਚਾ ਲਿਆ ਸੀ ਕਿ ਇਥੇ ਰਾਜ ਕਰਾਂਗੇ, ਬਾਜ ਸਿੰਘ ਨੂੰ ਸੂਬੇਦਾਰ ਬਣਾ ਦਿੱਤਾ ਸੀ।

***ਸਿੰਘਨ ਉਜਾੜਨ ਲੂਟਨੋਂ ਕੀਨੋ ਚਿਤ ਬਹੁ ਲਾਇ॥ ੯॥*** ਸਿੰਘਾਂ ਨੂੰ ਹੁਕਮ ਸੀ ਗੁਰੂ ਜੀ ਦਾ ਕਿ ਸਰਹੰਦ ਨੂੰ ਉਜਾੜਨਾ ਹੈ ਅਤੇ ਲੁੱਟਣਾ ਹੈ ਅਤੇ ਇਸ ਦੀ ਇੱਟ ਨਾਲ ਇੱਟ ਖੜਕਾਉਣੀ ਹੈ। ਗੁਰੂ ਜੀ ਦੇ ਹੁਕਮ ਅਨੁਸਾਰ ਸਿੰਘਾਂ ਨੇ ਬੜਾ ਚਿਤ ਲਾ ਕੇ ਸਰਹੰਦ ਸ਼ਹਿਰ ਨੂੰ ਲੁੱਟਿਆ ਤੇ ਉਜਾੜਿਆ ਹੈ, ਇੱਟ ਨਾਲ ਇੱਟ ਬਜਾਈ ਖਾਲਸੇ ਨੇ। ੯।

***ਸਿੰਘਨ ਯੌਂ ਹੱਲਾ ਕੀਯੋ ਜਿਮ ਲੰਕਾ ਪਰ ਕਪਿ ਸੂਰ॥*** ਕਹਿੰਦੇ ਜਿਵੇਂ ਲੰਕਾ ਤੇ ਸ੍ਰੀ ਰਾਮਚੰਦ੍ਰ ਜੀ ਨੇ ਹੱਲਾ ਬੋਲਿਆ ਸੀ, ਹਨੂਮਾਨ ਆਪਣੀ ਫ਼ੌਜ ਲੈ ਕੇ ਗਿਆ ਸੀ ਬਾਦਰਾਂ ਦੀ, ਸਿੰਘਾਂ ਨੇ ਵੀ ਸਰਹੰਦ ਉੱਤੇ ਓਵੇਂ ਹੱਲਾ ਕੀਤਾ ਹੈ।

***ਦੌੜ ਜਾਇ ਕੰਧਨ ਚੜ੍ਹੇ ਸਿੰਘ ਦਿਸੈਂ ਕੰਗੂਰੈ ਕੰਗੂਰ॥ ੧੦॥*** ਸਿੰਘ ਦੌੜ ਕੇ ਕਿਲ੍ਹੇ ਦੀਆਂ ਕੰਧਾਂ 'ਤੇ ਜਾ ਚੜ੍ਹੇ ਹਨ, (ਕੰਗੂਰੈ) ਤੇ ਭਾਵ ਕਿਲ੍ਹੇ ਦਾ ਹਰ ਕਿੰਗਰੇ 'ਤੇ ਸਿੰਘ ਹੀ ਸਿੰਘ ਦਿਖਾਈ ਦਿੰਦੇ ਸਨ ਗਿਲਜਿਆਂ ਨੂੰ। ੧੦।

***ਚੌਪਈ॥ਜਬ ਸਿੰਘ ਟਪ ਕਰ ਅੰਦਰ ਵੜੇ॥*** ਜਦੋਂ ਸਿੰਘ ਕਿਲ੍ਹੇ ਦੀਆਂ ਕੰਧਾਂ ਟੱਪ ਕੇ ਅੰਦਰ ਦਾਖ਼ਲ ਹੋਏ।

***ਗਿਲਜੇ ਰਹੇ ਨ ਅਗੈ ਖੜੇ॥*** ਗਿਲਜੇ ਸਿੰਘਾਂ ਦੇ ਅੱਗੇ ਨਾ ਖੜ੍ਹੇ ਰਹਿ ਸਕੇ।

***ਜੋ ਕੋ ਅੜਯੋ ਸੁ ਲੀਨੋ ਮਾਰ॥*** ਜੋ ਵੀ ਖਾਲਸੇ ਦੇ ਅੱਗੇ ਅੜਿਆ, ਉਸ ਨੂੰ ਥਾਇ ਮਾਰਿਆ ਖਾਲਸੇ ਨੇ।

***ਇਹ ਬਿਧ ਦੁਰਾਲੀ ਗਏ ਸੁ ਹਾਰ॥ ੧੧॥*** ਇਸ ਤਰ੍ਹਾਂ ਗਿਲਜੇ ਹਾਰ ਗਏ ਹਨ। ੧੧।

***ਤਬ ਸਿੰਘਨ ਬਹੁ ਲੂਟ ਮਚਾਈ॥*** ਤਦ ਸਿੰਘਾਂ ਬੜੀ ਲੁੱਟ ਮਚਾਈ ਹੈ, ਖ਼ੂਬ ਲੁੱਟਿਆ ਹੈ ਫਿਰ ਸਰਹੰਦ ਸ਼ਹਿਰ ਨੂੰ।

***ਚੰਗੀ ਵਸਤ ਸਿੰਘ ਡੇਰਨ ਆਈ॥*** ਜਿੰਨੀਆਂ ਚੰਗੀਆਂ-ਚੰਗੀਆਂ ਵਸਤੂਆਂ ਸਨ, ਖ਼ਜ਼ਾਨਾ, ਸ਼ਸਤ੍ਰ ਬਸਤ੍ਰ, ਚੰਗੇ ਘੋੜੇ,ਸਭ ਸਿੰਘਾਂ ਨੇ ਲੁੱਟ-ਲੁੱਟ ਕੇ ਆਪਣੇ ਡੇਰੇ ਲਿਆਂਦਾ ਹੈ, ਮਾਲ।

***ਦੁਏ ਦਿਨ ਮ੍ਰਹਟੇ ਲੂਟ ਪਾਏ॥*** ਪਹਿਲੇ ਦਿਨ ਤਾਂ ਖਾਲਸੇ ਨੇ ਤਾਜਾ-ਤਾਜਾ ਲੁੱਟ ਪਾ ਕੇ ਸਰਹੰਦ ਨੂੰ ਲੁੱਟਿਆ। ਦੂਜੇ ਦਿਨ ਮਰੱਹਟਿਆਂ ਨੂੰ ਵੀ ਆਗਿਆ ਹੋ ਗਈ ਕਿ ਤੁਸੀਂ ਵੀ ਲੁੱਟ ਲਵੋ, ਦੂਜੇ ਦਿਨ ਮਰਹੱਟਿਆਂ ਨੇ ਲੁੱਟਿਆ ਹੈ।

***ਫੇਰ ਚੁਤਰਫੋਂ ਸਭ ਵੜ ਆਏ॥ ੧੨॥*** ਫਿਰ ਤਾਂ ਚਾਰੋਂ ਪਾਸਿਓਂ ਸਭ ਲੁਟੇਰੇ ਆ ਵੜੇ ਹਨ ਸਰਹੰਦ ਲੁੱਟਣ ਨੂੰ। ੧੨।

***ਸਿੰਘ ਮ੍ਰਹਟਨ ਦੰਗਾ ਭਯੋ॥*** ਲੁਟ-ਮਾਰ ਕਰਦਿਆਂ-ਕਰਦਿਆਂ ਸਿੰਘਾਂ ਦਾ ਤੇ ਮਰਹੱਟਿਆਂ ਦਾ ਜੰਗ ਹੋ ਗਿਆ ਹੈ ਆਪਸ ਵਿੱਚੀਂ।

***ਮ੍ਰਹੱਟਨ ਕੋ ਭੀ ਲੂਟਨ ਠਯੋ॥*** ਸਿੰਘਾਂ ਨੇ ਮਰਹੱਟਿਆਂ ਨੂੰ ਵੀ ਲੁੱਟਿਆ ਤੇ ਕੁੱਟਿਆ ਹੈ।

***ਤਬਹਿ ਮਰਹਟੋਂ ਯੌ ਚਿਤ ਠਈ॥*** ਤਦ ਮਰਹੱਟਿਆਂ ਨੇ ਚਿੱਤ ਵਿਚ ਠਾਣ ਲਈ ਹੈ ਕਿ ਸਿੰਘਾਂ ਨੇ ਸਾਡੇ ਨਾਲ ਚੰਗੀ ਕੀਤੀ ਹੈ! ਸਾਨੂੰ ਵੀ ਵਿੱਚੇ ਹੀ ਲੁੱਟੀ ਜਾਂਦੇ ਹਨ। ਹੁਣ ਸਿੰਘ ਤੋਂ ਕੌਣ ਲੁੱਟੇ, ਸਿੰਘ ਮਸ਼ਹੂਰ ਲੁਟੇਰੇ ਸਨ।

***ਡੇਰਾ ਸਿਘਨ ਲੂਟਨ ਚਿਤਈ॥ ੧੩॥*** ਮਰਹੱਟਿਆਂ ਨੇ ਚਿੱਤ ਵਿਚ ਧਾਰੀ ਹੈ ਕਿ ਸਿੰਘਾਂ ਦਾ ਡੇਰਾ ਲੁੱਟੀਏ, ਸਾਰੀਆਂ ਵਸਤੂਆਂ ਡੇਰੇ ਗਈਆਂ ਹਨ ਸਿੰਘਾਂ ਦੇ। ੧੩।

***ਜਬ ਸਿੰਘ ਲੂੱਟਨ ਸ਼ਹਿਰ ਵੜਾਹਿਂ॥*** ਜਦੋਂ ਸਿੰਘ ਸ਼ਹਿਰ ਦੇ ਵਿਚ ਲੁੱਟਣ ਵੜਨਗੇ।

***ਥੋੜੈ ਰਹੈਂ ਸੁ ਡੇਰਨ ਮਾਂਹਿ॥*** ਥੋੜ੍ਹੇ ਜਿਹੇ ਸਿੰਘ ਡੇਰਿਆਂ ਦੇ ਰਾਖੇ ਰਹਿ ਜਾਣਗੇ ਪਿੱਛੇ।

***ਤਬ ਉਨ ਡੇਰਾ ਹੋਏ ਮਾਰ॥*** ਤਦ ਅਸੀ ਉਨ੍ਹਾਂ (ਸਿੰਘਾਂ) ਦਾ ਡੇਰਾ ਮਾਰ ਲਈਏ, ਲੁੱਟ ਲਈਏ।

***ਨਹੀਂ ਤਾਂ ਹਮ ਕੋ ਕਰੈਂ ਖ਼ੁਆਰ ॥ ੧੪॥*** ਨਹੀਂ ਤਾਂ ਸਿੰਘ ਸਾਨੂੰ ਖ਼ੁਆਰ ਕਰਨਗੇ, ਸਾਨੂੰ ਅਗਾਂਹ ਕਿਥੇ ਪੈਰ ਪਾਉਣ ਦੇਣਾ, ਇਹ ਸਾਨੂੰ ਮਾਰਨਗੇ ਨਾਲੇ ਲੁੱਟਣਗੇ। ੧੪।

***ਦੋਹਰਾ॥ਦੀਨਾ ਬੇਗ ਨੇ ਸੋ ਸੁਨੀ ਤਿਨ ਸਿੰਘਨ ਕਹਿ ਦੀਨ॥*** ਅਦੀਨਾਂ ਬੇਗ ਨੇ ਸਿੰਘਾਂ ਨੂੰ ਮੰਗਾਇਆ ਸੀ ਕਸਮਾਂ ਕਰ ਕੇ, ਉਸ ਨੇ ਝੱਟ ਸਿੰਘਾਂ ਨੂੰ ਕਹਿ ਦਿੱਤਾ ਕਿ ਖਾਲਸਾ ਜੀ! ਇਹ ਨੀਤੀ ਇਹਨਾਂ ਮਰਹੱਟਿਆ ਨੇ ਧਾਰ ਲਈ ਹੈ।

ਤੁਹਾਡੇ 'ਤੇ ਹੱਲਾ ਬੋਲੇਣਗੇ, ਜਰਾ ਖਿਆਲ ਰੱਖਿਓ ਆਪਣਾ, ਆਪ ਸੰਭਾਲ ਕਰਨੀਂ ਹੈ ਤੁਸਾਂ, ਫਿਰ ਨਾ ਆਖਿਓ ਦੱਸਿਆ ਨਹੀਂ ਸਾਨੂੰ, ਸਾਨੂੰ ਪਤਾ ਨਹੀਂ ਲੱਗਿਆ ਸੀ।

***ਹਮਰੀ ਤੁਮਰੀ ਕਸਮ ਜੋ ਅਬ ਲੌ ਪੂਰੀ ਥੀਨ॥ ੧੫॥*** ਸਾਡੀ ਤੁਹਾਡੀ ਜੋ ਕਸਮ ਕੀਤੀ ਸੀ ਸਰਹੰਦ ਲੁੱਟਣ ਦੀ,ਉਹ ਪੂਰੀ ਹੋ ਗਈ ਹੈ। ਤੁਹਾਨੂੰ ਦੋ ਦਿਨ ਲੁਟਾ ਦਿੱਤਾ ਹੈ, ਹੁਣ ਤੁਸੀਂ ਮਾਲੋ-ਮਾਲ ਹੋ ਗਏ ਹੋ। ੧੫।

***ਚੌਪਈ॥ਅਬ ਡੇਰਾ ਕਰ ਜਾਓ ਕੂਚ॥*** ਖਾਲਸਾ ਜੀ ! ਹੁਣ ਤੁਸੀਂ ਡੇਰਾ ਕੂਚ ਕਰ ਜਾਓ, ਹੱਲਾ ਬੋਲ ਜਾਓ।

***ਸ਼ਹਰ ਨ ਵੜਿਓ ਰਹਿਓ ਸੁਚ॥*** (ਸੂਚ) ਸੁਚੇਤ ਰਹਿਣਾ ਜੇ, ਸ਼ਹਿਰ ਵਿਚ ਨਾ ਵੜਿਓ, ਇਹਨਾਂ ਦੀ ਨੀਤੀ ਖ਼ਰਾਬ ਹੋਈ ਹੋਈ ਹੈ, ਇਹ ਮਗਰੋਂ ਤੁਹਾਡੇ 'ਤੇ ਹੱਲਾ ਬੋਲ ਦੇਣਗੇ।

***ਸਿੰਘਨ ਸੋਈ ਬਾਤ ਬਨਾਈ॥*** ਸਿੰਘਾਂ ਨੇ ਉਹੀ ਗੱਲ ਬਣਾ ਲਈ ਹੈ।

***ਤੀਏ ਪਹਿਰ ਤਿਨ ਕੂਚ ਕਰਾਈ॥ ੧੬॥*** ਖਾਲਸੇ ਨੇ ਤੀਜੇ ਪਹਿਰ ਸਭ ਸਮਾਨ ਸੰਭਾਲ ਲਿਆ ਅਤੇ ਲੱਦ-ਲਦਾ ਕੇ ਕੂਚ ਕਰ ਦਿੱਤਾ ਹੈ। ੧੬।

***ਮਰਹਟੇ ਤਕਾਵੈਂ ਹੁਇ ਹੁਇ ਖੜੇ॥*** ਮਰਹੱਟੇ ਆਪਣੇ ਡੇਰਿਆਂ ਵਿਚ ਖੜ੍ਹੇ ਹੋ-ਹੋ ਕੇ ਤੱਕ ਰਹੇ ਨੇ ਕਿ ਇਹ ਲੁੱਟ ਨੂੰ ਜਾਣਗੇ, ਅਸੀਂ ਇਹਨਾਂ ਦੇ ਡੇਰੇ 'ਤੇ ਹੱਲਾ ਕਰਾਂਗੇ।

***ਸਿੰਘ ਤੁਰੇ ਤੇ ਤੁਰਤ ਆ ਪੜੇ॥*** ਜਦੋਂ ਸਿੰਘ ਉਥੋਂ ਤੁਰੇ ਤਾਂ ਤੁਰਤ ਹੀ ਮਰਹੱਟਿਆਂ ਨੇ ਸਿੰਘਾਂ 'ਤੇ ਹੱਲਾ ਬੋਲ ਦਿੱਤਾ।

***ਹੁਤੋ ਸਿੰਘਨ ਥੋ ਥੰਨਾ ਬਨਾਯਾ॥*** ਸਿੰਘਾਂ ਦੀ ਤਿਆਰੀ ਸੀ,ਪਤਾ ਜੁ ਲੱਗ ਗਿਆ ਕਿ ਇਹਨਾਂ ਨੇ ਸਾਡੇ 'ਤੇ ਹੱਲਾ ਬੋਲਣਾ ਹੈ। ਸਿੰਘਾਂ ਨੇ ਜਥੇ ਬਣਾ ਕੇ ਵੱਖਰੇ ਰੱਖੇ ਹੋਏ ਸਨ, ਲਉ ਖਾਲਸਾ ਜੀ ! ਜਦੋਂ ਮਰਹੱਟੇ ਆਉਣ,ਉੱਦੋਂ ਤੁਸਾਂ ਉਨ੍ਹਾਂ ਦਾ ਮੂੰਹ ਭੰਨਣਾ ਹੈ। ਅਸੀਂ ਭਾਰ ਬ੍ਰਦਾਰੀ ਨਾਲ ਲੈਂ ਕੇ ਕੂਚ ਕਰਦੇ ਹਾਂ, ਘੋੜ ਸਵਾਰਾਂ ਦੀ ਨਾਲ ਰਾਖੀ ਕਰ ਦਿੱਤੀ ਕਿ ਸਮਾਨ ਲੈ ਕੇ ਤੁਸੀਂ ਚੱਲੋ। ਥੰਨਾ=ਵਿਉਂਤ।

***ਦੇ ਕੇ ਪਿਠ ਮਰਹਟਨ ਚਲਾਯਾ॥ ੧੭॥*** ਮਰਹੱਟਿਆਂ ਨੂੰ ਪਿੱਠ ਦੇ ਕੇ ਆਪਣੇ ਪਿੱਛੇ ਤੋਰਿਆ ਹੈ। ੧੭।

***ਕੋਸ ਦੋਇ ਕੁ ਮਰਹੱਟੇ ਆਏ॥*** ਮਰਹੱਟੇ ਦੋ ਕੁ ਕੋਹ ਸਿੰਘਾਂ ਦੇ ਪਿੱਛੇ ਆਏ ਸਨ।

***ਸਿੰਘਨ ਘੋੜੇ ਮੋੜ ਪਲਟਾਏ॥*** ਸਿੰਘਾਂ ਨੇ ਆਪਣੇ ਘੋੜੇ ਪਿੱਛੇ ਨੂੰ ਮੋੜ ਕੇ ਪਲਟਾ ਲਏ ਸਨ।

***ਦਈ ਬੰਦੂਕਨ ਕੀ ਤਬ ਝਾਰ॥*** ਸਿੰਘਾਂ ਦੀਆਂ ਬੰਦੂਕਾਂ ਵਿਚ ਅੱਧਾ-ਅੱਧਾ ਕਿਲੋ ਬਰੂਦ ਇਕ ਫਾਇਰ ਦਾ ਪੈਂਦਾ ਸੀ, ਐਸੀਆਂ ਬੰਦੂਕਾਂ ਵਾਲੇ ਜਿਹੜੇ ਘੋੜ ਚੜੇ ਸਿੰਘ ਸਨ, ਉਨ੍ਹਾਂ ਨੇ ਜਦੋਂ ਮਰਹੱਟਿਆਂ 'ਤੇ ਗੋਲੀਆਂ ਦੀ ਬੁਛਾੜ ਕੀਤੀ।

***ਲਏ ਮ੍ਰਹਟੇ ਬਹੁਤੇ ਮਾਰ॥ ੧੮॥*** ਸਿੰਘਾਂ ਨੇ ਬਹੁਤੇ ਮਰਹੱਟਿਆਂ ਨੂੰ ਮਾਰ ਲਿਆ ਹੈ। ੧੮।

***ਹੰਨਾ ਹੰਨਾ ਕਰ ਪਿੱਛੇ ਮੁੜੇ॥*** (ਹੰਨਾ ਹੰਨਾ) ਆਪ ਦੀ ਬੋਲੀ ਵਿਚ ਬੋਲ ਕੇ ਪਿੱਛੇ ਨੂੰ ਮੁੜ ਪਏ ਹਨ। ਹੰਨਾ ਹੰਨਾ=ਹਰ ਘੋੜ ਸਵਾਰ।

***ਸਿੰਘ ਤਿਨ੍ਹਾਂ ਕੀ ਮੋਢੀਂ ਚੜ੍ਹੇ॥*** ਸਿੰਘ ਜਿਹੜੇ ਥੰਨਾ ਬਣਾ ਕੇ ਪਹਿਲਾਂ ਹੀ ਤਿਆਰ ਖੜ੍ਹੇ ਸੀ, ਮਰਹੱਟਿਆਂ ਦੇ ਜਾ ਮੋਢਿਆਂ 'ਤੇ ਚੜ੍ਹੇ, ਸਿੰਘ ਨੇ ਮਗਰੋਂ ਹੱਲਾ ਬੋਲ ਦਿੱਤਾ ਹੈ।

***ਨੇਜੇ ਵਾਲਾ ਜੋਊ ਤਕਾਵੈਂ॥*** ਬਰਛੇ ਵਾਲੇ ਜੇ ਕਿਸੇ ਮਰਹੱਟੇ ਨੂੰ ਤਕਾ ਲੈਂਦੇ ਸਨ।

***ਮਾਰ ਬੰਦੂਕ ਤਿਸ ਸਿੰਘ ਗਿਰਾਵੈਂ॥ ੧੯॥*** ਉਸ (ਬਰਛੇ ਵਾਲੇ) ਨੂੰ ਗੋਲੀ ਮਾਰ ਕੇ ਉਥੇ ਹੀ ਢੇਰ ਕਰ ਦਿੰਦੇ ਸਨ ਸਿੰਘ। ੧੯।

***ਦੋਹਰਾ॥ਜੋ ਸਿੰਘਨ ਆਗੇ ਟਿਕਯੋ ਸੋ ਤੇ ਲੀਨੋ ਮਾਰ॥*** ਟਿਕਯੋ ਦਾ ਭਾਵ ਹੈ,ਜੋ ਅੜਿਆ ਹੈ ਸਿੰਘਾਂ ਅੱਗੇ, ਜਿਹੜਾ ਵੀ ਮਰਹੱਟਾ ਜਾਂ ਮੁਗ਼ਲ ਅੱਗੇ ਅੜਿਆ ਹੈ ਸਿੰਘਾਂ ਦੇ, ਉਹ ਤਾਂ ਮਾਰ-ਮਾਰ ਕੇ ਗੋਲੀਆਂ ਸਿੰਘਾਂ ਨੇ ਢੇਰ ਕਰ ਦਿੱਤੇ

ਸਨ, ਉਹ ਮਾਰ ਲਏ ਸਨ।

***ਰਾਤ ਹਨੇਰੀ ਆ ਗਈ ਮੁੜ ਡੇਰਨ ਖ੍ਵਾਰ॥ ੨੦॥*** ਉਧਰੋਂ ਹਨੇਰੀ ਰਾਤ ਆ ਗਈ, ਮਰਹੱਟੇ ਖੁਆਰ ਹੋ ਕੇ ਮਾਰ ਖਾ ਕੇ, ਮੂੰਹ ਭੰਨਾ ਕੇ, ਔਰ ਨਾਲ ਦੇ ਸਾਥੀਆਂ ਨੂੰ ਮਰਵਾ ਕੇ ਡੇਰਿਆਂ ਵਿਚ ਜਾ ਵੜੇ। ੨੦।

***ਚੌਪਈ॥ਬੰਦੂਕੀਅਨ ਵਹਿ ਲਭਯੋ ਸ਼ਿਕਾਰ॥*** ਜਿਵੇਂ ਸਹੇ ਆਦਿਕ ਦਾ ਸ਼ਿਕਾਰ ਕਰੀਦਾ ਹੈ, ਬੰਦੂਕਾਂ ਵਾਲੇ ਸਿੰਘ ਨੂੰ ਤਾਂ ਉਹ (ਮਰਹੱਟੇ) ਸ਼ਿਕਾਰ ਵਾਂਗ ਲੱਭੇ ਹਨ, ਮਰਹੱਟਿਆਂ ਨੇ ਤਾਂ ਭੱਜਣ ਦੀ ਕੀਤੀ, ਸਿੰਘਾਂ ਦਾ ਤਾਂ ਉਹ ਬਣ ਗਏ ਸ਼ਿਕਾਰ।

***ਬਾਜ ਬਟੇਰਨ ਮਾਰੇ ਕਰ ਖ੍ਵਾਰ॥*** ਜਿਵੇਂ ਬਾਜ ਬਟੇਰਿਆਂ ਨੂੰ ਖੁਆਰ ਕਰ ਕੇ ਮਾਰਦਾ ਹੈ, ਉਵੇਂ ਹੀ ਸਿੰਘ ਬਾਜ ਹਨ ਤੇ ਮਰਹੱਟੇ ਬਟੇਰੇ ਹਨ, ਉਨ੍ਹਾਂ ਨੂੰ ਖੁਆਰ ਕਰਕੇ ਮਾਰਦੇ ਸਨ ਸਿੰਘ।

***ਫਿਰ ਮਾਝੈ ਜਾ ਕਾਜ ਸਵਾਰੇ॥*** ਫਿਰ ਸਿੰਘਾਂ ਨੇ ਮਾਝੇ ਦੇਸ਼ ਵਿਚ ਜਾ ਕੇ ਕਾਰਜ਼ ਸਵਾਰੇ ਹਨ ਆਪੋ ਆਪਣੇ, ਜਿਹੜੇ ਕੋਈ ਸਿੰਘਾਂ ਨੇ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਕਰਨੀਆਂ ਸੀ, ਆਪਣੇ ਘਰ ਆਦਿਕ ਬਣਾਉਣੇ ਸਨ ਖਾਲਸੇ ਨੇ।

***ਪਹੁੰਚ ਲਹੌਰ ਢਿਗ ਘੋੜੇ ਖਲ੍ਹਾਰੇ॥ ੨੧॥*** ਲਹੌਰ ਦੇ ਨੇੜੇ ਜਾ ਕੇ ਸਿੰਘਾਂ ਨੇ ਘੋੜੇ ਖਲਿਹਾਰ ਲਏ ਸਨ, ਉਥੇ ਡੇਰੇ ਲਾ ਲਏ ਸਨ। ੨੧।

***ਲੁਟ ਸਿੰਘ ਗਏ ਸ਼ਹਿਰ ਉਜਾਰੇ॥*** ਸਰ੍ਹੰਦ ਸ਼ਹਿਰ ਨੂੰ ਉਜਾੜ ਕੇ, ਲੁੱਟ ਕੇ, ਮਾਝੇ ਦੇਸ਼ ਨੂੰ ਚਲੇ ਗਏ ਸਨ ਸਿੰਘ।

***ਸਮੁੰਦ ਖਾਨ ਥੋ ਗਯੋ ਹਾਰੇ॥*** ਸਮੁੰਦ ਖ਼ਾਨ ਸੂਬਾ ਸਰਹੰਦ ਇਸ ਲੜਾਈ ਵਿਚ ਹਾਰ ਗਿਆ ਸੀ।

***ਨਠਨ ਨ ਦੀਨੇ ਮਰਹਟਨ ਘੋੜੀ॥*** ਸਮੁੰਦ ਖ਼ਾਨ ਘੋੜੀ ਲੈ ਕੇ ਭੱਜਣ ਲੱਗਾ ਹੈ ਪਰ ਉਸ ਨੂੰ ਨੱਠਣ ਨਹੀਂ ਦਿੱਤਾ ਮਰਹੱਟਿਆਂ ਨੇ।

***ਸੋ ਫੜ ਲਯੋ ਸੋ ਵਾਟ ਥੋੜੀ॥ ੨੨॥*** ਅਜੇ ਥੋੜ੍ਹੀ ਵਾਟ ਹੀ ਭੱਜਿਆ ਸੀ, ਓੱਥੇ ਹੀ ਫੜ ਲਿਆ ਹੈ ਉਸ ਨੂੰ। ੨੨।

***ਮਰਹਟਨ ਲਹੌਰੈ ਦਯੋ ਜ਼ੋਰਾ॥*** ਮਰਹੱਟਿਆਂ ਨੇ ਸ਼ਰਹੰਦ ਵੱਲੋਂ ਵੇਹਲੇ ਹੋ ਕੇ ਹੁਣ ਲਹੌਰ ਵੱਲ ਨੂੰ ਜ਼ੋਰ ਦਿੱਤਾ ਹੈ।

***ਸਿੰਘਨ ਜਾਇ ਮਚਾਯੋ ਰੌਰਾ॥*** ਸਿੰਘਾਂ ਨੇ ਵੀ ਜਾ ਰੋਲ੍ਹਾ ਕੀਤਾ ਹੈ।

***ਤਮੂਰ ਸ਼ਾਹਿ ਤਬ ਲਹੌਰੈ ਗਯੋ॥*** ਅਹਿਮਦ ਸ਼ਾਹ ਅਬਦਾਲੀ ਦਾ ਪੁੱਤਰ ਤਦ ਲਹੌਰ ਨੂੰ ਗਿਆ ਹੈ।

***ਸੋ ਨਠ ਰਾਹਿ ਕਾਬਲ ਕੇ ਪਯੋ॥ ੨੩॥*** ਉਹ ਲਹੌਰੋਂ ਨੱਠ ਕੇ ਛੇਤੀ ਨਾਲ ਕਾਬਲ ਦੇ ਰਾਹ ਪੈ ਗਿਆ ਹੈ। ੨੩।

***ਲਹੌਰ ਮੁਲਤਾਨ ਤਬ ਖਾਲੀ ਹੋਯੋ॥*** ਲਹੌਰ ਤੇ ਮੁਲਤਾਨ ਖਾਲੀ ਹੋ ਗਿਆ ਹੈ, ਗਿਲਜਿਆਂ ਦਾ ਕੂਚ ਕਰਾ ਦਿੱਤਾ ਹੈ, ਏਥੋਂ।

***ਅਟਕੋਂ ਉਰੇ ਨ ਗਿਲਜਾ ਖਲੋਯੋ॥*** ਗਿਲਜਿਆਂ ਨੇ ਅਟਕ ਦਰਿਆ ਪਾਰ ਕਰਕੇ ਦਮ ਲਿਆ ਹੈ, ਓਦੂੰ ਉਰੇ ਨਹੀਂ ਕੋਈ ਵੀ ਗਿਲਜਾ ਖੜ੍ਹਾ ਹੋਇਆ ਹੈ, ਰਾਤ ਦਿੰਨੇ ਭੱਜੇ ਹੀ ਤੁਰੇ ਗਏ ਨੇ।

***ਸਿੰਘ ਰਹੈਂ ਯਾ ਮੁਗਲ ਸੁ ਦੁਈ॥*** ਸਿੰਘ ਯਾ ਮੁਗ਼ਲ ਹੀ ਰਹਿ ਗਏ ਹਨ ਪਿੱਛੇ ਦੇਸ਼ ਵਿਚ।

***ਤੀਜੋ ਮਰਹਟਾ ਚਾਕਰ ਥੋਈ॥ ੨੪॥*** ਤੀਜੇ ਮਰਹੱਟੇ ਸਨ ਇਹ ਮੁਗਲਾਂ ਦੇ ਨੌਕਰ ਸਨ। ੨੪।

***ਝੁਨਕਰ ਤਿਨ ਮੈਂ ਥੋਊ ਸ੍ਰਦਾਰ॥*** 'ਝੁਨਕਰ' ਨਾਮ ਦਾ ਮਰਹੱਟਾ, ਉਨਾਂ ਮਰਹੱਟਿਆਂ ਦੀ ਫ਼ੌਜ ਦਾ ਸਰਦਾਰ ਸੀ।

***ਤੁੱਕੋ ਹੁਲਕਰ ਰਾਘੋ ਮਲ੍ਹਾਰ॥*** ਤੁਕੋ, ਹਲਕਰ ਰਾਓ, ਰਾਘੋ ਰਾਓ, ਮਲ੍ਹਾਰ ਰਾਓ ਇਹ ਚਾਰ ਸਰਦਾਰ ਸਨ।

***ਸਿੰਘ ਮਰਹਟੇ ਰਹੈਂ ਘੂਰਮਘੂਰੀ॥*** ਸਰਹੰਦ ਵਿਚ ਸਿੰਘਾਂ ਦਾ ਮਰਹੱਟਿਆਂ ਨਾਲ ਮਾਰਾ ਫੁਕਾਰਾ ਹੋ ਗਿਆ ਸੀ, ਹੁਣ ਸਿੰਘ ਤੇ ਮਰਹੱਟੇ ਆਪਸ ਵਿਚ (ਘੂਰਮਘੂਰੀ) ਇਕ ਦੂਜੇ ਨੂੰ ਘੂਰਦੇ ਸਨ, ਇਕ ਦੂਜੇ 'ਤੇ ਗਹਰੀ ਨਿਗਾਹ ਰਖਦੇ ਸਨ।

***ਚੜ੍ਹੇ ਸਿੰਘ ਰਹੈਂ ਤੁਰਕਨ ਮੋਰੀ॥ ੨੫॥*** ਸਿੰਘ ਹੁਣ ਤੁਰਕਾਂ ਦੇ ਮੌਰਾਂ 'ਤੇ ਚੜ੍ਹੇ ਰਹਿੰਦੇ ਸਨ, ਤੁਰਕਾਂ ਦੀ ਸਵਾਰੀ ਕਰਦੇ

ਸਨ ਭਾਵ ਹੁਣ ਤੁਰਕਾਂ ਨੂੰ ਸਿੰਘਾਂ ਤਾਈਂ ਕੰਮ ਪਿਆ ਹੀ ਰਹਿੰਦਾ ਹੈ। ੨੫।

***ਸਿੰਘਨ ਲੀਨੇ ਕਿਲ੍ਹੇ ਚਿਣਾਇ॥*** ਸਿੰਘ ਏਧਰੋਂ ਬਹੁਤ ਸਾਰੀ ਮਾਇਆ ਲੁੱਟ ਕੇ ਲੈ ਗਏ ਸਨ, ਸਾਰੇ ਖਾਲਸੇ ਨੇ ਆਪੋ ਆਪਣੇ ਇਲਾਕਿਆਂ ਵਿਚ ਕਿਲ੍ਹੇ ਬਨਾਉਣੇ ਸ਼ੁਰੂ ਦਰ ਦਿੱਤੇ ਸਨ।

***ਸਿੰਘ ਲਗੇ ਲੈਨ ਮੁਲਕ ਉਗਰਾਹਿ॥*** ਸਿੰਘ ਹੁਣ ਮੁਲਕ ਦੀ ਉਗਰਾਹੀ ਕਰਕੇ ਆਪੋ ਆਪਣੇ ਇਲਾਕੇ ਵਸਾਉਣ ਲੱਗੇ ਸਨ।

***ਮੁਗਲ ਸਿੰਘਨ ਤੇ ਬੋਚ ਗਏ ਕੰਨ॥*** ਮੁਗਲ ਸਿੰਘਾਂ ਤੋਂ ਡਰ ਗਏ ਸਨ ਕਿ ਸਿੰਘਾਂ ਤੋਂ ਬਗੈਰ ਤਾਂ ਗਿਲਜੇ ਭਜਾਏ ਹੀ ਨਹੀਂ ਜਾ ਸਕਦੇ ਸੀ, ਕੋਈ ਵੀ ਸਿੰਘਾਂ ਦੇ ਅੱਗੇ ਨਹੀਂ ਅੜ ਸਕਦਾ, ਆਪਣਾ ਆਪ ਬਚਾ ਕੇ ਲਾਂਭੇ ਹੋ ਗਏ ਮੁਗਲ।

***ਦੇਖ ਕਲਾ ਯਹਿ ਸਤਿਗੁਰ ਧੰਨ॥ ੨੬॥*** ਸਤਿਗੁਰੂ ਦੀ ਕਲਾ ਨੂੰ ਵੇਖ ਕੇ ਕਿ ਧੰਨ ਹੈ ਇਨ੍ਹਾਂ ਦਾ ਸਤਿਗੁਰੂ, ਖਾਲਸੇ ਦੀ ਕਲਾ ਨੂੰ ਵੇਖ ਕੇ ਕਹਿੰਦੇ ਹਨ ਅਤੇ ਧੰਨ ਧੰਨ ਕਰਦੇ ਹਨ ਖਾਲਸੇ ਨੂੰ। ੨੬।

***ਚਿੜੀਅਨ ਤੇ ਤਿਨ ਬਾਜ ਤੁੜਾਏ॥*** ਧੰਨ ਹੈ ਸਤਿਗੁਰੂ ਜੀ ਦੀ ਕਲਾ ਜਿਨ੍ਹਾਂ ਨੇ ਚਿੜੀਆਂ ਤੋਂ ਬਾਜਾਂ ਨੂੰ ਤੁੜਵਾ ਦਿੱਤਾ ਹੈ, ਮੁਗਲ਼ ਆਪਣੇ ਮੂੰਹੋਂ ਕਹਿੰਦੇ ਕਿ ਅਸੀਂ ਬਾਜਾਂ ਵਰਗੇ ਸੀ, ਇਹ ਰਯਤ ਸੀ ਸਾਡੀ, ਚਿੜੀਆਂ ਵਰਗੇ ਜਿਨ੍ਹਾਂ ਨੇ ਸਾਨੂੰ ਮਾਰ ਲਿਆ ਹੈ।

***ਸਸਿਅਨ ਤੇ ਜਿਨ ਸ਼ੇਰ ਮੁਵਾਏ॥*** (ਸਸਿਅਨ) ਸਹੇ, ਖ਼ਰਗੋਸ਼ਾਂ ਤੋਂ ਜਿਨ੍ਹਾਂ ਨੇ ਸ਼ੇਰ ਮਰਵਾ ਦਿੱਤੇ ਹਨ।

***ਮੁਗਲਨ ਸਮਝੇ ਸਿੰਘ ਅਤਿ ਸੂਰ॥*** ਮੁਗਲ ਦੇ ਦਿਲ 'ਤੇ ਖਾਲਸੇ ਦਾ ਖ਼ੌਫ ਬੈਠ ਗਿਆ ਹੈ, ਮੁਗਲਾਂ ਨੇ ਹੁਣ ਸਮਝ ਲਿਆ ਕਿ ਸਿੰਘ ਅਤੀ ਸੂਰਮੇ ਹਨ, ਇਹਨਾਂ ਦੀ ਤਾਕਤ ਅੱਗੇ ਕੋਈ ਖੜ੍ਹ ਨਹੀਂ ਸਕਦਾ।

***ਪਠਾਣ ਮਾਰ ਕੀਯੋ ਸਿੰਘਨ ਦੂਰ॥ ੨੭॥*** ਪਠਾਣਾਂ ਨੂੰ ਮਾਰ ਕੇ ਸਿੰਘਾਂ ਨੇ ਦੂਰ ਕਰ ਦਿੱਤਾ ਹੈ ਮੁਲਕ ਤੋਂ, ਮੁਗਲਾਂ ਅਤੇ ਪਠਾਣਾਂ ਨੂੰ ਮਾਰ-ਮਾਰ ਕੇ ਸਿੰਘਾਂ ਨੇ ਉਹਨਾਂ ਦਾ ਹੰਕਾਰ ਦੂਰ ਕਰ ਦਿੱਤਾ ਹੈ। ੨੭।

***ਮੁਗਲਨ ਕੀ ਇਨ ਮਦਤ ਕਈ॥*** ਇਨ੍ਹਾਂ (ਮੁਗਲਾਂ) ਦੀ ਫਿਰ ਵੀ ਮਦਤ ਕੀਤੀ, ਪਠਾਣਾਂ ਨੂੰ ਭਜਾਇਆ ਹੈ ਜਿਹੜੇ ਮੁਗਲਾਂ ਉੱਤੇ ਸਵਾਰ ਹੋ ਗਏ ਸਨ।

***ਹਮ ਇਨਕੇ ਇਹ ਹਮਰੇ ਭਈ॥*** ਮੁਗਲ ਕਹਿੰਦੇ, ਅਸੀਂ ਇਨ੍ਹਾਂ (ਸਿੰਘਾਂ) ਦੇ ਛੋਟੇ ਭਰਾ ਹਾਂ ਅਤੇ ਇਹ ਸਾਡੇ ਵੱਡੇ ਭਾਈ ਹਨ।

***ਮਰਹਟਨ ਕੋ ਘੂਰ ਸਿੰਘਨ ਦਿਖਾਵੈਂ॥*** ਮਰਹੱਟੇ ਤੁਰਕਾਂ ਦੇ ਨੌਕਰ ਸਨ, ਜੇ ਕਦੀ ਮਰਹੱਟੇ ਤੁਰਕਾਂ ਨੂੰ ਅੱਖਾਂ ਕੱਢ ਕੇ ਦਿਖਾਉਂਦੇ ਸਨ, ਅੱਗੋਂ ਮੁਗਲ ਮਰਹੱਟਿਆਂ ਨੂੰ ਸਿੰਘਾਂ ਦੀ ਘੂਰ ਦਿਖਾਉਂਦੇ ਸਨ ਕਿ ਜਾਣਦੇ ਹੋ ਖਾਲਸੇ ਨੂੰ।

***ਸਿੰਘਨ ਉਹਲੇ ਸੋ ਲੁਕ ਜਾਵੈਂ॥ ੨੮॥*** ਮੁਗਲ ਸਿੰਘਾਂ ਦੇ ਉਹਲੇ ਲੁਕ ਜਾਂਦੇ ਸਨ, ਮਰਹੱਟਿਆਂ ਤੋਂ ਡਰ ਕੇ। ਸਿੰਘਾਂ ਤੋਂ ਡਰ ਕੇ, ਮਰਹੱਟੇ ਲੁਕ ਕੇ ਉਹਲੇ ਹੋ ਜਾਂਦੇ ਸਨ, ਕਿ ਖਾਲਸਾ ਕਿਤੇ ਸਾਨੂੰ ਨਾ ਸਬਕ ਸਿਖਾ ਦੇਵੇ। ੨੮।

***ਦੋਹਰਾ॥ਦੀਨਾ ਬੇਗ ਕੋ ਘੇਰਿ ਕੈ ਮਰਹਟਨ ਲੀਨੋ ਘੂਟ॥*** ਜਲੰਧਰ ਦੇ ਸੂਬੇ ਅਦੀਨਾਂ ਬੇਗ ਨੂੰ ਘੇਰ ਕੇ ਵਿੱਚੇ ਹੀ ਘੁੱਟ ਲਿਆ ਹੈ, ਦਬ ਲਿਆ ਹੈ, ਉਸ ਨੂੰ ਮਰਹੱਟਿਆਂ ਨੇ।

***ਹੁਤੋ ਪਟੈਲ ਜੋ ਸਾਹਿਬਾ ਲਯੋ ਡੇਰੋ ਉਨ ਲੂਟ॥ ੨੯॥*** ਮਰਹੱਟਿਆਂ ਵਿਚ ਜੋ ਪਟੇਲ ਸਾਹਿਬ ਸੀ, ਉਸ ਨੇ ਅਦੀਨਾਂ ਬੇਗ ਦਾ ਡੇਰਾ ਲੁਟ ਲਿਆ ਹੈ। ੨੯।

# ਅਥ ਸਾਖੀ ਮੁਗ਼ਲ ਸਦੀਕ ਬੇਗ ਕੀ ਯਾਰੀ ਮੈਂ ਖੁਆਰੀ ਕੀ

## (ਸਦੀਕ ਬੇਗ ਸਰਹੰਦੀ ਨਾਲ ਮੁਕਾਬਲਾ ਤੇ ਫੇਰ ਸੁਲਹ)

**ਦੋਹਰਾ॥ਅਠਾਰਾਂ ਸੈ ਔ ਪੰਧ੍ਰਮੋਂ ਬਿਕ੍ਰਮ ਰਾਇ ਕੋ ਸਾਲ॥** ਉਦੋਂ ਬਿਕ੍ਰਮਾਜੀਤ ਰਾਜੇ ਦਾ ਅਠ੍ਹਾਰਾਂ ਸੌ ਅਤੇ ਪੰਦਰਵਾਂ (੧੮੧੫) ਸਾਲ ਸੀ।

**ਸਾਈ ਡੇਰਾ ਥੋ ਖਾਲਸੈ ਢਿਗ ਰਾਇਪੁਰ ਗੁੱਜਰਵਾਲ॥ ੧॥** ਖਾਲਸੇ ਦਾ ਉਸ ਵੇਲੇ ਰਾਇਪੁਰ ਗੁੱਜਰਵਾਲ ਕੋਲ ਡੇਰਾ ਸੀ। ੧।

**ਚੌਪਈ॥ਤੌ ਹੋਲੇ ਕੋ ਮੇਲਾ ਆਯਾ॥** ਹੋਲੇ ਮਹੱਲੇ ਦਾ ਜੋੜ ਮੇਲਾ ਆ ਗਿਆ ਹੈ।

**ਸਿੰਘਨ ਅਨੰਦਪੁਰ ਚਹਿਓ ਜਾਯਾ॥** ਸਿੰਘਾਂ ਨੇ ਅਨੰਦਪੁਰ ਸਾਹਿਬ ਜਾਣਾ ਚਾਹਿਆ ਹੈ, ਜੋੜ ਮੇਲਾ ਮਨਾਉਣ ਵਾਸਤੇ।

**ਬੀਸ ਹਜ਼ਾਰ ਸਿੰਘ ਭਯੋ ਤਿਆਰ॥** ਵੀਹ ਹਜ਼ਾਰ ਸਿੰਘਾਂ ਦਾ ਜਥਾ ਤਿਆਰ ਹੋ ਗਿਆ ਹੈ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਣ ਵਾਸਤੇ।

**ਤਾਰਾ ਸਿੰਘ ਭਯੋ ਮੁਹਰੇ ਵਾਰ॥ ੨॥** ਉਹਨਾਂ ਸਿੰਘਾਂ ਦੀ ਅਗਵਾਈ ਜ: ਤਾਰਾ ਸਿੰਘ ਅੱਗੇ ਹੋ ਕੇ ਕਰ ਰਿਹਾ ਸੀ। ੨।

**ਸੰਦੀਕ ਬੇਗ ਥੋ ਸਿਰਹੰਦ ਮਾਂਹਿ॥** ਦਿੱਲੀ ਵੱਲੋਂ ਸਰਹੰਦ ਦਾ ਸੂਬੇਦਾਰ ਸਦੀਕ ਬੇਗ ਸਰਹੰਦ ਵਿਚ ਹੀ ਸੀ।

**ਟਕੈ ਸਿੰਘਨ ਦੀਓ ਦੇਣ ਭੁਲਾਇ॥** ਇਸ ਦੇ ਨਾਲ ਪਹਿਲਾਂ ਸਿੰਘਾਂ ਨੇ ਲਿਖਤ ਕਰ ਲਈ ਸੀ ਕਿ ਐਨਾ ਮਾਮਲਾ ਸਾਨੂੰ ਦੇਣਾ ਹੋਵੇਗਾ। ਸਦੀਕ ਬੇਗ ਨੇ ਸਿੰਘਾਂ ਨੂੰ ਟਕੇ ਦੇਣੇ ਭੁਲਾ ਦਿੱਤੇ ਕਿ ਸਿੰਘਾਂ ਨੂੰ ਕਾਹਦੇ ਟਕੇ ਦੇਣੇ ਹਨ?

**ਖਾਲੀ ਵਕੀਲ ਆਏ ਖਾਲਸੇ ਪਾਹਿ॥** ਖਾਲਸੇ ਨੇ ਆਪਣੇ ਵਕੀਲ ਘਲੇ ਮਾਮਲਾ ਲੈਣ ਵਾਸਤੇ, ਉਹ ਵਕੀਲ ਖਾਲਸੇ ਪਾਸ ਖਾਲੀ ਹੱਥ ਮੁੜ ਆਏ ਸਨ।

**ਸੋ ਗਲ ਥੀ ਦਿਲ ਸਿੰਘਨ ਮਾਂਹਿ॥ ੩॥** ਉਹ ਗੱਲ ਸਿੰਘਾਂ ਦੇ ਦਿਲ ਵਿਚ ਸੀ। ੩।

**ਦੋਹਰਾ॥ਸਿੰਘ ਅਨੰਦਪੁਰ ਜਾਤ ਥੇ ਸਿਰਹੰਦੈ ਕੈ ਢਿਗ ਰਾਹੁ॥** ਸਰਹੰਦ ਦੇ ਕੋਲ ਦੀ ਸਿੰਘ ਅਨੰਦਪੁਰ ਸਾਹਿਬ ਦੇ ਰਸਤੇ ਨੂੰ ਜਾ ਰਹੇ ਸਨ।

**ਕਹੀ ਸਦੀਕੇ ਕੀ ਚੜੀ ਸਿੰਘਨ ਗਰਦ ਦਿਖਾਹਿ॥ ੪॥** (ਕਹੀ) ਫ਼ੌਜ ਚੜੀ ਸਦੀਕ ਬੇਗ ਦੀ, ਉਦੋਂ ਫ਼ੌਜ ਨੂੰ ਨਾਲ ਲੈ ਕੇ ਮੁਲਕ ਦੀ ਉਗਰਾਹੀ ਕਰਦੇ ਹੁੰਦੇ ਸਨ। ਹੁਣ ਤਾਂ ਲੰਬੜਦਾਰ ਬਣ ਗਏ ਹਨ, ਉਗਰਾਹੀ ਕਰਕੇ ਆਪੇ ਹੀ ਦੇ ਦਿੰਦੇ ਹਨ, ਉਦੋਂ ਨਹੀਂ ਸੀ ਦਿੰਦੇ ਫ਼ੌਜ ਤੋਂ ਬਿਨਾਂ, ਫ਼ੌਜ ਧੱਕੇ ਨਾਲ ਮਾਮਲਾ ਲਿਆ ਕਰਦੀ ਸੀ, ਸਿੰਘਾਂ ਨੇ ਵੇਖਿਆ ਐਹ ਤਾਂ ਕਹੀ ਚੜ੍ਹੀ ਹੋਈ ਹੈ ਸਰਹੰਦ ਤੋਂ, ਮਾਮਲਾ ਉਗਰਾਹ ਰਹੇ ਨੇ। ਉਹ ਸਿੰਘਾਂ ਦੇ ਦਿਲ 'ਤੇ ਆ ਗਈ ਕਿ ਐਤਕੀ ਮਮਲਾ ਨਹੀਂ ਹਾਜ਼ਰ ਕੀਤਾ। ਜਦੋਂ ਕਹੀ ਚੜ੍ਹੀ ਹੈ ਤਾਂ ਮਾਮਲਾ ਉਗਰਾਹ ਲਿਆ ਹੋਣਾ, ਇਨ੍ਹਾਂ ਨੂੰ, ਸੋਧ ਲਈਏ, ਕਹੀ ਤੋਂ ਖੋਹ ਲਈਏ ਮਾਮਲਾ। ਕਹੀ ਚੜ੍ਹੀ ਦੀ ਗਰਦ ਉੱਡਦੀ ਦਿਸੀ ਹੈ ਸਿੰਘਾਂ ਨੂੰ। ੪।

**ਚੌਪਈ॥ਸਿੰਘਨ ਮੋੜਾ ਉਸੀ ਵਲ ਲਾਯਾ॥** ਸਿੰਘਾਂ ਨੇ ਘੋੜਿਆਂ ਦੀਆਂ ਵਾਗਾਂ ਓਧਰ ਮੋੜ ਦਿੱਤੀਆਂ ਹਨ, ਜਿਧਰ ਉਹ ਉਗਰਾਹੀ ਕਰ ਰਹੇ ਸਨ।

**ਕਹੀਵਾਰਨ ਭੀ ਦਲ ਦੇਖ ਪਾਯਾ॥** ਕਹੀ ਵਾਲਿਆਂ ਨੇ ਖਾਲਸੇ ਦਾ ਦਲ ਆਪਣੇ ਵੱਲ ਆਉਂਦਾ ਵੇਖ ਲਿਆ ਹੈ।

**ਉਨ ਭੀ ਪਿਛੈ ਮੂੰਹ ਫਿਰਾਯਾ॥** ਉਨ੍ਹਾਂ ਨੇ ਵੀ ਭੱਜਣ ਵਾਸਤੇ ਆਪਣੇ ਘੋੜਿਆਂ ਦਾ ਮੂੰਹ ਪਿੱਛੇ ਸਰਹੰਦ ਵੱਲ ਨੂੰ ਮੋੜ ਲਿਆ ਹੈ।

**ਉਨ ਕੋ ਸਮੈਂ ਉਹੀ ਬਨ ਆਯਾ॥ ੫॥** ਉਨ੍ਹਾਂ ਨੂੰ ਓਹੀ ਸਮਾਂ ਬਣ ਆਇਆ ਹੈ। ੫।

**ਫਿਰਯੋ ਜਾਤ ਸਿੰਘਨ ਲਖ ਲਯੋ॥** ਸਿੰਘਾਂ ਨੇ ਉਨ੍ਹਾਂ ਨੂੰ ਪਿੱਛੇ ਨੂੰ ਮੁੜਿਆਂ ਜਾਂਦਿਆਂ ਨੂੰ ਵੇਖ ਲਿਆ ਹੈ।

**ਅਕਾਲੀ ਹੱਲਾ ਖਾਲਸੈ ਭਯੋ॥** ਕਹੀ ਵਾਲਿਆਂ 'ਤੇ ਖਾਲਸੇ ਨੇ ਅਕਾਲੀ ਹੱਲਾ ਬੋਲ ਦਿੱਤਾ ਹੈ

**ਲੂਟ ਕੂਟ ਸਿੰਘ ਅਗੈ ਸਿਧਾਰੇ॥** ਕਹੀ ਨੂੰ ਲੁੱਟ-ਕੁੱਟ ਕੇ ਸਿੰਘ ਅੱਗੇ ਚਲੇ ਗਏ ਹਨ।

**ਹੋਲਾ ਖੇਡਯੋ ਜਾਇ ਅਨੰਦਪੁਰ ਦ੍ਵਾਰੇ॥ ੬॥** ਅਨੰਦਪੁਰ ਸਾਹਿਬ ਗੁਰੂ ਕੇ ਦ੍ਵਾਰੇ 'ਤੇ ਖੂਬ ਹੋਲਾ ਖੇਡਿਆ ਹੈ ਸਿੰਘਾਂ ਨੇ। ੬।

**ਦੋਹਰਾ॥ਸੁਨੀ ਸਦੀਕੇ ਬੇਗ ਯੌਂ ਤੁਰਤ ਕੀਨੀ ਫੌਜ ਤਿਆਰ॥** ਜਦੋਂ ਸਦੀਕ ਬੇਗ ਨੇ ਸੁਣਿਆ ਕਿ ਮੇਰੀ ਕਹੀ ਖੋਹ ਕੇ ਲੈ ਗਿਆ ਹੈ ਖਾਲਸਾ, ਸਾਰਾ ਉਗਰਾਹਿਆ ਹੋਇਆ ਮਾਮਲਾ ਲੈ ਗਿਆ ਹੈ ਖਾਲਸਾ, ਉਸ ਨੇ ਤੁਰਤ ਹੀ ਆਪਣੀ ਫ਼ੌਜ ਤਿਆਰ ਕੀਤੀ ਹੈ।

**ਜਾਇ ਪਰਯੋ ਡੇਰੇ ਉਤੇ ਅਚਾਨਕ ਸਾਂਈਵਾਰ॥ ੭॥** ਸਾਂਈਵਾਲ ਪਿੰਡ ਕੋਲ ਸਿੰਘ ਉੱਤਰੇ ਹੋਏ ਸਨ, ਅਚਾਨਕ ਹੀ ਫ਼ੌਜ ਨੇ ਸਿੰਘਾਂ ਦੇ ਡੇਰੇ 'ਤੇ ਹੱਲਾ ਬੋਲ ਦਿੱਤਾ ਹੈ। ੭।

**ਚੌਪਈ॥ਤੋਪ ਜੰਬੂਰਨ ਛਲਕ ਚਲਈ॥** ਉਨ੍ਹਾਂ ਨੇ ਤੋਪਾਂ ਤੇ ਜੰਬੂਰਿਆਂ ਦੀਆਂ ਸ਼ਲਕਾਂ ਕੀਤੀਆਂ ਸਨ, ਖਾਲਸੇ ਦੇ ਡੇਰੇ 'ਤੇ।

**ਸਿੰਘਨ ਭੂਲ ਸਭੋ ਸੁਧ ਗਈ॥** ਸਿੰਘਾਂ ਨੂੰ ਆਪਣੀ ਸਾਰੀ ਸੁਧ ਭੁੱਲ ਗਈ ਹੈ, ਇਸ ਅਚਾਨਕ ਹੱਲੇ ਨਾਲ, ਸਿੰਘ ਤਾਂ ਬੇਫ਼ਿਕਰੀ ਵਿਚ ਸਨ ਜਦੋਂ ਹੱਲਾ ਹੋ ਗਿਆ।

**ਚੰਗੀ ਫ਼ੌਜ ਸੋ ਹੋਲੈ ਗਈ॥** ਜਿਹੜੀ ਚੰਗੀ ਫ਼ੌਜ ਜੰਗੀ ਸੀ, ਉਹ ਤਾਂ ਹੋਲੇ ਮਹੱਲੇ 'ਤੇ ਗਈ ਹੋਈ ਸੀ।

**ਔਰ ਖਿੰਡੀ ਥੀ ਖ੍ਰੀਦ ਜੁ ਲਈ॥ ੮॥** ਖਾਲਸੇ ਦੀ ਹੋਰ ਫ਼ੌਜ ਰਸਤਾਂ ਬਸਤਾਂ ਖਰੀਦਣ ਵਾਸਤੇ ਖਿੰਡੀ ਹੋਈ ਸੀ। ੮।

**ਕੋਊ ਘਾਸ ਕੋਊ ਲਕਰੀ ਕਾਰ॥** ਕੋਈ ਸਿੰਘ ਘੋੜਿਆਂ ਵਾਸਤੇ ਘਾਹ ਕੋਈ ਲੰਗਰ ਲੱਕੜੀਆਂ ਆਦਿਕ ਲੈਣ ਵਾਸਤੇ।

**ਖਿੰਡੀ ਫੌਜ ਇਮ ਸਿੰਘਨਵਾਰ॥** ਇਉਂ ਸਿੰਘਾਂ ਦੀ ਫ਼ੌਜ ਖਿੰਡੀ ਹੋਈ ਸੀ। ਜਦੋ ਸਦੀਕ ਬੇਗ ਨੇ ਸਿੰਘਾਂ ਦੇ ਡੇਰੇ 'ਤੇ ਹੱਲਾ ਬੋਲ ਦਿੱਤਾ।

**ਸਕਯੋ ਨ ਕੋਊ ਸੰਭਾਲ ਲੜਾਈ॥** ਜਦੋਂ ਲੜਾਈ ਇੱਕ ਦਮ ਸਿੰਘਾਂ ਗਲ ਆ ਪਈ, ਫਿਰ ਕੌਣ ਸੰਭਾਲੇ? ਅੱਗੇ ਸਰਦਾਰ ਕੋਈ ਨਹੀਂ ਸੀ।

**ਸਭ ਨਠ ਤੁਰੇ ਪਗ ਜੁਤੀ ਨਾ ਪਾਈ॥ ੯॥** ਸਭ ਭੱਜ ਤੁਰੇ ਹਨ, ਕਿਸੇ ਨੂੰ ਪੈਰੀਂ ਜੁੱਤੀ ਪਉਣ ਦਾ ਮੌਕਾ ਵੀ ਨਹੀਂ ਮਿਲਿਆ ਹੈ। ੯।

**ਕਿਛੁ ਵੜ ਅੜੈ ਸੁ ਪਿੰਡ ਮਝਾਰ॥** ਕੁਛ ਸਿੰਘ ਪਿੰਡ ਵਿਚ ਵੜ ਕੇ ਅੜ ਖੜ੍ਹੇ ਹੋਏ ਸਨ।

**ਹੁਤੇ ਜੁ ਮਿਸਲਨ ਮੈਂ ਸਰਦਾਰ॥** ਜਿਹੜੇ ਮਿਸਲਾਂ ਦੇ ਸਰਦਾਰ ਸਨ।

**ਸਿੰਘ ਪੁਰੀਏ ਆਹਲੂਵਾਲ ਸੁ ਇਕ॥** ਇਕ ਤਾਂ ਸਿੰਘਪੁਰੀਏ ਤੇ ਆਹਲੂਵਾਲੀਏ ਮਿਸਲ ਵਾਲੇ।

**ਡੱਲੇਵਾਲੀਓ ਸਭ ਖੜੇ ਮਿਕ॥ ੧੦॥** ਡੱਲੇਵਾਲੀਏ ਮਿਸਲ ਦੇ ਸਰਦਾਰ, ਇਹ ਸਭ ਖੜ੍ਹੇ ਹੋ ਗਏ ਸਨ ਮੁਕਾਬਲਾ ਕਰਨ ਵਾਸਤੇ। ੧੦।

**ਸੰਗਤ ਸਿੰਘ ਨਿਸ਼ਾਨੌਂ ਵਾਲੌ॥** ਨਿਸ਼ਾਨਾਂਵਾਲੀ ਮਿਸਲ ਦੇ ਸ: ਸੰਗਤ ਸਿੰਘ ਜੀ।

**ਨਿਹੰਗ ਸ਼ਹੀਦ ਔ ਸੋਢੀ ਅਕਾਲੌ॥** ਸ਼ਹੀਦਾਂ ਦੀ ਮਿਸਲ ਦੇ ਨਿਹੰਗ ਸਿੰਘ ਅਕਾਲੀ ਅਤੇ ਸੋਢੀ ਤੇ ਬੇਦੀ ਜਿਹੜੇ ਸਿੰਘ ਨਹੀਂ ਸਨ ਗਏ ਹੋਲਾ ਮਹੱਲੇ 'ਤੇ।

**ਸ਼ਯਾਮ ਸਿੰਘ ਪਾਸ ਕਰੋੜਾ ਸਿੰਘ ਖੜਾ॥** ਜ: ਸਯਾਮ ਸਿੰਘ ਦੇ ਕੋਲ ਜ: ਕਰੋੜਾਂ ਸਿੰਘ ਖੜ੍ਹਾ ਹੈ, ਜਿਸ ਦੇ ਨਾਮ 'ਤੇ ਮਿਸਲ ਕਰੋੜੀਆਂ ਬਣੀ ਹੈ।

**ਬਹੁਤ ਸ੍ਰਦਾਰ ਲੈ ਊਹਾਂ ਅੜਾ॥ ੧੧॥** ਉਹ ਬਹੁਤ ਸਾਰੇ ਸਰਦਾਰਾਂ ਨੂੰ ਨਾਲ ਲੈ ਕੇ ਓਥੇ ਅੜ ਗਿਆ ਹੈ ਮੋਰਚਾ ਬੰਨ੍ਹ ਕੇ। ੧੧।

**ਪੰਜ ਮਿਸਲ ਥੀ ਮਾਝੇ ਵੱਲ॥** ਖਾਲਸੇ ਦੀਆਂ ਪੰਜ ਮਿਸਲਾਂ ਮਾਝੇ ਵੱਲ ਗਈਆਂ ਹੋਈਆਂ ਸਨ, ਉਨ੍ਹਾਂ ਨੂੰ ਕੋਈ ਪਤਾ ਹੀ ਨਹੀਂ ਸੀ।

**ਬਹੀਰ ਉਤਰਯੋ ਥੋ ਇਨ ਸੋਂ ਚੱਲ॥** ਜੋ ਖਾਲਸੇ ਦਾ ਬਹੀਰ ਸੀ, ਉਹ ਇਨ੍ਹਾਂ ਨਾਲੋਂ ਵੀ ਅੱਗੇ ਚਲ ਕੇ ਕਿਤੇ ਉਤਰਿਆ ਹੋਇਆ ਸੀ।

**ਆਪੋ ਆਪਨੀ ਕਰ ਤਕਰਾਈ॥** ਆਪੋ ਆਪਣੀ ਤਕੜਾਈ ਕਰਕੇ।

**ਬੈਠੇ ਸਿੰਘ ਚੌਫੇਰ ਬਨਾਈ॥ ੧੨॥** ਚਾਰ-ਚੌਫੇਰਿਓਂ ਮੋਰਚਾਬੰਦੀ ਬਣਾ ਕੇ ਸਿੰਘ ਬੈਠੇ ਹੋਏ ਸਨ। ੧੨।

**ਅੜੈ ਖੜੈ ਉਹਾਂ ਸਰਦਾਰ॥** ਜਿਮੇਂਵਾਰ ਸਰਦਾਰ ਹੀ ਰਹਿ ਗਏ ਸਨ ਮਿਸਲਾਂ ਦੇ, ਉਹ ਓਥੇ ਅੜੇ, ਉਥੇ ਡਟ ਕੇ ਖੜ੍ਹ ਕੇ ਜੰਗ ਕਰਨ ਲੱਗੇ ਸਨ।

**ਝਲੀ ਲੜਾਈ ਘੜੀ ਇਕ ਬਾਰ॥** ਇਕ ਵਾਰੀ ਤਾਂ ਘੜੀ ਕੁ ਖੜ੍ਹ ਕੇ ਲੜਾਈ ਝਲੀ ਹੈ ਸਿੰਘਾਂ ਨੇ।

**ਤੌ ਤੋਪਨ ਆਇ ਨੇੜੇ ਧਰੀ॥** ਤਾਂ ਤੋਪਖਾਨੇ ਵਾਲੇ ਨੇੜੇ ਆ ਪੁੱਜੇ ਤੋਪਚੀਆਂ ਨੇ ਆਪਣੀਆਂ ਤੋਪਾਂ ਅੱਗੇ ਲਿਆ ਕੇ ਰੱਖੀਆਂ ਸਨ।

**ਭਰ ਭਰ ਟਕਿਅਨ ਮਾਰ ਤਿਨ ਕਰੀ॥ ੧੩॥** ਤੋਪਾਂ ਵਿਚ ਮਨਸੂਰੀ ਟਕੇ ਭਰ-ਭਰ ਕੇ ਉਨ੍ਹਾਂ ਦੀ ਮਾਰ ਕੀਤੀ ਹੈ, ਖਾਲਸੇ 'ਤੇ। ੧੩।

**ਸਿੰਘਨ ਕੇ ਤਹਿਂ ਲਗੇ ਨ ਪੈਰ॥** ਤੋਪਾਂ ਨੇ ਓਥੇ ਵੀ ਸਿੰਘਾਂ ਦੇ ਪੈਰ ਨਾ ਲੱਗਣ ਦਿੱਤੇ।

**ਨਠੇ ਸਿੰਘ ਉਨ ਤੇ ਮਨ ਡੈਰ॥** ਮਨ ਵਿਚ ਡਰ ਬੈਠ ਗਿਆ ਹੈ ਕਿ ਸਰਦਾਰ ਸਰਦਾਰ ਸਾਰੇ ਮਾਰੇ ਜਾਵਾਂਗੇ, ਸਿੰਘ ਓਥੋਂ ਭੱਜ ਤੁਰੇ ਸਨ।

**ਭਾਰ ਬ੍ਰਦਾਰੀ ਉਹਾਂ ਹੀ ਰਹੀ॥** (ਭਾਰਬ੍ਰਦਾਰੀ) ਊਠ ਗੱਡੇ ਸਮਾਨ ਦੇ ਲੱਦੇ ਹੋਏ ਓਥੇ ਹੀ ਰਹਿ ਗਏ ਸਨ, ਖਾਲਸੇ ਦੇ।

**ਕੌਣ ਚੁਕੈ ਉਹਾਂ ਜਿੰਦ ਕੀ ਪਈ॥ ੧੪॥** ਕੌਣ ਚੁੱਕੇ ਉੱਥੇ ਰਸਤ-ਬਸਤ ਤੇ ਬਰਤਨ ਭਾਂਡੇ ਨੂੰ, ਉੱਥੇ ਤਾਂ ਆਪੋ ਆਪਣੀ ਜਾਨ ਦੀ ਪੈ ਗਈ ਸਭ ਨੂੰ। ੧੪।

**ਦੋਹਰਾ॥ਕੋਸ ਸੁ ਦੁਇ ਤਿਨ ਜਾਇ ਕੈ ਉਹਾਂ ਸਿੰਘਨ ਆਯੋ ਰੋਸ॥** ਸਿੰਘ ਦੋ ਤਿੰਨ ਕੋਹ ਤੱਕ ਘੋੜੇ ਭਜਾ ਕੇ ਲੈ ਕੇ ਗਏ, ਉਥੇ ਜਾ ਕੇ ਸਿੰਘਾਂ ਨੂੰ ਗੁੱਸਾ ਆ ਗਿਆ ਹੈ।

**ਖੜੇ ਅੜੇ ਮੁੜ ਮੁੜ ਲੜੈਂ, ਮਰੈਂ ਮਾਰੈਂ ਭੀ ਓਸ॥ ੧੫॥** ਓਥੇ ਜਾ ਕੇ ਖਾਲਸਾ ਖੜ੍ਹ ਗਿਆ ਹੈ ਮੂੰਹ ਮੋੜ ਕੇ, ਸਿੰਘ ਅੜ ਗਏ ਹਨ ਤੁਰਕਾਂ ਅੱਗੇ, ਸਿੰਘ ਮੁੜ-ਮੁੜ ਕੇ ਲੜਦੇ ਹਨ, ਆਪ ਵੀ ਸ਼ਹੀਦ ਹੋ ਜਾਂਦੇ ਹਨ ਸਿੰਘ ਅਤੇ ਉਨ੍ਹਾਂ ਨੂੰ ਵੀ ਮਾਰਦੇ ਸਨ। ੧੫।

**ਚੌਪਈ॥ ਤੋਪ ਜੰਬੂਰੇ ਉਨ ਦੂਰ ਰਹੇ॥** ਤੁਰਕਾਂ ਦੀਆਂ ਤੋਪਾਂ ਤੇ ਜੰਬੂਰੇ ਉਨ੍ਹਾਂ ਦੀ ਫ਼ੌਜ ਤੋਂ ਪਿੱਛੇ ਦੂਰ ਰਹਿ ਗਏ ਸਨ।

**ਸਿੰਘ ਬੰਦੂਕਨ ਮਾਰਨ ਡਹੇ॥** ਸਿੰਘ ਬੰਦੂਕਾਂ ਨਾਲ ਮਾਰਨ ਡਹਿ ਪਏ ਸਨ ਤੁਰਕਾਂ ਨੂੰ।

**ਮਾਰ ਮੁਗ਼ਲਨ ਕੇ ਘੋੜੇ ਗੇਰੇ॥** ਮਾਰ-ਮਾਰ ਗੋਲੀਆਂ ਸਿੰਘਾਂ ਨੇ ਮੁਗਲਾਂ ਨੂੰ ਘੋੜਿਆਂ ਸਮੇਤ ਹੀ ਡੇਗਿਆ ਹੈ।

**ਮਾਰ ਮੁਗ਼ਲਨ ਕੇ ਸੀਸ ਸੁ ਫੇਰੇ॥ ੧੬॥** ਸਿੰਘਾਂ ਨੇ ਮਾਰ-ਮਾਰ ਕੇ ਤੁਰਕਾਂ ਦੇ ਸਿਰ ਫੇਰ ਦਿੱਤੇ ਸਨ। ੧੬।

**ਸ੍ਰਦਾਰਨ ਤਹਿਂ ਮਿਲ ਅੜਨਾ ਕੀਓ॥** ਸਿੰਘ ਸਰਦਾਰਾਂ ਨੇ ਮਿਲ ਕੇ ਤੁਰਕਾਂ ਨਾਲ ਅੜਨਾ ਕੀਤਾ ਹੈ।

**ਸੂਰਨ ਨੈ ਮੁੜ ਹੱਲਾ ਥੀਓ॥** ਸੂਰਬੀਰ ਸਰਦਾਰਾਂ ਨੇ ਮੁੜ ਕੇ ਹੱਲਾ ਬੋਲ ਦਿੱਤਾ ਤੁਰਕਾਂ 'ਤੇ।

**ਬੰਦੂਕ ਤੀਰ ਔ ਨੇਜੋ ਕਮਾਨ॥** ਬੰਦੂਕਾਂ ਤੀਰਾਂ ਨੇਜੇ ਅਤੇ ਕਮਾਣਾਂ ਨਾਲ।

***ਮਾਰ ਮੁਗਲ ਕੀਨੇ ਪਸ਼ੇਮਾਨ॥ ੧੭॥*** ਮਾਰ-ਮਾਰ ਕੇ ਮੁਗਲਾਂ ਨੂੰ (ਪਸ਼ੇਮਾਨ) ਹੈਰਾਨ ਪਰੇਸ਼ਾਨ ਕਰ ਦਿੱਤਾ ਹੈ ਖਾਲਸੇ ਨੇ।੧੭।

***ਦੋਹਰਾ॥ਮਾਰ ਮੁਗਲ ਪਾਛੈ ਕੀਏ ਵੜੇ ਤੋਪਨ ਸੋਂ ਜਾਇ॥*** ਸਿੰਘਾਂ ਨੇ ਮਾਰ-ਮਾਰ ਕੇ ਤੁਰਕ ਪਿੱਛੇ ਹਟਾ ਦਿੱਤੇ ਹਨ ਅਤੇ ਤੁਰਕ ਪਿੱਛੇ ਆਪਣੀਆਂ ਤੋਪਾਂ ਵਿਚ ਵੜੇ ਸਨ।

***ਸਿੰਘ ਭੀ ਊਹਾਂ ਖੜ ਭਏ ਤੁਟੇ ਫੁਟੇ ਲਏ ਮਿਲਾਇ॥ ੧੮॥*** ਸਿੰਘ ਵੀ ਉਥੇ ਖੜ੍ਹੇ ਹੋ ਗਏ ਸਨ, ਜੋ ਵਿਚ (ਟੁੱਟੇ-ਫੁੱਟੇ) ਜ਼ਖਮੀ ਸਿੰਘ ਉਨ੍ਹਾਂ ਸਾਰਿਆਂ ਨੂੰ ਆਪਣੇ ਨਾਲ ਮਿਲਾ ਲਿਆ ਹੈ। ੧੮।

***ਚੌਪਈ॥ਕਈ ਸਿਖ ਥੇ ਪਿੰਡ ਹੀ ਰਹੇ॥*** ਕਈ ਸਿੰਘ, ਪਿੰਡਾਂ ਵਿਚ ਰਹਿ ਗਏ ਸਨ।

***ਰਹੇ ਭੂਲੇ ਤਹਿਂ ਆਵਤ ਭਏ॥*** ਉਨ੍ਹਾਂ ਨੂੰ ਜਦੋਂ ਪਤਾ ਲੱਗਾ ਕਿ ਖਾਲਸੇ ਨੇ ਫਿਰ ਮੋਰਚਾ ਫੜ੍ਹੇ ਕਰ ਲਿਆ ਹੈ। ਉਹ ਭੁੱਲੇ ਚੁੱਕੇ ਉਥੇ ਆ ਗਏ ਸਨ ਖਾਲਸੇ ਕੋਲ।

***ਜੋ ਜੋ ਜ਼ਖਮੀ ਸਿੰਘਨ ਲਭ ਲਏ॥*** ਜਿਹੜੇ ਜਿਹੜੇ ਸਿੰਘ ਇਸ ਲੜਾਈ ਵਿਚ ਜ਼ਖ਼ਮੀ ਸਨ, ਉਹ ਵੀ ਸਿੰਘਾਂ ਨੇ ਲੱਭ ਲਏ ਸਨ।

***ਸਿੰਘਨ ਚੱਕ ਸੁ ਮੁਹਰੇ ਕਏ॥੧੯॥*** ਜ਼ਖ਼ਮੀ ਸਿੰਘਾਂ ਨੂੰ ਚੁੱਕ ਕੇ ਆਪਣੇ ਅੱਗੇ ਕਰ ਲਿਆ, ਪਿੱਛੇ ਉਨ੍ਹਾਂ ਦੇ ਸਿੰਘਾਂ ਦੀ ਫ਼ੌਜ ਹੋ ਗਈ ਹੈ। ੧੯।

***ਬਹੁਤੀ ਜ਼ਖ਼ਮ ਸਿਰਦਾਰਨ ਖਾਏ॥*** ਸਿੰਘਾਂ ਦੀਆਂ ਮਿਸਲਾਂ ਦੇ ਸਰਦਾਰਾਂ ਨੂੰ ਬਹੁਤੇ ਜ਼ਖ਼ਮ ਲੱਗੇ ਸਨ।

***ਕਿਸ ਇਕ ਕਿਸ ਦੁਇ ਜ਼ਖ਼ਮ ਗਿਨਾਏ॥*** ਕਿਸੇ ਸਰਦਾਰ ਦੇ ਇਕ ਜ਼ਖ਼ਮ ਹੋਇਆ, ਕਿਸੇ ਨੇ ਆਪਣੇ ਦੋ ਜ਼ਖ਼ਮ ਗਿਣਾਏ ਸਨ।

***ਖੜ ਖੜ ਲਗੇ ਬਧਾਵਨ ਸੋਊ॥*** ਉਹ ਖੜ੍ਹ-ਖੜ੍ਹ ਕੇ ਜ਼ਖ਼ਮ ਬੰਨ੍ਹਾਉਣ ਲੱਗੇ ਸਨ ਸਿੰਘ, ਕਿ ਪੱਟੀਆ ਬੰਨ੍ਹ ਲਵੋ, ਜ਼ਖ਼ਮ 'ਤੇ, ਲੜੀ ਉਸੇ ਤਰ੍ਹਾਂ ਹੀ ਜਾਂਦੇ ਸਨ, ਭਾਵੇ ਜ਼ਖ਼ਮੀ ਸਨ, ਇਹ ਥੋੜ੍ਹੇ ਕਿ ਮੰਜੀਆਂ 'ਤੇ ਪੈ ਗਏ, ਇਹ ਸਿੰਘਾਂ ਦੀ ਰਹੁ-ਰੀਤ ਸੀ, ਭਾਵੇਂ ਕਿੰਨੇ ਹੀ ਜ਼ਖ਼ਮ ਹੋ ਗਏ, ਉਹ ਓਥੇ ਹੀ ਜ਼ਖ਼ਮ ਨੂੰ ਬੰਨ੍ਹ ਕੇ, ਫਿਰ ਤਿਆਰ ਹੋ ਜਾਂਦੇ ਲੜਨ ਵਾਸਤੇ।

***ਐਸੀ ਪ੍ਰੀਤਿ ਭਈ ਵਲ ਦੋਊ॥ ੨੦॥*** ਦੋਹਾਂ ਵੱਲ ਐਸੀ ਪ੍ਰੀਤੀ ਹੋ ਗਈ ਹੈ। ੨੦।

***ਦੋਹਰਾ॥ਜੱਸਾ ਸਿੰਘ ਨਿਜ ਤਹ ਫਟਯੋ ਲਗੇ ਜ਼ਖ਼ਮ ਉਸ ਦੋਇ॥*** ਬੁੱਢੇ ਦਲ ਦੇ ਜਥੇਦਾਰ ਬਾਬਾ ਜੱਸਾ ਸਿੰਘ ਜੀ ਵੀ ਆਪ ਉਥੇ ਫੱਟੜ ਹੋ ਗਏ ਸਨ, ਉਸ ਨੂੰ ਦੋ ਵੱਡੇ ਜ਼ਖ਼ਮ ਲੱਗੇ ਹਨ।

***ਪਹੁੰਚ ਡਰੋਲੀ ਕਰ ਡੇਰੋ ਭਯੋ ਚੰਗੋ ਤਿਹ ਸੋਇ॥ ੨੧॥*** ਮੋਗੇ ਕੋਲ ਭਾਈ ਕੀ ਡਰੋਲੀ ਨਗਰ ਪਹੁੰਚ ਕੇ ਉਥੇ ਆਪਣਾ ਡੇਰਾ ਕਰਕੇ, ਸਿੰਘਾਂ ਨੇ ਆਪਣੇ ਜ਼ਖ਼ਮ ਬੰਨ੍ਹਾਏ ਸਨ, ਵੱਡੇ-ਵੱਡੇ ਸਿਉਂਤੇ ਸਨ, ਫਿਰ (ਚੰਗੋ) ਰਾਜ਼ੀ ਹੋ ਗਏ ਸਨ, ਤੁਰਤ ਹੀ ਜ਼ਖ਼ਮ ਭਰ ਜਾਂਦੇ ਸਨ ਖਾਲਸੇ ਦੇ। ੨੧।

***ਸਦੀਕੇ ਨੇ ਮਗਰੋਂ ਤਹਾਂ ਨਜ਼ਰਾਨਾ ਦਯੋ ਘਲਾਇ॥*** ਸਦੀਕ ਬੇਗ ਜੋ ਸਰਹੰਦ 'ਤੇ ਕਾਬਜ਼ ਸੀ, ਉਸ ਨੇ ਮਗਰੋਂਜ ਉਥੇ ਹੀ ਖਾਲਸੇ ਨੂੰ ਨਜ਼ਰਾਨਾ ਘੱਲ ਦਿੱਤਾ ਅਤੇ ਨਾਲ ਹੀ ਭੁੱਲ ਚੁਕ ਦੀ ਮੁਆਫ਼ੀ ਮੰਗ ਲਈ ਸੀ।

***ਉਧਾਰ ਉਤਾਰਯੋ ਤੁਰਤ ਅਬ ਹਮ ਤੁਮ ਵਹੀ ਭਰਾਇ॥ ੨੨॥*** ਕਹਿਣ ਲੱਗਾ ਤੁਹਾਡੇ ਸਿੰਘ ਕਰ ਗਏ ਸਾਡੇ ਨਾਲ ਤੇ ਅਸਾਂ ਤੁਹਾਡੇ ਨਾਲ, ਇਹ ਉਧਾਰ ਉਤਾਰਿਆ ਹੈ ਇਹ ਤਾਂ ਉੱਤਰ ਗਿਆ ਹੈ, ਸਾਡਾ ਤੁਹਾਡਾ ਉਧਾਰ, ਹੁਣ ਤੁਸੀਂ ਫਿਰ ਸਾਡੇ ਉਹੀ ਵੱਡੇ ਭਰਾ, ਅਸੀਂ ਛੋਟੇ ਭਰਾ। ੨੨।

***ਚੌਪਈ॥ਯਾਕੋ ਗੁਸੋ ਤੁਸੀਂ ਨ ਕਰਿਓ॥*** ਖਾਲਸਾ ਜੀ ! ਤੁਸੀਂ ਗੁੱਸਾ ਨਾ ਕਰਿਓ, ਸਾਡੀ ਗਲਤੀ ਦਾ ਤੁਸੀਂ ਗੁੱਸਾ ਨਾ ਮੰਨਿਓਂ।

**ਕਹੀ ਲੁਟੀ ਹਮ ਨਹਿਂ ਚਿਤ ਧਰਿਓ॥** ਜਿਹੜੀ ਸਾਡੀ ਕਹੀ ਲੁੱਟੀ ਗਈ, ਚਲੋ ਲੁੱਟੀ ਗਈ, ਅਸੀਂ ਵੀ ਨਹੀਂ ਚਿੱਤ 'ਤੇ ਲਿਆਉਂਦੇ, ਤੁਸਾਂ ਵੀ ਕਰ ਲਿਆ, ਸਾਥੋਂ ਵੀ ਗਲਤੀ ਹੋ ਗਈ ਹੈ।

**ਸਿੰਘਨ ਕਹਯੋਂ ਹਮ ਨਿਤ ਯਹ ਕਾਰ॥** ਸਿੰਘਾਂ ਨੇ ਕਿਹਾ, 'ਸਾਡਾ ਤਾਂ ਰੋਜ਼ ਦਾ ਹੀ ਏਹੀ ਕੰਮ ਹੈ' ''ਖਾਲਸਾ ਸੋ ਜੋ ਕਰੇ ਨਿਤ ਜੰਗ''।

**ਲੜੈਂ ਮਰੈਂ ਨਿਤ ਤੁਰਕਨ ਨਾਰ॥ ੨੩॥** ਅਸੀਂ ਤਾਂ ਹਰ ਰੋਜ਼ ਹੀ ਤੁਰਕਾਂ ਨਾਲ ਲੜਦੇ ਹਾਂ ਤੇ ਸ਼ਹੀਦ ਹੁੰਦੇ, ਰਹਿੰਦੇ ਹਾਂ। ੨੩।

**ਤੈਂ ਨਜ਼ਰਾਨਯੋਂ ਦੇਰ ਲਗਾਈ॥** ਤੂੰ ਨਜ਼ਰਾਨਾ ਨਹੀਂ ਭੇਜਿਆ ਸਮੇਂ ਸਿਰ, ਤੂੰ ਨਜ਼ਰਾਨਾ ਭੇਜਣ ਨੂੰ ਦੇਰ ਲਗਾਈ ਹੈ।

**ਤਊ ਖਾਲਸੇ ਨੇ ਕਹੀ ਲੁਟਾਈ॥** ਤਾਂ ਖਾਲਸੇ ਨੇ ਤੇਰੀ ਕਹੀ ਲੁਟੀ ਹੈ, ਇਸ ਕਰਕੇ ਗਲਤੀ ਤਾਂ ਤੇਰੀ ਹੈ ਨਾ, ਤੂੰ ਕਿਉਂ ਕੀਤੀ ਏਸ ਤਰ੍ਹਾਂ।

**ਅਗੈ ਖਾਲਸੇ ਸੌਂ ਖੋਟੀ ਕਰੈਂ॥** ਇਹ ਵੇਖ ਲੈ ਅੱਗੇ ਨੂੰ ਜੇ ਤੂੰ ਖਾਲਸੇ ਨਾਲ ਐਹੋ ਜਿਹੀ ਖੋਟੀ ਗੱਲ ਕੀਤੀ।

**ਸਿੰਘ ਲੁਟਨ ਤੇ ਫਿਰ ਕਬਿ ਟਰੈਂ॥ ੨੪॥** ਹੁਣ ਕਿਹੜਾ ਸਿੰਘ ਲੁੱਟਣੋਂ ਛੱਡਣਗੇ ਤੈਨੂੰ, ਫਿਰ ਵੀ ਲੁੱਟਣਗੇ ਤੈਨੂੰ, ਫਿਰ ਕਦੋਂ ਲੁੱਟਣ ਤੋਂ ਸਿੰਘ ਟਲਣਗੇ, ਅੱਗੇ ਨੂੰ ਤੂੰ ਐਸੀ ਗਲਤੀ ਨਾ ਕਰੀਂ, ਅਸੀਂ ਤੈਨੂੰ ਕੁਝ ਨਹੀਂ ਕਹਿੰਦੇ। ੨੪।

**ਘਲ ਵਕੀਲ ਉਨ ਸੁਲ੍ਹਾ ਠਹਿਰਾਈ॥** ਆਪਣੇ ਵਕੀਲ ਘੱਲ ਕੇ ਸਦੀਕ ਬੇਗ ਨੇ ਖਾਲਸੇ ਨਾਲ ਰਾਜੀਨਾਮਾ ਕਰ ਲਿਆ ਹੈ।

**ਦਯੋ ਨਜ਼ਰਾਨੇ ਓਦੂੰ ਸਵਾਈ॥** ਸਦੀਕ ਬੇਗ ਓਦੂੰ ਵੀ ਸਵਾਏ ਨਜ਼ਰਾਨੇ ਪੇਸ਼ ਕੀਤੇ ਸਨ, ਲਓ ਮਹਾਰਾਜ ! ਆਹ ਭੁੱਲ ਚੁੱਕ ਦੀ ਮਾਫੀ, ਡੰਨ ਲਾ ਲਉ ਸਾਨੂੰ, ਲੈ ਲਉ ਮਾਮਲਾ ਜਿੰਨਾਂ ਚਾਹੀਦਾ ।

**ਐਸੋ ਭਯੋ ਬੋ ਪੰਦ੍ਰਾ ਸਾਲ॥** ਸੰਬਤ ਅਠਾਰ੍ਹਾਂ ਸੌ ਪੰਦਰਮੇਂ (੧੮੧੫) ਸਾਲ ਵਿਚ ਐਸੇ ਹੋਇਆ ਸੀ, ਖਾਲਸੇ ਨਾਲ ਐਸੇ ਵਿਗਾੜ ਕੇ ਫਿਰ ਸੁਲਹ ਹੋ ਗਈ, ਸਦੀਕ ਬੇਗ ਸੂਬਾ ਸਰਹੰਦ ਦੀ।

**ਨਿਤਪ੍ਰਤਿ ਵਧੇ ਯੌਂ ਸਿੰਘਨ ਇਕਬਾਲ॥ ੨੫॥** ਦਿਨ-ਬ-ਦਿਨ ਖਾਲਸੇ ਦੀ ਚੜ੍ਹਦੀ ਕਲਾ ਹੋ ਰਹੀ ਹੈ। ੨੫।

## ਅਥ ਸਾਖੀ ਮੁਗ਼ਲ ਗਾਜਦੀਂ ਵਜ਼ੀਰ ਕੀ ਤੁਰੀ

### (ਗਾਜ਼ੀ ਦੀਨ ਵਜ਼ੀਰ ਤੇ ਗੰਗ ਕਵੀ)

**ਦੋਹਰਾ॥ਸ਼ਾਹਿ ਕਾਬਲੀ ਕੱਢ ਦਯੋ ਸਿੰਘਨ ਮਰਹੱਟਨ ਰੱਲ॥** ਸਿੰਘਾਂ ਤੇ ਮਰਹੱਟਿਆਂ ਨੇ ਰਲ ਕੇ ਕਾਬਲ ਦੇ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਨੂੰ ਕੱਢ ਦਿੱਤਾ ਹੈ ਪੰਜਾਬ ਅਤੇ ਹਿੰਦੋਸਤਾਨ ਵਿੱਚੋਂ।

**ਮਰਹਟੇ ਫੈਲ ਸਭ ਥਾਂ ਗਏ ਦਿਲੀ ਲਹੌਰ ਸੁ ਮੱਲ॥ ੧॥** ਮਰਹੱਟੇ ਸਾਰੇ ਥਾਵਾਂ 'ਤੇ ਫੈਲ ਗਏ ਸਨ ਅਤੇ ਦਿੱਲੀ ਤੇ ਲਹੌਰ ਵੀ ਮਰਹੱਟਿਆਂ ਨੇ ਮੱਲ ਲਿਆ ਹੈ। ੧।

**ਸੁਨੀ ਨਵਾਬ ਲਹੌਰੀਆਨ ਚਹੈ ਸੁ ਗਾਜਦੀਂ ਆਇ॥** ਲਹੌਰੀਆਂ ਦੇ ਨਵਾਬ ਨੇ ਸੁਣਿਆ ਹੈ ਕਿ ਗਾਜਦੀਂ ਵਜ਼ੀਰ ਦਿੱਲੀ ਦਾ ਲਹੌਰ ਆਉਣਾ ਚਹੁੰਦਾ ਹੈ।

**ਦੈ ਡੋਲੋ ਉਨ ਮੋੜਿਅਨ ਸੋ ਦਿੱਲੀ ਕੇ ਰਾਹੁ॥ ੨॥** ਜਦੋਂ ਲਹੌਰ ਦੇ ਸੂਬੇ ਨੂੰ ਪਤਾ ਲੱਗਾ ਹੈ ਕਿ ਉਹ ਦਿੱਲੀ ਤੋਂ ਆ ਰਿਹਾ ਹੈ, ਉਸ ਨੇ ਲੜਕੀ ਦਾ ਡੋਲਾ ਦੇ ਕੇ ਉਸ (ਗਾਜਦੀਂ) ਨੂੰ ਦਿੱਲੀ ਨੂੰ ਵਾਪਸ ਮੋੜ ਦਿੱਤਾ ਹੈ। ੨।

**ਚੌਪਈ॥ਸ਼ਾਹੁ ਦਿੱਲੀ ਕੋ ਸੁਸਤ ਸੁ ਭਯੋ॥** ਦਿੱਲੀ ਦਾ ਬਾਦਸ਼ਾਹ ਜੋ ਉਸ ਸਮੇਂ ਦਾ ਸੀ, ਉਹ ਸੁਸਤ ਹੋ ਗਿਆ ਸੀ।

***ਵਜ਼ੀਰ ਗਾਜਦੀਂ ਗਾਜਤ ਭਯੋ॥*** ਉਸ ਦਾ ਵਜ਼ੀਰ ਗਾਜਦੀਂ ਉਸ ਵੇਲੇ ਗੱਜ ਰਿਹਾ ਸੀ ਚਾਰ-ਚੁਫੇਰੇ।

***ਮਨ ਮੈਂ ਗਾਜਦੀਂ ਕੀਓ ਅਭਿਮਾਨ॥*** ਮੁਗਲ ਗਾਜਦੀਂ ਨੇ ਮਨ ਵਿਚ ਹੰਕਾਰ ਕੀਤਾ ਹੈ।

***ਬੁਲਾਇ ਗੰਗ ਭਟ ਕਹਯੋ ਬਖਾਨ॥ ੩॥*** ਉਸ (ਗਾਜਦੀਂ) ਨੇ ਗੰਗ ਭੱਟ ਨੂੰ ਬੁਲਾ ਕੇ ਆਖਿਆ ਹੈ, ਜੋ ਉਸ ਸਮੇਂ ਦਾ ਮਸ਼ਹੂਰ ਕਵੀ ਸੀ। ੩।

***ਅਬ ਤੁਮ ਹਮਰੋ ਜੱਸ ਬਨਾਯੋ॥*** ਹੁਣ ਤੂੰ ਮੇਰੀ ਸਿਫ਼ਤ ਵਿਚ ਕੋਈ ਕਵਿਤਾ ਜਾਂ ਛੰਦ ਬਣਾ।

***ਹਮ ਕੋ ਤੁਮ ਬਡ ਬਜੀਰ ਅਖਾਯੋ॥*** ਤੁਸੀਂ ਮੈਨੂੰ ਦਿੱਲੀ ਦੇ ਚਾਰੋਂ ਵਜ਼ੀਰਾਂ ਵਿੱਚੋਂ ਵੱਡਾ ਵਜ਼ੀਰ ਅਖਵਾਓ ਆਪਣੀ ਕਾਵਿ ਰਚਨਾ ਰਾਹੀਂ।

***ਗਾਜਦੀਂ ਬਨਰੋ 'ਹਮਰੋ ਖਿਤਾਬ॥*** ਬਾਦਸ਼ਾਹ ਵੱਲੋਂ ਮੈਨੂੰ (ਬਨਰੋ) ਲਾੜੇ ਦਾ ਖਿਤਾਬ ਮਿਲਿਆ ਹੈ, ਮੇਰਾ ਖਿਤਾਬ 'ਬਨਰਾ' ਹੈ।

***ਦਯੋ ਪਤਿਸ਼ਾਹਿ ਸੁ ਮੋ ਕੋ ਆਬ॥ ੪॥*** ਮੈਨੂੰ ਪਾਤਸ਼ਾਹ ਨੇ ਆਪ ਇਹ ਖਿਤਾਬ ਦਿੱਤਾ ਹੈ। ੪।

***ਤਬੈ ਗੰਗ ਨੇ ਐਸੇ ਕਹਯੋ॥*** ਭਟ ਜਾਂ ਕਵੀ ਬੇਪਰਵਾਹ ਹੁੰਦੇ ਸਨ, ਉਹ ਕਿਸੇ ਦੀ ਪ੍ਰਵਾਹ ਨਹੀਂ ਕਰਦੇ, ਤਦ ਗੰਗ ਭੱਟ ਏਸ ਤਰ੍ਹਾਂ ਆਖਿਆ ਹੈ ਗਾਜੀ ਦੀਨ ਨੂੰ।

***ਹਮ ਤੇ ਝੂਠ ਨ ਆਖਤ ਜਯੋ॥*** ਮੇਰੇ ਕੋਲੋਂ ਝੂਠ ਨਹੀਂ ਆਖਿਆ ਜਾਣਾ ਹੈ, ਮੇਰੇ ਕੋਲੋਂ ਤੇਰੀ ਝੂਠੀ ਸਿਫ਼ਤ ਨਹੀਂ ਕੀਤੀ ਜਾਣੀ ਹੈ।

***ਸੱਚੋ ਸੱਚ ਜੁ ਕੈਹੋਂ ਬਖਾਨ॥*** ਮੈਂ ਤਾਂ ਸੱਚੋ ਸੱਚ ਕਹਿ ਕੇ ਸੁਣਾਵਾਂਗਾ ਮੈਂ ਤਾਂ ਸੱਚੀ ਗੱਲ ਕਹਾਂਗਾ। ਜਿਵੇਂ ਤੂੰ ਬਹਾਦਰ ਬਣਿਆਂ ਫਿਰਦਾ ਹੈਂ ਗੱਲੀਂ-ਬਾਤੀਂ, ਇਉਂ ਨਹੀਂ ਗੱਲ ਬਣਨੀ।

***ਕਰੋਂ ਸੱਚ ਪੈ ਜਾਨ ਕੁਰਬਾਨ॥ ੫॥*** ਫਿਰ ਬੇਸ਼ੱਕ ਮਰਵਾ ਦਈਂ ਮੈਨੂੰ ਪਰ ਕਹਾਂਗਾ ਮੈਂ ਸੱਚ ਤੇਰੇ ਮੂੰਹ ਦੇ ਉੱਤੇ। ੫।

***ਪਿਛਲੇ ਭੱਟ ਕਚਹਿਰੀ ਮਾਂਹਿ॥*** ਜਿਹੜੇ ਪਿੱਛੇ ਭੱਟ ਹੋਏ ਸਨ ਕਚਹਿਰੀ ਵਿਚ।

***ਝੂਠ ਨ ਬੋਲ ਗਏ ਜਾਨ ਗਵਾਇ॥*** ਕਹਿੰਦਾ ਅੱਗੇ ਵੀ ਸਾਡੇ ਨਾਲ ਏਵੇਂ ਹੋਈ ਹੈ, ਸਾਡੀ ਜਾਤੀ ਦੇ ਜਿਹੜੇ ਭੱਟ ਸਨ, ਉਹਨਾਂ ਨੇ ਝੂਠ ਨਹੀਂ ਬੋਲਿਆ ਹੈ, ਭਾਵੇਂ ਆਪਣੀ ਜਾਨ ਗਵਾ ਗਏ ਸਨ।

***ਅਬ ਮੈਂ ਆਖੋਂ ਸਾਚ ਪਛਾਣ॥*** ਹੁਣ ਜਿਵੇਂ ਮੈਂ ਤੈਨੂੰ ਪਛਾਣਿਆ ਹੈ, ਜਿਵੇਂ ਮੇਰੀ ਨਜ਼ਰ ਵਿਚ ਤੂੰ ਉਤਰਿਆ ਹੈਂ, ਉਵੇਂ ਮੈਂ ਸੱਚ ਆਖਾਂਗਾ।

***ਮੈਂ ਬੀ ਕਰੋਂ ਅਬ ਜਾਨ ਕੁਰਬਾਨ॥ ੬॥*** ਮੈਂ ਵੀ ਹੁਣ ਸੱਚੀ ਗੱਲ ਆਖ ਕੇ ਸੱਚ ਤੋਂ ਜਾਨ ਕੁਰਬਾਨ ਕਰਾਂਗਾ, ਸੱਚ ਦੀ ਖ਼ਾਤਰ ਆਪਣੀ ਬਲੀ ਦੇਵਾਂਗਾ। ੬।

### ਗੰਗ ਵਾਚ॥

***ਦੋਹਰਾ॥ 'ਬਨੇਰੇ' ਤੇ ਬਨਰੀ ਭਈ ਖਸਮ ਸੁ ਕੀਯੋ ਮਲ੍ਹਾਰ॥*** ਮੁਗਲ ਗਾਜਦੀਂ ਵਜ਼ੀਰ ਨੂੰ ਮੁਹੰਮਦ ਸ਼ਾਹ 'ਰੰਗੀਲੇ' ਦਿੱਲੀ ਦੇ ਬਾਦਸ਼ਾਹ ਵੱਲੋਂ ਖਿਤਾਬ ਮਿਲਿਆ ਸੀ। ਉਸ ਵੇਲੇ ਗਾਜਦੀਂ ਵਜ਼ੀਰ ਨੂੰ ਕਿਸੇ ਮੁਹਿੰਮ ਵਿਚ ਕਿਤੇ ਝੂਠੀ ਜਿੱਤ ਪ੍ਰਾਪਤ ਹੋ ਗਈ, ਇਸ ਨੂੰ 'ਬਨਰਾ' ਦਾ ਖਿਤਾਬ ਮਿਲ ਗਿਆ। 'ਬਨਰਾ' ਕਹਿੰਦੇ ਹਨ ਲਾੜੇ ਨੂੰ, 'ਬਨਰੀ' ਕਹਿੰਦੇ ਹਨ ਲਾੜੀ ਨੂੰ, ਭਾਵ ਇਹ ਹੈ ਕਿ ਖਿਤਾਬ ਤਾਂ ਲਾੜੇ ਦਾ ਮਿਲਿਆ ਪਰ ਇਹ ਲਾੜੇ ਤੋਂ ਲਾੜੀ ਬਣ ਗਿਆ ਤੇ ਇਸ ਨੇ ਮਲ੍ਹਾਰ ਮਰਹੱਟੇ ਨੂੰ ਆਪਣਾ ਖ਼ਸਮ ਬਣਾ ਲਿਆ ਹੈ, ਮਲ੍ਹਾਰ ਮਰਹੱਟੇ ਦੀ ਫ਼ੌਜ ਅਧੀਨ ਦਿੱਲੀ ਦਾ ਰਾਜ ਕਰਦਾ ਸੀ।

***ਝਾਂਟ ਨ ਖੁੱਸੀ ਜਾਟ ਕੀ, ਇਮ ਲੂਟ ਖਾਯੋ ਸੰਸਾਰ॥ ੭॥*** ਭਰਤਪੁਰੀਏ ਜੱਟ ਦਾ ਤਾਂ ਤੈਥੋਂ ਕੁਛ ਵੀ ਨਹੀਂ ਵਿਗੜਿਆ, ਐਵੇਂ ਹੀ ਸੰਸਾਰ ਨੂੰ ਲੁੱਟ ਕੇ ਖਾ ਲਿਆ ਹੈ ਤੂੰ, ਤੂੰ ਕਿਧਰ ਦਾ ਬਹਾਦਰ ਆ ਗਿਆ ਹੈਂ? ਤੂੰ ਕਹਿੰਦਾ ਹੈਂ ਮੈਂ ਪਠਾਣਾਂ

ਨੂੰ ਕੱਢ ਦਿੱਤਾ ਹੈ ਦੇਸ਼ ਵਿੱਚੋਂ, ਉਹ ਤਾਂ ਮਰਹੱਟਿਆਂ ਤੇ ਸਿੰਘਾਂ ਨੇ ਮਿਲ ਕੇ ਕੱਢੇ ਸਨ, ਤੂੰ ਕੀ ਕੀਤਾ ਹੈ ਜੰਗ ਵਿਚ?। ੭।

***ਯੌ ਸੁਨ ਤਿਸਕੋ ਅਗ ਲਗੀ, ਅਗੈ ਗਯੰਦ ਦਯੋ ਡਾਰ॥*** ਗੰਗ ਭੱਟ ਤੋਂ ਇਉਂ ਸੁਣ ਉਸ (ਗਾਜਦੀਂ) ਨੂੰ ਅੱਗ ਲੱਗ ਉੱਠੀ ਹੈ ਕਿ ਇਸ ਨੇ ਤਾਂ ਮੇਰਾ ਬੇੜਾ ਗਰਕ ਕਰ ਦਿੱਤਾ ਹੈ। ਮੇਰੀ ਬਹਾਦਰੀ ਰੋਲ ਦਿੱਤੀ ਹੈ, ਕਚਹਿਰੀ ਦੇ ਵਿਚ ਗੰਗ ਭੱਟ ਨੂੰ ਖ਼ੂਨੀ ਹਾਥੀ ਅੱਗੇ ਸੁੱਟ ਦਿੱਤਾ ਹੈ।

***ਮਰਤਾ ਹੂਆ ਕਹਿ ਮੁਯੋ ਸੋ ਫੈਲ ਗਯੋ ਸੰਸਾਰ॥ ੮॥*** ਜਦੋਂ ਖ਼ੂਨੀ ਹਾਥੀ ਉਸ ਨੂੰ ਮਾਰਨ ਲੱਗਾ ਹੈ, ਤਾਂ ਗੰਗ ਭੱਟ ਕਹਿਕੇ ਮਰ ਗਿਆ ਹੈ ਤੇ ਉਹ ਸਾਰੇ ਸੰਸਾਰ ਵਿਚ ਮੁਹਾਵਰਾ ਫੈਲ ਗਿਆ ਹੈ। ੮।

***ਕਦੇ ਨ ਗਾਂਡੂ ਰਣ ਚੜ੍ਹੈ ਕਦੇ ਨ ਬਾਜੈ ਬੰਬ॥*** ਕਦੇ ਗਾਂਡੂ ਬੰਦੇ ਜੰਗ ਨੂੰ ਨਹੀਂ ਚੜ੍ਹਦੇ ਅਤੇ ਨਾ ਹੀ ਕਦੇ ਉਨ੍ਹਾਂ ਦੀ ਜਿੱਤ ਦਾ ਨਗਾਰਾ ਬੱਜਿਆ ਹੈ, ਜੇ ਉਹ ਜੰਗ ਕਰਨ ਨੂੰ ਚੜ੍ਹ ਵੀ ਪੈਣ ਤਾਂ ਉਹ ਹਾਰਦੇ ਹਨ ਸਦਾ।

***ਸਗਲ ਸਭਾ ਕੋ 'ਰਾਮ ਰਾਮ' ਬਿਦਾ ਹੋਤ ਹੈ ਗੰਗ ॥ ੯॥*** ਕਹਿੰਦਾ ਮੈਂ ਗੰਗ ਭੱਟ ਹੁਣ ਵਿਦਾ ਹੋਣ ਲੱਗਿਆ ਹਾਂ, ਸਾਰੀ ਸਭਾ ਨੂੰ ਮੇਰੇ ਵੱਲੋਂ ਰਾਮ ਰਾਮ ਹੈ। ੯।

***ਚੌਪਈ॥ਯਹੀ ਗਜ਼ਬ ਗਾਜਦੀਂ ਪੈ ਪੜਾ॥*** ਇਹੀ (ਗਜ਼ਬ) ਕਹਿਰ ਜੋ ਗਾਜਦੀਂ ਨੇ ਕੀਤਾ, ਸੱਚ ਕਹਿਣ 'ਤੇ ਗੰਗ ਭੱਟ ਨੂੰ ਮਰਵਾ ਦਿੱਤਾ, ਕਿਉਂਕਿ ਜ਼ੁਲਮ ਜਿਹੜਾ ਹੈ, ਪਾਪ ਦਾ ਬੇੜਾ ਭਰ ਕੇ ਡੁਬਦਾ ਹੈ। ਜਦੋਂ ਪਾਪ ਕਰੀ ਜਾਂਦਾ ਹੈ, ਕਰੀ ਜਾਂਦਾ ਹੈ, ਫਿਰ ਬੇੜਾ ਡੁਬਦਾ ਹੈ ਭਾਰਾ ਹੋ ਕੇ। ਇਹੀ ਗਜ਼ਬ ਹੁਣ ਗਾਜਦੀਂ ਦੇ ਸਿਰ ਆ ਪਿਆ ਹੈ।

***ਗਾਜਦੀਂ ਮਰਹਟਨ ਕੋ ਲੈ ਹੜ੍ਹਾ॥*** ਵਜ਼ੀਰ ਗਾਜਦੀਂ ਤਾਂ ਮਰਹੱਟਿਆਂ ਨੂੰ ਵੀ ਲੈ ਬੈਠਾ ਹੈ, ਮਰਹੱਟਿਆਂ ਦਾ ਵੀ ਬੇੜਾ ਆਪਣੇ ਨਾਲ ਹੀ ਡੋਬ ਦਿੱਤਾ ਗਾਜਦੀਂ ਨੇ।

***ਸੋਊ ਸੁਨੀਓਂ ਅਗੈ ਕਹਾਣੀ॥*** ਓਹੀ ਕਹਾਣੀ ਅੱਗੇ ਸੁਣੋ।

***ਬਿਸਵਾਸ ਰਾਇ ਸਿਰ ਭਾਊ ਬਿਹਾਣੀ॥ ੧੦॥*** ਜਿਵੇਂ ਬਿਸਵਾਸ਼ ਰਾਓ ਤੇ ਭਾਊ ਮਰਹੱਟੇ ਦੇ ਸਿਰ ਬੀਤੀ ਸੀ, ਕਿਉਂਕਿ ਉਹ ਇਸ ਦੇ ਮਗਰ ਲੱਗੇ ਹੋਏ ਸਨ। ੧੦।

## ਸਾਖੀ ਤੁਰਕ ਸਰਬਤ ਹਿੰਦੁਸਤਾਨੀ ਔ ਗਿਲਜ਼ੋਂ ਕੀ

### (ਤੁਰਕਾਂ ਨੇ ਰਲ ਕੇ ਮਰਹੱਟਿਆਂ ਨੂੰ ਕੱਢਣ ਹਿਤ ਸਲਾਹ ਕੀਤੀ)

***ਦੋਹਰਾ॥ਗਿਲਜਨ ਤੇ ਹਿੰਦ ਛੁਟ ਗਈ ਰਹਯੋ ਅਟਕ ਕਸ਼ਮੀਰ॥*** ਦੁਰਾਨੀਆਂ ਤੋਂ ਹਿੰਦੋਸਤਾਨ ਦਾ ਰਾਜ ਛੁੱਟ ਗਿਆ ਹੈ, ਉਨ੍ਹਾਂ ਕੋਲ ਕਸ਼ਮੀਰ ਤੇ ਅਟਕ ਦਾ ਰਾਜ ਹੀ ਰਹਿ ਗਿਆ ਹੈ ਬਾਕੀ।

***ਹਿੰਦ ਪਤਿਸ਼ਾਹੀ ਲੈਨ ਫਿਰ ਕਰੀ ਸ਼ਾਹਿ ਤਤਬੀਰ॥ ੧॥*** ਹਿੰਦੋਸਤਾਨ ਦੀ ਪਾਤਸ਼ਾਹੀ ਲੈਣ ਵਾਸਤੇ ਅਹਿਮਦ ਸ਼ਾਹ ਅਬਦਾਲੀ ਨੇ ਫਿਰ ਵਿਉਂਤ ਬਣਾਈ ਹੈ ਯਤਨ ਕੀਤਾ ਹੈ। ੧।

***ਚੌਪਈ॥ਲਹੌਰਹਿ ਛੋਡ ਗਯੋ ਉਸ ਬੇਟਾ॥*** ਉਸ (ਅਬਦਾਲੀ) ਦਾ ਪੁੱਤ੍ਰ ਤੈਮੂਰ ਸ਼ਾਹ ਲਹੌਰ ਛੱਡ ਕੇ ਭੱਜ ਗਿਆ ਸੀ, ਇਸ ਨੂੰ ਖਾਲਸੇ ਨੇ ਮੁਰਦਿਆਂ ਦੇ ਰਾਹ ਲੰਘਾਇਆ ਸੀ, ਸਾਰੀ ਰਾਤ ਮੁਰਦਿਆਂ ਵਿਚ ਪਿਆ ਰਿਹਾ ਸੀ, ਫਿਰ ਭੱਜਿਆ ਸੀ ਏਥੋਂ।

***ਲਗੀ ਅੱਗ ਤਬ ਤੇ ਉਸ ਪੇਟਾ॥*** ਕਿਉਂਕਿ ਉਸ ਦੇ ਪੇਟ ਵਿਚ ਅੱਗ ਲੱਗੀ ਸੀ ਈਰਖਾ ਦੀ ਕਿ ਮੇਰੇ ਪੁੱਤਰ ਤੋਂ ਰਾਜ ਖੋਹ ਲਿਆ ਹੈ, ਉਸ ਨੂੰ ਪੰਜਾਂ ਸੂਬਿਆਂ ਦਾ ਸੂਬੇਦਾਰ ਬਣਾਇਆ ਸੀ ਬਾਦਸ਼ਾਹ ਨੇ।

**ਤਿੰਨ ਲੱਖ ਫੌਜ ਫੇਰ ਕਰਿ ਲਯਾਯੋ॥** ਅਹਿਮਦ ਸ਼ਾਹ ਫਿਰ ਤਿੰਨ ਲੱਖ ਫ਼ੌਜ ਇਕੱਠੀ ਕਰਕੇ ਲਿਆਇਆ ਹੈ।

**ਅਠਾਰਾਂ ਸੈ ਪੰਦਰੈ ਚੜ੍ਹਿ ਆਯੋ॥ ੨॥** ਸੰਮਤ ਬਿਕ੍ਰਮੀ ਅਠ੍ਹਾਰਾਂ ਸੌ ਪੰਦਰਾਂ (੧੮੧੫) ਵਿਚ ਚੜ੍ਹ ਕੇ ਆ ਗਿਆ ਹੈ। ੨।

**ਮਾਰ ਮ੍ਰਹੱਟੇ ਅੱਗੈ ਧਰੇ॥** ਅਹਿਮਦ ਸ਼ਾਹ ਅਬਦਾਲੀ ਨੇ ਆ ਕੇ ਮਰਹੱਟਿਆਂ ਨੂੰ ਅੱਗੇ ਲਾ ਲਿਆ ਹੈ।

**ਮਾਰ ਭਜਾਏ ਜਹਿਂ ਜਹਿਂ ਲਰੈ॥** ਜਿਥੇ-ਜਿਥੇ ਵੀ ਮਰਹੱਟੇ ਅਬਦਾਲੀ ਦੇ ਵਿਰੁੱਧ ਲੜੇ, ਉਸ ਨੇ ਮਾਰ ਕੇ ਭਜਾ ਦਿੱਤਾ ਹੈ ਮਰਹੱਟਿਆਂ ਨੂੰ।

**ਦਿੱਲੀ ਬਿਨਾਂ ਰਹਯੋ ਨਹਿਂ ਠਾਣਾ॥** ਮਰਹੱਟਿਆਂ ਦੇ ਕੋਲ ਬਿਨਾਂ ਦਿੱਲੀ ਤੋਂ ਕੋਈ ਠਾਣਾਂ ਨਹੀਂ ਰਿਹਾ ਹੈ, ਬਾਕੀ ਬਭ ਠਾਣਿਆਂ 'ਤੇ ਕਬਜ਼ਾ ਕਰ ਲਿਆ ਹੈ ਅਬਦਾਲੀ ਨੇ।

**ਝੁਨਕੂ ਜੱਟ ਕੇ ਪਾਸ ਲੁਕਾਣਾ॥ ੩॥** ਮੁਗਲ ਗਾਜਦੀਨ, ਝੁਨਕੂ ਜੱਟ ਕੋਲ ਜਾ ਲੁਕਿਆ ਹੈ ਭੱਜ ਕੇ। ੩।

**ਸਭ ਮੁਸਲਮਾਨੀ ਇਕਠੀ ਭਈ॥** ਸਭ ਫ਼ਿਰਕਿਆਂ ਦੇ ਮੁਸਲਮਾਨ ਇਕੱਠੇ ਹੋ ਗਏ ਸਨ।

**ਮੁਗਲ ਪਠਾਣਨ ਇਕ ਮਤ ਠਈ॥** ਸਭ ਮੁਗਲਾਂ ਤੇ ਪਠਾਣਾਂ ਨੇ ਇਕ ਸਲਾਹ ਕਰ ਲਈ ਹੈ।

**ਦਯੈ ਮ੍ਰਹਟਨ ਦੇਸੌਂ ਕਢਾਇ॥** ਇਨ੍ਹਾਂ ਮਰਹੱਟਿਆਂ ਨੂੰ ਪਹਿਲਾਂ ਦੇਸ਼ ਵਿੱਚੋਂ ਕਢਾ ਲਈਏ, ਪਹਿਲਾਂ ਪੰਜਾਬ ਖਾਲੀ ਕਰਵਾਈਏ, ਫਿਰ ਦਿੱਲੀ ਤੋਂ ਭਜਾ ਕੇ ਸਾਰਾ ਦੇਸ਼ ਵੇਹਲਾ ਕਰ ਲਈਏ।

**ਹੈਂ ਮੁਸਲਮਾਨਨ ਏ ਦੁਖਦਾਇ॥ ੪॥** ਇਹ ਮਰਹੱਟੇ ਮੁਸਲਮਾਨਾਂ ਨੂੰ ਦੁਖਦਾਈ ਸਨ, ਇਹ ਸਾਨੂੰ ਏਥੇ ਰਹਿਣ ਨਹੀਂ ਦੇਣਗੇ। ੪।

**ਦੋਹਰਾ॥ਸਭ ਮੁਸਲਮਾਨਨ ਕਸਮ ਕਰ ਇੱਕੋ ਕਰੀ ਸਲਾਹਿ॥** ਸਾਰੇ ਮੁਸਲਮਾਨਾਂ ਨੇ ਪਠਾਣਾਂ ਤੇ ਮੁਗਲਾਂ ਨੇ, ਇਕੱਠੇ ਹੋ ਕੇ ਕਸਮ ਕਰ ਕੇ ਇਕੋ ਮਸ਼ਵਰਾ ਕਰ ਲਿਆ ਹੈ।

**ਹਿੰਦੁਸਤਾਨ ਬਜੀਰ ਤਿੰਨ ਔ ਕੰਧਾਰੀ ਪਤਿਸ਼ਾਹਿ॥ ੫॥** ਹਿੰਦੋਸਤਾਨ ਦੇ ਤਿੰਨ ਵਜ਼ੀਰ ਹੋਣ ਅਤੇ ਬਾਦਸ਼ਾਹ ਅਹਿਮਦ ਸ਼ਾਹ ਕੰਧਾਰੀ ਹੋਵੇ, ਫਿਰ ਪਠਾਣਾਂ ਨੂੰ ਬਾਦਸ਼ਾਹ ਬਣਾ ਲਈਏ। ੫।

**ਚੌਪਈ॥ਮਤੋ ਪਕਾਇ ਜੱਟ ਪੈ ਚੜ੍ਹੇ॥** ਮਤਾ ਪੱਕਾ ਕਰਕੇ ਭਰਤਪੁਰ ਦੇ ਜੱਟ 'ਤੇ ਜਾ ਚੜ੍ਹਾਈ ਕੀਤੀ ਹੈ।

**ਮਥਰੋ ਮਾਰ ਹਿੰਦੂ ਬਹੁ ਫੜੇ॥** ਮਥਰਾ ਨੂੰ ਮਾਰ ਕੇ ਬਹੁਤ ਸਾਰੇ ਹਿੰਦੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

**ਕੋਇਲ ਕੋ ਗੜ੍ਹ ਲਯੋ ਛੁਡਾਇ॥** ਕੋਇਲ ਸ਼ਹਿਰ ਦਾ ਕਿਲ੍ਹਾ ਵੀ ਛੁਡਾ ਲਿਆ ਹੈ, ਜਿਸ ਨੂੰ ਹਿੰਦੂ ਰਾਮਗੜ੍ਹ ਅਤੇ ਤੁਰਕ ਅਲੀਗੜ੍ਹ ਕਹਿੰਦੇ ਸਨ।

**ਮ੍ਰਹੱਟਨ ਕੀ ਦਈ ਪੱਤਿ ਗਵਾਇ॥ ੬॥** ਮਰਹੱਟਿਆਂ ਦੀ ਪੱਤ ਗਵਾ ਦਿੱਤੀ, ਉਹਨਾਂ ਦੀ ਸਾਰੀ ਤਾਕਤ ਤਬਾਹ ਹੋ ਗਈ ਹੈ। ੬।

## ਸਾਖੀ ਖਾਲਸੇ ਔ ਗਿਲਜੇ ਕੇ ਦਾਈਏ ਕੀ

### (ਖਾਲਸੇ ਤੇ ਗਿਲਜਿਆਂ ਦੀ ਖਿਚਾ-ਖਿਚੀ)

**ਚੌਪਈ॥ਤਬ ਵਹਿ ਆਇ ਲਹੌਰ ਰਹਯੋ॥** ਕੋਇਲ ਨੂੰ ਮਾਰ ਕੇ ਅਹਿਮਦ ਸ਼ਾਹ ਅਬਦਾਲੀ ਲਹੌਰ ਜਾ ਬੈਠਾ ਹੈ।

**ਪੰਜ ਸੂਬਨ ਸਿਰਤੰਤਹ ਲਯੋ॥** ਜਿਹੜੇ ਪੰਜ ਸੂਬੇ ਉਸ ਨੇ ਹਿੰਦੋਸਤਾਨ ਨਾਲੋਂ ਪਹਿਲਾਂ ਕਟਾਏ ਹੋਏ ਸੀ, ਉਨ੍ਹਾਂ ਦਾ ਫਿਰ ਬੰਦੋਬਸਤ ਕੀਤਾ ਹੈ, ਉਨ੍ਹਾਂ ਦੇ ਸਿਰ 'ਤੇ ਫਿਰ ਬਹਿ ਗਿਆ ਬਾਦਸ਼ਾਹ ਬਣ ਕੇ।

**ਕਸ਼ਮੀਰ ਮੁਲਤਾਨ ਔ ਭੱਖਰ ਅਟਕ॥** ਕਸ਼ਮੀਰ ਮੁਲਤਾਨ ਭੱਖਰ ਤੇ ਅਟਕ ਏਥੋਂ ਤੱਕ ਦਾ ਇਲਾਕਾ।

**ਲਹੌਰ ਰਹਨ ਕਰ ਲੈ ਲੈ ਸਟਕ॥ ੧॥** (ਸਟਕ) ਲੋਪ ਹੋ ਹੋ ਕੇ ਸਭ ਇਲਾਕੇ 'ਤੇ ਕਬਜ਼ਾ ਕਰ, ਅਬਦਾਲੀ ਨੇ ਲਹੌਰ ਰਹਿਣਾ ਕੀਤਾ ਹੈ। ੧।

**ਤਬ ਵਹਿ ਸਿੰਘਨ ਮਾਰਯੋ ਚਹੈ॥** ਤਦ ਉਹ (ਅਬਦਾਲੀ) ਸਿੰਘਾਂ ਨੂੰ ਮਾਰਨਾ ਚਹੁੰਦਾ ਹੈ।

**ਜਹਾਨ ਖਾਨ ਸੁ ਗੈਲੈ ਰਹੈ॥** ਜਹਾਨ ਖ਼ਾਂਨੇ ਅਹਿਮਦ ਸ਼ਾਹ ਅਬਦਾਲੀ ਦੇ ਪੁੱਤਰ ਤੈਮੂਰ ਦਾ ਫ਼ੌਜਦਾਰ ਅਤੇ ਮੰਤ੍ਰੀ, ਜੋ ਸਿੱਖਾਂ ਦਾ ਸਰਬਨਾਸ ਕਰਨ ਲਈ ਮੁਕੱਰਰ ਕੀਤਾ ਗਿਆ, ਇਹ ਲਹੌਰ ਦਾ ਸੂਬਾ ਵੀ ਰਿਹਾ ਹੈ। ਇਸੇ ਦੇ ਬਾਬੇ ਦਾ ਦੀਪ ਸਿੰਘ ਨਾਲ ਚੱਬੇ ਪਿੰਡ ਕੋਲ ਮੁਕਾਬਲਾ ਹੋਇਆ ਸੀ। ਜਹਾਨ ਖ਼ਾਂ ਹੁਣ ਸਿੱਖਾਂ ਦੇ ਪਿੱਛੇ ਹੀ ਲੱਗਿਆ ਰਹਿੰਦਾ ਹੈ ਮਾਰਨ ਵਾਸਤੇ।

**ਸੋ ਮਾਰੈ ਜੋਈ ਹਥ ਆਵੈ॥** ਜਿਹੜਾ ਵੀ ਸਿੰਘ ਇਸ ਦੇ ਹੱਥ ਆ ਜਾਵੇ, ਉਸੇ ਨੂੰ ਮਾਰ ਮੁਕਾਉਂਦਾ ਸੀ।

**ਵਹਿ ਬਹੁ ਸਿੰਘਨ ਹੱਥ ਨ ਲਗਾਵੈ॥ ੨॥** ਜਿਥੇ ਸਿੰਘ ਬਹੁਤੇ ਹੋਣ ਉਨ੍ਹਾਂ ਦੇ ਨੇੜੇ ਨਹੀਂ ਸੀ ਜਾਂਦਾ, ਸਿੰਘਾਂ ਤੋਂ ਭੈ ਵੀ ਖਾਂਦਾ ਸੀ, ਆਪਣੀ ਬਚਤ ਕਰਕੇ ਲੜਾਈ ਕਰਦਾ ਸੀ। ੨।

**ਦੋਹਰਾ॥ਸਿੰਘ ਭੀ ਤਿਸਕੋ ਬਹੁ ਲੁਟੈਂ ਆਗੇ ਪਾਛੈ ਦੌੜ॥** ਸਿੰਘਾਂ ਦੀ ਲੜਾਈ ਦੀ ਜੁਗਤਿ ਅਲੱਗ ਸੀ ਦੂਜਿਆਂ ਨਾਲੋਂ, ਸਿੰਘ ਅੱਗੋਂ ਪਿੱਛੋਂ ਛਪੋਲ ਮਾਰ ਕੇ ਲੁੱਟਦੇ ਸਨ੍, ਉਸ ਨੂੰ।

**ਉਇ ਮਾਰੇ ਬਹੁ ਤੁੰਮਨ ਕਰ ਸਿੰਘ ਮਾਰੈਂ ਬਿਧ ਸਯੋਂ ਥੋੜ॥ ੩॥** ਉਹ ਪਠਾਣ ਤਾਂ (ਤੁਮਨ) ਇਕੱਠ ਕਰਕੇ ਮਾਰਦੇ ਸਨ ਸਿੰਘਾਂ ਨੂੰ, ਸਿੰਘ ਉਨ੍ਹਾਂ ਨੂੰ ਥੋੜ੍ਹੇ ਹੀ ਵਿਧੀ ਨਾਲ ਜੁਗਤੀ ਨਾਲ ਮਾਰ ਲੈਂਦੇ ਸਨ। ੩।

**ਚੌਪਈ॥ਕਛੂ ਸਿੰਘ ਲੁਕ ਦੇਸਹਿ ਰਹੇ॥** ਕੁਛ ਸਿੰਘ ਤਾਂ ਆਪਣੇ ਦੇਸ਼ ਮਾਝੇ ਵਿਚ ਹੀ ਲੁਕ ਕੇ ਰਹਿ ਗਏ ਸਨ।

**ਕਛੂ ਸਿੰਘ ਝਲ ਮਧ ਲੁਕ ਰਹੇ॥** ਕੁਛ ਸਿੰਘ ਦਰਿਆਵਾਂ ਦੇ ਝੱਲ ਵਿਚ ਥੋੜ੍ਹੇ-ਥੋੜ੍ਹੇ ਹੋ ਕੇ ਲੁਕ ਰਹੇ ਸਨ।

**ਔਰ ਸਿੰਘ ਜਾ ਮਾਲਵੇ ਵੜੇ॥** ਹੋਰ ਜਿਹੜੇ ਸਿੰਘਾਂ ਦੇ ਜਥੇ ਸੀ, ਉਹ ਮਾਲਵੇ ਵਿਚ ਦਾਖ਼ਲ ਹੋਏ, ਜੈਤੋ ਭੁੱਚੋ ਆਦਿਕ ਪਿੰਡਾਂ ਵਿਚ।

**ਇਕਠੇ ਦਲ ਹੁਇ ਰਹੇ ਸੁ ਖੜੇ॥ ੪॥** ਜੋ ਸਿੰਘਾਂ ਦੇ ਦਲ ਇਕੱਠੇ ਸਨ, ਭਾਵ ਬੁੱਢਾ ਦਲ ਤੇ ਤਰਨਾਂ ਦਲ, ਉਹ ਦੁਸ਼ਮਣ ਨਾਲ ਜੂਝਣ ਲਈ ਤਿਆਰ-ਬਰ-ਤਿਆਰ ਖੜ੍ਹੇ ਰਹੇ। ੪।

## (ਸਾਖੀ ਹਾਠੂ ਸਿੰਘ ਮਝੈਲ ਕੀ)

**ਦੋਹਰਾ॥ਮਾਝੈ ਮੈਂ ਥੋ ਸਿੰਘ ਰਹਯੋ ਹਾਠੂ ਸਿੰਘ ਤਿਸ ਨਾਮ॥** ਇਕ ਹਾਠੂ ਸਿੰਘ ਨਾਮ ਦਾ ਸਿੰਘ ਮਾਝੇ ਵਿਚ ਲੁਕਿਆ ਰਹਿ ਗਿਆ ਸੀ।

**ਸੂਰਾ ਪੂਰਾ ਹਠੀ ਤਪੀ ਕਾਨ੍ਹਾ ਕਾਛ ਗ੍ਰਾਮ॥ ੧॥** ਕਾਨ੍ਹੇ ਕਾਛੇ ਪਿੰਡ ਦਾ ਰਹਿਣ ਵਾਲਾ ਪੂਰੇ ਹਠ ਵਾਲਾ, ਤਪੱਸਵੀ ਤੇ ਸੂਰਵੀਰ ਯੋਧਾ ਸੀ। ੧।

**ਚੌਪਈ॥ਗਿਲਜਨ ਢਿਗ ਨਿਸ ਲਾਗਯੋਂ ਆਇ॥** ਹਾਠੂ ਸਿੰਘ ਰਾਤ ਨੂੰ ਗਿਲਜਿਆਂ ਦੇ ਨੇੜੇ ਆ ਲੱਗਿਆ ਹੈ, ਲੁੱਟ-ਮਾਰ ਦੀ ਨੀਅਤ ਧਾਰ ਕੇ।

**ਸੋ ਫਿਰ ਗਯੋ ਨ ਲਾਗਯੋ ਦਾਇ॥** ਉਸ ਦਾ ਦਾਉ ਨਹੀਂ ਲੱਗਾ, ਉਹ ਪਿੱਛੇ ਨੂੰ ਵਾਪਸ ਪਰਤ ਗਿਆ।

**ਫਿਰ ਕੇ ਜਾਤ ਗਿਲਜਨ ਲਖ ਲਯੋ॥** ਹਾਠੂ ਸਿੰਘ ਨੂੰ ਵਾਪਸ ਮੁੜਦੇ ਨੂੰ ਗਿਲਜਿਆਂ ਨੇ ਵੇਖ ਲਿਆ ਹੈ।

***ਘੋੜੋ ਜਾਤ ਤਿਲਕ ਤਹਿਂ ਪਰਯੋ॥ ੨॥*** ਜਦੋਂ ਪਠਾਣਾਂ ਗਿਲਜਿਆਂ ਨੇ ਉਸ ਦਾ ਪਿੱਛਾ ਕੀਤਾ, ਤਾਂ ਉਸ (ਹਾਠੂ ਸਿੰਘ) ਦਾ ਘੋੜਾ ਤਿਲਕ ਕੇ ਡਿੱਗ ਪਿਆ ਹੈ। ੨।

***ਉਠਨ ਨ ਦਯੋ ਘੋੜੇ ਤਲ ਅਯੋ॥*** ਉਹ ਘੋੜੇ ਦੇ ਹੇਠਾਂ ਆ ਗਿਆ ਤੇ ਉਸ ਨੂੰ ਉੱਠਣ ਨਾ ਦਿੱਤਾ।

***ਉਠਨ ਨ ਭਯੋ ਗਿਲਜਨ ਫੜ ਲਯੋ॥*** ਹਾਠੂ ਸਿੰਘ ਤੋਂ ਉਠਿਆ ਨਹੀਂ ਗਿਆ, ਗਿਲਜਿਆਂ ਨੇ ਉਸ ਨੂੰ ਫੜ ਲਿਆ ਹੈ।

***ਅਹਮਦ ਸ਼ਾਹ ਪੈ ਸੋ ਪਹੁੰਚਾਯੋ॥*** ਉਸ ਨੂੰ ਅਹਿਮਦ ਸ਼ਾਹ ਅਬਦਾਲੀ ਦੇ ਕੋਲ ਪਹੁੰਚਾ ਦਿੱਤਾ ਹੈ।

***ਖ਼ੂਨੀ ਗਜ ਕੇ ਆਗੇ ਪਾਯੋ॥ ੩॥*** ਉਸ ਨੂੰ ਖ਼ੂਨੀ ਹਾਥੀ ਦੇ ਅੱਗੇ ਸੁੱਟ ਦਿੱਤਾ ਗਿਆ ਹੈ। ੩।

***ਸੋ ਗਜ ਖ਼ੂੰਨੀ ਤਿਸੈ ਨ ਮਾਰੈ॥*** ਹਾਠੂ ਸਿੰਘ ਹਠੀ ਤਪੀ ਸਿੰਘ ਸੀ, ਹਾਥੀ ਉਸ ਨੂੰ ਸਲਾਮ ਕਰਦਾ ਹੈ, ਉਸਨੇ ਮਾਰਿਆ ਹੀ ਨਾ ਸਿੰਘ ਨੂੰ।

***ਸ਼ਾਹ ਮਹਾਵਤ ਦੇ ਰਹਯੋ ਗਾਰੈ॥*** ਅਹਿਮਦ ਸ਼ਾਹ ਅਬਦਾਲੀ ਹਾਥੀ ਤੋਰਨ ਵਾਲੇ ਮਹਾਵਤ ਨੂੰ ਗਾਲਾਂ ਦੇ ਰਿਹਾ ਹੈ। ਓਇ ਬੇਈਮਾਨਾਂ ਕਿਉਂ ਨਹੀਂ ਮਰਵਾਉਂਦਾ ਤੂੰ? ਕਿਉ ਨਹੀਂ ਹੱਲਾ ਕਰਵਾਉਂਦਾ?

***ਫੇਰ ਹਾਥੀ ਸੰਗ ਪੈਰ ਬੰਧਾਯਾ॥*** ਫਿਰ ਹਾਠੂ ਸਿੰਘ ਨੂੰ ਹਾਥੀ ਦੇ ਪੈਰ ਨਾਲ ਬੰਨ੍ਹਾਇਆ ਹੈ ਕਿ ਇਸ ਨੂੰ ਘਸੀਟ ਕੇ ਮਾਰ ਦਿਓ।

***ਤੌ ਭੀ ਹਾਥੀ ਨਾਂਹਿ ਮਰਾਯਾ॥ ੪॥*** ਫਿਰ ਵੀ ਹਾਥੀ ਨੇ ਮਾਰਿਆ ਨਹੀਂ ਹੈ, ਤੁਰਿਆ ਹੀ ਨਹੀਂ ਹਾਥੀ, ਓਥੇ ਹੀ ਆਕੀ ਹੋ ਕੇ ਖੜ੍ਹਾ ਰਿਹਾ। ੪।

***ਤਬਹਿ ਸ਼ਾਹਿ ਗਜ ਔਰ ਮੰਗਾਯਾ॥*** ਫਿਰ ਅਹਿਮਦ ਸ਼ਾਹ ਨੇ ਇਕ ਹੋਰ ਹਾਥੀ ਮੰਗਾਇਆ ਹੈ।

***ਸੋ ਭੀ ਵਾਂਕੋ ਮਾਰਨ ਨ ਧਾਯਾ॥*** ਉਸ ਨੇ ਵੀ ਉਸ (ਹਾਠੂ ਸਿੰਘ) ਨੂੰ ਮਾਰਨ ਵਾਸਤੇ ਹੱਲਾ ਨਾ ਕੀਤਾ, ਉਸ ਹਾਥੀ ਨੇ ਵੀ ਹਾਠੂ ਸਿੰਘ ਨੂੰ ਮੱਥਾ ਟੇਕਿਆ ਹੈ।

***ਤਬੈ ਸ਼ਾਹਿ ਬਹੁ ਗੁੱਸਾ ਖਾਈ॥*** ਤਦ ਅਹਿਮਦ ਸ਼ਾਹ ਨੇ ਬਹੁਤ ਗੁੱਸਾ ਖਾ ਕੇ।

***ਦੂਏ ਹਾਥੀ ਟੰਗ ਦੁਈ ਬੰਧਾਈ॥ ੫॥*** ਇਕ ਲੱਤ ਇਕ ਹਾਥੀ ਨਾਲ ਬੰਨੀ ਹੋਈ ਸੀ, ਦੂਜੀ ਲੱਤ ਦੂਜੇ ਹਾਥੀ ਨਾਲ ਬੰਨ੍ਹ ਦਿੱਤੀ ਹੈ। ੫।

***ਦੋਹਰਾ॥ਦੋਊ ਵਲ ਦੋਊ ਗਜ ਲਗੇ ਸਿੰਘ ਮਧ ਦੀਓ ਬੰਧਾਇ॥*** ਦੋਵੇਂ ਪਾਸੀਂ ਦੋਵੇਂ ਹਾਥੀ ਲੱਗੇ ਹਨ, ਹਾਠੂ ਸਿੰਘ ਨੂੰ ਦੋਹਾਂ ਵਿਚਾਲੇ ਬੰਨ੍ਹਾਂ ਕੇ।

***ਦਯੋ ਚਿਰਾਇ ਇਮ ਰੋਬਰੋ, ਸ਼ਾਹਿ ਸੁ ਗੁਸਾ ਖਾਇ॥ ੬॥*** ਇਉਂ ਅਹਿਮਦ ਸ਼ਾਹ ਨੇ ਹਾਠੂ ਸਿੰਘ ਨੂੰ ਗੁੱਸਾ ਖਾ ਕੇ ਵਿਚਾਲਿਓਂ ਚਿਰਵਾ ਦਿੱਤਾ ਹੈ। ੬।

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥
ਸ੍ਰੀ ਗੁਰ ਪੰਥ ਪ੍ਰਕਾਸ ਗ੍ਰੰਥੇ॥

## (ਬੀਕਾਨੇਰੀਏ ਦੀ ਸਹੈਤਾ ਕੀਤੀ)

**ਦੋਹਰਾ॥ਏਕ ਬਰਸ ਗਿਲਜੋ ਰਹਯੋ ਲਹੌਰ ਮਾਂਹਿ ਸੋ ਬੈਠ॥** ਗਿਲਜਾ ਅਹਿਮਦ ਸ਼ਾਹ ਲਹੌਰ ਵਿਚ ਇਕ ਵਰ੍ਹਾ ਲਗਾਤਾਰ ਬੈਠਾ ਰਿਹਾ ਹੈ।

**ਬਹੁਤ ਫੌਜ ਤਿਨ ਰਖ ਲਈ ਚਾਰ ਸੂਬੇ ਦੇ ਹੇਠ॥ ੧॥** ਚਾਰ ਸੂਬਿਆਂ ਦੀ ਆਮਦਨ ਹੋ ਗਈ, ਉਸ ਨੇ ਚਾਰ ਸੂਬਿਆਂ ਵਿਚ ਆਪਣੀ ਦੇਖ ਰੇਖ ਹੇਠ ਬਹੁਤ ਸਾਰੀ ਫ਼ੌਜ ਹੋਰ ਰੱਖ ਲਈ ਹੈ। ੧।

**ਚੌਪਈ॥ਸਿੰਘ ਮਾਲਵੇ ਇਕਠੇ ਹੋਇ॥** ਸਿੰਘਾਂ ਦੇ ਜਥੇ ਮਾਲਵੇ ਦੇਸ਼ ਵਿਚ ਇਕੱਠੇ ਹੋਏ ਸਨ।

**ਰਹੈਂ ਭੂਖੇ ਕੁਛ ਗੁਜ਼ਰ ਨ ਹੋਇ॥** ਸਿੰਘਾਂ ਦਾ ਗੁਜ਼ਾਰਾ ਕਿਵੇਂ ਹੋਵੇ? ਭੁੱਖੇ ਹੀ ਰਹਿੰਦੇ ਹਨ, ਕਿਤੇ ਦੂਜੇ ਤੀਜੇ ਦਿਨ ਲੰਗਰ ਸਜਿਆ ਕਰੇ।

**ਤਬ ਬੀਕਾਨੇਰੀਏ ਸਿੰਘ ਬੁਲਾਏ॥** ਬੀਕਾਨੇਰੀਏ ਰਾਜੇ ਦੀ ਜੈਸਲਮੇਰੀਏ ਨਾਲ ਲੜਾਈ ਹੋ ਗਈ, ਸਿੰਘਾਂ ਨੂੰ ਮਦਦ ਵਾਸਤੇ ਸੱਦ ਲਿਆ ਹੈ ਉਸ ਨੇ।

**ਕਈ ਹਜ਼ਾਰ ਊਹਾਂ ਪਹੁੰਚੇ ਜਾਏ॥ ੨॥** ਕਈ ਸਿੰਘ ਉਥੇ ਬੀਕਾਨੇਰੀਏ ਰਾਜੇ ਦੀ ਮਦਦ 'ਤੇ ਪਹੁੰਚ ਗਏ ਸਨ। ੨।

**ਜੈਸਿਲਮੇਰ ਪਰ ਦਏ ਚੜ੍ਹਾਇ॥** ਖਾਲਸੇ ਦੀ ਜੈਸਲਮੇਰ 'ਤੇ ਚੜ੍ਹਾਈ ਕਰਾ ਦਿੱਤੀ ਹੈ।

**ਤਿਸ ਕੋ ਕੰਮ ਤਿਨ ਦਯੋ ਬਨਾਇ॥** ਉਸ (ਬੀਕਾਨੇਰੀਏ ਰਾਜੇ) ਦਾ ਕੰਮ ਉਨ੍ਹਾਂ (ਸਿੰਘਾਂ) ਨੇ ਬਣਾ ਦਿੱਤਾ ਹੈ, ਭਾਵ ਜੈਸਲਮੇਰੀਏ ਨੂੰ ਹਰਾ ਦਿੱਤਾ ਹੈ।

**ਤਬ ਤਿਨ ਦੀਨੋ ਸਿੰਘ ਹਟਾਇ॥** ਬਸ ਸਿੰਘ ਜੀ ! ਬਸ, ਫਤ੍ਹੇ ਹੋ ਗਈ ਹੈ, ਸਾਡੀ ਸੁਲਹ ਹੋ ਗਈ ਹੈ ਹੁਣ, ਤਦ ਉਸ ਨੇ ਸਿੰਘਾਂ ਨੂੰ ਹਟਾ ਦਿੱਤਾ ਹੈ।

**ਸੋ ਨ ਦਯੋ ਜੋ ਆਖਯੋ ਥਾਇ॥ ੩॥** ਜੋ ਸ਼ਰਤ ਕੀਤੀ ਸੀ ਕਿ ਤੁਹਾਨੂੰ ਐਨਾ ਮਾਮਲਾ ਦਿਆਂਗਾ, ਉਹ ਸਿੰਘਾਂ ਨੂੰ ਦਿੱਤਾ ਹੀ ਨਾ, ਫਿਰ ਦੇਵਾਂਗੇ ਜੀ ! ਅਜੇ ਸਾਂਭ ਸੰਭਈਆ ਕਰ ਲਈਏ ਫਿਰ ਦੇਵਾਂਗੇ।

**ਕਛੁ ਸਿੰਘਨ ਕੌ ਪੈਸਾ ਰਹਯੋ॥** ਸਿੰਘਾਂ ਦਾ ਕੁਛ ਪੈਸਾ ਉਸ ਦੇ ਵੱਲ ਰਹਿ ਗਿਆ ਹੈ।

**ਸੋ ਭਿ ਨ ਦਯੋ ਜੋਊ ਥੋ ਕਹਯੋ॥** ਜਿਹੜਾ ਰੁਪਈਆ ਕਿਹਾ ਸੀ, ਉਹ ਵੀ ਨਾ ਦਿੱਤਾ, ਹੋਰ ਤਾਂ ਕੀ ਦੇਣਾ ਸੀ ਵੱਧ, ਉਸ ਤੋਂ ਵੀ ਮੁਕਰ ਗਿਆ।

**ਫਿਰ ਤਿਸ ਮੁਲਕ ਦਲ ਹੋ ਕੇ ਮਾਰਯੋ॥** ਫਿਰ ਉਸ ਨੇ ਮੁਲਕ ਨੂੰ ਇਕੱਠਾ ਕਰ ਕੇ ਸਿੰਘਾਂ ਦੇ ਦਲ ਨੂੰ ਮਾਰਿਆ ਹੈ।

**ਖਾਲਸੇ ਨੈ ਅਸ ਕਸ਼ਟ ਸਹਾਰਯੋ॥ ੪॥** ਖਾਲਸੇ ਨੇ ਉਥੇ ਵਧੀਕੀ ਨਹੀਂ ਕੀਤੀ। ੪।

## (ਅਥ ਸਾਖੀ ਬਾਂਗਰ ਦੇਸ਼ ਕੀ)

**ਦੋਹਰਾ॥ਸਿੰਘਨ ਖਰਚ ਸੁ ਨਹਿੰ ਤੁਰੇ ਤੌ ਖਾਲਸੇ ਕਰੀ ਸਲਾਹਿ॥** ਸਿੰਘਾਂ ਦਾ ਖ਼ਰਚ ਨਾ ਤੁਰੇ, ਹਜ਼ਾਰਾਂ ਸਿੰਘ ਸਨ, ਉਨ੍ਹਾਂ

ਦਾ ਲੰਗਰ ਕਿਵੇਂ ਚੱਲੇ? ਤਾਂ ਖਾਲਸੇ ਪੰਥ ਨੇ ਸਲਾਹ ਕੀਤੀ ਆਪਸ ਵਿੱਚੀ।

***ਮਾਰੋ ਮੁਲਕ ਕੋਈ ਦੌੜ ਕਰ, ਫਿਰ ਬੈਠ ਮਾਲਵੇ ਖਾਹਿਂ॥ ੧॥*** ਖਾਲਸਾ ਜੀ ! ਦੌੜ ਕਰਕੇ ਕੋਈ ਮੁਲਕ ਹੋਰ ਦਬਾਕੇ, ਉਸ ਨੂੰ ਲੁੱਟੀਏ ਮਾਰੀਏ, ਲਿਆ ਕੇ ਰਸਤਾਂ-ਬਸਤਾਂ ਮਾਲਵੇ ਵਿਚ ਬੈਠ ਕੇ ਖਾਵਾਂਗੇ। ੧।

***ਚੌਪਈ॥ਤਬ ਖਾਲਸੈ ਮਲਵਈ ਬੁਲਾਏ॥*** ਤਦ ਖਾਲਸੇ ਪੰਥ ਨੇ ਮਲਵਈ ਸਰਦਾਰਾਂ ਨੂੰ ਬੁਲਾਇਆ ਹੈ, ਆਲਾ ਸਿੰਘ ਆਦਿਕ ਵਰਗਿਆਂ ਨੂੰ।

***ਹੁਇ ਆਗੈ ਕੋ ਮੁਲਕ ਬਤਾਏ॥*** ਦੱਸੋ ਕੋਈ ਮੁਲਕ, ਤੁਹਾਡੇ ਤੋਂ ਕੋਈ ਆਕੀ ਹੋਵੇ, ਜਾਂ ਮੱਲਣਾ ਹੈ ਕੋਈ ਇਲਾਕਾ, ਤਾਂ ਅਸੀਂ ਫਤ੍ਹੇ ਕਰ ਦਿੰਦੇ ਹਾਂ।

***ਆਲੋ ਸਿੰਘ ਔ ਬੁੱਢੋ ਸਿੰਘ ਭਾਈ॥*** ਆਲਾ ਸਿੰਘ ਅਤੇ ਬੁੱਢਾ ਸਿੰਘ ਭਾਈ ਘੁੱਦੇਵਾਲਾ, ਜਿਨ੍ਹਾਂ ਦਾ ਬਠਿੰਡੇ 'ਤੇ ਕਬਜ਼ਾ ਸੀ।

***ਭਾਈ ਗੁਰਬਖਸ਼ ਸਿੰਘ ਲਯੋ ਬੁਲਾਈ॥ ੨॥*** ਭਾਈ ਗੁਰਬਖਸ਼ ਸਿੰਘ ਨੂੰ ਵੀ ਬੁਲਾ ਲਿਆ ਹੈ ਖਾਲਸੇ ਨੇ। ੨।

***ਦੋਹਰਾ॥ਆਗੇ ਕਰੇ ਵਕੀਲ ਇਨ, ਜੋ ਉਨ ਕੋ ਮਿਲ ਪਾਇ॥*** ਇਨ੍ਹਾਂ ਨੇ ਅੱਗੇ ਵਕੀਲ ਕਰ ਦਿੱਤੇ ਸਨ ਸਿੰਘਾਂ ਦੇ ਕਿ ਜਾਓ ਸਿੰਘਾਂ ਨੂੰ ਦੱਸੋ ਇਲਾਕਾ, ਉਨ੍ਹਾਂ ਦੇ ਮਗਰ ਖਾਲਸੇ ਦਾ ਦਲ ਤੁਰ ਪਿਆ ਹੈ। ਅੱਗੇ ਜਾ ਕੇ ਵਕੀਲ ਕਹਿੰਦੇ ਹਨ ਮਿਲਣਾ ਹੈ ਕਿ ਲੜਾਈ ਕਰਨੀ ਹੈ? ਫ਼ੌਜ ਆ ਰਹੀ ਹੈ। ਉਹ ਫੇਰ ਉਨਾਂ ਮਾਮਲਾ ਉਹਨਾਂ ਦੇ ਸਿਰ ਪਾ ਦਿੰਦੇ ਕਿ ਐਨਾ ਮਾਮਲਾ ਦਿਉ ਸਾਨੂੰ, ਇਹ ਮੁਲਕ ਸਾਡਾ ਹੋਇਆ। ਜੇ ਕੋਈ ਅੱਗੋਂ ਸਿੰਘਾਂ ਨਾਲ ਮਿਲਾਪ ਕਰ ਲੈਂਦਾ।

***ਸਿੰਘਨ ਦੇਹਿਂ ਮਿਲਾਇ ਓਇ, ਕਰ ਅਪਨੇ ਲੇਂਹਿ ਬਚਾਇ॥ ੩॥*** ਇਹ ਸਾਡੇ ਹਨ, ਸਾਡੇ ਨਾਲ ਮੇਲ ਹੈ ਇਹਨਾਂ ਦਾ ਅਤੇ ਸਿੰਘਾਂ ਨਾਲ ਮਿਲਾ ਦਿਆ ਕਰਨ ਉਨ੍ਹਾਂ ਨੂੰ, ਸਿੰਘਾਂ ਨੇ ਜਿਹੜਾ ਮਾਮਲਾ ਲੈਣਾ, ਉਹ ਲੈ ਲਿਆ ਕਰਨ ਅਤੇ ਉਨ੍ਹਾਂ ਨੂੰ ਆਪਣੇਂ ਕਰ ਕੇ ਬਚਾ ਲਿਆ ਕਰਨ। ੩।

***ਚੌਪਈ॥ਕੈਥਲੀਏ ਹਥ ਭਾਈ ਮਿਲਾਏ॥*** ਭਾਈ ਬੁੱਢਾ ਸਿੰਘ ਜੀ ਭਾਈ ਘੁਦੇਵਾਲੀਏ ਦੇ ਹੱਥੇ ਕੈਂਥਲ ਵਾਲੇ ਮਿਲਾ ਲਏ ਹਨ।

***ਆਲੋ ਸਿੰਘ ਅਠ ਖੇੜੇ ਬਚਾਏ॥*** ਆਹ ਛੋਟੇ ਵੱਡੇ ਜਿਹੜੇ ਵਸਦੇ ਸੀ, ਪਿੰਡਾਂ ਦੇ ਨਾਮ ਹਨ ਦਲਵੀਰ ਖੇੜਾ ਆਦਿ, ਬਾਬਾ ਆਲਾ ਸਿੰਘ ਨੇ ਜਿਨ੍ਹਾਂ ਪਿੰਡ੍ਹਾਂ ਦੇ ਨਾਮ ਖੇੜਾ ਲਗਦਾ ਸੀ, ਉਹ ਅੱਠ ਪਿੰਡ ਬਚਾ ਲਏ ਸਨ।

***ਮਾਰ ਸਫੀਦੋਂ ਜੀਂਦ ਮਿਲਾਈ॥*** ਸਿੰਘਾਂ ਨੇ ਜਾ ਸਫੀਦੋਂ ਨੂੰ ਮਾਰਿਆ ਹੈ ਤੇ ਜੀਂਦ ਵਾਲਿਆਂ ਨੂੰ ਆਪਣੇ ਨਾਲ ਮਿਲਾ ਲਿਆ ਹੈ।

***ਮਲਵਈਅਲ ਹਥ ਕਛੁ ਪੈਸੋ ਚੁਕਾਈ॥ ੪॥*** ਮਲਵਈਆਂ ਦੇ ਹੱਥ ਕੁਛ ਪੈਸਾ ਚੁਕਾ ਦਿੱਤਾ ਹੈ ਜੀਂਦ ਵਾਲਿਆਂ ਨੇ। ੪।

***ਦੋਹਰਾ॥ਦੌੜ ਸੁ ਹਾਂਸੀ ਜਾ ਲੁਟੀ ਨਾਰਨੌਲ ਹਿਸਾਰੇ ਮਾਰ॥*** ਸਿੰਘਾਂ ਨੇ ਦੌੜ ਕੇ ਹਾਂਸੀ ਨੂੰ ਜਾ ਲੁੱਟਿਆ ਹੈ, ਨਾਰਨੌਲ ਤੇ ਹਿਸਾਰ ਨੂੰ ਵੀ ਜਾ ਮਾਰਿਆ ਹੈ ਖਾਲਸੇ ਨੇ।

***ਫਿਰ ਕਾਮਾ ਪਹਾੜੀ ਲੁਟਿ ਕੇ ਢਿਗ ਜੈਪੁਰ ਦੀਨੋ ਸਾਰ॥ ੫॥*** ਫਿਰ ਕਾਮਾ ਪਹਾੜੀ ਨੂੰ ਲੁੱਟ ਕੇ ਅੱਗੇ ਜੈਪੁਰੀਆਂ ਕੋਲ (ਸਾਰ) ਖ਼ਬਰ ਦਿੱਤੀ ਹੈ ਖਾਲਸੇ ਦੇ ਆਗਮਨ ਦੀ। ੫।

***ਚੌਪਈ॥ਤੌ ਜੈਪੁਰੀਏ ਵਕੀਲ ਭਿਜਾਏ॥*** ਤਾਂ ਜੈਪੁਰੀਏ ਰਾਜੇ ਨੇ ਆਪਣੇ ਵਕੀਲ ਖਾਲਸੇ ਕੋਲ ਭੇਜੇ ਹਨ।

***ਹਮ ਤੁਮ ਗੁਰ ਕੇ ਸਿਖ ਕਹਾਏ॥*** ਉਹ ਕਹਿਣ ਲੱਗੇ ਅਸੀਂ ਤੇ ਤੁਸੀਂ, ਗੁਰੂ ਕੇ ਸਿੱਖ ਕਹਾਉਂਦੇ ਹਾਂ, ਅਸੀਂ ਤੁਸੀਂ ਸਾਰੇ ਗੁਰੂ ਕੇ ਸਿੱਖ ਹਾਂ। ਆਪਾਂ ਗੁਰਭਾਈ ਹਾਂ। ਸਾਡਾ ਇਲਾਕਾ ਨਾ ਲੁੱਟੋ-ਮਾਰੋ, ਇਉਂ ਸਿੰਘਾਂ ਨੂੰ ਕਹਿ ਕੇ ਇਹਨਾਂ ਨੇ ਆਪੋ ਆਪਣੇ ਇਲਾਕੇ ਬਚਾਏ ਸਨ।

***ਤੇਗ ਬਹਾਦਰ ਦਖਨ ਜਿਤਈ॥*** ਜਦੋਂ ਗੁਰੂ ਤੇਗ ਬਹਾਦਰ ਜੀ ਨੇ ਦੱਖਣ ਦੇਸ਼ ਨੂੰ ਜਿੱਤਿਆ ਸੀ।

***ਤਬ ਰਾਰੇ ਹਮ ਸਰਣਹਿ ਲਈ॥ ੬॥*** ਤਦੋਂ ਸਾਡੇ ਰਾਜੇ ਬਿਸਨ ਸਿੰਘ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਰਣ ਲਈ ਸੀ, ਅਸਾਮ ਅਤੇ ਢਾਕਾ ਬੰਗਾਲਾ ਫਤੇ ਕੀਤਾ ਸੀ, ਗੁਰੂ ਦੀ ਕਿਰਪਾ ਨਾਲ। ੬।

***ਹਮ ਤੁਮ ਹੈਂ ਯੌ ਹੀ ਗੁਰ ਭਾਈ॥*** ਅਸੀਂ ਤੁਸੀਂ ਤਾਂ ਗੁਰਭਾਈ ਹਾਂ, ਇਕੋ ਗੁਰੂ ਦੇ ਸਿੱਖ ਹਾਂ।

***ਮੁਲਕ ਹਮਾਰ ਉਜਾੜੌ ਨਾਂਹੀਂ॥*** ਇਸ ਵਾਸਤੇ ਸਾਡਾ ਮੁਲਕ ਨਾ ਉਜਾੜੋ, ਗੁਰਭਾਈਆਂ ਦਾ ਮੁਲਖ ਨਾ ਉਜਾੜੋ, ਇਉਂ ਸਿੰਘਾਂ ਦੀ ਈਨ ਮੰਨ ਲਈ।

***ਤੌ ਸਿੰਘਨ ਨੇ ਮੋੜਾ ਲਾਯਾ॥*** ਤਦ ਸਿੰਘਾਂ ਨੇ ਉਥੋਂ ਵਾਪਸ ਮੋੜਾ ਲਾ ਦਿੱਤਾ ਹੈ, ਉਥੋਂ ਜਾ ਕੇ ਸਿੰਘ ਵਾਪਸ ਮੁੜ ਆਏ ਸਨ।

***ਜਮਨਾ ਢਿਗ ਆਇ ਡੇਰਾ ਪਾਯਾ॥ ੭॥*** ਜਮਨਾ ਦੇ ਕੋਲ ਆ ਕੇ ਡੇਰਾ ਪਾ ਲਿਆ ਹੈ ਖਾਲਸੇ ਪੰਥ ਨੇ। ੭।

### ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥
### ਸ੍ਰੀ ਗੁਰ ਪੰਥ ਪ੍ਰਕਾਸ ਗ੍ਰੰਥੇ॥

## ਸਾਖੀ ਮਿਤ ਸਿੰਘ ਸ਼ਹੀਦ ਕੀ ਲਿਖਯਤੇ॥

### (ਮਿੱਤ ਸਿੰਘ ਦਾ ਸ਼ਹੀਦ ਹੋਣਾ, ਜਹਾਨ ਖ਼ਾਂ ਨਾਲ ਟਾਕਰਾ)

***ਦੋਹਰਾ॥ਡੱਲੇ ਵਾਲੀਏ ਮਿਲਖ ਮੈਂ ਇਕ ਤਾਰਾ ਸਿੰਘ ਅਖਾਇ॥*** ਡੱਲੇਵਾਲ ਦੀ ਮਿਸਲ, ਦੁਆਬੇ ਦੀ ਮਿਸਲ ਹੈ, ਸੁਲਤਾਨਪੁਰ ਦੇ ਕੋਲ ਡੱਲੇ ਵਾਲਾ ਪਿੰਡ ਹੈ। ਡੱਲੇ ਵਾਲੀਆ ਮਿਸਲ ਵਿਚ ਇਕ ਤਾਰਾ ਸਿੰਘ ਨਾਮ ਦਾ ਇਕ ਸਿੰਘ ਹੈ, ਤਾਰਾ ਸਿੰਘ 'ਗੈਬਾ' ਵੀ ਕਹਿੰਦੇ ਸਨ ਉਸ ਨੂੰ, ਡੱਲਾ ਰਾਵੀ ਦੇ ਕੰਢੇ ਜਿਲ੍ਹਾ ਗੁਰਦਾਸਪੁਰ ਵਿਚ ਹੈ।

***ਤਿਸ ਡੇਰੇ ਮਿਤ ਸਿੰਘ ਰਹੇ, ਤਿਨ ਯੌਂ ਮਤੋ ਪਕਾਇ॥ ੧॥*** ਸ਼ਾਮ ਸਿੰਘ ਨਾਰੋਵਾਲੀਆ ਜਿਸ ਦੇ ਚਾਟੜੇ ਕਰੋੜਾ ਸਿੰਘ ਦੇ ਨਾਮ 'ਤੇ ਮਿਸਲ ਦਾ ਨਾਮ ਪਿਆ ਹੈ, ਕਰੋੜੀਆ ਮਿਸਲ, ਮਿਸਲ ਕਰੋੜੀਆਂ ਤੇ ਡੱਲੇਵਾਲੀ ਮਿਸਲ, ਇਹ ਦੋਵੇਂ ਮਿਸਲਾਂ ਬੁੱਢੇ ਦਲ ਦੇ ਨਾਲ ਰਹੀਆਂ ਹਨ। ਉਸ ਡੇਰੇ ਵਿਚ ਜ: ਮਿੱਤ ਸਿੰਘ 'ਦੰਗਈ' ਕਹਾਉਂਦਾ ਸੀ, ਉਸ ਨੇ ਇਉਂ ਮਤਾ ਪਕਾਇਆ ਹੈ। ੧।

***ਚੌਪਈ॥ਦਸ ਹਜਾਰ ਤਨ ਸਿੰਘ ਉਛੇਰੇ॥*** ਉਛੇਰੇ=ਅਜ਼ਾਦ ਫਿਰਨ ਵਾਲੇ, ਇਸ ਮਿਸਲ ਵਿਚ ਦਸ ਹਜ਼ਾਰ ਜੰਗੀ ਸਿੰਘਾਂ ਦੇ ਸਰੀਰ ਦੀ ਗਿਣਤੀ ਸੀ।

***ਜਮਨਾ ਟਪ ਲੰਘ ਪਈਏ ਸਵੇਰੇ॥*** ਜਮਨਾ ਦੇ ਕੋਲ ਸਹਾਰਨਪੁਰ ਦਾ ਇਲਾਕਾ ਆ ਜਾਂਦਾ ਹੈ। ਇਹਨਾਂ ਨੇ ਗੁਰਮਤਾ ਸੋਧ ਲਿਆ ਕਿ ਕਲ੍ਹ ਸਵੇਰੇ ਆਪਾਂ ਜਮਨਾ ਪਾਰ ਉੱਤਰ ਜਾਈਏ।

***ਤਾਰਾ ਸਿੰਘ ਤਬੈ ਸੁਨ ਕਹੀ॥*** ਤਾਰਾ ਸਿੰਘ ਨੇ ਮਿੱਤ ਨੂੰ ਸੱਦ ਕੇ ਗੱਲ ਕਹੀ ਹੈ।

***ਤੂੰ ਬੇਫਤੂ ਖਾਲਸੇ ਕੇ ਮਹੀ॥ ੨॥*** ਤੂੰ ਬਹੁਤਾ ਹੀ ਆਪਣੀ ਮਨ ਮਰਜ਼ੀ ਕਰਨ ਵਾਲਾ ਹੈਂ (ਬੇ-ਫਤੂ) ਹੈਂ ਹਾਰ ਦਿਆਂਗੇ

ਕਿਤੇ ਖਾਲਸੇ ਨੂੰ, ਭਾਵ ਤਾਨ੍ਹਾ ਜਿਹਾ ਮਾਰਿਆ ਓਸ ਨੂੰ। ਖਾਲਸੇ ਦੇ ਵਿਚ ਤੂੰ ਆਪਣੀ ਮਨ ਮਰਜ਼ੀ ਕਰਨ ਵਾਲਾ ਹੈਂ। ੨।

***ਥੋੜੈ ਦਲ ਸਿਉਂ ਪਾਰ ਨ ਜੈਯੋ॥*** ਸਾਡੀ ਗੱਲ ਸੁਣ ਲੈ ਮਿੱਤ ਸਿੰਘ ! ਥੋੜ੍ਹੀ ਫ਼ੌਜ ਲੈ ਕੇ ਜਮਨਾ ਤੋਂ ਪਾਰ ਨ ਜਾਈਂ।

***ਕਟਾਇ ਸਿੰਘਨ ਫਿਰ ਨੱਠ ਨ ਐਯੋ॥*** ਜਮਨਾ ਪਾਰ ਜਾ ਕੇ ਸਿੰਘਾਂ ਨੂੰ ਮਰਵਾ ਕੇ ਫਿਰ ਵੀ ਨਾ ਆਈਂ, ਸਿੰਘ ਉਥੇ ਫਸ ਜਾਣ, ਸਿੰਘ ਉਥੇ ਮਾਰੇ ਜਾਣ, ਤੂੰ ਉਥੋਂ ਨੱਠ ਆਵੇਂ ਜਿਉਂਦਾ ਜਾਗਦਾ, ਇਹ ਵੀ ਨਾ ਕਰੀਂ, ਇਉਂ ਉਸ ਨੂੰ ਲਲਕਾਰਿਆ ਹੈਂ ਤਾਰਾ ਸਿੰਘ ਗੈਬੇ ਨੇ।

***ਛਪਯੋ ਆਇ ਜੁ ਲਹੌਰੈ ਮਾਂਹਿ॥*** ਜਿਹੜਾ ਲਹੌਰ ਵਿਚ ਲੁਕਿਆ ਬੈਠਾ ਹੈ ਸਿੰਘਾਂ ਦੀ ਤਾਕ ਵਿਚ।

***ਉਸ ਦੂਰ ਨ ਜਾਣੀ ਅਹਮਦ ਸ਼ਾਹ॥ ੩॥*** ਉਸ ਅਹਿਮਦ ਸ਼ਾਹ ਨੂੰ ਦੂਰ ਨਾ ਜਾਣ ਲਈ ਕਿ ਉਹ ਦੂਰ ਬੈਠਾ ਹੈ ਲਹੌਰ ਵਿਚ। ੩।

***ਉਨ ਨਹਿਂ ਮਾਨੀ ਪਾਰ ਸਿਧਾਯਾ॥*** ਉਸ ਨੇ ਤਾਰਾ ਸਿੰਘ ਦੀ ਗੱਲ ਨਾ ਮੰਨੀ ਦੰਗਈ ਸੀ ਇਹ ਫਸਾਦੀ ਸੀ, ਉਹ ਆਪਣੀ ਆਕੜ ਵਿਚ ਹੀ ਸਿੰਘਾਂ ਦੀ ਫ਼ੌਜ ਲੈ ਕੇ ਜਮਨਾ ਤੋਂ ਪਾਰ ਚਲਿਆ ਗਿਆ ਹੈ।

***ਮੁਲਕ ਰੁਹੇਲੇ ਕਾ ਸੁ ਲੁਟਾਯਾ॥*** ਨਜ਼ੀਬ ਖ਼ਾਂ ਰੁਹੇਲੇ ਦਾ ਜੋ ਮੁਲਕ ਸਹਾਰਨਪੁਰ ਦਾ ਇਲਾਕਾ ਉਸ ਨੂੰ ਜਾ ਲੁੱਟਿਆ ਹੈ।

***ਰੁਹੇਲੇ ਕੋ ਅਹਿਮਦ ਸ਼ਾਹਿ ਹੋਤ ਸੁ ਸਾਥੀ॥*** ਨਜ਼ੀਬ ਖ਼ਾਂ ਰੁਹੇਲੇ ਦਾ ਅਹਿਮਦ ਸ਼ਾਹ ਅਬਦਾਲੀ ਸਾਥੀ ਸੀ, ਉਸ ਦੀ ਮਦਦ 'ਤੇ ਆਇਆ ਹੋਇਆ ਸੀ।

***ਡਾਕ ਦੁੜਾਈ ਸ਼ਾਹਿ ਜਹਾਂ ਥੀ॥ ੪॥*** ਨਜੀਬ ਖ਼ਾਂ ਨੂੰ ਜਦੋਂ ਪਤਾ ਲੱਗਾ ਕਿ ਸਿੰਘਾਂ ਨੇ ਮੇਰਾ ਇਲਾਕਾ ਲੁੱਟ ਲਿਆ ਹੈ, ਉਸ ਨੇ ਉਸੇ ਸਮੇਂ ਅਹਿਮਦ ਸ਼ਾਹ ਦੁਰਾਨੀ ਨੂੰ ਡਾਕ ਦੁੜਾਈ ਹੈ, ਸੁਨੇਹਾ ਭੇਜਿਆ ਹੈ ਕਿ ਪਤਾ ਕਰੋ, ਮੇਰਾ ਤਾਂ ਮੁਲਖ ਲੁੱਟੀ ਜਾਂਦੇ ਹਨ ਸਿੰਘ। ੪।

***ਆਗੈ ਥੋਂ ਹੈ ਤਕਤੋ ਰਹੈ॥*** ਉਹ ਤਾਂ ਅੱਗੇ ਹੀ ਤਕਦਾ ਰਹਿੰਦਾ ਸੀ, ਕਿਸੇ ਪਾਸੇ ਸਿੰਘ ਸਿਰ ਕੱਢਣ ਤੇ ਮੈਂ ਹੱਲਾ ਉਨ੍ਹਾਂ 'ਤੇ ਬੋਲ ਦੇਵਾਂ।

***ਸ਼ਾਹਿ ਦੁੜਾਈ ਫੌਜ ਤਿਸ ਕਹੇ॥*** ਅਹਿਮਦ ਸ਼ਾਹ ਨੇ ਉਸ (ਨਜ਼ੀਬ ਖਾਂ) ਦੇ ਕਹੇ ਤੋਂ ਲਹੌਰ ਤੋਂ ਸਿੰਘਾਂ ਦੇ ਮਗਰ ਫ਼ੌਜ ਦੁੜਾਈ ਹੈ।

***ਲਹੌਰੋਂ ਸਿਰਹੰਦੋਂ ਪਹੁੰਚੀ ਦੌੜ॥*** ਲਹੌਰ ਅਤੇ ਸਰਹੰਦ ਤੋਂ ਫ਼ੌਜ ਪਹੁੰਚੀ ਹੈ ਦੌੜ ਕੇ।

***ਅਗੈ ਰੁਹੇਲੇ ਥੀ ਪੜੀ ਸੌੜ॥ ੫॥*** ਅੱਗੇ ਰੁਹੇਲਾ ਨਜੀਬ ਖ਼ਾਂ ਬੜਾ ਤੰਗ ਹੋਇਆ ਪਿਆ ਸੀ ਸਿੰਘਾਂ ਤੋਂ ਇਲਾਕਾ ਲੁਟਾ ਕੇ। ਸੌੜ=ਤੰਗੀ। ੫।

***ਦਸ ਦਿਨ ਲਗ ਰਹੇ ਲੂਟਤ ਦੇਸ਼॥*** ਦਸ ਦਿਨ ਤੱਕ ਸਿੰਘ ਉਸ ਦੇ ਦੇਸ਼ ਨੂੰ ਲੁੱਟਦੇ ਰਹੇ ਸਨ।

***ਮੇਰਠ ਲੂਟਯੋ ਸ਼ਹਿਰ ਸੁ ਬੇਸ਼॥*** ਮੇਰਠ ਸ਼ਹਿਰ ਲੁੱਟਿਆ ਹੈ ਚੰਗੀ ਤਰ੍ਹਾਂ।

***ਨਹਿਂ ਤਿਨ ਚਿੰਤਾ ਨਹਿਂ ਹੰਦੇਸ॥*** ਨਾ ਤਾਂ ਕੋਈ ਉਨ੍ਹਾਂ ਸਿੰਘਾਂ ਨੂੰ ਕੋਈ ਫ਼ਿਕਰ ਹੈ ਕਿਸੇ ਕਿਸਮ ਦਾ ਤੇ ਨਾ ਹੀ ਅੰਦੇਸਾ ਹੈ ਅਹਿਮਦ ਸ਼ਾਹ ਅਬਦਾਲੀ ਜਾਂ ਹੋਰ ਕਿਸੇ ਦਾ।

***ਭਈ ਨ ਖਬਰ ਜੁ ਅਏ ਮਲੇਛ॥ ੬॥*** ਉਨ੍ਹਾਂ ਨੂੰ ਖ਼ਬਰ ਹੀ ਨਾ ਹੋਈ ਜਦੋਂ ਤੁਰਕ ਆ ਗਏ ਹਨ, ਉਨ੍ਹਾਂ ਦਾ ਪਿੱਛਾ ਕਰਦੇ ਹੋਏ। ੬।

***ਦੋਹਰਾ॥ਰਾਤ ਦਿਵਸ ਕੱਠੀ ਭਈ ਰੁਹੇਲੀ ਗਿਲਜੀ ਫੌਜ॥*** ਦਿੱਲੀ ਤੋਂ ਨਜ਼ੀਬ ਖ਼ਾਂ ਰੁਹੇਲੇ ਤੇ ਅਹਿਮਦ ਸ਼ਾਹ ਅਬਦਾਲੀ ਦੀ ਗਿਲਜਿਆਂ ਦੀ ਫ਼ੌਜ ਰਾਤ ਦਿਨ ਇਕ ਕਰਕੇ ਇਕੱਠੀ ਹੁੰਦੀ ਰਹੀ।

***ਸੂਰ ਚੜ੍ਹੇ ਤੇ ਆਇ ਪਈ ਜਿਮ ਦਰਿਆਏ ਮੌਜ॥ ੭॥*** ਅਜੇ ਸੂਰਜ ਚੜ੍ਹਨ ਹੀ ਲੱਗਿਆ ਸੀ, ਸਿੰਘ ਮੌਜ ਨਾਲ ਪਏ ਸਨ, ਸੂਰਜ ਚੜ੍ਹਦੇ ਨਾਲ ਹੀ ਅਜੇ ਤਿਆਰ ਹੀ ਹੁੰਦੇ ਸੀ ਕਿ ਏਨੇ ਨੂੰ ਉਨ੍ਹਾਂ ਦੀ ਫ਼ੌਜ ਆ ਪਈ ਹੈ, ਠਾਠਾਂ ਮਾਰਦੇ ਦਰਿਆ ਦੇ ਵਾਂਗ। ੭।

***ਚੌਪਈ॥ਸਿੰਘਨ ਪੈ ਲਦੇ ਘੋੜੇ ਭਾਰ॥*** ਸਿੰਘਾਂ ਨੇ ਧਨ ਦੀਆਂ ਖੁਰਜ਼ੀਆਂ ਦਾ ਭਾਰ ਲੱਦਿਆ ਹੋਇਆ ਸੀ ਘੋੜਿਆਂ 'ਤੇ।

***ਆਪ ਬੰਨ੍ਹੈ ਗੰਢ ਮਗਰੈ ਨਾਲ॥*** ਆਪ ਸਿੰਘਾਂ ਨੇ ਆਪਣੇ ਮਗਰ ਗਠੜੀਆਂ ਬੰਨ੍ਹ ਲਈ ਚੰਗੇ-ਚੰਗੇ ਸੋਨੇ ਚਾਂਦੀ ਦੇ ਲੁੱਟ ਦੇ ਮਾਲ ਨਾਲ, ਆਪਣੇ ਮੌਰਾਂ 'ਤੇ ਗੱਠੜ ਬੰਨ੍ਹ ਕੇ ਲੱਦ ਲਏ ਸਨ।

***ਇਸ ਬਿਧ ਸਿੰਘ ਸੁ ਭਏ ਖੁਆਰ॥*** ਏਸ ਤਰ੍ਹਾਂ ਧਨ ਦੇ ਲਾਲਚ ਨਾਲ ਸਿੰਘ ਖੁਆਰ ਹੋਏ ਸਨ, ਲਾਲਚ ਬੁਰੀ ਬਲਾ ਹੁੰਦਾ ਹੈ, ਸਿੰਘਾਂ ਨੇ ਭਾਰ ਬ੍ਰਦਾਰੀ ਬਹੁਤੀ ਚੁੱਕ ਲਈ ਤੇ ਕੋਈ ਹੱਥ ਨਾ ਖੋਲ੍ਹ ਸਕੇ।

***ਸਕੈਂ ਨ ਸੋ ਹਥਿਆਰ ਸੰਭਾਰ॥ ੮॥*** ਸਿੰਘ ਆਪਣੇ ਹਥਿਆਰਾਂ ਨੂੰ ਸੰਭਾਲ ਹੀ ਨਾ ਸਕੇ, ਨਾ ਬੰਦੂਕ ਸੰਭਾਲ ਸਕੇ, ਨਾ ਨੇਜਾ ਸੰਭਾਲ ਸਕੇ, ਪਿੱਛੇ ਮੌਰਾ 'ਤੇ ਭਾਰ ਬੱਧਾ ਹੈ ਹੱਥ ਕਿਵੇਂ ਚੱਲਣ। ੮।

***ਸਿੰਘ ਭਏ ਤਬ ਭੱਜਨ ਵਾਰ॥*** ਜਦੋਂ ਸਿੰਘਾਂ ਤੋਂ ਹੋਰ ਤਾਂ ਕੋਈ ਯਤਨ ਨਾ ਬਣਿਆ, ਤਾਂ ਸਿੰਘਾਂ ਨੂੰ ਭੱਜਣ ਦੀ ਪੈ ਗਈ ਕਿ ਨਿਕਲ ਚਲੀਏ ਏਥੋਂ।

***ਇਮ ਕਰ ਭਈ ਨ ਲਰਨੌਂ ਕਾਰ॥*** ਸਿੰਘਾਂ ਦੀ ਲੜਨ ਵਾਲੀ ਕਾਰ ਭੁੱਲ ਗਏ, ਆਪਣੀ ਜਾਨ ਬਚਾਉਣ ਦੇ ਹੀ ਮਾਰੇ ਕਿ ਭੱਜ ਚਲੀਏ ਧਨ ਲੈ ਕੇ। ਇਸ ਕਰ ਕੇ ਲੜਨ ਦਾ ਕੰਮ ਨਹੀਂ ਹੋ ਸਕਿਆ।

***ਜੇ ਜੇ ਹੁਤੇ ਸੁ ਸਿੰਘ ਅੜਿਯਾਰੇ॥*** ਜਿਹੜੇ ਜਿਹੜੇ ਸਿੰਘ ਅੜੀਅਲ ਅੜਨ ਵਾਲੇ ਸਿੰਘ ਸਨ ਯੋਧੇ ਸੂਰਵੀਰ।

***ਸੋ ਨ ਰਹੇ ਤਹੀ ਸੋ ਮਾਰੇ॥ ੯॥*** ਉਨ੍ਹਾਂ ਵਿਚੋਂ ਕੋਈ ਨਾ ਰਿਹਾ, ਉਹ ਤਾਂ ਸਾਰੇ ਉਥੇ ਹੀ ਮਾਰੇ ਗਏ ਸਨ, ਉਹ ਕਿਵੇਂ ਬਚਣ? ਜਿਨ੍ਹਾਂ 'ਤੇ ਬੇਓੜਕੀ ਫ਼ੌਜ ਆ ਪਈ ਹੈ। ੯।

***ਮਿੱਤ ਸਿੰਘ ਕੈ ਚਿਤ ਤੌ ਆਈ॥*** ਮਿੱਤ ਸਿੰਘ ਦੇ ਮਨ ਵਿਚ ਤਦੋਂ ਗੱਲ ਆਈ ਹੈ।

***ਭਈ ਸੋਊ ਜੋ ਸਿੰਘਨ ਬਤਾਈ॥*** ਜੋ ਸਿੰਘਾਂ ਨੇ ਤੁਰਨ ਲੱਗਿਆਂ ਨੂੰ ਕਿਹਾ ਸੀ, ਉਹੀ ਗੱਲ ਹੋ ਗਈ ਹੈ।

***ਸੋ ਮੁੜ ਮੁੜ ਕੇ ਲੜਤੋ ਜਾਵੈ॥*** ਉਹ ਮੁੜ-ਮੁੜ ਕੇ ਦੁਸ਼ਮਣ ਦੀ ਫ਼ੌਜ ਨਾਲ ਲੜਦਾ ਜਾਂਦਾ ਹੈ।

***ਬਹੁਤਨ ਕੇ ਕਬਿ ਵਾਰੇ ਆਵੈ॥ ੧੦॥*** ਉਧਰ ਦੁਸ਼ਮਣ ਬੇ-ਓੜਕੀ ਫ਼ੌਜ ਹੈ, ਗਿਣਤੀ ਤੋਂ ਬਾਹਰ ਹੈ, ਬਹੁਤਿਆਂ ਨਾਲ ਵਾਰੇ ਨਹੀਂ ਆਇਆ ਜਾਂਦਾ, ਕਿਸ ਤਰ੍ਹਾਂ ਲੜਨ। ੧੦।

***ਲਗ ਗੋਲੀ ਘੋੜਾ ਗਿਰ ਪਯੋ॥*** ਮਿੱਤ ਸਿੰਘ ਦਾ ਘੋੜਾ ਗੋਲੀ ਲੱਗ ਕੇ ਡਿੱਗ ਪਿਆ ਹੈ ਮੈਦਾਨ ਵਿਚ।

***ਮੱਧ ਰਕਾਬੈ ਪਗ ਫਸ ਰਹਯੋ॥*** ਮਿੱਤ ਸਿੰਘ ਦਾ ਪੈਰ ਘੋੜੇ ਦੀ ਰਕਾਬ ਵਿਚ ਫਸ ਗਿਆ ਹੈ, ਉਸ ਦਾ ਪੈਰ ਵੀ ਰਕਾਬ ਵਿੱਚੋਂ ਨਾ ਨਿਕਲ ਸਕਿਆ।

***ਦੋਹਰਾ॥ਜਿਨ ਕੇ ਘੋੜੇ ਥੇ ਬਡੇ ਤੇ ਆਏ ਮੂਹ ਮਾਰ॥*** ਜਿਨ੍ਹਾਂ ਸਿੰਘਾਂ ਦੇ ਘੋੜੇ ਜੰਗੀ ਸਨ, ਉਹਨਾਂ ਨੇ ਤਾਂ ਪਠਾਣਾਂ ਦੇ ਮੂਹਾਂ 'ਤੇ ਮਾਰ-ਮਾਰ ਕੇ ਗੋਲੀਆਂ ਉਹਨਾਂ ਦੇ ਮੂੰਹ ਭੰਨ ਦਿੱਤੇ ਤੇ ਆਪ ਹੱਲਾ ਕਰ ਆਏ ਹਨ ਪੰਜਾਬ ਨੂੰ।

***ਲਰਤ ਭਜਤ ਫਿਰ ਫਿਰ ਲਰਤ ਪੰਜ ਛੇ ਮੁਏ ਹਜ਼ਾਰ॥ ੧੧॥*** ਲੜਦੇ-ਲੜਦੇ ਸਿੰਘ ਭੱਜ ਲੈਂਦੇ ਸਨ, ਭੱਜੇ-ਭੱਜੇ ਜਾਂਦੇ ਸਿੰਘ ਫਿਰ ਮੁੜ ਕੇ ਲੜਨ ਲਗ ਪੈਂਦੇ ਸਨ, ਉਨ੍ਹਾਂ ਨੂੰ ਮਾਰ ਖਿਲਾਰ ਕੇ ਫਿਰ ਭੱਜ ਲੈਂਦੇ ਸਨ, ਫਿਰ ਪਠਾਣ ਪਿੱਛੇ ਚੜ੍ਹ ਆਉਂਦੇ ਸਨ। ਇਉਂ ਲੜਦਿਆਂ-ਭਿੜਦਿਆਂ ਪੰਜ ਛੇ ਹਜ਼ਾਰ ਸਿੰਘ ਸ਼ਹੀਦ ਹੋ ਗਿਆ। ੧੧।

***ਚੌਪਈ॥ਮੁਖਤ ਫਤੇ ਯੌ ਕਾਬਲੀ ਆਈ॥*** ਸਿੰਘ ਤਾਂ ਲੜਨ ਯੋਗ ਹੀ ਨਹੀਂ ਸਨ, ਧਨ ਸਮਾਨ ਦੇ ਲੱਦੇ ਹੋਏ ਸਨ, ਕਾਬਲ ਵਾਲੇ ਗਿਲਜਿਆਂ ਦੇ ਹੱਥ ਮੁਫ਼ਤ ਦੀ ਫਤ੍ਹੇ ਆ ਗਈ, ਉਹ ਕਹਿਣ ਅਸੀਂ ਸਿੰਘਾਂ ਨੂੰ ਫਤ੍ਹੇ ਕਰ ਲਿਆ ਹੈ।

***ਜਹਾਂ ਖ਼ਾਨ ਫੌਜਦਾਰ ਕਹਾਈ॥*** ਜਹਾਨ ਖ਼ਾਨ ਫ਼ੌਜਦਾਰ ਆਪਣੇ ਆਪ ਨੂੰ ਫਤੇਯਾਬ ਕਹਾਉਂਦਾ ਹੈ ਕਿ ਮੈਂ ਜਿੱਤ ਪ੍ਰਾਪਤ ਕੀਤੀ ਹੈ ਸਿੰਘ 'ਤੇ।

***ਉਨ ਸਿਰ ਸਿੰਘਨ ਕੇ ਜੁ ਕਟਾਏ॥*** ਉਸ ਨੇ ਜਿਹੜੇ ਸਿੰਘਾਂ ਦੇ ਸਿਰ ਕਟਾਏ।

***ਅਠਾਰਾਂ ਗੱਡੇ ਨਜੀਬੈ ਲਦਵਾਏ॥ ੧੨॥*** ਨਜ਼ੀਬ ਖ਼ਾਂ ਨੇ ਅਠਾਰਾਂ ਗੱਡੇ ਸਿੰਘਾਂ ਦੇ ਸਿਰਾਂ ਦੇ ਲਦਵਾ ਲਏ ਸਨ। ੧੨।

***ਦੋਹਰਾ॥ਜਬ ਸਿਰ ਗੱਡੇ ਲੰਘ ਤੁਰੇ ਘੱਗਰ ਹੁਤੀ ਸਰਾਇ॥*** ਜਦੋਂ ਸਿੰਘਾਂ ਦੇ ਸਿਰ ਗੱਡਿਆਂ 'ਤੇ ਲੱਦ ਕੇ ਲਹੌਰ ਨੂੰ ਤੁਰ ਪਏ, ਘੱਗਰ ਨਦੀ 'ਤੇ ਜੋ ਸਰਾਂ ਹੈ (ਸੰਭੂ ਦੇ ਕੋਲ) ਉਸ ਨੂੰ ਲੰਘ ਕੇ ਜਦੋਂ ਅੱਗੇ ਲਹੌਰ ਵੱਲ ਨੂੰ ਤੁਰੇ।

***ਤਬ ਸਿੰਘਨ ਕੇ ਦਲ ਬਡੇ ਸੁਨੀ ਅਵਾਈ ਆਇ॥ ੧੩॥*** ਤਦ ਸਿੰਘਾਂ ਦੇ ਵੱਡੇ ਦਲ, ਬੁੱਢੇ ਦਲ ਨੂੰ ਖ਼ਬਰ ਪਹੁੰਚੀ ਕਿ ਜ: ਮਿੱਤ ਸਿੰਘ ਡੱਲੇਵਾਲੀਆ ਜੰਗ ਵਿਚ ਸ਼ਹੀਦ ਹੋ ਗਿਆ ਹੈ, ਜਦੋਂ ਬੁੱਢੇ ਦਲ ਵਿਚ ਪਤਾ ਲੱਗਿਆ ਖਾਲਸੇ ਨੂੰ, ਜਦੋਂ ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਨੂੰ ਖ਼ਬਰ ਹੋਈ ਕਿ ਸਿੰਘਾਂ ਦਾ ਸਭ ਤੋਂ ਵੱਡਾ ਦਲ (ਬੁੱਢਾ ਦਲ) ਅੱਗੋਂ ਆ ਰਿਹਾ ਹੈ। ੧੩।

***ਚੌਪਈ॥ਉਨ ਸਿਰ ਦੀਨੇ ਊਹਾਂ ਗਿਰਾਇ॥*** ਉਨ੍ਹਾਂ (ਅਬਦਾਲੀ ਦੀ ਫ਼ੌਜ) ਨੇ ਉਨ੍ਹਾਂ ਸਿੰਘਾਂ ਦੇ ਉਹ ਸਿਰ ਉਥੇ ਹੀ ਸੁੱਟ ਦਿੱਤੇ ਸਨ ਕਿ ਬੁੱਢਾ ਦਲ ਨਾ ਸਾਨੂੰ ਕਿਤੇ ਆ ਪਵੇ।

***ਗੱਡੇ ਲੈ ਗਏ ਨੱਠ ਪਿਛਾਂਹਿ॥*** ਉਹ ਖਾਲੀ ਗੱਡੇ ਲੈ ਕੇ ਪਿੱਛੇ ਨੂੰ ਭੱਜ ਗਏ ਸਨ।

***ਹੁਤੇ ਭਤੀਜੇ ਮਿਤ ਸਿੰਘ ਦੋਇ॥*** ਜ: ਮਿੱਤ ਸਿੰਘ ਮਿਸਲ ਡੱਲੇਵਾਲੀਆ ਦੇ ਦੋ ਸਕੇ ਭਤੀਜੇ ਸਨ।

***ਭਾਗ ਸਿੰਘ ਭੰਗਾ ਸਿੰਘ ਸੋਇ॥ ੧੪॥*** ਉਹਨਾਂ ਦਾ ਨਾਮ ਭਾਗ ਸਿੰਘ ਤੇ ਭੰਗਾ ਸੀ। ੧੪।

***ਲਈ ਥਨੇਸਰ ਥੀ ਜਿਨ ਮੱਲ॥*** ਜਿਨ੍ਹਾਂ ਨੇ ਥਨੇਸਰ ਸ਼ਹਿਰ ਨੂੰ ਮੱਲ ਲਿਆ ਸੀ।

***ਸੀਸ ਫੂਕੇ ਉਨ ਦੌੜ ਸੁ ਚੱਲ॥*** ਉਨ੍ਹਾਂ ਨੇ ਦੌੜ ਕੇ ਚੱਲ ਕੇ ਸਿੰਘਾਂ ਦੇ ਸਿਰਾਂ ਦਾ ਅੰਤਮ ਸਸਕਾਰ ਕੀਤਾ ਹੈ।

***ਸ਼ਹੀਦ ਗੰਜ ਇਮ ਊਹਾਂ ਕਹਾਵੈ॥*** ਇਉਂ ਉਥੇ ਸੰਭੂ ਦੇ ਕੋਲ ਜਰਨੈਲੀ ਸੜਕ ਥੋੜ੍ਹਾ ਜਿਹਾ ਹਟ ਕੇ, ਘੱਗਰ ਨਦੀ ਸਰਾਂ ਦੇ ਕੋਲ ਅੱਜ ਵੀ ਉਹਨਾਂ ਸ਼ਹੀਦ ਸਿੰਘਾਂ ਦੀ ਯਾਦਗਰ 'ਸ਼ਹੀਦ ਗੰਜ' ਕਹਾਉਂਦਾ ਹੈ, ਜਿਸ ਦਾ ਪ੍ਰਬੰਧ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਕੋਲ ਹੈ। ਉਸ ਸ਼ਹੀਦ-ਗੰਜ ਦੀ ਸਾਰੀਆਂ ਸੰਗਤਾਂ ਮੰਨਤਾਂ ਕਰਦੀਆਂ ਹਨ।

***ਚਾੜੈ ਚੜ੍ਹਾਵਾ ਸੁਖ ਸੋ ਪਾਵੈ॥ ੧੫॥*** ਜਿਹੜਾ ਵੀ ਕੋਈ ਸਰਧਾਲੂ ਉਨ੍ਹਾਂ ਸ਼ਹੀਦਾਂ ਸਿੰਘਾਂ ਦੇ ਅਸਥਾਨ 'ਤੇ ਚੜ੍ਹਾਵਾ ਚੜ੍ਹਾਉਂਦਾ ਹੈ, ਸੁਖਣਾ ਸੁਖਦਾ ਹੈ ਉਸ ਦੀ ਪੂਰੀ ਹੁੰਦੀ ਹੈ, ਅੱਜ ਤੱਕ ਪੂਰੀ ਹੁੰਦੀ ਹੈ, ਹੁਣ ਤਾਂ ਉਥੇ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬਣਾ ਦਿੱਤਾ ਹੈ। ਪਹਿਲਾਂ ਉਥੇ ਬੇਰੀਆਂ ਦਾ ਝਿੜਾ ਸੀ, ਜਦੋਂ ਉਨ੍ਹਾਂ ਬੇਰੀਆਂ ਨੂੰ ਵੱਢਣ ਲੱਗੇ, ਤਾਂ ਉਨ੍ਹਾਂ ਬੇਰੀਆਂ ਵਿੱਚੋਂ ਲਹੂ ਚੋਣ ਲੱਗ ਪਿਆ ਸੀ। ਫਿਰ ਭੱਜ ਗਏ ਡਰਦੇ। ੧੫।

***ਦੋਹਰਾ॥ਸਾਲ ਅਠਾਰ੍ਹਾਂ ਸੈ ਬਿਤੇ ਊੱਪਰ ਤੇਈਏ ਸਾਲ॥*** ਅਠਾਰ੍ਹਾਂਸੋ ਤੋਂ ਤੇਈ ਸਾਲ (੧੮੨੩) ਉੱਪਰ ਸੀ ਸੰਮਤ ਬਿਕ੍ਰਮੀ, ਉਸ ਮੌਕੇ।

***ਮਿਤ ਸਿੰਘ ਸ਼ਹੀਦੀ ਇਮ ਲਈ ਸੁ ਲੜਯੋ ਜਹਾਨ ਖਾਂ ਨਾਲ॥ ੧੬॥*** ਜ: ਮਿੱਤ ਸਿੰਘ ਦੰਗਈ ਜਿਸ ਨੇ ਸਹਾਰਨ ਪੁਰ ਦੇ ਇਲਾਕੇ ਵਿਚ, ਫ਼ੌਜਦਾਰ ਜਹਾਨ ਖ਼ਾਂ ਨਾਲ ਲੜ ਕੇ ਸ਼ਹੀਦੀ ਪ੍ਰਾਪਤ ਕੀਤੀ ਹੈ। ੧੬।

***ਇਤੀ ਸਾਖੀ ਮਿਤ ਸਿੰਘ ਦੰਗਈ ਕੋ ਸ਼ਹੀਦੀ ਪਾਈ॥***

## ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ॥
## ਸ੍ਰੀ ਗੁਰ ਪੰਥ ਪ੍ਰਕਾਸ ਗ੍ਰੰਥੇ॥
# ਸਾਖੀ ਮੀਰ ਮੰਨੂੰ ਕੀ ਤੁਰੀ
## (ਦਾਦੂ ਰਾਮ ਸਾਧ ਨੂੰ ਕਸ਼ਟ, ਮੀਰ ਮੰਨੂੰ ਦੀ ਮੌਤ)

***ਦੋਹਰਾ॥ਸਾਖੀ ਮੀਰ ਸੁ ਮੰਨੂੰਐ ਸੁਨਯੋ ਮੁਯੋ ਜਿਸ ਦਾਇ॥*** ਮੀਰ ਮੰਨੂੰ ਜੋ ਲਹੌਰ ਦਾ ਸੂਬੇਦਾਰ ਸੀ, ਜਿਸ ਪ੍ਰਕਾਰ ਉਹ ਮਰਿਆ ਹੈ, ਉਸ ਦੀ ਸਾਖੀ ਸੁਣੋ।

***ਮਾਰਨ ਚੜ੍ਹਿਓ ਖਾਲਸੈ, ਮੁਯੋ ਆਪ ਦੁਖ ਪਾਇ॥ ੧॥*** ਮੀਰ ਮੰਨੂੰ ਖਾਲਸੇ ਨੂੰ ਮਾਰਨ ਵਾਸਤੇ ਚੜ੍ਹਿਆ ਸੀ ਲਹੌਰ ਤੋਂ, ਤੇ ਜਿਵੇਂ ਆਪ ਦੁਖ ਪਾ ਕੇ ਮਰਿਆ ਹੈ ਉਹ ਪ੍ਰਸੰਗ ਸੁਣੋ। ੧।

***ਚੌਪਈ॥ਕੌੜਾ ਮਲ ਜਬੈ ਮਰ ਗਯੋ॥*** ਜਦੋਂ ਕੌੜਾ ਮੱਲ ਦੀਵਾਨ ਮਰ ਗਿਆ।

***ਸਿੰਘਨ ਹੁਤੋ ਵਸੀਲੋ ਵਹਯੋ॥*** ਸਿੰਘਾਂ ਵਾਸਤੇ ਉਹੀ ਇਕ ਵਸੀਲਾ ਸੀ।

***ਟਕੇ ਦੇਨ ਤੇ ਤੁਰਤ ਮਿਟ ਗਏ॥*** ਤੁਰਕਾਂ ਨੇ ਉਸ ਦੇ ਮਰਨ ਤੋਂ ਬਾਅਦ ਤੁਰਤ ਹੀ (ਟਕੇ) ਮਾਮਲਾ, ਜੋ ਸਿੰਘਾਂ ਨੂੰ ਭਰਦੇ ਸੀ, ਉਹ ਬੰਦ ਕਰ ਦਿੱਤਾ ਹੈ ਦੇਣਾ।

***ਸਿੰਘਨ ਨੈ ਫਿਰ ਤੁਰਕ ਸੰਤਏ॥ ੨॥*** ਸਿੰਘਾਂ ਨੇ ਫਿਰ ਤੁਰਕਾਂ ਨੂੰ ਬੜਾ ਸਤਾਇਆ ਹੈ। ੨।

***ਲਹੌਰ ਢਿਗ ਘੋੜੇ ਜਾਇ ਦੁੜਾਏ॥*** ਸਿੰਘਾਂ ਨੇ ਆਪਣੇ ਘੋੜੇ ਲਹੌਰ ਦੇ ਨੇੜੇ ਲਿਆ ਕੇ ਭਜਾਏ ਹਨ। ਲਹੌਰ ਦੇ ਇਰਦ ਗਿਰਦ ਲੁੱਟ-ਮਾਰ ਸ਼ੁਰੂ ਕਰ ਦਿੱਤੀ ਹੈ।

***ਗੈਲ ਪੜੈਂ ਰਲੈਂ ਝਾੜਨ ਜਾਏ॥*** ਜਦੋਂ ਫੌਜ ਮਗਰ ਪੈਂਦੀ ਹੈ, ਸਿੰਘ ਜੰਗਲਾਂ ਵਿਚ ਜਾ ਦਾਖ਼ਲ ਹੁੰਦੇ ਸਨ, ਝਾੜਾਂ ਬੇਲਿਆਂ ਵਿਚ ਜਾ ਰਲਦੇ ਸਨ।

***ਥੋੜਨ ਕੋ ਸਿੰਘ ਮੁੜ ਭੀ ਮਾਰੈਂ॥*** ਜੇ ਫ਼ੌਜ ਥੋੜ੍ਹੀ ਹੋਵੇ ਤਾਂ ਸਿੰਘ ਮੁੜ ਕੇ ਵੀ ਉਨ੍ਹਾਂ ਨੂੰ ਮਾਰਦੇ ਸਨ, ਉਨ੍ਹਾਂ ਨੂੰ ਲੁੱਟ ਲੈਂਦੇ ਸਨ।

***ਬਹੁਤਨ ਕੋ ਕਿਤ ਅਗਾੜੇ ਪਛਾੜੈਂ॥ ੩॥*** ਬਹੁਤਿਆਂ ਨੂੰ ਅੱਗੇ ਪਿੱਛੇ ਹੋ ਕੇ ਸਿੰਘ ਆਪਣੇ ਛੋਟੇ-ਛੋਟੇ ਜਥੇ ਬਣਾ ਕੇ ਲੁੱਟਦੇ ਸਨ। ੩।

***ਤੌ ਬਜੀਰ ਕੇ ਦਿਲ ਇਮ ਆਈ॥*** ਜਦੋਂ ਪਠਾਣਾਂ ਨਾਲ ਏਸ ਤਰ੍ਹਾਂ ਕੀਤਾ ਸਿੰਘਾਂ ਨੇ, ਤਾਂ ਵਜ਼ੀਰ ਦੇ ਦਿਲ ਵਿਚ ਇਉਂ ਆਈ ਹੈ।

***ਦੇਈਏ ਖਾਲਸਾ ਸਭ ਮਰਵਾਈ॥*** ਕਿ ਆਪਾਂ ਸਿੰਘਾਂ ਨੂੰ ਖ਼ਤਮ ਕਰ ਦੇਈਏ ਮਾਰ ਕੇ ਪੰਜਾਬ ਵਿੱਚੋਂ।

***ਚਾਰ ਓਰ ਦਈ ਫੌਜ ਦੁੜਾਏ॥*** ਉਸ ਨੇ ਚਾਰੋਂ ਤਰਫ ਨੂੰ ਫ਼ੌਜ ਭਜਾਈ ਹੈ ਸਿੰਘਾਂ ਦੀ ਖੋਜ਼ ਵਿਚ।

***ਦੀਏ ਸਿੰਘ ਤਿਨ ਮਾਰ ਕਢਾਏ॥ ੪॥*** ਉਸ ਨੇ ਸਿੰਘਾਂ ਨੂੰ ਮਾਰ-ਮਾਰ ਕੇ ਲਹੌਰ ਦੇ ਨੇੜਿਓਂ ਕੱਢ ਦਿੱਤਾ ਹੈ। ੪।

***ਸ਼ਜ਼ਾਦੇ ਰਹੇ ਕਿਤ ਲੁਕ ਛੁਪ ਦਾਏ॥*** ਜਿਹੜੇ ਪੈਦਲ ਸਿੰਘ ਸਨ, ਉਨ੍ਹਾਂ ਨੇ ਲੁਕ ਛਿਪ ਕੇ ਆਪਣਾ ਬਚਾਉ ਕੀਤਾ ਹੈ।

***ਸੋ ਭੀ ਲੁਟ ਮਾਰਤ ਤਿਵਹੀ ਖਾਏ॥*** ਉਹ (ਪੈਦਲ) ਵੀ ਲੁੱਟ-ਮਾਰ ਕਰਕੇ ਉਸੇ ਤਰ੍ਹਾਂ ਗੁਜ਼ਾਰਾ ਕਰਦੇ ਸਨ।

***ਸੁਨ ਬਜੀਰ ਮਨ ਕੋਪੀ ਆਈ॥*** ਸੁਣ ਕੇ ਵਜ਼ੀਰ ਦੇ ਮਨ ਵਿਚ ਬੜਾ ਕਰੋਧ ਆਇਆ ਹੈ।

***ਆਪ ਬਜੀਰ ਚੜ੍ਹਯੋ ਕਰ ਧਾਈ॥ ੫॥*** ਉਹ ਮੀਰ ਮੰਨੂੰ ਵਜ਼ੀਰ ਆਪ ਚੜ੍ਹਾਈ ਕਰਕੇ ਚੜ੍ਹਿਆ ਹੈ, ਸਿੰਘਾਂ ਨੂੰ ਮਾਰਨ

ਵਾਸਤੇ। ੫।

***ਦੋਹਰਾ॥ਦਏ ਹਲਕਾਰੇ ਬਜੀਰ ਘਲ ਆਈ ਖਬਰ ਜਾ ਪਾਇ॥*** ਮੀਰ ਮੰਨੂੰ ਨੇ ਹਲਕਾਰੇ ਭੇਜੇ ਹਨ, ਸਿੰਘਾਂ ਦੀ ਭਾਲ ਵਿਚ, ਜਿਥੋਂ ਕਿਤੋਂ ਸਿੰਘ ਦੀ ਖ਼ਬਰ ਆਉਂਦੀ ਹੈ।

***ਸੁਨੈ ਕਬੀਲੇ ਸਿੰਘਨ ਜਹਿਂ ਤਹਿਂ ਪੁੱਜ ਘੇਰ ਕਢਵਾਇ॥ ੬॥*** ਜਿਥੇ ਵੀ ਸੁਣਦਾ ਹੈ ਸਿੰਘਾਂ ਦੇ ਕਬੀਲੇ, ਇਸ ਡੇਰੇ ਵਿਚ ਹਨ, ਇਸ ਘਰ ਵਿਚ ਹਨ, ਉਥੇ ਆਪ ਪਹੁੰਚ ਕੇ, ਘੇਰਾ ਪਾ ਕੇ ਉਸ ਘਰ ਨੂੰ ਸਿੰਘਾਂ ਦੇ ਕਬੀਲਿਆਂ ਨੂੰ ਕਢਵਾ ਲੈਂਦਾ ਹੈ। ੬।

***ਚੌਪਈ॥ ਨਿਤ ਬਜੀਰ ਚੜ੍ਹ ਸਿੰਘਨ ਸ਼ਿਕਾਰ॥*** ਮੀਰ ਮੰਨੂੰ ਵਜ਼ੀਰ ਨਿਤਾ-ਪ੍ਰਤੀ ਸਿੰਘਾਂ ਦਾ ਸ਼ਿਕਾਰ ਕਰਨ ਵਾਸਤੇ ਚੜ੍ਹਦਾ ਹੈ।

***ਝਾੜੋਂ ਕਮਾਦੋਂ ਕਢ ਲਏ ਮਾਰ॥*** ਝਾੜਾਂ, ਕਮਾਦ ਵਿੱਚੋਂ ਸਿੰਘਾਂ ਨੂੰ ਭਾਲ-ਭਾਲ ਕੇ ਕੱਢ ਕੇ ਸ਼ਿਕਾਰ ਕਰਨ ਲਗ ਪਿਆ ਹੈ।

***ਜੋ ਸਿੰਘ ਖੇਤੀ ਕਰਨੇ ਵਾਰੇ॥*** ਜਿਹੜੇ ਸਿੰਘ ਖੇਤੀ ਕਰਨ ਵਾਲੇ ਸਨ, ਜੱਟ ਸਿੱਖ।

***ਸੋ ਭੀ ਟੋਲ ਸਿੰਘ ਉਨਿ ਮਾਰੇ॥ ੭॥*** ਉਹ ਵੀ ਸਿੰਘ ਲੱਭ-ਲੱਭ ਕੇ ਮਾਰੇ ਸਨ ਉਸ ਨੇ। ੭।

***ਹਾਹਾਕਾਰ ਭਯੋ ਮਾਝੇ ਮਾਂਹਿ॥*** ਸਾਰੇ ਮਾਝੇ ਵਿਚ ਹਾਹਾਕਾਰ ਮੱਚ ਗਈ ਹੈ।

***ਲੁਕਨੇ ਜਗ੍ਹਾ ਕਬੀਲਨ ਨਾਂਹਿ॥*** ਸਿੰਘਾਂ ਦੇ ਕਬੀਲਿਆਂ ਨੂੰ ਬਾਲ ਬੱਚੇ ਨੂੰ ਕਿਤੇ ਥਾਂ ਨਾ ਰਹਿ ਗਈ, ਕਿਥੇ ਲੁਕਣ ਜਾ ਕੇ?

***ਇਕ ਨਾਮ ਪੰਡੋਰੀ ਹੁਤੋ ਗਰਾਂਮ॥*** ਇਕ ਪੰਡੋਰੀ ਨਾਮ ਦਾ ਪਿੰਡ ਹੈ ਮਾਝੇ ਲਹੌਰ ਜਿਲ੍ਹੇ ਦੇ ਵਿਚ।

***ਹੁਤੋ ਪ੍ਰਸਿਧ ਜਗ ਦਾਦੂ ਰਾਮ॥ ੮॥*** ਜੋ ਸਾਧੂ ਦਾਦੂ ਰਾਮ ਸੀ ਪ੍ਰਸਿੱਧ ਜਗਤ ਵਿਚ ਉਹ ਉੱਥੇ ਰਹਿੰਦੇ ਸਨ। ੮।

***ਤਹਾਂ ਮਾਤ ਦਾਦੀ ਹਮਰੀ ਛਪ ਰਹੀ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਮੇਰੀ ਮਾਂ ਤੇ ਦਾਦੀ ਉਥੇ ਲੁਕ ਕੇ ਰਹਿੰਦੀਆਂ ਸਨ।

***ਹਲਕਾਰਨ ਜਾਇ ਬਜੀਰੈ ਕਹੀ॥*** ਜਸੂਸਾਂ ਨੇ ਜਾ ਕੇ ਮੀਰ ਮੰਨੂੰ ਨੂੰ ਖ਼ਬਰ ਦੇ ਦਿੱਤੀ ਹੈ।

***ਤਹਿਂ ਹੀ ਉਤਰਯੋ ਆਇ ਬਜੀਰ॥*** ਉਥੇ ਹੀ ਡੇਰੇ ਵਿਚ ਜਾ ਉਤਰਿਆ ਹੈ ਮੀਰ ਮੰਨੂੰ।

***ਘੇਰਯੋ ਪਿੰਡ ਉਨ ਕਰ ਤਤਬੀਰ॥ ੯॥*** ਤਰੀਕੇ ਨਾਲ ਉਸ ਨੇ ਜਾ ਸਾਰੇ ਪਿੰਡ ਨੂੰ ਘੇਰਿਆ ਹੈ। ੯।

***ਦੋਹਰਾ॥ਦਾਦੂ ਰਾਮ ਕੋ ਪੋਤਰੋ ਫੜ ਉਨ ਲਯੋ ਮੰਗਾਇ॥*** ਦਾਦੂ ਰਾਮ ਗ੍ਰਿਹਸਤੀ ਸੀ, ਉਹ ਆਪ ਤਾਂ ਚੜ੍ਹਾਈ ਕਰ ਚੁੱਕਾ ਸੀ। ਉਸ ਦਾ ਪੋਤਰਾ ਉਥੇ ਡੇਰੇ ਦਾ ਮਹੰਤ ਸੀ, ਉਸ ਨੂੰ ਫੜ ਕੇ ਮੰਗਾ ਲਿਆ ਹੈ।

***ਕਹਯੋ, ਪਾਸ ਤੁਝ ਦੁਜ਼ਦ ਘਣੇ, ਸੋ ਹਮ ਦੇਹੁ ਫੜਾਇ'॥ ੧੦॥*** ਕਹਿਣ ਲੱਗਾ ਤੇਰੇ ਪਾਸ (ਦੁਜ਼ਦ) ਚੋਰ ਹਨ, ਸਾਡੇ ਦੁਸ਼ਮਣ ਹਨ ਸਿੰਘ ਹਨ, ਉਹ ਤੂੰ ਲੁਕਾ ਕੇ ਰੱਖੇ ਹਨ, ਉਹ ਤੂੰ ਗ੍ਰਿਫ਼ਤਾਰ ਕਰਵਾ ਦੇ। ੧੦।

***ਚੌਪਈ॥ਬਾਲਕ ਮਹੰਤ ਮੁਕਰਤ ਤਹਿਂ ਭਯੋ॥*** ਇਹ ਬੱਚਾ ਸੀ ਮਹੰਤ, ਉਸ ਨੇ ਆਖਿਆ ਮੇਰੇ ਕੋਲ ਕੋਈ ਚੋਰ ਨਹੀਂ ਹੈ। ਉਹ ਚੋਰ ਥੋੜ੍ਹੇ ਸਨ, ਉਹ ਤਾਂ ਸਿੰਘਾਂ ਦੇ ਕਬੀਲੇ ਸਨ। ਸਿੰਘਾਂ ਦੀਆਂ ਮਾਵਾਂ ਸਨ, ਦਾਦੀਆਂ ਸਨ, ਭੈਣਾਂ ਸਨ, ਇਸ ਕਰਕੇ ਮਹੰਤ ਨੇ ਕਿਹਾ, ਮੇਰੇ ਡੇਰੇ ਵਿਚ ਕੋਈ ਚੋਰ ਨਹੀਂ ਹੈ, ਕੋਈ ਏਥੇ ਤੁਹਾਡਾ ਦੁਸ਼ਮਣ ਨਹੀਂ ਹੈ।

***ਉਸਕੋ ਘਰ ਬਜੀਰ ਟੋਲਨ ਕਰਯੋ॥*** ਉਸ ਦੇ ਘਰ ਛਾਪਾ ਮਾਰ ਕੇ ਮੀਰ ਮੰਨੂੰ ਨੇ ਸਿੰਘਾਂ ਨੂੰ ਲੱਭਿਆ ਹੈ।

***ਮਾਤੈ ਹਮਰੀ ਔਰ ਜੁ ਸਿਖਨੀ॥*** ਮੇਰੀ ਮਾਤਾ ਦਾਦੀ ਅਤੇ ਹੋਰ ਸਿੱਖਣੀਆਂ ਉਥੇ ਲੁਕੀਆਂ ਹੋਈਆਂ ਸਨ।

***ਕਪੜੈ ਰੰਗ ਕੀਓ ਸਭ ਬਿਸਨੀ॥ ੧੧॥*** ਸਾਰੀਆਂ ਬੀਬੀਆਂ ਨੇ ਭਗਵੇਂ ਰੰਗ ਦੇ ਕੱਪੜੇ ਕੀਤੇ ਹੋਏ ਸਨ, ਉਸ ਡੇਰੇ ਵਿਚ ਰਹਿਣ ਵਾਸਤੇ, ਉਸ ਡੇਰੇ ਦੀਆ ਸੰਤਣੀਆਂ, ਕੋਈ ਚੇਲੀ, ਕੋਈ ਮਾਂ, ਉਸ ਮਹੰਤ ਦੀ, ਕੋਈ ਦਾਦੀ ਬਣ ਕੇ ਉਥੇ ਲੁੱਕੀਆਂ ਹੋਈਆਂ ਸਨ। ੧੧।

***ਕੋਊ ਭੈਨ ਕਿਸੇ ਬੇਟ ਕਹੀ॥*** ਮਹੰਤ ਨੇ ਕਿਸੇ ਨੂੰ ਆਪਣੀ ਭੈਣ ਆਖਿਆ, ਕਿਸੇ ਨੂੰ ਆਪਣੀ ਪੁੱਤਰੀ ਕਿਹਾ ਹੈ ਕਿ ਇਹ ਮੇਰੀ ਭੈਣ ਹੈ, ਇਹ ਮੇਰੀ ਲੜਕੀ ਹੈ।

***ਗੋਲੀ ਸੇਵਕ ਕੇਤੀ ਯੌ ਕਹੀ॥*** ਇਹ ਸਾਡੀਆਂ ਦਾਸੀਆਂ ਹਨ, ਕਿੰਨੀਆਂ ਨੂੰ ਆਪਣੀਆਂ ਸੇਵਕਾ ਸੇਵਾਦਾਰਨੀਆਂ ਕਹਿ ਦਿੱਤਾ ਹੈ, ਇਹਨਾਂ ਵਿਚ ਕੋਈ ਸਿੱਖਣੀ ਨਹੀਂ ਹੈ, ਕੋਈ ਚੋਰ ਨਹੀਂ, ਕੋਈ ਠੱਗ ਨਹੀਂ ਹੈ।

***ਇਮ ਉਨ ਪੜਦੋ ਸਭ ਪਰ ਪਾਯੋ॥*** ਉਸ ਮਹੰਤ ਨੇ ਸਾਰਿਆਂ 'ਤੇ ਪੜਦਾ ਪਾ ਦਿੱਤਾ ਹੈ।

***ਅਪਨੇ ਊਪਰ ਦੁਖੈ ਸਹਾਯੋ॥ ੧੨॥*** ਮਹੰਤ ਨੇ ਆਪਣੇ ਸਰੀਰ ਉੱਤੇ ਦੁਖ ਸਹਾਰ ਲਿਆ ਹੈ, ਉਨ੍ਹਾਂ ਸਿੱਖਣੀਆਂ ਦੀ ਖ਼ਾਤਰ। ੧੨।

***ਬਜੀਰ ਕਹੀ, 'ਇਨ ਦੁਜ਼ਦ ਲੁਕੋਯੋ'॥*** ਵਜ਼ੀਰ ਮੀਰ ਮੰਨੂ ਕਹਿੰਦਾ 'ਨਹੀਂ ਨਹੀਂ ਇਸ ਨੇ ਚੋਰ ਡਾਕੂ ਲਕੋਏ ਹੋਏ ਸਨ।

***ਦੈ ਮੁਸ਼ਕੈਂ ਅਗੈ ਹਾਥੀ ਸੁਟੋਯੋ॥*** ਉਹ ਮਹੰਤ ਦੀਆਂ ਮੁਸ਼ਕਾਂ ਬੰਨ੍ਹ ਕੇ ਹਾਥੀ ਅੱਗੇ ਸੁੱਟ ਦਿੱਤਾ ਹੈ ਕਿ ਹਾਥੀ ਤੋਂ ਮਰਵਾ ਦਿਓ।

***ਹਾਥੀ ਖੂਨੀ ਸੁੰਡ ਪੈਰੀ ਲਾਯੋ॥*** ਹਾਥੀ ਨੇ ਉਸ ਦੇ ਚਰਨਾਂ ਨੂੰ ਆਪਣੀ ਸੁੰਡ ਲਾਈ ਹੈ, ਮੱਥਾ ਟੇਕਿਆ ਹੈ ਮਹੰਤ ਨੂੰ।

***ਪੈਰ ਛੁਹੇ ਔ ਸੀਸ ਹਿਲਾਯੋ॥ ੧੩॥*** ਹਾਥੀ ਨੇ ਮਹੰਤ ਦੇ ਪੈਰਾਂ ਨੂੰ ਛੁਹਿਆ ਤੇ ਆਪਣਾ ਸਿਰ ਨਾਂਹ ਵਿਚ ਹਿਲਾਇਆ ਹੈ ਕਿ ਮੈ ਨਹੀਂ ਮਾਰਨਾ ਇਸ ਨੂੰ,ਉਹ ਤਾਂ ਪੂਜਨੀਕ ਨੇ, ਹਾਥੀ ਪਸ਼ੂ ਮੱਥੇ ਟੇਕਣ ਲੱਗ ਪਏ ਸਨ। ੧੩।

***ਬਹੁ ਮਹਾਵਤ ਉਸ ਰਹਯੋ ਦਬਾਇ॥*** ਮਹਾਵਤ ਹਾਥੀ ਤੋਰਨ ਵਾਲਾ, ਉਸ ਨੂੰ ਬੜਾ ਦਬਾ ਰਿਹਾ, ਅੰਕੁਸ ਆਦਿਕ ਮਾਰ ਕੇ।

***ਹਾਥੀ ਖੂਨੀ ਹਟ ਪਿਛੈ ਜਾਇ॥*** ਖ਼ੂਨੀ ਹਾਥੀ ਉਸ ਮਹੰਤ ਨੂੰ ਮਾਰਨ ਵਾਸਤੇ ਅੱਗੇ ਨਹੀਂ ਹੁੰਦਾ, ਸਗੋਂ ਪਿੱਛੇ ਨੂੰ ਹਟਦਾ ਹੈ ਕਿ ਮੈਂ ਨਹੀਂ ਮਾਰਨਾ ਹੈ ਇਸ ਨੂੰ।

***ਸੁਨ ਬਜੀਰ ਬਹੁ ਗੁੱਸੋ ਕੀਓ॥*** ਇਹ ਦੇਖ ਸੁਣ ਕੇ ਮੀਰ ਮੰਨੂ ਨੇ ਬੜਾ ਗੁੱਸਾ ਕੀਤਾ ਹੈ ਮਹਾਵਤ 'ਤੇ।

***ਇਨ੍ਹੈ ਮਹਾਵਤ ਲਬ ਲੈ ਲੀਓ॥ ੧੪॥*** ਇਸ ਮਹਾਵਤ ਨੇ ਕੋਈ ਲਾਲਚ (ਧਨ ਮਾਲ ਆਦਿਕ ਲੈ ਲਿਆ ਹੋਣਾ ਹੈ) ਜਿਹੜਾ ਇਹ ਮਰਵਾਉਂਦਾ ਨਹੀਂ ਹੈ ਮਹੰਤ ਨੂੰ। ੧੪।

***ਦੋਹਰਾ॥ਮੀਰ ਮੰਨੂੰ ਨੇ ਭੇਜਿਓ ਮਹਾਵਤ ਔਰ ਖਿਝਾਇ॥*** ਮੀਰ ਮੰਨੂ ਨੇ ਉਸ ਮਹਾਵਤ ਨੂੰ ਹਾਥੀ ਤੋਂ ਉਤਾਰ ਦਿੱਤਾ ਹੈ, ਉਸ ਦੀ ਥਾਂ ਹੋਰ ਮਹਾਵਤ ਖਿਝਾ ਕੇ ਭੇਜਿਆ ਹੈ।

***ਤੌ ਭੀ ਬਾਲਕ ਨਹਿੰ ਮਰਯੋ ਸਤਿਗੁਰ ਭਈ ਰਜਾਇ॥ ੧੫॥*** ਸਤਿਗੁਰੂ ਦੀ ਐਸੀ ਰਜ਼ਾ ਹੋਈ, ਉਸ ਹਾਥੀ ਨੇ ਵੀ ਆ ਕੇ ਮੱਥਾ ਟੇਕਿਆ ਹੈ, ਮਹੰਤ ਨੂੰ ਨਾ ਮਾਰਿਆ। ੧੫।

***ਚੌਪਈ॥ਉਨ ਫੀਲਦਾਰ ਬਜੀਰਹਿ ਕਹੀ॥*** ਉਸ ਹਾਥੀ ਵਾਲੇ ਮਹਾਵਤ ਨੇ ਵਜ਼ੀਰ ਮੀਰ ਮੰਨੂੰ ਨੂੰ ਕਿਹਾ ਹੈ।

***ਬਾਲਕ ਖਾਲੀ ਬਰਕਤੋਂ ਨਹੀਂ॥*** ਬੱਚਾ ਬਰਕਤ ਤੋਂ ਖਾਲੀ ਨਹੀਂ ਹੈ। ਇਹ ਤੇਜ ਪ੍ਰਤਾਪ ਵਾਲਾ ਹੈ,ਬੰਦਗੀ ਵਾਲਾ ਹੈ, ਇਸ ਕਰਕੇ ਇਸ ਨੂੰ ਖੂਨੀ ਹਾਥੀ ਨਹੀਂ ਮਾਰਦਾ ਹੈ।

***ਤਊ ਬਜੀਰਹਿ ਹਾਥੀ ਹਟਵਾਯੋ॥*** ਤਾਂ ਮੀਰ ਮੰਨੂੰ ਨੇ ਹਾਥੀ ਨੂੰ ਹਟਵਾ ਦਿੱਤਾ ਹੈ, ਛੱਡ ਦਿਓ ਇਸ ਨੂੰ ਕੁਛ ਨਾ ਕਹੋ।

***ਉਸ ਬਾਲਕ ਕੋ ਕੈਦ ਕਰਾਯੋ॥ ੧੬॥*** ਉਸ ਬੱਚੇ ਨੂੰ ਕੈਦ ਬੰਦ ਕਰਵਾ ਦਿੱਤਾ ਹੈ, ਜੇਲ੍ਹ ਭੇਜ ਦਿੱਤਾ ਹੈ। ੧੬।

***ਸਿਖ ਆਣੇ ਥੇ ਫੌਜ ਫੜ ਚਾਰ॥*** ਫ਼ੌਜ ਨੇ ਚਾਰ ਸਿੰਘ ਫੜ ਕੇ ਲਿਆਂਦੇ ਸਨ।

***ਕਹਯੋ ਬਜੀਰ 'ਇਨ ਦੇਵੋ ਮਾਰ॥*** ਵਜ਼ੀਰ ਨੇ ਕਿਹਾ ਸਿੱਖਾਂ ਨੂੰ ਮਾਰ ਦੇਵੋ, ਖ਼ਤਮ ਕਰ ਦਿਓ।

***ਉਸ ਬੇਗਮ ਆਣੀ ਥੀ ਸਾਥ॥*** ਉਸ (ਮੀਰ ਮੰਨੂੰ) ਨੇ ਆਪਣੀ ਬੇਗਮ ਵੀ ਨਾਲ ਲਿਆਂਦੀ ਸੀ।

***ਕਰੀ ਅਰਜ਼ ਉਨ ਜੋੜੇ ਹਾਥ॥ ੧੭॥*** ਉਸ (ਬੇਗਮ) ਨੇ ਹੱਥ ਜੋੜ ਕੇ ਪ੍ਰਾਰਥਨਾ ਕੀਤੀ ਮੀਰ ਮੰਨੂੰ ਅੱਗੇ। ੧੭।

***ਮੈਂ ਦੇਖਯੋ ਕਬ ਕੋ ਸਿਖ ਨਾਂਹਿ॥*** ਮੈਂ ਆਪਣੇ ਅੱਖੀਂ ਕਦੀ ਕੋਈ ਸਿੱਖ ਨਹੀਂ ਵੇਖਿਆ ਹੈ,'ਮੈਨੂੰ ਵਿਖਾ ਤਾਂ ਦਿਓ ਕਿਹੋ ਜਿਹੇ ਸਿੱਖ ਹੁੰਦੇ ਹਨ।'

***ਇਮ ਕਹਿ ਲੀਨੇ ਸਿਖ ਮੰਗਾਇ॥*** ਇਉਂ ਕਹਿ ਕੇ ਫੜੇ ਹੋਏ ਸਿੱਖਾਂ ਨੂੰ ਮੰਗਵਾ ਲਿਆ ਹੈ ਆਪਣੇ ਕੋਲ, ਬੇਗਮ ਨੂੰ ਵਿਖਾਉਣ ਵਾਸਤੇ।

***ਦੇਖ ਬੇਗਮ ਤੇ ਦਏ ਛੁਡਾਇ॥*** ਬੇਗਮ ਨੇ ਸਿੱਖਾਂ ਨੂੰ ਵੇਖ ਕੇ ਛੁਡਾ ਦਿੱਤਾ ਹੈ।

***ਬਨਯੋ ਸਬੱਬ ਉਨ੍ਹੈਂ ਜਿੰਦ ਆਇ॥ ੧੮॥*** ਸਬੱਬ ਬਣ ਗਿਆ ਹੈ, ਉਨ੍ਹਾਂ ਦੀ ਜਿੰਦ ਕੀ ਰੱਖਿਆ ਹੋ ਗਈ ਹੈ, ਪ੍ਰਮੇਸ਼ਰ ਨੇ ਕੌਤਕ ਕਰ ਦਿੱਤਾ ਹੈ। ੧੮।

***ਤੌ ਲੌ ਆਇ ਹਲਕਾਰੇ ਬੋਲੇ॥*** ਏਨੇ ਨੂੰ ਹੋਰ ਹਲਕਾਰੇ ਆ ਗਏ, ਜਿਹੜੇ ਚਾਰ-ਚੁਫੇਰੇ ਸਿੰਘਾਂ ਨੂੰ ਭਾਲਦੇ ਫਿਰਦੇ ਸੀ, ਤਲਾਸ਼ੀਆਂ ਲੈਂਦੇ ਫਿਰਦੇ ਸੀ ਉਹ ਬੋਲੇ ਹਨ।

***ਚੜ੍ਹ ਮਾਰੋ ਸ਼ਿਕਾਰ ਹਮ ਦੇਖ ਆਏ ਕੋਲੇ॥*** ਅਸੀਂ ਕੋਲ ਹੀ ਸ਼ਿਕਾਰ ਵੇਖ ਕੇ ਆਏ ਹਾਂ, ਤੁਸੀਂ ਚੜ੍ਹ ਕੇ ਮਾਰੋ ਉਸ (ਸਿੰਘਾਂ ਦੇ) ਸ਼ਿਕਾਰ ਨੂੰ।

***ਤਉ ਬਜੀਰ ਨੇ ਘੋੜੋ ਮੰਗਾਯੋ॥*** ਤਾਂ ਵਜ਼ੀਰ ਮੀਰ ਮੰਨੂੰ ਨੇ ਆਪਣਾ ਘੋੜਾ ਮੰਗਾਇਆ,'ਲਿਆਓ ਬਈ ਘੋੜਾ ਸ਼ਿਕਾਰ ਨੂੰ ਚਲੀਏ ਸਿੰਘਾਂ ਦੇ'।

***ਲੈ ਹਲਕਾਰਨ ਮੁਹਰੇ ਧਾਯੋ॥ ੧੯॥*** ਹਲਕਾਰਿਆਂ ਨੂੰ ਕਹਿੰਦਾ ਚਲੋ, ਵਿਖਾਓ! ਕਿਥੇ ਹਨ ਸਿੱਖ, ਹਲਕਾਰਿਆਂ ਨੂੰ ਨਾਲ ਲੈ ਕੇ ਅੱਗੇ ਹੋ ਕੇ ਚਲ ਪਿਆ ਹੈ ਮੀਰ ਮੰਨੂੰ। ੧੯।

***ਦੋਹਰਾ॥ਢਿਗੈ ਕਮਾਦ ਵਡ ਖੇਤ ਥੋ, ਸਿੰਘ ਹੁਤੋ ਉਸੈ ਬਹੁ ਮਾਂਹਿ॥*** ਪਿੰਡ ਦੇ ਕੋਲ ਹੀ ਕਮਾਦ ਦਾ ਖੇਤ ਸੀ, ਉਸ ਦੇ ਵਿਚ ਬੜੇ ਸਿੰਘ ਲੁਕੇ ਬੈਠੇ ਸੀ।

***ਇਆਣੇ ਸਯਾਣੇ ਬਾਲ ਬ੍ਰਿਧ ਘੇਰ ਲਏ ਗਿਰਦ ਤਾਂਹਿ॥ ੨੦॥*** ਛੋਟੀ ਉਮਰ ਦੇ ਬੱਚੇ, ਸਿਆਣੇ, ਨੌਜੁਆਨ, ਬਾਲਕ ਤੇ ਬੁੱਢਿਆਂ ਨੂੰ, ਕਮਾਦ ਦੇ ਖੇਤ ਨੂੰ ਘੇਰ ਲਿਆ ਹੈ ਮੀਰ ਮੰਨੂੰ ਵਜ਼ੀਰ ਨੇ। ੨੦।

***ਚੌਪਈ॥ਉਨ ਕੀ ਮਾਵੇਂ ਭੈਣ ਬ੍ਰਿਲਾਹਿ॥*** ਜਿਹੜੀ ਉਨ੍ਹਾਂ ਦੀਆਂ ਮਾਵਾਂ ਭੈਣਾਂ ਸਨ, ਉਹ ਵਿਰਲਾਪ ਕਰਨ ਲੱਗੀਆਂ ਸਨ ਕਿ ਅੱਜ ਨਹੀਂ ਬਚਦੇ, ਇਹ ਸਾਰੇ ਮਾਰੇ ਜਾਣਗੇ।

***ਕਹਿ ਨ ਸਕੈਂ ਵਹਿ ਕਿਸੇ ਸੁਨਾਹਿਂ॥*** ਉਹ ਕਿਸ ਨੂੰ ਕਹਿਣ? ਅੰਦਰੇ ਅੰਦਰ ਰੋਂਦੀਆਂ ਸੀ, ਉਹ ਕਿਸੇ ਨੂੰ ਮੂੰਹ ਤੋਂ ਤਾਂ ਕਹਿ ਕੇ ਸੁਣਾ ਨਹੀਂ ਸੀ ਸਕਦੀਆਂ।

***ਲੋਕ ਖੜੇ ਦੇਖ ਗਿਰਦ ਕੰਪਾਹਿਂ॥*** ਜਿਹੜੇ ਪਿੰਡ ਵਾਸੀ ਲੋਕ ਸਨ, ਉਹ ਚਾਰ-ਚੁਫੇਰੇ ਖੜ੍ਹੇ ਕੰਬੀ ਜਾਂਦੇ ਸਨ ਕਿ ਅੱਜ ਨੁਕਸਾਨ ਹੋਣਾ ਹੈ,ਜੇ ਸਿੰਘ ਏਥੇ ਸਾਡੇ ਪਿੰਡ ਫੜੇ ਗਏ, ਤਾਂ ਸਾਰਾ ਪਿੰਡ ਵੀ ਮਾਰਿਆ ਜਾਇਗਾ, ਇਹ ਆਖਣਗੇ ਤੁਸੀਂ ਲੁਕਾਏ ਹੋਏ ਹਨ, ਆਪਣੇ ਸਮਝ ਕੇ ਤੁਸੀਂ ਇਨ੍ਹਾਂ ਨੂੰ ਅੰਨ-ਪਾਣੀ ਦਿੰਦੇ ਹੋ।

***ਇਹ ਅਬ ਬਚਤ ਦਿਸਤੇ ਨਾਂਹਿ॥ ੨੧॥*** ਇਹਨਾਂ ਸਿੰਘਾਂ ਦੀ ਹੁਣ ਬਚਤ ਹੋਣੀ ਨਹੀਂ ਦਿਸਦੀ, ਇਹ ਬਾਲਕ ਬਿਰਧ ਸਭ ਮਾਰੇ ਜਾਣਗੇ। ੨੧।

***ਕਯਾ ਜਾਣੀਐ ਇਨ ਪਿਛੈ ਕਯਾ ਹੋਇ॥*** ਇਨ੍ਹਾਂ ਸਿੰਘਾਂ ਦੇ ਪਿੱਛੇ ਸਾਡੇ ਨਾਲ ਕੀ ਹੋਵੇਗਾ? ਇਹ ਕੀ ਜਾਣੀਏ? ਇਉਂ ਸਾਰਾ ਪਿੰਡ ਹੀ ਵਿਰਲਾਪ ਕਰ ਰਿਹਾ ਸੀ।

***ਕਹੈ ਪਿੰਡ 'ਤੁਮ ਰਖੇ ਲੁਕੋਇ॥*** ਇਹ ਸਾਨੂੰ ਆਖਣਗੇ, ਇਹ ਤੁਸੀਂ ਪਿੰਡ ਵਾਲਿਆਂ ਸਾਰਿਆਂ ਨੇ, ਸਿੰਘਾਂ ਨੂੰ ਲੁਕੋ ਕੇ ਰੱਖਿਆ ਹੋਇਆ ਹੈ, ਇਹ ਜਿਹੜੇ ਬਾਗੀ ਹਨ, ਸਰਕਾਰ ਨਾਲ ਜਿਨ੍ਹਾਂ ਨੇ ਮੱਥਾ ਲਾਇਆ ਹੈ, ਉਨ੍ਹਾਂ ਨੂੰ ਪਨਾਹ ਤੁਸੀਂ ਦਿੰਦੇ ਹੋ।

***ਹਾਹਾਕਾਰ ਬਹੁ ਲੋਕਨ ਕਯੋ॥*** ਸਾਰੇ ਲੋਕਾਂ ਨੇ ਬਹੁਤ ਹਾਹਾਕਾਰ ਕੀਤੀ, ਉ-ਹੋ! ਰੱਖ ਲੈ, ਪ੍ਰਮੇਸ਼ਰ ਬਚਾ ਲੈ ਇਸ ਜ਼ੁਲਮ ਤੋਂ।

***ਤੌ ਸਤਿਗੁਰ ਇਮ ਭਾਣੋ ਭਯੋ॥ ੨੨॥*** ਤਾਂ ਸਤਿਗੁਰ ਦਾ (ਭਾਣਾ) ਕੌਤਕ ਵਰਤਿਆ ਹੈ, ਸਤਿਗੁਰੂ ਜੀ ਨੇ ਕਿਰਪਾ ਕੀਤੀ ਹੈ। ੨੨।

***ਸੀਖ ਪਾਉ ਘੋੜਾ ਭਯੋ ਬਜੀਰ॥*** ਮੀਰ ਮੰਨੂੰ ਵਜ਼ੀਰ ਦਾ ਘੋੜਾ ਪਿਛਲੇ ਪੈਰਾਂ 'ਤੇ 'ਸੀਖ ਪਾਓ ਖੜ੍ਹਾ ਹੋ ਗਿਆ ਹੈ।

***ਗਿਰਯੋ ਭੂਮ ਮਧ ਝੂਮ ਸੁ ਗੀਰ॥*** ਜਦੋਂ ਘੋੜਾ ਸੀਖ ਪਾਉ ਖੜ੍ਹਾ ਹੋਇਆ, ਤਾਂ ਘੋੜੇ ਦਾ ਆਸਣ ਹਿੱਲ ਗਿਆ, ਮੀਰ ਮੰਨੂੰ ਝੂਮ ਕੇ ਘੋੜੇ ਤੋਂ ਧਰਤੀ 'ਤੇ ਆ ਡਿੱਗਾ ਹੈ।

***ਏਕ ਪੈਰ ਮਧ ਫਸਯੋ ਰਕਾਬ॥*** ਉਸ ਦਾ ਇਕ ਪੈਰ ਘੋੜੇ ਦੀ ਰਕਾਬ ਵਿਚ ਫਸ ਗਿਆ ਹੈ।

***ਗਈ ਜਾਨ ਬਹੁ ਪਾਇ ਅਜ਼ਾਬ॥ ੨੩॥*** ਘੋੜਾ ਨੱਠ ਤੁਰਿਆ ਹੈ, ਪਿੱਛੇ ਉਸ ਦੇ ਫ਼ੌਜ ਭੱਜੀ ਹੈ, ਘੋੜਾ ਬਲੀ ਸੀ, ਕਿਵੇਂ ਫੜਿਆ ਜਾਏ, ਜਿਉਂ-ਜਿਉਂ ਲੋਕ ਘੋੜੇ ਨੂੰ ਫੜਨ ਵਾਸਤੇ ਮਗਰ ਭੱਜਦੇ ਸਨ, ਤਿਉਂ-ਤਿਉਂ ਘੋੜਾ ਹੋਰ ਤੇਜ ਭੱਜਦਾ ਹੈ। ਏਸ ਤਰ੍ਹਾਂ ਹੇਠਾਂ ਲਟਕਦੇ ਦੀ ਘੋੜੇ ਦੇ ਪੌੜਾਂ ਨਾਲ ਵੱਜ-ਵੱਜ ਕੇ ਸਿਰ ਘਿਸ ਗਿਆ, ਬੜਾ ਹੀ ਦੁਖ ਪਾ ਕੇ ਜਾਨ ਨਿਕਲ ਗਈ ਮੀਰ ਮੰਨੂੰ ਦੀ। ੨੩।

***ਸਿੰਘਨ ਸ਼ਿਕਾਰ ਤੁਰਕਨ ਭੁਲ ਗਯੋ॥*** ਜਿਹੜੇ ਤੁਰਕਾਂ ਨੇ ਸਿੰਘਾਂ ਨੂੰ ਘੇਰਾ ਪਾਇਆ ਹੋਇਆ ਸੀ, ਉਨ੍ਹਾਂ ਨੂੰ ਸਿੰਘਾਂ ਦਾ ਸ਼ਿਕਾਰ ਭੁੱਲ ਗਿਆ ਹੈ।

***ਫੜਯੋ ਹੁਤੇ ਸੋ ਭੀ ਛਡ ਦਯੋ॥*** ਜਿਹੜੇ ਸਿੰਘ ਫੜੇ ਹੋਏ ਸੀ, ਉਹ ਵੀ ਛੱਡ ਦਿੱਤੇ ਹਨ, ਉਨ੍ਹਾਂ ਨੇ।

***ਐਸੋ ਮੀਯੋ ਮੀਰ ਮੰਨੂੰ ਹਵਾਲ॥*** ਮੀਰ ਮੰਨੂੰ ਜੋ ਸਿੰਘਾਂ ਉੱਤੇ ਬੜਾ ਜ਼ੁਲਮ ਕਰਦਾ ਸੀ ਤੇ ਸਦਾ ਹੀ ਸਿੰਘਾਂ ਦਾ ਸ਼ਿਕਾਰ ਕਰਦਾ ਸੀ। ਅੱਜ ਵਾਹਿਗੁਰੂ ਸੱਚੇ ਪਾਤਸ਼ਾਹ ਨੇ ਇਸ ਨੂੰ ਸਜ਼ਾ ਦਿੱਤੀ ਹੈ ਜ਼ੁਲਮੀ ਨੂੰ, ਉਸ ਦਾ ਸ਼ਿਕਾਰ ਹੋ ਗਿਆ ਹੈ। ਮੀਰ ਮੰਨੂੰ ਬੁਰੀ ਮੌਤ ਮਰਿਆ ਹੈ।

***ਅਠਾਰਾਂ ਸੈ ਪਰ ਤੇਈਏ ਸਾਲ॥ ੨੪॥*** ਅਠਾਰ੍ਹਾਂ ਸੌ ਤੇਈ (੧੮੨੩) ਸੰਮਤ ਬਿਕ੍ਰਮੀ ਵਿਚ ਮੀਰ ਮੰਨੂੰ ਸਿੰਘਾਂ ਦਾ ਸ਼ਿਕਾਰ ਕਰਦਾ-ਕਰਦਾ ਆਪ ਮੌਤ ਦਾ ਸ਼ਿਕਾਰ ਹੋ ਗਿਆ। ੨੪।

## ਅਥ ਸਾਖੀ ਮਥਰਾ ਔ ਕੋਇਲ ਕਤਲ ਕਰੀ ਕੀ ਤੁਰੀ॥

### (ਮਥਰਾ ਲੁੱਟੀ ਤੇ ਅਲੀਗੜ੍ਹ ਦਾ ਕਿਲ੍ਹਾ ਮਾਰਿਆ)

***ਦੋਹਰਾ॥ ਏਕ ਬਰਸ ਕਾਬਲੀ ਰਹਯੋ ਮੱਧ ਰੁਹੇਲੇ ਦੇਸ਼॥*** ਅਹਿਮਦ ਸ਼ਾਹ ਅਬਦਾਲੀ ਕਾਬਲ ਦੇ ਰਹਿਣ ਵਾਲਾ ਨਜ਼ੀਬ ਖ਼ਾਂ ਰੁਹੇਲੇ ਦੇ ਦੇਸ਼ ਵਿਚ ਜਿਸ ਨੂੰ ਅੱਜ-ਕਲ੍ਹ ਰੁਹੇਲ ਖੰਡ ਕਹਿੰਦੇ ਹਨ, ਜੋ ਕਿ ਉੱਤਰ ਪ੍ਰਾਂਤ ਦਾ ਇਕ ਇਲਾਕਾ ਜਿਸ ਵਿਚ ਬਦਾਊ, ਬਿਜਨੌਰ ਅਤੇ ਬਰੇਲੀ ਦੀ ਇਲਾਕਾ, ਸ਼ਾਮਲ ਹੈ ਇਕ ਵਰ੍ਹਾਂ ਲਗਾਤਾਰ ਰਿਹਾ ਹੈ।

***ਨਵਾਬ ਸਭਨ ਪੈਸੇ ਦਏ, ਔ ਲਹੌਰ ਮੱਲੀ ਉਨ ਬੇਸ਼॥ ੧॥*** ਜਿਹੜੇ ਹੋਰ ਬੜੇ ਵੱਡੇ-ਵੱਡੇ ਨਵਾਬ ਵਸਦੇ ਸੀ ਉਸ ਇਲਾਕੇ ਵਿਚ, ਉਨ੍ਹਾਂ ਸਭ ਦੀ ਉਗਰਾਹੀ ਕੀਤੀ ਹੈ ਅਬਦਾਲੀ ਨੇ, ਉਨ੍ਹਾਂ ਨਵਾਬਾਂ ਨੇ ਬਹੁਤ ਧਨ ਦਿੱਤਾ ਹੈ ਅਤੇ ਲਹੌਰ 'ਤੇ ਵੀ ਕਬਜ਼ਾ ਕਰ ਲਿਆ ਹੈ। ੧।

***ਚੌਪਈ ॥ਜੇ ਸਭ ਉਸ ਕੀ ਕਥਾ ਕਥੱਯੈ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਉਹ ਲਗਾਤਾਰ ਸਾਲ ਭਰ ਰਿਹਾ ਹੈ ਏਥੇ, ਜੇ ਉਸ ਦੀ ਸਾਰੀ ਕਥਾ ਕਥਨ ਕਰੀਏ ਕਿ ਉਸ ਨੇ ਕੀ-ਕੀ ਕੀਤਾ ਹੈ ਹਿੰਦੋਸਤਾਨ ਵਿਚ।

***ਗ੍ਰੰਥ ਵਧੇ ਕੁਛ ਸੁਖ ਨਹਿੰ ਪੱਯੈ॥*** ਗ੍ਰੰਥ ਬਹੁਤਾ ਵਧ ਜਾਇਗਾ ਤੇ ਸੁਖ ਕੁਛ ਵੀ ਨਹੀਂ ਪ੍ਰਾਪਤ ਹੋਵੇਗਾ। ਭਾਈ ਸਾਹਿਬ

ਜੀ ਅਹਿਮਦ ਸ਼ਾਹ ਅਬਦਾਲੀ ਦਾ ਇਤਿਹਾਸ ਜੋ ਖਾਲਸੇ ਪੰਥ ਨਾਲ ਸਬੰਧਤ ਉਹ ਹੀ ਲਿਖ ਰਹੇ ਹਨ, ਭਾਵ ਉਨ੍ਹਾਂ ਨੇ ਸੂਖਮ ਹੀ ਲਿਖਿਆ। ਜੋ-ਜੋ ਜ਼ੁਲਮ ਪਠਾਣਾਂ'ਤੇ ਮੁਗਲਾਂ ਨੇ ਕੀਤੇ, ਉਹ ਸਾਰੇ ਲਿਖੇ ਨਹੀਂ ਗਏ।

***ਜੁੱਧ ਭਯੋ ਬਡ ਭਾਊ ਸਾਥ॥*** ਅਹਿਮਦ ਸ਼ਾਹ ਦਾ ਭਾਊ ਮਰਹੱਟੇ ਦੇ ਨਾਲ ਬੜਾ ਭਾਰੀ ਜੁੱਧ ਹੋਇਆ ਹੈ।

***ਉਸ ਮੈਂ ਬਹੁਤ ਬਧਤ ਹੈ ਬਾਤ॥ ੨॥*** ਉਸ ਦੇ ਵਿਚ ਬਹੁਤਾ ਪ੍ਰਸੰਗ ਵਧ ਜਾਇਗਾ। ੨।

***ਤਾਂਤੇ ਸੂਛਮ ਬਾਤ ਸੁਨਾਊਂ॥*** ਇਸ ਕਰਕੇ ਮੈਂ ਸੂਖਸ਼ਮ ਜਿਹਾ ਇਤਿਹਾਸ ਸੁਣਾਉਂਦਾ ਹਾਂ, ਜਿਨਾਂ ਕੁ ਮੈਂ ਲੋੜ ਅਨੁਸਾਰ ਠੀਕ ਸਮਝਿਆ ਹੈ।

***ਗ੍ਰੰਥ ਬਢਨ ਤੇ ਅਧਿਕ ਡਰਾਊਂ॥*** ਗ੍ਰੰਥ ਵਧਣ ਤੋਂ ਮੈਂ ਡਰਦਾ ਹਾਂ ਕਿ ਬਹੁਤਾ ਵੱਡਾ ਨਾ ਹੋ ਜਾਏ ਪ੍ਰਸੰਗ।

***ਸਭ ਤੁਰਕਨ ਯੌ ਬਾਤ ਬਨਾਈ॥*** ਸਭ ਤੁਰਕਾਂ ਨੇ ਇਕੱਠੇ ਹੋ ਕੇ ਇਉਂ ਮਸ਼ਵਰਾ ਕੀਤਾ ਹੈ।

***ਹਿੰਦੂ ਮਰਹਟੇ ਸਭ ਦਏ ਗਵਾਈ॥ ੩॥*** ਹਿੰਦੂ ਮਰਹੱਟਿਆਂ ਸਭ ਨੂੰ ਮਾਰ ਮੁਕਾਈਏ। ੩।

***ਨਵਾਬ ਬਜੀਰਨ ਫੌਜ ਮੰਗਾਈ॥*** ਨਵਾਬ ਨੇ ਸਾਰੇ ਵਜ਼ੀਰਾਂ ਦੀ ਫ਼ੌਜ ਮੰਗਾ ਲਈ ਹੈ ਇਕੱਠੀ ਕਰਕੇ।

***ਹਿੰਦੂਅਨ ਊਪਰ ਦੌੜ ਕਰਾਈ॥*** ਹਿੰਦੂਆਂ ਉੱਤੇ ਕਤਲਾਮ ਸ਼ੁਰੂ ਕਰ ਦਿੱਤੀ ਹੈ।

***ਮਥਰਾ ਮਾਰ ਬੰਦੀ ਬਹੁ ਕਰੀ॥*** ਮਥਰਾ ਨੂੰ ਮਾਰ ਕੇ ਬਹੁਤ ਸਾਰੇ ਹਿੰਦੂਆਂ ਨੂੰ ਬੰਦੀ ਬਣਾ ਲਿਆ ਹੈ।

***ਬਚਯੋ ਸੋਊ ਜੋ ਰਹਯੋ ਨ ਘਰੀ॥ ੪॥*** ਜਿਹੜਾ ਕੋਈ ਆਪਣੇ ਘਰ ਨਹੀਂ, ਜੰਗਲਾਂ ਨੂੰ ਭੱਜ ਗਿਆ ਹੈ, ਉਹੀ ਬਚਿਆ ਹੈ, ਜਿਹੜਾ ਆਪਣੇ ਘਰੀਂ ਰਿਹਾ ਹੈ, ਉਸ ਨੂੰ ਜਾਂ ਤਾਂ ਮਾਰ ਦਿੱਤਾ ਜਾ ਗ੍ਰਿਫ਼ਤਾਰ ਕਰ ਲਿਆ। ੪।

***ਦੋਹਰਾ॥ਸੋ ਬਚਿਓ ਜੋ ਭਜ ਗਯੋ ਭਰਤ ਪੁਰੇ ਕੇ ਪਾਹਿ॥*** ਜੋ ਭਰਤਪੁਰ ਨੂੰ ਭੱਜ ਗਿਆ ਹੈ, ਭਰਤਪੁਰ ਜਾਟਾਂ ਦੀ ਰਿਆਸਤ ਸੀ, ਉਹ ਤਾਂ ਬਚ ਗਿਆ ਹੈ, ਜਿਹੜਾ ਭੱਜ ਕੇ ਭਰਤਪੁਰ ਨਹੀਂ ਗਿਆ, ਉਹ ਸਾਰੇ ਦੇ ਸਾਰੇ ਮਾਰੇ ਗਏ ਸਨ।

***ਮਗਰ ਗਈ ਫੌਜ ਤੁਰਕ ਕੀ, ਮਾਰ ਤੋਪਨ ਦਈ ਹਟਾਇ॥ ੫॥*** ਜਿਹੜੇ ਭਰਤਪੁਰ ਨੂੰ ਚਲੇ ਗਏ ਭੱਜ ਕੇ, ਉਹਨਾਂ ਦੇ ਮਗਰੇ ਹੀ ਤੁਰਕਾਂ ਤੇ ਪਠਾਣਾਂ ਦੀ ਫ਼ੌਜ ਗਈ ਹੈ। ਉਸ ਨੇ ਤੋਪਾਂ ਦੇ ਗੋਲਿਆਂ ਦਾ ਮੀਂਹ ਵਰਸ਼ਾ ਕੇ ਮੁਗਲਾਂ, ਪਠਾਣਾਂ ਦੇ ਮੂੰਹ ਮੋੜ ਦਿੱਤੇ ਅਤੇ ਅੱਗੇ ਨਾ ਵਧਣ ਦਿੱਤੇ। ੫।

***ਚੌਪਈ॥ਮਥਰਾ ਡੇਰਾ ਗਿਲਜਨ ਪਾਯਾ॥*** ਗਿਲਜਿਆਂ ਨੇ ਆਪਣਾ ਡੇਰਾ ਮਥਰਾ ਸ਼ਹਿਰ ਵਿਚ ਪਾ ਲਿਆ ਹੈ।

***ਭਰਤ ਪੁਰੇ ਤੇ ਮਾਰ ਹਟਾਯਾ॥*** ਭਰਤਪੁਰ ਵਿਚ ਤਾਂ ਇਹਨਾਂ ਨੂੰ ਵੜਨ ਨਾ ਦਿੱਤਾ, ਉਨ੍ਹਾਂ ਜਾਟਾਂ ਦਾ ਬੜਾ ਭਾਰੀ ਕਿਲ੍ਹਾ ਸੀ, ਓਥੇ ਤੋਪਖ਼ਾਨਾ ਸੀ ਬੜਾ ਭਾਰੀ, ਮਾਰ ਕੇ ਉਨ੍ਹਾਂ ਨੇ ਗਿਲਜਿਆਂ ਨੂੰ ਭਜਾ ਦਿੱਤਾ। ਹੁਣ ਗਿਲਜੇ ਮਥਰਾ ਜਾ ਉੱਤਰੇ ਹਨ।

***ਤੋਪਖਾਨੇ ਕੀ ਸ਼ਲਕ ਸੁਨਈ॥*** ਤੋਪਖ਼ਾਨੇ ਦੇ ਗੋਲ੍ਹਿਆਂ ਦੀ ਸ਼ਲਕ ਸੁਣ ਕੇ।

***ਮੁਗਲ ਪਠਾਣ ਸੁ ਅਕਲ ਗਵਈ॥ ੬॥*** ਉਨ੍ਹਾਂ ਮੁਗਲ ਪਠਾਣਾਂ ਦੀ ਅਕਲ ਜਾਂਦੀ ਰਹੀ, ਕੋਈ ਪੇਸ਼ ਨਾ ਗਈ ਉਥੇ ਉਨ੍ਹਾਂ ਦੀ। ੬।

***ਡੀਕ ਮਾਹਿ ਬਹੁਤੇ ਜਦ ਵਰੇ॥*** (ਡੀਕ) ਭਰਤਪੁਰ ਦਾ ਇਕ ਇਲਾਕਾ ਜੋ ਭਰਤਪੁਰ ਤੇ ਮਥਰਾ ਦੇ ਵਿਚਕਾਰ ਹੈ, ਉਥੇ ਬਹੁਤ ਜੱਟ ਵੜ ਗਏ ਸਨ।

***ਮਰਹਟੇ ਝੁਨਕੂ ਘੁਮੇਰਹਿ ਅੜੇ॥*** ਝੁਨਕੂ ਮਰਹੱਟਾ ਘੁਮੇਰਹਿ ਦੇ ਕਿਲ੍ਹੇ ਵਿਚ ਜਾ ਅੜਿਆ ਹੈ।

***ਔਰ ਹੁਤੋ ਇਕ ਗੜ੍ਹ ਵਡ ਭਾਰੀ॥*** ਇਕ ਬੜਾ ਵੱਡਾ ਭਾਰੀ ਕਿਲ੍ਹਾ ਹੋਰ ਸੀ ਇਕ।

***ਜਿਸ ਪਰ ਜਟ ਉਮੈਦ ਬਹੁ ਸਾਰੀ॥ ੭॥*** ਜਿਸ ਦੇ ਵਿਚ ਬੜੀ ਸਕਤੀ ਸੀ ਬੜੀ ਭਾਰੀ, ਜਿਸ ਦੇ ਉਤੇ ਜੱਟਾਂ ਨੂੰ ਉਮੀਦ ਸੀ ਬੜੀ ਭਾਰੀ ਕਿ ਭਾਵੇਂ ਅਬਦਾਲੀ ਆ ਜਾਏ, ਤਾਂ ਵੀ ਇਹ ਕਿਲ੍ਹਾ ਨਹੀਂ ਟੁੱਟਣਾ। ੭।

***ਜੱਟ ਫੌਜ ਨਿਜ ਖਾਸੀ ਭਰੀ॥*** ਜਾਟ ਨੇ ਉਸ ਕਿਲ੍ਹੇ ਵਿਚ ਕਾਫੀ ਗਿਣਤੀ ਵਿਚ ਆਪਣੀ ਫ਼ੌਜ ਭਰੀ ਹੋਈ ਸੀ।

***ਤੋਪ ਜੰਬੂਰੇ ਬਹੁ ਜੰਜਾਇਲ ਵਰੀ॥*** ਕਿਲ੍ਹਾ ਨਿੱਕੀ ਇੱਟ ਦਾ ਪੱਕਾ ਸੀ, ਉਸ ਦੇ ਵਿਚ ਵੱਡੀਆਂ ਤੋਪਾਂ, ਛੋਟੀਆਂ ਤੋਪਾਂ, ਅਤੇ ਲੰਬੀ ਨਾਲੀ ਵਾਲੀਆਂ ਬੰਦੂਕਾਂ ਬਹੁਤ ਗਿਣਤੀ ਵਿਚ ਤਿਆਰ ਕਰ ਰਖੀਆਂ ਸਨ, ਗੋਲੇ ਬਰੂਦ ਨਾਲ ।

***ਖਾਈ ਕੰਧ ਕੀ ਬੇਸ਼ ਬਨਾਈ॥*** ਉਸ ਕਿਲ੍ਹੇ ਚੁਫੇਰੇ ਬਹੁਤੀ ਡੂੰਘੀ ਖਾਈ ਪਾਣੀ ਦੀ ਭਰੀ ਹੋਈ ਤੇ ਚੰਗੀਆਂ ਮਜਬੂਤ ਉੱਚੀਆਂ ਕੰਧਾਂ ਬਣਾਈਆਂ ਹੋਈਆਂ ਸਨ।

***ਸੁਰੰਗ ਹੱਲੇ ਕੀ ਭੈ ਨਹਿ ਕਾਈ॥ ੮॥*** ਨਾ ਤਾਂ ਏਸ ਕਿਲ੍ਹੇ ਦੇ ਹੇਠਾਂ ਦੀ ਸੁਰੰਗ ਹੀ ਲੱਗ ਸਕਦੀ ਸੀ ਅਤੇ ਨਾ ਹੀ ਕਿਸੇ ਹੱਲੇ ਦਾ ਡਰ ਸੀ। ੮।

***ਦੋਹਰਾ॥ਤੋਪਨ ਕੰਧ ਸੁ ਨਹਿਂ ਢਹੈ ਨਹਿਂ ਸੁਰੰਗਹਿ ਹੋਇ ਲਗਾਇ॥*** ਨਾ ਤਾਂ ਕਿਲ੍ਹੇ ਦੇ ਹੇਠਾਂ ਦੀ ਸੁਰੰਗ ਲੱਗ ਸਕਦੀ ਸੀ ਕਿ ਸੁਰੰਗ ਪੁੱਟ ਕੇ ਕਿਲ੍ਹੇ ਦੇ ਵਿਚ ਜਾ ਨਿਕਲਣ, ਤੋਪਾਂ ਵੀ ਕੰਧਾਂ ਨੂੰ ਢਾਹ ਨਹੀਂ ਸੀ ਸਕਦੀਆਂ, ਬੜੀਆਂ ਮਜ਼ਬੂਤ ਸੀ ਕੰਧਾਂ।

***ਹੱਲੋ ਕਿਛੁ ਤਿਸ ਨ ਕਰੈ ਖਰਚ ਬਹੁਤ ਦਯੋ ਪਾਇ॥ ੯॥*** ਏਸ ਕਰਕੇ ਏਸ ਨੂੰ ਕੋਈ ਖ਼ਤਰਾ ਨਹੀਂ ਸੀ, ਇਸ ਕਿਲ੍ਹੇ ਵਿਚ ਖ਼ਰਚ ਬਹੁਤ ਪਾਇਆ ਹੋਇਆ ਸੀ, ਬਾਰ੍ਹਾਂ ਵਰ੍ਹੇ ਦਾ ਖ਼ਰਚ ਸੀ। ਜੇ ਬਾਰਾਂ ਸਾਲ ਲੜਾਈ ਲੱਗੀ ਰਹੇ, ਤਾਂ ਅੰਦਰੋਂ ਅੰਨ-ਦਾਨਾ ਪਾਣੀ ਮੁਕ ਨਹੀਂ ਸੀ ਸਕਦਾ। ੯।

***ਚੌਪਈ॥ਕੋਇਲ ਕੋ ਉਹ ਗੜ੍ਹਾ ਕਹਾਵੈਂ॥*** ਉਹ ਕਿਲ੍ਹਾ ਕੋਇਲ ਦਾ ਕਿਲ੍ਹਾ ਕਹਾਉਂਦਾ ਸੀ।

***ਹਿੰਦੂ ਰਾਮਗੜ੍ਹ ਉਸੇ ਸੁਨਾਵੈਂ॥*** ਹਿੰਦੂ ਲੋਕ ਉਸ ਨੂੰ ਰਾਮਗੜ੍ਹ ਦੇ ਕਿਲ੍ਹੇ ਦੇ ਨਾਮ ਨਾਲ ਪੁਕਾਰਦੇ ਸਨ।

***ਮੁਸਲੇ ਨਾਮ ਅਲੀਗੜ੍ਹ ਕਹਿ ਹੀਂ॥*** ਮੁਸਲੇ ਉਸ ਕਿਲ੍ਹੇ ਦਾ ਨਾਮ ਅਲੀਗੜ੍ਹ ਕਹਿੰਦੇ ਹਨ।

***ਬਰਸ ਬਾਰਾਂ ਕੋ ਖਰਚ ਤਿਹ ਮਾਂਹੀ॥ ੧੦॥*** ਬਾਰਾਂ ਸਾਲਾਂ ਦਾ ਖ਼ਰਚ ਜਮ੍ਹਾ ਸੀ, ਉਸ ਕਿਲ੍ਹੇ ਦੇ ਅੰਦਰ। ੧੦।

***ਬਹੁ ਗੁਮਰਾਹੀ ਜਟਨ ਮਨ ਰਹੈ॥*** ਬੜਾ ਹੰਕਾਰ ਰਹਿੰਦਾ ਸੀ ਜੱਟਾਂ ਦੇ ਮਨ ਵਿਚ, ਕਿ ਇਹ ਕਿਲ੍ਹਾ ਸਾਡਾ ਬੜਾ ਜ਼ਸਬਰਦਸਤ ਹੈ, ਇਸ ਨੂੰ ਕੋਈ ਨਹੀਂ ਫਤ੍ਹੇ ਕਰ ਸਕਦਾ।

***ਜਾਤ ਬਨਜਾਰੋ ਫੌਜਨ ਕਹੈਂ॥*** ਜਦੋਂ ਕਦੇ ਕੋਈ ਫ਼ੌਜਦਾਰ ਉਸ ਕਿਲ੍ਹੇ ਕੋਲ ਦੀ ਆਪਣੀ ਫ਼ੌਜ ਲੈ ਕੇ ਲੰਘਦਾ, ਤਾਂ ਉਸ ਦੀਆਂ ਫ਼ੌਜਾਂ ਨੂੰ ਇਹ ਕਿਲ੍ਹੇ ਵਾਲੇ ਮਜ਼ਾਕ ਵਿਚ ਕਹਿੰਦੇ 'ਬਨਜਾਰੇ ਜਾ ਰਹੇ ਹਨ, ਭਾਵ ਵਣਜਾਰੇ ਹਨ ਚੂੜੀਆਂ ਵੇਚਣ ਵਾਲੇ।

***ਮਧ ਧੌਂਸ ਉਨ ਦਈ ਬਜਾਈ॥*** ਕਿਲ੍ਹੇ ਵਾਲਿਆਂ ਨੇ ਕਿਲ੍ਹੇ ਵਿਚ ਨਗਾਰਾ ਵਜਾ ਦਿੱਤਾ।

***ਅਹਮਦ ਸ਼ਾਹ ਸੋਊ ਸੁਨ ਪਈ॥ ੧੧॥*** ਅਹਿਮਦ ਸ਼ਾਹ ਅਬਦਾਲੀ ਜੋ ਕਿਲ੍ਹੇ ਦੇ ਕੋਲ ਦੀ ਆਪਣੀਆਂ ਫ਼ੌਜਾਂ ਸਮੇਤ ਲੰਘ ਰਿਹਾ ਸੀ, ਉਸ ਨੇ ਉਸ ਨਗਾਰੇ ਦੀ ਅਵਾਜ਼ ਆਪਣੇ ਕੰਨੀਂ ਸੁਣੀ। ੧੧।

***ਰਹਯੋ ਰੁਹੇਲੇ ਉਸੇ ਟਲਾਈ॥*** ਨਜ਼ੀਬ ਖ਼ਾਂ ਰੁਹੇਲਾ ਅਹਿਮਦ ਸ਼ਾਹ ਅਬਦਾਲੀ ਨੂੰ ਟਾਲਦਾ ਰਿਹਾ ਕਿ ਟਲ ਜਾਵੇ ਕਿਸੇ ਤਰ੍ਹਾਂ।

***ਮਤ ਈਹਾਂ ਰਹੈ ਸੁ ਸ਼ਾਹੁ ਫਸਾਈ॥*** ਮਤਾਂ ਅਹਿਮਦ ਸ਼ਾਹ ਅਬਦਾਲੀ ਸਾਨੂੰ ਏਥੇ ਹੀ ਫਸਾ ਕੇ ਬੈਠਾ ਰਹੇ, ਕਿਉਂਕਿ ਏਥੇ ਲੜਾਈ ਲੰਬੀ ਹੋ ਜਾਣੀ, ਬਾਰ੍ਹਾਂ ਸਾਲਾਂ ਤੱਕ ਇਹ ਕਿਲ੍ਹਾ ਟੁੱਟਣਾ ਨਹੀਂ ਹੈ, ਇਸ ਕਰਕੇ ਨਜ਼ੀਬ ਖ਼ਾਂ ਰੁਹੇਲਾ ਟਾਲਦਾ ਸੀ ਅਹਿਮਦ ਸ਼ਾਹ ਨੂੰ ਕਿ ਸਾਡਾ ਨੁਕਸਾਨ ਜ਼ਿਆਦਾ ਹੋ ਜਾਏਗਾ।

***ਕਿਲ੍ਹਾ ਤੁਟੈ ਨਹਿਂ ਬਾਰੈ ਬਰਸ ਤਾਈਂ॥*** ਬਾਰਾਂ ਸਾਲ ਤੱਕ ਇਹ ਕਿਲ੍ਹਾ ਟੁੱਟ ਹੀ ਨਹੀਂ ਸਕਦਾ, ਏਨਾ ਖ਼ਰਚ ਦਾਰੂ-ਸਿੱਕਾ ਸਭ ਜਮ੍ਹਾਂ ਸੀ।

***ਔਰ ਕਾਮ ਹਮ ਪਿਛੈ ਸਭ ਪਾਈ॥੧੨॥*** ਹੋਰ ਕੰਮ ਸਾਡੇ ਸਾਰੇ ਪਿੱਛੇ ਪੈ ਜਾਣਗੇ, ਬਾਰਾਂ ਸਾਲਾਂ ਤੱਕ ਦੁਸ਼ਮਣ ਖਵਰੇ ਕਿਤਨਾ ਤਕੜਾ ਹੋ ਜਾਵੇ। ਏਸ ਕਰਕੇ ਇਹ ਸਿਆਣੇ ਬੰਦੇ ਸੋਚਦੇ ਸੀ, ਜੇ ਏਥੇ ਲੜਾਈ ਪੈ ਗਈ, ਤਾਂ ਏਥੇ ਜੋਗੇ ਰਹਿ ਜਾਵਾਗੇ, ਖਵਰੇ ਮੁੜਾਂਗੇ ਕਿ ਨਹੀਂ ਵਾਪਸ। ੧੨।

***ਔਰ ਕਾਮ ਜਹਿਂ ਹਮਰੇ ਡੂਬ॥*** ਸਾਡੇ ਹੋਰ ਕੰਮ ਸਭ ਡੁੱਬ ਜਾਣਗੇ, ਸਾਰੇ ਕੰਮ ਰਹਿ ਜਾਣਗੇ ਵਿੱਚੇ ਹੀ।

***ਕਿਲੈ ਪਿਲਚਨ ਨਹੀਂ ਸ਼ਾਹੈ ਖੂਬ॥*** ਕਿਲ੍ਹੇ 'ਤੇ ਹੱਲਾ ਕਰਨ ਦਾ ਕੋਈ ਰਸਤਾ ਹੀ ਨਹੀਂ ਹੈ, ਬਾਦਸ਼ਾਹ ਨੂੰ ਕੋਈ ਢੰਗ ਨਹੀਂ ਲੱਭਣਾ ਜਿਹੜਾ ਕਿਲ੍ਹਾ ਕਿਸੇ ਸੌਖੇ ਦਾਅ ਟੁੱਟ ਜਾਵੇ।

***ਨਜੀਬਾ ਕਹੈ, 'ਇਹੁ ਫਕੀਰ ਬਜਾਯਾ'॥*** ਅਹਿਮਦ ਸ਼ਾਹ ਨੇ ਪੁਛਿਆ, 'ਆਹ ਨਗਾਰਾ ਕਿਸ ਨੇ ਬਜਾਇਆ ਹੈ?' ਕਿਉਂਕਿ ਨਗਾਰਾ ਬਜਾਉਣ ਦੀ ਨਿਸ਼ਾਨੀ ਹੁੰਦੀ ਕਿ 'ਅਸੀਂ ਆਕੀ ਓਇ! ਸਾਡੇ ਨਾਲ ਦੋ ਹੱਥ ਕਰ ਕੇ ਵੇਖ ਲੈ', ਨਜ਼ੀਬ ਖ਼ਾਂ ਰੁਹੇਲਾ ਕਹਿਣ ਲੱਗਾ, 'ਜੀ ਫਕੀਰ ਰਹਿੰਦੇ ਨੇ, ਏਥੇ ਉਨ੍ਹਾਂ ਦਾ ਡੇਰਾ ਹੈ ਫਕੀਰਾਂ ਨੇ ਵਜਾਇਆ ਹੈ ਨਗਾਰਾ'।

***ਇਕ ਦਿਨ ਇਮ ਕਰ ਸ਼ਾਹੁ ਟਲਾਯਾ॥ ੧੩॥*** ਇਕ ਦਿਨ ਤਾਂ ਇਸ ਤਰ੍ਹਾਂ ਅਹਮਦ ਸ਼ਾਹ ਨੂੰ ਟਾਲ ਦਿੱਤਾ ਹੈ। ੧੩।

***ਮੌਤ ਜਟਨ ਕੀ ਨੇੜੈ ਆਈ॥*** ਉਨ੍ਹਾਂ ਕਿਲ੍ਹੇ ਵਾਲੇ ਜਾਟਾਂ ਦੀ ਮੌਤ ਨੇੜੇ ਆ ਗਈ ਹੈ। ਏਨੀ ਭਾਰੀ ਫ਼ੌਜ ਤਿੰਨ ਲੱਖ ਦੀ ਗਿਣਤੀ ਵਿਚ ਲੈ ਕੇ ਲੰਘ ਰਿਹਾ ਹੈ ਅਹਿਮਦ ਸ਼ਾਹ ਅਬਦਾਲੀ ਤੇ ਉਹਨਾਂ ਨੇ ਨਗਾਰਾ ਵਜਾਉਂਣਾ ਸ਼ੁਰੂ ਕਰ ਦਿੱਤਾ, ਭਾਵ ਮਖੌਲ ਕੀਤਾ ਕਿ ਵਣਜਾਰੇ ਜਾ ਰਹੇ ਹਨ।

***ਜੱਟ ਨ ਟਲੈ ਸੁ ਜਾਹਿਂ ਬਜਾਈ॥*** ਜੱਟ ਟਲਦੇ ਨਹੀਂ ਹਨ, ਹੰਕਾਰ ਹੋਇਆ ਹੈ ਉਨ੍ਹਾਂ ਨੂੰ, ਕੌਣ ਕਹੇ ਜਾ ਕੇ? ਉਹ ਨਗਾਰਾ ਬਜਾਈ ਹੀ ਤੁਰੇ ਜਾਂਦੇ ਸਨ।

***ਫਿਰ ਸੁਨਯੋ ਸ਼ਾਹਿ ਮਨ ਕਰਯੋ ਕ੍ਰੋਧ॥*** ਜਦੋ ਅਹਿਮਦ ਸ਼ਾਹ ਨੇ ਫਿਰ ਨਗਾਰਾ ਸੁਣਿਆਂ, ਤਾਂ ਉਸ ਨੇ ਮਨ ਵਿਚ ਬੜਾ ਕਰੋਧ ਕੀਤਾ।

***ਅਗੈ ਨ ਜਾਵੈਂ ਇਨ ਬਿਨ ਸੋਧ॥ ੧੪॥*** 'ਇਨ੍ਹਾਂ ਨੂੰ ਸੋਧੇ ਤੋਂ ਬਿਨਾਂ ਮੈਂ ਅੱਗੇ ਨਹੀਂ ਜਾਵਾਂਗਾ' ਅਬਦਾਲੀ ਨੇ ਕਿਹਾ। ੧੪।

***ਨ੍ਵਾਬ ਕਹੈ, ਇਹੁ ਕਰਤ ਬਧਾਈ॥*** ਨਵਾਬ ਨਜ਼ੀਬ ਖ਼ਾਂ ਕਹਿਣ ਲੱਗਾ ਇਹ ਵਧਾਈ ਕਰਦੇ ਨੇ, ਹੇ ਪਾਤਸ਼ਾਹ ! ਤੇਰੇ ਲੰਘਣ ਦੀ ਖੁਸ਼ੀ ਵਿਚ ਨਗਾਰੇ ਵਜਾਉਂਦੇ ਹਨ।

***ਤੁਮਰੋ ਹੁਕਮ ਭਯੋ ਈਹਾਂ ਆਈ॥*** ਤੁਹਾਡਾ ਹੁਕਮ ਏਥੇ ਲਾਗੂ ਹੋ ਗਿਆ ਹੈ, ਤੁਹਾਡਾ ਤਹਿਤ ਬੈਠ ਗਿਆ ਹੈ, ਏਸ ਕਰਕੇ ਇਹ ਫਕੀਰ ਲੋਕ ਖੁਸ਼ੀ ਮਨਾਉਂਦੇ ਹਨ ਕਿ ਪਾਤਸ਼ਾਹ ਲੰਘ ਰਿਹਾ ਹੈ।

***ਸ਼ਾਹੁ ਕਹੈ, ਮੈਂ ਮੰਨੋਂ ਨ ਬਾਤ॥*** ਅਹਿਮਦ ਸ਼ਾਹ ਕਹਿੰਦਾ 'ਮੈਂ ਨਹੀਂ ਗੱਲ ਮੰਨਦਾ, ਇਕ ਵੇਰਾਂ ਹੋਇਆ, ਦੋ ਵੇਰਾਂ ਹੋਇਆ, ਇਹ ਘੜੀ-ਘੜੀ ਵਜਾਈ ਤੁਰੇ ਜਾਂਦੇ ਹਨ ਨਗਾਰਾ'।

***ਬਿਨ ਮਾਰੇ ਮੈਂ ਅਗੈ ਨ ਜਾਤ॥ ੧੫॥*** ਮੈਂ ਇਹਨਾਂ ਨੂੰ ਮਾਰੇ ਬਿਨਾ ਅੱਗੇ ਹੀ ਨਹੀਂ ਜਾਂਦਾ ਹਾਂ, ਅਬਦਾਲੀ ਨੇ ਕਿਹਾ। ੧੫।

***ਹਮ ਕੋ ਤੋ ਇਹ ਮਜਾਖਨ ਕਰੈਂ॥*** ਸਾਨੂੰ ਤਾਂ ਇਹ ਮਖੌਲ ਕਰਦੇ ਹਨ, ਕਿਲ੍ਹੇ ਦੇ ਅੰਦਰ ਬੈਠੇ।

***ਹਮ ਦੇਵੈਂ ਉਸ ਬਦਲੈ ਸਰੈਂ॥*** ਉਸ ਮਾਲਕ ਦਾ ਬਦਲਾ ਦਿੱਤੇ ਤੋਂ ਬਗੈਰ ਮੈਨੂੰ ਨਹੀਂ ਸਰਦਾ ਹੈ।

***ਤਬੈ ਰੁਹੇਲੇ ਖੋਲ੍ਹ ਸੁਨਾਈ॥*** ਤਦ ਰੁਹੇਲੇ ਨਵਾਬ ਨਜ਼ੀਬ ਖ਼ਾਂ ਨੇ ਖੋਲ੍ਹ ਕੇ ਸੁਣਾ ਦਿੱਤਾ ਹੈ ਸਾਰਾ ਕਿੱਸਾ ਕਿ ਇਹ ਕੌਣ ਹਨ? ਏਥੇ ਕਿਉਂ ਨਗਾਰਾ ਵਜਦਾ ਹੈ?

***ਹਮ ਤੇ ਇਹੁ ਗੜ੍ਹ ਮਾਰਯੋ ਨ ਜਾਈ॥ ੧੬॥*** ਕਹਿਣ ਲੱਗਾ ਬਾਦਸ਼ਾਹ ਇਹ ਕਿਲ੍ਹਾ ਹੈ, ਇਹ ਜਾਟ ਆਕੀ ਹਨ ਇਸ ਕਿਲ੍ਹੇ ਵਿਚ, ਮੈਂ ਏਸ ਕਰ ਟਾਲਦਾ ਸੀ ਕਿ ਇਹ ਗੱਲ ਟਲ ਜਾਵੇ, ਹੋਰ ਸਾਡਾ ਨੁਕਸਾਨ ਹੋ ਜਾਇਗਾ, ਹੋਰ ਕੰਮ ਸਾਡੇ ਪਿੱਛੇ ਪੈ ਜਾਣਗੇ, ਸਾਥੋਂ ਇਹ ਕਿਲ੍ਹਾ ਮਾਰਿਆ ਨਹੀਂ ਜਾਣਾ ਹੈ। ੧੬।

***ਦੋਹਰਾ॥ਬਹੁਤ ਖਰਚ ਯਾ ਮਾਂਹਿ ਹੈ ਸਿਪਾਹਿ ਸੁ ਕਈ ਹਜ਼ਾਰ॥*** ਏ ਕਿਲ੍ਹੇ ਵਿਚ ਖ਼ਰਚ ਬੜਾ ਜਮ੍ਹਾਂ ਹੈ, ਬਹੁਤ ਰਾਸ਼ਨ ਪਾਣੀ, ਬਰੂਦ-ਸਿੱਕਾ ਜਮ੍ਹਾਂ ਹੈ, ਕਈ ਹਜ਼ਾਰ ਸਿਪਾਹੀ ਇਸ ਦੇ ਵਿਚ ਜਮ੍ਹਾਂ ਹੈ।

***ਬਰਸ ਬਾਰਾਂ ਲੌ ਫਸ ਰਹੈਂ ਤੌਂ ਫਿਰ ਹੋ ਹੈ ਮਾਰ॥ ੧੭॥*** ਬਾਰਾ ਸਾਲ ਲਗਾਤਾਰ ਲੜਾਈ ਲੱਗ ਕੇ ਫਿਰ ਤਾਂ ਭਾਵੇਂ ਕਿਲ੍ਹਾ ਟੁੱਟ ਜਾਵੇ, ਉਹਨਾਂ ਦਾ ਖ਼ਰਚ ਮੁੱਕ ਜਾਏ ਅੰਦਰੋਂ। ੧੭।

***ਚੌਪਈ॥ਯੌ ਸੁਨ ਸ਼ਾਹਿ ਸੁ ਗੁੱਸੌ ਖਾਯੌ॥*** ਇਉਂ ਸੁਣ ਕੇ ਅਹਿਮਦ ਸ਼ਾਹ ਨੂੰ ਹੋਰ ਗੁੱਸਾ ਚੜ੍ਹਿਆ ਕਿ 'ਤੁਸੀਂ ਮੇਰੇ ਕੋਲ ਝੂਠ ਬੋਲਦੇ ਰਹੇ ਹੋ, ਧੋਖਾ ਕਰਦੇ ਹੋ ਮੇਰੇ ਨਾਲ, ਅਬਦਾਲੀ ਨੇ ਗੁੱਸੇ ਵਿਚ ਆ ਕੇ ਕਿਹਾ।

***ਹਿੰਦੁਸਤਾਨ ਮੈਂ ਕਾਹੇ ਆਯੌ॥*** ਮੈਂ ਹਿੰਦੋਸਤਾਨ ਵਿਚ ਲੜਨ ਵਾਸਤੇ ਕਿ ਜਾਂ ਏਥੇ ਵਪਾਰ ਕਰਨ ਆਇਆਂ ਕੋਈ? 'ਮੈਂ ਹਿੰਦੋਸਤਾਨ ਵਿਚ ਕਿਸ ਵਾਸਤੇ ਆਇਆ ਹਾਂ? ਮੈਂ ਕਿਲ੍ਹੇ ਤੋੜਨ ਵਾਸਤੇ ਹੀ ਤਾਂ ਆਇਆ ਹਾਂ'।

***ਜੌ ਹਮ ਪੈ ਨਹੀਂ ਏਤੀ ਸ਼ਕਤ॥*** ਜੇ ਮੇਰੇ ਵਿਚ ਇਤਨੀ ਵੀ ਸ਼ਕਤੀ ਨਹੀਂ ਹੈ, ਜੇ ਮੈਂ ਕਿਲ੍ਹਾ ਵੀ ਨਹੀਂ ਫਤ੍ਹੇ ਕਰ ਸਕਦਾ, ਤਾਂ ਬਾਕੀ ਦਾ ਹਿੰਦੋਸਤਾਨ ਮੈਂ ਕਿਵੇਂ ਫਤ੍ਹੇ ਕਰਾਂਗਾ

***ਹੁਇ ਪਤਿਸ਼ਾਹਿ ਹਮ ਤੇ ਕਦ ਤਕ॥ ੧੮॥*** ਫਿਰ ਮੈਂ ਕਦੋਂ ਤੱਕ ਪਾਤਸ਼ਾਹੀ ਕਰ ਸਕਦਾ ਹਾਂ। ੧੮।

***ਗੜ੍ਹ ਮਾਰਨ ਗਤ ਬਿਦਯਾ ਨ ਜਾਨੇ॥*** ਜਿਹੜਾ ਬਾਦਸ਼ਾਹ ਕਿਲ੍ਹੇ ਮਾਰਨ ਦੀ ਵਿੱਦਿਆ ਹੀ ਨਹੀਂ ਜਾਣਦਾ, ਉਸ ਨੂੰ ਤਾਂ ਤਰੀਕਾ ਹੀ ਨਹੀਂ ਆਉਂਦਾ ਕਿਲ੍ਹਾ ਫਤ੍ਹੇ ਕਰਨ ਦਾ।

***ਕਿਮ ਹਮ ਰਾਖੈਂ ਬ੍ਰਿਧ ਸਯਾਨੇ॥*** ਜਿਹੜੇ ਬਜ਼ੁਰਗ ਸਿਆਣੇ ਕਿਲ੍ਹੇ ਫਤ੍ਹੇ ਕਰਨ ਵਾਲੇ ਢੰਗ ਤਰੀਕੇ ਜਾਣਦੇ ਸਨ, ਉਹ ਮੈਂ ਕਿਉਂ ਰੱਖੇ ਹਨ? ਏਸੇ ਕਰਕੇ ਤਾਂ ਉਹ ਰੱਖੇ ਸਨ।

***ਗੜ੍ਹ ਮਾਰਨ ਸ਼ਕਤਿ ਕਿਤਾਬ ਮੰਗਾਈ॥*** ਅਬਦਾਲੀ ਨੇ ਕਿਲ੍ਹੇ ਫਤ੍ਹੇ ਕਰਨ ਵਾਲੀ ਕਿਤਾਬ ਮੰਗਾ ਲਈ ਹੈ, ਜਿਸ ਦੇ ਵਿਚ ਕਿਲ੍ਹੇ ਫਤ੍ਹੇ ਕਰਨ ਦੀ ਸ਼ਕਤੀ ਸੀ, ਢੰਗ ਤਰੀਕੇ ਸਨ।

***ਗੜ੍ਹ ਕੀ ਨਕਲ ਸਭ ਲਈ ਲਿਖਾਈ॥ ੧੯॥*** ਉਸ ਕਿਲ੍ਹੇ ਦੀ ਸਾਰੀ ਨਕਲ ਲਿਖਵਾ ਲਈ ਹੈ ਕਿ ਏਸ ਕਿਲ੍ਹੇ ਦੇ ਕਿੰਨੇ ਦਰਵਾਜ਼ੇ ਹਨ, ਕੰਧਾਂ ਕਿੰਨੀਆਂ ਉੱਚੀਆਂ ਹਨ, ਖਾਈ ਕਿਲ੍ਹੇ ਦੇ ਬਾਹਰਲੀ ਕਿੰਨੀ ਡੂੰਘੀ ਹੈ, ਕਿੰਨੇ ਬੁਰਜ਼ ਹਨ ਉੱਤੇ, ਅਸਲਾ ਆਦਿਕ ਇਸ ਦੇ ਵਿਚ ਕਿੰਨਾਂ ਹੈ, ਇਸ ਤਰ੍ਹਾਂ ਨਕਲ ਤਿਆਰ ਕਰਵਾਈ ਹੈ, ਕਿਲ੍ਹੇ ਦੀ। ੧੯।

***ਦੋਨੌਂ ਕੀ ਉਨ ਜੁਗਤ ਰਲਾਇ॥*** ਉਸ ਨੇ ਆਪ ਦੀ ਕਿਤਾਬ ਵਿੱਚੋਂ ਕਿਲ੍ਹਾ ਕੱਢਿਆ ਹੈ, ਉਹੋ ਜਿਹਾ ਕਿਉਂਕਿ ਕਿਲ੍ਹਿਆਂ ਦੇ ਨਕਸ਼ੇ ਹੁੰਦੇ ਹਨ ਉਹੋ ਜਿਹੇ, ਉਹ ਉਨ੍ਹਾਂ ਢੰਗਾਂ ਦੇ ਬਣੇ ਹੋਏ ਹੁੰਦੇ ਹਨ। ਉਸ ਦੀ ਤੇ ਇਸ ਕਿਲ੍ਹੇ ਦੀ ਦੋਵਾਂ ਦੀ ਜੁਗਤ ਰਲਾ ਲਈ ਹੈ ਕਿ ਏਸ ਕਿਲ੍ਹੇ ਦੇ ਮੁਕਾਬਲੇ ਦਾ ਹੈ ਇਹ ਕਿਲ੍ਹਾ। ਇਹ ਕਿਲ੍ਹਾ ਕਿਵੇਂ ਫਤ੍ਹੇ ਹੋ ਸਕਦਾ ਹੈ? ਉਸ ਦੇ ਵਿਚ ਤਰੀਕੇ ਲਿਖੇ ਹੋਏ ਸਨ, ਉਹ ਸਾਰੀ ਵਿਚਾਰ ਕੀਤੀ ਉਸ ਨੇ।

***ਸੋ ਗੜ੍ਹ ਮਾਰਨ ਗਤਿ ਲਈ ਪਾਇ॥*** ਉਸ ਕਿਲ੍ਹੇ ਨੂੰ ਫਤ੍ਹੇ ਕਰਨ ਦਾ ਉਸ ਨੇ ਤਰੀਕਾ ਲੱਭ ਲਿਆ ਹੈ, ਕਿ ਏਸ ਤਰੀਕੇ ਨਾਲ ਇਹ ਫਤ੍ਹੇ ਹੋ ਸਕਦਾ ਹੈ, ਹੋਰ ਕੋਈ ਜੁਗਤਿ ਨਹੀਂ ਚਲਣੀ ਹੈ।

***ਮੂਛਨ ਪਰ ਤਿਨ ਦੀਨੌਂ ਤਾਉ॥*** ਉਸ ਨੇ ਆਪਣੀਆਂ ਮੁੱਛਾਂ ਨੂੰ ਤਾਉ ਦਿੱਤਾ ਹੈ, ਮੁੱਛਾਂ 'ਤੇ ਹੱਥ ਫੇਰਿਆ ਹੈ।

***ਕਹਯੋ ਨਗਾਰਾ ਦੇਹੁ ਬਜਾਉ॥ ੨੦॥*** ਅਬਦਾਲੀ ਕਹਿਣ ਲੱਗਾ, 'ਲੜਾਈ ਦਾ ਨਗਾਰਾ ਬਜਾ ਦਿਓ ਤੁਸੀਂ, ਏਥੇ ਹੀ ਫ਼ੌਜ ਦਾ ਪੜਾਉ ਰੱਖਣਾ, ਜਿੰਨਾਂ ਚਿਰ ਕਿਲ੍ਹਾ ਫਤ੍ਹੇ ਨਹੀਂ ਕਰਦਾ। ੨੦।

***ਔਰ ਤੁਰਕਨ ਘਰ ਪਰ ਗਯੋ ਸੋਗ॥*** ਹੋਰ ਤੁਰਕਾਂ ਨੂੰ ਸੋਗ ਪੈ ਗਿਆ ਕਿ ਏਥੇ ਹੀ ਮਰ ਜਾਵਾਂਗੇ ਲੜਦੇ ਲੜਦੇ, ਕਿਲ੍ਹਾ ਫਤ੍ਹੇ ਨਹੀਂ ਹੋਣਾ ਤੇ ਅਬਦਾਲੀ ਨੇ ਅੱਗੇ ਨਹੀਂ ਤੁਰਨਾ, ਨਾ ਸਾਨੂੰ ਵਾਪਸ ਜਾਣ ਦੇਣਾ ਘਰਾਂ ਨੂੰ।

***ਕੀਓ ਸ਼ਾਹਿ ਨੈ ਬਡੋ ਅਜੋਗ॥*** ਇਹ ਬਾਦਸ਼ਾਹ ਨੇ ਬੜੀ ਅਯੋਗ ਗੱਲ ਕੀਤੀ ਹੈ, ਇਹ ਨਹੀਂ ਠੀਕ ਕੀਤਾ।

**ਜ਼ਾਹਿ ਮਥੀ ਗੜ੍ਹ ਸੋਊ ਲੜਾਈ॥** ਅਹਿਮਦ ਸ਼ਾਹ ਨੇ ਉਸ ਕਿਲ੍ਹੇ ਨੂੰ ਮਾਰਨ ਦੀ ਲੜਾਈ ਮਿਥ ਲਈ ਹੈ।

**ਸ਼ਾਹਿ ਜੰਤ੍ਰ ਮੈਂ ਥੀ ਬਿਧਿ ਆਈ॥ ੨੧॥** ਬਾਦਸ਼ਾਹ ਨੇ (ਜੰਤ੍ਰ) ਜੰਤਰੀ, ਉਸ ਕਿਤਾਬ ਵਿੱਚੋਂ ਕਿਲ੍ਹਾ ਫਤ੍ਹੇ ਕਰਨ ਦਾ ਤਰੀਕਾ ਲੱਭ ਲਿਆ ਸੀ।੨੧।

**ਆਠ ਦਿਨਨ ਮੈਂ ਮਰਤ ਜਿਮ ਸੋਇ॥** ਜਿਵੇਂ ਅੱਠਾਂ ਦਿਨਾਂ ਦੇ ਵਿਚ ਉਹ ਕਿਲ੍ਹਾ ਫਤ੍ਹੇ ਹੋ ਜਾਵੇ, ਉਸ ਨੇ ਉਹ ਤਰੀਕਾ ਲੱਭ ਲਿਆ ਸੀ।

**ਹੁਇ ਅਸ੍ਰਧਾਤੀ ਕੰਧਹਿ ਜੋਇ॥** ਜਿਹੜੀਆਂ ਅੱਠਾਂ ਧਾਤਾਂ ਦੀਆਂ ਬਣੀਆਂ ਹੋਈਆਂ ਕੰਧਾਂ ਹੋਣ, ਉਹ ਵੀ ਮੈਂ ਕਿਲ੍ਹਾ ਫਤ੍ਹੇ ਕਰ ਸਕਦਾ ਹਾਂ, ਇਹ ਤਾਂ ਇੱਟਾਂ ਦੀਆਂ ਕੰਧਾਂ ਦਾ ਬਣਿਆ ਹੋਇਆ ਹੈ, ਏਥੋਂ ਤੱਕ ਉਸ ਨੇ ਤਰੀਕਾ ਲੱਭ ਲਿਆ ਸੀ, ਕਿਲ੍ਹਾ ਫਤ੍ਹੇ ਕਰਨ ਦਾ।

**ਕਰੈ ਨ ਗੋਲਾ ਖਤ ਤਿਹ ਤਾਂਈ॥** ਜਿਸ ਕੰਧ ਵਿਚ ਗੋਲਾ ਪਾੜ ਨਾ ਪਾ ਸਕੇ, ਐਸੇ ਅੱਠਾ ਧਾਤਾਂ ਦੀ ਲੋਹਾ, ਤਾਂਬਾ, ਪਿੱਤਲ, ਕਾਂਸੀ, ਸੋਨਾ, ਚਾਂਦੀ ਆਦਿ ਦੀਆਂ ਰਲਾ ਕੇ ਕੰਧਾਂ ਕੀਤੀਆਂ ਹੋਣ। ਐਹੋ ਜਿਹੇ ਕਿਲ੍ਹੇ ਦੀ ਕੰਧ ਵਿਚ ਗੋਲਾ ਵੱਜੇ, ਸਗੋਂ ਕੰਧ ਮਜਬੂਤ ਹੁੰਦੀ ਜਾਵੇ, ਐਸਾ ਤਰੀਕਾ ਲੱਭ ਗਿਆ ਸੀ, ਜਿਸ ਕਰਕੇ ਅਹਿਮਦ ਸ਼ਾਹ ਅਬਦਾਲੀ ਆਕੀ ਹੋ ਗਿਆ।

**ਸੁਰੰਗ ਲਗੈ ਨਹਿਂ ਕਿਤੇ ਸੁ ਦਾਈ॥ ੨੨॥** ਕਿਸੇ ਤਰੀਕੇ ਨਾਲ ਸੁਰੰਗ ਵੀ ਨਹੀਂ ਲਗ ਸਕਦੀ ਸੀ ਉਸ ਨੂੰ। ੨੨।

**ਦੋਹਰਾ॥ਫੇਰ ਜੋੜ ਕੇ ਤੁਰਕ ਹਥ ਸ਼ਾਹੁ ਸੁ ਰਹੈ ਟਲਾਇ॥** ਤੁਰਕ ਫਿਰ ਬਾਦਸ਼ਾਹ ਅੱਗੇ ਹੱਥ ਜੋੜ ਕੇ ਉਸ ਨੂੰ ਟਾਲਦੇ ਰਹੇ। ਹੇ ਬਾਦਸ਼ਾਹ ! ਇਹ ਕਿਲ੍ਹਾ ਫਤ੍ਹੇ ਨਹੀਂ ਜੇ ਹੋਣਾ। ਇਹ ਬੜੀ ਲੰਬੀ ਲੜਾਈ ਛਿੜ ਜਾਇਗੀ। ਜੇ ਵਿਚਾਲੇ ਲੜਾਈ ਛੱਡ ਕੇ ਭੱਜਾਂਗੇ ਤਾਂ ਦਾਗ ਲੱਗ ਜਾਇਗਾ ਆਪਣੇ 'ਤੇ, ਬਦਨਾਮੀ ਹੋਵੇਗੀ ਕਿ ਕਿਲ੍ਹਾ ਫਤ੍ਹੇ ਨਹੀਂ ਹੋ ਸਕਿਆ ਅਬਦਾਲੀ ਤੋਂ, ਇਸ ਵਾਸਤੇ ਜਾਣ ਹੀ ਦੇ ਛੇੜ ਹੀ ਨਾ ਲੜਾਈ ਨੂੰ।

**ਅਗਯੋਂ ਆਗਰੋ ਮਾਰਿ ਕੈ ਫਿਰ ਘੇਰੈਂਗੇ ਆਇ॥ ੨੩॥** ਤੁਰਕ ਅਬਦਾਲੀ ਨੂੰ ਕਹਿੰਦੇ ਹਨ ਕਿ ਜੇ ਤੂੰ ਨਹੀਂ ਹੱਟਣਾ ਇਹ ਕਿਲ੍ਹਾ ਮਾਰਨਾ ਹੀ ਹੈ, ਅੱਗੇ ਆਗਰੇ ਨੂੰ ਮਾਰ ਕੇ, ਫਿਰ ਇਸ ਨੂੰ ਘੇਰਾਂਗੇ ਆ ਕੇ, ਫਿਰ ਮਾਰਾਂਗੇ ਇਸ ਕਿਲ੍ਹੇ ਨੂੰ। ੨੩।

**ਚੌਪਈ॥ਸ਼ਾਹਿ ਤਿਨੈ ਕੀ ਏਕ ਨ ਮਾਨੀ॥** ਅਬਦਾਲੀ ਨੇ ਕਿਸੇ ਤੁਰਕ ਦੀ ਇਕ ਵੀ ਗੱਲ ਨਾ ਮੰਨੀ।

**ਸ਼ਾਹੁ ਹੁਤੋ ਥੋ ਜੰਤਰ ਗਯਾਨੀ॥** ਅਬਦਾਲੀ ਅਹਿਮਦ ਸ਼ਾਹ ਕਿਲ੍ਹੇ ਫਤੇ ਕਰਨ ਦੇ ਜੰਤਰ ਦਾ (ਗਿਆਨੀ) ਮਾਹਰ ਸੀ।

**ਇਸ ਮਾਰੈਂ ਤੇ ਆਗਰੋ ਛੁਟੈ॥** ਅਬਦਾਲੀ ਕਹਿਣ ਲੱਗਾ, 'ਇਸ ਕਿਲ੍ਹੇ ਨੂੰ ਮਾਰ ਕੇ, ਫਿਰ ਆਗਰਾ ਉਦੋਂ ਹੀ ਮਾਰ ਲਵਾਂਗੇ, ਜੇ ਇਸ ਕਿਲ੍ਹੇ ਨੂੰ ਨਾ ਮਾਰਾਂਗੇ ਤਾਂ ਫਿਰ ਆਗਰਾ ਵੀ ਨਹੀਂ ਛੁੱਟਣਾ'।

**ਇਸ ਛੱਡੈ ਹਮ ਅਗਰੋ ਨ ਤੁਟੈ॥ ੨੪॥** ਜੇ ਮੈਂ ਇਸ ਨੂੰ ਛੱਡ ਕੇ ਚਲਾ ਗਿਆ, ਤਾਂ ਇਸ ਤੋਂ ਅਗਲਾ ਕਿਲ੍ਹਾ ਆਗਰੇ ਵਾਲਾ ਟੁੱਟਣਾ ਹੀ ਨਹੀਂ ਹੈ, ਉਹ ਫਤ੍ਹੇ ਨਹੀਂ ਹੋ ਸਕਣਾ। ੨੪।

**ਦੋਹਰਾ॥ਸ਼ਾਹੁ ਜੰਤ੍ਰ ਕੇ ਜੋਰ ਤੇ ਦਿਲ ਸ਼ਾਹਿ ਹੁਤੋ ਹੁਲਾਸ॥** ਕਿਲ੍ਹਾ ਤੋੜਨ ਵਾਲੇ ਜੰਤਰ ਦੇ ਜ਼ੋਰ ਕਰਕੇ ਅਹਿਮਦ ਸ਼ਾਹ ਅਬਦਾਲੀ ਦੇ ਦਿਲ ਵਿਚ ਬੜਾ ਹੌਂਸਲਾ ਸੀ।

**ਚੌਤਰਫੇ ਮੁਰਚੇ ਵੰਡ ਦਏ ਲਾਯੋ ਡੇਰਾ ਇਕ ਪਾਸ॥ ੨੫॥** ਕਿਲ੍ਹੇ ਦੇ ਚਾਰੇ ਪਾਸੀਂ ਫ਼ੌਜ ਨੂੰ ਮੋਰਚੇ ਵੰਡ ਦਿੱਤੇ ਹਨ ਤੇ ਆਪ ਇਕ ਪਾਸੇ, ਇੱਕ ਪਾਸੇ ਡੇਰਾ ਲਾ ਲਿਆ ਹੈ ਅਬਦਾਲੀ ਨੇ। ੨੫।

**ਚੌਪਈ॥ਮੱਧ ਕਿਲ੍ਹੋ ਥੋ ਰਾਜੇ ਮਾਮਾ॥** ਭਰਤਪੁਰੀਏ ਰਾਜੇ ਦਾ ਮਾਮਾ ਏਸ ਕਿਲ੍ਹੇ ਵਿਚ ਕਿਲ੍ਹੇਦਾਰ ਸੀ।

**ਰਾਇ ਮੱਲ ਥੋ ਉਸ ਜਟ ਕੋ ਨਾਮਾ॥** ਉਸ ਕਿਲ੍ਹੇਦਾਰ ਦਾ ਨਾਮ ਰਾਇ ਮੱਲ ਸੀ।

***ਮੱਧ ਕਿਲ੍ਹੇ ਬੇਗ਼ਮ ਹੁਇ ਸੋਵੈ॥*** ਉਹ ਕਿਲ੍ਹੇ ਵਿਚ ਬਿਨਾਂ ਗ਼ਮ ਤੋਂ ਹੋ ਕੇ ਸੌਂਦਾ ਸੀ ਕਿ ਇਹ ਕਿਲ੍ਹਾ ਟੁੱਟ ਹੀ ਨਹੀਂ ਸਕਦਾ ਕਿਸੇ ਤੋਂ।

***ਚਾਰੋਂ ਤਰਫ਼ ਲੜਾਈ ਹੋਵੈ॥ ੨੬॥*** ਕਿਲ੍ਹੇ ਦੇ ਚਾਰੇ ਪਾਸੇ ਲੜਾਈ ਹੋ ਰਹੀ ਸੀ, ਉਹ ਬੇ-ਫ਼ਿਕਰ ਹੋ ਕੇ ਘੂਕ ਸੁੱਤਾ ਹੈ ਗੂੜ੍ਹੀ ਨੀਂਦ ਵਿਚ। ੨੬।

***ਅੰਦਰੋਂ ਤੋਪਨ ਕੀ ਸ਼ਲਕ ਚਲਾਵੈਂ॥*** ਕਿਲ੍ਹੇ ਦੇ ਅੰਦਰੋਂ ਤੋਪਾਂ ਦੇ ਗੋਲਿਆਂ ਦੀ (ਸ਼ਲਕ) ਵਰਖਾ ਕਰਦੇ ਸਨ।

***ਬਾਹਰੋਂ ਤੋਪ ਸੁ ਢੁਕਨ ਨ ਪਾਵੈਂ॥*** ਬਾਹਰਲੀ ਤੋਪ ਕਿਲ੍ਹੇ ਦੇ ਨੇੜੇ-ਤੇੜੇ ਖੜ੍ਹ ਨਹੀਂ ਸੀ ਸਕਦੀ, ਜੇ ਉਹ ਤੋਪਾਂ ਨੇੜੇ ਲਿਆਉਂਦਾ ਸੀ ਅਬਦਾਲੀ ਤਾਂ ਉਹ ਤੋਪਾਂ ਨੂੰ ਉੜਾ ਦਿੰਦੇ ਸੀ ਮਾਰ ਕੇ ਗੋਲੇ।

***ਸੁਰੰਗ ਪਟੈਂ ਜਲ ਨਿਕਸ ਸੁ ਆਵੈ॥*** ਜਦੋਂ ਫ਼ੌਜ ਸੁਰੰਗ ਪੁੱਟਦੀ ਹੈ ਡੂੰਘੀ, ਤਾਂ ਥੱਲਿਓਂ ਪਾਣੀ ਨਿਕਲ ਆਉਂਦਾ ਹੈ।

***ਇਸ ਕਰ ਜੰਤ੍ਰਨ ਲਗੈ ਨ ਦਾਵੈ॥ ੨੭॥*** ਇਸ ਕਰਕੇ ਜੰਤਰਾਂ ਦਾ ਕੋਈ ਦਾਉ ਨਹੀਂ ਸੀ ਲਗਦਾ। ੨੭।

***ਬਹੁ ਨਬਾਬ ਕੇ ਚਿੰਤਾ ਪਰੀ॥*** ਨਜ਼ੀਬ ਖ਼ਾਂ ਨਵਾਬ ਨੂੰ ਬੜੀ ਚਿੰਤਾ ਹੋ ਗਈ ਹੈ।

***ਕਰੀ ਪਤਿਸ਼ਾਹਿ ਕਿਮ ਅਪਨੀ ਅਰੀ॥*** ਕਿਵੇਂ ਬਾਦਸ਼ਾਹ ਨੇ ਆਪਣੀ ਅੜੀ ਕਰ ਰੱਖੀ ਹੈ।

***ਫੇਰ ਕਹੈਂ ਅਕ ਥਕ ਉਠ ਜਾਉਗੁ॥*** ਫਿਰ ਆਪਸ ਵਿਚ ਕਹਿੰਦੇ ਹਨ, ਚਲੋ! ਇਹ ਕਿਲ੍ਹਾ ਤਾਂ ਟੁੱਟਣਾ ਹੀ ਨਹੀਂ ਇਸ ਦੇ ਕੋਲੋਂ ਆਪੇ ਅੱਕ ਕੇ ਥੱਕ ਕੇ ਉਠ ਜਾਉਗਾ।

***ਈਹਾਂ ਨਹੀਂ ਇਹ ਫਤੇ ਸੁ ਪਾਉਗੁ॥ ੨੮॥*** ਏਥੇ ਇਹ ਜਿੱਤ ਨਹੀਂ ਪ੍ਰਾਪਤ ਕਰ ਸਕੇਗਾ, ਇਸ ਤਰ੍ਹਾਂ ਤੁਰਕ ਆਪਸ ਵਿਚ ਸਲਾਹਾਂ ਕਰਦੇ ਸਨ। ੨੮।

***ਦੋਹਰਾ॥ਇਸੀ ਭਾਂਤ ਦਿਨ ਸਾਤ ਕੁ ਲੌ ਹੋਇ ਨਬਾਬ ਇਕਤ੍ਰ ਆਇ॥*** ਏਸੇ ਤਰ੍ਹਾਂ ਜਦੋਂ ਸੱਤ ਕੁ ਦਿਨ ਲੜਾਈ ਹੁੰਦਿਆਂ ਨੂੰ ਹੋ ਗਏ, ਤਾਂ ਫਿਰ ਸਾਰੇ ਨਵਾਬ ਹਿੰਦੋਸਤਾਨ ਦੇ ਜਿੰਨੇ ਅਬਦਾਲੀ ਨਾਲ ਇਕੱਠੇ ਹੋਏ ਸਨ, ਉਹ ਸਾਰੇ ਇਕੱਤ੍ਰ ਹੋ ਕੇ ਅਬਦਾਲੀ ਕੋਲ ਆਏ ਹਨ।

***ਪੂਛਤ ਭਏ ਸੁ ਸ਼ਾਹਿ ਕੋ, ਹਮ ਕੋ ਇਤੀ ਬਤਾਇ॥ ੨੯॥*** ਉਹ ਅਹਿਮਦ ਸ਼ਾਹ ਅਬਦਾਲੀ ਨੂੰ ਪੁੱਛਣ ਲੱਗੇ ਕਿ 'ਸਾਨੂੰ ਇੰਨਾਂ ਕੁ ਤਾਂ ਦੱਸ ਦਿਉ। ੨੯।'

***ਚੌਪਈ॥ਕੌਨ ਭਾਂਤਿ ਤੇ ਇਹ ਗੜ੍ਹ ਤੋੜੈਂ॥*** ਕਿਸ ਤਰੀਕੇ ਨਾਲ ਇਸ ਕਿਲ੍ਹੇ ਨੂੰ ਤੋੜੋਂਗੇ।

***ਕਿਸ ਉਮੈਦ ਇਹ ਮੁਰਚੇ ਜੋੜੈਂ॥*** ਕਿਸ ਉਮੀਦ ਨਾਲ ਉਹ ਮੋਰਚੇ ਲਾਏ ਹਨ ਤੂੰ, ਸਾਨੂੰ ਵੀ ਸਮਝਾ ਇਹ ਗੱਲ।

***ਸ਼ਾਹਿ ਕਹੀ, ਭਲ ਕਹਨ ਨ ਬਾਤ॥*** ਮੈਂ ਤੁਹਾਨੂੰ ਦੱਸਾਂ ਕਿ ਏਸ ਤਰੀਕੇ ਨਾਲ ਮਾਰਾਂਗਾ ਕਿਲ੍ਹੇ ਨੂੰ, ਇਹ ਗੱਲ ਪਹਿਲਾਂ ਕਹਿਣੀ ਚੰਗੀ ਨਹੀਂ ਹੈ। ਇਹ ਗੱਲ ਗੁਪਤ ਰੱਖਣ ਵਾਲੀ ਹੈ, ਦੱਸਣ ਵਾਲੀ ਨਹੀਂ, ਅਬਦਾਲੀ ਨੇ ਕਿਹਾ।

***ਬਾਤ ਬਤਾਈਐ ਲਗੈ ਨ ਘਾਤ॥ ੩੦॥*** ਜੇ ਮੈਂ ਸਾਰੀ ਗੱਲ ਤੁਹਾਨੂੰ ਖੋਲ੍ਹ ਕੇ ਦੱਸ ਦੇਵਾਂ ਕਿ ਏਸ ਤਰੀਕੇ ਮੈਂ ਮਾਰਾਂਗਾ ਕਿਲ੍ਹੇ ਨੂੰ, ਤਾਂ ਫਿਰ ਮੇਰਾ ਦਾਉ ਨਹੀਂ ਲੱਗਣਾ, ਫਿਰ ਭੇਤ ਖੁਲ੍ਹ ਜਾਇਗਾ ਸਾਇਦ ਕਿਲ੍ਹੇ ਦੇ ਅੰਦਰ ਖ਼ਬਰ ਪਹੁੰਚ ਜਾਵੇ। ੩੦।

***ਮਾਰ ਦਿਖਾਲੋਂ ਮਧ ਦਿਨ ਰਾਤ॥*** ਅੱਠਾਂ ਦਿਨਾਂ ਦੀ ਮੇਰੀ ਸ਼ਰਤ ਹੈ, ਅੱਜ ਸੱਤ ਦਿਨ ਹੋ ਗਏ ਹਨ, ਮੈਂ ਇਕ ਰਾਤ ਤੇ ਇੱਕ ਦਿਨ ਵਿਚ ਕਿਲ੍ਹਾ ਮਾਰ ਕੇ ਦਿਖਾ ਦਿਆਂਗਾ।

***ਮੁਖੋਂ ਕਹਿਨ ਨਹਿੰ ਆਛੀ ਬਾਤ॥*** ਮੂੰਹੋਂ ਕਹਿਣੀ ਗੱਲ ਠੀਕ ਨਹੀਂ, ਕਿਲ੍ਹੇ ਨੂੰ ਫਤ੍ਹੇ ਕਰਨ ਦਾ ਤਰੀਕਾ ਦੱਸਣਾ ਠੀਕ ਨਹੀਂ ਹੋਵੇਗਾ।

***ਮੂਰਖ ਲੋਕਨ ਮਨ ਨਹੀਂ ਆਵੈ॥*** ਮੂਰਖ ਲੋਕ ਜਿਹੜੇ ਇਹ ਗੱਲ ਸਮਝ ਨਹੀਂ ਸਕੇ, ਉਨ੍ਹਾਂ ਦੇ ਮਨ ਵਿਚ ਇਹ ਗੱਲ ਬਹਿੰਦੀ ਨਹੀਂ ਹੈ।

***ਕਹੈਂ ਸ਼ਾਹ ਹਮ ਇਮ ਪਰਚਾਵੈ॥ ੩੧॥*** ਬੇਸਮਝ ਲੋਕ ਕਹਿੰਦੇ ਬਾਦਸ਼ਾਹ ਸਾਨੂੰ ਐਵੇਂ ਹੀ ਪਰਚਾਉਂਦਾ ਹੈ, ਗੱਲਾਂ ਨਾਲ ਸਾਰਦਾ ਹੈ। ੩੧।

***ਯੌ ਕਹਿ ਸ਼ਾਹ ਸੁ ਕਰੀ ਸਵਾਰੀ॥*** ਇਉਂ ਕਹਿ ਕੇ ਅਹਿਮਦ ਸ਼ਾਹ ਅਬਦਾਲੀ ਘੋੜੇ 'ਤੇ ਸਵਾਰ ਹੋ ਗਿਆ ਹੈ।

***ਸਾਥ ਲਏ ਨਹਿਂ ਸ੍ਵਾਰ ਦੁਇ ਚਾਰੀ॥*** ਆਪਣੇ ਨਾਲ ਦੋ ਚਾਰ ਘੋੜ ਸਵਾਰ ਵੀ ਨਹੀਂ ਲਏ ਹਨ ਅਬਦਾਲੀ ਨੇ।

***ਛਤ੍ਰ ਪਖੋ ਡਾਰਯੋ ਜਾਨ॥*** ਬਾਦਸ਼ਾਹਾਂ ਵਾਲਾ ਛਤਰ ਵਗੈਰਾ ਵੀ ਕੋਈ ਸਾਥ ਨਹੀਂ ਲਿਆ ਕਿ ਕੋਈ ਪਛਾਣ ਨਾ ਜਾਏ ਕਿ ਇਹ ਅਬਦਾਲੀ ਹੈ।

***ਫਿਰ ਚੌਤਰਫੇ ਹੁਇ ਅਨਜਾਨ॥ ੩੨॥*** ਅਨਜਾਣ ਜਿਹਾ ਹੋ ਕੇ ਗੇੜਾ ਦਿੱਤਾ ਹੈ, ਉਸ ਨੇ ਘੋੜੇ 'ਤੇ ਚੜ੍ਹ ਕੇ ਕਿਲ੍ਹੇ ਦੁਆਲੇ। ੩੨।

***ਦੇਖੀ ਜਗ੍ਹਾ ਉਨ ਉੱਚੀ ਨੀਚ॥*** ਕਿਲ੍ਹੇ ਦੇ ਚਾਰ-ਚੁਫੇਰੇ ਘੋੜੇ 'ਤੇ ਚੜ੍ਹ ਕੇ ਉੱਚਾ ਪਾਸਾ ਕਿਹੜਾ ਹੈ? ਨੀਵਾਂ ਪਾਸਾ ਕਿਲ੍ਹੇ ਦਾ ਕਿਹੜਾ ਹੈ? ਇਹ ਸਾਰਾ ਅੰਦਾਜ਼ਾ ਲਗਾਇਆ ਹੈ।

***ਬਿਧਿ ਰਾਖੀ ਸਭ ਦਿਲ ਕੇ ਬੀਚ॥*** ਜਿਸ ਤਰੀਕੇ ਨਾਲ ਕਿਲ੍ਹੇ ਨੂੰ ਫਤ੍ਹੇ ਕਰਨਾ ਹੈ, ਉਹ ਵਿਧੀ ਆਪਣੇ ਦਿਲ ਵਿਚ ਰੱਖੀ ਹੈ ਅਬਦਾਲੀ ਨੇ।

***ਆਇ ਲਏ ਸਰਦਾਰ ਬੁਲਾਇ॥*** ਵਾਪਸ ਆ ਕੇ ਅਬਦਾਲੀ ਨੇ ਸਰਦਾਰਾਂ ਨੂੰ ਬੁਲਾ ਲਿਆ ਹੈ ਆਪਣਿਆਂ ਨੂੰ।

***ਦਏ ਮੋਰਚੇ ਨੇੜੈ ਕਰਾਇ॥ ੩੩॥*** ਅਬਦਾਲੀ ਨੇ ਉਨ੍ਹਾਂ ਨੂੰ ਕਹਕੇ ਮੋਰਚੇ ਕਿਲ੍ਹੇ ਦੇ ਨੇੜੇ ਕਰਵਾ ਦਿੱਤੇ ਹਨ। ੩੩।

***ਦਿਨੈ ਦੇਵੈ ਫਿਰ ਪਿਛੈ ਹਟਾਇ॥*** ਦਿਨੇ ਫਿਰ ਪਿੱਛੇ ਹਟਾ ਲੈਂਦੇ ਸਨ ਮੋਰਚਾ।

***ਰਾਤ ਦੂਰ ਕਦ ਨੇੜੇ ਕਰਾਇ॥*** ਰਾਤ ਨੂੰ ਮੋਰਚਾ ਕਦੇ ਦੂਰ ਕਰ ਲੈਂਦੇ ਸਨ ਕਿਲ੍ਹੇ ਤੋਂ, ਕਦੇ ਨੇੜੇ ਕਰ ਲੈਂਦੇ ਸਨ।

***ਇਸ ਬਿਧ ਉਨ ਕੋ ਬਹੁ ਭਰਮਾਵੈ॥*** ਇਸ ਤਰ੍ਹਾਂ ਉਨ੍ਹਾਂ ਕਿਲ੍ਹੇ ਅੰਦਰਲਿਆਂ ਨੂੰ ਬੜਾ ਭਰਮਾਉਂਦਾ ਹੈ।

***ਉਨ ਕੇ ਦਿਲ ਕਛ ਗ਼ਮ ਨਹਿਂ ਆਵੈ॥ ੩੪॥*** ਉਨ੍ਹਾਂ ਕਿਲ੍ਹੇ ਵਾਲਿਆਂ ਦੇ ਦਿਲ ਅੰਦਰ ਅਹਿਮਦ ਸ਼ਾਹ ਦਾ ਕੋਈ (ਗਮ) ਫ਼ਿਕਰ ਨਹੀਂ ਹੁੰਦਾ ਹੈ, ਉਨ੍ਹਾਂ ਨੇ ਕੋਈ ਖ਼ਤਰਾ ਨਾ ਮੰਨਿਆਂ ਅਹਿਮਦ ਸ਼ਾਹ ਦਾ। ੩੪।

***ਦੋਹਰਾ॥ਇਹੀ ਬਿਧੀ ਤਿਹ ਕਰਤ ਹੀ ਆਈ ਰਾਤ ਹਨੇਰ॥*** ਇਹੋ ਜਿਹੀਆਂ ਵਿਧੀਆਂ ਕਰਦਿਆਂ-ਕਰਦਿਆਂ ਹਨੇਰੀ ਰਾਤ ਆ ਗਈ ਹੈ, ਦਿਨ ਡੁੱਬ ਗਿਆ, ਰਾਤ ਪੈ ਗਈ ਹੈ।

***ਬੁਲਾਏ ਅਪਣੇ ਸਰਦਾਰ ਸਭ, ਦਯੋ ਹੁਕਮ ਯੌਂ ਫੇਰ॥ ੩੫॥*** ਅਬਦਾਲੀ ਨੇ ਆਪਣੇ ਸਾਰੇ ਸਰਦਾਰਾਂ ਨੂੰ ਬੁਲਾ ਕੇ ਫਿਰ ਇਉਂ ਹੁਕਮ ਦਿੱਤਾ ਹੈ। ੩੫।

***ਚੌਪਈ ॥ਕਿਲ੍ਹੋ ਊਚੋ ਥੋ ਹਾਥ ਸੁ ਤੀਸ॥*** ਉਸ ਕਿਲ੍ਹੇ ਦੀਆਂ ਬਾਹਰਲੀਆਂ ਕੰਧਾਂ ਤੀਹ ਹੱਥ ਉੱਚੀਆਂ ਸੀ।

***ਕੰਧ ਬਨਾਵੌਂ ਹਾਥ ਚਲੀਸ॥*** ਉਸ ਕੰਧ ਦੇ ਨਾਲ ਹੀ ਇਕ ਹੋਰ ਚੌੜੀ ਕੰਧ, ਚਾਲੀ ਹੱਥ ਉੱਚੀ ਰੱਖ ਕੇ ਬਣਾਓ।

***ਊਚੀ ਦੇਖ ਆਯੋ ਜਗ੍ਹਾ ਜੋਈ॥*** ਜਿਹੜੀ ਉੱਚੀ ਜਗ੍ਹਾ ਵੇਖ ਕੇ ਆਇਆ ਅਹਿਮਦ ਸ਼ਾਹ ਅਬਦਾਲੀ।

***ਤਬਹਿ ਬਤਾਈ ਉਨ ਕੋ ਸੋਈ॥ ੩੬॥*** ਮੌਕੇ 'ਤੇ ਹੀ ਦੱਸਿਆ ਹੈ ਰਾਤ ਨੂੰ, ਕਿ ਔਹ ਉੱਚੀ ਜਗ੍ਹਾ 'ਤੇ ਕੰਧ ਬਣਾਓ ਰਾਤੋ-ਰਾਤ। ੩੬।

***ਏਕ ਰਾਤ ਮੇਂ ਸੋ ਕਰ ਲਈ॥*** ਇਕੋ ਰਾਤ-ਰਾਤ ਵਿਚ ਉਨ੍ਹਾਂ ਨੇ ਚੌੜੀ ਤੇ ਉੱਚੀ ਕੰਧ ਹੋਰ ਉਸਾਰ ਲਈ ਹੈ।

***ਉਸ ਕੀ ਬਿਧ ਨਹਿਂ ਈਹਾਂ ਬਤਈ॥*** ਉਸ ਦਾ ਤਰੀਕਾ ਕਹਿੰਦੇ ਏਥੇ ਨਹੀਂ ਮੈਂ ਦੱਸਿਆ। ਕਿਲ੍ਹੇ ਮਾਰਨ ਦੀ ਜੋ ਕਿਤਾਬ ਹੈ, ਇਹ ਉਸ ਦੇ ਵਿਚ ਹੀ ਦੱਸਿਆ ਹੈ। ਉਸ ਦੀ ਵਿਧੀ ਇੱਥੇ ਨਹੀਂ ਦੱਸੀ ਹੈ ਇਤਹਾਸ ਵਿਚ।

***ਚਹੀਯਤ ਹੈ ਯਹਿ ਗੋਪ ਰਖਾਈ॥*** ਭਾਈ ਰਤਨ ਸਿੰਘ ਕਹਿੰਦੇ ਹਨ, 'ਇਹ ਤਰੀਕੇ ਪ੍ਰਗਟ ਕਰਨ ਵਾਲੇ ਨਹੀਂ ਹਨ, ਇਹ

ਤਰੀਕੇ ਤਾਂ ਗੁਪਤ ਰੱਖਣ ਵਾਲੇ ਹੀ ਹਨ।

**ਨਿਫਲ ਹੋਤ ਹੈ ਬਹੁਤਾ ਸੁਨਾਈ॥ ੩੭॥** ਇਹੋ ਜਿਹਾ ਕੁਛ ਬਹੁ ਤਾ ਸੁਨਾਉਣ ਤੋਂ ਵਿਅਰਥ ਹੀ ਹੁੰਦਾ ਹੈ, ਕੋਈ ਲਾਭ ਨਹੀਂ ਹੁੰਦਾ। ੩੭।

**ਦੋਹਰਾ॥ਸਭੀ ਜਗਤ ਮੈਂ ਕਹੌਂਗਾ, ਦੂਗਸਤ ਕੇ ਮਾਂਹਿ॥** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਮੈਂ (ਦੂਗਸਤ) ਕਿਲ੍ਹੇ ਬਣਾਉਣ ਵਾਲੀ ਕਿਤਾਬ ਵਿਚ ਸਾਰੇ ਜਗਤ ਦੇ ਪ੍ਰਸਿੱਧ ਕਿਲ੍ਹੇ ਹਨ, ਉਨ੍ਹਾਂ ਨੂੰ ਫਤ੍ਹੇ ਕਰਨ ਦੀਆਂ ਵਿਧੀਆਂ ਲਿਖਾਂਗਾ, ਉਸ ਕਿਤਾਬ ਵਿਚ ਦੁਰਗ ਤੋੜਨ ਵਾਲੀ ਵਿਧੀ ਕਹਾਂਗਾ ਕਿ ਕੀ ਤਰੀਕਾ ਸੋਚਿਆ ਸੀ ਉਸ ਨੇ।

**ਸ਼ਾਹ ਜੰਤ੍ਰ ਜਿਹ ਰਚਯੋ ਕੋਇਲ ਗੜ੍ਹ ਕੇ ਸ਼ਾਹਿ॥ ੩੮॥** ਇਸ ਕੋਇਲ ਗੜ੍ਹ ਦੇ ਵਿਚ ਜਿਹੜਾ ਅਹਿਮਦ ਸ਼ਾਹ ਅਬਦਾਲੀ ਨੇ ਜੰਤਰ ਰੱਖਿਆ ਸੀ,ਉਸ ਨੂੰ ਫਤ੍ਹੇ ਕਰਨ ਦਾ, ਜਿਹੜੀ ਮੈਂ ਕਿਲ੍ਹੇ ਫਤ੍ਹੇ ਕਰਨ ਦੀ ਕਿਤਾਬ ਲਿਖਾਂਗਾ ਉਸ ਦੇ ਵਿਚ ਮੈਂ ਲਿਖਾਂਗਾ। ੩੮।

**ਪ੍ਰਾਤ ਹੋਤ ਉਨ ਦੇਖਿਓ ਭਯੋ ਅਚੰਭੋ ਬਾਤ॥** ਜਦੋਂ ਪ੍ਰਭਾਤ ਹੋਈ ਦਿਨ ਚੜ੍ਹਿਆ ਤਾਂ ਅੰਦਰ ਕਿਲ੍ਹੇ ਵਾਲਿਆਂ ਨੇ ਵੇਖਿਆ ਕਿ ਆਹ ਕੀ ਖੜਾ, ਕਾਠ ਜਿਹਾ, ਉਨ੍ਹਾਂ ਨੂੰ ਤਾਂ ਪਤਾ ਹੀ ਕੋਈ ਨਹੀਂ ਸੀ, ਇਹ ਕਦੋਂ ਬਣ ਗਈ ਸੀ ਕੰਧ, ਕਿਲ੍ਹੇ ਤੋਂ ਵੀ ਦਸ ਹੱਥ ਉੱਚੀ ਖੜ੍ਹੀ ਹੈ ਕੰਧ। ਉਨ੍ਹਾਂ ਨੂੰ ਇਸ ਗੱਲ ਦਾ ਅਚੰਭਾ ਹੋਇਆ ਹੈ, ਜਦੋਂ ਥੋੜ੍ਹੀ ਜਿਹੀ ਰੋਸ਼ਨੀ ਹੋਈ, ਤਾਂ ਕਿਲ੍ਹੇ ਅੰਦਰਲੇ ਸਿਪਾਹੀ ਹੈਰਾਨ ਜਿਹੇ ਹੋ ਗਏ।

**ਪਰਬਤ ਕੋ ਇਹਾਂ ਧਰ ਗਯੋ, ਹੈ ਹਨੁਮਾਨ ਇਨ ਸਾਥ॥ ੩੯॥** ਕਹਿੰਦੇ ਰਾਤੋ-ਰਾਤ ਹੀ ਏਥੇ ਕੋਈ ਪਹਾੜ ਰੱਖ ਗਿਆ ਹੈ ਕਿਲ੍ਹੇ ਕੋਲ, ਹੋ ਸਕਦਾ ਹਨੂਮਾਨ ਇਨ੍ਹਾਂ ਦੇ ਨਾਲ ਹੈ ਉਹ ਧਰ ਗਿਆ ਹੈ ਪਹਾੜ। ੩੯।

**ਚੌਪਈ॥ਅਧੀ ਲੜਾਈ ਦੇਖਤ ਹਾਰੇ॥** ਅੱਧੀ ਲੜਾਈ ਤਾਂ ਉਹ ਉਸ ਕੰਧ ਨੂੰ ਵੇਖ ਕੇ ਹੀ ਹਾਰ ਗਏ ਕਿ ਐਡੀ ਉਚੀ! ਰਾਤ ਰਾਤ ਕਿਵੇਂ ਬਣ ਗਿਆ ਹੈ ਇਹ ਕੰਮ, ਇਹ ਤਾਂ ਪਹਾੜ ਹੈ, ਅਜੇ ਹਨੇਰਾ ਸੀ ਨਾ ਘੁਸਮੁਸਾ ਜਿਹਾ ਦਿਸਦਾ ਵੀ ਨਹੀਂ ਸੀ ਪੂਰਾ।

**ਉਪਰ ਚੜ੍ਹਾਏ ਭਾਂਡੋ ਸਾਰੇ॥** ਉਸ ਚੌੜੀ ਕੰਧ ਦੇ ਉਪਰ (ਭਾਂਡੋ) ਸਾਰੀਆਂ ਤੋਪਾਂ ਚੜ੍ਹਾ ਦਿੱਤੀਆਂ ਹਨ ਸਮੇਤ ਵੱਡੇ-ਵੱਡੇ ਗੋਲਿਆਂ ਦੇ।

**ਸਾਠ ਤੋਪ ਤਿਸ ਉਪਰ ਚੜ੍ਹਾਈ॥** ਸੱਠ ਤੋਪਾਂ ਉਸ ਚੌੜੀ ਕੰਧ 'ਤੇ ਬੀੜ ਦਿੱਤੀਆਂ ਹਨ, ਹੁਣ ਤੁਸੀਂ ਆਪ ਅੰਦਾਜ਼ਾ ਲਗਾ ਲਵੋ ਕਿ ਉਹ ਕੰਧ ਕਿੰਨੀ ਚੌੜੀ ਹੋਵੇਗੀ।

**ਆਠ ਗੁਬਾਰੇ ਦਏ ਲਗਾਈ॥ ੪੦॥** ਅੱਠ ਗੁਬਾਰੇ ਅੱਗ ਲਗਾਉਣ ਵਾਲੇ,ਉਹ ਲਗਾ ਦਿੱਤੇ ਹਨ ਉਹ ਕੰਧ 'ਤੇ। ੪੦।

**ਜੰਬੂਰੇ ਪੰਜ ਸੈ ਦਏ ਚੜ੍ਹਾਇ॥** ਪੰਜ ਸੌ (ਜੰਬੂਰੇ) ਛੋਟੀਆਂ ਤੋਪਾਂ ਚੜ੍ਹਾ ਦਿੱਤੀਆਂ ਹਨ ਉਸ ਉੱਚੀ ਕੰਧ 'ਤੇ।

**ਕਈ ਹਜ਼ਾਰ ਬੰਦੂਕ ਦਈ ਲਾਇ॥** ਕਈ ਹਜ਼ਾਰ ਬੰਦੂਕਚੀ ਓਸ ਕੰਧ 'ਤੇ ਖੜ੍ਹੇ ਕਰ ਦਿੱਤੇ ਅਬਦਾਲੀ ਨੇ।

**ਦਈ ਛਲਕ ਬਹੁ ਬਾਨਨ ਕੇਰੀ॥** ਬਹੁਤ ਸਾਰੇ ਤੀਰਾਂ ਦੀ ਕਿਲ੍ਹੇ ਅੰਦਰ ਵਰਖਾ ਕੀਤੀ ਹੈ।

**ਹੁਇ ਗਈ ਦਿਨ ਤੇ ਰਾਤ ਹਨ੍ਹੇਰੀ॥ ੪੧॥** ਧੂੰਆਂ-ਧਾਰ ਹੋ ਗਿਆ ਇਕ ਦਮ,ਕੁਛ ਨਾ ਦਿਸੇ ਹੱਥ ਪਸਾਰਿਆਂ, ਦਿਨ ਤੋਂ ਹਨੇਰੀ ਰਾਤ ਹੋ ਗਈ ਹੈ। ੪੧।

**ਦੋਹਰਾ॥ਗੋਲੇ ਬਾਨ ਔ ਤੀਰ ਸੋਂ ਮਧ ਅਗਨ ਦਈ ਬਹੁ ਫੂਕ॥** ਤੋਪਾਂ ਦੇ ਗੋਲੇ ਬੜੇ ਭਾਰੀ, ਅਗਨ-ਬਾਣ, ਤੀਰ ਅਤੇ ਗੋਲੀਆਂ ਦੀ ਜਦੋਂ ਵਰਖਾ ਹੋਈ ਬੜੀ ਭਾਰੀ, ਜਦੋਂ ਇਸ ਤਰ੍ਹਾਂ ਬਰੂਦ ਅੰਦਰ ਚੱਲਿਆ ਤੇ ਗੋਲਾ ਗੜਾ ਵਰ੍ਹਿਆ ਤਾਂ ਅੰਦਰ ਕਿਲ੍ਹੇ ਦੇ ਅੱਗ ਲਗਾ ਦਿੱਤੀ ਹੈ ਬਰੂਦ ਨੂੰ ਕਿਲ੍ਹੇ ਵਿਚ।

**ਛੁਰੀਆਂ ਬੁਰੀਆਂ ਤਿੱਖੀਆਂ ਮਾਰੈਂ ਹਥ ਸੋਂ ਚੂਕ॥ ੪੨॥** ਉਤੋਂ ਬੜੀਆਂ ਹੀ ਤਿੱਖੀਆਂ ਤੇ ਭਾਰੀਆਂ ਛੁਰੀਆਂ ਹੱਥਾਂ ਨਾਲ

ਚੁੱਕ ਕੇ ਕਿਲ੍ਹੇ ਅੰਦਰ ਸਿਪਾਹੀਆਂ 'ਤੇ ਸੁਟਦੇ ਹਨ, ਜਿਸ ਦੇ ਛੁਰੀ ਲਗਦੀ ਹੈ ਪਾੜ ਕੇ ਸੁਟ ਦਿੰਦੀ ਹੈ। ੪੨।

**ਚੌਪਈ॥ਅਸਮਾਨੌ ਬਿਜਲੀ ਜਨੁ ਪਰੈ॥** ਜਾਣੋ ਕਿਲ੍ਹੇ ਅੰਦਰ ਅਕਾਸ਼ ਵਿੱਚੋਂ ਅਸਮਾਨੀ ਬਿਜਲੀ ਡਿੱਗ ਪਈ ਹੈ।

**ਅੰਦਰ ਲੋਕ ਸਭ ਸਹਸੇ ਭਰੈ॥** ਕਿਲ੍ਹੇ ਵਾਲਿਆਂ ਨੂੰ ਸੁਧ-ਬੁਧ ਤਾਂ ਰਹੀ ਕੋਈ ਨਾ, ਧੂਆਂ-ਧਾਰ ਹੋ ਗਿਆ ਹੈ, ਹਨੇਰੀ ਰਾਤ ਵਾਂਗ ਹੋ ਗਿਆ ਹੈ, ਕਾਲਾ ਹੀ ਕਾਲਾ ਹੋ ਗਿਆ ਅੰਦਰ ਇਕ ਦੂਜੇ ਨੂੰ ਦਿਸਦਾ ਵੀ ਨਹੀਂ ਹੈ, ਐਧਰ ਭੱਜੇ ਫਿਰਦੇ ਹਨ, ਓਧਰ ਭੱਜੇ ਫਿਰਦੇ ਹਨ, ਭੱਜਿਆਂ ਫਿਰਦਿਆਂ ਦੇ ਉਪਰੋਂ ਸ਼ਸਤ੍ਰਾਂ ਦੀ ਵਰਖਾ ਹੋ ਰਹੀ ਹੈ। ਬੁਰੀ ਸ਼ਾਮਤ ਨੂੰ ਫਸ ਗਏ ਹਨ, ਕੋਈ ਉਨ੍ਹਾਂ ਨੂੰ ਸੁਝੇ ਨਾ ਕਿ ਬਣ ਕੀ ਗਿਆ ਹੈ ਸਾਡੇ ਨਾਲ, ਕਿਲ੍ਹੇ ਅੰਦਰਲੇ ਸਭ ਲੋਕ ਸਹਿਮ ਨਾਲ ਭਰੇ ਹੋਏ ਸਨ।

**ਜ਼ਹਰ ਬਾਨਨ ਕੀ ਜੁਗਤ ਲਗਾਈ॥** ਜ਼ਹਰੀ ਤੀਰਾਂ ਦੀ ਜੁਗਤੀ ਅਪਨਾਈ ਗਈ ਹੈ। ਜ਼ਹਿਰ ਦੇ ਭਰੇ ਤੀਰ ਚਲਾਏ ਗਏ ਹਨ ਬਾਹਰੋਂ, ਕਿਲ੍ਹੇ ਦੇ ਅੰਦਰ ਨੂੰ।

**ਆਂਖਨ ਤੇ ਕੀਏ ਅੰਧੇ ਬਨਾਈ॥ ੪੩ ॥** ਜਦੋਂ ਧੂੰਆਂ ਹੋ ਗਿਆ ਮਸਾਲਾ ਜਲਿਆ, ਅੱਖਾਂ ਤੋਂ ਦਿਸਣੋਂ ਹਟ ਗਿਆ ਹੈ, ਉਨ੍ਹਾਂ ਨੂੰ। ੪੩।

**ਕੁਹਕ ਬਾਨਨ ਸਯੋਂ ਅਗਨ ਲਗ ਗਈ॥** ਗੋਪੀਏ ਦੀਆਂ ਗੋਲੀਆਂ ਜੋ ਬਰੂਦ ਨਾਲ ਭਰੀਆਂ ਹੋਈਆਂ ਸਨ, ਜਦੋਂ ਉਹ ਚਲਾਉਂਦੇ ਹਨ, ਤਾਂ ਉਨ੍ਹਾਂ ਨਾਲ ਕਿਲ੍ਹੇ ਵਿਚ ਅੱਗ ਲਗ ਗਈ ਹੈ।

**ਅੰਦ੍ਰਨ ਕੋ ਬਹੁ ਚਿੰਤਾ ਭਈ॥** ਜਿਹੜੇ ਕਿਲ੍ਹੇ ਦੇ ਅੰਦਰ ਸਨ, ਉਨ੍ਹਾਂ ਨੂੰ ਬੜਾ ਫ਼ਿਕਰ ਹੋ ਗਿਆ ਹੈ।

**ਉਪਰ ਤੋਪ ਥੀ ਉਨ ਜੋ ਚੜ੍ਹਈ॥** ਕਿਲ੍ਹੇ ਵਾਲਿਆਂ ਨੇ ਜੋ ਕਿਲ੍ਹੇ ਦੀ ਕੰਧ 'ਤੇ ਤੋਪਾਂ ਚੜ੍ਹਾਈਆਂ ਹੋਈਆਂ ਸਨ।

**ਸੋ ਹੀ ਬੰਦੂਕਨ ਠਹਿਰ ਨ ਦਈ॥ ੪੪ ॥** ਉਨ੍ਹਾਂ ਨੂੰ ਬੰਦੂਕਾਂ ਵਾਲਿਆਂ ਨੇ ਠਹਿਰਨ ਨਾ ਦਿੱਤਾ, ਭੱਜਣ 'ਤੇ ਮਜਬੂਰ ਕਰ ਦਿੱਤਾ ਹੈ। ੪੪।

**ਤਰਫ ਚੌਥੀਓਂ ਮੁਰਚੇ ਚੁਕਾਏ॥** ਚੋਥੀ ਬਾਹੀ ਤੋਂ ਸਾਰੇ ਮੋਰਚੇ ਚੁਕਾ ਦਿੱਤੇ ਹਨ, ਜਿਧਰ ਦਰਵਾਜ਼ਾ ਸੀ ਕਿਲ੍ਹੇ ਦਾ ਵੱਡਾ।

**ਕਹਯੋ, 'ਨ ਮਾਰੋ ਜੋ ਨਠ ਜਾਏ'॥** ਉਪਰੋਂ ਅਵਾਜ਼ ਦੇ ਦਿੱਤੀ ਹੈ, ਉਨ੍ਹਾਂ ਕਿ ਜਿਹੜਾ ਭੱਜ ਜਾਇਗਾ, ਉਸ ਨੂੰ ਨਹੀਂ ਮਾਰਾਂਗਾ, ਰਾਹ ਖੋਲ੍ਹ ਦਿੱਤਾ ਕਿ ਇਹ ਭੱਜ ਜਾਣ ਕਿਲ੍ਹਾ ਖਾਲੀ ਹੋ ਜਾਏ।

**ਬਹੁਤ ਗਏ ਭਜ ਜਾਨ ਤਰਾਸ॥** ਕਿਲ੍ਹੇ ਵਲੇ ਬਹੁਤੇ ਡਰੇ ਹੋਏ ਸਨ ਕਿ ਹੁਣ ਸਾਡੇ ਨਾਲ ਕੀ ਹੋਵੇਗਾ? ਬਹੁਤ ਸਾਰੇ ਭੱਜ ਗਏ ਹਨ ਆਪਣੀ ਜਾਨ ਦੇ ਡਰੋਂ, ਕਿਲ੍ਹੇ ਵਿੱਚੋਂ ਨਿਕਲਣ ਦੀ ਕੀਤੀ ਉਨ੍ਹਾਂ ਨੇ।

**ਸਭ ਨੇ ਭੱਜਨ ਕੀਨੀ ਆਸ॥ ੪੫ ॥** ਸਭ ਨੇ ਭੱਜਣ ਦੀ ਹੀ ਆਸ ਤਕਾ ਲਈ ਕਿ ਭੱਜ ਜਾਓ, ਜੇ ਬਚਣਾਂ ਹੈ ਤਾਂ, ਨਹੀਂ ਤਾਂ ਬਚਿਆ ਨਹੀਂ ਜਾਣਾ। ੪੫।

**ਦੋਹਰਾ॥ਸਾਬਤ ਥੋੜੇ ਰਹਿ ਗਏ, ਫਟੇ ਜਲੀ ਬਹੁ ਦੇਹ॥** ਬਹੁਤ ਸਾਰਿਆਂ ਦੇ ਸਰੀਰ ਫੱਟੜ ਹੋ ਗਏ ਸਨ ਅਤੇ ਅੱਗ ਨਾਲ ਦੇਹਾਂ ਸੜ ਗਈਆਂ ਹਨ ਝੁਲਸ ਗਏ ਹਨ ਬਹੁਤੇ, ਥੋੜ੍ਹੇ ਹੀ ਰਹਿ ਗਏ ਹਨ, ਜਿਹੜੇ ਸਾਬਤ ਰਹਿ ਗਏ ਹਨ।

**ਲਰਨ ਭਿਰਨ ਸਭ ਭੂਲ ਗਯੋ, ਭਯੋ ਅਚੰਭੋ ਏਹ॥ ੪੬ ॥** ਲੜਣਾ ਭਿੜਣਾ ਤਾਂ ਸਭ ਨੂੰ ਭੁੱਲ ਗਿਆ ਹੈ ਕਿ ਇਹ ਅਚੰਭਾ ਹੋਇਆ ਕੀ ਹੈ? ਲੜਾਈ ਹੁੰਦੀ ਹੈ ਆਹਮੋ-ਸਾਹਮਣੇ ਦੁਸ਼ਮਣ ਖੜ੍ਹ ਕੇ ਲੜਦੇ ਹਨ ਕਿ ਐਹ ਉਪਰੋਂ ਜਿਹੜਾ ਗਜ਼ਬ ਦਾ ਗੋਲਾ ਪਿਆ ਹੈ ਇਹ ਕੀ ਹੈ? ਉਹ ਤਾਂ ਕੰਧ ਵੇਖ ਕੇ ਹੀ ਹਾਰ ਗਏ ਸਨ, ਹੈਰਾਨ ਹੋ ਗਏ ਸਨ। ਉਪਰੋਂ ਗੋਲੇ ਗੜੇ ਤੇ ਤੀਰਾਂ ਦੀ ਵਰਖਾ ਹੋ ਗਈ। ਉਪਰੋਂ ਦਿਸਦਾ ਕੁਛ ਨਹੀਂ ਹੈ, ਹਨੇਰੇ ਵਿਚ ਧੂੰਏ ਨਾਲ ਮਾਰ ਕੌਣ ਰਿਹਾ ਹੈ ਸਾਨੂੰ? ਇਹ ਵੀ ਨਹੀਂ ਪਤਾ ਲਗਦਾ ਸੀ, ਉਨ੍ਹਾਂ ਨੂੰ। ੪੬।

**ਚੌਪਈ॥ਤਬ ਬਿਚਲਨ ਨੇ ਬਾਤਾਂ ਪਾਈ॥** ਤਾਂ ਕਿਲ੍ਹੇ (ਵਿਚਲਿਆਂ) ਅੰਦਰਲਿਆਂ ਨੇ ਬਾਤਾਂ ਪਾਈਆਂ ਹਨ, ਕਿਲ੍ਹੇ

ਅੰਦਰਲੇ ਦੁਹਾਈ ਦਿੰਦੇ ਹਨ, ਉਇ ਰੱਖ ਲਉ, ਸਾਨੂੰ ਨਾ ਮਾਰੋ, ਓ ਬਚਾ ਲਉ ਸਾਨੂੰ ਨਾ ਮਾਰੋ, ਕੌਣ ਮਾਰਦਾ ਹੈ ਸਾਨੂੰ? ਕਿਲ੍ਹੇ ਅੰਦਰਲੇ ਏਸ ਤਰ੍ਹਾਂ ਰੌਲਾ ਪਉਣ ਲੱਗੇ ਸਨ।

***ਜਾਨ ਦਿਹੁ ਹਮਕੋ ਇਕ ਦਾਈ॥*** ਸਾਨੂੰ ਇਕ ਪਾਸੇ ਨਿਕਲ ਜਾਣ ਦਿਓ, ਭੱਜ ਜਾਣ ਦਿਓ, ਅਸੀਂ ਸਭ ਨਿਕਲ ਜਾਂਦੇ ਹਾਂ। ਇਉਂ ਜਿੰਨੇ ਕਿਲ੍ਹੇ ਅੰਦਰ ਜਾਟ ਸੀ, ਸਭ ਰੌਲਾ ਪਉਣ ਲਗ ਪਏ।

***ਸ਼ਾਹੁ ਕਹਯੋ ਤੁਮ ਦੀਨੋ ਰਾਹੁ॥*** ਅਹਿਮਦ ਸ਼ਾਹ ਅਬਦਾਲੀ ਨੇ ਅਵਾਜ਼ ਦਿਵਾ ਦਿੱਤੀ, ਤੁਹਾਨੂੰ ਰਾਹ ਛੱਡ ਦਿੱਤਾ ਹੈ, ਚੌਥੀ ਬਾਹੀ ਖਾਲੀ ਕਰ ਦਿੱਤੀ ਹੈ।

***ਨਿਕਲ ਜਾਹੁ ਤੁਮ ਹੁਇ ਇਕ ਦਾਹਿ॥ ੪੭॥*** ਇਕ ਤਰਫ ਨਿਕਲ ਜਾਉ , ਭੱਜ ਜਾਉ, ਰਾਹ ਛੱਡ ਦਿੱਤਾ ਹੈ ਤੁਹਾਡੇ ਵਾਸਤੇ ਖਾਲੀ। ੪੭।

***ਅੱਧੀ ਰਾਤ ਕਿਲ੍ਹਾ ਛਡ ਗਏ॥*** ਲੜਦਿਆਂ-ਲੜਦਿਆਂ ਨੂੰ ਹਨੇਰਾ ਹੋ ਗਿਆ, ਜਦੋਂ ਅੱਧੀ ਰਾਤ ਹੋ ਗਈ, ਸਭ ਚਲੇ ਗਏ, ਕਿਲ੍ਹਾ ਛੱਡ ਕੇ ਨਿਕਲ ਗਏ।

***ਜਾ ਜਮਨਾ ਢਿਗ ਠਾਂਢੇ ਭਏ॥*** ਅਲੀਗੜ੍ਹ ਪਾਰ ਹੈ, ਭਰਤਪੁਰ ਅਗਲੇ ਪਾਰ ਹੈ। ਏਥੋਂ ਭਾਂਜ ਖਾ ਜਮਨਾ ਨਦੀ ਕੋਲ ਜਾ ਖੜ੍ਹੇ ਹੋਏ ਹਨ।

***ਆਗੇ ਰਾਜੇ ਘਲੇ ਹਲਕਾਰੇ॥*** ਅੱਗੋਂ ਭਰਤਪੁਰ ਦੇ ਰਾਜੇ ਨੇ ਹਲਕਾਰਿਆਂ ਕੋਲ ਸੁਨੇਹਾ ਭੇਜ ਦਿੱਤਾ ਹੈ ਉਨ੍ਹਾਂ ਨੂੰ।

***ਮਾਮੋ ਲਗੈ ਨ ਮੂੰਹ ਹਮਾਰੇ॥ ੪੮॥*** ਮਾਮਾ! ਮੇਰੇ ਮੱਥੇ ਨਾ ਲੱਗੀਂ, ਐਡਾ ਡਰਾਕੁਲ ਭਾਂਜ ਖਾ ਕੇ ਆ ਗਿਆ ਹੈਂ। ੪੮।

***ਸੋ ਜਮਨਾ ਮਧ ਮਰ ਗਯੋ ਕੂਦ॥*** ਜਦੋਂ ਭਰਤਪੁਰੀਏ ਰਾਜੇ ਨੇ ਜੋ ਕਿ ਭਾਣਜਾ ਲਗਦਾ ਸੀ, ਉਸ ਨੇ ਅੱਗੋਂ ਇਹ ਕਹਿ ਦਿੱਤਾ ਕਿ ਮਾਮਾ ਮੇਰੇ ਮੱਥੇ ਨਾ ਲੱਗੀਂ ਆ ਕੇ। ਉਸ ਵਗਦੀ ਜਮਨਾ ਵਿਚ ਛਾਲ ਮਾਰੀ ਤੇ ਮਰ ਗਿਆ ਹੈ।

***ਖਡੀ ਧਾਰ ਮਾਂਹਿ ਬਹਿ ਗਯੋ ਬੂਡ॥*** ਜਮਨਾ ਦੀ ਵੱਡੀ ਧਾਰ ਵਿਚ ਜਿਥੇ ਬਹੁਤ ਪਾਣੀ ਜ਼ੋਰ ਨਾਲ ਵਗ ਰਿਹਾ ਸੀ, ਉਸ ਦੇ ਵਿਚ ਡੁੱਬ ਕੇ ਰੁੜ੍ਹ ਗਿਆ ਹੈ।

***ਰਾਇ ਮਲ ਥੋ ਤਿਸ ਕੋ ਨਾਮ॥*** (ਤਿਸਕੋ) ਉਸ ਭਰਤਪੁਰੀਏ ਰਾਜੇ ਦੇ ਮਾਮੇ ਦਾ ਨਾਮ ਰਾਇ ਮੱਲ ਸੀ।

***ਸੂਰਜ-ਮਲ ਕੋ ਸਾਲੋ ਬਾਮ॥ ੪੯॥*** ਉਹ ਸੂਰਜ ਮੱਲ ਭਰਤਪੁਰੀਏ ਦਾ ਸਾਲਾ ਸੀ ਤੇ ਜਵਾਹਰ ਮੱਲ ਭਰਤਪੁਰੀਏ ਰਾਜੇ ਦਾ ਮਾਮਾ ਲਗਦਾ ਸੀ। ੪੯।

***ਦੋਹਰਾ॥ਤਬੈ ਆਗਰੋ ਛੁਟ ਗਯੋ, ਜੱਟ ਭਯੋ ਬਹੁ ਥਰਥੱਲ॥*** ਜਦੋਂ ਅਲੀਗੜ੍ਹ ਮਾਰ ਲਿਆ ਅਬਦਾਲੀ ਨੇ, ਤਾਂ ਅੱਗੋਂ ਆਗਰਾ ਵੀ ਛੁੱਟ ਗਿਆ ਹੈ, ਉਹ ਆਗਰੇ ਵਾਲੇ ਪਹਿਲਾਂ ਹੀ ਕਿਲ੍ਹਾ ਖਾਲੀ ਕਰ ਕੇ ਚਲੇ ਗਏ, ਕਿਲ੍ਹੇ ਦੇ ਬੂਹੇ ਖੁਲ੍ਹੇ ਛੱਡ ਕੇ। ਜਾਟਾਂ ਵਿਚ ਤਰਥੱਲੀ ਮਚ ਗਈ ਸੀ ਉੱਥੇ।

***ਕਾਬਲੀ ਹਿੰਦ ਸੁ ਆ ਵੜਯੋ ਦੱਖਨ ਗਈ ਸੁ ਗੱਲ॥ ੫੦॥*** (ਕਾਬਲੀ) ਅਹਿਮਦ ਸ਼ਾਹ ਅਬਦਾਲੀ ਕਾਬਲ ਦੇ ਰਹਿਣ ਵਾਲਾ, ਹਿੰਦੋਸਤਾਨ ਵਿਚ ਆ ਵੜਿਆ ਹੈ, ਇਹ ਸਾਰੀ ਖ਼ਬਰ ਦੱਖਣ ਤੱਕ ਗਈ ਹੈ। ਗਵਾਲੀਅਰ ਤੋਂ ਉਰਲੇ ਪਾਸੇ ਭਰਤਪੁਰ ਹੈ। ਅੱਗੇ ਦੱਖਣ ਦੇਸ਼ ਵਿਚ ਸਾਰੇ ਮਰਹੱਟਿਆਂ ਨੂੰ ਖ਼ਬਰ ਹੋ ਗਈ ਹੈ। ੫੦।

***ਚੌਪਈ॥ਦਖਣੋਂ ਤਿੰਨ ਲਖ ਘੋੜੀ ਆਈ॥*** ਅਹਿਮਦ ਸ਼ਾਹ ਅਬਦਾਲੀ ਨੂੰ ਰੋਕਣ ਵਾਸਤੇ ਦੱਖਣ ਵਿਚੋਂ ਤਿੰਨ ਲੱਖ ਘੋੜ ਸਵਾਰ ਮਰਹੱਟਾ ਆਇਆ।

***ਆਇ ਪਾਨੀਪਤ ਕਰੀ ਲੜਾਈ ॥*** ਉਨ੍ਹਾਂ ਨੇ ਆ ਕੇ ਅਹਿਮਦ ਸ਼ਾਹ ਅੰਬਦਾਲੀ ਨਾਲ ਯੁੱਧ ਸ਼ੁਰੂ ਕੀਤਾ ਹੈ।

***ਛੇ ਲਖ ਤੁਰਕ ਇਕੱਠੇ ਹੋਯੋ॥*** ਤੁਰਕ ਛੇ ਲੱਖ ਇਕੱਠਾ ਹੋ ਗਿਆ ਹੈ। ਤਿੰਨ ਲੱਖ ਤਾਂ ਅਬਦਾਲੀ ਨਾਲ ਹੀ ਸੀ, ਜਿਹੜਾ ਕਾਬਲ ਤੋਂ ਚੜ੍ਹ ਕੇ ਆਇਆ ਸੀ। ਤਿੰਨ ਲੱਖ ਹੀ ਹਿੰਦੋਸਤਾਨ ਦਾ ਤੁਰਕ ਇਕੱਠਾ ਹੋ ਗਿਆ ਹੈ।

**ਮਰਹਟੇ ਕੋ ਕਛੁ ਸਕੈ ਨ ਖੋਯੋ॥ ੫੧॥** ਫਿਰ ਵੀ ਮਰਹੱਟੇ ਦਾ ਕੁਛ ਨਹੀਂ ਵਿਗਾੜ ਸਕੀਆਂ ਤੁਰਕ ਫ਼ੌਜਾਂ। ੫੧।

**ਤਬ ਮਨਸੂਬਾ ਤੁਰਕਨ ਕੀਆ॥** ਤਦ ਤੁਰਕਾਂ ਨੇ ਸਲਾਹ ਕੀਤੀ ਹੈ। ਮਸ਼ਵਰ ਕੀਤਾ ਹੈ, ਤੁਰਕਾਂ, ਪਠਾਣਾਂ ਤੇ ਮੁਗਲਾਂ ਨੇ ਰਲ ਕੇ।

**ਕਸਮ ਧਰਮ ਕਰ ਜਟ ਪਾੜ ਲੀਆ॥** ਧਰਮ ਦੀ ਕਸਮ ਕਰ ਕੇ ਤੁਰਕਾਂ ਨੇ ਭਰਤਪੁਰੀਏ ਜੱਟ ਨੂੰ ਮਰਹੱਟਿਆਂ ਨਾਲੋਂ ਪਾੜ ਲਿਆ ਹੈ, ਮਰਹੱਟਿਆਂ ਤੋਂ ਅਲੱਗ ਕਰ ਲਿਆ ਹੈ ਕਿ ਸਾਡੀ ਤੇਰੀ ਕਸਮ ਹੋਈ, ਅਸੀਂ ਤੇਰੇ ਨਾਲ ਨਹੀਂ ਜੰਗ ਕਰਦੇ, ਕਿਉਂਕਿ ਜਵਾਹਰ ਮੱਲ ਜੱਟ ਭਰਤਪੁਰੀਓ ਤੋਂ ਤਾਂ ਡਰਦੇ ਸਨ। ਉਸ ਨੂੰ ਪਾੜ ਲਿਆ ਹੈ ਕਿ ਤੂੰ ਮਰਹੱਟਿਆਂ ਦੀ ਮਦਦ ਨਾ ਕਰ।

**ਜੱਟ ਫਟਯੋ ਜਦ ਮਰਹਟੇ ਮਾਰੇ॥** ਜਦੋਂ ਜੱਟ ਫਟ ਗਿਆ ਮਰਹੱਟਿਆਂ ਨਾਲੋਂ ਤਦ ਹੀ ਮਰਹੱਟੇ ਮਾਰੇ ਗਏ, ਮਰਹੱਟੇ ਹਾਰ ਗਏ।

**ਇਸ ਬਿਧ ਸਭਨ ਸੁ ਮਰਹਟੇ ਮਾਰੇ॥ ੫੨॥** ਇਸ ਤਰ੍ਹਾਂ ਸਭ ਨੇ ਹੀ ਮਰਹੱਟਿਆਂ ਨੂੰ ਮਾਰਿਆ ਹੈ। ੫੨।

**ਦਿੱਲੀ ਲੀਨੀ ਸ਼ਾਹਿ ਛੁਡਾਈ॥** ਅਹਿਮਦ ਸ਼ਾਹ ਅਬਦਾਲੀ ਨੇ ਆ ਕੇ ਦਿੱਲੀ ਛੁਡਾ ਕੇ ਕਬਜ਼ਾ ਕਰ ਲਿਆ ਹੈ।

**ਨਜ਼ੀਬ ਖਾਨ ਰੁਹੇਲੋ ਦੀਓ ਵੜਾਈ॥** ਨਜੀਬ ਖ਼ਾਂ ਰੁਹੇਲੇ ਨੂੰ ਦਿੱਲੀ ਵਿਚ ਦਾਖ਼ਲ ਕਰ ਦਿੱਤਾ ਹੈ।

**ਸ੍ਰਹੰਦ ਮੈਂ ਦੀਨੌਂ ਜੈਨਾ ਵਾੜ॥** ਸਰਹੰਦ ਦੇ ਵਿਚ ਜੈਨ ਖ਼ਾਂ ਵਾੜ ਦਿੱਤਾ ਹੈ ਅਹਿਮਦ ਸ਼ਾਹ ਨੇ, ਸਰਹੰਦ ਦਾ ਸੂਬੇਦਾਰ ਜੈਨ ਖ਼ਾਂ ਨੂੰ ਬਣਾ ਦਿੱਤਾ ਹੈ।

**ਵੜਿਓ ਵਿੱਚ ਦਾਖਲ ਹੋ ਗਿਆ ਹੈ ਵੜਿਓ ਸ਼ਾਹਿ ਲਹੌਰਹਿ ਤਾੜ॥ ੫੩॥** ਆਪ ਸਭ ਨੂੰ ਤਾੜ ਕੇ ਅਹਿਮਦ ਸ਼ਾਹ ਲਹੌਰ ਵਿਚ ਦਾਖ਼ਲ ਹੋ ਗਿਆ ਹੈ। ੫੩।

**ਮੁਲਤਾਨ ਭਖਰ ਕੇ ਟਕੇ ਚਲ ਆਵੈ॥** ਸੱਖਰ ਭੱਖੜ, ਕਰਾਚੀ ਤੱਕ ਅਤੇ ਮੁਲਤਾਨ ਤੋਂ ਟਕੇ, ਮਾਮਲਾ ਲਹੌਰ ਆਉਂਦਾ ਹੈ ਅਬਦਾਲੀ ਕੋਲ।

**ਕਸ਼ਮੀਰ ਪਹਾੜਨ ਨਾਂਹਿ ਅੜਾਵੈਂ॥** ਕਸ਼ਮੀਰ ਤੇ ਪਹਾੜੀਏ ਰਾਜੇ ਸਭ ਡਰਦੇ ਹਨ ਅਬਦਾਲੀ ਤੋਂ, ਕੋਈ ਨਹੀਂ ਅੜਦਾ ਹੈ ਉਸ ਦੇ ਅੱਗੇ।

**ਬਹੁਤ ਸ਼ਾਹੁ ਮਨ ਗਰਬਾ ਆਯਾ॥** ਅਹਿਮਦ ਸ਼ਾਹ ਅਬਦਾਲੀ ਦੇ ਮਨ ਵਿਚ ਬਹੁਤ ਹੰਕਾਰ ਹੋ ਗਿਆ ਹੈ।

**ਆਇ ਡੇਰਾ ਤਿਨ ਅੰਮ੍ਰਿਤਸਰ ਪਾਯਾ॥ ੫੪॥** ਉਸ ਨੇ ਹੰਕਾਰ ਦੇ ਵਿਚ ਆ ਕੇ ਆਪਣਾ ਡੇਰਾ ਅੰਮ੍ਰਿਤਸਰ ਪਾ ਲਿਆ ਹੈ। ੫੪।

**ਬਾਤ ਅਬੈ ਸਿੰਘਨ ਪਰ ਆਈ॥** ਹੁਣ ਗੱਲ ਸਿੰਘਾਂ 'ਤੇ ਆ ਗਈ ਹੈ ਕਿਉਂਕਿ ਉਸ ਨੇ ਹਿੰਦੋਸਤਾਨ ਜਿੱਤ ਲਿਆ ਹੈ ਸਾਰਾ।

**ਸੋਈ ਸੁਨੋਂ ਤੁਮ ਚਿੱਤ ਲਗਾਈ॥** ਉਹ ਇਤਹਾਸ ਤੁਸੀਂ ਖਾਲਸਾ ਜੀ ! ਚਿਤ ਲਾ ਕੇ ਸੁਣੋਂ।

**ਬਾਤ ਪੁਰਾਤਨ ਜਿਮ ਸੁਨ ਲਈ॥** ਮੈਂ ਜਿਵੇਂ ਪੁਰਾਤਨ ਸਿੰਘਾਂ ਤੋਂ 'ਜਿਵੇਂ' ਕਹਾਣੀ ਸੁਣੀ ਹੈ।

**ਰਤਨ ਸਿੰਘ ਲਿਖ ਸਾਖੀ ਠਈ॥ ੫੫॥** ਉਨ੍ਹਾਂ ਬਜ਼ੁਰਗਾਂ ਤੋਂ ਮੈਂ ਇਤਹਾਸ ਸੁਣ ਕੇ ਮੈਂ ਪ੍ਰਸੰਗ ਲਿਖਿਆ ਹੈ। ੫੫।

**ਦੋਹਰਾ॥ਸਾਲ ਅਠਾਰਾਂ ਸੈ ਬਿਤੇ ਪੁਨਹਿ ਅਠਾਰੈ ਲਾਇ॥** ਸੰਮਤ ਬਿਕ੍ਰਮੀ ਦੇ ਅਠਾਰਾਂ ਸੌ ਸਾਲ ਬੀਤ ਗਏ ਸਨ, ਫਿਰ ਅਠਾਰ੍ਹਾਂ ਹੋਰ ਲਾ ਦਿਉ, ਭਾਵ ਸੰਮਤ ਅਠਾਰ੍ਹਾਂ ਸੌ ਅਠਾਰ੍ਹਾਂ (੧੮੧੮) ਵਿੱਚ।

**ਐਸੀ ਬਿਧਿ ਪਾਛੈ ਭਈ ਸੁਨੋ ਸੁ ਆਗੈ ਆਇ॥ ੫੬॥** ਇਸ ਪ੍ਰਕਾਰ ਤਾਂ ਪਿੱਛੇ ਹੋ ਚੁੱਕਿਆ ਹੈ, ਜੋ ਇਤਹਾਸ ਸੁਣਾਇਆ ਹੈ ਅਬਦਾਲੀ ਤੇ ਮਰਹੱਟਿਆਂ ਦਾ, ਹੁਣ ਇਸ ਤੋਂ ਅੱਗੇ ਸਿੰਘ ਤੇ ਅਬਦਾਲੀ ਦਾ ਜੋ ਇਤਹਾਸ ਆਵੇਗਾ ਉਹ ਸੁਣੋਂ। ੫੬।

**ਇਤੀ ਸਾਖੀ ਕੋਇਲ ਗੜ੍ਹ ਕੀਓ ਮਥਰਾ ਕਤਲ ਔ ਭਾਊ ਪ੍ਰਸੰਗ ਸਮਾਪਤੰ॥**

**੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ॥**
**ਸ੍ਰੀ ਗੁਰ ਪੰਥ ਪ੍ਰਕਾਸ ਗ੍ਰੰਥੇ॥**

# ਅਥ ਸਾਖੀ ਘਲੂਘਾਰੇ ਮਲੇਰ ਔ ਕੁਪਰਹੀੜੇ ਕੀ ਤੁਰੀ

## (ਵੱਡਾ ਘੱਲੂਘਾਰਾ, ਕੁਪਰਹੀੜੇ)

***ਕੁੰਡਲੀਆ॥ਸੁਨੋ ਬਾਤ ਅਬ ਸਿੰਘਨ ਕੀ ਕਰੀ ਸ਼ਾਹਿ ਜਿਮ ਕੂਟ॥*** ਅਹਿਮਦ ਸ਼ਾਹ ਅਬਦਾਲੀ ਸਾਰੇ ਹਿੰਦੋਸਤਾਨ ਨੂੰ ਲੁੱਟ ਕੇ ਲਿਆਇਆ ਹੈ, ਜਿਵੇਂ ਅਬਦਾਲੀ ਨੂੰ ਖਾਲਸੇ ਨੇ।

***ਕੂਟਤ ਮਾਰਤ ਸੋ ਥਕਯੋ, ਖਾਲਸੋ ਭਯੋ ਅਖੂਟ॥*** ਉਸ ਨੇ ਖਾਲਸੇ 'ਤੇ ਬੜੇ ਹਮਲੇ ਕੀਤੇ, ਮਾਰਦਾ ਕੁੱਟਦਾ ਹੋਇਆ ਖਾਲਸੇ ਨੂੰ, ਥੱਕ ਗਿਆ ਹੈ, ਖਾਲਸਾ ਅਖੁੱਟ ਹੋ ਗਿਆ, ਖਾਲਸਾ ਫਿਰ ਵੀ ਨਹੀ ਮੁੱਕਿਆ ਹੈ।

***ਖਾਲਸਾ ਭਯੋ ਅਖੂਟ ਨਦੀ ਜਿਮ ਸੁੰਮੇਵਾਨੀ॥*** ਇਕ ਨਦੀ ਤਾਂ ਉਹ ਹੁੰਦੀ ਹੈ ਕਿ ਉਪਰੋਂ ਪਹਾੜਾਂ ਵਿੱਚੋਂ ਪਾਣੀ ਆਇਆ ਤੇ ਅੱਗੇ ਤੁਰ ਗਿਆ, ਉਸ ਨੂੰ ਬਰਸਾਤੀ ਨਦੀ ਜਾਂ ਨਾਲਾ ਕਿਹਾ ਜਾਦਾ ਹੈ। ਇਕ ਨਦੀ ਵਿੱਚੋਂ ਪਾਣੀ ਦਾ (ਸੁੰਮੇਵਾਣੀ) ਸੋਮਾ, ਚਸ਼ਮਾ ਫੁਟਦਾ ਹੈ, ਜਿਵੇਂ ਸੋਮਿਆ ਵਾਲੀ ਨਦੀ ਵਿਚੋਂ ਪਾਣੀ ਨਹੀਂ ਮੁਕਦਾ, ਭਾਵ ਖਾਲਸਾ (ਅਖੁੱਟ) ਅਮੁੱਕ ਹੋ ਗਿਆ ਹੈ, ਪਹਿਲਾਂ ਮੁਗਲਾਂ ਨੇ ਜ਼ੋਰ ਲਾਇਆ ਹੈ, ਫਿਰ ਪਠਾਣਾਂ ਨੇ ਆਪਣਾ ਜ਼ੋਰ ਲਾਇਆ ਹੈ, ਜਿੰਨਾਂ ਖਾਲਸੇ ਨੂੰ ਵਢਦੇ ਕੱਟਦੇ ਮਾਰਦੇ ਸਨ, ਓਨਾਂ ਹੀ ਖਾਲਸਾ ਵਧਦਾ ਤੁਰਿਆ ਜਾ ਰਿਹਾ ਹੈ ਘਟਦਾ ਨਹੀਂ ਹੈ।

***ਅਗਲੇ ਆਗੈ ਤੁਰੇ ਔਰ ਝਬ ਆਵੈ ਪਾਣੀ॥*** ਜਿਵੇਂ ਸੋਮਿਆਂ ਵਾਲੀ ਨਦੀ ਦਾ ਪਾਣੀ ਅੱਗੇ ਤੁਰਿਆ ਜਾਂਦਾ ਹੈ ਅਤੇ ਪਿੱਛੋਂ ਝਬਦੇ ਕੇ ਹੋਰ ਪਾਣੀ ਤੁਰਿਆ ਆਉਂਦਾ ਹੈ, ਏਵੇਂ ਹੀ ਖਾਲਸੇ ਨੂੰ ਜਿਉਂ-ਜਿਉਂ ਤੁਰਕਾਂ ਨੇ ਮਾਰਿਆ ਹੈ, ਉਹ ਵਧਦਾ ਤੁਰਿਆ ਆਉਂਦਾ ਹੈ।

***ਸਤਿਗੁਰ ਵਧਾਯਾ ਖਾਲਸਾ, ਸਭ ਆਖ ਉਚਾਰੇ॥*** ਖਾਲਸੇ ਵਿਚ ਸਤਿਗੁਰਾਂ ਨੇ ਬਰਕਤਾਂ ਪਾਈਆ ਹਨ, ਖਾਲਸਾ ਵਧਦਾ ਹੀ ਤੁਰਿਆ ਜਾਇਗਾ, ਇਹ ਨਹੀਂ ਹੈ ਘਟਦਾ, ਇਉਂ ਸਾਰੀ ਦੁਨੀਆਂ ਕਹਿ ਉੱਠੀ ਹੈ।

***ਜੋ ਦੁਸ਼ਮਨ ਥੇ ਖਾਲਸੈ ਸੋ ਥੋਹਰ ਜਿਉਂ ਗਾਰੇ॥ ੧॥*** ਜਿਹੜੇ ਦੁਸ਼ਮਣੀ ਕਰਦੇ ਸੀ ਖਾਲਸੇ ਨਾਲ, ਉਹ ਥੋਹਰ ਸੀ ਕੰਡਿਆਲੀ, ਥੋਹਰ ਜਦੋਂ ਬਹੁਤੀ ਵਧ ਜਾਂਦੀ ਹੈ, ਉਸ ਦੇ ਉਤੇ ਚਿੱਟਾ-ਚਿੱਟਾ ਕੋੜ੍ਹ ਆ ਪੈਂਦਾ ਹੈ ਤੇ ਆਪੇ ਗਲ ਸੜ ਕੇ ਮਰ ਜਾਂਦੀ ਹੈ, ਜਦੋਂ ਤੁਰਕਾਂ, ਪਠਾਣਾਂ ਨੇ ਬਹੁਤ ਜ਼ੁਲਮ ਕੀਤਾ, ਉਹ ਤੁਰਕ ਤੇ ਪਠਾਣ ਥੋਹਰ ਵਾਂਗੂ ਗਲ ਸੜ ਕੇ ਮਰ ਗਏ ਹਨ। ੧।

***ਦੋਹਰਾ॥ਟਬਰ ਬਹਾਲੇ ਮਾਲਵੇ ਚੜ੍ਹ ਲੂਟਤ ਫੌਜ ਸੁ ਖਾਹਿ॥*** ਗ੍ਰਹਿਸਤੀ ਸਿੰਘਾਂ ਨੇ ਆਪਣੇ ਪ੍ਰਵਾਰ ਵਿਚ ਲਿਆ ਕੇ ਬਿਠਾ ਦਿੱਤੇ ਹਨ, ਲੱਖੀ ਜੰਗਲ, ਪੱਕਾ, ਪਥਰਾਲਾ, ਜੈਤੋ, ਭੁੱਚੋ ਔਹ ਬੁੱਢੇ ਜੋਹੜ ਤੋਂ ਹਨੂਮਾਨ ਗੜ੍ਹ ਤੱਕ ਐਧਰ ਧਮਧਾਨ ਸਾਹਿਬ ਤੱਕ, ਲਹਿਲ ਆਦਿਕ ਤੱਕ ਖਾਲਸਾ ਐਧਰ ਵਧ ਗਿਆ ਸੀ। ਦਮਦਮਾ ਸਾਹਿਬ ਤਲਵੰਡੀ ਸਾਬੋ ਕੇਂਦਰ ਸੀ ਖਾਲਸੇ ਦਾ, ਏਥੇ ਆ ਕੇ ਇਕੱਠੇ ਹੁੰਦੇ ਸਨ, ਲੱਖੀ ਜੰਗਲ ਆ ਕੇ ਇਕੱਠੇ ਹੁੰਦੇ ਸਨ। ਆਪਣੇ ਪਰਿਵਾਰਾਂ ਨੂੰ ਬਰਾੜਾਂ ਦੇ ਕੋਲ ਛੱਡ ਕੇ ਖਾਲਸਾ ਮੁਗਲਾਂ, ਪਠਾਣਾਂ ਦੀਆਂ ਫ਼ੌਜਾਂ ਨੂੰ ਲੁੱਟ ਕੇ ਖਾਂਦਾ ਹੈ।

***ਆਗੇ ਪਾਛੇ ਰਾਤ ਦਿਨ ਦੌੜ ਸੁ ਸ਼ਾਹਿ ਅਕਾਹਿਂ॥ ੨॥*** ਖਾਲਸਾ ਜੰਗਲ ਵਿੱਚੋਂ ਨਿਕਲ ਕੇ ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਮਗਰ ਅੱਗੋਂ ਦੀ ਹੋ ਕੇ, ਕਦੀ ਮਗਰੋਂ ਦੀ ਹੋ ਕੇ ਰਾਤ ਦਿਨ ਹੱਲੇ 'ਤੇ ਹੱਲਾ ਕਰ ਕੇ ਅਹਿਮਦ ਸ਼ਾਹ ਨੂੰ

ਬੜਾ ਦੁਖੀ ਕਰ ਦਿੱਤਾ ਹੈ। ੨।

***ਕਿਲ੍ਹਾ ਹੁਤੋ ਜੋ ਥੋ ਕੀਓ ਤਿਹ ਮੱਧ ਉਤਰਿਓ ਸ਼ਾਹਿ॥*** ਅੰਮ੍ਰਿਤਸਰ ਵਿਚ ਜੋ ਸਿੰਘਾਂ ਨੇ ਰਾਮ ਰੌਣੀ ਨਾਮ ਦਾ ਕਿਲ੍ਹਾ ਬਣਾਇਆ ਸੀ, ਉਸ ਦੇ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਆ ਉਤਾਰਾ ਕੀਤਾ ਹੈ।

***ਅੰਮ੍ਰਿਤਸਰ ਭਲ ਜੋ ਜਗ੍ਹਾ ਲਾਗੇ ਦੇਨ ਗਿਰਾਇ॥ ੩॥*** ਹੁਣ ਅੰਮ੍ਰਿਤਸਰ ਜੋ ਭਲੀ ਜਗ੍ਹਾ ਹੈ, ਸ੍ਰੀ ਹਰਿਮੰਦਰ ਸਾਹਿਬ ਹੈ, ਸ੍ਰੀ ਅਕਾਲ ਤਖ਼ਤ ਹੈ, ਉਨ੍ਹਾਂ ਨੂੰ ਢਾਹੁਣ ਲੱਗੇ ਹਨ ਗਿਲਜੇ। ੩।

***ਚੌਪਈ॥ਤਾਲ ਮੱਧ ਦਈ ਲਿੱਦ ਗਿਰਾਇ॥*** ਅੰਮ੍ਰਿਤ ਸਰੋਵਰ ਵਿਚ ਘੋੜਿਆਂ ਦੀ ਅਤੇ ਹੱਡ ਆਦਿਕ ਪਾ-ਪਾ ਕੇ ਉਸ ਨੂੰ ਪੂਰਾ ਦਿੱਤਾ ਹੈ।

***ਜੌਂ ਬੀਜੇ ਜਾਉ ਖੁਦ ਚਰਾਇ॥*** ਅੰਮ੍ਰਿਤਸਰ ਤਾਲ ਦੇ ਵਿਚ ਜੌਂ ਬੀਜ ਕੇ ਅਹਿਮਦ ਸ਼ਾਹ ਕਹਿਣ ਲੱਗਾ, 'ਮੈਂ ਖ਼ੁਦ ਘੋੜਿਆਂ ਨੂੰ ਚਰਾ ਕੇ ਜਾਵਾਂਗਾ'।

***ਮਧ ਹਰਿਮੰਦਰ ਢਾਹ ਤਿਨ ਦਯੋ॥*** ਉਸ ਨੇ ਸਰੋਵਰ ਦੇ ਵਿਚਕਾਰੋਂ ਸ੍ਰੀ ਹਰਿਮੰਦਰ ਸਾਹਿਬ ਨੂੰ ਢਾਹ ਦਿੱਤਾ ਹੈ।

***ਤਿਹ ਦਾਰੂ ਕੁਪੇ ਚਿਣਾਵਤ ਭਯੋ॥ ੪॥*** ਉਥੇ ਹਰਿਮੰਦਰ ਸਾਹਿਬ ਦੇ ਵਿਚ ਬਰੂਦ ਦੇ ਕੁੱਪੇ ਚਿਣਵਾ ਦਿੱਤੇ ਹਨ। ੪।

***ਦੀਨੀ ਤਿਨਕੋ ਅਗਨ ਲਗਾਇ॥*** ਉਨ੍ਹਾਂ ਬਰੂਦ ਦੇ ਕੁੱਪਿਆਂ ਨੂੰ ਅੱਗ ਲਗਾ ਦਿੱਤੀ ਹੈ।

***ਉਡੀ ਇਟ ਉਹਾਂ ਪਹੁੰਚੀ ਜਾਇ॥*** ਬਰੂਦ ਦੇ ਨਾਲ ਹਰਿਮੰਦਰ ਸਾਹਿਬ ਦੀਆਂ ਇੱਟਾਂ ਉਡਾ ਦਿੱਤੀਆਂ ਹਨ ਅਬਦਾਲੀ ਨੇ, ਅਬਦਾਲੀ ਕੁਰਸੀ 'ਤੇ ਬੈਠਾ ਸੀ, ਕਹਿੰਦਾ ਮੈਂ ਹਰਿਮੰਦਰ ਨੂੰ ਉਡਦਾ ਵੇਖਾਂਗਾ ਕਿ ਕਿਵੇਂ ਇੱਟਾਂ ਉਡਦੀਆਂ ਹਨ, ਇਕ ਇੱਟ ਉੱਡ ਕੇ ਓਥੇ ਆ ਪਹੁੰਚੀ ਹੈ, ਜਿਥੇ ਅਹਿਮਦ ਸ਼ਾਹ ਬੈਠਾ ਸੀ।

***ਲਗੀ ਨੱਕ ਕੇ ਊਪਰ ਸਾਇ॥*** ਉਹ ਇੱਟ ਅਹਿਮਦ ਸ਼ਾਹ ਅਬਦਾਲੀ ਦੇ ਨੱਕ ਉੱਤੇ ਜਾ ਲੱਗੀ ਹੈ।

***ਹੋਇ ਨ ਚੰਗਾ ਰੋਗੀ ਕਹਾਇ॥ ੫॥*** ਫਿਰ ਚੰਗਾ ਕੀ ਹੋਣਾ ਸੀ, ਗੁਰੂ ਵੱਲੋਂ ਮਾਰਿਆ ਗਿਆ ਹੈ, ਉਥੇ ਨੱਕ 'ਤੇ 'ਨਸੂਰ' ਰੋਗ ਹੋ ਗਿਆ ਹੈ ਅਤੇ ਬਥੇਰਾ ਇਲਾਜ਼ ਕਰਵਾਇਆ, ਕਿਸੇ ਵੀ ਵੈਦ ਹਕੀਮ ਤੋਂ ਠੀਕ ਨਹੀਂ ਹੋਇਆ, ਉਸ ਨੇ ਅਵੱਗਿਆ ਕੀਤੀ ਹੈ ਹਰਿਮੰਦਰ ਦੀ, ਜਿਥੇ ਪ੍ਰਮੇਸ਼ਰ ਦਾ ਘਰ ਹੋਵੇ, ਉਸ ਨੂੰ ਗਿਰਾ ਕੇ ਦੁਸ਼ਟਪੁਣਾ ਕੀਤਾ ਹੈ ਤੇ ਸਜਾ ਖਾਧੀ ਹੈ। ੫।

***ਤੌ ਲਹੌਰ ਕੇ ਤੁਰ ਪਯੋ ਰਾਹਿ॥*** ਅਬਦਾਲੀ ਉਦੋਂ ਹੀ ਲਹੌਰ ਦੇ ਰਾਹ ਪੈ ਗਿਆ ਹੈ, ਆਪਣਾ ਨੱਕ ਵਢਾ ਕੇ।

***ਲਹੌਰ ਤਖਤ ਪੈ ਬੈਠਯੋ ਜਾਇ॥*** ਜਾ ਲਹੌਰ ਦੇ ਤਖ਼ਤ 'ਤੇ ਬੈਠਾ ਹੈ।

***ਲਗੋ ਸਿੰਘਨ ਕੋ ਚੁਨ ਚੁਨ ਮਾਰਨ॥*** ਸਿਘਾਂ ਨੂੰ ਚੁਣ-ਚੁਣ ਕੇ ਮਾਰਨ ਲੱਗਾ ਹੈ।

***ਬਹੁਤ ਖੋਟੇ ਉਨ ਕੀਨੇ ਕਾਰਨ ॥ ੬॥*** ਉਸ ਨੇ ਬੜੇ ਹੀ ਖੋਟੇ ਕਾਰਨਾਮੇ ਕੀਤੇ ਸਨ, ਰਯਤ 'ਤੇ ਬੜੇ ਜ਼ੁਲਮ ਕੀਤੇ। ੬।

***ਦੋਹਰਾ॥ਬਹੁਤ ਸਿੰਘ ਮਾਲਵੇ ਵੜੇ ਕਿਤ ਕੁ ਰਹੇ ਵੜ ਝੱਲ॥*** ਬਹੁਤੇ ਸਿੰਘ ਤਾਂ ਮਾਲਵੇ ਵਿਚੁ ਆ ਵੜੇ ਸਨ, ਕਿਛ ਕੁ ਦਰਿਆਵਾਂ ਦੇ ਝੱਲਾਂ ਵਿਚ ਵੜ ਕੇ ਰਹਿ ਗਏ ਹਨ

***ਲੁਟੈਂ ਸੁ ਕਾਬਲ ਰਾਹਿ ਕੋ ਲਹੌਰ ਸੁ ਗਿਲਜਨ ਚੱਲ॥ ੭॥*** ਝਨਾਂ ਦੇ ਝੱਲ ਤੱਕ ਉਧਰੋਂ ਆਉਂਦੇ ਜਾਂਦੇ ਦਾ ਰਾਹ ਮਾਰਦੇ, ਓਧਰੋਂ ਮੇਵੇ ਆਉਂਦੇ ਤੇ ਸਿੰਘ ਕਦੋਂ ਲੰਘਣ ਦਿੰਦੇ ਸੀ, ਇਉਂ ਸਿੰਘ ਲਿਆ ਲਿਆ ਕੇ ਨਨਕਾਣੇ ਦੀ ਬਾਰ ਰਾਹੀਂ ਐਧਰ ਆ ਪਹੁੰਚਦੇ ਸੀ ਬੁੱਢੇ ਜੌਹੜ ਏਧਰ ਦਰਿਆ ਟੱਪ ਕੇ ਅਨੰਦਪੁਰ ਸਾਹਿਬ, ਇਉਂ ਖਾਲਸੇ ਦੇ ਟਿਕਾਣੇ ਬਣੇ ਹੋਏ ਸਨ, ਲਹੌਰ ਤੋਂ ਕਾਬਲ ਦਾ ਜੋ ਰਾਹ ਹੈ, ਉਥੇ ਲੁਟਦੇ ਸਨ ਕਾਬਲ ਦੇ ਗਿਲਜਿਆਂ ਨੂੰ ਚੱਲ ਕੇ। ੭।

***ਚੌਪਈ॥ਸ਼ਾਹਿ ਸਿੰਘਨ ਨੇ ਬਹੁਤ ਅਕਾਯਾ॥*** ਅਹਿਮਦ ਸ਼ਾਹ ਨੂੰ ਖਾਲਸੇ ਨੇ ਬੜਾ ਹੀ ਤੰਗ ਕੀਤਾ ਹੈ।

***ਢੂੰਡਨ ਸਿੰਘਨ ਦਸਤਾ ਚੜ੍ਹਾਯਾ॥*** ਅਬਦਾਲੀ ਨੇ ਸਿੰਘਾਂ ਦੀ ਭਾਲ ਵਿਚ ਫ਼ੌਜੀ ਦਸਤਾ ਚੜ੍ਹਾਇਆ ਹੈ ਕਿ ਲੱਭੋ ਸਿੰਘ

ਕਿਥੇ ਕਿਥੇ ਬੈਠੇ ਹਨ।

***ਸੋ ਦਸਤੋ ਸਿੰਘਨ ਲਯੋ ਲੂਟ॥*** ਅਬਦਾਲੀ ਦਾ ਉਹ ਫ਼ੌਜੀ ਦਸਤਾ ਸਿੰਘਾਂ ਨੇ ਲੁੱਟ ਲਿਆ ਹੈ।

***ਰਾਤ ਦਿਵਸ ਮਹਿਂ ਕਰਤੇ ਛੂਟ॥ ੮॥*** ਦਿਨ ਰਾਤ ਸਿੰਘ ਟਾਕਰਾ ਕਰਦੇ ਹੀ ਰਹਿੰਦੇ ਹਨ। ੮।

***ਗਿਲਜੇ ਮੂਧੇ ਹੋ ਕੇ ਪਾਵੈਂ॥*** ਗਿਲਜੇ ਦੁਰਾਨੀ ਫ਼ੌਜੀ ਰਾਤ ਨੂੰ ਮੂਧੇ ਮੂੰਹ ਹੋ ਕੇ ਸੌਂਦੇ ਹਨ।

***ਸਿੰਘ ਘੋੜੇ ਚੜ੍ਹ ਲੈ ਨਠ ਜਾਵੈਂ॥*** ਸਿੰਘ ਉਨ੍ਹਾਂ ਦੇ ਘੋੜੇ ਖੋਲ੍ਹ ਕੇ ਰਾਤ ਨੂੰ ਹਰਨ ਹੋ ਜਾਂਦੇ ਸਨ।

***ਸ਼ਾਹਿ ਸੁਨੀ ਯੌਂ ਬਹੁਤ ਰਿਸਾਯਾ॥*** ਜਦੋਂ ਅਹਿਮਦ ਸ਼ਾਹ ਨੇ ਸੁਣਿਆ ਕਿ ਸਿੰਘ ਤਾਂ ਸਾਡੇ ਸਿਪਾਹੀਆਂ ਤੋਂ ਘੋੜੇ ਤੇ ਹੋਰ ਸਮਾਨ ਖੋਹ ਕੇ ਲੈ ਜਾਦੇ ਹਨ, ਤਾਂ ਬਹੁਤ ਕ੍ਰੋਧਤ ਹੋਇਆ ਹੈ ਸਿੰਘਾਂ 'ਤੇ।

***ਸਿੰਘਨ ਊਪਰ ਕਰਨ ਚਹੇ ਧਾਯਾ॥ ੯॥*** ਸਿੰਘਾਂ ਉਤੇ ਹੱਲਾ ਬੋਲਣਾ ਚਹੁੰਦਾ ਹੈ ਅਹਿਮਦ ਸ਼ਾਹ। ੯।

***ਸ਼ਾਹੁ ਕਹੈ, 'ਚੜ੍ਹ ਜੰਗਲ ਦੌੜੈਂ'॥*** ਅਹਿਮਦ ਸ਼ਾਹ ਕਹਿੰਦਾ ਚਲੋ ਹੱਲਾ ਕਰਕੇ (ਜੰਗਲ) ਮਾਲਵੇ ਨੂੰ, ਸਿੰਘਾਂ ਦੇ ਪਿੱਛੇ ਜਾ ਕੇ ਹੱਲਾ ਕਰੀਏ।

***ਬਜੀਰ ਕਹੀ, 'ਹਮ ਦੌੜ ਹੋਹਿਂ ਹੋਰੇ'॥*** ਉਸ ਦੇ ਵਜ਼ੀਰ ਕਹਿਣ ਲੱਗੇ, 'ਜੇ ਉਧਰ ਨੂੰ ਗਏ, ਤਾਂ ਹੌਲੇ ਹੋ ਕੇ ਆਵਾਂਗੇ। ਐਧਰ ਤਾਂ ਸਾਡੀ ਪੇਸ਼ ਨਹੀਂ ਜਾਣ ਦਿੰਦੇ, ਜਿਥੇ ਅਸੀਂ ਰਹਿੰਦੇ ਹਾਂ, ਸਾਡੇ ਘਰ ਵਿਚ, ਓਥੇ ਜਾ ਕੇ ਕੀ ਕਰਾਂਗੇ? ਉਥੇ ਤਾਂ ਰੋਲ ਕੇ ਮਾਰ ਦੇਣਗੇ, ਜਿਥੇ ਪਾਣੀ ਨਹੀਂ ਮਿਲਦਾ ਮਾਲਵੇ ਵਿਚ।

***ਮਝੈਲ ਸਿੰਘ ਊਹਾਂ ਕਈ ਹਜ਼ਾਰ॥*** ਮਾਝੇ ਦੇ ਸਿੰਘ ਉਥੇ ਹਜ਼ਾਰਾਂ ਦੀ ਤਦਾਦ ਵਿਚ ਬੈਠੇ ਹਨ।

***ਚੰਗੇ ਘੋੜੇ ਔ ਬਦੂਕਨ ਵਾਰ॥ ੧੦॥*** ਚੰਗੇ-ਚੰਗੇ ਘੋੜੇ ਹਨ ਉਨ੍ਹਾਂ ਕੋਲ ਜੋ ਸਾਡੇ ਕੋਲੋਂ ਖੋਹ ਕੇ ਲੈ ਕੇ ਗਏ ਹਨ ਅਤੇ ਬੜੀਆਂ ਭਾਰੀਆਂ ਬੰਦੂਕਾਂ ਨਾਲ ਲੈਸ ਹਨ ਉਥੇ ਸਿੰਘ, ਉਹ ਤਾਂ ਛਲਕਾਂ ਮਾਰ ਕੇ ਤਬਾਹ ਕਰ ਦੇਣਗੇ। ੧੦।

***ਬਿਨ ਪਾਨੀ ਹਮ ਮਰੈਂ ਪਿਆਸੇ॥*** ਉਥੇ ਪਾਣੀ ਤੋਂ ਬਿਨਾਂ ਅਸੀਂ ਪਿਆਸੇ ਮਰ ਜਾਵਾਂਗੇ, ਨਾ ਸਾਨੂੰ ਕਿਸੇ ਢਾਬ ਦਾ ਪਤਾ ਲਗਦਾ ਹੈ, ਨਾ ਖੂਹ ਦਾ ਕਿ ਕਿਥੇ ਕੁ ਪਾਣੀ ਹੈ, ਜੰਗਲ ਬੀਆਬਾਨ ਹੈ।

***ਹਮ ਕੋ ਮਾਰੈਂ ਦੇ ਕੈ ਤ੍ਰਾਸੇ॥*** ਉਹ ਸਾਨੂੰ ਕਈ ਤਰ੍ਹਾਂ ਦੇ (ਤ੍ਰਾਸੇ) ਤਸੀਹੇ ਦੇਂ-ਦੇ ਕੇ ਮਾਰਨਗੇ।

***ਉਹ ਹੈਂ ਭੂਮੀਏਂ ਹਮ ਪਰਦੇਸੀ॥*** ਉਹ ਤਾਂ ਉਸ ਧਰਤੀ ਦੇ ਮਾਲਕ ਹਨ ਤੇ ਅਸੀਂ ਪਰਦੇਸੀ ਹਾਂ, ਉਧਰੋਂ ਕਾਬਲ ਤੋਂ ਆਏ ਠੰਢਾ ਪਾਣੀ ਪੀਣ ਵਾਲੇ।

***ਰਲ ਮਾਰੈਂ ਹਮ ਉਨ ਕੌ ਖੇਸੀ॥ ੧੧॥*** ਅਸੀਂ ਉਨ੍ਹਾਂ ਨੂੰ ਰਲ ਕੇ ਮਾਰਾਂਗੇ ਘੇਰ ਕੇ। ੧੧।

***ਦੋਹਰਾ॥ਕੁੜ੍ਹੈਂ, ਰੁੜ੍ਹੈਂ, ਚਿੰਤਾ ਜੁੜੈਂ, ਸੋਚੈਂ ਯੌਂ ਪਛਤਾਇਂ॥*** (ਕੁੜ੍ਹੈਂ) ਕਰੋਧ ਕਰਕੇ (ਰੁੜ੍ਹੈਂ) ਈਰਖਾ ਦੇ ਵਿਚ ਰੁੜ੍ਹੇ ਹੋਏ ਸਨ, ਚਿੱਤ ਫ਼ਿਕਰ ਵਿਚ ਜੁੜਿਆ ਹੋਇਆ ਹੈ, ਇਉਂ ਆਪਸ ਵਿਚ ਜੁੜ ਕੇ (ਸੋਚੈਂ) ਵਿਚਾਰਾਂ ਕਰਦੇ ਹਨ ਅਤੇ ਪਛਤਾਉਂਦੇ ਹਨ।

***ਦੱਖਣ ਪੂਰਬ ਮੈਂ ਲੁਟੀ, ਸੁਧ ਸਿੰਘਨ ਦਈ ਗਵਾਇ॥ ੧੨॥*** ਹੈਰਾਨ ਹੋ ਰਿਹਾ ਹੈ ਅਬਦਾਲੀ ਕਹਿੰਦਾ, ਮੈਂ ਹਿੰਦੋਸਤਾਨ ਦਾ ਦੱਖਣੀ ਪੂਰਬੀ ਹਿੱਸਾ ਲੁੱਟਿਆ ਹੈ ਸਾਰਾ, ਕੋਈ ਕੁਸਕਿਆ ਨਹੀਂ ਹੈ ਮੇਰੇ ਅੱਗੇ, ਸਿੰਘਾਂ ਨੇ ਮੇਰੀ ਹੋਸ਼ ਗਵਾ ਦਿੱਤੀ ਹੈ, ਇਹ ਨਹੀਂ ਮੈਥੋਂ ਆਉਂਦੇ ਲੋਟ, ਇਹ ਤਾਂ ਸਗੋਂ ਸਾਨੂੰ ਲੋਟ ਕਰਦੇ ਜਾਂਦੇ ਹਨ। ੧੨।

***ਚੌਪਈ॥ਵਹਿ ਮੂਰਖ ਯੌ ਲਖੈਂ ਨ ਬਾਤ॥*** ਉਹ ਮੂਰਖ ਇਉਂ ਜਾਣਦਾ ਨਹੀਂ ਹੈ ਅਸਲੀ ਗੱਲ ਨੂੰ।

***ਪੰਥ ਬਲੀ ਕੋ ਹੋ ਕਿਮ ਘਾਤ॥*** ਇਹ ਬੜਾ ਬਲੀ ਪੰਥ ਹੈ ਗੁਰੂ ਦਾ, ਇਸ ਦਾ ਕਿਵੇਂ ਘਾਤ ਹੋ ਸਕਦਾ ਹੈ, ਐਡੇ ਬਲਵਾਨ ਕਿਵੇਂ ਮਾਰੇ ਜਾ ਸਕਦੇ ਹਨ?

***ਦਸ ਪਤਿਸ਼ਾਹੀ ਲੜਤ ਬਿਤਾਈ॥*** ਦਸਾਂ ਪਾਤਸ਼ਾਹੀਆਂ ਤੋਂ ਲੈ ਕੇ ਅੱਜ ਤੱਕ ਇਨ੍ਹਾਂ ਨਾਲ ਲੜਦਿਆਂ ਹੀ ਗੁਜ਼ਰਿਆ

ਹੈ ਸਮਾਂ।

***ਇਨਕੀ ਜੜ੍ਹ ਨਿਤ ਹੋਵੈ ਸੁਾਈ॥ ੧੩ ॥*** ਇਹਨਾਂ ਸਿੰਘਾਂ ਦੀ ਜੜ੍ਹ ਤਾਂ ਦਿਨੋਂ ਦਿਨ ਦੂਣ ਸਵਾਈ ਡੂੰਘੀ ਹੁੰਦੀ ਜਾਂਦੀ ਹੈ। ੧੩।

***ਲੜਤੇ ਮਰਤੇ ਵਧਤੇ ਜਾਂਹਿਂ॥*** ਉਹ ਲੜਦੇ ਹਨ, ਮਰਦੇ ਹਨ, ਸਗੋਂ ਹੋਰ ਵਧਦੇ ਤੁਰੇ ਜਾਂਦੇ ਹਨ, ਅਮਰ ਸ਼ਹੀਦ ਜਿਉਂ ਹੋ ਗਏ ਨੇ, ਇਹਨਾਂ ਨੂੰ ਕੌਣ ਮਾਰ ਸਕਦਾ ਹੈ, ਅਮਰ ਸ਼ਹੀਦਾਂ ਨੂੰ।

***ਮੂਲੋਂ ਕਿਸ ਤੇ ਨਾਂਹਿ ਖਪਾਹਿਂ॥*** ਇਹ ਉੱਕਾ ਹੀ ਕਿਸੇ ਤੋਂ ਨਾਸ ਨਹੀਂ ਹੁੰਦੇ।

***ਜਿਮ ਕਾਟੇ ਤੇ ਫਲੇ ਗੁਲਾਬ॥*** ਜਿਵੇਂ ਗੁਲਾਬ ਕੱਟੇ ਤੋਂ ਜ਼ਿਆਦਾ ਫਲਦਾ ਫੁਲਦਾ ਹੈ।

***ਤਿਮ ਇਹ ਵਾਧੈਂ ਪਾਇ ਅਜ਼ਾਬ॥ ੧੪ ॥*** ਉਵੇਂ ਹੀ ਇਹਨਾਂ ਨੂੰ ਜਿੰਨਾਂ ਦੁਖ ਦਿਉ, ਉਨ੍ਹਾਂ ਹੀ ਵਧਦੇ ਫੁਲਦੇ ਹਨ। ੧੪।

***ਦੋਹਰਾ॥ਸਿੰਘ ਮਾਲਵੇ ਵੜ ਰਹੈਂ, ਲੈ ਪੱਲਯੋਂ ਖਰੀਦ ਸੁ ਖਾਹਿਂ॥*** ਸਿੰਘ ਮਾਲਵੇ ਵਿਚ ਵੜ ਕੇ ਬੈਠੇ ਰਹੇ ਤੇ ਆਪਣੇ ਪੱਲਿਓਂ ਰਸਤਾਂ-ਬਸਤਾਂ ਖ਼ਰੀਦ ਕੇ ਛਕਦੇ ਸਨ।

***'ਬਿਨ ਲੂਟੇ ਹਮ ਕਿਉਂ ਬਚੈਂ,' ਯੌ ਮਿਲ ਕਰੈਂ ਸਲਾਹਿ॥ ੧੫ ॥*** ਸਿੰਘ ਆਪਸ ਵਿਚ ਇਉਂ ਸਲਾਹਾਂ ਕਰਦੇ ਹਨ ਕਿ ਲੁੱਟ-ਮਾਰ ਕੀਤੀ ਤੋਂ ਬਿਨਾਂ ਸਾਡਾ ਬਚਾ ਕਿਵੇਂ ਹੋ ਸਕਦਾ ਹੈ। ੧੫।

***ਚੌਪਈ॥ਮਿਲ ਖਾਲਸੇ ਦੀਵਾਨ ਲਗਾਯਾ॥*** ਖਾਲਸੇ ਨੇ ਇੱਕਤਰਤਾਈ ਕਰਕੇ ਦਿਵਾਨ ਲਗਾਇਆ ਹੈ।

***ਚੜ੍ਹਨੇ ਕੋ ਸਭ ਉਦਮ ਕਰਾਯਾ॥*** ਖਾਲਸੇ ਨੇ ਚੜ੍ਹਾਈ ਕਰਨ ਦਾ ਉੱਦਮ ਕੀਤਾ ਹੈ ਕਿ ਲਿਆਈਏ ਕੋਈ ਚੰਗਾ ਜਿਹਾ ਮੁਲਕ ਮਾਰ ਕੇ।

***ਲੁਟਣ ਖਾਨ ਕੋ ਡੇਰਾ ਤੁਰਾਯਾ॥*** ਲੁੱਟਣ ਤੇ ਖਾਣ ਵਾਸਤੇ ਆਪਣੇ ਡੇਰੇ ਦਾ ਕੂਚ ਕੀਤਾ ਹੈ ਖਾਲਸੇ ਨੇ।

***ਸਰਹੰਦ ਗਿਰਦ ਚੜ੍ਹ ਸ਼ੋਰ ਮਚਾਯਾ॥ ੧੬ ॥*** ਖਾਲਸੇ ਨੇ ਸਰਹੰਦ ਦੇ ਦੁਆਲੇ ਜਾ ਰੌਲਾ ਪਾਇਆ ਹੈ। ੧੬।

***ਜੈਨਾਂ ਘੇਰ ਵਿਚ ਸ਼ਹਿਰ ਵੜਾਯੋ॥*** ਸਰਹੰਦ ਦੇ ਸੂਬੇਦਾਰ ਜੈਨ ਖ਼ਾਂ ਨੂੰ ਘੇਰ ਕੇ ਸਰਹੰਦ ਸ਼ਹਿਰ ਦੇ ਕਿਲ੍ਹੇ ਵਿਚ ਵਾੜ ਦਿੱਤਾ ਹੈ।

***ਡੇਰਾ ਮੋੜ ਮਲੈਰ ਢਿਗ ਲਾਯੋ॥*** ਸਰਹੰਦ ਦੇ ਇਲਾਕੇ ਨੂੰ ਲੁੱਟ ਕੇ ਖਾਲਸੇ ਨੇ ਆਪਣਾ ਡੇਰਾ ਮੁੜ ਕੇ ਮਲੇਰ ਕੋਟਲੇ ਦੇ ਕੋਲ ਲਾ ਦਿੱਤਾ।

***ਕੋਈ ਕਹੇ, ਲਿਹੋ ਮਲੇਰ ਸੁ ਮਾਰ॥*** ਕੋਈ ਸਿੰਘ ਕਹਿੰਦਾ ਹੈ ਕਿ ਮਲੇਰ ਕੋਟਲਾ ਮਾਰ ਲਵੋ ਚੱਲ ਕੇ।

***ਨਿਤ ਨਿਤ ਕੀ ਹੁਇ ਅਲਖ ਬਿਡਾਰ॥ ੧੭ ॥*** ਮਲੇਰ ਕੋਟਲੀਏ ਵੀ ਪਠਾਣ ਸਨ, ਉਹ ਵੀ ਜੈਨ ਖ਼ਾਂ ਸਰਹੰਦੀ ਦੀ ਮਦਦ ਕਰਦੇ ਸਨ, ਮਲੇਰ ਕੋਟਲਾ ਮਾਰ ਕੇ ਨਿੱਤ-ਨਿੱਤ ਦੀ ਅਲਖ ਮੁਕਾਵੇ, ਰੋਜ਼-ਰੋਜ਼ ਦਾ ਫਸਤਾ ਵੱਢੋ। ੧੭।

***ਕੋਊ ਕਹੈ, 'ਯਿਹ ਮਰੈਂ ਅਬਾਹੀ'॥*** ਕੋਈ ਸਿੰਘ ਕਹਿੰਦਾ ਹੈ ਕਿ ਮਲੇਰ ਕੋਟਲਾ ਹੁਣ ਹੀ ਮਰੇਗਾ।

***ਕੋਊ ਕਹੈ, 'ਯਿਹ ਮਰਤੀ ਅਬ ਨਾਹੀਂ'॥*** ਕੋਈ ਸਿੰਘ ਕਹਿੰਦਾ ਹੈ ਕਿ ਹੁਣ ਨਹੀਂ ਮਰਨਾ ਹੈ ਮਲੇਰ ਕੋਟਲੇ ਨੇ।

***ਗੁਰ ਬਚਨੀ ਭਈ ਰੱਛਯਾ ਯਾਹੀ॥*** ਗੁਰਾਂ ਦੇ ਬਚਨ ਕਰਕੇ ਉਸ ਮਲੇਰ ਕੋਟਲੇ ਦੀ ਰੱਖਿਆ ਹੋ ਗਈ ਹੈ (ਛੋਟੇ ਸ਼ਾਹਿਬਜ਼ਾਦਿਆਂ ਦੀ ਸ਼ਹੀਦੀ ਵੇਲੇ ਵਜ਼ੀਦ ਖ਼ਾਂ ਸਰਹੰਦ ਦੀ ਕਚਹਿਰੀ ਵਿਚ, ਨਵਾਬ ਸ਼ੇਰ ਖ਼ਾਂ ਮਲੇਰ ਕੋਟਲਾ ਨੇ ਸਾਹਿਬਜ਼ਾਦਿਆਂ ਦੇ ਹੱਕ 'ਚ ਹਾਹ ਦਾ ਨਾਅਰਾ ਮਾਰਿਆ ਸੀ। ਜਿਸ ਕਰਕੇ ਗੁਰ ਸਾਹਿਬ ਜੀ ਨੇ ਵਰ ਦਿੱਤਾ ਸੀ, ਮਲੇਰ ਕੋਟਲਾ ਸਦਾ ਵਸਦਾ ਰਹੇਗਾ ਕਿਸੇ ਤੋਂ ਨਹੀਂ ਮਾਰਿਆ ਜਾਇਗਾ।

***ਸੋਊ ਬਾਤ ਊਹਾਂ ਬਨ ਆਈ॥ ੧੮ ॥*** ਉਹੀ ਗੱਲ ਏਥੇ ਬਣ ਗਈ, ਸਿੰਘ ਅਜੇ ਸਲਾਹ ਹੀ ਕਰ ਰਹੇ ਸਨ ਕਿ ਲੁੱਟੀਏ ਮਲੇਰ ਕੋਟਲੇ ਨੂੰ। ੧੮।

***ਦੋਹਰਾ॥ਜਬੈ ਪਠਾਨਨ ਇਮ ਸੁਨੀ, ਯੌਂ ਸਿੰਘਨ ਕਰੀ ਸਲਾਹਿ॥*** ਜਦੋਂ ਮਲੇਰ ਕੋਟਲੀਏ ਪਠਾਣਾਂ ਨੇ ਇਉਂ ਸੁਣਿਆ ਕਿ ਸਿੰਘ ਮਲੇਰ ਕੋਟਲੇ ਨੂੰ ਲੁੱਟਣ ਦੀ ਇਉਂ ਸਲਾਹ ਕਰ ਰਹੇ ਹਨ, ਸਾਨੂੰ ਲੁੱਟਣ ਮਾਰਨ ਵਾਸਤੇ।

***ਲਯਾਏ ਜੈਨੇ ਸੂਹੰਦ ਤੇ, ਰਾਤੋ ਰਾਤ ਦੁੜਾਇ॥ ੧੯॥*** ਮਲੇਰ ਕੋਟਲੇ ਵਾਲੇ ਪਠਾਣ ਰਾਤੋ ਰਾਤ ਜਾ ਕੇ ਸਰਹੰਦ ਤੋਂ ਜੈਨ ਖ਼ਾਂ ਨੂੰ ਭਜਾ ਕੇ ਲਿਆਏ ਹਨ, ਸਿੰਘਾਂ 'ਤੇ ਹਮਲਾ ਕਰਨ ਵਾਸਤੇ। ੧੯।

***ਚੌਪਈ॥ਔਰ ਸ਼ਾਹ ਪੈ ਗਏ ਹਲਕਾਰੇ॥*** ਅਤੇ ਅਹਿਮਦ ਸ਼ਾਹ ਅਬਦਾਲੀ ਕੋਲ ਵੀ ਘੋੜ ਸਵਾਰ ਹਲਕਾਰੇ ਜੈਨ ਖ਼ਾਂ ਸੂਹੰਦੀ ਦਾ ਸੰਦੇਸ਼ ਲੈ ਕੇ ਗਏ ਸਨ।

***ਸਿੰਘ ਆਏ ਹੈਂ ਦਾਇ ਹਮਾਰੇ॥*** ਸਿੰਘ ਸਾਡੇ ਦਾਉ ਹੇਠਾਂ ਆਏ ਹਨ।

***ਹਮ ਇਤ ਵਲ ਤਿਹ ਰਾਖੈਂ ਘੇਰ॥*** ਅਸੀਂ ਏਸ ਪਾਸਿਓਂ ਉਨ੍ਹਾਂ ਨੂੰ ਘੇਰ ਕੇ ਰੱਖਾਂਗੇ।

***ਤੁਮ ਇਨ ਮਾਰੋ ਹੋਤ ਸਵੇਰ॥ ੨੦॥*** ਤੁਸੀਂ ਕਲ੍ਹ ਨੂੰ ਦਿਨ ਚੜ੍ਹਦਿਆਂ ਹੀ ਮਾਰੋ ਇਨ੍ਹਾਂ ਨੂੰ। ੨੦।

***ਹਮ ਤੁਮ ਮਿਲ ਇਨ ਜਾਨ ਨ ਦੇਹਿਂ॥*** ਅਸੀਂ ਤੇ ਤੁਸੀਂ ਮਿਲ ਕੇ ਇਨ੍ਹਾਂ ਨੂੰ ਮਾਲਵੇ ਨੂੰ ਨਿਕਲਣ ਨਾ ਦੇਈਏ।

***ਏ ਕਾਗਜ ਹਮ ਬਰਸੈਂ ਮੇਹਿ॥*** ਇਹ (ਸਿੰਘ ) ਤਾਂ ਕਾਗਜ਼ ਰੂਪ ਹਨ ਅਤੇ ਅਸੀਂ ਮੀਂਹ ਰੂਪ ਹੋ ਕੇ ਸਾਰੇ ਇਕੱਠੇ ਹੋ ਕੇ ਵਰ੍ਹੀਏ ਇਨ੍ਹਾਂ 'ਤੇ।

***ਯੌ ਸੁਨ ਸ਼ਾਹਿ ਲਹੌਰੋਂ ਚੜ੍ਹਿਓ॥*** ਇਉਂ ਜੈਨ ਖ਼ਾਂ ਦਾ ਸੁਨੇਹਾ ਸੁਣ ਕੇ ਹਲਕਾਰਿਆਂ ਤੋਂ ਅਹਿਮਦ ਸ਼ਾਹ ਅਬਦਾਲੀ ਖਾਲਸੇ 'ਤੇ ਧਾਵਾ ਬੋਲਣ ਵਾਸਤੇ ਚੜ੍ਹਿਆ ਹੈ।

***ਡੇਰਾ ਆਨ ਜੰਡਯਾਲੇ ਕਰਿਓ॥ ੨੧॥*** ਪਹਿਲਾ ਪੜਾਉ ਲਹੌਰ ਤੋਂ ਤੁਰ ਕੇ ਜੰਡਿਆਲੇ ਗੁਰੂ ਦਾ ਕੀਤਾ ਹੈ ਅਹਿਮਦ ਸ਼ਾਹ ਨੇ। ੨੧।

***ਦੂਜੋ ਕਰਾ ਤਲਵਨ ਕੈ ਪਾਹਿ॥*** ਦੂਜਾ ਡੇਰਾ ਤਲਵਨ ਦੇ ਕੋਲ ਆ ਕੇ ਕੀਤਾ ਹੈ ਅਬਦਾਲੀ ਨੇ।

***ਸਿੰਘਨ ਕੋ ਕਛੁ ਖਬਰ ਨ ਆਹਿ॥*** ਅਬਦਾਲੀ ਦੇ ਚੜ੍ਹਾਈ ਕਰਨ ਦੀ ਖਾਲਸੇ ਨੂੰ ਕੋਈ ਖ਼ਬਰ ਨਹੀਂ ਹੈ।

***ਸਿੰਘਨ ਡੇਰਾ ਕੂਚ ਕਰਾਯਾ॥*** ਸਿੰਘਾਂ ਨੇ ਕਿਲ੍ਹਾ ਰਾਇਪੁਰ ਤੋਂ ਕੂਚ ਕਰਾ ਦਿੱਤਾ ਹੈ।

***ਰਾਇ ਪੁਰੋਂ ਗੁੱਜਰਵਾਲ ਤਕਾਯਾ॥ ੨੨॥*** ਉਦੋਂ ਸਿੰਘ ਹਨੇਰੇ-ਹਨੇਰੇ ਅੰਮ੍ਰਿਤ ਵੇਲੇ ਤੁਰਦੇ ਸਨ, ਵਹੀਰ ਦੇ ਨਾਲ ਮਾਲ ਜੁ ਹੈ, ਰਾਇਪੁਰ ਤੋਂ ਗੁਜਰਵਾਲ ਨੂੰ ਤੁਰ ਪਏ ਹਨ ਸਿੰਘ। ੨੨।

***ਦੋਹਰਾ॥ਸ਼ਾਹ ਹਲਕਾਰੇ ਘਲ ਸੱਦੇ ਜੈਨਾਂ ਔਰ ਪਠਾਨ॥*** ਅਹਿਮਦ ਸ਼ਾਹ ਨੇ ਆਪਣੇ ਹਲਕਾਰੇ ਭੇਜ ਕੇ ਸਰਹੰਦ ਵਾਲੇ ਜੈਨ ਖ਼ਾਂ ਤੇ ਮਲੇਰ ਕੋਟਲੀਏ ਪਠਾਣਾਂ ਨੂੰ ਸੱਦਾ ਭੇਜਿਆ ਹੈ।

***ਸਵੇਰੇ ਹਮ ਤੁਮ ਰਲ ਪਵੈਂ, ਮਾਰੈਂ ਸਿੰਘਨ ਪਛਾਨ॥ ੨੩॥*** ਕਲ੍ਹ ਸਵੇਰੇ ਦਿਨ ਚੜ੍ਹਦਿਆਂ ਹੀ ਪਹੁ ਫੁਟਦੀ ਨਾਲ ਅਸੀਂ ਤੇ ਤੁਸੀਂ ਦੋਵੇਂ ਇਕੱਠੇ ਹੋ ਜਾਵਾਂਗੇ ਤੇ ਸਿੰਘਾਂ ਨੂੰ ਪਛਾਣ-ਪਛਾਣ ਕੇ ਮਾਰੀਏ। ੨੩।

***ਚੌਪਈ॥ਸੋਊ ਬਾਤ ਤਿਨ ਪ੍ਰਾਤੇ ਕਰੀ॥*** ਦੂਜੀ ਸਵੇਰ ਨੂੰ ਉਨ੍ਹਾਂ ਨੇ ਉਹੀ ਗੱਲ ਕੀਤੀ ਹੈ।

***ਆਈ ਖਾਲਸੇ ਖੋਟੀ ਘਰੀ॥*** ਖਾਲਸੇ ਵਾਸਤੇ ਬੜੀ ਖੋਟੀ ਘੜੀ ਆ ਗਈ ਹੈ, ਬੜਾ ਖੋਟਾ ਸਮਾਂ ਆ ਗਿਆ ਖਾਲਸੇ 'ਤੇ।

***ਸਿੰਘ ਤੁਰੇ ਵਲ ਸੋਈ ਦਰਿਆਇ॥*** ਸਿੰਘ ਉਥੋਂ ਸਤਿਲੁਜ ਦਰਿਆ ਵਲ ਨੂੰ ਤੁਰੇ ਸਨ।

***ਅਗਿਓਂ ਆਇਓ ਅਹਮਦ ਸ਼ਾਹਿ॥ ੨੪॥*** ਅੱਗੋਂ ਅਹਿਮਦ ਸ਼ਾਹ ਅਬਦਾਲੀ ਆ ਗਿਆ ਹੈ। ੨੪।

***ਲਾਲ ਲਾਲ ਉਸ ਦਿਸੈ ਬਾਣਾ॥*** ਉਸ ਦੀ ਫ਼ੌਜ ਦੀ ਲਾਲ ਵਰਦੀ ਸੀ, ਉਸ ਦੀ ਫ਼ੌਜ ਦੀ ਵਰਦੀ ਲਾਲ ਲਾਲ ਦਿਸਦੀ ਹੈ।

***ਸਿੰਘਨ ਕੇਸੂ ਫੂਲੇ ਜਾਣਾ॥*** ਕੇਸੂ ਢੱਕ ਪਲਾਹ ਨੂੰ ਕਹਿੰਦੇ ਹਨ, ਇਸ ਇਲਾਕੇ ਵਿਚ ਇਹ ਬੜਾ ਹੀ ਹੁੰਦਾ ਸੀ। ਸਿੰਘਾਂ ਨੇ ਉਸ ਲਾਲ ਵਰਦੀ ਕੇਸੂ ਦੇ ਫੁੱਲ ਸਮਝ ਲਿਆ ਭੁਲੇਖੇ ਵਿਚ।

***ਜੇ ਹੋਤੇ ਥੇ ਸਿੰਘ ਸਿਆਨੇ॥*** ਜਿਹੜੇ ਪੁਰਾਣੇ ਸਿੰਘ ਸਨ।

***ਗਿਲਜੇ ਆਵਤ ਉਨ੍ਹੈਂ ਪਛਾਨੇ॥ ੨੫॥*** ਉਨ੍ਹਾਂ ਸਿੰਘਾਂ ਨੇ ਗਿਲਜਿਆਂ ਨੂੰ ਆਉਂਦਿਆਂ ਨੂੰ ਪਛਾਣ ਲਿਆ ਹੈ। ੨੫।

***ਠਠਕ ਸਿੰਘ ਤਹਿੰ ਗਏ ਖਲੋਇ॥*** ਸਿੰਘ (ਠਠਕ) ਠਠੰਬਰ ਕੇ ਉਥੇ ਹੀ ਖਲੋ ਗਏ ਹਨ ਕਿ ਅੱਗੋਂ ਫ਼ੌਜ ਆ ਰਹੀ ਹੈ।

***ਤੌ ਲੌ ਆਯੋ ਚਾਨਨ ਹੋਇ॥*** ਉਦੋਂ ਨੂੰ ਚਾਨਣ ਹੋ ਗਿਆ, ਹਨੇਰਾ ਹਟ ਗਿਆ ਹੈ ਰਾਤ ਦਾ, ਦਿਨ ਚੜ੍ਹ ਗਿਆ ਹੈ।

***ਆਇ ਗਿਲਜਨ ਨੇ ਘੋੜੇ ਰਲਾਏ॥*** ਗਿਲਜਿਆਂ ਨੇ ਆ ਘੋੜੇ ਰਲਾਏ ਹਨ, ਸਿੰਘਾਂ ਦੇ ਦਲ ਵਿਚ।

***ਸਿੰਘਨ ਨਹਿੰ ਥੇ ਤੋੜੇ ਲਾਏ॥ ੨੬॥*** ਸਿੰਘਾਂ ਨੇ ਅਜੇ ਤੋੜੇ ਵੀ ਨਹੀਂ ਸੀ ਧੁਖਾਏ ਬੰਦੂਕਾਂ ਦੇ, ਉਦੋਂ ਤੋੜੇ ਵਾਲੀਆਂ ਬੰਦੂਕਾਂ ਹੁੰਦੀਆਂ ਸਨ। ੨੬।

***ਤੀਰ ਤਲਵਾਰਨ ਭਈ ਲੜਾਈ॥*** ਤੀਰਾਂ ਤੇ ਤਲਵਾਰਾਂ ਦੀ ਆ ਲੜਾਈ ਖੜਕੀ ਹੈ।

***ਪਰੇ ਅਚਾਨਕ ਉਹ ਥੇ ਆਈ॥*** ਉਹ ਗਿਲਜੇ ਅਚਾਨਕ ਹੀ ਸਿੰਘਾਂ 'ਤੇ ਆ ਪਏ ਸੀ।

***ਤੌ ਭੀ ਸਿੰਘ ਸੁ ਖੜ ਖੜ ਲੜੈਂ॥*** ਤਾਂ ਵੀ ਸਿੰਘ ਖੜ੍ਹ-ਖੜ੍ਹ ਕੇ ਲੜਨ ਲੱਗੇ ਹਨ, ਅੱਗੋਂ ਰੋਕਣ ਲੱਗੇ ਹਨ ਆਉਂਦਿਆਂ ਨੂੰ।

***ਦੀਨ ਮਜ਼ਹਬ ਕਰ ਜੁੱਧਹਿ ਅੜੈਂ॥ ੨੭॥*** ਸਿੰਘ ਇਸ ਨੂੰ 'ਧਰਮ ਯੁੱਧ' ਸਮਝ ਕੇ ਅੜਦੇ ਹਨ ਲੜਾਈ ਵਿਚ। ੨੭।

***ਦੋਹਰਾ॥ ਲੁੱਟਨ ਖੋਸਨ ਜੋ ਗਏ ਰਲੇ ਸੁ ਗਿਲਜਨ ਜਾਇ॥*** ਲੁਟੇਰੇ ਜਿਹੜੇ ਲੁੱਟਣ ਵਾਸਤੇ ਗਏ ਹੋਏ ਸਨ, ਉਹ ਤਾਂ ਸਿੱਧੇ ਹੀ ਉਨ੍ਹਾਂ ਗਿਲਜਿਆਂ ਵਿਚ ਜਾ ਰਲੇ ਹਨ। ਉਨ੍ਹਾਂ ਨੂੰ ਪਤਾ ਹੀ ਨਾ ਲੱਗਾ ਕੌਣ ਹਨ ਇਹ?

***ਤਿਨ ਕੀ ਸ਼ਾਮਤ ਆ ਪਈ, ਤੇ ਉਨ ਦਏ ਖਪਾਇ॥ ੨੮॥*** ਉਨ੍ਹਾਂ ਦੀ ਤਾਂ ਸ਼ਾਮਤ ਆ ਗਈ ਹੈ, ਉਹ ਤਾਂ ਆਉਂਦੇ ਹੀ ਬੋਚ ਲਏ ਉਨ੍ਹਾਂ ਨੇ, ਮਾਰ ਦਿੱਤੇ ਹਨ, ਉਹ ਤਾਂ ਲੁਟੇਰੇ ਸਨ,ਚੀਜ਼ਾਂ ਵਸਤੂਆਂ ਚੁੱਕਣ ਵਾਲੇ ਸਨ। ਕੋਈ ਚੀਜ਼ ਫੜੀ,ਘੋੜਾ ਫੜਿਆ, ਲੱਦ-ਲਦਾ ਕੇ ਘਰ ਨੂੰ ਭੱਜ ਜਾਣਾ, ਉਨ੍ਹਾਂ ਦਾ ਤਾਂ ਸਿਰਫ਼ ਏਨਾਂ ਹੀ ਲੜਾਈ ਦਾ ਦਾਉ ਸੀ। ਉਹ ਕਾਬੂ ਆ ਗਏ ਸਨ। ੨੮।

***ਚੌਪਈ॥ਲਗੋ ਖਾਲਸੋ ਕਰਨ ਲਰਾਈ॥*** ਖਾਲਸਾ ਜੰਗ ਕਰਨ ਲੱਗ ਪਿਆ ਹੈ।

***ਮੂਹਰਯੋਂ ਦੀਨੋਂ ਬਹੀਰ ਮੁੜਾਈ॥*** ਸਿੰਘਾਂ ਦਾ ਵਹੀਰ ਜੋ ਸਤਲੁਜ ਨੂੰ ਜਾ ਰਿਹਾ ਸੀ, ਉਸ ਨੂੰ ਅੱਗੋਂ ਮੋੜ ਲਿਆ ਹੈ ਸਿੰਘਾਂ ਨੇ।

***ਸਿਰ ਮੂਹਰੀਅਨ ਕੈ ਪਰੀ ਲੜਾਹੀ॥*** ਜਿਹੜੇ ਸਿੰਘ ਵਹੀਰ ਦੇ ਅੱਗੇ ਤੁਰੇ ਜਾਂਦੇ ਸਨ, ਉਹਨਾਂ ਦੇ ਸਿਰ ਲੜਾਈ ਆ ਪਈ ਹੈ।

***ਬਹੁਤ ਮਾਰ ਉਨ ਸਿੰਘਨ ਖਾਈ॥ ੨੯॥*** ਉਨ੍ਹਾਂ ਸਿੰਘਾਂ ਨੇ ਬੜੀ ਮਾਰ ਖਾਧੀ ਹੈ, ਕਿਉਂਕਿ ਅਚਾਨਕ ਹੀ ਜੰਗ ਸ਼ੁਰੂ ਹੋ ਗਿਆ ਹੈ। ੨੯।

***ਮੁੜ ਮੁੜ ਸਿੰਘ ਇਕੱਤਰ ਭਏ॥*** ਸਿੰਘ ਮੁੜ-ਮੁੜ ਕੇ ਇਕੱਠੇ ਹੋਏ ਹਨ।

***ਗਿਲਜਨ ਸੋਂ ਸਿੰਘ ਲੜਨੇ ਡਹੇ॥*** ਗਿਲਜਿਆਂ ਨਾਲ ਸਿੰਘਾਂ ਨੇ ਯੁੱਧ ਪਾ ਲਿਆ ਹੈ ਤਕੜੇ ਹੋ ਕੇ।

***ਬੰਦੂਕਨ ਕਮਾਨ ਨੇਜੋ ਤਲਵਾਰ॥*** ਬੰਦੂਕਾਂ ਕਮਾਣਾਂ ਨੇਜ਼ਿਆਂ ਅਤੇ ਤਲਵਾਰਾਂ ਨਾਲ।

***ਲਗੀ ਦੁਤਰਫ਼ੀਂ ਹੋਵਨ ਮਾਰ॥ ੩੦॥*** ਦੋਹਾਂ ਤਰਫ਼ਾਂ ਤੋਂ ਗਿਲਜਿਆਂ 'ਤੇ ਸਿੰਘਾਂ ਵੱਲੋਂ ਮਾਰ ਸ਼ੁਰੂ ਹੋ ਗਈ ਹੈ। ੩੦।

***ਹਰੌਲ ਸਿੰਘਨ ਤੋ ਲਭਯੋ ਸੰਭਾਰ॥*** ਅਹਿਮਦ ਸ਼ਾਹ ਅਬਦਾਲੀ ਦਾ ਹਰਿਆਵਲ ਦਸਤਾ ਤਾਂ ਲੱਭ ਕੇ ਸਿੰਘਾਂ ਨੇ ਸੰਭਾਲ ਲਿਆ ਹੈ। ਹਰਿਆਵਲ ਜੱਥੇ ਦੇ ਗਾਜ਼ੀ ਪਠਾਣ ਤਾਂ ਆਉਂਦੇ ਹੀ ਨਿਬੇੜ ਦਿੱਤੇ ਹਨ ਖਾਲਸੇ ਨੇ।

***ਸ੍ਰਦਾਰਨ ਮਿਲ ਤਬ ਕੀਓ ਬਿਚਾਰ॥*** ਸਰਦਾਰਾਂ ਨੇ ਮਿਲ ਕੇ ਵਿਚਾਰ ਕੀਤੀ ਹੈ ਕਿ ਜੰਗ ਦੀ ਕੋਈ ਤਰਤੀਬ ਬਣਾਓ, ਇਉਂ ਤਾਂ ਨਹੀਂ ਲੜਿਆ ਜਾਣਾ ਹੈ।

***ਕਰੋ ਬਹੀਰ ਅਬ ਮਾਲਵੇ ਵੱਲ॥*** (ਬਹੀਰ ਜਿਥੇ ਬੱਚੇ, ਬ੍ਰਿਧ, ਮਾਈ, ਭਾਈ, ਸਾਰਾ ਮੁਲਖ ਸੀ ਇਕੱਠਾ ਸਿੰਘਾਂ ਦਾ। ਲਹੌਰ ਵੇਹਲਾ, ਅੰਮ੍ਰਿਤਸਰ ਵੇਹਲਾ, ਸਾਰਾ ਮਾਝਾ ਵੇਹਲਾ, ਦੁਆਬਾ ਵੇਹਲਾ ਹੋ ਕੇ ਤੁਰ ਪਿਆ ਸੀ, ਏਧਰ ਨੂੰ ਉਨ੍ਹਾਂ ਸਾਰਿਆਂ ਨੂੰ ਇਕੱਠੇ ਕਰਕੇ ਵਹੀਰ ਮਾਲਵੇ ਨੂੰ ਤੋਰਿਆ ਹੈ।

***ਵਕੀਲ ਮਲਵੱਯਨ ਕਹੀ ਸੱਦ ਗੱਲ॥ ੩੧॥*** ਮਲਵਈ ਸਰਦਾਰਾਂ ਦੇ ਵਕੀਲ ਸੱਦ ਕੇ ਗੱਲ ਆਖੀ ਹੈ। ੩੧।

**ਚਲੋ ਮੁਹਰੇ ਲਗ ਅਪਨੇ ਦੇਸ਼॥** ਤੁਸੀਂ ਮੂਹਰੇ ਲੱਗ ਕੇ ਆਪਣੇ ਜੰਗਲ ਦੇਸ਼ ਨੂੰ ਚਲੋ, ਵਹੀਰ ਨੂੰ ਲੈ ਕੇ।

**ਵਹੀਰ ਚਲੋ ਲੈ ਮੁਹਰੇ ਬੇਸ਼॥** ਬਹੁਤਾ ਵਹੀਰ ਲੈ ਕੇ ਅੱਗੇ ਚੱਲੋ ਮਾਲਵੇ ਦੇਸ਼ ਨੂੰ।

**ਵਕੀਲ ਭਾਈਕਾ ਦਰਾਜ ਸੁ ਵਾਰਾ॥** ਤਪੇ ਦੇ ਕੋਲ ਜੋ ਦਰਾਜ ਪਿੰਡ ਹੈ, ਪਿੰਡ ਦਰਾਜ ਦਾ ਭਾਈਕਿਆਂ ਦਾ ਵਕੀਲ।

**ਨਾਮ ਸੰਗੂ ਸਿੰਘ ਗੁਰੂ ਪਿਆਰਾ॥ ੩੨॥** ਉਸ ਗੁਰੂ ਕੇ ਪਿਆਰੇ ਵਕੀਲ ਦਾ ਨਾਮ ਸੰਗੂ ਸਿੰਘ ਸੀ। ੩੨।

**ਦੂਜੋ ਆਲਾ ਸਿਘ ਕੌ ਕੁਤਵਾਲ॥** ਦੂਜਾ ਆਲਾ ਸਿੰਘ ਦਾ ਕੋਤਵਾਲ ਸੀ, ਇਹ ਵਕੀਲ ਸੀ ਆਲਾ ਸਿੰਘ ਦਾ।

**ਨਾਮ ਸੇਖੂ ਸਿੰਘ ਹੰਬਲਵਾਲ॥** ਹੰਭਲਵਾਲੇ ਪਿੰਡ ਦਾ ਸੇਖੂ ਸਿੰਘ ਨਾਮ ਦਾ।

**ਬੁੱਢੇ ਸਿੰਘ ਭਾਈ ਕੋ ਤੀਓ॥** ਤੀਜਾ ਵਕੀਲ ਬੁੱਢਾ ਸਿੰਘ ਭਾਈ ਕੇ ਘੁੱਦੇ ਵਾਲਿਆਂ ਦਾ ਸੀ, ਇਹ ਬਠਿੰਡੇ ਦੇ ਰਾਜੇ ਸਨ।

**ਗਿਣ ਖਾਲਸੇ ਸੋ ਮੁਹਰੇ ਕੀਓ॥ ੩੩॥** ਵਿਚਾਰ ਕੇ ਖਾਲਸੇ ਨੇ ਉਹ ਅੱਗੇ ਕੀਤਾ ਸੀ ਵਹੀਰ ਦੇ। ੩੩।

**ਦੋਹਰਾ॥ਤਿਨ ਨੇਜਨ ਕਪੜੇ ਬੰਧੇ ਬੈਰਕ ਜਿਵ ਕਰ ਲੀਨ॥** ਉਨ੍ਹਾਂ ਨੇ ਆਪਣੇ ਨੇਜਿਆਂ ਨਾਲ ਕੱਪੜੇ ਬੰਨ ਕੇ ਉਨ੍ਹਾਂ ਨੂੰ ਝੰਡਿਆਂ ਦੀ ਤਰ੍ਹਾਂ ਕਰ ਲਿਆ ਹੈ।

**ਵਹੀਰ ਮਗਰ ਤਿਨ ਹੁਇ ਤੁਰਯੋ ਮਾਲਵੇ ਵੱਲ ਜ਼ਮੀਨ॥ ੩੪॥** ਵਹੀਰ ਉਨ੍ਹਾਂ ਝੰਡਿਆਂ ਮਗਰ ਹੋ ਤੁਰਿਆ ਹੈ, ਮਾਲਵੇ ਦੀ ਧਰਤੀ ਵੱਲ ਨੂੰ। ੩੪।

**ਚੌਪਈ॥ਕਹੈਂ ਮਲਵੱਈ 'ਹਮ ਮਗਰੇ ਆਯੋ'॥** ਮਲਵਈ ਵਕੀਲਾਂ ਨੇ ਸਾਰੀ ਸੰਗਤ ਨੂੰ ਕਿਹਾ ਕਿ ਸਾਡੇ ਮਗਰੇ ਮਗਰ ਤੁਰੇ ਆਇਓ।

**ਉਚੇ ਕਹਿ ਕਹਿ ਬੋਲ ਸੁਨਾਯੋ॥** ਉਹਨਾਂ ਨੂੰ ਉੱਚੀ ਅਵਾਜ਼ਾਂ ਦੇ-ਦੇ ਕੇ ਬੋਲ ਕੇ ਸੁਣਾਇਆ ਹੈ।

**ਬਹੀਰ ਮਲਵੱਯਨ ਮਗਰ ਲਗ ਤੁਰਾ॥** ਖਾਲਸੇ ਦਾ ਵਹੀਰ ਮਲਵਈ ਵਕੀਲਾਂ ਦੇ ਪਿੱਛੇ ਲੱਗ ਕੇ ਤੁਰ ਪਿਆ ਹੈ।

**ਗਿਲਜੇ ਹਰੌਲ ਸਿੰਘਨ ਕੀਓ ਖਰਾ॥ ੩੫॥** ਅਬਦਾਲੀ ਦਾ ਹਰਿਆਵਲ ਜੱਥਾ ਖਾਲਸੇ ਨੇ ਰੋਕ ਲਿਆ ਹੈ, ਖੜ੍ਹਾ ਕਰ ਲਿਆ ਦਸਤਪੰਜਾ ਲੈ ਕੇ। ੩੫।

**ਦੋਹਰਾ॥ਬਹੀਰ ਕੋਸ ਦੁਇ ਤਿਨ ਗਯੋ, ਤੌ ਆਗੇ ਪਰੇ ਰਿਪੁ ਔਰ॥** ਵਹੀਰ ਅਜੇ ਦੋ ਤਿੰਨ ਕੋਹ ਦੀ ਹੀ ਦੂਰੀ 'ਤੇ ਗਿਆ ਸੀ, ਤਾਂ ਅੱਗੋਂ ਹੋਰ ਦੁਸ਼ਮਣ ਆ ਪਿਆ ਹੈ।

**ਜੈਨਾ ਅਤੇ ਮਲੇਰੀਏ ਮਾਰੇ ਉਨ੍ਹੈਂ ਬਹੁ ਦੌਰ॥ ੩੬॥** ਜੈਨ ਖ਼ਾਂ ਸਰਹੰਦੀ ਸੂਬਾ ਅਤੇ ਮਲੇਰ ਕੋਟਲੇ ਵਾਲੇ ਪਠਾਣਾਂ ਨੇ ਦੌੜ ਕੇ ਵਹੀਰ ਵਾਲਿਆਂ 'ਤੇ ਬੜੀ ਹੀ ਮਾਰ ਕੀਤੀ ਹੈ। ੩੬।

**ਚੌਪਈ॥ਬਹੀਰ ਗਯੋ ਥੋ ਸੁੰਨੋਂ ਤੋਊ॥** ਬਹੀਰ ਤਦੋਂ ਸੁੰਨਾਂ ਹੀ ਗਿਆ ਸੀ, ਭਾਵ ਉਨ੍ਹਾਂ ਵਿਚ ਲੜਨ ਵਾਲਾ ਕੋਈ ਜੰਗੀ ਸਰਦਾਰ ਨਹੀਂ ਸੀ, ਜਿਹੜੇ ਬੇ-ਹਥਿਆਰੇ ਬਿਰਧ ਬੱਚੇ ਤੇ ਮਾਈਆਂ ਬੀਬੀਆਂ ਹੀ,ਉਨ੍ਹਾਂ ਵਿਚ ਜਾ ਰਹੇ ਸਨ।

**ਹੁਤੋ ਸ੍ਰਦਾਰ ਨ ਉਨ ਸੰਗ ਕੋਊ॥** ਕੋਈ ਜੁਝਾਰੂ ਸਰਦਾਰ ਨਹੀਂ ਸੀ, ਉਨ੍ਹਾਂ ਦੇ ਨਾਲ ਰਾਖੀ ਕਰਨ ਵਾਲਾ।

**ਅਗਯੋਂ ਬਹੀਰ ਉਨ ਲੀਨੋ ਘੇਰ॥** ਅੱਗੋਂ ਉਨ੍ਹਾਂ ਮਲੇਰ ਕੋਟਲੀਆਂ ਤੇ ਸਰਹੰਦੀਆਂ ਨੇ ਬਹੀਰ ਨੂੰ ਘੇਰ ਲਿਆ ਹੈ।

**ਜਿਮ ਅੱਯੜ ਮੇਂ ਵੜ ਗਯੋ ਸ਼ੇਰ॥ ੩੭॥** ਬੱਕਰੀਆਂ ਨੇ ਥੋੜ੍ਹੋ ਲੜ ਪੈਣਾ ਸੀ, ਬੇ-ਹਥਿਆਰਾਂ ਨੇ ਕੀ ਲੜਨਾ ਸੀ, ਜਿਵੇਂ ਸ਼ੇਰ ਬੱਕਰੀਆਂ ਭੇਡਾਂ ਦੇ ਇੱਜੜ 'ਚ ਵੜ ਜਾਂਦਾ ਹੈ, ਇਉਂ ਸ਼ੇਰਾਂ ਵਾਂਗ ਵਹੀਰ ਦੇ ਵਿਚ ਵੜ ਕੇ ਮਾਈ, ਭਾਈ ਦੀ ਕਤਲਾਮ ਸ਼ੁਰੂ ਕਰ ਦਿੱਤੀ। ੩੭।

**ਬਹੁਤ ਲੋਕ ਉਨ ਕਤਲੈ ਕਰੇ॥** ਬਹੀਰ ਦੇ ਬਹੁਤ ਲੋਕਾਂ ਦਾ ਕਤਲ ਕੀਤਾ ਹੈ ਉਨ੍ਹਾਂ ਨੇ।

**ਬਚੇ ਬਹੀਰੀਏ ਮੁੜ ਦਲ ਰਲੇ॥** ਜਿਹੜੇ ਵਹੀਰ ਵਾਲੇ ਬਚ ਗਏ ਹਨ, ਉਨ੍ਹਾਂ ਦੀ ਮਾਰ ਤੋਂ ਉਹ ਭੱਜ ਕੇ ਫਿਰ ਦਲ ਵਿਚ ਆ ਰਲੇ ਸਨ, ਖਾਲਸੇ ਦੀ ਜੰਗੀ ਫ਼ੌਜ ਵਿਚ ਆ ਵੜੇ ਹਨ ਭੱਜ ਕੇ।

**ਤਬਹਿ ਖਾਲਸੈ ਕਹਯੋ ਬਿਚਾਰ॥** ਤਦ ਖਾਲਸੇ ਨੇ ਵਿਚਾਰ ਕਰਕੇ ਕਿਹਾ ਹੈ,

**'ਚਲੌ ਵਹੀਰ ਸੰਗ ਕੋਊ ਸਰਦਾਰ' ॥ ੩੮॥** ਕੋਈ ਜੰਗੀ ਸਰਦਾਰ ਵਹੀਰ ਦੇ ਨਾਲ ਚੱਲੋ ਰਾਖੀ ਵਾਸਤੇ। ੩੮।

**ਦੋਹਰਾ॥ਜੱਸਾ ਸਿੰਘ ਸ਼ਾਮ ਸਿੰਘ ਏਹ ਹੋਤ ਥੇ ਥੰਨੇਵਾਲ॥** ਬਾਬਾ ਜੱਸਾ ਸਿੰਘ ਆਹਲੂਵਾਲੀਆ ਜਥੇਦਾਰ ਬੁੱਢੇ ਦਲ ਅਤੇ ਬਾਬਾ ਸ਼ਾਮ ਸਿੰਘ ਜੀ (ਬੁੱਢੇਦਲੀਏ) ਨਾਰੋ ਕਿਆਂ ਵਾਲੇ, ਜਿਨ੍ਹਾਂ ਦੀ ਬਾਅਦ ਵਿਚ ਮਿਸਲ ਕਰੋੜੀਆ ਬਣੀ ਹੈ, ਇਹ ਖਾਲਸੇ ਦੇ ਰਖਿਅਕ ਜੱਥੇ ਵਿਚ ਸਨ। ਜਿੱਥੇ ਪਠਾਣਾਂ ਦਾ ਜ਼ੋਰ ਪੈਂਦਾ ਦਿਸਦਾ, ਉਥੇ ਇਹ ਦੋਵੇਂ ਜੱਥੇਦਾਰ ਅੱਗੇ ਹੋ ਕੇ ਜੂਝਦੇ ਦੁਸ਼ਮਣ ਦੇ ਨਾਲ। ਥੰਨਾ=ਚਾਰ-ਚਾਰ ਇਕੱਠੀਆਂ ਮਿਸਲਾਂ ਦਾ ਇਕ ਥੰਨਾਂ।

**ਤਿਨਕੋ ਸਭ ਸਿੰਘਨ ਕਹਯੋ, ਇਕ ਰਲੋ ਬਹੀਰੇ ਨਾਲ॥ ੩੯॥** ਉਹਨਾਂ ਦੋਵਾਂ ਆਗੂਆਂ ਨੂੰ ਕਿਹਾ ਕਿ ਇਕ ਜੰਗਜੂ ਆਗੂ ਵਹੀਰ ਦੇ ਨਾਲ ਰਲੋ, ਅੱਗੇ ਹੋਵੋ ਤੁਸੀਂ। ੩੯।

**ਚੌਪਈ॥ਸਭ ਖਾਲਸੇ ਸਿਉਂ ਸ਼ਾਮ ਸਿੰਘ ਕਹਯੋ॥** ਸਾਰੇ ਖਾਲਸੇ ਨੂੰ ਸ਼ਾਮ ਸਿੰਘ (ਬੁੱਢੇਦਲੀਏ) ਨਾਰੋ ਕਿਆਂ ਵਾਲੇ ਨੇ ਆਖਿਆ ਹੈ।

**ਜੈਨੇ ਮਲੇਰੀ ਵੱਲ ਮੈਂ ਰਹਯੋ॥** ਜੈਨ ਖ਼ਾਂ ਸਰਹੰਦ ਦਾ ਸੂਬਾ ਅਤੇ ਮਲੇਰ ਕੋਟਲੇ ਵਾਲੇ ਪਠਾਣਾਂ ਵੱਲ ਮੇਰੀ ਜ਼ਿੰਮੇਵਾਰੀ ਰਹਿਣ ਦਿਉ, ਉਨ੍ਹਾਂ ਨੂੰ ਮੈਂ ਰੋਕਦਾ ਹਾਂ।

**ਤੀਨ ਤਰਫ ਤੁਮ ਸਭੇ ਨਿਬਹਯੋ॥** ਬਾਕੀ ਦੀਆਂ ਤਿੰਨਾਂ ਤਰਫਾਂ ਸਭ ਤੁਸੀਂ ਸੰਭਾਲਿਓ।

**ਦੀਨ ਮਜਬ ਕੋ ਜੁੱਧ ਸੰਬਹਯੋ॥ ੪੦॥** ਖਾਲਸਾ ਜੀ ! ਇਹ ਦੀਨ ਮਜ਼ਬ ਦਾ ਜੁੱਧ ਹੈ, ਉਹ ਸਾਡੇ ਧਰਮ ਦੇ ਵਿਰੁੱਧ ਸਨ, ਅਸੀਂ ਉਨ੍ਹਾਂ ਦੇ ਮਜ਼ਬ ਦੇ ਖਿਲਾਫ਼ ਹਾਂ। ਅਸੀਂ 'ਧਰਮ ਜੁੱਧ' ਨੂੰ ਸਾਂਭਣਾ ਹੈ, ਭਾਵ ਡਟ ਕੇ ਲੜਨਾ ਹੈ। ੪੦।

**ਸੋਊ ਖਾਲਸੇ ਨੇ ਮੰਨ ਲਯੋ॥** ਖਾਲਸੇ ਨੇ ਉਸ ਨੂੰ ਮੰਨ ਲਿਆ ਹੈ, ਜਿਵੇਂ ਸ਼ਾਮ ਸਿੰਘ ਜੀ ਨੇ ਕਿਹਾ ਹੈ।

**ਤੁਰਤ ਉਨ੍ਹੈਂ ਵਲ ਸ਼ਾਮ ਸਿੰਘ ਗਯੋ॥** ਸ਼ਾਮ ਸਿੰਘ ਫੌਰਨ ਹੀ ਉਨ੍ਹਾਂ ਸਰਹੰਦ ਤੇ ਮਲੇਰ ਕੋਟਲੀਆਂ ਦੇ ਪਠਾਣਾਂ ਦੇ ਮੁਕਾਬਲੇ 'ਤੇ ਚਲਾ ਗਿਆ ਹੈ।

**ਰਹੀ ਮਿਸਲ ਨੌ ਸ਼ਾਹਿ ਸੁ ਵੱਲ॥** ਸਿੰਘਾਂ ਦੀਆਂ ਬਾਕੀ ਨੌਂ ਮਿਸਲਾਂ ਅਹਿਮਦ ਸ਼ਾਹ ਅਬਦਾਲੀ ਦੇ ਟਾਕਰੇ 'ਤੇ ਰਹਿ ਗਈਆਂ।

**ਤੁਰਯੋ ਸ਼ਾਮ ਸਿੰਘ ਯੌਂ ਕਹਿ ਗੱਲ॥ ੪੧॥** ਇਉਂ ਗੱਲ ਕਹਿ ਕੇ ਸ਼ਾਮ ਸਿੰਘ ਜੀ ਦੁਸ਼ਮਣ ਦੇ ਟਾਕਰੇ ਨੂੰ ਤੁਰ ਪਏ ਹਨ। ੪੧।

**ਆਪੋ ਆਪਣੇ ਧੌਂਸੇ ਬਜਾਯੋ॥** ਸਿੰਘੋ! ਆਪੋ ਆਪਣੇ ਨਗਾਰੇ ਬਜਾਓ।

**ਨਿਸ਼ਾਨ ਬੈਰਕੀ ਸਾਥ ਰਖਾਯੋ॥** (ਬੈਰਕੀ) ਛੋਟੇ ਨਿਸ਼ਾਨ ਜੋ ਅਗਵਾਈ ਕਰ ਸਕਣ, ਆਪੋ ਆਪਣੀ ਮਿਸ਼ਲਾਂ ਦੇ ਨਿਸ਼ਾਨ ਨਾਲ ਰੱਖਿਓ।

**ਪਰੈ ਜੋਰ ਫੌਜਨ ਕੋ ਜਹਾਂ॥** ਜਿਥੇ ਅਬਦਾਲੀ ਦੀਆ ਫ਼ੌਜਾਂ ਦਾ ਜ਼ੋਰ ਪਵੇ।

**ਰਲ ਮਲ ਮਿਸਲ ਪਰਯੋ ਸਭ ਤਹਾਂ॥ ੪੨॥** ਸਾਰੀਆਂ ਮਿਸਲਾਂ ਰਲ ਮਿਲ ਕੇ ਉਥੇ ਪਵੋ ਝਪਟ ਕੇ, ਰਲ ਮਿਲ ਕੇ ਇਕ ਦੂਜੇ ਦੀ ਮਦਦ ਕਰਿਓ, ਵੱਖੋ ਵੱਖਰੇ ਨਾ ਲੜਿਓ। ੪੨।

**ਦੋਹਰਾ॥ਯੌਂ ਕਹਿਕੈ ਸੋ ਜਾ ਲਰਯੋ, ਮਲੇਰੀਅਨ ਜੈਨੇ ਸਾਥ॥** ਮਲੇਰ ਕੋਟਲੇ ਵਾਲੇ ਪਠਾਣ ਤੇ ਜੈਨ ਖ਼ਾਂ ਸੂਬਾ ਸਰਹੰਦ ਇਹ ਅੱਗੋਂ ਵਹੀਰ ਨੂੰ ਰੋਕਦੇ ਸੀ, ਅਬਦਾਲੀ ਦਾ ਹੁਕਮ ਸੀ ਕਿ ਰੋਕੋ ਵਹੀਰ ਨੂੰ, ਅੱਗੋਂ ਰੋਕੋ, ਮੈਂ ਆ ਕੇ ਕਤਲ ਕਰਦਾ ਹਾਂ ਇਨ੍ਹਾਂ ਨੂੰ, ਇਉਂ ਕਹਿ ਕੇ ਸ਼ਾਮ ਸਿੰਘ ਜੀ, ਮਲੇਰ ਕੋਟਲੀਆਂ ਪਠਾਣਾਂ ਅਤੇ ਜੈਨ ਖ਼ਾਂ ਨਾਲ ਜਾ ਲੜਿਆ ਹੈ।

**ਬਹੀਰ ਤੁਰਾਯੋ ਫੇਰ ਉਨ ਗਿਲਜਨ ਦਿਖਾ ਕੇ ਹਾਥ॥ ੪੩॥** ਸ਼ਾਮ ਸਿੰਘ ਨੇ ਗਿਲਜਿਆਂ ਨੂੰ ਆਪਣੇ ਤਕੜੇ ਹੱਥ ਦਿਖਾ

ਕੇ ਵਹੀਰ ਨੂੰ ਫਿਰ ਅੱਗੇ ਤੋਰ ਲਿਆ ਹੈ। ੪੩।

***ਬੰਦੂਕ ਕਮਾਨਨ ਬਰਛੀ ਫੜ ਤੇਗ ਸੰਭਾਰ ਚਲਾਇ॥*** ਬੰਦੂਕਾਂ, ਕਮਾਣਾਂ, ਬਰਛੀਆਂ ਤੇ ਤਲਵਾਰਾਂ ਸੰਭਾਲ ਕੇ ਸਿੰਘ ਜੰਗ ਕਰਨ ਲੱਗੇ ਹਨ।

***ਮਾਰੇ ਸਿੰਘ ਬਡ ਸੂਰਮੇਂ ਘੋੜੇ ਵਿਚ ਰਲਾਇ॥ ੪੪॥*** ਸ਼ਾਮ ਸਿੰਘ ਨਾਲ ਵੱਡੇ-ਵੱਡੇ ਜੰਗੀ ਸੂਰਮੇ ਸਨ, ਉਨ੍ਹਾਂ ਨੇ ਪਠਾਣਾਂ ਦੇ ਵਿੱਚੋਂ ਆਪਣੇ ਘੋੜੇ ਰਲਾ ਕੇ ਉਨ੍ਹਾਂ ਵੱਡੇ-ਵੱਡੇ ਸੂਰਮਿਆਂ ਨੂੰ ਮਾਰਿਆ ਹੈ। ੪੪।

***ਚੌਪਈ॥ਬਹੀਰੋਂ ਜੈਨਾ ਦੂਰ ਹਟਾਯਾ॥*** ਜੈਨ ਖ਼ਾਂ ਸੂਬਾ ਸਰਹੰਦ ਨੂੰ ਮਾਰ-ਮਾਰ ਕੇ ਵਹੀਰ ਦੇ ਵਿੱਚੋਂ ਭਜਾ ਕੇ ਦੂਰ ਹਟਾ ਦਿੱਤਾ ਹੈ।

***ਬਹੁ ਗਿਲਜਨ ਸੋ ਜੰਗ ਮਚਾਯਾ॥*** ਗਿਲਜਿਆਂ ਪਠਾਣਾਂ ਨਾਲ ਬੜਾ ਘਮਸਾਨ ਦਾ ਜੁੱਧ ਕੀਤਾ ਸ਼ਾਮ ਸਿੰਘ ਨੇ।

***ਲਛਮੀ ਨਰਾਇਣ ਔਰ ਪਠਾਨ॥*** ਫ਼ੌਜਦਾਰ ਲੱਛਮੀ ਨਰਾਇਣ ਜੋ ਖਰੜ ਦਾ ਰਹਿਣ ਵਾਲਾ ਸੀ ਅਤੇ ਹੋਰ ਪਠਾਣਾਂ।

***ਮਾਰ ਹਟਾਏ ਕਰ ਪਿਸ਼ੇਮਾਨ॥ ੪੫॥*** ਨੂੰ ਮਾਰ ਕੇ ਪਿੱਛੇ ਹਟਾ ਕੇ ਪਰੇਸ਼ਾਨ ਕਰ ਦਿੱਤਾ ਹੈ। ੪੫।

***ਮਿਸਲ ਸ਼ਾਮ ਸਿੰਘ ਬਹੁ ਸਰਦਾਰ॥*** ਸ਼ਾਮ ਸਿੰਘ ਦੀ ਮਿਸਲ ਵਿਚ ਜਿਹੜੇ ਵੱਡੇ-ਵੱਡੇ ਜੰਗੀ ਸਰਦਾਰ ਸਨ ਬਹੁਤੇ।

***ਮਾਰ ਰਾਮ ਜੰਗੇ ਗਿਲਜੇ ਦਏ ਟਾਰ॥*** ਉਹਨਾਂ ਸਿੰਘਾਂ ਦੇ ਰਾਮਜੰਗਿਆਂ ਵਿਚ ਅੱਧਾ-ਅੱਧਾ ਕਿਲੋ ਬਰੂਦ ਦਾ ਪੈਂਦਾ ਸੀ, ਸਿੰਘਾਂ ਨੇ ਰਾਮਜੰਗਿਆਂ ਦੀ ਮਾਰ ਕਰ-ਕਰ ਕੇ ਵਹੀਰ ਕੋਲੋਂ ਗਿਲਜਿਆਂ ਨੂੰ ਟਾਲ ਦਿੱਤਾ ਹੈ ਭਾਵ ਭਜਾ ਦਿੱਤੇ ਹਨ।

***ਕਰਮ ਸਿੰਘ ਔ ਕ੍ਰੌੜਾ ਸਿੰਘ॥*** ਕਰਮ ਸਿੰਘ ਅਤੇ ਕਰੋੜਾ ਸਿੰਘ ਸ਼ਾਮ ਦੀ ਮਿਸਲ ਦੇ ਸਰਦਾਰਾਂ ਦੇ ਨਾਮ ਹਨ।

***ਨਾਹਰ ਸਿੰਘ ਔ ਬਿੰਡਾ ਸਿੰਘ॥ ੪੬॥*** ਨਾਹਰ ਸਿੰਘ ਅਤੇ ਬਿੰਡਾ ਸਿੰਘ, ਇਹ ਮਸ਼ਹੂਰ ਜੰਗੀ ਸਿੰਘ ਸਨ ਮਿਸਲ ਵਿਚ। ੪੬।

***ਐਸੇ ਥੇ ਤਹਿਂ ਬਹੁ ਸਰਦਾਰ॥*** ਸਾਰੇ ਜੰਗੀ ਯੋਧੇ ਨਹੀਂ ਗਿਣੇ ਹਨ, ਐਸੇ ਐਸੇ ਹੋਰ ਬਹੁਤ ਜੰਗੀ ਸਰਦਾਰ ਸਨ ਮਿਸਲ ਵਿਚ।

***ਬਹੀਰੋਂ ਦੀਨੇ ਤੁਰਕ ਨਿਕਾਰ॥*** ਇਹਨਾਂ ਸਾਰੇ ਸਰਦਾਰਾਂ ਨੇ ਜੋ ਸ਼ਾਮ ਸਿੰਘ ਨਾਲ ਬਹੀਰ ਦੀ ਰਾਖੀ ਕਰਨ ਵਾਸਤੇ ਗਏ ਸਨ, ਮਾਰ-ਮਾਰ ਕੇ ਪਠਾਣਾਂ ਨੂੰ ਵਹੀਰ 'ਚੋਂ ਬਾਹਰ ਕੱਢ ਦਿੱਤਾ ਹੈ।

***ਦੂਰੋਂ ਜੈਨਾਂ ਲਰਤਾ ਜਾਵੈ॥*** ਹੁਣ ਜੈਨਾਂ ਪਿੱਛੇ ਹਟ ਗਿਆ ਹੈ, ਦੂਰੋਂ-ਦੂਰੋਂ ਤੀਰ ਕਮਾਣਾਂ ਤੇ ਬੰਦੂਕਾਂ ਦੀ ਲੜਾਈ ਕਰਦਾ ਹੈ।

***ਕਦੇ ਦੂਰ ਕਦੇ ਢੁਕ ਭੀ ਆਵੈ॥ ੪੭॥*** ਕਦੇ ਭੱਜ ਕੇ ਦੂਰ ਹੋ ਜਾਂਦਾ ਹੈ,ਕਦੀ ਹੱਲਾ ਬੋਲ ਕੇ ਅੱਗੇ ਵਧਦਾ ਹੈ। ੪੭।

***ਫੇਰ ਸ਼ਾਮ ਸਿੰਘ ਮਲਵੱਈ ਬੁਲਾਏ॥*** ਫਿਰ ਸ: ਸ਼ਾਮ ਸਿੰਘ ਨੇ ਮਲਵਈ ਸਿੰਘਾਂ ਨੂੰ ਬੁਲਾਇਆ ਹੈ।

***ਉਸੀ ਤੌਰ ਵਹਿ ਮੁਹਰੇ ਲਾਏ॥*** ਉਸੇ ਤਰ੍ਹਾਂ ਉਹ ਫਿਰ ਵਹੀਰ ਦੇ ਅੱਗੇ ਲਾ ਕੇ ਤੋਰੇ ਹਨ, ਜਿਵੇਂ ਪਹਿਲਾਂ ਤੋਰਿਆ ਸੀ।

***ਅਗੇ ਸੁਨੋ ਬਡ ਦਲ ਕੀ ਗੱਲ॥*** ਅੱਗੇ ਜੋ ਵੱਡਾ ਦਲ ਹੈ, ਜਿਥੇ ਬਾਕੀ ਸਾਰੀਆਂ ਮਿਸਲਾਂ ਇਕੱਠੀਆਂ ਹੋ ਕੇ ਅਹਿਮਦ ਸ਼ਾਹ ਅਬਦਾਲੀ ਨਾਲ ਟਾਕਰਾ ਕਰ ਰਹੀਆਂ ਹਨ, ਉਨ੍ਹਾਂ ਦੀ ਗੱਲ ਸੁਣੋਂ।

***ਨਠੇ ਭਜੇ ਕਿਤ ਰਹੇ ਅਚੱਲ॥ ੪੮॥*** ਸਿੰਘ ਕਿਤੇ ਨੱਠ ਭੱਜ ਕੇ ਲੜੇ ਹਨ ਗਿਲਜਿਆਂ ਨਾਲ, ਕਿਤੇ (ਅਚੱਲ) ਖੜ੍ਹੇ ਹੋ ਕੇ ਲੜੇ ਸਨ ਗਿਲਜਿਆਂ ਦੇ ਨਾਲ। ੪੮।

***ਦੋਹਰਾ॥ਤੌ ਚੜ੍ਹ ਸਿੰਘ ਨੇ ਯੌ ਕਹਯੋ, ਮੇਰੀ ਸੁਨੋਂ ਸਲਾਹਿ॥*** ਤਾਂ ਚੜ੍ਹਤ ਸਿੰਘ ਜੋ ਬੜਾ ਹੀ ਜੰਗੀ ਸਿੰਘ ਸੀ ਸ਼ੁਕਰਚੱਕੀਆ ਮਿਸਲ ਦਾ ਆਗੂ ਸੀ, ਨੇ ਇਉਂ ਕਿਹਾ ਕਿ ਖਾਲਸਾ ਜੀ ! ਮੇਰੀ ਵੀ ਸਲਾਹ ਸੁਣ ਲਵੋ।

***ਜਿਮੈ ਸ਼ਾਹਿ ਤੁੰਮਨ ਰਚੇ ਤਿਮ ਲੜੋ ਤੁਮ ਮਿਸਲ ਬਨਾਇ॥ ੪੯॥*** ਜਿਵੇਂ ਅਹਿਮਦ ਸ਼ਾਹ ਅਬਦਾਲੀ ਨੇ ਬਾਰ੍ਹਾਂ-ਬਾਰ੍ਹਾਂ ਹਜ਼ਾਰ ਦੇ ਤੁੰਮਨ ਬਣਾਏ ਹਨ, ਓਵੇਂ ਹੀ ਤੁਸੀਂ ਵੀ ਖਾਲਸਾ ਜੀ ! ਮਿਸਲਾਂ ਦਾ ਰੰਗ ਢੰਗ ਬਣਾਓ। ੪੯।

***ਚੌਪਈ॥ਚਾਰ ਮਿਸਲ ਕੋ ਥੱਨੋ ਬਨਾਵੋ॥*** ਚਾਰ ਮਿਸਲਾਂ ਇਕੱਠੀਆਂ ਕਰ ਕੇ ਥੈਂਨਾ ਬਣਾਓ।

**ਦੁਇ ਦੁਇ ਮਿਸਲ ਦੁਤਰਫੀਂ ਲਾਵੋ॥** ਓਸ ਥੰਨੇ ਦੇ ਦੋਵੇਂ ਪਾਸੀਂ ਦੋ-ਦੋ ਮਿਸਲਾਂ ਉਸ ਦੀ ਰਾਖੀ ਵਾਸਤੇ ਲਾਵੋ।

**ਜੋਰ ਪਰੈ ਜਿਸ ਬਹੁਤੋ ਆਇ॥** ਜਿਸ ਥੰਨੇ 'ਤੇ ਬਹੁਤਾ ਜ਼ੋਰ ਪਵੇ ਆ ਕੇ ਫ਼ੌਜ ਦਾ।

**ਮੈਂ ਜਾ ਕਰੂੰਸੁ ਉਸੈ ਸਹਾਇ॥ ੫੦॥** ਮੈਂ ਜਾ ਕੇ ਉਸ ਦੀ ਸਹਾਇਤਾ ਕਰਾਂਗਾ, ਮੈਂ ਆਪਣੀ ਫ਼ੌਜ ਲੈ ਕੇ ਉਸ ਨੂੰ ਮਾਰਾਂਗਾ। ੫੦।

**ਕਰੋ ਲਰਾਈ ਯੌ ਬੰਨ੍ਹ ਥੰਨੇ॥** ਇਉਂ ਲੜਾਈ ਥੰਨ੍ਹੇ ਬੰਨ੍ਹ ਕੇ ਲੜੀਏ, ਤਾਂ ਲੜਾਈ ਆਪਣੀ ਪੂਰੀ ਉਤਰੇਗੀ।

**ਬਚੈਂ ਨਹੀਂ ਇਨ ਆਗੇ ਭੰਨੇ॥** ਜੇ ਆਪਾਂ ਭੱਜੇ ਜਾਈਏ, ਲੜਦੇ ਤੁਰੇ ਜਾਂਦੇ ਤਾਂ ਬਚ ਨਹੀਂ ਸਕਾਂਗੇ, ਉਹ ਤਾਂ ਹੱਲੇ 'ਤੇ ਹੱਲਾ ਬੋਲੀ ਤੁਰੇ ਆਉਂਦੇ ਹਨ।

**ਇਨ ਕੇ ਘੋੜੇ ਸੌ ਕੋਹੁ ਦੌੜੈਂ॥** ਇਨ੍ਹਾਂ ਗਿਲਜਿਆਂ ਦੇ ਘੋੜਿਆਂ ਦੀ ਦੌੜ ਤਾਂ ਸੌ-ਸੌ ਕੋਹ ਤੱਕ ਹੈ ਅਰਬੀ ਘੋੜਿਆਂ ਦੀ।

**ਪੁਜੈਂ ਨ ਜੰਗਲ ਲੌਂ ਹਮ ਘੋੜੈ॥ ੫੧॥** ਸਾਡੇ ਤਾਂ ਦੇਸੀ ਘੋੜੇ ਹਨ, ਮਾਲਵੇ ਤੱਕ ਵੀ ਨਹੀਂ ਅਪੜਨੇ। ੫੧।

**ਜਸੈ ਸਿੰਘ ਤੇ ਆਦ ਸਿਆਣੇ॥** ਜ: ਜੱਸਾ ਸਿੰਘ ਆਦਿਕ ਹੋਰ ਜਿਹੜੇ ਸਿਆਣੇ ਸਿੰਘ ਸਨ।

**ਤਿਨ ਸੁਣ ਐਸੇ ਬਚਨ ਬਖਾਣੇ॥** ਉਨ੍ਹਾਂ ਸਿੰਘਾਂ ਨੇ ਚੜ੍ਹਤ ਦਾ ਬਚਨ ਸੁਣ ਕੇ, ਆਪਣਾ ਉੱਤਰ ਦਿੱਤਾ ਹੈ।

**ਮਿਸਲ ਵੰਡ ਅਬ ਕਬਹੁ ਨ ਪਾਵੋ॥** ਖਾਲਸਾ ਜੀ ! ਹੁਣ ਮਿਸਲਾਂ ਦੀ ਵੰਡ ਕਿਵੇਂ ਹੋਵੇਗੀ? ਜੰਗ ਤਾਂ ਖੜਕ ਰਿਹਾ ਹੈ, ਆ ਕੇ ਹੱਲੇ 'ਤੇ ਹੱਲਾ ਹੋ ਰਿਹਾ ਹੈ। ਹੁਣ ਕਦੇ ਵੀ ਜੰਗ ਵਿਚ ਮਿਸਲਾਂ ਦੀ ਵੰਡ ਨਾ ਪਾਓ।

**ਰਲ ਮਿਲ ਖੜ ਤੁਰ ਪੰਥ ਬਚਾਵੋ॥ ੫੨॥** ਰਲ ਮਿਲ ਕੇ, ਖੜ੍ਹ ਕੇ, ਤੁਰ ਕੇ, ਜਿਵੇਂ ਹੀ ਹੋ ਸਕਦਾ ਹੈ ਪੰਥ ਨੂੰ ਬਚਾਓ। ੫੨।

**ਤੁਰਕ ਆਟਾ ਹਮ ਲੂਣ ਸਿਵਾਪੈਂ॥** ਗਿਣਤੀ ਵਿਚ ਤਾਂ ਤੁਰਕ ਆਟੇ ਵਾਂਗ ਹਨ, ਅਸੀਂ ਲੂਣ ਬਰਾਬਰ ਹਾਂ। ਉਹਨਾਂ ਦੀ ਗਿਣਤੀ ਬੇ-ਸ਼ੁਮਾਰ ਹੈ, ਸਾਡੀ ਗਿਣਤੀ ਬਹੁਤ ਘੱਟ ਹੈ।

**ਵਹਿ ਅੰਧੇਰੀ ਹਮ ਬਰੋਲੋ ਸਿਵਾਪੈਂ॥** ਉਹ ਤਾਂ ਹਨੇਰੀ ਵਾਂਗ ਆਉਂਦੇ ਹਨ, ਅਸੀਂ ਵਰੋਲੈ ਦੀ ਤਰ੍ਹਾਂ ਹਾਂ, ਜਿਵੇਂ ਕਿਤੇ-ਕਿਤੇ ਵਰੋਲਾ ਵਗਦਾ ਹੈ।

**ਤੁਰ ਤੁਰ ਲਰੋ ਔ ਲਰ ਲਰ ਤੁਰੋ॥** ਤੁਰ-ਤੁਰ ਕੇ ਲੜਦੇ ਜਾਓ ਅਤੇ ਲੜਦੇ-ਲੜਦੇ ਤੁਰੇ ਜਾਓ।

**ਬਹੀਰ ਬਚਾਵਨ ਖਾਤਰ ਅੜੋ॥ ੫੩॥** ਜਿਥੇ ਬਹੀਰ 'ਤੇ ਉਹ ਹੱਲਾ ਬੋਲਣ, ਉਥੇ ਵਹੀਰ ਨੂੰ ਬਚਾਉਣ ਦੀ ਖ਼ਾਤਰ ਅੜ ਜਾਓ, ਓਥੇ ਅੜ ਕੇ ਲੜਾਈ ਕਰੋ ਤੁਰਕਾਂ ਦੇ ਨਾਲ। ੫੩।

**ਦੋਹਰਾ॥ਚੜ੍ਹ ਸਿੰਘ ਭੀ ਸੋ ਮੰਨ ਲਈ ਕਹੀ ਸਿਆਨਨ ਜੋਇ॥** ਜਿਹੜੀ ਸਿਆਣਿਆਂ ਸਿੰਘਾਂ ਨੇ ਰਾਇ ਦਿੱਤੀ ਹੈ, ਉਸ ਨੂੰ ਚੜ੍ਹਤ ਸਿੰਘ ਨੇ ਵੀ ਮੰਨ ਲਿਆ ਹੈ।

**ਖੜ ਸਿੰਘ ਅੜੇ ਸ਼ੇਰ ਜਿਮ ਗਿਲਜਨ ਆਗੈ ਤੋਇ॥ ੫੪॥** ਉਨ੍ਹਾਂ ਗਿਲਜਿਆਂ ਦੇ ਅੱਗੇ ਚੜ੍ਹਤ ਸ਼ੇਰ ਵਾਂਗ ਅੜ ਕੇ ਖੜ੍ਹ ਜਾਂਦਾ ਸੀ, ਸ਼ੇਰ ਵਾਂਗ ਟਾਕਰਾ ਕਰਦਾ ਸੀ। ੫੪।

**ਚੌਪਈ॥ਲੜੈਂ ਸਿੰਘ ਪਰਸੁਾਰਥ ਜਾਨ॥** (ਪਰਸੁਾਰਥ) ਪਰਉਪਕਾਰ ਵਾਸਤੇ, ਦੂਸਰਿਆਂ ਦੇ ਭਲੇ ਵਾਸਤੇ, ਵਹੀਰ ਦੀ ਰੱਖਿਆ ਵਾਸਤੇ, ਪੰਥ ਨੂੰ ਬਚਾਉਣ ਵਾਸਤੇ ਸਿੰਘ ਲੜਦੇ ਸਨ।

**ਟਲੈਂ ਨ ਮਰਨੋਂ ਸਿੰਘ ਸੁਜਾਨ॥** ਬੜੇ (ਸੁਜਾਨ) ਸੁਚੱਜੇ ਸਿੰਘ ਸਨ। ਸੰਗਤ ਨਾਲ ਪਿਆਰ ਸੀ ਉਨ੍ਹਾਂ ਦਾ, ਮਰਨੋਂ ਨਹੀਂ ਸੀ ਟਲਦੇ ਸਿੰਘ, ਸਨਮੁਖ ਹੋ ਕੇ ਟਾਕਰਾ ਕਰਦੇ ਸਨ ਉਨ੍ਹਾਂ ਦਾ।

**ਪੰਥ ਗੁਰੂ ਕੀ ਸਮਝੈਂ ਲਾਜ॥** ਗੁਰੂ ਪੰਥ ਦੀ ਲਾਜ ਸਮਝਦੇ ਹਨ ਸਿੰਘ, ਜਿੰਨਾਂ ਬਲ ਪੈਂਦਾ ਹੈ ਹੁਣ ਲਾ ਦਿਓ ਤੁਸੀਂ।

**ਦੀਨ ਮਜ਼ੁਬ ਕੇ ਜੁੱਧੇ ਕਾਜ॥ ੫੫॥** ਦੀਨ ਮਜ਼ੁਬ ਦਾ ਜੁੱਧ ਹੈ, ਉਸ ਦੇ ਕਾਰਜ਼ ਵਾਸਤੇ, ਸਾਰੇ ਹੀ ਸਿੰਘ ਇਕੱਤਰ ਹੋ ਕੇ ਜੰਗ ਕਰ ਰਹੇ ਸਨ। ੫੫।

**ਘੜੀ ਦੋ ਤਿਨ ਕੁ ਤਹਿਂ ਸਿੰਘ ਅੜੇ॥** ਦੋ ਤਿੰਨ ਘੜੀਆਂ ਸਿੰਘ ਉਥੇ ਗਿਲਜਿਆਂ ਦੇ ਟਾਕਰੇ 'ਤੇ ਅੜੇ ਸਨ।

***ਹਰੌਲ ਥੰਮ੍ਯੋ ਹੁਦੇ ਥੰਮ੍ਹ ਜਿਮ ਖੜੇ॥*** ਜੋ ਅਹਿਮਦ ਸ਼ਾਹ ਅਬਦਾਲੀ ਦੀ ਹਰਿਆਵਲ ਫ਼ੌਜ ਅਗਵਾਈ ਕਰ ਰਹੀ ਸੀ, ਉਸ ਨੂੰ ਥੰਮ ਵਾਂਗ ਅੱਗੇ ਖੜ੍ਹੇ ਹੋ ਕੇ ਰੋਕ ਲਿਆ ਹੈ ਸਿੰਘਾਂ ਨੇ।

***ਔਰ ਤੁੰਮਨ ਦੁਇ ਮਗਰੋਂ ਆਏ॥*** ਅਹਿਮਦ ਸ਼ਾਹ ਅਬਦਾਲੀ ਦੇ ਹੋਰ (ਤੁੰਮਣ ਬਾਰ੍ਹਾਂ-ਬਾਰ੍ਹਾਂ ਹਜ਼ਾਰ ਦੇ ਜੱਥੇ ਮਗਰੋਂ ਆ ਗਏ ਸਨ, ਤਾਜਾ ਦਮ ਪਠਾਣ ਆ ਪਿਆ ਹੈ ਉਪਰੋਂ।

***ਬਿਲੰਦ ਜਹਾਨਾ ਸੂਬੇਦਾਰ ਜੋ ਤਾਏ॥ ੫੬॥*** ਜੋ ਜਲੰਧਰ ਦਾ ਸਰਬੁਲੰਦ ਖ਼ਾਂ ਸੂਬਾ ਅਤੇ ਜਹਾਨ ਖ਼ਾਂ ਲਹੌਰ ਦਾ ਸੂਬਾ ਸੀ, ਇਹ ਦੋਵੇਂ ਸੂਬੇਦਾਰ ਨਵੀਂ ਤਾਜੀ ਫ਼ੌਜ ਲੈ ਕੇ ਆ ਪਏ ਹਨ। ੫੬।

***ਤਿਨ੍ਹੈਂ ਦਏ ਸੋ ਸਿੰਘ ਹਲਾਇ॥*** ਜਿਹੜੇ ਸਿੰਘ ਥੰਮ ਵਾਂਗ ਅੜੇ ਖੜ੍ਹੇ ਸਨ ਦੁਸ਼ਮਣ ਦੇ ਟਾਕਰੇ 'ਤੇ,ਇਹਨਾਂ ਨੇ ਉਨ੍ਹਾਂ ਸਿੰਘਾਂ ਨੂੰ ਹਿਲਾ ਦਿੱਤਾ ਇਕ ਵਾਰੀ।

***ਜਿਮ ਪਤ ਪਿਪਲ ਪੌਣ ਉਡਾਇ॥*** ਜਿਵੇਂ ਪਿੱਪਲ ਦੇ ਪੱਤੇ ਹਵਾ ਆਈ ਤੋਂ ਉੱਡਦੇ ਹਨ, ਐਸਾ ਹੱਲਾ ਬੋਲਿਆ ਹੈ ਉਨ੍ਹਾਂ ਨੇ ਕਹਿਰ ਦਾ।

***ਲੜੈਂ ਨਠੈਂ ਖੜ ਖੜ ਮੁੜ ਲੜੈਂ॥*** ਸਿੰਘ ਲੜਦੇ ਹਨ ਭੱਜ ਕੇ ਅੱਗੇ-ਅੱਗੇ ਨੂੰ ਵੀ ਤੁਰੀ ਜਾਂਦੇ ਸਨ, ਫਿਰ ਖੜ੍ਹ-ਖੜ੍ਹ ਕੇ ਮੁੜ-ਮੁੜ ਕੇ ਲੜਦੇ ਸਨ, ਵਹੀਰ ਨੂੰ ਵੀ ਅੱਗੇ-ਅੱਗੇ ਤੋਰੀ ਜਾਂਦੇ ਸਨ।

***ਬਹੁਤੇ ਗਿਲਜੇ ਕਯਾ ਸਿੰਘ ਕਰੈਂ॥ ੫੭॥*** ਗਿਲਜਿਆਂ ਦੀ ਗਿਣਤੀ (ਤਿੰਨ ਲੱਖ ਦੇ ਕਰੀਬ) ਬਹੁਤੀ ਹੈ, ਸਿੰਘ ਘੱਟ ਗਿਣਤੀ ਵਿਚ ਸਨ, ਦੱਸੋ ਸਿੰਘ ਉਨ੍ਹਾਂ ਦਾ ਮੁਕਾਬਲਾ ਕਿਵੇਂ ਕਰਨ। ੫੭।

***ਚੜ੍ਹ ਸਿੰਘ ਮੁੜ ਮੁੜ ਕਚੀਚੀ ਲੇਵੈ॥*** ਚੜ੍ਹਤ ਸਿੰਘ ਨੂੰ ਬੜਾ ਗੁੱਸਾ ਆਉਂਦਾ ਹੈ, ਉਹ ਮੁੜ-ਮੁੜ ਕੇ ਕਚੀਚੀਆਂ ਲੈਂਦਾ ਹੈ ਤੁਰਕਾਂ 'ਤੇ।

***ਬਹੁਤ ਫੌਜ ਬਲ ਨਾਂਹਿ ਬਸੇਵੈ॥*** ਅਬਦਾਲੀ ਦੀ ਫ਼ੌਜ ਬਹੁਤੀ ਹੈ, ਉਸ ਦੇ ਅੱਗੇ ਕੋਈ ਜ਼ੋਰ ਨਹੀਂ ਚੱਲ ਰਿਹਾ, ਬਥੇਰਾ ਲੜਦਾ ਹੈ,ਅੱਗੇ ਹੋ ਹੋ ਕੇ।

***ਨਠ ਲੜ ਸਿੰਘ ਬਹੀਰੇ ਰਲੇ॥*** ਸਿੰਘ ਲੜਦੇ ਹੋਏ ਦੌੜਦੇ ਹੋਏ ਵਹੀਰ ਦੇ ਨਾਲ ਆ ਰਲੇ ਸਨ।

***ਬਹੀਰ ਸਾਥ ਰਲ ਫਿਰ ਭਏ ਖਲੇ॥*** ਵਹੀਰ ਦੇ ਨਾਲ ਰਲ ਕੇ ਫਿਰ ਸਿੰਘ ਖੜ੍ਹੇ ਹੋ ਗਏ ਸਨ, ਫਿਰ ਲਾਈਨ ਬੰਨ੍ਹ ਲਈ ਹੈ ਸਿੰਘਾਂ ਨੇ।

***ਬਹੀਰ ਉਤੈ ਬਲ ਪੈਨ ਨ ਦਯੋ॥*** ਸਿੰਘਾਂ ਨੇ ਵਹੀਰ ਦੇ ਉਤੇ ਜ਼ੋਰ ਨਾ ਪੈਣ ਦਿੱਤਾ ਗਿਲਜਿਆਂ ਦਾ।

***ਅਪਨੋ ਤਨ ਤਿਨ ਆਗੈ ਕਯੋ॥ ੫੮॥*** ਗਿਲਜਿਆਂ ਦੇ ਸ਼ਸਤ੍ਰਾਂ ਦੇ ਅੱਗੇ ਸਿੰਘਾਂ ਨੇ ਆਪਣੇ ਸਰੀਰ ਡਾਹ ਦਿੱਤੇ। ੫੮।

***ਦੋਹਰਾ॥ਘੜੀ ਏਕ ਸਿੰਘ ਖੜ ਲੜੇ ਰਖਯੋ ਬਹੀਰ ਚਲਾਇ॥*** ਇਕ ਘੜੀ ਤਾਂ ਸਿੰਘ ਗਿਲਜਿਆਂ ਨਾਲ ਖੜ੍ਹ ਕੇ ਲੜੇ ਸਨ ਤੇ ਵਹੀਰ ਨੂੰ ਵੀ ਅੱਗੇ ਮਾਲਵੇ ਨੂੰ ਤੋਰ ਕੇ ਲਈ ਗਏ। ਵਹੀਰ ਅੱਗੇ ਤੁਰ ਗਿਆ।

***ਤੌ ਫਿਰ ਮਗਰੋਂ ਕਰ ਹਲੋ, ਆਇ ਪਰਯੋ ਸੁ ਅਹਮਦ ਸ਼ਾਹਿ॥ ੫੯॥*** ਅਜੇ ਉਸ ਦੀ ਫ਼ੌਜ ਤਾਂ ਲੜ ਰਹੀ ਸੀ, ਅਹਿਮਦ ਸ਼ਾਹ ਅਬਦਾਲੀ ਨੇ ਆਪ ਤਾਜਾ ਦਮ ਫ਼ੌਜ ਲੈ ਕੇ ਹੱਲਾ ਬੋਲ ਦਿੱਤਾ ਹੈ। ੫੯।

***ਚੌਪਈ॥ਕੋਸ ਚਾਰ ਕੁ ਥੋ ਗਯੋ ਬਹੀਰ॥*** ਵਹੀਰ ਅਜੇ ਮਸਾਂ ਚਾਰ ਕੁ ਕੋਹ 'ਤੇ ਹੀ ਗਿਆ ਸੀ।

***ਪਿਛੈ ਲਰਤ ਥੋ ਸਿੰਘ ਧਰ ਧੀਰ॥*** ਪਿੱਛੇ ਸਿੰਘ ਬੜੀ ਧੀਰਜ ਰੱਖ ਕੇ ਲੜ ਰਹੇ ਸੀ ਹਿੰਮਤ ਨਾਲ।

***ਸ਼ਾਹ ਤਿਨੈ ਪੈ ਆਪ ਆਇ ਪੜਿਓ॥*** ਅਹਿਮਦ ਸ਼ਾਹ ਅਬਦਾਲੀ ਆਪ ਹੀ ਪਿਆ ਹੈ ਸਿੰਘਾਂ ਦੇ ਉੱਤੇ ਹੱਲਾ ਬੋਲ ਕੇ।

***ਉਠੀ ਧੂੜ ਰਣ ਨਦਰ ਨ ਪੜਿਓ॥ ੬੦॥*** ਜੰਗ ਵਿਚ ਬੜੀ ਗਰਦ ਉੱਡੀ ਹੈ,ਕੁਛ ਵੀ ਨਜ਼ਰ ਨਹੀਂ ਪੈਂਦਾ ਹੈ। ੬੦।

***ਸਿੰਘ ਗਰਦ ਸੋਂ ਦਏ ਦਬਾਇ॥*** ਇਤਨੀ ਗ਼ਰਦ ਉੱਠੀ ਹੈ ਸਿੰਘਾਂ ਦਾ ਵਹੀਰ ਦਿਸਦਾ ਹੀ ਨਹੀਂ ਹੈ, ਗਰਦ ਨੇ ਸਿੰਘ

ਦਬਾ ਦਿੱਤੇ ਸਨ।

***ਨਠਯੋ ਥੰਨੋ ਅਰ ਬੜ੍ਹਤੋ ਜਾਇ॥*** ਸਿੰਘਾਂ ਦਾ ਥੰਨਾਂ ਨਠਦਾ ਵੀ ਜਾਂਦਾ ਹੈ ਤੇ ਅੱਗੇ ਵੀ ਵਧਦਾ ਜਾਂਦਾ ਹੈ।

***ਅਹਿਮਦ ਸ਼ਾਹ ਸੰਗ ਤੁੰਮਨ ਚਾਰ॥*** ਅਹਿਮਦ ਸ਼ਾਹ ਦੇ ਨਾਲ ਬਾਰ੍ਹਾਂ-ਬਾਰ੍ਹਾਂ ਹਜ਼ਾਰ ਫ਼ੌਜ ਦੇ ਚਾਰ (ਤੁੰਮਨ) ਜੱਥੇ ਸਨ।

***ਦੁਰਾਨੀ ਦੁਅਸਪੇ ਬਾਰਾਂ ਬਾਰਾਂ ਹਜ਼ਾਰ॥ ੬੧॥*** ਬਾਰ੍ਹਾਂ-ਬਾਰ੍ਹਾਂ ਹਜ਼ਾਰ ਦੁਰਾਨੀ (ਦੁਅਸਪੇ ) ਦੋ-ਦੋ ਘੋੜਿਆਂ 'ਤੇ ਸਵਾਰ ਹੋਣ ਵਾਲੇ, ਜਿਹੜੇ ਸਾਰੀ ਸਾਰੀ ਦਿਹਾੜੀ ਥਕਦੇ ਹੀ ਨਹੀਂ ਸਨ, ਘੋੜੇ ਅਤੇ ਸਿਪਾਹੀ ਵੀ ਲੋਹੇ ਨਾਲ ਮੜ੍ਹੇ ਹੋਏ। ੬੧।

***ਕਰੀ ਥੰਨੇ ਪੈ ਉਨ ਬਡ ਮਾਰ॥*** ਉਨ੍ਹਾਂ ਨੇ ਸਿੰਘਾਂ ਦੇ ਥੰਨੇ ਉਤੇ ਜਿਹੜਾ ਅੱਗੇ ਰੋਕਦਾ ਸੀ, ਜਿਸ ਵਿਚ ਵੱਡੇ-ਵੱਡੇ ਜੰਗੀ ਸਰਦਾਰ ਖੜ੍ਹੇ ਸੀ, ਥੰਨੇ ਉਤੇ ਕਹਿਰੀ ਹੱਲਾ ਬੋਲ ਕੇ ਬੜੀ ਮਾਰ ਕੀਤੀ ਹੈ, ਉਨ੍ਹਾਂ ਨੇ।

***ਦਯੋ ਖਾਲਸੇ ਬਹੀਰੋਂ ਟਾਰ॥*** ਵਹੀਰ ਵਲੋਂ ਖਾਲਸੇ ਨੂੰ ਟਾਲ ਦਿੱਤਾ ਹੈ, ਖਾਲਸੇ ਨੂੰ ਵਹੀਰ ਤੋਂ ਦੂਰ ਕਰ ਦਿੱਤਾ ਹੈ।

***ਬਹੀਰ ਰਹਯੋ ਜਬ ਥੰਨੈ ਬਗੇਰ॥*** ਵਹੀਰ ਜਦੋਂ ਸਿੰਘਾਂ ਦੀ (ਥੰਨੈ) ਰੱਖਿਆ ਪੰਕਤੀ ਤੋਂ ਬਗੈਰ ਰਹਿ ਗਿਆ ਹੈ।

***ਬਹੁਤ ਗਿਲਜਨ ਲਯੋ ਬਿਚ ਤੇ ਘੇਰ॥ ੬੨॥*** ਬਹੁਤ ਸਾਰੇ ਗਿਲਜਿਆਂ ਨੇ ਵਹੀਰ ਨੂੰ ਵਿੱਚੋਂ ਘੇਰ ਲਿਆ ਹੈ। ੬੨।

***ਮੁੜ ਫਿਰ ਕੀਓ ਖਾਲਸੈ ਉਪਰਾਲਾ॥*** ਮੁੜ ਕੇ ਫਿਰ ਖਾਲਸੇ ਨੇ ਵਹੀਰ ਨੂੰ ਛੁਡਾਉਣ ਦਾ (ਉਪਰਾਲਾ) ਯਤਨ ਕੀਤਾ ਹੈ।

***ਕਿਛਕੁ ਬਹੀਰ ਕੋ ਛੁਟਯੋ ਖਿਆਲਾ॥*** ਜਦੋਂ ਖਾਲਸੇ ਦਾ ਚੰਗਾ ਦਲ ਝਪਟਕੇ ਪੈ ਨਿਕਲਿਆ ਗਿਲਜਿਆਂ ਨੂੰ, ਤਾਂ ਗਿਲਜਿਆਂ ਦਾ ਵਹੀਰ ਵੱਲੋਂ ਧਿਆਨ ਛੁੱਟ ਗਿਆ ਹੈ ਅਤੇ ਸਿੰਘਾਂ ਨਾਲ ਲੜਨ ਲੱਗ ਪਏ ਸਨ।

***ਨੱਠ ਰਲਯੋ ਸੋ ਅਗਲਨ ਨਾਲ॥*** ਸਿੰਘ ਪਿੱਛੋਂ ਨੱਠ ਕੇ ਅੱਗੇ ਵਹੀਰ ਨਾਲ ਰਲ ਗਏ ਸਨ।

***ਆਗੈ ਰਲੇ ਲਏ ਸਿੰਘਨ ਸੰਭਾਲ॥ ੬੩॥*** ਅੱਗੇ ਵਾਲੇ ਸਿੰਘਾਂ ਨਾਲ ਜਿਹੜੇ ਜਾ ਰਲੇ ਸਨ, ਉਨ੍ਹਾਂ ਨੂੰ ਅੱਗੇ ਸਿੰਘਾਂ ਨੇ ਸੰਭਾਲ ਲਿਆ ਹੈ। ੬੩।

***ਦੋਹਰਾ॥ਤੌ ਭੀ ਸਿੰਘ ਲੜਤੇ ਤੁਰੈ ਰਖਨ ਬਹੀਰੈ ਕਾਜ॥*** ਤਾਂ ਵੀ ਸਿੰਘ ਲੜਦੇ ਤੁਰੇ ਜਾ ਰਹੇ ਹਨ ਵਹੀਰ ਦੇ ਬਚਾਉਣ ਵਾਸਤੇ।

***ਕਿਤੈ ਲੜੈਂ ਕਿਤ ਖੜ ਤੁਰੈਂ, ਕਿਤੈ ਗਏ ਕਰ ਭਾਜ॥ ੬੪॥*** ਕਿਤੇ ਤਾਂ ਸਿੰਘ ਖੜ੍ਹ ਕੇ ਲੜੀ ਜਾਂਦੇ ਸਨ, ਕਿਤੇ ਤੁਰ ਪੈਂਦੇ ਸਨ, ਜਦੋਂ ਕਿਤੇ ਗਿਲਜੇ ਪਿੱਛੇ ਹਟ ਜਾਂਦੇ ਸਨ, ਤਾਂ ਸਿੰਘ ਫਿਰ ਭੱਜ ਕੇ ਅੱਗੇ ਨਿੱਕਲ ਜਾਂਦੇ ਸਨ। ੬੪।

***ਚੌਪਈ॥ਸ਼ਾਹੁ ਕਰਤ ਗੈਲ ਹੱਲੋ ਆਵੈ॥*** ਅਹਿਮਦ ਸ਼ਾਹ ਅਬਦਾਲੀ ਸਿੰਘਾਂ ਦੇ ਪਿੱਛੋਂ ਹੱਲੇ-ਤੇ ਹੱਲਾ ਕਰੀ ਤੁਰਿਆ ਆਉਂਦਾ ਹੈ।

***ਕੱਢ ਬਹੀਰੋਂ ਪੰਥ ਚਲਾਵੈ॥*** ਵਹੀਰ ਵਿੱਚੋਂ ਕੱਢ ਕੇ ਸਿੰਘਾਂ 'ਤੇ ਹੱਲਾ ਬੋਲਦਾ ਹੈ, ਵਿੱਚੋਂ ਤੋੜਦਾ ਹੈ ਸਿੰਘਾਂ ਨੂੰ।

***ਬਿਨਾ ਫੌਜ ਕਰ ਲਯੋ ਬਹੀਰ॥*** ਸਿੰਘਾਂ ਫ਼ੌਜ ਤੋਂ ਵੱਖਰਾ ਕਰ ਲਿਆ ਹੈ ਵਹੀਰ ਨੂੰ, ਚੰਗੇ ਜੰਗੀ ਫ਼ੌਜੀ ਸਿੰਘ ਸਨ, ਉਹ ਵਹੀਰ ਤੋਂ ਅਲਹਿਦਾ ਹੋ ਗਏ ਸਨ।

***ਬਹੀਰ ਬਿਚੋਂ ਕਰ ਸ਼ਾਹਿ ਦਯੋ ਚੀਰ॥ ੬੫॥*** ਵਹੀਰ ਨੂੰ ਅਬਦਾਲੀ ਨੇ ਵਿੱਚੋਂ ਚੀਰ ਲਿਆ ਹੈ। ੬੫।

***ਕਿਛਕੁ ਹਿੰਮਤ ਕਰ ਬਹੀਰ ਭੀ ਮਰਯੋ॥*** ਕੁਛ ਹਿੰਮਤ ਵਹੀਰੀਆਂ ਨੇ ਵੀ ਕੀਤੀ ਹੈ,ਉਹ ਵੀ ਐਵੇਂ ਨਹੀਂ ਰਹੇ, ਹਿੰਮਤ ਕੀਤੀ ਹੈ ਲੜਾਈ ਕਰਨ ਦੀ।

***ਕਿਛਕੁ ਬੇਲ ਇਮ ਬਹੀਰਹ ਪਰਯੋ॥*** ਕੁਛ ਕੁ ਵੇਹਲ ਇਉਂ ਵਹੀਰ ਨੂੰ ਵੀ ਮਿਲ ਗਿਆ ਹੈ।

***ਕਿਛਕੁ ਸਿੰਘ ਮੁੜ ਕਰੈਂ ਉਪਰਾਲਾ॥*** ਕੁਛ ਕੁ ਸਿੰਘਾਂ ਮੁੜ ਕੇ ਯਤਨ ਕੀਤਾ ਹੈ, ਵਹੀਰ ਨੂੰ ਛੁਡਾਉਣ ਦਾ।

***ਛੁਟਯੋ ਬਹੀਰ ਕੋ ਕਿਛੁ ਇਮ ਖਯਾਲਾ॥ ੬੬॥*** ਕੁਛ ਕੁ ਖਿਆਲ ਗਿਲਜਿਆਂ ਦਾ ਵਹੀਰ ਵੱਲੋਂ ਹਟਿਆ ਹੈ। ੬੬।

***ਫੇਰ ਸ਼ਾਹਿ ਨੇ ਕੀਨੀ ਦੌੜ॥*** ਫਿਰ ਅਹਿਮਦ ਸ਼ਾਹ ਅਬਦਾਲੀ ਨੇ ਵਹੀਰ ਦੀ ਰਾਖੀ ਵਾਲੇ ਸਿੰਘਾਂ 'ਤੇ ਹੱਲਾ ਕੀਤਾ ਹੈ।

***ਔਰ ਬਹੀਰ ਉਨ ਲੀਨੇ ਤੋੜ॥*** ਹੋਰ ਵਹੀਰ ਦੇ ਵਿੱਚੋਂ ਸੰਗਤ ਨੂੰ ਤੋੜ ਲਿਆ ਹੈ ਉਸ ਨੇ।

***ਪੜੈ ਬਹੀਰ ਸਿਰ ਪੈਨੰ ਤੇਗ॥*** ਵਹੀਰ ਦੇ ਬਾਲ ਬੱਚੇ, ਭੁਜੰਗੀ ਤੇ ਤਿੱਖੀ ਤਲਵਾਰ ਵਰਸਣ ਲੱਗੀ ਹੈ।

***ਜਟ ਕਟਤ ਜਿਮ ਪੱਤੋ ਬੇਗ॥ ੬੭॥*** ਜਿਵੇਂ ਜੱਟ ਜਲਦੀ ਨਾਲ ਪੱਤਿਆਂ ਨੂੰ ਕੱਟਦਾ ਹੈ। ੬੭।

***ਜਿਮ ਕ੍ਰਿਸਾਨ ਇਕ ਖੇਤ ਕਟਾਵੈ॥*** ਜਿਵੇਂ ਜਿਮੀਂਦਾਰ ਖੇਤ ਵਿਚ ਵਾਢੀ ਕਰਦੇ ਹਨ।

***ਉਪਰ ਦੂਏ ਕੈ ਘੇਰੋ ਪਾਵੈ॥*** ਇਕ ਦੂਜੇ ਦੇ ਉੱਪਰ ਦੀ ਘੇਰਾ ਪਾ ਕੇ ਵੱਢਦੇ ਹਨ।

***ਤਿਮ ਵੜ ਵਿਚ ਗਿਲਜੋ ਲੇਵੈਂ ਚੀਰ॥*** ਓਵੇਂ ਹੀ ਗਿਲਜੇ ਸਿੰਘਾਂ ਵਿਚ ਵੜ ਕੇ ਵਹੀਰ ਨੂੰ ਵੱਖਰਾ ਕਰ ਲੈਂਦੇ ਸਨ।

***ਕੋਈ ਨੱਠ ਮਿਲ ਬਚੈ ਬਹੀਰ॥ ੬੮॥*** ਵਹੀਰ ਵਿੱਚੋਂ ਕੋਈ ਨੱਠ ਕੇ ਸਿੰਘਾਂ ਨਾਲ ਮਿਲ ਕੇ ਕੋਈ ਕੋਈ ਬਚ ਜਾਂਦਾ ਹੈ। ੬੮।

***ਦੋਹਰਾ॥ਤਬੈ ਸ਼ਾਹਿ ਮਨ ਮੈਂ ਲਖਯੋ ਬਿਨ ਘਿਰੇ ਨ ਸਿੰਘ ਮਰਾਂਹਿ॥*** ਤਦ ਅਹਿਮਦ ਸ਼ਾਹ ਅਬਦਾਲੀ ਨੇ ਮਨ ਵਿੱਚ ਜਾਣ ਲਿਆ ਕਿ ਜਿੰਨਾਂ ਚਿਰ ਸਿੰਘਾਂ ਨੂੰ ਘੇਰਾ ਨਹੀਂ ਪਉਂਦੇ, ਉਨਾਂ ਚਿਰ ਤਾਂ ਅਸੀ ਇਹਨਾਂ ਨੂੰ ਮਾਰ ਨਹੀਂ ਸਕਦੇ, ਉਹ ਤਾਂ ਸਗੋਂ ਸਾਨੂੰ ਮਾਰ-ਮਾਰ ਕੇ ਅੱਗੇ ਤੁਰੀ ਜਾਂਦੇ ਸਨ ।

***ਜਿਮ ਕਿਮ ਇਨ ਕੋ ਘੇਰੀਐ, ਤੌ ਇਹ ਮਾਰਹਿ ਖਾਂਹਿ॥ ੬੯॥*** ਜਿਵੇਂ-ਕਿਵੇਂ ਵੀ ਹੋਵੇ, ਇਨ੍ਹਾਂ ਨੂੰ ਘੇਰ ਲਈਏ, ਘੇਰਾ ਪਏ ਤੋਂ ਫਿਰ ਇਹ ਮਾਰ ਖਾਣਗੇ ਸਾਡੇ ਕੋਲੋਂ। ੬੯।

***ਚੌਪਈ॥ਤਬੈ ਸ਼ਾਹਿ ਨੇ ਨਿਕਸਚੀ ਦੁੜਾਏ॥*** ਤਦ ਅਹਿਮਦ ਸ਼ਾਹ ਨੇ (ਨਿਕਸਚੀ) ਹਲਕਾਰੇ ਭਜਾਏ ਹਨ।

***ਉਪਰ ਜੈਨੈ ਕੇ ਗਿਲਾ ਠਹਰਾਏ॥*** ਜੈਨ ਖ਼ਾਂ ਸਰਹੰਦੀ ਸੂਬੇ 'ਤੇ (ਗਿਲਾ) ਰੋਸ ਕੀਤਾ ਹੈ, ਕਿਉਂਕਿ ਜੈਨ ਖ਼ਾਂ ਨੇ ਅਬਦਾਲੀ ਨੂੰ ਸੁਨੇਹਾ ਭੇਜਿਆ ਸੀ ਕਿ ਖਾਲਸਾ ਸਾਡੇ ਦਾਉ ਹੇਠ ਆ ਗਿਆ ਹੈ, ਏਧਰ ਆ ਗਏ ਹਨ ਸਿੰਘ, ਅਸੀਂ ਉਨ੍ਹਾਂ ਨੂੰ ਅੱਗੋਂ ਰੋਕਾਂਗੇ, ਭੱਜਣ ਨਹੀਂ ਦਿਆਂਗੇ। ਤੁਸੀਂ ਉਪਰੋਂ ਆ ਕੇ ਹੱਲਾ ਬੋਲੋ। ਹੁਣ ਅਬਦਾਲੀ ਨੇ ਗਿਲਾ ਕੀਤਾ ਹੈ ਕਿ ਤੂੰ ਮੈਨੂੰ ਸੱਦਿਆ ਸੀ, ਕੀ ਲਿਖਿਆ ਸੀ ਚਿੱਠੀ ਵਿਚ? ਹੁਣ ਸਿੰਘਾਂ ਨੂੰ ਰੋਕਦਾ ਕਿਉਂ ਨਹੀਂ ਹੈ?

***ਜੋ ਤੈਂ ਕਹੀ ਕਰੀ ਨਹਿਂ ਬਾਤ॥*** ਜੈਨ ਖ਼ਾਂ ! ਜਿਹੜੀ ਗੱਲ ਕੀਤੀ ਸੀ ਤੂੰ, ਉਹ ਕਰਕੇ ਨਹੀਂ ਵਿਖਾਈ ਹੈ, ਹੁਣ ਰੋਕਦਾ ਨਹੀਂ ਸਿੰਘਾਂ ਨੂੰ।

***ਮੁਹਰਯੋਂ ਸਿੰਘ ਨ ਘੇਰੇ ਜਾਤ॥ ੭੦॥*** ਸਿੰਘ ਅਗਿਓਂ ਤੈਥੋਂ ਘੇਰੇ ਨਹੀਂ ਜਾਂਦੇ ਸਿੰਘਾਂ ਦਾ ਅੱਗਾ ਰੋਕ ਮਾਲਵੇ ਨੂੰ ਨਾ ਜਾਣ ਦੇਈਏ। ੭੦।

***ਬੀਸ ਹਜ਼ਾਰ ਥੋ ਤੁਹਿ ਪਹਿ ਘੋੜਾ॥*** ਵੀਹ ਹਜ਼ਾਰ ਘੋੜ ਸਵਾਰ ਫ਼ੌਜ ਸੀ ਤੇਰੇ ਕੋਲ।

***ਕਯਾ ਸਿੰਘਨ ਲੁਟ ਕਰ ਦਯੋ ਥੋੜਾ॥*** ਕੀ ਸਿੰਘਾਂ ਨੇ ਲੁੱਟ ਕੇ ਤੁਹਾਨੂੰ ਥੋੜ੍ਹੇ ਕਰ ਦਿੱਤਾ ਹੈ।

***ਲਛਮੀ ਨਰਾਇਣ ਪਠਾਣ ਮਲੇਰੀ॥*** ਫ਼ੌਜਦਾਰ ਲਛਮੀ ਨਰਾਇਣ ਖਰੜ ਵਾਲਾ ਅਤੇ ਮਲੇਰ ਕੋਟਲੇ ਵਾਲੇ ਪਠਾਣ ਵੀ ਤੇਰੇ ਨਾਲ ਸਨ।

***ਤੂੰ ਘੇਰ ਨ ਸਕਯੋਂ ਥੀ ਫੌਜ ਬਹੁਤੇਰੀ॥ ੭੧॥*** ਤੇਰੇ ਨਾਲ ਬਥੇਰੀ ਫ਼ੌਜ ਸੀ, ਤੂੰ ਫਿਰ ਵੀ ਘੇਰ ਨਹੀਂ ਸਕਿਆ ਹੈਂ ਸਿੰਘਾਂ ਨੂੰ। ੭੧।

***ਜੇ ਤੂੰ ਇਨ ਕੋ ਲੇਵੈਂ ਘੇਰ॥*** ਹੁਣ ਵੀ ਜੇ ਤੂੰ ਇਨ੍ਹਾਂ ਨੂੰ ਅੱਗੋਂ ਘੇਰ ਕੇ ਰੋਕ ਲਵੇਂ ਤਾਂ।

***ਚਾਰ ਘੜੀ ਸਬ ਦਿਓਂ ਨਿਬੇਰ॥*** ਚਾਰ ਘੜੀਆਂ ਵਿਚ ਸਭ ਨੂੰ ਨਿਬੇੜ ਦਿਆਂਗਾ, ਮਾਰ ਦੇਵਾਂਗਾ।

***ਬਿਨ ਘੇਰੈ ਸਿੰਘ ਮਰੈਂ ਸੁ ਨਾਂਹੀ॥*** ਬਿਨਾਂ ਘੇਰਾ ਪਾਏ ਤੋਂ ਸਿੰਘਾਂ ਨੇ ਨਹੀਂ ਮਰਨਾ ਸਾਡੇ ਕੋਲੋਂ।

***ਖੂਬ ਬਿਚਾਰੀ ਮੈਂ ਮਨ ਮਾਂਹੀ॥ ੭੨॥*** ਮੈਂ ਆਪਣੇ ਮਨ ਵਿਚ ਚੰਗੀ ਤਰ੍ਹਾਂ ਵਿਚਾਰ ਕਰ ਲਈ ਹੈ। ੭੨।

***ਸੁਨ ਜੈਨੇ ਕੋ ਲਾਗੀ ਆਗ॥*** ਅਹਿਮਦ ਸ਼ਾਹ ਦਾ ਸੁਨੇਹਾ ਸੁਣ ਕੇ ਜੈਨ ਖ਼ਾਂ ਨੂੰ ਅੱਗ ਲੱਗ ਗਈ ਹੈ।

***ਸੂਤੋ ਸ਼ੇਰ ਜਨ ਉੱਠਯੋ ਜਾਗ॥*** ਜਾਣੋ ਸੁੱਤਾ ਪਿਆ ਸ਼ੇਰ ਜਾਗ ਉਠਿਆ ਹੈ।

***ਸੋ ਸਿੰਘਨ ਕੋ ਘੇਰਨ ਪਰਯੋ॥*** ਉਹ (ਜੈਨ ਖ਼ਾਂ) ਸਿੰਘਾਂ ਨੂੰ ਘੇਰਨ ਵਾਸਤੇ ਹੱਲਾ ਕਰਕੇ ਪਿਆ ਹੈ।

***ਫਿਰ ਸ਼ਾਮ ਸਿੰਘਿਅਨ ਮਾਰਹ ਟਰਯੋ॥ ੭੩॥*** ਫਿਰ ਸ਼ਾਮ ਸਿੰਘ ਦੀ ਮਿਸਲ ਦੇ ਸਿੰਘਾਂ ਨੇ ਜਿੰਨ੍ਹਾਂ ਦੀਆਂ ਬੰਦੂਕਾਂ ਵਿਚ ਅੱਧਾ-ਅੱਧਾ ਕਿਲੋ ਬਰੂਦ ਪੈਂਦਾ ਸੀ ਇਕ ਫਾਇਰ ਦਾ, ਜਦੋਂ ਅੱਗੋਂ ਮਾਰਿਆ ਤਾਂ ਜੈਨ ਖ਼ਾਂ ਟਲ ਗਿਆ ਹੈ। ੭੩।

***ਦੋਹਰਾ॥ਤਬ ਜ਼ੈਨੇ ਸ਼ਾਹ ਆ ਕਹਯੋ ਅਗਯੋਂ ਨ ਘੇਰੇ ਜਾਹਿ॥*** ਜੈਨ ਖ਼ਾਂ ਨੇ ਤਦ ਅਹਿਮਦ ਸ਼ਾਹ ਨੂੰ ਆ ਕੇ ਕਿਹਾ, 'ਸਿੰਘ ਅੱਗਿਓਂ ਘੇਰੇ ਨਹੀਂ ਜਾਂਦੇ ਹਨ, ਇਹ ਨਹੀਂ ਰੋਕਿਆਂ ਰੁਕਦੇ।'

***ਦੇਖਨ ਮੈਂ ਥੋੜੇ ਦਿਸੈਂ ਲੜਤੇ ਘਨੇ ਦਿਸਾਂਹਿ॥ ੭੪॥*** ਸਿੰਘ ਦੇਖਣ ਨੂੰ ਥੋੜ੍ਹੇ ਜਿਹੇ ਦਿਸਦੇ ਹਨ ਪਰ ਜਦੋਂ ਲੜਦੇ ਹਨ, ਤਾਂ ਬਹੁਤੇ ਦਿਸਦੇ ਹਨ ਭਾਵ ਇਕ-ਇਕ ਸਿੰਘ ਹੀ ਦਸਾਂ-ਦਸਾਂ ਨੂੰ ਮਾਰੀ ਤੁਰੇ ਆਉਂਦੇ ਸਨ, ਇਹ ਬੜੇ ਤਕੜੇ ਸਨ ਜਿਹੜੇ ਅੱਗੇ ਜਾ ਰਹੇ ਸਨ। ੭੪।

***ਚੌਪਈ॥ਤੌ ਜ਼ੈਨੇ ਸ਼ਾਹਿ ਆਇ ਸੁਨਾਈ॥*** ਤਾਂ ਜੈਨ ਖ਼ਾਂ ਨੇ ਅਹਿਮਦ ਸ਼ਾਹ ਨੂੰ ਆ ਕੇ ਸੁਣਾਇਆ ਹੈ।

***ਘੇਰਨ ਭਏ ਸਿੰਘ ਸੂਰ ਬੁਲਾਈ॥*** ਅਸੀ ਸਿੰਘਾਂ ਨੂੰ ਅੱਗੋਂ ਘੇਰਨ ਨੂੰ ਪਏ ਸੀ ਪਰ ਸਿੰਘ ਬੜੇ ਸੂਰਵੀਰ ਬਲਾਵਾਂ ਹਨ, ਉਹ ਨਹੀ ਘੇਰੇ ਜਾਂਦੇ ਕਿਸੇ ਤੋਂ।

***ਬਹੀਰ ਛੱਡ ਆਪ ਇਸ ਪਰ ਪਰੌ॥*** ਜੇ ਤੂੰ ਕਤਲ ਕਰਨਾ ਹੈ, ਤਾਂ ਸਿੰਘਾਂ ਦੀ ਫ਼ੌਜ ਨੂੰ ਕਰ, ਇਨ੍ਹਾਂ ਬਾਲ ਬੱਚਿਆਂ ਨੂੰ ਛੱਡ ਦੇ ਇਹਨਾਂ ਤੋਂ ਤੂੰ ਕੀ ਲੈਣਾ ਹੈ, ਵਹੀਰ ਨੂੰ, ਇਸ ਸਿੰਘਾਂ ਦੇ ਜੱਥੇ 'ਤੇ ਹੱਲਾ ਕਰਕੇ ਪਵੋ।

***ਅੱਵਲ ਕਤਲ ਇਸ ਫੌਜੈ ਕਰੌ॥ ੭੫॥*** ਪਹਿਲਾਂ ਸਿੰਘਾਂ ਦੀ ਇਸ ਅੱਵਲ ਫ਼ੌਜ ਨੂੰ ਕਤਲ ਕਰੋ। ੭੫।

***ਸੁਨਤ ਸ਼ਾਹ ਸੋਈ ਮੰਨ ਲਈ॥*** ਜੈਨ ਖ਼ਾਂ ਨੇ ਜਦੋਂ ਏਸ ਤਰ੍ਹਾਂ ਕਿਹਾ ਅਬਦਾਲੀ ਨੂੰ, ਸੁਣ ਕੇ ਅਹਿਮਦ ਸ਼ਾਹ ਉਹੀ ਗੱਲ ਮੰਨ ਲਈ ਹੈ।

***ਦੌੜ ਫੌਜ ਕੈ ਊਪਰ ਕਈ॥*** ਅਹਿਮਦ ਸਾਹ ਨੇ ਸਿੰਘਾਂ ਦੀ ਜੰਗੀ ਫ਼ੌਜ ਦੇ ਉੱਪਰ ਧਾਵਾ ਕੀਤਾ ਹੈ, ਜਿਨ੍ਹਾਂ ਨੇ ਵਹੀਰ ਨੂੰ ਆਪਨੀ ਰਖਵਾਲੀ ਵਿਚ ਲਿਆ ਹੋਇਆ ਸੀ।

***ਕਿਛਕੁ ਸਿੰਘਨ ਖੜ ਸ਼ਲਕ ਚਲਾਈ॥*** ਕੁਛ ਕੁ ਸਿੰਘਾਂ ਨੇ ਖੜ੍ਹ ਕੇ ਅਬਦਾਲੀ ਦੀ ਫ਼ੌਜ ਉੱਤੇ ਬੰਦੂਕਾਂ ਦੀ ਸ਼ਲਕ ਕੀਤੀ ਹੈ।

***ਦਏ ਗੇਰ ਜੋਊ ਆਵਤ ਧਾਈ॥ ੭੬॥*** ਅਹਿਮਦ ਸ਼ਾਹ ਦੇ ਜਿਹੜੇ ਵੱਡੇ-ਵੱਡੇ ਸੂਰਮੇਂ ਆਉਂਦੇ ਸੀ ਭੱਜੇ ਸਿੰਘਾਂ ਉਤੇ, ਉਹ ਆਉਂਦੇ ਹੀ ਡੇਗ ਦਿੱਤੇ ਹਨ ਧਰਤੀ 'ਤੇ, ਸੱਥਰ ਲਾਹ ਦਿੱਤੇ ਹਨ ਦੁਰਾਨੀਆਂ ਦੇ। ੭੬।

***ਤਬ ਸਿੰਘ ਸ਼ਾਹਿ ਆਵਤ ਜਾਨਾ॥*** ਤਦ ਸਿੰਘਾਂ ਨੇ ਜਾਣ ਲਿਆ ਕਿ ਅਹਿਮਦ ਸ਼ਾਹ ਅਬਦਾਲੀ ਆਪ ਆ ਗਿਆ ਹੈ।

***ਸਰਕ ਤੁਰੇ ਤਿਨ ਖੜਨ ਤਜਾਨਾ॥*** ਸ਼ਲਕ ਕਰਕੇ ਗੋਲੀਆਂ ਦੀ ਸਿੰਘਾਂ ਨੇ ਖੜ੍ਹਨਾ ਛੱਡ ਕੇ, ਸਰਕ ਤੁਰੇ ਹਨ, ਸਿੰਘ ਅੱਗੇ ਨੂੰ।

***ਮੁੜ ਖੜ ਸਿੰਘ ਰਾਮਜੰਗੇ ਚਲਾਵੈਂ॥*** ਮੁੜ ਕੇ ਖੜ੍ਹ ਕੇ ਸਿੰਘ (ਰਾਮਜੰਗੇ) ਬੰਦੂਕਾਂ ਚਲਾਉਂਦੇ ਸਨ।

***ਨੇੜ ਢੁਕੈ ਉਸ ਮਾਰ ਗਿਰਾਵੈਂ॥ ੭੭॥*** ਜਿਹੜਾ ਕੋਈ ਅਬਦਾਲੀ ਦਾ ਸਿਪਾਹੀ ਸਿੰਘਾਂ ਦੇ ਨੇੜੇ ਢੁਕਦਾ ਹੈ, ਉਸ ਨੂੰ ਫਾਇਰ ਮਾਰ ਕੇ ਮਾਰ ਸੁਟਦੇ ਸਨ। ੭੭।

***ਕਬ ਮੁਕੈ ਨਿਜ ਸ਼ਾਹਿ ਬਹੁ ਫੌਜ॥*** ਅਹਿਮਦ ਸ਼ਾਹ ਦੀ ਆਪਣੀ ਬਹੁਤੀ ਫ਼ੌਜ ਸੀ, ਉਹ ਕਦੋਂ ਮੁਕਦੀ ਹੈ ਸੀ ਸਿੰਘ ਤੋਂ।

***ਉਛਲ ਸਮੁੰਦ ਜਨੁ ਆਵਤ ਮੌਜ॥*** ਜਾਣੋਂ ਸਮੁੰਦਰ ਆਪਣੀ ਮੌਜ਼ ਵਿਚ ਉੱਛਲ ਕੇ ਆ ਰਿਹਾ ਹੈ।

***ਨੱਠ ਸਿੰਘ ਕੋਹ ਡੇਢ ਕੁ ਚੱਲੇ॥*** ਸਿੰਘ ਦੌੜ ਕੇ ਡੇਢ ਕੁ ਕੋਹ ਅੱਗੇ ਨੂੰ ਚਲੇ ਗਏ ਸਨ।

**ਫੇਰ ਸਿੰਘ ਤਹਿੰ ਹੋ ਰਹੇ ਖੱਲੇ॥ ੭੮॥** ਉੱਥੇ ਜਾ ਕੇ ਫਿਰ ਖੜ੍ਹੇ ਹੋ ਗਏ ਸਨ ਸਿੰਘ, ਇਸ ਤਰ੍ਹਾਂ ਬਾਰ੍ਹਾਂ ਤੇਰ੍ਹਾਂ ਕੋਹ ਦੇ ਵਿਚ ਲੜਾਈ ਹੋ ਰਹੀ ਹੈ। ੭੮।

**ਦੋਹਰਾ॥ ਚੜ੍ਹਤ ਸਿੰਘ ਓਹੀ ਹੱਲੈ, ਰਹਯੋ ਬਿਹੀਰੈ ਮਾਂਹਿ॥** ਸੁਕਰਚੱਕੀਆ ਮਿਸਲ ਦੇ ਚੜ੍ਹਤ ਸਿਘ ਉਸੇ ਹੱਲੇ ਵਿਚ ਵਹੀਰ ਦੇ ਨਾਲ ਰਹਿ ਗਿਆ ਹੈ।

**ਲੜਤ ਭਿੜਤ ਪਾਛੈ ਅਗੈ, ਬਿਹੀਰੈ ਕਰੈ ਅਗਾਹਿ॥ ੭੯॥** ਉਹ ਵਹੀਰ ਨੂੰ ਬਚਾਉਂਦਾ ਤੁਰਿਆ ਆ ਰਿਹਾ ਸੀ। ਲੜਦਿਆਂ, ਭਿੜਦਿਆਂ ਕਦੇ ਵਹੀਰ ਅਗਾਂਹ ਕਦੇ ਪਿਛਾਂਹ ਹੁੰਦਾ, ਵਹੀਰ ਨੂੰ ਅਗਾਂਹ ਨੂੰ ਕਰ ਤੋਰੀ ਆਉਂਦਾ ਹੈ। ੭੯।

**ਚੌਪਈ॥ਜੱਸਾ ਸਿੰਘ ਤਹਿੰ ਖੜ ਕੀਓ ਅਰੜਾ॥** ਜ: ਜੱਸਾ ਸਿਘ (ਬੁੱਢਾ ਦਲ) ਨੇ ਉਥੇ ਖੜ੍ਹ ਕੇ ਅੜੀ ਕੀਤੀ ਹੈ। (ਅਰੜਾ=ਅੜੀ, ਜਿਦ)

**ਨਿਜ ਫੌਜ ਖੜਾਈ ਕਰ ਬਡ ਝਗੜਾ॥** ਆਪਣੀ ਅਕਾਲੀ ਫ਼ੌਜ ਖੜ੍ਹਾ ਲਈ ਵੱਡਾ ਝਗੜਾ ਕਰਕੇ। ਸਿੰਘ ਕਹਿਣ ਲੱਗੇ, ਚਲੋ ਜੀ ਚਲੋ, ਅੱਗੇ ਤੁਰੋ, ਕਹਿੰਦਾ, ਨਹੀਂ ਖੜ੍ਹੋ ਐਥੇ, ਆਪਣੀ ਜਿੰਨੀ ਫ਼ੌਜ ਸੀ ਬੁੱਢੇ ਦਲ ਦੀ ਜੰਗੀ, ਸਭ ਸਿੰਘਾਂ ਨਾਲ ਝਗੜ ਕੇ ਖੜ੍ਹਾ ਲਿਆ ਹੈ, ਨਹੀਂ ਅੱਗੇ ਤੁਰਨ ਦੇਣਾ, ਇਹਨਾਂ ਦੁਸ਼ਟਾਂ ਨੂੰ ਮਾਰੇ ਬਿਨਾ ਅੱਗੇ ਨਹੀਂ ਜਾਣਾ ਹੈ।

**ਫੌਜ ਕਹੈ, 'ਹਮ ਖੜੇ ਬਚੈਂ ਨਾਹੀਂ'॥** ਸਿੰਘਾਂ ਦੀ ਫ਼ੌਜ ਕਹਿਣ ਲੱਗੀ, ਏਥੇ ਖੜ੍ਹ ਕੇ ਅਸੀਂ ਬਚ ਨਹੀਂ ਸਕਦੇ ਖਿਆਲ ਕਰੋ ਜਥੇਦਾਰ ਸਾਹਿਬ, ਸਭ ਮਾਰੇ ਜਾਵਾਂਗੇ।

**ਕਿਛਕੁ ਹੋਣ ਹਮ ਦਿਹੋ ਅਗਾਹੀਂ ॥ ੮੦॥** ਕੁਛ ਕੁ ਸਾਨੂੰ ਅੱਗੇ ਹੋਣ ਦਿਓ ਥੋੜ੍ਹਾ ਜਿਹਾ ਅੱਗੇ ਹੋਰ ਲੰਘ ਜਾਈਏ। ੮੦।

**ਜ਼ਖਮ ਬਹੁਤ ਜੱਸਾ ਸਿੰਘ ਖਾਏ॥** ਇਸ ਲੜਾਈ ਵਿਚ ਜੱਸਾ ਸਿੰਘ ਦੇ ਸਰੀਰ ਨੂੰ ਬੜੇ ਜ਼ਖ਼ਮ ਲੱਗੇ ਸਨ।

**ਤੀਰ ਗੋਲੀ ਔ ਤੇਗ ਘਾਇ ਆਏ॥** ਤੀਰਾਂ ਗੋਲੀਆਂ ਅਤੇ ਤਲਵਾਰਾਂ ਬੜੇ ਜ਼ਖ਼ਮ ਲੱਗੇ ਹਨ ਸਰੀਰ 'ਤੇ।

**ਆਪ ਮਾਰੈ ਔ ਉਨਕੇ ਝੇਲੈ॥** ਆਪ ਦੁਸ਼ਮਣ ਦੇ ਮਾਰਦਾ ਹੈ ਅਤੇ ਉਨ੍ਹਾਂ ਦੇ ਸ਼ਸਤ੍ਰ ਝੱਲਦਾ ਹੈ ਆਪਣੇ ਸਰੀਰ 'ਤੇ।

**ਸੌਂਹੇ ਮੱਥੇ ਰੱਖ ਘੋੜੇ ਮੇਲੈ॥ ੮੧॥** ਸਾਮ੍ਹਣੇ ਮੱਥੇ ਰੱਖ ਕੇ ਘੋੜੇ ਮੇਲਦਾ ਹੈ। ਸਾਮ੍ਹਣੇ ਹੱਲੇ 'ਤੇ ਹੱਲਾ ਬੋਲਦਾ ਹੈ ਉਨ੍ਹਾਂ 'ਤੇ। ੮੧।

**ਜੱਸੈ ਸਿੰਘ ਥਕ ਰਹਯੋ ਘੋੜੋ॥** ਜ: ਜੱਸਾ ਸਿੰਘ ਦਾ ਘੋੜਾ ਲੜਾਈ ਵਿਚ ਥੱਕ ਗਿਆ ਹੈ। ਘੋੜਿਆਂ ਨੂੰ ਸ਼ਸਤ੍ਰ ਵਜਦੇ ਸਨ, ਗੋਲੀਆਂ ਤੀਰ ਲਗਦੇ ਸਨ। ਜ਼ਖ਼ਮਾਂ 'ਚੋਂ ਲਹੂ ਚੋਂਦਾ ਜਾਂਦਾ ਹੈ ਘੋੜਿਆਂ ਦਾ।

**ਕਰਤ ਜੰਗ ਥੋ ਸੋ ਬਹੁ ਦੌੜੋ॥** ਬੜੀ ਦੌੜ ਦਾ ਜੰਗ ਕਰਦਾ ਸੀ, ਭਾਵ ਭੱਜ ਕੇ ਦੁਸ਼ਮਣ 'ਤੇ ਜਾ ਪੈਣਾ ਜੱਥਾ ਲੈ ਕੇ। ਫਿਰ ਉਨ੍ਹਾਂ ਨੂੰ ਕੱਟ ਵੱਢ ਕੇ ਦੁਸ਼ਮਣ ਦਾ ਜ਼ੋਰ ਪੈਂਦਾ ਵੇਖ ਕੇ ਘੇਰੇ ਵਿੱਚੋਂ ਪਿੱਛੇ ਨੂੰ ਭੱਜ ਕੇ ਆਉਣਾ।

**ਜਬੈ ਸਿਘ ਉਸ ਅੱਡੀ ਲਗਾਵੈ॥** ਜਦੋਂ ਘੋੜੇ ਨੂੰ ਜੱਸਾ ਸਿਘ ਜੀ ਅੱਡੀ ਲਾਉਂਦੇ ਸਨ ਅੱਗੇ ਤੋਰਨ ਵਾਸਤੇ।

**ਨਹਿੰ ਮਾਨੈ ਕਛੁ ਆਗੈ ਨ ਧਾਵੈ॥ ੮੨॥** ਘੋੜਾ ਅੱਗੇ ਨੂੰ ਭੱਜਣ ਵਾਸਤੇ ਦੌੜਦਾ ਨਹੀਂ ਹੈ, ਥੱਕਿਆ ਹੋਇਆ ਘੋੜਾ ਅੱਗੇ ਨੂੰ ਦੌੜਨ ਵਾਸਤੇ ਮੰਨਦਾ ਨਹੀਂ ਹੈ। ੮੨।

**ਦੋਹਰਾ॥ਜੱਸਾ ਸਿੰਘ ਕੋ ਪਾਲਕੋ ਗੁਰਮੁਖ ਸਿੰਘ ਜਿਹ ਨਾਮ॥** ਜ: ਜੱਸਾ ਸਿੰਘ ਦਾ ਗੜਵਈ ਗੋਦ ਲਿਆ ਹੋਇਆ ਬਾਲਕ, ਪਾਲਿਆ ਹੋਇਆ, ਜਿਸ ਦਾ ਨਾਮ ਗੁਰਮੁਖ ਸਿੰਘ ਸੀ।

**ਤਿਨ ਸਿੰਘ ਜੀ ਕੋ ਆਖਿਓ, ਅਬ ਈਹਾਂ ਖੜਨ ਨਹਿੰ ਕਾਮ॥ ੮੩॥** ਉਸ ਨੇ ਬਾਬਾ ਜੱਸਾ ਸਿੰਘ ਜੀ ਨੂੰ ਆਖਿਆ ਜਥੇਦਾਰ ਸਾਹਿਬ ਜੀ ! 'ਹੁਣ ਏਥੇ ਖੜਨ ਦਾ ਕੰਮ ਨਹੀਂ ਹੈ, ਘੋੜੇ ਨੂੰ ਤੋਰੋ ਅਗਾਂਹ ਨਿਕਲੀਏ'। ੮੩।

**ਚੌਪਈ॥ਈਹਾਂ ਖੜੇ ਹਮ ਬਚਤੇ ਨਾਹੀਂ॥** ਦੇਖੋ ਕਿੱਡਾ ਹੱਲਾ ਹੋ ਰਿਹਾ ਹੈ ਤੁਰਕਾਂ ਦਾ, 'ਏਥੇ ਖੜ੍ਹ ਕੇ ਨਹੀਂ ਅਸੀਂ ਬਚ ਸਕਦੇ।

**ਤੁਮ ਹਮਰੀ ਇਮ ਜਾਂਨ ਗਵਾਹੀ॥** ਇਉਂ ਤੁਸੀਂ ਸਾਡੀ ਜਾਨ ਗਵਾਓਗੇ।

***ਤੌ ਸਿੰਘ ਜੀ ਫਿਰ ਇਮ ਫੁਰਮਾਵੈਂ॥*** ਤਾਂ ਬਾਬਾ ਜੱਸਾ ਸਿੰਘ ਜੀ ਨੇ ਇਉਂ ਆਖਿਆ ਹੈ।

***ਹਮਰੋ ਘੋੜੋ ਅਗੈ ਨ ਧਾਵੈ॥ ੮੪॥*** ਮੈ ਬਥੇਰੀਆਂ ਅੱਡੀਆਂ ਲਾਉਂਦਾ ਹਾਂ, ਘੋੜਾ ਤੁਰਦਾ ਹੀ ਨਹੀਂ ਹੈ। ਘੋੜਾ ਥੱਕ ਗਿਆ ਹੈ ਬਿਲਕੁਲ। ੮੪।

***ਤਬ ਗੁਰਮੁਖ ਸਿਘ ਚਾਬਕ ਉਠਾਯਾ॥*** ਤਦ ਗੁਰਮੁਖ ਨੇ ਚਾਬਕ ਉਠਾਇਆ ਹੈ।

***ਚਾਹਤ ਘੋੜੈ ਤਨ ਕੋ ਲਾਯਾ॥*** ਉਹ ਘੋੜੇ ਦੇ ਸਰੀਰ 'ਤੇ ਚਾਬਕ ਮਾਰਨਾ ਚਾਹੁੰਦਾ ਹੈ।

***ਤਬ ਸਿੰਘ ਜੀ ਨਿਜ ਦੇਖ ਹਟਾਯੋ॥*** ਤਦ ਸਿੰਘ ਸਾਹਿਬ ਜੱਸਾ ਸਿੰਘ ਨੇ ਉਸ ਦੀ ਹਰਕਤ ਦੇਖ ਕੇ ਆਪ ਹਟਾਇਆ ਹੈ ਘੂਰ ਕੇ, ਖਬਰਦਾਰ ! 'ਘੋੜੇ ਦੇ ਚਾਬਕ ਨਾ ਮਾਰ'।

***ਚਹੈਂ ਹਮਕੋ ਤੂ ਚਟਕ ਲਗਾਯੋ॥ ੮੫॥*** ਤੂੰ ਸਿੰਘਾਂ ਤੋਂ ਮੈਨੂੰ ਚਟਕ ਲਵਾਉਣੀ ਚਹੁੰਦਾ ਹੈਂ?। ੮੫।

***ਪੰਥ ਸੁਨੈ ਹਮ ਕੌ ਕਰੈ ਠੱਠਾ॥*** ਜਦੋਂ ਪੰਥ ਸੁਣੇਗਾ ਤਾਂ ਮੈਨੂੰ (ਠੱਠਾ) ਮਖੌਲ ਕਰੇਗਾ ਉਦੋਂ।

***ਘੋੜਾ ਕੁਟਾਇ ਜੱਸਾ ਸਿਘ ਨੱਠਾ॥*** ਪਤਾ ਹੈ ਨਾ ਉਦੋਂ ਵੱਡੇ ਘੱਲੂਘਾਰੇ ਵਿਚ ਘੋੜਾ ਕੁਟਾ ਕੇ ਭੱਜਿਆ ਸੀ ਜੱਸਾ ਸਿੰਘ।

***ਕਯਾ ਮੁਖ ਲੈ ਮੈਂ ਬਹੌਂ ਦਿਵਾਨ॥*** ਮੈਂ ਕੀ ਮੁਖ ਲੈ ਕੇ ਦਿਵਾਨ ਵਿਚ ਬੈਠਾਂਗਾ? ਕੀ ਆਖਣਗੇ ਸਿੰਘ ਮੈਨੂੰ?।

***ਕਰੈਂ ਮਸਕਰੀ ਹਮ ਕੌ ਆਨ॥ ੮੬॥*** ਮੈਨੂੰ ਸਾਰੇ ਸਿੰਘ ਆ ਕੇ ਮਸਕਰੀਆਂ ਕਰਿਆ ਕਰਨਗੇ। ੮੬।

***ਮੈਂ ਖਾਲਸੈ ਪਤਿਸ਼ਾਹੁ ਕਹਾਯੋ॥*** ਮੈਨੂੰ ਖਾਲਸੇ ਨੇ ਪਾਤਸ਼ਾਹ ਕਹਾਇਆ ਹੈ, ਸਾਰਾ ਪੰਥ ਮੈਨੂੰ ਪਾਤਸ਼ਾਹ ਕਹਿ ਕੇ ਸਤਿਕਾਰ ਦਿੰਦਾ ਹੈ।

***ਤੁਮ ਚਾਹਤ ਹਮ ਗੀਦੀ ਬਨਾਯੋ॥*** ਮੇਰੀ ਗਿਣਤੀ ਸੂਰਮਿਆਂ ਵਿਚ ਹੈ, ਸਿੰਘ ਸਾਰੇ ਮੇਰੀ ਆਣ ਮੰਨਦੇ ਹਨ। ਤੂੰ ਮੈਨੂੰ ਗੀਦੀ ਬਣਾਉਣਾ ਚਾਹੁੰਦਾ ਹੈਂ? ਕਿ ਜੱਸਾ ਸਿੰਘ ਘੋੜੇ ਨੂੰ ਕੁਟਾ ਕੇ ਭੱਜਿਆ ਸੀ, ਇਹ ਤਾਂ ਕਾਇਰ ਹੈ, ਡਰਾਕੁਲ ਹੈ, ਇਉਂ ਆਖਣਗੇ ਸਿੰਘ ਮੈਨੂੰ।

***ਇਸ ਜੀਵਣ ਤੇ ਮਰਨੋ ਬੇਸ਼॥*** ਐਸੇ ਜੀਵਨ ਤੋਂ ਤਾਂ ਮਰਨਾ ਹੀ ਚੰਗਾ ਹੈ।

***ਰਹੈ ਜੱਸ ਜਿਸ ਜਗ ਮੈਂ ਲੇਸ਼॥ ੮੭॥*** ਸੰਸਾਰ ਵਿਚ (ਲੇਸ਼) ਅੰਸ ਮਾਤਰ ਜਸ ਰਹਿ ਜਾਏ ਜਿਸ ਮਰਨੇ ਕਰਕੇ ਉਹ ਚੰਗਾ ਹੈ। ੮੭।

***ਦੋਹਰਾ॥ਗੁਰਮੁਖ ਸਿੰਘ ਨਿਜ ਛਡ ਤੁਰਾ ਸਿੰਘ ਜੀ ਲਯੋ ਚੜ੍ਹਾਇ॥*** ਗੁਰਮੁਖ ਸਿੰਘ ਨੇ ਆਪਣਾ (ਤੁਰਾ) ਘੋੜਾ ਛੱਡ ਕੇ, ਗੁਰਮੁਖ ਸਿੰਘ ਆਪਣੇ ਘੋੜੇ ਤੋਂ ਉੱਤਰ ਗਿਆ ਹੈ, ਉਸ ਨੇ ਆਪਣੇ ਘੋੜੇ 'ਤੇ ਜ: ਜੱਸਾ ਸਿੰਘ ਜੀ ਆਹਲੂਵਾਲੀਏ ਨੂੰ ਸਵਾਰ ਕਰ ਲਿਆ ਹੈ।

***ਲੜਤ ਭਿੜਤ ਖੜਤੌ ਤੁਰਤ ਜੋਖੋਂ ਸਿਰ ਨਿਜ ਖਾਇ॥ ੮੮॥*** ਸਿੰਘ ਲੜਦੇ ਭਿੜਦੇ ਖੜ੍ਹੇ ਹੁੰਦੇ, ਤੁਰਦੇ ਹੋਏ (ਜੋਖੋਂ) ਜ਼ਖ਼ਮ, ਲੜਾਈ ਆਪਣੇ ਸਿਰ 'ਤੇ ਝਲਦੇ ਹੋਏ ਜਾ ਰਹੇ ਸਨ, ਕਿਉਂਕਿ ਪਠਾਣ ਹੱਲੇ 'ਤੇ ਹੱਲਾ ਕਰਦੇ ਤੁਰੇ ਆਉਂਦੇ ਸਨ, ਸਿੰਘ ਆਪਣੇ ਸਿਰ 'ਤੇ ਝੱਲਦੇ ਸਨ ਸਾਰੇ ਵਾਰ। ੮੮।

***ਚੌਪਈ॥ਜੱਸਾ ਸਿੰਘ ਖਾਏ ਬਾਈ ਘਾਇ॥*** ਜ: ਜੱਸਾ ਸਿਘ ਜੀ ਆਹਲੂਵਾਲੀਆ (ਬੁੱਢਾ ਦਲ) ਨੂੰ ਬਾਈ ਜ਼ਖ਼ਮ ਲੱਗੇ, ਹੁਣ ਤੁਸੀਂ ਹਿਸਾਬ ਲਾ ਲਵੋ, ਇਕ ਕੰਡਾ ਕਿਸੇ ਨੂੰ ਲੱਗ ਜਾਏ, ਉਥੇ ਹੀ ਖੜ੍ਹ ਜਾਂਦਾ ਹੈ, ਕਹਿੰਦਾ, ਕੰਡਾ ਕੱਢੋ ਮੇਰੇ ਪੈਰ ਵਿੱਚੋਂ ਫਿਰ ਮੈਂ ਤੁਰਾਂਗਾ। ਜਿਥੇ ਐਡੇ-ਐਡੇ ਨੇਜ਼ੇ ਵੜ ਗਏ ਸਰੀਰ ਵਿਚ ਗੋਲੀਆਂ ਸਰੀਰ ਵਿਚ ਲਗੀਆਂ ਹੋਈਆਂ ਸਨ ਅਤੇ ਵੱਡੇ ਖੰਡਿਆਂ ਤੇਗਾਂ ਦੇ ਫੱਟ ਲੱਗੇ ਹੋਏ ਸਰੀਰ ਵਿਚ ਹੱਥ-ਹੱਥ ਲੰਗੇ, ਫਿਰ ਲੜਾਈ ਕਰੀ ਜਾਂਦੇ।

***ਤੌ ਭੀ ਸਿੰਘ ਜੀ ਲੜਤੌ ਜਾਇ॥*** ਭਾਵੇਂ ਬਾਈ ਜ਼ਖ਼ਮ ਸਰੀਰ 'ਤੇ ਹੋ ਗਏ ਸਨ ਜੱਸਾ ਸਿੰਘ ਦੇ, ਤਾਂ ਦੁਸ਼ਮਣ ਨਾਲ ਲੜਦੇ ਹੀ ਜਾਂਦੇ ਸਨ, ਕੋਈ ਪਰਵਾਹ ਨਹੀਂ ਹੈ ਜ਼ਖ਼ਮਾਂ ਦੀ।

**ਜੱਸਾ ਸਿੰਘ ਜਬ ਜ਼ਖਮੀ ਸੁਨਯੋ॥** ਜਦੋਂ ਪੰਥ ਨੇ ਜੱਸਾ ਸਿੰਘ ਨੂੰ ਜ਼ਖ਼ਮੀ ਹੋਇਆ ਸੁਣਿਆ ਹੈ।

**ਸਭ ਸਿਰਦਾਰਨ ਸੁਨ ਸਿਰ ਧੁਨਯੋ॥ ੮੯॥** ਸਿਖ ਪੰਥ ਦੇ ਸਭ ਸਰਦਾਰਾਂ ਨੇ, ਸੂਰਵੀਰ ਯੋਧਿਆਂ ਨੇ ਅਫ਼ਸੋਸ ਵਜੋਂ ਆਪਣਾ ਸਿਰ ਹਿਲਾਇਆ ਹੈ। ਓ-ਹੋ! ਆਹ ਗੱਲ ਮਾੜੀ ਹੋ ਗਈ ਹੈ ਕਿ ਸਾਡਾ ਸਭ ਤੋਂ ਵੱਡਾ ਜਥੇਦਾਰ ਹੈ, ਵੱਡਾ ਸਰਦਾਰ ਜੇ ਇਹੀ ਫੱਟੜ ਹੋ ਗਿਆ ਤਾ ਠੀਕ ਨਹੀਂ ਹੈ। ੮੯।

**ਵਿਚ ਥੰਨੇ ਸਭ ਆਣ ਖਲੋਏ॥** ਇਹ ਸੁਣ ਕੇ ਸਭ ਸਿੰਘਾਂ ਨੂੰ ਗੁੱਸਾ ਚੜ੍ਹ ਗਿਆ ਹੈ, ਸਭ ਸੂਰਵੀਰ ਯੋਧੇ (ਥੰਨੇ) ਉਹ ਫ਼ੌਜ ਜਿਥੇ ਜੱਸਾ ਸਿੰਘ ਖੜ੍ਹ ਕੇ ਲੜਾ ਰਿਹਾ ਸੀ, ਕਿਉਂਕਿ ਸ਼ਾਮ ਸਿੰਘ ਤਾਂ ਵਹੀਰ ਦੀ ਰਾਖੀ ਚਲਿਆ ਗਿਆ। ਸਾਰੇ ਹੀ ਸਰਦਾਰ ਮਿਸਲਾਂ ਦੇ ਸਭ ਆਪੋ ਆਪਣੀ ਫ਼ੌਜ ਲੈ ਕੇ ਥੰਨੇ ਵਿਚ ਸੱਜੇ ਖੱਬੇ ਆ ਖੜ੍ਹੇ ਹੋਏ ਸਨ।

**ਭੰਗੀ, ਘਨੀਏ, ਰਾਮਗੜ੍ਹੀਏ ਜੋਏ॥** ਜਿਹੜੇ ਭੰਗੀ, ਘਨਈਏ, ਤੇ ਰਾਮਗੜ੍ਹੀਏ ਮਿਸਲਾਂ ਦੇ ਸਰਦਾਰ ਸਨ।

**ਨੱਕਈ, ਨਿਸ਼ਾਨਚੀ, ਡੱਲੇ ਵਾਲ॥** ਮਿਸਲ ਨਕਈ, ਨਿਸ਼ਾਨਾਂ ਵਾਲੀ ਮਿਸਲ ਅਤੇ ਡੱਲੇ ਵਾਲੀਆ ਮਿਸਲ ਦੇ ਸਰਦਾਰ ਸੂਰਵੀਰ ਇਕੱਠੇ ਹੋ ਕੇ।

**ਕਪੂਰ ਸਿੰਘੀ ਔ ਆਲੂ ਜੁ ਵਾਲ॥ ੯੦॥** ਕਪੂਰ ਸਿੰਘੀਏ, ਜੋ ਕਪੂਰ ਸਿੰਘ ਨਵਾਬ ਦੀ ਮਿਸਲ ਦੇ, ਸਿੰਘ ਪੁਰੀਏ ਅਤੇ ਜਿਹੜੇ ਆਹਲੂਵਾਲੀਏ ਸਰਦਾਰ ਸਨ। ੯੦।

**ਸ਼ੁਕ੍ਰ ਚੱਕੀਏ, ਸ਼ਾਮ ਸਿੰਘੀਏ ਸਾਰੇ॥** ਮਿਸਲ ਸੁਕਰਚੱਕੀਏ ਦੇ ਸਰਦਾਰ ਸ਼ਾਮ ਸਿੰਘ ਨਾਰਲੀ ਵਾਲੇ ਦੇ ਜੱਥੇ ਦੇ ਸਾਰੇ ਸਿੰਘ ਸੂਰਮੇ।

**ਸ਼ਹੀਦ ਨਿਹੰਗ ਔ ਗੁਰੂ ਪਿਆਰੇ॥** ਮਿਸਲ ਸ਼ਹੀਦਾਂ ਵਾਲੀ ਦੇ ਨਿਹੰਗ ਸਿੰਘ ਅਤੇ ਹੋਰ ਗੁਰੂ ਪਿਆਰੇ ਸਿੰਘ ਸੂਰਮੇ, (ਬਾਬਾ ਦੀਪ ਸਿੰਘ ਜੀ ਸ਼ਹੀਦ ਤਰਨਾ ਦਲ ਮਿਸਲ ਸ਼ਹੀਦਾਂ ਦੇ ਪਹਿਲੇ ਜਥੇਦਾਰ ਸਨ)।

**ਅੰਮ੍ਰਿਤਸਰੀਏ ਔਰ ਪੁਰੀਯੋ ਅਨੰਦ॥** ਧਰਮ ਸਿੰਘ ਅੰਮ੍ਰਿਤਸਰੀਆਂ ਦਾ ਜੱਥਾ ਅਤੇ ਅਨੰਦਪੁਰ ਸਾਹਿਬ ਵਾਲਿਆਂ ਸਿਦਕੀ ਸਿੰਘਾਂ ਦਾ ਜਥਾ।

**ਰਮਦਾਸੀਏ ਰੰਘਰੇਟੇ ਔਰ ਮਸੰਦ॥ ੯੧॥** ਰਮਦਾਸੀਏ ਸਿੰਘ (ਰੰਘਰੇਟੇ) ਮਜ਼ਬੀ ਸਿੰਘ ਅਤੇ (ਮਸੰਦ) ਓਸ ਮੌਕੇ ਜੋ ਗੁਰੂ ਸਾਹਿਬ ਜੀ ਦੀ ਅੰਸਾਂ ਵੇਲੇ ਤੋਂ ਚਲੇ ਆਉਂਦੇ ਸੀ, ਉਗਰਾਹੀ ਗੁਰੂ ਘਰ ਦੀ ਲਿਆਉਂਦੇ ਸਨ, ਉਹ ਸਾਰੇ ਜੋ ਬਚੇ ਸੀ ਉਹ ਸਾਰੇ ਵਹੀਰ ਵਿਚ ਰਲੇ ਹੋਏ ਸਨ। ੯੧।

**ਬੇਦੀ ਸੋਢੀ ਤੇਹਨ ਔ ਭੱਲੇ॥** ਬੇਦੀਆਂ, ਸੋਢੀਆਂ, ਤ੍ਰੇਹਣਾਂ ਅਤੇ ਭੱਲਿਆਂ, ਜੋ ਗੁਰੂ ਜੀ ਦੀਆਂ ਬੰਸਾਂ ਵਿੱਚੋਂ ਜੋ ਸ਼ਸਤ੍ਰਧਾਰੀ ਸਿੰਘ ਸਨ।

**ਰਹਤ ਹੁਤੇ ਜੋ ਖਾਲਸੇ ਰਲੇ॥** ਉਹ ਖਾਲਸੇ ਵਿੱਚ ਰਲ ਕੇ ਆਪਣਾ ਨਿਰਬਾਹ ਕਰ ਰਹੇ ਸਨ। ਅਹਿਮਦ ਸ਼ਾਹ ਅਬਦਾਲੀ ਚੁਣ-ਚੁਣ ਕੇ ਮਾਰ ਰਿਹਾ ਸੀ, ਲੱਭ-ਲੱਭ ਕੇ ਖਾਲਸੇ ਨੂੰ , ਖ਼ਾਨਦਾਨਾਂ ਦਾ ਨਿਬੇੜਾ ਕਰ ਰਿਹਾ ਸੀ, ਉਨ੍ਹਾਂ ਸਭ ਨੇ ਖਾਲਸੇ ਵਿਚ ਰਲ ਕੇ ਆਪਣੀ ਜਿੰਦ-ਜਾਨ ਬਚਾਈ ਹੈ।

**ਸ਼ਹੀਦ ਹੋਹਿਂ ਔ ਜ਼ਖਮੀ ਹੋਹਿਂ॥** ਸਿੰਘ ਸ਼ਹੀਦ ਵੀ ਹੋਈ ਜਾਂਦੇ ਸਨ ਅਤੇ ਫੱਟੜ ਵੀ ਹੋ ਰਹੇ ਸਨ।

**ਕਦੈ ਖੜੈਂ ਕਦ ਲੜੈਂ ਤੁਰੋਹਿ॥ ੯੨॥** ਕਦੇ ਖੜ੍ਹ ਕੇ ਲੜਦੇ ਸਨ ਕਦੇ ਤੁਰੇ-ਤੁਰੇ ਜਾਂਦੇ ਹੀ ਲੜਦੇ ਤੁਰੀ ਜਾਂਦੇ ਸਨ। ੯੨।

**ਦੋਹਰਾ॥ਨਿੱਕੇ ਵੱਡੇ ਜੇ ਹੁਤੇ ਸਭ ਫੜ ਖੜੇ ਹਥਿਆਰ॥** ਜਦੋਂ ਜੱਸਾ ਸਿੰਘ ਆਹਲੂਵਾਲੀਏ ਨੂੰ ਜ਼ਖ਼ਮੀ ਸੁਣਿਆ ਸਾਰੇ ਪੰਥ ਨੇ, ਕੋਈ ਨਿੱਕਾ ਜੱਥਾ ਸੀ, ਕੋਈ ਵੱਡਾ ਜੱਥਾ ਸੀ, ਸਭ ਹਥਿਆਰ ਫੜ ਕੇ ਆ ਕੇ ਥੰਨੇ ਦੇ ਵਿਚ ਖੜ੍ਹੇ ਹੋ ਗਏ ਸਨ ਸ਼ਸਤ੍ਰ ਫੜ ਕੇ।

**ਅਗੈ ਊਹਾਂ ਤੇ ਤੌ ਤੁਰੈਂ ਇਕ ਇਕ ਦੁਇ ਦੁਇ ਮਾਰ॥ ੯੩॥** ਉਨ੍ਹਾਂ ਸਾਰਿਆਂ ਨੇ ਤਹਿ ਕਰ ਲਿਆ ਹੈ, ਕਿ ਅੱਗੇ ਉਥੋਂ ਤਾਂ ਤੁਰਨਾ ਹੈ ਇਕ-ਇਕ, ਦੋ-ਦੋ ਪਠਾਣਾਂ ਨੂੰ ਮਾਰ ਕੇ। ੯੩।

***ਤਬਹਿ ਕਿਸੇ ਨੇ ਕਹਿ ਦਯੋ, ਚੜ੍ਹ ਸਿੰਘ ਬੀਰ ਸੁਨਾਇ॥*** ਤਦ ਕਿਸੇ ਸਿੰਘ ਨੇ ਸ: ਚੜ੍ਹਤ ਸਿੰਘ ਸੂਰਵੀਰ ਨੂੰ ਸੁਣਾ ਕੇ ਕਹਿ ਦਿੱਤਾ ਹੈ, ਤਾਹਨਾ ਮਾਰਿਆ ਹੈ ਚੜ੍ਹਤ ਸਿੰਘ ਨੂੰ।

***ਤੂੰ ਜੁ ਕਹਿਤ ਥੋ ਮੈਂ ਲੜੌਂ, ਜਹਿਂ ਹੋਵੈ ਅਹਿਮਦ ਸ਼ਾਹਿਂ॥ ੯੪॥*** ਤੂੰ ਜੋ ਕਹਿੰਦਾ ਹੁੰਦਾ ਸੀ ਕਿ ਜਿਥੇ ਅਹਿਮਦ ਸ਼ਾਹ ਅਬਦਾਲੀ ਹੋਵੇਗਾ, ਉਸ ਦੇ ਨਾਲ ਮੈਂ ਲੜਾਂਗਾ ਅੱਗੇ ਹੋ ਕੇ। ੯੪।

***ਚੌਪਈ॥ਸੋ ਸੁਨ ਚੜ੍ਹ ਸਿੰਘ ਗੁੱਸਾ ਖਾਯਾ॥*** ਉਹ ਤਾਨ੍ਹਾ ਸੁਣ ਕੇ ਚੜ੍ਹਤ ਸਿੰਘ ਨੇ ਬੜਾ ਗੁੱਸਾ ਖਾਧਾ ਹੈ।

***ਅਹਿਮਦ ਸ਼ਾਹ ਵਲ ਘੋੜੋ ਚਲਾਯਾ॥*** ਅਹਿਮਦ ਸ਼ਾਹ ਅਬਦਾਲੀ ਵੱਲ ਨੂੰ ਘੋੜਾ ਤੋਰਿਆ ਹੈ, ਚੜ੍ਹਤ ਸਿੰਘ ਨੇ।

***ਲਭਯੋ ਨ ਟੋਲਤ ਸੌ ਰਹਯੋ ਦੂਰ॥*** ਚੜ੍ਹਤ ਸਿੰਘ ਉਸ ਨੂੰ ਲੱਭਦਾ ਰਿਹਾ, ਪਰ ਉਹ ਦੂਰ ਸੀ ਕਿਤੇ ਫ਼ੌਜ ਵਿਚ, ਲੱਭਿਆ ਨਾ ਉਹ।

***ਦਿਸੈ ਨ ਦੂਰੋਂ ਉਡ ਰਹੀ ਧੂਰ॥ ੯੫॥*** ਗਰਦ ਬਹੁਤ ਉੱਡ ਰਹੀ ਸੀ, ਦੂਰੋਂ ਤਾਂ ਉਹ ਦਿਸਦਾ ਹੀ ਨਹੀਂ ਸੀ, ਤੇ ਨਾ ਹੀ ਕੋਈ ਦੱਸਣ ਵਾਲਾ ਸੀ। ੯੫।

***ਫਿਰ ਸਿੰਘ ਟੋਲ ਮੁੜ ਵੜਯੋਂ ਬਹੀਰ॥*** ਅਹਿਮਦ ਸ਼ਾਹ ਅਬਦਾਲੀ ਨੂੰ ਭਾਲ-ਭਾਲ ਕੇ ਜਦੋਂ ਉਹ ਕਿਤੇ ਵੀ ਨਾ ਮਿਲਿਆ, ਤਾਂ ਚੜ੍ਹਤ ਸਿੰਘ ਫੇਰ ਮੁੜ ਕੇ ਵਹੀਰ ਵਿਚ ਆ ਵੜਿਆ ਹੈ।

***ਤੇਗ ਮਾਰ ਕਢੈ ਗਿਲਜੇ ਚੀਰ॥*** ਗਿਲਜਿਆਂ ਦੇ ਮਾਰ-ਮਾਰ ਕੇ ਤੇਗਾਂ, ਚੀਰ ਕੇ ਦੋਫਾੜ ਕਰ ਕੇ ਕੱਢਦਾ ਹੈ ਤਲਵਾਰ ਨੂੰ।

***ਮਾਰਤ ਤੇਗ ਗਯੋ ਹਥ ਥਾਕ॥*** ਦੁਸ਼ਮਣ ਦਾ ਇਕੱਲਾ ਹੀ ਮੁਕਾਬਲਾ ਕਰ ਰਿਹਾ ਹੈ ਚੜ੍ਹਤ ਸਿੰਘ, ਦੁਸ਼ਮਣ ਦੇ ਤੇਗਾਂ ਮਾਰਦੇ ਮਾਰਦੇ ਹੱਥ ਥੱਕ ਗਿਆ ਚੜ੍ਹਤ ਸਿੰਘ ਦਾ।

***ਤੌ ਸਿੰਘ ਜੀ ਲਯੋ ਨੇਜੋ ਚਾਕ॥ ੯੬॥*** ਤਾਂ ਸ: ਚੜ੍ਹਤ ਸਿੰਘ ਨੇ ਨੇਜ਼ਾ ਚੁੱਕ ਲਿਆ ਹੈ ਅਤੇ ਲੜਾਈ ਸ਼ੁਰੂ ਕਰ ਦਿੱਤੀ ਹੈ। ੯੬।

***ਮਾਰਤ ਨੇਜਨ ਫਲ ਟੁਟ ਗਯੋ॥*** ਦੁਸ਼ਮਣ ਨੂੰ ਮਾਰਦੇ-ਮਾਰਦੇ ਦਾ ਚੜ੍ਹਤ ਸਿੰਘ ਦੇ ਨੇਜ਼ੇ ਦਾ ਅੱਗੋਂ ਫਲ ਟੁੱਟ ਗਿਆ ਹੈ।

***ਫਿਰ ਸਿੰਘ ਹਾਥ ਰਾਮ ਜੰਗੋ ਲਯੋ॥*** ਫਿਰ ਚੜ੍ਹਤ ਸਿੰਘ ਨੇ ਬੰਦੂਕ ਆਪਣੇ ਹੱਥ ਵਿਚ ਫੜ ਲਈ ਹੈ।

***ਥਕਯੋ ਘੋੜੋ ਤਬ ਔਰ ਬਦਲਾਯੋ॥*** ਚੜ੍ਹਤ ਸਿੰਘ ਆਪਣੇ ਕੋਲ ਪੰਜ ਘੋੜੇ ਰੱਖਦਾ ਸੀ, ਜਦੋਂ ਘੋੜਾ ਥੱਕ ਗਿਆ, ਤਾਂ ਉਹ ਘੋੜਾ ਬਦਲ ਕੇ ਦੂਜੇ 'ਤੇ ਸਵਾਰ ਹੋ ਗਿਆ।

***ਲਗਯੋ ਜ਼ਖਮ ਖੜ ਸਿੰਘ ਬੰਧਾਯੋ॥ ੯੭॥*** ਚੜ੍ਹਤ ਸਿੰਘ ਦੇ ਸਰੀਰ 'ਤੇ ਸ਼ਸਤ੍ਰ ਲੱਗ ਕੇ ਜ਼ਖ਼ਮ ਹੋ ਗਿਆ ਹੈ, ਚੜ੍ਹਤ ਸਿੰਘ ਨੇ ਉਸ ਫੱਟ 'ਤੇ ਪੱਟਾ ਬੰਨ੍ਹਾਇਆ ਹੈ ਖੜ ਕੇ। ੯੭।

***ਲਈ ਫੌਜ ਸਭ ਅਪਨੀ ਸਾਥ॥*** ਚੜ੍ਹਤ ਸਿੰਘ ਨੇ ਆਪਣੀ ਸੁਕਰਚੱਕੀਆ ਮਿਸਲ ਦੀ ਸਾਰੀ ਫ਼ੌਜ ਨਾਲ ਲੈ ਲਈ ਹੈ।

***ਬਹੁਤ ਗਿਲਜਨ ਸਿਰ ਮਾਰੈ ਹਾਥ॥*** ਬਹੁਤ ਗਿਲਜਿਆਂ ਦੇ ਸਿਰ 'ਤੇ ਹੱਥ ਮਾਰਿਆ ਹੈ ਉਸ ਨੇ, ਬਹੁਤ ਗਿਲਜੇ ਮਾਰ-ਮਾਰ ਸੁੱਟੇ।

***ਜਹਾਂ ਬਹੀਰ ਬਹੁ ਪਰੇ ਭੀਰ॥*** ਜਿਥੇ ਵਹੀਰ 'ਤੇ ਬਹੁਤੀ ਭੀੜ ਪੈਂਦੀ ਹੈ ਬਹੁਤਾ ਹਮਲਾ ਹੁੰਦਾ ਹੈ।

***ਆਪ ਡਹੈ ਤਹਿਂ ਸਿੰਘ ਸਰੀਰ॥ ੯੮॥*** ਉਥੇ ਚੜ੍ਹਤ ਸਿੰਘ ਆਪ ਆਪਣਾ ਸਰੀਰ ਅੱਗੇ ਡਾਹ ਦਿੰਦਾ ਹੈ, ਅੱਗੇ ਹੋ ਕੇ ਝਲਦਾ ਹੈ ਸਾਰਿਆਂ ਦੇ ਵਾਰ। ੯੮।

***ਦੋਹਰਾ॥ਬਹੁਤ ਗਿਲਜਨ ਕੌ ਮਾਰ ਕੈ ਬਹੁ ਸਿੰਘਨ ਲਏ ਬਚਾਇ॥*** ਹੁਣ ਇਸ ਨੇ ਠੱਲ ਪਾ ਦਿੱਤੀ ਹੈ, ਬਹੁਤ ਗਿਲਜੇ ਮਾਰ ਦਿੱਤੇ ਸਨ ਅਤੇ ਬਹੁਤੇ ਸਿੰਘਾਂ ਨੂੰ ਗਿਲਜਿਆਂ ਤੋਂ ਬਚਾ ਲਿਆ ਹੈ।

***ਗਿਲਜਨ ਕੋ ਘੋੜੋ ਲਭੈ, ਪਯਾਦਨ ਤੁਰੈ ਚੜ੍ਹਾਇ॥ ੯੯॥*** ਗਿਲਜਿਆਂ ਦੇ ਘੋੜੇ ਖੋਹ-ਖੋਹ ਕੇ ਪੈਦਲ ਸਿੰਘਾਂ ਨੂੰ ਉਨ੍ਹਾਂ 'ਤੇ ਚੜ੍ਹਾ ਦਿੱਤਾ ਹੈ। ੯੯।

***ਚੌਪਈ॥ਚੜ੍ਹ ਸਿੰਘ ਸਾਥ ਨ ਕਿਸ ਤੇ ਹੋਇ॥*** ਚੜ੍ਹਤ ਸਿੰਘ ਨੇ ਐਨਾ ਤੇਜ਼ ਹਮਲਾ ਕਰ ਦਿੱਤਾ ਹੈ, ਕਿਸੇ ਤੋਂ ਉਸ ਦਾ

ਸਾਥ ਨਹੀਂ ਦਿੱਤਾ ਜਾਂਦਾ ਹੈ, ਇਕੱਲਾ ਹੀ ਮਾਰ ਕਰਦਾ ਹੈ।

***ਜੋਊ ਲਲਕਾਰੈ ਤਹਿੰ ਜਾਇ ਸੋਇ॥*** ਜਿਹੜਾ ਗਿਲਜਾ ਲਲਕਾਰਦਾ ਹੈ ਅੱਗੋਂ, ਚੜ੍ਹਤ ਉਥੇ ਹੀ ਜਾ ਉਸ ਦੇ ਗਲ ਪੈਂਦਾ ਹੈ।

***ਬਹੀਰੈ ਨ ਛੋਡੈ ਖੜ ਤੁਰ ਲੜੈ॥*** ਵਹੀਰ ਦਾ ਪਿੱਛਾ ਨਹੀਂ ਛੱਡਦਾ ਹੈ, ਕਦੇ ਖੜ੍ਹ ਕੇ ਲੜਦਾ ਹੈ, ਕਦੇ ਤੁਰਿਆ ਜਾਂਦਾ ਹੀ ਲੜਦਾ ਜਾਂਦਾ ਹੈ।

***ਤੁਰੈ ਅਗੈ ਕਬ ਪਿਛੈ ਮੁੜੈ॥ ੧੦੦॥*** ਕਦੀ ਅੱਗੇ ਨੂੰ ਹੱਲਾ ਬੋਲ ਕੇ ਜਾਂਦਾ ਹੈ, ਕਦੀ ਪਿਛਾਂਹ ਨੂੰ ਮੁੜ ਪੈਂਦਾ ਹੈ। ੧੦੦।

***ਫੌਜ ਛਡ ਕਬ ਏਕਲ ਧਾਵੈ॥*** ਕਦੇ ਫ਼ੌਜ ਨੂੰ ਛੱਡ ਕੇ ਇਕੱਲਾ ਹੀ ਧਾਵਾ ਬੋਲ ਦਿੰਦਾ ਹੈ।

***ਮਾਰ ਗਿਲਜਨ ਫਿਰ ਫੌਜੇ ਆਵੈ॥*** ਗਿਲਜਿਆਂ ਨੂੰ ਮਾਰ ਕੇ ਫਿਰ ਆਪਣੀ ਫ਼ੌਜ ਵਿਚ ਆ ਵੜਦਾ ਹੈ।

***ਨਿਜੈ ਫੌਜ ਬਹੁ ਜੋਖੋਂ ਖਾਵੈ॥*** ਉਸ ਦੀ ਆਪਣੀ ਫ਼ੌਜ ਲੜਾਈ ਵਿਚ ਬੜੇ ਜ਼ਖ਼ਮ ਖਾ ਰਹੀ ਹੈ। ਸਰਦਾਰ ਜਦੋਂ ਲੜ ਰਿਹਾ ਹੈ, ਉਸ ਦਾ, ਫਿਰ ਉਹ ਕਿਵੇਂ ਪਿੱਛੇ ਹਟ ਸਕਦੇ ਸਨ, ਸਾਰੇ ਸਰਦਾਰ ਗਿਲਜਿਆਂ ਅੱਗੇ ਆਪਣੀ ਛਾਤੀ ਡਾਹੁੰਦੇ ਸਨ।

***ਫਟੇ ਗਿਰੇ ਕਿਸੇ ਬੇਲੇ ਪਾਵੈ॥ ੧੦੧॥*** ਜਿਹੜੇ ਸਿੰਘ ਫੱਟੜ ਹੋ ਕੇ ਡਿੱਗ ਪੈਂਦੇ ਸਨ, ਉਨ੍ਹਾਂ ਨੂੰ ਕਿਸੇ ਜੰਗਲ ਬੇਲੇ ਜਾਂ ਕਿਸੇ ਪਿੰਡ ਵਿਚ ਪਾਸੇ ਆਸੇ ਲੈ ਜਾਓ ਇਨ੍ਹਾਂ ਸਿੰਘਾਂ ਨੂੰ, ਇਸ ਸਿੰਘ ਦੇ ਜ਼ਖ਼ਮ ਬੰਨ੍ਹਾਓ ਜਾ ਕੇ, ਸ਼ਹੀਦੀ ਨਾ ਕਿਤੇ ਪਾ ਜਾਵੈ, ਕਿਉਂਕਿ ਉਹ ਯੋਧੇ ਸਿੰਘ ਸਨ। ੧੦੧।

***ਕਈਅਨ ਕੌ ਗਹਿ ਅਗੈ ਚਲਾਵੈ॥*** ਕਈ ਸਿੰਘਾਂ ਨੂੰ ਫੜ ਕੇ ਅੱਗੇ ਤੋਰਦਾ ਹੈ, ਕਹਿੰਦਾ, ਚਲੋ, ਨਿਕਲ ਚਲੋ ਅੱਗੇ, ਇਹਨਾਂ ਤੋਂ ਦੂਰ ਹੋ ਜਾਓ।

***ਕਈਅਨੁ ਕੌ ਨਿਜ ਕੋਤਲ ਚਲਾਵੈ॥*** ਕਈਆਂ ਨੂੰ ਆਪ ਘੋੜਾ ਦੇ ਕੇ ਅੱਗੇ ਤੋਰਦਾ ਹੈ।

***ਇਮ ਬਹੀਰੀਅਨ ਕਰੈ ਨਿਬਾਹਿ॥*** ਇਉਂ ਵਹੀਰ ਵਾਲਿਆਂ ਦਾ ਨਿਰਬਾਹ ਕਰ ਰਿਹਾ ਹੈ, ਪੈਦਲਾਂ ਨੂੰ ਘੋੜਿਆਂ 'ਤੇ ਚੜ੍ਹਾਉਂਦਾ ਹੈ, ਜਿਥੇ ਕੋਈ ਗਿਲਜਾ ਅੜਦਾ ਹੈ, ਉੱਥੇ ਆਪ ਅੱਗੇ ਹੋ ਕੇ ਟਾਕਰਾ ਕਰਦਾ ਹੈ, ਵਹੀਰੀਆਂ ਨੂੰ ਕਹਿੰਦਾ ਹੈ, ਤੁਰੇ ਚਲੋ ਤੁਸੀਂ।

***ਬਹੁਤ ਲੋਕ ਇਮ ਦਏ ਬਚਾਇ॥ ੧੦੨॥*** ਇਉਂ ਚੜ੍ਹਤ ਸਿੰਘ ਨੇ ਆਪ ਸਿੱਧੀ ਟੱਕਰ ਲੈ ਕੇ ਗਿਲਜਿਆਂ ਨਾਲ, ਬਹੁਤ ਸੰਗਤ ਬਚਾ ਲਈ ਹੈ, ਬਹੁਤ ਸਿੰਘ ਬਚਾ ਲਏ ਸਨ ਆਪ ਲੜਕੇ। ੧੦੨।

***ਦੌੜ ਗਿਲਜਨ ਪਰ ਯੌਜ ਸਿੰਘ ਕਰੈ॥*** ਗਿਲਜਿਆਂ ਉਤੇ ਇਉਂ ਹੱਲਾ ਕਰਕੇ ਪੈਂਦਾ ਹੈ ਚੜ੍ਹਤ ਸਿੰਘ।

***ਜਨ ਕੂੰਜਨ ਪੈ ਬਹਰੀ ਪਰੈ॥*** ਜਿਵੇਂ ਕੂੰਜਾਂ ਉਤੇ (ਬਹਰੀ) ਬਾਜ ਵਰਗਾ ਮਾਸਾਹਾਰੀ ਪੰਛੀ ਝਪਟ ਕੇ ਪੈਂਦਾ ਹੈ।

***ਕਿਸੈ ਇਕ ਕਿਸ ਦੁਇ ਸੱਟ ਲਾਵੈ॥*** ਕਿਸੇ ਗਿਲਜੇ ਦੇ ਸ਼ਸਤ੍ਰ ਦੀ ਇਕ ਸੱਟ ਲਾਉਂਦਾ ਹੈ ਕਿਸੇ ਨੂੰ ਦੋ ਲਾਉਂਦਾ ਹੈ।

***ਇਤ ਤੇ ਉਤ ਉਤ ਤੇ ਇਤ ਧਾਵੈ॥ ੧੦੩॥*** ਏਧਰੋਂ ਓਧਰ, ਓਧਰੋਂ ਏਧਰ ਨੂੰ ਚਾਰ-ਚੁਫੇਰੇ ਹੱਲੇ 'ਤੇ ਹੱਲਾ ਕਰਦਾ ਹੈ ਇਕੱਲਾ ਹੀ। ੧੦੩।

***ਦੋਹਰਾ॥ਗੰਗੇਰੀ ਜਿਮ ਘੋੜੇ ਘੁੰਮੈਂ ਵੜ ਬਿਜੁਲ ਜਿਮ ਦਲ ਆਪ॥*** (ਗੰਗੇਰੀ) ਪਾਣੀ ਦਾ ਇਕ ਜੀਵ ਟਿੱਡੀ ਕੁ ਜਿੱਡਾ, ਉਹ ਪਾਣੀ ਦੇ ਉਪਰ ਕਦੇ ਏਧਰ ਨੂੰ ਕਦੇ ਓਧਰ ਨੂੰ ਬੜੀ ਤੇਜ਼ੀ ਨਾਲ ਫਿਰਦਾ ਹੈ, ਜਿਵੇਂ ਗੰਗੇਰੀ ਪਾਣੀ ਦੇ ਉਪਰ ਬੜੀ ਤੇਜ਼ੀ ਨਾਲ ਦੌੜਦਾ ਹੈ, ਉਸ ਦੇ ਵਾਂਗ ਚੜ੍ਹਤ ਸਿੰਘ ਦਾ ਘੋੜਾ ਘੁੰਮਦਾ ਹੈ ਕਦੇ ਏਧਰ ਕਦੇ ਓਧਰ। ਆਪ ਚੜ੍ਹਤ ਸਿੰਘ ਫ਼ੌਜਾਂ ਵਿਚ ਬਿਜਲੀ ਦੀ ਫੁਰਤੀ ਨਾਲ ਵੜ ਕੇ, ਗਿਲਜਿਆਂ ਦੀ ਮਾਰ ਵਿੱਚੋਂ ਨਿੱਕਲ ਆਉਂਦਾ ਹੈ।

***ਚੜ੍ਹ ਸਿੰਘ ਗਿਲਜਨ ਇਮ ਕਟੈ ਪੁੰਨ ਕਟੈ ਜਿਮ ਪਾਪ॥ ੧੦੪॥*** ਗਿਲਜਿਆਂ ਨੂੰ ਚੜ੍ਹਤ ਸਿੰਘ ਇਉਂ ਕਟਦਾ ਹੈ, ਜਿਵੇਂ

ਪਾਪ ਨੂੰ ਪੁੰਨ ਕੱਟਦਾ ਹੈ, ਐਨੀ ਤੇਜ਼ੀ ਨਾਲ ਵੱਢਦਾ ਹੈ ਗਿਲਜਿਆਂ ਨੂੰ। ੧੦੪।

***ਚੌਪਈ॥ਬਹੀਰ ਛਡ ਸਿੰਘ ਦੂਰ ਨ ਜਾਵੈ॥*** ਚੜ੍ਹਤ ਸਿੰਘ ਬਹੀਰ ਨੂੰ ਛੱਡ ਕੇ ਦੂਰ ਨਹੀਂ ਜਾਂਦਾ ਹੈ, ਤਾਂ ਕਿ ਵਹੀਰ 'ਤੇ ਨਾ ਹੱਲਾ ਕਰ ਦੇਣ।

***ਆਪ ਫਟੇ ਔਰ ਬਹੀਰ ਬਚਾਵੈ॥*** ਆਪ ਫੱਟ ਖਾਂਦਾ ਹੈ ਅਤੇ ਵਹੀਰ ਨੂੰ ਬਚਾਉਂਦਾ ਹੈ।

***ਲੋਹੂ ਰੰਗ ਸਭ ਕਪੜੇ ਭਏ॥*** ਸਾਰੇ ਸਰੀਰ ਦੇ ਜ਼ਖ਼ਮਾਂ ਵਿੱਚੋਂ ਲਹੂ ਦੀਆਂ ਘਰਾਲਾਂ ਵਗ ਰਹੀਆਂ ਹਨ, ਲਹੂ ਦੇ ਨਾਲ ਸਾਰੇ ਸਰੀਰ ਦੇ ਬਸਤ੍ਰ ਲਾਲ ਰੰਗ ਦੇ ਹੋ ਗਏ ਹਨ।

***ਖੇਲ ਫਾਗ ਜਨੁ ਰੰਗ ਰੰਗਏ॥ ੧੦੫॥*** ਜਾਣੋਂ ਫੱਗਣ ਦੇ ਮਹੀਨੇ ਵਿਚ ਜਿਵੇਂ ਹੋਲੀ ਖੇਡ ਕੇ, ਪਿਚਕਾਰੀਆਂ ਦੇ ਨਾਲ ਗੁਲਾਲ ਪਉਂਦੇ ਹਨ, ਇਉਂ ਰੰਗੇ ਗਏ ਸਨ। ੧੦੫।

***ਪੰਜ ਘੋੜੇ ਨਿਜ ਕੋਤਲ ਰਖਾਏ॥*** ਆਪਣੇ ਚੜ੍ਹਨ ਵਾਸਤੇ ਪੰਜ ਘੋੜੇ ਰੱਖੇ ਹੋਏ ਸਨ ਚੜ੍ਹਤ ਸਿੰਘ ਦੇ।

***ਛੋਡ ਏਕ ਕੋ ਔਰ ਚੜ੍ਹ ਧਾਏ॥*** ਜਦੋਂ ਇਕ ਘੋੜਾ ਥੱਕ ਜਾਂਦਾ ਹੈ, ਉਸ ਨੂੰ ਛੱਡ ਕੇ ਹੋਰ ਘੋੜੇ 'ਤੇ ਚੜ੍ਹ ਕੇ ਫਿਰ ਧਾਵਾ ਬੋਲ ਦਿੰਦਾ ਹੈ।

***ਸ਼ਸਤਰ ਚੜ੍ਹ ਸਿੰਘ ਬਹੁਤੇ ਖਾਏ॥*** ਚੜ੍ਹਤ ਸਿਘ ਨੇਆਪਣੇ ਸਰੀਰ 'ਤੇ ਬਹੁਤ ਸ਼ਸਤ੍ਰ ਖਾਧੇ ਹਨ, ਬੜੇ ਜ਼ਖ਼ਮ ਹੋਏ ਹਨ ਚੜ੍ਹਤ ਸਿੰਘ ਦੇ।

***ਦੇਖ ਨ ਓਦਰੇ ਫੇਰ ਲੜਾਏ॥ ੧੦੬॥*** ਆਪਣੇ ਜ਼ਖ਼ਮਾਂ ਵੱਲ ਵੇਖ ਕੇ ਉਦਾਸ ਨਹੀਂ ਹੁੰਦਾ ਹੈ, ਫਿਰ ਸਿੰਘਾਂ ਨੂੰ ਸ਼ਾਬਾਸ ਦੇ ਕੇ ਹੌਸਲਾ ਦੇ ਕੇ ਲੜਾਈ ਤੁਰਿਆ ਜਾਂਦਾ ਹੈ। ੧੦੬।

***ਆਗੈ ਹੁਇ ਹੁਇ ਬੰਦੂਖ ਚਲਾਏ॥*** ਅੱਗੇ ਹੋ-ਹੋ ਕੇ ਬੰਦੂਕ ਚਲਾਉਂਦਾ ਹੈ।

***ਇਕ ਕੋ ਮਾਰ ਦੂਏ ਤਨ ਲਾਏ॥*** ਇਕ ਨੂੰ ਮਾਰ ਕੇ ਫਿਰ ਦੂਜੇ ਗਿਲਜੇ ਨੂੰ ਬੰਦੂਕ ਦਾ ਫਾਇਰ ਮਾਰਦਾ ਹੈ।

***ਵਹੁ ਬੰਦੂਖ ਜਬ ਖਾਲੀ ਹੋਇ॥*** ਉਹ ਬੰਦੂਕ ਜਦੋਂ ਖਾਲੀ ਹੋ ਜਾਂਦੀ ਹੈ।

***ਲਏ ਔਰ ਕੇ ਹਥ ਤੇ ਖੋਹਿ॥ ੧੦੭॥*** ਫਿਰ ਹੋਰ ਸਿੰਘਾਂ ਦੇ ਹੱਥੋਂ ਬੰਦੂਕ ਖੋਹ ਕੇ ਤੇਜ਼ੀ ਨਾਲ ਗਿਲਜਿਆਂ 'ਤੇ ਫਾਇਰ ਕਰਦਾ ਹੈ।੧੦੭।

***ਬੰਦੂਖੀ ਦਲ ਮੈਂ ਅਢਾਈ ਬਤਾਵੈ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਸਾਰੀ ਸਿੰਘਾਂ ਦੀ ਫ਼ੌਜ ਵਿਚ, ਸਾਰੇ ਦਲ ਵਿਚ ਢਾਈ ਬੰਦੂਕੀਏ ਗਿਣੇ ਗਏ ਹਨ।

***ਇਕ ਚੜ੍ਹ ਸਿੰਘ ਦੂਯੋ ਸਭ ਦਲ ਅਗਾਵੈ॥*** ਇਕ ਚੜ੍ਹਤ ਸਿੰਘ ਤੇ ਦੂਜਾ ਸਾਰਾ ਦਲ, ਭਾਵ ਜਿੰਨੀਆਂ ਬੰਦੂਕਾਂ ਦਾ ਫਾਇਰ ਚੜ੍ਹਤ ਕਰਦਾ ਹੈ ਉਤਨੀਆਂ ਬੰਦੂਕਾਂ ਸਾਰਾ ਦਲ ਚਲਾਉਂਦਾ ਹੈ।

***ਔਰ ਬੰਦੂਖੀ ਬਡੋ ਅਖਾਵੈ॥*** ਹੋਰ ਜੇ ਕੋਈ ਦਲ ਵਿਚ ਵੱਡਾ ਬੰਦੂਕ ਚਲਾਉਣ ਵਾਲਾ ਨਿਸ਼ਾਨੇਬਾਜ਼ ਅਖਵਾਉਂਦਾ ਹੈ।

***ਚੜ੍ਹ ਸਿੰਘ ਆਗੇ ਅਧੋ ਬਤਾਵੈ॥ ੧੦੮॥*** ਜੇ ਉਸ ਦਾ ਚੜ੍ਹਤ ਸਿੰਘ ਨਾਲ ਮੁਕਾਬਲਾ ਕਰੀਏ, ਤਾਂ ਅੱਧਾ ਹੈ ਪੂਰਾ ਨਹੀਂ ਉਤਰਦਾ ਕੋਈ, ਇਸ ਕਰਕੇ ਸਾਰੇ ਵਹੀਰ ਦੀ ਗਿਣਤੀ ਕਰਕੇ ਕਹਿੰਦੇ ਢਾਈ ਬੰਦੂਕੀਏ ਸਮਝ ਲਓ। ਇਕ ਪਾਸੇ ਸਾਰਾ ਦਲ, ਇਕ ਪਾਸੇ ਇਕੱਲਾ ਚੜ੍ਹਤ ਸਿੰਘ ਸਮਝ ਲਓ। ਜੇ ਹੋਰ ਕੋਈ ਯੋਧਾ ਹੈ ਬੰਦੂਕ ਚਲਾਉਣ ਵਾਲਾ, ਤਾਂ ਉਹ ਚੜ੍ਹਤ ਸਿੰਘ ਦੇ ਅੱਗੇ ਅੱਧਾ ਹੀ ਗਿਣਿਆਂ ਜਾਂਦਾ ਹੈ ਪੂਰਾ ਨਹੀਂ ਉੱਤਰ ਸਕਦਾ। ੧੦੮।

***ਦੋਹਰਾ॥ਬੰਦੂਖ ਸਰਦਾਰ ਚੜ੍ਹ ਸਿੰਘ ਕੀ ਕੀਓ ਜਗ ਮੈਂ ਮਸ਼ਹੂਰ॥*** ਉਸ ਦਿਨ ਤੋਂ ਲੈ ਕੇ ਜਦੋਂ ਘੱਲੂਘਾਰਾ ਹੋਇਆ ਹੈ, ਚੜ੍ਹਤ ਸਿੰਘ ਦੀ ਬੰਦੂਕ ਕਰਕੇ ਮਸ਼ਹੂਰੀ ਹੋ ਗਈ ਹੈ ਜਗਤ ਵਿਚ, ਕਿ ਚੜ੍ਹਤ ਸਿੰਘ ਦੀ ਬੰਦੂਕ ਤਾਂ ਦੁਸ਼ਮਣ ਦੀ ਅਲਖ ਮੁਕਾਈ ਤੁਰੀ ਜਾਂਦੀ ਹੈ। ਸੰਸਾਰ ਦੇ ਪ੍ਰਸਿੱਧ ਬੰਦੂਕਚੀਆਂ ਵਿਚ ਨਾਮ ਗਿਣਿਆ ਹੈ ਚੜ੍ਹਤ ਸਿੰਘ ਦਾ।

***ਜੈਸੇ ਮਾਰੇ ਨੇੜਿਓਂ ਤੈਸੇ ਮਾਰੈ ਦੂਰ॥ ੧੦੯॥*** ਬੰਦੂਕ ਦਾ ਜਿਵੇਂ ਨੇੜਿਓਂ ਨਿਸ਼ਾਨਾ ਮਾਰਦਾ ਹੈ ਚੜ੍ਹਤ ਸਿੰਘ, ਉਵੇਂ ਹੀ ਦੂਰੋਂ ਨਿਸ਼ਾਨਾ ਫੁੰਡਦਾ ਹੈ। ੧੦੯।

***ਤੁਰਤ ਫੁਰਤ ਲਰਤੇ ਮਰਤ ਬਹੀਰ ਗਯੋ ਕੋਹ ਔਰ॥*** ਤੁਰਤ ਫੁਰਤ ਹੀ ਲੜਦਿਆਂ-ਮਰਦਿਆਂ ਵਹੀਰ ਇਕ ਕੋਹ ਹੋਰ ਅੱਗੇ ਨਿਕਲ ਗਿਆ ਹੈ।

***ਤੌ ਫਿਰ ਅਹਮਦਸ਼ਾਹੁ ਨਿਜ ਕਰ ਪਰਯੋ ਸਿੰਘਨ ਪਰ ਧੌਰ॥ ੧੧੦॥*** ਤਾਂ ਫਿਰ ਅਹਿਮਦ ਸ਼ਾਹ ਅਬਦਾਲੀ ਆਪ ਆਪਣੀ ਖ਼ਾਸ ਫ਼ੌਜ ਲੈ ਕੇ ਸਿੰਘਾਂ ਉੱਪਰ ਆ ਗਿਆ ਹੱਲਾ ਕਰ ਕੇ। ੧੧੦।

***ਚੌਪਈ॥ਜ਼ੋਰ ਪਾਇ ਸਿੰਘ ਫੌਜ ਨਿਕਾਰੀ॥*** ਸਿੰਘਾਂ ਨੇ ਜ਼ੋਰ ਪਾ ਕੇ ਵਹੀਰ ਵਿੱਚੋਂ ਤੁਰਕਾਂ ਨੂੰ ਕੱਢਿਆ, ਫ਼ੌਜ ਨੂੰ ਪਿੱਛੇ ਹਟਾਇਆ ਹੈ।

***ਘੇਰਯੋ ਬਹੀਰ ਬਹੁ ਤੁਮਨ ਭਾਰੀ॥*** (ਤੁਮਣ) ਬਾਰ੍ਹਾਂ ਹਜ਼ਾਰ ਦਾ ਇਕ-ਇਕ ਜੱਥਾ, ਬੜੇ ਭਾਰੀ ਜੱਥੇ ਨਾਲ ਪਠਾਣਾਂ ਨੇ ਫਿਰ ਵਹੀਰ ਨੂੰ ਆ ਘੇਰਿਆ ਹੈ।

***ਤਿਨ ਮੈਂ ਗ੍ਰੰਥ ਤੁਰਤ ਥੇ ਦੋਇ॥*** ਉਨ੍ਹਾਂ ਵਿਚ ਦੋ ਗੁਰੂ ਗ੍ਰੰਥ ਸਾਹਿਬ ਜੀ ਵੀ ਸਨ।

***ਇਕ ਅੰਮ੍ਰਿਤਸਰੀਏ ਦਮਦਮੀਏਂ ਜੋਇ॥ ੧੧੧॥*** ਇਕ ਅੰਮ੍ਰਿਤਸਰ ਵਿਖੇ ਤਿਆਰ ਹੋਈ ਬੀੜ ਤੇ ਦੂਜੀ ਦਮਦਮਾ ਸਾਹਿਬ ਵਿਖੇ ਮੁੜ ਤਿਆਰ ਕੀਤੀ ਬੀੜ ਦੋਹਾਂ ਗ੍ਰੰਥਾਂ ਵਲ ਸੰਕੇਤ ਹੈ। ੧੧੧।

***ਘੇਰ ਲਯੋ ਤਿਨ ਅਗਯੋਂ ਆਇ॥*** ਅੱਗੋਂ ਹੋ ਕੇ ਅਬਦਾਲੀ ਦੀ ਫ਼ੌਜ ਨੇ ਘੇਰ ਲਿਆ ਹੈ ਇਨ੍ਹਾਂ ਦੋਵਾਂ ਨੂੰ, ਅੰਮ੍ਰਿਤਸਰ ਵਾਲੇ ਗੁਰਮਤ ਦੀ ਪੜ੍ਹਾਈ ਵਾਲੇ ਵਿਦਿਆਰਥੀਆਂ ਨੂੰ ਤੇ ਦਮਦਮਾ ਸਾਹਿਬ ਜੀ ਦੇ ਜਥੇ ਨੂੰ।

***ਜੁਦੈ ਜੁਦੈ ਤੇ ਦਏ ਕਰਾਇ॥*** ਦੋਵੇ ਜੱਥੇ ਇਕੱਠੇ ਤੁਰੇ ਆਉਂਦੇ ਸੀ, ਇਨ੍ਹਾਂ ਦੇ ਵਿਚਕਾਰ ਦੀ ਫ਼ੌਜ ਨੇ ਪੈ ਕੇ ਦੋਵੇਂ ਜੱਥੇ ਵੱਖਰੇ ਵੱਖਰੇ ਕਰ ਦਿੱਤੇ।

***ਧਰ ਗਰੰਥ ਤਹਿਂ ਲੜੇ ਮਝੈਲ॥*** ਅੰਮਿਤਸਰੀਆਂ ਦੇ ਜਥੇ ਵਿਚ ਮਝੈਲ ਸਿੰਘ ਸਨ, ਦਮਦਮੀ ਜਥੇ ਵਿਚ ਮਲਵਈ ਸਿੰਘ ਵਿਦਿਆਰਥੀ ਸਨ, ਮਝੈਲ ਸਿੰਘਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੱਖ ਕੇ ਲੜਨਾ ਸ਼ੁਰੂ ਕਰ ਦਿੱਤਾ ਹੈ।

***ਰਖਤ ਹੁਤੇ ਥੇ ਸ਼ਸਤਰ ਗੈਲ॥ ੧੧੨॥*** ਮਝੈਲ ਸਿੰਘ ਆਪਣੇ ਨਾਲ ਸ਼ਸਤ੍ਰ ਰੱਖਦੇ ਹੁੰਦੇ ਸਨ, ਸ਼ਸਤ੍ਰਾਂ ਨਾਲ ਲੜਾਈ ਕੀਤੀ ਉਨ੍ਹਾਂ ਨੇ ਅਬਦਾਲੀ ਦੀ ਫ਼ੌਜ ਨਾਲ। ੧੧੨।

***ਘੜੀ ਕੁ ਲੜੇ ਫਿਰ ਲੀਨੇ ਮਾਰ॥*** ਵਿਦਿਆਰਥੀ ਗੁਰਮਤ ਦੀ ਵਿਦਿਆ ਗ੍ਰਹਿਣ ਕਰਨ ਵਾਲੇ ਬਹੁਤੇ ਨਹੀਂ ਸਨ, ਛੋਟੇ ਛੋਟੇ ਜਥੇ ਸਨ, ਬਾਰ੍ਹਾਂ-ਬਾਰ੍ਹਾਂ ਹਜ਼ਾਰ ਦੇ ਤੁੰਮਣ ਗਿਲਜਿਆਂ ਦੇ ਪੈ ਗਏ ਸਨ ਉਨ੍ਹਾਂ ਨੂੰ ਆ ਕੇ, ਘੜੀ ਕੁ ਤਾਂ ਉਹ ਲੜੇ, ਫਿਰ ਮਾਰ ਲਿਆ ਉਨ੍ਹਾਂ ਨੂੰ ਗਿਲਜਿਆਂ ਨੇ।

***ਫਿਰ ਦਮਦਮੀਅਨੁ ਪਰ ਧਰੀ ਤਲਵਾਰ॥*** ਫਿਰ ਦਮਦਮੀਆਂ ਦੇ ਜਥੇ 'ਤੇ ਜੋ ਪੜ੍ਹਾਈ ਕਰਨ ਵਾਲੇ ਸਨ ਗੁਰਮਤ ਦੀ, ਉਨ੍ਹਾਂ 'ਤੇ ਤਲਵਾਰ ਰੱਖੀ ਹੈ। ਗਿਲਜਿਆਂ ਨੇ।

***ਪਾਉ ਘੜੀ ਤਹਿਂ ਤੇਊ ਲੜੇ॥*** ਪੌਣੀ ਕੁ ਘੜੀ ਉਹ ਵੀ ਉਥੇ ਲੜੇ ਸਨ।

***ਬਿਨ ਹਥਿਆਰ ਹੁਤੇ ਕਯਾ ਕਰੇ॥ ੧੧੩॥*** ਦਮਦਮੇ ਸਾਹਿਬ ਵਾਲੇ ਜਥੇ ਦੇ ਸਿੰਘ ਸ਼ਸਤ੍ਰ ਨਹੀਂ ਰਖਦੇ ਸਨ, ਬਿਨਾ ਹਥਿਆਰਾਂ ਤੋਂ ਸੀ, ਹੁਣ ਕੀ ਕਰਨ, ਏਸ ਕਰਕੇ ਥੋੜ੍ਹਾ ਚਿਰ ਲੜੇ ਪੌਣੀ ਕੁ ਘੜੀ। ੧੧੩।

***ਦੀਨ ਮਜ਼ਹਬ ਕਾ ਜੁੱਧ ਪਛਾਣ॥*** ਧਰਮ ਦਾ ਯੁੱਧ ਸਮਝ ਕੇ।

***ਢੀਮ ਸੋਟੇ ਕਰ ਮਾਰਨ ਤਾਣ॥*** ਸ਼ਸਤ੍ਰ ਤਾਂ ਹੈ ਨਹੀਂ ਸਨ ਉਨ੍ਹਾਂ ਕੋਲ, ਵਾਹਣਾਂ ਖੇਤਾਂ ਵਿੱਚੋਂ ਜਾਂ ਤਾਂ ਢੀਮਾਂ ਚੁੱਕ-ਚੁੱਕ ਕੇ ਮਾਰਦੇ ਸਨ ਜਾਂ ਕਈਆਂ ਕੋਲ ਸੋਟੇ ਵੀ ਸਨ, ਉਹ ਆਪਣਾ ਪੂਰਾ ਜ਼ੋਰ ਲਾ ਕੇ ਮਾਰਦੇ ਸਨ।

***ਢੀਮ ਸੋਟਨ ਤੇ ਕਬ ਵੈ ਮਰੈਂ॥*** ਉਹ ਪਠਾਣ ਐਡੇ ਤਕੜੇ ਸਨ, ਸੰਜੋਆਂ ਉਨ੍ਹਾਂ ਦੇ ਪਹਿਨੀਆਂ ਹੋਈਆਂ ਸਨ, ਉਨ੍ਹਾਂ ਨੂੰ ਢੀਮਾਂ ਕੀ ਕਹਿੰਦੀਆਂ ਸੀ, ਢੀਮਾਂ, ਸੋਟੇ ਉਨ੍ਹਾਂ ਦਾ ਕੁਛ ਵੀ ਨਹੀਂ ਵਿਗਾੜਦੇ ਸਨ, ਢੀਮਾਂ ਸੋਟਿਆਂ ਨਾਲ ਉਹ ਕਦੋਂ ਮਰਦੇ ਹਨ।

***ਮਾਰ ਤੇਗ ਇਨ ਦੁਇ ਧੜ ਕਰੈਂ॥ ੧੧੪॥*** ਗਿਲਜੇ ਇਨ੍ਹਾਂ ਦੇ ਤੇਗਾਂ ਮਾਰ-ਮਾਰ ਕੇ ਦੋ-ਦੋ ਧੜ ਕਰ ਕੇ ਸੁੱਟੀ ਜਾਂਦੇ ਸਨ। ੧੧੪।

***ਦੋਹਰਾ॥ਗਹਲ ਪਿੰਡ ਢਿਗ ਆ ਪੁਜਯੋ ਮਾਰਤ ਮਰਤ ਬਹੀਰ॥*** ਏਸ ਤਰ੍ਹਾਂ ਮਾਰਦਾ ਮਰਦਾ ਹੋਇਆ ਖਾਲਸੇ ਦਾ ਵਹੀਰ ਗਹਿਲ ਪਿੰਡ ਕੋਲ ਆ ਪੁੱਜਿਆ ਹੈ।

***ਕਦੇ ਸਿਘ ਵਿਚ ਆ ਲੜੈਂ ਕਦੇ ਜਾਹਿੰ ਹੁਇ ਤੀਰ॥ ੧੧੫॥*** ਕਦੇ ਤਾਂ ਸਿੰਘ ਮੈਦਾਨ ਵਿਚ ਆ ਕੇ ਲੜਦੇ ਸਨ ਗਿਲਜਿਆਂ ਨਾਲ ਅਤੇ ਕਦੇ ਤੀਰ ਹੋ ਜਾਂਦੇ ਸਨ ਭਾਵ ਹਰਨ ਹੋ ਜਾਦੇ ਸਨ। ੧੧੫।

***ਚੌਪਈ॥ਤਬ ਬਹੀਰ ਨੇ ਪਿੰਡ ਤਕਾਯੋ॥*** ਤਦ ਵਹੀਰ ਜੋ ਜਾ ਰਿਹਾ ਸੀ, ਫ਼ੌਜਾਂ ਜਾ ਰਹੀਆਂ ਸਨ, ਬਿਰਧ ਸਰੀਰ ਮਾਈ, ਭਾਈ, ਬੱਚੇ ਸਾਰੇ ਹੀ ਸਨ, ਨਾਲ ਰਾਜ ਸਾਜ ਸੀ, ਊਠ ਗੱਡੇ ਲੱਦੇ ਹੋਏ, ਤਦ ਵਹੀਰ ਨੇ ਪਿੰਡ ਦਾ ਆਸਰਾ ਤਕਾਇਆ ਹੈ।

***ਪਿੰਡ ਲੋਕਨ ਨੇ ਬੂਹੇ ਅੜਾਯੋ॥*** ਗਹਿਲ ਪਿੰਡ ਦੇ ਲੋਕਾਂ ਨੇ ਆਪਣੇ ਘਰਾਂ ਦੇ ਬੂਹੇ ਕਰ ਲਏ ਸਨ।

***ਪਿੰਡ ਮੈਂ ਵੜਨ ਨ ਦੀਨੋ ਕੋਊ॥*** ਕੋਈ ਵੀ ਸਿੰਘ ਆਪਣੇ ਪਿੰਡ ਵਿਚ ਨਾ ਵੜਨ ਦਿੱਤਾ, ਗਹਿਲ ਪਿੰਡ ਦੇ ਲੋਕਾਂ ਨੇ।

***ਔਖੀ ਬਨੀ ਬਹੀਰ ਸੁ ਤੋਊ॥ ੧੧੬॥*** ਵਹੀਰ ਵਾਲਿਆਂ ਨੇ ਤਾਂ ਆਖਿਆ ਕਿ ਏਥੇ ਆਸਰਾ ਲੈ ਲਵਾਂਗੇ ਕੰਧਾਂ ਕੌਲਿਆਂ ਦਾ ਪਰ ਏਥੇ ਪਿੰਡ ਵਾਲਿਆਂ ਨੇ ਆਪਣੇ ਅੰਦਰ ਨਾ ਵੜਨ ਦਿੱਤਾ, ਉਹ ਸਮਾਂ ਵਹੀਰ ਨੂੰ ਬੜਾ ਔਖਾ ਆ ਬਣਿਆ ਹੈ। ੧੧੬।

***ਕਿਛੁ ਲੁਕ ਪੜੇ ਗੁਹਾਰਨ ਮਾਂਹਿ॥*** ਕੁਛ ਸਿੱਖ ਪਿੰਡ ਦੇ ਗੁਹਾਰਿਆਂ ਵਿਚ ਵੜ ਕੇ ਲੁਕ ਗਏ ਸਨ।

***ਸੋ ਗਿਲਜਨ ਨੇ ਛੋਡੇ ਨਾਂਹਿ॥*** ਗਿਲਜਿਆਂ ਨੇ ਉਨ੍ਹਾਂ ਨੂੰ ਗੁਹਾਰਿਆਂ ਵਿਚ ਵੜਦਿਆਂ ਨੂੰ ਵੇਖ ਲਿਆ ਹੈ, ਉਹ ਵੀ ਗਿਲਜਿਆਂ ਨੇ ਛੱਡੇ ਨਾ ਮਾਰ ਦਿੱਤੇ ਸਨ ਉਥੇ।

***ਚਮਿਆਰਨ ਚੂਹੜਨ ਕੈ ਜੁੜ ਵੜੇ॥*** ਚਮਾਰਾਂ ਚੂਹੜਿਆਂ ਦੇ ਜਿਹੜੇ ਘਰ ਸੀ, ਜੁੜ ਕੇ ਉਨ੍ਹਾਂ ਦੇ ਘਰਾਂ ਵਿਚ ਜਾ ਵੜੇ ਸਨ ਸਿੱਖ।

***ਕਾਢ ਲੋਕਨ ਤੇ ਬਾਹਰ ਕਰੇ॥ ੧੧੭॥*** ਉਨ੍ਹਾਂ ਲੋਕਾਂ ਨੇ ਵੀ ਆਸਰਾ ਨਾ ਦਿੱਤਾ, ਸਭ ਨੂੰ ਆਪਣੇ ਘਰੋਂ ਬਾਹਰ ਕਰ ਦਿੱਤਾ 'ਚਲੋ ਬਾਹਰ ਸਾਡੇ ਘਰ ਵਿੱਚ ਨਾ ਵੜੋ। ੧੧੭।

***ਲੋਥਨ ਉਪਰ ਲੋਥ ਹੁਇ ਪਈ॥*** ਲੋਥਾਂ 'ਤੇ ਲੋਥਾਂ ਚੜ੍ਹ ਗਈਆਂ ਸਨ।

***ਉਨ ਤਨ ਗਿਰ ਕੈ ਬਚ ਰਹੇ ਕਈ॥*** ਉਨ੍ਹਾਂ ਲੋਥਾਂ ਦੇ ਹੇਠਾਂ ਡਿੱਗ ਕੇ ਕਈ ਬਚ ਗਏ ਸਨ।

***ਉਨ ਕੈ ਚੀਜ ਜੁ ਟੋਲਨ ਵਾਰ॥*** ਜਿਹੜੇ ਲੁਟੇਰੇ ਲੋਕ ਸਨ ਮੁਰਦਿਆਂ ਦੀਆ ਜੇਬਾਂ ਫਿਰੋਲਣ ਵਾਲੇ, ਉਨ੍ਹਾਂ ਦੀਆਂ ਚੀਜ਼ਾਂ ਲੱਭਣ ਵਾਲੇ ਕਈ ਜਦੋਂ ਲੋਥਾਂ ਨੂੰ ਚੁੱਕ ਕੇ ਐਧਰ ਉਧਰ ਕਰਦੇ ਸਨ, ਉਨ੍ਹਾਂ ਵਿੱਚੋਂ ਕਈ, ਜਿਉਂਦੇ ਨਿਕਲ ਆਏ ਸਨ।

***ਕਿਤਨੇ ਵੈ ਫਿਰ ਦੀਨੇ ਮਾਰ॥ ੧੧੮॥*** ਉਨ੍ਹਾਂ ਲੁਟੇਰਿਆਂ ਨੇ ਹੀ ਕਿਤਨੇ ਸਿੱਖਾਂ ਨੂੰ ਮਾਰ ਦਿੱਤਾ ਹੈ, ਕੋਈ ਲਿਹਾਜ ਨਹੀਂ ਕੀਤੀ। ੧੧੮।

***ਦੋਹਰਾ॥ਊਹਾਂ ਸੁ ਛੋਰੀ ਥੀ ਘਣੀ ਚਰੀ ਬਾਜਰੇ ਵਾਰ॥*** ਉਥੇ ਚਰ੍ਹੀ ਤੇ ਬਾਜਰੇ ਵਾਲੀਆਂ ਬਹੁਤੀਆਂ ਮੰਡਲੀਆਂ ਲੱਗੀਆਂ ਹੋਈਆ ਸਨ।

***ਬਹੁ ਲੋਕ ਤਿਨ ਮੈਂ ਛਪੇ ਸੋ ਉਸ ਦੀਨੇ ਜਾਰ॥ ੧੧੯॥*** ਬਹੁਤ ਸਾਰੇ ਲੋਕ ਉਨ੍ਹਾਂ ਚਰ੍ਹੀ ਬਾਜਰੇ ਦੀਆਂ ਮੰਡਲੀਆਂ ਵਿਚ ਵੜ ਕੇ ਛੁਪ ਗਏ, ਗਿਲਜਿਆਂ ਨੇ ਉਨ੍ਹਾਂ ਮੰਡਲੀਆਂ ਨੂੰ ਅੱਗ ਲਾ ਕੇ ਸਿੱਖਾਂ ਨੂੰ ਵਿਚ ਹੀ ਸਾੜ ਦਿੱਤਾ ਜਿਉਂਦਿਆਂ ਨੂੰ। ੧੧੯।

***ਚੌਪਈ॥ਊਹਾਂ ਚੜ੍ਹ ਸਿੰਘ ਗੁੱਸਾ ਖਾਯਾ॥*** ਉਥੇ ਚੜ੍ਹਤ ਸਿੰਘ ਨੇ ਬੜਾ ਗੁੱਸਾ ਖਾਧਾ ਹੈ।

***ਮੁੜ ਕਰ ਘੋੜਾ ਬਹੀਰ ਰਲਾਯਾ॥*** ਮੁੜ ਕੇ ਆਪਣਾ ਘੋੜਾ ਵਹੀਰ ਵਿਚ ਫਿਰ ਜਾ ਰਲਾਇਆ ਹੈ।

***ਪੰਜ ਬੰਦੂਕੀਏ ਭਰ ਦੇਹਿਂ ਬੰਦੂਖ॥*** ਚੜ੍ਹਤ ਸਿੰਘ ਨੂੰ ਪੰਜ ਸਿੰਘ ਬੰਦੂਕਾਂ ਭਰ-ਭਰ ਕੇ ਦੇ ਰਹੇ ਸਨ।

***ਮਾਰੈ ਚੜ੍ਹ ਸਿੰਘ ਗਿਲਜਨ ਅਚੂਕ॥ ੧੨੦॥*** ਚੜ੍ਹਤ ਸਿੰਘ ਐਸੇ ਨਿਸ਼ਾਨੇ (ਅਚੂਕ) ਬਿਨਾਂ ਉਕਾਈ ਦੇ ਮਾਰਦਾ ਹੈ ਗਿਲਜਿਆਂ ਦੇ। ੧੨੦।

***ਦੋਹਰਾ॥ਭਯੋ ਪਿਆਸੋ ਸ਼ਾਹੁ ਥੋ ਖੜ੍ਹ ਤਿਨ ਪੀਤੋ ਨੀਰ॥*** ਸਵੇਰੇ ਪਹੁ ਫੁੱਟਦੀ ਦੀ ਤੋਂ ਜੰਗ ਸ਼ੁਰੂ ਹੋ ਕੇ ਲੜਦਿਆਂ ਲੜਦਿਆਂ ਨੂੰ ਸਿਖਰ ਦੁਪਹਿਰਾ ਹੋ ਗਿਆ ਹੈ, ਸਾਰੀ ਫ਼ੌਜ ਪਿਆਸੀ ਸੀ, ਘੋੜੇ ਵੀ ਪਿਆਸੇ ਸਨ। ਅਹਿਮਦ ਸ਼ਾਹ ਪਾਣੀ ਦਾ ਪਿਆਸਾ ਸੀ, ਉਸ ਨੇ ਖੜ੍ਹ ਕੇ ਪਾਣੀ ਪੀਤਾ ਹੈ।

***ਧੀਰੀ ਧੀਰੀ ਹੁਇ ਅਈ, ਤੌ ਪਰ ਗਯੋ ਫਰਕ ਬਹੀਰ॥ ੧੨੧॥*** ਉਹ ਪਾਣੀ ਪੀਣ ਲੱਗ ਪਿਆ, ਧੀਰੀ-ਧੀਰੀ ਹੋ ਗਈ ਭਾਵ ਲੜਾਈ ਬੰਦ ਹੋ ਗਈ, ਤਾਂ ਵਹੀਰ ਦਾ ਅਬਦਾਲੀ ਦੀ ਫ਼ੌਜ ਤੋਂ ਫਰਕ ਪੈ ਗਿਆ, ਵਹੀਰ ਅੱਗੇ ਨਿਕਲ ਗਿਆ ਹੈ। ੧੨੧।

***ਚੌਪਈ॥ਸ਼ਾਹੁ ਹੁਤੋ ਕਛੁ ਧੁਪ ਸੰਤਾਯੋ॥*** ਗਰਮੀਆਂ ਦੇ ਦਿਨ ਸਨ, ਧੁੱਪ ਬੜੀ ਹੀ ਕੜਕਦੀ ਪੈ ਰਹੀ ਸੀ, ਅਬਦਾਲੀ ਨੂੰ ਧੁੱਪ ਨੇ ਬੜਾ ਸਤਾਇਆ ਹੈ।

***ਧੁਪੇ ਖਾਲਸੋ ਹੋਤ ਸਵਾਯੋ॥*** ਬਹੁਤੀ ਧੁੱਪ ਵਿਚ ਖਾਲਸਾ ਸਵਾਇਆ ਹੋ ਜਾਂਦਾ ਹੈ।

***ਜਹਾਂਨ ਖਾਂਨ ਉਠ ਲਾਗਯੋ ਗੈਲ॥*** ਅਹਿਮਦ ਸ਼ਾਹ ਅਬਦਾਲੀ ਤਾਂ ਪਾਣੀ ਪੀ ਕੇ ਦਮ ਲੈਣ ਲੱਗ ਪਿਆ ਹੈ। ਜਹਾਨ ਖ਼ਾਨ ਉੱਠ ਕੇ ਮਗਰ ਲੱਗ ਪਿਆ ਹੈ ਸਿੰਘਾਂ ਦੇ।

***ਸੋ ਸਿੰਘਨ ਕਰ ਦੀਨੋ ਘੈਲ॥ ੧੨੨॥*** ਉਸ ਨੂੰ ਸਿੰਘਾਂ ਨੇ ਜ਼ਖ਼ਮੀ ਕਰ ਦਿੱਤਾ ਹੈ। ੧੨੨।

***ਗਹਲ ਗਾਮ ਲੰਘ ਫਿਰ ਸਿੰਘ ਲੜੇ॥*** ਗਹਿਲ ਪਿੰਡ ਲੰਘ ਕੇ ਸਿੰਘਾਂ ਦਾ ਟਾਕਰਾ ਫਿਰ ਸ਼ੁਰੂ ਹੋ ਗਿਆ ਹੈ ਗਿਲਜਿਆਂ ਨਾਲ।

***ਜੋਰ ਰਹਯੋ ਲਾਇ ਅਗਯੋਂ ਨ ਟਲੇ॥*** ਸਿੰਘਾਂ ਨੂੰ ਭਜਾਉਣ ਦਾ ਪਠਾਣ ਜ਼ੋਰ ਲਾ ਰਹੇ ਸਨ ਪਰ ਸਿੰਘ ਅੱਗੋਂ ਟਲੇ ਨਹੀਂ ਸਨ, ਉਹ ਦੂਣ ਸਵਾਏ ਹੋ-ਹੋ ਕੇ ਅੱਗੋਂ ਲੜਦੇ ਸਨ।

***ਬਹੀਰ ਬਚਯੋ ਸੋ ਲੀਨੋ ਸਾਂਭ॥*** ਵਹੀਰ ਵਿੱਚੋਂ ਜੋ ਵੀ ਬਚਿਆ, ਉਸ ਨੂੰ ਸਾਂਭ ਲਿਆ ਹੈ, ਕਿਉਂਕਿ ਵਹੀਰ ਤਾਂ ਅਗਾਹ ਨਿਕਲ ਗਿਆ ਸੀ, ਅਬਦਾਲੀ ਦੀ ਫ਼ੌਜ ਤੋਂ।

***ਲੱਗ ਤੁਰੇ ਸਿੰਘ ਦੋਨੌਂ ਲਾਂਭ॥ ੧੨੩॥*** ਵਹੀਰ ਦੇ ਦੋਵੇਂ ਪਾਸੀਂ ਹੋ ਕੇ ਖਾਲਸਾ ਫ਼ੌਜ ਤੁਰ ਪਈ ਹੈ। ੧੨੩।

***ਜਿਮ ਕਰ ਕੁਕੜੀ ਬਚਿਅਨ ਛੁਪਾਵੈ॥*** ਉਪਰੋਂ ਇੱਲ ਕੁਕੜੀ ਦੇ ਬੱਚਿਆਂ ਨੂੰ ਚੁੱਕ ਕੇ ਲੈ ਜਾਂਦੀ ਹੈ, ਜਿਵੇਂ ਇੱਲ ਤੋਂ ਬਚਾਉਣ ਲਈ, ਆਪਣੇ ਬੱਚਿਆਂ ਨੂੰ ਕੁਕੜੀ ਛੁਪਾ ਲੈਂਦੀ ਹੈ।

***ਫਿਲਾਇ ਪੰਖ ਦੁਇ ਤਰਫ਼ ਰਖਾਵੈ॥*** ਮੁਰਗੀ ਆਪਣੇ ਦੋਵੇਂ ਖੰਭ ਫੈਲਾਅ ਕੇ ਆਪਣੇ ਬੱਚਿਆਂ ਦੇ ਦੋਵੇਂ ਤਰਫ਼ ਰਖਦੀ ਹੈ।

***ਇਮ ਖਾਲਸੇ ਨੈ ਬਹੀਰ ਛਪਾਯੋ॥*** ਇਉਂ ਖਾਲਸੇ ਨੇ ਵਹੀਰ ਨੂੰ ਆਪਣੇ ਵਿਚਕਾਰ ਛੁਪਾ ਲਿਆ ਹੈ।

***ਜੋ ਬਚ ਰਹਯੋ ਸੁ ਆਗੈ ਲਗਾਯੋ॥ ੧੨੪॥*** ਵਹੀਰ ਵਿੱਚੋਂ ਜਿਹੜੇ ਬਚ ਰਹੇ ਸਨ, ਉਨ੍ਹਾਂ ਨੂੰ ਖਾਲਸਾ ਫ਼ੌਜਾਂ ਨੇ ਅੱਗੇ ਲਾ ਕੇ ਤੋਰ ਲਿਆ ਹੈ। ੧੨੪।

**ਦੋਹਰਾ॥ਕੁਤਬੋ ਬਾਹਮਨੀ ਥੋ ਕਹਤ ਉਹਾ ਪਿੰਡ ਕੋ ਨਾਮ॥** ਉਸ ਪਿੰਡ ਦਾ ਨਾਮ ਕੁਤਬਾ ਬਾਹਮਣੀ ਕਹਿੰਦੇ ਸਨ।

**ਬਹਤੁ ਬਹੀਰੀਏ ਤਹਿਂ ਵੜੇ ਦੇਖ ਸੁ ਵਸਤੇ ਗ੍ਰਾਮ॥ ੧੨੫॥** ਪਿੰਡ ਵਸਦੇ ਨੂੰ ਵੇਖ ਕੇ ਬਹੁਤ ਸਾਰੇ ਵਹੀਰ ਵਾਲੇ ਉਥੇ ਪਿੰਡ ਵਿਚ ਵੜ ਗਏ ਸਨ। ੧੨੫।

**ਚੌਪਈ॥ਰੱਯਤ ਹੁਤੀ ਪਠਾਣਨ ਕੇਰੀ॥** ਕੁਤਬੇ ਬਾਮ੍ਹਣੀ ਵਾਲੇ ਲੋਕ ਮਲੇਰ ਕੋਟਲੇ ਵਾਲੇ ਪਠਾਣਾਂ ਦੀ ਪਰਜ਼ਾ ਸਨ।

**ਲੀਏ ਮਲੇਰੀਅਨ ਤਹਿਂ ਵੈ ਘੇਰੀ॥** ਉਥੇ ਉਨ੍ਹਾਂ ਨੂੰ ਮਲੇਰ ਕੋਟਲੀਏ ਪਠਾਣਾਂ ਨੇ ਘੇਰ ਲਿਆ ਹੈ।

**ਤਿਨੈ ਗ੍ਰਾਮ ਲੋਕਨ ਕਹਿ ਦੀਯੋ॥** ਉਨ੍ਹਾਂ ਪਠਾਣਾਂ ਨੇ ਨਗਰ ਦੇ ਲੋਕਾਂ ਨੂੰ ਕਹਿ ਦਿੱਤਾ ਹੈ, ਅਵਾਜ਼ ਦੇ ਦਿੱਤੀ ਹੈ।

**ਮਾਰ ਲੂਟ ਉਨ ਸਿੰਘਨ ਲੀਯੋ॥ ੧੨੬॥** ਕਿ ਤੁਸੀਂ ਸਿੰਘਾਂ ਨੂੰ ਲੁੱਟ ਲਵੋ, ਮਾਰ ਲਵੋ। ੧੨੬।

**ਬਜਾਇ ਢੋਲ ਫਿਰ ਬਾਹਰ ਧਏ॥** ਪਿੰਡ ਕੁਤਬਾ ਬਾਮ੍ਹਣੀ ਸਿੰਘਾਂ ਦੇ ਮਗਰ ਢੋਲ ਬਜਾ ਕੇ ਬਾਹਰ ਨਿਕਲਿਆ ਹੈ।

**ਗੈਲ ਬਹੀਰੈ ਤੇ ਭੀ ਪਏ॥** ਉਹ ਵੀ ਵਹੀਰ ਦੇ ਪਿੱਛੇ ਪਏ ਸਨ।

**ਤੌ ਬਹੀਰ ਭਯੋ ਹਾਹਾਕਾਰ॥** ਜਦੋਂ ਪਿੰਡਾਂ ਦੇ ਲੋਕ ਵਹੀਰ ਦੇ ਉਤੇ ਗੰਡਾਸੇ ਬਰਛੀਆਂ ਲੈ ਕੇ ਟੁੱਟ ਕੇ ਪੈ ਗਏ, ਤਾਂ ਵਹੀਰ ਵਿਚ ਹਾਹਾਕਾਰ ਮੱਚ ਗਈ ਕਿ ਪਿੰਡਾਂ ਦੇ ਲੋਕ ਵੀ ਸਾਨੂੰ ਮਾਰਨ ਪੈ ਨਿਕਲੇ ਸਨ।

**ਸੋ ਚੜ੍ਹ ਸਿੰਘ ਨੇ ਸੁਨੀ ਪੁਕਾਰ॥ ੧੨੭॥** ਉਨ੍ਹਾਂ ਦਾ ਰੌਲਾ ਗੌਲਾ ਚੜ੍ਹਤ ਸਿੰਘ ਨੇ ਸੁਣਿਆ ਹੈ। ੧੨੭।

**ਕਰੀ ਦੌੜ ਪਰ ਪਿੰਡਨਵਾਰ॥** ਉਨ੍ਹਾਂ ਪਿੰਡਾਂ ਵਾਲੇ ਲੋਕਾਂ 'ਤੇ ਚੜ੍ਹਤ ਸਿੰਘ ਨੇ ਹੱਲਾ ਕੀਤਾ ਹੈ।

**ਮਾਰ ਰੰਘੜ ਵਿਚ ਕਢੇ ਤਲਵਾਰ॥** ਇਨ੍ਹਾਂ ਪਿੰਡਾਂ ਵਿਚ ਰੰਘੜ ਵਸਦੇ ਸਨ, ਸਿੰਘਾਂ ਨੇ ਮਾਰ-ਮਾਰ ਕੇ ਤਲਵਾਰਾਂ ਵਿਚ ਦੀ ਕੱਢ ਦਿੱਤੇ, ਭਾਵ ਦੋਫਾੜ ਕਰ ਕੇ ਸੁੱਟ ਦਿੱਤੇ ਸਨ।

**ਮਰਤ ਸਿੰਘ ਤਿਨ ਲਏ ਬਚਾਇ॥** ਇਉਂ ਵਹੀਰ ਵਾਲਿਆਂ ਨੂੰ ਮਰਦਿਆਂ ਨੂੰ ਸਿੰਘਾਂ ਨੇ ਬਚਾ ਲਿਆ ਹੈ।

**ਮਾਰੇ ਰੰਘੜ ਖੂਬ ਬਣਾਇ॥ ੧੨੮॥** ਮਾਰ-ਮਾਰ ਕੇ ਰੰਘੜਾਂ ਨੂੰ ਖੂਬ ਬਣਾਈ ਹੈ ਉਨ੍ਹਾਂ ਨਾਲ। ੧੨੮।

**ਜੋ ਪਿੰਡ ਤੇ ਬਾਹਰ ਹਥ ਆਯੋ॥** ਜਿਹੜਾ ਵੀ ਕੋਈ ਪਿੰਡ ਤੋਂ ਬਾਹਰ ਖਾਲਸੇ ਦੇ ਹੱਥ ਆ ਗਿਆ ਹੈ।

**ਮਾਰ ਕੂਟ ਤਿਸ ਸੀਸ ਕਟਾਯੋ॥** ਮਾਰ-ਕੁੱਟ ਕੇ ਉਨ੍ਹਾਂ ਦੇ ਸਿਰ ਕੱਟ ਦਿੱਤੇ ਹਨ।

**ਉਨੈਂ ਮਾਰ ਮੁੜ ਦਲ ਮੈਂ ਰਲਾ॥** ਉਨ੍ਹਾਂ ਰੰਘੜਾਂ ਨੂੰ ਮਾਰ ਕੇ ਚੜ੍ਹਤ ਸਿੰਘ ਫਿਰ ਖਾਲਸਾ ਦਲ ਵਿਚ ਰਲ ਗਿਆ ਹੈ, ਰੰਘੜਾਂ ਦਾ ਸਫਾਇਆ ਕਰਕੇ।

**ਕਰਨ ਲਗੋ ਪਰ ਗਿਲਜਨ ਹਲਾ॥** ਅੱਗੇ ਜੋ ਗਿਲਜੇ ਆਉਂਦੇ ਸੀ, ਮੁੜ-ਮੁੜ ਕੇ ਵਹੀਰ 'ਤੇ ਹੱਲਾ ਬੋਲਦੇ ਸੀ, ਉਹਨਾਂ ਗਿਲਜਿਆਂ 'ਤੇ ਹੱਲਾ ਬੋਲਣਾ ਸ਼ੁਰੂ ਕਰ ਦਿੱਤਾ ਹੈ।

**ਸਯਾਨਨ ਨੇ ਸੋ ਲੀਓ ਹਟਾਇ॥** ਸਿਆਣਿਆਂ ਸਿੰਘਾਂ ਨੇ ਚੜ੍ਹਤ ਸਿੰਘ ਨੂੰ ਲੜਨੋਂ ਹਟਾ ਦਿੱਤਾ ਹੈ, ਕਹਿ ਕੇ ਰੋਕ ਦਿੱਤਾ ਹੈ।

**ਇਹਾਂ ਲੜਨ ਮੁੜ ਨਾਹਿ ਭਲਾਇ॥ ੧੨੯॥** ਏਥੇ ਮੁੜ ਕੇ ਦੋਬਾਰਾ ਲੜਨ ਵਿਚ ਭਲਾਈ ਨਹੀਂ ਹੈ। ੧੨੯।

**ਦੋਹਰਾ॥ਗਿਲਜੇ ਭੀ ਲੜ ਥਕ ਪਰੇ ਖੜੇ ਰਹੇ ਤਹਿਂ ਹੋਇ॥** ਗਿਲਜੇ ਵੀ ਹੁਣ ਲੜ-ਲੜ ਕੇ ਥੱਕ ਗਏ ਸਨ, ਉਹ ਉਥੇ ਖੜ੍ਹੇ ਹੋ ਗਏ ਸਨ।

**ਸਿੰਘ ਭੀ ਅਗਯੋਂ ਨਹਿਂ ਟਲੈਂ ਪੀਯ ਜਲ ਸਮ ਤੇ ਸੋਇ॥ ੧੩੦॥** ਅੱਗੋਂ ਸਿੰਘ ਵੀ ਨਹੀਂ ਟਲਦੇ ਸਨ, ਪਾਣੀ ਪੀ ਕੇ ਉਨ੍ਹਾਂ ਦੇ ਬਰਾਬਰ ਦੇ ਹੋ ਜਾਂਦੇ ਸਨ। ੧੩੦।

**ਚੌਪਈ॥ਸਭ ਸਿਘ ਉਹਾਂ ਰਹੇ ਖਲੋਇ॥** ਪਾਣੀ ਪੀ ਕੇ ਸਭ ਸਿੰਘ ਉਥੇ ਖਲੋ ਗਏ ਸਨ।

**ਆਏ ਲੜਤੇ ਬਾਰਾਂ ਕੋਹਿ॥** ਸਿੰਘ ਬਾਰ੍ਹਾਂ ਕੋਹ ਲੜਦੇ ਭਿੜਦੇ ਆਏ ਸਨ।

***ਦੌੜ ਕਰੀ ਉਨ ਸੌ ਕੋਹ ਸਾਰੀ॥*** ਕਿਉਂਕਿ ਸੌ ਕੋਹ ਤਾਂ ਅਬਦਾਲੀ ਲਹੌਰ 'ਤੇ ਆਇਆ ਸੀ ਘੋੜਿਆਂ 'ਤੇ ਸੌ ਕੋਹ ਦਾ ਪੈਂਡਾ ਕੀਤਾ ਸਾਰਾ ਗਿਲਜਿਆਂ ਨੇ।

***ਇਸ ਕਰ ਭਏ ਸੁ ਗਿਲਜੇ ਹਾਰੀ॥ ੧੩੧॥*** ਏਸ ਕਰਕੇ ਗਿਲਜਿਆਂ ਦੀ ਹਾਰ ਹੋ ਗਈ ਹੈ। ੧੩੧।

***ਦੋਹਰਾ॥ ਸ਼ਿਖਰ ਦੁਪਹਿਰੋ ਹੁਇ ਗਯੋ ਪਰੈ ਧੂਪ ਕੀ ਤਾੜ॥*** ਦਿਨ ਦਾ ਸ਼ਿਖ਼ਰ ਦੁਪਹਿਰਾ ਹੋ ਗਿਆ ਹੈ, ਬੜੀ ਤਾੜੇ ਦੀ ਧੁੱਪ ਪੈ ਰਹੀ ਹੈ।

***ਨਠ ਨਠ ਖੜ ਖੜ ਮੁੜ ਲੜਤ ਤਰਸ ਹੋਤ ਚਿਤ ਸਾੜ॥ ੧੩੨॥*** ਭੱਜ-ਭੱਜ ਕੇ, ਖੜ੍ਹ-ਖੜ੍ਹ ਕੇ, ਮੁੜ-ਮੁੜ ਕੇ ਲੜਦੇ ਸਨ, ਚਿਤ ਵਿਚ ਗਰਮੀ ਕਰਕੇ ਸਾੜਾ ਪਿਆ ਹੋਇਆ ਸੀ ਪਾਣੀ ਨੂੰ ਤਰਸੇ ਪਏ ਸਨ। ੧੩੨।

***ਚੌਪਈ॥ਘੋੜੇ ਮਰਦ ਪਿਆਸੇ ਭਏ॥*** ਘੋੜੇ ਤੇ ਮਰਦ ਸਭ ਪਾਣੀ ਦੇ ਪਿਆਸੇ ਸਨ।

***ਸਬਹਨ ਕੇ ਮੁਖ ਸੂਕ ਸੁ ਗਏ॥*** ਸਭ ਦੇ ਪਿਆਸ ਕਰਕੇ ਮੁਖ ਸੁੱਕ ਗਏ ਸਨ।

***ਰਸਤੇ ਮੈਂ ਜਲ ਹੱਥ ਨ ਆਯੋ॥*** ਬਾਰ੍ਹਾਂ ਕੋਹ ਤੋਂ ਲੜਦੇ ਚਲੇ ਆ ਰਹੇ ਸਨ, ਰਾਹ ਵਿਚ ਕਿਤੇ ਪਾਣੀ ਨਹੀਂ ਪ੍ਰਾਪਤ ਹੋਇਆ ਹੈ।

***ਜੌ ਆਯੋ ਤੌ ਪੀਅਨ ਕਬ ਪਾਯੋ॥ ੧੩੩॥*** ਜੇ ਰਾਹ ਵਿਚ ਪਾਣੀ ਆਇਆ ਵੀ ਤਾਂ ਰਸਤੇ ਵਿਚ ਐਡੀ ਸਖ਼ਤ ਲੜਾਈ ਸੀ ਕਿ ਪਾਣੀ ਪੀਣ ਦਾ ਸਮਾਂ ਹੀ ਨਾ ਮਿਲਿਆ ਕਿਸੇ ਨੂੰ। ੧੩੩।

***ਕੋਸ ਬਾਰਾਂ ਮੈਂ ਨਹਿਂ ਜਲ ਲੱਭਾ॥*** ਬਾਰ੍ਹਾ ਕੋਹ ਲੜਦਾ ਆਇਆ ਹੈ ਖਾਲਸਾ ਦੁਰਾਨੀਆਂ ਨਾਲ, ਰਸਤੇ ਵਿਚ ਕਿਤੇ ਪਾਣੀ ਨਹੀਂ ਮਿਲਿਆ ਹੈ।

***ਪੀਤੋ ਦੁਤਰਫ਼ੀ ਚਾਹੇ ਸੱਭਾ॥*** ਦੋਹਾਂ ਪਾਸਿਆਂ ਤੋਂ ਹੀ, ਉਧਰੋਂ ਗਿਲਜਿਆਂ ਦੀ ਫ਼ੌਜ ਤੇ ਏਧਰੋਂ ਖਾਲਸੇ ਦੀ ਫ਼ੌਜ ਵਹੀਰ ਸਣੇ ਸਾਰੇ ਹੀ ਪਾਣੀ ਪੀਣਾ ਚਹੁੰਦੇ ਸਨ।

***ਸਭ ਕੋ ਜਲ ਤਹਿਂ ਨਦਰੀ ਆਯਾ॥*** ਇਕ ਬੜੀ ਭਾਰੀ ਹਠੂਰ ਪਿੰਡ ਦੀ ਢਾਬ ਹੈ ਪਾਣੀ ਦੀ, ਉਹ ਪਾਣੀ ਸਭ ਦੀ ਨਜ਼ਰ ਪਿਆ।

***ਜਨ ਮਰਤੇ ਕਿਨ ਜੀਵਨ ਪਾਯਾ॥ ੧੩੪॥*** ਜਾਣੋ ਮਰਦਿਆਂ ਨੂੰ ਜੀਵਨ ਮਿਲ ਗਿਆ, ਮਰ ਰਹੇ ਸਨ ਪਿਆਸੇ। ੧੩੪।

***ਭਰੀ ਢਾਬ ਬਡ ਦੇਵੈ ਠੱਠ॥*** ਬੜੀ ਵੱਡੀ ਢਾਬ ਭਰੀ ਹੋਈ ਸੀ ਪਾਣੀ ਨਾਲ, (ਠਠ) ਠਾਠਾਂ ਮਾਰਦੀ ਸੀ।

***ਪਯਾਮੇ ਪਰੇ ਦੁਤਰਫੋਂ ਨੱਠ॥*** ਸਿੰਘਾਂ ਅਤੇ ਪਠਾਣਾਂ ਵੱਲੋਂ ਦੋਹਾਂ ਪਾਸਿਆਂ ਤੋਂ ਪਿਆਸੇ ਲੋਕ ਭੱਜ ਕੇ ਪਾਣੀ ਪੀਣ ਵਾਸਤੇ ਢਾਬ ਦੇ ਵਿਚ ਵੜ ਗਏ ਸਨ।

***ਬਹੀਰੀਏ ਭੀ ਚਹੈਂ ਪੀਓ ਪਾਨੀ॥*** ਖਾਲਸੇ ਦਾ ਵਹੀਰ ਵੀ ਪਾਣੀ ਪੀਣਾ ਚਹੁੰਦਾ ਸੀ।

***ਪਰਤ ਤਲਵਾਰ ਨ ਤਿਨ ਨੇ ਮਾਨੀ॥ ੧੩੫॥*** ਉਨ੍ਹਾਂ ਵਹੀਰੀਆਂ ਨੇ ਪਾਣੀ ਦੀ ਪਿਆਸ ਕਰਕੇ ਜੋ ਤਲਵਾਰ ਵਗ ਰਹੀ ਸੀ ਸਿਰ 'ਤੇ, ਉਸ ਦੇ ਡਰ ਨੂੰ ਨਾ ਮੰਨਿਆ। ੧੩੫।

***ਗਿਲਜੇ ਭੀ ਲੜਨੋ ਭੁਲ ਗਏ॥*** ਪਾਣੀ ਨੂੰ ਵੇਖ ਕੇ ਗਿਲਜੇ ਵੀ ਲੜਾਈ ਕਰਨੀ ਭੁੱਲ ਗਏ ਸਨ, ਉਹ ਵੀ ਪਾਣੀ ਦੇ ਪਿਆਸੇ ਸਨ।

***ਪੀਵਨ ਪਾਨੀ ਢਾਬ ਸੁ ਪਏ॥*** ਕਿਉਂ ਕਿ ਖਾਲਸਾ ਦਲ ਅਬਦਾਲੀ ਦੀ ਫ਼ੌਜ ਦੇ ਅੱਗੇ-ਅੱਗੇ ਆ ਰਿਹਾ ਸੀ, ਇਕ ਪਾਸਿਓਂ ਖਾਲਸਾ ਢਾਬ 'ਤੇ ਪਾਣੀ ਪੀਣ ਲੱਗ ਪਿਆ ਅਤੇ ਦੂਜੇ ਪਾਸਿਓਂ ਢਾਬ 'ਤੇ ਪਠਾਣ ਪਾਣੀ ਪੀਣ ਲੱਗੇ ਸਨ।

***ਪਯਾਸੇ ਵਿਚਦੋਂ ਨਠ ਜਲ ਪੀਵੈਂ॥*** ਜਲ ਦੇ ਪਿਆਸੇ ਦੋਹਾਂ ਦੇ ਵਿਚ ਦੀ ਜਲ ਛਕ ਰਹੇ ਸਨ।

***ਭਾਵੈਂ ਮਰ ਡੂਬ ਭਾਵੈਂ ਜੀਵੈਂ॥ ੧੩੬॥*** ਭਾਵੇਂ ਪਾਣੀ ਵਿਚ ਡੁੱਬ ਕੇ ਮਰ ਜਾਣ, ਭਾਵੇਂ ਜਿਉਂਦੇ ਰਹਿਣ, ਪਾਣੀ ਵਿਚ ਭੱਜ-ਭੱਜ ਕੇ ਵੜਦੇ ਸਨ। ੧੩੬।

***ਦੋਹਰਾ॥ਮਲਵਈਅਨ ਖਾਲਸੈ ਕਹਯੋ 'ਆਗੈ ਪਾਨੀ ਦੂਰ'॥*** ਜਿਹੜੇ ਮਾਲਵੇ ਦੇ ਸਿੰਘ ਸਨ ਨਾਲ, ਉਹਨਾਂ ਨੇ ਕਿਹਾ

ਕਿ ਇਸ ਤੋਂ ਅੱਗੇ ਪਾਣੀ ਬਹੁਤ ਦੂਰ ਹੈ, ਰਸਤੇ ਵਿਚ ਕਿਤੇ ਨਹੀਂ ਮਿਲਣਾ ਹੈ। ਜੋ ਵੀ ਪਿਆਸਾ ਹੈ, ਉਹ ਏਥੇ ਰੱਜ ਕੇ ਪਾਣੀ ਪੀ ਕੇ ਏਥੋਂ ਤੁਰੇ।

***ਇਹਾਂ ਪਿਆਸੋ ਜੋ ਤੁਰੈ, ਆਗੈ ਮਰੂ ਜਰੂਰ॥ ੧੩੭॥*** ਜਿਹੜਾ ਏਥੋਂ ਪਾਣੀ ਤੋਂ ਪਿਆਸਾ ਤੁਰ ਪਿਆ, ਉਹ ਜਰੂਰ ਹੀ ਅੱਗੇ ਰਾਹ ਵਿਚ ਪਿਆਸ ਨਾਲ ਮਰ ਜਾਇਗਾ। ੧੩੭।

***ਚੌਪਈ॥ਤਬ ਖਾਲਸੇ ਖੜ ਕਰੀ ਸਲਾਹਿ॥*** ਤਦ ਖਾਲਸੇ ਨੇ ਖੜ੍ਹ ਕੇ ਸਲਾਹ ਕੀਤੀ ਹੈ।

***ਲੇਹੋ ਸਭ ਕੋ ਜਲ ਪਿਲਵਾਇ॥*** ਕਿ ਸਾਰੀ ਫ਼ੌਜ ਅਤੇ ਵਹੀਰ ਨੂੰ ਸਭ ਨੂੰ ਜਲ ਛਕਾ ਲਵੋ ਏਥੇ।

***ਪਰਸੁਾਰਥ ਪਰ ਲਾਵੋ ਸਰੀਰ॥*** ਖਾਲਸਾ ਜੀ ! ਪਰਉਪਕਾਰ ਵਾਸਤੇ ਆਪਣੇ ਸਰੀਰ ਲਾ ਦਿਓ।

***ਆਪ ਮਰੋ ਔ ਬਚਾਓ ਬਹੀਰ॥ ੧੩੮॥*** ਬੇਸ਼ੱਕ ਆਪ ਸ਼ਹੀਦ ਹੋ ਜਾਓ, ਪਰ ਵਹੀਰ ਨੂੰ ਜ਼ਰੂਰ ਬਚਾਉ। ੧੩੮।

***ਯੌ ਕਰ ਖੜਯੋ ਖਾਲਸੋ ਸਲਾਹਿ॥*** ਇਉਂ ਖਾਲਸਾ ਗੁਰਮਤਾ ਸੋਧ ਕੇ ਖੜ੍ਹਾ ਹੋ ਗਿਆ ਸੀ।

***ਅਗੈ ਨ ਮਿਲਯੋ ਗਿਲਜਨ ਧਰਨ ਪਾਇ॥*** ਗਿਲਜਿਆਂ ਨੂੰ ਅੱਗੇ ਪੈਰ ਧਰਨਾ ਨਾ ਮਿਲਿਆ ਹੈ, ਖਾਲਸੇ ਨੇ ਉਥੇ ਹੀ ਠੱਲ ਲਿਆ।

***ਦੋਊ ਤਰਫ ਦਲ ਹੁਇ ਰਹੇ ਖਲੇ॥*** ਦੋਹਾਂ ਪਾਸਿਆਂ ਦੀ ਫ਼ੌਜ ਅਬਦਾਲੀ ਤੇ ਖਾਲਸਿਆਂ ਦੀ ਢਾਬ ਦੇ ਦੋਹੀਂ ਪਾਸੀਂ ਖੜ੍ਹੀ ਸੀ।

***ਪੀ ਪੀ ਜਲ ਦਲ ਅਪਨੇ ਰਲੇ॥ ੧੩੯॥*** ਸਿੰਘ ਅਤੇ ਗਿਲਜੇ ਢਾਬ ਤੋਂ ਪਾਣੀ ਪੀ-ਪੀ ਕੇ ਆਪੋ ਆਪਣੀ ਫ਼ੌਜ ਵਿਚ ਜਾ ਰਲਦੇ ਸਨ, ਆਪੋ ਆਪਣੀ ਪਿਆਸ ਬੁਝਾ ਕੇ। ੧੩੯।

***ਚੌਪਈ॥ਤਬੈ ਖਾਲਸੈ ਮੁੜ ਲੜਯੋ ਬਹੀਰ ਗਰੀਬਨ ਕਾਜ॥*** ਖਾਲਸੇ ਦੇ ਵਹੀਰ ਵਿਚ ਬਾਲ, ਬਿਰਧ, ਮਾਈਆਂ, ਬੀਬੀਆਂ ਸਨ, ਉਨ੍ਹਾਂ ਗਰੀਬਾਂ ਦੇ ਕਾਰਜ਼ ਵਾਸਤੇ ਖਾਲਸੇ ਨੇ ਫਿਰ ਟਾਕਰਾ ਕੀਤਾ ਅਹਿਮਦ ਸ਼ਾਹ ਅਬਦਾਲੀ ਦਾ।

***ਸਿੰਘਨ ਮੁੜ ਸ਼ਸਤਰ ਕਰੇ ਅਏ ਜੁ ਪਹਿਲੇ ਭਾਜ॥ ੧੪੦॥*** ਜਿਹੜੇ ਸਿੰਘ ਪਹਿਲਾਂ ਭੱਜ ਕੇ ਆ ਗਏ ਸਨ, ਪਾਣੀ ਪੀ ਲਿਆ ਹੈ ਜਿਨ੍ਹਾਂ ਨੇ, ਉਨ੍ਹਾਂ ਸਿੰਘਾਂ ਨੇ ਮੁੜ ਕੇ ਸ਼ਸਤ੍ਰ ਕੀਤੇ, ਸ਼ਸਤ੍ਰ ਵਰ੍ਹਾਏ ਸਨ। ੧੪੦।

***ਚੌਪਈ॥ਜਲ ਪਰ ਉਨ ਭੀ ਅਰੜੋ ਕੀਓ॥*** ਪਾਣੀ ਦੇ ਉੱਤੇ ਉਨ੍ਹਾਂ ਨੇ ਵੀ ਅੜੀ ਕੀਤੀ ਹੈ ਕਿ ਪਾਣੀ ਪਿਆ ਲਈਏ ਫ਼ੌਜ ਨੂੰ।

***ਜਲ ਦੋਇਨ ਰਲ ਇਕ ਥਾਂ ਪੀਓ॥*** ਦੋਹਾਂ ਧਿਰਾਂ ਨੇ, ਖਾਲਸੇ ਨੇ ਤੇ ਪਠਾਣਾਂ ਨੇ ਇੱਕੋ ਥਾਂ ਢਾਬ 'ਤੇ ਰਲ ਕੇ ਜਲ ਛਕਿਆ ਹੈ।

***ਪੀ ਪੀ ਜਲ ਮੁੜ ਅਪਨੇ ਜਾਹਿਂ॥*** ਜਲ ਛਕ-ਛਕ ਕੇ ਮੁੜ ਕੇ ਆਪੋ ਆਪਣੀ ਫ਼ੌਜ ਵਿਚ ਚਲੇ ਜਾਂਦੇ ਸਨ।

***ਰਹੀ ਨ ਹੋਸ਼ ਲੜਨ ਕੀ ਕਾਹਿ॥ ੧੪੧॥*** ਕਿਸੇ ਨੂੰ ਵੀ ਲੜਨ ਦੀ ਹੋਸ਼ ਨਹੀਂ ਰਹੀ ਹੈ। ੧੪੧।

***ਸਿੰਘਨ ਨੈ ਕਰੀ ਅਪਨ ਸੰਭਾਲ॥*** ਸਿੰਘਾਂ ਨੇ ਆਪਣੇ ਨਾਲ ਦੇ ਸਾਥੀਆਂ ਦੀ ਸੰਭਾਲ ਕੀਤੀ।

***ਫਟੇ ਥਕੇ ਕਰ ਲੀਨੇ ਨਾਲ॥*** ਜ਼ਖ਼ਮੀ ਸਿੰਘਾਂ ਅਤੇ ਥੱਕਿਆਂ ਹੋਇਆਂ ਨੂੰ ਆਪਣੇ ਨਾਲ ਲੈ ਲਿਆ ਹੈ।

***ਡੇਰਾ ਨਠ ਕੋਹ ਦਸ ਔਰ ਗਯੋ॥*** ਖਾਲਸੇ ਦਾ ਡੇਰਾ ਵਹੀਰ ਨੱਸ ਕੇ ਦਸ ਕੋਹ ਹੋਰ ਅੱਗੇ ਚਲਿਆ ਗਿਆ।

***ਖਿੰਡਯੋ ਫੁਟਯੋ ਆਇ ਉਹਾਂ ਰਲਯੋ॥ ੧੪੨॥*** ਜੋ ਵੀ ਕੋਈ ਸਿੰਘਾਂ ਨਾਲੋਂ ਨਿੱਖੜ ਗਿਆ ਸੀ ਜਾਂ ਕੋਈ ਜ਼ਖ਼ਮੀ ਹੋ ਗਿਆ ਸੀ, ਉਹ ਸਾਰੇ ਦਸ ਕੋਹ 'ਤੇ ਅੱਗੇ ਜਾ ਕੇ ਸਭ ਰਲ ਗਏ ਸਨ ਨਾਲ। ੧੪੨।

***ਬੀਸ ਹਜ਼ਾਰ ਉਹਾਂ ਪਹੁੰਚਏ॥*** ਵਹੀਰੀਏ ਸਿੰਘ ਫੱਟੜ ਜ਼ਖ਼ਮੀ ਜੋ ਵੀ ਸਿੰਘ ਸਨ, ਸਾਰੇ ਓਥੇ ਜਾ ਕੇ ਇਕਤ੍ਰ ਹੋਏ ਸਨ, ਵੀਹ ਹਜ਼ਾਰ ਦੀ ਗਿਣਤੀ ਵਿਚ।

***ਔਰ ਮੁਯੋ ਔ ਖਿੰਡ ਭੀ ਗਏ॥*** ਹੋਰ ਬਾਕੀ ਦੇ ਸ਼ਹੀਦ ਹੋ ਗਏ ਅਤੇ ਹੋਰ ਛੋਟੇ-ਛੋਟੇ ਜਥੇ ਬਣ ਕੇ ਖਾਲਸੇ ਦੇ, ਅਬਦਾਲੀ ਤੋਂ ਛੁਟਕਾਰਾ ਪਾ ਕੇ ਦੂਰ ਤੱਕ ਪਿੰਡ ਵੀ ਗਏ ਸਨ।

***ਲੋਕ ਕਹੈਂ ਸਿੰਘ ਇਕ ਲਖ ਸਾਰਾ॥*** ਜਿਨ੍ਹਾਂ ਲੋਕਾਂ ਨੇ ਇਹ ਘੱਲੂਘਾਰਾ ਵੇਖਿਆ ਹੈ, ਉਹ ਕਹਿੰਦੇ ਸਨ ਕਿ ਇਕ ਲੱਖ ਸੀ ਸਿੰਘ ਸਾਰਾ, ਜਦੋਂ ਏਥੇ ਲੜਾਈ ਸ਼ੁਰੂ ਹੋਈ ਹੈ।

***ਪਚਾਸ ਬਚਯੋ ਔਰ ਸਭ ਗਯੋ ਮਾਰਾ॥ ੧੪੩॥*** ਉਨ੍ਹਾਂ ਵਿੱਚੋਂ ਪੰਜਾਹ ਹਜ਼ਾਰ ਸਿੰਘ ਬਚ ਗਿਆ ਹੋਰ ਸਭ ਮਾਰਿਆ ਗਿਆ। ੧੪੩।

***ਪਿਤਾ ਹਮਾਰੇ ਤੀਸ ਬਤਾਏ॥*** ਭਾਈ ਰਤਨ ਸਿੰਘ ਜੀ ਕਹਿੰਦੇ ਸਨ ਕਿ ਮੇਰੇ ਪਿਤਾ ਸ: ਰਾਇ ਸਿੰਘ ਜੀ ਨਾਲ ਸਨ, ਉਨ੍ਹਾਂ ਨੇ ਸਾਰੇ ਤੀਹ ਹਜ਼ਾਰ ਸਿੰਘ ਸ਼ਹੀਦ ਹੋਣ ਬਾਰੇ ਦੱਸਿਆ ਹੈ।

***ਰਹੇ ਸੁ ਮਰ ਔਰ ਬਚ ਕਰ ਆਏ॥*** ਤੀਹ ਹਜ਼ਾਰ ਸ਼ਹੀਦ ਹੋ ਗਏ ਹੋਰ ਬਚ ਕੇ ਆ ਗਏ ਸਨ।

***ਪਿਤਾ ਚਾਚੇ ਦੁਇ ਹਮ ਥੇ ਸਾਥ॥*** ਭਾਈ ਰਤਨ ਸਿੰਘ ਜੀ ਕਹਿੰਦੇ ਸਨ, ਮੇਰੇ ਪਿਤਾ ਜੀ ਤੇ ਚਾਚਾ ਜੀ ਇਸ ਘੱਲੂਘਾਰੇ ਵਿਚ ਨਾਲ ਸਨ।

***ਉਨ ਤੇ ਸੁਨ ਹਮ ਆਖੀ ਬਾਤ॥ ੧੪੪॥*** ਉਨ੍ਹਾਂ ਤੋਂ ਸੁਣ ਕੇ ਅਸੀਂ ਇਹ ਗਿਣਤੀ ਲਿਖੀ ਹੈ, ਅਸੀ ਇਹ ਗੱਲ ਆਖੀ ਹੈ। ੧੪੪।

***ਘੋੜੇ ਊਠ ਕੀ ਗਿਣਤੀ ਨਾਂਹਿ॥*** ਜਿਹੜੇ ਘੋੜੇ ਤੇ ਊਠ ਮਰੇ ਸਨ, ਉਨ੍ਹਾਂ ਦੀ ਤਾਂ ਗਿਣਤੀ ਕੋਈ ਨਹੀਂ ਹੈ ਕਿੰਨੇ ਕੁ ਮਾਰੇ ਗਏ ਸਨ।

***ਘੱਲੂਘਾਰੇ ਇਸਕੈ ਮਾਂਹਿ॥*** ਇਸ ਘੱਲੂਘਾਰੇ ਵਿਚ।

***ਕੋਊ ਘੱਟ ਕੋਊ ਆਖੈ ਜਾਦਾ॥*** ਗਿਣਤੀ ਕਰਨ ਵਾਲੇ ਲੋਕ ਕੋਈ ਏਸ ਤੋਂ ਘਟ ਕਹਿੰਦਾ ਹੈ ਕੋਈ ਜ਼ਿਆਦਾ ਕਹਿੰਦਾ ਹੈ।

***ਇਤਨਕ ਹਮ ਪਿਤ ਕਹੀ ਮਿਰਯਾਦਾ॥ ੧੪੫॥*** ਮੇਰੇ ਪਿਤਾ ਨੇ ਮਰਯਾਦਾ ਅਨੁਸਾਰ ਜੋ ਮੈਨੂੰ ਇਤਨਾ ਕੁ ਦੱਸਿਆ ਉਹ ਮੈਂ ਨੋਟ ਕਰ ਦਿੱਤਾ ਇਤਹਾਸ ਵਿਚ। ੧੪੫।

***ਦੋਹਰਾਂ॥ਇਕ ਨਿਹੰਗ ਬੁਕ ਤਹਿੰ ਕਹਿਯੋ ਊਚੋ ਬਚਨ ਸੁਨਾਇ॥ ੧੪੫॥*** ਨਿਹੰਗ ਕਹਿੰਦੇ ਹਨ ਜਿਸ ਨੂੰ ਮੋਹ ਮਾਇਆ ਨਾਲ ਪਿਆਰ ਨਹੀਂ ਹੁੰਦਾ, ਉਹ ਬਿਹੰਗਮ ਹੁੰਦਾ ਹੈ। ਇਕ ਨਿਹੰਗ ਸਿੰਘ ਨੇ ਬੁੱਕ ਕੇ ਉੱਚੀ ਅਵਾਜ਼ ਵਿਚ ਉਥੇ ਸੁਣਾ ਕੇ ਬਚਨ ਕਿਹਾ। ੧੪੫।

***ਤੱਤ ਖਾਲਸੇ ਸੋ ਰਹਯੋਂ ਗਯੋ ਸੁ ਖੋਟ ਗਵਾਇ॥ ੧੪੬॥*** ਖਾਲਸਾ ਜੀ ਕੋਈ ਪ੍ਰਵਾਹ ਨਹੀਂ ਹੈ, ਜੋ ਤੱਤ ਰੂਪ ਖਾਲਸਾ ਹੈ, ਉਹੀ ਬਚਿਆ ਹੈ, ਜਿਹੜੀ ਖੋਟ ਸੀ ਸਾਡੇ ਵਿਚ ਉਹ ਨਿਕਲ ਗਈ। ੧੪੬।

***ਸਰਦਾਰ ਸਬੈ ਜ਼ਖਮੀ ਭਏ, ਸਾਬਤ ਰਹਯੋ ਨ ਕੋਇ॥*** ਜਿੰਨੇ ਵੀ ਸਰਦਾਰ ਸੀ, ਮੁਖੀ ਜਥੇਦਾਰ ਸਨ ਖਾਲਸੇ ਵਿਚ, ਉਹ ਸਾਰੇ ਫੱਟੜ ਹੋ ਗਏ ਸਨ, ਕੋਈ ਵੀ ਸਰਦਾਰ ਸਾਬਤ ਨਹੀਂ ਬਚਿਆ, ਜਿਸ ਦੇ ਫੱਟ ਨਾ ਲੱਗਿਆ ਹੋਵੇ, ਜ਼ਖ਼ਮੀਆਂ ਦੀ ਗਿਣਤੀ ਵੀ ਕੋਈ ਨਹੀਂ।

***ਲਈ ਸ਼ਹੀਦੀ ਥੀ ਘਨਨ ਗਿਣਤੀ ਸਭਨ ਨ ਹੋਇ॥ ੧੪੭॥*** ਬਹੁਤਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ, ਜਿਨ੍ਹਾਂ ਨੇ ਸ਼ਹੀਦੀ ਪ੍ਰਾਪਤ ਕੀਤੀ, ਉਨ੍ਹਾਂ ਸਾਰਿਆਂ ਦੀ ਗਿਣਤੀ ਨਹੀਂ ਹੋ ਸਕਦੀ। ੧੪੭।

***ਚੌਪਈ॥ਚੜ੍ਹ ਸਿੰਘ ਜ਼ਖਮ ਗਿਣੇ ਨ ਜਾਏ॥*** ਸ: ਚੜ੍ਹਤ ਸਿੰਘ ਦੇ ਏਸ ਘੱਲੂਘਾਰੇ ਵਿਚ ਐਨੇ ਜ਼ਖ਼ਮ ਹੋਏ ਕਿ ਉਹ ਤਾਂ ਸਾਰੇ ਗਿਣੇ ਹੀ ਨਹੀਂ ਜਾਂਦੇ ਸਨ।

***ਤੀਰ ਤਲਵਾਰਨ ਜੋ ਨੇਜੇ ਖਾਏ॥*** ਤੀਰ, ਤਲਵਾਰਾਂ ਤੇ ਜੋ ਨੇਜ਼ੇ ਖਾਧੇ ਸੀ ਸਰੀਰ ਵਿਚ।

***ਭੀਮ ਸੈਨ ਜਿਮ ਜਿਤ ਵਲ ਜੁੜੇ॥*** ਭੀਮਸੈਨ ਵਾਂਗ ਜਿਸ ਜਿਸ ਵਲ ਵੀ ਚੜ੍ਹਤ ਸਿੰਘ ਦਾ ਹੱਥ ਜੁੜਦਾ ।

***ਬਿਨ ਲਾਏ ਸ਼ਸਤਰ ਖਾਲੀ ਨ ਮੁੜੇ॥ ੧੪੮॥*** ਬਿਨੋ ਸ਼ਸਤ੍ਰ ਮਾਰੇ ਤੋਂ ਖਾਲੀ ਨਹੀਂ ਸੀ ਮੁੜਦਾ ਕਿਸੇ ਪਾਸਿਓਂ। ੧੪੮।

***ਦੋਹਰਾ॥ਤਿਸ ਦਿਨ ਤੈ ਚੜ੍ਹ ਸਿੰਘ ਕੀ ਭਈ ਸਿੰਘਉਂ ਮਸ਼ਹੂਰ॥*** ਘੱਲੂਘਾਰੇ ਵਿਚ ਚੜ੍ਹਤ ਸਿੰਘ ਨੂੰ ਗਿਲਜਿਆਂ ਨਾਲ

ਲੜਦਿਆਂ ਵੇਖ ਕੇ, ਉਸ ਦਿਨ ਤੋਂ ਚੜ੍ਹਤ ਸਿੰਘ ਦਾ ਸਿੰਘਪੁਣਾਂ ਮਸ਼ਹੂਰ ਹੋ ਗਿਆ।

**ਬਚਾਏ ਬਹੁਤ ਬਹੀਰੀਏ, ਚਕ ਜੋਖੋਂ ਸੀਸ ਜਰੂਰ॥ ੧੪੯॥** ਆਪਣੇ ਸਿਰ 'ਤੇ ਜ਼ੋਖਮ ਉਠਾ ਕੇ, ਆਪਣੇ ਸਰੀਰ ਦੀ ਪ੍ਰਵਾਹ ਨ ਕਰਦੇ ਹੋਏ, ਬਹੁਤ ਸਾਰੇ ਵਹੀਰ ਵਾਲਿਆ ਬੱਚਿਆਂ, ਬਿਰਧਾ ਤੇ ਬੀਬੀਆਂ ਨੂੰ ਬਚਾਇਆ ਜੋ ਕਿ ਜ਼ਰੂਰੀ ਸੀ।੧੪੯।

**ਚੌਪਈ॥ਸਭ ਬਹੀਰੀਏ ਧੰਨ ਧੰਨ ਆਖੈਂ॥** ਸਾਰਾ ਵਹੀਰ ਚੜ੍ਹਤ ਸਿੰਘ ਨੂੰ ਧੰਨ ਚੜ੍ਹਤ ਸਿੰਘ, ਧੰਨ ਚੜ੍ਹਤ ਸਿੰਘ ਆਖ ਰਿਹਾ ਸੀ।

**ਹਮ ਜਿਵਾਏ ਚੜ੍ਹਤ ਸਿੰਘ ਭਾਖੈਂ॥** 'ਸਾਨੂੰ ਚੜ੍ਹਤ ਸਿੰਘ ਨੇ ਬਚਾਇਆ ਕਹਿੰਦੇ ਸਨ, ਜਿਉਂਦਿਆਂ ਰੱਖਿਆ, ਉਸ ਦੇ ਪ੍ਰਤਾਪ ਨਾਲ ਉਸ ਦੀ ਕਿਰਪਾ ਨਾਲ ਅਸੀਂ ਬਚੇ ਸਾਂ।

**ਜੋ ਜੀਵੈ ਚੜ੍ਹ ਸਿੰਘ ਜਿਵਾਏ॥** ਜੋ ਵੀ ਜਿਉਂਦਾ ਉਹ ਚੜ੍ਹਤ ਸਿੰਘ ਨੇ ਹੀ ਜਿਉਂਦਾ ਰੱਖਿਆ।

**ਯੌ ਬਹੀਰ ਸਭ ਆਖਤ ਜਾਏ॥ ੧੫੦॥** ਇਉਂ ਸਾਰਾ ਹੀ ਵਹੀਰ ਚੜ੍ਹਤ ਸਿੰਘ ਦਾ ਜਸ ਕਰਦਾ ਜਾ ਰਿਹਾ। ੧੫੦।

**ਰਲ ਬਹੀਰ ਯੌ ਦਏ ਅਸੀਸ॥** ਇਉਂ ਸਾਰਾ ਹੀ ਵਹੀਰ ਰਲ ਕੇ ਅਸੀਸਾਂ ਦਿੰਦਾ ਚੜ੍ਹਤ ਸਿੰਘ ਨੂੰ।

**ਹੁਇ ਸ੍ਰਦਾਰ ਯਹ ਬਿਸ੍ਵੈ ਬੀਸ॥** ਕਹਿੰਦੇ ਸਨ ਮਹਾਰਾਜ ਕਿਰਪਾ ਕਰੇ, ਵੀਹ ਗੁਣਾਂ ਜ਼ਿਆਦਾ ਪ੍ਰਤਾਪ ਹੋਰ ਸਰਦਾਰਾਂ ਨਾਲੋਂ ਇਸ ਦਾ ਵਧੇ।

**ਸਰਬ ਪੰਥ ਯਹ ਹੁਇ ਸਰਦਾਰ॥** ਸਾਰੇ ਪੰਥ ਦਾ ਇਹੋ ਹੀ ਆਗੂ ਹੋਵੇ, ਇਹੋ ਹੀ ਸਰਦਾਰ ਹੋਵੇ ਸਾਰੇ ਪੰਥ ਵਿਚ।

**ਸਭ ਇਸ ਦੇਵੈ ਅਸੀਸ ਹਜ਼ਾਰ॥ ੧੫੧॥** ਮਾਈਆਂ, ਬੱਚੇ ਸਭ ਹੀ ਅਸੀਸਾਂ ਦਿੰਦੇ ਸਨ ਚੜ੍ਹਤ ਸਿੰਘ ਨੂੰ। ੧੫੧।

**ਕੋਊ ਕਹੈ, ਯਹ ਹੁਇ ਪਤਿਸ਼ਾਹਿ॥** ਕੋਈ ਕਹਿੰਦਾ ਇਹ ਸਾਰਿਆਂ ਦਾ ਹੀ ਪਾਤਸ਼ਾਹ ਹੋਵੇ।

**ਕੋਊ ਕਹੈ, 'ਯਹ ਲਹੌਰੈ ਪਾਇ'॥** ਕੋਈ ਕਹਿੰਦਾ ਇਹ ਲਹੌਰ ਦੇ ਤਖ਼ਤ ਨੂੰ ਪ੍ਰਾਪਤ ਕਰੇ।

**ਕੋਊ ਕਹੈ, 'ਯਹ ਲਏ ਮੁਲਤਾਨ'॥** ਕੋਈ ਸਿੰਘ ਕਹਿੰਦਾ ਮੁਲਤਾਨ ਵੀ ਇਸ ਦੀ ਤਾਬਿਆ ਹੋ ਜਾਵੇ।

**ਕਹੇ, 'ਕਸ਼ਮੀਰ ਔ ਕਾਬਲ ਤਾਨ'॥ ੧੫੨॥** ਸਿੰਘ ਕਹਿੰਦੇ ਹਨ ਕਸ਼ਮੀਰ 'ਤੇ ਵੀ ਇਸ ਦਾ ਰਾਜ ਹੋਵੇ ਅਤੇ ਕਾਬਲ ਤੱਕ ਇਸ ਦਾ (ਤਾਨ) ਜ਼ੋਰ ਹੋਵੇ। ੧੫੨।

**ਦਿਲੀ ਦੱਖਣ ਪੂਰਬ ਪਹਾਰ॥** ਦਿੱਲੀ, ਦੱਖਣ, ਪੂਰਬ ਤੇ ਪਹਾੜ ਦਾ ਜਿਤਨਾ ਇਲਾਕਾ ਹੈ।

**ਇਹੀ ਲਵੈ ਸਭ ਕੁੰਟਾਂ ਚਾਰ॥** ਚਾਰੇ (ਕੂੰਟਾਂ) ਦਿਸ਼ਾਵਾਂ ਦਾ ਸਭ ਥਾਂ ਇਸ ਦਾ ਹੀ ਰਾਜ ਹੋਵੇ।

**ਇਮ ਕਰ ਕਰੈ ਬਹੀਰ ਅਰਦਾਸ॥** ਇਉਂ ਕਰ ਕੇ ਵਹੀਰ ਵਾਲੇ ਅਰਦਾਸਾਂ ਕਰਦੇ ਸਨ, ਵਰਦਾਨ ਦਿੰਦੇ, ਅਸੀਸਾਂ ਦਿੰਦੇ ਹਨ।

**ਲਗੈ ਗੈਲ ਸਭ ਚੜ੍ਹ ਸਿੰਘ ਖਾਸ॥ ੧੫੩॥** ਖਾਸ ਕਰਕੇ ਸਾਰੇ ਹੀ ਚੜ੍ਹਤ ਸਿੰਘ ਦੇ ਪਿੱਛੇ ਹੋ ਗਏ ਸਨ। ੧੫੩।

**ਦੋਹਰਾ॥ਜਿਧਰ ਚੜ੍ਹ ਸਿੰਘ ਚੜ੍ਹ ਤੁਰੈ ਸਭ ਬਹੀਰ ਸੁ ਤਿੱਧਰ ਜਾਇ॥** ਜਿਧਰ ਨੂੰ ਚੜ੍ਹਤ ਸਿੰਘ ਘੋੜੇ 'ਤੇ ਸਵਾਰ ਹੋ ਕੇ ਜਾਂਦਾ ਹੈ, ਸਾਰਾ ਵਹੀਰ ਹੀ ਉਧਰ ਨੂੰ ਜਾਂਦਾ।

**ਆਦਰ ਸਭ ਖਾਲਸੋ ਕਰੈ, ਯੁਧ ਫਤੇ ਸਭ ਪਾਇ॥ ੧੫੪॥** ਸਾਰਾ ਖਾਲਸਾ ਪੰਥ ਚੜ੍ਹਤ ਸਿੰਘ ਦਾ ਆਦਰ ਕਰਦਾ, ਜਿਥੇ ਵੀ ਯੁੱਧ ਜੁੜਦਾ, ਉਥੋਂ ਫਤੇ ਲੈ ਕੇ ਆਉਂਦਾ ਸੀ, ਜਿੱਤ ਕੇ ਆਉਂਦਾ ਸੀ, ਕਦੀ ਹਾਰਿਆ ਨਹੀਂ ਸੀ। ੧੫੪।

**ਚੌਪਈ॥ਸਭ ਖਾਲਸੇ ਮੈਂ ਆਦਰ ਪਾਵੈ॥** ਸਾਰੇ ਖਾਲਸੇ ਪੰਥ ਵਿਚ ਚੜ੍ਹਤ ਸਿੰਘ ਦਾ ਸਤਿਕਾਰ ਹੁੰਦਾ ਹੈ।

**ਲਗੈ ਦਿਵਾਨ ਤਹਿਂ ਪਹਿਲੌਂ ਬੁਲਾਵੈ॥** ਜਦੋਂ ਖਾਲਸੇ ਪੰਥ ਦਾ ਦੀਵਾਨ ਸਜਦਾ ਉਥੇ, ਸ: ਚੜ੍ਹਤ ਸਿੰਘ ਨੂੰ ਪਹਿਲਾਂ ਬੁਲਾਇਆ ਜਾਂਦਾ ।

***ਲੈ ਸਲਾਹਿ ਤੌ ਤਿਤ ਵਲ ਧਾਵੈ॥*** ਇਸ ਦੀ ਸਲਾਹ ਲਈ ਤੋਂ ਬਗੈਰ ਕੂਚ ਨਹੀਂ ਕਰਦੇ, ਜਿਧਰ ਨੂੰ ਚੜ੍ਹਤ ਸਿੰਘ ਸਲਾਹ ਦਿੰਦਾ, ਉਸ ਪਾਸੇ ਵਲ ਨੂੰ ਵਹੀਰ ਤੁਰਦਾ।

***ਨਜ਼ਰਾਨਾ ਉਸੈ ਪਹਿਲੋਂ ਪਹੁੰਚਾਵੈ॥ ੧੫੫॥*** ਜਦੋਂ ਨਜ਼ਰਾਨੇ ਆਉਂਦੇ ਸਨ ਖਾਲਸੇ ਪੰਥ ਵਿਚ, ਸਭ ਤੋਂ ਪਹਿਲਾਂ ਚੜ੍ਹਤ ਸਿੰਘ ਦਾ ਹਿੱਸਾ ਉਸ ਦੇ ਡੇਰੇ ਪਹੁੰਚਦਾ ਕੀਤਾ ਜਾਦਾ ਸੀ, ਚੜ੍ਹਤ ਸਿੰਘ ਦੀ ਫ਼ੌਜ ਨੂੰ ਦੇ ਕੇ ਫਿਰ ਬਾਕੀ ਵਰਤਾਉਂਦੇ ਸਨ। ੧੫੫।

***ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥***

***ਝੁਪ੍ਰਸਾਦਿ ਅਕਾਲ ਸਹਾਇ॥***

***ਸ੍ਰੀ ਗੁਰ ਪੰਥ ਪ੍ਰਕਾਸ ਗ੍ਰੰਥੇ॥***

## ਅਥ ਬਿਰਾੜਨ ਔ ਖਾਲਸੇ ਕੌ ਬਖੇੜੌ

**(ਵੈਰਾੜਾਂ ਤੇ ਖਾਲਸੇ ਦੀ ਅਣਬਣ)**

***ਦੋਹਰਾ: ਘੱਲੂਘਾਰੋ ਕਰਾਇਕੇ ਸਿੰਘ ਵੜੇ ਬਿਰਾੜਨ ਜਾਇ॥*** ਵੱਡਾ ਘੱਲੂਘਾਰਾ ਕਰਵਾ ਕੇ ਖਾਲਸਾ ਬਰਾੜਾਂ ਦੇ ਇਲਾਕੇ ਵਿਚ ਜੈਤੋ, ਭੁੱਚੋ, ਦੋਦਾ, ਕਾਉਣੀ ਆਦਿਕ ਪਿੰਡਾਂ ਵਿਚ ਪ੍ਰਵੇਸ਼ ਹੋ ਗਿਆ।

***ਫਟੇ ਥੱਕੇ ਬਹਨ ਕੋ ਚਾਹਤ ਗੁਜਰ ਕਰਾਇ॥ ੧॥*** ਕਿਉਂਕਿ ਖਾਲਸੇ ਨੇ ਬੜਾ ਭਾਰੀ ਜੰਗ ਕੀਤਾ ਸੀ, ਫੱਟੜ ਹੋਏ ਹੋਏ ਸਨ ਅਤੇ ਥੱਕੇ ਵੀ ਹੋਏ ਸਨ, ਉਹਨਾਂ ਦੇ ਜ਼ਖ਼ਮ ਵੀ ਅਜੇ ਰਾਜ਼ੀ ਹੋਣੇ ਸਨ, ਜ਼ਖ਼ਮੀਆਂ ਅਤੇ ਥੱਕੇ ਹੋਏ ਸਿੰਘਾਂ ਦੇ ਬੈਠਣ ਵਾਸਤੇ, ਖਾਲਸਾ ਆਪਣਾ ਗੁਜ਼ਾਰਾ ਕਰਨਾ ਚਹੁੰਦਾ ਸੀ। ਜੰਗਲ ਦੇਸ਼ ਜੋ ਮਾਲਵਾ, ਸਤਿਗੁਰਾਂ ਨੇ ਕਿਹਾ, ਇਹ ਮੇਰਾ ਮਾਲਵਾ ਹੈ, ਖਾਲਸਾ ਇਸ ਦੇਸ਼ ਵਿਚ ਨਿਰਬਾਹ ਕਰਦਾ ਹੁੰਦਾ ਸੀ। ਪੰਜ ਵਾਰੀ ਤਾਂ ਸਿੰਘ ਸਣੇ ਪਰਵਾਰਾਂ ਹੀ ਆਏ ਸਨ ਮਾਲਵੇ ਵਿਚ, ਸਾਰੇ ਬਾਲ ਬੱਚੇ ਨੂੰ ਹੀ ਲੈ ਕੇ ਆਉਂਦੇ ਰਹੇ ਸਨ। ੧।

***ਸਿੰਘਨ ਬਿਰਾੜਨ ਕੀ ਜਿਮੇਂ ਸੁਨਾਊਂ ਬਿਗਰੀ ਬਾਤ॥*** ਸਿੰਘਾਂ ਦੇ ਨਾਲ ਬਰਾੜਾਂ ਦੀ ਬੜੀ ਬਣੀ ਹੋਈ ਸੀ, ਇਸ ਇਲਾਕੇ ਵਿਚ ਕਿੰਨੇ ਸਮੇਂ ਤੋਂ ਆ ਰਹੇ ਸਨ, ਪੰਜ ਵੇਰਾਂ ਤਾਂ ਸਣ ਟਬਰੀਂ ਆਏ ਸਨ। ਸਿੰਘਾਂ ਦਾ ਤੇ ਬਰਾੜਾਂ ਦੀ ਜਿਵੇਂ ਆਪਸ ਵਿਚ ਗੱਲ ਵਿਗੜੀ ਹੈ, ਉਹ ਮੈਂ ਸੁਣਾਉਂਦਾ ਹਾਂ ਭਈ ਰਤਨ ਸਿੰਘ ਜੀ ਕਹਿੰਦੇ ਹਨ।

***ਜਬ ਸਿੰਘ ਆਵੈਂ ਮਾਲਵੇ ਕਰੈਂ ਸਿੰਘਨ ਕੌ ਘਾਤ॥ ੨॥*** ਜਦੋਂ ਕੋਈ ਜੰਗ ਯੁੱਧ ਹੁੰਦਾ, ਸਿੰਘ ਏਧਰ ਮਾਲਵੇ ਵਿਚ ਆ ਜਾਂਦੇ ਸਨ, ਤਾਂ ਬਰਾੜ ਕਿਸੇ ਕਮਜ਼ੋਰੇ ਸਿੰਘਾਂ ਨੂੰ ਵੇਖ ਕੇ ਮਾਰ ਦਿੰਦੇ ਤੇ ਉਨ੍ਹਾਂ ਦੇ ਗਾਂ, ਮੱਝ ਅਤੇ ਹੋਰ ਸਮਾਨ ਲੁੱਟ ਲੈਂਦੇ ਸਨ, ਇਸ ਤਰ੍ਹਾਂ ਕਰ ਕੇ ਬਰਾੜ ਸਿੰਘਾਂ ਨੂੰ ਤੰਗ ਕਰਨ ਲਗ ਪਏ। ੨।

***ਚੌਪਈ॥ਸਿੰਘਨ ਕੌ ਨਿਜ ਮਾਲ ਚੁਰਾਵੈਂ॥*** ਹੁਣ ਬਰਾੜ ਸਿੰਘਾਂ ਦਾ ਮਾਲ ਚੁਰਾ ਲੈਂਦੇ ਸਨ, ਚੰਗੀ ਘੋੜੀ, ਹੋਰ ਚੰਗਾ ਸਮਾਨ ਵੇਖ ਕੇ ਖੋਹ ਲੈਂਦੇ ਸਨ।

***ਸਿੰਘਨ ਪ੍ਰਦੇਸੀ ਤਕ ਖੋਹ ਖਾਵੈਂ॥*** ਸਿੰਘਾਂ ਨੂੰ ਪ੍ਰਦੇਸੀ ਤੱਕ ਕੇ ਬਰਾੜ ਸਿੰਘਾਂ ਤੋਂ ਖੋਹ ਕੇ ਖਾਣ ਤੱਕ ਜਾਂਦੇ ਸਨ।

***ਸਿੰਘ ਸੁ ਉਨਤੇ ਟਲਤੇ ਜਾਂਹਿ॥*** ਸਿੰਘ ਅੱਗੋਂ ਟਲ ਜਾਂਦੇ ਸਨ ਬਰਾੜਾਂ ਤੋਂ ਕਿ ਚਲੋ ਜੇ ਲੈ ਗਏ ਹਨ ਤਾਂ ਕੀ ਹੋਇਆ? ਸਾਡੇ ਭਰਾ ਨਾਲ ਹਨ।

***ਦੂਰ ਅੰਦੇਸ਼ੀ ਸਿੰਘ ਕਰਾਹਿੰ॥ ੩॥*** ਸਿੰਘ ਤਾਂ ਦੂਰ-ਅੰਦੇਸ਼ੀ ਕਰਦੇ ਸਨ, ਬੜੀ ਦੂਰ ਤੱਕ ਸੋਚਦੇ ਸਨ। ੩।

***ਹਮ ਆਵਤ ਹੈਂ ਇਨ ਕੇ ਘਰੈਂ॥*** ਸਿੰਘ ਸੋਚਦੇ ਸਨ ਕਿ ਅਸੀਂ ਤਾਂ ਜਦੋਂ ਆਉਂਦੇ ਹਾਂ, ਇਨ੍ਹਾਂ ਬਰਾੜਾਂ ਦੇ ਘਰਾਂ ਵਿਚ ਹੀ ਆਉਂਦੇ ਹਾਂ, ਓਧਰੋ ਓਧਰੀ ਸਾਂਝ ਸਿਆਣ ਵੀ ਬਣੀ ਹੋਈ ਸੀ।

***ਇਨ ਸੋਂ ਬਨੈ ਨ ਤਦੀ ਕਰੈਂ॥*** ਜੇ ਅਸੀਂ ਇਹਨਾਂ ਨਾਲ ਵਧੀਕੀ ਕਰੀਏ, ਤਾਂ ਇਹ ਬਣਦੀ ਨਹੀਂ ਗੱਲ, ਇਉਂ ਦੂਰ ਦੀ ਸੋਚ ਕੇ ਸਿੰਘ ਜਰ ਜਾਂਦੇ ਸਨ।

***ਹੈ ਤੁਰਕਨ ਸੋਂ ਹਮਰੋ ਬਾਦ॥*** ਕਿਉਂਕਿ ਸਾਡੀ ਤੁਰਕਾਂ ਨਾਲ ਲੜਾਈ ਲੱਗੀ ਹੋਈ ਹੈ। ਤੁਰਕਾਂ ਨਾਲ ਦਿਨ ਰਾਤ ਦੀ ਲੜਾਈ ਲੱਗੀ ਹੋਈ ਹੈ।

***ਇਨ ਸੋਂ ਚਹੀਯੈ ਹਮਹਿ ਸਵਾਦ॥ ੪॥*** ਇਨ੍ਹਾਂ ਬਰਾੜਾਂ ਦੇ ਨਾਲ ਤਾਂ ਸਾਡਾ ਸਵਾਦ ਹੀ ਬਣਿਆ ਰਹੇ। (ਸਵਾਦ) ਮੇਲ ਮਿਲਾਪ ਹੀ ਬਣਿਆ ਰਹੇ, ਇਨ੍ਹਾਂ ਨਾਲ ਲੜਾਈ ਚੰਗੀ ਨਹੀਂ। ੪।

***ਉਨਕੇ ਭਾਗ ਹੁਤੇ ਨਾ ਭਲੇ॥*** ਕੁਦਰਤ ਖੇਡ ਹੈ, ਕਹਿੰਦੇ ਜਿਨ੍ਹਾਂ ਲੋਕਾਂ ਨੇ ਇਹੋ ਜਿਹਾ ਕੰਮ ਫੜਿਆ ਹੈ, ਉਨ੍ਹਾਂ ਦੇ ਭਾਗ ਨਹੀਂ ਸਾਥ ਦੇ ਰਹੇ। ਉਨ੍ਹਾਂ ਦੇ ਭਾਗ ਚੰਗੇ ਨਹੀਂ ਸਨ, ਭਾਗਾਂ ਨੇ ਸਾਥ ਨਹੀਂ ਦਿੱਤਾ।

***ਨਾ ਥੇ ਸਤਿਗੁਰ ਕੇ ਕਹੇ ਚਲੇ॥*** ਨਾ ਹੀ ਇਹ ਸਤਿਗੁਰੂ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਕਹੇ ਅਨੁਸਾਰ ਚੱਲੇ ਸਨ।

***ਸਤਿਗੁਰ ਫਿਟਕ ਦਈ ਬੁਧਿ ਮਾਰ॥*** ਸਤਿਗੁਰੂ ਜੀ ਦੀ ਫਿਟਕਾਰ ਨੇ ਇਹਨਾਂ ਬਰਾੜਾਂ ਦੀ ਬੁਧੀ ਮਾਰ ਦਿੱਤੀ।

***ਆਈ ਹੋਣੀ ਉਨ ਕਰਨ ਖੁਆਰ ॥ ੫॥*** ਉਨ੍ਹਾਂ (ਬਰਾੜਾਂ) ਦੀ ਹੋਣੀਂ ਆ ਗਈ ਭਾਵ ਮੌਤ ਆ ਗਈ, ਉਨ੍ਹਾਂ ਨੂੰ ਖੁਆਰ ਕਰਨ ਵਾਸਤੇ। ੫।

***ਕਿਸੈ ਸਿੰਘ ਕੀ ਤ੍ਰਿਯਾ ਤਕਾਵੈਂ॥*** ਸਿੰਘ ਗ੍ਰਹਿਸਤੀ ਸਨ, ਬਾਲ ਬੱਚੇ ਸਨ, ਕਿਸੇ ਸਿੰਘ ਦੀ ਇਸਤ੍ਰੀ ਤਕਾ ਲੈਂਦੇ ਸਨ ਕਿ ਇਸ ਇਸਤ੍ਰੀ ਨੂੰ ਕੱਢ ਲੈ ਚਲੀਏ, ਇਸ (ਇਸਤ੍ਰੀ) ਨੂੰ ਤਾਂ ਭਜਾ ਕੇ ਲੈ ਜਾਈਏ ਕਿਸੇ ਪਾਸੇ ਤਾਂ ਠੀਕ ਹੈ।

***ਕਿਸੈ ਸਿੰਘ ਸੋਂ ਹਾਸੀ ਮਚਾਵੈਂ॥*** ਕਿਸੇ ਸਿੰਘ ਨੂੰ ਹਾਸਾ ਮਖੌਲ ਕਰਦੇ ਸਨ, ਉਨ੍ਹਾਂ ਸਿੰਘਾਂ ਨੂੰ ਮਸ਼ਕਰੀਆਂ ਕਰਦੇ ਸਨ. ਖਾਲਸਾ ਤਾਂ ਬਿਪਤਾ ਦਾ ਮਾਰਿਆ ਹੋਇਆ, ਮੁਸੀਬਤ ਵਿਚ ਦੁਖ ਦੇ ਦਿਨ ਕੱਟ ਰਹੇ ਸਨ।

***ਬੁਲਾਵੈਂ ਸਿੰਘ ਲੈ ਅੱਧੋ ਨਾਮ॥*** ਸਿੰਘ ਦੇ ਨਾਮ ਦੇ ਨਾਲ 'ਸਿੰਘ' ਸ਼ਬਦ ਨਹੀਂ ਲਾਉਂਦੇ ਸਨ, 'ਆ ਓਇ ਰਤਨਿਆਂ ਆ ਓ ਫਲਾਨਿਆਂ' ਕਿਥੇ ਰਤਨ ਸਿੰਘ ਕਹਿ ਕੇ ਬੁਲਾਉਣਾ, ਕਿਥੇ ਠਾਕਰ ਸਿੰਘ ਕਹਿ ਕੇ ਬੁਲਾਣਾ, ਕਿਥੇ 'ਆ ਓਇ ਠਾਕਰਿਆ' ਜਿਵੇਂ ਬੋਲਾ ਹੈ, ਇਨ੍ਹਾਂ ਦਾ ਅੱਜ ਵੀ ਇਕ ਦੂਸਰੇ ਨੂੰ ਏਵੇਂ ਹੀ ਬੁਲਾਉਂਦੇ ਹਨ ਜਿਹੋ ਜਿਹੀ ਆਪਣੀ ਬੋਲੀ ਸੀ। ਸਿੰਘ ਦਾ ਅੱਧਾ ਨਾਮ ਲੈ ਕੇ ਹੀ ਬੁਲਾਉਂਦੇ ਹਨ।

***ਕਹੈਂ 'ਛਡੋ ਤੁਮ ਹਮਰੋ ਗਾਮ' ॥ ੬॥*** ਜੇ ਕਿਸੇ ਸਿੰਘ ਨੇ ਅੱਗੋਂ ਕਹਿ ਦਿੱਤਾ 'ਓ ਭਾਈ ਗੁਰਮੁਖਾ! ਸਿੰਘ ਦਾ ਅੱਧਾ ਨਾਮ ਲੈ ਕੇ ਨਹੀਂ ਬੁਲਾਈਦਾ' 'ਸਿੰਘ ਦਾ ਪੂਰਾ ਨਾਮ ਲਈਦਾ ਹੈ'। ਤਾਂ ਅੱਗੋਂ ਉਹ ਕਹਿੰਦੇ ਸਨ ਕਿ ਜੇ ਤੁਸੀਂ ਅੱਧਾ ਨਾਮ ਲੈਣ ਕਰਕੇ ਬਹੁਤੇ ਔਖੇ ਹੋ ਤਾਂ 'ਸਾਡਾ ਪਿੰਡ ਛੱਡੋ' ਨਿਕਲੋ ਏਥੋਂ, ਤੁਰ ਜਾਓ ਏਥੋਂ, ਅੱਗੋਂ ਏਹੋ ਜਿਹੀ ਬੋਲੀ ਸੁਣਾਉਂਦੇ ਹਨ। ੬।

***ਦੋਹਰਾ॥ਸਿੰਘ ਮਝੈਲ ਤੋ ਥੇ ਬੁਰੇ ਪਰ ਕਰੈਂ ਉਨ੍ਹੈਂ ਸੋਂ ਟਾਰ॥*** ਭਾਈ ਰਤਨ ਸਿੰਘ ਜੀ ਕਹਿੰਦੇ ਸਨ ਕਿ ਬੁਰੇ ਤਾਂ ਮਝੈਲ ਸਿੰਘ ਵੀ ਬੜੇ ਸੀ, ਕੱਬੇ ਤਾਂ ਮਝੈਲ ਵੀ ਬੜੇ ਹੁੰਦੇ ਸਨ, ਪਰ ਓਨ੍ਹਾਂ ਤੋਂ ਟਾਲ੍ਹਾ ਕਰਦੇ ਸਨ। ਕਾਰਣ ਇਹ ਹੈ ਕਿ ਕਲ੍ਹ ਨੂੰ ਅਸੀਂ ਫਿਰ ਵੀ ਆਉਣਾ ਹੈ ਏਥੇ, ਸਮੇਂ ਦੇ ਬੁਰੇ ਦਿਨ ਵੀ ਏਥੇ ਹੀ ਕੱਟੇ ਸਨ ਏਸ ਕਰ ਕੇ ਟਲ ਜਾਂਦੇ ਸਨ।

***ਕੂਟ ਲੂਟ ਉਇ ਜੋ ਕਰੈਂ, ਤੌ ਸਿੰਘ ਗਹਿੰ ਕਰ ਟਾਰ॥ ੭॥*** ਜੇ ਬਰਾੜ ਪੰਜ ਚਾਰ ਰਲ ਕੇ ਗਲ ਵੀ ਪੈ ਜਾਂਦੇ ਸਨ, ਕਿਸੇ ਸਿੰਘ ਨੂੰ ਕੁੱਟਦੇ ਜਾਂ ਲੁੱਟ ਲੈਂਦੇ ਸਨ, ਕੋਈ ਚੰਗੀ ਚੀਜ਼ ਵੀ ਸਿੰਘਾਂ ਤੋਂ ਖੋਹ ਲੈਂਦੇ ਸਨ, ਸਿੰਘ ਫਿਰ ਵੀ ਟਾਲਾ ਕਰ ਲੈਂਦੇ ਸਨ, ਚਲੋ, ਜਾਣ ਦਿਓ, ਆਪਾਂ ਕਾਹਨੂੰ ਗੱਲ ਵਧਾਉਣੀ ਹੈ। ੭।

***ਚੌਪਈ॥ਜੋ ਸਿੰਘ ਦੇਹਿੰ ਉਨ ਭਲੀ ਸਲਾਹਿ॥*** ਜੇ ਕੋਈ ਸਿੰਘ ਉਨ੍ਹਾਂ (ਬਰਾੜਾਂ) ਨੂੰ ਚੰਗੀ ਨੇਕ ਸਲਾਹ ਦਿੰਦਾ ਹੈ।

***ਕਰੈਂ ਮਸ਼ਕਰੀ ਉਲਟੈ ਰਾਹਿ॥*** ਉਲਟੇ ਰਾਹ ਪੈਂਦੇ ਸਨ, ਸਗੋਂ ਮਖੌਲ ਕਰਦੇ ਸਨ ਅੱਗੋਂ।

***ਸਿੰਘ ਕਹੈਂ, ਲੇਹੁ ਖੰਡੇ ਪਾਹੁਲ'॥*** ਸਿੰਘ ਕਹਿੰਦੇ ਸਨ 'ਓ ਗੁਰਮੁਖ ਬਣ ਜਾਉ, ਖੰਡੇ ਦਾ ਅੰਮ੍ਰਿਤ ਛਕ ਲਉ' ਗੁਰੂ ਵਾਲੇ ਬਣ ਜਾਉ। ਜੇ ਕੋਈ ਇਸ ਤਰ੍ਹਾਂ ਕਹਿੰਦਾ।

***ਬੈਰਾੜ ਕਹੈਂ, ਅਹਯੋਂ 'ਲੇਹੁ ਅੰਦ੍ਰਾਹੁਲ'॥*** ਅੱਗੋਂ ਬਰਾੜ ਕਹਿੰਦੇ ਸਨ, ਤੁਸੀਂ ਅੰਦ੍ਰਾਹੁਲ ਲੈ ਲਵੋ। ਅੰਦ੍ਰਾਹੁਲ ਦਾ ਭਾਵ ਹੁੰਦਾ ਹੈ ਕਿ ਜਦੋਂ ਪਸ਼ੂ ਸੂੰਦਾ ਹੈ, ਜਦੋਂ ਮਟਿਆਂਡੀ ਜਿਹੀ ਨਿਕਲਦੀ ਹੈ ਉਸ ਦੇ ਵਿੱਚੋਂ ਜਿਹੜਾ ਪਾਣੀ ਜਿਹਾ ਨਿਕਲਦਾ ਹੈ ਅੰਦਰੋਂ, ਉਸ ਨੂੰ ਅੰਦ੍ਰਾਹੁਲ ਕਹਿੰਦੇ ਸਨ।

***ਕਹੈਂ, 'ਪਹੁਲ ਹਮ ਦਾਦੇ ਲਈ॥*** ਅੱਗੋਂ ਕਹਿੰਦੇ ਸਨ ਕਿ ਸਾਡੇ ਦਾਦੇ ਨੇ ਖੰਡੇ ਦੀ ਪਾਹੁਲ ਲਈ ਸੀ, ਉਸ ਨੇ ਖੰਡੇ ਦਾ ਅੰਮ੍ਰਿਤ ਛਕਿਆ ਸੀ। (ਭਾਈ ਦਾਨ ਸਿੰਘ ਵੱਲ ਇਸ਼ਾਰਾ ਕਰ ਕੇ ਕਹਿੰਦੇ ਸਨ)

***ਹਮ ਤੇ ਨਿਕਲ ਕਹਾਂ ਅਬ ਗਈ' ॥ ੮॥*** ਉਹ ਸਾਡੇ ਵਿਚੋਂ ਨਿੱਕਲ ਥੋੜ੍ਹੋ ਗਈ। ਸਾਡੇ ਦਾਦੇ ਨੇ ਅੰਮ੍ਰਿਤ ਛਕ ਲਿਆ, ਅਸੀਂ ਸਾਰਿਆਂ ਛੱਕ ਲਿਆ, ਉਹ ਪਾਹੁਲ ਜੋ ਸਾਡੇ ਦਾਦੇ ਨੇ ਲਈ ਸੀ, ਉਹ ਸਾਡੇ ਵਿੱਚੋਂ ਨਿਕਲ ਕੇ ਕਿਥੇ ਚਲੀ ਗਈ?। ੮।

***ਦੋਹਰਾ॥ਸੁਨ ਕਰ ਸਿੰਘ ਤਬ ਚੁਪ ਕਰੈਂ, 'ਭਾਗ ਇਨ੍ਹਾਂ ਕੇ ਨਾਹਿ'॥*** ਉਨ੍ਹਾਂ ਬਰਾੜਾਂ ਤੋਂ ਐਸਾ ਜਵਾਬ ਸੁਣ ਕੇ ਤਦ ਸਿੰਘ ਚੁੱਪ ਕਰ ਜਾਂਦੇ ਸਨ ਕਿ 'ਇਹਨਾਂ ਦੇ ਭਾਗਾਂ ਵਿਚ ਨਹੀਂ ਹੈਂ' ਸਾਡੇ ਕੀ ਵੱਸ ਦੀ ਗੱਲ।

***ਏ ਫਿਟਕਾਰੇ ਸਤਿਗੁਰੂ ਰਾਜ ਕਹਾਂ ਏਹ ਪਾਂਹਿ॥ ੯॥*** ਇਹ ਤਾਂ ਸਤਿਗੁਰੂ ਜੀ ਨੂੰ ਵੀ ਅਵੈੜਾ ਹੀ ਬੋਲਦੇ ਰਹੇ ਸਨ, ਜੇ ਸਤਿਗੁਰੂ ਜੀ ਨੂੰ ਮਿੱਠਾ ਬੋਲਦੇ, ਤਾਂ ਕੁਛ ਨਾ ਕੁਛ ਲੈ ਲੈਂਦੇ। ਸਿੰਘ ਕਹਿੰਦੇ ਇਹ ਤਾਂ ਸਤਿਗੁਰਾਂ ਦੇ ਫਿਟਕਾਰੇ ਹੋਇ ਸਨ ਰਾਜ ਕਿਥੋਂ ਇਹ ਪ੍ਰਾਪਤ ਕਰ ਲੈਣਗੇ। ੯।

***ਚੌਪਈ॥ਬਹੁਤੇ ਸਿੰਘ ਜੈਤੋ ਕੀ ਰਹੈਂ॥*** ਬਹੁਤ ਸਾਰੇ ਸਿੰਘ ਜੈਤੋ ਦੇ ਇਲਾਕੇ ਵਿਚ ਰਹਿੰਦੇ ਸਨ।

***ਅਬਲੂ, ਮਹਮੈ, ਭਗਤੂ, ਬਹੈਂ॥*** ਏਧਰ ਆ ਗਿਆ ਹੈ ਲੱਖੀ ਜੰਗਲ ਦਾ ਏਰੀਆ ਅਬਲੂ, ਮਹਿਮਾ, ਭਗਤੂ, ਔਹ ਪਰੇ ਭਾਈ ਭਗਤਾ ਪਿੰਡ, ਇਨ੍ਹਾਂ ਇਲਾਕਿਆਂ ਵਿਚ ਸਿੰਘ ਖਿੰਡ ਕੇ ਰਹਿੰਦੇ ਸੀ।

***ਖਿੱਭੂ, ਕਾਉਨੀ, ਦੋਡ ਮਤੀ ਮਾਂਹਿ॥*** ਬਿੱਭੂ ਕੇ, ਕਾਊਣੀ, ਡੋਡ, ਦੋਦਾ ਆਦਿਕ ਪਿੰਡਾਂ ਵਿਚ ਸਿੰਘ ਵਸਦੇ ਸੀ।

***ਔਰ ਸੁ ਲਾਂਭੈ ਚਾਂਭ ਰਹਾਂਹਿ॥ ੧੦॥*** ਅੱਜ ਵੀ ਜੇ ਇਲਾਕੇ ਦੀਆਂ ਰੋਹੀਆਂ ਵਲ ਨਿਗਾਹ ਮਾਰ ਕੇ ਵੇਖੀਏ ਤਾਂ ਪਤਾ ਲੱਗਦਾ ਹੈ,''ਸਿੰਘਾਂ ਵਾਲੀ ਢਾਬ,ਅਕਾਲੀਆਂ ਵਾਲੀ ਢਾਬ'' ਐਹੋ ਜਿਹੇ ਨਾਮ ਅਜੇ ਵੀ ਹੈਗੇ ਨੇ। ਰੋਹੀਆਂ ਵਿਚ ਛੱਪੜ ਸਨ, ਜਿਥੇ ਮ੍ਰਿਗ ਆਦਿਕ ਜਲ ਛਕਦੇ ਸਨ, ਹੋਰ ਆਸ ਪਾਸ ਵੀ ਸਿੰਘ ਰਹਿੰਦੇ ਸਨ। ੧੦।

***ਚੜਿੱਕ, ਚੁਬਾਰੇ, ਘੋਲੀਏ ਤਾਕ॥*** ਔਰ ਪਰੇ ਨੂੰ ਚੜਿੱਕ ਘੋਲੀਏ ਆਦਿਕ ਪਿੰਡਾਂ ਤੱਕ ਦੂਰ-ਦੂਰ ਸਿੰਘਾਂ ਦਾ ਵਾਸਾ ਹੋ ਗਿਆ।

***ਫਰੀਦਕੋਟ ਔ ਕਾਂਗੜ ਲਾਕ॥*** ਫਰੀਦਕੋਟ ਤੇ ਦੀਨੇ ਕਾਂਗੜ ਪਿੰਡ ਤੱਕ ਸਭ ਥਾਵਾਂ 'ਤੇ ਸਿੰਘ ਨਿਵਾਸ ਰਖਦੇ ਸਨ।

***ਆਪੋ ਅਪਨੇ ਔਰ ਟਿਕਾਣੇ॥*** ਜਿਥੇ ਜਿਥੇ ਸਿੰਘ ਰਹਿ ਕੇ ਜਾਂਦੇ ਸਨ,ਲਿਹਾਜਾਂ ਸਨ, ਟਿਕਾਣੇ ਬਣ ਗਏ ਸੀ, ਵਾਕਫੀਅਤ ਹੋ ਗਈ ਸੀ ਸਿੰਘਾਂ ਦੀ, ਆਪੋ ਆਪਣੇ ਹੋਰ ਟਿਕਾਣੇ ਸਨ ਸਿੰਘਾਂ ਦੇ।

***ਰਹੇ ਮੁਲਾਹਜੋ ਨਏ ਪੁਰਾਣੇ॥ ੧੧॥*** ਕਈਆਂ ਸਿੰਘਾਂ ਨੇ ਨਵੀਆਂ ਲਿਹਾਜਾਂ ਪਾ ਲਈਆਂ ਸਨ, ਕਈਆਂ ਦੀ ਪੁਰਾਣੀ

ਲਿਹਾਜ ਤੁਰੀ ਆਉਂਦੀ ਸੀ। ਮੁਲਾਹਜਾ=ਲਿਹਾਜ। ੧੧।

***ਪਿੰਡ ਪਿੰਡ ਯੌ ਸਿੰਘ ਵਖਤ ਕਟਾਂਹਿ॥*** ਪਿੰਡ-ਪਿੰਡ ਵਿਚ ਇਉਂ ਸਿੰਘ ਆਪਣੇ ਦਿਨ ਕਟੀ ਕਰਦੇ ਸਨ, ਸਮਾਂ ਪਾਸ ਕਰਦੇ ਸਨ।

***ਦੁਖ ਬਹੁ ਸਹੈਂ ਸੁ ਗੁਜਰ ਕਰਾਂਹਿ॥*** ਆਪ ਦੁਖ ਸਹਿ ਸਿੰਘ ਆਪਣੀ ਗੁਜ਼ਰ ਕਰਦੇ ਸਨ।

***ਤੌਂ ਬਿਰਾੜ ਬਹੁ ਚਾਵੜ ਕਰੈਂ॥*** ਤਾਂ ਬਰਾੜ ਬੜੀਆਂ ਚਾਂਭੜਾਂ ਕਰਦੇ ਸਨ ਬੜੀ ਚੌੜ ਕਰਦੇ ਸਨ।

***ਕਹੈਂ, 'ਸਿੰਘ ਹਮ ਤੇ ਬਹੁ ਡਰੈਂ' ॥ ੧੨ ॥*** ਆਪਸ ਵਿੱਚੀ ਕਹਿੰਦੇ ਸਨ ਜਿਹੜੇ ਸਿੰਘ ਬੋਲਦੇ ਨਹੀਂ 'ਇਹ ਸਾਥੋਂ ਡਰਦੇ ਨੇ' ਸਾਥੋਂ ਸਿੰਘ ਬਹੁਤ ਡਰਦੇ ਹਨ, ਇਉਂ ਸਮਝ ਗਏ ਉਲਟੀ ਗੱਲ। ੧੨।

***ਹਮ ਹੈਂ ਜਗ ਮੇਂ ਬਡੇ ਸਿਪਾਹੀ॥*** ਉਹ ਕਹਿੰਦੇ ਸਨ ਸਾਡਾ ਬਰਾੜਾਂ ਦਾ ਇਲਾਕਾ ਹੈ, ਅਸੀਂ ਵੱਡੇ ਸਿਪਾਹੀ ਹਾਂ ਜਗਤ ਵਿਚ।

***ਹਮ ਸਮ ਜਗ ਕੋ ਸੂਰਾ ਨਾਹੀ॥*** ਬਰਾੜ ਸਮਝਦੇ ਕਿ ਦੁਨੀਆਂ ਵਿਚ ਸਾਡੇ ਵਰਗਾ ਸੂਰਮਾਂ ਕੋਈ ਨਹੀਂ।

***ਇਕ ਪਲ ਮੇਂ ਲੇ ਸਿੰਘਨ ਮਾਰ॥*** ਅਸੀਂ ਤਾਂ ਇਕ ਪਲ ਲਾਈਏ ਜੇ ਸਿੰਘਾਂ ਨੂੰ ਮਾਰਨਾ ਹੋਵੇ, ਤਾਂ ਜਦੋਂ ਸੱਥਾਂ ਵਿਚ ਬੈਠਦੇ ਸਨ, ਇਸ ਤਰ੍ਹਾਂ ਗੱਲਾਂ ਕਰਦੇ ਸਨ।

***ਐਸੇ ਮੂਰਖ ਬਕੈਂ ਬਿਰਾੜ॥ ੧੩ ॥*** ਜਿਹੜੇ ਮੂਰਖ ਹਨ ਬਰਾੜ, ਏਸ ਤਰਾਂ ਬਕਵਾਸ ਕਰਦੇ ਸਨ, ਸਿਆਣਿਆਂ ਬਰਾੜਾਂ ਦੀ ਗੱਲ ਨਹੀਂ। ੧੩।

***ਦੋਹਰਾ॥ਪੰਜ ਬਾਰ ਭਾਜੜ ਕਰੀ, ਸਿੰਘਨ ਤੇ ਗਿਲਜਾਨ॥*** ਗਿਲਜੇ ਜਦੋਂ ਆਉਂਦੇ ਰਹੇ ਸਨ, ਪੰਜ ਵਾਰੀ ਸਿੰਘਾਂ ਨੂੰ ਭਾਜੜ ਪਈ ਹੈ, ਸਿੰਘ ਘਰ ਬਾਰ ਛੱਡ ਕੇ ਨੱਠੇ ਸਨ।

***ਕਦੇ ਬਰਸ ਕਦੇ ਦੁਇ ਬਰਸ, ਸਿੰਘ ਬਸੈਂ ਮਾਲਵੇ ਆਨ॥ ੧੪ ॥*** ਕਦੇ ਇਕ ਸਾਲ ਕਦੇ ਦੋ ਸਾਲ ਸਿੰਘ ਮਾਲਵੇ ਵਿਚ ਆ ਕੇ ਵਸ ਕੇ ਨਿਰਬਾਹ ਕਰਦੇ ਰਹੇ ਸਨ। ੧੪।

***ਚੌਪਈ॥ਪੰਜ ਬਾਰ ਤੌਂ ਸਣ ਪਰਵਾਰ॥*** ਪੰਜ ਵਾਰ ਤਾਂ ਸਣੇ ਟੱਬਰ ਸਾਰਾ ਮਾਝਾ ਦੁਆਬਾ ਛੱਡ ਕੇ ਏਧਰ ਆਉਂਦੇ ਰਹੇ ਸਨ।

***ਭਾਜੜ ਕਟੀ ਬਿਰਾਨੇ ਬਾਰ॥*** ਬਿਰਾਨੇ ਜੰਗਲ ਵਿਚ ਭਾਜੜ ਦੇ ਦਿਨ ਕੱਟੇ ਸਨ।

***ਜਿਮ ਜਿਮ ਸਿੰਘ ਉਨ ਤੇ ਟਲ ਜਾਹਿ॥*** ਜਿਉਂ-ਜਿਉਂ ਸਿੰਘ ਬਰਾੜਾਂ ਤੋਂ ਟਲਦੇ ਸਨ ਕਿ ਜਾਣ ਦਿਓ, ਅਜੇ ਵੀ ਸਮਾ ਲੰਘਾਓ।

***ਤਿਮ ਬਿਰਾੜ ਮੂਰਖ ਗਰਬਾਹਿਂ॥ ੧੫ ॥*** ਇਉਂ ਹੰਕਾਰ ਕਰ ਰਹੇ ਸਨ ਮੂਰਖ ਬਰਾੜ। ੧੫।

***ਸਿੰਘ ਲੱਖ ਤਿਸ ਵੜ ਜਾਹਿਂ ਦੇਸ਼॥*** ਸਿੰਘ ਵੇਖ ਕੇ ਉਸ ਜੰਗਲ ਦੇਸ਼ ਵਿਚ ਵੜ ਜਾਂਦੇ ਸਨ।

***ਤੁਰਕ ਨ ਸਕੈਂ ਕਰ ਤਹਿਂ ਪਰਵੇਸ਼॥*** ਤੁਰਕ ਉਸ ਜੰਗਲ ਦੇਸ਼ ਵਿਚ ਵੜ ਨਹੀ ਸਨ ਸਕਦੇ, ਅਬਦਾਲੀ ਸਿੰਘਾਂ ਦਾ ਪਿੱਛਾ ਕਰਕੇ ਏਥੇ ਨਹੀਂ ਸੀ ਆ ਸਕਦਾ ਪਰ ਇਸ ਜੰਗਲ ਦੇਸ਼ ਵਿਚ ਸਿੰਘਾਂ ਨੂੰ ਲੁਕਣ ਦਾ ਟਿਕਾਣਾ ਸੀ, ਉਧਰੋ ਉਧਰੀ ਭਾਈਚਾਰਾ ਬਣਿਆ ਹੋਇਆ ਸੀ।

***ਸਿੰਘਨ ਵਲ ਤੇ ਆਕੀ ਰਹੈਂ॥*** ਸਿੰਘਾਂ ਦਾ ਬਰਾੜਾਂ ਵੱਲ ਹੋਣ ਕਰਕੇ ਬਰਾੜ ਵੀ ਤੁਰਕ ਸਰਕਾਰ ਤੋਂ ਆਕੀ ਰਹਿੰਦੇ ਸਨ।

***ਆਗੈ ਭਰਤ ਟਕੇ ਥੇ ਵਹੈਂ॥ ੧੬ ॥*** ਜਦੋਂ ਤੋਂ ਸਿੰਘ ਜੰਗਲ ਦੇਸ਼ ਵਿਚ ਆਉਣ ਲੱਗੇ, ਉਦੋਂ ਤੋਂ ਸਰਕਾਰ ਦੇ ਟਕੇ ਭਰਨੇ ਬੰਦ ਹੋ ਗਏ ਸਨ, ਨਹੀਂ ਤਾਂ ਪਹਿਲਾਂ ਉਹ ਲੋਕ ਸਰਕਾਰ ਦੇ ਟਕੇ ਭਰ ਕੇ ਆਉਂਦੇ ਸਨ, ਭਾਵ ਹਾਲਾ ਮਾਮਲਾ ਦੇਣਾ ਪੈਂਦਾ ਸੀ ਸਰਕਾਰ ਦਾ। ੧੬।

***ਘੱਲੂਘਾਰੈ ਕੇ ਪਿੱਛੇ ਭਏ॥*** ਘੱਲੂਘਾਰਾ ਹੋਏ ਤੋਂ ਪਿੱਛੋਂ।

***ਵੈ ਬੀ ਸਿੰਘਨ ਮਾਰਨ ਡਹੇ॥*** ਉਹ (ਬਰਾੜ) ਵੀ ਸਿੰਘਾਂ ਨੂੰ ਮਾਰਨ ਲਗ ਪਏ ਸਨ।

***ਕਹੈਂ ਬਿਰਾੜ ਹਮ ਆਪੇ ਸੂਰੇ॥*** ਬਰਾੜ ਕਹਿੰਦੇ ਸਨ, 'ਅਸੀਂ ਆਪ ਹੀ ਬੜੇ ਸੂਰਵੀਰ ਹਾਂ'।

**ਹਮ ਸੋਂ ਲਰ ਕਬ ਹੁਇ ਸਿੰਘ ਪੂਰੇ॥ ੧੭॥** ਜੇ ਸਿਆਣੇ ਵਿੱਚੋਂ ਸਮਝਾਉਂਦੇ ਸਨ ਕਿ ਲੜਾਈ ਹੋ ਜਾਇਗੀ, ਚੰਗਾ ਨਹੀਂ, ਸਿੰਘ ਵੀ ਤਾਂ ਜੰਗੀ ਸਨ, ਤਾਂ ਬਰਾੜ ਅੱਗੋਂ ਕਹਿੰਦੇ ਸਨ ਕਿ ਸਾਡੇ ਨਾਲ ਲੜਾਈ ਵਿਚ ਸਿੰਘ ਕਦੇ ਪੂਰੇ ਉੱਤਰ ਸਕਦੇ ਹਨ, ਸਾਡੇ ਨਾਲ ਨਹੀਂ ਇਹ ਲੜ ਸਕਦੇ। ੧੭।

**ਦੇਸ਼ ਹਮਾਰੇ ਤੁਮ ਸੁਖ ਪਾਯੋ॥** ਤੁਸੀਂ ਸਾਡੇ ਦੇਸ਼ ਵਿਚ ਆ ਕੇ ਸੁੱਖ ਪਾਇਆ।

**ਦੇ ਮੂੰਡ ਕੋ ਤੁਮ ਇਹਾਂ ਰਹਾਯੋ॥** ਤੁਸੀਂ ਏਥੇ ਰਹਿ ਕੇ ਆਪਣਾ ਸਿਰ ਲਕਾਉਂਦੇ ਹੋ।

**ਰਲ ਬੈਰਾੜਨ ਇਮ ਕਰ ਕਹਯੋ॥** ਰਲ ਕੇ ਬਰਾੜਾਂ ਨੇ ਸਿੰਘਾਂ ਨੂੰ ਇਸ ਤਰ੍ਹਾਂ ਕਿਹਾ ਹੈ।

**ਸੱਦ ਤੁਰਕਨ ਤੁਮ ਇਹਾਂ ਮੁਵਯੋ॥ ੧੮॥** ਕੋਈ ਨਹੀਂ ਫਿਰ ਜੇ ਐਹੋ ਜਿਹੀ ਗੱਲ ਹੈ ਨਾ, ਤਾਂ ਅਸੀਂ ਤੁਰਕਾਂ ਨੂੰ ਸੱਦ ਕੇ ਤੁਹਾਨੂੰ ਏਥੇ ਹੀ ਮਰਵਾਂਵਾਂਗੇ 'ਅਸੀ ਲਿਆਵਾਂਗੇ ਤੁਰਕਾਂ ਨੂੰ ਸੱਦ ਕੇ' ਐਥੋਂ ਤੱਕ ਗੱਲ ਹੋ ਗਈ ਹੈ ਆਪਸ ਵਿਚੀਂ।੧੮।

**ਦੋਹਰਾ॥ਗੰਡਾ ਸਿੰਘ ਇਕ ਸਿੰਘ ਥੋ, ਢੰਡ ਕਸੇਲਨ ਵਾਲ॥** ਨੂਰਦੀਨ ਦੀ ਸਰਾਂ ਵਲ ਢੰਡ ਕਸੇਲ ਇਕ ਪਿੰਡ ਹੈ, ਭੁੱਸਿਆਂ ਦੇ ਨੇੜੇ, ਅੱਜ-ਕਲ੍ਹ ਬਾਡਰ 'ਤੇ ਆ ਗਿਆ ਹੈ ਇਹ ਪਿੰਡ, ਢੰਡ ਕਸੇਲ ਵਾਲਾ ਇਕ ਗੰਡਾ ਸਿੰਘ ਨਾਮ ਦਾ ਸਿੰਘ ਸੀ।

**ਤਿਸ ਕੀ ਨਾਰ ਲੁਕੋ ਰਖੀ, ਕਹਿ, 'ਲਈ ਮਝੈਲਨ ਨਾਲ'॥ ੧੯॥** ਬਰਾੜਾਂ ਨੇ ਧੱਕੇ ਨਾਲ ਉਸ (ਗੰਡਾ ਸਿੰਘ) ਦੀ ਇਸਤ੍ਰੀ ਲੁਕੋ ਲਈ ਤੇ ਜੇ ਸਿੰਘਾਂ ਨੇ ਪੁੱਛਿਆ ਭਾਈ ਤੁਸੀਂ ਇਹ ਕੀ ਕੀਤਾ? ਇਹ ਚੰਗੀ ਗੱਲ ਨਹੀਂ। ਤਾਂ ਅੱਗੋਂ ਬਰਾੜ ਕਹਿੰਦੇ, 'ਮਝੈਲ ਲੈ ਗਏ ਨੇ ਤੁਹਾਡੇ' ਉਹ ਹੀ ਲੈ ਕੇ ਨਿਕਲ ਗਏ, ਕਰੀ ਸੀ ਕਾਰਵਾਈ ਇਨ੍ਹਾਂ ਬਰਾੜਾਂ ਨੇ ਆਪ। ੧੯।

**ਚੌਪਈ॥ਤੌ ਖਾਲਸੇ ਨੇ ਦਿਵਾਨ ਲਗਾਯੋ॥** ਤਾਂ ਖਾਲਸੇ ਨੇ ਦਿਵਾਨ ਲਗਾਇਆ ਹੈ, ਗੁਰਮਤਾ ਸੋਧਿਆ ਹੈ ਕਿ ਕਿਵੇਂ ਕਰੀਏ? ਆਹ ਤਾਂ ਬਹੁਤ ਹੀ ਬੁਰੀ ਹੋਈ। ਚਲੋ ਮਾਲ ਡੰਗਰ ਲੈ ਗਏ ਜਾਂ ਕਿਸੇ ਦਾ ਭਾਂਡਾ ਬਰਤਨ ਚੁੱਕ ਲਿਆ, ਕਿਸੇ ਨੂੰ ਪਿੰਡੋਂ ਕੱਢ ਦਿੱਤਾ, ਉਹ ਤਾਂ ਗੱਲ ਕੋਈ ਨਹੀਂ ਪਰ ਇਹ ਕੀ ਗੱਲ ਹੋਈ? ਹੁਣ ਇਸਤ੍ਰੀਆਂ ਵੀ ਚੋਰੀ ਇਹ ਤਾਂ ਚੰਗੀ ਗੱਲ ਨਹੀਂ।

**'ਟਲੇ ਬਨੇ ਨਾ' ਯੌ ਠਹਿਰਾਯੋ॥** ਸਿੰਘਾਂ ਨੇ ਗੁਰਮਤਾ ਸੋਧ ਲਿਆ ਹੈ ਕਿ'ਹੁਣ ਇਨ੍ਹਾਂ ਤੋਂ ਟਲਿਆਂ ਨਹੀਂ ਬਣਨੀ ਕਿਉਂਕਿ ਜੇ ਆਪਾਂ ਟਲਦੇ ਜਾਵਾਂਗੇ, ਇਹ ਉੱਤੇ ਚੜ੍ਹਦੇ ਜਾਣਗੇ, ਕਲ੍ਹ ਨੂੰ ਕਿਸੇ ਹੋਰ ਦੀ ਸਿੱਖਣੀ ਲੈ ਜਾਣਗੇ। ਇਸ ਕਰਕੇ'ਹੁਣ ਨਾ ਟਲੋ'।

**ਭਏ ਬਿਰਾੜ ਅਬ ਬੇਈਮਾਨ॥** ਹੁਣ ਬਰਾੜ ਬੇਈਮਾਨ ਹੋ ਗਏ ਸਨ।

**ਲਾਗੇ ਖਾਲਸੇ ਦੇਖਨ ਤਾਨ'॥ ੨੦॥** ਇਹ ਤਾਂ ਹੁਣ ਖਾਲਸੇ ਦਾ ਜ਼ੋਰ ਦੇਖਣਾ ਚਾਹੁੰਦੇ ਸਨ, ਅਸੀਂ ਤਕੜੇ ਹਾਂ ਕਿ ਇਹ ਤਕੜੇ ਹਨ। ੨੦।

**ਉਨ ਤੇ ਲਏ ਕਬੀਲੇ ਕੱਢ॥** ਸਿੰਘਾਂ ਨੇ ਉਨ੍ਹਾਂ (ਬਰਾੜਾਂ) ਦੇ ਘਰਾਂ ਵਿੱਚੋਂ ਆਪਣਾ (ਕਬੀਲਾ) ਬਾਲ ਬੱਚਾ ਕੱਢਾ ਲਿਆ।

**ਔਰ ਦੇਸ਼ ਮੇਂ ਦੀਨੇ ਛੱਡ॥** ਹੋਰ ਦੇਸ਼ ਵਿਚ (ਜੋ ਬਰਨਾਲੇ ਦਾ ਏਰੀਆ, ਏਥੇ ਗਿੱਲ ਬਹੁਤੇ ਵਸਦੇ ਸੀ) ਆਪਣੇ ਟੱਬਰ ਜਾ ਛੱਡੇ ਸਨ।

**ਗੁਰੂ ਕੋਠੇ ਮੇਂ ਥੇ ਸੋ ਰਹੇ॥** ਗੁਰੂ ਕੇ ਕੋਠੇ ਪਿੰਡ ਵਿਚ ਉਹ ਪਰਵਾਰ ਰਹੇ ਸਨ।

**ਔਰ ਜਗ੍ਹਾ ਉਨ ਬਹਿਨ ਨ ਦਏ॥ ੨੧॥** ਹੋਰ ਜਗ੍ਹਾ ਉਨ੍ਹਾਂ ਸਿੰਘਾਂ ਨੂੰ ਬਰਾੜਾਂ ਨੇ ਬੈਠਣ ਨਾ ਦਿੱਤਾ। ੨੧।

**ਨਿਕਲ ਬਿਰਾੜ ਗਿੱਲਨ ਲਏ ਵਾਰ॥** ਸਿੰਘ ਬਰਾੜਾਂ ਦੇ ਘਰਾਂ ਵਿੱਚੋਂ ਨਿਕਲ ਗਏ ਸਨ, ਗਿੱਲ ਗੋਤ ਵਾਲੇ ਲੋਕਾਂ ਨੇ ਆਪਣੇ

ਘਰਾਂ ਪਿੰਡਾਂ ਵਿਚ ਸਿੰਘਾਂ ਦੇ ਕਬੀਲਿਆਂ ਨੂੰ ਵਾੜ ਲਿਆ।

***ਉਸ ਦਿਨ ਤੇ ਭਏ ਗਿਲ ਸੁਖਕਾਰ॥*** ਉਸ ਦਿਨ ਤੋਂ ਗਿੱਲ ਗੋਤ ਦੇ ਲੋਕ ਸੁਖੀ ਹੋ ਗਏ ਸਨ, ਜਦੋਂ ਦੇ ਖਾਲਸੇ ਨੇ ਉਨ੍ਹਾਂ ਦੇ ਘਰੀਂ ਚਰਨ ਪਾਏ ਸਨ। ਗਿੱਲਾਂ ਨੂੰ ਮਲੇਰ ਕੋਟਲੇ ਵਾਲੇ, ਜਗਰਾਓਂ ਵਾਲੇ ਮੁਸਲਮਾਨ ਤੰਗ ਕਰਦੇ ਸਨ।

***ਬਿੱਝੂ ਕੀ ਤਿਨ ਟੰਮਕ ਬਜਾਯਾਂ॥*** ਗੋਨਿਆਣੇ ਕੋਲ ਬਿੱਝੂ ਕੀ ਪਿੰਡ ਬਰਾੜਾਂ ਨੇ ਇਕੱਠੇ ਹੋ ਕੇ (ਟੰਮਕ) ਨਗਾਰਾ ਬਜਾ ਦਿੱਤਾ।

***ਬਿਰਾੜਨ ਇਕ ਥਾ ਜਥਾ ਬਨਾਯਾ॥ ੨੨॥*** ਬਰਾੜਾਂ ਨੇ ਸਮਝਿਆ ਕਿ ਸਿੰਘ ਸਾਥੋਂ ਡਰ ਕੇ ਭੱਜ ਗਏ ਹਨ, ਬਰਾੜਾਂ ਸਿੰਘਾਂ ਨੇ ਸਿੰਘਾਂ ਨਾਲ ਲੜਨ ਵਾਸਤੇ ਇਕ ਜੱਥਾ ਬਣਾਇਆ। ੨੨।

***ਦਿਵਸ ਰਾਤ ਪੜ ਸਿੰਘ ਅਕਾਹਿਂ॥*** ਦਿਨ ਰਾਤ ਸਿੰਘਾਂ ਦੇ ਮਗਰ ਪ੍ਰੈ ਕੇ ਸਿੰਘਾਂ ਨੂੰ ਸਤਾਉਣ ਲੱਗੇ ਸਨ।

***ਜੌ ਲਭੇ ਲੁਟ ਮਾਰ ਤਿਸ ਜਾਹਿਂ॥*** ਜੇ ਕੋਈ ਇਕੱਲਾ ਇਕਹਿਰਾ ਸਿੰਘ ਮਿਲ ਜਾਂਦਾ ਹੈ ਬਰਾੜਾਂ ਨੂੰ, ਤਾਂ ਉਸ ਨੂੰ ਲੁੱਟ ਮਾਰ ਕਰ ਲੈਂਦੇ ਸਨ, ਉਸ ਦਾ ਸਾਰਾ ਕੁਛ ਲੁੱਟ ਜਾਂਦੇ ਸਨ।

***ਇਮ ਭਯੋ ਸਿੰਘਨ ਬ੍ਰਾੜਨ ਬਖੇੜਾ॥*** ਇਉਂ ਸਿੰਘਾਂ ਤੇ ਬਰਾੜਾਂ ਦਾ ਬਖੇੜਾ ਹੋ ਗਿਆ, ਝਗੜਾ ਹੋ ਗਿਆ ਆਪਸ ਵਿਚੀਂ।

***ਕਰੈਂ ਸਿੰਘਨ ਸਿਉਂ ਨਿਤ ਵੈ ਭੇੜਾ॥ ੨੩॥*** ਉਹ ਨਿਤਾਪ੍ਰਤੀ ਸਿੰਘਾਂ ਨਾਲ ਭੇੜ ਕਰਦੇ ਸਨ, ਲੱਗੇ ਸਿੰਘਾਂ ਨਾਲ ਫਸਾਦ ਕਰਨ, ਇਕੱਲਾ ਦੁਕੱਲਾ ਵੇਖ ਕੇ ਉਸ ਦੇ ਨਾਲ ਲੜਾਈ ਕਰ ਲਿਆ ਕਰਨ। ੨੩।

***ਸਿੰਘ ਹੁਤੇ ਥੇ ਤਿਹ ਥਾਂ ਥੋੜੇ॥*** ਸਿੰਘ ਉਸ ਥਾਂ 'ਤੇ ਥੋੜ੍ਹੀ ਗਿਣਤੀ ਵਿਚ ਹੀ ਸਨ।

***ਸਿੰਘਨ ਕਿਮ ਕਿਮ ਰਖੇ ਰਾਤ ਘੋੜੇ॥*** ਸਿੰਘਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਰਾਤ ਆਪਣੇ ਘੋੜੇ ਰੱਖੇ ਸਨ।

***ਪ੍ਰਾਤ ਹੋਤ ਸਿੰਘ ਰਲੈ ਔਰ ਆਇ॥*** ਜਦੋਂ ਦਿਨ ਚੜ੍ਹਿਆ ਤਾਂ ਹੋਰ ਸਿੰਘ ਨਾਲ ਆ ਰਲੇ ਸਨ।

***ਤਬ ਲੀਨੋ ਕਿਛ ਠਾਠ ਬਣਾਇ॥ ੨੪॥*** ਤਦ ਸਿੰਘਾਂ ਨੇ ਕੁਛ ਠਾਠ-ਬਾਠ ਬਣਾ ਲਿਆ। ੨੪।

***ਦੋਹਰਾ॥ਤੌ ਬਿਰਾੜ ਫਿਰ ਨਹਿਂ ਟਲੇ, ਪੜੇ ਪਹਿਰ ਤੀਏ ਸੋਇ॥*** ਤਾਂ ਬਰਾੜ ਫਿਰ ਟਲੇ ਨਹੀਂ ਸਨ, ਦਿਨ ਦੇ ਤੀਜੇ ਪਹਿਰ ਢੋਲ ਵਜਾ ਕੇ ਸਿੰਘਾਂ 'ਤੇ ਹੱਲਾ ਬੋਲ ਕੇ ਪੈ ਨਿਕਲੇ।

***ਪੀ ਸੁੱਖਾ, ਸਿੰਘ ਥੇ ਖੜੇ ਭਯੋ ਮੁਠ ਭੇੜੋ ਹੋਇ॥ ੨੫॥*** ਸ਼ਹੀਦੀ ਦੇਗਾਂ ਛਕ ਕੇ ਸਿੰਘ ਖੜ੍ਹੇ ਸਨ ਕਿ ਆ ਬਰਾੜਾਂ ਨਾਲ ਮੁੱਠ-ਭੇੜ ਹੋਇਆ। ੨੫।

***ਚੌਪਈ॥ਕੋਊ ਸਿੰਘ ਥੋ ਚੰਡੀ ਪੜ੍ਹਤੋ॥*** ਕੋਈ ਸਿੰਘ ਬਾਣੀ ਪੜ੍ਹ ਰਿਹਾ ਸੀ, ਤੀਸਰੇ ਪਹਿਰ ਚੰਡੀ ਦੀ ਵਾਰ ਦਾ ਪਾਠ ਹੋ ਰਿਹਾ ਸੀ।

***ਕੋਊ ਸਿੰਘ ਸੁਚੇਤੋ ਕਰਤੋ॥*** ਕੋਈ ਸਿੰਘ ਅਜੇ (ਸੁਚੇਤੋ) ਪੰਜ ਇਸਨਾਨਾਂ ਕਰ ਰਿਹਾ ਸੀ।

***ਸੁਨਤ ਲੜਾਈ ਸਭ ਚੜ੍ਹ ਪੜੇ॥*** ਸੁਣ ਕੇ ਲੜਾਈ ਦਾ ਢੋਲ ਸਿੰਘ ਵੀ ਸਾਰੇ ਘੋੜ ਸਵਾਰ ਹੋ ਗਏ।

***ਕਰੈਂ ਮਜ਼ਾਖ ਵੈ ਸਿੰਘਨ ਕੋ ਖੜ੍ਹੇ॥ ੨੬॥*** ਬਰਾੜ ਖੜ੍ਹੇ ਹੋ ਕੇ ਸਿੰਘਾਂ ਨੂੰ ਮਖੌਲ ਕਰਦੇ। ੨੬।

***ਉਇ ਜਾਨੈ ਸਿੰਘ ਨੇੜ ਨ ਆਵੈਂ॥*** ਉਨ੍ਹਾਂ ਨੂੰ ਭੁਲੇਖਾ ਸੀ ਕਿ ਸਿੰਘ ਸਾਡੇ ਨੇੜੇ ਕਦੇ ਆ ਸਕਦੇ ਹਨ? ਇਹ ਤਾਂ ਡੇਰੇ ਖੜ੍ਹੇ ਹਨ,ਅੱਗੇ ਸਾਡਾ ਇਲਾਕਾ ਖਾਲੀ ਕਰਕੇ ਗਏ ਸਨ, ਉਨ੍ਹਾਂ (ਬਰਾੜਾਂ) ਨੇ ਜਾਣਿਆਂ ਕਿ 'ਸਿੰਘ ਡਰਦੇ ਸਾਡੇ ਨੇੜੇ ਨਹੀਂ ਆਉਣਗੇ'।

***ਹਮ ਬ੍ਰਛੀਅਨ ਤੇ ਦੂਰ ਰਹਾਵੈਂ॥*** ਸਾਡੀ ਬਰਛੀਆਂ ਤੋਂ ਸਿੰਘ ਦੂਰ ਹੀ ਰਹਿਣਗੇ।

***ਹਮ ਵਡਭਾਗ ਜੋ ਹਮ ਪਰ ਆਵੈਂ॥*** ਬਰਾੜ ਕਹਿੰਦੇ ਸਨ ਕਿ ਸਾਡੇ ਭਾਗ ਚੰਗੇ ਹਨ ਜੇ ਸਿੰਘ ਸਾਡੇ 'ਤੇ ਚੜ੍ਹ ਕੇ ਆਉਣਗੇ।

***ਮਾਰ ਬ੍ਰਛੀਅਨ ਘੋੜੇ ਲੈ ਜਾਵੈਂ॥ ੨੭॥*** ਸਿੰਘਾਂ ਦੇ ਬਰਛੀਆਂ ਮਾਰ ਕੇ, ਇਨ੍ਹਾਂ ਦੇ ਘੋੜੇ ਖੋਹ ਕੇ ਲੈ ਜਾਵਾਂਗੇ। ੨੭।

**ਸਿੰਘਨ ਜਾਨਯੋ, 'ਹਮ ਲਭਯੋ ਸ਼ਿਕਾਰ॥** ਸਿੰਘਾਂ ਨੇ ਜਾਣਿਆ ਸਾਨੂੰ ਤਾਂ ਸ਼ਿਕਾਰ ਲੱਭ ਗਿਆ।

**ਲੈ ਹੈਂ ਬੰਦੂਕੇ ਬਰਛੀਅਨ ਮਾਰ'॥** ਬਰਛੀਆਂ ਵਾਲਿਆਂ ਨੂੰ ਆਪਣੀਆਂ ਬੰਦੂਕਾਂ ਨਾਲ ਮਾਰ ਲਵਾਂਗੇ।

**ਇਮ ਕਰ ਹੱਲੋ ਦੁਵੱਲਨ ਭਯੋ॥** ਇਸ ਤਰ੍ਹਾਂ ਦੋਹਾਂ ਪਾਸਿਆਂ ਤੋਂ ਹੱਲਾ ਹੋ ਗਿਆ।

**ਸਿੰਘਨ ਬਿਰਾੜਨ ਤਿਹ ਭੇੜ ਪਯੋ॥ ੨੮॥** ਸਿੰਘਾਂ ਤੇ ਬਰਾੜਾਂ ਦੀ ਉਥੇ ਮੁੱਠ ਭੇੜ ਹੋ ਗਈ। ੨੮।

**ਉਇ ਚਾਹੈਂ, 'ਹਮ ਬ੍ਰਛੀ ਚਲਾਵੈਂ'॥** ਉਹ (ਬਰਾੜ) ਚਹੁੰਦੇ ਸਨ ਅਸੀਂ ਬਰਛੀ ਮਾਰੀਏ ਸਿੰਘਾਂ ਨੂੰ।

**ਸਿੰਘ ਗੋਲੀਅਨ ਸੋਂ ਅਗੈ ਗਿਰਾਵੈਂ॥** ਅੱਗੋਂ ਸਿੰਘ ਗੋਲੀਆਂ ਨਾਲ ਉਨ੍ਹਾਂ (ਬਰਾੜਾਂ) ਨੂੰ ਸੁੱਟ ਲੈਂਦੇ ਸਨ।

**ਵੈ ਬਰਛੀ ਸੁਟ ਖਾਲੀ ਜਾਹਿਂ॥** ਉਹ (ਬਰਾੜ) ਬਰਛੀ ਸੁੱਟ ਕੇ ਖਾਲੀ ਹੱਥ ਭੱਜ ਜਾਂਦੇ।

**ਮਾਰ ਗੋਲਨ ਸਿੰਘ ਘੋੜੀ ਖੁਹਾਂਹਿ॥ ੨੯॥** ਜਿਹੜਾ ਭੱਜਦਾ ਬਰਾੜ,ਸਿੰਘ ਗੋਲੀ ਮਾਰ ਕੇ ਉਸ ਨੂੰ ਘੋੜੀ ਉਤੋਂ ਸੁੱਟ ਦਿੰਦੇ ਸਨ, ਤੇ ਘੋੜੀ ਖੋਹ ਲੈਂਦੇ ਸਨ ਉਹ ਵੀ ਨਵੀਆਂ ਹੀ ਘੋੜੀਆਂ ਸਨ ਕਿਹੜਾ ਜੰਗ ਵਿਚ ਲੜੀਆਂ ਸਨ ਉਹ, ਬੰਦੂਕਾਂ ਦਾ ਖੜਕਾ ਸੁਣ ਕੇ ਜਦੋਂ ਦਾੜ-ਦਾੜ ਹੋਈ ਘੋੜੀਆਂ ਉੱਛਲ ਕੇ ਕੋਈ ਸੀਖ ਪਰ ਹੋ ਕੇ ਸੁੱਟ ਗਈ, ਕੋਈ ਅੱਗੇ ਨੂੰ ਭੱਜੇ ਪੱਗਾਂ ਡਿੱਗ ਪਈਆ ਸਿਰਾਂ ਤੋਂ। ੨੯।

**ਦੋਹਰਾ॥ਉਇ ਸਿੰਘਨ ਕੋ ਇਮ ਲਭੈਂ ਜਿਮ ਲਵੈ ਬਟੇਰੋ ਬਾਜ॥** ਸਿੰਘਾਂ ਨੂੰ ਉਹ (ਬਰਾੜ) ਇਉ ਲੱਭੇ ਜਿਵੇਂ ਬਾਜਾਂ ਨੂੰ ਬਟੇਰੇ ਲੱਭੇ ਹੋਣ, ਇਉਂ ਸਿੰਘਾਂ ਨੂੰ ਸ਼ਿਕਾਰ ਲੱਭ ਪਿਆ ਬਰਾੜਾਂ ਦਾ।

**'ਰੋਜ ਰੋਜ ਕੈ ਦੁਖਨ ਤੇ ਕਰੁ ਲੇਹੁ ਅਬੈ ਇਨ ਕਾਜ' ॥ ੩੦॥** ਸਿੰਘਾਂ ਨੇ ਲਲਕਾਰਾ ਦੇ ਦਿੱਤਾ ਰੋਜ਼-ਰੋਜ਼ ਦੇ ਦੁਖਾਂ ਤੋਂ ਇਹਨਾਂ ਦਾ ਕਾਰਜ਼ ਕਰ ਲਵੋ, ਜਾਣ ਨਾ ਦਿਉ ਇਹਨਾਂ ਨੂੰ ਹੁਣ। ੩੦।

**ਚੌਪਈ॥ਉਡੀ ਗਰਦ ਤੌ ਭਯੋ ਅੰਧੇਰੋ॥** ਘੋੜਿਆਂ ਦੇ ਪੌੜਾਂ ਨਾਲ ਜਦੋਂ ਗਰਦ ਉੱਡੀ ਤਾਂ ਹਨੇਰਾ ਹੋ ਗਿਆ।

**ਤਹਿਂ ਨਹਿਂ ਸਿਞਾਪੈ ਮੋਰੋ ਤੇਰੋ॥** ਉਥੇ ਹਨੇਰੇ ਦੇ ਵਿਚ ਕਿਸੇ ਦੀ ਸਿਆਣ ਨਹੀਂ ਆਉਂਦੀ ਹੈ, ਕਿਹੜਾ ਸਾਡਾ ਕਿਹੜਾ ਬਿਗਾਨਾ ਹੈ।

**ਕਿਛਕ ਛਲਕਨ ਸੋਂ ਪਹਿਲੋਂ ਮਾਰੈਂ॥** ਕੁਛ ਤਾਂ ਛਲਕ ਮਾਰ ਕੇ ਬੰਦੂਕਾਂ ਦੀ,ਪਹਿਲਾਂ ਹੀ ਮਾਰ ਲਿਆ ਸੀ ਬਰਾੜਾਂ ਨੂੰ।

**ਕਿਛਕ ਅੰਵਾਜਨ ਡਰ ਘੋੜੀਅਨ ਡਾਰੈਂ॥ ੩੧॥** ਕੁਛ ਕੁ ਬੰਦੂਕਾਂ ਦੇ ਫਾਇਰਾਂ ਦੀ ਆਵਾਜ਼ ਤੋਂ ਡਰ ਕੇ ਘੋੜੀਆਂ ਨੇ ਸੁੱਟ ਦਿੱਤੇ ਆਪਣੇ ਉਪਰੋਂ। ੩੧।

**ਕੌਨ ਸਕੈ ਤਬ ਬ੍ਰਛੀ ਸੰਭਾਰ॥** ਕੌਣ ਬਰਛੀ ਸੰਭਾਲ ਸਕਦਾ ਸੀ ਫਿਰ ਬਰਾੜ, ਉਨ੍ਹਾਂ ਤੋਂ ਆਪਣੀਆਂ ਬਰਛੀਆਂ ਵੀ ਨਹੀਂ ਸੰਭਾਲੀਆਂ ਗਈਆਂ।

**ਪਿੱਛੈ ਸਿੰਘ ਤੇ ਅਗੈ ਬਿਰਾੜ॥** ਸਿੰਘਾਂ ਤੋਂ ਡਰ ਕੇ ਬਰਾੜ ਭੱਜ ਲਏ, ਅੱਗੇ ਬਰਾੜ ਭੱਜੇ ਜਾਂਦੇ ਉਨ੍ਹਾਂ ਦੇ ਪਿੱਛੇ-ਪਿੱਛੇ ਸਿੰਘ ਭੱਜ ਲਏ 'ਫੜ ਲੋ ਫੜ ਲੋ' ਮਾਰਨਾ ਥੋੜ੍ਹਾ ਸੀ ਉਨ੍ਹਾਂ ਨੂੰ, ਇਉਂ ਸਿੰਘਾਂ ਨੇ ਭਜਾ ਦਿੱਤਾ ਉਨ੍ਹਾਂ ਨੂੰ।

**ਪੈਰ ਕਾਜ ਜਿਨ ਨੈ ਬਹੁ ਕੀਯੋ॥** ਜਿਨ੍ਹਾਂ ਦੇ ਪੈਰਾਂ ਨੇ ਕੰਮ ਕੀਤਾ, ਡਰਾਕਲ ਸੀ ਜਿਹੜੇ, ਜਿਹੜੇ ਭੱਜਣ ਜਾਣਦੇ ਸੀ।

**ਤੇ ਤੌ ਲੈਗੇ ਅਪਨੋ ਜੀਯੋ॥ ੩੨॥** ਉਹ ਤਾਂ ਆਪਣੀ ਜਾਨ ਬਚਾ ਕੇ ਨੱਠ ਗਏ। ੩੨।

**ਬਜਾਇ ਢੋਲ ਥੇ ਲੁੱਟਨ ਆਏ॥** ਜਿਹੜੇ ਢੋਲ ਬਜਾ ਕੇ ਲੁੱਟਣ ਵਾਸਤੇ ਆਏ ਸੀ।

**ਲੁਕ ਗਏ ਝਾੜਨ ਢੂੰਡੈਂ ਨ ਪਾਏ॥** ਉਹ ਤਾਂ ਭਾਲੇ ਹੋਏ ਲੱਭੇ ਹੀ ਨਹੀਂ, ਕੋਈ ਝਾੜਾਂ ਵਿਚ ਸਿਰ ਦੇ ਕੇ ਖੜ੍ਹ ਗਿਆ, ਕੋਈ ਰੁੱਖਾਂ 'ਤੇ ਚੜ੍ਹ ਗਿਆ, ਕੋਈ ਕਿਧਰੇ ਨੂੰ ਭੱਜ ਗਿਆ,ਕੋਈ ਕਿਧਰੇ ਨੂੰ ਭੱਜ ਗਿਆ, ਜਾਨ ਬਚਾਉਣੀ ਔਖੀ ਹੋ ਗਈ ਬਰਾੜਾਂ ਨੂੰ।

**ਐਸੀ ਭਈ ਬਿਰਾੜਨ ਬਾਤ॥** ਭਾਵੀ ਨੇ ਐਸੀ ਬਰਾੜਾਂ ਨਾਲ ਗੱਲ ਬਣਾ ਦਿੱਤੀ, ਸਿੰਘਾਂ ਨਾਲ ਵਿਗਾੜ ਦਾ ਐਸਾ ਖੋਟਾ ਨਤੀਜਾ ਨਿਕਲਿਆ।

***ਬਚੇ ਸੁ ਯਾਂ ਤੇ ਆ ਭਈ ਰਾਤ॥ ੩੩॥*** ਹੁਣ ਰਾਤ ਆ ਪਈ ਹੈ, ਜਿਸ ਕਰਕੇ ਬਰਾੜਾਂ ਦੀ ਬੱਚਤ ਹੋ ਗਈ। ੩੩।

***ਪੰਦ੍ਰਾਂ ਸੈ ਦਲ ਘੋੜੀ ਆਈ॥*** ਬਰਾੜ ਆਪਦੀ ਪੰਦਰਾਂ ਸੌ ਘੋੜੀ ਖੁਹਾਂ ਕੇ ਭੱਜ ਗਏ, ਉਹ ਘੋੜੀ ਦਲ ਪੰਥ ਦੇ ਵਿਚ ਆ ਗਈ, ਜਿਹੜੇ ਪੈਦਲ ਸਿੰਘ ਸਨ, ਉਹ ਬਰਾੜਾਂ ਦੀਆਂ ਘੋੜੀਆਂ 'ਤੇ ਸਵਾਰ ਹੋ ਗਏ।

***ਬਹੁਤ ਲਏ ਸੋ ਜੱਟ ਫੜਾਈ॥*** ਸਿੰਘਾਂ ਨੇ ਬਹੁਤ ਸਾਰੇ ਬਰਾੜ ਜੱਟਾਂ ਨੂੰ ਫੜ ਲਿਆ।

***ਦੋਹਰਾ॥ਕਿਛੁ ਖੋਹੇ ਕਿਛ ਬਚ ਗਏ, ਸਿੰਘ ਮੁੜੇ ਉਨ੍ਹੈ ਘਰ ਵਾਰ॥*** ਕੁਛ ਬਰਾੜਾਂ ਨੂੰ ਮਾਰ ਦਿੱਤਾ ਹੈ, ਕੁਛ ਨੂੰ ਫੜ ਲਿਆ, ਕੁਛ ਬਚ ਗਏ, ਸਿੰਘ ਉਨ੍ਹਾਂ (ਬਰਾੜਾਂ) ਨੂੰ ਉਨ੍ਹਾਂ ਦੇ ਘਰਾਂ ਵਿਚ ਵਾੜ ਕੇ ਵਾਪਸ ਮੁੜੇ।

***'ਮਾਰੋਂ ਸਵੇਰੋ ਆਨ ਤੁਮ,' ਯੌ ਸਿੰਘਨ ਕਹਯੋ ਪੁਕਾਰ॥ ੩੪॥*** 'ਸਵੇਰੇ ਆ ਕੇ ਮਾਰਾਂਗੇ ਓ ਤੁਹਾਨੂੰ! ਤਿਆਰੀ ਰੱਖਿਓ ਆਪ ਦੀ' ਇਉਂ ਸਿੰਘਾਂ ਨੇ ਉੱਚੀ ਅਵਾਜ਼ ਵਿਚ ਲਲਕਾਰਾ ਮਾਰ ਕੇ ਕਿਹਾ। ੩੪।

***ਚੌਪਈ॥ਸੋ ਨਠ ਗਏ ਤਹਿਂ ਹੋਤੀ ਸਵੇਰ॥*** ਉਹ (ਬਰਾੜ) ਹਨੇਰੇ-ਹਨੇਰੇ ਹੀ ਦਿਨ ਚੜ੍ਹਨ ਤੋਂ ਪਹਿਲਾਂ ਹੀ ਆਪਣੇ ਘਰ ਸੁੰਞੇ ਛੱਡ ਕੇ ਭੱਜ ਗਏ।

***ਪ੍ਰਾਤ ਸਿੰਘ ਚੜ੍ਹ ਜਾ ਪਏ ਫੇਰ॥*** ਦਿਨ ਚੜ੍ਹੇ ਤੋਂ ਸਿੰਘਾਂ ਨੇ ਫਿਰ ਚੜ੍ਹਾਈ ਕਰ ਦਿੱਤੀ ਬਰਾੜਾਂ 'ਤੇ।

***ਦੇਖ ਸਿੰਘਨ ਘਰ ਸੁੰਨੇ ਪਰੇ॥*** ਸਿੰਘਾਂ ਨੇ ਦੇਖਿਆਂ ਬਰਾੜਾਂ ਦੇ ਘਰ ਸੁੰਨੇ ਪਏ ਸਭ ਨੱਠ ਗਏ ਸਨ ਆਪੋ ਆਪਣੀ ਜਾਨ ਲੈ ਕੇ।

***ਨਠ ਕਰ ਮਨੁਖ ਕਿਤੈ ਜਾਇ ਵੜੇ॥ ੩੫॥*** ਭੱਜ ਕੇ ਬਰਾੜਾਂ ਦੇ ਬੰਦੇ ਕਿਸੇ ਹੋਰ ਥਾਂ ਜਾ ਵੜੇ। ੩੫।

***ਰਹੀ ਚੀਜ਼ ਸਿੰਘਨ ਲੁੱਟ ਲਈ॥*** ਬਰਾੜਾਂ ਦੇ ਘਰਾਂ ਵਿਚ ਜੋ ਵਸਤੂਆਂ ਰਹਿ ਗਈਆਂ ਉਹ ਸਿੰਘਾਂ ਨੇ ਲੁੱਟ ਲਈਆਂ।

***ਐਸੀ ਬਾਤ ਬਿੱਝੂ ਕੀ ਭਈ॥*** ਐਸੀ ਗੱਲ ਬਿੱਝੂ ਕੀ ਪਿੰਡ ਵਿਚ ਹੋਈ ਸੀ ਸਿੰਘਾਂ ਨਾਲ ਛੇੜਾਂ ਛੇੜ ਕੇ।

***ਸਿੰਘਨ ਲੁੱਟ ਗੁਜ਼ਰ ਭਲ ਕਰੀ॥*** ਸਿੰਘਾਂ ਨੇ ਬਰਾੜਾਂ ਦੇ ਘਰ ਲੁੱਟ ਕੇ ਆਪਣਾ ਚੰਗਾ ਗੁਜ਼ਾਰਾ ਕੀਤਾ।

***ਬਹੁਤ ਚੀਜ਼ ਥੀ ਊਹਾਂ ਉਨ ਪਰੀ॥ ੩੬॥*** ਉਨ੍ਹਾਂ ਦੇ ਘਰਾਂ ਵਿਚ ਬਹੁਤ ਚੀਜ਼ਾਂ ਪਈਆਂ ਸਨ, ਸਿੰਘਾਂ ਨੂੰ ਸਭ ਕੁਛ ਲੱਭ ਗਿਆ ਰਾਸ਼ਨ, ਪਾਣੀ, ਲੂਣ, ਘਿਉ, ਆਟਾ ਆਦਿਕ। ੩੬।

***ਖਾਲੀ ਘਰਨ ਤਹਿਂ ਸਿੰਘ ਵੜ ਬਹੇ॥*** ਉਥੇ ਖਾਲੀ ਘਰ ਵੇਖ ਕੇ ਬਰਾੜਾਂ ਦੇ ਸਿੰਘ ਵਿਚੇ ਹੀ ਵੜ ਕੇ ਬੈਠ ਗਏ ਡੇਰੇ ਲਾ ਕੇ।

***ਕਿਛਕ ਦਿਵਸ ਸਿੰਘਨ ਕਟ ਲਏ॥*** ਕੁਛ ਕੁ ਦਿਨ ਸਿੰਘਾਂ ਨੇ ਉਹਨਾਂ ਘਰਾਂ ਵਿਚ ਦਿਨ ਕਟੀ ਕਰ ਲਈ।

***ਵਿਰਾੜ ਵੜੇ ਜਾਇ ਔਰਹਿ ਥਾਇ॥*** ਬਰਾੜ ਹੋਰ ਅੱਗੇ ਕਿਸੈ ਥਾਂ 'ਤੇ ਚਲੇ ਗਏ ਸਿੰਘਾਂ ਤੋਂ ਡਰ ਕੇ।

***ਕੋਟਕਪੂਰੇ ਫਰੀਦੇ ਵਾਇ॥ ੩੭॥*** ਕੋਈ ਫਰੀਦਕੋਟ ਨੂੰ ਚਲੇ ਗਏ ਕੋਈ ਕੋਟਕਪੂਰੇ ਨੂੰ। ੩੭।

***ਔਰ ਜੋਊ ਥੇ ਬਡੇ ਗਿਰਾਉਂ॥*** ਹੋਰ ਜਿਹੜੇ ਵੱਡੇ-ਵੱਡੇ ਨਗਰ ਸਨ ਇਲਾਕੇ ਵਿਚ।

***ਸੋ ਹੁਇ ਬਹੇ ਫੇਰ ਇਕ ਥਾਉਂ॥*** ਉਹ ਫਿਰ ਇਕ ਥਾਂ ਇੱਕਠੇ ਹੋ ਕੇ ਬੈਠ ਗਏ ਸਾਰੇ।

***ਰਾਤ ਚੋਰੀ ਕਿਤ ਲਗੈਂ ਸੁ ਆਇ॥*** ਰਾਤ ਨੂੰ ਚੋਰੀ-ਚੋਰੀ ਕਿਤੇ ਉਹ ਆਉਂਦੇ ਸਨ।

***ਦਿਨੈ ਸਿੰਘ ਤਿਹ ਪਾਸ ਨ ਦੇਹਿਂ ਜਾਇ॥ ੩੮॥*** ਦਿਨੇ ਤਾਂ ਉਹਨਾਂ ਨੂੰ ਸਿੰਘ ਨੇੜੇ ਨਹੀਂ ਜਾਣ ਦਿੰਦੇ, ਰਾਤ ਨੂੰ ਚੋਰੀ ਚੋਰੀ ਆਪਣੇ ਘਰ ਵੇਖਣ ਆਉਂਦੇ ਸਨ ਖਾਲੀ ਹਨ ਘਰ ਕਿ ਨਹੀਂ। ੩੮।

***ਦੋਹਰਾ॥ਰਤਨ ਸਿੰਘ ਨੇ ਜਿਮ ਸੁਨੀ ਤੈਸੇ ਕਈ ਲਿਖਾਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿਵੇਂ ਮੈਂ ਸਾਖੀ ਸੁਣੀ ਸਿੰਘਾਂ ਤੇ ਬਰਾੜਾਂ ਦੇ ਵਿਗਾੜ ਦੀ, ਉਹ ਮੈਂ ਉਵੇਂ ਹੀ ਲਿਖਾ ਦਿੱਤੀ ਕੈਪਟਨ ਮਰੇ ਸਾਹਿਬ ਨੂੰ।

***ਆਗੈ ਪਾਛੈ ਜਿਮ ਭਈ,ਕ੍ਰਮ ਸੋਂ ਧਰੀ ਬਨਾਇ॥ ੩੯॥*** ਅੱਗੇ ਪਿੱਛੇ ਜਿਵੇਂ ਵੀ ਸਿੰਘਾਂ ਨਾਲ ਗੁਜਰੀ, ਉਹ ਮੈਂ ਤਰਤੀਬ ਵਾਰ ਸਾਖੀ ਬਣਾ ਕੇ ਰੱਖ ਦਿੱਤੀ। ੩੯।

# ਅਥ ਸਾਖੀ ਦੂਜੀ ਬਿਰਾੜਨ ਕੀ ਤੁਰੀ॥

## (ਵੈਰਾੜਾਂ ਨਾਲ ਫਿਰ ਮੇਲ)

**ਦੋਹਰਾ॥ ਫੇਰ ਬਿਰਾੜਨ ਸਭਨ ਮਿਲ ਇਮ ਕਹਿ ਕਰੀ ਸਲਾਹਿ॥** ਫਿਰ ਸਾਰੇ ਬਰਾੜਾਂ ਨੇ ਮਿਲ ਕੇ ਸਲਾਹ ਇਉਂ ਕੀਤੀ।

**ਗਿਲਜਨ ਵਜਾ ਬਨਾਇਕੈ, ਪਰੈਂ ਸਿੰਘਨ ਪਰ ਧਾਇ॥ ੧॥** ਗਿਲਜਿਆਂ ਵਾਲੀ ਵਜਾ ਬਣਾ ਕੇ ਜਿਵੇਂ ਗਿਲਜੇ ਆਉਂਦੇ ਸਨ, ਉਨ੍ਹਾਂ ਦੀ ਫ਼ੌਜ ਜਿਹਾ ਰੰਗ ਢੰਗ ਬਣਾ ਕੇ, ਸਿੰਘਾਂ ਉੱਤੇ ਹੱਲਾ ਬੋਲ ਕੇ ਪੈ ਜਾਈਏ। ੧।

**ਚੌਪਈ॥ਸਿੰਘ ਗਿਲਜਨ ਲਖ ਜਾਵੈਂ ਭਾਜ॥** ਬਰਾੜਾਂ ਨੇ ਇਹੋ ਸਲਾਹ ਕੀਤੀ ਕਿ ਸਿੰਘ ਗਿਲਜਿਆਂ ਦਾ ਸਰੂਪ ਦੇਖ ਕੇ ਏਥੋਂ ਭੱਜ ਜਾਣਗੇ।

**ਲੂਟ ਲੇਹਿਂ ਹਮ ਉਨ ਸਭ ਸਾਜ॥** ਜਦੋਂ ਸਿੰਘ ਭੱਜ ਗਏ, ਉਨ੍ਹਾਂ ਦਾ ਸਾਰਾ ਸਾਜੋ-ਸਮਾਨ ਅਸੀਂ ਲੁੱਟ ਲਿਆਵਾਂਗੇ।

**ਸੋਊ ਵਜਾ ਤਬ ਬਿਰਾੜਨ ਬਨਾਈ॥** ਗਿਲਜਿਆਂ ਵਾਲਾ ਸਰੂਪ ਤਦ ਬਰਾੜਾਂ ਨੇ ਬਣਾ ਲਿਆ।

**ਲਾਲ ਰੰਗ ਕਰਨ ਫੌਜ ਠਹਿਰਾਈ॥ ੨॥** ਫ਼ੌਜ ਦੇ ਕੱਪੜਿਆਂ ਦਾ ਗਿਲਜਿਆਂ ਵਾਂਗ ਲਾਲ ਰੰਗ ਕਰਨਾ ਠਹਿਰਾ ਲਿਆ। ੨।

**ਚੋਪ ਨਾਰਨ ਕੇ ਉਪਰੋਂ ਲਾਹੇ॥** ਆਪਣੀਆਂ ਇਸਤ੍ਰੀਆਂ ਦੇ ਉਪਰੋਂ (ਚੋਪ) ਜੋ ਫੁਲਕਾਰੀ ਤੋਂ ਵੱਡੇ ਹੁੰਦੇ ਸੀ, ਕਢਾਈ ਕੀਤੀ ਹੋਈ, ਲਾਲ ਰੰਗ ਦੇ ਲਾਹ ਲਏ।

**ਜ਼ੀਨ ਪੋਸ਼ ਕਰ ਘੋੜਨ ਪਾਏ॥** ਘੋੜਿਆਂ ਦੀਆਂ (ਜ਼ੀਨ ਪੋਸ਼) ਕਾਠੀਆਂ ਤੇ ਕੱਪੜੇ ਵੀ ਉਹੋ ਜਿਹੇ ਕਰਕੇ ਪਾ ਲਏ।

**ਲਾਲ ਖੇਸ ਨਿਜ ਉੱਪਰ ਲਏ॥** ਲਾਲ ਰੰਗ ਦੇ ਖੇਸ ਆਪਣੇ ਉਪਰ ਲੈ ਲਏ, ਉਨ੍ਹਾਂ ਦੀਆਂ ਬੁਕਲਾਂ ਮਾਰ ਲਈਆਂ।

**ਸਾਥ ਨੇਜਨ ਕੈ ਚੋਪ ਬੰਧਏ॥ ੩॥** ਬਰਾੜਾਂ ਨੇ ਆਪਣੇ ਨੇਜ਼ਿਆਂ ਉਤੇ ਫੁਲਕਾਰੀਆਂ ਲਾਲ ਰੰਗ ਦੀਆਂ ਬੰਨ੍ਹ ਲਈਆਂ ਹਨ, ਤਾਂ ਕਿ ਉਹ ਜੰਗੀ ਝੰਡੇ ਜਾਪਣ। ੩।

**ਨਿਸ਼ਾਨ ਬੈਰਕ ਜਿਮ ਊਚ ਕਰਾਏ॥** ਬੈਰਕੀ ਨਿਸ਼ਾਨ ਉਦੋਂ ਖੋਲ੍ਹੇ ਜਾਂਦੇ ਸਨ, ਜਦੋਂ ਜੰਗ ਸ਼ੁਰੂ ਹੋ ਜਾਏ, ਦੁਸ਼ਮਣ ਦੇ ਨਾਲ ਟਾਕਰਾ ਹੋ ਜਾਏ, ਨਹੀਂ ਤਾਂ ਉਸ ਨੂੰ ਲਪੇਟ ਕੇ ਹੀ ਰੱਖਦੇ ਸੀ। ਬਰਾੜਾਂ ਨੇ ਵੀ ਉਹੀ ਢੰਗ ਬਣਾ ਲਿਆ। ਬੈਰਕੀ ਨਿਸ਼ਾਨ, ਉੱਚੇ-ਉੱਚੇ ਨੇਜ਼ਿਆਂ ਨਾਲ ਫੁਲਕਾਰੀਆਂ ਆਦਿਕ ਕੱਪੜੇ ਬੰਨ੍ਹ ਕੇ ਬਣਾ ਲਏ।

**ਢੋਲ ਨਿਗਾਰਨ ਜਿਮੇ ਬਜਾਏ॥** ਨਗਾਰਿਆਂ ਵਾਂਗ ਢੋਲ ਵਜਾਉਂਦੇ ਸਨ।

**ਮੁਹਰਖੈ ਸਿੰਘਨ ਕੇ ਰਹਤ ਥੇ ਖੜੇ॥** ਸਿੰਘਾਂ ਦੇ (ਮੁਹਰਖੈ) ਦੂਰੋਂ ਵੈਰੀ ਦੀ ਖ਼ਬਰ ਦੇਣ ਵਾਲੇ ਜਸੂਸ ਤਿਆਰ-ਬਰ-ਤਿਆਰ ਖੜ੍ਹੇ ਰਹਿੰਦੇ ਸਨ।

**ਨਜਰ ਲਾਲ ਰੰਗ ਆਵਤ ਪੜੇ॥ ੪॥** ਉਨ੍ਹਾਂ ਨੂੰ ਲਾਲ ਰੰਗ ਆਉਂਦਾ ਨਜ਼ਰੀਂ ਆਇਆ, ਜਿਵੇਂ ਗਿਲਜਿਆਂ ਦੀ ਫ਼ੌਜ ਆਉਂਦੀ ਹੋਵੇ। ੪।

**ਉਨ ਨਠ ਭਜ ਆਇ ਕਰੀ ਪੁਕਾਰ॥** ਉਨ੍ਹਾਂ ਮੁਹਰੱਖਿਆਂ ਨੇ ਨੱਠ ਭੱਜ ਕੇ ਆ ਕੇ ਸਿੰਘਾਂ ਕੋਲ ਪੁਕਾਰ ਕੀਤੀ।

**ਦਲ ਨਠ ਤੁਰਯੋ ਨ ਕਰੀ ਸੰਭਾਰ॥** ਉਨ੍ਹਾ ਨੇ ਆ ਕੇ ਕਿਹਾ ਗਿਲਜੇ ਆ ਗਏ ਨੇ ਖਾਲਸਾ ਜੀ ! ਦਲ ਵਾਲਿਆਂ ਨੇ ਸੰਭਾਲ ਨਹੀਂ ਕੀਤੀ, ਭੱਜਣ ਦੀ ਕੀਤੀ ਸਮਾਨ ਆਦਿਕ ਚੁੱਕ ਕੇ।

**ਕਈ ਕੋਸ ਭਜ ਗਯੋ ਬਹੀਰ॥** ਵਹੀਰ ਖ਼ਾਲਸੇ ਦਾ ਕਈ ਕੋਹ ਤੱਕ ਅੱਗੇ ਨਿਕਲ ਗਿਆ ਭੱਜ ਕੇ।

**ਤੌ ਸਿਰਦਾਰਨ ਕਰੀ ਤਤਬੀਰ॥ ੫॥** ਤਾਂ ਸਰਦਾਰਾਂ ਨੇ ਸੋਚਿਆ ਵਿਚਾਰ ਕੀਤੀ। ੫।

**ਦੋਹਰਾ॥ਸਿੰਘ ਸਰਦਾਰਨ ਤਬ ਕਹਯੋ, ਖੜ ਅਬ ਕਰੋ ਸੰਭਾਰ॥** ਸਿੰਘਾਂ ਨੂੰ ਕਿਹਾ ਸਰਦਾਰਾਂ ਨੇ 'ਓ ਸਿੰਘੋ ! ਖੜ੍ਹੋ, ਖੜ੍ਹ

ਕੇ ਆਪਣੇ ਆਪ ਦੀ ਸੰਭਾਲ ਕਰੋ।

***ਧਰਤੀ ਓੜਕ ਹਮ ਅਏ, ਕਹਾਂ ਪੜੈਂ ਕਾਬਲੀ ਪਾਰ॥ ੬॥*** ਧਰਤੀ ਦੇ ਅਖੀਰਲੇ ਸਿਰੇ 'ਤੇ ਆ ਗਏ ਹਾਂ ਭੱਜ ਕੇ, ਸਾਰੇ ਪਿੰਡ ਆ ਗਏ ਹਾਂ ਟੱਪ ਕੇ, ਕਾਬਲ ਦੇ ਰਹਿਣ ਵਾਲੇ ਐਡੀ ਦੂਰ ਸਾਡੇ ਮਗਰ ਕਿਵੇਂ ਆ ਜਾਣਗੇ ਭੱਜ ਕੇ। ੬।

***ਚੌਪਈ॥ਜੌ ਅਬ ਨੱਠੇ ਅਗੈ ਜਾਵੈਂ॥*** ਜੇ ਹੁਣ ਭੱਜੇ ਹੀ ਗਏ ਅਸੀਂ ਅੱਗੇ ਨੂੰ ਸਿੱਧੇ ਮੂੰਹ ਹੋ ਕੇ।

***ਮਰੈਂ ਪਿਆਸੇ ਨੀਰ ਨ ਪਾਵੈਂ॥*** ਅੱਗੇ ਪਾਣੀ ਨਹੀਂ ਲੱਭਣਾ, ਪਿਆਸੇ ਮਰ ਜਾਵਾਂਗੇ ਪਾਣੀ ਤੋਂ ਬਿਨਾਂ।

***ਲੋੜ ਈਹਾਂ ਹੀ ਅਬਹ ਖਲੋਇ॥*** ਹੁਣ ਲੋੜ ਹੈ ਕਿ ਏਥੇ ਹੀ ਖੜ੍ਹ ਜਾਈਏ।

***ਸਤਿਗੁਰ ਚਾਹੈ ਸੋ ਕਛੁ ਹੋਇ॥ ੭॥*** ਸਤਿਗੁਰੂ ਜੋ ਚਹੁੰਦਾ ਹੈ ਹੋਣਾ ਤਾਂ ਓਹੀ ਕੁਛ ਹੈ। ੭।

***ਖੜ ਸਿੰਘਨ ਨੈਂ ਕਰੇ ਨਿਗਾਰੇ॥*** ਸਿੰਘਾਂ ਨੇ ਖੜ੍ਹ ਕੇ ਨਗਾਰਿਆਂ 'ਤੇ ਚੋਟਾਂ ਲਾਈਆਂ।

***ਨਿਸ਼ਾਨਨ ਵਾਰਨ ਨਿਸ਼ਾਨ ਸੰਭਾਰੇ॥*** ਨਿਸਾਨਚੀਆਂ ਨੇ ਨਿਸ਼ਾਨਾਂ ਵਾਲਿਆਂ ਨੇ ਆਪਣੇ ਨਿਸ਼ਾਨ ਸੰਭਾਲੇ ਹਨ ਅੱਗੇ ਹੋ ਕੇ।

***ਸਿੰਘ ਸੂਰਮੇ ਪਿੱਛੇ ਮੁੜੇ॥*** ਸਿੰਘ ਸੂਰਵੀਰ ਯੋਧੇ ਪਿੱਛੇ ਨੂੰ ਮੁੜੇ ਦੇਖਣ ਵਾਸਤੇ ਕਿ ਕਿਥੇ ਕੁ ਆ ਰਿਹਾ ਅਬਦਾਲੀ।

***ਸਰਦਾਰ ਸਭੈ ਖੜ ਪਿਛੈ ਜੁੜੇ॥ ੮॥*** ਸਰਦਾਰ ਸਾਰੇ ਮਿਸਲਾਂ ਦੇ ਆਗੂ ਪਿੱਛੋਂ ਜੁੜੇ ਸਨ ਗੁਰਮਤਾ ਕਰਨ ਵਾਸਤੇ। ੮।

***ਸਰਦਾਰ ਚੜ੍ਹ ਸਿੰਘ ਥੋ ਪਿਛੈ ਰਹਯੋ॥*** ਸ: ਚੜ੍ਹਤ ਸਿੰਘ ਸੁਕਰਚੱਕੀਆ ਮਿਸਲ ਦਾ ਜਥੇਦਾਰ ਪਿੱਛੇ ਰਹਿ ਗਿਆ ਸੀ ਕਿ ਵੇਖਾਂ ਕਿਹੜਾ ਅਬਦਾਲੀ ਆਉਂਦਾ ਹੈ।

***ਸੋ ਖੜ ਮੁੜ ਸੰਗ ਬਿਰਾੜਨ ਖਹਯੋ॥*** ਉਹ ਖੜ੍ਹ ਕੇ ਮੁੜ ਕੇ ਬਰਾੜਾਂ ਦੇ ਗਲ ਜਾ ਪਿਆ।

***ਉਨ ਲਖ ਲੀਨੋ ਭੇਤ ਬਿਰਾਰ॥*** ਉਸ ਨੇ ਬਰਾੜਾਂ ਦਾ ਸਾਰਾ ਭੇਤ ਜਾਣ ਲਿਆ।

***ਸਭ ਸਿੰਘਨ ਸੌਂ ਕਹਯੋ ਪੁਕਾਰ॥ ੯॥*** ਸਾਰਿਆਂ ਸਿੰਘਾਂ ਨੂੰ ਉਸ ਨੇ ਅਵਾਜ਼ ਦੇ ਕੇ ਕਿਹਾ। ੯।

***ਸੁਨਤ ਸਿੰਘ ਮੁੜ ਕਰ ਦਯੋ ਹੱਲਾ॥*** ਜਦੋਂ ਸਿੰਘਾਂ ਨੂੰ ਪਤਾ ਲੱਗਾ ਕਿ ਇਹ ਅਬਦਾਲੀ ਨਹੀਂ ਹੈ, ਇਹ ਤਾਂ ਬਰਾੜ ਸਨ, ਸਿੰਘਾਂ ਨੇ ਮੁੜ ਕੇ ਹੱਲਾ ਕਰ ਦਿੱਤਾ ਬਰਾੜਾਂ 'ਤੇ।

***ਬ੍ਰਾੜਨ ਪੈ ਸੋਊ ਭਯੋ ਨ ਝੱਲਾ॥*** ਬਰਾੜਾਂ ਪਾਸੋਂ ਉਹ ਸਿੰਘਾਂ ਦਾ ਹੱਲਾ ਰੋਕਿਆ ਨਾ ਗਿਆ। "ਹੱਲਾ ਇਨ ਕਾ ਕਹਿਰ ਖ਼ੁਦਾਇ। ਯਾ ਅੱਲਾ, ਹੱਲਾ ਇਨ ਕਾ ਰੋਕਿਆ ਨਾ ਜਾਏ"। ਤੁਰਕ ਤਾਂ ਇਉਂ ਕਹਿ ਕੇ ਭੱਜਦੇ ਹੁੰਦੇ ਸਨ।

***ਸੋ ਨਠ ਤੁਰੇ ਸਿੰਘ ਗੈਲ ਲਗਾਇ॥*** ਉਹ ਭੱਜ ਤੁਰੇ ਸਿੰਘਾਂ ਨੂੰ ਪਿੱਠ ਦੇ ਕੇ, ਮਗਰੇ ਹੀ ਸਿੰਘ ਲੱਗ ਤੁਰੇ ਉਨ੍ਹਾਂ ਦੇ।

***ਕਿਛ ਫੜ ਲਏ ਕਿਛ ਗਏ ਵਗਾਇ॥ ੧੦॥*** ਸਿੰਘਾਂ ਨੇ ਕੁਛ ਬਰਾੜਾਂ ਨੂੰ ਫੜ ਲਿਆ ਤੇ ਕੁਛ ਭੱਜ ਗਏ। ੧੦।

***ਦੋਹਰਾ॥ਜਿਨਕੈ ਪੁੱਤਰ ਫੜ ਲਏ, ਸੁਨਿ ਅਈ ਤਿਨ੍ਹੈਂ ਕੀ ਮਾਇ॥*** ਜਿਨ੍ਹਾਂ ਦੇ ਪੁੱਤਰ ਸਿੰਘਾਂ ਨੇ ਫੜ ਲਏ, ਉਨ੍ਹਾਂ ਦੀਆਂ ਮਾਵਾਂ ਨੇ ਜਦੋਂ ਸੁਣਿਆਂ, ਉਹ ਇਕੱਠੀਆਂ ਹੋ ਕੇ ਆਈਆਂ ਉਨ੍ਹਾਂ ਨੂੰ ਛੁਡਾਉਣ ਵਾਸਤੇ।

***ਲੀਨੇ ਪੁਤਰ ਛੁਡਾਇ ਉਨ, ਸਿੰਘਨ ਬਾਤਾਂ ਲਾਇ॥ ੧੧॥*** ਸਿੰਘਾਂ ਨੂੰ ਗੱਲੀਂ ਲਾ ਕੇ, ਸਿੰਘ ਜੀ ! ਇਹ ਤਾਂ ਰੋਜ਼ ਦਾ ਕੰਮ ਹੈ, ਆਪਾਂ ਸਾਰੇ ਇਕੱਠੇ ਤਾਂ ਰਹਿੰਦੇ ਹਾਂ, ਨਿਆਣੇ ਕਮਲੇ ਉਨ੍ਹਾਂ ਨੂੰ ਘੂਰਨ ਘੱਪਣ ਤੇ ਸਿੰਘਾਂ ਦੀ ਮਿੰਨਤ ਤਰਲਾ ਕਰਨ, ਕਿ ਜਾਣ ਦਿਉ,ਇਹ ਤਾਂ ਅਨਜਾਣ ਨੇ, ਇਹ ਕੋਈ ਲੜਨ ਵਾਲੇ ਤੁਹਾਡੇ ਨਾਲ ਕਿਥੇ, ਸਾਡੇ ਤਾਂ ਸਿੰਘ ਰੋਜ਼ ਆਉਂਦੇ ਜਾਂਦੇ ਸਨ, ਇਉਂ ਸਿੰਘਾਂ ਨੂੰ ਗੱਲਾਂ ਵਿਚ ਲਾ ਲਿਆ। ਸਿੰਘਾਂ ਨੇ ਕੀ ਆਖਣਾ ਸੀ, ਲੈ ਜਾਉ ਮਾਈਓ, ਲੈ ਜਾਉ! ਤੁਹਾਡੇ ਭੁਜੰਗੀ ਨੇ। ਉਨ੍ਹਾਂ ਮਾਵਾਂ ਨੇ ਇਉਂ ਆਪਣੇ ਪੁੱਤਰ ਛੁਡਾ ਲਏ ਸਿੰਘਾਂ ਤੋਂ ਮਿੰਨਤ ਤਰਲਾ ਕਰਕੇ। ੧੧।

***ਚੌਪਈ॥ਸਿੰਘਨ ਬਿਰਾੜਨ ਪਰ ਰਹਯੋ ਬੈਰ॥*** ਬਰਾੜਾਂ ਦਾ ਖਾਹ-ਮਖਾਹ ਦਾ ਬੈਰ ਪੈ ਗਿਆ ਸਿੰਘਾਂ ਦੇ ਨਾਲ।

***ਸਿੰਘ ਕਰੈਂ ਨਹਿੰ ਤਿਨ ਸੰਗ ਖੈਰ॥*** ਹੁਣ ਸਿੰਘ ਵੀ ਉਨ੍ਹਾਂ (ਬਰਾੜਾਂ) ਨਾਲ ਖੈਰ ਨਹੀਂ ਕਰਦੇ।

***ਬਿਰਾੜ ਲਗੇ ਪਿੰਡ ਗੜ੍ਹੀ ਚਿਨਾਵਣ॥*** ਬਰਾੜਾਂ ਨੇ ਕਿਹਾ, ਇਉਂ ਨਹੀਂ ਠੀਕ ਕਿਲ੍ਹੇ ਬਣਾਓ, ਪੱਕੀਆਂ ਗੜ੍ਹੀਆਂ ਉਸਾਰਨੀਆਂ ਸ਼ੁਰੂ ਕਰ ਦਿੱਤੀਆਂ ਬਰਾੜਾਂ ਨੇ।

***ਲਗਯੋ ਖਾਲਸੋ ਮੋਰਚੇ ਲਾਵਣ॥ ੧੨॥*** ਸਿੰਘ ਵੀ ਅੱਗੋਂ ਉਨ੍ਹਾਂ ਨਾਲ ਮੋਰਚੇ ਲਾਉਣ ਲੱਗੇ। ੧੨।

***ਕੱਚੇ ਖੂਹਨ ਜਲ ਝਬ ਮੁਕ ਜਾਇ॥*** ਕੱਚਿਆਂ ਖੂਹਾਂ ਦਾ ਪਾਣੀ ਬੜੀ ਜਲਦੀ ਮੁੱਕ ਜਾਂਦਾ ਹੈ।

***ਬਿਰਾੜ ਨਠੈਂ ਛਡ ਸੋਈ ਥਾਇ॥*** ਜਦੋਂ ਪਾਣੀ ਮੁੱਕ ਜਾਏ, ਬਰਾੜ ਉਹ ਥਾਂ ਛੱਡ ਕੇ ਅਗਾਂਹ ਭੱਜ ਜਾਣ।

***ਸਿੰਘ ਬਿਰਾੜਨ ਨਿਕਲਨ ਤੌ ਦੇਹਿਂ॥*** ਸਿੰਘ ਬਰਾੜਾਂ ਨੂੰ ਨਿਕਲਦਿਆਂ ਨੂੰ ਰੋਕਦੇ ਨਹੀਂ, ਜੇ ਉਹ ਭੱਜਦੇ ਸਨ, ਤਾਂ ਸਿੰਘ 'ਫੜ ਲਉ ਫੜ ਲਉ' ਕਰੀ ਜਾਂਦੇ ਸਨ ਮਗਰ, ਜੇ ਹੱਥ ਪਾ ਲੈਂਦੇ ਸਨ, ਤਾਂ ਨਿਕਲ ਗਿਆ ਬਈ ਨਿਕਲ ਗਿਆ ਮੇਰੇ ਹੱਥੋਂ। ਇਉਂ ਛੱਡ ਦਿੰਦੇ ਸੀ ਭਜਾ ਦਿੰਦੇ ਸੀ, ਇਉਂ ਭਜਾਈ ਜਾਂਦੇ ਸਨ, ਉਨ੍ਹਾਂ ਨੂੰ ਸਿੰਘ ਦਬਕੇ ਮਾਰ ਕੇ।

***ਭੈਸ ਘੋੜੀ ਕੱਢ ਚੰਗੀ ਲੇਹਿਂ ॥ ੧੩॥*** ਚੰਗੀਆਂ ਮੱਝਾਂ ਘੋੜੀਆਂ ਬਰਾੜਾਂ ਦੀਆਂ ਸਿੰਘਾਂ ਨੇ ਕੱਢ ਲੈਣੀਆਂ ਜਾਂ ਖੋਹ ਲੈਣੀਆਂ। ੧੩।

***ਇਮ ਬਿਰਾੜ ਸਿੰਘਨ ਤੇ ਹਾਰੇ॥*** ਇਉਂ ਬਰਾੜ ਸਿੰਘਾਂ ਤੋਂ ਹਾਰ ਗਏ।

***ਕਰਤੂਤ ਆਪਣੀ ਭਏ ਖੁਆਰੇ॥*** ਆਪਣੀ ਕਰਤੂਤ ਕਰਕੇ ਆਪ ਹੀ ਖੁਆਰ ਹੋਏ।

***ਕਿਸੈ ਜੁੰਮੈ ਸਿੰਘ ਨਜ਼ਰਾਨਾ ਟਿਕਾਵੈਂ॥*** ਕਿਸੇ ਦੇ ਜੁੰਮੇ ਸਿੰਘਾਂ ਨੇ ਨਜ਼ਰਾਨਾ ਲਾ ਦਿੱਤਾ ਕਿ ਜਦੋਂ ਸਿੰਘ ਅਉਣ ਐਨੀ ਉਨ੍ਹਾਂ ਦੀ ਨਜ਼ਰ ਭੇਟਾ ਕਰਨੀ।

***ਕਿਸੈ ਜੁੰਮੈ ਸਿੰਘ ਸਾਕ ਠਹਿਰਾਵੈਂ॥ ੧੪॥*** ਕਿਸੇ ਬਰਾੜ ਦੇ ਜੁੰਮੇ ਸਾਕ ਠਹਿਰਾ ਦਿੱਤਾ, ਕਿ ਕਰ ਲੈਂਦੇ ਹਾਂ ਸੁਲਹ, ਆਹ ਭੁਜੰਗੀ ਨੂੰ ਰਿਸ਼ਤਾ ਕਰ ਦਿਉਂ, ਆਪ ਦੀ ਲੜਕੀ ਦਾ। ੧੪।

***ਯੌ ਕਰ ਸਿੰਘਨ ਰੱਯਤ ਬਨਾਇ॥*** ਜਿਵੇ ਸਰਕਾਰ ਦੀ ਪਰਜਾ ਹੁੰਦੀ ਹੈ, ਇਉਂ ਬਰਾੜਾਂ ਨੂੰ ਆਪਣੀ ਪਰਜ਼ਾ ਬਣਾ ਲਿਆ ਸਿੰਘਾਂ ਨੇ।

***ਫਿਰ ਉਨ ਹੀ ਘਰ ਡੇਰੇ ਲਾਇ॥*** ਜਦੋਂ ਸਿੰਘਾਂ ਤੇ ਬਰਾੜਾਂ ਦੀ ਆਪਸ ਵਿਚ ਸੁਲਹ ਸਫਾਈ ਹੋ ਗਈ, ਸਿੰਘਾਂ ਨੇ ਫਿਰ ਉਨ੍ਹਾਂ ਬਰਾੜਾਂ ਦੇ ਹੀ ਘਰਾਂ ਵਿਚ ਡੇਰੇ ਲਾ ਲਏ।

***ਫਿਰ ਸਿੰਘਨ ਕੇ ਤੇ ਭਏ ਦਾਸ॥*** ਫਿਰ ਸਿੰਘਾਂ ਦੇ ਸੇਵਕ ਬਣ ਗਏ ਬਰਾੜ।

***ਗੁਜ਼ਰ ਕਰੈ ਖਾਲਸਾ ਯੌ ਖਾਸ॥ ੧੫॥*** ਇਉਂ ਜੋ ਖਾਸ ਖਾਲਸਾ ਸੀ, ਉਹ ਆਪਣੀ ਗੁਜ਼ਰ ਕਰਦਾ। ੧੫।

***ਦੋਹਰਾ॥ਉਸੀ ਦੇਸ਼ ਸਿੰਘ ਫਿਰ ਵੜੇ, ਉਨ ਕੌ ਠੀਕ ਬਣਾਇ॥*** ਉਨ੍ਹਾਂ ਬਰਾੜਾਂ ਨੂੰ ਠੀਕ ਕਰਕੇ ਫਿਰ ਸਿੰਘ ਉਸੇ ਦੇਸ਼ ਵਿਚ ਵੜੇ ਗਏ।

***ਅਗੈ ਆਇ ਸੋਊ ਮਿਲੈਂ, ਘਰ ਅਪਨੇ ਲੇਹਿਂ ਉਤਰਾਇ॥ ੧੬॥*** ਹੁਣ ਜਦੋਂ ਖਾਲਸਾ ਆਉਂਦਾ ਤਾਂ ਬਰਾੜ ਅੱਗੋਂ ਆ ਆ ਕੇ ਮਿਲਦੇ ਪ੍ਰੇਮ ਨਾਲ, ਆਉ ਖਾਲਸਾ ਜੀ ! ਆਉ ਆਉ, ਜੀ ਆਇਆਂ ਨੂੰ। ਆਪਣੇ ਘਰ ਲਿਜਾ ਕੇ ਉਤਾਰ ਲੈਂਦੇ, ਆ ਜਾਉ ! ਆ ਜਾਉ। ੧੬।

***ਜੋ ਪਾਹੁਲ ਲੈ ਪੰਥ ਰਲੇ ਸੋ ਤਉ ਭਏ ਨਿਹਾਲ॥*** ਬਰਾੜ ਜਿਹੜੇ ਅੰਮ੍ਰਿਤ ਪਾਨ ਕਰਕੇ ਪੰਥ ਵਿਚ ਰਲ ਗਏ, ਉਹ ਤਾਂ ਨਿਹਾਲ ਹੋ ਗਏ, ਗੁਰੂ ਵਾਲੇ ਬਣ ਗਏ, ਇਕੋ ਹੀ ਭਾਈਚਾਰਾ ਬਣ ਗਿਆ।

***ਰਤਨ ਸਿੰਘ ਸੁਨ ਪਿਤਾ ਤੇ ਤੈਸੀ ਲਿਖੀ ਸੰਭਾਲ॥ ੧੭॥*** ਭਾਈ ਰਤਨ ਸਿਘ ਜੀ ਕਹਿੰਦੇ, ਸਾਡੇ ਪਿਤਾ ਜੀ ਉਸ ਸਮੇਂ ਨਾਲ ਸਨ, ਆਪਣੇ ਪਿਤਾ ਤੋਂ ਸੁਣ ਕੇ ਮੈਂ ਉਹ ਵਾਰਤਾ ਲਿਖ ਕੇ ਸੰਭਾਲ ਰੱਖੀ। ੧੭।

## ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ
## ਸਾਖੀ ਕਪੂਰੇ ਬਰਾੜ ਕੀ ਤੁਰੀ
### (ਕਪੂਰੇ ਦਾ ਫਾਹੇ ਲੱਗਣਾ)

***ਦੋਹਰਾ॥ਜੇ ਕੋ ਆਖੈ ਪ੍ਰਸ਼ਨ ਯਹ ਸਭ ਕਹੀ ਬਿਰਾੜਨ ਬਾਤ॥*** ਜੇ ਕੋਈ ਅਗੋਂ ਹਿਹ ਪ੍ਰਸ਼ਨ ਕਰੇ ਕਿ ਬਰਾੜਾਂ ਦੀ ਸਾਰੀ ਗੱਲ ਕਹਿ ਦਿੱਤੀ ਹੈ।

***ਸਤਿਗੁਰ ਬਚਨ ਫਾਹੈ ਭਯੋ ਕਿਤ ਮੁਯੋ ਕਪੂਰੋ ਭਾਤ॥ ੧॥*** ਸਤਿਗੁਰਾਂ ਵੱਲੋਂ ਕਪੂਰੇ ਨੂੰ ਫਾਹੇ ਲੱਗਣ ਦਾ ਬਚਨ ਹੋਇਆ ਸੀ, ਜਦੋਂ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਜੀ ਨੂੰ ਛੱਡ ਕੇ ਜੰਗਲ ਦੇਸ਼ ਨੂੰ ਆਏ ਸਨ। ਤਦ ਸਤਿਗੁਰੂ ਜੀ ਨੇ ਕਪੂਰੇ ਬਰਾੜ ਤੋਂ ਗੜ੍ਹੀ ਮੰਗੀ ਸੀ, ਉਹ ਇਨਕਾਰੀ ਹੋ ਗਿਆ ਸੀ ਕਿ ਮੈਂ ਨਹੀਂ ਗੜ੍ਹੀ ਦੇਣੀ। ੧।

***ਚੌਪਈ॥ਅਬੈ ਕਪੂਰੈ ਮੌਤ ਬਤਾਊਂ॥*** ਹੁਣ ਮੈਂ ਤੁਹਾਨੂੰ ਕਪੂਰੇ ਚੌਧਰੀ ਦੀ ਮੌਤ ਬਾਰੇ ਦਸਦਾ ਹਾਂ, ਕਿਵੇਂ ਹੋਈ।

***ਜਿਮ ਭਯੋ ਬਚਨ ਸੁ ਪ੍ਰਸੰਗ ਸੁਨਾਊਂ॥*** ਜਿਵੇਂ ਸਤਿਗੁਰੂ ਜੀ ਦਾ ਬਚਨ ਹੋਇਆ ਉਸ ਦੇ ਨਾਲ, ਉਹ ਪ੍ਰਸੰਗ ਸੁਣਾਉਂਦਾ ਹਾਂ।

***ਜਬ ਸਤਿਗੁਰ ਗਏ ਕੋਟਕਪੂਰੇ॥*** ਜਦੋ ਸਤਿਗੁਰ ਗੋਬਿੰਦ ਸਿੰਘ ਜੀ ਕੋਟ ਕਪੂਰੇ ਗਏ।

***ਮਿਲਯੋ ਕਪੂਰੋ ਦਿਲ ਕਰ ਊਰੇ॥ ੨॥*** ਕਪੂਰਾ ਦਿਲ ਥੋੜ੍ਹਾ ਕਰਕੇ ਮਿਲਿਆ ਸਤਿਗੁਰਾਂ ਨੂੰ ਸ਼ਰਧਾ ਰਹਿਤ ਦਿਲ ਨਾਲ। ੨।

***ਸਤਿਗੁਰ ਕਹਯੋ ਸੁਨ ਸਿੱਖ ਪਿਆਰੇ॥*** ਸਤਿਗੁਰੂ ਜੀ ਨੇ ਕਿਹਾ ਹੇ ਪਿਆਰੇ ਸਿੱਖ ਸੁਣ!।

***ਡੇਰਾ ਦਿਹੋ ਹਮ ਕਿਲ੍ਹੇ ਮੰਝਾਰੇ॥*** ਸਾਨੂੰ ਆਪਣਾ ਡੇਰਾ ਕਰਨ ਵਾਸਤੇ ਕਿਲ੍ਹਾ ਦਿਉ।

***ਤੁਰਕ ਆਵਤ ਹੈ ਹਮਰੀ ਗੈਲੇ॥*** ਸਤਿਗੁਰਾਂ ਨੇ ਕਿਹਾ ਤੁਰਕ ਸਾਡਾ ਪਿੱਛਾ ਕਰੀ ਆਉਂਦੇ ਹਨ।

***ਬਿਨਾ ਲੜੇ ਵਹਿ ਰਹੈਂ ਨ ਟੈਲੇ॥ ੩॥*** ਸਾਡੇ ਨਾਲ ਲੜੇ ਤੋਂ ਬਿਨਾ ਉਹਨਾਂ ਨੇ ਟਲਣਾ ਨਹੀਂ। ੩।

***ਬਿਨਾ ਗੜ੍ਹੀ ਲੜ ਸਕਿਅਤ ਨਾਹੀਂ॥*** ਬਿਨਾ ਕਿਲ੍ਹੇ ਤੋਂ ਲੜਿਆ ਨਹੀਂ ਜਾ ਸਕਦਾ।

***ਲੜੇ ਸ਼ੇਰ ਭੀ ਬੇਲੇ ਮਾਹੀਂ॥*** ਸ਼ੇਰ ਵੀ ਸੰਘਣੇਂ ਜੰਗਲ ਵਿਚ ਹੀ ਲੜਦਾ ਹੈ।

***ਮੱਧ ਗੜ੍ਹੀ ਹਮ ਕੋ ਤੂੰ ਵਾੜ॥*** ਇਸ ਵਾਸਤੇ ਕਪੂਰਿਆ ਸਾਨੂੰ ਗੜ੍ਹੀ ਵਿਚ ਉਤਾਰਾ ਦੇ, ਅਸੀਂ ਗੜ੍ਹੀ ਅੰਦਰ ਉਤਰਾਂਗੇ।

***ਤੁਰਕ ਲੜੈਂ ਈਹਾਂ ਜਾਵੈਂ ਹਾਰ॥ ੪॥*** ਜੇ ਤੁਰਕ ਏਥੇ ਆ ਕੇ ਸਾਡੇ ਨਾਲ ਲੜੇ, ਤਾਂ ਉਹ ਹਾਰ ਖਾ ਕੇ ਜਾਣਗੇ ਸਾਡੇ ਤੋਂ। ੪।

***ਸਭ ਰੱਯਤ ਹੁਇ ਤੁਮਰੀ ਆਇ॥*** ਸਾਰੀ ਤੇਰੀ ਹੀ ਪਰਜ਼ਾ ਹੋ ਜਾਏਗੀ, ਭਾਵ ਸਾਡੀ ਸੇਵਾ ਕਰਨ ਕਰਕੇ ਤੂੰ ਸਾਰੇ ਏਸ ਇਲਾਕੇ ਦਾ ਸਰਦਾਰ ਬਣ ਜਾਏਂਗਾ, ਤੇ ਸਾਰੇ ਲੋਕ ਤੇਰੀ ਪਰਜ਼ਾ ਬਣ ਜਾਣਗੇ।

***ਤੁਹਿ ਦੇਊਂ ਮੈਂ ਬਡ ਦੇਸ਼ ਲਾਇ॥*** ਬਹੁਤ ਵੱਡਾ ਦੇਸ਼ ਮੈਂ ਤੇਰੇ ਨਾਮ ਲਾ ਦੇਵਾਂਗਾ, ਤੇਰਾ ਵੱਡਾ ਰਾਜ ਕਰ ਦਿਆਂਗਾ।

***ਤਬੈ ਕਪੂਰੇ ਉੱਤਰ ਦਯੋ॥*** ਤਦ ਕਪੂਰੇ ਨੇ ਅੱਗੋਂ ਉੱਤਰ ਦਿੱਤਾ।

***ਉਸੀ ਬਚਨ ਤੇ ਉਸ ਮਰਨ ਭੁਯੋ॥ ੫॥*** ਉਸੇ ਬਚਨ ਕਰਨ ਤੋਂ ਉਸ ਦਾ ਮਰਨਾ ਹੋਇਆ। ੫।

***ਦੋਹਰਾ॥ਕਪੂਰੇ ਦਿਨ ਖੋਟੇ ਅਏ ਗਯੋ, ਸਿੱਖੀਓਂ ਬੇਮੁਖ ਹੋਇ॥*** ਕਪੂਰਾ ਸਿੱਖੀ ਤੋਂ ਬੇਮੁੱਖ ਹੋ ਗਿਆ, ਜਿਸ ਕਰਕੇ ਕਪੂਰੇ ਦੇ ਦਿਨ ਖੋਟੇ ਆ ਗਏ।

***ਬੇਈਮਾਨੀ ਚਿਤ ਠਈ, 'ਮਤ ਗੜ੍ਹੀ ਲਏ ਗੁਰ ਖੋਹਿ' ॥ ੬ ॥*** ਕਪੂਰੇ ਦੇ ਚਿੱਤ ਵਿਚ ਬੇਈਮਾਨੀ ਹੋ ਗਈ, ਕਿ ਮੈਂ ਜੇ ਇਨ੍ਹਾਂ ਨੂੰ ਗੜ੍ਹੀ ਵਿਚ ਵਾੜ ਲਿਆ, ਤਾਂ ਗੁਰੂ ਜੀ ਕਿਤੇ ਮੈਨੂੰ ਨਾ ਗੜ੍ਹੀ ਵਿੱਚੋਂ ਕੱਢ ਦੇਣ, ਗੜ੍ਹੀ ਖੋਹ ਲੈਣ ਮੈਥੋਂ। ੬।

***ਚੌਪਈ॥ਤਬੈ ਕਪੂਰੈ ਐਸੀ ਕਹੀ॥*** ਤਦ ਕਪੂਰੇ ਨੇ ਐਸੇ ਕਿਹਾ।

***ਹਮ ਤੁਰਕਨ ਕੈ ਬੰਦੇ ਅਹੀ॥*** ਮਹਾਰਾਜ ! 'ਅਸੀਂ ਤਾਂ ਤੁਰਕਾਂ ਦੇ ਬੰਦੇ ਹਾਂ।

***ਜੌ ਅਬ ਮੱਧ ਹਮ ਤੁਮ ਕੌ ਵਾੜੈਂ॥*** ਜੇ ਹੁਣ ਅਸੀਂ ਤੁਹਾਨੂੰ ਕਿਲ੍ਹੇ ਦੇ ਵਿਚ ਵਾੜ ਦੇਈਏ, ਗੜ੍ਹੀ ਦੇ ਵਿਚ ਉਤਾਰਾ ਦੇ ਦੇਈਏ।

***ਹਮ ਕੌ ਫੜ ਤੁਰਕ ਫਾਹੇ ਚਾੜ੍ਹੈਂ॥ ੭॥*** ਅਸੀਂ ਉਨ੍ਹਾਂ ਦੀ ਰਈਅਤ ਹਾਂ, 'ਤੁਰਕ ਸਾਨੂੰ ਫੜ ਕੇ ਫਾਹੇ ਚਾੜ੍ਹ ਦੇਣਗੇ'। ੭।

***ਤਬ ਸਤਿਗੁਰ ਸੁਨ ਬਚਨ ਉਚਾਰੇ॥*** ਸਤਿਗੁਰਾਂ ਨੇ ਦੇਖਿਆ ਕਪੂਰਾ ਅੰਦੋਰ ਕਾਲਾ ਹੈ, ਸਹੀ ਉੱਤਰ ਨਹੀਂ ਦਿੱਤਾ, ਤਦ ਸਤਿਗੁਰਾਂ ਨੇ ਕਪੂਰੇ ਨੂੰ ਸੰਬੋਧਨ ਹੋ ਕੇ ਬਚਨ ਉਚਾਰਿਆ।

***ਅਬ ਕਯਾ ਮਰੈਂ ਨ ਫਾਹੇ ਚਾੜ੍ਹੇ॥*** 'ਕੀ ਹੁਣ ਨਾ ਫਾਹੇ ਚੜ੍ਹ ਕੇ ਮਰੇਂਗਾ ਤੂੰ'?।

***ਸਿਖੀਓਂ ਭੀ ਬੇਮੁਖ ਹੁਇ ਮਰੈਂ॥*** ਹੁਣ ਤੂੰ ਸਿੱਖੀ ਤੋਂ ਵੀ ਬੇਮੁੱਖ ਹੋ ਕੇ ਮਰੇਂਗਾ, ਸਿੱਖੀ ਵੀ ਸਾਬਤ ਨਹੀਂ ਨਿਭ ਸਕਦੀ ਹੁਣ।

***ਤੌ ਭੀ ਤੂੰ ਫਾਹੇ ਚੜ੍ਹ ਮਰੈਂ॥ ੮॥*** ਤਾਂ ਵੀ ਤੂੰ ਫਾਹੇ ਚੜ੍ਹ ਕੇ ਮਰੇਂਗਾ। ੮।

***ਦੋਹਰਾ॥ਯੌਂ ਕਹਿੰ ਸਤਿਗੁਰ ਤੁਰ ਗਏ, ਦਿਨ ਭਏ ਕਿਤਿਕ ਬਿਤਾਇ॥*** ਇਉਂ ਕਹਿ ਕੇ ਸਤਿਗੁਰੂ ਜੀ ਉਥੋਂ ਤੁਰ ਕੇ ਅੱਗੇ ਚਲੇ ਗਏ ਖਿਦਰਾਣੇ ਦੀ ਢਾਬ ਨੂੰ, ਜਦੋਂ ਕੁਛ ਕੁ ਦਿਨ ਬਤੀਤ ਹੋਏ।

***ਜਿਮ ਚੜ੍ਹ ਫਾਹੈ ਸੋ ਮੁਯੋ, ਸੋ ਮੈਂ ਦਿਓਂ ਬਤਾਓ॥ ੯॥*** ਜਿਵੇਂ ਉਹ (ਕਪੂਰਾ) ਫਾਹੇ ਚੜ੍ਹ ਕੇ ਮਰਿਆ ਹੈ, ਮੈਂ ਉਹ ਵਾਰਤਾ ਦਸਦਾ ਹਾਂ। ੯।

***ਚੌਪਈ॥ਹਾਕਮ ਈਸਾਯੋ ਖਾਨ ਕਹਾਏ॥*** ਜਿਸ ਦੇ ਨਾਮ 'ਤੇ ਅੱਜ ਕੋਟ ਈਸੇ ਖ਼ਾਂ ਹੈ, ਕੋਟ ਕਪੂਰੇ ਦੇ ਨਾਲ ਲਗਦੇ ਇਲਾਕੇ ਦਾ ਈਸਾਂ ਖ਼ਾਂ ਹਾਕਮ ਕਹਾਉਂਦਾ ਸੀ।

***ਮੰਜ ਰੰਘੜ ਤਿਨ ਕੋਟ ਬਨਾਏ॥*** ਈਸਾ ਖ਼ਾਂ ਮੰਜ ਰੰਘੜ ਨੇ ਉਥੇ ਕੋਟ ਬਣਾਇਆ ਸੀ। (ਕੋਟ ਈਸੇ ਖ਼ਾਂ)

***ਹੋਨੀ ਨੇੜੇ ਕਪੂਰੇ ਆਈ॥*** ਕੁਦਰਤੀਂ ਕਪੂਰੇ ਦੀ (ਹੋਨੀ) ਮੌਤ ਨੇੜੇ ਆ ਗਈ।

***ਦੀਏ ਘੋੜੇ ਉਨ ਈਸੇ ਮੁਲਵਾਈ॥ ੧੦॥*** ਕਪੂਰਾ ਘੋੜਿਆਂ ਦਾ ਸੁਦਾਗਰ ਸੀ, ਘੋੜਿਆਂ ਦਾ ਵਪਾਰ ਕਰਦਾ ਹੁੰਦਾ ਸੀ। ਉਸ ਨੇ ਈਸੇ ਖ਼ਾਂ ਨੂੰ ਘੋੜੇ ਮੁੱਲ ਨੂੰ ਦੇ ਦਿੱਤੇ। ੧੦।

***ਈਸੇ ਟੋਂਬੂ ਉਸ ਦੁਆਬੈ ਕੀਆ॥*** ਈਸੇ ਖ਼ਾਂ ਨੇ ਘੋੜਿਆਂ ਦਾ ਮੁੱਲ (ਟੋਂਬੂ)ਹੁੰਡੀ, ਉਸ ਨੂੰ ਦੁਆਬੇ ਦਾ ਮਾਮਲਾ ਉਗਰਾਹ ਕੇ ਦੇਣ ਦਾ ਇਕਰਾਰ ਕੀਤਾ।

***ਲੈਣ ਦਾਮ ਵਹਿ ਪਾਰੈ ਥੀਆ॥*** ਮਾਮਲਾ ਲੈਣ ਵਾਸਤੇ ਈਸੇ ਖ਼ਾਂ ਦਰਿਆ ਤੋਂ ਪਾਰ ਗਿਆ,ਉਥੇ ਹੀ ਉਸ ਦੇ ਪਿੱਛੇ ਕਪੂਰਾ ਚਲਾ ਗਿਆ, ਆਪਣੇ ਘੋੜਿਆਂ ਦਾ ਮੁੱਲ ਲੈਣ ਵਾਸਤੇ।

***ਉਸੇ ਹੋਣੀ ਨੈ ਆਨ ਦਬਾਯਾ॥*** ਉਸ (ਕਪੂਰੇ) ਨੂੰ (ਹੋਣੀ) ਮੌਤ ਨੇ ਆਣ ਦਬਾਇਆ।

***ਉਸੇ ਪਾਪ ਦਿਲ ਅੰਦਰ ਆਯਾ॥ ੧੧॥*** ਉਸ (ਕਪੂਰੇ) ਦੇ ਦਿਲ ਵਿਚ ਪਾਪ ਆ ਗਿਆ। ੧੧।

***ਸੱਦ ਚੋਰ ਦਏ ਊਹਾਂ ਲਾਇ॥*** ਜਿਥੇ ਉਹ ਉਗਰਾਹੀ ਕਰ ਰਹੇ ਸਨ ਈਸੇ ਖ਼ਾਂ ਹੋਰੀਂ ਆਪਣੇ ਇਲਾਕੇ ਦੁਆਬੇ ਵਿਚ, ਉਗਰਾਹੀ ਇਕੱਠੀ ਕਰਕੇ ਇਕ ਥਾਂ ਰੱਖੀ ਜਾਂਦੇ ਸਨ। ਕਪੂਰੇ ਨੇ ਆਪਣੇ ਇਲਾਕੇ ਦੇ ਮੰਨੇ-ਪ੍ਰਮੰਨੇ ਚੋਰ ਸੱਦ ਕੇ ਉਥੇ ਲਾ ਦਿੱਤੇ ਚੋਰੀ ਕਰਨ ਵਾਸਤੇ।

***ਲਈ ਮਾਰਿ ਸ਼ਾਹਿ ਦਰਬ ਕਢਾਇ॥*** ਜਿਹੜੇ ਪਹਿਰੇਦਾਰ ਉਸ ਧਨ ਦੀ ਰਾਖੀ ਕਰਦੇ ਸਨ, ਉਨ੍ਹਾਂ ਨੂੰ ਮਾਰ ਲਿਆ ਕਪੂਰੇ

ਦੇ ਭੇਜੇ ਹੋਏ ਚੋਰਾਂ ਨੇ ਅਤੇ ਸ਼ਾਹੀ ਉਗਰਾਹੀ ਦਾ ਧਨ ਕੱਢ ਲਿਆ।

***ਸੋ ਬਹੁ ਪ੍ਰਗਟੀ ਸਿਰ ਉਸ ਆਈ॥*** ਖੋਜ ਕੱਢਿਆ, ਕਿ ਪੈੜ ਚੋਰਾਂ ਦੀ ਕਿਧਰ ਨੂੰ ਗਈ, ਉਹ ਕਪੂਰੇ ਦੇ ਡੇਰੇ ਨੂੰ ਆ ਗਈ, ਉਹ ਚੋਰੀ ਕਪੂਰੇ ਦੇ ਸਿਰ ਆ ਪ੍ਰਗਟ ਹੋਈ। ਚੋਰੀ ਦਾ ਦੋਸ਼ ਕਪੂਰੇ ਦੇ ਸਿਰ ਸਾਬਤ ਹੋ ਗਿਆ ਕਿ ਚੋਰੀ ਕਪੂਰੇ ਨੇ ਕਰਵਾਈ ਹੈ।

***ਹੋਣੀ ਹੋਇ ਬੋਲੀ ਮੁਹਰਖਾਈ॥ ੧੨॥*** ਜਦੋਂ ਹੋਣੀ ਕਿਸੇ ਦੀ ਆ ਜਾਂਦੀ ਹੈ, ਤਾਂ ਉਹ ਮੂੰਹ ਚੜ੍ਹ ਕੇ ਬੋਲਦੀ ਹੈ। ੧੨।

***ਵਾਕ ਸਤਿਗੁਰ ਕੋ ਨਹਿੰ ਜਾਇ ਖਾਲੀ॥*** ਸਤਿਗੁਰਾਂ ਦਾ ਬਚਨ ਹੋਇਆ ਸੀ, "ਤੂੰ ਫਾਹੇ ਲੱਗ ਕੇ ਮਰੇਂਗਾ ਕਪੂਰਿਆ ਕਤੂਰਿਆ" ਸਤਿਗੁਰੂ ਜੀ ਦਾ ਬਚਨ ਖਾਲੀ ਨਹੀਂ ਜਾਂਦਾ।

***ਧ੍ਰੂਵ ਧਵਲ ਧਰਤੀ ਜਾਇ ਹਾਲੀ॥*** ਧ੍ਰੂੰ, (ਧਵਲ) ਧੌਲ ਜੋ ਧਰਤੀ ਦੇ ਹੇਠਾਂ ਖੜ੍ਹਾ ਹੈ ਅਤੇ ਧਰਤੀ ਹਿਲ ਸਕਦੀ ਹੈ ਆਪ ਦੇ ਟਿਕਾਣੇ ਤੋਂ, ਪਰ ਸਤਿਗੁਰੂ ਜੀ ਦਾ ਬਚਨ ਅਟੱਲ ਹੈ।

***ਸੋ ਈਸੈ ਖਾਂ ਪਕੜ ਮੰਗਾਯੋ॥*** ਉਸ (ਕਪੂਰੇ) ਨੂੰ ਈਸਾ ਖ਼ਾਂ ਨੇ ਪਕੜ ਆਪਣੇ ਕੋਲ ਮੰਗਵਾ ਲਿਆ।

***ਯੌਂ ਕਹਿਕੇ ਉਸ ਫਾਹੈ ਚੜ੍ਹਵਾਯੋ॥ ੧੩॥*** ਈਸੇ ਖ਼ਾਂ ਨੇ ਇਉਂ ਕਹਿ ਕੇ ਫਾਹੇ ਚੜ੍ਹਵਾ ਦਿੱਤਾ ਹੈ ਕਪੂਰੇ ਨੂੰ। ੧੩।

***ਦੋਹਰਾ॥ਇਸੈ ਗੁਰੂ ਕੇ ਵਾਕ ਥੋ ਫਾਹੈ ਮੌਤ ਹੋਇ ਯਾਹਿ॥*** ਇਸ ਦੇ ਗੁਰੂ ਦਾ (ਵਾਕ) ਹੁਕਮ ਸੀ, ਇਸ ਦੀ ਮੌਤ (ਤੁਰਕਾਂ ਦੇ ਹੱਥੋਂ) ਫਾਹੇ ਚੜ੍ਹ ਕੇ ਹੋਵੇਗੀ।

***ਔਰ ਕਿਸੂ ਕੋ ਦੋਸ਼ ਨਹਿੰ ਸੋਊ ਫੁਰਿਓ ਆਹਿ॥ ੧੪॥*** ਹੋਰ ਕਿਸੇ ਦਾ ਕਿਸੇ ਦੋਸ਼ ਨਹੀਂ ਹੈ, ਸਤਿਗੁਰੂ ਜੀ ਦਾ ਜੋ ਮੁਖੋਂ ਵਾਕ ਨਿਕਲਿਆ ਸੀ ਉਹ ਹੀ ਫੁਰਿਆ ਹੈ ਆ ਕੇ। ੧੪।

***ਪਿੰਡ ਰੌਣੀ ਮਧ ਉਸ ਟੰਗਯੋ ਭਯੋ ਕਪੂਰੈ ਨਾਸ਼॥*** ਜਿਥੇ ਈਸੇ ਖ਼ਾਂ ਦਾ ਕੋਟ ਹੈ, ਜਿਥੇ ਰੌਣੀ ਹੈ, ਰੌਣੀ ਕਹਿੰਦੇ ਹਨ ਖਾਈ ਨੂੰ, ਅੱਜ ਵੀ ਕਪੂਰੇ ਦੀ ਸਮਾਧ ਬਣੀ ਹੋਈ ਹੈ ਉਥੇ, ਫਾਂਸੀ ਟੰਗ ਦਿੱਤਾ ਇਉਂ ਕਪੂਰੇ ਦਾ ਨਾਸ ਹੋਇਆ।

***ਰਤਨ ਸਿੰਘ ਤਿਮ ਹੀ ਲਿਖੀ ਜਿਮ ਸੁਨੀ ਬ੍ਰਿਧਨ ਕੈ ਪਾਸ॥ ੧੫॥*** (ਮੈਂ) ਰਤਨ ਸਿੰਘ ਨੇ ਜਿਵੇਂ ਇਹ ਸਾਖੀ ਬਜ਼ੁਰਗਾਂ ਪਾਸੋਂ ਸੁਣੀ ਹੈ, ਉਵੇਂ ਹੀ ਲਿਖ ਦਿੱਤੀ ਹੈ। ੧੫।

***੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਪੰਥ ਪ੍ਰਕਾਸ ਗ੍ਰੰਥੇ॥***

## ਸਾਖੀ ਮੋਰੰਡੇ ਕਤਲ ਕੀ

### (ਮੁਰੰਡੇ ਦੇ ਰੰਘੜਾਂ ਦੀ ਸੋਧ)

***ਦੋਹਰਾ॥ਅਠਾਰਾਂ ਸੈਅ ਅਠਾਰਵੇਂ ਘੱਲੂਘਾਰੇ ਸਾਲ॥*** ਸੰਮਤ ਬਿਕ੍ਰਮੀ ਅਠਾਰਾਂ ਸੌ ਅਠਾਰਾਂ (੧੮੧੮) ਜਦੋਂ ਵੱਡਾ ਘੱਲੂਘਾਰਾ ਹੋਇਆ ਹੈ।

***ਲੂਟ ਬਿਰਾੜਨ ਕੋ ਤਬੈ ਚੜ੍ਹਯੋ ਖਾਲਸੋ ਰਾਲ॥ ੧॥*** ਬਰਾੜਾਂ ਨੂੰ ਲੁੱਟ-ਪੁੱਟ ਕੇ ਸਮਝਾ ਕੇ ਠੀਕ ਕਰਕੇ ਤਦ ਖਾਲਸਾ ਰਲ ਕੇ ਫਿਰ ਚੜ੍ਹਿਆ ਹੈ ਕਿਸੇ ਪਾਸੇ ਨੂੰ। ੧।

***ਚੌਪਈ॥ਆਲਾ ਸਿੰਘ ਪਹਿ ਸਿੰਘਨ ਆਯੋ॥*** ਸਿੰਘਾਂ ਦੇ ਕੋਲ ਬਾਬਾ ਆਲਾ ਸਿੰਘ ਆਇਆ ।

***ਸਾਥ ਫੂਲਾਇਣ ਸੋ ਲੈ ਧਾਯੋ॥*** ਆਪਣੇ ਨਾਲ ਫੂਲ ਕੇ ਭਾਈਚਾਰੇ ਨੂੰ, ਫੂਲਵੰਸ਼ ਵਾਲਿਆਂ ਨੂੰ ਲੈ ਕੇ ਧਾਇਆ ਹੈ।

***ਸਾਥ ਭਾਈਕੇ ਲਏ ਚੜ੍ਹਾਈ॥*** ਭਾਈ ਕੇ ਚੱਕ ਵਾਲਿਆਂ ਅਤੇ ਭਾਈ ਘੁੱਦੇ ਵਾਲਿਆਂ ਨੂੰ ਆਪਣੇ ਨਾਲ ਚੜ੍ਹਾ ਲਿਆਂਦਾ ਹੈ।

***ਬੁੱਢਾ ਸਿੰਘ ਗੁਰਬਖ਼ਸ਼ ਸਿੰਘ ਥਾਈ॥ ੨॥*** ਭਾਈ ਘੁੱਦੇ ਵਾਲੇ ਬੁੱਢਾ ਸਿੰਘ ਅਤੇ ਭਾਈ ਕੇ ਚੱਕ ਵਾਲੇ ਭਾਈ ਗੁਰਬਖ਼ਸ਼ ਸਿੰਘ ਜੀ। ਜੋ ਬਠਿੰਡੇ ਦੇ ਰਾਜੇ ਸਨ। ੨।

***ਮਲੇਰ ਮਾਰਨ ਉਨ ਦਈ ਸਲਾਹੇ॥*** ਉਨ੍ਹਾਂ ਨੇ ਸਲਾਹ ਦਿੱਤੀ ਕਿ ਮਲੇਰ ਕੋਟਲਾ ਮਾਰੀਏ, ਇਹ ਨੇੜੇ ਅਤੇ ਦੁਖਦਾਈ ਹੈ ਖਾਲਸੇ ਨੂੰ।

***ਪਠਾਣ ਮਲਵਈਅਨ ਬੈਰ ਸੁ ਥਾਏ॥*** ਇਨ੍ਹਾਂ ਮਲਵਈਆਂ ਅਤੇ ਮਲੇਰ ਕੋਟਲੇ ਵਾਲਿਆਂ ਦਾ ਆਪਸ ਵਿਚ ਵੈਰ ਸੀ। ਮਲੇਰ ਕੋਟਲੇ ਵਾਲੇ ਪਠਾਣ ਉਨ੍ਹਾਂ ਦੇ ਪਸ਼ੂ ਢਾਂਡੇ, ਗਊਆ, ਮਹੀਆਂ ਦੇ ਵੱਗ ਏਧਰੋਂ ਆ ਕੇ ਲੈ ਜਾਂਦੇ ਸੀ ਮਲੇਰ ਕੋਟਲੀਏ ਅਤੇ ਆਪਣੇ ਦੇਸ਼ ਵਿਚ ਜਾ ਕੇ ਗਊਆਂ ਆਦਿਕ ਮਾਰ ਕੇ ਖਾ ਜਾਂਦੇ ਸੀ ਕਿ ਸਾਡੇ ਗਊਆਂ ਮੱਝਾਂ ਦੇ ਵੱਗ ਧੱਕੇ-ਧੱਕੀ ਕਿਉਂ ਲੈ ਜਾਂਦੇ ਖੋਹ ਕੇ। ਇਸ ਕਰਕੇ ਖਾਲਸੇ ਨੂੰ ਇਨ੍ਹਾਂ ਨੇ ਸਲਾਹ ਦਿੱਤੀ ਕਿ ਆਉ ਖਾਲਸਾ ਜੀ ! ਪਹਿਲਾਂ ਇਨ੍ਹਾਂ ਨੂੰ ਸੋਧੀਏ।

***ਦੌੜ ਚੁਤਰਫੋਂ ਲੂਟ ਮਚਾਹਿਂ॥*** ਚਾਰੋਂ (ਤਰਫੋਂ) ਪਾਸਿਆਂ ਤੋਂ ਦੌੜ ਕੇ ਖਾਲਸੇ ਨੇ ਉਨ੍ਹਾਂ ਦੇ ਇਲਾਕੇ ਵਿਚ ਮਚਾ ਦਿੱਤੀ।

***ਮੁਲਕ ਮਾਰ ਉਨ ਤੁਰੇ ਅਗਾਹਿਂ॥ ੩॥*** ਉਨ੍ਹਾਂ ਮਲੇਰ ਕੋਟਲੀਆਂ ਪਠਾਣਾਂ ਦਾ ਮੁਲਕ ਮਾਰ ਕੇ ਖਾਲਸਾ ਅਗਾਂਹ ਤੁਰ ਪਿਆ, ਖ਼ਾਲਸੇ ਨੂੰ ਮਲੇਰ ਕੋਟਲੀਏ ਪਠਾਣਾਂ 'ਤੇ ਰੰਜ ਸੀ, ਵੱਡੇ ਘੱਲੂਘਾਰੇ ਵੇਲੇ ਮਲੇਰ ਕੋਟਲੇ ਵਾਲਿਆਂ ਪਠਾਣਾਂ ਨੇ ਗ਼ਿਲਜ਼ਿਆਂ ਦੀ ਪੂਰੀ ਮਦਦ ਕੀਤੀ ਸੀ, ਅਹਿਮਦਸ਼ਾਹ ਅਬਦਾਲੀ ਦੀ, ਏਸ ਕਰਕੇ ਸਿੰਘਾਂ ਨੂੰ ਵੀ ਰੋਸ ਸੀ ਤੇ ਮਲਵਈਆਂ ਨੂੰ ਵੀ ਰੋਸ ਸੀ ਕਿ ਰੋਜ਼-ਰੋਜ਼ ਤੰਗ ਕਰਦੇ ਸਾਨੂੰ, ਇਉਂ ਸਿੰਘਾਂ ਤੇ ਮਲਵਈਆਂ ਨੇ ਆਪੋ ਆਪਣਾ ਵੈਰ ਮਲੇਰ ਕੋਟਲੀਆਂ ਤੋਂ ਚੰਗੀ ਤਰ੍ਹਾਂ ਕੱਢਿਆ। ੩

***ਸਿੰਘ ਤੁਰੇ ਸਰਹੰਦੈ ਦਾਇ॥*** ਸਰਹੰਦ ਦੀ ਤਰਫ਼ ਨੂੰ ਤੁਰੇ ਹਨ ਸਿੰਘ।

***ਦੇਖ ਬਾਗ ਮੁੜ ਆਏ ਧਾਇ॥*** ਸਿੰਘ ਸਰਹੰਦ ਦੇ ਬਾਗਾਂ ਨੂੰ ਦੇਖ ਕੇ ਵਾਪਸ ਹੱਲਾ ਕਰ ਕੇ ਮੁੜ ਆਏ ਸਨ।

***ਹੁਤੀ ਫੌਜ ਜੋ ਸ਼ਹਿਰ ਸੁ ਮਾਂਹਿ॥*** ਜੋ ਸਰਹੰਦ ਸ਼ਹਿਰ ਦੇ ਕਿਲ੍ਹੇ ਵਿਚ ਫ਼ੌਜ ਸੀ।

***ਸਿੰਘਨ ਭੈ ਤੇ ਨਿਕਸੀ ਨਾਹਿ॥ ੪॥*** ਉਨ੍ਹਾਂ ਸਰਹੰਦ ਵਾਲਿਆਂ ਨੂੰ ਪਤਾ ਸੀ ਕਿ ਇਹ ਉਹੀ ਖਾਲਸਾ ਹੈ, ਜਿਨ੍ਹਾਂ ਨੇ ਘੱਲੂਘਾਰੇ ਵਿਚ ਸਾਨੂੰ ਚੰਗਾ ਸਬਕ ਸਿਖਾਇਆ ਸੀ, ਇਸ ਕਰਕੇ ਸਰਹੰਦ ਵਾਲੀ ਫ਼ੌਜ ਦੜੀ ਰਹੀ। ਭੈ ਖਾ ਕੇ ਨਿਕਲੇ ਹੀ ਨਾ ਸਿੰਘਾਂ ਨਾਲ ਮੁਕਾਬਲਾ ਕਰਨ। ੪।

***ਸਿੰਘਲ ਲੀਨੋ ਉਸ ਲਖਿ ਜ਼ੋਰ॥*** ਸਿੰਘਾਂ ਨੇ ਉਨ੍ਹਾਂ ਦਾ ਜ਼ੋਰ ਵੇਖ ਲਿਆ ਕਿ ਹੁਣ ਅਬਦਾਲੀ ਏਥੇ ਹੈ ਨਹੀਂ ਹੁਣ ਇਹ ਆਪਣੇ ਨਾਲ ਲੜ ਨਹੀਂ ਸਕਦੇ।

***ਭਯੋ ਖਾਲਸੋ ਔਰੈ ਤੌਰ॥*** ਉਨ੍ਹਾਂ ਦੀ ਤਾਕ਼ਤ ਵੇਖ ਕੇ ਸਿੰਘਾਂ ਦਾ ਤੌਰ ਤਰੀਕਾ ਹੀ ਹੋਰ ਹੋ ਗਿਆ ਕਿ ਹੁਣ ਇਹ ਦਬੇ ਹੋਏ ਨੇ ਸਾਥੋਂ, ਕਰੀਏ ਜਿਵੇਂ ਕਰੀਦੀ ਹੁੰਦੀ ਹੈ ਇਨ੍ਹਾਂ ਨਾਲ।

***ਆਖੈ ਖਾਲਸੋ ਸਸੋ ਦੁੜਾਯੋ॥*** ਸਿੰਘਾਂ ਨੇ ਕਿਹਾ (ਸਸੋ) ਸਹਾ, ਖ਼ਰਗੋਸ਼ ਭਜਾਇਆ ਹੈ।

***ਮਾਰਯੋ ਫਿਰ ਅਬ ਫਰੋ ਪਾਯੋ॥ ੫॥*** ਜਦੋਂ ਉਸ ਦਾ ਸ਼ਿਕਾਰ ਕਰਨਾ ਹੋਇਆ, ਉਸ ਸਹੇ ਨੂੰ ਫਿਰ ਮਾਰਿਓ, ਹੁਣ ਤਾਂ ਫੇਰਾ ਹੀ ਪਾਇਆ ਹੈ, ਉਨਾਂ ਚਿਰ ਗੇੜਾ ਦੇ ਲਵੋ ਚਾਰ-ਚੁਫੇਰੇ। ੫।

ਦੋਹਰਾ॥***ਸਿੰਘਨ ਮੁਲਖੱਯੇ ਸਦ ਪੁਛੇ ਜੋ ਸਿੰਘ ਉਹਾਂ ਥੋਇ॥*** ਜੋ ਉਸ ਮੁਲਕ ਭਾਵ ਇਲਾਕੇ ਵਿਚ ਸਿੰਘ ਰਹਿੰਦੇ ਸਨ, ਉਨ੍ਹਾਂ ਨੂੰ ਸੱਦ ਕੇ ਸਿੰਘਾਂ ਨੇ ਪੁੱਛਿਆ।

***ਦਸ ਦੁਸ਼ਟ ਮਰਵਾਓ ਖਾਲਸੇ ਆਗੂ ਹੋਏ ਦਸੋਇ॥ ੬॥*** ਕਿ ਤੁਸੀਂ ਅੱਗੇ ਹੋ ਕੇ ਦੱਸੋ ਉਸ ਦੁਸ਼ਟ ਦਾ ਪਤਾ, ਜਿਸ ਨੇ ਸਤਿਗੁਰਾਂ ਨਾਲ ਵੈਰ ਕੀਤਾ ਹੋਵੇ, ਗੁਰੂ ਘਰ ਦਾ ਦੋਖੀ ਹੋਵੇ, ਹੁਣ ਖਾਲਸਾ ਆਇਆ ਹੋਇਆ ਹੈ ਏਸ ਇਲਾਕੇ ਵਿਚ, ਆਗੂ ਹੋ ਕੇ ਦੱਸੋ ਉਸ ਦੁਸ਼ਟ ਵਾਰੇ, ਖਾਲਸੇ ਤੋਂ ਮਰਵਾਓ ਉਸ ਦੁਸ਼ਟ ਨੂੰ। ੬।

***ਦੋਹਰਾ॥ ਘੜੂੰਏਂਵਾਲ ਔ ਸਲੌਦੀਵਾਲ॥*** ਘੜੂਏਂ ਵਾਲੇ ਸਿੰਘ ਅਤੇ ਸਿੰਘਾਂ ਦੀ ਸਲੌਦੀ ਵਾਲੇ ਜਿਹੜੇ ਸਿੰਘ ਸਨ।

***ਹੁਤੈ ਕਦੀਮੀ ਸਿੰਘਨ ਨਾਲ॥*** ਉਹ ਮੁੱਢ-ਕਦੀਮਾਂ ਤੋਂ ਹੀ ਸਿੰਘਾਂ ਨੇ ਨਾਲ ਸਨ।

***ਉਨ ਦੋਇਨ ਮਿਲ ਇਮ ਗਲ ਕਹੀ॥*** ਉਨ੍ਹਾਂ ਦੋਹਾਂ ਪਿੰਡਾਂ ਦੇ ਸਿੰਘਾਂ ਨੇ ਮਿਲ ਕੇ ਇਉਂ ਗੱਲ ਆਖੀ ਖਾਲਸੇ ਪੰਥ ਨੂੰ।

***ਦੁਸ਼ਟਨ ਸਿਰ ਦੁਸ਼ਟ ਮੁਰੰਡੌ ਅਹੀ॥ ੭॥*** ਦੁਸ਼ਟਾਂ ਦੇ ਸਿਰ ਦੁਸ਼ਟ, ਵੱਡਾ ਦੁਸ਼ਟ ਮੋਰਿੰਡਾ ਹੈ, ਇਸ ਨੂੰ ਨਹੀਂ ਹੱਥ ਵਿਰਿਆ ਖਾਲਸੇ ਦਾ, ਇਹ ਅਜੇ ਬਚਿਆ ਹੋਇਆ ਹੈ। ੭।

***ਸਾਹਿਬਜ਼ਾਦੇ ਜਿਨੈਂ ਫੜਾਏ॥*** ਸਾਹਿਬਜ਼ਾਦਿਆਂ ਨੂੰ ਜਿਨ੍ਹਾਂ ਦੁਸ਼ਟਾਂ ਫੜਾਇਆ ਸੀ।

***ਤਊ ਬਜੀਰੇ ਨੈ ਥੇ ਘਾਏ॥*** ਤਾਂ ਹੀ ਵਜ਼ੀਦ ਖ਼ਾਂ ਨੇ ਸਾਹਿਬਜ਼ਾਦਿਆਂ ਨੂੰ ਮਾਰਿਆ ਸੀ।

***ਯਹ ਦੋਨਨ ਨੈ ਦਈ ਸਲਾਹਿ॥*** ਇਨ੍ਹਾਂ ਦੋਹਾਂ ਘੜੂੰਏ ਵਾਲੇ ਤੇ ਸਲੌਦੀ ਵਾਲੇ ਸਿੰਘਾਂ ਨੇ ਸਲਾਹ ਦਿੱਤੀ ਖਾਲਸੇ ਨੂੰ।

***'ਮਾਰੋ ਯਾਹਿ ਅਬ ਛਾਡੋ ਨਾਂਹਿ'॥ ੮॥*** ਖਾਲਸਾ ਜੀ ! ਉਨ੍ਹਾਂ ਦੁਸ਼ਟਾਂ ਨੂੰ ਮਾਰੋ ਹੁਣ ਨਾ ਛੱਡੋ। ੮।

***ਜੱਸਾ ਸਿੰਘ ਕਛੂ ਚਹੈ ਟਲਾਯਾ॥*** ਜੱਸਾ ਸਿੰਘ (ਜ:ਬੁੱਢਾ ਦਲ) ਕੁਛ ਸਮਾਂ ਟਾਲਣਾ ਚਾਹੁੰਦਾ ਸੀ ਕਿ ਫਿਰ ਵੱਡੀ ਲੜਾਈ ਨਾ ਕਿਤੇ ਲੱਗ ਜਾਂਦੀ ਹੋਵੇ।

***ਗਿਲਜਨ ਢਿਗ ਕਰ ਚਹੈ ਸੰਕਾਯਾ॥*** ਨੇੜੇ ਸਰਹੰਦ ਵਿੱਚ ਫ਼ੌਜ ਬੈਠੀ ਹੈ ਗਿਲਜਿਆਂ ਦੀ, ਏਸ ਕਰਕੇ ਸੰਕੋਚ ਕਰਨਾ ਚਹੁੰਦਾ ਸੀ।

***ਜੌ ਸੰਝ ਲੌ ਯਹ ਤੁਟੈ ਨ ਗ੍ਰਾਮ॥*** ਜੇ ਸੰਧਿਆ ਤੱਕ ਇਹ ਨਗਰ ਨਾ ਤੋੜ ਸਕੇ ਅਸੀਂ, ਨਾ ਫਤੇ ਪਾ ਸਕੇ ਇਸ ਦੇ ਉੱਤੇ।

***ਗਿਲਜੇ ਰਾਤ ਹੋਇ ਵਿਚ ਦਾਮ॥ ੯॥*** ਜੇ ਰਾਤ ਪੈ ਗਈ ਤਾਂ ਗਿਲਜੇ ਨਾ ਇਕੱਠੇ ਹੋ ਕੇ ਆ ਜਾਣ ਇਹਨਾਂ ਦੀ ਮਦਦ 'ਤੇ। ੯।

***ਉਨ ਕੀ ਮੌਤ ਆਨ ਭਈ ਨੇਰੇ॥*** ਉਨ੍ਹਾਂ ਮੋਰਿੰਡੇ ਵਾਲਿਆਂ ਦੀ ਮੌਤ ਨੇੜੇ ਆ ਗਈ।

***ਕੌਨ ਸਕੇ ਉਨ ਹੋਣੀ ਫੇਰੇ॥*** ਉਨ੍ਹਾਂ ਦੀ (ਹੋਣੀ) ਮੌਤ ਨੂੰ ਕੌਣ ਮੋੜ ਸਕਦਾ ਸੀ

***ਵਹਿ ਹੋਣੀ ਥੀ ਇਮ ਹੀ ਗੱਲ॥*** ਉਹ ਤਾਂ ਇਸ ਤਰ੍ਹਾਂ ਗੱਲ ਹੋਣੀ ਸੀ।

***ਅਕਾਲੋ ਬਹੀਰ ਭਯੋ ਓਧਰੇ ਚੱਲ॥ ੧੦॥*** ਅਕਾਲ ਪੁਰਖ ਦੇ ਹੁਕਮ ਨਾਲ ਬਹੀਰ ਦਾ ਚਾਲਾ ਹੀ ਉਧਰ ਨੂੰ ਹੋ ਗਿਆ ਹੈ, ਮੋਰਿੰਡੇ ਨੂੰ ਤੁਰ ਪਿਆ ਸਾਰਾ ਖਾਲਸਾ। ੧੦।

***ਦੋਹਰਾ॥ਜੋ ਹੋਣੀ ਸੋ ਹੋਤ ਹੈ ਜਿਤ ਕਿਤ ਤਿਤ ਤਤਬੀਰ॥*** ਕੋਈ ਤਰੀਕਾ ਬਣੇ ਉਥੇ ਹੋਣੀ ਵਰਤ ਕੇ ਰਹਿੰਦੀ ਹੈ, ਜਦੋਂ ਹੋਣੀ ਆ ਜਾਏ ਫਿਰ ਉਹ ਭਾਣਾ ਵਰਤ ਹੀ ਜਾਂਦਾ ਹੈ।

***ਸਮੋ ਪਹੁੰਚਯੋ ਆਨ ਤੌ, ਮੋਰੰਡਨ ਰੰਘੜਣ ਅਖੀਰ॥ ੧੧॥*** ਮੋਰਿੰਡੇ ਵਾਲੇ ਰੰਘੜਾਂ ਦੀ ਜ਼ਿੰਦਗੀ ਦਾ ਆਖ਼ਰੀ ਸਮਾਂ ਨੇੜੇ ਆ ਗਿਆ। ੧੧।

***ਚੌਪਈ॥ਚਲੇ ਚੁੱਪ ਕਰ ਤਿਸਹੀ ਰਾਹਿ॥*** ਚੁੱਪ-ਚਪੀਤੇ ਸਿੰਘ ਉਸੇ (ਮੋਰਿੰਡੇ) ਦੇ ਰਾਹ ਪੈ ਗਏ।

***ਨਹਿ ਪਿਲਚਨ ਕੀ ਥੀ ਯੌ ਸਲਾਹਿ॥*** ਖਾਲਸੇ ਦੀ ਅਜੇ (ਮੋਰਿੰਡੇ ਵਿਚ) ਉਅਝਣ ਦੀ ਕੋਈ ਸਲਾਹ ਨਹੀਂ ਸੀ, ਅਜੇ ਵਿਚਾਰ ਹੀ ਨਹੀਂ ਸੀ ਹੋਇਆ।

***ਘੜੂਅਨ ਵਾਰਨ ਫੇਰ ਚਿਤਾਰੀ॥*** ਘੜੂੰਏ ਵਾਲੇ ਸਿੰਘਾਂ ਨੇ ਗੱਲ ਫਿਰ ਯਾਦ ਕਰਵਾਈ।

***ਤੌ ਭੀ ਕਿਸੈ ਨ ਗਲ ਚਿਤ ਧਾਰੀ॥ ੧੨॥*** ਉਨ੍ਹਾਂ ਸਿੰਘਾਂ ਨੇ ਬਥੇਰਾ ਆਖਿਆ ਕਿ ਸਾਹਿਬਜ਼ਾਦਿਆਂ ਨੂੰ ਫੜਾਉਣ ਵਾਲਾ

ਪਿੰਡ ਏਹੀ ਹੈ, ਇਹ ਟਲੇ ਜਾਂਦੇ ਸਨ, ਤਾਂ ਵੀ ਕਿਸੇ ਨੇ ਉਨ੍ਹਾਂ ਸਿੰਘਾਂ ਦੀ ਗੱਲ ਚਿੱਤ ਵਿਚ ਨਾ ਲਿਆਂਦੀ, ਉਨ੍ਹਾਂ ਦੀ ਗੱਲ ਅਣਗੌਲੀ ਕਰ ਦਿੱਤੀ, ਸੁਣੀ-ਅਨਸੁਣੀ ਕਰ ਦਿੱਤੀ। ੧੨।

***ਸੋ ਲਖ ਗਯੋ ਜੁ ਦਲ ਥੋ ਭਾਰੋ॥*** ਜਿਹੜਾ ਭਾਰੀ ਦਲ ਸੀ, ਵੱਡਾ ਦਲ ਸੀ (ਬੁੱਢਾ ਦਲ) ਉਹ ਤਾਂ ਅਗਾਂਹ ਲੰਘ ਚੁੱਕਿਆ ਸੀ।

***ਰਹਯੋ ਸੋਊ ਜੋ ਥਨੋ ਵਾਰੋ॥*** ਜੋ ਪਿੱਛੇ ਫ਼ੌਜ ਦੀ ਰਖਵਾਲੀ ਵਾਸਤੇ ਥੰਨੇ ਵਾਲੇ ਸਿੰਘ ਸਨ, ਉਹ ਹੀ ਰਹਿ ਗਏ ਸਨ।

***ਕਰਨਹਾਰ ਨੇ ਸੋਊ ਕਰੀ॥*** ਉਸ ਕਰਤੇ ਪੁਰਖ ਨੇ ਉਹੀ ਕਰ ਦਿੱਤੀ, ਜੋ ਉਸ ਨੂੰ ਭਾਉਂਦਾ ਸੀ।

***ਹੋਨਹਾਰ ਕਬ ਜਾਤ ਸੁ ਟਰੀ॥ ੧੩॥*** ਵਾਪਰਨ ਵਾਲੀ ਘਟਨਾ ਕਦੋਂ ਟਲ ਸਕਦੀ ਹੈ? ਉਹ ਤਾਂ ਜਰੂਰ ਹੀ ਵਾਪਰਦੀ ਹੈ।੧੩।

***ਰੱਬ ਸਬੱਬ ਜੁ ਕਰਾਯਾ ਲੋਰੇ॥*** ਜੇ ਰੱਬ ਕੋਈ ਸਬੱਬ ਬਨਾਉਣਾ ਚਾਹੇ ਤਾਂ।

***ਸੋ ਸਬੱਬ ਹਿਕ ਪਲ ਮੈਂ ਜੋਰੇ॥*** ਸੋ ਸਬੱਬ ਇਕ ਪਲ ਵਿਚ ਜੋੜ ਦਿੰਦਾ ਹੈ।

***ਕਿਛਕ ਪਿਆਸੇ ਸਿੰਘ ਤਹਿੰ ਭਏ॥*** ਕੁਛ ਕੁ ਸਿੰਘ ਉਥੇ ਪਾਣੀ ਦੇ ਪਿਆਸੇ ਹੋ ਗਏ ਸਨ, ਕੁਛ ਸਿੰਘਾਂ ਨੂੰ ਪਾਣੀ ਦੀ ਤ੍ਰੇਹ ਲੱਗੀ।

***ਪਾਨੀ ਪੀਵਨ ਢਿਗ ਪਿੰਡ ਅਏ॥ ੧੪॥*** ਪਿੰਡਾਂ ਦੇ ਨੇੜੇ-ਨੇੜੇ ਖੂਹ ਹੁੰਦੇ ਸਨ, ਦੂਰ ਰੋਹੀਆਂ ਵਿਚ ਤਾਂ ਖੂਹ ਹੁੰਦੇ ਨਹੀਂ ਸੀ। ਜਲ ਛਕਣ ਵਾਸਤੇ ਸਿੰਘ ਪਿੰਡ ਦੇ ਕੋਲ ਆ ਗਏ। ੧੪।

***ਭਾਗ ਸਿੰਘ ਗਡਵੱਈ ਘਲਾਯੋ॥*** ਭਾਗ ਸਿੰਘ ਗੜਵਈ ਨੂੰ ਜਲ ਲੈਣ ਵਾਸਤੇ ਭੇਜਿਆ।

***ਜਾਇ ਗਡਵੋ ਉਨ ਖੂਹੈ ਘਤਾਯੋ॥*** ਉਸ ਨੇ ਜਾ ਕੇ ਆਪਣਾ ਗੜਵਾ ਖੂਹ ਵਿਚ ਸੁੱਟਿਆ ਪਾਣੀ ਖਿੱਚਣ ਵਾਸਤੇ।

***ਰਣ ਸਿੰਘ ਦਯਾ ਸਿੰਘ ਘੜੂਵੈਂ ਵਾਲ॥*** ਰਣ ਸਿੰਘ ਤੇ ਦਯਾ ਸਿੰਘ ਘੜੂੰਏ ਵਾਲੇ ਸਿੰਘ।

***ਪੀਵਣ ਪਾਣੀ ਗਏ ਉਸ ਨਾਲ॥ ੧੫॥*** ਉਹ ਵੀ ਜਲ ਛਕਣ ਵਾਸਤੇ ਉਸ (ਭਾਗ ਸਿੰਘ) ਦੇ ਨਾਲ ਗਏ। ੧੫।

***ਦੋਹਰਾ॥ਸ਼ਸਤ੍ਰ ਫੜੇ ਰੰਘੜ ਖੜੇ ਉੱਪਰ ਬੁਰਜਨ ਸੋਇ॥*** ਮੋਰਿੰਡੇ ਦੇ ਕਿਲ੍ਹੇ ਦੇ ਬੁਰਜ਼ਾਂ ਉੱਤੇ ਰੰਘੜ ਸ਼ਸਤ੍ਰ ਫੜੀ ਖੜ੍ਹੇ ਸਨ, ਹੱਥਾਂ ਵਿਚ ਬੰਦੂਕਾਂ ਆਦਿਕ।

***ਦੇ ਦੇ ਗਾਲ੍ਹੀ ਬਹੁ ਬਕੈਂ, ਮਨ੍ਹੈ ਕਰੈ ਨਹਿੰ ਕੋਇ॥ ੧੬॥*** ਸਿੰਘਾਂ ਨੂੰ ਬਹੁਤ ਭੈੜੀਆਂ ਗਾਲ੍ਹਾਂ ਦੇ ਦੇ ਕੇ ਬਕਵਾਸ ਕਰਦੇ ਸਨ, ਕਿਸੇ ਵੀ ਸਿਆਣੇ ਬੰਦੇ ਨੇ ਉਨ੍ਹਾਂ ਨੂੰ ਮਨ੍ਹਾਂ ਨਹੀ ਕੀਤਾ, ਕਿਉ ਮੂਰਖੋ ! ਕਿਉਂ ਗਾਲਾਂ ਕੱਢਦੇ ਹੋਂ, ਖਾਹ ਮਖਾਹ, ਰਾਹੀ ਜਾਂਦੇ ਪਾਣੀ ਪੀਂਦੇ, ਪੀ ਲੈਣ ਦਿਓ। ੧੬।

***ਗਾਰੀ ਦੇਹਿੰ ਸੁ ਅਤਿ ਬੁਰੀ, ਵਿਚ ਗੁਰੂਅਨ ਸਿੰਘਨ ਮਿਲਾਇ॥*** ਗੁਰੂਆਂ ਤੇ ਸਿੰਘਾਂ ਨੂੰ ਮਿਲਾ ਕੇ ਸਾਂਝੀਆਂ ਗਾਲ੍ਹਾਂ ਦਿੰਦੇ ਸਨ। 'ਵੇਖਿਆ ਹੈ ਤੁਹਾਡਾ ਗੁਰੂ' 'ਵੇਖਿਆ ਤੁਹਾਡਾ ਗੁਰੂ' ਅਤੇ ਹੋਰ ਅਤੀ ਗੰਦੀਆਂ ਗਾਲ੍ਹਾਂ ਰੰਘੜ ਕੱਢਣ ਲੱਗੇ।

***ਕਾਲਾ ਰੱਸਾ ਸੀੜ ਕਾ, ਦਿਖਲਾਯੋ ਰੰਘੜ ਘੁਮਾਇ॥ ੧੭॥*** ਕਾਲੇ ਰੰਗ ਦਾ ਰੱਸਾ ਘਾਹ ਫੂਸ ਦਾ ਜਾਂ (ਵਾਲਾਂ ਆਦਿਕ ਦਾ) ਰੰਘੜਾਂ ਨੇ ਘੁਮਾ ਕੇ ਸਿੰਘਾਂ ਨੂੰ ਵਿਖਾਇਆ। ੧੭।

***ਚੌਪਈ॥ ਸਿੰਘਨ ਕਹੈਂ ਯਿਹ ਬਾਲਨ ਸੀੜ॥*** ਸਿੰਘਾਂ ਨੂੰ ਇਹ ਰੱਸਾ ਤੁਹਾਡੇ (ਬਾਲਨ) ਵਾਲਾਂ ਦਾ, ਕੇਸ਼ਾਂ ਦਾ ਵੱਟਿਆ ਹੋਇਆ ਹੈ।

***ਭਯੋ ਪੁਰਾਨੋ ਬਹੁਤ ਗਹੀਰ॥*** ਇਹ ਰੱਸਾ ਬਹੁਤ ਜ਼ਿਆਦਾ ਪੁਰਾਣਾ ਹੋ ਗਿਆ ਹੈ।

***ਅਬ ਹਮ ਬਾਲ ਨਵੇਂ ਦੇ ਜਾਵੋ॥*** ਹੁਣ ਸਾਨੂੰ ਆਪਣੇ ਨਵੇਂ (ਵਾਲ) ਕੇਸ਼ ਦੇ ਜਾਵੋ, ਅਸੀਂ ਰੱਸੇ ਵੱਟਣੇ ਹਨ।

***ਹਮ ਸੋਂ ਖੜਕੈ ਜੰਗ ਮਚਾਵੋ॥ ੧੮॥*** ਸਾਡੇ ਨਾਲ ਖੜ੍ਹ ਕੇ ਜੰਗ ਕਰੋ, ਲੜ ਕੇ ਅਗਾਂਹ ਲੰਘੋ (ਸਾਨੂੰ ਰੱਸਿਆਂ ਦੀ ਲੋੜ ਹੈ, ਤੁਹਾਡੇ ਕੇਸ਼ਾਂ ਦੇ ਰੱਸੇ ਬਣਾਵਾਂਗੇ)। ੧੮।

**ਲਾਨਤ ਤੁਮ ਕੋ ਲੜੋ ਜੁ ਨਾਂਹਿ॥** ਤੁਹਾਨੂੰ ਲਾਨ੍ਹਤ ਹੈ ਜੇ ਤੁਸੀਂ ਸਾਡੇ ਨਾਲ ਨਾ ਲੜੋਂ।

**ਪਿਠ ਦੇ ਦੇ ਅਬ ਨਠੇ ਕਿਮ ਜਾਂਹਿ॥** ਪਿੱਠ ਦੇ ਦੇ ਕੇ ਕਿਵੇਂ ਭੱਜੇ ਜਾਂਦੇ ਹਨ? ਸਾਥੋਂ ਡਰਦੇ ਭੱਜੇ ਜਾਂਦੇ ਹਨ।

**ਤੁਮਰੇ ਗੁਰ ਕੇ ਹਮ ਪੁੱਤ੍ਰ ਮਾਰੇ॥** ਤੁਹਾਡੇ ਗੁਰੂ ਦੇ ਛੋਟੇ ਸਾਹਿਬਜ਼ਾਦੇ ਅਸੀਂ ਮਾਰੇ ਸਨ।

**ਤੁਮ ਮਾਰਨ ਕੋ ਹਮ ਫਿਰੈਂ ਤਿਆਰੇ॥ ੧੯॥** ਤੁਹਾਨੂੰ ਮਾਰਨ ਨੂੰ ਅਸੀਂ ਫਿਰ ਤਿਆਰ ਖੜ੍ਹੇ ਹਾਂ। ੧੯।

**ਤੁਮ ਹੋ ਜੱਟ ਹਮ ਹੈਂ ਰਜਪੂਤ॥** ਜੇ ਤੁਸੀਂ ਜੱਟ ਹੋ ਤਾਂ ਅਸੀਂ ਰਾਜਪੂਤ ਹਾਂ।

**ਹਮਰੋ ਤੁਮਰੋ ਆਦਿ ਨ ਸੂਤ॥** ਸਾਡੀ ਤੁਹਾਡੀ ਤਾਂ ਸ਼ੁਰੂ ਤੋਂ ਹੀ ਠੀਕ ਨਹੀਂ, ਸੁਰ ਨਹੀਂ ਮਿਲਦੀ।

**ਘੜੂਅਨ ਵਾਲਨ ਯੌ ਸੁਨ ਲਈ॥** ਘੜੂੰਏ ਵਾਲੇ ਸਿੰਘਾਂ ਨੇ ਜਦੋਂ ਇਉਂ ਗਾਲ੍ਹਾਂ ਸੁਣ ਲਈਆਂ।

**ਅਗਯੋਂ ਉਨ੍ਹੈਂ ਭੀ ਗਾਲੀ ਦਈ॥ ੨੦॥** ਅੱਗੋਂ ਉਨ੍ਹਾਂ (ਘੜੂੰਏ ਵਾਲੇ ਸਿੰਘਾਂ) ਨੇ ਵੀ ਉਨ੍ਹਾਂ (ਰੰਘੜਾਂ) ਨੂੰ ਗਾਲ੍ਹਾਂ ਦਿੱਤੀਆਂ। ੨੦।

**ਦੋਹਰਾ॥ਸੋ ਸੁਨ ਰੰਘੜਨ ਨੈ ਤਬੈ ਦੀਨੀ ਛਲਕ ਚਲਾਇ॥** ਜਦੋਂ ਉਨ੍ਹਾਂ ਨੂੰ ਗਾਲ੍ਹਾਂ ਦਿੱਤੀਆਂ ਸਿੰਘਾਂ ਨੇ, ਉਨ੍ਹਾਂ ਨੇ ਸਿੰਘਾਂ 'ਤੇ ਬੰਦੂਕਾਂ ਦੀ ਸ਼ਲਕ ਕਰ ਦਿੱਤੀ।

**ਤਾਰਾ ਸਿੰਘ ਕੇ ਸਿੰਘ ਕੋ ਲਗੀ, ਸੁ ਗੋਲੀ ਆਇ॥ ੨੧॥** ਤਾਰਾ ਸਿੰਘ ਦੇ ਜੱਥੇ ਦੇ ਸਿੰਘ ਨੂੰ ਉਹ ਗੋਲੀ ਆ ਲੱਗੀ। ੨੧।

**ਤਾਰੇ ਸਿੰਘ ਸੁਨ ਅਗ ਲਗੀ ਵਖਤ ਪਹੁੰਚਯੋ ਆਇ॥** ਤਾਰਾ ਸਿੰਘ (ਗੈਬਾ) ਜੋ 'ਦੰਗਈ' ਸੀ ਚੰਗਾ ਤਕੜਾ ਜਦੋਂ ਉਸ ਨੇ ਸੁਣਿਆ ਕਿ ਮੇਰੇ ਗੜਵਈ ਨੂੰ ਗੋਲੀ ਵੱਜੀ ਹੈ, ਸੁਣ ਕੇ ਅੱਗ ਲੱਗ ਗਈ ਹੈ ਉਸ ਨੂੰ, ਸਮਾਂ ਆ ਪਹੁੰਚਿਆ ਹੈ ਰੰਘੜਾਂ ਦਾ।

**ਘੜੂੰਵੈ ਵਾਲਨ ਸਭ ਕਹੀ ਭਾਂਬੜ ਦੀਓ ਮਚਾਇ॥ ੨੨॥** ਘੜੂੰਏ ਵਾਲੇ ਸਿੰਘਾਂ ਨੇ ਉਹ ਸਾਰੀ ਗੱਲ ਵਿਸਥਾਰ ਨਾਲ ਸ਼ੁਰੂ ਤੋਂ ਅਖੀਰ ਤੱਕ ਦੱਸੀ, ਉਨ੍ਹਾਂ ਨੇ ਓਦੂੰ ਬਲਦੀ 'ਤੇ ਤੇਲ ਪਾ ਕੇ ਭਾਂਬੜ ਮਚਾ ਦਿੱਤਾ। ੨੨।

**ਚੌਪਈ॥ਘੜੂੰਵੈ ਵਾਲਨ ਆਖੀ ਵਹੀ॥** ਘੜੂੰਏ ਵਾਲੇ ਸਿੰਘ ਨੇ ਓਹੀ ਗੱਲ ਆਖੀ।

**ਸੀੜ ਘੁਮਾਇ ਜੁ ਰੰਘੜਨ ਕਹੀ॥** ਰੱਸਾ ਘੁਮਾ ਕੇ ਜੋ ਰੰਘੜਾਂ ਨੇ ਗੱਲਾਂ ਆਖੀਆਂ ਸਨ।

**ਗੁਰੂ ਪੁਤ੍ਰਨ ਕੇ ਨਾਮ ਸੁਨਾਏ॥** ਜਦੋਂ ਗੁਰੂ ਸਾਹਿਬਜ਼ਾਦਿਆਂ ਦਾ ਨਾਮ ਲੈ ਕੇ ਸੁਣਾਇਆ।

**ਅਗਨ ਉਪਰ ਜਿਮ ਘ੍ਰਿੱਤ ਡੁਲ੍ਹਾਏ॥ ੨੩॥** ਅਗਨੀ ਉੱਪਰ ਜਿਵੇਂ ਘਿਉ ਡੋਲ੍ਹ ਦਿੱਤਾ ਹੋਵੇ, ਗੁੱਸੇ ਦੀ ਅੱਗ ਲਟ-ਲਟ ਕਰਕੇ ਬਲ ਉੱਠੀ। ੨੩।

**ਸੁਨਤ ਪਾਸ ਤੇ ਸਭ ਸਿੰਘ ਬੋਲੇ॥** ਉਨ੍ਹਾਂ ਪਾਸੋਂ ਗੱਲ ਸੁਣ ਕੇ ਸਾਰੇ ਸਿੰਘ ਇਕੱਠੇ ਹੀ ਬੋਲੇ। ਓਇ ਮਰ ਜਾਓ ਏਦੂੰ ਤਾਂ, ਜਿਉਂ ਕੇ ਕੀ ਲੈਣਾ ਹੈ?

**ਜਨ ਬਰੂਦ ਤਹਿਂ ਕੁੱਪੇ ਡੋਲ੍ਹੇ॥** ਜਾਣੋ ਅੱਗ ਉੱਤੇ ਬਰੂਦ ਦੇ ਕੁਪੇ ਡੋਲ੍ਹ ਦਿੱਤੇ, ਜਿਵੇਂ ਬਰੂਦ ਨੂੰ ਅੱਗ ਲੱਗ ਕੇ ਜ਼ੋਰਦਾਰ ਧਮਾਕਾ ਹੁੰਦਾ ਹੈ।

**ਤਾਰਾ ਸਿੰਘ ਕੋ ਸੋਖਤ ਆਈ॥** ਤਾਰਾ ਸਿੰਘ ਨੂੰ ਸੋਖਤ=ਗੁੱਸਾ ਆ ਗਿਆ।

**ਸੁਥਰੀ ਉਨ ਦਈ ਤੁਰਤ ਬਜਾਈ॥ ੨੪॥** ਉਸ ਨੇ ਤੁਰਤ ਹੀ (ਸੁਥਰੀ) ਤੁਰਰੀ ਬਜਾ ਦਿੱਤੀ। (ਸੁਥਰੀ) ਸੁਤਰੀ, ਊਠ ਵਾਲਾ ਛੋਟਾ ਨਗਾਰਾ ਬਜਾ ਦਿੱਤਾ ਜੰਗ ਦਾ ਐਲਾਨ ਕਰ ਦਿੱਤਾ। ੨੪।

**ਮਾਰ ਮਾਰ ਕਰ 'ਅਕਾਲੋ' ਬੋਲੈਂ॥** 'ਮਾਰ ਲਉ ਮਾਰ ਲਉ' ਅਕਾਲ ਅਕਾਲ, ਸਤਿ ਸ੍ਰੀ ਅਕਾਲ ਬੋਲਦੇ ਸਨ ਸਿੰਘ।

**ਬਜਾਇ ਨਗਾਰੇ ਫਿਰ ਝੰਡੇ ਖੋਲੈਂ॥** ਸਿੰਘਾਂ ਨੇ ਨਗਾਰਿਆਂ 'ਤੇ ਫਿਰ ਬੈਰਕੀ ਨਿਸ਼ਾਨ ਜੰਗ ਵਾਲੇ ਖੋਲ੍ਹੇ ਸਨ।

**ਘੜੂੰਵੇ ਵਾਲਨ ਤਬ ਲਗ ਗਯੋ ਦਾਯੋ॥** ਘੜੂੰਏ ਵਾਲੇ ਸਿੰਘਾਂ ਨੂੰ ਵੀ ਮੋਰੰਡੇ ਦੇ ਰੰਘੜ ਬੜਾ ਤੰਗ ਕਰਦੇ ਸਨ, ਕਿਉਂ

ਕਿ ਮੋਰੰਡੇ ਤੋਂ ਘੜੂੰਆਂ ਨੇੜੇ ਸੀ। ਘੜੂੰਏ ਵਾਲੇ ਸਿੰਘਾਂ ਦਾ ਵੀ ਦਾਉ ਲੱਗ ਗਿਆ।

***ਮਾਰ ਮਾਰ ਕਰ ਰੌਲੋ ਮਚਾਯੋ॥ ੨੫॥*** ਉਨ੍ਹਾਂ ਉੱਚੀ-ਉੱਚੀ ਰੌਲਾ ਮਚਾ ਦਿੱਤਾ, ਮਾਰ ਲਉ, ਖਾਲਸਾ ਜੀ ! ਮਾਰ ਲਉ, ਹੁਣ ਜਾਣ ਨਹੀਂ ਦੇਣੇ ਇਹ। ੨੫।

***ਜੱਸਾ ਸਿੰਘ ਪੈ ਸਿੰਘ ਘਲਾਯੋ॥*** ਜ: ਜੱਸਾ ਸਿੰਘ (ਬੁੱਢਾ ਦਲ) ਅੱਗੇ ਜਾ ਰਿਹਾ ਸੀ ਬਹੀਰ ਨੂੰ ਲੈ ਕੇ, ਉਸ ਦੇ ਕੋਲ ਸਿੰਘ ਭੇਜ ਦਿੱਤੇ ਸਨ।

***ਕਰਾਯੋ ਡੇਰਾ ਅਬ ਅਗੇ ਨ ਜਾਯੋ॥*** ਉਨ੍ਹਾਂ ਨੂੰ ਕਹਿ ਭੇਜਿਆ ਕਿ ਹੁਣ ਡੇਰਾ ਏਥੇ ਹੀ ਕਰ ਦਿਉ, ਅੱਗੇ ਨਹੀਂ ਜਾਣਾ, ਇਨ੍ਹਾਂ ਰੰਘੜਾਂ ਦੀ ਸਫਾਈ ਕਰਕੇ ਹੀ ਅਗਾਂਹ ਜਾਣਾ ਹੈ।

***ਪਾਸ ਚੜ੍ਹਤ ਸਿੰਘ ਆਪ ਸੁ ਪਹੁੰਚਯੋ॥*** ਚੜ੍ਹਤ ਸਿੰਘ ਆਪ ਹੀ ਆ ਪਹੁੰਚਿਆ ਹੈ ਉਥੇ।

***ਮਾਰੋ ਮੋਰੰਡੈ ਅਬ ਬਨੈ ਨ ਮੋਚਯੋ॥ ੨੬॥*** ਚੜ੍ਹਤ ਸਿੰਘ ਕਹਿਣ ਲੱਗਾ ਖਾਲਸਾ ਜੀ ! ਮੋਰਿੰਡਾ ਮਾਰੋ, ਹੁਣ ਸੋਚਿਆਂ ਨਹੀਂ ਜੇ ਗੱਲ ਬਣਨੀ। ੨੬। (ਪਾਠ ਅੰਤਰ-ਸੋਚਜੋ ਦੀ ਮੋਚਜੋ=ਛੱਡਣਾ।)

***ਦੋਹਰਾ॥ ਸ਼ਾਮ ਸਿੰਘ ਪੈ ਆਪ ਜਾ ਤਹਿਂ ਕਰੋੜਾ ਸਿੰਘ ਸਮਝਾਇ॥*** ਸ਼ਾਮ ਸਿੰਘ ਦੇ ਪਾਸ ਜਾ ਉਸ ਦੇ ਮੀਤ ਜਥੇਦਾਰ ਕਰੋੜਾ ਸਿੰਘ ਨੇ ਆਪ ਜਾ ਕੇ ਕਿਹਾ, ਸਾਰੀ ਗੱਲ ਜੋ ਹੋਈ ਸਮਝਾ ਕੇ।

***ਸਭ ਬਿਰਤੰਤ ਸੁਨਾਇ ਕੈ, ਹੱਲੋ ਦੀਓ ਕਰਾਇ॥ ੨੭॥*** ਉਸ ਨੂੰ ਸਾਰ ਬਿਰਤਾਂਤ ਸੁਣਾ ਕੇ ਕਿ ਪਹਿਲੋਂ ਛੇੜ ਰੰਘੜਾਂ ਨੇ ਛੇੜੀ ਹੈ, ਉਦੋਂ ਹੀ ਹੱਲਾ ਕਰਵਾ ਦਿੱਤਾ ਸਿੰਘਾਂ ਤੋਂ। ੨੭।

***ਚੌਪਈ॥ਹਰੀ ਸਿੰਘ ਭੰਗੀ ਮੁੜ ਆਯੋ॥*** ਭੰਗੀ ਮਿਸਲ ਦਾ ਹਰੀ ਸਿੰਘ ਵੀ ਮੁੜ ਆਇਆ।

***ਸਾਥ ਨਕਈ ਕਰਮ ਸਿੰਘ ਧਾਯੋ॥*** ਨਕਈ ਮਿਸਲ ਦਾ ਕਰਮ ਸਿੰਘ ਵੀ ਨਾਲ ਆਇਆ ਧਾ ਕੇ ਫ਼ੌਜ ਲੈ ਕੇ।

***ਹੁਤੇ ਮੁਹਰੇ ਰਾਮਗੜ੍ਹੀਏ ਮੁੜੇ॥*** ਰਾਮਗੜ੍ਹੀਏ ਮਿਸਲ ਦੇ ਸਰਦਾਰ ਜੋ ਸਭ ਤੋਂ ਅੱਗੇ ਜਾ ਰਹੇ ਸਨ, ਉਹ ਵੀ ਵਾਪਸ ਮੋਰਿੰਡੇ ਨੂੰ ਮੁੜ ਪਏ ਜੰਗ ਲੜਨ ਵਾਸਤੇ।

***ਮੁੜੇ ਸੁ ਮਜ਼ਬੀ ਜੋ ਰਹੇ ਜੁੜੇ॥ ੨੮॥*** ਮਜ਼ਬੀ ਸਿੰਘ ਜੋ ਖਾਲਸੇ ਨਾਲ ਇਕੱਤਰ ਹੋ ਕੇ ਰਹਿੰਦੇ ਸਨ, ਉਹ ਵੀ ਮੁਰਿੰਡੇ ਨੂੰ ਮੁੜ ਪਏ ਜੁੱਧ ਲੜਨ ਵਾਸਤੇ। ੨੮।

***ਆਯੋ ਘਨੱਯੋ ਸੁਨ ਸੋ ਵਾਜ॥*** ਜੈ ਸਿੰਘ ਘਨੱਯਾ ਵੀ ਅਵਾਜ਼ ਸੁਣ ਕੇ ਆ ਗਿਆ ਕਿ ਜੰਗ ਕਰਨਾ ਏਥੇ।

***ਸਿੰਘ ਪੁਰੀਏ ਭੀ ਕਰੈਂ ਸੁ ਕਾਜ॥*** ਸਿੰਘ ਪੁਰੀਆਂ ਦੀ ਮਿਸਲ ਵੀ ਇਸ ਸ੍ਰੇਸ਼ਟ ਕੰਮ ਕਰਨ ਵਾਸਤੇ ਆ ਗਈ।

***ਡੱਲੇਵਾਲੀਏ ਥੇਊ ਜੋਊ॥*** ਜਿਹੜੀ ਡੱਲੇ ਵਾਲੀ ਮਿਸਲ ਸੀ।

***ਤਾਰਾ ਸਿਘ ਤੇ ਬਾਹਰ ਨ ਕੋਊ॥ ੨੯॥*** ਕੋਈ ਵੀ ਤਾਰਾ ਸਿੰਘ 'ਗੈਬਾ' ਦੇ ਕਹੇ ਤੋਂ ਬਾਹਰ ਨਹੀਂ ਸੀ। ੨੯।

***ਸੋਢੀ ਬੇਦੀ ਸ਼ਹੀਦ ਭੁਜੰਗੀ॥*** ਸੋਢੀ, ਬੇਦੀ ਤੇ ਮਿਸਲ ਸ਼ਹੀਦਾ ਦੇ (ਭੁਜੰਗੀ) ਫਰਲਿਆਂ ਵਾਲੇ ਸਿੰਘ ਉਹ ਸਾਰੇ ਹੀ ਸਾਥ ਸਨ।

***ਨਿਹੰਗ ਅੰਮ੍ਰਿਤਸਰ ਮਨੀ ਸੁ ਚੰਗੀ॥*** ਭਾਈ ਮਨੀ ਸਿੰਘ ਦੇ ਨਾਲ ਰਹਿਣ ਵਾਲੇ ਚੰਗੇ ਨਿਹੰਗ ਸਿੰਘ ਅੰਮ੍ਰਿਤਸਰ ਦੇ (ਠੀਕ ਮੰਨ ਲਈ,) ਸਾਰੀਆਂ ਮਿਸਲਾਂ ਨੇ ਇਹ ਗੱਲ ਪ੍ਰਵਾਨ ਕਰ ਲਈ, ਉਹ ਸਾਰੇ ਨਾਲ ਸਨ ਉਸ ਸਮੇਂ।

***ਨਿਸ਼ਾਨਨ ਵਾਲਨ ਨਿਸ਼ਾਨ ਦਏ ਖੋਲ੍ਹੇ॥*** ਨਿਸ਼ਾਨਾਂ ਵਾਲੀ ਮਿਸਲ ਵਾਲਿਆਂ ਨੇ ਆਪਣੇ ਬੈਰਕੀ ਨਿਸ਼ਾਨ ਖੋਲ੍ਹ ਦਿੱਤੇ ਸਨ।

***ਸੁਕ੍ਰਚੱਕੀਏ ਭੀ ਮਾਰ ਮਾਰ ਬੋਲੇ॥ ੩੦॥*** ਸੁਕਰਚੱਕੀਆਂ ਮਿਸਲ ਵਾਲਿਆਂ ਨੇ ਮਾਰ ਲਉ, ਮਾਰ ਲਉ, ਦੀਆਂ ਅਵਾਜ਼ਾਂ ਦਿੱਤੀਆਂ। ੩੦।

***ਦੋਹਰਾ॥ਸਾਹਬਜ਼ਾਦੇ ਇਨ੍ਹੈਂ ਨੇ ਦੀਨੇ ਥੇਊ ਫੜਾਇ॥*** ਛੋਟੇ ਸਾਹਬਜ਼ਾਦੇ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤ੍ਹੇ ਸਿੰਘ ਵੀ

ਇਨ੍ਹਾਂ ਮੋਰਿੰਡੇ ਵਾਲੇ ਰੰਘੜਾਂ ਨੇ ਹੀ ਗ੍ਰਿਫ਼ਤਾਰ ਕਰਵਾਏ ਸਨ।

***ਸਭੈ ਪਛਾਣ ਮੋਰੰਡੇ ਪਰੇ ਚੌਫੇਰਯੋਂ ਧਾਇ॥ ੩੧॥*** ਸਭ ਦੀ ਪਛਾਣ ਕਰਕੇ ਖਾਲਸਾ ਚਾਰੋਂ ਪਾਸਿਓਂ ਹੱਲਾ ਕਰਕੇ ਜਾ ਪਿਆ ਮੋਰਿੰਡੇ 'ਤੇ। ੩੧।

***ਚੌਪਈ॥ਜਿਮ ਜਲ ਕੁੜ੍ਹਤੋ ਨੀਚੈ ਆਵੈ॥*** ਖਾਲਸੇ, ਮੋਰੰਡੇ 'ਤੇ ਇਉਂ ਆਇਆ ਧਾ ਕੇ, ਜਿਵੇਂ ਉੱਚੀਆਂ ਥਾਵਾਂ ਤੋਂ ਪਾਣੀ ਬੜੀ ਅਵਾਜ਼ ਕਰਦਾ ਹੇਠਾਂ ਵੱਲ ਨੂੰ ਆਉਂਦਾ ਹੈ।

***ਜਹਾਜ ਡੁਬੈ ਥੇ ਜਲ ਮਧ ਪਾਵੈ॥*** ਜਿਵੇਂ ਪਾਣੀ ਦੀਆਂ ਛੱਲ੍ਹਾਂ ਦਾ ਪਾਣੀ ਜਹਾਜ਼ ਵਿਚ ਪੈ ਜਾਵੇ, ਤਾਂ ਉਹ ਡੁੱਬਦਾ ਹੈ।

***ਲਰੈਂ ਮਰੈਂ ਸਿੰਘ ਪਿੰਡ ਕੋ ਆਵੈਂ॥*** ਲੜਦੇ ਮਰਦੇ ਹੋਏ ਸਿੰਘ ਆਉਂਦੇ ਸਨ, ਮੋਰਿੰਡੇ ਨੂੰ ਧਾਵਾ ਬੋਲੀ।

***ਬਾਹਰ ਲੱਭੈ ਸੋ ਮਾਰ ਗਵਾਵੈਂ॥ ੩੨॥*** ਜਿਹੜਾ ਵੀ ਰੰਘੜ ਪਿੰਡੋਂ ਬਾਹਰ ਮਿਲ ਗਿਆ ਸਿੰਘਾਂ ਨੂੰ, ਮਾਰ ਕੇ ਉਸ ਦੀ ਜਾਨ ਗਵਾ ਦਿੱਤੀ ਹੈ ਸਿੰਘਾਂ ਨੇ। ੩੨।

***ਆਕੀ ਭਏ ਜੁ ਵੱਡੇ ਗ੍ਰਾਮ॥*** ਵੱਡੇ ਨਗਰ ਵਿਚ ਜਿਥੇ ਸੰਘਣੀ ਵਸੋਂ ਸੀ, ਰੰਘੜਾਂ ਦੀ,ਉਥੇ ਕਿਲ੍ਹੇ ਵਿਚ ਆ ਕੇ ਆਕੀ ਹੋ ਗਏ ਸਨ ਸਾਰੇ ਰੰਘੜ।

***ਬਡੀ ਖਾਈ ਥੀ ਕੰਧ ਵਡ ਥਾਮ॥*** ਕਿਲ੍ਹੇ ਦੇ ਦੁਆਲੇ ਪਾਣੀ ਦੀ ਭਰੀ ਹੋਈ ਡੂੰਘੀ ਖਾਈ ਸੀ ਅਤੇ ਉੱਚੀਆਂ ਕੰਧਾਂ ਸਨ ਬੜੀਆਂ ਹੀ ਮਜਬੂਤ।

***ਭੇੜ ਪੱਟ ਹੋ ਅੰਦਰ ਖੜੇ॥*** ਰੰਘੜ (ਪੱਟ) ਦਰਵਾਜ਼ਿਆਂ ਨੂੰ (ਭੇੜ) ਭੇੜ ਕੇ, ਬੰਦ ਕਰਕੇ ਕਿਲ੍ਹੇ ਅੰਦਰ ਜਾ ਖੜ੍ਹੇ, ਕਿਲ੍ਹੇ ਵਿਚ ਮੋਰਚੇ 'ਤੇ।

***ਊਚੀ ਕੰਧ ਕੋ ਸਕੈ ਨ ਚੜ੍ਹੇ॥ ੩੩॥*** ਕਿਲ੍ਹੇ ਦੀਆਂ ਕੰਧਾਂ ਬਹੁਤ ਜ਼ਿਆਦਾ ਉੱਚੀਆਂ ਸਨ ਕੋਈ ਵੀ ਉਨ੍ਹਾਂ 'ਤੇ ਚੜ੍ਹ ਨਹੀਂ ਸੀ ਸਕਦਾ। ੩੩।

***ਡੂੰਘੀ ਖਾਈ ਵਡ ਊਚੋ ਕੋਟ॥*** ਪਾਣੀ ਦੀ ਭਰੀ ਹੋਈ ਡੂੰਘੀ ਖਾਈ ਤੇ ਕਿਲ੍ਹਾ ਬੜਾ ਉੱਚਾ ਹੈ।

***ਇਤ ਗੁਮਾਨ ਕੀਓ ਰੰਘੜਨ ਜੋਟ॥*** ਏਸੇ (ਗੁਮਾਨ) ਹੰਕਾਰ ਕਰਕੇ ਰੰਘੜ ਕਿਲ੍ਹੇ ਅੰਦਰ ਜੁੜੇ ਸਨ।

***ਨਿਕਲਯੋ ਨ ਸਿੰਘ ਜੋ ਖਾਈ ਪਯੋ॥*** ਜਦੋਂ ਸਿੰਘਾਂ ਨੇ ਹੱਲਾ ਕੀਤਾ, ਜਿਹੜੇ ਸਿੰਘ ਛਾਲਾਂ ਮਾਰ ਕੇ ਕਿਲ੍ਹੇ 'ਤੇ ਚੜ੍ਹਨ ਲੱਗੇ, ਉਹ ਖਾਈ ਵਿਚ ਜਾ ਡਿੱਗੇ ਤੇ ਨਿਕਲ ਨਾ ਸਕੇ।

***ਅਗੈ ਕੋਟ ਬਹੁ ਦਿਸੈ ਉਚਯੋ॥ ੩੪॥*** ਅੱਗੇ ਕਿਲ੍ਹਾ ਬੜਾ ਉੱਚਾ ਦਿਸਦਾ ਹੈ, ਇਸ 'ਤੇ ਕਿਵੇਂ ਚੜ੍ਹਾਂਗੇ। ੩੪।

***ਤਬਹਿ ਸਰਦਾਰਨ ਇਮ ਠਹਿਰਾਈ॥*** ਤਦ ਸਰਦਾਰਾਂ, ਯੋਧਿਆਂ, ਜਥੇਦਾਰਾਂ ਨੇ ਆਪਸ ਵਿਚ ਇਉਂ ਗੁਰਮਤਾ ਕੀਤਾ।

***ਸਿਰਹੰਦ ਕੋਸ ਹੈ ਅਠ ਨੌ ਭਾਈ॥*** ਹੇ ਭਾਈ ! ਸਰਹੰਦ ਏਥੋਂ ਸਾਰੀ ਅੱਠ ਨੌ ਕੋਹ ਹੈ।

***ਮਤ ਦੁਰਾਨੀ ਈਹਾਂ ਪਰੇ ਆਈ॥*** ਕਿਤੇ ਉਹ ਨਾ ਹੋਵੇ, ਰਾਤ ਨੂੰ ਗਿਲਜੇ ਆ ਪੈਣ ਇਹਨਾਂ ਰੰਘੜਾਂ ਦੇ ਨਾਲ ਰਲ ਕੇ।

***ਚਹੀਅਤ ਯਾਂ ਕੋ ਰਖਯੋ ਉਪਾਈ॥ ੩੫॥*** ਸਾਨੂੰ ਉਸ ਦਾ ਵੀ ਕੋਈ ਉਪਾਉ ਰੱਖਣਾ ਚਾਹੀਦਾ ਹੈ। ੩੫।

***ਦੋਹਰਾ॥ਤਬ ਚੜ੍ਹ ਸਿੰਘ ਨੇ ਉਚ ਕਹਯੋ, 'ਹਸਾਂਨੋਂ ਇਧਰ ਖੜਾਹੁ॥*** ਤਦ ਉੱਚੀ ਅਵਾਜ਼ ਵਿਚ ਚੜ੍ਹਤ ਸਿੰਘ ਨੇ ਕਿਹਾ ਕਿ ਏਧਰ ਸਾਨੂੰ ਖੜ੍ਹਾਓ, ਅਸੀਂ ਰੋਕਾਂਗੇ ਇਨ੍ਹਾਂ ਗਿਲਜਿਆਂ ਨੂੰ।

***ਗਿਲਜਨ ਚਿੰਤਾ ਨਹਿਂ ਕਰੋ, ਮੁਰੰਡੋ ਮਾਰ ਖਲਾਹੁ॥ ੩੬॥*** ਤੁਸੀਂ ਗਿਲਜਿਆਂ ਦੀ ਚਿੰਤਾ ਨਾ ਕਰੋ, ਉਨਾਂ ਨੂੰ ਮੈਂ ਸਾਂਭ ਲਵਾਂਗਾ, ਤੁਸੀਂ ਕਿਲ੍ਹਾ ਖੁਲ੍ਹਾ ਕੇ ਮੋਰੰਡੇ ਦੇ ਰੰਘੜਾਂ ਨੂੰ ਮਾਰੋ, ਖਾਲਸਾ ਅੰਦਰ ਵੜੇ ਕਿਲ੍ਹੇ ਦੇ। ੩੬।

***ਚੌਪਈ॥ਤਬ ਚੜ੍ਹ ਸਿੰਘ ਨੇ ਐਸ ਉਚਾਰਾ॥*** ਤਦ ਚੜ੍ਹਤ ਸਿੰਘ ਨੇ ਇਸ ਤਰ੍ਹਾਂ ਬਚਨ ਕੀਤਾ।

***ਇਧਰੋਂ ਜ਼ਿੰਮਾ ਆਹਿ ਹਮਾਰਾ॥*** ਏਧਰਲੀ ਮੇਰੀ ਜਿੰਮੇਵਾਰੀ ਹੋਈ, ਏਧਰੋਂ ਮੈਂ ਗਿਲਜਾ ਨਹੀਂ ਲੰਘਣ ਦੇਣਾ ਕੋਈ ਵੀ।

***ਇਮ ਕਹਿ ਸਿੰਘ ਜੀ ਉਤ ਵਲ ਗਯੋ॥*** ਇਸ ਤਰ੍ਹਾਂ ਕਹਿ ਕੇ ਚੜ੍ਹਤ ਸਿੰਘ ਉਧਰ ਦੇ ਰਸਤੇ ਨੂੰ ਗਿਆ।

***ਆਗੈ ਗਿਲਜਨ ਕੋ ਡਰ ਪਯੋ॥ ੩੭॥*** ਮੋਰਿੰਡੇ ਵਿਚ ਲੋਕਾਂ ਵਿਚ ਡਰ ਪੈ ਗਿਆ ਹੈ ਕਿ ਗਿਲਜੇ ਆ ਰਹੇ ਸਨ, ਅੱਗੇ ਸਰਹੰਦ ਵਿਚ ਗਿਲਜਿਆਂ ਨੂੰ ਡਰ ਪੈ ਗਿਆ। ਉੱਧਰ ਗਿਲਜਿਆਂ ਨੂੰ ਪਤਾ ਲੱਗਾ ਕਿ ਖਾਲਸੇ ਦਾ ਸਰਹੰਦ ਨੂੰ ਮੋੜਾ ਹੋ ਗਿਆ। ਉਨ੍ਹਾਂ ਨੂੰ ਕਿਸੇ ਨੇ ਦੱਸਿਆ ਕਿ ਚੜ੍ਹਤ ਸਿੰਘ ਖਾਲਸਈ ਫ਼ੌਜ ਲੈ ਕੇ ਸਰਹੰਦ ਨੂੰ ਆ ਰਿਹਾ ਹੈ। ੩੭।

***'ਆਈ, ਆਈ' ਓਧਰ ਹੋਈ॥*** ਓਧਰ ਸਰਹੰਦ ਵਿੱਚੋਂ ਆਈ ਓ ਆਈ, ਫ਼ੌਜ ਖਾਲਸੇ ਦੀ, ਓਧਰ ਵੀ ਤਰਥੱਲ ਪੈ ਗਿਆ।

***ਹੁਤੋ ਦੁਵੱਲੋਂ ਡਰ ਤਿਹ ਸੋਈ॥*** ਉਥੇ ਉਸ ਥਾਂ 'ਤੇ ਦੋਹਾਂ ਪਾਸਿਆਂ ਤੋਂ ਡਰ ਸੀ।

***ਅਬ ਓਧਰ ਕੀ ਸੁਨੋ ਸੁ ਬਾਤ॥*** ਹੁਣ ਓਧਰ ਦੀ ਗੱਲ ਸੁਣੋ।

***ਕਹਜੋ, 'ਮੁਸਲੈ ਸਭ ਕਰੀਏ ਘਾਤ॥ ੩੮॥*** ਸਿੰਘਾਂ ਨੇ ਗੁਰਮਤਾ ਕਰ ਲਿਆ ਕਿ ਰੰਘੜ ਹੁਣ ਛੱਡੋ ਕੋਈ ਨਾ, ਸਭ ਰੰਘੜਾਂ ਦਾ ਘਾਤ ਕਰ ਦਿਓ, ਸਫਾਈ ਕਰ ਦਿਓ ਇਨ੍ਹਾਂ ਦੀ। ੩੮।

***ਬੋਦੀ ਵਾਲਨ ਦੇਖ ਰਖ ਲਯੋ॥*** ਜਿਸ ਦੇ ਸਿਰ 'ਤੇ ਬੋਦੀ, ਉਹ, ਉਸ ਨੂੰ ਰੱਖ ਲਵੋ, ਭਾਵ ਬਚਾ ਲਉ।

***ਬਿਨ ਬੋਦੀਓਂ ਸਿਰ ਦੂਰ ਕਰਯੋ'॥*** ਜਿਸ ਦੇ ਸਿਰ 'ਤੇ ਬੋਦੀ ਨਾ ਹੋਵੇ, ਉਸ ਦੇ ਸਿਰ ਨੂੰ ਧੜ ਤੋਂ ਅਲੱਗ ਕਰ ਦਿਓ।

***ਯੋ ਖਾਲਸੈ ਕਰ ਲਈ ਅਰਦਾਸ॥*** ਇਓਂ ਖਾਲਸੇ ਨੇ ਅਰਦਾਸ ਕਰ ਲਈ।

***ਬਜਾਏ ਨਗਾਰੇ ਹੋਇ ਚੌ ਪਾਸ॥ ੩੯॥*** ਨਗਾਰੇ ਬਜਾ ਕੇ ਸਿੰਘਾਂ ਚੌਹਾਂ ਪਾਸਿਆਂ ਤੋਂ ਘੇਰਾ ਪਾ ਲਿਆ। ੩੯।

***ਤਬ ਸਿੰਘਨ ਕੋ ਚੜ੍ਹਿਓ ਚਾਉ॥*** ਤਦ ਸਿੰਘਾਂ ਨੂੰ ਚਾਉ ਚੜ੍ਹ ਗਿਆ।

***ਗੁਰ ਸੁਤ ਬੈਰੀ ਛਡਯੋ ਨ ਕਾਉ॥*** ਗੁਰੂ ਕੇ ਸਾਹਿਬਜ਼ਾਦਿਆਂ ਦਾ ਕੋਈ ਵੀ ਵੈਰੀ ਨਹੀਂ ਜਿਉਂਦਾ ਛਡਣਾ।

***ਫਿਰ ਕਰ ਖਾਲਸੇ ਹੱਲਾ ਕੀਓ॥*** ਫਿਰ ਕੇ ਖਾਲਸੇ ਨੇ ਹੱਲਾ ਕਰ ਦਿੱਤਾ।

***ਉਡੀ ਧੂੜ ਬਹੁ ਹਨੇਰੋ ਭਯੋ॥ ੪੦॥*** ਬਹੁਤ ਗਰਦ ਉੱਠੀ ਅਤੇ ਹਨੇਰਾ ਛਾ ਗਿਆ। ੪੦।

***ਦੋਹਰਾ॥ਸਿਘਨ ਯੋ ਹੱਲਾ ਕੀਓ, ਜਿਮ ਲੰਕਾ ਉਪਰ ਲੰਗੂਰ॥*** ਸਿੰਘਾਂ ਨੇ ਮੋਰਿੰਡੇ 'ਤੇ ਇਉਂ ਹੱਲਾ ਕੀਤਾ, ਜਿਵੇਂ ਲੰਕਾ ਦੇ ਉਤੇ ਲੰਗੂਰਾਂ ਨੇ ਕੀਤਾ ਸੀ।

***ਪਹਿਲੋਂ ਸੋਈ ਆ ਚੜ੍ਹੇ ਜੁ ਪਾਛੈ ਦੂਰ॥ ੪੧॥*** ਜਿਹੜੇ ਸਿੰਘ ਪਿੱਛੇ ਦੂਰ ਖੜ੍ਹੇ ਸੀ, ਉਹ ਪਿੱਛਓਂ ਪਹਿਲਾਂ ਹੀ ਆ ਚੜ੍ਹੇ ਸਨ। ੪੧।

***ਚੌਪਈ॥ਆਵਤ ਸਿੰਘਨ ਉਨ ਛਲਕ ਚਲਾਈ॥*** ਸਿੰਘਾਂ 'ਤੇ ਆਉਂਦਿਆਂ 'ਤੇ ਉਨ੍ਹਾਂ (ਰੰਘੜਾਂ) ਨੇ ਬੰਦੂਕਾਂ ਦਾ ਫਾਇਰ ਖੋਲ੍ਹ ਦਿੱਤਾ।

***ਲਗੀ-ਅ-ਲਗੀ ਕਿਛ ਜਾਨ ਨ ਪਾਈ॥*** ਗੋਲੀ ਕਿਸੇ ਦੇ ਲੱਗੀ, ਕਿਸੇ ਦਾ ਨਾ ਲੱਗੀ, ਇਸ ਗੱਲ ਨੂੰ ਨਹੀਂ ਜਾਣਿਆ ਹੈ ਕਿਸੇ ਨੇ।

***ਢੁਕ ਸਿੰਘਨ ਫਿਰ ਛੱਲਕ ਕਰੀ॥*** ਸਿੰਘਾਂ ਨੇ ਨੇੜੇ ਢੁੱਕ ਕੇ ਨਿਸ਼ਾਨਾਂ ਲੈ-ਲੈ ਛਲਕ ਕੀਤੀ।

***ਸੀਸ ਲਗੀ ਉਨਕੇ ਗਏ ਮਰੀ॥ ੪੨॥*** ਉਨਾਂ (ਰੰਘੜਾਂ) ਦੇ ਸਿਰ ਵਿਚ ਗੋਲੀਆਂ ਲੱਗੀਆਂ ਤੇ ਮਾਰੇ ਗਏ। ੪੨।

***ਖਾਈ ਦਿਸੈ ਅਤਿ ਛੋਟੀ ਸੋਇ॥*** ਉਹ ਜਿਹੜੀ ਪਹਿਲਾਂ ਵੱਡੀ ਖਾਈ ਦਿਸਦੀ ਸੀ, ਹੁਣ ਉਹ ਬਹੁਤ ਛੋਟੀ ਜਿਹੀ ਦਿਸਣ ਲੱਗ ਪਈ।

**ਊਚੋ ਕੰਧ ਭਈ ਨੀਚੀ ਤੋਇ॥** ਜਿਹੜੀਆਂ ਕੰਧਾਂ ਬਹੁਤੀਆਂ ਉੱਚੀਆਂ ਸਨ, ਉਹ ਨੀਵੀਆਂ ਲੱਗਣ ਲੱਗ ਪਈਆਂ।

**ਸਿੰਘਨ ਚਕ ਚਕ ਸਿੰਘ ਚੜ੍ਹਾਵੈਂ॥** ਸਿੰਘਾਂ ਨੂੰ ਚੁੱਕ-ਚੁੱਕ ਕੇ ਸਿੰਘ ਚੜ੍ਹਾਈ ਤੁਰੇ ਜਾਂਦੇ ਸਨ ਉੱਪਰ ਕਿਲ੍ਹੇ ਦੇ।

**ਬਿਨ ਪੌੜਨ ਸਿੰਘ ਚੜ੍ਹਤੇ ਜਾਵੈਂ॥ ੪੩॥** ਸਿੰਘ ਬਿਨਾਂ ਪੌੜੀਆਂ ਤੋਂ ਹੀ ਇਕ ਦੂਸਰੇ ਤੋਂ ਦੀ ਚੜ੍ਹਦੇ ਤੁਰੇ ਜਾਂਦੇ ਸਨ ਕਿਲ੍ਹੇ 'ਤੇ। ੪੩।

**ਚੜ੍ਹ ਕਰ ਸਿੰਘਨ ਫੜੀ ਤਲਵਾਰ॥** ਕਿਲ੍ਹੇ ਦੀਆਂ ਕੰਧਾਂ 'ਤੇ ਚੜ੍ਹ ਕੇ ਸਿੰਘਾਂ ਨੇ ਤਲਵਾਰ ਫੜ ਲਈ।

**ਕਟ ਰੰਘੜ ਬਹੁ ਦੀਨੇ ਮਾਰ॥** ਬਹੁਤਿਆਂ ਰੰਘੜਾਂ ਨੂੰ ਵੱਢ-ਵੱਢ ਕੇ ਮਾਰ ਦਿੱਤਾ।

**ਘੜੂੰਵੈਂ ਵਾਲ ਘਰ ਵੜੇ ਲਹਾਰ॥** ਸਿੰਘਾਂ ਨੇ ਕਿਲ੍ਹੇ ਅੰਦਰ ਵੜ ਕੇ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਦਿੱਤਾ, ਸਭ ਪੈਦਲ ਫ਼ੌਜ ਕਿਲ੍ਹੇ ਵਿਚ ਵੜ ਗਈ। ਘੜੂੰਏ ਵਾਲੇ ਸਿੰਘ ਲੁਹਾਰਾਂ ਦੇ ਘਰਾਂ ਵਿਚ ਵੜ ਗਏ।

**ਲਏ ਹਥੌੜੇ ਉਨੈਂ ਸੰਭਾਲ॥ ੪੪॥** ਲੁਹਾਰਾਂ ਦੇ ਘਰੋਂ ਉਨ੍ਹਾਂ ਵੱਡੇ-ਵੱਡੇ ਹਥੌੜੇ ਫੜ ਕੇ ਸੰਭਾਲ ਲਏ। ੪੪।

**ਮਾਰ ਹਥੌੜ ਦਏ ਸਿਰ ਫੋੜ॥** ਮਾਰ-ਮਾਰ ਕੇ ਹਥੌੜੇ ਤੁਰਕਾਂ ਰੰਘੜਾਂ ਦੇ ਸਿਰ ਭੰਨ ਦਿੱਤੇ।

**ਰੰਘੜ ਮਾਰੈਂ ਸਿਰ ਕਰ ਜੋਰ॥** ਪੂਰੇ ਜ਼ੋਰ ਨਾਲ ਰੰਘੜਾਂ ਦੇ ਸਿਰ ਵਿਚ ਹਥੌੜੇ ਮਾਰਦੇ।

**ਰੰਘੜਨ ਕੀ ਉਨ ਹੁਤੀ ਪਛਾਣ॥** ਮੋਰਿੰਡੇ ਦੇ ਲਾਗੇ ਹੀ ਪਿੰਡ ਸੀ ਘੜੂੰਆ, ਇਨ੍ਹਾਂ ਘੜੂੰਏ ਵਾਲੇ ਸਿੰਘਾਂ ਨੂੰ ਜ਼ਾਲਮ ਰੰਘੜਾਂ ਦੀ ਪੱਕੀ ਪਛਾਣ ਸੀ।

**ਪੰਚ ਟੋਲ ਕਰ ਮਾਰਹਿ ਤਾਣ॥ ੪੫॥** ਮੋਰਿੰਡੇ ਦੇ ਪੰਚਾਂ ਨੂੰ ਟੋਲ-ਟੋਲ ਕੇ ਉਹਨਾਂ ਦੇ ਸਿਰ ਵਿਚ ਪੂਰੇ ਜ਼ੋਰ ਨਾਲ ਹਥੌੜੇ ਮਾਰ-ਮਾਰ ਕੇ ਮਾਰਦੇ ਰੰਘੜਾਂ ਨੂੰ। ੪੫।

**ਦੋਹਰਾ॥ਜਾਨੀ ਮਾਨੀ ਨਾਮ ਉਨ ਬਡੇ ਮੁਕੱਦਮ ਜੋਇ॥** ਜਿਹੜੇ ਵੱਡੇ ਜ਼ਾਲਮ ਮੁਖੀਏ ਸਨ, ਉਨ੍ਹਾਂ ਦੇ ਨਾਮ ਜਾਨੀ ਖ਼ਾਂ ਮਾਨੀ ਖ਼ਾਂ ਸਨ।

**ਜਿਨੈਂ ਫੜਾਏ ਆਪ ਥੇ, ਸਾਹਿਬਜ਼ਾਦੇ ਦੋਇ॥ ੪੬॥** ਜਾਨੀ ਖ਼ਾਂ ਤੇ ਮਾਨੀ ਖ਼ਾਂ ਮੋਰਿੰਡੇ ਦੇ ਠਾਣੇਦਾਰ ਸਨ, ਜਿਨ੍ਹਾਂ ਨੇ ਆਪ ਦੋਵੇਂ ਸਾਹਿਬਜ਼ਾਦਿਆਂ ਨੂੰ ਫੜਾਇਆ। ੪੬।

**ਚੌਪਈ॥ਘੜੂੰਵੈਂ ਵਾਲਨ ਸੋ ਲਭ ਲਏ॥** ਘੜੂੰਏ ਵਾਲਿਆਂ ਸਿੰਘਾਂ ਨੇ ਪਿੰਡ ਵਿਚ ਵੜ ਕੇ ਉਹ ਲੱਭ ਲਏ।

**ਹਥੌੜਨ ਸੋਂ ਉਨ ਪੁਤ੍ਰ ਮਾਰ ਦਏ॥** ਉਨ੍ਹਾਂ (ਜਾਨੀ ਖ਼ਾਂ ਮਾਨੀ ਖ਼ਾਂ) ਦੇ ਸਾਮ੍ਹਣੇ ਪਹਿਲਾਂ ਹਥੌੜੇ ਮਾਰ-ਮਾਰ ਕੇ ਉਨ੍ਹਾਂ ਦੇ ਪੁਤ੍ਰ ਮਾਰ ਦਿੱਤੇ।

**ਫਿਰ ਉਨਕੇ ਲਏ ਪੋਤ੍ਰੇ ਪਛਾਣ॥** ਫਿਰ ਉਨ੍ਹਾਂ ਦੇ ਪੋਤਰੇ ਵੀ ਪਛਾਣ ਲਏ।

**ਉਲਾਦ ਛੋਡੀ ਨ ਉਸ ਕੀ ਜਾਨ॥ ੪੭॥** ਉਸ (ਜਾਨੀ, ਮਾਨੀ ਖ਼ਾਂ) ਦੀ ਉਲਾਦ ਵੀ ਬਾਕੀ ਨਾ ਛੱਡੀ, ਸਭ ਮਾਰ ਦਿੱਤੇ ਜਾਨ ਤੋਂ। ੪੭।

**ਬੰਸ ਘਾਤ ਉਨ ਰੰਘੜਨ ਹੋਈ॥** ਉਨ੍ਹਾਂ ਰੰਘੜਾਂ ਦੀ ਵੰਸ਼ ਦਾ ਨਾਸ਼ ਹੋ ਗਿਆ।

**ਕਿਮ ਬਚਨੀ ਥੀ ਉਨ ਕੁਲ ਜੋਈ॥** ਜਿਹੜੀ ਉਨ੍ਹਾਂ ਦੀ ਕੁਲ੍ਹ ਸੀ, ਉਹ ਕਿਵੇਂ ਬਚ ਸਕਦੀ ਸੀ ਐਡੇ ਦੁਸ਼ਟਾਂ ਦੀ।

**ਸਾਹਬਜ਼ਾਦੇ ਹੁਕਮ ਸਤ ਸੁਨਕੇ॥** ਜਦੋਂ ਸਤਿਗੁਰਾਂ ਨੇ ਸੁਣਿਆ ਕਿ ਸਾਹਿਬਜ਼ਾਦੇ (ਹੁਕਮ ਸਤ) ਸ਼ਹੀਦ ਹੋ ਗਏ।

**ਜਾਨੀ ਮਾਨੀ ਫੜਾਏ ਗੁਨ ਕੇ॥ ੪੮॥** ਇਹ ਵਿਚਾਰ ਕੇ, ਕਿ ਜਾਨੀ ਖ਼ਾਂ ਤੇ ਮਾਨੀ ਖ਼ਾਂ ਨੇ ਗ੍ਰਿਫ਼ਤਾਰ ਕਰਵਾਏ ਸਾਹਿਬਜ਼ਾਦੇ। ੪੮।

**ਤੌ ਥੀ ਸਤਿਗੁਰ ਐਸ ਬਖਾਨੀ॥** ਤਾਂ ਸਤਿਗੁਰਾਂ ਨੇ ਇਸ ਤਰਾਂ ਵਾਕ ਕੀਤਾ ਸੀ।

*'ਜੜ੍ਹ ਰਹਿ ਜਾਨੀ ਨਾ ਰਹਿ ਮਾਨੀ'॥* ਲਫਜ਼ 'ਨਾ' ਦੇਹਲੀ ਦੀਪਕ ਹੈ,ਦੋਵੇਂ ਪਾਸੀਂ ਲੱਗਦਾ ਹੈ। ਜਾਨੀ, ਮਾਨੀ ਖ਼ਾਂ ਦੋਵਾਂ ਦੀ ਜੜ੍ਹ ਨਹੀਂ ਰਹੇਗੀ, ਦੋਹਾਂ ਦੇ ਪ੍ਰਵਾਰ ਇਨ੍ਹਾਂ ਦੀਆਂ ਅੱਖਾਂ ਸਾਮ੍ਹਣੇ ਖ਼ਤਮ ਹੋਣਗੇ।

*ਉਨਕੀ ਜੜ੍ਹ ਤੌ ਰਹਨ ਨ ਪਾਈ॥* ਉਨ੍ਹਾਂ (ਜਾਨੀ ਖ਼ਾਂ, ਮਾਨੀ ਖ਼ਾਂ) ਦੀ ਏਥੇ ਜੜ੍ਹ ਹੀ ਨਹੀਂ ਰਹਿਣਾ ਪਾਈ, ਜਦੋਂ ਉਸ ਦਾ ਸਾਰਾ ਪ੍ਰਵਾਰ ਹੀ ਅੱਖਾਂ ਸਾਮ੍ਹਣੇ ਮੌਤ ਦੇ ਘਾਟ ਉਤਾਰ ਦਿੱਤਾ।

*ਦਈ ਜੜ੍ਹਾਂ ਉਨ ਬਚਨ ਪੁਟਾਈ॥੪੯॥* ਸਤਿਗੁਰਾਂ ਦੇ ਬਚਨ ਨੇ ਉਨ੍ਹਾਂ ਦੀਆਂ ਜੜ੍ਹਾਂ ਪੁੱਟ ਦਿੱਤੀਆਂ, ਸਾਰਾ ਖ਼ਾਨਦਾਨ ਹੀ ਮਾਰਿਆ ਗਿਆ। ੪੯।

*ਹੋਰ ਜੁ ਉਨ ਕੇ ਭਾਈ ਸ੍ਰਦਾਰ॥* ਹੋਰ ਜਿਹੜੇ ਉਨ੍ਹਾਂ ਦੇ ਭਰਾ ਸੀ ਚੌਧਰੀ ਜਾਂ ਸਰਦਾਰ ਕਹਾਉਂਦੇ ਸੀ ਆਪਣੇ ਆਪ ਨੂੰ।

*ਮਾਰ ਹਥੌੜੇ ਸੋ ਦਏ ਮਾਰ॥* ਉਹ ਘੜ੍ਹੰਦੇਂ ਵਾਲੇ ਸਿੰਘਾਂ ਨੇ ਹਥੌੜੇ ਮਾਰ-ਮਾਰ ਕੇ ਸਿਰ ਵਿਚ ਮਾਰ ਦਿੱਤੇ।

*ਲੂਟਨ ਕੋ ਕੋਊ ਪ੍ਰਿਥਮ ਨ ਪਯੋ॥* ਕੋਈ ਵੀ ਸਿੰਘ ਪਹਿਲਾਂ ਲੁੱਟ ਕਰਨ ਨੂੰ ਨਹੀਂ ਪਿਆ।

*ਰੰਘੜਨ ਮਾਰਨ ਹੀ ਕੋ ਸਭ ਧਯੋ॥ ੫੦॥* ਸਾਰੇ ਸਿੰਘਾਂ ਨੇ ਰੰਘੜਾਂ ਨੂੰ ਮਾਰਨ ਵਾਸਤੇ ਹੀ ਹੱਲਾ ਕੀਤਾ। ੫੦।

*ਦੋਹਰਾ॥ਸਿੰਘਨ ਦਿਲ ਗੁੱਸੋ ਘਣੋ ਲੀਨੀ ਤੇਗ ਉਘਾਰ॥* ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦਾ ਸਿੰਘਾਂ ਦੇ ਦਿਲ ਵਿਚ ਬੜਾ ਹੀ ਗੁੱਸਾ ਸੀ ਕਿ ਇਹ ਰੰਘੜ ਅਜੇ ਬਚੇ ਹੀ ਫਿਰਦੇ ਸਨ। ਮਿਆਨਾਂ ਵਿੱਚੋਂ ਤੇਗਾਂ ਕੱਢ ਕੇ ਮਾਰਨ ਵਾਸਤੇ ਚੁੱਕ ਲਈਆਂ।

*ਬੋਦੀ ਵਾਲੋ ਛੋਡਿਕੈ ਔਰ ਦੀਓ ਸਭ ਮਾਰ॥ ੫੧॥* ਬੋਦੀ ਹਿੰਦੂ ਦੀ ਨਿਸ਼ਾਨੀ ਹੈ, ਜਿਸ ਦੇ ਸਿਰ 'ਤੇ ਬੋਦੀ ਹੁੰਦੀ ਸੀ, ਉਸ ਨੂੰ ਛੱਡ ਕੇ ਹੋਰ ਸਭ ਮਾਰ ਦਿੱਤੇ। ੫੧।

*ਚੌਪਈ॥ਜੇ ਕੋ ਬਚਯੋ ਹਿੰਦੂਅਨ ਵੜ॥* ਜੇ ਕੋਈ ਮੁਸਲਾ ਹਿੰਦੂਆਂ ਦੇ ਘਰਾਂ ਵਿਚ ਵੜ ਕੇ ਬਚ ਗਿਆ।

*ਇਮ ਕਰ ਉਨਕੀ ਰਹਿ ਆਈ ਜੜ੍ਹ॥* ਇਸ ਕਰਕੇ ਭਲਾ ਉਨ੍ਹਾਂ ਦੀ ਜੜ੍ਹ ਰਹਿ ਗਈ ਹੋਵੇ। ਹੋਰ ਤਾਂ ਰੰਘੜ ਕੋਈ ਬਚਿਆ ਹੀ ਨਹੀਂ।

*'ਕਾਹਿ ਫੜਾਵੈਂ ਬਾਲ ਬਿਚਾਰੇ'॥* ਵਿਚਾਰੇ ਬਾਲਕਾਂ ਨੂੰ ਕਿਉਂ ਫੜਾਉਂਦੇ।

*ਸ਼ਰੀਕ ਕਹੀ ਥੀ ਉਨ੍ਹੈਂ ਉਚਾਰੇ॥ ੫੨॥* ਉਨ੍ਹਾਂ (ਜਾਨੀ ਖ਼ਾਂ, ਮਾਨੀ ਖ਼ਾਂ) ਦੇ ਸ਼ਰੀਕਾਂ ਨੇ ਕਿਹਾ ਸੀ, ਉਨ੍ਹਾਂ ਨੂੰ ਕਿ ਕਿਉਂ ਵਿਚਾਰੇ ਸ਼ੀਰ ਖੋਰ ਬੱਚਿਆਂ ਨੂੰ ਫੜਾਉਂਦੇ ਹੋਂ। ੫੨।

*ਜਿਨਨੇ ਕਹਯੋ ਤੂੰ ਨਾ ਕਰ ਜਾਨੀ॥* ਜਿਨ੍ਹਾਂ ਸ਼ਰੀਕਾਂ ਨੇ ਕਿਹਾ ਸੀ ' ਓ ਜਾਨੀ ਖ਼ਾਂ ਨਾ ਕਰ ਇਹ ਕੰਮ, ਬਚਿਆਂ ਨੂੰ ਫੜਾ', ਜਿਸ ਕਰਕੇ ਕਹਿੰਦੇ ਸਨ ਜੜ੍ਹ ਬਚ ਗਈ, ਉਨ੍ਹਾਂ ਕਿਹਾ ਸੀ 'ਓ ਕਿਉਂ ਕਰਦਾ ਹੈਂ ਐਡਾ ਪਾਪ'।

*ਸ਼ਰੀਕ ਕਹੀ ਥੀ ਨਹਿ ਮਾਨੀ ਥੀ ਮਾਨੀ॥* ਸ਼ਰੀਕਾਂ ਦਾ ਕਿਹਾ ਹੋਇਆ ਕਿ ਇਨ੍ਹਾਂ ਬੱਚਿਆਂ ਦਾ ਕੀ ਕਸੂਰ ਹੈ? ਕੀ ਪਾਪ ਹੋ ਗਿਆ ਹੈ ਇਨ੍ਹਾਂ ਤੋਂ, ਮਾਨੀ ਖ਼ਾਂ ਰੰਘੜ ਨੇ ਉਨ੍ਹਾਂ ਦਾ ਕਿਹਾ ਮੰਨਿਆਂ ਨ, ਕਹਿੰਦਾ ਮੈਂ ਤਾਂ ਜ਼ਰੂਰ ਫੜਾਉਣੇ ਹਨ।

*ਹਾਹ ਨਾਰੈ ਤੇ ਉਨ ਜਦ ਰਹੀ॥* ਉਨ੍ਹਾਂ ਸ਼ਰੀਕਾਂ ਰੰਘੜਾਂ ਦੇ 'ਹਾਹ ਦਾ ਨਆਰਾ' ਮਾਰਨ ਕਰਕੇ ਉਨ੍ਹਾਂ ਦੀ ਜਦ ਰਹਿ ਗਈ ਹੈ।

*ਵਾਂਗ ਮਲੇਰੀਅਨ ਉਨ ਭੀ ਕਹੀ॥ ੫੩॥* ਮਲੇਰ ਕੋਟਲੀਏ ਪਠਾਣਾਂ ਵਾਗੂੰ ਉਨ੍ਹਾਂ ਰੰਘੜਾਂ ਨੇ ਵੀ 'ਹਾਹ ਦਾ ਨਾਹਰਾ ਮਾਰਿਆ' ਕਰਕੇ ਉਨਾ ਰੰਘੜਾਂ ਦੀ ਵੀ ਜੜ੍ਹ ਰਹਿ ਗਈ। ੫੩।

*ਕੂਟਤ ਲੂਟਤ ਸਾਂਝ ਹੁਇ ਅਈ॥* ਸਿੰਘਾਂ ਨੂੰ ਲੁਟਦਿਆਂ ਕੁਟਦਿਆਂ ਨੂੰ ਸੰਧਿਆ ਹੋ ਗਈ।

*ਇਤ ਸਬੱਬ ਬਹੁ ਜਾਨ ਬਚਈ॥* ਕੋਈ ਮੁਰਦਿਆਂ ਥੱਲੇ ਪੈ ਗਏ, ਕੁਛ ਹਿੰਦੂਆਂ ਦੇ ਘਰੀਂ ਵੜ ਗਏ,' ਕੁਛ ਹਾਹ ਦਾ ਨਾਹਰਾ ਮਾਰਿਆਂ ਕਰਕੇ ਇਸ ਬਹਾਨੇ ਬਹੁਤਿਆਂ ਦੀ ਜਾਨ ਬਚ ਗਈ, ਰਾਤ ਪੈਣ ਕਰਕੇ।

*ਹਿੰਦੂਅਨ ਘਰ ਜੋ ਵੜ ਥੇ ਰਹੇ॥* ਜਿਹੜੇ ਤੁਰਕ ਹਿੰਦੂਆਂ ਦੇ ਘਰਾਂ ਵਿਚ ਪਨਾਹ ਲੈ ਕੇ ਬਚ ਰਹੇ।

***ਰਾਤ ਪਰੀ ਸੋ ਨਿਕਾਰਹਿ ਦਏ॥ ੫੪॥*** ਉਨ੍ਹਾਂ ਨੂੰ ਰਾਤ ਪਈ ਤੋਂ ਹਿੰਦੂਆਂ ਨੇ ਆਪਣੇ ਘਰੋਂ ਕੱਢ ਦਿੱਤਾ ਕਿ ਹੁਣ ਭੱਜ ਜਾਓ, ਕਿਸੇ ਪਾਸੇ ਨੂੰ ਤੇ ਆਪਣੀ ਜਾਨ ਬਚਾਓ। ੫੪।

***ਜਾਨੀ ਮਾਨੀ ਦੁਇ ਥੇ ਭਾਈ॥*** ਜਾਨੀ ਖ਼ਾਂ ਤੇ ਮਾਨੀ ਖ਼ਾਂ ਰੰਘੜ ਦੋਨੋਂ ਭਰਾ ਸਨ।

***ਸਾਹਿਬਜ਼ਾਦੇ ਜਿਨ ਦਏ ਫੜਾਈ॥*** ਜਿਨ੍ਹਾਂ ਦੁਸ਼ਟਾਂ ਨੇ ਸਾਹਿਬਜ਼ਾਦੇ ਫੜਾਏ ਸਨ।

***ਸੁਨ ਸਤਿਗੁਰ ਯੌਂ ਕਹਯੋ ਬਖਾਨੀ॥*** ਇਹ ਸੁਣ ਕੇ ਸਤਿਗੁਰਾਂ ਨੇ ਇਉਂ ਬਚਨ ਕੀਤਾ ਸੀ।

***ਨਹਿੰ ਰਹਿ ਮਾਨੀ ਨਹਿ ਰਹਿ ਜਾਨੀ॥ ੫੫॥*** ਨਾ ਹੀ ਮਾਨੀ ਖ਼ਾਂ ਦੀ ਜੜ੍ਹ ਰਹੇਗੀ ਤੇ ਨਾ ਹੀ ਜਾਨੀ ਖ਼ਾਂ ਦੀ ਜੜ ਰਹੇਗੀ। ੫੫।

***ਦੋਹਰਾ॥ਮਾਰ ਮੁਰੰਡੋ ਖ਼ੁਸ਼ ਭਏ, ਰਹਯੋ ਰੰਗ ਬਡ ਲਾਗ॥*** ਮੋਰਿੰਡਾ ਸ਼ਹਿਰ ਬੜਾ ਧਨ ਨਾਲ ਭਰਪੂਰ ਸੀ, ਕਦੇ ਲੁੱਟਿਆ ਹੀ ਨਹੀਂ ਸੀ ਗਿਆ। ਮੋਰਿੰਡੇ ਨੂੰ ਮਾਰ ਕੇ ਖਾਲਸੇ ਬੜੇ ਪ੍ਰਸੰਨ ਹੋਏ ਕਿਉਂਕਿ ਹੱਥ ਰੰਗੇ ਗਏ ਮਾਇਆ ਦੇ ਨਾਲ। ਬੜਾ ਰੰਗ ਲੱਗ ਗਿਆ।

***ਜੋਹੀ ਫੌਜੋਂ ਦੁਰਾਨੀਆਂ, ਸਿੰਘਨ ਭੋਗਯੋ ਭਾਗ॥ ੫੬॥*** ਦੋਰਾਨੀਆਂ ਦੀ ਫ਼ੌਜਾਂ ਵੇਖਦੀਆਂ ਰਹਿ ਗਈਆਂ, ਸਿੰਘਾਂ ਨੇ ਆਪਣਾ ਭਾਗ ਭੋਗਿਆ, ਖੁਸ਼ ਹੋਏ, ਚੰਗਾ ਲੁਟ-ਮਾਰ ਦਾ ਮਾਲ ਹੱਥ ਲੱਗਿਆ। ੫੬।

***ਰਤਨ ਸਿੰਘ ਜਿਤਨੀ ਸੁਨੀ ਤਿਤਨੀ ਕਹੀ ਬਖਾਨ॥*** (ਮੈਂ) ਭਾਈ ਰਤਨ ਸਿੰਘ ਨੇ ਜਿਤਨੀ ਸਾਖੀ ਆਪਣੇ ਬਜ਼ੁਰਗ ਸਿੰਘਾਂ ਤੋਂ ਸੁਣੀ ਉਤਨੀ ਹੀ ਆਖ ਕੇ ਲਿਖੀ।

***ਔਰ ਜੁ ਆਗੈ ਭੀ ਸੁਨੀ ਸੋ ਭੀ ਸੁਨੋਂ ਸੁਜਾਨ॥ ੫੭॥*** ਹੋਰ ਜੋ ਮੈਂ ਅੱਗੇ ਵੀ ਸਾਖੀ ਸੁਣੀ, ਉਹ ਵੀ ਸ੍ਰੇਸ਼ਟ ਜਨੋਂ ਸੁਣੋ ਭਾਈ। ੫੭।

### ੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ॥

## ਅਥ ਲਛਮੀ ਨਰਾਇਣ ਖੱਤ੍ਰੀ ਲੂਟਜੋ

### ਲਖਮੀ ਨਰੈਣ ਨੱਠਾ। (ਬਾਦਸ਼ਾਹ ਨੇ ਸਿੰਘਾਂ ਨਾਲ ਮੇਲ ਹਿਤ ਕਿਹਾ)

***ਦੋਹਰਾ॥ਤਲਵਨ ਦੁਆਬਯੋਂ ਖੱਤ੍ਰੀ ਲਛਮੀ ਨਰਾਇਣ ਨਾਮ॥*** ਲਛਮੀ ਨਰਾਇਣ ਨਾਮ ਦਾ ਖੱਤਰੀ ਦੁਆਬੇ ਤੋਂ ਤਲਵਨ ਪਿੰਡ ਦੇ ਰਹਿਣ ਵਾਲਾ ਸੀ।

***ਸਿਰਹੰਦੀ ਫੁਜਦਾਰ ਕੋ ਸੋ ਲੇਵਤ ਥੋ ਕਾਮ॥ ੧॥*** ਉਹ ਸਰਹੰਦ ਦੇ ਫ਼ੌਜਦਾਰ ਦਾ ਕੰਮ ਲੈਂਦੇ ਸੀ ਉਸ ਤੋਂ। ੧।

***ਚੌਪਈ॥ਸੋ ਜੈਨੇ ਥੇ ਭਯੋ ਦਿਵਾਨ॥*** ਉਸ (ਲਛਮੀ ਨਰਾਇਣ) ਨੂੰ ਜੈਨ ਖ਼ਾਂ ਸੂਬਾ ਸਰਹੰਦ ਨੇ ਆਪਣਾ (ਦਿਵਾਨ) ਵੱਡਾ ਵਜ਼ੀਰ ਬਣਾ ਲਿਆ ਸੀ।

***ਚੜ੍ਹਯੋ ਉਗ੍ਰਾਹੁਣ ਕਰ ਸੌਊ ਤਾਣ॥*** ਉਹ ਬੜਾ ਜ਼ੋਰ ਕਰਕੇ ਉਗਰਾਹੀ ਕਰਨ ਵਾਸਤੇ ਚੜ੍ਹਿਆ ਸੀ।

***ਤਿਸਕੀ ਬਾਤ ਖਾਲਸੇ ਸੁਨ ਲਈ॥*** ਉਸਦੀ ਗੱਲ ਖਾਲਸੇ ਨੇ ਸੁਣ ਲਈ ਕਿ ਉਹ ਮਾਮਲਾ ਉਗਰਾਹੁਣ ਚੜ੍ਹਿਆ ਹੈ ਸਰਹੰਦ ਦਾ।

***ਤਿਸ ਪੈ ਦੌੜ ਫਿਰ ਖਾਲਸੇ ਕਈ॥ ੨॥*** ਉਸ ਦੇ ਉਤੇ ਖਾਲਸੇ ਨੇ (ਦੌੜਾ) ਹੱਲਾ ਕੀਤਾ। ੨।

***ਸੋ ਨੱਠਯੋ ਬਹੁ ਫੌਜ ਲੁਟਾਇ॥*** ਉਹ ਆਪਣੀ ਫ਼ੌਜ ਲੁਟਾ ਕੇ ਭੱਜ ਨਿਕਲਿਆ।

***ਬੜਯੋ ਕੁਰਾਲੀ ਕਿਛਕੁ ਬਚਾਇ॥*** ਆਪਣੀ ਕੁਛ ਕੁ ਫ਼ੌਜ ਬਚਾ ਕੇ ਕੁਰਾਲੀ ਜਾ ਵੜਿਆ।

***ਤਬ ਤੈ ਸਿੰਘਨ ਫਾਕਾ ਗਯੋ॥*** ਉਦੋਂ ਤੋਂ ਸਿੰਘਾਂ ਨੇ ਜੋ ਫਾਕੇ ਕੱਟੇ ਸੀ, ਉਹ ਸਮਾਂ ਚਲਾ ਗਿਆ (ਫਾਕਾ) ਭੁੱਖ ਨਿਕਲ ਗਈ।

***ਲੁਟ ਕੁਟ ਖਾਲਸੋ ਸੁਦੋ ਭਯੋ॥ ੩॥*** ਲੁਟ-ਕੁਟ ਕੇ ਖਾਲਸਾ ਸੂਧਾ ਹੋ ਗਿਆ, ਭਾਵ ਰੰਗ ਲੱਗ ਗਏ ਪੈਸਾ ਧੇਲਾ ਖੂਬ ਸਿੰਘਾਂ ਕੋਲ ਹੋ ਗਿਆ ਖ਼ਰਚਾ ਮਿਲ ਗਿਆ ਬਹੁਤ ਸਾਰਾ। ੩।

***ਲਾਇ ਸੱਟ ਫਿਰ ਦੂਰ ਹੁਇ ਜਾਇਂ॥*** ਸਿੰਘ ਨੇ ਸੱਟ ਲਉਣੀ ਦੂਰ ਨਿਕਲ ਜਾਣਾ ਮਾਲਵੇ ਨੂੰ, ਫਿਰ ਏਧਰ ਨਿਕਲ ਆਉਣਾ, ਠੀਕਰੀ ਵਾਲੇ ਜਾਂ ਆਲਾ ਸਿੰਘ ਦੇ ਪਿੰਡ।

***ਜੋਹਤ ਜੈਨੇ ਦੂਰੋਂ ਰਹਾਹਿਂ॥*** ਜੈਨ ਖ਼ਾਂ ਨੂੰ ਸਿੰਘ ਦੂਰੋਂ ਜੋਂਹਦੇ ਰਹਿੰਦੇ ਸਨ।

***ਸਿਰਹੰਦੋਂ ਨਿਕਸੈ ਜੈਨਾ ਨਾਂਹਿ॥*** ਜੈਨ ਖ਼ਾਂ ਸਿੰਘਾਂ ਤੋਂ ਡਰਦਾ ਸਰਹੰਦ ਵਿੱਚੋਂ ਬਾਹਰ ਨਹੀਂ ਸੀ ਨਿਕਲਦਾ।

***ਮਿਲੈ ਨ ਪੈਸੋ ਮੁਲਕੋਂ ਤਾਂਹਿ॥ ੪॥*** ਉਸ ਨੂੰ ਆਪਣੇ ਮੁਲਕ ਵਿੱਚੋਂ ਕੋਈ ਉਗਰਾਹੀ ਮਾਮਲੇ ਦਾ ਪੈਸਾ ਨਹੀਂ ਮਿਲਦਾ। ੪।

***ਸਿੰਘਨ ਮੁਲਕ ਉਗਰਾਹਿ ਬਹੁ ਲਯੋ॥*** ਸਿੰਘਾਂ ਨੇ ਉਸ ਦਾ ਬਹੁਤਾ ਮੁਲਕ ਉਗਰਾਹ ਲਿਆ।

***ਉਸ ਫਿਰ ਪੈਸੋ ਕਬ ਕਿਨ ਦਯੋ॥*** ਫਿਰ ਉਸ ਨੂੰ ਕਦੋਂ ਕਿਸੇ ਨੇ ਪੈਸਾ ਦਿੱਤਾ, ਜਦੋਂ ਸਿੰਘ ਹੀ ਮਾਮਲਾ ਉਗਰਾਹ ਕੇ ਲੈ ਗਏ।

***ਬਹੈ ਖਾਲਸਾ ਲਾਇਂ ਦੀਵਾਨ॥*** ਖਾਲਸਾ ਪੰਥ ਦੀਵਾਨ ਲਾ ਕੇ ਬੈਠਦਾ।

***ਸਿੰਘ ਭੁਜੰਗੀ ਸਤਿਗੁਰ ਜਾਨ ॥ ੫॥*** ਸਿੰਘਾਂ ਸੂਰਮਿਆਂ ਨੂੰ ਸਤਿਗੁਰਾਂ ਦੇ ਭੁਜੰਗੀ ਜਾਣੋਂ। ੫।

***ਦੋਹਰਾ॥ਤਬ ਆਲੈ ਸਿੰਘ ਸ਼ਾਹੈ ਕਹਯੋ 'ਤੂੰ ਖਾਲਸੈ ਹਮੈ ਮਿਲਾਇ'॥*** ਤਦ ਆਲਾ ਸਿੰਘ ਨੂੰ ਅਹਿਮਦਸ਼ਾਹ ਅਬਦਾਲੀ ਨੇ ਕਿਹਾ, 'ਤੂੰ ਖਾਲਸੇ ਨਾਲ ਸਾਡੀ ਮੇਲ ਮੁਲਾਕਾਤ ਕਰਵਾ ਦੇ'।

***ਏ ਦੰਗੋ ਹਮ ਸੋਂ ਨਹਿਂ ਕਰੈ, ਮੁਲਖ ਅਪਨੋ ਲੇਹਿ ਲਿਖਾਇ॥ ੬॥*** ਮੇਰੇ ਕੋਲੋਂ ਖਾਲਸਾ ਆਪਣੇ ਮੁਲਕ ਪਟਾ ਲਿਖਾ ਲਵੇ, ਸਾਡੇ ਨਾਲ ਲੜਾਈ ਨਾ ਕਰਨ। ੬।

***ਚੌਪਈ॥ਆਲਾ ਸਿੰਘ ਤਬ ਵਕੀਲ ਘਲਾਯਾ॥*** ਤਦ ਆਲਾ ਸਿੰਘ ਨੇ ਆਪਣਾ ਵਕੀਲ ਭੇਜਿਆ।

***ਸਭ ਖਾਲਸੈ ਪੈ ਸੋ ਚਲ ਆਯਾ॥*** ਉਹ (ਆਲਾ ਸਿੰਘ ਦਾ ਵਕੀਲ) ਖਾਲਸੇ ਕੋਲ ਚੱਲ ਕੇ ਆਇਆ।

***ਨਾਨੂ ਸਿਘ ਥੋ ਗਰੇ ਸੁ ਵਾਲ॥*** ਉਹ ਵਕੀਲ ਗਰੇਵਾਲ ਗੋਤ ਦਾ ਨਾਨੂੰ ਸਿੰਘ ਨਾਮ ਦਾ ਸੀ।

***ਜਿਨ ਜਾ ਆਖਯੋ ਸ਼ਾਹਿ ਸਵਾਲ॥ ੭॥*** ਜਿਸ ਨੇ ਅਹਿਮਦ ਸ਼ਾਹ ਅਬਦਾਲੀ ਦਾ ਸੁਆਲ ਜਾ ਕੇ ਰੱਖਿਆ ਖਾਲਸੇ ਪੰਥ ਅੱਗੇ, ਕਿ ਖਾਲਸਾ ਜੀ ! ਅਬਦਾਲੀ ਇਉਂ ਕਹਿੰਦਾ ਖਾਲਸਾ ਮੈਥੋਂ ਪੰਜਾਬ ਦਾ ਰਾਜ ਲਿਖਵਾ ਲਵੇ ਪਰ ਸਾਡੀ ਫ਼ੌਜ ਨੂੰ ਨਾ ਮਾਰੇ। ੭।

***ਤਊ ਖਾਲਸੈ ਉੱਤਰ ਦਯੋ॥*** ਤਾਂ ਖਾਲਸੇ ਅਹਿਮਦ ਸ਼ਾਹ ਨੂੰ ਉੱਤਰ ਦਿੱਤਾ ਅੱਗੋਂ।

***'ਰਾਜ ਮੰਗਯੋ ਕਬ ਕਿਸਨੈ ਦਯੋ'॥*** ਕਹਿੰਦੇ ਓ ਕਦੇ ਮੰਗਿਆ ਵੀ ਰਾਜ ਕਿਸੇ ਨੇ ਦਿੱਤਾ ਹੈ? ਅਸੀ ਰਾਜ ਓਸ ਤੋਂ ਮੰਗ ਕੇ ਲੈਣਾ? ਸਾਡੇ ਗੁਰੂ ਨੇ ਹੰਨੇ-ਹੰਨੇ ਪਾਤਸ਼ਾਹੀ ਲਾਈ ਹੈ।

***ਤੁਰਕਨ ਔ ਸਿੰਘਨ ਕਯਾ ਮੇਲ॥*** ਤੁਰਕਾਂ ਅਤੇ ਸਿੰਘ ਦਾ ਕੀ ਮੇਲ, ਤੁਰਕਾਂ ਨਾਲ ਤਾਂ ਮੇਲ ਮੁਲਾਕਾਤ ਕਰਨੀ ਹੀ ਨਹੀਂ ਖਾਲਸੇ ਨੇ।

***ਬਰੂਦ ਅਗਨ ਕੋ ਜਿਮ ਹੈ ਖੇਲ॥*** ਜਿਵੇਂ ਬਰੂਦ ਦੇ ਨੇੜੇ ਅੱਗ ਕੀਤੀ ਨਹੀਂ ਕਿ ਧਮਾਕਾ ਪਿਆ ਨਹੀਂ, ਜਿਵੇਂ ਅਗਨੀ ਅਤੇ ਬਰੂਦ ਦਾ ਖੇਲ ਨਹੀਂ ਮੇਲ ਕਰਨਾ ਉਨ੍ਹਾਂ ਨਾਲ।

***ਹਮਕੋ ਸਤਿਗੁਰ ਰਾਜ ਲਿਖ ਦੀਆ॥*** ਸਾਨੂੰ ਤਾਂ ਸਾਡੇ ਸਤਿਗੁਰੂ ਚੱਕਰਵਰਤੀ ਰਾਜ ਲਿਖ ਕੇ ਦਿੱਤਾ "ਉਦੇ ਅਸਤ ਸਮੁਦ੍ਰੰ ਪ੍ਰਯੰਤੰ ਅਬਿਚਲ ਰਾਜ ਮਿਲਯੋ ਸੁਰਪੁਰਿ ਕੋ"।

***ਖਾਲਸੈ ਦੇਇ ਭੇਟ ਸਿਰ ਲੀਆ॥ ੮॥*** ਸਤਿਗੁਰੂ ਜੀ ਨੂੰ ਖਾਲਸੇ ਨੇ ਆਪਣਾ ਸੀਸ ਭੇਟ ਕਰਕੇ ਉਨ੍ਹਾਂ ਤੋਂ ਰਾਜ ਲਿਆ। ੮।

## ੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ॥

# ਅਥ ਸਾਖੀ ਪ੍ਰਿਥਮੈ ਕਸੂਰ ਮਾਰਨ ਕੀ ਲਿਖਤੇ॥

## (ਕਸੂਰ ਮਾਰ ਕੇ ਬ੍ਰਾਹਮਣ ਦੀ ਬ੍ਰਾਹਮਣੀ ਦਿਵਾਈ)

**ਦੋਹਰਾ॥ਸਾਖੀ ਸੁਨੋਂ ਕਸੂਰ ਕੀ ਜਿਮ ਪ੍ਰਿਥਮ ਸਿੰਘਨ ਲਈ ਮਾਰ॥** ਖਾਲਸਾ ਜੀ ! ਹਣ ਕਸੂਰ ਸ਼ਹਿਰ ਦੀ ਸਾਖੀ ਸੁਣੋ। ਜਿਵੇਂ ਪਹਿਲੀ ਵਾਰ ਸਿੰਘਾਂ ਨੇ ਮਾਰਿਆ। ਜਿਸ ਨੂੰ ਇਸ ਤੋਂ ਪਹਿਲਾਂ ਕਿਸੇ ਨੇ ਮਾਰਿਆ ਨਹੀਂ ਸੀ ਅਤੇ ਨਾ ਹੀ ਉਸ ਨੂੰ ਕੋਈ ਫੜ੍ਹੇ ਕਰ ਸਕਦਾ ਸੀ।

**ਆਕੀ ਹੋਤ ਲਹੌਰ ਤੇ ਆਈ ਪਠਾਨਨ ਹਾਰ॥ ੧॥** ਉਹ ਕਸੂਰ ਵਾਲੇ ਪਠਾਣ ਲਹੌਰ ਦੇ ਸੂਬੇ ਤੋਂ ਵੀ ਆਕੀ ਸਨ। ਲਹੌਰੀ ਸੂਬੇ ਵਿਚ ਹਿੰਮਤ ਨਹੀਂ ਸੀ ਪੈਂਦੀ ਕਿ ਕਸੂਰੀ ਪਠਾਣਾਂ ਨੂੰ ਆਪ ਦੇ ਮਤਹਿਤ ਕਰ ਲਵੇ। ਉਨ੍ਹਾਂ ਪਠਾਣਾਂ ਦੀ ਹਾਰ ਆਈ। ੧।

**ਚੌਪਈ॥ਸਈ ਅਠਾਰਾਂ ਸਤਾਹ੍ਰੇ ਸਾਲ॥** ਸੰਮਤ ਅਠਾਰਾਂ ਸੌ ਸਤਾਰਾਂ ਬਿਕ੍ਰਮੀ ਵਿਚ।

**ਡੇਰੇ ਕਰੇ ਗਿਰਦ ਅੰਮ੍ਰਿਤ ਤਾਲ॥** ਖਾਲਸੇ ਪੰਥ ਨੇ ਅੰਮ੍ਰਿਤ ਸਰੋਵਰ ਦੇ ਆਸੇ ਪਾਸੇ ਆਪਣੇ ਪੱਕੇ ਡੇਰੇ ਜਮਾ ਲਏ ਸਨ।

**ਬਸਾਖੀ ਨ੍ਹਾਇ ਸਿੰਘ ਭਏ ਤਿਆਰ॥** ਵੈਸਾਖੀ ਦੇ ਪੁਰਬ ਦੇ ਇਸ਼ਨਾਨ ਕਰਕੇ ਖਾਲਸਾ ਪੰਥ ਤਿਆਰ ਹੋਇਆ।

**ਅੱਧਾ ਦਲ ਭਯੋ ਬਿਆਹੋ ਪਾਰ॥ ੨॥** ਸਾਰੇ ਖਾਲਸੇ ਪੰਥ ਵਿਚੋਂ ਤਕਰੀਬਨ ਅੱਧਾ ਦਲ (ਬੁੱਢਾ ਦਲ) ਬਿਆਸਾ ਤੋਂ ਪਾਰ ਹੋਇਆ। ਬਿਆਸਾ ਨਦੀ ਨੂੰ ਟੱਪ ਕੇ ਜਲੰਧਰ ਵੱਲ ਨੂੰ ਪਾਰ ਹੋ ਗਿਆ ਖਾਲਸਾ ਪੰਥ। ੨।

**ਪੰਜ ਮਿਸਲ ਕੀ ਊਹਾਂ ਰਹੀ॥** ਪਿੱਛੇ ਸ੍ਰੀ ਅੰਮ੍ਰਿਤਸਰ ਵਿਚ ਪੰਜ ਮਿਸਲਾਂ ਖਾਲਸੇ ਦੀਆਂ ਰਹਿ ਗਈਆਂ ਸਨ।

**ਰਾਮਗੜ੍ਹੀਏ, ਘਨੱਯੇ, ਸੁਕ੍ਰਚਕੀਏ, ਨਕਈ॥** ਰਾਮਗੜ੍ਹੀਆ, ਘਨੱਈਆ, ਸੁਕ੍ਰਚਕੀਆ ਅਤੇ ਨਕਈ, ਇਹ ਚਾਰ ਮਿਸਲਾਂ।

**ਭੰਗੀ ਹਰੀ ਸਿੰਘ ਥੋ ਊਹਾਂ ਰਹਯੋ॥** ਭੰਗੀ ਮਿਸਲ ਦੇ ਸ: ਹਰੀ ਸਿੰਘ ਉਹ ਵੀ ਉਥੇ ਸ੍ਰੀ ਅੰਮ੍ਰਿਤਸਰ ਹੀ ਰਹਿ ਗਿਆ ਸੀ।

**ਕਿਲ੍ਹੈ ਆਪਨੈ ਸੋ ਥੋ ਬਹਯੋ॥ ੩॥** ਸ੍ਰੀ ਅੰਮ੍ਰਿਤਸਰ ਵਿਚ ਭੰਗੀਆਂ ਦੀ ਮਿਸਲ ਦਾ ਕਿਲ੍ਹਾ ਸੀ, ਉਹ ਆਪਣੇ ਕਿਲ੍ਹੇ ਵਿਚ ਬੈਠ ਰਿਹਾ ਸੀ। ੩।

**ਅਕਾਲ ਬੁੰਗੈ ਪਹਰ ਤੀਜੇ ਆਵੈ॥** ਤੀਜੇ ਪਹਿਰ ਸ੍ਰੀ ਅਕਾਲ ਤਖ਼ਤ ਸਾਹਿਬ, ਜਦੋਂ ਖਾਲਸੇ ਦਾ ਦੀਵਾਨ ਸਜਦਾ, ਉਦੋਂ ਆਉਂਦਾ ਹਰੀ ਸਿੰਘ ਭੰਗੀ।

**ਸੁਨ ਰਹਿਰਾਸ ਫਿਰ ਕਿਲ੍ਹੇ ਸਿਧਾਵੈ॥** ਸ੍ਰੀ ਰਹਿਰਾਸ ਸਾਹਿਬ ਜੀ ਦਾ ਪਾਠ ਸ੍ਰਵਣ ਕਰਕੇ ਫਿਰ ਵਾਪਸ ਆਪਣੇ ਕਿਲ੍ਹੇ ਨੂੰ ਚਲਿਆ ਜਾਂਦਾ।

**ਨਿਤਪ੍ਰਤਿ ਐਸੋ ਕਰਤ ਖਿਆਲ॥** ਨਿਤਾ ਪ੍ਰਤੀ ਦਾ ਹੀ ਉਸ ਦਾ ਐਸਾ ਵਿਹਾਰ ਸੀ, ਪਹਿਲਾਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਦੇ ਦਰਸ਼ਨ ਕਰਨੇ, ਫਿਰ ਰਹਿਰਾਸ ਦਾ ਪਾਠ ਸੁਣਨਾ।

**ਬਰਸੈ ਮੀਂਹ ਭਾਵੈ ਵਗੈ ਵਾਲ॥ ੪॥** ਭਾਵੇਂ ਹਨੇਰੀ ਝੱਖੜ ਵਗੇ ਜਾਂ ਮੀਂਹ ਪਵੇ, ਜਰੂਰ ਹੀ ਆ ਕੇ ਹਾਜ਼ਰੀ ਭਰਦੇ ਸੀ। ੪।

**ਇਸੀ ਤੌਰ ਸਭ ਖਾਲਸੋ ਆਵੈ॥** ਜਿਵੇਂ ਭੰਗੀ ਸਰਦਾਰ ਆਉਂਦਾ ਸੀ, ਇਸੇ ਤਰ੍ਹਾਂ ਹੀ ਸਾਰਾ ਖਾਲਸਾ ਆਉਂਦਾ ਸੀ।

**ਸੁਨ ਅਰਦਾਸ ਸਭ ਡੇਰੈ ਸਿਧਾਵ॥** ਰਹਿਰਾਸ ਸਾਹਿਬ ਦੀ ਸਮਾਪਤੀ ਤੋਂ ਬਾਅਦ ਅਰਦਾਸਾ ਸੁਣ ਕੇ, ਸਭ ਆਪੋ ਆਪਣੇ ਡੇਰਿਆਂ ਨੂੰ ਚਲੇ ਜਾਂਦੇ ਸਨ।

***ਬੈਰ ਪਾਪਾ ਤਹਿਂ ਕਰੈ ਨ ਕੋਇ॥*** ਸਾਰੇ ਪੰਥ ਦਾ ਪੂਰਨ ਇਤਫ਼ਾਕ ਸੀ ਉਸ ਮੌਕੇ, ਕੋਈ ਵੀ ਉਥੇ ਕਿਸੇ ਨਾਲ ਵੈਰ ਭਾਵ ਨਹੀਂ ਸੀ ਕਰਦਾ ਅਤੇ ਨਾ ਹੀ ਆਪਣੇ ਅੰਦਰ ਕੋਈ ਪਾਪ ਚਿਤਵਦਾ ਸੀ।

***ਲਾਇ ਦਿਵਾਨ ਸਭ ਗੁਰਮਤੋ ਹੋਇ॥ ੫॥*** ਕਿਸੇ ਵੀ ਕਾਰਜ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਿਵਾਨ ਲਾ ਕੇ ਗੁਰਮਤਾ ਸੋਧਿਆ ਜਾਂਦਾ। ੫।

***ਦੋਹਰਾ॥ਏਕ ਦਿਵਸ ਹਰੀ ਸਿਘ ਜੀ ਬੈਠੇ ਹੁਤੇ ਦਰਬਾਰ॥*** ਇਕ ਦਿਨ ਦੀ ਗੱਲ ਸ੍ਰੀ ਅਕਾਲ ਤਖ਼ਤ ਦੀਵਾਨ ਸਜਿਆ ਹੋਇਆ ਸੀ, ਸਾਰੀਆਂ ਮਿਸਲਾਂ ਹਾਜ਼ਰ ਸਨ। ਉਹ ਹਰੀ ਸਿੰਘ ਭੰਗੀ ਮਿਸਲ ਦਾ ਸਰਦਾਰ ਵੀ ਦਰਬਾਰ ਵਿਚ ਬੈਠਾ ਸੀ।

***ਦੁਈ ਦੁਹਾਈ ਆਨ ਬਿਪ ਕਸੂਰੀਓ ਊਚ ਪੁਕਾਰ॥ ੬॥*** ਕਸੂਰ ਦੇ ਬ੍ਰਾਹਮਣ ਨੇ ਉੱਚੀ ਅਵਾਜ਼ ਵਿਚ ਖਾਲਸੇ ਪੰਥ ਅੱਗੇ ਫਰਿਆਦ ਕੀਤੀ, ਦੁਹਾਈ ਦਿੱਤੀ। ੬।

***ਚੌਪਈ॥ਊਚੇ ਬਿਪ ਯੌ ਕਰੀ ਪੁਕਾਰ॥*** ਉੱਚੀ-ਉੱਚੀ ਬ੍ਰਾਹਮਣ ਨੇ ਪੁਕਾਰ ਕੀਤੀ ਖਾਲਸੇ ਪੰਥ ਅੱਗੇ।

***ਖੋਹੀ ਕਸੂਰੀਅਨ ਮੇਰੀ ਨਾਰ॥*** ਕਸੂਰੀ ਪਠਾਣਾਂ ਨੇ ਮੇਰੀ ਇਸਤ੍ਰੀ ਮੈਥੋਂ ਖੋਹ ਲਈ।

***ਤੁਮ ਖਾਲਸੇ ਹੋ ਹਿੰਦੂ ਧਰਮ॥*** ਖਾਲਸਾ ਜੀ ! ਤੁਸੀਂ ਹਿੰਦੂ ਧਰਮ ਦੀ ਰੱਖਿਆ ਵਾਸਤੇ ਸਾਜੇ ਗਏ ਹੋ।

***ਪੰਥ ਨਾਨਕ ਕੌ ਛਤ੍ਰੀ ਕਰਮ॥ ੭॥*** ਤੁਸੀਂ ਗੁਰੂ ਨਾਨਕ ਸਾਹਿਬ ਜੀ ਦਾ ਪੰਥ ਹੋ, ਛੱਤ੍ਰੀਆਂ ਵਾਲੇ ਤੁਹਾਡੇ ਕਰਮ ਹਨ। ੭।

***ਤੁਰਕਨ ਕੀਨੀ ਜੁਲਮੀ ਭਾਰੀ॥*** ਤੁਰਕਾਂ ਨੇ ਬੜਾ ਭਾਰੀ ਜ਼ੁਲਮ ਕੀਤਾ।

***ਤੁਰਕਨ ਆਈ ਗਲਨੈ ਵਾਰੀ॥*** ਕਸੂਰੀ ਤੁਰਕਾਂ ਦੀ (ਗਲਨੈ) ਗਲਣ ਦੀ, ਨਾਸ਼ ਹੋਣ ਦੀ ਵਾਰੀ ਆ ਗਈ ਹੈ।

***ਮੈਂ ਆਯੋ ਖਾਲਸੈ ਸ਼ਰਨਾਈ॥*** ਮੈਂ ਖਾਲਸੇ ਪੰਥ ਦੀ ਸ਼ਰਨ ਆਇਆ ਹਾਂ।

***ਯੌ ਕਹਿ ਕੈ ਫਿਰ ਦਈ ਦੁਹਾਈ॥ ੮॥*** ਇਉਂ ਕਹਿ ਕੇ ਉਸ ਨੇ ਫਿਰ ਦੁਹਾਈ ਦਿੱਤੀ। ੮।

***'ਯਹ ਦੁਬਾਰ ਛਡ ਔਰ ਕਤ ਜਾਊਂ'॥*** ਦੱਸੋ ਹੁਣ ਮੈਂ ਇਸ ਸੱਚੇ ਦਰਬਾਰ ਨੂੰ ਛੱਡ ਕੇ ਹੋਰ ਕਿਥੇ ਜਾਵਾਂ।

***ਦਿਸੈ ਨ ਠੌਰ ਜਹਿਂ ਅਦਾਲਤ ਪਾਊਂ'॥*** ਖਾਲਸਾ ਜੀ ! ਮੈਨੂੰ ਤਾਂ ਏਸ ਸੱਚੇ ਦਰਬਾਰ ਤੋਂ ਬਗੈਰ ਹੋਰ ਜਗ੍ਹਾ ਦਿਸਦੀ ਨਹੀਂ ਜਿਥੋਂ ਮੈਨੂੰ ਇਨਸਾਫ਼ ਮਿਲੇਗਾ।

***ਦੁਬਾਰ ਅਗੈ ਸੁਟੀ ਪੱਗ ਉਤਾਰ॥*** ਇਸ ਤਰ੍ਹਾਂ ਕਹਿ ਕੇ ਗੁਰੂ ਦਰਬਾਰ ਅੱਗੇ ਖਾਲਸੇ ਪੰਥ ਅੱਗੇ ਆਪਣੀ ਪੱਗ ਲਾਹ ਕੇ ਸੁੱਟ ਦਿੱਤੀ।

***ਕਹੈ, 'ਮਰੂੰ ਮੈ ਮਾਰ ਤਲਵਾਰ'॥ ੯॥*** ਖਾਲਸਾ ਜੀ ! ਜੇ ਮੇਰੀ ਫਰਿਆਦ ਨਾ ਸੁਣੀ ਗਈ "ਮੈਂ ਆਪਣਾ ਘਾਤ ਕਰ ਲਵਾਂਗਾ, ਮੈਂ ਆਪਣੇ ਤਲਵਾਰ ਮਾਰ ਕੇ ਏਥੇ ਹੀ ਮਰਾਂਗਾ"। ੯।

***ਦੋਹਰਾ॥ਹਰੀ ਸਿੰਘ ਤਿਸ ਕੌ ਕਹਯੋ 'ਤੂੰ ਕਲ ਆਈਂ ਫੇਰ'॥*** ਸ: ਹਰੀ ਸਿੰਘ ਭੰਗੀ ਨੇ ਉਸ ਨੂੰ ਕਿਹਾ, ਪੰਡਤਾ! ਤੂੰ ਕੱਲ੍ਹ ਨੂੰ ਫਿਰ ਆਵੀਂ ਗੁਰਮਤਾ ਕਰਾਂਗੇ।

***'ਲਗੈ ਦਿਵਾਨ ਜਬ ਖਾਲਸੈ, ਪੜ੍ਹੀ ਰਹੁਰਾਸੈ ਕੇਰ'॥ ੧੦॥*** ਰਹਿਰਾਸ ਦੇ ਪਾਠ ਕਰਨ ਤੋਂ ਬਾਅਦ ਜਦੋਂ ਖਾਲਸੇ ਦਾ ਦੀਵਾਨ ਲਗੇਗਾ, ਉਦੋਂ ਆਈਂ। ੧੦।

***ਚੌਪਈ॥ਦਿਨ ਅਗਲੈ ਫਿਰ ਖਾਲਸੋ ਆਯੋ॥*** ਅਗਲੇ ਦਿਨ ਫਿਰ ਖਾਲਸਾ ਪੰਥ ਗੁਰੂ ਦਰਬਾਰ ਵਿਚ ਆਇਆ।

***ਕਰ ਸ਼ਨਾਨ ਦਰਸ਼ਨ ਦਰਸਾਯੋ॥*** ਸਰੋਵਰ ਵਿਚ ਇਸ਼ਨਾਨ ਕਰਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕੀਤੇ।

***ਟੇਕ ਮਥੋ ਸਿੰਘ ਬੈਠੋ ਆਣ॥*** ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਸਿੰਘ ਗੁਰੂ ਦੀ ਹਜ਼ੂਰੀ ਵਿਚ ਆ ਬੈਠੇ।

***ਸਬਦ ਚੌਕੀ ਸੁਨੀਂ ਲਾਇ ਦੀਵਾਨ॥ ੧੧॥*** ਦੀਵਾਨ ਲਾ ਕੇ ਸਿੰਘਾਂ ਨੇ ਸ਼ਬਦ ਕੀਰਤਨ ਸ੍ਰਵਣ ਕੀਤਾ। ੧੧।

***ਪੜ੍ਹ ਰਹਿਰਾਸ ਫਿਰ ਅਰਦਾਸੈ ਭਈ॥*** ਰਹਿਰਾਸ ਪੜ੍ਹ ਕੇ ਫਿਰ ਅਰਦਾਸ ਹੋਈ।

***ਫਿਰ ਆਇ ਬਿੱਪ ਦੁਹਾਈ ਦਈ॥*** ਫਿਰ ਬ੍ਰਾਹਮਣ ਨੇ ਆ ਕੇ ਖਾਲਸੇ ਪੰਥ ਅੱਗੇ ਦੁਹਾਈ ਦਿੱਤੀ। ਫਰਯਾਦ ਕੀਤੀ।

***ਕਰੋ ਉਪਰਾਲਾ ਮੋਰਾ ਚੱਲ॥*** ਖਾਲਸਾ ਜੀ ! ਚਲੋ ਹੁਣ ਮੇਰਾ ਉਪਰਾਲਾ ਕਰੋ, ਮੇਰੀ ਮਦਦ ਕਰੋ, ਮੇਰੀ ਬ੍ਰਹਮਣੀ ਦਿਵਾਓ ਚੱਲ ਕੇ।

***ਮਾਰੋ ਕਸੂਰੋ ਬਨੈ ਸਭ ਗੱਲ॥ ੧੨॥*** ਖਾਲਸਾ ਜੀ ! ਚੱਲ ਕੇ ਕਸੂਰੀਆਂ ਪਠਾਣਾਂ ਨੂੰ ਮਾਰੋ, ਜਿਸ ਕਰਕੇ ਸਾਰੀ ਗੱਲ ਠੀਕ ਬਣ ਜਾਇਗੀ, ਸਾਰੇ ਕਾਰਜ ਸ਼ੁੱਧ ਹੋ ਜਾਣਗੇ। ੧੨।

***ਨਹੀਂ ਤੌ ਮਰੂੰਗੁ ਮੈਂ ਸਿਰ ਚੜ੍ਹ ਥਾਰੇ॥*** ਜੇ ਖਾਲਸੇ ਨੇ ਮੇਰੀ ਮਦਦ ਨਾ ਕੀਤੀ, ਤਾਂ ਮੈਂ ਤੁਹਾਡੇ ਸਿਰ ਚੜ੍ਹ ਕੇ ਮਰਾਂਗਾ।

***ਹੋਵਗੁ ਤੁਮ ਕੌ ਅਪਜਸ ਸਾਰੇ॥*** ਜਿਸ ਕਰਕੇ ਤੁਹਾਡੀ ਸਾਰੇ ਥਾਵਾਂ 'ਤੇ ਨਿੰਦਿਆ ਹੋਵੇਗੀ ਕਿ ਖਾਲਸੇ ਨੇ ਬਿੱਪਰ ਦੀ ਮਦਦ ਨਹੀਂ ਕੀਤੀ।

***ਹਰੀ ਸਿੰਘ ਸਭ ਖਾਲਸੋ ਪੁੱਛਾ॥*** ਭੰਗੀ ਮਿਸਲ ਦੇ ਸਰਦਾਰ ਹਰੀ ਸਿੰਘ ਨੇ ਸਰਬਤ ਖਾਲਸੇ ਨੂੰ ਪੁੱਛਿਆ।

***'ਦਿਓ ਜੁਆਬ ਜੋ ਤੁਮ ਲੱਗਾ ਹੱਛਾ'॥ ੧੩॥*** ਖਾਲਸਾ ਜੀ ! ਜੋ ਤੁਹਾਨੂੰ ਚੰਗਾ ਲਗਦਾ ਹੈ, ਉਹ ਜੁਆਬ ਦਿਉ ਬ੍ਰਹਮਣ ਨੂੰ। ੧੩।

***ਸੂਬਤ ਖਾਲਸੈ ਐਸ ਵਖਾਨਾ॥*** ਸਭੀ ਖਾਲਸੇ ਇਸ ਤਰ੍ਹਾਂ ਆਖਿਆ।

***'ਤੁੰ ਸਭਹਿਨ ਮੈਂ ਆਹਿ ਸਿਆਨਾ॥*** ਹਰੀ ਸਿੰਘ ਜੀ ! ਤੁਸੀਂ ਸਭ ਸਿੰਘਾਂ ਵਿੱਚੋਂ ਸਮਝਦਾਰ ਹੋ।

***ਅਪਨਾ ਉਨਕਾ ਲਖ ਲਿਹੁ ਤਾਣੂ॥*** ਪਰ ਇਕ ਗੱਲ ਜ਼ਰੂਰ ਹੈ, ਆਪਣਾ ਤੇ ਉਹਨਾਂ ਦਾ (ਤਾਣ) ਜ਼ੋਰ ਵੇਖ ਲਉ। ਆਪਣਾ ਕਿਤਨਾ ਬਲ ਅਤੇ ਉਨ੍ਹਾਂ (ਕਸੂਰੀਆਂ) ਦਾ ਕਿੰਨਾਂ ਬਲ ਹੈ ਤੇ ਆਪਣੀ ਗਿਣਤੀ ਵੇਖ ਲਵੋ।

***ਤਬ ਫਿਰ ਬਿਪਨੇ ਕਹੀ ਵਖਾਣ॥ ੧੪॥*** ਤਾਂ ਬ੍ਰਹਮਣ ਨੇ ਕਿਹਾ ਉੱਚੀ ਅਵਾਜ਼ ਵਿਚ। ੧੪।

***ਦੋਹਰਾ॥ਤੋ ਫਿਰ ਪ੍ਰਾਤੈ ਹਰੀ ਸਿੰਘ ਸਦ ਪੁਛੇ ਸਿਆਨੈ ਲੋਇ॥*** ਤਾਂ ਫਿਰ ਹਰੀ ਸਿੰਘ ਨੇ ਦੂਜੇ ਦਿਨ ਸਵੇਰ ਵੇਲੇ ਸਿਆਣੇ ਸਿਆਣੇ ਸਿੰਘਾਂ ਨੂੰ ਸੱਦ ਕੇ ਪੁੱਛਿਆ।

***ਹਮਰੈ ਉਨਕੈ ਜੋਰ ਕੋ, ਕਹੋ ਪਰਤਲੋ ਜੋਇ॥ ੧੫॥*** ਸਾਡੇ ਤੇ ਉਹਨਾਂ ਦੇ ਜੋਰ ਦਾ ਪ੍ਰਤਿਆਵਾ ਲੈ ਲਵੋ, ਜਾਂਚ ਕਰਕੇ ਦੱਸੋ ਕਿ ਅਸੀ ਉਨ੍ਹਾਂ ਦਾ ਮੁਕਾਬਲਾ ਕਰ ਸਕਾਂਗੇ ਕਿ ਨਹੀਂ ਕਰ ਸਕਾਂਗੇ। ੧੫।

***ਚੌਪਈ॥ਤਬ ਸਯਾਨਨ ਨੈ ਕਰਯੋ ਉਚਾਰਿ॥*** ਤਦ ਸਿਆਣੇ ਸਿੰਘਾਂ ਨੇ ਅੱਗੋਂ ਜੁਆਬ ਦਿੱਤਾ।

***ਉਇ ਆਟਾ ਹਮ ਲੂਣ ਬਿਚਾਰ॥*** ਵਿਚਾਰ ਲਵੋਂ ਉਹ ਤਾਂ ਆਟੇ ਸਮਾਨ ਹਨ ਤੇ ਅਸੀਂ ਲੂਣ ਸਮਾਨ ਹਾਂ।

***ਤੁਮ ਪੈ ਕੁਲ ਸਿੰਘ ਪੰਜ ਹਜ਼ਾਰ॥*** ਤੁਹਾਡੇ ਕੋਲ ਤਾਂ ਸਾਰੀ ਹੀ ਪੰਜ ਹਜ਼ਾਰ ਫ਼ੌਜ ਹੈ ਸਿੰਘਾਂ ਦੀ ਗਿਣਤੀ ਦੀ।

***ਔਰ ਗਯੋ ਹੈ ਨਿਜ ਘਰ ਬਾਰ॥ ੧੬॥*** ਅਤੇ ਹੋਰ ਸਿੰਘ ਸਭ ਆਪਣੇ ਘਰਾਂ ਨੂੰ ਗਏ ਹੋਏ ਖਿੰਡੇ ਹੋਏ ਸਨ। ੧੬।

***ਔਰ ਮਿਸਲ ਜੋ ਹੈਂ ਈਹਾਂ ਚਾਰ॥*** ਹੋਰ ਜਿਹੜੀਆਂ ਮਿਸਲਾਂ ਏਥੇ ਚਾਰ ਰਹਿੰਦੀਆਂ ਹਨ।

***ਨਹੀਂ ਸਭਨ ਸੰਗ ਅੱਠ ਹਜ਼ਾਰ॥*** ਸਾਰੀਆਂ ਮਿਸਲਾਂ ਨਾਲ ਅੱਠ ਹਜ਼ਾਰ ਸਿੰਘ ਵੀ ਨਹੀਂ।

***ਕਸੂਰ ਮਾਂਹਿ ਤੁਰਕ ਬਾਰਾਂ ਲਾਖ॥*** ਕਸੂਰ ਵਿਚ ਬਾਰ੍ਹਾਂ ਲੱਖ ਪਠਾਣ ਵਸਦੇ ਸਨ।

***ਗੜ੍ਹੀ ਬਾਰਾਂ ਰਸ ਹੈਂ ਵਖ ਲਾਖ॥ ੧੭॥*** ਵੱਖ ਵੱਖ ਬਾਰ੍ਹਾਂ ਗੜ੍ਹੀਆਂ ਵਿਚ ਬਾਰ੍ਹਾਂ ਲੱਖ ਤੁਰਕ ਪਠਾਣ ਵਸਦੇ ਸਨ। ੧੭।

***ਕੋਟ ਖਾਈ ਤਿਨ ਖੂਬ ਬਨਾਈ॥*** ਡੂੰਘੀਆਂ ਖਾਈਆਂ ਬਣਾਈਆਂ ਹੋਈਆਂ ਸਨ, ਉਨ੍ਹਾਂ ਕਿਲ੍ਹਿਆਂ ਦੀਆਂ ਅਤੇ ਕੋਟ ਬੜੇ ਉੱਚੇ ਬਣਾਏ ਹੋਏ ਸਨ।

**ਤੋਪ ਜੰਬੂਰਨ ਪਾਂਤਿ ਚੜ੍ਹਾਈ॥** ਉਨ੍ਹਾਂ ਕਿਲ੍ਹਿਆਂ ਉਤੇ ਤੋਪਾਂ ਜੰਬੂਰਿਆਂ ਦੀਆਂ ਪਾਲ੍ਹਾਂ ਲੱਗੀਆਂ ਹੋਈਆਂ ਸਨ।

**ਉਇ ਪਤਿਸ਼ਾਹੋਂ ਆਕੀ ਰਹੈਂ॥** ਉਹ ਤਾਂ ਬਾਦਸ਼ਾਹਾਂ ਤੋਂ ਵੀ ਆਕੀ ਰਹੇ।

**ਕ੍ਰੋੜਪਤੀ ਬਜੀਰ ਦੁਇ ਅਹੈਂ॥ ੧੮॥** ਧਨ ਦੀ ਵੀ ਉਥੇ ਕੋਈ ਪਰਵਾਹ ਨਹੀਂ, ਉਥੇ ਦੋ ਕਰੋੜਾਂ ਪਤੀ ਵਜ਼ੀਰ ਸਨ।੧੮।

**ਨਠ ਲਹੌਰ ਵਹਿ ਉਹਾਂ ਵੜੀ॥** ਜਦੋਂ ਨਾਦਰ ਜਾਂ ਅਬਦਾਲੀ ਹਿੰਦੋਸਤਾਨ ਵਿਚ ਆਇਆ ਸੀ, ਉਦੋਂ ਉਹ ਦੋਵੇਂ ਵਜ਼ੀਰ ਲਹੌਰ ਤੋਂ ਨੱਠ ਕੇ ਕਸੂਰ ਵਿਚ ਜਾ ਵੜੇ ਸੀ, ਕਿਉਂਕਿ ਕਸੂਰ ਵਿਚ ਕੋਈ ਡਰ ਨਹੀਂ ਸੀ।

**ਆਏ ਮਰਹਟੇ ਤੌ ਰਹੀ ਤਕੜੀ॥** ਜਦੋਂ ਮਰਹੱਟੇ ਪੰਜਾਬ ਵਿੱਚ ਆਏ ਸਨ, ਤਾਂ ਕਸੂਰ ਉਨ੍ਹਾਂ ਤੋਂ ਵੀ ਤਕੜੀ ਰਹੀ ਸੀ, ਭਾਵ ਕਸੂਰੀਏ ਮਰਹੱਟਿਆਂ ਤੋਂ ਵੀ ਆਕੀ ਰਹੇ ਸਨ।

**ਅਹਮਦਸ਼ਾਹਿ ਇਨ ਕੀਓ ਖੁਆਰ॥** ਅਹਿਮਦ ਸ਼ਾਹ ਅਬਦਾਲੀ ਨੂੰ ਵੀ ਇਨ੍ਹਾਂ (ਕਸੂਰੀ ਪਠਾਣਾਂ) ਨੇ ਖੁਆਰ ਕੀਤਾ ਸੀ। ਉਸ ਨੂੰ ਲੁੱਟਿਆ ਪੁੱਟਿਆ ਸੀ, ਉਹ ਵੀ ਕਸੂਰੀਆਂ ਦੇ ਨੇੜੇ ਨਹੀਂ ਸੀ ਜਾ ਸਕਿਆ।

**ਹਮ ਤੇ ਕਬ ਹੁਇ ਹੈ ਸੋ ਮਾਰ॥ ੧੯॥** ਸੋ ਸਿਆਣੇ ਬੰਦੇ ਸਲਾਹ ਦਿੰਦੇ ਹਨ ਕਿ ਖਾਲਸਾ ਜੀ ! ਆਪਣੀ ਤਾਂ ਗਿਣਤੀ ਹੀ ਬਹੁਤ ਘਟ ਹੈ, ਸਾਡੇ ਕੋਲੋਂ ਕਦੋਂ ਮਰਦਾ ਹੈ ਕਸੂਰ। ੧੯।

**ਦੋਹਰਾ॥ਹਰੀ ਸਿੰਘ ਊਚੇ ਕਹੀ, 'ਯਹ ਅਬ ਹੋਗੁ ਜ਼ਰੂਰ॥** ਸਿਆਣਿਆਂ ਤੋਂ ਇਹ ਬਚਨ ਸੁਣ ਕੇ ਹਰੀ ਸਿੰਘ ਉੱਚੀ ਅਵਾਜ਼ ਵਿਚ ਬੋਲਿਆ ਕਿ ਇਹ ਤਾਂ 'ਕਾਰਜ਼ ਜਰੂਰ ਹੀ ਹੋਣਾ ਹੈ, ਹੁਣ ਤਾਂ ਕਸੂਰ ਨੂੰ ਫੜ੍ਹੇ ਕਰਕੇ ਹੀ ਹਟਾਂਗੇ'।

**ਹਰੀ ਸਿੰਘ ਤੌਂ ਮਰ ਰਹੂਗੁ ਜੌ ਨੀਂਹ ਮਰੁਗੁ ਕਸੂਰ'॥ ੨੦॥** ਹਰੀ ਸਿੰਘ ਨੇ ਆਖਿਆ ਜੇ ਕਸੂਰ ਨਾ ਮਰੀ, ਤਾਂ ਹਰੀ ਸਿੰਘ ਤਾਂ ਮਰੇਗਾ ਨਾਂਹ, ਅਸੀਂ ਨਹੀਂ ਹਟਣਾ ਅਸੀਂ ਜਰੂਰ ਮਾਰਨਾ ਹੈ। ੨੦।

**ਚੌਪਈ॥ਤਬ ਸਭ ਖਾਲਸੈ ਯੌ ਕਹਿ ਦੀਆ॥** ਤਦ ਸਰਬੱਤ ਖਾਲਸੇ ਨੇ ਇਉਂ ਕਹਿ ਦਿੱਤਾ ਹੈ ਹਰੀ ਸਿੰਘ ਨੂੰ।

**ਤੁਮਰੈ ਸੰਗ ਕਰੈਂ ਹਮ ਜੀਆ॥** ਹਰੀ ਸਿੰਘਾਂ ਅਸੀਂ ਵੀ ਤੇਰੇ ਨਾਲ ਹਾਂ। ''ਜੇ ਤੂੰ ਮਰੇਂਗਾ ਤਾਂ ਅਸੀਂ ਵੀ ਮਰਾਂਗੇ, ਜੇ ਤੂੰ ਜੀਵੇਂਗਾ ਤਾਂ ਅਸੀਂ ਵੀ ਜੀਵਾਂਗੇ''।

**ਇਕ ਮੰਨ ਲੈ ਤੂੰ ਹਮਰੀ ਬਾਤ॥** ਪਰ ਸਾਡੀ ਇਕ ਗੱਲ ਤੂੰ ਜਰੂਰ ਮੰਨ ਲੈ।

**ਦਲ ਬਡੇ ਕੌ ਕਰ ਲਯੋ ਸਾਥ॥ ੨੧॥** ਵੱਡੇ ਦਲ (ਬੁੱਢੇ ਦਲ) ਨੂੰ ਤੂੰ ਆਪ ਦੇ ਸਾਥ ਕਰ ਲੈ, ਉਨ੍ਹਾਂ ਨੂੰ ਨਾਲ ਲੈ ਲਵੋ ਫਿਰ ਅਸੀਂ ਨਾਲ ਹਾਂ ਤੇਰੇ। ੨੧।

**ਹਰੀ ਸਿੰਘ ਨੇ ਯੌ ਫਿਰ ਕਹਯੋ॥** ਭੰਗੀ ਹਰੀ ਸਿੰਘ ਨੇ ਫਿਰ ਇਉਂ ਕਿਹਾ।

**'ਕਬ ਦਲ ਆਯੋ ਬਡ ਕਬ ਯੌ ਭਯੋ'॥** ਉਹ ਵੱਡਾ (ਬੁੱਢਾ) ਦਲ ਤਾਂ ਦਿੱਲੀ ਨੂੰ ਗਿਆ, ਕਦੋਂ ਬੁੱਢਾ ਦਲ ਆਇਆ, ਕਦੋਂ ਇਉਂ ਹੋਇਆ।

**ਬੋਲਯੋ ਚੜ੍ਹ ਸਿੰਘ ਹਥ ਰਖ ਸ਼ਮਸ਼ੇਰ॥** ਸ: ਚੜ੍ਹਤ ਸਿੰਘ ਸੁਕ੍ਰਚਕੀਆ ਤਲਵਾਰ 'ਤੇ ਹੱਥ ਰੱਖ ਕੇ ਬੋਲਿਆ।

**ਮਾਰੋ ਕਸੂਰ ਨ ਲਾਵੋ ਡੇਰ॥ ੨੨॥** ਖਾਲਸਾ ਜੀ ! ਹੁਣ ਦੇਰੀ ਨਾ ਲਾਓ, ਮਾਰੋ ਕਸੂਰ ਜਿਵੇਂ ਮਰਦਾ ਹੈ, ਤਕੜੇ ਹੋ ਕੇ ਆਪਾਂ ਮਾਰੀਏ। ੨੨।

**ਸਤਿਗੁਰ ਬਹਾਨਾ ਜਿ ਹੋਗ ਬਨਾਯਾ॥** ਜੇ ਸਤਿਗੁਰੂ ਜੀ ਨੇ ਬਹਾਨਾ ਬਣਾਇਆ ਹੋਇਆ ਤਾਂ।

**ਹਮ ਪੈ ਬਾਹਮਣ ਜੇ ਹੋਗੁ ਪੁਚਾਯਾ॥** ਕੀ ਪਤਾ ਸਤਿਗੁਰਾਂ ਨੇ ਕਸੂਰ ਦੇ ਜ਼ਾਲਮ ਪਠਾਣਾਂ ਨੂੰ ਸਜ਼ਾ ਦਿਵਾਉਣ ਵਾਸਤੇ ਸਾਡੇ ਕੋਲ ਬ੍ਰਾਹਮਣ ਭੇਜਿਆ ਹੋਵੇਗਾ, ਜਿਹੜਾ ਇਹ ਸੁਨੇਹਾ ਲੈ ਕੇ ਆਇਆ ਹੈ।

**ਲੇਹੁ ਦਰਬਾਰੇ ਗ੍ਰੰਥ ਅਵਾਜ਼॥** ਚਲੋ ਦਰਬਾਰ ਸਾਹਿਬ ਚਲ ਕੇ ਸ੍ਰੀ ਗ੍ਰੰਥ ਸਾਹਿਬ ਜੀ ਤੋਂ ਹੁਕਮਨਾਮਾ ਲਈਏ, ਗੁਰੂ ਸਾਹਿਬ ਕੀ ਫੁਰਮਾਉਂਦੇ ਹਨ।

**ਦੇਉਗ ਬਚਨ ਹੋਣ ਕਾਜ ਅਕਾਜ॥ ੨੩॥** ਖਾਲਸਾ ਜੀ ! ਸਾਨੂੰ ਗੁਰੂ ਸਾਹਿਬ (ਬਚਨ) ਸ਼ਬਦ ਦੇਣਗੇ ਕਿ ਇਹ ਕਾਰਜ਼ ਹੋਵੇਗਾ ਕਿ ਨਹੀਂ ਹੋਵੇਗਾ ਜੋ ਸਤਿਗੁਰੂ ਜੀ ਫ਼ੁਰਮਾਨ ਬਖ਼ਸ਼ਣ ਆਪਾਂ ਉਹ ਕਰਨਾ ਹੈ। ੨੩।

**ਸਰਬ ਘਨੱਯਨ ਕੈ ਦਿਲ ਆਈ॥** ਸਾਰੇ ਘਨਈਆ ਮਿਸਲ ਦੇ ਦਿਲ ਵਿਚ ਇਹ ਗੱਲ ਆਈ ਕਿ ਠੀਕ, ਏਸੇ ਤਰ੍ਹਾਂ ਹੀ ਹੋਣਾ ਚਾਹੀਦਾ ਹੈ।

**ਰਾਮਗੜ੍ਹੀਅਨ ਕੈ ਭੀ ਮਨ ਆਈ॥** ਰਾਮਗੜ੍ਹੀਆਂ ਦੇ ਮਨ ਵਿਚ ਵੀ ਇਹ ਗੱਲ ਪਸੰਦ ਆ ਗਈ ਕਿ ਠੀਕ ਗੁਰੂ ਸਾਹਿਬ ਤੋਂ ਹੁਕਮਨਾਮਾ ਲਈਏ।

**ਨਕੱਈਅਨ ਨੈ ਭੀ ਆਛੀ ਮਾਨੀ॥** ਨਕਈ ਮਿਸਲ ਵਾਲਿਆਂ ਨੇ ਵੀ ਇਸ ਗੱਲ ਨੂੰ ਚੰਗੀ ਮੰਨਿਆਂ ।

**ਕਰਨਹਾਰ ਯੋਂ ਕਰਨੀ ਠਾਨੀ॥ ੨੪॥** ਕਰਨਹਾਰ ਵਾਹਿਗੁਰੂ ਨੇ ਇਉਂ ਹੀ ਕਰਨ ਦੀ ਠਾਣ ਲਈ। ੨੪।

**ਦੋਹਰਾ॥ਸਬੇ ਕਹੇ ਖਾਲਸੋ ਰਲ ਤੁਰਯੋ ਲੈਨ ਗ੍ਰੰਥ ਅਵਾਜ॥** ਸਭ ਖਾਲਸੇ ਦੇ ਕਹੇ ਤੋਂ ਸਭ ਸਿੰਘ ਰਲ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ ਲੈਣ ਵਾਸਤੇ ਸ੍ਰੀ ਦਰਬਾਰ ਸਾਹਿਬ ਨੂੰ ਤੁਰ ਪਏ।

**ਜੋ ਹੋਨੋ ਸੋ ਕਹੈਗੋ ਫਤੈ ਅਫਤੈ ਜੁ ਕਾਜ॥ ੨੫॥** ਜਿਹੜਾ ਕਾਰਜ਼ ਹੋਣਾ ਜਿੱਤ ਹੋਣੀ ਜਾਂ (ਅਫਤੈ) ਅ-ਫਤੈ, ਹਾਰ ਹੋਣੀ, ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਹੁਕਮ ਦੇਣਗੇ, ਜਿੱਤ ਜਾਂ ਅਜਿੱਤ ਹੋਣੀ, ਚਲੋ ਸਤਿਗੁਰੂ ਜੀ ਦਾ ਹੁਕਮ ਲਈਏ। ੨੫।

**ਚੌਪਈ॥ਤਬ ਸਭ ਖਾਲਸੋ ਗਯੋ ਦ੍ਰਬਾਰ॥** ਤਦ ਸਭ ਖਾਲਸਾ ਦਰਬਾਰ ਸਾਹਿਬ ਗਿਆ।

**ਹਾਥ ਜੋੜ ਸਭ ਇਕ ਮਨ ਧਾਰ॥** ਸਭ ਇਕ ਮਨ ਹੋ ਕੇ ਹੱਥ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰਨ ਲੱਗੇ।

**ਦੀਜੈ ਵਾਕ ਜੁ ਕਰਨੋ ਹੋਈ॥** ਹੇ ਸਤਿਗੁਰੂ ਸੱਚੇ ਪਾਤਸ਼ਾਹ ਜੀ, ਜੋ ਤੁਸੀਂ ਕਰਨਾ ਜਿੱਤ ਜਾਂ ਹਾਰ ਉਹ ਹੁਕਮਨਾਮਾ ਬਖਸ਼ ਦਿਓ।

**ਤੂੰ ਸਤਿਗੁਰ ਹਮ ਹੈਂ ਸਿਖ ਤੋਈ॥ ੨੬॥** ਤੁਸੀਂ ਸਾਡੇ ਸਤਿਗੁਰੂ ਹੋ ਅਸੀਂ ਤੁਹਾਡੇ ਸਿੱਖ ਹਾਂ। ੨੬।

**ਕਸੂਰ ਮਰਨ ਕੀ ਦੀਜੈ ਅਵਾਜ॥** ਕਸੂਰ ਨੂੰ ਮਾਰਨ ਦੀ (ਅਵਾਜ਼) ਸ੍ਰੀ ਮੁਖ ਵਾਕ ਬਖਸ਼ੋ, ਉਥੇ ਫਤ੍ਹੇ ਹੋਵੇ ਖਾਲਸੇ ਦੀ।

**ਹੈ ਜੋ ਕਰਨੋ ਸਿੱਖਨ ਕਾਜ॥** ਜੋ ਆਪ ਜੀ ਦੇ ਸਿੱਖਾਂ ਨੇ ਕਸੂਰ ਮਾਰਨ ਦਾ ਕਾਰਜ਼ ਕਰਨਾ, ਉਸ ਦੇ ਵਾਸਤੇ ਹੁਕਮ ਬਖਸ਼ੋ।

**ਹਾਥ ਜੋੜ ਸਭ ਸੰਗਤ ਖੜੀ॥** ਸਰਬੱਤ ਸੰਗਤ ਗੁਰੂ ਦਰਬਾਰ ਵਿਚ ਹੱਥ ਜੋੜ ਕੇ ਖੜ੍ਹੀ।

**ਟੇਕ ਮਥੋ ਕਿਛ ਭੁਇਂ ਪਰ ਪੜੀ॥ ੨੭॥** ਕਈ ਗੁਰਸਿੱਖ ਡੰਡਾਉਤ ਬੰਦਨਾ ਕਰਦੇ ਸਨ ਧਰਤੀ 'ਤੇ ਡੰਡੇ ਵਾਂਗ ਸਿੱਧੇ ਲੰਮੇ ਪੈ ਕੇ। ੨੭।

**ਤੂ ਗੁਰੂ ਗ੍ਰੰਥ ਸਚੀ ਹੈਂ ਦੇਹ॥** ਹੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ! ਤੁਸੀਂ ਗੁਰੂਆਂ ਦੀ ਸੱਚੀ ਦੇਹੀ ਹੋ, ਤੁਸੀਂ ਗੁਰੂਆਂ ਦੀ ਪ੍ਰਗਟ ਦੇਹ ਹੋ। ਦੇਹ=ਸਰੀਰ।

**ਸਿਖ ਸੰਗਤ ਕੋ ਸਚ ਵਾਕ ਦੇਹੁ॥** ਆਪ ਜੀ ਦੀ ਸਿੱਖ ਸੰਗਤ ਨੂੰ ਆਪਣੇ ਵੱਲੋਂ ਸੱਚਾ (ਵਾਕ) ਬਚਨ ਬਖ਼ਸ਼ ਦਿਓ।

**ਚਕ ਪਤਰੋ ਤਬ ਗ੍ਰੰਥ ਜੀ ਦੇਖਾ॥** ਤਦ ਗ੍ਰੰਥੀ ਸਿੰਘ ਨੇ ਗੁਰੂ ਸਾਹਿਬ ਦਾ ਰੁਮਾਲਾ ਚੁੱਕ ਕੇ ਗੁਰੂ ਸਾਹਿਬ ਦੇ ਪੱਤਰੇ ਦਾ ਦਰਸ਼ਨ ਕੀਤਾ।

**ਬਸੰਤ ਵਾਰ ਕੋ ਆਯੋ ਲੇਖਾ॥ ੨੮॥** ਬਸੰਤ ਦੀ ਵਾਰ ਵਿੱਚੋਂ (ਲੇਖਾ) ਲੇਖ, ਲਿਖਿਆ ਹੋਇਆ ਸ਼ਬਦ ਆਇਆ ਹੈ, ਸਤਿਗੁਰੂ ਵੱਲੋਂ। ੨੮।

**ਪਉੜੀ ॥ ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥** ਸੱਚੇ ਗੁਰੂ ਦੇ ਮਿਲਾਪ ਕਰਕੇ, ਸੱਚੇ ਗੁਰੂ ਅੱਗੇ ਸੱਚੀ ਸਰਧਾ ਰੂਪ ਭੇਟਾ ਰੱਖ ਕੇ ਕਾਮ, ਕ੍ਰੋਧ ਆਦਿਕ ਪੰਜੇ ਮਹਾਂਬਲੀ ਬੰਨ੍ਹ ਲਏ ਹਨ।

**ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥** ਸਾਡੇ ਹਿਰਦੇ ਵਿਚ ਦਯੁ=ਪ੍ਰੇਰਕ ਵਾਹਿਗੁਰੂ ਆਪ ਆ ਖੜ੍ਹਾ ਹੋਇਆ ਹੈ, ਉਸ ਨੇ ਸਾਡੇ ਪਾਸੋਂ ਆਪਣੇ (ਚਰਨ) ਗੁਰਮੰਤ੍ਰ ਰੂਪ ਚਰਨਾਂ ਦਾ ਜਾਪ ਕਰਵਾਇਆ ਹੈ।

***ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥*** ਸਾਰੇ ਸਰੀਰਕ ਰੋਗ ਤੇ ਮਨ ਦੇ ਸੋਗ=ਫਿਕਰ ਮਿਟ ਗਏ ਹਨ, ਉਹ ਸਦਾ ਵਾਸਤੇ ਪਵਿਤ੍ਰ ਆਤਮਾ ਨਿਤ ਹੀ ਨਵੀਨ ਤੇ ਰੋਗ ਰਹਿਤ ਰਹਿੰਦਾ ਹੈ। ਨਿਰੋਆ=ਅਰੋਗ।

***ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥*** ਜੋ ਗੁਰਸਿੱਖ ਦਿਨ ਰਾਤ ਵਾਹਿਗੁਰੂ ਦਾ ਨਾਮ ਧਿਆਉਂਦਾ ਹੈ, ਉਹ ਫਿਰ ਕਦੇ ਵੀ ਮਰਨਾ ਨਹੀਂ ਪਉਂਦਾ, ਭਾਵ ਕਦੇ ਵੀ ਨਹੀਂ ਮਰਦਾ ਹੈ ਅਮਰ ਹੋ ਜਾਂਦਾ ਹੈ।

***ਜਿਸ ਤੇ ਉਪਜਿਆ ਨਾਨਕਾ ਸੋਈ ਫਿਰ ਹੋਆ॥*** (ਬਸੰਤ ਕੀ ਵਾਰ ਮਹਲੁ ੫) ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਜਿਸ ਵਾਹਿਗੁਰੂ ਤੋਂ ਉਹ ਪੈਦਾ ਹੋਇਆ ਸੀ (ਸਿਮਰਨ ਦੀ ਬਰਕਤ ਨਾਲ) ਉਹ ਪੁਰਸ਼ ਉਸੇ ਦਾ ਹੀ ਰੂਪ ਹੋ ਜਾਂਦਾ ਹੈ।

***ਦੋਹਰਾ॥ਗ੍ਰੰਥ ਬਚਨ ਸੁਣ ਖੁਸ਼ ਭਏ ਲਈ ਕਸੂਰ ਜਨੁ ਮਾਰ॥*** ਗੁਰੂ ਗ੍ਰੰਥ ਸਾਹਿਬ ਦਾ ਹੁਕਮਨਾਮਾ ਸੁਣ ਕੇ ਸਭ ਸਿੰਘ ਪ੍ਰਸੰਨ ਹੋ ਗਏ ਹਨ, ਜਾਣੋ ਕਸੂਰ ਨੂੰ ਮਾਰ ਹੀ ਲਿਆ ਹੈ, ਐਨੀ ਖ਼ੁਸ਼ੀ ਚੜ੍ਹੀ ਹੈ ਖਾਲਸੇ ਪੰਥ ਨੂੰ।

***ਕਰੈਂ ਨਗਾਰੇ ਜੈਤ ਕੇ ਗੁਰ ਫਤ੍ਹੇ ਸੁ ਊਚ ਉਚਾਰ॥ ੨੯॥*** ਉਸੇ ਵੇਲੇ ਜਿੱਤ ਦੇ ਨਗਾਰੇ ਵਜਾ ਦਿੱਤੇ ਖਾਲਸੇ ਨੇ, ਸਿੰਘ ਇਕ ਦੂਜੇ ਨੂੰ ਉੱਚੀ-ਉੱਚੀ ਗੁਰ ਫਤ੍ਹੇ ਗਜਾਉਣ ਲੱਗੇ ਖਾਲਸੇ ਦੀ "ਵਾਹਿਗੁਰੂ ਜੀ ਕੀ ਖਾਲਸਾ, ਵਾਹਿਗੁਰੂ ਜੀ ਕੀ ਫਤੇ"। ੨੯।

***ਚੌਪਈ॥ਹਰੀ ਸਿੰਘ ਕਿਮ ਰਾਤ ਬਿਤਾਈ॥*** ਹਰੀ ਸਿੰਘ ਭੰਗੀ ਨੇ ਪਤਾ ਨਹੀਂ ਕਿਵੇਂ ਰਾਤ ਬਿਤਾਈ।

***ਡੇਰਾ ਦੀਨੋ ਪ੍ਰਾਤ ਚਲਾਈ॥*** ਦੂਜੇ ਦਿਨ ਅੰਮ੍ਰਿਤ ਵੇਲੇ ਖਾਲਸੇ ਨੇ ਡੇਰਾ ਕੂਚ ਕਰ ਦਿੱਤਾ।

***ਮਹੂਰਤ ਵਾਰ ਨ ਪੂਛਯੋ ਕੋਇ॥*** ਕੋਈ ਸ਼ੁੱਭ ਸਮਾਂ ਜਾਂ ਚੰਗਾ ਦਿਨ ਨਹੀਂ ਪੁੱਛਿਆ ਹੈ ਕਿ ਕਿਹੜਾ ਸਮਾਂ ਚੰਗਾ ਹੈ ਕਿਹੜਾ ਦਿਨ ਚੰਗਾ ਜਾਂ ਮਾੜਾ।

***ਗ੍ਰੰਥ ਵਾਕ ਉਨ ਸੁਨਿਯੋ ਹੋਇ॥ ੩੦॥*** ਕਿਉਂਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿਤ੍ਰ ਹੁਕਮਨਾਮਾ ਸੁਣਿਆ ਹੋਇਆ ਸੀ, ਇਸ ਲਈ ਸ਼ੁੱਭ ਮਹੂਰਤ ਜਾਂ ਚੰਗਾ ਦਿਨ ਪੁੱਛਣ ਦੀ ਲੋੜ ਨਹੀਂ ਸੀ। ੩੦।

***ਪਹਿਲੋਂ ਪਿਪਲੀ ਕੀਨੋਂ ਡੇਰਾ॥*** ਖਾਲਸੇ ਨੇ ਪਹਿਲਾਂ ਪਿਪਲੀ ਸਾਹਿਬ ਜਾ ਡੇਰਾ ਕੀਤਾ, ਜਿਥੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਯੁੱਧ ਜਿੱਤਿਆ ਸੀ।

***ਪੰਜ ਹਜ਼ਾਰ ਭਲ ਸਿੰਘ ਚੰਗੇਰਾ॥*** ਉਸ ਵੇਲੇ ਚੰਗੇ ਲੜਾਕੂ ਸਿੰਘਾਂ ਦੀ ਗਿਣਤੀ ਪੰਜ ਹਜ਼ਾਰ ਸੀ।

***ਆਇ ਰਲੀ ਊਹਾਂ ਮਿਸਲੈਂ ਚਾਰ॥*** ਉਥੇ ਪਿਪਲੀ ਸਾਹਿਬ ਖਾਲਸੇ ਦੀਆਂ ਚਾਰ ਮਿਸਲਾਂ ਹੋਰ ਇਕੱਠੀਆਂ ਹੋ ਕੇ ਆ ਮਿਲੀਆਂ।

***ਖਾਸ ਘੋੜਾ ਥਾ ਦਸ ਕੁ ਹਜ਼ਾਰ॥ ੩੧॥*** ਜਿਨ੍ਹਾਂ ਵਿਚ ਦਸ ਕੁ ਹਜ਼ਾਰ ਖਾਸ ਘੋੜਾ ਸੀ, ਭਾਵ ਦਸ ਕੁ ਹਜ਼ਾਰ ਜੰਗੀ ਜੁਆਨ ਸੀ ਉਨ੍ਹਾਂ ਮਿਸਲਾ ਵਿਚ। ੩੧।

***ਲਿਖ ਚਿੱਠੇ ਚਾਰ ਤਰਫ ਘਲਾਏ॥*** ਖਾਲਸੇ ਲੇ ਹੁਕਮਨਾਮੇ ਲਿਖ ਕੇ ਚਾਰੋਂ ਪਾਸੀਂ ਭੇਜ ਦਿੱਤੇ ਹਨ ਸਿੰਘਾਂ ਨੂੰ।

***ਬ੍ਰਹਮ ਕਾਜ ਕੋ ਹਮ ਚੜ੍ਹ ਧਾਏ॥*** ਅਸੀਂ ਬ੍ਰਾਹਮਣ ਦਾ ਕਾਰਜ਼ ਕਰਨ ਵਾਸਤੇ ਕਸੂਰ 'ਤੇ ਧਾਵਾ ਬੋਲਣ ਲਈ ਚੜ੍ਹੇ ਹਾਂ।

***ਜਿਸਕੋ ਹੈ ਖਾਲਸੈ ਕੀ ਲਾਜ॥*** ਜਿਨ੍ਹਾਂ ਸਿੰਘਾਂ ਨੂੰ ਖਾਲਸੇ ਪੰਥ ਦੀ ਲਾਜ ਰੱਖਣ ਦਾ ਖਿਆਲ ਹੈ।

***ਆਵੈਂ ਮਰਨੋ ਮਾਰਨ ਕਾਜ॥ ੩੨॥*** ਉਹ ਸਿੰਘ ਮਰਨ ਮਾਰਨ ਦੇ ਕਾਰਜ਼ ਵਾਸਤੇ ਆਉ, ਉਥੋਂ ਬਚ ਕੇ ਵਾਪਸ ਅਉਣ ਦੀ ਝਾਕ ਨਹੀ ਰੱਖਣੀ, ਸ਼ਹੀਦ ਹੋਣ ਵਾਸਤੇ ਕਮਰਕਸੇ ਕਰਕੇ ਆਉ। ੩੨।

***ਯੌ ਲਿਖ ਦੀਨੋਂ ਡੇਰੋ ਤੋਰ॥*** ਸਿੰਘਾਂ ਨੂੰ ਇਉਂ ਲਿਖ ਕੇ ਹੁਕਮਨਾਮੇ ਖਾਲਸੇ ਨੇ ਅਗਾਂਹ ਨੂੰ ਡੇਰਾ ਕੂਚ ਕਰ ਦਿੱਤਾ।

***ਗੁਰੂ ਵਡਾਲੀ ਲਾਯੋ ਠੌਰ॥*** ਜਿਥੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਜਨਮ ਅਸਥਾਨ ਗੁਰੂ ਕੀ ਵਡਾਲੀ ਨਗਰ ਉਥੇ ਦੂਜਾ

ਪੜਾਉ ਕੀਤਾ ਖਾਲਸੇ ਨੇ।

***ਊਹਾਂ ਹਜ਼ਾਰ ਆਇ ਪੰਜ ਕੁ ਰਲੇ॥*** ਉਥੇ ਪੰਜ ਕੁ ਹਜ਼ਾਰ ਸਿੰਘ ਹੋਰ ਆ ਰਲੇ ਸਨ ਖਾਲਸੇ ਪੰਥ ਵਿਚ।

***ਸਿੰਘ ਸੂਰਮੇਂ ਦਿਲ ਕੇ ਭਲੇ॥ ੩੩॥*** ਜਿਨਾਂ ਸਿੰਘਾਂ ਦੇ ਅੰਦਰ ਰਤੀ ਭਰ ਵੀ ਪਾਪ ਨਹੀਂ ਸੀ, ਦਿਲ ਦੇ ਸਾਫ, ਬੜੇ ਹੀ ਸੂਰਵੀਰ। ੩੩।

***ਦੋਹਰਾ॥ ਡੇਰਾ ਤੋਰ ਊਹਾਂ ਤੇ ਫਿਰ ਉਤਰੇ ਰਾਜੇ ਤਾਲ॥*** ਉਥੋਂ ਗੁਰੂ ਕੀ ਵਡਾਲੀ ਤੋਂ ਡੇਰਾ ਤੋਰ ਕੇ ਖਾਲਸੇ ਨੇ ਅੱਗੇ ਰਾਜੇ ਤਾਲ ਜਾ ਉਤਾਰਾ ਕੀਤਾ।

***ਹਜ਼ਾਰ ਸੁ ਚਾਰ ਕੁ ਆ ਰਲੇ, ਭਏ ਸੁ ਖਾਲਸੇ ਨਾਲ॥ ੩੪॥*** ਉਥੇ ਚਾਰ ਕੁ ਹਜ਼ਾਰ ਸਿੰਘ ਹੋਰ ਰਲਿਆ ਖਾਲਸੇ ਪੰਥ ਵਿਚ। ੩੪।

***ਚੌਪਈ॥ਹਜ਼ਾਰ ਚੌਵੀ ਸਭ ਊਹਾਂ ਗਿਨੇ॥*** ਉਥੇ ਜਦੋਂ ਸਾਰੇ ਸਿੰਘਾਂ ਨੂੰ ਗਿਣਿਆਂ ਤਾਂ ਚੌਵੀ ਹਜ਼ਾਰ ਸਿੰਘ ਹੋਇਆ ਸਾਰਾ।

***ਬਾਰਾਂ ਲਖ ਥੇ ਊਹਾਂ ਮਿਨੇ॥*** ਉਥੇ ਕਸੂਰ ਵਿਚ ਬਾਰ੍ਹਾਂ ਲੱਖ ਦੀ ਗਿਣਤੀ ਸੀ ਪਠਾਣਾਂ ਦੀ।

***ਇਨ ਮੈਂ ਉਨ ਮੈਂ ਥੋ ਬਡ ਫਰਕ॥*** ਇਨ੍ਹਾਂ ਸਿੰਘਾਂ ਤੋਂ ਉਨ੍ਹਾਂ ਪਠਾਣਾਂ ਦੀ ਗਿਣਤੀ ਵਿਚ ਬੜਾ ਭਾਰੀ ਫਰਕ ਸੀ।

***ਯੌ ਸਯਾਨੇ ਲੌਕਨ ਜੀਯੋ ਧਰਕ॥ ੩੫॥*** ਇਉ ਸਿਆਣੇ ਲੋਕਾਂ ਦਾ ਅਜੇ ਵੀ ਦਿਲ ਧੜਕਦਾ ਹੈ ਕਿ ਗਿਣਤੀ ਦਾ ਬਹੁਤਾ ਫਰਕ ਹੈ ਕਿਥੇ ਬਾਰ੍ਹਾਂ ਲੱਖ? ਕਿਥੇ ਚੌਵੀ ਹਜ਼ਾਰ। ੩੫।

***ਹਰੀ ਸਿੰਘ ਤੌ ਮਿਟੈ ਨ ਕਿਵੈਂ॥*** ਹਰੀ ਸਿੰਘ ਭੰਗੀ ਨੂੰ ਉਹ ਲੋਕ ਬਥੇਰਾ ਗਿਣਤੀ ਮਿਣਤੀ ਵਿਚ ਪਉਂਦੇ ਸਨ ਕਿ ਕਿਸੇ ਤਰਾਂ ਕਸੂਰ ਜਾਣ ਤੋਂ ਹਟ ਜਾਵੇ, ਪਰ ਤਾਂ ਵੀ ਹਰੀ ਸਿੰਘ ਉਥੇ ਜਾਣੋ ਨਹੀਂ ਹਟਦਾ ਹੈ।

***ਉਸ ਜੀਵ ਧਰਾਵੈ ਚੜ੍ਹ ਸਿੰਘ ਤਿਮੈਂ॥*** ਉਵੇਂ ਹੀ ਚੜ੍ਹਤ ਸਿਘ ਸੁਕ੍ਰਚੱਕੀਆ ਮਿਸਲ ਦਾ ਸਰਦਾਰ ਉਸ ਨੂੰ ਧੀਰਜ ਬਨ੍ਹਾਉਂਦਾ ਹੌਸਲਾ ਦਿੰਦਾ ਹੈ।

***ਜੌ ਫੌਜਨ ਵਲ ਦੇਖਨ ਕੂਰੇ॥*** ਜੋ (ਕੂਰੇ) ਕਾਇਰ ਲੋਕ ਹਨ, ਉਹ ਜਦੋਂ ਸਿੰਘਾਂ ਤੇ ਪਠਾਣਾਂ ਦੀਆਂ ਫ਼ੌਜਾਂ ਦੀ ਗਿਣਤੀ ਦਾ ਫਰਕ ਦੇਖਦੇ ਸਨ।

***ਕਹੈਂ, 'ਮਾਰ ਕਬ ਹੋਗੁ ਕਸੂਰੈ' ॥ ੩੬॥*** ਚੌਵੀ ਹਜ਼ਾਰ ਹਾਂ ਸਾਰੇ 'ਕਸੂਰ ਕਦੋਂ ਮਰੇਗਾ ਸਿੰਘਾਂ ਤੋਂ? ਇਉਂ ਕਹਿੰਦੇ ਸਨ। ੩੬।

***ਜੌ ਦੇਖੈਂ ਫੌਜੈਂ ਕੋ ਸੂਰਾ॥*** ਜਦੋਂ ਸੂਰਵੀਰ ਸਿੰਘਾਂ ਦੀ ਫ਼ੌਜ ਵੱਲ ਵੇਖਦੇ ਸਨ, ਜਿਨ੍ਹਾਂ ਨੇ ਵੱਡੀਆਂ-ਵੱਡੀਆਂ ਲੜਾਈਆਂ ਲੜੀਆਂ।

***'ਮਾਰ ਲਹੈਂਗੇ' ਕਹੈਂ ਜ਼ਰੂਰਾ॥*** ਉਨਾਂ ਸੂਰਮਿਆਂ ਨੂੰ ਵੇਖ ਕੇ ਮੰਨਣਾ ਪੈਂਦਾ, ਕਹਿੰਦੇ ਸਨ 'ਇਹ ਜ਼ਰੂਰ ਮਾਰ ਲੈਣਗੇ' ਕਸੂਰ ਨੂੰ, ਇਹ ਨਹੀ ਛੱਡਦੇ, ਇਹਲਾਂ ਅੱਗੇ ਕੌਣ ਖੜ੍ਹੇਗਾ?

***ਕੱਚੇ ਲੋਕ ਤੌ ਕਹੈਂ ਕਚਾਈ॥*** ਕੱਚੇ ਪਿੱਲੇ ਲੋਕਾਂ ਤਾਂ ਕੱਚੀ ਗੱਲ ਹੀ ਕਹਿਣੀ ਹੁੰਦੀ ਹੈ।

***ਪੱਕੇ ਕਹੈਂ, 'ਅਬ ਮਿਟੋ ਸੁ ਨਾਹੀ' ॥ ੩੭॥*** ਜਿਹੜੇ ਪੱਕੇ ਸੱਚੇ ਸਿੰਘ ਉਹ ਕਹਿੰਦੇ ਸਨ, ਹੁਣ ਨਹੀਂ ਪਿੱਛੇ ਹਟਦੇ ਸਿੰਘ ਸੂਰਮੇ। ੩੭।

***ਕੋਈ ਕਹੈ, 'ਲਰ ਹੈਂ ਆਇ ਆਗੇ॥*** ਕੋਈ ਆਪਸ ਵਿਚ ਕਹਿੰਦੇ ਸਨ ਕਿ ਕਸੂਰ ਵਾਲੇ ਪਠਾਣ ਜ਼ਰੂਰ ਹੀ ਕਿਲ੍ਹਿਆਂ ਵਿੱਚੋਂ ਬਾਹਰ ਨਿਕਲ ਕੇ ਅੱਗੋਂ ਆ ਕੇ ਲੜਨਗੇ ਸਾਡੇ ਨਾਲ, ਅੱਗੇ ਆ ਕੇ ਕਿਤੇ ਮੋਰਚਾ ਬੰਨ੍ਹਿਆਂ ਹੋਵੇਗਾ, ਉਨ੍ਹਾਂ ਦਾ।

***ਨਹਿੰ ਛੋਡੈਂ ਵਹਿ ਹਮ ਕੋ ਭਾਗੇ' ॥*** ਜੇ ਅਸੀਂ ਉਥੋਂ ਲੜਾਈ ਵਿੱਚੋਂ ਭੱਜੇ ਵੀ ਤਾਂ ਵੀ ਉਹ ਸਾਨੂੰ ਭੱਜੇ ਜਾਂਦਿਆਂ ਨੂੰ ਵੀ ਨਹੀਂ ਛੱਡਣਗੇ। ਕਾਇਰ ਲੋਕ ਇਉਂ ਗੱਲਾਂ ਕਰਦੇ ਸਨ।

***ਕੋਈ ਕਹੈ, ਪੰਥ ਭਜ ਨਹ ਜਾਊਗੁ॥*** ਕਈ ਜਿਹੜੇ ਸੂਰਮੇਂ ਸਨ ਦਲਾਂ ਵਿਚ ਉਹ ਕਹਿੰਦੇ ਪੰਥ ਵੀ ਭੱਜਿਆ ਕਿਤੇ, ਖਾਲਸਾ ਪੰਥ ਨਹੀਂ ਭੱਜਦਾ ਕਿਸੇ ਪਾਸੇ।

***ਪ੍ਰਸ੍ਵਾਰਥ ਹਿਤ ਪ੍ਰਾਨ ਤਜਾਊਗੁ॥ ੩੮॥*** ਖਾਲਸੇ (ਪ੍ਰਸ੍ਵਾਰਥ) ਪਰਉਪਕਾਰ ਵਾਸਤੇ ਆਪਣੇ ਪ੍ਰਾਣ ਤਾਂ ਤਿਆਗ ਦੇਣਗੇ ਪਰ ਰਣ ਮੈਦਾਨ ਨਹੀ ਛੱਡ ਕੇ ਭਜ ਸਕਦੇ। ੩੮।

***ਦੋਹਰਾ॥ਮੂਜ਼ੀ ਲੋਕ ਤਹਿ ਇਮ ਕਹੈਂ, ਕੌਨ ਪੁੱਛਗੁ ਪੰਥ ਸਲਾਹਿ॥*** (ਮੂਜੀ) ਜਮ੍ਹਾ ਹੀ ਕਮਦਿਲੇ ਲੋਕ ਉਥੇ ਇਉਂ ਕਹਿੰਦੇ ਸਨ, ਜਦੋਂ ਮਾਰ ਪਈ ਉਦੋਂ ਪੰਥ ਦੀ ਸਲਾਹ ਕੌਣ ਪੁੱਛੇਗਾ ਆ ਕੇ?

***ਮਾਰ ਪਊਗੁ ਜਬ ਵਲ ਅਗੋਂ, ਨੱਠ ਚਲੂਗੁ ਅਪਨੇ ਰਾਹਿ॥ ੩੯॥*** ਜਦੋਂ ਅੱਗੋਂ ਤੋਪਾਂ ਬੰਦੂਕਾਂ ਦਾ ਮੂੰਹ ਖੁਲ੍ਹਿਆ, ਭਾਵ ਫਾਇਰ ਖੋਲ੍ਹਿਆ ਦੁਸ਼ਮਣ ਨੇ, ਉਦੋਂ ਭੱਜ ਕੇ ਆਪੋ ਆਪਣੇ ਰਾਹੇ ਪੈਣਗੇ, ਕਿਸੇ ਨਹੀਂ ਖਲੋਣਾ ਏਥੇ। ੩੯।

***ਚੌਪਈ॥ਭੁਜੰਗੀ ਕਹੈਂ, 'ਦਈ ਗ੍ਰੰਥ ਅਵਾਜ਼॥*** ਜਿਹੜੇ ਭੁਜੰਗੀ ਸਿਦਕ ਦੇ ਪੂਰੇ ਸਿੰਘ ਸਨ, ਜਿਨ੍ਹਾਂ ਦੇ ਸੀਸ 'ਤੇ ਫਰਲੇ ਹਨ, ਉਹ ਅੱਗੇ ਲੱਗੇ ਹੋਏ ਜੰਗੀ ਯੋਧੇ, ਉਹ ਕਹਿੰਦੇ, ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ ਨਹੀਂ ਆਇਆ? ਕਿ 'ਪੰਜੇ ਬਧੇ ਮਹਾਬਲੀ', ਗੁਰੂ ਸਾਹਿਬ ਜੀ ਨੇ ਖਾਲਸੇ ਨੂੰ ਫਤ੍ਹੇ ਦੇਣ ਵਾਸਤੇ ਹੁਕਮਨਾਮਾ ਬਖ਼ਸ਼ਿਆ।

***ਸੋਊ ਕਰੈਗੋ ਹਮਰੈ ਕਾਜ॥*** ਉਹੀ (ਗੁਰੂ ਸਾਹਿਬ) ਸਾਡਾ ਕਾਰਜ਼ ਕਰਨਗੇ। ਗੁਰੂ ਸਾਹਿਬ ਆਪ ਹਾਜ਼ਰ ਹਨ 'ਵਿਚਿ ਦਯੁ ਖੜੋਆ' ਵਿਚ ਆਪ ਵਾਹਿਗੁਰੂ ਪ੍ਰਮੇਸ਼ਰ ਹਾਜ਼ਰ ਹੈ।

***ਖਾਲਸੈ ਦਿਵਾਨ ਜਾਇ ਅਗਾਹਾਂ ਲਾਯਾ॥*** ਖਾਲਸੇ ਨੇ ਅਗਲੇ ਪੜਾਉ 'ਤੇ ਜਾ ਦੀਵਾਨ ਲਾਇਆ ਹੈ।

***ਤੁਰਯੋ ਕਸੂਰੋਂ ਸਿਖ ਇਕ ਆਯਾ॥ ੪੦॥*** ਇਕ ਸਿੱਖ ਕਸੂਰ ਤੋਂ ਚੱਲ ਕੇ ਆਇਆ। ੪੦।

***ਖਾਲਸੈ ਸੋਊ ਲਯੋ ਬੁਲਾਇ॥*** ਖਾਲਸੇ ਪੰਥ ਨੇ ਉਸ ਸਿੱਖ ਨੂੰ ਆਪਣੇ ਕੋਲ ਬੁਲਾਇਆ।

***ਪੁਛੀ ਹਕੀਕਤ ਮੱਧ ਬਹਾਇ॥*** ਉਸ ਸਿੱਖ ਨੂੰ ਆਪਣੇ ਵਿਚ ਬਿਠਾ ਕੇ ਸਹੀ ਗੱਲ ਪੁੱਛੀ।

***ਤੂੰ ਹੈਂ ਸਿੱਖ ਖਾਲਸੋ ਭਾਈ॥*** ਤੂੰ ਸਾਡਾ ਗੁਰਸਿੱਖ ਭਾਈ ਖਾਲਸਾ ਹੈਂ।

***ਦਿਹੋ ਸੱਚ ਸਭ ਬਾਤ ਬਤਾਈ॥ ੪੧॥*** ਸੱਚੀ ਸੱਚੀ ਗੱਲ ਕਹਿ ਦੇ ਜੋ ਤੂੰ ਦੇਖਿਆ ਕਸੂਰ ਵਿਚ। ੪੧।

***ਕਸੂਰ ਵਿੱਚ ਕਯਾ ਕਰਤ ਅਵਾਈ॥*** ਇਹ ਦੱਸ ਕਸੂਰ ਵਿਚ ਪਠਾਣ ਕੀ ਕਰ ਰਹੇ ਨੇ ਏਸ ਵਲੇ? ਕੀ ਅਫਵਾਹ ਫੈਲੀ ਉਥੇ (ਲੋਕ ਕੀ ਕਹਿੰਦੇ ਸਨ)

***ਕਯਾ ਕੁਛ ਕੀਨੀ ਉਨ ਤਕੜਾਈ॥*** ਕੀ ਉਨ੍ਹਾਂ (ਪਠਾਣਾਂ) ਨੇ ਸਾਨੂੰ ਰੋਕਣ ਵਾਸਤੇ ਕੋਈ ਤਕੜਾਈ ਕੀਤੀ।

***ਕਹਾਂ ਲੜੈਂ ਵਹਿ ਹਮਰੇ ਸਾਥ॥*** ਉਹ ਸਾਡੇ ਨਾਲ ਕਿਥੇ ਕੁ ਆ ਕੇ ਲੜਨਗੇ?

***ਹੋਗ ਸ਼ਹਰ ਮੈਂ ਸਭ ਚਲੀ ਬਾਤ॥ ੪੨॥*** ਸਾਡੀ ਗੱਲ ਤਾਂ ਸਾਰੇ ਸ਼ਹਿਰ ਵਿਚ ਚਲ ਪਈ ਹੋਵੇਗੀ ਕਿ ਖਾਲਸਾ ਸ੍ਰੀ ਅੰਮ੍ਰਿਤਸਰੋਂ ਚੜ੍ਹਿਆ ਆ ਰਿਹਾ ਹੈ। ੪੨।

***ਤਬ ਉਨ ਸਿੱਖ ਕਹੀ ਯੌਂ ਬਾਤ॥*** ਤਦ ਉਸ ਸਿੱਖ ਨੇ ਇਉ ਗੱਲ ਕਹੀ ਸਿੰਘਾਂ ਨੂੰ।

***ਉਹਾਂ ਤੁਮਰੀ ਚਲੀ ਨ ਬਾਤ॥*** ਉਹ ਕਹਿੰਦਾ ਉਨ੍ਹਾਂ ਨੂੰ ਤਾਂ ਤੁਹਾਡੇ ਵਾਰੇ ਪਤਾ ਹੀ ਨਹੀਂ ਕਿਸੇ ਨੂੰ, ਮੈਂ ਉਥੋਂ ਹੀ ਆ ਰਿਹਾ ਹਾਂ, ਅਜੇ ਤੱਕ ਤਾਂ ਉਥੇ ਤੁਹਾਡੀ ਕੋਈ ਗੱਲ ਵੀ ਨਹੀਂ ਤੁਰੀ ਸੀ।

***ਖੁਲ੍ਹੇ ਦਰਵੱਜੇ ਜੇ ਦਿਨ ਰਹਿ ਰਾਤ॥*** ਉਥੇ ਤਾਂ ਕਿਲ੍ਹਿਆਂ ਦੇ ਦਰਵਾਜ਼ੇ ਦਿਨ ਰਾਤ ਹੀ ਖੁਲ੍ਹੇ ਰਹਿੰਦੇ ਸਨ। ਉਥੇ ਤਾਂ ਫਿਕਰ ਹੀ ਕੋਈ ਨਹੀਂ ਹੈ ਕਿਸੇ ਨੂੰ, ਪਤਾ ਹੀ ਕੋਈ ਨਹੀਂ ਲੜਾਈ ਦਾ।

***ਝੂਠੀ ਕਹੌਂ ਨ ਪਹਿ ਸਿਖ ਭ੍ਰਾਤ॥ ੪੩॥*** ਮੈਂ ਸਿੱਖ ਭਰਾਵਾਂ ਦੇ ਕੋਲ ਕੋਈ ਵੀ ਝੂਠੀ ਗੱਲ ਨਹੀਂ ਕਹਿੰਦਾ ਹਾਂ, ਬਿਲਕੁਲ ਸੱਚੀ ਗੱਲ ਇਹੋ ਹੀ ਹੈ, ਉਨ੍ਹਾਂ ਪਠਾਣਾਂ ਨੂੰ ਬਿਲਕੁਲ ਪਤਾ ਨਹੀਂ ਲਗਿਆ, ਅਜੇ ਖਾਲਸੇ ਦੇ ਆਉਣ ਦਾ। ੪੩।

***ਦੋਹਰਾ॥ਸ਼ਿਖਰ ਦੁਪਹਿਰੀ ਵੜ ਸਵੈਂ ਭੋਰਹੀਂ ਤਹਾਂ ਪਠਾਨ॥*** ਜਦੋਂ ਸ਼ਿਖਰ ਦੁਪਹਿਰਾ ਹੋ ਜਾਂਦਾ ਹੈ, ਤਾਂ ਸਾਰੇ ਪਠਾਣ ਭੋਰਿਆਂ ਵਿਚ ਵੜ ਕੇ ਸੌਂ ਜਾਂਦੇ ਸਨ।

***ਓਇ ਰਾਮ ਨਹਿਂ ਕਰੈਂ ਖੁਦਾਇ ਕੋ, ਸੁ ਨਿਕਸੈ ਸੰਝ ਪਛਾਨ॥ ੪੪॥*** ਉਹ ਖ਼ੁਦਾ ਦਾ ਵੀ ਹੈ ਭੈ ਨਹੀਂ ਖਾਂਦੇ, ਐਨੇ ਹੰਕਾਰੇ ਹੋਏ ਨੇ, ਸ਼ਾਮ ਨੂੰ ਵੇਖ ਕੇ ਹੀ ਨਿਕਲਦੇ ਹਨ ਭੋਰਿਆਂ ਵਿੱਚੋਂ। ੪੪।

***ਚੌਪਈ॥ਰੋਜਨ ਕੇ ਦਿਨ ਉਨ ਕੇ ਆਹੀ॥*** ਉਨ੍ਹਾਂ ਤੁਰਕਾਂ ਦੇ ਰੋਜ਼ਿਆਂ ਦੇ ਦਿਨ, ਉਹ ਤਾਂ ਰੋਜੇ ਰੱਖੀ ਬੈਠੇ ਸਨ।

***ਪੀਏਂ ਨ ਪਾਨੀ ਧੂਪ ਨ ਖਾਹੀ॥*** ਸੂਰਜ ਚੜ੍ਹੇ ਤੋਂ ਧੁੱਪੇ ਕੁਛ ਵੀ ਨਹੀਂ ਖਾਂਦੇ-ਪੀਂਦੇ ਭਾਵ ਸੂਰਜ ਚੜ੍ਹਨ ਤੋਂ ਪਹਿਲਾਂ ਜਾਂ ਸੂਰਜ ਡੁੱਬਣ ਤੋਂ ਬਾਅਦ ਹੀ ਕੁਛ ਖਾਂਦੇ-ਪੀਂਦੇ ਸਨ।

***ਔ ਮਨ ਮੈਂ ਵਹਿ ਰਹਿਂ ਮਗਰੂਰ॥*** ਅਤੇ ਮਨ ਵਿਚ ਉਹ ਬੜੇ ਹੀ ਹੰਕਾਰ ਵਿਚ ਰਹਿੰਦੇ ਹਨ, ਕਿ ਏਥੇ ਕਸੂਰ ਵਿਚ ਅਬਦਾਲੀ ਵਰਗੇ ਵੀ ਨੇੜੇ ਨਹੀਂ ਢੁੱਕ ਸਕੇ। ਲਹੌਰ ਦਾ ਸੂਬਾ ਨੇੜੇ, ਉਸ ਦਾ ਵੀ ਕਸੂਰ ਦੇ ਨੇੜੇ ਆਉਣ ਦਾ ਹੌਂਸਲਾ ਨਹੀਂ ਪੈਂਦਾ।

***ਕੋ ਢੁਕ ਸਕੈ ਇਤਿ ਜੂਹ ਕਸੂਰ॥ ੪੫॥*** ਕਿਹੜਾ ਹੈ ਜੋ ਇਧਰ ਕਸੂਰ ਦੀ ਜੂਹ ਦੇ ਵੀ ਨੇੜੇ ਢੁਕ ਸਕੇ। ੪੫।

***ਸੁਨਤ ਸਿੰਘਨ ਤਬ ਯੌ ਕਹਿ ਲਈ॥*** ਉਸ ਸਿੱਖ ਤੋ ਸੁਣ ਕੇ ਤਦ ਸਿੰਘਾਂ ਨੇ ਇਉਂ ਕਿਹਾ।

***ਗੁਰੂ ਗ੍ਰੰਥ ਅਬ ਬਿਧੀ ਬਨਈ॥*** ਗੁਰੂ ਗ੍ਰੰਥ ਸਾਹਿਬ ਜੀ ਨੇ ਹੁਣ ਵਿਧੀ ਬਣਾ ਦਿੱਤੀ, ਇਸ ਬ੍ਰਹਮਣ ਨੂੰ ਵੀ ਸਾਡੇ ਕੋਲ ਤਾਂ ਹੀ ਭੇਜਿਆ, ਇਹ ਕਾਰਜ਼ ਹੋਣਾ ਹੀ ਸੀ ਇਹਨਾਂ ਦਾ।

***ਰਖ ਰੋਜੇ ਵਹਿ ਨਿਰਬਲ ਭਏ॥*** ਰੋਜੇ ਰੱਖੇ ਹੋਣ ਕਰਕੇ ਉਹ ਪਠਾਣ ਕਮਜ਼ੋਰ ਹੋ ਗਏ ਸਨ।

***ਮਰਨੇ ਦਿਨ ਉਨ ਆਪੇ ਕਏ॥ ੪੬॥*** ਭੁੱਖੇ ਰਹਿ ਕੇ ਉਨ੍ਹਾਂ ਨੇ ਆਪਣੇ ਮਰਨ ਦੇ ਦਿਨ ਆਪ ਹੀ ਨੇੜੇ ਕਰ ਲਏ ਸਨ। ੪੬।

***ਸ਼ਿਖਰ ਦੁਪਹਿਰੇ ਤਹਿਂ ਚਲ ਵੜੋ॥*** ਸ਼ਿਖਰ ਦੁਪਹਿਰਿਓਂ ਉਥੇ ਚਲ ਕੇ ਜਾ ਵੜੋ ਕਸੂਰ ਵਿਚ।

***ਚੁਪ ਕਰ ਤੁਰੋ ਨ ਖੜਕੋ ਕਰੋ॥*** ਚੁਪ ਕਰਕੇ ਤੁਰੇ ਚਲੋ, ਕਿਸੇ ਕਿਸ਼ਮ ਦਾ ਖੜਕਾ-ਦੜਕਾ ਵੀ ਨਾ ਕਰੋ।

***ਨਿਸ਼ਾਨ ਨ ਖੁਲ੍ਹਾਵੋ ਨ ਬਜਾਵੋ ਨਗਾਰੋ॥*** ਨਿਸ਼ਾਨ ਸਾਹਿਬ ਵੀ ਲਪੇਟ ਲਵੋ ਇਕੱਠੇ ਕਰ ਲਵੋ, ਉਹ ਵੀ ਨਾ ਖੁਲ੍ਹੇ ਛੱਡੋ, ਵੇਖ ਨਾ ਲਵੇ ਦੁਸ਼ਮਣ ਕੋਈ ਤੇ ਨਾ ਹੀ ਨਗਾਰਾ ਬਜਾਓ।

***ਰਾਹ ਨ ਛੇੜਯੋ ਮਤਿ ਹੁਇ ਪੁਕਾਰੋ॥ ੪੭॥*** ਰਾਹ ਦੇ ਵਿਚ ਨਾ ਕਿਸੇ ਨੂੰ ਲੁੱਟਿਓ, ਮਤਾਂ ਕੋਈ ਜਾ ਕੇ ਭੱਜ ਕੇ ਪਕਾਰ ਦੇਵੇ ਕਿ ਫ਼ੌਜ ਆ ਰਹੀ ਹੈ। ੪੭।

***ਗੁਰਮਤੋ ਖਾਲਸੈ ਬੋ ਯੌ ਕਰ ਲਯੋ॥*** ਇਉਂ ਖਾਲਸੇ ਪੰਥ ਨੇ ਗੁਰਮਤਾ ਕਰ ਲਿਆ ਹੈ।

***ਪਠਾਣ ਕਟੇ ਬਿਨ ਲੁਟਨ ਨ ਡਹਯੋ॥*** ਜਿਨਾਂ ਚਿਰ ਸਾਰੇ ਪਠਾਣਾਂ ਨੂੰ ਝਟਕਾ ਨਾ ਲਈਏ ਉਤਨਾਂ ਚਿਰ ਕੋਈ ਵੀ ਸਿੰਘ ਲੁੱਟ ਨੂੰ ਹੱਥ ਨਾ ਪਾਵੇ। ਓਤਨਾਂ ਚਿਰ ਵੱਢੀ ਤੁਰੀ ਜਾਉ, ਪਠਾਣ ਮੁਕਾ ਕੇ ਫਿਰ ਲੁਟਾਂਗੇ ਹੱਥ ਵੇਹਲੇ ਕਰ ਕੇ।

***ਮੂਹਰੇ ਤੁਰੈਂ ਸੁ ਆਪ ਸੁਦਾਰ॥*** ਸਾਰੀਆਂ ਮਿਸਲਾਂ ਦੇ ਸਰਦਾਰ ਆਪ ਅੱਗੇ ਲੱਗ ਕੇ ਤੁਰੋ। ਪਹਿਲਾਂ ਕਸੂਰ ਦੇ ਵਿਚ ਸਰਦਾਰ ਵੜਨ ਫ਼ੌਜ ਨਾ ਵੜੇ, ਫਿਰ ਹੱਲਾ ਬੋਲੀਏ।

***ਜਿਮ ਕਰ ਵਪਾਰੀਏ ਅਏ ਵਪਾਰ॥ ੪੮॥*** ਸਾਰੇ ਸਰਦਾਰ ਵਪਾਰੀ ਬਣ ਜਾਓ, ਭੇਸ ਬਦਲ ਲਓ, ਸਿੰਘਾਂ ਨੇ ਮੰਡਾਸੇ ਜਿਹੇ ਕਰ ਲਏ ਵਪਾਰੀਆ ਵਾਂਗ ਸਿਰ 'ਤੇ ਜਿਵੇਂ ਵਪਾਰੀ ਵਪਾਰ ਕਰਨ ਆਏ ਹੋਣ। ੪੮।

***ਦੋਹਰਾ॥ਇਕ ਇਕ ਦੁਇ ਦੁਇ ਹੁਇ ਖੜੇ ਕਈ ਅਗਾੜੇ ਜਾਹਿਂ॥*** ਕਸੂਰ ਦੀ ਜੂਹ ਵਿਚ ਪਹੁੰਚ ਕੇ ਸਿੰਘ ਇਕ ਇਕ ਦੋ ਦੋ ਹੋ ਕੇ ਖੜ੍ਹ ਗਏ ਸਨ ਅਤੇ ਕਈ ਸਿੰਘ ਅੱਗੇ ਬਜ਼ਾਰ ਵਿਚ ਚਲੇ ਗਏ ਸਨ।

***ਕਈ ਉਤਰੈਂ ਕਈ ਹਟ ਬਹੈਂ ਸੌਦੇ ਉਨਹਿ ਪੁਛਾਹਿਂ॥ ੪੯॥*** ਕਈ ਸਿੰਘ ਘੋੜਿਆਂ ਤੋਂ ਉੱਤਰ ਗਏ ਸਨ, ਕਈ ਸਿੰਘ ਦੁਕਾਨਾਂ 'ਤੇ ਵੱਖੋ-ਵੱਖਰੀਆਂ ਵਸਤੂਆਂ ਦੇ ਭਾਉ ਪੁੱਛਣ ਲਗ ਪਏ ਸਨ ਦੁਕਾਨਦਾਰਾਂ ਤੋਂ, ਤਾਂ ਕਿ ਸਾਡੇ ਆਉਣ ਦਾ ਪਤਾ ਨਾ ਲਗ ਜਾਏ ਪਠਾਣਾਂ ਨੂੰ। ੪੯।

**ਚੌਪਈ॥ਇਕ ਗੜ੍ਹੀ ਵਲ ਪਹਿਲੇ ਖੜੇ॥** ਇਕ ਗੜ੍ਹੀ ਵੱਲ ਪਹਿਲਾਂ ਹੋ ਖੜ੍ਹੇ ਸਨ ਸਿੰਘ।

**ਦੁਇ ਗੜ੍ਹੀ ਆਇ ਪਿਛਲੇ ਵੜੇ॥** ਜਿਹੜੇ ਸਿੰਘ ਪਿੱਛੋਂ ਆਏ ਸਨ, ਉਹ ਦੂਜੀ ਗੜ੍ਹੀ ਵਿਚ ਜਾ ਵੜੇ ਸਨ।

**ਇਮ ਕਰ ਗੜ੍ਹੀ ਕਈ ਮਲ ਲਈ॥** ਇਸ ਤਰ੍ਹਾਂ ਸਿੰਘਾਂ ਨੇ ਕਈ ਗੜ੍ਹੀਆਂ ਮੱਲ ਲਈਆਂ ਸਨ।

**ਤੌ ਪਛਾਣ ਤੁਰਕਨ ਨੈ ਕਈ॥ ੫੦॥** ਤਾਂ ਤੁਰਕਾਂ ਨੇ ਸਿੰਘਾਂ ਦੀ ਪਛਾਣ ਕੀਤੀ, ਕਿ ਐਨੇ ਸੌਦੇ ਲੈਣ ਵਾਲੇ ਇਹ ਵਪਾਰੀ ਨੇ? ਇਹ ਤਾਂ ਸਿੰਘ ਲਗਦੇ ਹਨ। ਜਦੋਂ ਉਨਾਂ ਨੇ ਸਿੰਘਾਂ ਦਾ ਤੌਰ ਤਰੀਕਾ ਵੇਖਿਆਂ ਤਾਂ ਪਛਾਣ ਕੀਤੀ ਕਿ ਇਹ ਤਾਂ ਏਥੇ ਖਾਲਸਾ ਆ ਵੜਿਆ ਹੈ। ੫੦।

**ਤੌ ਕਿਵਾੜ ਵਹਿ ਭੇੜਨ ਡਹੇ॥** ਤਾਂ ਭੱਜ ਕੇ ਪਹਿਰੇਦਾਰ ਗੜ੍ਹੀਆਂ ਦੇ ਦਰਵਾਜ਼ੇ ਬੰਦ ਕਰਨ ਲੱਗੇ ਸਨ।

**ਸਿੰਘਨ ਮਾਰ ਤੇਊ ਤਬ ਦਏ॥** ਉਹਨਾਂ ਪਹਿਰੇਦਾਰਾਂ ਨੂੰ ਸਿੰਘਾਂ ਨੇ ਅੱਖ ਨਾ ਝਮਕਣ ਦਿੱਤੀ, ਉਦੋਂ ਹੀ ਮਾਰ ਲਿਆ।

**ਪਰੀ ਸ਼ਹਿਰ ਮੈਂ ਬਡੀ ਹਕਾਹਿ॥** ਸਾਰੇ ਸ਼ਹਿਰ ਵਿਚ ਰੌਲ੍ਹਾ ਪੈ ਗਿਆ ਕਿ 'ਖਾਲਸਾ ਆ ਗਿਆ ਖਾਲਸਾ ਆ ਗਿਆ'।

**ਤੌ ਲੌ ਪਹੁੰਚਯੋ ਸਭ ਦਲ ਆਇ॥ ੫੧॥** ਉਦੋਂ ਨੂੰ ਸਾਰੀ ਹੀ ਖਾਲਸਾ ਫ਼ੌਜ ਕਿਲ੍ਹਿਆਂ ਅੰਦਰ ਆ ਵੜੀ। ੫੧।

**ਤੁਰਕਨ ਉਪਰ ਉਠੀ ਸ਼ਮਸ਼ੇਰ॥** ਤੁਰਕਾਂ ਉਤੇ ਸਿੰਘਾਂ ਦੀ ਤਲਵਾਰ ਉਠ ਪਈ, ਸਿੰਘਾਂ ਦੀ ਤਲਵਾਰ ਖੜਕੀ ਤੁਰਕਾਂ 'ਤੇ।

**ਕਿਤਕ ਬੰਦੂਖਨ ਸਯੋਂ ਦਏ ਗੇਰ॥** ਜਿਹੜੇ ਕੋਈ ਹਥਿਆਰ-ਬੰਦ ਤੁਰਕ ਸਨ, ਉਨ੍ਹਾਂ ਨੂੰ ਬੰਦੂਕਾਂ ਵਾਲਿਆਂ ਡੇਗ ਦਿੱਤਾ ਹੈ।

**ਜਿਮ ਜਿਮ ਬੰਦੂਖਨ ਖੜਕੋ ਹੋਇ॥** ਜਿਵੇਂ-ਜਿਵੇਂ ਬੰਦੂਕਾਂ ਦਾ ਖੜਾਕ ਹੁੰਦਾ, ਗੋਲੀਆਂ ਚੱਲਣ ਦੀ ਅਵਾਜ਼ ਹੁੰਦੀ।

**ਉਠੇ ਭੋਰਨ ਤੇ ਸੁੱਤੇ ਜੋਇ॥ ੫੨॥** ਪਠਾਣ ਜਿਹੜੇ ਭੋਰਿਆਂ ਵਿਚ ਸੁੱਤੇ ਹੋਏ ਸਨ, ਉਨ੍ਹਾਂ ਨੂੰ ਫਿਰ ਜਾਗ ਆਈ ਕਿ ਆਹ ਕੀ ਖੜਕਾ ਹੋਣ ਲੱਗ ਪਿਆ। ਫਿਰ ਉਠੇ ਹਨ ਵੇਖਣ ਵਾਸਤੇ। ੫੨।

**ਕਿਸ ਪਹਿ ਸ਼ਸਤਰ ਕਿਸ ਪਹਿ ਨਾਂਹਿ॥** ਕਿਸੇ ਕੋਲ ਹਥਿਆਰ ਸੀ ਕਿਸੇ ਕੋਲ ਨਹੀਂ ਸੀ।

**ਬਿਨ ਸ਼ਸਤ੍ਰਨ ਕਈ ਉਠੇ ਉਘਾਹਿ॥** ਅੱਜੇ ਨੀਂਦ ਅੱਖਾਂ ਵਿਚ ਸੀ, ਕਈ ਬਿਨਾਂ ਸ਼ਸਤ੍ਰਾਂ ਦੇ ਉਘਲਾਂਦੇ ਹੀ ਉਠੇ ਸਨ।

**ਕਿਸ ਪੈ ਛੁਰੀ ਕਿਸ ਪੈ ਕਟਾਰੀ॥** ਕਿਸੇ ਕੋਲ ਛੁਰੀ ਸੀ ਤੇ ਕਿਸੇ ਕੋਲ ਕਟਾਰ ਸੀ, ਛੋਟੇ ਸ਼ਸਤ੍ਰ ਸਨ ਸਾਰੇ।

**ਦੂਰ ਗੋਲੀ ਸਿਉਂ ਸਿੰਘ ਦੇਹਿਂ ਮਾਰੀ॥ ੫੩॥** ਸਿੰਘ ਦੂਰੋਂ ਹੀ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੰਦੇ ਸਨ। ੫੩।

**ਦੋਹਰਾ॥ਜਿਨ ਪਹਿ ਸ਼ਸਤਰ ਨਹਿਂ ਹੁਤੇ ਤੇ ਮੁੜ ਭੋਹਰੇ ਪਾਹਿਂ॥** ਜਿਨ੍ਹਾਂ ਪਠਾਣਾ ਕੋਲ ਸ਼ਸਤ੍ਰ ਨਹੀਂ ਸਨ, ਉਹ ਫਿਰ ਮੁੜ ਕੇ ਭੋਰਿਆਂ ਵਿਚ ਵੜ ਗਏ ਕਿ ਲੁਕ ਜਾਈਏ ਜਾ ਕੇ।

**ਜਿਨ ਕੈ ਤੀਰ ਬੰਦੂਖ ਥੀ ਤੇ ਆਇ ਜੁੱਧ ਮਚਾਹਿਂ॥ ੫੪॥** ਜਿਨ੍ਹਾਂ ਪਠਾਣਾਂ ਕੋਲ ਤੀਰ ਬੰਦੂਕਾਂ ਸਨ, ਉਹ ਆਏ ਮੈਦਾਨ ਵਿਚ, ਲੱਗੇ ਖਾਲਸੇ ਨਾਲ ਲੜਾਈ ਕਰਨ। ੫੪।

**ਚੌਪਈ॥ਬੰਦੂਕਨ ਕੇ ਸਿੰਘ ਬਡੇ ਖਿਡਾਰੀ॥** ਬੰਦੂਕ ਚਲਾਉਣ ਦੇ ਸਿੰਘ ਵੱਡੇ ਖਿਡਾਰੀ ਸਨ, ਬੰਦੂਕ ਤਾਂ ਸਿੰਘਾਂ ਵਰਗੀ ਕੋਈ ਚਲਾ ਹੀ ਨਹੀਂ ਸੀ ਸਕਦਾ।

**ਤੀਰਨਦਾਜ ਕੌ ਵਹਿ ਲੇਂ ਮਾਰੀ॥** ਉਹ ਤੀਰ-ਅੰਦਾਜ਼ਾਂ ਨੂੰ ਮਾਰ ਲੈਂਦੇ ਸਨ।

**ਪਠਾਣ ਬੰਦੂਖ ਕਰ ਸ਼ਿਸਤੋ ਰਹੈਂ॥** ਬੰਦੂਕਾਂ ਵਾਲੇ ਪਠਾਣ ਅਜੇ ਨਿਸ਼ਾਨਾਂ ਬੰਨ੍ਹਦੇ ਹੀ ਰਹਿ ਜਾਂਦੇ ਸਨ।

**ਤੌ ਹੀ ਸਿੰਘ ਉਸ ਮਾਰ ਗਿਰਹੈਂ॥ ੫੫॥** ਉਦੋਂ ਹੀ ਸਿੰਘ ਉਸ ਨੂੰ ਮਾਰ ਕੇ ਸੁੱਟ ਦਿੰਦੇ ਸਨ ਧਰਤੀ 'ਤੇ। ੫੫।

**ਜੋ ਪਠਾਣ ਫੜ ਆਇ ਤਲਵਾਰ॥** ਜਿਹੜੇ ਪਠਾਣ ਤਲਵਾਰਾਂ ਫੜ ਕੇ ਨਿਕਲੇ ਮੈਦਾਨ ਵਿਚ।

**ਲੇ ਨੇਜਨ ਸਿਉਂ ਉਸ ਕੋ ਮਾਰ॥** ਉਨ੍ਹਾਂ ਨੂੰ ਸਿੰਘ ਨੇ ਨੇਜ਼ਿਆਂ ਬਰਛਿਆਂ ਨਾਲ ਮਾਰ ਲਿਆ।

**ਇਕ ਥਾਂਇ ਮਾਰ ਸਿੰਘ ਦੂਯੇ ਥਾਂ ਅੜੈਂ॥** ਇਕ ਥਾਂ 'ਤੇ ਪਠਾਣਾਂ ਨੂੰ ਮਾਰ ਕੇ ਸਿੰਘ ਦੂਜੀ ਥਾਂ ਜਾ ਅੜੇ ਪਠਾਣਾਂ ਨਾਲ।

***ਦੁਯੇ ਛੁਡਾਇ ਤੀਏ ਥਾਂ ਵੜੈਂ॥ ੫੬॥*** ਦੂਜੀ ਗੜ੍ਹੀ ਨੂੰ ਪਠਾਣਾਂ ਤੋਂ ਛੁਡਾ ਕੇ ਸਿੰਘ ਤੀਜੀ ਗੜ੍ਹੀ ਵਿਚ ਜਾ ਦਾਖ਼ਲ ਹੋਏ ਸਨ। ੫੬।

***ਤਬ ਹਟ ਸਿੰਘਨ ਫੜੀ ਤਲਵਾਰ॥*** ਤਦ ਸਿਘਾਂ ਨੇ ਹਟ ਕੇ ਤਲਵਾਰਾਂ ਫੜ ਲਈਆਂ ਸਨ ਹੱਥਾਂ ਵਿਚ।

***ਕਰੀ ਕਤਲ ਊਹਾਂ ਪਠਾਣ ਬਿਚਾਰ॥*** ਸਿੰਘਾਂ ਨੇ ਵਿਚਾਰ ਕੇ ਉਥੇ ਪਠਾਣਾਂ ਦੀ ਕਤਲੇਆਮ ਕਰ ਦਿੱਤੀ।

***ਕਿਛ ਨੱਠੇ ਕਿਛ ਲਏ ਸੁ ਮਾਰੇ॥*** ਕੁਛ ਪਠਾਣ ਆਪਣੀ ਜਾਨ ਬਚਾਉਣ ਵਾਸਤੇ ਭੱਜ ਗਏ, ਕੁਛ ਸਿੰਘਾਂ ਨੇ ਮਾਰ ਲਏ ਸਨ।

***ਇਮ ਸਤਿਗੁਰ ਕੰਮ ਸਿੰਘਨ ਸੁਵਾਰੇ॥ ੫੭॥*** ਇਉਂ ਸਤਿਗੁਰਾਂ ਨੇ ਸਿੰਘਾਂ ਦੇ ਕੰਮ ਰਾਸ ਕਰ ਦਿੱਤੇ। ੫੭।

***ਦੋਹਰਾ॥ਪਠਾਣ ਮਾਰ ਜਬ ਸਭ ਲਏ ਕਰੀ ਖਾਲਸੈ ਛੂਟ॥*** ਜਦੋਂ ਸਾਰੇ ਪਠਾਣ ਮਾਰ ਲਏ ਸਿੰਘਾਂ ਨੇ, ਫਿਰ ਛੂਟ ਕਰ ਦਿੱਤੀ ਖਾਲਸੇ ਨੇ ਲੁੱਟ ਕਰਨ ਦੀ।

***ਪਰੇ ਚੁਤਰਫੋਂ ਸਿੰਘ ਕੂਦ ਲਗੇ ਕਰਨ ਤਬ ਲੂਟ॥ ੫੮॥*** ਸਿੰਘ ਚੌਹਾਂ ਪਾਸਿਆਂ ਤੋਂ ਕੁੱਦ ਕੇ ਪੈ ਗਏ ਅਤੇ ਲੱਗੇ ਲੁੱਟ ਕਰਨ। ੫੮।

***ਚੌਪਈ॥ਸਰਦਾਰਨ ਲਏ ਮਹੱਲੇ ਘੇਰ॥*** ਸਿੰਘਾਂ ਦੀਆਂ ਮਿਸਲਾਂ ਦੇ ਸਰਦਾਰਾਂ ਨੇ ਕਸੂਰ ਸ਼ਹਿਰ ਦੇ ਵੱਖੋ-ਵੱਖ ਮਹੱਲਿਆਂ ਨੂੰ ਘੇਰ ਲਿਆ ਲੁੱਟ ਕਰਨ ਵਾਸਤੇ, ਸਾਰੇ ਕਸੂਰ ਸ਼ਹਿਰ ਨੂੰ ਵੱਖ-ਵੱਖ ਹਿੱਸਿਆਂ ਵਿਚ ਵੰਡ ਲਿਆ ਸਿੰਘਾਂ ਨੇ।

***ਵਿਚ ਹਵੇਲੀ ਕਰ ਲਈ ਜ਼ੇਰ॥*** ਵਿੱਚੇ ਹੀ ਵੱਡੇ-ਵੱਡੇ ਅਮੀਰ ਪਠਾਣਾਂ ਦੀਆਂ ਹਵੇਲੀਆਂ ਆਪਣੇ ਕਬਜ਼ੇ ਕਰ ਲਈਆਂ ਸਿੰਘਾਂ ਨੇ।

***ਆਪ ਸਿੰਘਨ ਲਏ ਹਟ ਬਡ ਮੱਲ॥*** ਆਪ ਸਿੰਘਾਂ ਨੇ ਵੱਡੀਆਂ-ਵੱਡੀਆਂ ਥੋਕ ਦੀਆਂ ਦੁਕਾਨਾਂ ਮੱਲ ਲਈਆਂ।

***ਜਿਨ ਮੈਂ ਦੇਖੀ ਦੌਲਤ ਭੱਲ॥ ੫੯॥*** ਜਿਨ੍ਹਾਂ ਵਿਚ ਬਹੁਤੀ ਦੌਲਤ ਸੀ ਸਰਾਫਾਂ ਦੇ ਬਜ਼ਾਰ, ਜਿਥੇ ਸੋਨੇ ਚਾਂਦੀ ਦੇ ਢੇਰ ਲੱਗੇ ਹੋਏ ਸੀ। ੫੯।

***ਤੁੰਮਨਦਾਰ ਮਲ ਲਏ ਬਜ਼ਾਰ॥*** ਜਥੇਦਾਰਾਂ ਨੇ ਵੱਖੋ-ਵੱਖਰੇ ਬਜ਼ਾਰ ਮਲ ਲਏ ਸਾਰੇ।

***ਭਰੇ ਭਕੁੰਨੇ ਘਰ ਬਿਸ਼ੁਮਾਰ॥*** ਅਣਗਿਣਤ ਧਨ ਦੌਲਤ ਨਾਲ ਘਰ ਭਰੇ ਹੋਏ ਸਨ ਭਕੁੰਨੇ ਵਾਂਗ।

***ਚੂਹੜੇ ਚੁਮਾਰ ਜ ਰਲ ਆਏ ਜੱਟ॥*** ਜਦੋਂ ਪਤਾ ਲੱਗਾ ਕਿ ਖਾਲਸੇ ਨੇ ਕਸੂਰ ਮਾਰ ਲਿਆ ਫਿਰ ਜਿਹੜੇ ਚੂਹੜੇ ਚਮਾਰ ਤੇ ਜੱਟ ਆਦਿਕ ਆਮ ਲੋਕ ਰਲ ਕੇ ਆਏ ਹਨ ਲੁੱਟਣ ਵਾਸਤੇ।

***ਲੈ ਗਏ ਵੈ ਪੁਰਸਾਰਨ ਘੱਟ॥ ੬੦॥*** ਉਹ ਵੀ ਉਦਮ ਕਰਕੇ ਆਪਣੇ ਪੁਤ੍ਰਾਂ ਪੋਤਰਿਆਂ ਤੱਕ ਧਨ ਦੌਲਤ ਘੱਟ ਕੇ ਲੈ ਗਏ। ੬੦।

***ਅਕੈ ਸੁਇਨੋ ਅਕੈ ਚਾਂਦੀ ਚੱਕੈਂ॥*** ਸਿੰਘ ਜਾਂ ਤਾਂ ਸੋਨਾਂ ਚੁਕਦੇ ਜਾਂ ਚਾਂਦੀ ਨੂੰ ਚੁੱਕਦੇ।

***ਮੋਤੀ ਚੂਨੀ ਡਾਰੈਂ ਕਚ ਸ਼ੱਕੈ॥*** ਕੱਚ ਹੋਣ ਦੇ ਸ਼ੱਕ ਵਿਚ ਮੋਤੀਆਂ ਵਾਲੇ ਗਹਿਣੇ ਸੁੱਟ ਦਿੰਦੇ, ਕਹਿੰਦੇ ਇਹਨਾਂ ਤੋਂ ਆਪਾ ਕੀ ਕਰਾਉਣਾ।

***ਕਾਂਸੀ ਪਿਤਲ ਕੋਈ ਨ ਲੇਹਿ॥*** ਕਾਂਸੀ ਅਤੇ ਪਿੱਤਲ ਦੇ ਬਰਤਨ ਕੋਈ ਵੀ ਸਿੰਘ ਨਹੀਂ ਚੁੱਕਦਾ, ਪਰੇ ਮਾਰਦੇ ਹਨ ਵਗਾਹ ਕੇ, ਕਹਿੰਦੇ ਇਹ ਕੀ ਕਰਨੇ ਹਨ ਛੱਡੋ ਪਰ੍ਹਾ।

***ਕਢ ਕਢ ਸਿਟੈਂ ਫਿਰ ਸ਼ਹਿਰ ਹੀ ਲੇਹਿ॥ ੬੧॥*** ਬਜ਼ਾਰਾਂ ਵਿੱਚੋਂ ਕੱਢ-ਕੱਢ ਕੇ ਸੁੱਟੀ ਜਾਂਦੇ ਸਿੰਘ, ਸ਼ਹਿਰੀ ਲੋਕ ਹੀ ਉਨ੍ਹਾਂ ਨੂੰ ਚੁੱਕ-ਚੁੱਕ ਕੇ ਲਈ ਜਾਂਦੇ। ੬੧।

***ਲਏ ਤਬੇਲੇ ਸਰਦਾਰਨ ਘੇਰ॥*** ਇਰਾਨ ਅਰਬ ਦੇ ਘੋੜਿਆਂ ਦੇ ਭਰੇ ਹੋਏ ਤਬੇਲੇ ਸਰਦਾਰਾਂ ਨੇ ਘੇਰ ਲਏ।

***ਭੈਂਸਾ ਬੈਲ ਜੱਟ ਲੈ ਗਏ ਚੁਫੇਰ॥*** ਮੱਝਾਂ ਤੇ ਬਲਦ ਉਹ ਚੁਫੇਰਿਓਂ ਪਿੰਡਾਂ ਦੇ ਜੱਟ ਲੈ ਗਏ।

***ਜਿਸਕੈ ਹਾਥ ਔਰ ਕੰਮ ਪਇਆ॥*** ਜਿਸ ਦੇ ਹੱਥ ਹੋਰ ਕੋਈ ਕੰਮ ਦੀ ਚੀਜ਼ ਲੱਗੀ, ਉਹ ਹੀ ਉਹ ਲੈ ਗਿਆ ਇਕੱਠੀ ਕਰਕੇ।

***ਪਕੜ ਘੋੜਾ ਕਪੜੇ ਲਦ ਲਇਆ॥ ੬੨॥*** ਉਨ੍ਹਾਂ ਨੇ ਘੋੜਾ ਫੜ ਕੇ ਚੰਗੇ-ਚੰਗੇ ਕੱਪੜੇ ਦੇ ਥਾਨ ਲੱਦ ਲਏ ਉੱਤੇ। ੬੨।

***ਦੋਹਰਾ॥ ਭਿੱਛਕ ਭੂਪ ਸੁ ਤਹਿੰ ਭਏ, ਗਏ ਭੂਪ ਸੁ ਭਿੱਛਕ ਹੋਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਐਡੀ ਭਾਰੀ ਲੁੱਟ ਹੋਈ, ਸਿੰਘਾਂ ਨੇ ਤਾਂ ਲੁੱਟਣਾਂ ਹੀ ਸੀ ਜੋ ਲੁੱਟਣਾ ਸੀ, ਪਰ ਇਲਾਕੇ ਦੀ ਭੁੱਖ ਨਿਕਲ ਗਈ ਸਾਰੇ ਦੀ। ਜਿਹੜੇ (ਭਿਛਕ) ਮੰਗਤੇ ਲੋਕ ਸਨ, ਉਹ ਤਾਂ ਰਾਜੇ ਬਣ ਗਏ ਜਿਹੜੇ ਰਾਜੇ ਬਣੇ ਬੈਠੇ ਸੀ, ਉਹ ਮੰਗਤੇ ਹੋ ਗਏ, ਉਹ ਮੰਗਣ ਜੋਗ ਕਰ ਦਿੱਤੇ ਖਾਲਸੇ ਨੇ।

***ਕਈ ਹਵੇਲੀ ਭਰ ਲਈ, ਦਲ ਲੁਟ ਰੱਜਯੋ ਬੋਇ॥ ੬੩॥*** ਜੋ ਦਲ ਵਾਲੇ ਸਨ ਜੋ ਸਿੰਘਾਂ ਦੀਆਂ ਮਿਸਲਾਂ ਵਾਲੇ ਸਨ, ਉਨ੍ਹਾਂ ਨੇ ਹਵੇਲੀਆਂ ਭਰ ਲਈਆਂ ਮਾਲ ਧਨ ਦੀਆਂ, ਉਹ ਰੱਜ ਗਏ ਲੁੱਟ-ਲੁੱਟ ਕੇ, ਐਨਾ ਸਮਾਨ ਲੁੱਟਿਆ, ਜਿਹੜਾ ਚੁੱਕਿਆ ਹੀ ਨਾ ਜਾਵੇ। ੬੩।

***ਚੌਪਈ॥ ਤੀਨ ਦਿਵਸ ਦਲ ਲੁਟਤੋ ਰਹਯੋ॥*** ਤਿੰਨ ਦਿਲ ਖਾਲਸੇ ਦੇ ਦਲ ਲੁੱਟਦੇ ਰਹੇ।

***ਚੌਥੇ ਦਿਨ ਆਇ ਮੁਲਕ ਬਹੁ ਪਯੋ॥*** ਚੌਥੇ ਦਿਨ ਆਮ ਮੁਲਕ ਆ ਪਿਆ ਕਿ ਕਸੂਰ ਲੁੱਟੀਦਾ ਚਲੋ ਆਪਾਂ ਵੀ ਲੁੱਟ ਲਿਆਈਏ। ਚਾਰ-ਚੁਫੇਰੇ ਦਾ ਇਲਾਕਾ ਹੁੰਮ-ਹੁੰਮਾ ਕੇ ਲੁੱਟਣ ਪੈ ਗਿਆ।

***ਉਇ ਭੀ ਲੁਟ ਲੁਟ ਭਏ ਨਿਹਾਲ॥*** ਉਹ ਵੀ ਨਿਹਾਲ ਹੋ ਗਏ ਲੁੱਟ-ਲੁੱਟ ਕੇ, ਰੱਜ ਗਏ ਭੁੱਖ ਸਾਰਿਆਂ ਦੀ ਨਿਕਲ ਗਈ।

***ਲੈ ਗਏ ਕੱਪੜ ਬਹੁ ਭਾਂਤ ਸੰਭਾਲ॥ ੬੪॥*** ਬਹੁਤ ਕਿਸਮਾਂ ਦਾ ਕੱਪੜਾ ਸੰਭਾਲ ਕੇ ਲੱਦ-ਲੱਦ ਕੇ ਆਪਣੇ ਘਰਾਂ ਨੂੰ ਲੈ ਗਏ। ੬੪।

***ਫੇਰ ਸੁਨੋ ਅਬ ਬਾਮ੍ਹਣ ਬਾਤ॥*** ਬ੍ਰਾਹਮਣ ਦੀ ਗੱਲ ਤਾਂ ਭੁੱਲ ਹੀ ਗਏ ਸਨ, ਜਿਸ ਨੇ ਆਪਣੀ ਬ੍ਰਾਹਮਣੀ ਵਾਸਤੇ ਫ਼ਰਿਆਦ ਕੀਤੀ ਸੀ ਖਾਲਸੇ ਕੋਲ। ਹੁਣ ਫਿਰ ਉਸ ਬ੍ਰਾਹਮਣ ਦੀ ਗੱਲ ਸੁਣੋ। ਜਦੋਂ ਖਾਲਸੇ ਦੀ ਤਲਵਾਰ ਉਠੀ ਪਠਾਣਾਂ 'ਤੇ ਡਰਦਾ ਬ੍ਰਾਹਮਣ ਵੀ ਕਿਤੇ ਵਿੱਚੇ ਹੀ ਦੜਿਆ ਰਿਹਾ।

***ਫਰਯਾਦ ਕਰੀ ਉਨ ਆਇ ਪਰਾਤ॥*** ਜਦੋਂ ਚੌਥਾ ਪੰਜਵਾਂ ਦਿਨ ਚੜ੍ਹਿਆ, ਤਾਂ ਸਵੇਰ ਨੂੰ ਆ ਫ਼ਰਿਆਦ ਕੀਤੀ ਖਾਲਸੇ ਕੋਲ।

***ਅਪਨੋ ਕਾਮ ਤੁਮ ਖਾਲਸੋ ਕੀਓ॥*** ਖਾਲਸਾ ਜੀ ! ਤੁਸੀਂ ਆਪਣਾ ਕੰਮ ਤਾਂ ਕਰ ਲਿਆ, ਲੁੱਟ-ਮਾਰ ਕਰਕੇ ਸਾਰੀ ਭੁੱਖ ਦੂਰ ਕਰ ਲਈ ਹੈ।

***ਮੇਰੋ ਕਾਮ ਤੁਮ ਚਿਤ ਨ ਧਰੀਓ॥ ੬੫॥*** ਮੇਰਾ ਕੰਮ ਤਾਂ ਤੁਸੀਂ ਚਿੱਤ ਵਿਚ ਹੀ ਨਹੀਂ ਰੱਖਿਆ, ਮੇਰਾ ਕਾਰਜ਼ ਤਾਂ ਤੁਸੀਂ ਭੁੱਲ ਹੀ ਗਏ ਹੋ। ੬੫।

***ਹਰੀ ਸਿੰਘ ਕਹਯੋ 'ਵਖਤ ਲੌਢੇ ਆਵੀਂ'॥*** ਹਰੀ ਸਿੰਘ ਨੇ ਕਿਹਾ ਪੰਡਤਾ ! ਹੁਣ ਤੂੰ ਜਾਹ, ਅਸੀਂ ਆਪਣੇ ਕੰਮ ਵਿਚ ਲੱਗੇ ਹੋਏ ਹਾਂ। ਹੁਣ ਤੂੰ ਲੌਢੇ ਵੇਲੇ ਆਈਂ, ਆਥਣੇ ਆਵੀਂ ਦੁਵਾਰਾ ਫਿਰ ਕਰਾਂਗੇ ਤੇਰੀ ਗੱਲ।

***ਲਗੈ ਦਿਵਾਨ ਵਿੱਚ ਆਖ ਸੁਣਾਵੀਂ॥*** ਜਦੋਂ ਖਾਲਸੇ ਦਾ ਦੀਵਾਨ ਲੱਗੇਗਾ, ਉਦੋਂ ਦਿਵਾਨ ਵਿਚ ਆਪਣੀ ਸਮੱਸਿਆ ਆਖ ਕੇ ਸੁਣਾਈਂ।

***ਸੋਈ ਬਾਤ ਆ ਦਿਜ ਨੇ ਕਰੀ॥*** ਬ੍ਰਾਹਮਣ ਨੇ ਉਹੀ ਗੱਲ ਆ ਕੇ ਫਿਰ ਕਰੀ ਜਦੋਂ ਖਾਲਸੇ ਦਾ ਦੀਵਾਨ ਲੱਗਾ ਹੋਇਆ ਸੀ।

***ਮੇਰੀ ਬਾਮ੍ਹਣੀ ਰਹੀ ਤੁਰਕ ਪੈ ਫਰੀ॥ ੬੬॥*** ਖਾਲਸਾ ਜੀ ! ਮੇਰੀ ਬਾਮ੍ਹਣੀ ਤਾਂ ਤੁਰਕ ਕੋਲ ਹੀ ਫੜੀ ਰਹਿ ਗਈ, ਉਹ ਵੀ ਛੁਡਾ ਕੇ ਦਿਓ। ੬੬।

***ਕਹਯੋ ਖਾਲਸੈ 'ਅਬ ਹੁਇ ਚਲ ਆਗੈ'॥*** ਖਾਲਸੇ ਨੇ ਆਖਿਆ 'ਪੰਡਤਾ ! ਚੱਲ ਅੱਗੇ ਹੋ ਕੇ ਤੁਰ, ਦੱਸ ਤੇਰੀ ਬ੍ਰਾਹਮਣੀ ਕਿਥੇ ਕੁ ਹੈ, ਉਸ ਨੂੰ ਚੱਲ ਕੇ ਛੁਡਾਈਏ।

***ਮਗਰੇ ਤੁਰੇ ਸਰਦਾਰ ਸੁ ਲਾਗੈ॥*** ਅੱਗੇ-ਅੱਗੇ ਪੰਡਤ ਤੁਰ ਪਿਆ ਹੈ, ਉਸ ਦੇ ਮਗਰੇ ਹੀ ਸਿੰਘ ਸਰਦਾਰ ਹਰੀ ਸਿੰਘ ਭੰਗੀ

ਵਰਗੇ ਲੱਗ ਤੁਰੇ ਸਨ।

***ਗਿਲਜਨ ਕੋਟ ਉਨ ਦਯੋ ਬਤਾਇ॥*** ਉਸ ਨੇ ਉਨ੍ਹਾਂ ਗਿਲਜਿਆਂ ਦਾ ਕੋਟ ਦੱਸ ਦਿੱਤਾ ਜਿਨ੍ਹਾਂ ਕੋਲ ਉਸ ਦੀ ਬ੍ਰਹਮਣੀ ਸੀ।

***ਬਾਰ ਦੂਈ ਦਯੋ ਕਤਲ ਕਰਾਇ॥ ੬੭॥*** ਉਸ ਕੋਟ ਵਿਚ ਖਾਲਸੇ ਨੇ ਦੂਜੀ ਵਾਰੀ ਫਿਰ ਕਤਲਾਮ ਕੀਤੀ, ਗਿਲਜਿਆਂ ਨੂੰ ਛੱਤਰਿਆਂ ਵਾਂਗ ਅੰਦਰੋਂ ਕੱਢ-ਕੱਢ ਕੇ, ਉਨ੍ਹਾਂ ਦਾ ਵੱਢ-ਵੱਢ ਕੇ ਢੇਰ ਲਾਇਆ। ੬੭।

***ਦੋਹਰਾ॥ਪਠਾਨ ਸੁ ਤਬ ਹੀ ਮਾਰਕੈ ਬਿਪਨੀ ਦਈ ਫੜਾਇ॥*** ਸਾਰੇ ਪਠਾਣਾਂ ਨੂੰ ਮਾਰ ਕੇ ਉਸ ਕਿਲ੍ਹੇ ਦੀ ਤਲਾਸ਼ੀ ਕੀਤੀ ਅਤੇ ਉਸ ਬ੍ਰਾਹਮਣ ਦੀ ਬ੍ਰਾਹਮਣੀ ਉਸ ਦੇ ਹੱਥ ਫੜਾਈ, ਕਹਿੰਦੇ ਸਾਂਭ ਲੈ ਬਈ ਆਪਣੀ ਬ੍ਰਾਹਮਣੀ।

***ਜੈ ਜੈ ਕਰਤੋ ਸੋ ਗਯੋ ਅਪਨੋ ਬਦਲੋ ਪਾਇ॥ ੬੮॥*** ਉਹ ਬ੍ਰਾਹਮਣ ਆਪਣੀ ਬ੍ਰਾਹਮਣੀ ਦਾ ਬਦਲਾ ਪਾ ਕੇ ਖਾਲਸੇ ਦੀ ਜੈ ਜੈ ਕਾਰ ਕਰਦਾ ਅਸੀਸਾਂ ਦਿੰਦਾ ਹੋਇਆ ਆਪਣੇ ਘਰ ਨੂੰ ਚਲਾ ਗਿਆ। ੬੮।

***ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥***

## ਸਾਖੀ ਦਿਲੇ ਰਾਮੀਆਂ ਕੀ ਲਿਖਯਤੇ

***(ਰਾਮਗੜ੍ਹੀਆਂ ਦਾ ਗਿਰਾਉ)***

***ਦੋਹਰਾ॥ਇਸੈ ਮਾਂਹਿ ਇਕ ਔਰ ਹੀ ਸੁਨੋਂ ਜ਼ੁਲਮ ਕੀ ਗੱਲ॥*** ਖਾਲਸਾ ਜੀ ! ਜੋ ਇਤਹਾਸ ਹੈ, ਉਹ ਕੋਈ ਵੀ ਸੱਚੀ ਗੱਲ ਛੁਪਾ ਕੇ ਨਹੀਂ ਰੱਖਦਾ, ਕੋਈ ਵੀ ਜੋ ਚੰਗੀ ਮਾੜੀ ਘਟਨਾ, ਉਸ ਨੂੰ ਇਤਹਾਸ ਪ੍ਰਗਟ ਕਰ ਦਿੰਦਾ। ਕਹਿੰਦੇ ਹਨ ਇਸ ਦੇ ਵਿਚ ਹੀ ਇਕ ਹੋਰ ਜ਼ੁਲਮ ਦੀ ਗੱਲ ਹੋਈ ਉਹ ਸੁਣੋਂ।

***ਰਾਮਗੜ੍ਹੀਏ ਜਿਮ ਵਧ ਘਣੇ ਗਏ ਖੇਹ ਮੈਂ ਰੱਲ॥ ੧॥*** ਜਿਵੇਂ ਰਾਮਗੜ੍ਹੀਆਂ ਮਿਸਲ ਬਾਕੀ ਮਿਸਲਾਂ ਨਾਲੋਂ ਬਹੁਤ ਜ਼ਿਆਦਾ ਵਧ ਗਈ ਸੀ। ਉਹ ਰਾਮਗੜ੍ਹੀਏ ਸਰਦਾਰ ਕਿਸੇ ਨੂੰ ਆਪਣੀ ਅੱਖ ਹੇਠਾਂ ਨਹੀਂ ਸਨ ਲਿਆਉਂਦੇ। ਹਰੇਕ ਨੂੰ ਉਹ ਉਲਟਾ ਜੁਆਬ ਦਿੰਦੇ ਸਨ, ਜਿਵੇਂ ਉਹ ਮਿੱਟੀ ਵਿਚ ਮਿਲ ਗਏ। ੧।

***ਚੌਪਈ॥ਔਰ ਸੁਨੋ ਇਕ ਜ਼ੁਲਮ ਕਹਾਨੀ॥*** ਹੋਰ ਇਕ ਬੜੀ ਹੀ ਜ਼ੁਲਮ ਭਰੀ ਕਹਾਣੀ ਸੁਣੋਂ ਰਾਮਗੜ੍ਹੀਆਂ ਦੀ।

***ਰਾਮਗੜ੍ਹੀਅਨ ਜਿਮ ਜੜ੍ਹ ਉਖੜਾਨੀ॥*** ਜਿਵੇਂ ਰਾਮਗੜ੍ਹੀਆਂ ਦੀ ਜੜ੍ਹ ਹੀ ਉਖੜ ਗਈ, ਉਨ੍ਹਾਂ ਦੀ ਜੜ੍ਹ ਹੀ ਪੁੱਟੀ ਗਈ।

***ਚਾਰੇ ਭਾਈ ਅਤਿ ਬਡ ਸੂਰੇ॥*** ਉਹ ਚਾਰੇ ਭਰਾ ਬੜੇ ਹੀ ਸੂਰਬੀਰ ਸਨ।

***ਜਿਨ ਸੋਂ ਲਰ ਕੋਊ ਉਤ੍ਰਯੋ ਨ ਪੂਰੇ॥ ੨॥*** ਜਿਨ੍ਹਾਂ ਦੇ ਨਾਲ ਲੜ ਕੇ ਕੋਈ ਵੀ ਸੂਰਮਾ ਪੂਰਾ ਨਾ ਉੱਤਰਿਆ, ਕੋਈ ਉਨ੍ਹਾਂ ਦਾ ਮੁਕਾਬਲਾ ਨਾ ਕਰ ਸਕਿਆ, ਜਿਹੜਾ ਵੀ ਰਾਮਗੜ੍ਹੀਆਂ ਨਾਲ ਲੜਿਆ ਉਹ ਹਾਰ ਕੇ ਗਿਆ। ੨।

***ਉਨਕੀ ਪਿਠ ਦੇਖੀ ਕਿਨ ਨਾਂਹਿ॥*** ਐਡੇ ਸੂਰਮੇ ਸਨ, ਉਹ ਕਹਿੰਦੇ ਉਨ੍ਹਾਂ ਨੇ ਕਦੇ ਵੀ ਕਿਸੇ ਦੁਸ਼ਮਣ ਤੋਂ ਭਾਂਜ ਨਹੀਂ ਸੀ ਖਾਧੀ। ਕਦੇ ਕਿਸੇ ਨੇ ਉਨ੍ਹਾਂ ਦੀ ਪਿੱਠ ਵੇਖੀ ਨਹੀਂ ਸੀ ਕਿ ਔਹ ਭੱਜੇ ਜਾਂਦੇ ਹਨ ਰਾਮਗੜ੍ਹੀਏ, ਐਸੇ ਲੜਾਕੂ ਸਨ।

***ਮੱਲਯੋਂ ਕਾਂਗੜੋ ਇਕ ਦਿਨ ਮਾਂਹਿ॥*** ਜੋ ਪਠਾਨਕੋਟ ਤੋਂ ਅੱਗੇ ਕਾਂਗੜਾ ਆਉਂਦਾ ਸੀ, ਉਸ ਨੂੰ ਇਕੋ ਦਿਨ ਵਿਚ ਫਤੇ ਕਰ ਲਿਆ ਸੀ।

***ਸਤ ਧਾਰਨ ਕੇ ਭੀ ਪਤਿਸ਼ਾਹ॥*** ਸੱਤਾਂ ਪਹਾੜ ਦੀਆਂ ਧਾਰਾਂ ਹਨ, ਉਨ੍ਹਾਂ ਦੇ ਵੀ ਉਹ ਪਾਤਸ਼ਾਹ ਕਹਾਏ ਸਨ। ਭਾਵ ਪਹਾੜਾਂ ਦੀਆਂ ਸੱਤੇ ਧਾਰਾਂ ਜਿੱਤ ਕੇ ਇਹਨਾਂ ਨੇ ਆਪਣੇ ਜ਼ੋਰ ਕੀਤੀਆਂ ਹੋਇਆਂ ਸੀ।

***ਲਾਕਰ ਕਸੂਰ ਥੋ ਮੁਲਕ ਉਨ ਪਾਹਿ॥ ੩॥*** ਕਸੂਰ ਤੋਂ ਲੈ ਕੇ ਸਾਰਾ ਮੁਲਕ ਉਨ੍ਹਾਂ ਦੇ ਕੋਲ ਸੀ। ੩।

***ਅੰਮ੍ਰਿਤਸਰ ਮੈ ਹਿੱਸੈ ਚੁਹਾਰਮ॥*** ਅੰਮ੍ਰਿਤਸਰ ਵਿਚ ਵੀ ਉਨ੍ਹਾਂ ਦਾ ਚੌਥਾ ਹਿੱਸਾ ਸੀ, ਉਨ੍ਹਾਂ ਦਾ, ਇੰਨੀ ਵੱਡੀ ਮਿਸਲ ਸੀ ਉਨ੍ਹਾਂ ਦੀ।

***ਹਾਂਸੀ ਹਿਸਾਰ ਮੱਲ ਕਰੀ ਗੁਜਾਰਮ॥*** ਹਾਂਸੀ ਅਤੇ ਹਿਸਾਰ ਆਦਿਕ ਮੱਲ ਕੇ ਵੀ ਇਨ੍ਹਾਂ ਨੇ ਖੂਬ ਗੁਜ਼ਾਰਾ ਕੀਤਾ ਸੀ।

***ਜੱਸਾ ਸਿੰਘ ਆਹਲੂ ਇਨ ਫੜਯੋ॥*** ਆਹਲੂਵਾਲੀਆ ਬਾਬਾ ਜੱਸਾ ਸਿੰਘ ਜੀ ਜੋ ਸ਼੍ਰੋਮਣੀ ਪੰਥ ਅਕਾਲੀ ਬੁੱਢੇ ਦਲ ਦੇ ਜਥੇਦਾਰ ਸਨ। ਰਾਮ ਤੀਰਥ ਸ੍ਰੀ ਅੰਮ੍ਰਿਤਸਰ ਦੇ ਕੋਲ ਹੀ ਹੈ, ਉਥੇ ਸਲਾਨਾ ਜੋੜ ਮੇਲਾ ਲਗਦਾ ਹੁੰਦਾ ਸੀ। ਆਦਿ ਦਸਮ ਗ੍ਰੰਥ ਦੀਆਂ ਬੀੜਾਂ ਉਥੇ ਪ੍ਰਕਾਸ਼ ਸਨ, ਅਸੀਂ ਆਪਦੇ ਅੱਖੀਂ ਵੇਖੀਆਂ ਹਨ। ਉਥੇ ਸਿੰਘ ਰਹਿੰਦੇ ਸਨ। ਉਥੇ ਜੋੜ ਮੇਲਾ ਜਿਉਂ ਲਗਦਾ ਸੀ, ਜੋੜ ਮੇਲੇ ਵਿਚ ਸਿੰਘ ਆਪੋ ਆਪਣਾ ਹਿੱਸਾ ਪਾਉਂਦੇ ਸਨ।

ਬਾਬਾ ਜੱਸਾ ਸਿੰਘ ਜਥੇਦਾਰ ਬੁੱਢਾ ਦਲ ਪੰਜਾਹ ਕੁ ਸਿੰਘਾਂ ਨਾਲ ਏਥੇ ਇਸ਼ਨਾਨ ਕਰਨ ਆ ਗਿਆ ਰਾਮ ਤੀਰਥ 'ਤੇ। ਇਹ ਇਲਾਕਾ ਰਾਮਗੜ੍ਹੀਆਂ ਦੇ ਹਿੱਸੇ ਵਿਚ ਸੀ। ਜਦੋਂ ਜੱਸਾ ਸਿੰਘ ਏਥੇ ਆਇਆ ਰਾਮਗੜ੍ਹੀਆਂ ਨੇ ਉਸ 'ਤੇ ਹਮਲਾ ਕਰ ਦਿੱਤਾ। ਰਾਮਗੜ੍ਹੀਆਂ ਦੀ ਸਾਰੀ ਮਿਸਲ ਇਕੱਠੀ ਸੀ ਏਥੇ ਅਤੇ ਜੱਸਾ ਸਿੰਘ ਆਹਲੂਵਾਲੀਏ ਨਾਲ ਸਿਰਫ ਪੰਜਾਹ ਸਿੰਘ ਸਨ। ਲੜਦਾ ਲੜਦਾ ਜੱਸਾ ਸਿੰਘ ਆਹਲੂਵਾਲੀਆ ਜ਼ਖ਼ਮੀ ਹੋ ਕੇ ਡਿੱਗ ਪਿਆ। ਰਾਮਗੜ੍ਹੀਏ ਉਸ ਨੂੰ ਪਾਲਕੀ ਵਿਚ ਪਾ ਕੇ ਆਪਣੀ ਰਾਜਧਾਨੀ ਕਲਾਨੌਰ ਵਿਚ ਲੈ ਗਏ। ਤਾਰਾ ਸਿੰਘ ਰਾਮਗੜ੍ਹੀਆ ਜੋ ਰਾਮਗੜ੍ਹੀਏ ਜੱਸਾ ਸਿੰਘ ਦਾ ਭਰਾ ਸੀ, ਉਹ ਪਾਲਕੀ ਦੇ ਅੱਗੇ ਆਕੜ-ਆਕੜ ਕੇ ਤੁਰਿਆ ਆ ਰਿਹਾ ਸੀ। ਜੱਸਾ ਸਿੰਘ ਰਾਮਗੜ੍ਹੀਏ ਨੇ ਤਾਰਾ ਸਿੰਘ ਨੂੰ ਪੁੱਛਿਆ 'ਓ ਭਰਾਵਾ! ਕੀ ਗੱਲ ਹੈ? ਭੱਜਿਆ ਆਉਂਦਾ ਹੈਂ ਬੜਾ ਖੁਸ਼ ਹੈਂ ਤੂੰ' ਤਾਰਾ ਸਿੰਘ ਕਹਿੰਦਾ ਤੁਹਾਡਾ ਦੁਸ਼ਮਣ ਜੱਸਾ ਸਿੰਘ ਆਹਲੂਵਾਲੀਆ ਫੜ ਕੇ ਲਿਆਂਦਾ ਹੈ।

ਰਾਮਗੜ੍ਹੀਆ ਜੱਸਾ ਸਿੰਘ ਆਪਣੇ ਭਰਾ ਨੂੰ ਕਹਿਣ ਲੱਗਾ, ਓ ਤੇਰਾ ਬੇੜਾ ਗ਼ਰਕ ਹੋ ਜਾਏ। ਬਾਬਾ ਜੱਸਾ ਸਿੰਘ ਆਹਲੂਵਾਲੀਆ ਤਾਂ ਸਾਰੇ ਖਾਲਸੇ ਪੰਥ(ਬੁੱਢਾ ਦਲ) ਦਾ ਜਥੇਦਾਰ ਹੈ। ਇਹ ਤਾਂ ਬਹੁਤ ਜ਼ੁਲਮ ਕੀਤਾ ਹੈ ਤੂੰ, ਤਾਰਾ ਸਿੰਘ! ਤੁਸਾਂ ਆਪਣੀ ਜੜ੍ਹ ਆਪਣੇ ਹੱਥੀ ਪੁੱਟ ਲਈ। ਇਹ ਮਹਾਂ ਪਾਪ ਤਾਂ ਸਾਡੇ ਸਿਰੋਂ ਉਤਰਨਾ ਹੀ ਨਹੀਂ। ਤਾਰਾ ਸਿੰਘ ਕਹਿੰਦਾ, ਤੁਹਾਡਾ ਦੁਸ਼ਮਣ ਹੈ ਇਹ। ਜੱਸਾ ਸਿੰਘ ਰਾਮਗੜ੍ਹੀਆ ਕਹਿੰਦਾ ਮੇਰਾ ਦੁਸ਼ਮਣ? ਵਿਚਾਰਧਾਰਾ ਦਾ ਮਤਭੇਦ ਤਾਂ ਜਥੇਦਾਰ ਨਾਲ ਵੀ ਹੋ ਸਕਦਾ ਹੈ। ਘੁਰਮਘੁਰੀ ਤਾਂ ਸਿੰਘ ਜਥੇਦਾਰ ਨਾਲ ਵੀ ਹੋ ਜਾਂਦੇ ਸਨ। ਇਹ ਕਿਹੜੀ ਗੱਲ ਸੀ? ਇਹ ਮੇਰਾ ਦੁਸ਼ਮਣ ਕਿਵੇਂ ਸੀ, ਇਹ ਤਾਂ ਖਾਲਸੇ ਪੰਥ ਦਾ ਪਾਤਸ਼ਾਹ ਹੈ। ਇਹ ਤੂੰ ਬਹੁਤ ਵੱਡਾ ਜ਼ੁਲਮ ਕੀਤਾ, ਉਸੇ ਵੇਲੇ ਜੱਸਾ ਸਿੰਘ ਰਾਮਗੜ੍ਹੀਏ ਨੇ ਪਾਲਕੀ ਹੇਠਾਂ ਰਖਾਈ ਧਰਤੀ 'ਤੇ। ਬਾਬਾ ਜੱਸਾ ਸਿੰਘ ਆਹਲੂਵਾਲੀਏ ਨੂੰ ਬੜੇ ਸਤਿਕਾਰ ਨਾਲ ਪਲੰਘ ਉੱਤੇ ਪਾਇਆ। ਜ਼ਖ਼ਮਾਂ ਨੂੰ ਟਾਂਕੇ ਲੁਆਏ ਹਨ, ਉਨ੍ਹਾਂ ਨੂੰ ਰਾਜ਼ੀ ਕੀਤਾ। ਬਾਬਾ ਜੱਸਾ ਸਿੰਘ ਆਹਲੂਵਾਲੀਏ ਨੂੰ ਦੁਸ਼ਾਲੇ ਭੇਟ ਕੀਤੇ ਅਤੇ ਕਿਹਾ ਬਾਬਾ ਜੀ ਇਹ ਬੇਅਕਲ ਹਨ, ਇਹਨਾਂ ਨੇ ਵਾਧਾ ਕੀਤਾ। ਤੁਸੀਂ ਖਾਲਸਾ ਪੰਥ ਦੇ ਪਾਤਸ਼ਾਹ ਹੋ, ਇਹਨਾਂ ਨੂੰ ਮੁਆਫ ਕਰੋ। ਬਾਬਾ ਜੱਸਾ ਸਿੰਘ ਜੀ ਕਹਿਣ ਲੱਗੇ, ਜੋ ਕੁਛ ਹੋ ਗਿਆ ਸੋ ਹੋ ਗਿਆ, ਹੁਣ ਭਾਵੀ ਤਾਂ ਨਹੀਂ ਮੁੜਦੀ। ਜੋ ਅਪਰਾਧ ਹੋ ਗਿਆ, ਉਹ ਪਾਪ ਤਾਂ ਇਹਨਾਂ ਨੂੰ ਲੱਗਾ ਰਹਿ ਗਿਆ। ਉਸ ਪਾਪ ਦੇ ਬਦਲੇ ਰਾਮਗੜ੍ਹੀਆਂ ਦੀ ਮੌਤ ਆ ਗਈ। ਹੁਣ ਮਿਸਲ ਦੇ ਮਰਨ ਦਾ ਸਮਾਂ ਆ ਗਿਆ। ਜਿਹੜੀ ਰਾਮਗੜ੍ਹੀਆ ਮਿਸਲ ਸੀ ਬੜੀ ਭਾਰੀ, ਜਿਨ੍ਹਾਂ ਦਾ ਦੂਰ-ਦੂਰ ਤੱਕ ਰਾਜ ਸੀ।

ਬਾਬਾ ਜੱਸਾ ਸਿੰਘ ਆਹਲੂਵਾਲੀਆ ਪੰਥ ਪਾਤਸ਼ਾਹ, ਪੰਥ ਰਤਨ, ਬੰਦੀ-ਛੋੜ ਨੂੰ ਵੀ ਇਹਨਾਂ ਨੇ ਗ੍ਰਿਫਤਾਰ ਕਰ ਲਿਆ ਸੀ।

***ਨਹਿਂ ਪਿਠ ਦੀਨੀ ਜਹਿਂ ਵਹਿ ਲੜਯੋ॥ ੪॥*** ਜਿਥੇ ਵੀ ਉਹ (ਜੱਸਾ ਸਿੰਘ ਆਹਲੂਵਾਲੀਆ) ਲੜਿਆ, ਉਸ ਨੇ ਕਿਤੇ ਪਿੱਠ ਨਹੀ ਸੀ ਵਿਖਾਈ। ੪।

***ਯਹੀ ਗਜਬ ਥੋ ਊਨ ਪਰ ਪਰਯੋ॥*** ਇਹੀ ਗਜ਼ਬ ਉਨ੍ਹਾਂ (ਰਾਮਗੜ੍ਹੀਆਂ) ਦੇ ਸਿਰ ਆ ਪਿਆ। ਗਜ਼ਬ=ਪਾਪ।

***ਊਨਕੋ ਪੁਰਸ਼ ਨ ਢੂੰਡਤ ਲਭਯੋ॥*** ਉਹ ਤਾਂ ਕਹਿੰਦੇ ਸੀ, ਮਰਦ ਹੀ ਕੋਈ ਨਹੀਂ ਹੈ ਦੁਨੀਆਂ ਵਿਚ, ਸਭ ਜ਼ਨਾਨੀਆਂ ਹੀ ਵਸਦੀਆਂ ਹਨ, ਇਉਂ ਹੀ ਸਮਝਦੇ ਸੀ। ਕਹਿੰਦੇ ਅੱਜ ਤਾਈਂ ਕੋਈ ਮਰਦ ਨਹੀਂ ਮਿਲਿਆ ਉਨ੍ਹਾਂ ਨੂੰ ਪੂਰਾ ਸੂਰਾ।

***ਤਿਨਕੀ ਬਾਤ ਸਭੈ ਜੌ ਕਹੀਐ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜੇ ਉਨ੍ਹਾਂ (ਰਾਮਗੜ੍ਹੀਆਂ) ਦੀ ਸਾਰੀ ਗੱਲ ਕਹਾਣੀ ਕਹੀਏ, ਜ਼ੋਰਾਵਰੀ ਦੀ, ਕਿਵੇਂ ਉਨ੍ਹਾਂ ਦਾ ਤਹਿਤ ਬੈਠਾ ਸੀ ਦੁਨੀਆਂ ਉਤੇ, ਕਿਵੇਂ ਸਾਰੇ ਮਿਸਲਾਂ ਵਾਲੇ ਵੀ ਭੈ ਖਾਂਦੇ ਸੀ ਉਨ੍ਹਾਂ ਤੋਂ, ਜੇ ਸਾਰਾ ਅਸੀਂ ਉਨ੍ਹਾਂ ਦਾ ਹਵਾਲਾ ਲਿਖੀਏ।

***ਗ੍ਰੰਥ ਬਧਨ ਤੇ ਅਤਿ ਡਰ ਪਈਐ॥ ੫॥*** ਮੈਂ ਗ੍ਰੰਥ ਵਧਣ ਤੋਂ ਅਤੀ ਡਰ ਪੈਂਦਾ ਹਾਂ। ਮੈਂ ਗ੍ਰੰਥ ਵਧਣ ਦੇ ਡਰ ਕਰਕੇ ਉਨ੍ਹਾਂ ਰਾਮਗੜ੍ਹੀਆਂ ਦੀ ਸਾਰੀ ਕਹਾਣੀ ਨਹੀਂ ਲਿਖ ਸਕਿਆ ਹਾਂ, ਸਿਰਫ ਕਸੂਰ ਦਾ ਹਾਲ ਲਿਖਿਆ ਹੈ। ੫।

## ਅਥ ਪ੍ਰਸੰਗ ਦਿਲੇ ਰਾਮੀਆਂ ਕਾ ਤੁਰਿਆ

### (ਕਸੂਰ ਵਿਚ ਦਿਲੇ ਰਾਮ ਦਾ ਸਰਬੰਸ ਨਾਸ਼)

***ਦੋਹਰਾ॥ਬੇਗਮ ਹੋਤੀ ਸ਼ਾਹ ਕੀ ਸੋ ਤਿਨ ਹੋਤ ਦਿਵਾਨ॥*** ਦਿੱਲੀ ਦੇ ਬਾਦਸ਼ਾਹ ਦੀ ਬੇਗਮ ਦਾ ਦੀਵਾਨ ਸੀ ਉਹ।

***ਦਿਲੇ ਰਾਮ ਤਿਸ ਨਾਮ ਥੋ ਵਿਚ ਲਹੌਰ ਬਡ ਥਾਮ॥ ੧॥*** ਉਸ ਦਾ ਨਾਮ ਦਿਲੇ ਰਾਮ ਸੀ ਤੇ ਲਹੌਰ ਵਿਚ ਉਸ ਦੀ ਵੱਡੀ ਪਦਵੀ ਸੀ। ੧।

***ਚੌਪਈ॥ ਊਸ ਥੀ ਬਹੁਤੀ ਦਰਬ ਕਮਾਈ॥*** ਉਸ ਨੇ ਬੜਾ ਧਨ ਇਕੱਠਾ ਕੀਤਾ ਸੀ, ਕਮਾਇਆ ਸੀ। ਬਾਦਸ਼ਾਹ ਦੀ ਬੇਗਮ ਦਾ ਜੋ ਵਜ਼ੀਰ ਹੋਵੇ, ਸਾਰਾ ਧਨ ਉਸ ਦੇ ਹੀ ਕੋਲ ਆਉਣਾ ਹੈ। ਜੋ ਭੇਟਾ ਨਜ਼ਰਾਨੇ ਆਉਂਦੇ, ਜਿੰਨੇ ਮਰਜ਼ੀ ਖ਼ਜ਼ਾਨੇ ਵਿਚ ਜਮ੍ਹਾ ਕਰੇ ਜਾਂ ਆਪ ਦੇ ਪੱਲੇ ਵਿਚ ਪਾ ਲਵੇ।

***ਇਕ ਥਾਂ ਰੋਕੜ ਕ੍ਰੋੜ ਦਬਾਈ॥*** ਉਸ ਨੇ ਇਕ ਥਾਂ ਕ੍ਰੋੜ ਰੁਪਏ ਦੀ ਨਗਦੀ ਦੱਬੀ ਹੋਈ ਸੀ।

***ਔਰ ਊਪਰ ਥੀ ਗਿਣਤ ਨ ਕਾਈ॥*** ਅਤੇ ਉਸ ਤੋਂ ਉੱਪਰ ਲੱਖਾਂ ਹਜ਼ਾਰਾਂ ਦੀ ਤਾਂ ਗਿਣਤੀ ਹੀ ਕੋਈ ਨਹੀਂ ਸੀ।

***ਬਹੁਤ ਲੱਖਨ ਕੇ ਗਹਿਣੇ ਥਾਈ॥ ੨॥*** ਲੱਖਾਂ ਰੁਪਏ ਦੇ ਬਹੁਤੇ ਗਹਿਣੇ ਸਨ। ੨।

***ਹਜ਼ਾਰ ਸੈਂਕੜਨ ਕੀ ਗਿਣਤ ਨ ਕਾਈ॥*** ਹਜ਼ਾਰਾਂ ਅਤੇ ਸੈਂਕੜਿਆਂ ਦੀ ਤਾਂ ਗਿਣਤੀ ਕੋਈ ਨਹੀਂ ਸੀ, ਲੱਖਾਂ ਦਾ ਹੀ ਹਿਸਾਬ ਚਲਦਾ ਸੀ।

***ਸੁਨੋ ਸੁ ਊਨ ਸੋਂ ਕੈਸ ਬਿਹਾਈ॥*** ਸੁਣੋ। ਉਸ ਨਾਲ ਕਿਵੇਂ ਬੀਤੀ, ਐਨਾ ਧਨ ਇਕੱਠਾ ਕਰਨ ਵਾਲੇ ਨਾਲ।

***ਕਾਬਲ ਤੇ ਸ਼ਾਹ ਅਹਿਮਦ ਆਵੈ॥*** ਜਦੋਂ ਕਾਬਲ ਤੋਂ ਅਹਿਮਦ ਸ਼ਾਹ ਆਉਂਦਾ ਹੈ।

***ਦਿੱਲੀ-ਪਤਿ ਤਿਸ ਮੋੜਯੋ ਚਾਹਵੈ॥ ੩॥*** ਦਿੱਲੀ ਦਾ ਬਾਦਸ਼ਾਹ ਉਸ ਨੂੰ ਮੋੜਨਾ ਚਾਹੁੰਦਾ ਹੈ ਵਾਪਸ। ੩।

***ਕਈ ਬਾਰ ਇਮ ਭਯੋ ਹਕਾਮ॥*** ਇਸ ਤਰ੍ਹਾਂ ਕਈ ਵਾਰ ਹੰਗਾਮੇ ਹੋਏ ਸਨ, ਕਈ ਵਾਰ ਹਿੰਦੋਸਤਾਨ 'ਤੇ ਹਮਲਾਵਰ ਹੋਇਆ

***ਲਹੌਰ ਸ੍ਰਹੰਦ ਕੀਓ ਦੰਗੀ ਮੁਕਾਮ॥*** ਲਹੌਰ ਤੇ ਸਰਹੰਦ ਵਾਲੀ ਥਾਂ ਕਈ ਵਾਰੀ ਜੰਗ ਹੋਇਆ ਸੀ।

***ਤੁਰਕਨ ਕੀਓ ਤਿਹ ਸਿੰਘਨ ਬੁਰਾ॥*** ਤੁਰਕਾਂ ਨੇ ਉਸ ਸਮੇਂ ਸਿੰਘਾਂ ਦਾ ਬੜਾ ਬੁਰਾ ਹਾਲ ਕੀਤਾ ਸੀ।

***ਸੋਊ ਬੁਰਾ ਸਿਰ ਸ਼ਹਿਰਨ ਪਰਾ॥ ੪॥*** ਉਹੀ ਬੁਰਿਆਈ ਸ਼ਹਿਰੀਆਂ ਦੇ ਸਿਰ ਪਈ, ਉਨ੍ਹਾਂ ਨੂੰ ਭੁਗਤਣੀ ਪਈ। ੪।

***ਦੋਹਰਾ॥ਦੱਖਣ ਤੈ ਮਰਹੱਟੇ ਆਏ ਕਰਨ ਸ਼ਾਹਿ ਸੌਂ ਜੰਗ॥*** ਜਦੋਂ ਦਿੱਲੀ ਦਾ ਵਜ਼ੀਰ ਮੁਗਲ ਗਾਜਦੀ ਦੱਖਣ ਤੋਂ ਮਰਹੱਟੇ ਲੈ ਕੇ ਆਇਆ ਸੀ,ਅਹਿਮਦ ਸ਼ਾਹ ਅਬਦਾਲੀ ਨਾਲ ਜੰਗ ਕਰਨ ਵਾਸਤੇ।

***ਪਰਦੇਸੀ ਮਿਤ ਦਰਬ ਕੇ, ਭਏ ਲਹੌਰੀਏ ਤੰਗ॥ ੫॥*** ਉਹ ਪ੍ਰਦੇਸ਼ੀ ਮਰਹੱਟੇ ਤਾਂ ਧਨ ਦੌਲਤ ਦੇ ਹੀ ਮਿੱਤ੍ਰ ਸਨ, ਦੇਸ਼ ਨਾਲ ਉਨ੍ਹਾਂ ਨੂੰ ਥੋੜ੍ਹਾ ਪਿਆਰ ਸੀ, ਕਿਥੋਂ ਦੱਖਣ ਤੋਂ ਆਏ ਸਨ ਦੌਲਤ ਵਾਸਤੇ, ਜਿਸ ਕਰਕੇ ਲਹੌਰ ਵਾਲੇ ਵੀ ਉਨ੍ਹਾਂ ਤੋਂ ਤੰਗ ਹੋ ਗਏ ਸਨ। ੫।

***ਚੌਪਈ॥ਮਰਹੱਟੇ ਤਲਬ ਨਿਬਾਬੋਂ ਲੇਹਿਂ॥*** ਮਰਹੱਟੇ ਨਵਾਬ ਤੋਂ ਤਨਖ਼ਾਹ ਲੈਂਦੇ ਸਨ।

***ਨਿਬਾਬ ਕਹੇ, 'ਲੇ ਲਹੌਰੋਂ ਦੇਹਿਂ'॥*** ਅਦੀਨਾ ਬੇਗ ਨਵਾਬ ਕਹਿੰਦਾ ਲਹੌਰ ਦੇ ਸੂਬੇ ਤੋਂ ਲੈ ਕੇ ਦੇਵਾਂਗਾ, ਆਪਾ ਤਾਂ ਉਸ ਦੀ ਮਦਦ 'ਤੇ ਆਏ ਹਾਂ।

***ਇਸ ਡਰ ਲਹੌਰੋਂ ਟਕਾ ਨਿਕਾਰਾ॥*** ਇਸ ਡਰ ਕਰਕੇ ਸਭ ਨੇ ਲਹੌਰ ਤੋਂ ਆਪਣਾ ਪੈਸਾ ਕੱਢ ਲਿਆ।

***ਸ਼ਾਹਨ ਕਸੂਰ ਮੇਂ ਬਹੁਤੋ ਦਾਰਾ॥ ੬॥*** ਸ਼ਾਹੂਕਾਰਾਂ ਨੇ ਆਪਣਾ ਬਹੁਤਾ ਧਨ ਕਸੂਰ ਦੇ ਵਿਚ ਜਮ੍ਹਾਂ ਕਰ ਲਿਆ ਸੀ। ੬।

***ਦਿਲੇਰਾਮ ਕੇ ਪੁਤ ਥੇ ਜੋਇ॥*** ਦਿਲੇਰਾਮ ਦੀਵਾਨ ਦੇ ਜਿਹੜੇ ਪੁਤ੍ਰ ਸਨ।

***ਤਿਨ ਭੀ ਟਕਾ ਕਸੂਰ ਦਯੋ ਢੋਇ॥*** ਉਨ੍ਹਾਂ ਨੇ ਵੀ ਆਪਣੀ ਸਾਰੀ ਦੌਲਤ ਕਸੂਰ ਵਿਚ ਢੋਅ ਲਈ ਸੀ।

***ਕੋਟ ਟਕਾ ਊਹਾਂ ਪੁਜਯੋ ਨ ਪੂਰਨ॥*** ਉਨ੍ਹਾਂ ਦਾ ਪੂਰਾ ਕਰੋੜ ਰੁਪਿਆ ਨਹੀਂ ਸੀ ਪੁੱਜਿਆ ਉਥੇ (ਕਸੂਰ ਵਿਚ)।

***ਪੰਜ਼ ਲੱਖ ਤੇ ਤਿਹ ਗਏ ਊਰਨ॥ ੭॥*** ਇਕ ਕਰੋੜ ਤੋਂ ਪੰਜ ਲਖ ਰੁਪਿਆ ਘੱਟ ਉਹ ਦੇ ਕੇ ਗਏ ਸਨ। ੭।

***ਗਹਿਣੋ ਕਈ ਲੱਖ ਕੋ ਗਯੋ॥*** ਕਈ ਲੱਖਾਂ ਰੁਪਏ ਦੇ ਗਹਿਣੇ ਵੀ ਉਥੇ ਕਸੂਰ ਵਿਚ ਚਲੇ ਗਏ ਸਨ।

***ਥੋ ਅਣਗਿਣਤ ਨ ਲਿਖਣੋ ਅਯੋ॥*** ਅਣਗਿਣਤ ਹੀ ਗਹਿਣੇ ਸਨ ਜਿਹੜੇ ਲਿਖਣ ਵਿਚ ਨਹੀਂ ਆਉਂਦੇ ਸਨ।

***ਕਬੀਲੇ ਭੀ ਊਹਾਂ ਦਏ ਘਲਾਇ॥*** ਆਪਣੇ ਟੱਬਰ ਵੀ ਲਹੌਰ ਵਾਲਿਆਂ ਉਥੇ ਕਸੂਰ ਵਿਚ ਭੇਜ ਦਿੱਤੇ ਸਨ।

***ਕਸੂਰ ਆਕੀ ਲਖ ਤਹਿਂ ਬਹੇ ਜਾਇ॥ ੮॥*** ਕਸੂਰ ਅਬਦਾਲੀ ਵਰਗਿਆਂ ਤੋਂ ਵੀ ਆਕੀ ਜਾਣ ਕੇ ਵੱਡੇ-ਵੱਡੇ ਸ਼ਾਹੂਕਾਰ ਅਮੀਰ ਵਜ਼ੀਰ ਆਪੋ ਆਪਣਾ ਪੈਸਾ ਟਕਾ ਲੈ ਉਥੇ ਜਾ ਬੈਠੇ ਸਨ ਕਸੂਰ ਵਿਚ। ੮।

***ਸਮੇਂ ਕਰਤੇ ਕੋ ਐਸੋ ਭਯੋ॥*** ਕਰਤੇ ਪੁਰਖ ਵੱਲੋਂ ਐਸਾ ਸਮਾਂ ਹੋਇਆ।

***ਰਹਿਣੋ ਨਹਿਂ ਥੋ ਸੋ ਊਹਾਂ ਗਯੋ॥*** ਉਹ ਧਨ ਰਹਿਣਾ ਨਹੀਂ ਸੀ, ਤਾਂ ਓਥੇ ਕਸੂਰ ਵਿਚ ਇਤਨਾ ਧਨ ਇਕੱਠਾ ਹੋ ਗਿਆ।

***ਸਾਥ ਲਿਜਾਣੇ ਥੇ ਉਸਕੇ ਪ੍ਰਾਣ॥*** ਕਿਉਂਕਿ ਉਸ ਧਨ ਨੇ ਆਪਣੇ ਨਾਲ ਉਸ (ਦਿਲੇਰਾਮ)ਦੇ ਪੁੱਤਰ ਦੇ ਪ੍ਰਾਣ ਵੀ ਲਿਜਾਣੇ ਸਨ।

***ਉਨ ਪਰ ਐ ਬਿਧ ਪਹੁੰਚੀ ਆਣ॥ ੯॥*** ਉਨ੍ਹਾਂ ਉਤੇ ਉਹ ਵਿਧੀ ਬਣ ਕੇ ਆ ਪਹੁੰਚੀ। ੯।

***ਦੋਹਰਾ॥ਹਵੇਲੀ ਦਿਲੇ ਸੁ ਰਾਮ ਕੀ ਲਈ ਸੁ ਪਹਿਲੇ ਲੂਟ॥*** ਜੋ ਦਿਲੇ ਰਾਮ ਦੀ ਹਵੇਲੀ ਸੀ, ਉਹ ਤਾਂ ਖਾਲਸੇ ਨੇ ਪਹਿਲੇ ਹੱਲੇ ਹੀ ਲੁੱਟ ਲਈ ਸੀ।

***ਖਬਰ ਸ੍ਰਦਾਰਨ ਜਬ ਭਈ, ਰਖੀ ਆਮ ਤੈ ਹੂਟ॥ ੧੦॥*** ਜਦੋਂ ਸਰਦਾਰਾਂ ਨੂੰ ਪਤਾ ਲੱਗਾ ਕਿ ਹਵੇਲੀ ਵਿਚ ਤਾਂ ਬੜਾ ਧਨ ਹੈ, ਤਾਂ ਉਨ੍ਹਾਂ ਆਮ ਲੁਟੇਰਿਆਂ ਨੂੰ ਹਟਾ ਕੇ ਆਪਣੇ ਕਬਜ਼ੇ ਵਿਚ ਰੱਖ ਲਈ। ੧੦।

***ਚੌਪਈ॥ਪਹਿਲੋਂ ਲੁਟੇਰੇ ਵੜੇ ਸੁ ਜਾਇ॥*** ਜਿਹੜੇ ਲੁਟੇਰੇ ਪਹਿਲਾਂ ਜਾਂ ਵੜੇ ਸਨ ਉਸ ਹਵੇਲੀ ਵਿਚ।

***ਤਿਨ ਤਹਿਂ ਲੀਨੇ ਹੱਥ ਰੰਗਾਇ॥*** ਉਨ੍ਹਾਂ ਨੇ ਉਥੋਂ ਆਪਣੇ ਹੱਥ ਰੰਗ ਲਏ ਸਨ।

***ਕਿਨ ਝੋਲੀ ਕਿਨ ਮਗਰੀ ਭਰੀ॥*** ਕਿਸੇ ਨੇ ਆਪਣੀ ਝੋਲੀ ਭਰ ਲਈ ਅਤੇ ਕਈਆਂ ਨੇ ਚਾਦਰਾਂ ਵਿਚ ਧਨ ਪਾ ਕੇ ਆਪਣੀ

ਪਿੱਠ 'ਤੇ ਮਗਰੀ ਮਾਰ ਲਈ।

***ਕਿਨ ਮੋਢੇ ਕਿਨ ਸਿਰ ਪਰ ਧਰੀ॥ ੧੧॥*** ਕਿਸੇ ਨੇ ਚਾਦਰ ਵਿਚ ਰੁਪਏ ਪਾ ਕੇ ਆਪਣੇ ਮੋਢੇ ਤੋਂ ਦੀ ਮਗਰੀ ਸੁੱਟ ਲਈ। ਕਿਸੇ ਧਨ ਦੀ ਪੰਡ ਬੰਨ੍ਹ ਕੇ ਆਪਣੇ ਸਿਰ 'ਤੇ ਰੱਖ ਲਈ, ਧਨ ਦੇ ਖੁਲ੍ਹੇ ਢੇਰ ਲੱਗੇ ਪਏ ਸੀ ਹਵੇਲੀ ਅੰਦਰ। ੧੧।

***ਕਿਨ ਚਾਂਦੀ ਕਿਨ ਸੁਇਨੌ ਪਾਇਓ॥*** ਕਿਸੇ ਨੂੰ ਸੋਨਾਂ ਮਿਲ ਗਿਆ, ਕਿਸੇ ਨੂੰ ਚਾਂਦੀ ਮਿਲ ਗਈ।

***ਜੋ ਪਹੁੰਚਯੋ ਸੋ ਅਯੋ ਅਘਾਯੋ॥*** ਜਿਹੜਾ ਵੀ ਹਵੇਲੀ ਵਿਚ ਪਹੁੰਚ ਗਿਆ, ਉਹ ਰੱਜ ਕੇ ਨਿਕਲਿਆ ਧਨ ਨਾਲ ਹਵੇਲੀ ਅੰਦਰੋਂ।

***ਧਰ ਧਰ ਗਠਰੀ ਫਿਰ ਫਿਰ ਜਾਹਿਂ॥*** ਗਠੜੀ ਰੱਖ-ਰੱਖ ਕੇ ਮੁੜ-ਮੁੜ ਕੇ ਹੋਰ ਧਨ ਲੈ ਜਾਂਦੇ ਸਨ।

***ਕਈਅਨ ਤੇ ਲੈ ਸੂਦਾਰ ਕਬ ਜਾਹਿਂ॥ ੧੨॥*** ਕਈ ਲੁਟੇਰਿਆਂ ਤੋਂ ਕਦੇ ਸਰਦਾਰ ਜਾ ਲੈਂਦੇ ਸਨ ਧਨ ਦੌਲਤ। ੧੨।

***ਤਬੈ ਸੂਦਾਰਨ ਯੌਂ ਲਖ ਲਈ॥*** ਤਦ ਸਰਦਾਰਾਂ ਨੇ ਇਉਂ ਵੇਖ ਲਿਆ।

***ਇਹਾਂ ਦੌਲਤ ਕਿਤ ਇਕਠੀ ਪਈ॥*** ਏਥੇ ਕਿਤੇ ਦੌਲਤ ਪਈ ਹੈ, ਕਿਸੇ ਦੀ ਇਕੱਠੀ ਹੋਈ। ਕਿਸੇ ਨੂੰ ਕੀ ਪਤਾ ਸੀ ਕਿ ਇਹ ਦਿਲੇ ਰਾਮ ਵਜ਼ੀਰ ਦੀ ਹਵੇਲੀ ਹੈ, ਏਥੇ ਬੜਾ ਧਨ ਇਕੱਠਾ ਕੀਤਾ ਪਿਆ ਹੈ।

***ਖੋਹਾ ਖੋਹੀ ਕਿਛ ਸੂਦਾਰਨ ਕਰੀ॥*** ਕੁਛ (ਖੋਹਾ-ਖਾਹੀ) ਲੁੱਟ-ਪੁੱਟ ਸਰਦਾਰਾਂ ਨੇ ਵੀ ਕੀਤੀ। ਜਿਹੜੇ ਧਨ ਦੀਆ ਪੰਡਾਂ ਚੁੱਕੀ ਜਾਂਦੇ ਸਨ, ਲੁਟੇਰੇ ਉਨ੍ਹਾਂ ਤੋਂ ਸਰਦਾਰਾਂ ਨੇ ਖੋਹ ਲਿਆ ਧਨ।

***ਇਮ ਸਿਰਦਾਰਨ ਕਿਛ ਹਥ ਪਰੀ॥ ੧੩॥*** ਇਉਂ ਕੁਛ ਦੌਲਤ ਸਰਦਾਰਾਂ ਦੇ ਵੀ ਹੱਥ ਲੱਗੀ। ੧੩।

***ਸੂਦਾਰਨ ਤੇ ਭੀ ਰਖੀ ਨ ਗਈ॥*** ਸਿੱਖ ਸਰਦਾਰਾਂ ਤੋਂ ਵੀ ਉਹ ਦੌਲਤ ਰੱਖੀ ਨਾ ਗਈ, ਉਨ੍ਹਾਂ ਤੋਂ ਵੀ ਅੱਗੇ ਲੁੱਟੀ ਗਈ।

***ਫੌਜ ਸੂਦਾਰਨ ਪਾਸ ਨ ਰਹੀ॥*** ਕਿਉਂਕਿ ਸਰਦਾਰਾਂ ਕੋਲ ਫ਼ੌਜ ਨਹੀਂ ਰਹੀ ਸੀ। ਉਨ੍ਹਾਂ ਤੋਂ ਤਾਂ ਸਰਦਾਰ ਲੁੱਟ ਕੇ ਲੈ ਗਏ ਪਰ ਪਿਛੇ ਧਨ ਦੀ ਰਾਖੀ ਕਰਨ ਵਾਲਾ ਕੋਈ ਨਹੀਂ ਸੀ, ਅੱਗੇ ਉਨ੍ਹਾਂ ਤੋਂ ਵੀ ਲੁੱਟ ਕੇ ਲੈ ਗਈ ਦੁਨੀਆਂ।

***ਆਪੋ ਆਪ ਸੁ ਲੂੱਟਨ ਗਈ॥*** ਫ਼ੌਜ ਵਾਲੇ ਵੀ ਆਪੋ ਆਪਣਾ ਲੁੱਟਣ ਵਾਸਤੇ ਗਏ ਹੋਏ ਸੀ।

***ਅਕੇਲਨ ਤੇ ਨਹਿਂ ਆਮ ਹਟਈ॥ ੧੪॥*** ਇਕੱਲੇ ਸਰਦਾਰਾਂ ਤੋਂ ਆਮ ਲੋਕ ਹਟਾਏ ਨਹੀਂ ਜਾਂਦੇ ਲੁੱਟ ਕਰਨ ਤੋਂ, ਲੁੱਟ ਕਰਨ ਤੋਂ ਹਟਾ ਨਾ ਸਕੇ। ੧੪।

***ਦੋਹਰਾ॥ਫੌਜ ਲੁੱਟ ਸਭ ਰਜ ਮੁੜੀ, ਪਾਸ ਆਈ ਸੂਦਾਰਨ ਕੇਰ॥*** ਸਾਰੀ ਖਾਲਸਾ ਫ਼ੌਜ ਧਨ ਲੁੱਟ ਕੇ ਦੌਲਤ ਨਾਲ ਰੱਜ ਕੇ ਮੁੜ ਕੇ ਸਰਦਾਰਾਂ ਦੇ ਪਾਸ ਆ ਗਈ।

***ਦੱਬੀ ਘੁੱਟੀ ਜੋ ਰਹੀ, ਲਈ ਸੂਦਾਰਨ ਘੇਰ॥ ੧੫॥*** ਜਿਹੜੀ ਦੌਲਤ ਧਰਤੀ ਦੇ ਵਿਚ ਦੱਬੀ ਘੁੱਟੀ ਰਹਿ ਗਈ, ਉਨ੍ਹਾਂ ਹਵੇਲੀਆਂ ਨੂੰ ਸਰਦਾਰਾਂ ਨੇ ਘੇਰ ਲਿਆ। ੧੫।

***ਚੌਪਈ॥ਰਾਮਗੜ੍ਹੀਏ ਔ ਮਿਸਲ ਘਨੱਯੇ॥*** ਮਿਸਲ ਰਾਮਗੜ੍ਹੀਆ ਅਤੇ ਘਨਈਆ ਮਿਸਲ ਵਾਲੇ ਸਰਦਾਰ।

***ਕਰਤ ਡੇਰੇ ਤੇ ਇਕ ਥਾਂ ਵੈਯੇ॥*** ਉਹ ਦੋਵੇਂ ਮਿਸਲਾਂ ਇਕੋ ਥਾਂ ਹੀ ਇਕੱਠਾ ਡੇਰਾ ਲਾਉਂਦੇ ਸਨ।

***ਅੱਧੋ ਅੱਧੀ ਆਈ ਚੀਜ਼ੈਂ ਕਰੈਂ॥*** ਸਾਰੇ ਲੁੱਟ ਦੇ ਮਾਲ ਦੀਆਂ ਚੀਜ਼ਾਂ ਨੂੰ ਆਪਸ ਵਿਚ ਅੱਧੋ-ਅੱਧੀ ਵੰਡ ਲੈਂਦੇ ਸੀ।

***ਇਮ ਕਰ ਉਨ ਬਡ ਮਤਲਬ ਸਰੈਂ॥ ੧੬॥*** ਇਉਂ ਕਰਕੇ ਉਨ੍ਹਾਂ ਦਾ ਵੱਡਾ ਮਤਲਬ ਸਰ ਜਾਂਦਾ ਸੀ। ੧੬।

***ਜਿਮ ਕਰ ਉਨ ਕੋ ਹੁਇ ਰਹਯੋ ਮੇਲ॥*** ਜਿਸ ਕਰਕੇ ਉਨ੍ਹਾਂ ਦੋਵਾਂ ਮਿਸਲਾਂ ਦਾ ਆਪਸ ਵਿਚ ਮੇਲ ਹੋ ਰਿਹਾ ਸੀ।

***ਸੋਊ ਸੁਨਾਊਂ ਉਨ ਕੋ ਖੇਲ॥*** ਉਹ ਵੀ ਸਣਾਉਂਦਾ ਹਾਂ, ਜਿਵੇਂ ਉਨ੍ਹਾਂ ਦਾ ਸਾਰਾ ਖੇਲ ਬਣਿਆ।

***ਘਨੱਯੇ ਕਾਨ੍ਹੇ ਗਾਉਂ ਜਿਮੀਂਦਾਰ॥*** ਘਨਈਆ ਮਿਸਲ ਵਾਲੇ ਸਰਦਾਰ ਕਾਨ੍ਹੇ ਕਾਛੇ ਪਿੰਡ ਦੇ ਜੱਟ ਸਿੱਖ ਸਨ।

***ਤ੍ਰਖਾਣ ਰਾਮਗੜ੍ਹੀਏ ਨਾਨਕਵਾਰ॥ ੧੭॥*** ਰਾਮਗੜ੍ਹੀਏ ਤ੍ਰਖਾਣਾਂ ਦੇ ਨਾਨਕੇ ਸਨ ਉਸ ਪਿੰਡ ਵਿਚ, ਇਸ ਕਰਕੇ ਇਕੱਠੇ ਰਹਿੰਦੇ ਸਨ। ੧੭।

***ਇਮ ਕਰ ਇਨ ਉਨ ਬਨੀ ਥੀ ਸਿਆਨ॥*** ਇਸ ਤਰ੍ਹਾਂ ਇਨ੍ਹਾਂ (ਘਨਈਏ) ਮਿਸਲ ਦੇ ਸਰਦਾਰਾਂ ਤੇ ਉਨ੍ਹਾਂ (ਰਾਮਗੜ੍ਹੀਆਂ) ਮਿਸਲ ਦੇ ਸਰਦਾਰਾਂ ਦੀ ਆਪਸ ਵਿਚ ਸਿਆਣ ਬਣੀ ਸੀ ਕਿ ਸਾਡੇ ਪਿੰਡ ਨਾਨਕੇ ਹਨ ਇਨਾਂ ਦੇ, ਇਉਂ ਵਾਕਫ਼ੀਅਤ ਸੀ ਆਪਸ ਵਿੱਚੀਂ।

***ਰਹੈਂ ਇਕੱਤਰ ਇਤੇ ਪਛਾਨ॥*** ਇਸੇ ਪਛਾਣ ਕਰਕੇ ਦੋਵੇਂ ਮਿਸਲਾਂ ਇਕੱਠੀਆਂ ਰਹਿੰਦੀਆਂ ਸਨ।

***ਦਿਲੇ ਰਾਮ ਕੋ ਪੁੱਤ੍ਰ ਬਡ ਜੋਊ॥*** ਦਿਲੇ ਰਾਮ ਦਾ ਜਿਹੜਾ ਵੱਡਾ ਪੁੱਤ੍ਰ ਸੀ।

***ਨਜ਼ਰਬੰਦ ਕਰ ਲੀਨੋ ਸੋਊ॥*** ਉਸ ਨੂੰ ਰਾਮਗੜ੍ਹੀਆਂ ਨੇ ਨਜ਼ਰਬੰਦ ਕਰ ਲਿਆ ਸੀ।

***ਉਸਕੋ ਮਾਲ ਜੋਊ ਬਚ ਪਰਯੋ॥*** ਉਸ ਦਾ ਜਿਹੜਾ ਮਾਲ ਧਰਤੀ ਆਦਿਕ ਵਿਚ ਦੱਬਿਆ ਹੋਇਆ ਬਚਿਆ ਪਿਆ ਸੀ।

***ਦੋਊ ਮਿਸਲ ਰਲ ਜਪਤਹਿ ਕਰਯੋ॥ ੧੮॥*** ਉਹ ਸਾਰਾ ਧਨ ਰਾਮਗੜ੍ਹੀਆ ਤੇ ਘਨਈਆ ਮਿਸਲ ਨੇ ਜਬਤ ਕਰ ਲਿਆ। ੧੮।

***ਦੋਹਰਾ॥ ਪਕੜ ਮਾਰ ਉਸ ਦੇਇ ਦੁਖ ਸਭ ਧਨ ਲੀਓ ਪੁਛਾਇ॥*** ਉਸ ਦਿਲੇ ਰਾਮ ਦੇ ਪੁੱਤਰ ਨੂੰ ਪਕੜ ਕੇ ਕੁਟ-ਮਾਰ ਕਰਕੇ ਦੁਖ ਦੇ ਦੇ ਕੇ ਉਸ ਤੋਂ ਸਾਰਾ ਧਨ ਪੁੱਛ ਲਿਆ ਕਿ ਕਿੱਥੇ ਕਿੱਥੇ ਰੱਖਿਆ ਧਨ ਦੱਬ ਕੇ।

***ਜਿਸਂ ਦਸੈ ਤਿਸ ਫੜੈਂ ਤੁਰਤ, ਇਮ ਤਿਨ ਦੀਓ ਮੁਵਾਇ॥ ੧੯॥*** ਜਿਸ ਨੂੰ ਉਹ ਦੱਸਦਾ ਧਨ ਦੇ ਬਾਰੇ ਵਿਚ ਉਹੀ ਉਸ ਨੂੰ ਫੜ ਲੈਂਦਾ। ਇਉਂ ਉਸ ਨੂੰ ਮਰਵਾ ਦਿੱਤਾ ਰਾਮਗੜ੍ਹੀਆਂ ਨੇ। ੧੯।

***ਚੌਪਈ॥ਧਰਯੋ ਧਰਾਯੋ ਉਨ ਕਢ ਦਯੋ॥*** ਉਸ ਨੇ ਧਰਤੀ ਵਿਚ ਦੱਬਿਆ ਹੋਇਆ ਧਨ, ਉਸੇ ਤਰ੍ਹਾਂ ਧਰਿਆ ਧਰਾਇਆ ਸਭ ਕੱਢ ਕੇ ਦੇ ਦਿੱਤਾ।

***ਇਮ ਕਰ ਉਸ ਹੀ ਕੋ ਜੀਉ ਗਯੋ॥*** ਇਸ ਕਰਕੇ ਹੀ ਉਸ ਦੀ ਜਾਨ ਗਈ ਦਿਲੇ ਰਾਮ ਦੇ ਪੁੱਤਰ ਦੀ।

***ਉਸਕੋ ਲਾਗੀ ਜਿੰਦ ਪਿਆਰੀ॥*** ਉਸ ਨੂੰ ਆਪਣੀ ਜਾਨ ਪਿਆਰੀ ਲੱਗੀ।

***ਦੀਨੀ ਉਨ ਕਢ ਦੌਲਤ ਸਾਰੀ॥ ੨੦॥*** ਇਸ ਕਰਕੇ ਉਸ ਨੇ ਆਪਣੀ ਸਾਰੀ ਦੀ ਸਾਰੀ ਦੌਲਤ ਕੱਢ ਕੇ ਦੇ ਦਿੱਤੀ। ੨੦।

***ਉਨ ਜਾਨਯੋ, 'ਮੈਂ ਮੰਗ ਕੈ ਖਾਊਂ'॥*** ਉਸ ਨੇ ਜਾਣਿਆ ਕਿ ਜੇ ਮੈਂ ਬਚ ਗਿਆ ਤਾਂ ਭਿੱਖਿਆ ਮੰਗ ਕੇ ਖਾ ਲਵਾਂਗਾ।

***ਕਿਮੈਂ ਜਿਵੈਂ ਮੈਂ ਔਰ ਕਮਾਊਂ॥*** ਕਿਸੇ ਤਰਾਂ ਜਿਉਂਦਾ ਰਹਿ ਜਾਂਵਾ, ਫਿਰ ਮੈਂ ਹੋਰ ਕਮਾ ਲਵਾਂਗਾ, ਹੋਰ ਪੈਸਾ ਇਕੱਠਾ ਕਰ ਲਵਾਂਗਾ।

***ਜਿੰਦ ਬਚੈ ਤੌ ਧਨ ਹੁਇ ਔਰ॥*** ਜੇ ਜਾਨ ਬਚ ਗਈ, ਤਾਂ ਧਨ ਤਾਂ ਹੋਰ ਵੀ ਇਕੱਠਾ ਹੋ ਜਾਇਗਾ, ਜਾਨ ਤਾਂ ਨਹੀਂ ਕਿਸੇ ਬਦਲੇ ਮਿਲਦੀ।

***ਰਖੀ ਜਿੰਦ ਉਨਿ ਜਿਤ ਕਿਤ ਤੌਰ॥ ੨੧॥*** ਉਸ ਨੇ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਜਾਨ ਰੱਖ ਲਈ। ੨੧।

***'ਜਿੰਦ ਰਹੈ ਤੌ ਤੀਰਥ ਜਾਊਂ॥*** ਉਸ ਨੇ ਵਿਚਾਰ ਕੀਤੀ ਕਿ ਜੇ ਜਾਨ ਬਚ ਰਹੇ, ਤਾਂ ਤੀਰਥਾਂ 'ਤੇ ਜਾਵਾਂਗਾ ਯਾਤਰਾ ਕਰਨ।

***ਜਿੰਦ ਰਹੇ ਹਰਿ ਭਗਤਿ ਕਮਾਊਂ'॥*** ਜੇ ਜਿਦੰਗੀ ਬਚ ਰਹੀ, ਤਾਂ ਮੈਂ ਪ੍ਰਮੇਸਰ ਦੀ ਭਗਤੀ ਕਰਾਂਗਾ, ਪ੍ਰਮਾਤਮਾ ਦਾ ਨਾਮ ਜਪਾਂਗਾ।

***ਜਿੰਦ ਰਖੀ ਉਨ ਇਸੈ ਬਿਚਾਰ॥*** ਐਸੀ ਬਿਚਾਰ ਕਰਕੇ ਉਸ ਨੇ ਆਪਣੀ ਜਾਨ ਬਚਾ ਲਈ।

***ਸੋ ਪਾਪਨ ਉਨ ਦੀਨੋ ਮਾਰ॥ ੨੨॥*** ਉਸ (ਮਾਇਆ) ਪਾਪਣ ਨੇ ਹੀ ਉਸ ਨੂੰ ਮਰਵਾ ਦਿੱਤਾ। (ਵਾ) ਉਨ੍ਹਾਂ (ਰਾਮਗੜ੍ਹੀਆਂ) ਪਾਪੀਆਂ ਨੇ ਉਸ ਨੂੰ ਮਾਰ ਦਿੱਤਾ। ੨੨।

***ਜਿਮ ਉਨ ਮਾਰਯੋ, ਤਿਮ ਮੈਂ ਕਹੋਂ॥*** ਜਿਵੇਂ ਉਨ੍ਹਾਂ (ਰਾਮਗੜ੍ਹੀਆਂ) ਨੇ ਉਸ ਨੂੰ ਮਾਰਿਆ ਮੈਂ ਉਵੇਂ ਹੀ ਕਹਿੰਦਾ ਹਾਂ।

***ਦਗ਼ਾ ਕੀਯੋ ਜਿਮ ਤਿਮ ਲਿਖਵੋਹੋਂ॥*** ਜਿਵੇਂ ਰਾਮਗੜ੍ਹੀਆਂ ਨੇ ਉਸ ਦੇ ਨਾਲ ਦਗ਼ਾ ਕੀਤਾ, ਉਹ ਮੈਂ ਓਵੇਂ ਕਿਵੇਂ ਹੀ ਲਿਖਦਾ ਹਾਂ।

***ਲੋਭ ਲਹਿਰ ਮੈਂ ਜਿਮ ਰੁੜ੍ਹ ਗਏ॥*** ਰਾਮਗੜ੍ਹੀਏ ਸਰਦਾਰ ਲੋਭ ਦੀ ਲਹਿਰ ਵਿਚ ਰੁੜ੍ਹ ਗਏ ਸਨ।

***ਵਹੀ ਪਦਾਰਥ ਈਹਾਂ ਰਹੇ ਪਏ॥ ੨੩॥*** ਉਹੀ ਕੀਮਤੀ ਵਸਤੂਆਂ ਸੋਨਾ ਚਾਂਦੀ ਆਦਿਕ ਏਥੇ ਹੀ ਪਈਆਂ ਰਹਿ ਗਈਆਂ ਸਨ, ਜਿਨ੍ਹਾਂ ਦੀ ਖ਼ਾਤਰ ਪਾਪ ਕੀਤਾ ਸੀ, ਦਿਲੇ ਰਾਮ ਦੇ ਵੱਡੇ ਪੁੱਤਰ ਨੂੰ ਮਾਰਨ ਦਾ। ੨੩।

***ਦੋਹਰਾ॥ਮਾਲੀ ਸਿੰਘ ਤਿਸ ਫਿਰ ਕਹਯੋ 'ਸੋ ਹਮ ਚੀਜ਼ ਬਤਾਇ'॥*** ਮਾਲੀ ਸਿੰਘ ਜੱਸਾ ਸਿੰਘ ਰਾਮਗੜ੍ਹੀਏ ਦਾ ਭਰਾ ਸੀ। ਮਾਲੀ ਸਿੰਘ ਨੇ ਉਸ (ਦਿਲੇ ਰਾਮ ਦੇ ਪੁਤ੍ਰ) ਨੂੰ ਫਿਰ ਕਿਹਾ ਕਿ ਮੈਨੂੰ ਉਸ ਵਸਤੂ ਦੀ ਦਸ ਪਾ।

***ਜੋ ਸਬਹਨ ਮੈਂ ਅਤਿ ਘਣੀ, ਸੋ ਮੈਂ ਰਖੋਂ ਉਠਾਇ॥ ੨੪॥*** ਜੋ ਸਾਰੀਆਂ ਚੀਜ਼ਾਂ ਵਿੱਚੋਂ ਬਹੁਤ ਹੀ ਜ਼ਿਆਦਾ ਕੀਮਤੀ ਚੀਜ਼ ਹੈ, ਉਹ ਮੈਂ ਉਠਾ ਕੇ ਪਾਸੇ ਗੁਪਤ ਕਰ ਲਵਾਂਗਾ। ੨੪।

***ਚੌਪਈ॥ਕਹਯੋ 'ਤੋਹਿ ਮੈਂ ਰਾਜ਼ੀ ਕਰੂੰਗਾ॥*** ਦਿਲੇ ਰਾਮ ਦਾ ਪੁੱਤਰ ਬਹੁਤਾ ਕੁੱਟਿਆ ਮਾਰਿਆ ਗਿਆ ਸੀ, ਸੱਟਾਂ ਫੇਟਾਂ ਲੱਗੀਆਂ ਹੋਈਆਂ ਸੀ। ਮਾਲੀ ਸਿੰਘ ਉਸ ਨੂੰ ਦਿਲਾਸੇ ਦਿੰਦਾ ਕਹਿੰਦਾ, ਮੈਂ ਤੈਨੂੰ ਰਾਜ਼ੀ ਕਰਾਂਗਾ, ਤੰਦਰੁਸਤ ਕਰਾਂਗਾ ਤੈਨੂੰ, ਤੇਰਾ ਮੈਂ ਇਲਾਜ਼ ਕਰਾਵਾਂਗੇ।

***ਅਪਨੀ ਦਿਵਾਨੀ ਤੁਧ ਸਿਰ ਧਰੂੰਗਾ'॥*** ਮੈਂ ਆਪਣੀ ਵਜ਼ੀਰੀ ਤੇਰੇ ਸਿਰ 'ਤੇ ਰੱਖਾਂਗਾ, ਤੈਨੂੰ ਮੈਂ ਆਪਣਾ ਵਜ਼ੀਰ ਬਣਾ ਲਵਾਂਗਾ।

***ਉਨ ਕਹੀ ਇਕ ਸੰਦੂਕੜੀ ਭਾਰੀ॥*** ਉਸ (ਦਿਲੇ ਰਾਮ ਦੇ ਪੁਤ੍ਰ) ਨੇ ਮਾਲੀ ਸਿੰਘ ਨੂੰ ਕਿਹਾ,'ਉਸ ਸਮਾਨ ਦੇ ਵਿਚ ਇਕ ਬੜੀ ਭਾਰੀ ਸੰਦੂਕੜੀ ਹੈ'।

***ਮੱਧ ਪੌੜੀਓਂ ਜੋਊ ਨਿਕਾਰੀ॥ ੨੫॥*** ਜਿਹੜੀ ਸੰਦੂਕੜੀ ਪਉੜੀਆਂ ਦੇ ਵਿੱਚੋਂ ਪੁੱਟ ਕੇ ਕੱਢੀ ਸੀ। ੨੫।

***ਬਡੀ ਬਿੱਜ ਭਾਰੀ ਉਸ ਮਾਂਹਿ॥*** ਉਸ ਦੇ ਵਿਚ ਵੱਡੀ ਭਾਰੀ (ਬਿੱਜ) ਬਿਜਲੀ, ਵੱਡੀ ਰਕਮ, ਮਾਲ ਧਨ ਹੈ। ਸਭ ਤੋਂ ਕੀਮਤੀ ਧਨ ਉਸ ਦੇ ਵਿਚ ਪਿਆ ਹੈ।

***ਕੱਢ ਅੜਾਈ ਕੋਠੜੀ ਤਾਂਹਿ॥*** ਉਸ ਸਦੂੰਕੜੀ ਨੂੰ ਕੱਢ ਕੇ ਉਸ ਲੁੱਟੇ ਹੋਏ ਸਮਾਨ ਵਾਲੀ ਕੋਠੜੀ ਵਿਚ ਬਾਹਰੋਂ ਜਿੰਦਾ ਅੜਾ ਰੱਖਿਆ ਹੋਇਆ ਸੀ।

***ਦੁਹੂੰ ਵਲ ਕੇ ਜਹਿਂ ਬਹੈਂ ਸਿਪਾਹੀ॥*** ਉਸ ਕੋਠੜੀ ਦੇ ਦਰਵਾਜ਼ੇ 'ਤੇ ਜਿਥੇ ਦੋਹਾਂ ਮਿਸਲਾਂ ਵਲ ਦੇ ਸਿਪਾਹੀ ਬੈਠੇ ਸਨ ਪਹਿਰੇ ਤੋਂ।

***ਸੋ ਅਬ ਤੁਮਰੇ ਕਿਮ ਹਥ ਆਈ?॥ ੨੬॥*** (ਦਿਲੇ ਰਾਮ ਦੇ ਪੁੱਤ੍ਰ ਨੇ ਕਿਹਾ) ਉਹ ਸੰਦੂਕੜੀ ਹੁਣ ਕਿਵੇਂ ਤੇਰੇ ਹੱਥ ਆਏਗੀ? ਉਥੇ ਤਾਂ ਪਹਿਰੇਦਾਰ ਬੈਠੇ ਹਨ। ੨੬।

***ਜੋ ਬਿਧ ਬਨੈ ਤੌ ਕਿਮੈ ਲਈ ਕੱਢ॥*** ਜੇ ਕੋਈ ਵਿਧੀ ਬਣਦੀ ਹੈ, ਤੂੰ ਉਸ ਸੰਦੂਕੜੀ ਨੂੰ ਕੱਢ ਲਵੀਂ, ਉਸ ਦੇ ਵਿਚ ਸਭ ਤੋਂ ਕੀਮਤੀ ਮਾਲ ਹੈ।

***ਔਰ ਵਸਤ ਭਾਵੈਂ ਦਈਂ ਛਡ॥*** ਬੇਸ਼ੱਕ ਹੋਰ ਸਾਰੀਆਂ ਵਸਤੂਆਂ ਛਡ ਦੇਈਂ ਪਰ ਉਹ ਸੰਦੂਕੜੀ ਨਾ ਛੱਡੀਂ ਤੂੰ।

***ਹੈ ਬੇਗਮ ਕੋ ਉਸ ਮੈਂ ਗਹਿਣੋ॥*** ਉਸ (ਸੰਦੂਕੜੀ) ਵਿਚ ਦਿੱਲੀ ਦੇ ਬਾਦਸ਼ਾਹ ਦੀ ਬੇਗਮ ਦੇ ਸਾਰੇ ਗਹਿਣੇ ਹਨ, ਉਸ ਦੇ ਵਿਚ ਬਹੁਤਾ ਧਨ ਉਸ ਦਾ ਕੀਮਤੀ ਹੈ।

***ਸੋ ਸਾਂਭੋ ਜੇ ਤੁਮ ਹੁਇ ਲਹਣੋ॥ ੨੭॥*** ਜੇ ਤੂੰ ਲੈਣੀ ਹੀ ਹੈ ਕੀਮਤੀ ਵਸਤੂ ਤਾਂ ਉਹ ਸੰਦੂਕੜੀ ਨੂੰ ਸਾਂਭ। ੨੭।

***ਏਹ ਜੁ ਸੰਦੂਖ ਜੇਵਰ ਕੇ ਧਰੇ॥*** ਇਹ ਜੋ ਸੰਦੂਖ ਗਹਿਣਿਆਂ ਦੇ ਭਰੇ ਹੋਏ ਰੱਖੇ ਸਨ।

***ਖੋਲ੍ਹ ਦਿਖੈਂ ਤੋ ਚੰਦ ਸੇ ਚਰੇ॥*** ਜੇ ਉਨ੍ਹਾਂ ਨੂੰ ਖੋਲ੍ਹ ਕੇ ਵੇਖੇਂਗਾ, ਤਾਂ ਚੰਦ ਚੜ੍ਹ ਜਾਇਗਾ, ਇਉਂ ਲਿਸ਼ਕਾਰੇ ਪੈਂਦੇ ਸਨ, ਹੀਰਿਆਂ ਮੋਤੀਆਂ ਦੇ।

***ਖੂਬ ਜੁਆਹਰ ਜੜਤੀ ਬੇਸ਼॥*** ਉਨ੍ਹਾਂ ਗਹਿਣਿਆਂ ਵਿਚ ਹੀਰੇ ਜਵਾਹਰਾਂ ਦੀ ਬਹੁਤ ਹੀ ਸੁੰਦਰ ਜੜਤੀ ਜੜੀ ਹੋਈ ਹੈ।

***ਲੇਤ ਮੋਹ ਜੋ ਦੇਖੇ ਤੇਸ॥ ੨੮॥*** ਜਿਹੜਾ ਵੀ ਕੋਈ ਉਨ੍ਹਾਂ ਹੀਰਿਆ ਜਵਾਹਰਾਂ ਦੇ ਸੁੰਦਰ ਗਹਿਣਿਆਂ ਨੂੰ ਵੇਖਦਾ ਹੈ, ਉਸੇ ਦਾ ਮਨ ਮੋਹ ਲੈਂਦੇ ਸਨ। ੨੮।

***ਸੇਤ ਗੁਲਾਬੀ ਜਿਮ ਝਲਕੈਂ ਤਾਰੇ॥*** ਚਿੱਟੇ ਅਤੇ ਗੁਲਾਬੀ ਰੰਗ ਦੇ ਹੀਰੇ ਜਵਾਹਰ ਉਨ੍ਹਾਂ ਗਹਿਣਿਆਂ ਵਿਚ ਲਿਸ਼ਕਦੇ ਸਨ, ਜਿਵੇਂ ਤਾਰੇ ਚਮਕਦੇ ਹਨ ਅਕਾਸ਼ ਵਿਚ।

***ਸੁਰਖ ਸੂਹੇ ਜਿਮ ਫੁੱਲ ਅਨਾਰੇ॥*** ਸੂਹੇ ਸੁਰਖ ਰੰਗ ਦੇ ਐਸੇ ਐਸੇ ਹੀਰੇ ਜਵਾਹਰ ਸਨ, ਜਿਵੇਂ ਅਨਾਰ ਦੇ ਫੁਲ ਹੁੰਦੇ ਸਨ।

***ਮੋਰ ਕੰਠ ਜਿਮ ਨੀਲ ਸੁ ਝਮਕੈਂ॥*** ਨੀਲੇ ਰੰਗ ਦੇ ਨੀਲਮ ਉਨ੍ਹਾਂ ਗਹਿਣਿਆਂ ਵਿਚ ਇਉਂ ਚਮਕਦੇ ਹਨ, ਜਿਵੇਂ ਮੋਰ ਦੀ ਲੰਬੀ ਗਰਦਨ 'ਤੇ ਨੀਲੇ ਰੰਗ ਦੇ ਖੰਭ ਚਮਕਦੇ ਹੁੰਦੇ ਹਨ, ਐਸੇ ਸੁੰਦਰ ਲਗਦੇ ਹਨ।

***ਸਬਜ਼ ਸਰੂਪ ਜਿਮ ਸਬਜ਼ੇ ਕਮਕੈਂ॥ ੨੯॥*** ਗਹਿਣਿਆਂ ਵਿਚ ਜੋ (ਸਬਜ਼ੇ) ਇਕ ਤਰ੍ਹਾਂ ਹਰੇ ਰੰਗ ਦਾ ਸੁੰਦਰ ਰਤਨ, ਇਸ ਤਰ੍ਹਾਂ ਚਮਕਦੇ ਹਨ, ਜਿਵੇਂ ਬਹੁਤ ਹੀ ਸੁੰਦਰ ਹਰਾ ਰੰਗ ਚਮਕਦਾ ਹੈ। ਸਬਜ਼=ਹਰਾ। ਸਬਜੇ-ਹਰੇ ਰੰਗ ਦਾ ਰਤਨ। ੨੯।

***ਦੋਹਰਾ॥ ਮਾਲੀ ਸਿੰਘ ਨੈ ਉਸ ਕਹਯੋ, ਉਸ ਕੋ ਮਾਲ ਬਤਾਉ॥*** ਮਾਲੀ ਸਿੰਘ ਨੇ ਉਸ ਨੂੰ ਕਿਹਾ ਉਸ ਸੰਦੂਕੜੀ ਦੇ ਵਿਚ ਜੋ ਮਾਲ ਧਨ ਉਸ ਦਾ ਸਾਰਾ ਭੇਦ ਦਸ।

***ਕੌਲ ਕੌਨ ਸੀ ਚੀਜ਼ ਹੈ, ਭਿੰਨ ਭਿੰਨ ਆਖ ਸੁਨਾਉਂ॥ ੩੦॥*** ਉਸ ਦੇ ਵਿਚ ਕਿਹੜੀ-ਕਿਹੜੀ ਚੀਜ਼ ਹੈ ਉਨ੍ਹਾਂ ਦੇ ਵੱਖੋ-ਵਖਰੇ ਨਾਮ ਆਖ ਕੇ ਸੁਣਾਓ ਮੈਨੂੰ। ਮਾਲੀ ਸਿੰਘ ਨੇ ਆਖਿਆ। ੩੦।

***ਚੌਪਈ॥ ਤਬ ਉਨ ਕਹੀ ਸਭ ਕਹੀ ਨ ਜਾਵੈ॥*** ਤਦ ਉਸ (ਦਿਲੇਰਾਮ ਦੇ ਪੁਤ੍ਰ) ਨੇ ਕਿਹਾ, ਮੈਂ ਮੂੰਹ ਜ਼ੁਬਾਨੀ ਤੈਨੂੰ ਕਿਹੜੀ ਚੀਜ਼ ਕਹਿ ਕੇ ਸੁਣਾਵਾਂ, ਜੇ ਕਹਿੰਦਾ ਹਾਂ, ਤਾਂ ਭੁੱਲ ਜਾਂਦਾ ਹਾਂ 'ਸਾਰੀਆਂ ਚੀਜ਼ਾਂ ਕਹੀਆਂ ਨਹੀਂ ਜਾਂਦੀਆਂ ਹਨ ਮੈਥੋਂ ਗਿਣ ਕੇ'।

***ਕਾਗਜ਼ ਕੀਤੇ ਸ਼ੁਮਾਰ ਨ ਆਵੈ॥*** ਕਾਗਜ਼ਾਂ 'ਤੇ ਲਿਖਣ ਨਾਲ ਵੀ ਉਸ ਦੀ ਕੋਈ ਗਿਣਤੀ ਨਹੀਂ ਆਉਂਦੀ ਹੈ, ਕੋਈ ਅੰਤ ਨਹੀਂ ਆਉਂਦਾ ਹੈ।

***ਦਸ ਬੀਸ ਹੁਇ ਤੌ ਦੇਹੁ ਸੁਨਾਇ॥*** ਦਸ ਵੀਹ ਚੀਜ਼ਾਂ ਹੋਣ ਤਾਂ ਮੈਂ ਜ਼ੁਬਾਨੀ ਸੁਣਾਂ ਦੇਵਾਂ।

***ਹੈਂ ਸੈਂਕਰ ਉਨ ਚੀਜ਼ਨ ਨਾਇ॥ ੩੧॥*** ਉਨ੍ਹਾਂ ਚੀਜ਼ਾਂ ਦੇ ਸੈਂਕੜੇ ਹੀ ਨਾਮ ਹਨ। ੩੧।

***ਆਹਿ ਸੁਵਰਨ ਸਭ ਗਹਿਨਨ ਭਰੀ॥*** ਉਹ ਸੰਦੂਕੜੀ ਸੋਨੇ ਦੇ ਗਹਿਣਿਆਂ ਨਾਲ ਭਰੀ ਹੋਈ ਹੈ।

***ਬਹੁਤ ਜੜਾਊ ਕੰਮ ਸਾਦੈ ਗਰੀ॥*** ਸਾਦਾ ਕਾਰਾਗਰੀ ਨਾਲ ਬਹੁਤ ਹੀ ਜੜਾਊ ਕੰਮ ਕੀਤਾ ਹੈ, ਉਨ੍ਹਾਂ ਗਹਿਣਿਆਂ 'ਤੇ।

***ਕਈ ਜਵਾਹਰ ਗਲ ਕੇ ਨਯਾਰੇ॥*** ਗੱਲ ਵਿਚ ਪਹਿਨਣ ਵਾਲੇ ਕਈ ਜਵਾਹਰਾਂ ਦੀ ਨਿਆਰੀ ਹੀ ਛਬ ਹੈ। ਬਹੁਤ ਹੀ ਸੁੰਦਰ ਹਨ।

***ਕਈ ਨੱਕ ਕਈ ਕੰਨਨ ਵਾਰੇ॥ ੩੨॥*** ਕਈ ਨੱਕ ਵਿਚ ਪਉਣ ਵਾਲੇ ਗਹਿਣੇ ਅਤੇ ਕਈ ਕੰਨਾਂ ਵਿਚ ਪਉਣ ਵਾਲੇ ਗਹਿਣੇ ਸਨ। ੩੨।

***ਕਈ ਹਥਨ ਕਈ ਪੈਰ ਤਨ ਪੱਯੇ॥*** ਕਈ ਹੱਥਾਂ ਵਿਚ ਪਉਣ ਵਾਲੇ ਜੜਾਊ ਕੰਗਨ ਆਦਿਕ ਸਨ ਅਤੇ ਕਈ ਪੈਰਾਂ ਵਿਚ ਪਉਣ ਵਾਲੇ ਗਹਿਣੇ ਸਨ।

***ਕਈ ਜੜਤੀ ਕਈ ਪ੍ਰੋਇ ਦਿਖੱਯੇ॥*** ਕਈ ਤਾਂ ਹੀਰੇ ਮੋਤੀਆਂ ਦੀ ਸੋਨੇ ਵਿਚ ਜੜਤੀ ਵਾਲੇ ਗਹਿਣੇ ਸਨ, ਕਈ ਹੀਰੇ ਮੋਤੀ ਪਰੋਏ ਹਨ ਹਾਰ ਬਣਾਏ ਹੋਏ ਸਨ ਗਲ ਦੇ।

***ਕਈ ਅੰਗੂਠੀ ਮੁਰਟਨ ਕੇਰੀ॥*** ਕਈ ਉਂਗਲਾਂ ਦੀਆਂ ਅੰਗੂਠੀਆਂ ਹਨ ਮੋਤੀਆਂ ਦੀ, ਜਿਨੇਂ ਵਿਚ ਸੁੱਚੇ ਮੋਤੀ, ਹੀਰੇ ਤੇ ਨਗ ਆਦਿਕ ਨੌ ਰਤਨ ਜੜੇ ਹੋਏ ਹਨ ਬਹੁਤ ਹੀ ਕੀਮਤੀ।

***ਬਾਜੂਬੰਦ ਔ ਜਿਗ੍ਹਾ ਘਨੇਰੀ॥ ੩੩॥*** ਬਾਜੂਬੰਦ ਅਤੇ ਕਲਗੀ ਦੇ ਨਾਲ ਲਾਣ ਵਾਲੀ ਜਿਗ੍ਹਾ ਆਦਿਕ ਵੀ ਬਹੁਤੀਆਂ ਸਨ। ੩੩।

***ਸੁਰਾਹੀ ਪਯਾਲੇ ਉਸ ਕੈ ਮਧ॥*** ਸ਼ਰਾਬ ਪੀਣ ਵਾਲੀਆਂ ਸੁਰਾਹੀਆਂ ਸੋਨੇ ਚਾਂਦੀ ਦੀਆਂ ਬਣੀਆ ਹੋਈਆਂ ਜਿਨ੍ਹਾਂ ਵਿਚ ਹੀਰੇ ਮੋਤੀ ਜੜੇ ਹੋਏ ਸਨ, ਉਹ ਹਨ ਉਸ ਸੰਦੂਕੜੀ ਦੇ ਵਿਚ। ਅਤੇ ਪਿਆਲੇ ਹਨ ਜੂਸ ਆਦਿਕ ਪੀਣ ਵਾਸਤੇ।

***ਸੂਰਨ ਘੜੇ ਜੁਵਾਹਰ ਕਈ ਵੱਧ॥*** ਸੋਨੇ ਦੇ ਘੜੇ ਹੋਏ ਜਵਾਹਰਾਤ ਜੜੇ ਹੋਏ ਵੱਧ ਤੋਂ ਵੱਧ ਕੀਮਤ ਵਾਲੇ।

***ਕਹਾਂ ਲਗੇ ਤੁਹਿ ਆਖ ਸੁਨਾਊਂ॥*** ਕਿਥੋਂ ਤੱਕ ਆਖ ਕੇ ਸੁਣਾਵਾਂ ਤੈਨੂੰ, ਜੋ ਕੁਛ ਉਨ੍ਹਾਂ ਸੰਦੂਖਾਂ ਦੇ ਵਿਚ ਪਿਆ ਹੈ।

***ਤਬ ਪਤਯਾਊਂ ਜਬ ਅਖੀਂ ਦਿਖਾਊਂ॥ ੩੪॥*** ਉਦੋਂ ਤੇਰੀ ਤਸੱਲੀ ਕਰਾਵਾਂਗਾ, ਜਦੋਂ ਅੱਖੀਂ ਦਿਖਾਵਾਂ, ਤੈਨੂੰ ਕਿ ਇਹ ਆਹ ਚੀਜ਼ ਹੈ ਇਹ ਉਹ ਚੀਜ਼ ਹੈ।

***ਦੋਹਰਾ॥ਜਿਮ ਵਹਿ ਆਖੇ ਮਾਲ ਬਡ ਤਿਮ ਬਡ ਲੋਭ ਸੰਤਾਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿਵੇਂ-ਜਿਵੇਂ ਉਹ ਵੱਡੀਆਂ-ਵੱਡੀਆਂ ਕੀਮਤੀ ਵਸਤੂਆਂ ਦੇ ਨਾਮ ਲੈਂਦਾ ਹੈ, ਤਿਉਂ-ਤਿਉਂ ਲੋਭ ਉਸ ਨੂੰ ਬੜਾ ਦੁਖੀ ਕਰਦਾ ਹੈ।

***ਲੋਭ ਲਗੈ ਜਬ ਪੁਰਸ਼ ਕੋ ਪਾਪੋਂ ਸੌਂ ਨ ਡਰਾਇ॥ ੩੫॥*** ਜਦੋਂ ਕਿਸੇ ਪੁਰਸ਼ ਨੂੰ ਲੋਭ ਚੰਬੜ ਜਾਂਦਾ ਹੈ, ਤਾਂ ਓਹ ਪਾਪ ਕਰਨ ਤੋਂ ਨਹੀਂ ਡਰਦਾ ਹੈ। ਪਾਪ ਵਾਲੀ ਤਾਂ ਗੱਲ ਹੀ ਭੁੱਲ ਜਾਂਦੀ ਹੈ ਉਸ ਨੂੰ ਕਿ ਮੈਂ ਪਾਪ ਕਰਨ ਲੱਗਿਆ ਹਾਂ। ਉਸ ਨੂੰ ਤਾਂ ਸਿਰਫ ਇਹ ਹੁੰਦਾ ਹੈ ਕਿ ਮਾਲ ਲੈਣਾ ਹੈ ਮੈਂ, ਮਾਲ ਮੇਰੇ ਕੋਲ ਰਹਿ ਜਾਵੇ। ੩੫।

***ਸੁਨੀ ਜਬ ਵਸਤ ਸੰਦੂਕੜੀ ਮਾਲੀ ਸਿੰਘ ਤਰਖਾਨ॥*** ਮਾਲੀ ਸਿੰਘ ਤਰਖਾਨ ਜਿਨ੍ਹਾਂ ਦੀ ਅੱਲ ਰਾਮਗੜ੍ਹੀਏ ਪੈ ਗਈ ਸੀ, ਜਿਵੇਂ-ਜਿਵੇਂ ਉਸ ਨੇ ਸੰਦੂਕੜੀ ਦੀਆਂ ਕੀਮਤੀ ਵਸਤੂਆਂ ਦੇ ਨਾਮ ਸੁਣੇ ਸਨ।

***ਹੈਰਤ ਗਈ ਸੁ ਗੁੰਮ ਉਸ ਬਦਲਤ ਭਯੋ ਇਮਾਨ॥ ੩੬॥*** ਉਸ ਦੀ ਅਕਲ ਗੁੰਮ ਹੋ ਗਈ ਅਤੇ ਉਸ ਦਾ ਇਮਾਨ ਬਦਲ ਗਿਆ, ਬੇਈਮਾਨ ਹੋ ਗਿਆ। ਧਰਮ ਛੱਡ ਦਿੱਤਾ ਹੈ। ੩੬।

***ਚੌਪਈ॥ਮਾਲੀ ਸਿੰਘ ਕੋ ਜਬ ਕੰਨ ਪਰੀ॥*** ਜਦੋਂ ਉਨ੍ਹਾਂ ਕੀਮਤੀ ਚੀਜ਼ਾਂ ਦੀ ਗਿਣਤੀ ਮਾਲੀ ਸਿੰਘ ਦੇ ਕੰਨ ਪਈ।

***ਲੋਭ ਲਹਿਰ ਨਾਗਨ ਜਿਮ ਲਰੀ॥*** ਲੋਭ ਦੀ ਲਹਿਰ ਮਲੀ ਸਿੰਘ ਇਉਂ ਲੜ ਗਈ ਹੈ, ਜਿਵੇਂ ਨਾਗਨ ਨੇ ਡਸ ਲਿਆ ਹੋਵੇ, ਜਿਵੇਂ ਜ਼ਹਿਰੀਲੀ ਸੱਪਣੀ ਨੇ ਡੰਗ ਮਾਰਿਆ ਹੋਵੇ, ਇਉਂ ਲੋਭ ਦੀ ਲਹਿਰ ਨੇ ਗ੍ਰਸ ਲਿਆ।

***ਸ਼੍ਰੋਨ ਪੌਰ ਚੜ੍ਹ ਗਈ ਸੁ ਜ਼ਹਿਰ॥*** (ਸ਼੍ਰੋਨ) ਕੰਨਾਂ ਰਾਹੀਂ ਲੋਭ ਦੀ ਜ਼ਹਿਰ ਸਾਰੇ ਸਰੀਰ ਵਿਚ ਚੜ੍ਹ ਗਈ। ਲੋਭ ਦੀ ਜ਼ਹਿਰ ਨੇ ਕੰਨਾਂ ਰਾਹੀਂ ਮਨ ਦੇ ਉਤੇ ਅਸਰ ਕਰ ਲਿਆ।

***ਬਿਨ ਬਡ ਗਾਰਰੂ ਮਿਟੈ ਕਿਮ ਲਹਿਰ॥*** (ਗਾਰਰੂ) ਗਾਰੜੂ, ਸੱਪ ਦੀ ਜ਼ਹਿਰ ਦੂਰ ਕਰਨ ਦੀ ਦਵਾਈ ਦਾ ਜਾਣੂ, ਮਾਂਦਰੀ। ਜਿਵੇਂ ਸੱਪ ਦੀ ਜ਼ਹਿਰ ਨੂੰ ਦੂਰ ਕਰਨ ਵਾਲਾ ਕੋਈ (ਗਾਰੜੂ) ਗਰੜ ਦੇ ਮੰਤ੍ਰ ਦਾ ਜਾਣੂ ਹੋਵੇ, ਤਾਂ ਸੱਪ ਦੀ ਜ਼ਹਰ ਦੂਰ ਹੁੰਦੀ ਹੈ। ਇਸੇ ਤਰ੍ਹਾਂ ਲੋਭ ਰੂਪੀ ਜ਼ਹਿਰ ਨੂੰ ਦੂਰ ਕਰਨ ਵਾਸਤੇ ਆਤਮ ਗਿਆਨੀ ਹੋਵੇ, ਤਾਂ ਹੀ ਉਹ ਦੂਰ ਹੁੰਦੀ ਹੈ, ਉਸ ਤੋਂ ਵਗੈਰ ਲੋਭ ਰੂਪੀ ਜ਼ਹਿਰ ਕਿਵੇਂ ਦੂਰ ਹੋਵੇ। ਉਹ ਦੱਸੇ ਹੀਰੇ ਪੰਨੇ ਸੋਨਾ ਚਾਂਦੀ ਆਦਿਕ ਸਭ ਮਿੱਟੀ ਹਨ। ਮਿੱਟੀ ਵਿੱਚੋਂ ਪੈਦਾ ਹੋਏ ਹਨ ਮਿੱਟੀ ਵਿਚ ਰਲ ਜਾਣਗੇ।

***ਚਿਤ ਮੈਂ ਚਿਤਵੈ 'ਹਵੈ ਸਵਾਈ'॥*** ਜਿਉਂ-ਜਿਉਂ ਉਨ੍ਹਾਂ ਚੀਜ਼ਾਂ ਨੂੰ ਚਿਤ ਵਿਚ ਚਿਤਵਦਾ, ਤਿਉਂ ਉਹ ਲੋਭ ਦੀ ਜ਼ਹਿਰ

ਦੂਣ ਸਵਾਈ ਹੁੰਦੀ ਜਾਂਦੀ ਹੈ।

***ਸਗਵਾਂ ਇਹ ਬਹੁ ਬਧਤੀ ਆਈ॥*** ਸਗੋਂ ਇਹ ਲੋਭ ਦੀ ਲਹਿਰ ਹੋਰ ਵਧਦੀ ਤੁਰੀ ਜਾਂਦੀ ਹੈ।

***ਸੁਨਤ ਜਵਾਹਰ ਫਿਟ ਗਈ ਨੀਤ॥*** ਜਵਾਹਰਾਤਾਂ ਦਾ ਨਾਮ ਸੁਣਦਿਆਂ ਹੀ (ਮਾਲੀ ਸਿੰਘ) ਦੀ ਨੀਤ ਫਿੱਟ ਗਈ, ਬਦਨੀਤੀ ਹੋ ਗਈ ਹੈ।

***ਤੁਟ ਗਈ ਧਰਮ ਕਰਮ ਕੀ ਪ੍ਰੀਤਿ॥ ੩੮॥*** ਧਰਮ ਦੇ ਕਰਮ ਦਾ ਪ੍ਰੇਮ ਹੀ ਟੁੱਟ ਗਿਆ, ਉਹ ਨੇਮ ਹੀ ਟੁੱਟ ਗਿਆ, ਜੋ ਆਪਣੇ ਧਰਮ ਦਾ ਕੀਤਾ ਸੀ। ੩੮।

***ਕਦੇ ਬਹੈ ਕਦ ਲੰਬੋ ਪਰਤ॥*** ਮਾਲੀ ਸਿੰਘ ਕਦੇ ਬੈਠ ਜਾਂਦਾ ਅਤੇ ਲੰਮਾ ਪੈ ਜਾਂਦਾ, ਲੋਭ ਲਹਿਰ ਦਾ ਪ੍ਰੇਸ਼ਾਨ ਕੀਤਾ ਹੋਇਆ।

***ਕਦੇ ਤੁਰੇ ਕਦ ਉਠਿਕੈ ਖਰਤ॥*** ਕਦੇ ਤੁਰ ਪੈਂਦਾ ਕਦੇ ਉੱਠ ਕੇ ਖੜ੍ਹਾ ਹੋ ਕੇ ਸੋਚਣ ਲੱਗ ਪੈਂਦਾ ਕਿ ਕੀ ਕਰਾਂ।

***ਲਗੀ ਅਚਵੀ ਕੰਪੈ ਉਸ ਦੇਹ॥*** ਅਚਵੀ ਜਿਹੀ ਲੱਗ ਗਈ ਉਸ ਦੇ ਸਰੀਰ ਨੂੰ ਅਤੇ ਉਨ੍ਹਾਂ ਚੀਜਾਂ ਸਦੇ ਨਾਮ ਯਾਦ ਕਰਦਿਆਂ ਉਸ ਦੇ ਸਰੀਰ ਕੰਬਣੀ ਜਿਹੀ ਛਿੜ ਜਾਂਦੀ ਹੈ।

***ਚਲਯੋ ਜੱਸਾ ਸਿੰਘ ਪੈ ਲੇਹਾ ਦੇਹਿ॥ ੩੯॥*** ਕਾਹਲੀ ਵਿਚ ਮਾਲੀ ਸਿੰਘ ਆਪਣੇ ਭਰਾ ਜੱਸਾ ਸਿੰਘ ਰਾਮਗੜ੍ਹੀਆ ਕੋਲ ਚੱਲਿਆ ਹੈ, ਲੈਣ ਦੇਣ ਦੀ ਗੱਲ ਕਰਨ। ੩੯।

***ਦੋਹਰਾ॥ਜੱਸਾ ਸਿੰਘ ਨੈ ਦੇਖਿਓ ਕਿਮ ਆਵਤ ਭਾਈ ਉਤਾਲ॥*** ਸ: ਜੱਸਾ ਸਿੰਘ ਰਾਮਗੜ੍ਹੀਏ ਵੇਖਿਆ ਕਿ ਮੇਰਾ ਭਾਈ ਕਿਵੇਂ (ਉਤਾਲ) ਉਤਾਵਲਾ, ਕਾਹਲੀ-ਕਾਹਲੀ ਤੁਰਿਆ ਆ ਰਿਹਾ ਹੈ ਬੇਚੈਨੀ ਜਿਹੀ ਵਿਚ, ਐਸੀ ਕੀ ਗੱਲ ਹੋਈ ਹੈ?

***ਕੈ ਬਡ ਬਿਗਰਯੋ ਕੰਮ ਕੋ, ਕੈ ਬਡ ਨਿਕਸਯੋ ਮਾਲ॥ ੪੦॥*** ਉਸ ਨੇ ਸੋਚਿਆ ਜਾਂ ਤਾਂ ਕੋਈ ਵੱਡਾ ਕੰਮ ਵਿਗੜ ਗਿਆ ਹੈ ਜਾਂ ਫਿਰ ਵੱਡੀ ਕੀਮਤ ਦਾ ਮਾਲ ਧਨ ਨਿਕਲਿਆ ਹੈ, ਹਵੇਲੀ ਵਿੱਚੋਂ, ਇਸ ਕਰਕੇ ਕਾਹਲੀ ਵਿਚ ਤੁਰਿਆ ਆ ਰਿਹਾ ਹੈ ਮੇਰੇ ਕੋਲ ਨੂੰ। ੪੦।

***ਚੌਪਈ॥ਉਸ ਤੇ ਸੁਨੀ ਸਭੀ ਇਨ ਕਹੀ॥*** ਜੱਸਾ ਸਿੰਘ ਨੇ ਉਸ (ਮਾਲੀ ਸਿੰਘ) ਤੋਂ ਸਾਰੀ ਗੱਲਬਾਤ ਸੁਣੀ ਹੈ ਤੇ ਇਸ (ਮਾਲੀ ਸਿੰਘ) ਨੇ ਸਾਰੀ ਵਾਰਤਾ ਕਹੀ ਹੈ, ਜੋ ਉਸ ਨੇ ਦਿਲੇ ਰਾਮ ਦੇ ਪੁੱਤਰ ਤੋਂ ਸੁਣੀ ਸੀ।

***'ਬਡੀ ਚੀਜ਼ ਅਬ ਨਿਕਸ ਸੁ ਭਈ'॥*** ਮਾਲੀ ਸਿੰਘ ਕਹਿਣ ਲੱਗਾ, ਬਹੁਤ ਵੱਡੀ ਕੀਮਤੀ ਵਸਤੂ ਨਿਕਲ ਆਈ ਹੈ, ਬਹੁਤ ਜ਼ਿਆਦਾ ਧਨ ਲੱਭ ਗਿਆ ਹੈ।

***ਸੋ ਮੈਂ ਦੇਉਂਗੁ ਉਨੈਂ ਨ ਬਾਂਟ॥*** ਗੱਲ ਸੁਣ ਲੈ ਭਰਾਵਾ, ਉਹ ਧਨ ਮੈਂ ਉਨ੍ਹਾਂ (ਘਨਈਆ ਮਿਸਲ ਵਾਲਿਆਂ) ਨੂੰ ਵੰਡ ਕੇ ਨਹੀਂ ਦੇਵਾਂਗਾ।

***ਜਿਹ ਬਿਧ ਰਹੈ ਦਸੋ ਸੋ ਠਾਟ॥ ੪੧॥*** ਜਿਸ ਵਿਧੀ ਨਾਲ ਉਹ ਧਨ ਸਾਡੇ ਕੋਲ ਰਹਿ ਜਾਏ, ਉਹ ਜੁਗਤੀ ਢੰਗ ਤਰੀਕਾ ਦੱਸੋ। ੪੧।

***ਜੱਸਾ ਸਿੰਘ ਸੋ ਆਂਖ ਚੁਰਾਈ॥*** ਮਾਲੀ ਸਿੰਘ ਨੇ ਜੱਸਾ ਸਿੰਘ ਤੋਂ ਅੱਖ ਚੁਰਾਈ ਹੈ।

***ਇਮ ਨਹਿੰ ਕਹਯੋ ਬਨੈ ਸੁਨ ਭਾਈ॥*** ਜੱਸਾ ਸਿੰਘ ਨੇ ਕਿਹਾ ਭਰਾਵਾ ਸੁਣ ! ਸਾਡਾ ਇਉਂ ਕਹਿਣਾ ਨਹੀਂ ਬਣਦਾ ਹੈ, ਮਾਲੀ ਸਿੰਘਾਂ ! ਇਉਂ ਨਾ ਆਖ।

***ਹਮ ਨੈ ਉਨ ਨੈ ਨੇਮ ਕਰ ਲੀਏ॥*** ਅਸੀਂ ਅਤੇ ਉਨ੍ਹਾਂ (ਘਨਈਆਂ) ਨੇ ਨੇਮ ਕਰ ਲਏ ਸਨ, ਕਸਮਾਂ ਖਾਧੀਆਂ ਸਨ।

***ਨੇਮ ਹਾਰੀ ਕਿਤ ਜੀਵਣ ਜੀਏ॥ ੪੨॥*** ਜਿਹੜਾ ਨੇਮ ਨੂੰ ਹਾਰ ਜਾਂਦਾ ਹੈ ਧਰਮ ਨੂੰ ਹਾਰ ਜਾਂਦਾ ਹੈ, ਕਾਹਦਾ ਜੀਵਨ ਹੈ ਉਸ ਦਾ ਧਰਮ ਨੂੰ ਹਾਰ ਕੇ ਕਿਵੇਂ ਜ਼ਿੰਦਗੀ ਜੀਵਾਂਗੇ। ੪੨।

**ਧਰਮ ਹਾਰ ਜੋ ਦਰਬ ਕਮਾਯੋ॥** ਧਰਮ ਨੂੰ ਹਾਰ ਕੇ ਜੋ ਧਨ ਕਮਾਉਂਣਾ ਹੈ ਕਿ ਮੈਂ ਧਨ ਰੱਖ ਲਵਾਂ।

**ਹੋਤ ਅਜਸ ਔ ਰਹਤ ਸੁ ਜਾਯੋ॥** ਉਸ ਨਾਲ ਤਾਂ ਬਦਨਾਮੀ ਹੁੰਦੀ ਹੈ ਅਤੇ ਨਾਲੇ ਮਰਿਯਾਦਾ ਜਾਂਦੀ ਰਹੇਗੀ, ਧਨ ਵੀ ਜਾਂਦਾ ਰਹੇਗਾ।

**ਮਾਲੀ ਸਿੰਘ ਕਹਿ, 'ਮੈਂ ਟਰੋਂ ਸੋ ਨਾਂਹੀ'॥** ਮਾਲੀ ਸਿੰਘ ਕਹਿਣ ਲੱਗਾ, ਮੈਂ ਨਹੀਂ ਜੇ ਟਲਣਾ, ਮੈਂ ਨਹੀਂ ਉਹ ਧਨ ਦੇਣਾ ਕਿਸੇ ਤਰ੍ਹਾਂ ਵੀ।

**ਮੇਰੀ ਸੁਰਤ ਗਈ ਉਨ ਮਾਂਹੀ॥ ੪੩॥** ਮੇਰਾ ਤਾਂ ਧਿਆਨ ਹੀ ਉਨ੍ਹਾਂ ਗਹਿਣਿਆਂ ਵਿਚ ਗਿਆ ਹੋਇਆ ਹੈ। ੪੩।

**ਮੈਂ ਉਨ ਦੇਕੈ ਜੀਵੋਂ ਨਾਂਹਿ॥** ਬਾਕੀ ਸੁਣ ਲੈ ਮੇਰੀ ਗੱਲ ਜੇ ਤੂੰ ਕਹੇ ਕਿ ਉਹ ਧਨ ਵੰਡੀਏ, ਉਸ ਦੇ ਵਿੱਚੋਂ ਹਿੱਸਾ ਉਨ੍ਹਾਂ ਮਿਸਲ ਘਨਈਆਂ ਨੂੰ ਦੇ ਕੇ ਮੈਂ ਤਾਂ ਜਿਉਂਦਾ ਨਹੀਂ ਰਹਿ ਸਕਦਾ।

**ਮੈਂ ਉਨ ਸੰਗ ਦੇਊਂ ਪ੍ਰਾਨ ਗਵਾਇ॥** ਮੈਂ ਤਾਂ ਉਨ੍ਹਾਂ ਕੀਮਤੀ ਜ਼ੇਵਰਾਂ ਦੇ ਨਾਲ ਆਪਣੇ ਪ੍ਰਾਣ ਗਵਾ ਦੇਵਾਂਗਾ, ਪਰ ਉਹ ਜ਼ੇਵਰ ਨਹੀਂ ਛੱਡਾਗਾ।

**ਪਹਿਲੇ ਹਵੇਲੀ ਅਸਾਂ ਸੀ ਰੋਕੀ॥** ਪਹਿਲਾਂ ਤਾਂ ਅਸੀਂ ਹੀ ਉਹ ਹਵੇਲੀ ਰੋਕੀ ਸੀ ਦਿਲੇ ਰਾਮ ਵਾਲੀ।

**ਤੈਂ ਹੀ ਰਲਾਇ ਘਨਯਨ ਮੈਂ ਝੋਕੀ॥ ੪੪॥** ਤੂੰ ਹੀ ਘਨਈਆਂ ਨੂੰ ਨਾਲ ਰਲਾ ਕੇ ਹਵੇਲੀ ਵਿਚ ਝੋਕ ਦਿੱਤਾ। ੪੪।

**ਦੋਹਰਾ॥ਜਸੌ ਸਿੰਘ ਤਬ ਇਮ ਕਹਯੋ, ਅਬ ਹਮ ਜਾਨਤ ਯਾਹਿ॥** ਤਦ ਜੱਸਾ ਸਿੰਘ ਨੇ ਇਉਂ ਕਿਹਾ 'ਹੁਣ ਤਾ ਮੈਂ ਏਹੀ ਜਾਣਦਾ ਹਾਂ।

**ਦਿਲੈ ਰਾਮ ਕੇ ਘਰ ਬਿਖੈ ਏਤੀ ਪੜੀ ਬਲਾਇ॥ ੪੫॥** ਮੈਨੂੰ ਕੀ ਪਤਾ ਸੀ ਕਿ ਦਿਲੇ ਰਾਮ ਦੇ ਘਰ ਵਿਚ ਐਡੀ ਵੱਡੀ ਬਲਾਓ ਪਈ ਹੈ। ਮੈਨੂੰ ਕਿਤੇ ਖ਼ਬਰ ਸੀ ਕਿ ਐਨਾਂ ਧਨ ਪਿਆ ਹੈ ਏਸ ਹਵੇਲੀ ਵਿਚ। ੪੫।

**ਚੌਪਈ॥ਜੱਸਾ ਸਿੰਘ ਫਿਰ ਬਹੁ ਸਮਝਾਯਾ॥** ਜੱਸਾ ਸਿੰਘ ਨੇ ਫਿਰ ਬਹੁਤ ਸਮਝਾਇਆ ਹੈ ਮਾਲੀ ਸਿੰਘ ਨੂੰ।

**ਆਵਣ ਜਾਣ ਸੁ ਹੈ ਯਹ ਮਾਯਾ॥** ਇਹ ਮਾਇਆ ਤਾਂ ਆਉਣ ਜਾਣ ਵਾਲੀ ਹੈ, ਦੁਨੀਆਂ 'ਤੇ ਕਦੀ ਵੀ ਸਥਿਰ ਨਹੀਂ ਰਹੀ ਹੈ।

**ਆਪ ਘਨੱਯੇ ਬਹੁ ਫੌਜਨ ਵਾਰੇ॥** ਨਾਲ ਹੀ ਉਹ ਘਨਈਆ ਮਿਸਲ ਵਾਲੇ ਆਪ ਬਹੁਤੀ ਫ਼ੌਜ ਵਾਲੇ ਹਨ।

**ਇਕ ਹੀ ਰਲ ਸਭ ਜਟ ਹੋਹੁ ਸਾਰੇ॥ ੪੬॥** ਜੇ ਰੌਲਾ ਪੈ ਗਿਆ ਤਾਂ ਜੱਟ ਜੱਟ ਆਪਸ ਵਿਚ ਰਲ ਕੇ ਸਭ ਇਕ ਹੋ ਜਾਣਗੇ, ਕਿਉਂਕਿ ਬਾਕੀ ਸਾਰੀਆਂ ਮਿਸਲਾ ਜੱਟ ਸਿੱਖਾਂ ਦੀਆਂ ਸਨ। ੪੬।

**ਹਮ ਤ੍ਰਖਾਣ ਇਕ ਹਿੱਸੇ ਸਾਰੇ॥** ਸਾਡਾ ਤਰਖਾਣਾਂ ਦਾ ਤਾਂ ਸਿਰਫ ਇਕ ਹਿੱਸਾ ਹੈ ਮਿਸਲਾਂ ਵਿਚ।

**ਸੌ ਹਿੱਸੇ ਜਨ ਹਮ ਤੇ ਭਾਰੇ॥** ਜੱਟ ਸਾਡੇ ਨਾਲੋਂ ਸੌ ਹਿੱਸੇ ਜ਼ਿਆਦਾ ਹਨ।

**ਏਹ ਹਮ ਕੋ ਬਡ ਕਰੈਂ ਖੁਆਰੀ॥** ਜੇ ਆਪਾਂ ਇਹਨਾਂ ਦੇ ਅੱਗੇ ਆਕੜੇ, ਤਾਂ ਇਹ ਸਾਨੂੰ ਬੜਾ ਖੁਆਰ ਕਰਨਗੇ, ਸਾਨੂੰ ਖੁਆਰ ਕਰਕੇ ਮਾਰਨਗੇ।

**ਭਾਈ ਖੁਸ਼ਾਲ ਸਿੰਘ ਦੀਓ ਇਨ ਮਾਰੀ॥ ੪੭॥** ਅੱਗੇ ਵੱਡਾ ਭਾਈ ਖੁਸ਼ਾਲ ਸਿੰਘ ਮਾਰ ਦਿੱਤਾ ਹੈ ਇਨ੍ਹਾਂ ਨੇ, ਉਦੋਂ ਕੀ ਬਣਿਆ ਹੈ ਸਾਡਾ। ੪੭।

**ਵਹਿ ਵੇਲਾ ਉਸ ਹੀ ਦਿਨ ਗਯੋ॥** ਮਾਲੀ ਸਿੰਘ ਕਹਿੰਦਾ ਹੈ ਕਿ ਉਹ ਵਕਤ ਓਸੇ ਹੀ ਦਿਨ ਚਲਿਆ ਗਿਆ ਹੈ, ਜਦੋਂ ਸਾਡਾ ਭਾਈ ਮਾਰਿਆ ਸੀ।

**ਅਬ ਹਮ ਛੇੜ ਕੌ ਸੁਖ ਨ ਸਮੈਯੋ॥** ਹੁਣ ਸਾਨੂੰ ਛੇੜ ਕੇ ਕੋਈ ਸੁਖ ਨਾਲ ਨਹੀਂ ਸੌਂਵੇਗਾ।

**ਹਮ ਕੋ ਰੱਖਣ ਦੇਹੁ ਇਹ ਮਾਲ॥** ਤੂੰ ਗੱਲ ਮੁਕਾ, ਇਹ ਮਾਲ ਸਾਨੂੰ ਰੱਖਣ ਦੇ, ਇਹ ਸੰਦੂਕੜੀ ਨਹੀਂ ਦੇਣੀ ਅਸਾਂ, ਮਾਲੀ

ਸਿੰਘ ਨੇ ਆਖਿਆ।

***ਲੜ ਮੈਂ ਦਿਖਾਲੋਂ ਸਭ ਪੰਥ ਨਾਲ॥ ੪੮॥*** ਸਾਰੇ ਪੰਥ ਨਾਲ ਮੈਂ ਲੜ ਕੇ ਵਿਖਾਵਾਂਗਾ, ਮੇਰੇ ਅੱਗੇ ਕੀ ਹੈ ਖਾਲਸਾ ਪੰਥ? ਮਾਲੀ ਸਿੰਘ ਲੋਭ ਲਹਿਰ ਵਿਚ ਰੁੜ੍ਹਿਆ ਹੋਇਆ, ਬੜੇ ਹੰਕਾਰ ਵਿਚ ਬੋਲਿਆ। ੪੮।

***ਦੋਹਰਾ॥ਜੌ ਤੂੰ ਰਾਖੈਂ ਮਾਲ ਅਬ ਤੌਂ ਮੈਂ ਰਾਖੋਂ ਪ੍ਰਾਣ॥*** ਮਾਲੀ ਸਿੰਘ ਨੇ ਜੱਸਾ ਸਿੰਘ ਨੂੰ ਸਾਫ਼-ਸਾਫ਼ ਕਹਿ ਦਿੱਤਾ ਹੈ ਕਿ ਜੇ ਤੂੰ ਮਾਲ ਰੱਖੇਂਗਾ ਤਾਂ ਮੈਂ ਆਪਣੀ ਜਾਨ ਰੱਖਾਂਗਾ।

***ਜੌ ਤੂੰ ਦੇਵੈਂ ਮਾਲ ਵੰਡ, ਲੜ ਮਰੋਂ ਇਸ ਮੈਦਾਨ॥ ੪੯॥*** ਜੇ ਤੂੰ ਮਾਲ ਵੰਡ ਕੇ ਦੇ ਦਿੱਤਾ, ਤਾਂ ਮੈਂ ਐਸੇ ਮੈਦਾਨ ਲੜ ਕੇ ਮਰ ਜਾਵਾਂਗਾ ਉਨਾਂ ਨਾਲ, ਮੈਂ ਇਹਨਾਂ ਨੂੰ ਜਿਉਂਦਿਆਂ ਨਹੀਂ ਜਾਣ ਦਿੰਦਾ। ੪੯।

***ਚੌਪਈ॥ਜੱਸਾ ਸਿੰਘ ਦੋਊ ਔਖੀ ਆਈ॥*** ਜੱਸਾ ਸਿੰਘ ਨੂੰ ਦੋਵੇਂ ਗੱਲਾਂ ਔਖੀਆਂ ਬਣ ਗਈਆਂ।

***ਉਵ ਜਾਇ ਧਰਮ ਔ ਇਵ ਜਾਇ ਭਾਈ॥*** ਜੇ ਮਾਲ ਵੰਡ ਕੇ ਨਹੀਂ ਦਿੰਦਾ, ਤਾਂ ਉਸ ਤਰ੍ਹਾਂ ਧਰਮ ਜਾਂਦਾ ਹੈ ਅਤੇ ਜੇ ਵੰਡ ਕੇ ਦੇਂ ਦਿੰਦਾ ਹਾਂ ਘਨੱਯਾ ਨੂੰ ਤਾਂ ਫਿਰ ਸਕਾ ਭਾਈ ਮਰ ਜਾਂਦਾ ਹੈ।

***ਵਹਿ ਭੀ ਲਹਰ ਲੋਭ ਕੀ ਰੋੜ੍ਹਾ॥*** ਉਹ (ਜੱਸਾ ਸਿੰਘ) ਵੀ ਲੋਭ ਦੀ ਲਹਿਰ ਨੇ ਰੋੜ੍ਹ ਲਿਆ ਕਿ ਭਰਾ ਜਾਂਦਾ ਹੈ, ਭਾਵੇਂ ਭਰਾ, ਪਿਉ, ਮਾਂ, ਜਾਵੇ, ਕੋਈ ਮਰਦਾ ਫਿਰੇ, ਧਰਮ ਤਾਂ ਧਰਮ ਹੀ ਹੁੰਦਾ ਹੈ, ਧਰਮ ਨਹੀਂ ਛੱਡਣਾ ਚਾਹੀਦਾ।

***ਭਾਈ ਰਖਯੋ ਔ ਧਰਮ ਉਨ ਤੋੜਾ॥ ੫੦॥*** ਜੱਸਾ ਸਿੰਘ ਨੇ ਆਪਣਾ ਭਾਈ ਰੱਖ ਲਿਆ ਅਤੇ ਧਰਮ ਤੋੜ ਦਿੱਤਾ। ਜੱਸਾ ਸਿੰਘ ਨੇ ਵੀ ਆਪਣਾ ਧਰਮ ਗੁਆ ਲਿਆ। ੫੦।

***ਤੌ ਜੱਸਾ ਸਿੰਘ ਯਹ ਬਿਧ ਭਾਖੀ॥*** ਤਾਂ ਜੱਸਾ ਸਿੰਘ ਨੇ ਇਹ ਵਿਧੀ ਆਖੀ ਧਨ ਹਜ਼ਮ ਕਰਨ ਦੀ।

***ਲਈ ਨ ਪ੍ਰਗਟ ਗੋਪ ਕਿਮ ਰਾਖੀ॥*** ਇਉਂ ਕਰ ਪਰਗਟ ਕਰਕੇ ਨਾ ਲਈ ਉਹ ਮਾਲ ਧਨ, ਕਿਸੇ ਤਰ੍ਹਾਂ ਗੁਪਤ ਰੱਖੀਂ ਉਸ ਨੂੰ।

***ਦਿਲੈ ਰਾਮ ਸੁਤ ਲੀਜੈ ਸਮਝਾਇ॥*** ਦਿਲੇ ਰਾਮ ਦੇ ਪੁੱਤ੍ਰ ਨੂੰ ਪਹਿਲਾਂ ਸਮਝਾ ਲਵੋ ਸਾਰੀ ਗੱਲ।

***ਮਤ ਵਹਿ ਉਨ ਕੋ ਦੇਇ ਬਤਾਇ॥ ੫੧॥*** ਇਹ ਨਾ ਹੋਵੇ ਕਿ ਉਹ ਦੱਸ ਦੇਵੇ ਉਨ੍ਹਾਂ ਨੂੰ, ਜੇ ਉਸ ਨੇ ਦੱਸ ਦਿੱਤਾ, ਤਾਂ ਗੱਲ ਵਿਗੜ ਜਾਣੀ ਹੈ। ੫੧।

***ਧਰਮ ਜਾਇ ਔ ਧਨ ਭੀ ਜਾਇ॥*** ਧਰਮ ਵੀ ਜਾਂਦਾ ਰਹੇ ਅਤੇ ਧਨ ਵੀ ਚਲਿਆ ਜਾਏ।

***ਓਇ ਲੇਵੈਂ ਫਿਰ ਦਗੋ ਕਮਾਇ॥*** ਫਿਰ ਉਹ ਫ਼ਸਾਦ ਕਰਕੇ ਜ਼ੋਰ ਨਾਲ ਸਾਥੋਂ ਵੰਡਾ ਲੈਣਗੇ, ਫਿਰ ਕੀ ਬਣੇਗਾ?

***ਇਤਨੀ ਸੁਨ ਮਲੀ ਸਿੰਘ ਗਯੋ॥*** (ਜੱਸਾ ਸਿੰਘ ਤੋਂ) ਏਨੀ ਗੱਲ ਸੁਣ ਕੇ ਮਾਲੀ ਸਿੰਘ ਦਿਲੇ ਰਾਮ ਦੀ ਹਵੇਲੀ ਨੂੰ ਚਲਿਆ ਗਿਆ ਹੈ।

***ਖੁਸ਼ੀਆਂ ਕਰਤ ਸੁ ਮਨ ਮੈਂ ਭਯੋ॥ ੫੨॥*** ਮਾਲੀ ਸਿੰਘ ਮਨ ਵਿਚ ਬੜੀਆਂ ਖੁਸ਼ੀਆਂ ਕਰਦਾ ਹੋਇਆ ਗਿਆ ਕਿ ਮੇਰਾ ਭਾਈ ਮੰਨ ਗਿਆ ਹੈ। ੫੨।

***ਉਸੈ ਜਾਗਤ ਗਈ ਸਾਰੀ ਰਾਤ॥*** ਉਸ ਨੂੰ ਜਾਗਦਿਆਂ ਹੋਇਆਂ ਸਾਰੀ ਰਾਤ ਚਲੀ ਗਈ, ਅੱਖ ਨਹੀਂ ਲੱਗੀ ਪਲ ਭਰ ਲਈ।

***ਲੈ ਫੌਜ ਚੜ੍ਹਯੋ ਬਹੁ ਹੋਤ ਪ੍ਰਭਾਤ॥*** ਸਵੇਰ ਹੁੰਦਿਆਂ ਹੀ ਫ਼ੌਜ ਲੈ ਕੇ ਚੜ੍ਹ ਪਿਆ ਦਿਲੇ ਰਾਮ ਦੀ ਹਵੇਲੀ ਨੂੰ, ਮਾਲੀ ਸਿੰਘ।

***ਖੋਲ੍ਹ ਸੁ ਕੋਠੜੀ ਬੰਡਨ ਲਾਇ॥*** ਕੋਠੜੀ ਖੋਲ੍ਹ ਕੇਂ ਆਪ ਹੀ ਵੰਡਣ ਲਾ ਦਿੱਤੇ ਹਨ, ਆਹ ਲਉ ਧਨ, ਏਹ ਤੁਹਾਡੇ ਹਿੱਸੇ ਆਇਆ, ਆਹ ਸਾਡੇ ਹਿੱਸੇ ਆਇਆ, ਆਹ ਵੀ ਤੁਸੀਂ ਚੁੱਕੋ। ਦੂਸਰੀ ਮਿਸਲ ਵਾਲਿਆਂ ਨੂੰ ਸੱਦੇ ਬਿਨਾ ਹੀ, ਬਿਨਾ ਗੁਰਮਤਾ ਕੀਤੇ ਤੋਂ ਆਪ ਹੀ ਵੰਡਣ ਡਹਿ ਪਿਆ ਹੈ।

***ਲਈ ਸੰਦੂਖੜੀ ਇਨ੍ਹੈ ਉਠਾਇ॥ ੫੩॥*** ਇਸ (ਮਾਲੀ ਸਿੰਘ) ਨੇ ਸੰਦੂਖੜੀ ਆਪ ਹੀ ਉਠਾ ਲਈ ਹੈ। ੫੩।

***ਦੋਹਰਾ॥ਕਹੀ, 'ਹਮੈ ਯਹ ਬੰਡ ਆਈ', ਛਲ ਬਲ ਬਾਤ ਬਨਾਇ॥*** ਛਲ ਬਲ ਕਰਕੇ ਗੱਲ ਬਣਾ ਲਈ ਹੈ, ਕਹਿੰਦਾ

ਦੇਖੋ ਨਾ, ਆਹ ਤੁਹਾਡੇ ਹਿੱਸੇ ਵਿਚ ਆ ਗਈ, ਇਹ ਸਾਡੇ ਹਿੱਸੇ। ਇਹ ਤਾਂ ਸਾਨੂੰ ਵੰਡ ਵਿਚ ਆਈ ਹੈ ਸੰਦੂਖੜੀ।

***ਰੌਲੌ ਬੋਲੋ ਹੋਤ ਲੌ ਡਰੇ ਦਈ ਘਲਾਇ॥ ੫੪॥*** ਉਹਨਾਂ ਆਖਿਆ ਨਹੀਂ ਬਈ ਨਹੀਂ, ਇਹ ਨਹੀਂ ਗੱਲ, ਇਹ ਤਾਂ ਸਾਡੇ ਹਿੱਸੇ ਆਉਂਦੀ ਸੀ, ਤੂੰ ਓਧਰ ਕਿਉਂ ਲੈ ਚਲਿਆਂ? ਰੌਲ਼ਾ-ਗੌਲ਼ਾ ਹੁੰਦੇ ਤੱਕ ਉਹ ਸੰਦੂਖੜੀ ਡੇਰੇ ਪਹੁੰਚਦੀ ਕਰ ਦਿੱਤੀ ਹੈ। ਸਿਪਾਹੀ ਭੱਜ ਗਏ ਲੈ ਕੇ ਮਾਲ। ੫੪।

***ਚੌਪਈ॥ਤੌ ਦੁਇ ਤਰਫੀਂ ਰੌਲੌ ਭਯੌ॥*** ਤਾਂ ਦੋਹੀਂ ਪਾਸੀਂ ਰੌਲਾ ਪੈ ਗਿਆ, ਇਕੱਠੇ ਹੋ ਗਏ ਹਨ ਸਰਦਾਰ।

***ਘਨਈਅਨ ਕੋ ਦਲ ਲੜਨੈ ਅਯੌ॥*** ਘਨਈਆ ਮਿਸਲ ਦਾ ਦਲ ਵੀ ਲੜਨ ਵਾਸਤੇ ਆ ਗਿਆ।

***ਰਾਮਗੜ੍ਹੀਏ ਥੇ ਅਗੈ ਤਿਆਰ॥*** ਰਾਮਗੜੀਏ ਤਾਂ ਅੱਗੇ ਤਿਆਰ ਸਨ ਲੜਨ ਨੂੰ, ਉਹ ਆਪਣੀ ਫ਼ੌਜ ਲੈ ਕੇ ਪਹਿਲਾਂ ਪਹੁੰਚੇ ਹੋਏ ਸਨ।

***ਗੱਲ ਆਈ ਪਰ ਚਲਨ ਹਥਿਆਰ॥ ੫੫॥*** ਗੱਲ ਹਥਿਆਰ ਚਲਣ 'ਤੇ ਆ ਗਈ ਹੈ। ੫੫।

***ਤੌ ਔਰ ਪੰਥ ਬਿਚਾਲੇ ਆਯੌ॥*** ਤੇ ਹਰ ਪੰਥ ਦੌੜ ਕੇ ਦੋਹਾਂ ਮਿਸਲਾਂ ਦੇ ਵਿਚਕਾਰ ਆ ਗਿਆ, ਇਨ੍ਹਾਂ ਨੂੰ ਬਚਾਉਣ ਵਾਸਤੇ।

***ਬਾਤਨ ਉਪਰ ਬਾਤ ਲੈ ਆਯੌ॥*** ਗੱਲਾਂ-ਬਾਤਾਂ ਕਰਦਿਆਂ ਗੱਲ ਉਸ ਜ਼ੇਵਰਾਂ ਵਾਲੀ ਸੰਦੂਖੜੀ 'ਤੇ ਲੈ ਆਂਦੀ ਹੈ।

***ਕਹੈ ਘਨੱਯੌ 'ਮੱਧ ਉਸ ਧਨ ਭਾਰੀ'॥*** ਘਨੱਈਆਂ ਮਿਸਲ ਵਾਲੇ ਕਹਿਣ ਲੱਗੇ, ਉਸ ਸੰਦੂਕੜੀ ਵਿਚ ਬੜਾ ਭਾਰੀ ਧਨ ਹੈ, ਜਿਹੜੀ ਤੁਸੀਂ ਬਦੋ-ਬਦੀ ਚੁੱਕ ਕੇ ਲੈ ਗਏ ਹੋ।

***ਰਾਮਗੜ੍ਹੀਏ ਕਹੈਂ, 'ਕਿਛ ਨਿਕਲਯੌ ਨਕਾਰੀ'॥ ੫੬॥*** ਰਾਮਗੜ੍ਹੀਏ ਕਹਿੰਦੇ ਅਸੀਂ ਉਸ ਨੂੰ ਖੋਲ੍ਹ ਕੇ ਵੇਖਿਆ ਹੈ ਕੋਈ ਜ਼ਿਆਦਾ ਧਨ ਨਹੀਂ ਨਿਕਲਿਆ ਉਸ ਦੇ ਵਿੱਚੋਂ। ੫੬।

***ਤਬ ਚੜ੍ਹ ਸਿੰਘ ਵਿਚ ਬਾਤਨ ਆਯੌ॥*** ਤਦ ਸ: ਚੜ੍ਹਤ ਸਿੰਘ ਸੁਕ੍ਰਚਕੀਆ ਉਨ੍ਹਾਂ ਦੀਆਂ ਗੱਲਾਂ ਵਿਚ ਆ ਗਿਆ, ਗੱਲ ਦੀ ਤਹਿ ਤੱਕ ਪਹੁੰਚਣ ਵਾਸਤੇ ਕਿ ਕੀ ਗੱਲ ਹੋਈ ਹੈ?

***ਦਿਲੇ ਰਾਮੀਏ ਪਰ ਗਲ ਲੈ ਆਯੌ॥*** ਚੜ੍ਹਤ ਸਿੰਘ ਦੋਵਾਂ ਧਿਰਾਂ ਦੇ ਬਿਆਨ ਸੁਣਦਾ ਹੋਇਆ, ਦਿਲੇ ਰਾਮ ਦੇ ਪੁੱਤਰ 'ਤੇ ਗਲ ਲੈ ਆਇਆ ਹੈ ਕਿ ਆਪਾਂ ਉਸ ਤੋਂ ਪੁੱਛ ਲੈਂਦੇ ਹਾਂ।

***ਮਾਲੀ ਸਿੰਘ ਦਿਲ ਦੁਸ਼ਟੀ ਆਈ॥*** ਮਾਲੀ ਸਿੰਘ ਦੇ ਦਿਲ ਵਿਚ ਦੁਸ਼ਟਤਾ ਆ ਗਈ ਹੈ।

***'ਦਿਲੇ ਰਾਮੀਏਂ ਦੈਯੇ ਮਰਵਾਈ'॥ ੫੭॥*** ਕਿ ਦਿਲੇ ਰਾਮ ਦੇ ਪੁਤ੍ਰ ਨੂੰ ਮਾਰਵਾ ਦੇਈਏ। ੫੭।

***ਭਯੌ ਉਵੈਂ ਜਿਮ ਗੁਰੂ ਉਚਾਰਾ॥*** ਜਿਵੇਂ ਗੁਰੂ ਸਾਹਿਬ ਜੀ ਨੇ ਬਾਣੀ ਵਿਚ ਉਚਾਰਿਆ ਹੈ ਉਵੇਂ ਹੋਇਆ ਹੈ।

***ਪਾਪ ਬੁਰਾ ਪਾਪੀ ਕੌ ਪਯਾਰਾ॥*** ਪਾਪ ਹੈ ਤਾਂ ਬੁਰਾ ਹੈ ਪਰ ਪਾਪੀ ਬੰਦੇ ਨੂੰ ਪਾਪ ਕਰਨਾ ਪਿਆਰਾ ਲਗਦਾ ਹੈ।

***ਇਤਨੀ ਬਾਤਨ ਉਨ ਦਿਲ ਆਈ॥*** ਇਹ ਗੱਲ ਨਾ ਉਨ੍ਹਾਂ ਦੇ ਦਿਲ ਵਿਚ ਕਿ ਅਸੀਂ ਉਸ ਨੂੰ ਮਾਰ ਕੇ ਪਾਪ ਕਰਨ ਲੱਗੇ ਹਾਂ।

***'ਲਾਗੇ ਕਰਨੇ ਪਾਪ ਬਧਾਈ'॥ ੫੮॥*** ਉਸ ਨੂੰ (ਬਧਾਈ) ਮਾਰਨ ਦਾ ਪਾਪ ਕਰਨ ਲੱਗੇ। ੫੮।

***ਮਾਲੀ ਸਿੰਘ ਕੈ ਇਮ ਚਿਤ ਆਈ॥*** ਮਾਲੀ ਸਿੰਘ ਦੇ ਮਨ ਵਿਚ ਇਉਂ ਆ ਗਈ।

***ਮਤ ਦਿਲੇਰਾਮੀਆਂ ਦਏ ਬਤਾਈ॥*** ਉਹ ਨਾ ਹੋਵੇ ਕਿ ਦਿਲੇ ਰਾਮ ਦਾ ਪੁਤ੍ਰ ਇਹਨਾਂ ਨੂੰ ਦੱਸ ਦੇਵੇ।

***ਧਨ ਜਾਇ ਔਰ ਪਤ ਭੀ ਜਾਈ॥*** ਜੇ ਉਸ ਨੇ ਦੱਸ ਦਿੱਤਾ ਤਾਂ ਧਨ ਵੀ ਚਲਿਆ ਜਾਵੇਗਾ ਅਤੇ ਮਿਸਲਾਂ ਵਿਚ ਬਣੀ ਹੋਈ ਇੱਜ਼ਤ ਵੀ ਜਾਂਦੀ ਰਹੇਗੀ।

***ਇਸ ਪਤ ਖ਼ਾਤਰ ਕੋ ਕਰੀਏ ਉਪਾਈ॥ ੫੯॥*** ਇਸ ਇੱਜ਼ਤ ਦੇ ਵਾਸਤੇ ਕੋਈ ਉਪਾਉ ਕਰੀਏ, ਕਿ ਸਾਡੀ ਇੱਜ਼ਤ ਬਚ ਜਾਏ। ੫੯।

***ਇਮ ਉਨ ਪਾਪਨ ਚਿੱਤ ਨ ਆਈ॥*** ਇਉਂ ਉਨ੍ਹਾਂ ਪਾਪੀਆਂ ਦੇ ਚਿੱਤ ਵਿਚ ਨਹੀਂ ਆਇਆ ਕਿ ਅਸੀਂ ਪਾਪ ਕਰਨ ਲੱਗੇ ਹਾਂ, ਇਸ ਦਾ ਨਤੀਜਾ ਬੁਰਾ ਨਿਕਲੇਗਾ।

***ਇਨ ਲਬ ਬਹੁਤਨ ਪ੍ਰਤ ਗਵਾਈ॥*** ਇਸ ਲੋਭ ਨੇ ਤਾਂ ਬਹੁਤਿਆਂ ਦੀ ਇੱਜ਼ਤ ਗਵਾਈ ਹੈ।

***ਪਾਪ ਕਰੇ ਤੇ ਨ ਘਰ ਰਾਖੈ॥*** ਜੋ ਪਾਪ ਕਰਕੇ ਪਾਪ ਦਾ ਧਨ ਘਰੇ ਰਖਦਾ ਹੈ।

***ਪੜੈ ਨਰਕ ਕੈਸੋ ਬੰਡ ਨਾਖੈ॥ ੬੦॥*** ਕਿਸ ਉਹ ਵੱਡੇ ਨਰਕ ਵਿਚ ਪੈਂਦਾ ਹੈ ਜੋ ਨਾ ਨਾਸ ਹੋਣ ਵਾਲਾ ਹੈ। ੬੦।

***ਉਨ ਪਾਪੀ ਇਹ ਪਾਪ ਬਿਚਾਰਾ॥*** ਉਨ੍ਹਾਂ ਪਾਪੀਆਂ ਨੇ ਇਹ ਪਾਪ ਵਿਚਾਰਿਆ।

***ਜਿਹ ਸੁਨ ਕੰਪਤ ਤਨ ਹੈ ਸਾਰਾ॥*** ਜਿਸ ਨੂੰ ਸੁਣ ਕੇ ਸਾਰਾ ਸਰੀਰ ਕੰਬਦਾ ਹੈ।

***ਦੁਸ਼ਟ ਸੱਦ ਇਕ ਦਯੋ ਸਮਝਾਇ॥*** ਇਕ ਦੁਸ਼ਟ ਨੂੰ ਸੱਦ ਕੇ ਸਮਝਾਇਆ ਹੈ, ਉਸ ਦਾ ਕੰਮ।

***'ਮਾਰ ਦਿਲੇਰਾਮੀਏ ਤੂੰ ਕੰਗਨ ਪਾਇ' ॥ ੬੧॥*** ਜੇ ਤੂੰ ਦਿਲੇ ਰਾਮੀਏ ਦੇ ਪੁਤ੍ਰ ਨੂੰ ਮਾਰ ਦੇਵੇਂ, ਤਾਂ ਆਹ ਸੋਨੇ ਦਾ ਜੜਾਊ ਕੰਗਨ ਤੂੰ ਪਾ ਲਵੀਂ। ੬੧।

***ਦਿਲੇਰਾਮੀਏਂ ਹਿਰਦੇ ਰਾਮ ਦੇਹੁ ਮਾਰ॥*** ਦਿਲੇ ਰਾਮ ਦੇ ਪੁਤ੍ਰ ਹਿਰਦੇ ਰਾਮ ਨੂੰ ਮਾਰ ਕੇ ਖ਼ਤਮ ਕਰ ਦੇ।

***ਬਿਨ ਮਾਰੇ ਹੋਤ ਕੰਮ ਖੁਆਰ॥*** ਉਸ ਨੂੰ ਮਾਰੇ ਤੋਂ ਬਿਨਾ ਸਾਡਾ ਕੰਮ ਖਰਾਬ ਹੋ ਜਾਇਗਾ।

***ਉਸ ਸਮਝਾਯੋ ਕੀਓ ਤਿਆਰ॥*** ਉਸ ਦੁਸ਼ਟ ਨੂੰ ਸਮਝਾ ਕੇ ਇਉਂ ਤਿਆਰ ਕਰ ਲਿਆ।

***'ਦਹੀਂ ਪਾਇ ਸਿਰ ਲਾਈਂ ਤਲਵਾਰ'॥ ੬੨॥*** ਉਸ ਦੇ ਸਿਰ ਵਿਚ ਦਹੀਂ ਪਾ ਕੇ ਜਦੋਂ ਉਸ ਨੇ ਨੀਵੀਂ ਪਾਈ, ਉਦੋਂ ਤਲਵਾਰ ਦਾ ਵਾਰ ਕਰੀਂ ਸਿਰ 'ਤੇ। ੬੨।

***ਤੌ ਦਿਲ ਰਾਮੀਓਂ ਲਯੋ ਬੁਲਾਇ॥*** ਤਾਂ ਦਿਲੇ ਰਾਮ ਦੇ ਪੁਤ੍ਰ ਨੂੰ ਬੁਲਾ ਲਿਆ ਹੈ।

***ਉਸ ਕੋ ਆਖਯੋ ਬਾਤ ਚਲਾਇ॥*** ਉਸ ਨਾਲ ਗੱਲ ਚਲਾ ਕੇ ਆਖਿਆ ਹੈ ਮਾਲੀ ਸਿੰਘ ਨੇ।

***'ਬਹੁਤ ਦਿਵਸ ਤੈਂ ਨ੍ਹਾਤੇ ਹੋਇ'॥*** ਤੈਨੂੰ ਨ੍ਹਾਤੇ ਨੂੰ ਬਹੁਤ ਦਿਨ ਹੋ ਗਏ ਹਨ, ਤੂੰ ਹੁਣ ਇਸ਼ਨਾਨ ਕਰ ਲੈ।

***ਨੁਲ੍ਹਾਇ ਦੀਯੋਂ ਉਨ ਪਾਸ ਖਲੋਇ॥ ੬੩॥*** ਉਸ ਨੇ ਕੋਲ ਖੜ੍ਹ ਉਸ ਨੂੰ ਨੁਹਾ ਦਿੱਤਾ ਹੈ। ੬੩।

***ਨੀਵੀ ਗ੍ਰੀਵ ਕਰ ਦਹੀਂ ਪੁਵਾਯੋ॥*** ਜਦੋਂ ਉਸ ਦੀ ਧੌਣ ਨੀਵੀਂ ਕਰਕੇ ਉਸ ਦੇ ਸਿਰ ਵਿਚ ਦਹੀਂ ਪੁਆਇਆ।

***ਖੈਂਚ ਤੇਗ ਉਸ ਉਸ ਗਲ ਲਾਹਯੋ॥*** ਉਸ ਦੁਸ਼ਟ ਨੇ ਤਲਵਾਰ ਖਿੱਚ ਕੇ ਉਸ (ਦਿਲੇ ਰਾਮ ਦੇ ਪੁਤ੍ਰ) ਦਾ ਗਲ ਲਾਹ ਦਿੱਤਾ ਹੈ।

***ਇਤ੍ਰ ਬਿਤ੍ਰ ਕਰ ਦੀਓ ਭਜਾਇ॥*** ਉਸ ਨੂੰ (ਤਿਤ੍ਰ ਬਿਤ੍ਰ) ਖਿੰਡਾ ਕੇ ਭਜਾ ਦਿੰਦਾ ਹੈ।

***ਕਹਯੋ, 'ਮਾਰ ਕੇ' ਗਯੋ ਵਗਾਇ॥ ੬੪॥*** ਕਹਿਣ ਲੱਗੇ 'ਉਸ ਨੂੰ ਮਾਰ ਕੇ ਭੱਜ ਗਿਆ ਹੈ ਕੋਈ। ੬੪।

***ਐਸੋ ਪਾਪ ਉਨ ਬੱਜਰ ਕੀਓ॥*** ਉਸ (ਮਾਲੀ ਸਿੰਘ) ਨੇ ਐਸਾ ਬੱਜਰ ਪਾਪਾ ਕੀਤਾ ਹੈ।

***ਕਰਤ ਪਾਪ ਉਨ ਕੰਪਯੋ ਨ ਹੀਓ॥*** ਐਸਾ ਪਾਪਾ ਕਰਦੇ ਦਾ ਉਸ ਦਾ ਹਿਰਦਾ ਨਹੀਂ ਕੰਬਿਆ ਹੈ। ਐਡਾ ਪਾਪ ਕੀਤਾ ਉਸ ਨੇ ਧਨ ਦੇ ਪਿੱਛੇ।

***ਯਾਂਤੇ ਉਨ ਕੋ ਕਛੂ ਨ ਰਹਯੋ॥*** ਜਿਸ ਕਰਕੇ ਉਨ੍ਹਾਂ ਦਾ ਕੁਛ ਵੀ ਨਹੀਂ ਰਿਹਾ ਹੈ ਬਾਕੀ।

***ਧਨ ਭੀ ਗਯੋ ਔ ਧਰਮ ਭੀ ਗਯੋ॥ ੬੫॥*** ਧਨ ਵੀ ਚਲਿਆ ਗਿਆ ਅਤੇ ਧਰਮ ਵੀ ਨਾਲ ਹੀ ਜਾਂਦਾ ਰਿਹਾ। ੬੫।

***ਵਹੀ ਮਾਲ ਚੜ੍ਹ ਸਿੰਘ ਘਰ ਆਯੋ॥*** ਉਹ ਰਾਮਗੜ੍ਹੀਏ ਤਾਂ ਮਾਰੇ ਗਏ ਸਾਰੇ, ਜਦੋਂ ਉਸ ਮਾਲ ਧਨ ਦੀ ਲੁੱਟ ਹੋਣ ਲੱਗੀ, ਤਾਂ ਉਹ ਸਾਰਾ ਮਾਲ ਧਨ ਸ: ਚੜ੍ਹਤ ਸਿੰਘ ਸੁਕ੍ਰਚੱਕੀਏ ਦੇ ਘਰ ਆ ਗਿਆ ਹੈ।

**ਜਿਸ ਵਿਚ ਦੈ ਬੋ ਦਗ਼ੋ ਕਮਾਯੋ॥** ਜਿਸ ਨੂੰ ਵਿਚ ਲੈ ਕੇ ਉਸ ਨੇ ਸਾਰੀ ਗਲਬਾਤ ਸਿਰੇ ਚੜ੍ਹਾਈ ਸੀ, ਜਿਸ ਨੂੰ ਵਿਚ ਲੈ ਕੇ ਉਸ ਨੇ ਦਗ਼ਾ ਕੀਤਾ ਸੀ।

**ਸੁਨੌ ਸਿਖ ਗੁਰ ਸਿੰਘ ਪਿਆਰੇ॥** ਹੇ ਗੁਰ ਸਿੱਖੋ! ਗੁਰੂ ਦੇ ਪਿਆਰੇ ਸਿੰਘੋ ਸੁਣੋ।

**ਰਤਨ ਸਿਘ ਸੁਨ ਲਿਖੀ ਸੁਧਾਰੇ॥ ੬੬॥** (ਮੈਂ) ਰਤਨ ਸਿੰਘ ਨੇ ਸੀ ਸਾਖੀ ਸੁਣ ਕੇ ਸੋਧ ਕੇ ਲਿਖੀ ਹੈ। ੬੬।

**ਦੋਹਰਾ॥ਬਹੁਤ ਖਾਲਸੇ ਧਨ ਲਭਯੋ ਗਯੋ ਦਲਿੱਦਰ ਦੂਰ॥** ਕਸੂਰ ਵਿੱਚੋਂ ਸਾਰੇ ਖਾਲਸੇ ਪੰਥ ਨੂੰ ਬਹੁਤ ਜ਼ਿਆਦਾ, ਧਨ ਲੱਭਿਆ ਹੈ ਅਤੇ ਸਿੰਘਾਂ ਦੀ ਗਰੀਬੀ ਦੂਰ ਹੋ ਗਈ ਹੈ।

**ਰਤਨ ਸਿੰਘ ਲੁੱਟੀ ਸੁਨੀ, ਤਿਮ ਲਿਖ ਧਰੀ ਕਸੂਰ॥ ੬੭॥** (ਮੈਂ) ਰਤਨ ਸਿੰਘ ਨੇ ਜਿਵੇਂ ਕਸੂਰ ਨੂੰ ਲੁੱਟਿਆ ਸੁਣਿਆ ਹੈ, ਉਵੇ ਹੀ ਲਿਖ ਧਰਿਆ ਹੈ । ੬੭।

(ਇਤੀ ਕਸੂਰ ਲੁਟੀ ਔ ਮਾਰੀ)

## ਅਥ ਸਾਖੀ ਦੁਆਬੇ ਕੇ ਰੋਕਨ ਕੀ ਤੁਰੀ॥

### (ਬਿਸ਼ੰਭਰ ਦੀਵਾਨ ਨੂੰ ਸੋਧ ਕੇ ਦੁਆਬਾ ਮੱਲਣਾ)

**ਦੋਹਰਾ॥ਅਧੋ ਦਲ ਜੋ ਪ੍ਰਿਥਮ ਟੁਰ ਟਪਯੋ ਬਿਆਸੇ ਪਾਰ॥** ਪਹਿਲਾਂ ਜੋ ਅੱਧਾ ਦਲ ਭਾਵ ਬੁੱਢਾ ਦਲ ਤੁਰ ਕੇ ਬਿਆਸਾ ਦਰਿਆ ਤੋਂ ਪਾਰ ਲੰਘ ਗਿਆ ਸੀ।

**ਸੁਨੌ ਦੁਆਬਾ ਜਿਮ ਮਲਯੋ ਹਤ ਦੀਨਾ ਬੇਗ ਕਾਰਦਾਰ॥ ੧॥** ਅਦੀਨਾਂ ਬੇਗ ਦੇ ਕਾਰਦਾਰ ਬਿਸ਼ੰਭਰ ਦਾਸ ਖਤ੍ਰੀ ਨੂੰ ਮਾਰ ਕੇ, ਜਿਵੇਂ ਖਾਲਸੇ ਨੇ ਦੁਆਬਾ ਦੇਸ਼ ਮੱਲਿਆ ਹੈ ਉਹ ਪ੍ਰਸੰਗ ਸੁਣੋ। ੧।

**ਚੌਪਈ॥ਖੱਤ੍ਰੀ ਦਿਵਾਨ ਥੋ ਬਿਸ਼ੰਭਰ ਨਾਮ॥** ਅਦੀਨਾਂ ਬੇਗ ਸੂਬਾ ਜਲੰਧਰ ਦੀ ਬੇਗਮ ਦਾ ਖਤ੍ਰੀ ਦੀਵਾਨ ਅਤੇ ਬਿਸ਼ੰਭਰ ਦਾਸ ਉਸ ਦਾ ਨਾਮ ਸੀ।

**ਹੁਤੋ ਪ੍ਰਿਥਮ ਤਿਮ ਲਿਸਾੜੇ ਧਾਮ॥** ਪਹਿਲਾਂ ਉਸ ਦਾ ਲਿਸਾੜਾ ਪਿੰਡ ਵਿਖੇ ਘਰ ਸੀ।

**ਦੀਨਾ ਬੇਗ ਕੀ ਬੇਗਮ ਪਾਸ॥** ਅਦੀਨਾਂ ਬੇਗ ਦੀ ਬੇਗਮ ਕੋਲ।

**ਹੁਤੋ ਦਿਵਾਨ ਸਭਨ ਮੈਂ ਖਾਸ॥ ੨॥** ਸਾਰਿਆਂ ਵਿੱਚੋਂ ਖਾਸ ਦੀਵਾਨ ਸੀ ਬਿਸ਼ੰਭਰਾ ਦਾਸ ਖਤ੍ਰੀ। ੨।

**ਪਚੀਸ ਹਜ਼ਾਰ ਰਖੇ ਫੌਜ ਤਿਆਰ॥** ਉਹ ਪੱਚੀ ਹਜ਼ਾਰ ਫੌਜ ਨੂੰ ਜੰਗ ਵਾਸਤੇ ਤਿਆਰ ਰੱਖਦਾ ਹੈ।

**ਬਹੁਤ ਤੋਪ ਔ ਜੰਬੂਰਕ ਨਾਰ॥** ਬਹੁਤ ਭਾਰੀ ਤੋਪਖਾਨਾਂ ਅਤੇ ਜੰਬੂਰਿਆਂ ਦੇ ਨਾਲ।

**ਕਈ ਪਰਬਤੀ ਸੰਗ ਉਸ ਰਾਜੇ॥** ਉਸ ਨਾਲ ਕਈ ਪਹਾੜੀ ਰਾਜੇ।

**ਉਨ੍ਹੈਂ ਮੰਗਾਏ ਲਰਨੇ ਕਾਜੇ॥ ੩॥** ਉਸ (ਬਿਸ਼ੰਭਰ ਖਤ੍ਰੀ) ਨੇ ਉਨ੍ਹਾਂ ਨੂੰ ਆਪਣੇ ਕੋਲ ਮੰਗਵਾ ਲਿਆ ਸੀ ਲੜਾਈ ਕਰਨ ਵਾਸਤੇ। ੩।

**ਅੱਧੇ ਖਾਲਸੇ ਦਈ ਸਲਾਹਿ॥** ਤਰਨਾ ਦਲ ਜੋ ਅੱਧਾ ਖਾਲਸਾ ਦਲ ਸੀ, ਉਸ ਨੇ ਸਲਾਹ ਦਿੱਤੀ ਹੈ ਬਿਸ਼ੰਭਰ ਖਤ੍ਰੀ ਨੂੰ।

**'ਬੁੱਢੇ ਦਲ ਕੀ ਓਰ ਤੂੰ ਜਾਹਿ॥** ਕਿ ਤੂੰ ਬੁੱਢੇ ਦਲ ਦੀ ਤਰਫ ਜਾ।

***ਹਮ ਬਿਨ ਲਰਨੈ ਜੋਗੈ ਨਾਂਹਿ॥*** ਕਿ ਬੁੱਢਾ ਦਲ ਸਾਡੇ ਤੋਂ ਬਿਨਾ ਭਾਵ ਤਰਨੇ ਦਲ ਤੋਂ ਬਿਨਾ ਲੜਨ ਜੋਗਾ ਨਹੀਂ ਹੈ।

***ਤੂੰ ਉਨ ਦੇਈਂ ਦੁਆਬਯੋ ਤਾਹਿ' ॥ ੪॥*** ਤਰਨੇ ਦਲ ਵਾਲੇ ਸਿੰਘਾਂ ਨੇ ਕਿਹਾ ਕਿ ਸਾਨੂੰ ਤਾਂ ਸੱਦਿਆ ਨਹੀਂ ਬੁੱਢੇ ਦਲ ਨੇ ਆਪਣੀ ਮਦਦ 'ਤੇ, ਬਿਸ਼ੰਭਰ ਖਤ੍ਰੀ ਨੂੰ ਕਹਿਣ ਲੱਗੇ, ਤੂੰ ਉਨਾਂ (ਬੁੱਢੇ ਦਲ) ਨੂੰ ਦੁਆਬੇ ਵਿੱਚੋਂ ਕੱਢ ਦੇਈਂ। ੪।

***ਦੀਨਾ ਨਗਰ ਛੱਡ ਤੁਰਿਓ ਗੈਲ॥*** ਬਿਸ਼ੰਭਰ ਖਤ੍ਰੀ ਦੀਨਾ ਨਗਰ ਨੂੰ ਛੱਡ ਕੇ ਬੁੱਢੇ ਦਲ ਦੇ ਮਗਰ ਤੁਰ ਪਿਆ ਹੈ।

***ਲੰਘ ਬਯਾਸ ਕੀਓ ਦ੍ਵਾਬੇ ਸੈਲ॥*** ਉਸ ਨੇ ਬਿਆਸਾ ਦਰਿਆ ਲੰਘ ਕੇ ਦੁਆਬੇ ਦੀ ਸੈਰ ਕੀਤੀ।

***ਮਗਰੇ ਡੇਰੋ ਉਨ ਦਯੋ ਪਾਇ॥*** ਬੁੱਢੇ ਦਲ ਦੇ ਮਗਰ ਹੀ ਉਸ ਨੇ ਆਪਣਾ ਡੇਰਾ ਪਾ ਲਿਆ ਹੈ।

***ਦਈ ਸਿੰਘਨ ਕੋ ਘੂਰ ਘਲਾਇ॥ ੫॥*** ਉਸ ਨੇ ਸਿੰਘਾਂ ਨੂੰ ਦਬਕਾ ਮਾਰਨ ਵਾਸਤੇ ਆਪਣੀ ਫ਼ੌਜ ਭੇਜ ਦਿੱਤੀ ਹੈ। ੫।

***ਦੋਹਰਾ॥ ਘਲਯੋ ਸਿੰਘਨ ਕੋ ਲਿਖ ਯੌ, 'ਜੌ ਸੁਖ ਚਾਹੋ ਆਪ॥*** ਬੁੱਢੇ ਦਲ ਦੇ ਸਿੰਘਾਂ ਨੂੰ ਇਉਂ ਲਿਖ ਕੇ ਭੇਜ ਦਿੱਤਾ ਕਿ 'ਜੇ ਤੁਸੀਂ ਆਪ ਸੁਖ ਚਹੁੰਦੇ ਹੋ'।

***ਜਾਹੋ ਦੁਆਬੋ ਛਡ ਅਬ ਜੌ ਰਹੌ ਤੁ ਮੈਂ ਕਰੌਂ ਖਾਪ' ॥ ੬॥*** ਤਾਂ ਹੁਣੇ ਹੀ ਦੁਆਬਾ ਛੱਡ ਜਾਓ, ਜੇ ਤੁਸੀਂ ਦੁਆਰੇ ਵਿਚ ਰਹੋਂਗੇ ਤਾਂ ਮੈਂ ਤੁਹਾਡਾ ਨਾਸ ਕਰਾਂਗਾ। ੬।

***ਚੌਪਈ॥ ਸੁਨਤ ਸਿੰਘਨ ਤਬ ਚੜ੍ਹ ਗਯੋ ਰੋਹ॥*** ਜਦੋਂ ਸਿੰਘਾਂ ਨੂੰ ਉਸ ਨੇ ਕਿਹਾ ਨਿਕਲ ਜਾਉ ਦੁਆਬਾ ਛੱਡ ਕੇ, ਨਹੀਂ ਤਾਂ ਮੈਂ ਬੁਰੀ ਕਰਾਂਗਾ ਤੁਹਾਡੇ ਨਾਲ, ਇਹ ਗੱਲ ਸੁਣ ਕੇ ਸਿੰਘਾਂ ਨੂੰ ਗੁੱਸਾ ਚੜ੍ਹ ਗਿਆ।

***ਲਾਇ ਦੀਵਾਨ ਗੁਰਮਤੋ ਕੀਯੋ ਤੋਹ॥*** ਸਿੰਘਾਂ ਨੇ ਉਥੇ ਦੀਵਾਨ ਲਾ ਕੇ ਗੁਰਮਤਾ ਕੀਤਾ ਹੈ।

***ਮਾਰ ਖੱਤ੍ਰੀ ਮਲ ਲੇਹੋ ਰਾਜ॥*** ਸਿੰਘੋ ! ਖਤ੍ਰੀ ਬਿਸ਼ੰਭਰ ਨੂੰ ਮਾਰ ਕੇ ਦੁਆਬੇ ਦਾ ਰਾਜ ਮੱਲ ਲਵੋ।

***ਆਯੋ ਹੋਣ ਹੈ ਖਾਲਸੈ ਕਾਜ॥ ੭॥*** ਗੁਰੂ ਵਲੋਂ ਖਾਲਸੇ ਦਾ ਕਾਰਜ ਹੋਣ ਆਇਆ ਹੈ, ਤਾਂ ਹੀ ਉਸ ਨੇ ਸਾਨੂੰ ਦਬਕਾ ਮਾਰਿਆ ਹੈ। ੭।

***ਪਹਿਲੋਂ ਟਕੇ ਮੰਗੋ ਯਹਿ ਕੋਲ॥*** ਬੁੱਢੇ ਦਲ ਨੇ ਕਿਹਾ, ਪਹਿਲਾਂ ਏਸ ਤੋਂ ਟਕੇ ਮੰਗੋ, ਜੋ ਅਦੀਨਾਂ ਬੇਗ ਨਾਲ ਅੱਧ ਕੀਤਾ ਹੋਇਆ ਸੀ ਮਾਮਲੇ ਦਾ।

***'ਯਹਿ ਨਹਿੰ ਦੇਊਗ ਔ ਬੋਲਗੁ ਕਬੋਲ' ॥*** ਇਸ ਨੇ ਮਾਮਾਲਾ ਦੇਣਾ ਨਹੀਂ ਹੈ ਅਤੇ ਖਾਲਸੇ ਨੂੰ ਖੋਟੇ ਬੋਲ ਬੋਲੇਗਾ, ਆਪੇ ਲੜਾਈ ਦਾ ਮੁੱਢ ਬੱਝ ਜਾਣਾ ਹੈ।

***ਤਬ ਖਾਲਸੈ ਨੈ ਯੌਂ ਲਿਖ ਦੀਓ॥*** ਤਦ ਖਾਲਸੇ ਨੇ ਇਉਂ ਲਿਖ ਦਿੱਤਾ ਹੈ ਬਿਸ਼ੰਭਰ ਖਤ੍ਰੀ ਨੂੰ।

***'ਟਕੇ ਘੱਲ ਜੋ ਰਖਣੋ ਜੀਓ' ॥ ੮॥*** ਸਿੰਘਾਂ ਨੇ ਦਬਕਾ ਮਾਰਿਆ ਕਹਿੰਦੇ ਬਿਸ਼ੰਭਰ ਦਾਸਾ ! ਜੇ ਆਪਣੀ ਜਾਨ ਰੱਖਣੀ ਹੈ, ਤਾਂ ਸਾਡਾ ਬਣਦਾ ਪੈਸਾ ਘੱਲ ਦੇ। ਜੇ ਮਰਨਾ ਹੀ ਹੈ ਤੂੰ, ਤਾਂ ਤੇਰੀ ਮਰਜ਼ੀ ਹੈ। ੮।

***ਤਬ ਇਨ ਅਗਯੋਂ ਦੀਓ ਜੁਆਬ॥*** ਤਦ ਇਸ ਨੇ ਅੱਗੋਂ ਜੁਆਬ ਦਿੱਤਾ ਹੈ ਖਾਲਸੇ ਨੂੰ।

***'ਸਭ ਦਲ ਰਲੂਗਾ ਮੈਂ ਦੇਊਂ ਤਾਬ॥*** ਜਦੋਂ ਸਾਰਾ ਦਲ ਰਲੇਗਾ, ਭਾਵ ਜਦੋਂ ਤਰਨਾਂ ਦਲ ਵੀ ਬੁੱਢੇ ਦਲ ਦੇ ਨਾਲ ਹੋਇਆ ਫਿਰ ਮੈਂ ਦਿਆਂਗਾ ਮਾਮਲਾ, ਉਂਜ ਨਹੀਂ ਮੈਂ ਦਿੰਦਾ ਹਾਂ ਤਹਾਨੂੰ ਇਕੱਲਿਆਂ ਨੂੰ।

***ਨਿਕਲ ਦੁਅਬਯੋਂ ਜਾਹੋ ਕਹੂੰ ਔਰ॥*** ਦੁਆਬੇ ਨੂੰ ਛੱਡ ਕੇ ਕਿਸੇ ਹੋਰ ਦਿਸ਼ਾ ਨੂੰ ਨਿਕਲ ਜਾਉ।

***ਟਕੈ ਘਲਾਊਂ ਊਹਾਂ ਤੁਮ ਕੋਰ' ॥ ੯॥*** ਮੈਂ ਉਥੇ ਹੀ ਤੁਹਾਡੇ ਕੋਲ ਪਸਾ ਭੇਜ ਦਿਆਂਗਾ ਜਿਥੇ ਜਾਉਗੇ। ੯।

***ਦੋਹਰਾ॥ਤਬ ਖਾਲਸੈ ਨੇ ਲਿਖ ਘਲਯੋ ਜੌ ਅਬ ਦੇਵੈਂ ਨਾਂਹਿ॥*** ਤਦ ਖਾਲਸੇ ਨੇ ਬਿਸ਼ੰਭਰ ਨੂੰ ਲਿਖ ਭੇਜਿਆ ਹੈ ਕਿ 'ਹੁਣ ਜਦੋਂ ਅਸੀਂ ਆਏ ਹਾਂ ਦੁਆਬੇ ਵਿਚ, ਜਦੋਂ ਤੂੰ ਹੁਣ ਨਹੀਂ ਦਿੰਦਾ ਹੈ ਮਾਮਲਾ।

***ਕਾਢ ਦੁਆਬੇ ਤੇ ਅਸਾਂ ਕਬ ਤੂੰ ਫਿਰ ਪਹੁੰਚਾਂਹਿ॥ ੧੦॥*** ਜਦੋਂ ਤੂੰ ਸਾਨੂੰ ਦੁਆਬੇ ਵਿੱਚੋਂ ਕੱਢ ਦਿੱਤਾ, ਜਦੋਂ ਅਸੀਂ

ਦੁਆਬਾ ਛੱਡ ਕੇ ਚਲੇ ਗਏ, ਫਿਰ ਤੂੰ ਕਦੋਂ ਸਾਡੇ ਕੋਲ ਮਾਮਲਾ ਪਹੁੰਚਦਾ ਕਰਨ ਲੱਗਿਆ ਹੈ। ਫਿਰ ਨਹੀਂ ਤੂੰ ਸਾਨੂੰ ਧਨ ਦੇਣਾ। ੧੦।

**ਚੌਪਈ॥ਕਹਯੋ ਖਾਲਸੈ, 'ਤੂੰ ਚੌਕਸ ਹੋਇ॥** ਖਾਲਸੇ ਨੇ ਕਿਹਾ, 'ਬਿਸ਼ੰਭਰ ਦਾਸਾ ! ਤੂੰ ਹੁਸ਼ਿਆਰ ਹੋ'।

**ਕਹੀਂ ਨਹੀਂ ਖਬਰ ਕਰੀ ਨਹਿਂ ਮੋਹਿ॥** ਫਿਰ ਨਾ ਆਖੀਂ,ਮੈਨੂੰ ਬੁੱਢੇ ਦਲ ਨੇ ਖ਼ਬਰ ਨਹੀਂ ਕੀਤੀ, 'ਤਿਆਰ ਹੋ ਜਾ ਤੂੰ' 'ਅਸੀਂ ਆ ਰਹੇ ਹਾਂ।

**ਦੀਨਾ ਬੇਗ ਕੋ ਹੁਤੋ ਕਰਾਰ॥** ਅਦੀਨਾਂ ਬੇਗ ਦਾ ਖਾਲਸੇ ਨੇ ਇਕਰਾਰ ਹੋਇਆ ਸੀ।

**ਲੜੂੰਗੋ ਨਹੀਂ ਮੈਂ ਖਾਲਸੇ ਨਾਲ॥ ੧੧॥** ਉਸ ਨੇ ਕਿਹਾ ਸੀ 'ਮੈਂ ਕਦੀ ਵੀ ਨਹੀਂ ਲੜਾਂਗਾ ਖਾਲਸੇ ਨਾਲ,ਖਾਲਸੇ ਨਾਲ ਸੁਲਹ ਰੱਖਾਂਗਾ। ੧੧।

**ਯਾਂਤੇ ਖਬਰ ਦਈ ਤੁਮੇਂ ਕਰ॥** ਇਸ ਕਰਕੇ ਅਸੀਂ ਤੈਨੂੰ ਖ਼ਬਰ ਕਰ ਦਿੱਤੀ ਹੈ।

**ਭਾਵੈਂ ਮਿਲ ਪਉ ਭਾਵੈਂ ਲਰ ਮਰ'॥** ਹੁਣ ਤੇਰੀ ਮਰਜ਼ੀ, ਚਾਹੇ ਤਾਂ ਆ ਕੇ ਮਿਲ ਪੈ ਖਾਲਸੇ ਪੰਥ ਨਾਲ ਤੇ ਮਾਮਲਾ ਦੇ ਦੇ, ਚਾਹੇ ਸਾਡੇ ਨਾਲ ਲੜ ਕੇ ਮਰ ਜਾਹ ਤੂੰ, ਦੋ ਹੀ ਕੰਮ ਹੋਣਗੇ ਹੁਣ।

**ਬਿਸ਼ੰਭਰ ਕਹੀ, 'ਆਓ ਤੁਮ ਮਾਰਨ॥** ਖਤ੍ਰੀ ਬਿਸ਼ੰਭਰ ਕਹਿਣ ਲੱਗਾ, 'ਮੈਂ ਆਉਂਦਾ ਹਾਂ ਤੁਹਾਨੂੰ ਮਾਰਨ ਵਾਸਤੇ, ਤੁਸੀਂ ਕੀ ਅਉਣਾ ਹੈ'।

**ਹਮ ਕੋ ਕਹੋ ਤੁਮ ਆਪ ਸੰਭਾਰਨ ॥ ੧੨॥** ਤੁਸੀਂ ਸਾਨੂੰ ਕਹਿੰਦੇ ਆਪਣੇ ਆਪ ਨੂੰ ਸੰਭਾਲਣ ਵਾਸਤੇ, ਤੁਸੀਂ ਆਪ ਨੂੰ ਸੰਭਾਲ। ੧੨।

**ਮੈਂ ਆਯੋ ਤੁਮ ਕਰੋ ਸੰਭਾਰ॥** ਮੈਂ ਆਇਆ, ਤੁਸੀਂ ਸੰਭਾਲ ਕਰ ਲਵੋ ਆਪਣੀ।

**ਭਲੇ ਚਹੋ ਹੋਵੋ ਦੂਾਬੋਂ ਪਾਰ'॥** ਜੇ ਤੁਸੀਂ ਆਪਣਾ ਭਲਾ ਚਹੁੰਦੇ ਹੋਂ, ਤਾਂ ਦੁਆਬਾ ਛੱਡ ਕੇ ਦਰਿਆਓਂ ਪਾਰ ਹੋ ਜਾਉ।

**ਇਮ ਦੋਊ ਵੱਲ ਬਹਿਸਾਂ ਕਰੈਂ॥** ਇਉਂ ਦੋਵਾਂ ਪਾਸਿਆਂ ਤੋਂ ਬਹਿਸ ਕਰਦੇ ਸਨ।

**ਦੋਊ ਵਲ ਤੇ ਦੋਊ ਨ ਟਰੈਂ॥ ੧੩॥** ਦੋਵੇਂ ਪਾਸਿਆਂ ਤੋਂ ਦੋਵੇਂ ਹੀ ਨਹੀਂ ਟਲਦੇ। ਖਤ੍ਰੀ ਤੇ ਖਾਲਸਾ ਦੋਵੇਂ ਨਹੀਂ ਟਲਦੇ ਦੋਹਾਂ ਪਾਸਿਆ ਤੋਂ। ੧੩।

**ਬੁਰਾ ਹੋਣ ਖੱਤ੍ਰੀ ਕੌ ਆਯਾ॥** ਖੱਤਰੀ ਦਾ ਬੁਰਾ ਹੋਣ ਵਾਸਤੇ ਭਾਵ ਖਤ੍ਰੀ ਬਿਸ਼ੰਭਰ ਦੀ ਮੌਤ ਨੇੜੇ ਆ ਗਈ ਹੈ।

**ਖਾਲਸੇ ਹੋਣੈਂ ਭਯੋ ਸੁਵਾਯਾ॥** ਖਾਲਸੇ ਦੀ ਚੜ੍ਹਦੀ ਕਲਾ ਹੋਣ ਵਾਲੀ ਹੈ, ਖਾਲਸੇ ਦਾ ਵਾਧਾ ਹੋਇਗਾ, ਇਹ ਕਾਰਨ ਬਣ ਗਿਆ ਹੈ ਹੁਣ।

**ਉੜਮਿਲ ਟਾਂਡੈ ਢਿਗ ਕਰਕੇ ਡੇਰੋ॥** ਉੜਮੁੜ ਟਾਂਡੇ ਕੋਲ ਡੇਰਾ ਕਰਕੇ। ਟਾਂਡਾ ਉੜਮੁੜ-ਟਾਡਾ ਅਤੇ ਉੜਮੁੜ ਦੇ ਪਿੰਡਾਂ ਦਾ ਇਕ ਨਾਮ ਹੋ ਗਿਆ ਹੈ। ਇਹ ਦੋਵੇਂ ਪਿੰਡ ਦਸੂਹਾ(ਹੁਸ਼ਿਆਰਪਰ) ਤਹਿਸੀਲ ਵਿਚ ਇਕ ਦੂਜੀ ਤੋਂ ਇਕ ਮੀਲ 'ਤੇ ਸਥਿਤ ਹਨ।

**ਕੀਯੋ ਸਿੰਘਨ ਸਯੋਂ ਚਹਿ ਭਟ ਭੇਰੋ॥ ੧੪॥** ਖਾਲਸੇ ਨਾਲ ਟਾਕਰਾ ਕਰਨਾ ਚਹੁੰਦਾ ਹੈ। ੧੪।

**ਦੋਹਰਾ॥ਦੀਨਾ ਬੇਗ ਕੈ ਮੁਏ ਤੇ ਫ਼ੌਜ ਦੂਨੀ ਕਰੀ ਤਿਆਰ॥** ਅਦੀਨਾਂ ਬੇਗ ਦੇ ਮਰੇ ਤੋਂ ਬਾਅਦ ਬਿਸ਼ੰਭਰ ਖਤ੍ਰੀ ਪਹਿਲਾਂ ਨਾਲੋਂ ਦੁੱਗਣੀ ਫ਼ੌਜ ਤਿਆਰ ਕਰ ਲਈ ਹੈ।

**ਸੋਊ ਦੇਖ ਗਰਬਤ ਭਯੋ ਨਾਲ ਕੁੰਮਕੁ ਰਲਯੋ ਪਹਾਰ॥ ੧੫॥** ਉਸ ਫ਼ੌਜ ਨੂੰ ਵੇਖ ਕੇ ਬਿਸ਼ੰਭਰ ਨੂੰ ਹੰਕਾਰ ਹੋ ਗਿਆ ਅਤੇ ਨਾਲ ਪਹਾੜੀ ਫ਼ੌਜ਼ ਦੀ ਮਦਦ ਰਲ ਗਈ। ੧੫।

**ਚੌਪਈ॥ਸਿੰਘਨ ਕੀ ਉਨ ਖਬਰ ਮੰਗਾਈ॥** ਉਸ ਨੇ ਸਿੰਘਾਂ ਦੀ ਖ਼ਬਰ ਮੰਗਾਈ।

**'ਗਏ ਖਿੰਡ ਸਿੰਘ ਲੁੱਟਨ ਤਾਈਂ॥** ਕਿ ਸਿੰਘ ਲੁੱਟਣ ਵਾਸਤੇ ਖਿੰਡ ਗਏ ਸਨ।

**ਡੇਰਾ ਲਈਏ ਉਨ ਕੌ ਮਾਰ'॥** ਹੁਣ 'ਉਨ੍ਹਾਂ (ਸਿੰਘਾਂ)ਦਾ ਡੇਰਾ ਮਾਰ ਲਈਏ'।

**ਸੋ ਚੜ੍ਹ ਦੌੜਯੋ ਇਤੈ ਬੀਚਾਰ॥ ੧੬॥** ਇਹ ਵਿਚਾਰ ਕਰਕੇ ਦੌੜ ਲਾਈ ਇਸ ਨੇ, ਸਿੰਘਾਂ ਦੇ ਡੇਰੇ 'ਤੇ ਹੱਲਾ ਬੋਲਿਆ। ੧੬।

**ਦਿਯੋ ਟਿੰਡ ਜਿਮ ਉਨ ਦਲ ਤੋਰ॥** ਟਿੱਡੀ ਦਲ ਵਾਂਗ ਉਸ ਨੇ ਆਪਣਾ ਦਲ ਤੋਰ ਦਿੱਤਾ।

**ਜਾ ਢਕਯੋ ਵਹਿ ਸਿੰਘਨ ਕੋਰ॥** ਉਹ ਫ਼ੌਜ ਲੈ ਕੇ ਸਿੰਘਾਂ ਕੋਲ ਜਾ ਪਹੁੰਚਿਆ ।

**ਅਗੈ ਸਿੰਘਨ ਕਰੀ ਤਿਆਰੀ॥** ਅੱਗੋਂ ਸਿੰਘਾਂ ਨੇ ਵੀ ਲੜਨ ਦੀ ਤਿਆਰੀ ਕਰ ਲਈ।

**ਹੁਤੇ ਸਿੰਘ ਤਹਿਂ ਥੋੜੇ ਕਾਰੀ॥ ੧੭॥** ਉਥੇ ਡੇਰੇ ਵਿਚ ਥੋੜ੍ਹੇ ਬਹੁਤੇ ਹੀ ਸਿੰਘ ਸਨ। ੧੭।

**ਏਕ ਬਾਰ ਸਿੰਘ ਪਿਛੈ ਉਨ ਮੋੜੇ॥** ਇਕ ਵਾਰੀ ਤਾਂ ਸਿੰਘਾਂ ਨੂੰ ਪਿੱਛੇ ਮੋੜ ਦਿੱਤਾ ਉਸ ਨੇ।

**ਚਾੜ੍ਹ ਦੀਏ ਸਿਰ ਸਿੰਘਨ ਘੋੜੇ॥** ਘੋੜੇ ਸਿੰਘਾਂ ਦੇ ਸਿਰ 'ਤੇ ਜਾ ਚੜ੍ਹਾਏ।

**ਸਿਰਦਾਰਨ ਸਿਰ ਖੜ ਖਾਈ ਮਾਰ॥** ਸਿੰਘ ਸਰਦਾਰਾਂ ਨੇ ਖੜ੍ਹ ਕੇ ਆਪ ਦੇ ਸਿਰ 'ਤੇ ਮਾਰ ਖਾਧੀ।

**ਸੁਣ ਖੜਕੋ ਸਿੰਘ ਆਏ ਹਜ਼ਾਰ ॥ ੧੮॥** ਸਿੰਘ ਜੋ ਆਸੇ ਪਾਸੇ ਲੁੱਟਣ ਗਏ ਹੋਏ ਸਨ, ਬੰਦੂਕਾਂ ਦਾ ਖੜਾਕ ਸੁਣ ਕੇ ਹਜ਼ਾਰਾਂ ਹੀ ਸਿੰਘ ਆ ਗਏ। ੧੮।

**ਜਿਮ ਸੁਲਭੀ ਪਰ ਤਿਲਿਯਰ ਪੜੇ॥** ਜਿਵੇਂ (ਸੁਲਭੀ) ਸਿਉਂਕ ਤੇ ਤਿਲੀਅਰ ਪੰਛੀ ਆ ਕੇ ਪੈਂਦਾ ਹੈ।

**ਮਾਰ ਸਿੰਘਨ ਸੋ ਮੁਹਰੈ ਧਰੇ॥** ਮਾਰ-ਮਾਰ ਕੇ ਸਿੰਘਾਂ ਨੇ ਬਿਸ਼ੰਭਰ ਦੀ ਫ਼ੌਜ ਨੂੰ ਅੱਗੇ ਲਾ ਲਿਆ।

**ਤਦੇ ਬਿਸ਼ੰਭਰ ਮਨ ਮੈਂ ਧਾਰੀ॥** ਤਦ ਬਿਸ਼ੰਭਰ ਨੇ ਮਨ ਵਿਚ ਧਾਰਿਆ ਹੈ।

**ਨੱਠੀ ਫੌਜ ਸਿੰਘਨ ਤੈ ਹਾਰੀ॥ ੧੯॥** ਕਿ ਮੇਰੀ ਫ਼ੌਜ ਤਾਂ ਸਿੰਘਾਂ ਤੋਂ ਹਾਰ ਕੇ ਭੱਜ ਨਿਕਲੀ। ੧੯।

**ਦੋਹਰਾ॥ਬਿਸ਼ੰਭਰ ਘੋੜੋ ਛੋਡ ਤੌ ਖੜ ਰਹਯੋ ਰਣ ਭੂਮ ਮੰਝਾਰ॥** ਬਿਸ਼ੰਭਰ ਖੱਤਰੀ ਆਪਣਾ ਘੋੜਾ ਛੱਡ ਕੇ ਧਰਤੀ 'ਤੇ ਆ ਖੜ੍ਹਾ ਹੋਇਆ।

**ਕਰ ਹੱਲਾ ਸਿੰਘ ਆਇ ਪਰੇ, ਸਿਰ ਦੀਨੋ ਉਸੈ ਉਤਾਰ॥ ੨੦॥** ਸਿੰਘ ਹੱਲਾ ਕਰਕੇ ਆ ਪਏ ਤੇ ਉਸ ਦਾ ਸਿਰ ਲਾਹ ਦਿੱਤਾ ਧੜ ਤੋਂ। ੨੦।

**ਮਾਰ ਬਿਸ਼ੰਭਰ ਜਬ ਲੀਯੋ ਪਰੀ ਫੌਜ ਮੈਂ ਲੂਟ॥** ਜਦੋਂ ਬਿਸ਼ਭਰ ਖੱਤਰੀ ਮਾਰ ਲਿਆ, ਤਾਂ ਉਸ ਦੀ ਫ਼ੌਜ ਵਿਚ ਲੁੱਟ ਪਾ ਦਿੱਤੀ ਸਿੰਘਾਂ ਨੇ।

**ਘੋੜੇ ਤੰਬੂ ਬਹੁ ਲੁਟੇ ਮਾਲ ਭਰੇ ਲਏ ਊਠ॥ ੨੧॥** ਸਿੰਘਾਂ ਨੇ ਘੋੜੇ ਤੰਬੂ ਅਤੇ ਮਾਲ ਦੇ ਭਰੇ ਹੋਏ ਊਠ ਬਹੁਤੇ ਲੁੱਟੇ। ੨੧।

**ਚੌਪਈ॥ਹਜ਼ਾਰ ਬੀਸਕ ਊਠ ਘੋੜਾ ਰਲਾਯਾ॥** ਸਿੰਘਾਂ ਨੇ ਵੀਹ ਕੁ ਹਜ਼ਾਰ ਊਠ ਤੇ ਘੋੜੇ ਲੁੱਟੇ ਹੋਏ ਆਪਣੀ ਫ਼ੌਜ ਵਿਚ ਰਲਾ ਲਏ।

**ਭਰਾ ਭਰਾਇਓ ਡੇਰਾ ਮਿਲਾਯਾ॥** ਭਰਿਆ ਭਰਾਇਆ ਡੇਰਾ ਬਿਸ਼ੰਭਰ ਦਾ ਮਿਲ ਗਿਆ ਸਿੰਘਾਂ ਨੂੰ।

**ਬਿੱਚ ਬਜ਼ਾਰ ਚੀਜ਼ ਸੀ ਘਨੀ॥** ਬਜ਼ਾਰ ਦੇ ਵਿਚ ਬਹੁਤੀਆਂ ਵਸਤੂਆਂ ਸਨ।

**ਸੋਊ ਲੁਟੇਰਨ ਸਿੰਘਨ ਬਣੀ॥ ੨੨॥** ਉਹ ਸਭ ਵਸਤੂਆਂ ਲੁਟੇਰਿਆਂ ਤੇ ਸਿੰਘਾਂ ਦੀਆਂ ਬਣ ਗਈਆਂ। ੨੨।

**ਤੋਸ਼ੇ ਖਾਨੈ ਖਾਸ ਦਿਵਾਨ॥** ਦਿਵਾਨ ਬਿਸ਼ੰਭਰ ਦਾ ਜੋ ਖਾਸ਼ (ਤੋਸ਼ੇਖਾਨਾ) ਖ਼ਜ਼ਾਨਾ ਸੀ।

**ਜਿਨ ਢਹੇ ਆਯੋ ਚਕਯੋ ਉਠਾਨ॥** ਉਹ ਜਿਸ ਦੇ ਵੀ ਢਹੇ ਚੜ੍ਹਿਆ ਹੈ, ਉਸੇ ਚੁੱਕ ਕੇ ਉਠਾ ਲਿਆ।

**ਸ਼ਸਤ੍ਰ ਹੀਨ ਜੋ ਸਿੰਘ ਪਿਆਰੇ॥** ਜੋ ਗੁਰੂ ਕੇ ਪਿਆਰੇ ਸ਼ਸਤ੍ਰਾਂ ਤੋਂ ਬਗੈਰ ਸਨ, ਜਿਨ੍ਹਾਂ ਕੋਲ ਸ਼ਸਤ੍ਰ ਨਹੀਂ ਸਨ।

**ਤਿਨ ਨੇ ਸ਼ਸਤਰ ਬਹੁ ਸੰਭਾਰੇ॥ ੨੩॥** ਉਨ੍ਹਾਂ ਨੇ ਦੁਸ਼ਮਣ ਦੇ ਬਹੁਤੇ ਸ਼ਸਤ੍ਰਾਂ ਨੂੰ ਸੰਭਾਲਿਆ ਹੈ ਆਪਣੇ ਕੋਲ। ੨੩।

**ਕਈਅਨ ਘੋੜੇ ਦੁਇ ਦੁਇ ਫੜੇ॥** ਕਈਆਂ ਸਿੰਘਾਂ ਨੇ ਕਸੇ ਕਸਾਏ ਦੋ-ਦੋ ਘੋੜੇ ਫੜ ਲਏ।

**ਇਕ ਛੱਡ ਮੰਦੇ ਚੰਗਨ ਪੈ ਚੜ੍ਹੇ॥** ਕਈ ਸਿੰਘ ਕਮਜ਼ੋਰ ਘੋੜਿਆਂ ਨੂੰ ਛੱਡ ਕੇ ਵਧੀਆ ਤਾਜਾ ਘੋੜਿਆਂ 'ਤੇ ਚੜ੍ਹ ਗਏ।

**ਕਈਅਨ ਕੇ ਹੱਥ ਪੜੇ ਹਥਯਾਰ॥** ਕਈਆਂ ਸਿੰਘਾਂ ਦੇ ਵਧੀਆ-ਵਧੀਆ ਹਥਿਆਰ ਹੱਥ ਆ ਗਏ।

**ਭਏ ਦਲਿਦ੍ਰੋਂ ਕਈ ਇਮ ਪਾਰ॥ ੨੪॥** ਇਉਂ ਕਈ ਸਿੰਘ ਦਲਿਦ੍ਰ ਤੋਂ ਪਾਰ ਹੋ ਗਏ, ਭਾਵ ਉਨ੍ਹਾਂ ਦੀ ਗਰੀਬੀ ਦੂਰ ਹੋ ਗਈ। ੨੪।

**ਤੋਪਖਾਨੋਂ ਕਿਨ ਚੱਕਯੋ ਨਾਂਹਿ॥** ਬਿਸ਼ੰਭਰ ਦਾਸ ਦਾ ਤੋਪਖਾਨਾ ਕਿਸੇ ਸਿੰਘ ਨੇ ਨਾ ਚੁੱਕਿਆ, ਕਿਉਂਕਿ ਉਹ ਸਿੰਘਾਂ ਦੇ ਕਿਸੇ ਕੰਮ ਨਹੀਂ ਸੀ।

**ਦਯੋ ਫੂਕ ਸੋ ਉਸ ਹੀ ਥਾਂਹਿ॥** ਤੋਪਖਾਨੇ ਨੂੰ ਉਸੇ ਥਾ 'ਤੇ ਅੱਗ ਲਾ ਕੇ ਸਾੜ ਦਿੱਤਾ।

**ਸਈ ਅਠਾਰਾਂ ਅਠਾਰੈ ਸਾਲ॥** ਸੰਮਤ ਬਿਕ੍ਰਮੀ ਅਠਾਰ੍ਹਾ ਸੌ ਅਠਾਰ੍ਹਾਂ (੧੮੧੮) ਸੀ ਉਸ ਵੇਲੇ।

**ਮਾਰਯੋ ਬਿਸ਼ੰਭਰ ਲੁਟਯੋ ਉਸ ਮਾਲ॥ ੨੫॥** ਜਦੋਂ ਜਲੰਧਰ ਦੇ ਦਿਵਾਨ ਖੱਤਰੀ ਬਿਸ਼ੰਭਰ ਦਾਸ ਨੂੰ ਮਾਰਿਆ ਅਤੇ ਉਸ ਦਾ ਮਾਲ ਧਨ ਖਜ਼ਾਨਾ ਲੁੱਟਿਆ ਸੀ ਖਾਲਸੇ ਨੇ। ੨੫।

**ਇਤੀ ਬਿਸੰਭਰ ਬਧਹਿ।**

## ਆਗੈ ਮੁਲਖ ਮੱਲਨ ਕੀ ਸਾਖੀ ਤੁਰੀ॥

### (ਵਜਕਤੀ ਗਤ ਮੁਲਖ ਮੱਲਣਾ)

**ਦੋਹਰਾ॥ਇਮ ਹੁਤ ਥੋ ਖਲਸੋ ਮਿਥ ਤੁਰਯੋ ਕਰ ਬੁੰਗੇ ਅਕਾਲ ਅਰਦਾਸ॥** ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਖਾਲਸਾ ਪੰਥ ਅਰਦਾਸ ਕਰਕੇ, ਇਉਂ ਮਿਥ ਕੇ ਤੁਰਿਆ ਸੀ।

**ਜੋ ਜਹਿਂ ਰੱਯਤ ਆਇ ਮਿਲੈ ਰਹਿ ਪਿੰਡ ਉਸੈ ਸਿੰਘ ਪਾਸ॥ ੧॥** ਜਿਹੜੇ ਇਲਾਕੇ ਜਾਂ ਪਿੰਡ ਦੀ ਪਰਜ਼ਾ, ਜਿਹੜੇ ਸਰਦਾਰ ਨੂੰ ਆ ਕੇ ਮਿਲੇਗੀ ਕਿ ਖਾਲਸਾ ਜੀ ! ਅਸੀਂ ਤੁਹਾਡੀ ਪਰਜ਼ਾ ਬਣ ਕੇ ਰਹਿਣਾ ਚਹੁੰਦੇ ਹਾਂ, ਉਹ ਪਿੰਡ ਉਸੇ ਸਰਦਾਰ ਕੋਲ ਰਹੇਗਾ, ਇਉਂ ਗੁਰਮਤਾ ਕਰ ਲਿਆ ਸੀ ਖਾਲਸੇ ਨੇ। ੧।

**ਡੇਰਾ ਲੁਟਤੌ ਸਿੰਘ ਮੁੜੇ ਪੜੇ ਸੁ ਮੁਲਖਹਿ ਦੌੜ॥** ਦੀਵਾਨ ਬਿਸ਼ੰਭਰ ਖੱਤਰੀ ਦਾ ਡੇਰਾ ਲੁੱਟ ਕੇ ਸਿੰਘ ਮੁੜ ਆਏ ਅਤੇ ਮੁਲਕ ਮੱਲਣ ਦੀ ਦੌੜ ਵਿਚ ਪੈ ਗਏ।

**ਜੋ ਜਿਸ ਜਾਗ੍ਹਾ ਵੜ ਬਹਯੋ ਕਢਯੋ ਨ ਤਿਨ ਇਸ ਠੌਰ॥ ੨॥** ਜੋ ਵੀ ਕੋਈ ਸਿੰਘ ਸਰਦਾਰ ਕਿਸੇ ਪਿੰਡ ਸ਼ਹਿਰ ਜਾ ਕਸਬੇ ਵਿਚ ਵੜ ਕੇ ਬੈਠ ਗਿਆ, ਫਿਰ ਉਸ ਨੂੰ ਉਸ ਥਾਂ ਤੋਂ ਕੱਢਿਆ ਨਹੀਂ, ਉਹੀ ਮਾਲਕ ਬਣ ਗਿਆ ਉਸ ਜਗ੍ਹਾ ਦਾ। ੨।

***ਚੌਪਈ॥ ਜਿਸੈ ਪੈਰ ਜਹਾਂ ਕੋ ਪੜ ਰਹਯੋ॥*** ਜਿਸ ਸਿੰਘ ਦਾ ਜਿਥੇ ਵੀ ਪੈਰ ਪੈ ਰਿਹਾ, ਭਾਵ ਜਿਸ ਸਿੰਘ ਨੇ ਜਿਥੇ ਵੀ ਕਬਜ਼ਾ ਕਰ ਲਿਆ।

***ਕਿਸੈ ਨਿਕਾਰਤ ਨ ਕੋਊ ਭਯੋ॥*** ਕਿਸੇ ਨੇ ਵੀ ਇਕ ਦੂਜੇ ਨੂੰ ਉਸ ਥਾਂ ਤੋਂ ਨਾ ਕੱਢਿਆ।

***ਛੋਟੀ ਜਗ੍ਹਾ ਲਖ ਛੋਟੇ ਵੜੇ॥*** ਛੋਟੀਆਂ ਜਗ੍ਹਾ ਦੇਖ ਕੇ ਪਿੰਡਾਂ ਵਿਚ ਤਾਂ ਛੋਟੇ ਸਰਦਾਰ ਵੜ ਕੇ ਬੈਠ ਗਏ।

***ਵਡ ਸ਼ਹਿਰਨ ਸਿਰਦਾਰ ਵਡ ਖੜੇ॥ ੩॥*** ਜਿਹੜੇ ਵੱਡੇ-ਵੱਡੇ ਸ਼ਹਿਰ ਸਨ, ਉਥੇ ਵੱਡੇ-ਵੱਡੇ ਸਰਦਾਰ ਖੜ੍ਹੇ ਹੋ ਗਏ, ਉਨ੍ਹਾਂ ਨੂੰ ਵੱਡੇ ਸਰਦਾਰਾਂ ਨੇ ਮੱਲ ਲਿਆ। ਉਥੇ ਉਨ੍ਹਾਂ ਨੇ ਰਾਜਧਾਨੀਆਂ ਬੰਨ੍ਹ ਲਈਆਂ। ੩।

***ਕਿਨੈ ਸਾਕ ਦਿਨ ਸਯਾਣ ਕਢ ਲਈ॥*** ਕਿਸੇ ਨੇ ਆਪਸ ਵਿੱਚੀਂ ਰਿਸ਼ਤੇਦਾਰੀਆਂ ਕੱਢ ਲਈਆਂ ਕਿ ਉਂਝ ਜਾਣ ਪਛਾਣ ਕੱਢ ਲਈ ਆਪਸ ਵਿਚ।

***ਕਿਨੈ ਰੱਯਤ ਸੌਂ ਮਰਜ਼ੀ ਕਈ॥*** ਕਿਸੇ ਨੇ ਰਈਅਤ ਦੀ ਮਰਜ਼ੀ ਨਾਲ, ਜਿਥੇ ਪਰਜ਼ਾ ਨੇ ਕਹਿ ਦਿੱਤਾ, ਤੁਸੀਂ ਸਰਦਾਰ ਜੀ ਸਾਡੇ ਆ ਜਾਉ, ਕਈ ਸਿੰਘ ਨੇ ਰਈਅਤ ਦੀ ਮਰਜ਼ੀ ਨਾਲ ਪਿੰਡ ਮੱਲ ਲਏ।

***ਕਿਨੈ ਅਚਾਨਕ ਸੁੰਨੀ ਤਕਾਈ॥*** ਕਿਸੇ ਨੇ ਅਚਾਨਕ ਹੀ ਕੋਈ ਪਿੰਡਾਂ ਨੂੰ ਸੁੰਨਾ ਤੱਕਿਆ ਕਿ ਇਨ੍ਹਾਂ ਪਿੰਡਾਂ ਵਿਚ ਅਜੇ ਕੋਈ ਸਰਦਾਰ ਆਇਆ ਹੀ ਨਹੀਂ, ਵੇਹਲੇ ਪਏ ਹਨ ਪਿੰਡ।

***ਇਮ ਕਰ ਲੀਨੋ ਮੁਲਕ ਮਲਾਈ॥ ੪॥*** ਇਉਂ ਕਰਕੇ ਖਾਲਸੇ ਨੇ ਮੁਲਕ ਮੱਲ ਲਿਆ, ਜਿਥੇ ਜਿਥੇ ਕਿਸੇ ਸਰਦਾਰ ਨੇ ਮੱਲ ਮਾਰੀ ਉਸ ਨੂੰ ਮੁੜ ਕੇ ਕਿਸੇ ਨੇ ਕੱਢਿਆ ਨਹੀਂ ਉਥੋਂ। ਉਥੇ ਉਥੇ ਮਾਲਕ ਬਣ ਕੇ ਬੈਠ ਗਏ। ੪।

***ਵਡੀ ਠਕਰਾਇਤ ਕੀ ਜੋ ਜਗ੍ਹਾ॥*** ਜਿਹੜੀ ਕੋਈ ਵੱਡੀ (ਠਕਰਾਇਤ) ਠਕਰਾਈ, ਸਰਦਾਰੀ ਦੀ ਜੋ ਥਾਂ ਸੀ।

***ਸੋਊ ਸਰਦਾਰਨ ਵਡ ਗਲ ਲਗਾ॥*** ਉਹ ਥਾਂ ਵੱਡੇ ਸਰਦਾਰਾਂ ਦੇ ਜਾ ਲੱਗੀ। ਵੱਡੇ-ਵੱਡੇ ਸ਼ਹਿਰ ਵੱਡੇ ਕਸਬੇ ਉਹ ਤਕੜੇ ਸਰਦਾਰਾਂ ਨੇ ਮੱਲ ਲਏ।

***ਜਿਨ ਜਿਨ ਮਰਜੀ ਸਾਥ ਰੱਯਤ ਰਲਾਈ॥*** ਜਿਨ੍ਹਾਂ-ਜਿਨ੍ਹਾਂ ਸਰਦਾਰਾਂ ਸਿੰਘਾਂ ਨੇ ਪਰਜ਼ਾ ਦੀ ਮਰਜ਼ੀ ਅਨੁਸਾਰ ਉਸ ਨੂੰ ਆਪਣੇ ਨਾਲ ਰਲਾ ਲਿਆ।

***ਉਨ ਉਨ ਸੌਂ ਗਲ ਬਹੁ ਬਨਿ ਆਈ॥ ੫॥*** ਉਨ੍ਹਾਂ-ਉਨ੍ਹਾਂ ਸਿੰਘਾਂ ਨਾਲ ਪਰਜ਼ਾ ਦਾ ਬਹੁਤਾ ਪ੍ਰੇਮ ਬਣ ਗਿਆ, ਕਿਉਕਿ ਰਈਅਤ ਨੂੰ ਸਿੰਘਾਂ ਨੇ ਲੜ ਕੇ ਆਪਣੇ ਨਾਲ ਨਹੀਂ ਰਲਾਇਆ, ਸੁਲਹ ਨਾਲ ਆਪਣੇ ਨਾਲ ਰਲਾਇਆ। ੫।

***ਜਿਨ ਜਿਨ ਰੱਯਤ ਸੋ ਸ਼ਿਤਾਬ ਗੁਵਾਈ॥*** ਜਿਨ੍ਹਾਂ-ਜਿਨ੍ਹਾਂ ਸਿੰਘਾਂ ਨੇ ਪਰਜ਼ਾ ਨਾਲ ਛੇਤੀ ਵਿਗਾੜ ਪਾ ਲਿਆ।

***ਉਨ ਨੇ ਦੀਨੋ ਵਹੀ ਕਢਾਈ॥*** ਉਨ੍ਹਾਂ ਨੂੰ ਜਨਤਾ ਨੇ ਆਖਿਆ ਸਰਦਾਰ ਜੀ ! ਤੁਸੀਂ ਸਾਨੂੰ ਪ੍ਰਵਾਣ ਨਹੀਂ ਹੋ, ਤੁਸੀਂ ਤਾਂ ਧੱਕਾ ਕਰਦੇ ਹੋ, ਉਨ੍ਹਾਂ ਨੂੰ ਮੁਲਕ ਦੀ ਜਨਤਾ ਨੇ ਹੀ ਕੱਢ ਦਿੱਤਾ ਆਪੋ ਆਪਣੇ ਪਿੰਡਾਂ ਵਿੱਚੋਂ। ਕਹਿੰਦੇ ਜਾਉ ਕਿਤੇ ਹੋਰ ਰਹੋ ਜਾ ਕੇ।

***ਐਸੀ ਭਾਂਤ ਭਯੋ ਮੁਲਕ ਸੁ ਮੱਲ॥*** ਐਸੇ ਤਰੀਕੇ ਨਾਲ ਖਾਲਸੇ ਪੰਥ (ਬੁੱਢੇ ਦਲ) ਨੇ ਮੁਲਕ ਮੱਲ ਲਿਆ। ਸਭ ਤੋਂ ਪਹਿਲਾਂ ਬੁੱਢੇ ਦਲ ਨੇ ਦੁਆਬਾ ਮੁਲਕ ਮੱਲ ਲਿਆ।

***ਸੁਣ ਰਤਨ ਸਿੰਘ ਤਿਮ ਕਹੀ ਗੱਲ॥ ੬॥*** (ਮੈਂ) ਭਾਈ ਰਤਨ ਸਿੰਘ ਨੇ ਜਿਵੇਂ ਬਜ਼ੁਰਗਾਂ ਤੋਂ ਪ੍ਰਸੰਗ ਸੁਣਿਆ।, ਉਵੇਂ ਹੀ ਤੁਹਾਨੂੰ ਦੱਸਿਆ। ੬।

***ਦੋਹਰਾ॥ਜੇ ਕੋ ਕਿਸ ਕੋ ਫਿਰ ਕਢੈ ਤੋ ਮਿਸਲ ਉਪਰਾਲੋ ਹੋਇ॥*** ਜਦੋਂ ਥਾਵਾਂ-ਥਾਵਾਂ 'ਤੇ ਸਿੰਘਾਂ ਨੇ ਕਬਜ਼ਾ ਕਰ ਲਿਆ, ਜੇ ਫਿਰ ਉਨ੍ਹਾਂ ਸਿੰਘਾਂ ਨੂੰ ਕੋਈ ਵੱਡਾ ਸਰਦਾਰ ਆ ਕੇ ਕੱਢਦਾ ਕਿ ਇਹ ਪਿੰਡ ਮੇਰੇ ਇਲਾਕੇ ਵਿਚ ਆਉਂਦਾ ਹੈ ਇਸ 'ਤੇ ਮੈਂ ਕਬਜ਼ਾ ਕਰ ਲਵਾਂ, ਤਾਂ ਫਿਰ ਮਿਸਲਾਂ ਦੇ ਜੰਗੀ ਸਰਦਾਰਾਂ ਕੋਲ ਫ਼ਰਿਆਦਾਂ ਹੋਣ ਲੱਗ ਪਈਆਂ ਤਾਂ

ਮਿਸਲਾਂ ਦੇ ਸਰਦਾਰਾਂ ਵੱਲੋਂ ਉਥੇ ਪ੍ਰਬੰਧ ਹੁੰਦਾ।

***ਜੋ ਪਹਿਲੋਂ ਕੋ ਵੜ ਬਹਯੋ,ਉਸੈ ਦਿਵਾਵੈ ਸੋਇ॥ ੭॥*** ਜੋ ਮਿਸਲਾਂ ਦੇ ਵੱਡੇ ਸਰਦਾਰ ਸਨ, ਉਹ ਇਨਸਾਫ ਕਰਦੇ, ਉਹ ਉਸੇ ਸਿੰਘ ਨੂੰ ਉਹ ਜਗ੍ਹਾ ਦੁਆਉਂਦੇ ਜਿਹੜਾ ਉਥੇ ਪਹਿਲਾਂ ਮੱਲ ਕੇ ਬੈਠਾ ਸੀ। ੭।

***ਚੌਪਈ॥ਪਹਿਲੋਂ ਥੇ ਸਿੰਘ ਹੁਤੇ ਅਕਾਰੇ॥*** ਪਹਿਲਾਂ ਤਾਂ (ਅਕਾਰੇ) ਇਕੱਤਰੇ, ਇਕੱਲੇ-ਇਕੱਲੇ ਸਿੰਘ ਸਨ।

***ਮੁਲਕ ਲੁੱਟ ਹੋਏ ਦੁਇ ਦੁਇ ਚਾਰੇ॥*** ਮੁਲਕ ਨੂੰ ਲੁੱਟ ਕੇ ਦੋ-ਦੋ ਚਾਰ ਹੋ ਗਏ। ਕਿਉਂਕਿ ਪਹਿਲਾਂ ਸਿੰਘ ਅਣ ਵਿਆਹੇ ਸੀ, ਫਿਰ ਸ਼ਾਦੀਆਂ ਹੋ ਗਈਆਂ, ਫਿਰ ਸਾਲੇ ਭਣੋਈਏ ਆ ਗਏ, ਪ੍ਰਵਾਰ ਬਣ ਗਏ ਸਿੰਘਾਂ ਦੇ।

***ਆਈ ਉਗ੍ਰਾਹੀ ਉਨਕੈ ਪਾਸ॥*** ਜਦੋਂ ਮੁਲਕ ਦੀ ਉਗਰਾਹੀ ਉਨ੍ਹਾਂ ਦੇ ਕੋਲ ਆਈ।

***ਕਿਨੈ ਸੈਂਕਰ ਕਿਨ ਰੱਖੇ ਪਚਾਸ॥ ੮॥*** ਕਿਸੇ ਸਿੰਘ ਨੇ ਸੈਂਕੜੇ ਸਿਪਾਹੀ ਭਰਤੀ ਕਰ ਲਏ, ਕਿਸੇ ਸਿੰਘ ਨੇ ਪੰਜਾਹ ਸਿਪਾਹੀ ਆਪਣੀ ਤਾਬਿਆ ਰੱਖ ਲਏ। ੮।

***ਇਤੀ ਸਾਖੀ ਬੁੱਢੇ ਦਲ ਕੀ ਪੂਰਣੰ***

## ਸਾਖੀ ਦੂਜੇ (ਦੂਜੀ) ਤਰਨਾ ਦਲ ਕੀ ਚਲੀ

### (ਖਾਲਸੇ ਨੂੰ ਖੁੱਲ੍ਹਾਂ, ਅਹਿਮਦ ਸ਼ਾਹ ਨੇ ਤੁੰਮਣਦਾਰ ਛੱਡੇ)

***ਦੋਹਰਾ॥ਅਬ ਸੁਣ ਗੱਲ ਉਸ ਵੱਲ ਕੀ ਕਸੂਰ ਮਾਰ ਰਹੇ ਰੱਜ॥*** ਹੁਣ ਉਸ ਪਾਸੇ ਦੀ ਗੱਲ ਸੁਣੋ ਤਰਨੇ ਦਲ ਦੀ, ਜਿਵੇਂ ਕਸੂਰ ਸ਼ਹਿਰ ਨੂੰ ਮਾਰ ਕੇ ਸਿੰਘ ਰੱਜ ਕੇ ਬੈਠ ਰਹੇ।

***ਮਾਰਯੋ ਬਿਸ਼ੰਭਰ ਉਨ ਸੁਨਯੋ, ਔਰ ਮੁਲਕ ਲਯੋ ਦੱਬ॥ ੧॥*** ਉਨ੍ਹਾਂ (ਤਰਨੇ ਦਲ ਵਾਲਿਆਂ) ਨੇ ਸੁਣਿਆ ਕਿ ਬੁੱਢੇ ਦਲ ਨੇ ਬਿਸ਼ੰਭਰ ਦੀਵਾਨ ਨੂੰ ਮਾਰ ਕੇ ਸਾਰਾ ਦੁਆਬਾ ਮੁਲਕ ਮੱਲ ਲਿਆ। ੧।

***ਚੌਪਈ॥ਮੁਲਕ ਉਨੈ ਏਕਲ ਮਲ ਲਯਾ॥*** ਦੁਆਬਾ ਮੁਲਕ ਉਨ੍ਹਾਂ (ਬੁੱਢੇ ਦਲ) ਵਾਲਿਆਂ ਇਕੱਲਿਆਂ ਸਿੰਘਾਂ ਨੇ ਹੀ ਮੱਲ ਲਿਆ, ਤਰਨੇ ਦਲ ਵਾਲੇ ਕਹਿੰਦੇ ਹਨ।

***ਅਬ ਹਮ ਕੋ ਕਬ ਉਨ ਹਿੱਸਾ ਦਯਾ॥*** ਜੇ ਉਨ੍ਹਾਂ ਤੋਂ ਹੁਣ ਅਸੀਂ ਹਿੱਸਾ ਮੰਗੀਏ ਕਿ ਸਾਡਾ ਵੀ ਹਿੱਸਾ ਬਣਦਾ ਹੈ, ਤਾਂ ਹੁਣ ਕਦੋਂ ਉਨ੍ਹਾਂ ਨੇ ਸਾਨੂੰ ਹਿੱਸਾ ਦੇਣਾ ਹੈ।

***ਕੈ ਅਬ ਹਮ ਰਲ ਉਨ ਸੋਂ ਲਰੀਏ॥*** ਜਾਂ ਤਾਂ ਅਸੀਂ ਹੁਣ ਰਲ ਕੇ ਉਨ੍ਹਾਂ (ਬੁੱਢੇ ਦਲ ਵਾਲਿਆਂ) ਨਾਲ ਲੜੀਏ।

***ਕੈ ਕਛੁ ਔਰਹਿ ਉੱਦਮ ਕਰੀਏ॥ ੨॥*** ਜਾ ਕੁਛ ਹੋਰ ਉੱਦਮ ਕਰ ਲਈਏ ਤਰਨੇ ਦਲ ਵਾਲੇ ਇਉਂ ਸਲਾਹ ਕਰਦੇ। ੨।

***ਓਇ ਕਹੈਂ, 'ਹਮ ਲੁਟਣੋ' ਰਹੇ॥*** ਉਹ (ਬੁੱਢੇ ਦਲ) ਵਾਲੇ ਕਹਿੰਦੇ 'ਅਸੀਂ ਕਸੂਰ ਲੁੱਟਣ ਤੋਂ ਰਹਿ ਗਏ ਹਾਂ'।

***ਕਸੂਰ ਲੁਟਿ ਕੈ ਓਇ ਰਜ ਬਹੇ॥*** ਉਹ (ਤਰਨੇ ਦਲ ਵਾਲੇ) ਕਸੂਰ ਨੂੰ ਲੁੱਟ ਕੇ ਰੱਜ ਕੇ ਬੈਠ ਗਏ।

***ਅਬ ਕਯਾ ਹੋਤ ਹਮੈ ਪਛੁਤਾਵੈ॥*** ਹੁਣ ਸਾਡੇ ਪਛਤਾਏ ਤੋਂ ਕੀ ਹੁੰਦਾ ਹੈ? ਹੁਣ ਪਛਤਾਏ ਤੋਂ ਕੁਛ ਨਹੀਂ ਹੋ ਸਕਦਾ।

***ਹਮੈਂ ਹਾਥ ਕਬ ਵਹ ਲੂਟ ਆਵੈ॥ ੩॥*** ਸਾਡੇ ਹੱਥ ਉਹ ਲੁੱਟ (ਕਸੂਰ ਦੀ) ਕਦੋਂ ਆ ਸਕਦੀ ਹੈ। ਬੁੱਢੇ ਦਲ ਦੇ

ਸਿੰਘ ਕਹਿੰਦੇ। ੩।

***ਦੁਊ ਵੱਲ ਇਮ ਕਰੈਂ ਪਛੁਤਾਏ॥*** (ਬੁੱਢੇ ਤਰਨੈ ਦਲ ਦੇ) ਦੋਹਾਂ ਤਰਫਾਂ ਦੇ ਸਿੰਘ ਇਉਂ ਪਛਤਾਵਾ ਕਰਦੇ।

***ਜਿਤ ਜਿਤ ਕਰਮ ਤਿਤੋ ਤਿਤ ਪਾਏ॥*** ਜਿਸ ਜਿਸ ਦੇ ਕਰਮਾਂ ਵਿਚ ਜੋ ਕੁਛ ਸੀ, ਉਹ ਉਹ ਕੁਛ ਪ੍ਰਾਪਤ ਹੋ ਗਿਆ ਸਿੰਘਾਂ ਨੂੰ।

***ਤਬ ਇਨਕੈ ਦਿਲ ਉੱਦਮ ਆਯੋ॥*** ਤਦ ਇਨ੍ਹਾਂ (ਤਰਨੇ ਦਲ ਵਾਲਿਆਂ) ਦੇ ਦਿਲ ਵਿਚ ਉੱਦਮ ਆਇਆ।

***ਲਹੌਰ ਗਿਰਦ ਉਨ ਸੁੰਨੋ ਤਕਾਯੋ॥ ੪॥*** ਲਹੌਰ ਦੇ ਇਰਦ-ਗਿਰਦ ਦਾ ਇਲਾਕਾ ਉਨ੍ਹਾਂ ਨੇ ਸੁੰਨਾ ਤਕਾਇਆ। ੪।

***ਤੀਨ ਮਿਸਲ ਚੜ੍ਹ ਅੱਗੈ ਦੌੜੀ॥*** ਇਲਾਕਾ ਮੱਲਣ ਵਾਸਤੇ ਤਿੰਨ ਮਿਸਲਾਂ ਚੜ੍ਹ ਕੇ ਅੱਗੇ ਨੂੰ ਦੌੜੀਆਂ।

***ਦੋਇ ਫਿਰੀ ਮਾਝੈ ਔ ਪਹਾੜਨ ਓੜੀ॥*** ਦੋ ਮਿਸ਼ਲਾਂ ਮਾਝੇ ਅਤੇ ਪਹਾੜ ਦੀ ਤਰਫ ਨੂੰ ਮੁੜ ਪਈਆਂ। ਓੜੀ=ਓਰ, ਤਰਫ

***ਮਾਝੈ ਮੈਂ ਥੇ ਜਿਨ ਕੇ ਗ੍ਰਾਮ॥*** ਜਿਨ੍ਹਾਂ ਸਿੰਘਾਂ ਦੇ ਮਾਝੇ ਵਿਚ ਪਿੰਡ ਸਨ।

***ਸੋ ਸੋ ਕੀਨੇ ਉਨ ਉਨ ਕਾਇਮ॥ ੫॥*** ਉਸ ਪਿੰਡ ਵਿਚ ਉਨ੍ਹਾਂ-ਉਨ੍ਹਾਂ ਸਿੰਘਾਂ ਨੇ ਆਪਣੀ ਸਰਦਾਰੀ ਕਾਇਮ ਕਰ ਲਈ। ੫।

***ਦੋਹਰਾ॥ਨਕਈ ਸੁ ਵਲ ਨੱਕੋ ਤੁਰੇ ਭੰਗੀ ਪੱਛਮ ਤੈ ਮੁਲਤਾਨ॥*** ਨਕਈ ਮਿਸਲ ਵਾਲੇ ਨੱਕੇ ਦੇਸ਼ ਵਾਲ ਨੂੰ ਤੁਰ ਪਏ ਅਤੇ ਭੰਗੀ ਮਿਸਲ ਵਾਲੇ ਪੱਛਮ ਤੇ ਮੁਲਤਾਨ ਦੇ ਇਲਾਕੇ ਨੂੰ ਮੱਲਣ ਵਾਸਤੇ ਤੁਰ ਪਏ। ਨੱਕਾ ਦੇਸ=ਲਹੌਰ ਤੋਂ ਦੱਖਣ ਰਾਵੀ ਅਤੇ ਸਤਲੁਜ ਦੇ ਵਿਚਕਾਰਲਾ ਇਲਾਕਾ।

***ਚੜ੍ਹ ਸਿੰਘ ਲਾਂਭੇ ਛਾਂਭ ਤਕ ਵਿਚ ਵਿਚ, ਰੋਕੇ ਥਾਨ॥ ੬॥*** ਚੜ੍ਹਤ ਸਿੰਘ ਸ਼ੁਕ੍ਰਚੱਕੀਏ ਨੇ (ਲਾਂਭ ਛਾਂਭ) ਇਧਰ-ਉਧਰ ਦੇ ਇਲਾਕੇ ਤੱਕ ਕੇ, ਕੁਜਰਾਂ ਵਾਲੇ ਦਾ ਇਲਾਕਾ, ਓਧਰ ਨਨਕਾਣੇ ਦੀ ਬਾਰ, ਸਰਗੋਧੇ ਦੀ ਬਾਰ, ਏਧਰ ਝਨਾ ਵਗਦਾ ਓਧਰ ਰਾਵੀ ਵਗਦੀ ਹੈ, ਉਹ ਇਲਾਕਾ ਸਭ ਸੁੰਨਾ ਹੀ ਪਿਆ ਸੀ, ਉਸ ਇਲਾਕੇ ਵਿਚ ਵਿਚ ਉਸ ਨੇ ਅਸਥਾਨ ਰੋਕ ਲਏ। ੬।

***ਚੌਪਈ॥ਚੜ੍ਹ ਸਿੰਘ ਆਪ ਕਜਾ ਕੀ ਤਾਣ॥*** ਚੜ੍ਹਤ ਸਿੰਘ ਆਪ ਮੌਤ ਦੇ ਬਲ ਜੇਡਾ ਸੀ।

***ਰੋਕਯੋ ਮੁਲਕ ਸੁ ਘੋੜੇ ਖਾਣ॥*** ਉਸ ਦਾ ਮੁਲਕ ਇਕ ਤਾਂ ਪਹਿਲੌ ਤੋਂ ਅਬਾਦ ਸੀ, ਦੂਜਾ ਉਹ ਘੋੜਿਆਂ ਦੀ ਖਾਣ ਸੀ। ਜਿਥੇ ਬਹੁਤ ਚੰਚਲ ਤੇ ਸੁੰਦਰ ਘੋੜੇ ਪੈਦਾ ਹੁੰਦੇ ਸਨ, ਉਹ ਮੁਲਕ ਰੋਕਿਆ ਚੜ੍ਹਤ ਸਿੰਘ ਨੇ।

***ਕੁਜਰਾਂਵਾਲ ਬਹਾਯਾ ਠਾਣਾ॥*** ਕੁੱਜਰਾ ਵਾਲੇ ਆਪਣਾ ਠਾਣਾ ਬੈਠਾਇਆ ਚੜ੍ਹਤ ਸਿੰਘ ਨੇ, ਏਥੇ ਕੋਟ ਬੰਨ੍ਹਿਆ, ਕਿਲ੍ਹਾ ਬਣਾਇਆ ਹੈ।

***ਔਰ ਮੁਲਕ ਕਰਿਓ ਲੁਟ ਖਾਣਾ॥ ੭॥*** ਹੋਰ ਮੁਲਕ ਵੀ ਲੁੱਟ ਕੇ ਖਾਣਾ ਕੀਤਾ। ੭।

***ਭੰਗੀਅਨ ਮੈਂ ਭਏ ਬਹੁ ਸਰਦਾਰ॥*** ਭੰਗੀਆਂ ਦੀ ਮਿਸਲ ਵਿਚ ਬੜੇ-ਬੜੇ ਜੰਗੀ ਸਰਦਾਰ ਹੋਏ।

***ਉਨ ਬਹੁ ਘੇਰਯੋ ਉਰਾਰ ਔ ਪਾਰ॥*** ਉਨ੍ਹਾਂ ਨੇ ਰਾਵੀ ਦੇ ਉਰਲਾ ਅਤੇ ਪਰਲਾ ਪਾਸਾ ਬਹੁਤਾ ਰੋਕ ਲਿਆ।

***ਚੜ੍ਹ ਸਿੰਘ ਸੋਂ ਰਾਖੈਂ ਖਹੋ ਖਈ॥*** ਭੰਗੀ ਸਰਦਾਰ ਚੜ੍ਹਤ ਸਿੰਘ ਨਾਲ ਖਹਾ ਖਹੀ ਰੱਖਦੇ, ਭਾਵ ਨੋਕ-ਝੋਕ ਰੱਖਦੇ ਸਨ।

***ਚੜ੍ਹ ਸਿੰਘ ਉਨ ਸੋਂ ਘੁਲਤ ਬਿਤਈ॥ ੮॥*** ਚੜ੍ਹਤ ਸਿੰਘ ਨੇ ਉਨ੍ਹਾਂ (ਭੰਗੀਆਂ) ਨਾਲ ਘੁਲਦਿਆਂ (ਲੜਦਿਆਂ-ਭਿੜਦਿਆਂ) ਉਮਰ ਬਿਤਾ ਦਿੱਤੀ। ੮।

***ਦੋਹਰਾ॥ ਕਸੂਰ ਲੁਟੀ ਬਿਸ਼ੰਭਰ ਕੁਟਾ, ਲਭਯੋ ਸਿੰਘਨ ਬਡ ਮਾਲ॥*** ਤਰਨੇ ਦਲੀਆਂ ਨੇ ਕਸੂਰ ਨੂੰ ਲੁੱਟਿਆ, ਬੁੱਢੇ ਦਲ ਨੇ ਬਿਸ਼ੰਭਰ ਖੱਤ੍ਰੀ ਨੂੰ ਕੁੱਟਿਆ ਮਾਰਿਆ ਅਤੇ ਦੁਆਬਾ ਮੱਲ ਲਿਆ। ਸਿੰਘਾਂ ਨੂੰ ਦੋਵਾਂ ਥਾਵਾਂ ਕਸੂਰ ਅਤੇ ਦੁਆਬੇ ਤੋਂ ਬੜਾ ਮਾਲ ਧਨ ਲੱਭਿਆ।

***ਬਹੁ ਖਾਲਸੋ ਫਰਬੋ ਭਯੋ, ਤੁਰਕਨ ਭਯੋ ਬੁਰ ਹਾਲ॥ ੯॥*** ਖਾਲਸਾ ਬਹੁਤ ਵਧਿਆ, ਫੁਲਿਆ ਫਲਿਆ ਅਤੇ ਤੁਰਕਾਂ

ਦਾ ਬੁਰਾ ਹਾਲ ਹੋ ਗਿਆ। ਤੁਰਕ ਕੰਗਾਲ ਹੋ ਗਏ। ੯।

**ਚੌਪਈ॥ਬਹੁਤ ਸ਼ੋਰ ਸਿੰਘਨ ਕੋ ਭਯੋ॥** ਸਿੰਘਾਂ ਦਾ ਬੜਾ ਬੋਲ-ਬਾਲਾ ਹੋ ਗਿਆ ਸਾਰੇ ਇਲਾਕੇ ਵਿਚ।

**ਤਰਫ਼ ਚਾਰ ਦੁਸ਼ਟਨ ਗਮ ਪਯੋ॥** ਚਾਰੋਂ ਪਾਸੇ ਹੀ ਤੁਰਕਾਂ ਤੇ ਹਿੰਦੂ ਦੁਸ਼ਟਾਂ ਨੂੰ ਗ਼ਮ ਪੈ ਗਿਆ।

**ਲਹੌਰ ਮਾਂਹਿ ਜੋ ਤੁਰਕ ਫ਼ੁਜਦਾਰ॥** ਲਹੌਰ ਵਿਚ ਜੋ ਤੁਰਕਾਂ ਦੇ ਫ਼ੌਜਦਾਰ ਸਨ।

**ਖਰਚ ਬਿਨਾ ਸੋ ਭਯੋ ਲਚਾਰ॥ ੧੦॥** ਖ਼ਰਚੇ ਤੋਂ ਬਿਨਾਂ ਉਹ ਦੁਖੀ ਹੋ ਗਏ, ਉਨ੍ਹਾਂ ਨੂੰ ਤਨਖ਼ਾਹਾਂ ਮਿਲਣੀਆਂ ਬੰਦ ਹੋ ਗਈਆਂ। ੧੦।

**ਲਗੇ ਲਹੌਰ ਕੋਲ ਲੁਟ ਲੁਟ ਖਾਣ॥** ਉਹ ਲਹੌਰ ਦੇ ਆਸ ਪਾਸ ਲੁੱਟ-ਲੁੱਟ ਕੇ ਖਾਣ ਲੱਗੇ।

**ਬਾਹਰ ਨਿਕਲਨ ਕੋ ਉਸੈ ਨ ਤਾਣ॥** ਲਹੌਰ ਤੋਂ ਬਾਹਰ ਨਿੱਕਲ ਕੇ ਸਿੰਘਾਂ ਨਾਲ ਲੜਨ ਜੋਗੀ, ਉਨ੍ਹਾਂ ਵਿਚ ਤਾਕਤ ਨਹੀਂ ਸੀ ਰਹੀ, ਕਿ ਸਿੰਘਾਂ ਨਾਲ ਲੜ ਕੇ ਮੁਲਕ ਉਗਰਾਹ ਸਕਣ।

**ਸਿੰਘਨ ਲਯੋ ਸਭ ਮੁਲਕ ਉਗਰਾਹਿ॥** ਸਿੰਘਾਂ ਨੇ ਆ ਕੇ ਸਾਰਾ ਮੁਲਕ ਉਗਰਾਹ ਲਿਆ, ਤੁਰਕਾਂ ਦੇ ਉਗਰਾਹੁਣ ਵਾਸਤੇ ਕੋਈ ਇਲਾਕਾ ਨਹੀਂ ਛੱਡਿਆ।

**ਫ਼ੌਜ ਭਈ ਕਮ ਲਹੌਰੈ ਮਾਂਹਿ॥ ੧੧॥** ਜਦੋਂ ਫ਼ੌਜ ਨੂੰ ਤਨਖ਼ਾਹ ਨਾ ਮਿਲੀ, ਉਹ ਨੌਕਰੀ ਛੱਡ ਕੇ ਭੱਜ ਗਏ, ਇਸ ਤਰ੍ਹਾਂ ਲਹੌਰ ਦੇ ਵਿਚ ਫ਼ੌਜ ਦੀ ਗਿਣਤੀ ਘਟ ਗਈ। ੧੧।

**ਲਹੌਰ ਬਾਹਰ ਤੁਰਕ ਫਿਰਨ ਨ ਪਾਵੈਂ॥** ਲਹੌਰ ਤੋਂ ਬਾਹਰ ਨਿਕਲ ਕੇ ਤੁਰਕਾਂ ਨੂੰ ਤੁਰਨਾ ਫਿਰਨਾ ਮੁਸ਼ਕਲ ਹੋ ਗਿਆ।

**ਉਨਕੋ ਬਾਹਰੋਂ ਪੈਸੋ ਨ ਆਵੈ॥** ਉਨ੍ਹਾਂ ਨੂੰ ਮੁਲਕ ਵਿੱਚੋਂ ਬਾਹਰੋਂ ਪੈਸਾ ਨਹੀਂ ਆਉਂਦਾ ਗੁਜ਼ਾਰੇ ਵਾਸਤੇ।

**ਪੈਸੇ ਬਿਨ ਕਬ ਮਿਲੈ ਸਿਪਾਹਿ॥** ਪੈਸੇ ਤੋਂ ਬਿਨਾਂ ਸਿਪਾਹੀ ਕਦੋਂ ਮਿਲਦੇ, ਬਿਨਾਂ ਤਨਖ਼ਾਹ ਤੋਂ ਫ਼ੌਜ ਨਹੀਂ ਮਿਲ ਰਹੀ।

**ਇਮ ਕਰ ਫੌਜ ਭਈ ਘਟ ਵਾਹਿ॥ ੧੨॥** ਇਸ ਕਰਕੇ ਉਥੇ ਲਹੌਰ ਵਿਚ ਫ਼ੌਜ ਬਹੁਤ ਘੱਟ ਹੋ ਗਈ। ੧੨।

**ਦੋਹਰਾ॥ਤਬ ਕਾਬਲ ਤੈ ਦੁਇ ਤੁਮਨ ਭੇਜੇ ਅਹਿਮਦ ਸ਼ਾਹਿ॥** ਅਹਿਮਦ ਸ਼ਾਹ ਅਬਦਾਲੀ ਨੱਕ ਵਢਾ ਕੇ ਗਿਆ। ਉਸ ਨੇ ਆਖਿਆ, ਸਿੰਘ ਤਾਂ ਬੜੀ ਬਲਾਉ ਹਨ, ਫੈਲ ਗਏ ਹਨ ਸਾਰੇ ਪੰਜਾਬ ਵਿਚ, ਉਸ ਨੇ ਫ਼ੌਜ ਦੇ ਦੋ ਵੱਡੇ (ਤੁਮਨ) ਦਸਤੇ ਬਾਰ੍ਹਾਂ-ਬਾਰ੍ਹਾਂ ਹਜ਼ਾਰ ਦੇ ਭੇਜੇ।

**ਸਿਰ ਬੁਲੰਦ ਔ ਜਹਾਨ ਖਾਂ ਆਇ ਬਹੇ ਪੰਜਾਬਹਿ ਮਾਂਹਿ॥ ੧੩॥** ਸਰ ਬੁਲੰਦ ਖ਼ਾਂ ਅਤੇ ਜਹਾਨ ਖ਼ਾਂ ਪਠਾਣਾਂ ਦੀ ਭਾਰੀ ਫ਼ੌਜ ਲੈ ਕੇ ਪੰਜਾਬ ਵਿਚ ਆ ਬੈਠੇ। ੧੩।

**ਚੌਪਈ॥ਸਿਰ ਬੁਲੰਦ ਆਇ ਬਹਯੋ ਰਵਤਾਸ॥** ਸਰ ਬੁਲੰਦ ਖ਼ਾਂ ਰੋਹਤਾਸ ਦੇ ਕਿਲ੍ਹੇ ਵਿਚ ਇਕ ਤੁਮਣ ਗਿਲਜ਼ਿਆਂ ਦੀ ਫ਼ੌਜ ਦਾ ਲੈ ਕੇ ਬੈਠ ਗਿਆ।

**ਹੋ ਰਹਯੋ ਸੂਬੋ ਸੁ ਅਟਕੈ ਖਾਸ॥** ਉਹ ਅਟਕ ਦਾ ਖਾਸ ਸੂਬੇਦਾਰ ਹੋ ਕੇ ਬੈਠ ਗਿਆ।

**ਜਹਾਂਨ ਖਾਂ ਕੀਓ ਸਯਾਲਕੋਟ ਡੇਰੋ॥** ਜਹਾਨ ਖ਼ਾਂ ਸਿਆਲਕੋਟ ਵਿਚ ਡੇਰਾ ਲਾ ਕੇ ਬੈਠ ਗਿਆ।

**ਸਿੰਘਨ ਸਿਉਂ ਕੀਯੋ ਚਹਿ ਭਟਭੇਰੋ॥ ੧੪॥** ਸਿੰਘਾਂ ਨਾਨ ਜੁੱਧ ਕਰਨਾ ਚਹੁੰਦੇ ਸਨ। ੧੪।

**ਤਮੁਰ ਸ਼ਾਹਿ ਲਾਹੌਰੈ ਬਹਿਓ॥** ਅਬਦਾਲੀ ਦਾ ਪੁੱਤਰ ਤੈਮੂਰ ਸ਼ਾਹ ਮੁਲਤਾਨ ਦੇ ਉੱਪਰ ਦੀ ਹੋ ਕੇ ਲਹੌਰ ਆ ਬੈਠਾ।

**ਐਸੋ ਬਿਉਂਤ ਤਬ ਗਿਲਜਨ ਕਯੋ॥** ਤਦੋਂ ਐਸੀ ਵਿਉਂਤਬੰਦੀ ਕੀਤੀ ਗਿਲਜਿਆਂ ਨੇ।

**ਕਰਤ ਲੜਾਈ ਫੌਜ ਸਕੇਲੀ॥** ਲੜਾਈ ਕਰਨ ਵਾਸਤੇ ਫ਼ੌਜ ਇਕੱਠੀ ਕੀਤੀ।

**ਕਰੀ ਇਕੱਠੀ ਜੇਤੀ ਸਭ ਮੇਲੀ॥** ਜਿੰਨੀਂ ਫ਼ੌਜ ਇਕੱਠੀ ਕੀਤੀ ਲਹੌਰੀਆਂ ਦੀ ਅਤੇ ਓਧਰਲੀ ਫ਼ੌਜ ਗਿਲਜਿਆਂ ਦੀ ਇਕ

ਥਾਂ ਇਕੱਠੀ ਕਰਕੇ ਮੇਲ ਲਈ।

**ਮੁਲਤਾਨ ਕਸ਼ਮੀਰ ਲਏ ਪਿਛੈ ਭਖਰ ਪਾਇ॥** ਮੁਲਤਾਨ, ਕਸ਼ਮੀਰ ਅਤੇ ਭੱਖਰ, ਸੱਖਰ ਇਹ ਸੂਬੇ ਪਿੱਛੋ, ਆਪਣੇ ਰਾਜ ਕਾਬਲ ਵਿਚ ਪਾ ਲਏ।

**ਲਏ ਕਾਬਲ ਸਿਉਂ ਸੂਬੇ ਪੰਜ ਲਾਇ॥੧੫॥** ਕਾਬਲ ਦੇ ਨਾਲ ਪੰਜ ਸੂਬੇ ਮਿਲਾ ਲਏ ਸਨ। ੧੫।

**੧ਓ ਸ੍ਰੀ ਵਾਹਿਗੁਰੂ ਜੀ ਕੀ ਫਤੇ॥**

**ਤ੍ਵ ਪ੍ਰਸਾਦਿ॥ ਅਕਾਲ ਸਹਾਏ**

## ਸਾਖੀ ਦੋਊ ਦਲ ਕੀ ਲਿਖ੍ਯਤੇ॥

### (ਬੁੱਢਾ ਤੇ ਤਰਨਾਂ ਦਲ। ਕੁਜਰਾਂਵਾਲੇ ਪਰ ਸੂਬੇ ਦਾ ਹੱਲਾ)

**ਦੋਹਰਾ॥ਦਲ ਬੁੱਢੈ ਦੁਆਬੋ ਮਲਯੋ ਭਏ ਤਰਨ ਸੁ ਰਾਵੀ ਪਾਰ॥** ਬੁੱਢੇ ਦਲ ਨੇ ਦੁਆਬਾ ਦੇਸ਼ ਮੱਲ ਲਿਆ ਅਤੇ ਤਰਨਾਂ ਦਲ ਰਾਵੀਓਂ ਪਾਰ ਹੋ ਗਿਆ।

**ਤੋੜ੍ਰੈ ਦੁਆਬੇ ਮਲ ਬਹਯੋ, ਤੁਰਕਨ ਆਈ ਹਾਰ॥ ੧॥** (ਤੋੜ੍ਰੈ) ਜੰਗ ਕਰਕੇ ਬੁੱਢਾ ਦਲ ਦੁਆਬਾ ਮੱਲ ਕੇ ਬੈਠ ਗਿਆ, ਤੁਰਕਾਂ ਦੇ ਹਿੱਸੇ ਹਾਰ ਆਈ। ਦੁਆਬੇ ਦਾ ਰਾਜ ਭਾਗ ਤੁਰਕਾਂ ਕੋਲੋਂ ਚਲਿਆ ਗਿਆ ਹੈ।

**ਚੜ੍ਹ ਸਿੰਘ ਕੁਜਰੈਵਾਲ ਮਲ ਕਰੈ ਚੁਤਰਫੈ ਦੌਰ॥** ਚੜ੍ਹਤ ਸਿੰਘ ਨੇ ਕੁਜਰਾਂਵਾਲਾ ਮੱਲ ਕੇ ਉਥੋਂ ਚਾਰੋਂ ਪਾਸੇ ਕਸ਼ਮੀਰ, ਪਸ਼ੌਰ, ਸਿੰਧ, ਸਰਗੋਧੇ ਆਦਿਕ ਨੂੰ ਮਾਰ ਕਰਦਾ ਦੌੜ ਕੇ।

**ਕਾਬਲ ਗਹਿ ਤੌ ਬੰਦ ਭਯੋ, ਔ ਭਯੋ ਮੁਲਕ ਮੈਂ ਰੌਰ ॥ ੨॥** ਕਾਬਲ ਦਾ ਤਾਂ ਬੰਦ ਹੋ ਗਿਆ ਅਤੇ ਸਾਰੇ ਮੁਲਕ ਵਿਚ ਰੌਲਾ ਪੈ ਗਿਆ ਹੈ। ੨।

**ਚੌਪਈ॥ਜਬ ਜਗ ਮੈਂ ਯੌ ਰੌਲਾ ਪਰਾ॥** ਇਸ ਗੱਲ ਦਾ ਜਦੋਂ ਸਾਰੇ ਜਗਤ ਵਿਚ ਰੌਲਾ ਪੈ ਗਿਆ।

**ਲਹੌਰ ਸੂਬੈ ਸੁਨ ਗੁੱਸਾ ਕਰ੍ਹਾ॥** ਲਹੌਰ ਦੇ ਸੂਬੇਦਾਰ ਨੇ ਸੁਣ ਕੇ ਗੁੱਸਾ ਕੀਤਾ ਹੈ।

**ਚੜ੍ਹਯੋ ਨਬਾਬ ਬਡ ਲੈ ਤੁਪਖਾਨੋ॥** ਨਵਾਬ ਤੈਮੂਰ ਸ਼ਾਹ ਲਹੌਰ ਤੋਂ ਬੜਾ ਭਾਰੀ ਤੋਪਖਾਨਾ ਲੈ ਕੇ ਚੜ੍ਹ ਪਿਆ।

**ਕੁਜਰਾਂਵਾਲ ਗਿਰਦ ਘੇਰੋ ਠਾਨੋ॥ ੩॥** ਕੁਜਰਾਂਵਾਲੇ ਦੁਆਲੇ ਘੇਰਾ ਪਾ ਲਿਆ। ੩।

**ਫੌਜ ਗਿਰਦ ਭਈ ਤੀਸ ਹਜ਼ਾਰ॥** ਕੁਜਰਾਂਵਾਲੇ ਕਿਲ੍ਹੇ ਦੁਆਰਲੇ ਘੇਰੇ ਵਾਲੀ ਤੁਰਕਾਂ ਦੀ ਫ਼ੌਜ ਦੀ ਗਿਣਤੀ ਤੀਹ ਹਜ਼ਾਰ ਹੋ ਗਈ।

**ਹਜ਼ਾਰ ਕੁ ਸਿੰਘ ਵੜਯੋ ਅੰਦਰ ਵਾਰ॥** ਕਿਲ੍ਹੇ ਦੇ ਅੰਦਰ ਚੜ੍ਹਤ ਸਿੰਘ ਨਾਲ ਹਜ਼ਾਰ ਕੁ ਸਿੰਘ ਦਾਖ਼ਲ ਹੋ ਗਿਆ।

**ਤੁਰਕ ਆਟਾ ਅਰ ਸਿੰਘ ਮਧ ਲੂਣ॥** ਤੁਰਕ ਦੀ ਫ਼ੌਜ ਆਟੇ ਦੀ ਤਰ੍ਹਾਂ ਹੈ ਅਤੇ ਸਿੰਘਾਂ ਦੀ ਗਿਣਤੀ ਲੂਣ ਵਾਂਗ, ਉਧਰ

ਤੁਰਕਾਂ ਦੀ ਫ਼ੌਜ ਤੀਹ ਹਜ਼ਾਰ ਹੈ, ਏਧਰ ਸਿੰਘਾਂ ਦੀ ਇੱਕ ਹਜ਼ਾਰ ਫ਼ੌਜ।

***ਪਰ ਤੁਰਕਨ ਕੈ ਪੈ ਰਹੀ ਸੂਨ॥ ੪॥*** ਪਰ ਫਿਰ ਵੀ ਤੀਹ ਹਜ਼ਾਰ ਫ਼ੌਜ ਦੇ ਹੁੰਦਿਆਂ (ਸੂਨ) ਸੁੰਨਸਾਨ, ਉਜਾੜ ਹੀ ਹੈ। ਏਧਰ ਸਿੰਘ ਚੜ੍ਹਦੀ ਕਲਾ ਵਿਚ ਸਨ। ੪।

***ਤੁਪਖਾਨਾ ਦਯੋ ਇਕ ਵਲ ਲਾਇ॥*** ਕੁਝਰਾਂ ਵਾਲੇ ਦੇ ਕਿਲ੍ਹੇ ਦੇ ਇਕ ਪਾਸੇ ਤੋਪਖਾਨਾ ਬੀੜ ਦਿੱਤਾ।

***ਦਯੋ ਫੌਜ ਵਾਲੇ ਤਿੰਨ ਖੜਾਇ॥*** ਬਾਕੀ ਤਿੰਨਾਂ ਪਾਸਿਆਂ ਵੱਲ ਫ਼ੌਜ ਖੜ੍ਹੀ ਕਰ ਦਿੱਤੀ।

***ਅੰਦਰ ਕੋਊ ਵੜਨੇ ਨ ਪਾਵੈ॥*** ਬਾਹਰ ਤੋਂ ਕੋਈ ਸਿੰਘ ਕਿਲ੍ਹੇ ਅੰਦਰ ਨਹੀਂ ਵੜਦਾ, ਕਿਉਂਕਿ ਕਿਲ੍ਹੇ ਨੂੰ ਘੇਰਾ ਪਿਆ ਹੋਇਆ ਹੈ ਤੁਰਕ ਫ਼ੌਜਾਂ ਦਾ।

***ਬਾਹਰ ਫੌਰਜ ਸੁ ਰਲਤੀ ਆਵੈ॥ ੫॥*** ਬਾਹਰ ਤੁਰਕਾਂ ਦੀ ਫ਼ੌਜ ਨਾਲ ਹੋਰ ਫ਼ੌਜ ਰਲਦੀ ਆਉਂਦੀ ਹੈ। ੫।

***ਤਬ ਸਿੰਘਨ ਕੋ ਔਖੀ ਬਨੀ॥*** ਤਦ ਸਿੰਘਾਂ ਨੂੰ ਔਖੀ ਆ ਬਣੀ ਮੁਸੀਬਤ ਆ ਬਣੀ ਹੈ।

***ਪਰੀ ਸਿੰਘਨ ਕੋ ਗਿਣਤੀ ਘਨੀ॥*** ਸਿੰਘਾਂ ਨੂੰ ਬਹੁਤੀ ਸੋਚ ਪੈ ਗਈ ਹੈ।

***ਤਬ ਚੜ੍ਹ ਸਿੰਘ ਨੇ ਯੋ ਰਿਦ ਧਾਰੀ॥*** ਤਦੋਂ ਸ: ਚੜ੍ਹਤ ਸਿੰਘ ਨੇ ਇਉਂ ਦਿਲ ਵਿਚ ਇਰਾਦਾ ਕਰ ਲਿਆ ਹੈ।

***ਨਿਕਲ ਜਾਈਏ ਕਈ ਮੋਰਚੋ ਮਾਰੀ॥ ੬॥*** ਕਿ ਆਪਾਂ ਕਿਸੇ ਪਾਸਿਓਂ ਮੋਰਚਾ ਮਾਰ ਕੇ ਨਿਕਲ ਜਾਈਏ।

***ਦੋਹਰਾ॥ਹੁਤੋ ਸਿੰਘ ਚਕਰੈਲ ਇਕ ਤਿਨ ਯੌਂ ਕਹੀ ਸੁਨਾਇ॥*** ਤੈਮੂਰ ਦੀ ਫ਼ੌਜ ਵਿਚ ਇਕ (ਚਕਰੈਲ) ਚਾਕਰੀ ਕਰਨ ਵਾਲਾ, ਇਕ ਸਿੰਘ ਸੀ ਉਸ ਨੇ ਚੜ੍ਹਤ ਸਿੰਘ ਨੂੰ ਸੁਣਾ ਕੇ ਇਉਂ ਕਿਹਾ।

***'ਦੁਇ ਸੈ ਸਿੰਘ ਹਮ ਸਾਥ ਹੈਂ, ਹਮ ਰਲਹੈਂ ਤੁਮ ਸੰਗ ਆਇ॥ ੭॥*** ਦੋ ਸੌ ਸਿੰਘ ਸਾਡੇ ਨਾਲ ਹਨ ਤੈਮੂਰ ਦੀ ਫ਼ੌਜ ਵਿਚ, ਜਦੋਂ ਸਾਡੀ ਲੋੜ ਪਈ ਅਸੀਂ ਤੇਰੇ ਨਾਲ ਆ ਰਲਾਂਗੇ ਕਿਲ੍ਹੇ ਵਿਚ। ੭।

***ਚੌਪਈ॥ਜੌ ਤੁਮ ਪੈ ਬਡ ਪੈ ਜਾਇ ਜ਼ੋਰ॥*** ਜਦੋਂ ਤੁਹਾਡੇ 'ਤੇ ਤੁਰਕ ਫ਼ੌਜਾਂ ਵੱਲੋਂ ਬੜਾ ਭਾਰੀ ਜ਼ੋਰ ਪੈ ਜਾਇਗਾ।

***ਤੌ ਤੁਮਕੈ ਹਮ ਆਇ ਬੜੈਂ ਕੋਰੰ॥*** ਉਨ੍ਹਾਂ ਸਿੰਘਾਂ ਨੇ ਚੜ੍ਹਤ ਸਿੰਘ ਨੂੰ ਕਿਹਾ, 'ਤਾਂ ਉਦੋਂ ਅਸੀਂ ਤੁਹਾਡੇ ਕੋਲ ਆ ਵੜਾਂਗੇ ਕਿਲ੍ਹੇ ਵਿਚ, ਉਦੋਂ ਸਿੰਘ ਸਾਰੇ ਦਾਉ ਖੇਡ ਲੈਂਦੇ ਸੀ ਸਿੰਘ, ਦੇਖ ਲਉ ਨੌਕਰੀ ਵੀ ਕਰ ਲਈ ਹੈ ਸਿੰਘਾਂ ਨੇ, ਇਹ ਨੀਤੀ ਦੀ ਬਾਤ ਹੈ ਨਾ, ਨਾਲੇ ਤਾਂ ਦੁਸ਼ਮਣ ਦਾ ਭੇਦ ਲਗਦਾ ਨਾਲੇ ਸਮਾਂ ਪਾ ਕੇ ਸਿੰਘਾਂ ਦੀ ਮਦਦ ਕਰ ਸਕਦੇ ਸਨ। ਇਸ ਕਰ ਕੇ ਕੁਛ ਸਿੰਘਾਂ ਨੇ ਨੌਕਰੀ ਵੀ ਕਰ ਲਈ ਸੀ।

***ਤੁਮ ਤੈ ਫੌਜ ਤੁਰਕ ਬਹੁ ਡਰੈ॥*** ਤੁਹਾਡੇ ਕੋਲੋਂ ਤੁਰਕ ਬਹੁਤ ਡਰਦੇ ਹਨ।

***ਨਹਿੰ ਤੁਮ ਪਰ ਕੋਊ ਹੱਲਾ ਕਰੈ॥ ੮॥*** ਨਾ ਹੀ ਤੁਹਾਡੇ ਉੱਤੇ ਕੋਈ ਹੱਲਾ ਹੀ ਕਰੇਗਾ। ੮।

***ਜੋ ਕਛੁ ਸਿੰਘ ਆਇ ਬਾਹਰੋਂ ਪਰੈਂ॥*** ਜੇ ਕੁਝ ਸਿੰਘਾਂ ਦਾ ਜੱਥਾ ਬਾਹਰੋਂ ਹੱਲਾ ਬੋਲ ਕੇ ਆ ਪਵੇ ਇਹਨਾਂ 'ਤੇ।

***ਵਿਚੈ ਲੁਟਾਈ ਹਮ ਭੀ ਧਰੈਂ॥*** ਅਸੀ ਵੀ ਵਿਚੇ ਹੀ ਤੁਰਕਾਂ ਦੀ ਲੁੱਟ ਧਰ ਲਵਾਂਗੇ, ਲੁੱਟ ਪਾ ਦਿਆਂਗੇ।

***ਉਨ ਸੋਚੀ ਸੋਚੀ ਬਨ ਆਈ॥*** ਉਨ੍ਹਾਂ ਸਿੰਘਾਂ ਨੇ ਜਿਹੜੀ ਸਕੀਮ ਸੋਚੀ ਸੀ, ਉਹੀ ਗੱਲ ਬਣ ਆਈ ਹੈ।

***ਸਿੰਘਨ ਕੀ ਤਹਿੰ ਭਈ ਅਵਾਈ॥ ੯॥*** ਉਥੇ ਸਿੰਘਾਂ ਦੇ ਆਉਣ ਦੀ ਅਫਵਾਹ ਫੈਲ ਗਈ, ਕਿਉਂਕਿ ਬੁੱਢਾ ਦਲ ਦੋਆਬਾ ਰੋਕੀ ਬੈਠਾ ਸੀ, ਉਥੇ ਅਫਵਾਹ ਫੈਲ ਗਈ ਕਿ ਬੁੱਢਾ ਦਲ ਆ ਰਿਹਾ ਚੜ੍ਹਤ ਸਿੰਘ ਦੀ ਮਦਦ 'ਤੇ। ੯।

***ਤੌ ਚਕਰੈਲ ਸੂਬੇ ਪੈ ਗਯੋ॥*** ਤਾਂ ਨੌਕਰੀ ਕਰਨ ਵਾਲੇ ਸਿੰਘ ਲਹੌਰ ਦੇ ਸੂਬੇਦਾਰ ਤੈਮੂਰ ਕੋਲ ਗਏ।

***ਜਾਇ ਨਵਾਬ ਡਰਾਵਤ ਭਯੋ॥*** ਜਾ ਕੇ ਨਵਾਬ ਨੂੰ ਡਰਾਇਆ, ਜਾ ਕੇ ਉਸ ਨੂੰ ਖ਼ਬਰ ਦਿੱਤੀ।

***ਆਵਤ ਖਾਲਸੋ ਸਭ ਲਰ ਜੋਰ॥*** ਸਾਰਾ ਖਾਲਸਾ ਬੜੇ ਜ਼ੋਰ ਨਾਲ ਏਧਰ ਨੂੰ ਆ ਰਿਹਾ ਲੜਨ ਵਾਸਤੇ।

**ਵੜਨ ਨ ਦੇਵੈ ਤੁਝੈ ਲਹੌਰ॥ ੧੦॥** ਜਦੋਂ ਖਾਲਸਾ ਆ ਪਹੁੰਚਿਆਂ ਤਾਂ ਤੈਨੂੰ ਲਹੌਰ ਵਿਚ ਨਹੀਂ ਵੜਨ ਦਿੰਦੇ, ਮੌਕਾ ਹੁਣੇ ਹੀ ਹੈ ਜੇ ਭੱਜਣਾ ਹੈ ਤਾਂ। ੧੦।

**ਜੌ ਭਲ ਚਾਹੈਂ ਚੜ੍ਹ ਚਲ ਅੱਬ॥** ਜੇ ਭਲੀ ਚਾਹੁੰਦਾ ਹੈ, ਤਾਂ ਹੁਣੇ ਹੀ ਲਹੌਰ ਨੂੰ ਕੂਚ ਕਰ ਜਾ, ਜੇ ਉਹ ਆ ਗਏ ਤਾਂ ਫਿਰ ਨਹੀਂ ਭੱਜਣ ਦੇਣਾ ਉਨ੍ਹਾਂ ਨੇ।

**ਫੇਰ ਹੁਇ ਜਾਊਗੁ ਖੋਟੋ ਢੱਬ॥** ਫਿਰ ਤਾ ਖੋਟਾ ਢੰਗ ਹੋ ਜਾਇਗਾ ਜਦੋਂ ਸਿੰਘਾਂ ਨੇ ਆ ਦਰਸ਼ਨ ਦਿੱਤੇ।

**ਸੋ ਸੁਨ ਨਬਾਬ ਕੋ ਪਿਸੂ ਪਰੇ॥** ਉਸ ਦੀ ਗੱਲ ਸੁਣ ਕੇ ਨਵਾਬ ਬਹੁਤ ਘਬਰਾ ਗਿਆ ਹੈ।

**ਥਰਹਰ ਕੰਪੇ ਮਨ ਸੋਚਾਂ ਕਰੇ॥ ੧੧॥** ਤੈਮੂਰ ਥਰਥਰ ਕੰਬਦਾ ਹੋਇਆ ਮਨ ਵਿਚ ਚਿੰਤਾ ਕਰ ਰਿਹਾ ਹੈ। ੧੧।

**ਦੋਹਰਾ॥ਤਬ ਸੈ ਦੋਇਕ ਸਿੰਘ ਕੋ ਪਰਯੋ ਰਾਤ ਸੋਊ ਆਇ॥** ਕੁਦਰਤੀਂ, ਤਦ ਦੋ ਕੁ ਸੌ ਸਿੰਘ ਬਾਹਰੋਂ ਆ ਪਿਆ ਹੈ, ਰਾਤ ਨੂੰ ਹੱਲਾ ਬੋਲ ਕੇ।

**ਮਾਰ ਸਭ ਖੂਨੀ ਆਇ ਵੜੈ, ਚੜ੍ਹ ਸਿੰਘ ਜੀ ਕੀ ਪਾਇ॥ ੧੨॥** ਸਭ ਖੂੰਖਾਰ ਸਿੰਘ ਤੁਰਕਾਂ ਨੂੰ ਮਾਰ ਕੇ, ਕਿਲ੍ਹੇ ਵਿਚ ਆ ਵੜੇ ਹਨ, ਕਿਲ੍ਹੇ ਵਿਚ ਚੜ੍ਹਤ ਸਿੰਘ ਦੇ ਕੋਲ। ੧੨।

**ਚੌਪਈ॥ਨਿਬਾਬ ਲਗੀ ਚਿਤ ਸਿੰਘ ਜੀ ਕੀ ਬਾਤ॥** ਨਵਾਬ ਤੈਮੂਰ ਦੇ ਦਿਲ ਨੂੰ ਚਕਰੈਲ ਸਿੰਘ ਦੀ ਕਹੀ ਹੋਈ ਗੱਲ ਲੱਗ ਗਈ ਹੈ ਕਿ ਉਹ ਸੱਚੀ ਹੋ ਗਈ ਜੋ ਉਸ ਨੇ ਕਹੀ ਸੀ।

**ਨਠਯੋ ਕੂਚ ਕਰ ਉਸ ਹੀ ਰਾਤ॥** ਉਸੇ ਹੀ ਰਾਤ ਉਸ ਨੇ ਲਹੌਰ ਨੂੰ ਕੂਚ ਕਰ ਦਿੱਤਾ।

**ਹੋਤੋ ਸਿੰਘ ਸੁ ਚਾਕਰ ਓਸ॥** ਉਹ ਸਿੰਘ ਉਸੇ (ਤੈਮੂਰ) ਦਾ ਨੌਕਰ ਸੀ।

**ਪਾਇ ਦਈ ਉਨ ਵਿੱਚੇ ਖੋਸ॥ ੧੩॥** ਤੈਮੂਰ ਦੇ ਨਾਲ ਜਿਹੜੇ ਦੋ ਕੁ ਸੌ ਸਿੰਘ ਨੌਕਰ ਸਨ, ਉਨ੍ਹਾਂ ਨੇ ਵਿੱਚੋਂ ਹੀ ਲੁੱਟ ਖੋਹ ਪਾ ਦਿੱਤੀ। ੧੩।

**ਤੋਪਖਾਨੋ ਰਹਯੋ ਊਹਾਂ ਖੜਾ॥** ਗਿਲਜਿਆਂ ਦਾ ਤੋਪਖਾਨਾ ਉਥੇ ਹੀ ਖੜ੍ਹਾ ਰਹਿ ਗਿਆ।

**ਨਿਬਾਬ ਤਬੈ ਨੱਠ ਏਕਲਾ ਚੜ੍ਹਾ॥** ਤਦ ਨਵਾਬ ਇਕੱਲਾ ਹੀ ਘੋੜੇ 'ਤੇ ਚੜ੍ਹ ਕੇ ਭੱਜ ਨਿਕਲਿਆ ਥੋੜ੍ਹੇ ਜਿਹੇ ਸਿਪਾਹੀ ਲੈ ਕੇ ਕਿ ਚੱਲੋ ਮੈਂ ਤਾਂ ਨਿਕਲਾਂ ਇਥੋਂ।

**ਸੁਨਤ ਸੁ ਚੜ੍ਹ ਸਿੰਘ ਚੜ੍ਹ ਗਯੋ ਗੈਲ॥** ਜਦੋਂ ਚੜ੍ਹਤ ਸਿੰਘ ਨੇ ਸੁਣਿਆ ਕਿ ਨਵਾਬ ਭੱਜ ਗਿਆ ਹੈ, ਸੁਣਦਿਆਂ ਹੀ ਚੜ੍ਹਤ ਸਿੰਘ ਵੀ ਕਿਲ੍ਹੇ ਦਾ ਬੂਹਾ ਖੋਲ੍ਹ ਕੇ ਸਿੰਘਾਂ ਨਾਲ ਉਸ ਦੇ ਮਗਰੇ ਹੀ ਚੜ੍ਹ ਗਿਆ ਹੈ।

**ਕਰੀ ਲੂਟ ਔ ਕੁਟ ਬਹੁਤੈਲ॥ ੧੪॥** ਚੜ੍ਹਤ ਸਿੰਘ ਨੇ ਉਨ੍ਹਾਂ ਦੀ ਬੜੀ ਲੁੱਟ ਕੀਤੀ ਅਤੇ ਕੁੱਟਿਆ ਬਹੁਤਿਆਂ ਨੂੰ। ੧੪।

**ਨਵਾਬ ਨੱਠ ਵਲ ਚਲਯੋ ਲਹੌਰ॥** ਨਵਾਬ ਭੱਜ ਕੇ ਲਹੌਰ ਵੱਲ ਨੂੰ ਚੱਲਿਆ।

**ਕਰੀ ਸਿੰਘਨ ਉਸ ਗੈਲੇ ਦੌੜ॥** ਸਿੰਘਾਂ ਨੇ ਵੀ ਉਸ ਦੇ ਮਗਰ ਹੀ ਦੌੜ ਕਰ ਦਿੱਤੀ।

**ਬਹੁਤ ਮਾਲ ਹਥ ਚੜ੍ਹ ਸਿੰਘ ਅਯੋ॥** ਬਹੁਤ ਸਾਰਾ ਮਾਲ ਧਨ ਚੜ੍ਹਤ ਸਿੰਘ ਦੇ ਹੱਥ ਲੱਗਿਆ।

**ਉਸ ਦਿਨ ਤੇ ਸੋ ਵਧ ਸਿੰਘ ਭਯੋ॥ ੧੫॥** ਉਸ ਦਿਨ ਤੋਂ ਉਹ ਚੜ੍ਹਤ ਸਿੰਘ ਤੋਂ ਵਧ ਸਿੰਘ ਹੋ ਗਿਆ, ਵਾਧਾ ਜਿਉਂ ਹੋ ਗਿਆ, ਫ਼ੌਜ ਵੀ ਆ ਗਈ, ਘੋੜੇ ਵੀ ਆ ਗਏ, ਖਜ਼ਾਨਾ ਵੀ ਆ ਗਿਆ ਅਤੇ ਤੋਪਖਾਨਾਂ ਵੀ ਆ ਗਿਆ ਬਣਿਆ ਬਣਾਇਆ ਕਿਲ੍ਹਾ ਉਸ ਨੇ ਪਹਿਲਾਂ ਹੀ ਉਸਾਰਿਆ ਹੋਇਆ ਸੀ। ੧੫।

**ਦੋਹਰਾ॥ਜਬ ਨਿਬਾਬ ਚੜ੍ਹ ਸਿੰਘ ਹਨਯੋ ਸਿੰਘਨ ਵਧਯੋ ਪ੍ਰਤਾਪ॥** ਜਦੋਂ ਨਵਾਬ ਦੀ ਫ਼ੌਜ ਨੂੰ ਮਾਰ ਲਿਆ ਸਿੰਘਾਂ ਨੇ, ਚੜ੍ਹਤ ਸਿੰਘ ਦਾ ਉਸ ਦਿਨ ਤੋਂ ਬੜਾ ਪ੍ਰਤਾਪ ਵਧਿਆ।

**ਚੜ੍ਹ ਝਨਾਉਂ ਖਾਲਸੋ ਲੰਘਯੋ ਕੀਨੇ ਤੁਰਕ ਬਡ ਖਾਪ॥ ੧੬॥** ਬਹੁਤੇ ਤੁਰਕਾਂ ਨੂੰ ਖਪਾ ਕੇ ਮਾਰ ਕੇ ਖਾਲਸਾ ਚੜ੍ਹਾਈ

ਕਰਕੇ ਝਨਾ ਦਰਿਆ ਤੋਂ ਪਾਰ ਲੰਘ ਗਿਆ। ੧੬।

***ਚੌਪਈ॥ਗੁਜਰ ਸਿੰਘ ਟੱਪ ਮਲੀ ਗੁਜਰਾਤ॥*** ਸ: ਗੁੱਜਰ ਸਿੰਘ ਨੇ ਛਾਲ ਮਾਰ ਕੇ ਗੁਜਰਾਤ ਜਾ ਮੱਲੀ।

***ਕਰਮ ਸਿੰਘ ਖਾਵੋ ਲਿਓ ਜਾਤ॥*** ਸ: ਕਰਮ ਸਿੰਘ ਨੇ ਖਾਵੋ ਦਾ ਇਲਾਕਾ ਜਾ ਲਿਆ।

***ਸਿਆਲਕੋਟ ਮਲ ਲਯੋ ਸ਼ਹੀਦਨ॥*** ਬਾਬਾ ਦੀਪ ਸਿੰਘ ਜੀ ਦੀ ਸ਼ਹੀਦਾਂ ਦੀ ਮਿਸਲ ਦੇ ਸ: ਕਰਮ ਸਿਘ, ਨੱਥਾ ਸਿੰਘ, ਦਿਆਲ ਸਿੰਘ ਨੇ ਸਿਆਲ ਕੋਟ ਦਾ ਇਲਾਕਾ ਮੱਲ ਲਿਆ ਹੈ।

***ਸਭ ਸਿਧ ਕਾਜ ਖਾਲਸੇ ਦਿਨ ਦਿਨ॥ ੧੭॥*** ਦਿਨੋਂ ਦਿਨ ਸਾਰੇ ਕਾਰਜ਼ ਸਿੱਧ ਹੋਈ ਜਾਂਦੇ ਹਨ ਖਾਲਸੇ ਦੇ, ਚੜ੍ਹਦੀ ਕਲਾ ਹੋਈ ਤੁਰੀ ਜਾਂਦੀ ਹੈ। ੧੭।

## ਸਾਖੀ ਨਵਾਬ ਸਰ ਬੁਲੰਦ ਫੜਨੇ ਕੀ ਤੁਰੀ

### (ਸਰ ਬੁਲੰਦ ਨੂੰ ਫੜ ਕੇ ਛਡਿਆ ਤੇ ਸਫਰ ਖ਼ਰਚ ਦੇ ਕੇ ਕਾਬਲ ਨੂੰ ਟੋਰ ਦਿੱਤਾ)

***ਦੋਹਰਾ॥ਚੜ੍ਹ ਸਿੰਘ ਚੜ੍ਹ ਜਿਹਲਮ ਟਪਯੋ ਸਿਲ ਸਿਰ ਬੁਲੰਦ ਫੁਜਦਾਰ॥*** ਚੜ੍ਹਤ ਸਿੰਘ ਹੱਲਾ ਕਰਕੇ ਜਿਹਲਮ ਦਰਿਆਓਂ ਪਾਰ ਹੋ ਗਿਆ, ਉਸ ਨੇ ਸਰ ਬੁਲੰਦ ਖ਼ਾਂ ਫ਼ੌਜਦਾਰ ਜੋ ਅਹਿਮਦ ਸ਼ਾਹ ਅਬਦਾਲੀ ਦਾ ਚਾਚਾ ਸੀ, ਉਸ ਦੀ (ਸਿਲ) ਜਸੂਸੀ ਕਰਵਾਈ ਖ਼ਬਰ ਮੰਗਾਈ ਅਤੇ ਉਸ ਤੇ ਚੜ੍ਹਾਈ ਕਰਨ ਦੀ ਵਿਉਂਤ ਬਣਾ ਲਈ ਕਿ ਹੁਣ ਇਸ ਨੂੰ ਵੀ ਜਰਾ ਕੁ ਹੱਥ ਵਿਖਾਈਏ, ਕਿਉਂਕਿ ਸਿੰਘ ਵੇਹਲੇ ਤਾਂ ਬੈਠ ਨਹੀਂ ਸੀ ਸਕਦੇ, ਜੰਗ-ਜੁੱਧ ਵਿਚ ਹੀ ਸਿੰਘਾਂ ਦਾ ਦਿਲ ਲਗਦਾ ਹੈ।

***ਡੇਰਾ ਬੈਠਾ ਲਾਇ ਸੋ ਕਿਲ੍ਹੇ ਰਵਤਾਸ ਮਝਾਰ॥ ੧॥*** ਰੋਹਤਾਸ, ਜਿਹਲਮ ਜ਼ਿਲ੍ਹੇ ਦਾ ਇਕ ਕਿਲ੍ਹਾ, ਜੋ ਜਿਹਲਮ ਸ਼ਹਿਰ ਤੋਂ ਦਸ ਕੋਹ ਉਤਰ ਪੱਛਮ ਵੱਲ ਹੈ। ਇਸ ਕਿਲ੍ਹੇ ਨੂੰ ਸ਼ੇਰ ਸ਼ਾਹ ਸੂਰੀ ਨੇ ਬਣਵਾਇਆ ਸੀ, ਉਸ ਕਿਲ੍ਹੇ ਵਿਚ ਉਹ (ਸਰ ਬੁਲੰਦ ਖ਼ਾਂ) ਡੇਰਾ ਲਾ ਕੇ ਬੈਠਾ ਸੀ। ੧।

***ਚੌਪਈ॥ਹੁਤੋ ਬਹੁਤ ਥੋ ਮਨ ਮਗਰੂਰ॥*** ਮਨ ਦਾ ਬਹੁਤ ਹੀ ਹੰਕਾਰੀ ਸੀ ਉਹ।

***ਹੁਤੋ ਗਿਲਜਨ ਮੈਂ ਸੋ ਵਡ ਸੂਰ॥*** ਉਹ ਗਿਲਜਿਆਂ ਵਿੱਚੋਂ ਵੱਡਾ ਸੂਰਵੀਰ ਯੋਧਾ ਸੀ।

***ਬੇ-ਗਮ ਹੁਇ ਪੜ ਰਹਿਓ ਸੋਇ॥*** ਉਹ (ਬੇਗਮ) ਬੇ-ਗਮ, ਬੇਫਿਕਰ ਨਿਸਚਿੰਤ ਹੋ ਕੇ ਪਿਆ ਰਿਹਾ ਕਿਲ੍ਹੇ ਵਿਚ।

***ਮਧ ਪਹਾੜਨ ਕਿਲੋ ਲਖ ਸੋਇ॥ ੨॥*** ਪਹਾੜਾਂ ਦੇ ਵਿਚ ਕਿਲ੍ਹਾ ਵੇਖ ਕੇ, ਇਹ ਕਿਲ੍ਹਾ ਕਸ਼ਮੀਰ ਦੇ ਪਹਾੜਾ ਨਾਲ ਜਾ ਲਗਦਾ ਸੀ। ੨।

***ਚੜ੍ਹ ਸਿੰਘ ਨੈ ਸੋ ਸ਼ਿਕਾਰ ਤਕਾਯਾ॥*** ਚੜ੍ਹਤ ਸਿੰਘ ਨੇ ਉਸ ਨੂੰ ਆਪਣਾ ਸ਼ਿਕਾਰ ਤਕਾਇਆ ਕਿ ਇਸ ਦਾ ਸ਼ਿਕਾਰ ਕਰੀਏ।

***ਦੇ ਫੇਰੀ ਵਿਚ ਸਸਾ ਛੁਹਾਇਆ॥*** ਚੜ੍ਹਤ ਸਿੰਘ ਨੇ ਉਸ ਕਿਲ੍ਹੇ ਦੁਆਲੇ ਗੇੜਾ ਮਾਰ ਕੇ, ਸਹੇ, ਖਰਗੋਸ਼ ਨੂੰ ਝਾਕਾ ਦਿੱਤਾ।

**ਢੁੱਕ ਨੇੜਿਓਂ ਫਿਰ ਦੂਰ ਹੁਇ ਆਯਾ॥** ਚੜ੍ਹਤ ਸਿੰਘ ਕਿਲ੍ਹੇ ਦੇ ਨੇੜੇ ਢੁੱਕ ਕੇ ਦੂਰ ਦੀ ਹੋ ਕੇ ਮੁੜ ਆਇਆ ਝਾਕਾ ਜਿਹਾ ਦੇ ਕੇ।

**ਦਿਸ ਬਿਧ ਉਸਕੋ ਚਿੱਤ ਵਧਾਯਾ॥ ੩॥** ਇਸ ਤਰ੍ਹਾਂ ਕਰਕੇ ਚੜ੍ਹਤ ਸਿੰਘ ਨੇ ਉਸ ਸਰ ਬੁਲੰਦ ਖ਼ਾਂ ਦਾ (ਚਿਤ ਵਧਾਯਾ) ਦਿਲ ਵਧਾਇਆ। ਹੌਂਸਲਾ ਵਧਾਇਆ ਕਿ ਫ਼ੌਜ ਡਰਦੀ ਭੱਜ ਗਈ ਹੈ। ੩।

**ਉਨ ਜਾਨਯੋ ਅਬ ਸਿੰਘ ਮੁੜ ਗਏ॥** ਉਸ ਨੇ ਜਾਣਿਆ ਕਿ ਸਿੰਘ ਮੇਰੇ 'ਤੇ ਚੜ੍ਹ ਕੇ ਆਏ ਸੀ ਤੇ ਹੁਣ ਡਰਦੇ ਵਾਪਸ ਵੀ ਮੁੜ ਗਏ।

**ਮਗਰ ਸਿੰਘਨ ਸਮ ਗਿਲਜੇ ਭਏ॥** ਸਿੰਘਾਂ ਦੇ ਮਗਰੇ ਹੀ ਗਿਲਜ਼ੇ ਹੋ ਤੁਰੇ ਟੱਕਰ ਲੈਣ ਵਾਸਤੇ।

**ਤੌ ਚੜ੍ਹ ਸਿੰਘ ਉਨ ਦੇ ਕੈ ਦਾਉ॥** ਤਾਂ ਚੜ੍ਹਤ ਸਿੰਘ ਉਨ੍ਹਾਂ ਨੂੰ ਝਕਾਨੀ ਦੇ ਕੇ, ਦਾਉ ਖੇਡ ਕੇ।

**ਮੁੜ ਲੰਘਯੋ ਔਰ ਪਤਨ ਦਰਯਾਉ॥ ੪॥** ਚੜ੍ਹਤ ਸਿੰਘ ਜਿਹਲਮ ਦਰਿਆ ਦੇ ਹੋਰ ਪੱਤਨ ਦੇ ਰਾਹੀਂ ਮੁੜ ਗਿਆ ਹੈ ਵਾਪਸ ਰੋਹਤਾਸ ਕਿਲ੍ਹੇ ਨੂੰ। ੪।

**ਜਾਇ ਚੜ੍ਹਯੋ ਸੁ ਕਿਲ੍ਹੈ ਰਵਤਾਸ॥** ਰੋਹਤਾਸ ਕਿਲ੍ਹੇ ਦੇ ਦਰਵਾਜ਼ੇ ਅਜੇ ਖੁਲ੍ਹੇ ਹੀ ਸਨ, ਕਿਉਂਕਿ ਸਰ ਬੁਲੰਦ ਖ਼ਾਂ ਦੀ ਫ਼ੌਜ ਚੜ੍ਹਤ ਸਿੰਘ ਦੀ ਪਿੱਛੇ ਚੜ੍ਹੀ ਹੋਈ ਹੱਲਾ ਕਰਕੇ। ਚੜ੍ਹਤ ਸਿੰਘ ਕਿਲ੍ਹੇ ਵਿਚ ਜਾ ਚੜ੍ਹਿਆ।

**ਬੁਰਜ ਮੱਲ ਬਹਯੋ ਚਾਰੋਂ ਪਾਸ॥** ਕਿਲ੍ਹੇ ਦੇ ਚਾਰੇ ਬੁਰਜਾਂ ਨੂੰ ਮੱਲ ਕੇ ਬੈਠ ਗਿਆ।

**ਲਏ ਦਰਵਾਜ਼ੇ ਦੋਊ ਘੇਰ॥** ਕਿਲ੍ਹੇ ਦੇ ਦੋਵੇਂ ਦਰਵਾਜ਼ੇ ਅਗਲਾ ਤੇ ਪਿਛਲਾ ਉਹ ਵੀ ਦੋਵੇਂ ਘੇਰ ਕੇ ਬੈਠ ਗਏ ਤਿਆਰ ਹੋ ਕੇ।

**ਧਰੀ ਮਾਰ ਰਮਜੰਗਨ ਕੇਰ॥ ੫॥** ਅਤੇ ਬੰਦੂਕਾਂ ਦੀ ਮਾਰ ਸੁਰੂ ਕਰ ਦਿੱਤੀ ਗਿਲਜਿਆਂ 'ਤੇ, ਰਾਮਜੰਗਿਆਂ ਨਾਲ ਉਨ੍ਹਾਂ ਦੇ ਨਿਸ਼ਾਨੇ ਫੁੰਡੇ। ੫।

**ਦੋਹਰਾ॥ਖਬਰ ਉਨੈ ਕੋ ਤਬ ਭਈ, ਜਬ ਬਹੇ ਸਿੰਘ ਗੜ੍ਹ ਮੱਲ॥** ਜਦੋਂ ਸਿੰਘ ਕਿਲ੍ਹੇ 'ਤੇ ਕਬਜ਼ਾ ਕਰਕੇ ਬੈਠ ਗਏ ਤੇ ਗੋਲੀਆਂ ਦੀ ਮਾਰ ਸ਼ੁਰੂ ਹੋਈ ਗਿਲਜਿਆਂ ਨੂੰ ਉਦੋਂ ਖ਼ਬਰ ਹੋਈ।

**ਚਾਰ ਓਰ ਉਨ ਸਿੰਘ ਦਿਸੈਂ, ਪਰਯੋ ਗਿਲਜਨ ਥਰਥੱਲ॥ ੬॥** ਜਦੋਂ ਗਿਲਜੇ ਕਿਲ੍ਹੇ ਅੰਦਰੋਂ ਬਾਹਰ ਵੇਹੜੇ ਵਿਚ ਨਿਕਲੇ, ਤਾਂ ਉਨ੍ਹਾਂ ਨੂੰ ਕਿਲ੍ਹੇ ਉਪਰ ਚਾਰੋ ਤਰਫ ਸਿੰਘ ਹੀ ਸਿੰਘ ਦਿਸਦੇ, ਉਸੇ ਵੇਲੇ ਗਿਲਜਿਆਂ ਵਿਚ ਤਰਥਲੀ ਪੈ ਗਈ। ੬।

**ਚੌਪਈ॥ ਜਿਤ ਵਲ ਗਿਲਜੇ ਦੌੜ ਸੁ ਪਾਹਿਂ॥** ਜਿਸ ਪਾਸੇ ਨੂੰ ਗਿਲਜੇ ਭੱਜ ਪੈਂਦੇ, ਨਿਕਲਦੇ ਕਿ ਭੱਜ ਕੇ ਉਸ ਬੁਰਜ਼ 'ਤੇ ਚੜ੍ਹੀਏ ਅਸੀਂ।

**ਮੁੜੈਂ ਉਸੈ ਵਲ ਮਾਰ ਸੁ ਖਾਹਿਂ॥** ਅੱਗੋਂ ਗੋਲੀਆਂ ਦੀ ਬੁਛਾੜ ਅਉਂਦੀ, ਉਧਰੋਂ ਮਾਰ ਖਾ ਕੇ ਉਸੇ ਪਾਸੇ ਨੂੰ ਫਿਰ ਮੁੜ ਆਉਂਦੇ।

**ਨਠਯੋ ਚਹੈਂ ਸੋ ਵਲ ਦਰਵਾਜੇ॥** ਉਹ ਭੱਜ ਕੇ ਦਰਵਾਜ਼ੇ ਵੱਲੋਂ ਕਿਲ੍ਹੇ ਵਿੱਚੋਂ ਬਾਹਰ ਨਿਕਲਣਾ ਚਾਹੁੰਦੇ, ਜਦੋਂ ਦਰਵਾਜ਼ੇ ਵਾਲੇ ਪਾਸੇ ਮੂੰਹ ਕੀਤਾ ਗਿਲਜਿਆਂ ਨੇ।

**ਮਾਰ ਹਟਾਇ ਓਇ ਕਰ ਬਾਜੇ॥ ੭॥** ਸਿੰਘਾਂ ਨੇ (ਬਾਜੇ) ਗੋਲੇ ਮਾਰ-ਮਾਰ ਕੇ ਗਿਲਜੇ ਪਿਛਾਂਹ ਹਟਾ ਦਿੱਤੇ। ੭।

**ਜਿਤ ਵਲ ਜਾਹਿਂ ਉਤ ਮਾਰਹਿ ਖਾਹਿਂ॥** ਗਿਲਜੇ ਜਿਹੜੇ ਪਾਸੇ ਨੂੰ ਵੀ ਜਾਂਦੇ, ਉਧਰੋਂ ਹੀ ਮਾਰ ਖਾਂਦੇ, ਕਿਲ੍ਹੇ ਦੇ ਬੁਰਜ਼ ਪਹਿਲਾਂ ਹੀ ਮੱਲ ਕੇ ਬੈਠੇ ਸਨ ਸਿੰਘ ਸਾਰੇ।

**ਨਠੇ ਫਿਰੈਂ ਕਿਤ ਜਾਨ ਨ ਪਾਹਿਂ॥** ਗਿਲਜੇ ਕਿਲ੍ਹੇ ਦੇ ਵਿਚ ਭੱਜੇ ਹੀ ਫਿਰਦੇ, ਕਿਧਰ ਨੂੰ ਜਾਣ? ਨਿਕਲਣ ਨੂੰ ਰਾਹ ਹੀ

ਕੋਈ ਨਹੀ, ਸਾਰੇ ਰਾਹ ਬੰਦ ਕਰ ਲਏ ਖਾਲਸੇ ਨੇ।

***ਨੱਠ ਭੱਜ ਕੈ ਸੋ ਥਕ ਪਏ॥*** ਕਿਲ੍ਹੇ ਵਿੱਚੋਂ ਏਧਰੋਂ ਉਧਰ ਨੂੰ, ਉਧਰੋਂ ਏਧਰ ਨੂੰ ਭੱਜ-ਭੱਜ ਕੇ ਉਹ ਥੱਕ ਗਏ।

***ਸਿਰ ਬੁਲੰਦ ਢਿਗ ਸੋ ਸਭ ਗਏ॥ ੮॥*** ਕਿਲ੍ਹੇ ਅੰਦਰ ਜਿਥੇ ਮਹਿਲਾਂ ਵਿਚ ਸਰ ਬੁਲੰਦ ਖ਼ਾਂ ਬੈਠਾ ਸੀ, ਸਭ ਗਿਲਜੇ ਉਸ ਦੇ ਕੋਲ ਗਏ। ੮।

***ਸਿਰ ਬੁਲੰਦ ਤਬ ਲਖ ਗਈ ਗੱਲ॥*** ਸਰ ਬੁਲੰਦ ਖ਼ਾਂ ਨੇ ਜਦੋਂ ਇਹ ਗੱਲ ਵੇਖੀ ਕਿ ਸਿੰਘਾਂ ਨੇ ਘੇਰ ਲਿਆ ਮੈਨੂੰ।

***ਹਥਯਾਰ ਸੁਟ ਕਰ ਬਹਯੋ ਮਹੱਲ॥*** ਸਰ ਬੁਲੰਦ ਖ਼ਾਂ ਆਪਣੇ ਹਥਿਆਰ ਸੁੱਟ ਕੇ ਮਹੱਲ ਵਿਚ ਬੈਠ ਗਿਆ।

***ਚਾਕਰ ਸਦ ਮਸਨੰਦ ਬਿਛਾਈ॥*** ਨੌਕਰਾਂ ਨੂੰ ਸੱਦ ਕੇ ਚੜ੍ਹਤ ਸਿੰਘ ਵਾਸਤੇ (ਮਸਨੰਦ) ਗੱਦੀ, ਮਖਮਲੀ ਗਦੇਲੇ ਆਦਿਕ ਦੀ ਵਿਛਾਈ ਕਰਵਾਈ।

***ਵਕੀਲ ਘਲਯੋ ਉਨ ਚੜ੍ਹ ਸਿੰਘ ਪਾਈ॥ ੯॥*** ਉਸ ਨੇ ਆਪਣਾ ਵਕੀਲ ਚੜ੍ਹਤ ਸਿੰਘ ਕੋਲ ਭੇਜਿਆ। ੯।

***ਵਕੀਲਨ ਕਹੀ ਸਿੰਘ ਜੀ ਸੋਂ ਬਾਤ॥*** ਉਸ ਦੇ ਵਕੀਲਾਂ ਨੇ ਆ ਕੇ ਸ: ਚੜ੍ਹਤ ਨੂੰ ਗੱਲ ਕਹੀ।

***'ਚਲ ਸੂਬੇ ਕੀ ਕਰੋ ਮੁਲਾਕਾਤ'॥*** ਚਲੋ ਜੀ ! ਚੱਲ ਕੇ ਸੂਬੇਦਾਰ ਸਰ ਬੁਲੰਦ ਖ਼ਾਂ ਨਾਲ ਮੁਲਾਕਾਤ ਕਰ ਲਵੋ।

***ਚੜ੍ਹ ਸਿੰਘ ਜੀ ਨੈ ਸੋਈ ਮਾਨੀ॥*** ਚੜ੍ਹਤ ਸਿੰਘ ਨੇ ਉਨ੍ਹਾਂ ਦੀ ਗੱਲ ਮੰਨ ਲਈ, ਕਹਿੰਦਾ ਚਲੋ ਚੱਲ ਕੇ ਮਿਲਦੇ ਹਾਂ ਉਸ ਨੂੰ।

***ਚਾਰ ਹਜ਼ਾਰ ਸਿੰਘ ਮੁਹਰੇ ਠਾਨੀ॥ ੧੦॥*** ਚਾਰ ਹਜ਼ਾਰ ਸਿੰਘ ਪਹਿਲਾਂ ਅੱਗੇ ਤੋਰਿਆ ਹੈ ਕਿ ਜਾਉ ਪਹਿਲਾਂ ਸਾਰਾ ਬੰਦੋਬਸਤ ਕਰ ਲਵੋ ਉਸ ਦੇ ਕੋਲ ਜਾ ਕੇ। ੧੦।

***ਦੋਹਰਾ॥ਸਿੰਘ ਸੂਬੇ ਪੈ ਜਾ ਪੁਜਯੋ ਗਿਲਜਨ ਕਰਕੈ ਦੂਰ॥*** ਸੂਬੇਦਾਰ ਸਰ ਬੁਲੰਦ ਖ਼ਾਂ ਕੋਲੋਂ ਗਿਲਜਿਆਂ ਨੂੰ ਦੂਰ ਕਰਕੇ ਚੜ੍ਹਤ ਸਿੰਘ ਸੂਬੇ ਦੇ ਕੋਲ ਜਾ ਪੁੱਜਿਆ।

***ਅੱਗੇ ਹੋਇ ਸੁ ਨਾ ਆਇਓ ਕਰਯੋ ਮਿਜਾਜ ਇਸ ਸੂਰ॥ ੧੧॥*** ਇਸ ਪ੍ਰਕਾਰ ਉਸ ਸੂਰਮੇ ਨੇ (ਮਿਜਾਜ) ਘੁਮੰਡ ਕੀਤਾ, ਅੱਗੋਂ ਹੋ ਕੇ ਨਾ ਆਇਆ, ਉਹ ਚੜ੍ਹਤ ਸਿੰਘ ਨੂੰ ਮਿਲਣ ਵਾਸਤੇ, ਅੱਗੋਂ ਆ ਕੇ ਨਾ ਮਿਲਿਆ ਸਰ ਬੁਲੰਦ ਖ਼ਾਂ। ੧੧।

***ਚੌਪਈ॥ਜਬ ਹੀ ਸਿੰਘ ਜੀ ਨੇੜੇ ਗਯੋ॥*** ਜਦੋਂ ਚੜ੍ਹਤ ਸਿਘ ਜੀ ਨੇੜੇ ਹੀ ਚਲੇ ਗਏ ਉਸ ਦੇ।

***ਕਦਮ ਦੁਇਕ ਭੀ ਅਗੈ ਨ ਅਯੋ॥*** ਉਹ ਦੋ ਕਦਮ ਵੀ ਅੱਗੇ (ਸਵਾਗਤ ਲਈ) ਨਾ ਆਇਆ।

***ਸਿੰਘ ਜੀ ਪਾਸ ਜਾਣੋਂ ਨਹਿੰ ਫਿਰਾ॥*** ਚੜ੍ਹਤ ਸਿੰਘ ਜੀ ਉਸ ਦੇ ਕੋਲ ਜਾਣ ਤੋਂ ਵਾਪਸ ਨਹੀਂ ਮੁੜਿਆ।

***ਪਾਸ ਗਏ ਸਿੰਘ ਤੋ ਭਯਾ ਖੜਾ॥ ੧੨॥*** ਜਦੋਂ ਸਿੰਘ ਨੇੜੇ ਚਲੇ ਗਏ ਤਾਂ ਉਠ ਕੇ ਖੜ੍ਹਾ ਹੋ ਗਿਆ। ੧੨।

***ਕਹੈ, 'ਸਿੰਘ ਮੁਹਿ ਆਇ ਮਿਲੇ ਗਲ'॥*** ਸਰ ਬੁਲੰਦ ਖ਼ਾਂ ਕਹਿਣ ਲੱਗਾ 'ਚੜ੍ਹਤ ਸਿੰਘ ਨੂੰ' ਆਓ ਮੇਰੇ ਗਲੇ ਲਗ ਕੇ ਮਿਲੋ, ਜੱਫੀ ਪਾਓ।

***ਸਯਾਣਨ ਕਹਯੋ, 'ਮਤ ਯਹ ਕਰੇ ਛਲ'॥*** ਸਿਆਣਿਆਂ ਸਿੰਘਾਂ ਨੇ ਚੜ੍ਹਤ ਸਿੰਘ ਨੂੰ ਕਿਹਾ 'ਤੁਸੀਂ ਨਹੀਂ ਮਿਲਣਾ, ਉਹ ਨਾ ਹੋਵੇ, ਇਹ ਕੋਈ ਛਲ ਕਰਦਾ ਹੋਵੇ। ਕੋਈ ਐਸੀ ਗੱਲ ਨਾ ਮਿਥੀ ਹੋਵੇ ਇਸ ਨੇ'।

***ਸਿੰਘ ਜੀ ਠੌਰ ਸਿਪਾਹੀ ਮਿਲਾਯੋ॥*** ਚੜ੍ਹਤ ਸਿੰਘ ਨੇ ਆਪਣੀ ਥਾਂ ਕੋਈ ਹੋਰ ਸਿਪਾਹੀ ਮਿਲਾਇਆ ਸਰ ਬੁਲੰਦ ਖ਼ਾਂ ਨਾਲ।

***ਉਸੀ ਠੌਰ ਉਸ ਪਕੜ ਬਹਾਯੋ॥ ੧੩॥*** ਉਸੇ ਥਾਂ 'ਤੇ ਉਸ (ਸਰ ਬੁਲੰਦ ਖ਼ਾਂ) ਨੂੰ ਪਕੜ ਕੇ ਬਿਠਾ ਲਿਆ ਗ੍ਰਿਫ਼ਤਾਰ ਕਰ ਲਿਆ ਹੈ। ੧੩।

***ਉਸ ਅਸਬਾਬ ਸਭ ਲੀਨੋ ਸਾਂਭ॥*** ਉਸ ਨੂੰ ਗ੍ਰਿਫ਼ਤਾਰ ਕਰਕੇ ਕਿਲ੍ਹੇ ਵਿੱਚੋਂ ਉਸ ਦਾ ਸਭ ਮਾਲ ਅਸਬਾਬ ਸਾਂਭ ਲਿਆ ਸਿੰਘਾਂ ਨੇ।

**ਠਾਣਾਂ ਕੀਨੋ ਕਿਲ੍ਹੇ ਦਰਾਮ॥** (ਦਰਾਮ) ਅੰਦਰ, ਦਰਮਿਆਨ, ਕਿਲ੍ਹੇ ਦੇ ਵਿਚ ਹੀ ਚੜ੍ਹਤ ਸਿੰਘ ਨੇ ਠਾਣਾਂ ਕਰ ਲਿਆ।

**ਮੁਲਕ ਚੁਤਰਫ਼ੀ ਸਭ ਆਇ ਮਿਲਾ॥** ਚਾਰੇ ਪਾਸਿਓਂ ਮੁਲਕ ਇਕੱਠਾ ਹੋ ਕੇ ਚੜ੍ਹਤ ਸਿੰਘ ਨੂੰ ਨਜ਼ਰਾਨਾ ਲੈ ਕੇ ਮਿਲਿਆ ਸਭ।

**ਗਿਰਦ ਰਵਤਾਸ ਹੋਤ ਥੋ ਜ਼ਿਲ੍ਹਾ॥ ੧੪॥** ਰੋਹਤਾਸ ਕਿਲ੍ਹੇ ਦੇ ਦੁਆਲੇ ਜ਼ਿਲ੍ਹਾ ਬਣਿਆ ਹੋਇਆ ਸੀ। ੧੪।

**ਉਸ ਦਿਨ ਤੇ ਬਡ ਭਯੋ ਸੁਦਾਰ॥** ਉਸ ਦਿਨ ਤੋਂ ਚੜ੍ਹਤ ਸਿੰਘ ਸਰਦਾਰਾਂ ਵਿੱਚੋਂ ਵੱਡਾ ਸਰਦਾਰ ਹੋ ਗਿਆ, ਇਕ ਸੂਬਾ ਹੀ ਮੱਲ ਲਿਆ ਰੋਹਤਾਸ ਦਾ, ਇਕ ਰਿਆਸਤ ਹੀ ਮਲ ਲਈ ਸਮਝ ਲਉ।

**ਮਿਲ ਪਯੋ ਮੁਲਕ ਅਉਰਾਰ ਔ ਪਾਰ॥** ਜਿਹੜਾ ਦਰਿਆ ਦੇ ਉਰਲੇ ਪਾਰ ਦਾ ਵੀ ਤੇ ਪਰਲੇ ਪਾਸੇ ਦਾ ਸਾਰਾ ਮੁਲਕ ਚੜ੍ਹਤ ਸਿੰਘ ਨੂੰ ਨਜ਼ਰਾਨੇ ਲੈ ਕੇ ਮਿਲਿਆ।

**ਜਿੱਧਰ ਜਾਇ ਤਿੱਧਰ ਫਤ੍ਹੇ ਪਾਇ॥** ਹੁਣ ਚੜ੍ਹਤ ਸਿੰਘ ਜਿਧਰ ਨੂੰ ਵੀ ਮੂੰਹ ਕਰਦਾ ਉਧਰ ਹੀ ਫਤ੍ਹੇ ਕਰਦਾ।

**ਅੱਗੈ ਉਸੈ ਨ ਕੋਊ ਅੜਾਇ॥ ੧੫॥** ਕੋਈ ਵੀ ਉਸ ਦੇ ਅੱਗੇ ਅੜਦਾ ਨਹੀਂ। ੧੫।

**ਦੋਹਰਾ॥ਨਾਲੇ ਬੰਧਯੋ ਵਹਿ ਫਿਰੈ ਚਾਚਾ ਅਹਿਮਦ ਸ਼ਾਹਿ॥** ਜਿਧਰ ਨੂੰ ਚੜ੍ਹਤ ਸਿੰਘ ਖਾਲਸਾ ਫ਼ੌਜ ਲੈ ਕੇ ਚੜ੍ਹਦਾ ਹੈ, ਨਾਲ ਹੀ ਉਹ ਅਹਿਮਦ ਸ਼ਾਹ ਦਾ ਚਾਚਾ ਸਰ ਬੁਲੰਦ ਖ਼ਾਂ ਬੰਨ੍ਹਿਆ ਹੋਇਆ ਭਾਵ ਗ੍ਰਿਫ਼ਤਾਰ ਕੀਤਾ ਹੋਇਆ ਤੁਰਿਆ ਫਿਰਦਾ ਹੈ।

**ਪਾਇ ਰਾਜ ਗਰਰਾ ਭਯੋ, ਕਿਸੇ ਨ ਨਜ਼ਰ ਲਿਆਹਿ॥ ੧੬॥** ਜਦੋਂ ਚੜ੍ਹਤ ਸਿੰਘ ਨੇ ਰਾਜ ਪ੍ਰਾਪਤ ਕਰ ਲਿਆ, ਤਾਂ ਸਾਰੇ ਰਾਜ਼ ਵਿਚ (ਗਰਾ) ਰੌਲਾ ਸ਼ੋਰ ਪੈ ਗਿਆ, ਹੁਣ ਚੜ੍ਹਤ ਸਿੰਘ ਕਿਸੇ ਨੂੰ ਆਪਣੀ ਨਜ਼ਰ ਹੇਠਾਂ ਨਹੀਂ ਲਿਆਉਂਦਾ ਹੈ। ੧੬।

**ਚੌਪਈ॥ ਸਿਰ ਬੁਲੰਦ ਲੀਓ ਪਾਲਕੀ ਪਾਇ॥** ਸਰ ਬੁਲੰਦ ਖ਼ਾਂ ਨੂੰ ਕੈਦ ਕਰਕੇ, ਉਸ ਨੂੰ ਪਾਲਕੀ ਵਿਚ ਪਾ ਕੇ ਉਸ ਦਾ ਸਤਿਕਾਰ ਕੀਤਾ।

**ਮਧ ਡੇਰੇ ਉਸ ਡੇਰੇ ਕਰਾਇ॥** ਸਰ ਬੁਲੰਦ ਖ਼ਾਂ ਦੇ ਨਾਲ ਵੀ ਉਸ ਦੇ ਅਹਿਲਕਾਰ ਆਦਿਕ ਸਨ, ਉਸ ਦੇ ਸਾਥੀ, ਚੜ੍ਹਤ ਸਿੰਘ ਆਪਣੇ ਡੇਰੇ ਵਿਚ ਹੀ ਉਸ ਦਾ ਡੇਰਾ ਕਰਵਾਉਂਦਾ ਹੈ।

**ਕ੍ਰੋੜ ਰੁਪੱਯਾ ਸਿੰਘ ਜੀ ਉਸ ਮਾਂਗੈ॥** ਚੜ੍ਹਤ ਸਿੰਘ ਉਸ ਤੋਂ ਨਜ਼ਰਾਨੇ ਦਾ ਕ੍ਰੋੜ ਰੁਪਿਆ ਮੰਗਦਾ ਹੈ ਕਿ ਕ੍ਰੋੜ ਰੁਪਿਆ ਤੈਨੂੰ ਡੰਨ ਲਾਉਣਾ ਹੈ।

**ਵਹਿ ਖਾਣੋ ਨਿਤ ਸਿੰਘ ਤੇ ਚਾਂਗੈ॥ ੧੭॥** ਉਹ (ਸਰ ਬੁਲੰਦ ਖ਼ਾਂ) ਚੜ੍ਹਤ ਸਿੰਘ ਤੋਂ ਨਿੱਤ ਚੰਗਾ ਭੋਜਨ ਖਾਣ ਨੂੰ ਮੰਗਦਾ, ਕਿ ਚੰਗਾ ਖਾਣਾ ਦਿਉ ਮੈਨੂੰ। ੧੭।

**ਵਹੁ ਆਖੇ ਮੁਹਿ ਸੂਬਾ ਬਣਾਇ॥** ਉਹ (ਸਰ ਬੁਲੰਦ ਖ਼ਾਂ) ਕਹਿੰਦਾ ਮੈਨੂੰ ਆਪਣੇ ਕਿਸੇ ਇਲਾਕੇ ਦਾ ਸੂਬਾ ਬਣਾ ਦੇ, ਕੋਈ ਥੋੜ੍ਹਾ ਬਹੁਤਾ ਰਾਜ ਦੇ ਦੇ।

**ਮੇਰੇ ਮਗਰ ਸਭ ਫੌਜ ਲਗਵਾਇ॥** ਅਤੇ ਮੇਰੀ ਫ਼ੌਜ ਮੇਰੇ ਮਗਰ ਲਾ ਦਿਉ ਸਾਰੀ, ਸੂਬੇ ਦੀ ਜਿਵੇਂ ਫ਼ੌਜ ਹੁੰਦੀ ਹੈ ਆਪਣੀ ਤਾਬਿਆ ਕਰਕੇ।

**ਅਹਿਮਦ ਸ਼ਾਹ ਸਮ ਤੂੰ ਬਣ ਸ਼ਾਹੁ॥** ਅਹਿਮਦ ਸ਼ਾਹ ਦੇ ਵਾਂਗ ਤੁਸੀਂ ਵੀ ਸਾਡੇ ਬਾਦਸ਼ਾਹ ਬਣ ਜਾਉ।

**ਮੈਨੂੰ ਅਪਨੋ ਸੂਬਾ ਬਨਾਹਿ॥ ੧੮॥** ਮੈਨੂੰ ਆਪਣੇ ਵੱਲੋਂ ਸੂਬਾ ਥਾਪ ਲਵੋ। ੧੮।

**ਸਿੰਘ ਜੀ ਕਹਯੋ ਹਮ ਗੁਰ ਸ਼ਾਹੁ ਕੀਓ॥** ਚੜ੍ਹਤ ਸਿੰਘ ਜੀ ਕਹਿਣ ਲੱਗਾ, ਸਰ ਬੁਲੰਦ ਖ਼ਾਂ ਨੂੰ 'ਸਾਨੂੰ ਤਾਂ ਸਤਿਗੁਰੂ ਜੀ ਨੇ ਪਾਤਸ਼ਾਹ ਕੀਤਾ, ਬਣਾਇਆ ਹੈ, ਸਾਨੂੰ ਸਤਿਗੁਰੂ ਜੀ ਨੇ ਪਾਤਸ਼ਾਹੀ ਦਿੱਤੀ, ਅਸੀਂ ਉਸ ਦੀ ਬਖ਼ਸ਼ੀ ਹੋਈ

ਪਾਤਸ਼ਾਹੀ ਭੋਗਾਂਗੇ।

***ਚਹੈਂ ਤੁਮੈਂ ਅਸੀਂ ਕੈਦ ਰਖੀਓ॥*** ਤੈਨੂੰ ਅਸੀਂ ਕੈਦੀ ਬਣਾ ਕੇ ਰੱਖਣਾ ਚਹੁੰਦੇ ਹਾਂ।

***ਇਤਕਰ ਹੋਊ ਜਗ ਮੈਂ ਵਾਚਾ॥*** ਇਸ ਤਰਾਂ ਜਗਤ ਵਿਚ ਵਰਨਣ ਕੀਤਾ ਜਾਵੇਗਾ।

***ਚੜ੍ਹ ਸਿੰਘ ਫੜ ਰਖਯੋ ਸ਼ਾਹਿ ਕੋ ਚਾਚਾ॥ ੧੯॥*** ਕਿ ਚੜ੍ਹਤ ਸਿੰਘ ਨੇ ਕਾਬਲ ਦੇ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਦਾ ਚਾਚਾ ਸਰ ਬੁਲੰਦ ਖ਼ਾਂ ਗ੍ਰਿਫ਼ਤਾਰ ਕਰਕੇ ਰੱਖਿਆ ਹੈ। ੧੯।

***ਸਿਰ ਬੁਲੰਦ ਤਬ ਅਗਯੋਂ ਸੁਨਾਈ॥*** ਤਦ ਸਰ ਬੁਲੰਦ ਖ਼ਾਂ ਨੇ ਉੱਤਰ ਦਿੱਤਾ।

***'ਇਸਤੇ ਭਲੀ ਇਕ ਔਰ ਗੱਲ ਆਹੀ'॥*** ਸ: ਚੜ੍ਹਤ ਸਿੰਘ ਜੀ ! ਇਸ ਤੋਂ ਚੰਗੀ ਇਕ ਗੱਲ ਹੋਰ ਹੈ, ਜੇ ਤੁਸੀਂ ਉਹ ਮੰਨ ਲਵੋ।

***ਸ਼ਾਹਿ ਚਾਚਾ ਫੜਕੇ ਛਡ ਦਯੋ॥*** ਕਿ ਆਹਿਮਦ ਸ਼ਾਹ ਅਬਦਾਲੀ ਦਾ ਚਾਚਾ ਸਰ ਬੁਲੰਦ ਖ਼ਾਂ, ਚੜ੍ਹਤ ਸਿੰਘ ਨੇ ਗ੍ਰਿਫ਼ਤਾਰ ਕਰ ਕੇ ਫਿਰ ਛੱਡ ਦਿੱਤਾ।

***ਸ਼ਾਹਿ ਸਿਰ ਸ਼ਾਹਿ ਸੋਊ ਕਹਯੋ॥ ੨੦॥*** ਲੋਕ ਚੜ੍ਹਤ ਸਿੰਘ ਨੂੰ ਸ਼ਾਹਾਂ ਦਾ ਸ਼ਾਹ ਅਰਥਾਤ ਸਹਿਨਸ਼ਾਹ ਕਹਿਣਗੇ। ੨੦।

***ਦੋਹਰਾ॥ਚੜ੍ਹ ਸਿੰਘ ਸੁਨ ਚਿਤ ਮੈਂ ਬਸੀ ਦੀਨੋ ਉਸੈ ਤੁਰਾਇ॥*** ਸਰ ਬੁਲੰਦ ਖ਼ਾਂ ਦੀ ਗੱਲ ਚੜ੍ਹਤ ਸਿੰਘ ਦੇ ਦਿਲ ਵਿਚ ਵਸ ਗਈ, ਕਿ ਇਹ ਤਾਂ ਉਸ ਤੋਂ ਵੀ ਚੰਗੀ ਗੱਲ ਹੈ। ਲੋਕ ਕਹਿਣਗੇ ਚੜ੍ਹਤ ਸਿੰਘ ਬੜਾ ਬੇਪ੍ਰਵਾਹ ਹੈ। ਚੜ੍ਹਤ ਸਿੰਘ ਨੇ ਉਸ ਨੂੰ ਤੋਰ ਦਿੱਤਾ ਕਾਬਲ ਨੂੰ।

***ਖਰਚ ਦੀਓ ਉਸ ਰਾਹਿ ਕੋ, ਦੀਨੋ ਅਟਕ ਟਪਾਇ॥ ੨੧॥*** ਉਸ ਨੂੰ ਰਾਹ ਦਾ ਸਫਰ ਖ਼ਰਚਾ ਦੇ ਦਿੱਤਾ, ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਘੋੜੇ ਆਦਿਕ ਦੇ ਕੇ, ਨਾਲ ਸਿੰਘਾਂ ਦੀ ਫ਼ੌਜ ਦੇ ਕੇ ਅਟਕ ਦਰਿਆ ਤੋਂ ਪਾਰ ਲੰਘਾ ਦਿੱਤਾ ਕਿ ਜਾਹ ਆਪਣੇ ਦੇਸ਼ ਨੂੰ ਚਲਿਆ ਜਾਹ। ੨੧।

***ਜੈਸੇ ਸੁਨੀ ਤੈਸੇ ਲਿਖੀ ਰਤਨ ਸਿੰਘ ਯਹਿ ਬਾਤ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿਵੇਂ ਮੈਂ ਪੁਰਾਤਨ ਸਿੰਘਾਂ ਤੋਂ ਸੁਣੀ ਹੈ ਸਾਖੀ ਉਸੇ ਤਰ੍ਹਾਂ ਇਹ ਲਿਖ ਦਿੱਤੀ ਹੈ।

***ਲੋਕਨ ਤੇ ਮੈਂ ਜਿਮ ਸੁਨੀ ਤਿਮੈਂ ਕਰੀ ਬਿਖਯਾਤ॥ ੨੨॥*** ਜਿਵੇਂ ਲੋਕਾਂ ਤੋਂ ਇਹ ਪ੍ਰਸੰਗ ਸੁਣਿਆ ਸੀ, ਮੈਂ ਓਵੇਂ ਪ੍ਰਗਟ ਕਰ ਦਿੱਤਾ ਹੈ। ੨੨।

## ੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ

# ਅਥ ਸਾਖੀ ਸਿਰਹੰਦ ਮੱਲਨੇ ਕੀ ਔਰ ਨਿਬਾਬ ਜੈਨੇ ਮਾਰਨ ਕੀ ਲਿਖਯਤੇ

## (ਜੈਨ ਖਾਂ ਮਾਰਿਆ)

***ਦੋਹਰਾ॥ਯਹੈ ਬਾਤ ਗਿਲਜਨ ਸੁਨੀ ਉਨ ਭੇਜੋ ਤੁਮਨ ਚਾਰ॥*** ਇਹ ਗੱਲ ਗਿਲਜਿਆਂ ਨੇ ਸੁਣੀ, ਤਾਂ ਉਨ੍ਹਾਂ (ਅਬਦਾਲੀ) ਨੇ ਚਾਰ (ਤੁਮਣ) ਜਥੇ ਬਾਰਾਂ-ਬਾਰਾਂ ਹਜ਼ਾਰ ਗਿਲਜਈ ਫ਼ੌਜ ਦੇ ਭੇਜੇ।

***ਭਈ ਅਵਾਈ ਸ਼ਾਹਿ ਕੀ ਭਏ ਸਿੰਘ ਭੀ ਇਕ ਥਾਂ ਸਾਰ॥ ੧॥*** ਅਹਿਮਦ ਸ਼ਾਹ ਦੇ ਆਉਣ ਦੀ ਖ਼ਬਰ ਹੋ ਗਈ। ਇਹ ਅਫਵਾਹ ਫੈਲ ਗਈ ਕਿ ਅਹਿਮਦ ਸ਼ਾਹ ਅਬਦਾਲੀ ਆ ਰਿਹਾ ਹੈ, ਉਸ ਨੇ ਚਾਰ ਤੁਮਣ ਭੇਜੇ ਪਹਿਲਾਂ ਇੰਤਜ਼ਾਮ ਕਰਨ ਵਾਸਤੇ। ਸਿੰਘ ਵੀ ਸਾਰੇ ਇਕ ਥਾਂ ਇਕੱਤਰ ਹੋ ਗਏ। ੧।

***ਚੌਪਈ॥ਪਠਾਣ ਤੁਮਣ ਖਿੰਡ ਬਹੇ ਚਹੂੰ ਓਰ॥*** ਪਠਾਣਾਂ ਦੇ ਚਾਰ ਤੁਮਨ ਚੌਹੁ,ਚਾਰੇ ਨੁਕਰਾਂ ਤੇ ਪਿੰਡ ਕੇ ਬੈਠ ਗਏ।

***ਸ੍ਰਿਹੰਦ ਮੁਲਤਾਨ ਸਯਾਲਕੋਟ ਲਹੌਰ॥*** ਸਰਹੰਦ,ਮੁਲਤਾਨ,ਸਿਆਲਕੋਟ ਤੇ ਲਹੌਰ ਸੂਬਿਆਂ ਵਿਚ ਆ ਬੈਠੇ ਸਨ ਗਿਲਜੇ।

***ਸਿੰਘ ਸਭੈ ਇਕ ਵਲ ਹੁਇ ਤੁਰੇ॥*** ਸਿੰਘਾਂ ਦੀਆਂ ਸਾਰੀਆਂ ਮਿਸਲਾਂ ਜਥੇ ਇਕ ਤਰਫ ਨੂੰ ਹੋ ਕੇ ਤੁਰ ਪਏ।

***ਫਿਰ ਸ੍ਰਹੰਦ ਤੇ ਉੱਪਰ ਘੁਰੇ॥ ੨॥*** ਫਿਰ ਸਰਹੰਦ 'ਤੇ ਆ ਗੱਜੇ ਸਿੰਘ। ੨।

***ਉਸ ਕੀ ਸਿਲ ਮਿਲ ਦੂਰ ਤੇ ਕਰੀ॥*** ਸਰਹੰਦ ਦੇ ਸੂਬੇਦਾਰ ਜੈਨ ਖ਼ਾਂ ਦੀ ਦੂਰ ਤੋਂ ਹੀ ਸਿੰਘਾਂ ਨੇ (ਸਿਲ) ਸੂਹ ਕਢਵਾਈ, ਪਤਾ ਕਰਵਾਇਆ।

***ਸੁਨੀ ਸਿੰਘਨ ਅਬ ਖਾਲੀ ਪਰੀ॥*** ਸਿੰਘਾਂ ਨੇ ਸੁਣਿਆਂ ਕਿ ਹੁਣ ਸਰਹੰਦ ਖਾਲੀ ਪਈ ਹੈ ਇਸ ਵੇਲੇ।

***ਸੂਬੋ ਚੜ੍ਹਯੋ ਹੈ ਕਰਨ ਉਗਰਾਹੀ॥*** ਜੈਨ ਖ਼ਾਂ ਸੂਬਾ ਸਰਹੰਦ ਆਪਣੇ ਇਲਾਕੇ ਵਿਚ ਮਾਮਲੇ ਦੀ ਉਗਰਾਹੀ ਕਰਨ ਚੜ੍ਹਿਆ ਹੋਇਆ ਹੈ।

***ਯਹੀ ਬਾਤ ਸਿੰਘਨ ਪੈ ਆਹੀ॥ ੩॥*** ਇਹ ਗੱਲ ਸਿੰਘਾਂ ਕੋਲ ਆ ਗਈ। ੩।

***ਸੋ ਸੁਨ ਸਿੰਘ ਦੂਰ ਤੇ ਦੌੜੇ॥*** ਉਸ ਜੈਨ ਖ਼ਾਂ ਦਾ ਮਤਾ ਸੁਣ ਕੇ ਸਿੰਘ ਦੂਰੋਂ ਬਰਨਾਲੇ, ਠੀਕਰੀਵਲੇ ਤੋਂ ਦੌੜੇ।

***ਹੁਤੇ ਹਲਕਾਰੇ ਉਸ ਭੀ ਥੋੜੇ॥*** ਉਸ ਦੇ ਹਲਕਾਰੇ ਵੀ ਖ਼ਬਰ ਦੇਣ ਵਾਲੇ ਥੋੜ੍ਹੀ ਗਿਣਤੀ ਵਿਚ ਸਨ।

***ਜਾਇ ਹਲਕਾਰਨ ਉਸ ਕਹੀ ਗਲ॥*** ਉਸ ਦੇ ਹਲਕਾਰਿਆਂ ਨੇ ਉਸ (ਜੈਨ ਖ਼ਾਂ) ਨੂੰ ਜਾ ਕੇ ਖ਼ਬਰ ਦਿੱਤੀ ਕਿ ਖਾਲਸਾ ਤਾਂ ਆ ਗਿਆ ਚੜ੍ਹ ਕੇ।

***ਜ਼ੈਨੋ ਭੀ ਮੁੜਯੋ ਸ੍ਰਿਹੰਦਹਿ ਵੱਲ॥ ੪॥*** ਖਾਲਸੇ ਦੀ ਚੜ੍ਹਾਈ ਦੀ ਖ਼ਬਰ ਸੁਣ ਕੇ ਜੈਨ ਖ਼ਾਂ ਵੀ ਸਰਹੰਦ ਵੱਲ ਨੂੰ ਮੁੜ ਪਿਆ ਕਿ ਭੱਜ ਕੇ ਕਿਲ੍ਹੇ ਵਿਚ ਵੜ ਜਾਵਾਂ। ੪।

***ਤੌ ਮਿਲ ਖਾਲਸੇ ਗੁਰਮਤਾ ਸਾਜਾ॥*** ਤਾਂ ਖਾਲਸੇ ਨੇ ਮਿਲ ਕੇ ਗੁਰਮਤਾ ਸੋਧਿਆ ਕਿ ਕਿਵੇਂ ਘੇਰਨਾ ਹੈ ਜੈਨੇ ਨੂੰ।

***ਪਹਿਲੇ ਕਰੋ ਜ਼ੈਨੇ ਕੋ ਕਾਜਾ॥*** ਗੁਰਮਤਾ ਇਹ ਕੀਤਾ ਸਿੰਘਾਂ ਨੇ ਕਿ ਪਹਿਲਾਂ ਜੈਨ ਖਾਂ ਸੂਬਾ ਸਰਹੰਦ ਦਾ ਕੰਮ ਕਰੋ; ਜੈਨੇ ਦਾ ਕੰਮ ਤਮਾਮ ਕਰੋ, ਪਾਰ ਬੁਲਾ ਦਿਓ।

***ਅਬ ਹਥ ਆਯੋ ਸੂਰ ਮਦਾਨੇ॥*** ਹੁਣ ਹੱਥ ਆਇਆ ਇਹ ਸੂਰ ਮੈਦਾਨ ਵਿਚ, ਅੱਗੇ ਕਿਲ੍ਹੇ ਵਿਚ ਵੜ ਕੇ ਬੈਠ ਜਾਂਦਾ ਸੀ।

***ਮਤ ਕਤ ਵੜ ਬਹਿ ਔਖੀ ਥਾਨੈ॥ ੫॥*** ਜੇ ਕਿਤੇ ਕਿਲ੍ਹੇ ਵਿਚ ਔਖੇ ਥ਼ਾਂ ਵੜ ਕੇ ਬੈਠ ਗਿਆ, ਤਾਂ ਫਿਰ ਨਹੀਂ ਨਿਕਲਣਾ

ਜੈਨੇ ਨੇ। ਅਜਿਹੇ ਥਾਂ ਜਾ ਬੈਠੇ ਜਿਥੋਂ ਮਾਰਨਾ ਔਖਾ ਹੋ ਜਾਵੇ। ੫।

***ਦੋਹਰਾ॥ਸੋਊ ਬਾਤ ਪੰਥੈ ਕਰੀ ਲੰਘ ਉਤਰੇ ਸੂਹੰਦ ਪਾਰ॥*** ਉਹੀ ਗੱਲ ਖਾਲਸੇ ਪੰਥ ਨੇ ਕੀਤੀ, ਖਾਲਸਾ ਸਰਹੰਦ ਨੂੰ ਨਹੀਂ ਗਿਆ। ਸਰਹੰਦ ਲੰਘ ਕੇ ਉਤਰਿਆ ਹੈ ਖਾਲਸਾ।

***ਅੱਗਾ ਰੋਕ ਸੁ ਉਸ ਬਹੇ ਕਰਕੇ ਖੂਬ ਬਿਚਾਰ॥ ੬॥*** ਸਿੰਘਾਂ ਨੇ ਖੂਬ ਵਿਚਾਰ ਕਰਕੇ ਉਸ (ਜੈਨ ਖਾਂ) ਦਾ ਅੱਗੋਂ ਰਾਹ ਰੋਕ ਕੇ ਬੈਠ ਗਏ ਕਿ ਉਸ ਨੇ ਸਰਹੰਦ ਨੂੰ ਵਾਪਸ ਮੁੜਨਾ ਹੈ। ੬।

***ਚੌਪਈ॥ਜ਼ੈਨੇ ਕੋ ਖਬਰ ਸੁ ਭਈ॥*** ਜੈਨ ਖ਼ਾਂ ਨੂੰ ਵੀ ਖ਼ਬਰ ਹੋ ਗਈ।

***'ਰੋਕਯੋ ਮੁਹਰੋ ਹਮਹਿ ਮੁਦਈ' ॥*** ਮੇਰੇ ਮੁਦਈਆਂ ਨੇ ਮੇਰਾ ਅੱਗਾ ਰੋਕ ਲਿਆ ਹੈ ਖਾਲਸੇ ਨੇ, ਮੁਦਈ-ਦਾਹਵੇਦਾਰਾਂ ਨੇ।

***ਸੋਚ ਕਰੈ ਔ ਮਨ ਪਛੁਤਾਵੈ॥*** ਜੈਨ ਖ਼ਾਂ ਮਨ ਵਿਚ ਸੋਚਦਾ ਅਤੇ ਪਛਤਾਉਂਦਾ ਹੈ ਕਿ ਮੈਂ ਕਾਹਨੂੰ ਨਿਕਲਣਾ ਸੀ ਸਰਹੰਦੋਂ ਬਾਹਰ।

***ਨਿਕਲਯੋ ਸ਼ਹਰੋਂ ਵਖਤ ਨ ਪਾਵੈ॥ ੭॥*** ਸਹਿਰੋਂ ਨਿਕਲਣ ਦਾ ਵੇਲਾ ਹੁਣ ਹੱਥ ਨਹੀਂ ਆਉਂਦਾ, (ਕਾਹਨੂੰ ਸ਼ਹਿਰੋਂ ਨਿਕਲਿਆ)। ੭।

***ਭਾਜ ਵੜਨ ਕੋ ਨਾਹੀ ਥਾਮ॥*** ਭੱਜ ਕੇ ਵੜਨ ਨੂੰ ਵੀ ਕੋਈ ਥਾਂ ਨਹੀਂ, ਜੇ ਭੱਜਿਆ, ਤਾਂ ਇਹਨਾਂ ਨੇ ਸਰਹੰਦ ਵਿਚ ਵੜਨ ਨਹੀਂ ਦੇਣਾ, ਅੱਗੋਂ ਰਾਹ ਰੋਕੀ ਬੈਠੇ ਸਨ। ਹੁਣ ਕਿਵੇਂ ਮੈਂ ਸਰਹੰਦ ਵਿਚ ਵੜਾਂਗਾ।

***ਆਨ ਬਨਯੋ ਅਬ ਮਰਨੈ ਕਾਮ॥*** ਹੁਣ ਤਾਂ ਮੇਰੇ ਵਾਸਤੇ ਮਰਨ ਦਾ ਹੀ ਕੰਮ ਆ ਬਣਿਆ, ਹੁਣ ਨਹੀਂ ਖਾਲਸੇ ਛੱਡਦੇ ਮੈਨੂੰ।

***ਕਰ ਤੜੀੜ ਵਲ ਸ਼ਹਿਰੈ ਆਯੋ॥*** ਫਿਰ ਵੀ ਉਥੋਂ ਤੜੀੜ ਵੱਟ ਕੇ ਕਿ ਮੈਂ ਭੱਜ ਕੇ ਜਾ ਵੜਾ ਹੱਲਾ ਕਰਕੇ, ਸਿੰਘਾਂ ਤੋਂ ਜੋਰੋ ਜੋਰੀ ਜਾ ਵੜਾਂਗਾ ਸਰਹੰਦ ਵਿਚ।

***ਸਿੰਘਨ ਡੇਰੋ ਥੋ ਦੁਇ ਥਾਂ ਪਾਯੋ॥ ੮॥*** ਸਿੰਘਾਂ ਨੇ ਸਕੀਮ ਬਣਾ ਲਈ ਕਿ ਇਸ ਨੇ ਭੱਜਣਾ ਹੈ ਸਰਹੰਦ ਨੂੰ ਅਤੇ ਅਸੀਂ ਇਸ ਨੂੰ ਵੜਨ ਨਹੀਂ ਦੇਣਾ ਸਰਹੰਦ ਵਿਚ। ਇਸ ਨੇ ਕਈ ਛਲ ਕਪਟ ਕਰਨੇ ਹਨ। ਇਸ ਕਰਕੇ ਖਾਲਸੇ ਨੇ ਆਪਣੀ ਫ਼ੌਜ ਦੋ ਹਿੱਸਿਆਂ ਵਿਚ ਕਰ ਕੇ ਡੇਰਾ ਪਾਇਆ। ੮।

***ਬੁੱਢੈ ਦਲ ਕੀਓ ਭਾਂਗਨਪੁਰੈ ਡੇਰਾ॥*** ਬੁੱਢੇ ਦਲ ਨੇ ਭਾਗਨ ਪੁਰੇ ਪਿੰਡ ਕੋਲ ਡੇਰਾ ਕਰ ਲਿਆ ਹੈ ਅੱਗਾ ਰੋਕ ਕੇ।

***ਪੰਜੇਵਲ ਥੋ ਕੀਓ ਤਰਨੈ ਬਸੇਰਾ॥*** ਤਰਨੇ ਦਲ ਨੇ ਪੰਜੇਵਾਲ ਪਿੰਡ ਕੋਲ ਆਪਣਾ ਵਾਸਾ ਕੀਤਾ, ਉਹ ਪਾਸਾ ਰੋਕਿਆ ਉਨ੍ਹਾਂ ਨੇ।

***ਨਨਿਹੇੜੈ ਉਸ ਡੇਰਾ ਪਾਯੋ॥*** ਉਸ (ਜੈਨ ਖ਼ਾਂ) ਨੇ ਨਨਹੇੜੇ ਪਿੰਡ ਕੋਲ ਉਤਾਰਾ ਕੀਤਾ।

***ਘਿਰਯੋ ਸਸਾ ਜਿਮ ਝਾੜ ਦਬਾਯੋ॥ ੯॥*** ਜਿਵੇਂ ਸ਼ਿਕਾਰੀ ਸਹੇ ਨੂੰ ਝਾੜ ਵਿਚ ਘਿਰੇ ਨੂੰ ਜਾ ਦਬਾਉਂਦੇ ਹਨ, ਇਸ ਤਰ੍ਹਾਂ ਜੈਨ ਖ਼ਾਂ ਨੂੰ ਸਿੰਘਾਂ ਨੇ ਜਾ ਘੇਰਿਆ। ੯।

***ਰਾਤ ਰਹੇ ਸਿੰਘ ਚੜ੍ਹੇ ਤਯਾਰ॥*** ਰਾਤ ਨੂੰ ਵੀ ਸਿੰਘ ਕਸੇ ਕਸਾਏ ਘੋੜਿਆਂ 'ਤੇ ਚੜ੍ਹੇ ਤਿਆਰ-ਬਰ-ਤਿਆਰ ਰਹੇ।

***ਮਤ ਕਤ ਰਾਤ ਵੜੇ ਨਰਕਾਰ॥*** ਮਤਾਂ ਕਿਤੇ ਇਕੱਲਾ ਨਿੱਕਲ ਕੋ ਰਾਤੋ-ਰਾਤ ਨਾ ਜਾ ਵੜੇ (ਨਰਕਾਰ) ਨਰਕਪੁਰੀ ਸਰਹੰਦ ਵਿਚ। ਸਰਹੰਦ ਨੂੰ ਸਿੰਘ ਨਰਕ ਸਮਾਨ ਕਹਿੰਦੇ ਸਨ, ਇਸ ਨੂੰ 'ਗੁਰੂ ਮਾਰੀ' ਵੀ ਕਿਹਾ ਗਿਆ ਹੈ।

***ਉਨ ਭੀ ਰਾਤ ਸੁ ਖੜੀ ਗੁਜ਼ਾਰੀ॥*** ਉਨ੍ਹਾਂ ਗਿਲਜਿਆਂ ਨੇ ਵੀ ਰਾਤ ਖੜ੍ਹ ਕੇ ਗੁਜ਼ਾਰੀ। ਉਡੀਕਦੇ ਰਹੇ ਹਨ ਰਾਤ ਪਵੇ, ਤਾਂ ਅਸੀਂ ਭੱਜੀਏ ਏਥੋਂ।

***ਕਿਛਕੁ ਤੜਕੈ ਉਨ ਕਰੀ ਸਵਾਰੀ॥ ੧੦॥*** ਜਦੋਂ ਕੁਛ ਕੁ ਤੜਕਾ ਹੋਇਆ, ਤਾਂ ਉਨ੍ਹਾਂ ਨੇ ਘੋੜਿਆਂ 'ਤੇ ਸਵਾਰੀ ਕੀਤੀ। ੧੦।

***ਦੋਹਰਾ॥ਤੋਪ ਜੰਬੂਰੇ ਰਹਕਲੇ ਸਾਥੋ ਕੀਓ ਬਹੀਰ॥*** ਤੋਪਾਂ (ਜੰਬੂਰੇ) ਛੋਟੀਆਂ ਤੋਪਾਂ, ਤੇ (ਰਹਿਕਲੇ) ਲੰਬੀ ਨਾਲੀ ਦੀਆਂ ਬੰਦੂਕਾਂ ਵਹੀਰ ਦੇ ਨਾਲ ਕਰ ਲਈਆਂ।

***ਇਨ ਪੈ ਅਟਕੇ ਖਾਲਸੈ ਇਮ ਚਿਤ ਠਟੀ ਤਤਬੀਰ॥ ੧੧॥*** ਉਸ ਨੇ ਚਿਤ ਵਿਚ ਤਰੀਕਾ ਸੋਚਿਆ ਕਿ ਜਦੋਂ ਆਪਾਂ ਤੋਪਾਂ ਰਹਿਕਲਿਆਂ ਦੇ ਫਾਇਰ ਕਰਾਂਗੇ, ਖਾਲਸਾ ਉਧਰ ਅਟਕ ਜਾਇਗਾ ਕਿ ਏਥੇ ਜੈਨ ਖ਼ਾਂ ਹੈ, ਸਿੰਘ ਉਥੇ ਅਟਕ ਜਾਣਗੇ ਅਤੇ ਮੈਂ ਨਿਕਲ ਜਾਵਾਂਗਾ ਚੁੱਪ ਕੀਤਾ। ੧੧।

***ਚੌਪਈ॥ਚੁਪ ਕੀਨੈ ਉਨ ਕਰੀ ਸਵਾਰੀ॥*** ਉਸ ਨੇ ਚੁੱਪ ਕਰਕੇ ਸਵਾਰੀ ਕਰ ਲਈ।

***ਧੌਂਸ ਨਗਾਰੇ ਰਖੇ ਪਿਛਾਰੀ॥*** ਆਪਣੇ ਧੌਂਸੇ ਨਗਾਰੇ ਉਸ ਨੇ ਪਿਛਾਂਹ ਹੀ ਰੱਖੇ ਸਨ।

***ਉਨੈ ਸਾਥ ਉਸ ਕਹਯੋ, 'ਬਜੀਵਾਇ ਨ॥*** ਉਸ ਨੇ ਆਪਣੇ ਸਾਥ ਨੂੰ ਕਹਿ ਦਿੱਤਾ ਕਿ ਨਗਾਰਾ ਨਾ ਬਜਾਇਓ, ਚੁੱਪ-ਚੁਪੀਤੇ ਤੁਰੇ ਚਲੋ।

***ਸੁਨੇ ਸਿੰਘ ਜਿਮ ਉਸ ਵਲ ਜਾਇ ਨ'॥ ੧੨॥*** ਸੁਣ ਕੇ ਉਸ (ਜੈਨ ਖ਼ਾਂ) ਵੱਲ ਜਾਣ ਹੀ ਨਾ, ਐਸਾ ਤਰੀਕਾ ਸੋਚਿਆ। ੧੨।

***ਹੋਤੋ ਦਲ ਜੁ ਮਝੈਲਨ ਵਾਲ॥*** ਬੁੱਢੇ ਦਲ ਵਿਚ ਤਾਂ ਮਾਝੇ ਦੇ ਮਝੈਲ ਸਿੰਘ, ਮਾਝੇ ਮਾਲਵੇ ਤੇ ਦੁਆਬੇ ਦੇ ਸਭ ਇਕੱਤਰ ਰਹੇ ਸਨ ਕਿਉਂਕਿ ਇਹ ਬਿਹੰਗਮੀ ਦਲ ਸੀ। ਜਿਧਰ ਤਰਨੇ ਦਲ ਦੇ ਜੋ ਮਝੈਲ ਸਿੰਘ ਸਨ, ਤੋਪਖਾਨਾ ਸਭ ਉਧਰ ਹੀ ਰੱਖਿਆ ਹੋਇਆ ਸੀ।

***ਜਾਇ ਲੜਯੋ ਵਹਿ ਡੇਰੇ ਉਤਾਲ॥*** ਉਹ ਤਰਨੇ ਦਲ ਵਾਲੇ ਸਿੰਘ (ਉਤਾਲ) ਝਟ-ਪਟ ਉਹਨਾਂ ਦੇ ਡੇਰੇ 'ਤੇ ਜਾ ਲੜੇ।

***ਦਲ ਬੁੱਢੇ ਕੀ ਸੁਨੋਂ ਸੁ ਬਾਤ॥*** ਤਰਨੇ ਦਲ ਨੇ ਤਾਂ ਜਾ ਕੇ ਜੰਗ ਸ਼ੁਰੂ ਕਰ ਦਿੱਤੀ। ਹੁਣ ਬੁੱਢੇ ਦਲ ਦੀ ਗੱਲ ਸੁਣੋ, ਬੁੱਢਾ ਦਲ ਉਸ ਨੂੰ ਕਿਵੇਂ ਰੋਕਦਾ ਹੈ ਅੱਗੋਂ।

***ਰਖੇ ਮੁਹਰਖੇ ਥੇ ਜੋ ਉਸ ਰਾਤ॥ ੧੩॥*** ਉਸ ਰਾਤ ਤਾਂ ਜੋ (ਮੁਹਰਖੇ) ਰਾਹ ਦੱਸਣ ਵਾਲੇ ਸਵਾਰ, ਖ਼ਬਰ ਦੇਣ ਵਾਲੇ, ਰੱਖੇ ਹੋਏ ਸਨ ਕਿ ਪਲ-ਪਲ ਦੀ ਖ਼ਬਰ ਦਿਉ। ਜਿਹੜੇ ਮੁਹਰੱਖੇ, ਜਸੂਸ ਸਿੰਘ ਹੁੰਦੇ ਸਨ ਉਹ ਨਾਲ ਹੀ ਰਲ ਜਾਂਦੇ ਸਨ, ਫ਼ੌਜ ਦੇ, ਉਹ ਖ਼ਬਰ ਦੇਈ ਜਾਂਦੇ ਸਨ, ਕੁਛ ਕੁ ਉਨ੍ਹਾਂ ਦੀ ਫ਼ੌਜ ਦੇ ਨਾਲ ਰਹੀ ਜਾਂਦੇ, ਕੁਛ ਕੁ ਭੱਜ ਕੇ ਖ਼ਬਰ ਦਈ ਜਾਂਦੇ, ਉਸ ਰਾਤ ਨੂੰ ਚਾਰ-ਚੁਫੇਰੇ ਹੀ ਤਕੜਾਹੀ ਰੱਖੀ ਹੋਈ ਸੀ। ੧੩।

***ਆਨ ਖਬਰ ਮੁਹਰਖੱਨ ਦਈ॥*** ਮੁਹਰੱਖਿਆਂ ਨੇ ਆ ਕੇ ਬੁੱਢੇ ਦਲ ਨੂੰ ਖ਼ਬਰ ਦਿੱਤੀ।

***ਸੁਨਤ ਖਬਰ ਸਿੰਘ ਦੌੜੇ ਕਈ॥*** ਜਦੋਂ ਸਿੰਘਾਂ ਨੇ ਖ਼ਬਰ ਸੁਣੀ ਕਿ ਜੈਨਾ ਆਪ ਜਾ ਰਿਹਾ ਜੇ, ਉਥੇ ਤਾਂ ਸਿਰਫ ਫ਼ੌਜ ਹੀ ਹੈ, ਤੋਪਖਾਨਾਂ ਵੀ ਉਥੇ ਹੀ ਚਲਦਾ ਹੈ, ਨਗਾਰੇ ਵੀ ਉਥੇ ਹੀ ਹਨ ਉਸ ਦੇ ਤੇ ਆਪ ਜੁਆਨਾਂ ਨੂੰ ਨਾਲ ਲੈ ਕੇ ਸਰਹੰਦ ਨੂੰ ਭੱਜ ਲਿਆ ਜੇ।

***ਕਜਾ ਕਜਾਇ ਸਿੰਘ ਟਕਰੇ ਜੋਇ॥*** (ਫਾ) ਕਜ਼ਾ ਕਜ਼ਾਇ, ਇਤਫਾਕ ਨਾਲ,ਸਬੱਬ ਨਾਲ ਜਿਵੇਂ ਉਹ ਭੱਜਿਆ ਸੀ, ਉਵੇਂ ਸਿੰਘਾਂ ਵੀ ਉਸ ਦੇ ਵਲ ਨੂੰ ਜਾ ਟਾਕਰਾ ਕੀਤਾ।

***ਦਏ ਬੰਦੂਖਨ ਕੜਾਕੈ ਤੋਇ॥ ੧੪॥*** ਸਿੰਘਾ ਨੇ ਅੱਗੋਂ ਬੰਦੂਕਾਂ ਦਾ ਇਕੱਠਾ ਫਾਇਰ ਖੋਲਿਆ, ਰਾਬਾ ਮਾਰਿਆ। ੧੪।

***ਸੁਨਤ ਕੜਾਕੈ ਔਰ ਜਾਇ ਰਲੇ॥*** ਬੰਦੂਕਾਂ ਦੀਆਂ ਗੋਲੀਆਂ ਦਾ ਖੜਾਕ ਸੁਣ ਕੇ ਹੋਰ ਸਿੰਘ ਉਨ੍ਹਾਂ ਨਾਲ ਜਾ ਰਲੇ।

***ਉਨ ਤੇ ਹੋਇ ਨ ਗਿਲਜੇ ਖਲੇ॥*** ਉਨ੍ਹਾਂ ਸਿੰਘਾਂ ਤੋਂ ਗਿਲਜੇ ਖੜ੍ਹੇ ਨਹੀਂ ਹੋਏ, ਜਿਹੜੇ ਗਿਲਜੇ ਬੰਦੂਕਾਂ ਦੇ ਫਾਇਰ ਵੱਜ ਕੇ ਡਿੱਗ ਪਏ ਧਰਤੀ 'ਤੇ ਬਾਕੀ ਭੱਜੇ ਤੁਰੀ ਜਾਂਦੇ ਸਨ।

***ਓਇ ਚਾਹੈਂ 'ਕਿਮ ਵੜੀਐ ਸ੍ਰਹੰਦ॥*** ਉਹਨਾਂ ਦਾ ਤਾਂ ਇੱਕੋ ਹੀ ਉਪਰਾਲਾ ਸੀ ਕਿ ਜਿਵੇਂ ਕਿਵੇਂ ਵੀ ਹੋ ਸਕੇ, ਅਸੀਂ ਸਰਹੰਦ ਵਿਚ ਜਾ ਵੜੀਏ।

***ਤੋ ਹਮਰੀ ਬਚ ਰਹੀ ਹੈ ਜਿੰਦ'॥ ੧੫॥*** ਤਾਂ ਸਾਡੀ ਜਿੰਦ ਬਚੀ ਰਹਿ ਸਕਦੀ ਹੈ, ਨਹੀਂ ਤਾਂ ਸਿੰਘਾਂ ਨੇ ਨਹੀਂ ਛੱਡਣਾ ਸਾਨੂੰ। ੧੫।

***ਦੋਹਰਾ॥ ਸਿੰਘ ਕਹੈਂ ਇਸ ਮਾਰੀਐ ਸ਼ਹਿਰੋਂ ਬਾਹਰ ਘੇਰ॥*** ਸਿੰਘ ਕਹਿੰਦੇ ਇਸ ਨੂੰ ਸ਼ਹਿਰ ਤੋਂ ਬਾਹਰ ਘੇਰ ਕੇ ਮਾਰੀਏ,

ਜੈਨੇ ਨੂੰ ਨਹੀਂ ਜਾਣ ਦੇਣਾ ਅੱਜ।

***ਇਹੁ ਵੜੈ ਜਾਇ ਸੁ ਸ੍ਰਹੰਦ ਮੈਂ ਹਮ ਆਵੈ ਦਾਇ ਨ ਫੇਰ॥ ੧੬॥*** ਜੇ ਇਹ ਭੱਜ ਕੇ ਸਰਹੰਦ ਵਿਚ ਜਾ ਵੜਿਆ ਤਾਂ ਫਿਰ ਨਹੀਂ ਇਸ ਨੇ ਸਾਡੇ ਦਾਉ ਹੇਠ ਆਉਣਾ, ਮੁੜ ਕੇ ਇਸ ਨੇ ਸਾਡਾ ਵਿਸਾਹ ਨਹੀਂ ਕਰਨਾ। ੧੬।

***ਚੌਪਈ॥ਸਿੰਘ ਕਹੈਂ ਹਮ ਖੂਨੀ ਆਹਿ॥*** ਸਿੰਘਾਂ ਨੇ ਕਿਹਾ ਇਹ (ਜੈਨ ਖ਼ਾਂ) ਸਾਡਾ (ਖੂਨੀ) ਕਾਤਲ ਹੈ।

***ਘੱਲੂਘਾਰੋ ਦਯੋ ਇਨੈ ਕਰਾਇ॥*** ਇਸ ਦੁਸ਼ਟ ਨੇ ਹੀ ਵੱਡਾ ਘੱਲੂਘਾਰਾ ਕਰਵਾਇਆ ਸੀ, ਜਿਸ ਵਿਚ ਹਜ਼ਾਰਾਂ ਸਿੰਘ, ਸਿੰਘਣੀਆਂ, ਬੱਚੇ, ਬੁੱਢੇ ਸ਼ਹੀਦ ਹੋ ਗਏ ਸਨ।

***ਲੇਵੋ ਇਸਤੈ ਬਦਲੋ ਸੱਭ॥*** ਬੁੱਢੇ ਦਲ ਨੇ ਗੁਰਮਤਾ ਕਰ ਲਿਆ ਕਿ ਖਾਲਸਾ ਜੀ ! ਏਸ ਦੁਸ਼ਟ ਤੋਂ ਵੱਡੇ ਘੱਲੂਘਾਰੇ ਦਾ ਸਾਰਾ ਬਦਲਾ ਲੈ ਲਵੋ।

***ਮਾਰ ਇਹਾਂ ਇਸ ਦੀਜੈ ਦੱਬ॥ ੧੭॥*** ਇਸ ਨੂੰ ਮਾਰ ਕੇ ਏਥੇ ਹੀ ਦੱਬ ਦੇਈਏ, ਇਸ ਦਾ ਕਬਰਸਤਾਨ ਸ਼ਹਿਰ ਤੋਂ ਬਾਹਰ ਹੀ ਬਣੇ। ੧੭।

***ਹੁਤੇ ਬਹੁਤ ਥੇ ਉਸ ਤੈ ਦੁਖੀ॥*** ਉਸ (ਜੈਨ ਖ਼ਾਂ) ਤੋਂ ਸਿੰਘ ਬਹੁਤ ਹੀ ਦੁਖੀ ਸਨ।

***ਪਰੈ ਚੀਲ ਜਿਮ ਮਾਸੈ ਭੁਖੀ॥*** ਜਿਵੇਂ ਭੁੱਖੀ ਇੱਲ ਮਾਸ ਨੂੰ ਪੈਂਦੀ ਹੈ ਝਪਟ ਕੇ, ਸਿੰਘ ਇਉਂ ਪਏ ਜੈਨ ਖ਼ਾਂ 'ਤੇ।

***ਵਹਿ ਕਿਤੈ ਚਾਲ ਕਿਤ ਦੌੜੈ ਕਰੈਂ॥*** ਉਹ (ਜੈਨ ਖ਼ਾਂ) ਕਈ ਚਾਲਾਂ ਕਰਦਾ ਕਿਤੇ ਹੌਲੀ ਕਿਤੇ ਦੌੜਾਂ ਕਰ-ਕਰ ਕੇ ਸ਼ਹਿਰ ਨੂੰ ਆਉਂਦਾ ਹੈ।

***ਨਹਿਂ ਆਪ ਵਹਿ ਟਿਕ ਕੈ ਲਰੈ॥ ੧੮॥*** ਆਪ ਉਹ ਟਿਕ ਕੇ ਨਹੀਂ ਲੜਦਾ, ਭੱਜੇ ਜਾਂਦੇ ਹੀ ਬੰਦੂਕਾਂ ਚਲਾਉਂਦੇ ਨਿਕਲਦੇ ਸਨ, ਫਿਰ ਚੁੱਪ ਕਰ ਜਾਂਦੇ, ਬੰਦੂਕਾਂ ਦੇ ਰਾਬੇ ਦਿੱਤੇ, ਚੁੱਪ ਕਰਕੇ ਭੱਜ ਗਏ ਕਿ ਪਤਾ ਨਾ ਲੱਗੇ ਅੱਗੇ ਨੂੰ ਭੱਜੇ ਜਾਂਦਿਆ ਦਾ। ੧੮।

***ਕਿਛਕ ਫੌਜ ਉਨ ਲਰਨੈ ਲਾਈ॥*** ਆਪਣੀ ਕੁਝ ਕੁ ਫ਼ੌਜ ਨੂੰ ਉਸ(ਜੈਨ ਖ਼ਾਂ) ਨੇ ਸਿੰਘਾਂ ਨਾਲ ਲੜਨ ਲਾਇਆ।

***ਚਲਯੋ ਆਪ ਵਹਿ ਸ਼ਹਿਰੇ ਧਾਈ॥*** ਉਹ ਆਪ ਉਥੋਂ ਚੁੱਪ-ਚੁਪੀਤਾ ਨਿਕਲ ਕੇ ਫਿਰ ਸ਼ਹਿਰ ਨੂੰ ਭੱਜਿਆ।

***ਅਗਯੋਂ ਆਯੋ ਕਿਛ ਦਲ ਕੋ ਛੱਰਰਾ॥*** ਅੱਗੇ ਕੁਛ ਸਿੰਘ ਮੋਰਚਾ ਲਾਈ ਬੈਠੇ ਸਨ, ਜਦੋਂ ਜੈਨ ਖ਼ਾਂ ਆਪਣੇ ਸਾਥੀਆਂ ਨੂੰ ਛੱਡ ਕੇ ਭੱਜਿਆ ਅਗਾਂਹ ਨੂੰ, ਤਾਂ ਸਿੰਘਾਂ ਦੀਆਂ ਬੰਦੂਕਾਂ ਦੀਆਂ ਗੋਲੀਆਂ ਦੀ ਬੁਛਾੜ ਆਈ ਸਾਮ੍ਹਣੇ ਤੋਂ।

***ਮਾਰ ਬੰਦੂਕਨ ਹਰ ਦਯੋ ਗਰਰਾ॥ ੧੯॥*** ਬੰਦੂਕਾਂ ਦਾ ਫਾਇਰ ਮਾਰ ਕੇ ਉਸ ਦਾ ਹੰਕਾਰ ਤੋੜ ਦਿੱਤਾ। ੧੯।

***ਸਿੰਘਨ ਰਮਜੰਗਨ ਹੇਠ ਜੋਊ ਆਯਾ॥*** ਜਿਹੜਾ ਵੀ ਕੋਈ ਸਿੰਘਾਂ ਦੀਆਂ (ਰਮਜੰਗਨ) ਬੰਦੂਕਾਂ ਦੀ ਮਾਰ ਹੇਠ ਆ ਗਿਆ।

***ਕਬ ਕੋਊ ਜਾਣ ਅਛੂਤੋ ਪਾਯਾ॥*** ਕਦੋਂ ਕੋਈ ਬ੍ਰਿਨਾਂ ਛੁਹੇ ਤੋਂ (ਸਿੰਘਾਂ ਦੀਆਂ ਬੰਦੂਕਾਂ ਦੀ ਮਾਰ ਤੋਂ ਬਿਨਾਂ ਸੱਟ ਖਾਧਿਆਂ ਕਦੋਂ ਕੋਈ ਬਚਿਆ, ਜਿਨ੍ਹਾਂ ਸਿੰਘਾਂ ਦੀਆਂ ਬੰਦੂਕਾਂ ਵਿਚ ਅੱਧੇ-ਅੱਧੇ ਕਿਲੋ ਬਰੂਦ ਦਾ ਫਾਇਰ ਪੈਂਦਾ ਹੈ। ਸਿੰਘ ਪਾੜ-ਪਾੜ ਸੁੱਟੀ ਜਾਂਦੇ ਸਨ ਪਠਾਣਾਂ ਨੂੰ।

***ਇਕ ਕਰ ਬਿਦਯਾ ਦੂਯੋ ਦਯਾ ਭਗੌਤੀ॥*** ਇਕ ਤਾਂ ਸਿੰਘਾਂ ਦੇ ਹੱਥ ਵਿਚ ਰਾਮਜੰਗਿਆਂ ਨੂੰ ਚਲਾਉਣ ਦੀ ਵਿੱਦਿਆ। ਰਾਮਜੰਗੇ ਚਲਾਉਣ ਦੇ ਬੜੇ ਹੀ ਮਾਹਰ ਸਨ। ਦੂਜਾ ਸਿੰਘਾਂ 'ਤੇ ਸ੍ਰੀ ਭਗੌਤੀ ਜੀ ਕੀ ਸਹਾਇਤਾ, 'ਸ੍ਰੀ ਸਾਹਿਬ ਜੀ ਸਹਾਇ' ਸਦਾ ਹੀ ਖਾਲਸੇ 'ਤੇ ਕਿਰਪਾ ਹੈ ਪ੍ਰਮੇਸ਼ਰ ਦੀ।

***ਹੋਇ ਨ ਕਾਜ ਕਿਮ ਸਿਖਨ ਸਜੋਤੀ॥ ੨੦॥*** ਦੱਸੋ ਕਿਵੇਂ ਨਾ ਸਿੰਘਾਂ ਦਾ ਕਾਰਜ (ਸਜੋਤੀ) ਸਜੇਗਾ, ਸ਼ੁੱਧ ਹੋਵੇਗਾ। ੨੦।

***ਦੋਹਰਾ॥ਛਲਕ ਦਈ ਜਬ ਖਾਲਸੇ ਗਿਲਜੇ ਸਨਮੁਖ ਹੋਇ॥*** ਗਿਲਜਾ (ਜੈਨ ਖ਼ਾਂ) ਜਦੋਂ ਸਾਮ੍ਹਣੇ ਹੋਇਆ ਤਾਂ ਖਾਲਸੇ ਨੇ ਬੰਦੂਕਾ ਦੀ (ਛਲਕ) ਇਕੱਠਾ ਫਾਇਰ ਖੋਲ੍ਹਿਆ।

***ਗਈ ਖਾਇ ਰੁਕਰੈ ਉਸੈ ਪਰਯੋ ਭੂਮ ਗਿਰ ਤੋਇ॥ ੨੧॥*** ਜੈਨ ਖ਼ਾਂ ਖਾਲਸੇ ਦੇ ਨਿਸ਼ਾਨੇ ਹੇਠ ਆ ਗਿਆ, ਉਸ ਦੇ ਢਿੱਡ

ਵਿਚ ਗੋਲੀਆਂ ਲੱਗੀਆਂ ਉਹ ਘੋੜੇ ਤੋਂ ਧਰਤੀ ਉਤੇ ਡਿੱਗਿਆ। ੨੧।

***ਚੌਪਈ॥ਬਹੁਤ ਰੌਗੇ ਤਹਿਂ ਗਿਲਜਨ ਕਰਯੋ॥*** ਜਦੋਂ ਉਨ੍ਹਾਂ ਦਾ ਸੂਬੇਦਾਰ ਮਾਰਿਆ ਗਿਆ, ਤਾਂ ਗਿਲਜਿਆਂ ਨੇ ਬਹੁਤ ਰੌਲਾ ਪਾਇਆ।

***'ਬੂਕੁਨ ਬੂਕੁਨ' ਕਹਿ ਚੱਕਨ ਉਚਰਯੋ॥*** ਪਠਾਣ ਆਪਣੀ ਪਸ਼ਤੋ ਬੋਲੀ ਵਿਚ 'ਬੂਕੁਨ ਬੂਕੁਨ' ਚੁੱਕੋ-ਚੁੱਕੋ ਕਹਿੰਦੇ ਸਨ ਮੁਖੋਂ, (ਬੂਕੁਨ ਬੂਕੁਨ) ਬਰਕਤ ਹੋਵੇ ਰੱਬ ਦੀ, ਮਿਹਰ, ਮਿਹਰ (ਮਰਨ 'ਤੇ ਇਹ ਸ਼ਬਦ ਕੀਤੇ ਜਾਂਦੇ ਹਨ, ਜੈਨ ਖ਼ਾਂ ਦੀ ਲੋਥ ਨੂੰ ਚੁੱਕਣ ਲੱਗਿਆਂ ਉਨ੍ਹਾਂ ਇਹ ਸ਼ਬਦ ਕਹੇ, ਜਿਸ ਤੋਂ ਸਿੰਘਾਂ ਨੂੰ ਉਸ ਦੇ ਮਰਨ ਦੀ ਥਾਂ ਦਾ ਪਤਾ ਲਗ ਗਿਆ।

***ਤੌ ਸਿੰਘਨ ਨੈ ਲੀਨੋ ਜਾਨ॥*** ਤਾਂ ਸਿੰਘਾਂ ਨੇ ਜਾਣ ਲਿਆ।

***'ਇਹਾਂ ਗਿਰਯੋ ਹੈ ਜ਼ੈਨੋ ਪਠਾਨ'॥ ੨੨॥*** ਜੈਨਾ ਪਠਾਣ ਇਥੇ ਡਿੱਗਿਆ ਹੈ। ੨੨।

***ਤੌ ਲੌ ਆਨ ਸਿੰਘ ਬਹੁ ਰਲੇ॥*** ਉਦੋਂ ਤੱਕ ਹੋਰ ਬਹੁਤ ਸਾਰੇ ਸਿੰਘ ਆ ਰਲੇ ਸਨ।

***ਛੋਡ ਲੋਥ ਭੱਜ ਗਿਲਜੇ ਚਲੇ॥*** (ਜੈਨ ਖ਼ਾਂ) ਦੀ ਲੋਥ ਛੱਡ ਕੇ ਭੱਜ ਚੱਲੇ ਗਿਲਜੇ।

***ਜਹਿਂ ਜਹਿਂ ਜਾਹਿਂ ਤਹਿਂ ਤਹਿਂ ਮਾਰੈਂ॥*** ਗਿਲਜੇ ਜਿਧਰ-ਜਿਧਰ ਨੂੰ ਜਾਂਦੇ ਸਨ, ਉਥੇ-ਉਥੇ ਹੀ ਅੱਗੋਂ ਬੰਦੂਕਾਂ ਦਾ ਰਾਬਾ ਆਉਂਦਾ। ਉਥੇ-ਉਥੇ ਹੀ ਸਿੰਘ ਬੰਦੂਕਾਂ ਦਾ ਫਾਇਰ ਕਰ ਮਾਰਦੇ ਸਨ ਗਿਲਜਿਆਂ ਨੂੰ।

***ਜਾਨ ਰਖੋ ਕਹਿ ਸ਼ਸਤਰ ਡਾਰੈਂ॥ ੨੩॥*** ਸਿੰਘਾਂ ਨੇ ਉੱਚੀ ਅਵਾਜ਼ ਦਿੱਤੀ 'ਖ਼ਬਰਦਾਰ ! ਇਉਂ ਭੱਜ ਕੇ ਨਹੀਂ ਜਾਣਾ ਪਾਉਗੇ। ਜੇ ਜਾਨ ਰੱਖਣੀ ਹੈ ਤਾਂ ਸ਼ਸਤ੍ਰ ਸੁੱਟ ਦਿਉ। 'ਜਾਨ ਬਖਸ਼ੋਂ ਕਹਿ ਕੇ ਹਥਿਆਰ ਸੁੱਟ ਦੇਂਦੇ ਸਨ। ੨੩।

***ਜਿਨ ਉਤ ਸ਼ਸਤਰ ਦੀਨੇ ਡਾਰ॥*** ਜਿਨ੍ਹਾਂ ਗਿਲਜਿਆਂ ਨੇ ਖਾਲਸੇ ਦੇ ਅੱਗੇ ਹਥਿਆਰ ਸੁੱਟ ਦਿੱਤੇ।

***ਤਿਨ ਪੈ ਸਿੰਘਨ ਕੀਓ ਨ ਵਾਰ॥*** ਉਨ੍ਹਾਂ ਗਿਲਜਿਆਂ 'ਤੇ ਸਿੰਘਾਂ ਨੇ ਵਾਰ ਨਹੀਂ ਕੀਤਾ, ਕਿਉਂਕਿ ਸਿੰਘ ਦਿਆਲੂ ਅਤੇ ਬਚਨ ਦੇ ਪੱਕੇ ਸਨ।

***ਸਿੰਘ ਦਇਆ ਕੋ ਰੂਪ ਸੁ ਆਹਿਂ॥*** ਸਿੰਘ ਤਾਂ ਦਇਆ ਦਾ ਹੀ ਰੂਪ ਹਨ।

***ਲਏ ਨ ਬਦਲੇ ਉਨਤੇ ਕਾਹਿ॥ ੨੪॥*** ਉਨ੍ਹਾਂ ਤੋਂ ਕਿਸੇ ਤਰ੍ਹਾਂ ਦਾ ਬਦਲਾ ਨਹੀਂ ਲਿਆ, ਜਿਨ੍ਹਾਂ ਨੇ ਹਥਿਆਰ ਸੁੱਟ ਕੇ ਮੁਆਫੀ ਮੰਗ ਲਈ ਉਨ੍ਹਾਂ ਨੂੰ ਛੱਡ ਦਿੱਤਾ। ੨੪।

***ਘੋੜੇ ਸ਼ਸਤਰ ਉਸ਼ਟ ਜੁ ਮਾਲ॥*** ਹਥਿਆਰ, ਘੋੜੇ ਅਤੇ ਊਠ ਜੋ ਧਨ ਦੇ ਨਾਲ ਲੱਦੇ ਹੋਏ ਸਨ, ਮੁਲਕ ਦੀ ਉਗਰਾਹੀ ਕਰਕੇ।

***ਲੁੱਟਨ ਵਾਲੇ ਭਏ ਨਿਹਾਲ॥*** ਲੁੱਟਣ ਵਾਲੇ ਸਿੰਘ ਨਿਹਾਲ ਹੋ ਗਏ ਹਨ, ਉਹ ਤਾਂ ਮਾਲੋ-ਮਾਲ ਹੋ ਗਿਆ ਹੈ ਖਾਲਸਾ।

***ਦੋਊ ਦਲ ਲੁਟ ਕਰ ਖੁਸ਼ ਭਏ॥*** ਦੋਵੇਂ ਬੁੱਢੇ ਦਲ ਅਤੇ ਤਰਨੇ ਦਲ ਵਾਲੇ ਲੁਟ ਕੇ ਅਨੰਦ ਹੋ ਗਏ।

***ਕਈਅਨ ਕੋ ਵਡ ਦਾਲਿਦ ਗਏ॥ ੨੫॥*** ਕਈਆਂ ਸਿੰਘਾਂ ਦਾ ਵੱਡਾ ਦਲਿਦ੍ਰ ਦੂਰ ਹੋ ਗਿਆ। ੨੫।

***ਦੋਹਰਾ॥ਲਦੇ ਲਦਾਏ ਊਠ ਬਡ ਔ ਕਸੀ ਕਸਾਈ ਤੋਪ॥*** ਮਾਲ ਧਨ ਦੇ ਲੱਦੇ-ਲਦਾਏ ਊਠ ਘੋੜੇ ਅਤੇ ਕਸੀਆਂ ਕਸਾਈਆਂ ਤੋਪਾਂ, ਜਿਹੜੀਆਂ ਲੈ ਕੇ ਕਿਲ੍ਹੇ ਨੂੰ ਵੜ ਰਿਹਾ ਸੀ।

***ਜਿਸ ਕੀ ਨਦਰੀ ਆਇ ਪਏ ਲਏ ਸਾਂਭ ਕਰ ਚੋਪ॥ ੨੬॥*** ਜਿੰਨਾਂ ਸਿੰਘਾਂ ਦੇ, ਜਿਹੜੇ ਜਥਿਆਂ ਦੇ ਨਜ਼ਰੀਂ ਪਏ, ਉਨ੍ਹਾਂ ਨੇ ਹੀ ਸਾਂਭ ਲਏ ਚੁੱਪ ਕਰਕੇ। ੨੬।

***ਚੌਪਈ॥ਅਠਾਰਾਂ ਸੈ ਪਰ ਸਾਲ ਤੈ ਬੀਸਾ॥*** ਅਠਾਰ੍ਹਾਂ ਸੌ ਦੇ ਉੱਤੇ ਵੀਹ ਸਾਲ (੧੮੨੦) ਸੀ।

***ਬੀਤ ਗਏ ਪਰ ਬਿਕ੍ਰਮ ਨਰੀਸ਼ਾ॥*** ਬੀਤ ਗਏ ਸਨ ਬਿਕ੍ਰਮਾਜੀਤ ਰਾਜੇ ਦੇ। ਸੰਬਤ ਬਿਕ੍ਰਮੀ ਅਠਾਰ੍ਹਾਂ ਸੌ ਵੀਹ ਸੀ ਉਸ ਸਮੇਂ।

***ਮਾਘ ਚੌਥ ਸਿਰਹੰਦੋਂ ਕੋਹ ਚਾਰ॥*** ਮਾਘ ਦੀ ਚੋਥ ਸੀ, ਸਰਹੰਦ ਤੋਂ ਚਾਰ ਕੋਹ ਦੂਰ।

***ਪੀਰ ਜੈਨ ਢਿਗ ਜੈਨੋਂ ਲਯੋ ਮਾਰ॥ ੨੭॥*** ਤੁਰਕਾਂ ਦਾ ਇਕ ਪੀਰ ਹੋਇਆ ਜੈਨਾ ਪੀਰ, ਜੈਨੇ ਪੀਰ ਦੀ ਜਗ੍ਹਾ ਦੇ ਕੋਲ ਹੀ ਜੈਨ ਖ਼ਾਂ ਸੂਬਾ ਸਰਹੰਦ ਨੂੰ ਮਾਰ ਲਿਆ ਹੈ ਖਾਲਸੇ ਨੇ। ੨੭।

***(ਇਤੀ ਜੈਨਾ ਬਧਹਿ)***

## ਸਾਖੀ ਫੇਰ ਸਰਹੰਦ ਕੀ ਲਿਖਯਤੇ

### (ਸਰਹੰਦ ਤੀਜੀ ਵਾਰ ਉਜਾੜੀ)

***ਦੋਹਰਾ॥ਆਗੇ ਸੁਣੋ ਸਰਹੰਦ ਕੀ ਜਿਮ ਲੁੱਟੀ ਤੀਜੀ ਬਾਰ॥*** ਖਾਲਸਾ ਦੋ ਵਾਰ ਪਹਿਲਾਂ ਲੁੱਟ ਚੁੱਕਿਆ ਹੈ ਸਰਹੰਦ ਨੂੰ, ਹੁਣ ਅੱਗੇ ਸਾਖੀ ਸੁਣੋ ਖਾਲਸੇ ਨੇ ਜਿਵੇਂ ਤੀਜੀ ਵਾਰੀ ਲੁੱਟਿਆ ਹੈ ਸਰਹੰਦ ਨੂੰ।

***ਮਾਲ ਲੁਟਯੋ ਬੋਦਾ ਕੀਓ, ਕਿਲ੍ਹੇ ਢਾਹਿ ਕੀਯੋ ਖਵਾਰ॥ ੧॥*** ਸਰਹੰਦ ਵਿੱਚੋਂ ਮਾਲ ਲੁੱਟ ਕੇ ਥੋਥਾ ਕਰ ਦਿੱਤਾ ਅਤੇ ਕਿਲ੍ਹਾ ਢਾਹ ਕੇ ਖੁਆਰ ਕੀਤਾ ਤੁਰਕਾਂ ਨੂੰ। ੧।

***ਚੌਪਈ॥ਕਈ ਦਿਵਸ ਸਿੰਘ ਬਾਹਰੇ ਬਹੈਂ॥*** ਕਈ ਦਿਨ ਸਿੰਘ ਸਰਹੰਦ ਤੋਂ ਬਾਹਰ ਹੀ ਬੈਠੇ ਰਹੇ ਸਨ।

***ਲੁੱਟ ਲਿਜਾਵੈਂ ਵਿਚ ਨ ਬਹੈਂ॥*** ਕਿਉਂਕਿ ਸਤਿਗੁਰਾਂ ਦਾ ਬਚਨ ਸੀ ਸਰਹੰਦ ਦੇ ਕਿਲ੍ਹਿਆਂ ਜਾਂ ਮਹਿਲਾਂ ਵਿਚ ਨਹੀਂ ਬੈਠਣਾ। ਸਿੰਘ ਸਰਹੰਦ ਨੂੰ ਲੁੱਟ ਕੇ ਤਾਂ ਲੈ ਜਾਂਦੇ ਸਨ ਪਰ ਸਰਹੰਦ ਦੇ ਵਿਚ ਨਹੀਂ ਬੈਠਦੇ ਸਨ।

***ਸਿੰਘਨ ਕਰੀ ਥੀ ਪ੍ਰਿਥਮ ਅਰਦਾਸ॥*** ਸਿੰਘਾਂ ਨੇ ਪਹਿਲਾਂ ਅਰਦਾਸ ਕਰ ਲਈ ਸੀ,ਜਦੋਂ ਖਾਲਸਾ ਆਇਆ ਸੀ ਸਰਹੰਦ ਲੁੱਟਣ ਵਾਸਤੇ।

***ਰਾਖੀ ਕਰੈ ਇਸ ਤਿਸ ਹੁਇ ਨਾਸ਼॥ ੨॥*** ਸਿੰਘਾਂ ਨੇ ਅਰਦਾਸ ਕੀਤੀ 'ਹੇ ਸੱਚੇ ਪਾਤਸ਼ਾਹ ਜੀ ! ਜਿਹੜਾ ਵੀ ਇਨ੍ਹਾਂ ਕਿਲ੍ਹਿਆਂ ਦੀ, ਇਨ੍ਹਾਂ ਇਮਾਰਤਾਂ ਦੀ ਰਾਖੀ ਕਰੇ, ਉਸ ਦਾ ਨਾਸ਼ ਹੋ ਜਾਏ, ਉਹ ਬਚੇ ਹੀ ਨਾ। ੨।

***ਇਹਾਂ ਗਜਬ ਹੈ ਗਾੜ੍ਹਾ ਹੂਆ॥*** ਇਥੇ ਵੱਡਾ ਜ਼ੁਲਮ ਕਹਿਰ ਹੋਇਆ ਹੈ।

***ਇਸ ਪਰ ਸਤਿਗੁਰ ਦੁਖ ਕੈ ਕੂਆ॥*** ਇਸ 'ਤੇ ਦਸਮੇਸ਼ ਸਤਿਗੁਰੂ ਜੀ ਬੜੇ ਦੁਖੀ ਹਿਰਦੇ ਨਾਲ (ਕੂਆ) ਕੂਏ ਸੀ, ਬੋਲੇ ਸੀ।

***'ਬਡੋ ਕਹਰ ਹੈ ਇਸ ਜਗ ਭਯਾ॥*** ਇਸ ਜਗਤ ਵਿਚ ਏਥੇ ਸਰਹੰਦ ਵਿਚ ਬੜਾ ਵੱਡਾ ਜ਼ੁਲਮ ਹੋਇਆ।

***ਬਾਲਕ ਬਿਦੋਸ਼ਨ ਗਲ ਕਟ ਦਯਾ' ॥ ੩॥*** ਬੇਦੋਸ਼ਿਆਂ ਬਾਲਕਾਂ ਦੇ ਗਲ ਕੱਟ ਕੇ ਸ਼ਹੀਦ ਕਰ ਦਿੱਤੇ ਗਏ। ੩।

***ਨਹਿੰ ਬਾਲਕ ਉਨ ਮੰਦਾ ਬੋਲੇ॥*** ਛੋਟੇ ਸਾਹਿਬਜ਼ਾਦੇ ਉਨ੍ਹਾਂ ਤਾਜਦਾਰਾਂ ਨੂੰ ਕੋਈ ਮੰਦਾ ਬੋਲ ਵੀ ਨਹੀਂ ਬੋਲੇ ਸਨ।

***ਲੁਕੀ ਨ ਥੀ ਮਾਯਾ ਉਨ ਕੋਲੇ॥*** ਉਨ੍ਹਾਂ (ਸਾਹਿਬਜ਼ਾਦਿਆਂ) ਦੇ ਕੋਲ ਕੋਈ ਮਾਇਆ ਵੀ ਨਹੀਂ ਲੁਕੀ ਹੋਈ ਸੀ, ਜਿਸ ਨੂੰ ਕਢਾਉਣਾ ਹੋਵੇ ਉਨ੍ਹਾਂ ਨੇ, ਜਿਸ ਕਰਕੇ ਸਾਹਿਬਜ਼ਾਦੇ ਸ਼ਹੀਦ ਕੀਤੇ।

***ਚੌਦਾਂ ਸੈ ਇਹਾਂ ਦੇਹਲ ਸਿਖ ਕੀ॥*** ਚੌਦਾਂ ਸੌ ਦੇਹਲੀ ਸੀ ਏਥੇ ਸਿੱਖਾਂ ਦੀ ਸਰਹੰਦ ਵਿਚ, ਚੌਦਾਂ ਸੌ ਘਰ ਵਸਦਾ ਸੀ ਸਿੱਖਾਂ ਦਾ।

***ਮਸੰਦ ਸੁਲਖਣੋ ਇਸ ਹੀ ਵਿਚ ਸੀ॥ ੪॥*** ਸੁਲੱਖਣਾ ਮਸੰਦ ਵੀ ਗੁਰੂ ਘਰ ਦਾ, ਏਸੇ ਸਰਹੰਦ ਵਿਚ ਹੀ ਸੀ। ੪।

***ਕ੍ਰੋੜ ਰੁਪੱਯੋ ਭਰ ਦਿੱਤੋ ਉਨ੍ਹੈਂ॥*** ਉਨ੍ਹਾਂ ਦੁਸ਼ਟਾਂ ਨੂੰ ਕਰੋੜ ਰੁਪਿਆ ਭਰ ਦਿੱਤਾ ਸੀ ਸਿੱਖਾਂ ਨੇ ਕਿ ਸਾਹਿਬਜ਼ਾਦਿਆਂ ਨੂੰ ਨਾ ਸ਼ਹੀਦ ਕਰੋ।

**ਜੋ ਸਭ ਗਜਬ ਨ ਕਰਤੇ ਕੌਨੇ॥** ਜੇ ਸਾਰੇ ਜ਼ੁਲਮ ਨਾ ਕਰਦੇ ਸਾਹਿਬਜ਼ਾਦਿਆਂ ਉਤੇ।

**ਇਹਾਂ ਗਧਨ ਕੈ ਹਲ ਚਲਵਾਯੋ॥** ਸਤਿਗੁਰਾਂ ਨੇ ਆਪਣੇ ਖਾਲਸੇ ਨੂੰ ਹੁਕਮ ਕੀਤਾ ਸੀ ਕਿ ਖਾਲਸਾ ਜੀ ! ਏਥੇ ਸਰਹੰਦ ਦੇ ਕਿਲ੍ਹਿਆਂ ਨੂੰ ਢਾਹ ਕੇ, ਏਥੇ ਗਧਿਆਂ ਨਾਲ ਹਲ ਚਲਾਇਓ।

**ਯਾਕੀ ਇੱਟ ਮੱਧ ਦਰਯਾਇ ਰੁੜਾਯੋ॥ ੫॥** ਮੇਰੇ ਸਿੰਘਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਦਰਿਆ ਦੇ ਵਿਚ ਰੋੜ੍ਹ ਦੇਣੀਆਂ। ੫।

**ਦੋਹਰਾ॥ਐਸੇ ਕਰਕੇ ਗੁਰਮਤੋ ਤੌ ਵੜੇ ਕਿਲ੍ਹੇ ਮੱਧ ਆਇ॥** ਖਾਲਸਾ ਐਸਾ ਗੁਰਮਤਾ ਕਰਕੇ ਕਿਲ੍ਹੇ ਵਿਚ ਆ ਵੜਿਆ।

**ਜਿਤ ਜਿਤ ਵਲ ਜੋਊ ਖੜ ਬਹੇ, ਨਿਕਸੇ ਉਸੀ ਸੁ ਦਾਇ॥ ੬॥** ਕਿਲ੍ਹੇ ਦੇ ਅੰਦਰ ਵੜ ਕੇ ਜਿਹੜੇ ਜਿਹੜੇ ਪਾਸੇ ਵੱਲ ਕੋਈ ਸਿੰਘ ਆਪਣਾ ਮੂੰਹ ਕਰਕੇ ਖੜ੍ਹਾ ਜਾਂ ਬੈਠਾ, ਉਸੇ ਪਾਸੇ ਦੀ ਕਿਲ੍ਹੇ ਦੀ ਕੰਧ ਨੂੰ ਢਾਹ ਕੇ ਬਾਹਰ ਨਿਕਲੇ। ੬।

**ਚੌਪਈ॥ਯਹੀ ਬਾਤ ਠਣ ਹੱਲੋ ਕੀਯੋ॥** ਇਹੀ ਗੱਲ ਪੱਕੀ ਕਰਕੇ ਖਾਲਸੇ ਨੇ ਹੱਲਾ ਕੀਤਾ।

**ਚੱਪਾ ਚੱਪਾ ਕੋਟ ਥੋ ਬੰਡ ਲੀਯੋ॥** ਸਿੰਘਾਂ ਨੇ, ਕਿਲ੍ਹੇ ਦਾ ਚੱਪਾ-ਚੱਪਾ ਵੰਡ ਲਿਆ। ਲੱਗ ਪਏ ਸਨ ਕੰਧਾਂ ਢਾਹੁਣ।

**ਢਾਹਿ ਲੰਕ ਜਿਮ ਪਲ ਮੈਂ ਦਏ॥** ਜਿਵੇਂ ਪਲ ਵਿਚ ਬਾਂਦਰਾਂ ਦੀ ਫ਼ੌਜ ਨੇ ਲੰਕਾ ਦਾ ਕਿਲ੍ਹਾ ਢਾਹਿਆ ਸੀ, ਇਸ ਤਰ੍ਹਾਂ ਹੀ ਸਰਹੰਦ ਦੇ ਕਿਲ੍ਹੇ ਦੀ ਖਾਲਸੇ ਹਾਲਤ ਕੀਤੀ।

**ਹੱਥ ਹਥੌੜੇ ਪੰਥਹਿ ਕਏ॥ ੭॥** ਸਿੰਘਾਂ ਨੇ ਕਿਲ੍ਹੇ ਨੂੰ ਢਾਹੁਣ ਵਾਸਤੇ ਹੱਥਾਂ ਵਿਚ ਹਥੌੜੇ ਫੜ ਲਏ ਸਨ। ੭।

**ਜਿਮ ਕਰ ਲੀਓ ਥੋ ਪ੍ਰਿਥਮ ਕਰਾਰ॥** ਜਿਵੇਂ ਖਾਲਸੇ ਨੇ ਪਹਿਲਾਂ ਇਕਰਾਰ ਕਰ ਲਿਆ ਸੀ ਕਿ ਰੱਖਣਾ ਨਹੀਂ ਕਿਲ੍ਹੇ ਨੂੰ, ਜਿਹੜਾ ਵੀ ਕਿਲ੍ਹਾ ਰੱਖੇਗਾ, ਉਸ ਦਾ ਨਾਸ਼ ਹੋ ਜਾਇਗਾ। ਫਿਰ ਕੀ ਛੱਡਣਾ ਸੀ ਖਾਲਸੇ ਨੇ ਕਿਲ੍ਹੇ ਦਾ।

**ਨਿਕਸੇ ਕਰ ਕਰ ਨਿਜ ਸੋਊ ਬਾਰ॥** ਆਪੋ ਆਪਣਾ ਬੂਹਾ ਬਣਾ ਕੇ ਕਿਲ੍ਹੇ ਵਿੱਚੋਂ ਹਰੇਕ ਸਿੰਘ ਨਿਕਲ ਗਿਆ। ਕਿਲ੍ਹੇ ਢਾਹੁਣ ਵਾਸਤੇ ਸਿੰਘਾਂ ਨੂੰ ਸਿਰਫ ਚੱਪਾ-ਚੱਪਾ ਜਗ੍ਹਾ ਆਈ ਹਿੱਸੇ ਵਿਚ।

**ਢੇਰ ਲਏ ਕਈ ਗਧੇ ਮੰਗਾਇ॥** ਜਦੋਂ ਖਾਲਸੇ ਨੇ ਕਿਲ੍ਹੇ ਨੂੰ ਢਾਹ ਕੇ ਢੇਰ ਕਰ ਦਿੱਤਾ, ਫਿਰ ਕਈ ਗਧੇ ਮੰਗਾ ਲਏ।

**ਹਲ ਬਣਾਇ ਤਹਿਂ ਦਏ ਵਗਾਇ॥ ੮॥** ਹਲ ਬਣਾ ਕੇ ਹਲ ਦੇ ਅੱਗੇ ਗਧੇ ਜੋਤ ਕੇ ਜਿਵੇਂ ਬੈਲ ਜੋੜੀਦੇ ਹਨ, ਗਧਿਆਂ ਨਾਲ ਹਲ ਵਾਹੁਣਾ ਸ਼ੁਰੂ ਕਰ ਦਿੱਤਾ। ੮।

**ਵਡੇ ਸ੍ਰਦਾਰਨ ਹਥ ਆਪ ਲਾਯੋ॥** ਜਿਹੜੇ ਵੱਡੇ ਸਰਦਾਰ ਸਨ ਬਾਬਾ ਜੱਸਾ ਜੀ ਆਹਲਵਾਲੀਆ ਅਤੇ ਹੋਰ ਸ਼ਾਮ ਸਿੰਘ ਜੀ ਨਾਰੋ ਕਿਆਂ ਵਾਲੇ ਵਰਗੇ ਸੂਰਮੇ, ਉਧਰ ਤਰਨੇ ਦਲ ਵਿਚ ਜਿਹੜੇ ਮੁਖੀ ਜਥੇਦਾਰ ਸਨ, ਸਾਰਿਆਂ ਨੇ ਆਪ ਹਲ ਫੜੇ ਸਰਦਾਰਾਂ ਨੇ। ਹਲ ਵਾਹਿਆ ਤੇ ਫਿਰ ਢਾਹਿਆ ਕਿਲ੍ਹੇ ਨੂੰ।

**ਸਤਿਗੁਰ ਬਚ ਕਹਿ ਪੰਥ ਕਮਾਯੋ॥** ਜੋ ਸਤਿਗੁਰਾਂ ਨੇ ਬਚਨ ਕਿਹਾ ਥੋੜ੍ਹੇ ਸਮੇਂ ਵਿਚ ਹੀ ਮੇਰਾ ਖਾਲਸਾ ਏਥੇ ਗਧਿਆਂ ਨਾਲ ਹਲ ਚਲਾਇਗਾ, ਇਨ੍ਹਾਂ ਸਰਹੰਦ ਦੇ ਕਿਲ੍ਹਿਆ ਉੱਤੇ ਖਾਲਸਾ ਪੰਥ ਨੇ ਸਤਿਗੁਰੂ ਜੀ ਦਾ ਕਿਹਾ ਹੋਇਆ ਬਚਨ ਪੂਰਾ ਕੀਤਾ।

**ਹੁਤੋ ਬਾਪ ਥੋ ਹਮਰੋ ਸਾਥ॥** ਭਾਈ ਰਤਨ ਸਿੰਘ ਜੀ ਕਹਿੰਦੇ ਸਰਹੰਦ ਦੇ ਇਸ ਹਮਲੇ ਵਿਚ ਮੇਰੇ ਪਿਤਾ ਰਾਏ ਸਿੰਘ ਜੀ ਵੀ ਖਾਲਸੇ ਪੰਥ ਦੇ ਨਾਲ ਸਨ।

**ਸੋਊ ਲਿਖੀ ਜੁ ਉਨ ਕਹੀ ਬਾਤ॥ ੯॥** ਜੋ ਉਨ੍ਹਾਂ (ਮੇਰੇ ਪਿਤਾ) ਨੇ ਸਾਖੀ ਪ੍ਰਸੰਗ ਮੈਨੂੰ ਕਹਿ ਕੇ ਸੁਣਾਇਆ ਹੈ, ਮੈਂ ਉਹੀ ਉਸੇ ਤਰ੍ਹਾਂ ਹੀ ਲਿਖਿਆ ਹੈ। ੯।

## ੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ॥

# ਸਾਖੀ ਦੇਹੁਰੇ ਕੇ ਪ੍ਰਸੰਗ ਕੀ ਲਿਖਯਤੇ

## (ਸਰਹੰਦ ਵਿਖੇ ਦੇਹੁਰੇ ਬਣਵਾਏ)

***ਚੌਪਈ॥ਅਗੇ ਸੁਨੋ ਅਬ ਮਾਲੀ ਪਯਾਰੇ॥*** ਅੰਗਰੇਜ ਕੈਪਟਨ (ਮਾਲੀ) ਮਰੇ ਸਾਹਿਬ ਭਾਈ ਰਤਨ ਸਿੰਘ ਜੀ ਤੋਂ ਖਾਲਸੇ ਦਾ ਗੌਰਵਮਈ ਇਤਿਹਾਸ ਸੁਣ ਰਹੇ। ਭਾਈ ਰਤਨ ਸਿੰਘ ਜੀ ਕਹਿੰਦੇ, ਪਿਆਰੇ ਮਾਲੀ ਸਾਹਿਬ! ਹੁਣ ਅੱਗੇ ਦਾ ਪ੍ਰਸੰਗ ਸੁਣੋ।

***ਜਿਸ ਬਿਧ ਦੇਹੁਰੇ ਪੰਥ ਬਨਵਾਰੇ॥*** ਜਿਸ ਪ੍ਰਕਾਰ ਖਾਲਸਾ ਪੰਥ ਨੇ, ਗੁਰੂ ਕੇ ਛੋਟੇ ਸਾਬਿਜ਼ਾਦਿਆਂ ਦੇ ਅਤੇ ਮਾਤਾ ਜੀ ਦੇ (ਦੇਹੁਰੇ) ਸ਼ਹੀਦੀ ਅਸਥਾਨ ਬਣਵਾਏ, ਜਿਥੇ ਉਹ ਸ਼ਹੀਦ ਹੋਏ ਸਨ ਅਤੇ ਉਨ੍ਹਾਂ ਦਾ ਅੰਤਮ ਸੰਸਕਾਰ ਕੀਤਾ ਗਿਆ ਸੀ।

***ਜਬ ਮੱਧ ਪੰਥ ਕਿਲ੍ਹੇ ਥੋ ਵੜਯੋ॥*** ਜਦੋਂ ਖਾਲਸਾ ਪੰਥ ਸਰਹੰਦ ਦੇ ਕਿਲ੍ਹੇ ਵਿੱਚ ਦਾਖ਼ਲ ਹੋਇਆ ਸੀ।

***ਨਿਜ ਨਿਜ ਡੇਰਨ ਬਹੁ ਕੜਾਹ ਕਰਯੋ॥ ੧॥*** ਸਿੰਘਾਂ ਨੇ ਆਪ ਆਪਣੀਆਂ ਜਥੇਬੰਦੀਆਂ ਵਿਚ ਆਪਣੇ ਆਪਣੇ ਡੇਰਿਆਂ ਵਿਚ ਬਹੁਤ ਸਾਰਾ ਕੜਾਹ ਪ੍ਰਸ਼ਾਦ ਤਿਆਰ ਕਰਵਾਇਆ। ੧।

***ਕਿਨੇ ਮਾਤਾ ਕੈ ਬੁਰਜ ਬਰਤਾਯੋ॥*** ਕਿਸੇ ਜਥੇ ਨੇ ਮਾਤਾ ਜੀ ਦੇ ਠੰਢੇ ਬੁਰਜ਼ ਜਾ ਕੇ ਕੜਾਹ ਪ੍ਰਸ਼ਾਦ ਵਰਤਾਇਆ।

***ਕੋਈ ਸ਼ਹੀਦਨ ਜਾਗ੍ਹਾ ਆਯੋ॥*** ਕੋਈ ਸ਼ਹੀਦ ਸਿੰਘਾਂ ਦੇ ਅਸਥਾਨ ਆਇਆ, ਉਥੇ ਆ ਕੇ ਕੜਾਹ ਪ੍ਰਸ਼ਾਦ ਵਰਤਾਇਆ।

***ਕੋਈ ਗਏ ਸਰ ਜੋਤੀ ਤਾਲ॥*** ਕੋਈ ਸਿੰਘ ਜੋਤੀ ਸਰੂਪ ਜਿਥੇ ਛੋਟੇ ਸਾਹਿਬਜ਼ਾਦਿਆਂ ਦਾ ਅੰਤਮ ਸੰਸਕਾਰ ਹੋਇਆ, ਉਥੇ ਗਏ ਕੜਾਹ ਪ੍ਰਸ਼ਾਦ ਵਰਤਾਉਣ।

***ਜਹਾਂ ਗਡੇ ਥੇ ਸਤਿਗੁਰ ਲਾਲ॥ ੨॥*** ਜਿਥੇ ਚਿਣੇ ਗਏ ਸੀ, ਜਿਥੇ ਸਤਿਗੁਰੂ ਜੀ ਦੇ ਲਾਲਾਂ ਦਾ ਅੰਤਮ ਸੰਸਕਾਰ ਹੋਇਆ। ੨।

***ਸਭ ਖਾਲਸੈ ਮਿਲ ਮਤੋ ਠਹਿਰਾਯੋ॥*** ਸਰਬੱਤ੍ਰ ਖਾਲਸੇ ਨੇ ਮਿਲ ਕੇ ਗੁਰਮਤਾ ਸੋਧਿਆ।

***ਚਹੀਯਤ ਇਕ ਹੀ ਦੇਹਰੋ ਬਣਵਾਯੋ॥*** ਉਨ੍ਹਾਂ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਸਾਨੂੰ ਇਕ (ਦੇਹਰੋ) ਦੇਹੁਰਾ, ਸ਼ਹੀਦੀ ਅਸਥਾਨ ਬਨਾਉਣਾ ਚਾਹੀਦਾ ਹੈ।

***ਜਿਸ ਜਾਗ੍ਹਾ ਗੁਰ ਸੁਤ ਹੈਂ ਘਾਏ॥*** ਜਿਸ ਥਾਂ 'ਤੇ ਸਤਿਗੁਰੂ ਜੀ ਦੇ ਸਾਹਿਬਜ਼ਾਦੇ ਸ਼ਹੀਦ ਕੀਤੇ ਗਏ।

***ਜਿਸੈ ਠੌਰ ਉਨ ਗਲੇ ਕਟਾਏ॥ ੩॥*** ਜਿਸ ਜਗ੍ਹਾ 'ਤੇ ਉਨ੍ਹਾਂ ਦੇ ਸੀਸ ਕੱਟੇ ਗਏ। ੩।

***ਜਿਸੈ ਠੌਰ ਉਨ ਵੀਟਯੋ ਰਕਤ॥*** ਜਿਸ ਥਾਂ 'ਤੇ ਉਨ੍ਹਾਂ ਦਾ ਲਹੂ ਢਲਿਆ।

***ਉਸੀ ਠੌਰ ਉਨ ਹੋਵਗੁ ਸ਼ਕਤਿ॥*** ਉਸ ਥਾਂ 'ਤੇ ਉਨ੍ਹਾਂ ਸ਼ਹੀਦਾਂ ਦੀ ਜ਼ਰੂਰ ਹੀ ਸ਼ਕਤੀ ਹੋਵੇਗੀ।

***ਬ੍ਰਿਧ ਪੁਰਸ਼ ਉਹਾਂ ਪੁਛ ਬੁਲਾਏ॥*** ਸਰਹੰਦ ਦੇ ਬਜ਼ੁਰਗ ਲੋਕਾਂ ਨੂੰ ਬੁਲਾ ਕੇ ਪੁੱਛਿਆ ਹੈ ਉਥੇ।

***ਅਸਥਾਨ ਪਤੇ ਉਨ ਸਭੈ ਬਤਾਏ॥ ੪॥*** ਉਨ੍ਹਾਂ ਬਜ਼ੁਰਗਾਂ ਨੇ ਸਾਹਿਬਜ਼ਾਦਿਆਂ ਦੇ ਅਸਥਾਨਾਂ ਦੇ ਸਾਰੇ ਪਤੇ ਦਸੇ। ੪।

***ਦੋਹਰਾ॥ਔਰ ਜੁ ਪੀਛੈ ਜਿਮ ਭਈ ਤਿਮ ਉਨ ਦਈ ਸੁਨਾਇ॥*** ਹੋਰ ਜੋ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਜਿਵੇਂ ਹੋਈ, ਉਵੇਂ ਉਨ੍ਹਾਂ ਨੇ ਸੁਣਾ ਦਿੱਤੀ।

***ਜਿਮ ਤੁਰਕਨ ਕੌ ਗ੍ਰਸਟ ਨਿਜ ਦੀਪਕ ਲਯੋ ਬਲਵਾਇ॥ ੫॥*** ਜਿਵੇਂ ਤੁਰਕਾਂ ਨੂੰ ਫੜ ਕੇ ਸ਼ਹੀਦਾਂ ਸਿੰਘਾਂ ਨੇ ਉਨ੍ਹਾਂ ਦੇ

ਹੱਥੀਂ ਆਪਣੀ ਜੋਤ ਜਗਵਾਈ ਏਥੇ। ੫।

***ਚੌਪਈ॥ਜਿਸੈ ਭਾਂਤਿ ਉਨ ਬ੍ਰਿਧਨ ਬਤਾਈ॥*** ਜਿਸ ਪ੍ਰਕਾਰ ਉਨ੍ਹਾਂ ਬਿਰਧਾਂ ਨੇ ਸਾਖੀ ਦੱਸੀ।

***ਉਸੀ ਭਾਂਤ ਮੈਂ ਲਿਖਯੋ ਬਣਾਈ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਮੈਂ ਉਸੇ ਤਰ੍ਹਾਂ ਹੀ ਲਿਖ ਦਿੱਤਾ ਹੈ ਬਣਾ ਕੇ।

***ਜਬੈ ਬਜੀਰੈ ਬਾਲ ਮਰਵਾਯੋ॥*** ਜਦੋਂ ਵਜੀਰ ਖ਼ਾਂ ਨੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾ ਦਿੱਤਾ।

***ਉਸੈ ਬਾਲਨ ਸੋਂ ਪਕੜੋ ਆਯੋ॥ ੬॥*** ਸ਼ਹੀਦ ਸਾਹਿਬਜ਼ਾਦਿਆਂ ਨੇ ਆ ਪਕੜਿਆ ਉਸ (ਵਜੀਰ ਖ਼ਾਂ) ਨੂੰ। ੬।

***ਕਦੈ ਸੂਲ ਕਦ ਕਹੈ ਅਫਾਰਾ॥*** ਕਦੇ (ਵਜੀਰ ਖ਼ਾਂ) ਕਹਿੰਦਾ ਮੈਨੂੰ ਅਫਾਰਾ ਹੋ ਗਿਆ ਅਤੇ ਕਹਿੰਦਾ ਮੇਰੇ ਸੂਲ ਉਠਦਾ ਹੈ ਢਿੱਡ ਵਿਚ।

***ਭੇਤ ਨ ਦੇਵੈ ਵਹੁ ਮਨ ਸਾਰਾ॥*** ਉਹ ਆਪਣੇ ਮਨ ਦਾ ਸਾਰਾ ਭੇਤ ਨਾ ਦੇਵੇ, 'ਹਾਇ ਓਇ ਮਰ ਗਿਆ' ਮਰ ਗਿਆ ਕਰੇ?

***ਜਾਗਤ ਡਰੈ ਔ ਸੂਤੋ ਬੁੜਾਵੈ॥*** ਜਦੋਂ ਸ਼ਹੀਦ ਸਿੰਘ ਦਿਖਾਈ ਦਿੰਦੇ ਸਨ, ਤਾਂ ਜਾਗਦਾ ਹੀ ਡਰਦਾ। ਜਦੋਂ ਨੀਂਦ ਆ ਜਾਂਦੀ ਤਾਂ ਸੁੱਤਾ ਪਿਆ ਬੁਰੜਾਣ ਲੱਗ ਪੈਂਦਾ।

***'ਹਾਇ ਹਾਇ' ਕਰ ਉਠ ਭਜ ਜਾਵੈ॥ ੭॥*** 'ਹਾਇ ਓਇ ਮਾਰ ਦਿੱਤਾ, ਹਾਇ ਮਾਰ ਦਿੱਤਾ, ਕਰ ਉੱਠ ਕੇ ਮੰਜੇ ਤੋਂ ਭੱਜ ਜਾਂਦਾ ਹੈ। ੭।

***ਕਹੈ ਬਾਣੋ ਕੋਊ ਨੀਲੋਧਾਰੀ॥*** ਬਜੀਦਾ ਕਹਿੰਦਾ ਕੋਈ ਨੀਲਾ ਬਾਣਾ ਧਾਰਨ ਕਰਨ ਵਾਲੇ।

***ਮਾਰੈਂ ਸੋਟੇ ਮੁਹਿ ਰਾਤ ਸਾਰੀ॥*** ਮੈਨੂੰ ਸਾਰੀ ਰਾਤ ਸੋਟੇ ਮਾਰਦੇ ਹਨ, ਮੈਨੂੰ ਸਾਰੀ ਰਾਤ ਸਲੋਤਰਾਂ ਨਾਲ ਕੁੱਟੀ ਤੁਰੇ ਜਾਂਦੇ ਹਨ।

***ਦੋਊ ਬਾਲਕ ਜੋ ਅਬ ਹਮ ਮਾਰੇ॥*** ਦੋਵੇਂ ਸਾਹਿਬਜ਼ਾਦੇ ਜੋ ਹੁਣੇ ਅਸੀਂ ਸ਼ਹੀਦ ਕੀਤੇ।

***ਗਿਰਦ ਫਿਰੈਂ ਫੜ ਕਰਦ ਕਟਾਰੇ॥ ੮॥*** ਉਹ (ਕਰਦ) ਕ੍ਰਿਪਾਨਾਂ ਤੇ ਕਟਾਰੀਆਂ ਕੱਢ ਕੇ ਮੇਰੇ ਦੁਆਲੇ ਹੋਏ ਫਿਰਦੇ। ੮।

***ਸੱਦ ਮੁਲਾਣੇ ਭੇਦ ਕਹਿ ਦਯੋ॥*** ਵਜ਼ੀਦ ਖ਼ਾਂ ਨੇ ਮੁਲਾਣਿਆਂ ਨੂੰ ਸੱਦ ਕੇ ਸਾਰਾ ਭੇਤ ਕਹਿ ਦਿੱਤਾ ਕਿ ਮੈਨੂੰ ਇਉਂ ਤੰਗ ਕਰਦੇ ਹਨ।

***ਤਬੀਤ ਧਾਗੋ ਉਨ ਨੈ ਬਹੁ ਕਯੋ॥*** ਬਥੇਰੇ ਧਾਗੇ ਤਬੀਤ ਕੀਤੇ, ਉਨ੍ਹਾਂ ਨੇ ਬਚਾਉਣ ਵਾਸਤੇ।

***ਤੌ ਭੀ ਉਸਕੋ ਛੁਟੈ ਨ ਖਯਾਲ॥*** ਤਬੀਤ ਧਾਗੇ ਕੀ ਕਰਨਗੇ, ਉਥੇ ਸ਼ਹੀਦਾਂ ਸਿੰਘਾਂ ਅੱਗੇ, ਤਾਂ ਵੀ ਉਸ ਦਾ ਉਧਰੋਂ ਧਿਆਨ ਨਹੀਂ ਛੁਟਦਾ, ਮੁੜ-ਮੁੜ ਕੇ ਧਿਆਨ ਉਧਰ ਹੀ ਜਾਂਦਾ ਹੈ, ਫਿਰ ਵੀ ਸ਼ਹੀਦ ਸਿੰਘ ਕੁੱਟਦੇ ਮਾਰਦੇ ਹਨ ਉਸ ਨੂੰ।

***ਸਗਵੋਂ ਉਸ ਹੁਇ ਬੁਰੋ ਹਵਾਲ॥ ੯॥*** ਸਗੋਂ ਉਸ ਦਾ ਹੋਰ ਵੀ ਬੁਰਾ ਹਾਲ ਹੁੰਦਾ ਹੈ, ਸਗੋਂ ਹੋਰ ਜਿਆਦਾ ਦੁਖ ਹੁੰਦਾ ਹੈ। ੯।

***ਦੋਹਰਾ॥ਜਿਮ ਜਿਮ ਤਾਗੇ ਉਨ ਬੰਧੇ, ਪੜ੍ਹਾਏ ਆਇ ਕਲਾਮ॥*** ਜਿਵੇਂ-ਜਿਵੇਂ ਧਾਗੇ ਬੰਨ੍ਹੇ ਉਸ ਨੇ ਮੰਤ੍ਰ ਕਰ ਕਰਕੇ ਅਤੇ ਮੁਲਾਣਿਆਂ ਤੋਂ ਕਲਾਮ ਪੜ੍ਹਾਉਂਦਾ ਹੈ।

***ਤਿਮ ਤਿਮ ਉਸ ਬਹੁ ਦੁਖ ਲਗੈ, ਪਾਇ ਨ ਕਛੁ ਅਰਾਮ॥ ੧੦॥*** ਤਿਉਂ-ਤਿਉਂ ਉਸ ਨੂੰ ਬਹੁਤਾ ਦੁਖ ਲੱਗਦਾ। ਕੋਈ ਅਰਾਮ ਨਹੀਂ ਆਉਂਦਾ ਉਸ ਨੂੰ। ੧੦।

***ਚੌਪਈ॥ਔਰ ਤੁਰਕ ਕੋਊ ਉਤਵਲ ਜਾਵੈ॥*** ਹੋਰ ਕੋਈ ਤੁਰਕ ਜੇ ਉਧਰ ਨੂੰ ਜਾਂਦਾ ਹੈ ਜੁੱਤੀ ਆਦਿਕ ਪਾ ਕੇ, ਜਿਥੇ ਸਾਹਿਬਜ਼ਾਦੇ ਸ਼ਹੀਦ ਹੋਏ ਸਨ।

***ਨਰੜ ਪਕੜ ਹੁਇ ਤੁਰਤ ਗਿਰ ਪਾਵੈ॥*** ਉਹ ਨਰੜ ਕੇ ਪਕੜਿਆ ਹੋਇਆ ਤੁਰਤ ਹੀ ਡਿੱਗ ਪੈਂਦਾ ਹੈ।

***ਕਈ ਦੁਸ਼ਟ ਥੇ ਜਦ ਕਰਤ ਪਿਸ਼ਾਬ॥*** ਕਈ ਦੁਸ਼ਟ ਜਦੋਂ ਉਸ ਪਾਸੇ ਪਿਸ਼ਾਬ ਕਰਨ ਜਾਂਦੇ ਸਨ।

***ਤੇ ਮਾਰੀਅਤ ਦੇ ਬਹੁਤ ਅਜ਼ਾਬ॥ ੧੧॥*** ਉਨ੍ਹਾਂ ਨੂੰ ਬਹੁਤ ਦੁਖ ਦੇ ਕੇ ਮਾਰਿਆ ਕੁੱਟਿਆ ਜਾਂਦਾ ਸੀ। ੧੧।

***ਤੌ ਤੁਰਕਨ ਕੈ ਮਨ ਭੈ ਆਈ॥*** ਤਾਂ ਤੁਰਕਾਂ ਦੇ ਮਨ ਵਿਚ ਬੜਾ ਡਰ ਹੋਇਆ ਕਿ ਏਥੇ ਤਾਂ ਸ਼ਕਤੀ ਹੈ, ਏਥੇ ਤਾਂ ਸ਼ਹੀਦ ਸਿੰਘ ਪਹਿਰਾ ਦਿੰਦੇ ਹਨ।

***ਪ੍ਰਗਟ ਨ ਭਾਖੈਂ ਗੋਪ ਰਖਾਈ॥*** ਤੁਰਕ ਪ੍ਰਗਟ ਨਹੀਂ ਕਹਿੰਦੇ, ਗੁਪਤ ਹੀ ਰੱਖਦੇ ਸਨ ਏਸ ਗੱਲ ਨੂੰ।

***ਆਪਸ ਮਧ ਮਿਲ ਬਾਤੈਂ ਕਰੈਂ॥*** ਤੁਰਕ ਆਪਸ ਵਿਚ ਮਿਲ ਕੇ ਗੱਲਾਂ ਕਰਦੇ।

***'ਇਤਵਲ ਨ ਜਾਈਓ', ਯੌ ਆਖੈਂ ਔ ਡਰੈਂ॥ ੧੨॥*** ਓਏ' ਏਸ ਪਾਸੇ ਵੱਲ ਨ ਜਾਇਓ ! ਏਧਰ ਮੇਰਾ ਬੁਰਾ ਹਾਲ ਹੋਇਆ ਸੀ', ਇਉਂ ਆਖਦੇ ਅਤੇ ਡਰਦੇ। ੧੨।

***ਦੂਦ ਫਾਤੀਆ ਔ ਉਪਾਉ ਬਥੇਰੇ॥*** (ਦੂਦ) ਦਰੂਦ, ਮੁਸਲਮਾਨਾਂ ਦੀ ਪ੍ਰਾਰਥਨਾ, (ਫਾਤੀਆ) ਫਾਤਿਹਾ, ਇਸਲਾਮ ਦਾ ਮੂਲ ਮੰਤ੍ਰ, ਜਿਸ ਦਾ ਪਾਠ ਰੋਗੀਆਂ ਦੇ ਰੋਗ ਦੂਰ ਕਰਨ ਅਤੇ ਮੋਏ ਹੋਏ ਪ੍ਰਾਣੀਆਂ ਦੇ ਭਲੇ ਲਈ ਕੀਤਾ ਜਾਂਦਾ ਹੈ ਅਤੇ ਹੋਰ ਬਥੇਰੇ ਉਪਾਉ ਕਰਦੇ।

***ਜਿਮ ਜਿਮ ਕਰੈਂ ਤਿਮ ਦੁਖੈਂ ਘਨੇਰੇ॥*** ਜਿਉਂ-ਜਿਉਂ ਉਪਾਉ ਕਰਦੇ ਸਨ, ਤਿਵੇਂ ਬਹੁਤਾ ਦੁਖ ਲਗਦਾ।

***ਤੌ ਥਕ ਪਕ ਕੇ ਬਾਤ ਉਚਾਰੀ॥*** ਤਾਂ ਥੱਕ ਕੇ ਪੱਕ ਪਕਾ ਕੇ ਗੱਲ ਕਹੀ।

***'ਨਿਬਾਬ ਨ ਮਿਲੈ ਸੌਣੇ ਰਾਤ ਸਾਰੀ' ॥ ੧੩॥*** ਨਵਾਬ ਵਜੀਰ ਖ਼ਾਂ ਨੂੰ ਸਾਰੀ ਰਾਤ ਸੌਣਾ ਨਹੀਂ ਮਿਲਦਾ, ਡਰ ਅਤੇ ਦੁਖ ਕਰਕੇ ਸਾਰੀ ਰਾਤ ਨਵਾਬ ਨੂੰ ਨੀਂਦ ਨਹੀਂ ਆਉਂਦੀ ਸੌਣਾਂ ਨਸੀਬ ਨਹੀਂ ਹੁੰਦਾ। ੧੩।

***ਸਦ ਹਿੰਦੂ ਉਨ ਬਾਤ ਉਚਾਰੀ॥*** ਉਸ (ਵਜੀਦ ਖ਼ਾਂ) ਨੇ ਹਿੰਦੂਆਂ ਨੂੰ ਸੱਦ ਕੇ ਸਾਰੀ ਗੱਲ ਦੱਸੀ ,ਜੋ ਉਸ ਨਾਲ ਵਾਪਰਦੀ ਸੀ।

***'ਯਾਕੋ ਜਤਨ ਕੋਊ ਕਹੋ ਬਿਚਾਰੀ' ॥*** ਇਸ ਦਾ ਕੋਈ ਯਤਨ ਦੱਸੋ ਵਿਚਾਰ ਕੇ, ਕਿਵੇਂ ਹਟ ਸਕਦਾ ਹੈ।

***ਊਹਾਂ ਆਯੋ ਥੋ ਕਪੂਰੋ ਬਿਰਾੜ॥*** ਸਰਹੰਦ ਵਿਚ ਕੁਦਰਤੀਂ ਕੋਟ ਵਾਲਾ ਕਪੂਰਾ ਬਰਾੜ ਆਇਆ ਹੋਇਆ ਸੀ।

***ਉਨ ਕਹਿ ਦੀਓ ਐਸ ਬਿਚਾਰ॥ ੧੪॥*** ਉਸ ਨੇ ਵਿਚਾਰ ਕੇ ਐਸੇ ਕਹਿ ਦਿੱਤਾ। ੧੪।

***ਦੋਹਰਾ॥ਤਿਨ ਤੁਰਕਨ ਕੋ ਯੌ ਕਹਯੋ, 'ਯਾਕੌ ਸੁਨੋ ਉਪਾਇ॥*** ਉਸ ਨੇ ਤੁਰਕਾਂ ਨੂੰ ਇਉਂ ਕਿਹਾ, ਇਸ ਦਾ ਉਪਾਉ ਸੁਣੋ।

***ਜਿਹ ਜਾਗ੍ਹਾ ਗੁਰ ਸੁਤ ਬਧੇ, ਤਹਿਂ ਜਾਗ੍ਹਾ ਦਿਹੋ ਬਨਾਇ॥ ੧੫॥*** ਜਿਸ ਥਾਂ 'ਤੇ ਗੁਰ ਕੇ ਸਾਹਿਬਜ਼ਾਦੇ (ਬਧੇ) ਮਾਰੇ, ਸ਼ਹੀਦ ਕੀਤੇ ਸਨ, ਉਥੇ ਉਨ੍ਹਾਂ ਸ਼ਹੀਦਾਂ ਦਾ ਅਸਥਾਨ ਬਣਾ ਦਿਓ, ਉਥੇ ਕੋਈ ਥੜ੍ਹਾ ਆਦਿਕ ਬਣਾ ਦਿਉ ਉਨ੍ਹਾਂ ਦੀ ਯਾਦ ਵਿਚ। ੧੫।

***ਚੌਪਈ॥ਨਿਸਾ ਪਰਤਿ ਨਿਤ ਦੀਪ ਬਲਵਾਯੋ॥*** ਰਾਤ ਪੈਂਦਿਆਂ ਹੀ ਉਥੇ ਨਿਤਾਪ੍ਰਤੀ ਨਿਤਨੇਮ ਨਾਲ ਜੋਤ ਜਗਾਇਆ ਕਰੋ।

***ਗੁਰ ਜਾਗ੍ਹਾ ਕਹਿ ਕੜਾਹੁ ਕਰਾਯੋ॥*** ਗੁਰੂ ਕੀ ਜਗ੍ਹਾ ਸਮਝ ਕੇ ਉਥੇ ਕੜਾਹ ਪ੍ਰਸ਼ਾਦ ਕਰਕੇ ਚੜ੍ਹਾਇਆ ਕਰੋ।

***ਮੰਦੋ ਗੰਦੋ ਕੋਊ ਊਹਾਂ ਨ ਜਾਯੋ॥*** ਕੋਈ ਵੀ ਗੰਦਾ-ਮੰਦਾ ਪੁਰਸ਼ ਉਥੇ ਨਾ ਜਾਵੇ। ਸ਼ਹੀਦਾਂ ਦੀ ਜਗ੍ਹਾ 'ਤੇ।

***ਝਾੜੂ ਦੇਇ ਸੁਧ ਠੌਰ ਰਖਾਯੋ॥ ੧੬॥*** ਝਾੜੂ ਆਦਿਕ ਦੇ ਕੇ ਉਸ ਜਗ੍ਹਾ ਨੂੰ, ਪਵਿਤ੍ਰ ਰੱਖੋ। ੧੬।

***ਸੁਖਨੋ ਸੁਖੈ ਤਿਸੈ ਬਰ ਆਵੈ॥*** ਜੋ ਕੋਈ ਸੁਖਨਾ ਸੁਖੇਗਾ ਸ਼ਹੀਦਾਂ ਦੇ ਅਸਥਾਨ 'ਤੇ, ਉਸ ਨੂੰ ਵਰ ਮਿਲਦਾ ਹੈ, ਸੁਖਣਾ ਪੂਰੀ ਹੋਵੇਗੀ ਉਸ ਦੀ।

***ਕਰੇ ਤਗਾਫਲੀ ਸੋ ਪਛੁਤਾਵੈ॥*** ਜਿਹੜਾ (ਤਗਾਫਲੀ) ਲਾਪਰਵਾਹੀ ਬੇਅਦਬੀ ਕਰੇਗਾ ਉਹ ਪਛਤਾਵੇਗਾ।

***ਏਕ ਸਿੱਖ ਤਹਿਂ ਦਿਹੋ ਬਹਾਇ॥*** ਇਕ ਸਿੱਖ ਨੂੰ ਏਸ ਜਗ੍ਹਾ ਦੀ ਪੂਜਾ ਆਦਿਕ ਕਰਨ ਵਾਸਤੇ ਬਿਠਾ ਦਿਉ।

***ਸੋ ਲੇਵਗੁ ਸਭ ਬਿਧਿ ਬਨਵਾਇ॥ ੧੭॥*** ਉਹ ਆਪ ਹੀ ਸਾਰੀ ਵਿਧੀ ਬਣਵਾ ਲਵੇਗਾ, ਸ਼ਹੀਦੀ ਅਸਥਾਨ ਦੀ (ਬਿਧਿ)

ਮ੍ਰਯਾਦਾ। ੧੭।

**ਬਜੀਰੈ ਮਨਜ਼ੂਰ ਸੱਭ ਕਰ ਲਈ॥** ਵਜੀਰ ਖ਼ਾਂ ਨੇ ਸਾਰੀ ਗੱਲ ਮਨਜ਼ੂਰ ਕਰ ਲਈ। ਮੈਨੂੰ ਮਨਜ਼ੂਰ ਹੈ ਜੀ।

**ਅਪਨੇ ਦੁੱਖ ਤੇ ਦੇਰ ਨ ਕਈ॥** ਆਪਣੇ ਦੁਖ ਦੇ ਮਾਰੇ ਨੇ ਦੇਰੀ ਨਹੀਂ ਕੀਤੀ ਏਸ ਕੰਮ ਵਿਚ।

**ਦੀਨੋ ਖਰਚ ਚਬੂਤਰੈ ਲਾਇ॥** (ਚਬੂਤਰੈ) ਸਰਕਾਰੀ ਖ਼ਜ਼ਾਨੇ ਵੱਲੋਂ ਸ਼ਹੀਦਾਂ ਦੇ ਸਥਾਨ ਨੂੰ ਖ਼ਰਚ ਲਾ ਦਿੱਤਾ ਆਪਣੇ ਵੱਲੋਂ।

**ਐਸੋ ਦਯੋ ਉਨ ਬੂਢਨ ਬਤਾਇ॥ ੧੮॥** ਏਸ ਤਰ੍ਹਾਂ ਦੱਸਿਆ ਉਨ੍ਹਾਂ ਬੁੱਢਿਆਂ ਬਿਰਧਾਂ ਨੇ ਖਾਲਸੇ ਨੂੰ। ੧੮।

**ਯੌ ਸੁਨ ਖਾਲਸੈ ਕਰੀ ਸਲਾਹਿ॥** ਇਉਂ ਬਜ਼ੁਰਗਾਂ ਤੋਂ ਸੁਣ ਕੇ ਸਾਰੀ ਦਾਸਤਾਨ, ਖਾਲਸੇ ਨੇ ਗੁਰਮਤਾ ਕੀਤਾ।

**ਈਹਾਂ ਦ੍ਰਬਾਰ ਦਯੋ ਖ਼ੂਬ ਬਨਾਇ॥** ਖਾਲਸਾ ਜੀ ! ਏਥੇ ਸ਼ਹੀਦੀ ਸਥਾਨ 'ਤੇ ਸੁੰਦਰ ਦਰਬਾਰ ਸਾਹਿਬ, ਬਣਾ ਦਿਉ।

**ਝੰਡੇ ਗਡੋ ਔ ਨਗਾਰੋ ਧਰਾਓ॥** ਸ੍ਰੀ ਨਿਸ਼ਾਨ ਸਾਹਿਬ ਝੁਲਾ ਦਿਉ ਅਤੇ ਨਗਾਰਾ ਰਖਾਉ ਸ਼ਹੀਦੀ ਸਥਾਨ 'ਤੇ। ਨਗਾਰੇ ਵੱਜਣ ਸ਼ਹੀਦਾਂ ਦੇ।

**ਬਹਾਇ ਸਿੰਘ ਈਹਾਂ ਪੂਜ ਲਗਾਓ॥** 'ਏਥੇ ਕਿਸੇ ਸਿੰਘ ਨੂੰ ਬਿਠਾ ਕੇ, ਏਥੇ ਏਸ ਜਗ੍ਹਾ ਦੀ ਪੂਜਾ ਲਗਾ ਦਿਉ, ਭਾਵ ਏਸ ਸਥਾਨ ਦੇ ਨਾਮ ਜਗੀਰ ਲਗਾ ਦਿਉ।

**ਪ੍ਰਾਤ ਹੋਤ ਪੰਥ ਆਯੋ ਸਾਰੋ॥** ਜਦੋਂ ਅੰਮ੍ਰਿਤ ਵੇਲਾ ਹੋਇਆ, ਉਦੋਂ ਸਰਬਤ੍ਰ ਖਾਲਸਾ ਆਇਆ ਹੈ ਸ਼ਹੀਦੀ ਸਥਾਨ 'ਤੇ।

**ਕੀਓ ਉਮੈਂ ਜਿਮ ਰਾਤ ਉਚਾਰੋ॥ ੧੯॥** ਜਿਵੇਂ ਰਾਤ ਕਿਹਾ ਸੀ, ਉਸੇ ਤਰ੍ਹਾਂ ਹੀ ਕੀਤਾ ਹੈ ਖਾਲਸੇ ਨੇ। ੧੯।

**ਦੋਹਰਾ॥ਪ੍ਰਾਤ ਹੋਤ ਪੰਥ ਆਇ ਸਭ ਲਾਯੋ ਉਹਾਂ ਦਿਵਾਨ॥** ਦਿਨ ਚੜ੍ਹਦਿਆਂ ਹੀ ਸਰਬਤ੍ਰ ਖਾਲਸੇ ਨੇ ਆ ਕੇ ਉਥੇ ਦੀਵਾਨ ਸਜਾਇਆ ਹੈ।

**ਬਨਵਾਇ ਥੜੋ ਚੌਕੀ ਧਰੀ ਊਪਰ ਚੰਦੋਵੋ ਤਾਣ॥ ੨੦॥** ਥੜ੍ਹਾ ਬਣਾ ਕੇ ਉਸ ਦੇ ਉਪਰ ਚੌਕੀ ਰੱਖੀ ਹੈ ਅਤੇ ਉਪਰ ਸੁੰਦਰ ਚੰਦੋਆ ਤਾਣਿਆ ਹੈ। ੨੦।

**ਚੌਪਈ॥ਚੌਕੀ ਤੋ ਤੁਰਕ ਤਖਤ ਬਣਾਯਾ॥** ਉਸ ਚੌਕੀ ਨੂੰ ਤੁਰਤ ਹੀ ਤਖਤ ਬਣਾ ਦਿੱਤਾ ਹੈ ਖੂਬ ਸਜਾ ਕੇ।

**ਸਾਥ ਰੁਮਾਲਨ ਖੂਬ ਢਕਾਯਾ॥** ਰੁਮਾਲਿਆਂ ਨਾਲ ਚੰਗੀ ਤਰ੍ਹਾਂ ਉਤੋਂ ਢਕਿਆ ਹੈ ਚੌਕੀ ਨੂੰ।

**ਪਾਂਚ ਸ਼ਸਤ੍ਰ ਉੱਪਰ ਧਰੇ ਆਨ॥** ਮੰਜੀ ਸਾਹਿਬ ਦੇ ਪੰਜ ਸ਼ਸਤ੍ਰ ਲਿਆ ਕੇ ਰੱਖੇ ਹਨ ਖਾਲਸੇ ਨੇ, ਇਹ ਪੁਰਾਤਨ ਮ੍ਰਯਾਦਾ ਹੈ, ਜਿਥੇ ਵੀ ਕੋਈ ਦੇਹੁਰੇ, ਜਾਂ ਮੰਜੀ ਸਾਹਿਬ ਹੁੰਦੇ ਸਨ, ਉਥੇ ਸਭ ਥਾਂਵਾਂ 'ਤੇ ਪਹਿਲਾਂ ਸ਼ਸਤ੍ਰ ਹੀ ਹੁੰਦੇ ਸਨ। ਇਹ ਖਾਲਸਾ ਜੀ ! ਹੁਣ ਪੁਰਾਤਨ ਰਵਾਇਤ ਬਦਲੀ ਹੈ ਇਨ੍ਹਾਂ ਨੇ, ਸ਼ਸਤ੍ਰਾਂ ਨੂੰ ਹੁਣ ਮੰਨਦੇ ਨਹੀਂ ਹਨ ਅੱਜ-ਕਲ੍ਹ ਦੇ ਲੋਕ। ਮਹਾਰਾਜ ਕਹਿੰਦੇ ਹਨ "ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ॥ ਸੈਫ ਸਰੋਹੀ ਸੈ ਹਥੀ ਯਹੈ ਹਮਾਰੇ ਪੀਰ"॥ ਸ਼ਸਤ੍ਰ ਪੀਰਨ ਕੇ ਪੀਰ ਹਨ, ਗੁਰੂ ਸਰੂਪ ਹਨ। ਇਹ ਪਿੱਛੇ ਤੋਂ ਖਾਲਸੇ ਵਿਚ ਰਵਾਇਤ ਚਲੀ ਆਉਂਦੀ ਸੀ। ਮੰਜੀ ਸਾਹਿਬ 'ਤੇ ਪੰਜ ਸ਼ਸਤ੍ਰ ਰੱਖ ਕੇ ਪੂਜਾ ਲਗਾਈ ਜਾਂਦੀ ਸੀ।

**ਗੁਰ ਸਰੂਪ ਲਏ ਸ਼ਸਤਰ ਮਾਲ॥ ੨੧॥** ਸ਼ਸਤ੍ਰਾਂ ਨੂੰ ਗੁਰੂ ਦਾ ਸਰੂਪ ਮੰਨ ਲਿਆ ਹੈ ਖਾਲਸੇ ਨੇ। ੨੧।

**ਗੁਰ ਹਜ਼ੂਰ ਜਿਮ ਸ਼ਸਤ੍ਰ ਪੁਜਵਾਏ॥** ਸਤਿਗੁਰੂ ਜੀ ਆਪ ਹਾਜ਼ਰ ਹੁੰਦਿਆਂ ਜਿਵੇਂ ਸ਼ਸਤ੍ਰਾਂ ਦੀ ਪੂਜਾ ਖਾਲਸੇ ਤੋਂ ਕਰਵਾਉਂਦੇ ਰਹੇ ਸਨ।

**ਧੂਪ ਚੰਦਨ ਚਰਚ ਸੁਮਨ ਬਰਸ੍ਵਾਏ॥** ਸ਼ਸਤ੍ਰਾਂ 'ਤੇ ਧੂਪ ਧੁਖਾਉਣੀ ਚੰਦਨ ਅਤਰ ਆਦਿਕ ਛਿੜਕਣਾਂ ਅਤੇ ਫੁੱਲਾਂ ਦੀ ਵਰਖਾ ਕੀਤੀ ਜਾਂਦੀ।

**ਚੌਰ ਮੂਠੋ ਤਹਿਂ ਦਯੋ ਕਰਵਾਇ॥** ਉਨ੍ਹਾਂ ਸ਼ਸਤ੍ਰਾਂ 'ਤੇ ਚੋਰ ਝੁਲਾਇਆ, ਚੌਰ ਕੀਤਾ ਹੈ ਮੁੱਠਾ ਪਕੜ ਕੇ।

***ਇਕ ਸਿੰਘ ਬਹਾਲਯੋ ਮੁਖਤਯਾਰ ਠਗਾਇ॥ ੨੨॥*** ਇਕ ਸਿੰਘ ਨੂੰ ਉਸ ਸ਼ਹੀਦੀ ਅਸਥਾਨ ਦਾ (ਮੁਖਤਿਆਰ) ਮੁਖ ਪ੍ਰਬੰਧਕ ਬਣਾ ਕੇ ਬਿਠਾ ਦਿੱਤਾ, ਜਿਹੜਾ ਉਥੋਂ ਦਾ ਸਾਰਾ ਇੰਤਜ਼ਾਮ ਕਰੇ। ੨੨।

***ਉਸੈ ਸਿੰਘ ਥੋ ਸਤਿਗੁਰ ਜਾਨਯੋਂ॥*** ਉਸ ਸਿੰਘ ਨੇ ਸ਼ਸਤ੍ਰਾਂ ਨੂੰ ਸਤਿਗੁਰਾਂ ਦਾ ਸਰੂਪ ਜਾਣਿਆ।

***ਟਹਿਲ ਕਰੈ ਅਤਿ ਹੀ ਮਨ ਮਾਨਯੋਂ॥*** ਉਹ ਸਿੰਘ ਅਤੀ ਮਨ ਲਾ ਕੇ ਉਸ ਸ਼ਹੀਦੀ ਸਥਾਨ ਦੀ ਸੇਵਾ ਕਰਦਾ।

***ਬਹੁਤ ਖਾਲਸੈ ਤਹਿ ਕੜਾਹੁ ਕਰਵਾਇ॥*** ਖੁਸ਼ੀ ਵਿਚ ਖਾਲਸੇ ਨੇ ਉਥੇ ਬਹੁਤ ਕੜਾਹ ਪ੍ਰਸ਼ਾਦ ਕਰਵਾਇਆ।

***ਬਹੁਤ ਚੜ੍ਹਾਏ ਪੰਥ ਚੜ੍ਹਾਇ॥ ੨੩॥*** ਖਾਲਸੇ ਪੰਥ ਨੇ ਉਸ ਸਥਾਨ 'ਤੇ ਬਹੁਤ ਸਾਰਾ ਚੜ੍ਹਾਵਾ ਚੜ੍ਹਾਇਆ। ੨੩।

***ਦੇਹਿਂ ਪਰਦੱਖਣੋਂ ਬਾਣੀਆਂ ਉਚਾਰੈਂ॥*** ਉਨਾਂ ਸ਼ਸਤ੍ਰਾਂ ਦੀ ਪ੍ਰਦੱਖਣਾ ਕਰਕੇ ਬਾਣੀ ਪੜ੍ਹਦੇ ਹਨ, ਨਾਮ ਜਪਦੇ ਹਨ।

***ਸੋਊ ਪਾਵੈਂ ਜੋਊ ਚਿਤ ਧਾਰੈਂ॥*** ਜੇ ਕੋਈ ਉਥੇ ਜਾ ਕੇ ਸੇਵਾ ਕਰੇ ਅਤੇ ਪ੍ਰਸ਼ਾਦ ਆਦਿਕ ਕਰਾਉਂਦਾ ਹੈ, ਉਹ ਜੋ ਵੀ ਚਿਤ ਵਿਚ ਧਾਰ ਕੇ ਆਉਂਦਾ ਉਹੀ ਫਲ ਪ੍ਰਾਪਤ ਕਰਦਾ ਹੈ।

***ਬੈਠਾਇ ਰਬਾਬੀ ਸ਼ਬਦ ਪੜ੍ਹਵਾਯੋ॥*** ਰਬਾਬੀ ਸਿੰਘਾਂ ਨੂੰ ਬਿਠਾ ਕੇ ਸ਼ਸਤ੍ਰਾਂ ਦੇ ਹਜ਼ੂਰ, ਸ਼ਬਦ ਕੀਰਤਨ ਕਰਵਾਇਆ।

***ਇਮ ਕਰ ਖਾਲਸੋ ਡੇਹਰੋ ਜਗਾਯੋ॥ ੨੪॥*** ਇਉਂ ਕਰਕੇ ਖਾਲਸੇ ਪੰਥ ਨੇ ਦੇਹੁਰਾ ਜਗਾਇਆ ਹੈ, ਸ਼ਹੀਦਾਂ ਦੇ ਸਥਾਨ 'ਤੇ ਦੇਹੁਰਾ ਸਥਾਪਤ ਕੀਤਾ। ੨੪।

***ਦੋਹਰਾ॥ਦਈ ਜਗੀਰ ਲਗਾਇ ਯੌ ਸ੍ਰੀ ਗੁਰ ਦੁਵਾਰੇ ਸਾਥ॥*** ਗੁਰਦੁਆਰਾ ਸ੍ਰੀ ਫਤੇਗੜ੍ਹ ਸਾਹਿਬ ਅਤੇ ਦੂਜੇ ਗੁਰ ਅਸਥਾਨਾਂ ਨਾਲ ਇਉਂ ਜਗੀਰ ਲਗਾ ਦਿੱਤੀ ਖਾਲਸੇ ਪੰਥ ਨੇ।

***ਬੈਠ ਸੁ ਦੇਹਰੇ ਖਾਂਹਿ ਸਿੰਘ ਪਟੇ ਸ਼ਹਿਰ ਨਿਜ ਹਾਥ॥ ੨੫॥*** ਜਿਹੜੇ ਬਜ਼ੁਰਗ ਸਿੰਘ ਜਾਂ ਜੋ ਹੋਰ ਸਿੰਘ ਉਸ ਸਥਾਨ 'ਤੇ ਰਹਿੰਦੇ ਸਨ, ਸੇਵਾ ਕਰਦੇ ਸਨ.ਉਹ ਉਥੇ ਲੰਗਰ ਦੇਗ ਚਲਾਉਂਦੇ ਸੰਗਤਾਂ ਛਕਦੀਆਂ ਸਨ। ਸਾਰੇ ਸ਼ਹਿਰ ਦੀ ਜ਼ਮਨ ਦਾ ਪਟਾ ਉਨ੍ਹਾਂ ਸਿੰਘ ਦੇ ਹੱਥ ਕਰ ਦਿੱਤਾ।

***ਰਤਨ ਸਿੰਘ ਜਿਮ ਸੁਨੀ ਥੀ ਪਿਤਾ ਆਪਨੇ ਪਾਸ॥*** (ਮੈਂ) ਭਾਈ ਰਤਨ ਸਿੰਘ ਨੇ, ਜਿਵੇਂ ਆਪਣੇ ਪਿਤਾ ਸ: ਰਾਏ ਸਿੰਘ ਜੀ ਪਾਸੋਂ ਇਹ ਦਾਸਤਾਨ ਸੁਣੀ ਸੀ।

***ਲਿਖੀ ਸੁ ਖ਼ਾਤਰ ਖਾਲਸੈ ਪੜ੍ਹ ਸੁਣ ਕਰੈਂ ਅਰਦਾਸ॥ ੨੬॥*** ਇਤੀ । ਖਾਲਸੇ ਦੇ ਵਾਸਤੇ ਇਹ ਪ੍ਰਸੰਗ ਲਿਖਿਆ, ਸਿੰਘ ਪੜ੍ਹ ਕੇ ਸੁਣ ਕੇ ਉਥੇ ਸ਼ਹੀਦੀ ਅਸਥਾਨ ਗੁ: ਸ੍ਰੀ ਫਤੇਗੜ੍ਹ ਸਾਹਿਬ ਜਾ ਕੇ ਅਰਦਾਸ ਕਰਨਗੇ, ਉਨ੍ਹਾਂ ਦੀ ਅਰਦਾਸ ਪੂਰੀ ਹੋਵੇਗੀ, ਉਨ੍ਹਾਂ ਦੀਆਂ ਭਾਵਨਾਂ ਪੂਰੀਆਂ ਹੋਣਗੀਆਂ। ੨੬।

# ਸਾਖੀ ਸਿਰਹੰਦ, ਰੋਕਣੇ ਕੀ ਔਂ ਸੌਂਪਣੇ ਕੀ ਲਿਖਯਤੇ॥

## (ਸਰਹੰਦ ਉਜਾੜੀ ਤੇ ਕਿਲ੍ਹਾ ਮੌਲਿਆ)

***ਦੋਹਰਾ॥ ਸ਼ਹਿਰ ਮਾਲ ਤੇ ਲੁਟ ਲਯੋ ਰਹਯੋ ਗੜ੍ਹੀ ਇਕ ਮਾਲ॥*** ਤੀਜੀ ਵਾਰ ਜਦੋਂ ਖਾਲਸੇ ਨੇ ਸਰਹੰਦ ਨੂੰ ਉਜਾੜਿਆ, ਬਾਕੀ ਸਾਰੇ ਸ਼ਹਿਰ ਦਾ ਤੇ ਵੱਡੇ ਕਿਲ੍ਹੇ ਦਾ ਮਾਲ ਧਨ ਤਾਂ ਲੁੱਟ ਲਿਆ। ਇਕ ਗੜ੍ਹੀ ਦੇ ਵਿਚ ਮਾਲ ਧਨ ਰਹਿ ਗਿਆ, ਇਕ ਗੜ੍ਹੀ ਰਹਿ ਗਈ ਲੁੱਟਣ ਵਲੋਂ।

***ਜਿਸੈ ਭਾਂਤ ਸੋਊ ਜਾ ਪੁਟਯੋ ਤਿਸਕੋ ਸੁਨੋ ਹਵਾਲ॥ ੧॥*** ਭਈ ਰਤਨ ਸਿੰਘ ਜੀ ਕਹਿੰਦੇ ਹਨ, ਜਿਸ ਪ੍ਰਕਾਰ ਉਸ ਗੜ੍ਹੀ ਨੂੰ ਜਾ ਕੇ ਪੁਟਿਆ ਖਾਲਸੇ ਨੇ, ਢਾਹਿਆ ਹੈ ਗੜ੍ਹੀ ਨੂੰ, ਉਸ ਦਾ ਹਾਲ ਸ੍ਰਵਣ ਕਰੋ। ੧।

***ਚੌਪਈ॥ਬਾਫਰ ਮਾਲ ਤੌ ਲੁਟ ਲਯੋ ਆਮ॥*** (ਬਾਫਰ) ਵਾਧੂ, ਬਹੁਤ ਜ਼ਿਆਦਾ ਮਾਲ ਤਾਂ ਜੋ ਵਰਤਣ ਵਾਲਾ ਸੀ ਬਰਤਨ ਭਾਂਡਾ ਅਤੇ ਹੋਰ ਸਮਾਨ ਤਾਂ ਆਮ ਲੋਕਾਂ ਨੇ ਲੁੱਟ ਲਿਆ।

***ਰਲਯੋ ਖਾਲਸੈ ਜੋ ਸਿੰਘ ਧਰ ਨਾਮ॥*** ਇਕ ਤਾਂ ਪੁਰਾਤਨ ਸਿੰਘ ਹਨ, ਜਿਨ੍ਹਾਂ ਨੇ ਜੰਗ ਜੁੱਧ ਕੀਤੇ ਅੱਜ ਵੀ ਉਹ ਮੌਜੂਦ ਸਨ, ਉਹ ਤਾਂ ਲੜਦੇ ਭਿੜਦੇ ਤੁਰੇ ਆ ਰਹੇ ਸਨ। ਇਕ ਨਵਾਂ ਖਾਲਸਾ ਰਲਿਆ ਹੈ, ਜੋ ਖਾਲਸੇ ਦੀ ਸ਼ੋਭਾ ਸੁਣ-ਸੁਣ ਕੇ, ਜੋ ਲੁੱਟਣ ਵਾਲੇ ਲੁਟੇਰੇ ਸਨ, ਜਿਨ੍ਹਾਂ ਨੂੰ ਤਾਂ ਲੱਗਿਆ ਜਿਹੜਾ ਵੀ ਕੋਈ ਲੁੱਟ ਲਵੇਗਾ ਸਰਹੰਦ ਨੂੰ, ਉਸੇ ਦਾ ਹੀ ਹੈ ਲੁਟਿਆ ਹੋਇਆ ਮਾਲ ਧਨ। ਜੋ ਸਿੰਘ ਨਾਮ ਧਰ ਕੇ, ਜੋ ਨਾਮ ਧਰੀਕ ਸਿੰਘ ਉਹ ਵੀ ਖਾਲਸੇ ਨਾਲ ਰਲ ਗਏ।

***ਨਕਦ ਮਾਲ ਲਯੋ ਲੋਕਨ ਲੁਕਾਇ॥*** ਨਕਦ ਮਾਲ ਜੋ ਰੁਪਿਆ ਪੈਸਾ ਸੋਨਾ, ਚਾਂਦੀ ਉਹ ਤਾਂ ਲੋਕਾਂ ਨੇ ਲੁਕਾ ਲਿਆ ਸੀ।

***ਨੀਹਨ ਮਹਿਲਨ ਹੇਠ ਗਡਵਾਇ॥ ੨॥*** ਮਕਾਨਾਂ ਦੀਆਂ ਨੀਹਾਂ ਹੇਠਾਂ ਦਬਾ ਦਿੱਤਾ ਸੀ, ਉਹ ਨਕਦ ਮਾਲ ਧਨ। ੨।

***ਉਨ ਭਲ ਜਾਨ ਦਯੋ ਡੂੰਘੋ ਦੱਬ॥*** ਉਨ੍ਹਾਂ ਨੂੰ ਪਤਾ ਸੀ ਕਿ ਲੁੱਟਿਆ ਜਾਣਾ ਹੈ ਮਾਲ ਸਾਡਾ, ਉਨਾਂ ਨੇ ਯੋਗ ਸਮਝ ਕੇ ਡੂੰਘਾ ਦੱਬ ਦਿੱਤਾ।

***ਸਤਿਗੁਰ ਸ੍ਰਾਪ ਯਹ ਬਣਵਾਯੋ ਸਬੱਬ॥*** ਸਤਿਗੁਰੂ ਦੇ ਸ੍ਰਾਪ ਨੇ ਇਹ (ਸਬੱਬ) ਬਹਾਨਾ ਬਣਾ ਦਿੱਤਾ, ਕਿਉਂਕਿ ਸਤਿਗੁਰੂ ਜੀ ਦੇ ਸਾਹਿਬਜ਼ਾਦਿਆਂ ਨੂੰ ਸਰਹੰਦ ਵਿਚ ਨੀਂਹਾਂ ਵਿਚ ਚਿਣਵਾਇਆ ਸੀ। ਇਸ ਕਰਕੇ ਸਤਿਗੁਰੂ ਜੀ ਨੇ ਸ੍ਰਾਪ ਦਿੱਤਾ ਗੁਰੂ ਮਾਰੀ ਸਰਹੰਦ ਨੂੰ, ਕਿ ਮੇਰਾ ਖਾਲਸਾ ਸਰਹੰਦ ਦੀਆਂ (ਜੜ੍ਹਾਂ) ਨੀਹਾਂ ਪੁਟ ਦੇਵੇਗਾ।

***ਦਰਬ ਡੂੰਘੀ ਲਖ ਡੂੰਘੀ ਪਟਵਾਈ॥*** ਨੀਹਾਂ ਦੇ ਹੇਠਾਂ ਡੂੰਘੀ ਥਾਂ ਧਨ ਦੇਖ ਕੇ, ਨੀਹਾਂ ਹੇਠੋਂ ਡੂੰਘਾ ਪੁਟਦੇ ਹਨ ਖਾਲਸੇ।

***ਇਮ ਕਰ ਸ਼ਹਿਰ ਸਭ ਮੁੱਢੋ ਖਟਾਈ॥ ੩॥*** ਇਉਂ ਕਰਕੇ ਸਾਰੇ ਸ਼ਹਿਰ ਨੂੰ (ਮੁਢੋਂ) ਜੜ੍ਹਾ ਤੋਂ ਪੁੱਟਿਆ ਹੈ ਖਾਲਸੇ ਨੇ। ੩।

***ਸਤਿਗੁਰ ਕਹੀ ਥੀ ਪ੍ਰਿਥਵੀ ਪਲਟਾਵਨ॥*** ਸਤਿਗੁਰਾਂ ਨੇ ਬਚਨ ਕੀਤਾ ਸੀ ਕਿ ਸਰਹੰਦ ਦੀ ਧਰਤੀ ਪਲਟਾ ਦੇਣੀ ਹੈ, ਉਥਲ-ਪੁਥਲ ਕਰ ਦੇਣੀ ਹੈ।

***ਸਤਿਗੁਰ ਬਚਨ ਨ ਖਾਲੀ ਜਾਵਨ॥*** ਸਤਿਗੁਰ ਦੇ ਬਚਨ ਖਾਲੀ ਨਹੀਂ ਜਾਂਦੇ।

***ਸਤਿਗੁਰ ਕਰੇ ਥੇ ਤੱਤੇ ਵਾਕ॥*** ਸਤਿਗੁਰਾਂ ਨੇ ਬੜੇ ਤੱਤੇ ਵਾਕ ਕੀਤੇ ਸੀ, ਬੜੇ ਕ੍ਰੋਧ ਵਿਚ ਆ ਕੇ ਸ੍ਰਾਪ ਦਿੱਤਾ ਸੀ ਸਰਹੰਦ ਨੂੰ।

***ਗਏ ਸਾੜ ਵਹੁ ਪਾਨੀ ਲਾਕ॥ ੪॥*** ਜਿਥੋਂ ਧਰਤੀ 'ਚੋਂ ਪਾਣੀ ਆਉਂਦਾ ਹੈ, ਉਥੇ ਤੱਕ ਸਾੜ ਗਏ, ਸਤਿਗੁਰੂ ਜੀ ਦੇ ਬਚਨ। ੪।

***ਸਤਿਗੁਰ ਬਚਨ ਸੁ ਤਿੱਖੀ ਤਲਵਾਰ॥*** ਸਤਿਗੁਰੂ ਜੀ ਦਾ ਬਚਨ ਤਿੱਖੀ ਤਲਵਾਰ ਵਾਂਗ ਸੀ।

***ਵਹਿ ਨਹਿਂ ਛੋਡੈ ਜੌ ਲੁਕੇ ਖਤਾਲ॥*** ਜੇ ਕੋਈ ਪਤਾਲ ਵਿਚ ਵੀ ਜਾ ਕੇ ਲੁਕ ਜਾਏ ਤਾਂ ਵੀ ਸਤਿਗੁਰੂ ਜੀ ਦਾ ਬਚਨ ਉਸ ਨੂੰ ਛੱਡਦਾ ਨਹੀਂ।

***ਬਾਰ ਤੀਜੀ ਭਯੋ ਸ਼ਹਿਰ ਲੁਟਾਈ॥*** ਇਸ ਤੋਂ ਪਹਿਲਾਂ ਦੋ ਵਾਰ ਸਰਹੰਦ ਨੂੰ ਲੁੱਟ ਚੁੱਕਿਆ। ਹੁਣ ਤੀਜੀ ਵਾਰੀ ਸਤਿਗੁਰੂ ਜੀ ਦਾ ਬਚਨ ਪੂਰਾ ਕਰਨ ਵਾਸਤੇ, ਖਾਲਸਾ ਸ਼ਹਿਰ ਨੂੰ ਲੁੱਟ ਕੇ ਨੀਹਾਂ ਤੋਂ ਪੁੱਟ ਰਿਹਾ ਹੈ।

***ਸਰਦਾਰਨ ਹਥ ਬਡ ਦੌਲਤ ਆਈ॥ ੫॥*** ਸਰਦਾਰਾਂ ਦੇ ਹੱਥ ਬੜਾ ਧਨ ਆਇਆ। ੫।

***ਦੋਹਰਾ॥ਰਾਇ ਸਿੰਘ ਖੱਤ੍ਰੀ ਹੁਤੋ ਮੁਲਕ ਉਗ੍ਰਾਹੁਨ ਦਾਰ॥*** ਰਾਇ ਸਿੰਘ ਨਾਮ ਦਾ ਇਕ ਖੱਤਰੀ ਸੀ, ਜੋ ਪਠਾਣਾਂ ਵੱਲੋਂ ਮੁਲਕ ਦੀ ਉਗਰਾਹੀ ਕਰਨ ਵਾਲਾ ਮੁਖਤਿਆਰ ਸੀ।

***ਜੱਟ ਪੁਰੈ ਕੇ ਉਨ ਢਿਗੈ ਇਕ ਲੀਨੀ ਗੜ੍ਹੀ ਸੁਵਾਰ॥ ੬॥*** ਜੱਟ ਪੁਰੇ ਪਿੰਡ ਦੇ, ਕੋਲ ਉਸ (ਰਾਇ ਸਿੰਘ) ਨੇ ਇਕ ਗੜ੍ਹੀ ਸਵਾਰ ਲਈ ਸੀ। ਕਿ ਚਲੋ ਸੁਤੰਤਰ ਹੈ ਸਰਹੰਦ ਤੋਂ ਪਰ੍ਹੇ ਹੈ, ਇਹ ਬਚ ਰਹੇਗੀ ਖਾਲਸੇ ਤੋਂ। ੬।

***ਚੌਪਈ॥ਵਡੇ ਲੋਕ ਤਿਸ ਲੈ ਬਡ ਮਾਲ॥*** ਵੱਡੇ-ਵੱਡੇ ਸ਼ਾਹੂਕਾਰ ਆਪਣਾ ਬਹੁਤ ਸਾਰਾ ਮਾਲ ਧਨ ਲੈ ਕੇ ਗੜ੍ਹੀ ਵਿਚ ਸੁਰੱਖਿਅਤ ਸਥਾਨ ਵਿਚ ਦਾਖ਼ਲ ਹੋ ਗਏ ਸੀ।

***ਉਸਕੋ ਸੁਨਯੋ ਸੂਦਾਰਨ ਹਵਾਲ॥*** ਉਸ (ਗੜ੍ਹੀ) ਦਾ ਹਾਲ ਖਾਲਸੇ ਦੇ ਸਰਦਾਰਾਂ ਨੇ ਸੁਣਿਆ ਕਿ ਸਾਰਾ ਧਨ ਤਾਂ ਉਸ ਗੜ੍ਹੀ ਵਿਚ ਇੱਕਠਾ ਕੀਤਾ ਹੋਇਆ ਹੈ।

***ਵਡੋ ਕਿਲ੍ਹੋ ਗਯੋ ਲੁੱਟਯੋ ਸਾਰੋ॥*** ਸਰਹੰਦ ਦਾ ਵੱਡਾ ਕਿਲ੍ਹਾ ਤਾਂ ਸਾਰਾ ਲੁੱਟਿਆ ਗਿਆ ਹੈ।

***ਤਬੈ ਸੂਦਾਰਨ ਯੌ ਜੀਅ ਧਾਰੌਂ॥ ੭॥*** ਤਦੋਂ ਸਰਦਾਰਾਂ ਨੇ ਖਾਲਸੇ ਦੇ ਜਥੇਦਾਰਾਂ ਨੇ ਮਨ ਵਿਚ ਇਉਂ ਠਾਣ ਲਿਆ। ੭।

***ਦੋਹਰਾ॥ਸੂਦਾਰਨ ਮਾਲ ਤਕਾਇਕੈ ਗੜ੍ਹੀ ਲਈ ਅਟਕਾਇ॥*** ਸਰਦਾਰਾਂ ਨੇ ਗੜ੍ਹੀ ਵਿਚਲੇ ਮਾਲ ਧਨ ਦਾ ਪਤਾ ਲਗਾ ਕੇ ਕਿ ਇਸ ਗੜ੍ਹੀ ਵਿਚ ਧਨ ਦੌਲਤ ਬਹੁਤ ਹੈ, ਗੜ੍ਹੀ ਰੋਕ ਲਈ ਹੈ।

***'ਇਸਕੀ ਜਪਤੀ ਹਮ ਕਰੈਂ ਪਾਛੈ ਲਿਹੋ ਬਟਾਇ'॥ ੮॥*** ਸਰਦਾਰਾਂ ਨੇ ਕਿਹਾ, ਇਸ ਸਾਰੇ ਮਲ ਧਨ ਨੂੰ ਅਸੀਂ ਜਬਤ ਕਰਾਂਗੇ, ਪਿੱਛੋਂ ਆਪੋ ਆਪਣਾ ਹਿੱਸਾ ਵੰਡਾ ਲਿਓ। ੮।

***ਬੁਢੋ ਸਿੰਘ ਭਾਈ ਹੁਤੋ ਝੰਬੋ ਵਾਲੋ ਜੋਇ॥*** ਝੰਬੋਵਾਲ ਪਿੰਡ ਦਾ ਜਿਹੜਾ ਭਾਈ ਬੁੱਢਾ ਸਿੰਘ ਸੀ ਜਿਨ੍ਹਾਂ ਨੂੰ ਸਤਿਗੁਰਾਂ ਦੇ ਸਮੇਂ ਤੋਂ ਭਾਈ ਦਾ ਖਿਤਾਬ ਮਿਲਿਆ ਸੀ। ਇਹ ਭਾਈ ਕੇ ਵਜਦੇ ਹਨ, ਇਨ੍ਹਾਂ ਦਾ ਪੰਥ ਵਿਚ ਬੜਾ ਸਤਿਕਾਰ ਸੀ। ਭਾਈ ਬੁੱਢਾ ਸਿੰਘ ਪੰਥ ਦੇ ਨਾਲ ਰਹਿੰਦਾ ਸੀ ਆਪਣੀ ਫ਼ੌਜ ਲੈ ਕੇ।

***ਫਤ੍ਹੇ ਸਿੰਘ ਕੋ ਪੋਤਰੋ ਨਿਬਾਬ ਬੰਦੈ ਕੀਓ ਥੋਇ॥ ੯॥*** ਭਾਈ ਫਤੇ ਸਿੰਘ ਜਿਸ ਦੇ ਨਾਮ 'ਤੇ ਬਠਿੰਡੇ ਕੋਲ ਭਾਈ ਕਾ ਚੱਕ ਪਿੰਡ ਵਸਿਆ ਹੋਇਆ ਹੈ। ਫਤੇ ਸਿੰਘ ਨੂੰ ਬੰਦੇ ਬਹਾਦਰ ਨੇ ਨਵਾਬੀ ਦੇ ਕੇ ਨਵਾਬ ਫਤੇ ਸਿੰਘ ਕਰ ਦਿੱਤਾ ਸੀ, ਉਸ ਦਾ ਪੋਤਰਾ ਸੀ ਭਾਈ ਬੁੱਢਾ ਸਿੰਘ। ੯।

***ਚੌਈ॥ਹੁਤੋ ਮਲਵਈਅਨ ਮੈਂ ਹੁਸ਼ਿਆਰ॥*** ਭਾਈ ਬੁੱਢਾ ਸਿੰਘ ਸਾਰੇ ਮਲਵਈ ਸਿੰਘਾਂ ਵਿੱਚੋਂ ਚਤੁਰ ਸੀ।

***ਲਯੋ ਕਿਲ੍ਹਾ ਉਨ ਟਕੇ ਚੁਕਾਰ॥*** ਉਸ ਨੇ ਕਿਲ੍ਹੇ ਦੇ ਪੈਸੇ (ਚੁਕਾਰ ਚੁੱਕਾ ਕੇ, ਸੌਦਾ ਕਰਕੇ, ਕਿਲ੍ਹਾ ਆਪਣੇ ਸਪੁਰਦ ਕਰ ਲਿਆ।

***ਅੱਸੀ ਹਜ਼ਾਰ ਕਰਯੋ ਸਭੇਨ ਸੁਨਾਇ॥*** ਸਭਨਾਂ ਨੂੰ ਸੁਣਾ ਉਸ ਕਿਲ੍ਹੇ ਦਾ ਮੁੱਲ ਅੱਸੀ ਹਜ਼ਾਰ ਰੁਪਿਆ ਕਰ ਲਿਆ।

***ਪੱਚੀ ਹਜ਼ਾਰ ਕੀਓ ਗੁਪਤ ਨਜ਼ਰਾਇ॥ ੧੦॥*** ਮੁਖੀ ਸਰਦਾਰਾਂ ਨਾਲ ਪੱਚੀ ਹਜ਼ਾਰ ਰੁਪਿਆ ਗੁਪਤ ਨਜ਼ਰਾਨਾ ਕਰ ਲਿਆ ਹੈ ਕਿ ਮੈਂ ਤੁਹਾਨੂੰ ਪੱਚੀ ਹਜ਼ਾਰ ਰੁਪਿਆ ਦੇਵਾਂਗਾ, ਮੇਰੇ ਨਾਮ 'ਤੇ ਬੋਲੀ ਤੋੜ ਦਿਓ। ੧੦।

***ਦੋਹਰਾ॥ਬੁੱਢਾ ਸਿੰਘ ਸੋਊ ਜਪਤਯੋ ਕਰ ਕਰ ਬਹੁਤ ਕਲੇਸ਼॥*** ਜਦੋਂ ਖਾਲਸੇ ਨੇ ਗੜ੍ਹੀ ਬੁੱਢਾ ਨੂੰ ਦੇ ਦਿੱਤੀ ! ਤਾਂ ਹੁਣ ਬੁੱਢਾ ਸਿੰਘ ਗੜ੍ਹੀ ਵਿਚ ਜਿਨਾਂ ਮਾਲ ਧਨ ਸੀ, ਉਹ ਜਪਤ ਕਰਨਾ ਸੀ। ਉਸਨੇ ਲੋਕਾਂ ਨੂੰ ਤੰਗ ਕਰਕੇ, ਉਨ੍ਹਾਂ ਨਾਲ ਕਲੇਸ਼ ਪਾ ਪਾ ਕੇ, ਉਸ ਕਿਲ੍ਹੇ ਦੀ ਦੌਲਤ ਜ਼ਬਤ ਕਰ ਲਈ। ਲੋਕ ਬਥੇਰਾ ਕਹਿਣ ਏਹੀ ਹੈ ਸਾਡੇ ਕੋਲ, ਬਥੇਰੇ ਤਰਲੇ ਲੈਣ ਪਰ ਨਹੀਂ, ਉਹ ਕਹਿੰਦਾ ਮੈਂ ਤਾਂ ਲੈਣਾ ਹੈ ਤੁਹਾਡੇ ਕੋਲੋਂ।

**ਕਾਢੀ ਨਾਰ ਨੰਗਿਆਇ ਉਨ ਕੁਛਕੁ ਨ ਕੀਓ ਅੰਦੇਸ॥ ੧੧॥** ਉਸ ਨੇ ਇਸਤ੍ਰੀਆਂ ਦੇ ਜ਼ੇਵਰ ਆਦਿਕ ਤਾਂ ਕੀ ਛੱਡਣੇ ਸੀ, ਇਸਤ੍ਰੀਆਂ ਦੇ ਕੀਮਤੀ ਕੱਪੜੇ ਆਦਿਕ ਵੀ ਲਾਹ ਲਏ ਤਨ ਤੋਂ। ਇਸਤ੍ਰੀਆਂ ਤੋਂ ਲੈ ਕੇ ਅਲਫ ਨੰਗਿਆਂ ਕਰ ਕਰ ਕੇ ਗੜ੍ਹੀ ਵਿੱਚੋਂ ਕੱਢ ਦਿੱਤੀਆਂ, ਉਸ ਨੇ ਕੋਈ (ਅੰਦੇਸ) ਡਰ ਨਹੀਂ ਕੀਤਾ ਪ੍ਰਮੇਸ਼ਰ ਦਾ, ਕਿਉਂਕਿ ਖਾਲਸਾ ਕਿਸੇ ਇਸਤ੍ਰੀ ਦਾ ਗਹਿਣਾ ਕੱਪੜਾ ਨਹੀਂ ਸੀ ਲਹੁੰਦਾ, ਕਿਉਂਕਿ ਕੱਪੜਾ ਇਸਤ੍ਰੀ ਦਾ ਪਰਦਾ ਹੈ, ਇੱਜ਼ਤ ਹੈ। ਪਰ ਉਸ ਨੇ ਕੋਈ ਪਰਵਾਹ ਨਾ ਕੀਤੀ, ਸਭ ਦਾ ਗਹਿਣਾ ਕੱਪੜਾ ਖੋਹ ਲਿਆ। ੧੧।

**ਚੌਪਈ॥ਤਹਾਂ ਸ੍ਰਾਪ ਬਡ ਨਾਰਨ ਦਯੋ॥** ਜਦੋਂ ਇਸਤ੍ਰੀਆਂ ਦੀ ਬੇਅਦਬੀ ਕੀਤੀ, ਬੜਾ ਜ਼ੁਲਮ ਕੀਤਾ, ਤਾਂ ਇਸਤ੍ਰੀਆਂ ਨੇ ਬੜਾ ਵੱਡਾ ਸ੍ਰਾਪ ਦੇ ਦਿੱਤਾ।

**ਸੋਊ ਬੁੱਢਾ ਸਿੰਘ ਉਪਰ ਪਯੋ॥** ਉਹ ਸ੍ਰਾਪ ਬੁੱਢਾ ਸਿੰਘ ਦੇ ਉੱਪਰ ਪਿਆ।

**ਧਰਮ ਖੋਯੋ ਔ ਰਹਯੋ ਨ ਧਨ॥** ਬੁੱਢਾ ਸਿੰਘ ਨੇ ਆਪਣਾ ਧਰਮ ਗਵਾ ਲਿਆ ਅਤੇ ਧਨ ਵੀ ਨਹੀਂ ਰਿਹਾ, ਕਿਉਂਕਿ ਖਾਲਸਾ ਪੰਥ ਤਾਂ ਦਿਆਲੂ ਹੈ, ਜਦੋਂ ਖਾਲਸਾ ਪੰਥ ਨੇ ਵੇਖਿਆ ਕਿ ਇਸ ਨੇ ਇਸਤ੍ਰੀਆਂ ਦੇ ਬਸਤ੍ਰ ਆਦਿਕ ਤੱਕ ਵੀ ਲਾਹ ਲਏ ਨੇ ਇਸ ਨੇ, ਤਾਂ ਫਿਰ ਖਾਲਸੇ ਨੂੰ ਵੀ ਇਸ ਗੱਲ ਦਾ ਰੋਸ ਹੋਇਆ, ਕਿ ਇਸ ਨੇ ਬਹੁਤ ਧੱਬਾ ਕੀਤਾ ਹੈ ਲੋਕਾਂ ਨਾਲ।

**ਉਸ ਦਿਨ ਤੇ ਉਸ ਆਯੋ ਘਟਨ॥ ੧੨॥** ਉਸ ਦਿਨ ਤੋਂ ਇਸ ਨੂੰ ਘਾਟਾ ਆਉਣਾ ਸ਼ੁਰੂ ਹੋ ਗਿਆ, ਉਸ ਦਾ ਪਤਨ ਹੋਣਾ ਸ਼ੁਰੂ ਹੋ ਗਿਆ। ੧੨।

**ਵਹੀ ਕਿਲ੍ਹੋ ਪਸਿੰਦ ਸਿੰਘਨ ਕੀਓ॥** ਉਸ (ਬੁੱਢਾ ਸਿੰਘ) ਨੂੰ ਘਾਟਾ ਕਿਸ ਤਰ੍ਹਾਂ ਆਇਆ ਹੈ? ਉਹੀ ਕਿਲ੍ਹਾ ਸਿੰਘਾਂ ਨੇ ਪਸੰਦ ਕਰ ਲਿਆ ਕਿ ਇਹ ਕਿਲ੍ਹਾ ਬਹੁਤ ਚੰਗਾ ਹੈ ਆਪਾਂ ਨੂੰ ਕੰਮ ਦੇਵੇਗਾ।

**ਸ਼ਹਿਰ ਸ੍ਰਾਪ ਤੇ ਇਕ ਵਲ ਥੀਓ॥** ਗੁਰੂ ਜੀ ਦਾ ਸ੍ਰਾਪ ਤਾਂ ਸਰਹੰਦ ਨੂੰ ਸੀ, ਕਿ ਸਰਹੰਦ ਦੀ ਇੱਟ ਨਾਲ ਇੱਟ, ਖੜਕਾਉਣੀ ਹੈ, ਇਹ ਸਰਹੰਦ ਤੋਂ ਦੂਰ ਇਕ ਪਾਸੇ ਵੱਲ ਸੀ ਗੜ੍ਹੀ।

**ਹੁਤੋ ਸ੍ਰਿਹਦੋਂ ਨਾਮ ਨਿਆਰਾ॥** ਸਰਹੰਤ ਤੋਂ ਨਾਮ ਵੀ ਇਸਦਾ ਵੱਖਰਾ ਸੀ ਨਿਆਰਾ ਸੀ ਇਸ ਦਾ ਨਾਮ।

**ਸ੍ਰੀ ਮੁਖ ਹੂੰ ਤੇ ਜਟ ਪੁਰੋ ਉਚਾਰਾ॥ ੧੩॥** ਸਤਿਗੁਰੂ ਜੀ ਨੇ ਵੀ ਆਪਣੇ ਮੁਖਾਰਬਿੰਦ ਤੋਂ ਇਸ ਪਿੰਡ ਦਾ ਨਾਮ ਜੱਟਪੁਰਾ ਉਚਾਰਿਆ ਸੀ। ੧੩।

**ਦੋਹਰਾ॥ਲੀਨੇ ਟਕੇ ਨਿਬੜਾਇ ਜਬ ਦੀਓ ਠਾਣੋ ਸਿੰਘਨ ਪਾਇ॥** ਜਦੋਂ ਸਿੰਘਾਂ ਨੇ ਬੁੱਢਾ ਸਿੰਘ ਪਾਸੋ ਰੁਪਿਆਂ ਦਾ ਹਿਸਾਬ ਨਿਬੇੜ ਲਿਆ, ਉਸ ਤੋਂ ਅੱਸੀ ਹਜ਼ਾਰ ਰੁਪਿਆ ਲੈ ਲਿਆ, ਮਗਰੋਂ ਖਾਲਸੇ ਨੇ ਕਹਿ ਦਿੱਤਾ ਬੱਸ ਬਈ ਤੇਰਾ ਹੁਣ ਏਸ ਗੜ੍ਹੀ 'ਤੇ ਕੋਈ ਹੱਕ ਨਹੀਂ ,ਗੜ੍ਹੀ ਵਿੱਚੋਂ ਬਾਹਰ ਹੋ ਜਾ। ਖਾਲਸੇ ਨੇ ਗੜ੍ਹੀ ਵਿਚ ਆਪਣਾ ਠਾਣਾ ਪਾ ਲਿਆ।

**ਫਿਰ ਬੁੱਢਾ ਸਿੰਘ ਜੋੜ ਹਥ ਲੀਨੋ ਸਾਲ ਚੁਕਾਇ॥ ੧੪॥** ਬੁੱਢਾ ਸਿੰਘ ਨੇ ਸਾਲ ਦਾ ਮਾਮਲਾ ਚੁਕਾ ਕੇ ਹੱਥ ਜੋੜ ਕੇ ਫਿਰ ਲੈ ਲਿਆ। ੧੪।

**ਚੌਪਈ॥ਤੌ ਫਿਰ ਗੜ੍ਹੀ ਬੁਢੇ ਸਿੰਘ ਲਈ॥** ਤਾਂ ਫਿਰ ਗੜ੍ਹੀ ਬੁੱਢਾ ਸਿੰਘ ਨੇ ਵਾਪਸ ਲੈ ਲਈ ਖਾਲਸੇ ਤੋਂ।

**ਹੁਤੇ ਮਧ ਪਿੰਡ ਜੇ ਬਾਗਨ ਤਈ॥** ਏਸ ਗੜ੍ਹੀ ਦੇ ਇਲਾਕੇ ਵਿਚ ਜਿਹੜੇ ਨਾਲ ਨਾਲ ਪਿੰਡ ਬਾਗਾਂ ਤੱਕ।

**ਔਰ ਗਿਰਦ ਲਯੋ ਖਾਲਸੇ ਰੋਕ॥** ਗੜ੍ਹੀ ਦਾ ਏਰੀਆ ਬੁੱਢਾ ਸਿੰਘ ਨੂੰ ਛੱਡ ਕੇ ਹੋਰ ਆਲੇ ਦੁਆਲੇ ਦਾ ਇਲਾਕਾ ਖਾਲਸੇ ਨੇ ਰੋਕ ਲਿਆ।

**ਸਿੱਖਨ ਭਯੋ ਸੁਖ, ਦੁਖ ਦੁਸ਼ਟ ਲੋਕ॥ ੧੫॥** ਸਿੱਖਾਂ ਨੂੰ ਸੁਖ ਹੋਇਆ ਅਤੇ ਦੁਸ਼ਟਾਂ ਨੂੰ ਬੜਾ ਦੁਖ ਹੋਇਆ ਹੈ, ਕਿਉਂਕਿ ਖਾਲਸੇ ਨੇ ਦੁਸ਼ਟਾਂ ਦਾ ਸੁਧਾਈ ਕੀਤੀ ਇਸ ਕਰਕੇ ਦੁਖ ਹੋਇਆ ਹੈ। ੧੫।

## ਸਾਖੀ ਮੁਲਕ ਰੋਕਨ ਔਰ ਸ਼ਹਿਰ ਸੌਂਪਨ ਕੀ।

### ਭਾਈ ਭਗਤੂ ਕਿਆਂ ਔ ਫੂਲਕਿਆਂ ਕੋ ਔਰ ਰਯਤ ਕੀ ਲਿਖਯਤੇ (ਖਾਲਸੇ ਦੀਆਂ ਮੱਲਾਂ ਦੀ ਵੰਡ)

***ਦੋਹਰਾ॥ਲੂਟ ਲਿਓ ਸਰਹੰਦ ਜਬ ਬਹੁ ਸਿੰਘਨ ਵਧਯੋ ਉਛਾਹੁ॥*** ਖਾਲਸੇ ਨੇ ਜਦੋਂ ਸਰਹੰਦ ਨੂੰ ਲੁੱਟ ਲਿਆ, ਤਾਂ ਸਿੰਘਾਂ ਦਾ ਬਹੁਤ ਉਤਸ਼ਾਹ ਵਧ ਗਿਆ।

***ਸੋਊ ਸੁਨੋਂ ਸਬੱਬ ਅਬ ਜਿਮ ਪਰਯੋ ਖਾਲਸੋ ਦੁਇ ਰਾਹੁ॥ ੧॥*** ਜਿਵੇਂ ਖਾਲਸਾ ਦੋ ਰਾਹਾਂ 'ਤੇ ਚਲ ਪਿਆ। ਪਹਿਲਾਂ ਤਾਂ ਬੁੱਢਾ ਦਲ ਤੇ ਤਰਨਾਂ ਦਲ ਇਕੱਠੇ ਹੀ ਤੁਰੇ ਆਉਂਦੇ ਸਨ। ਹੁਣ ਦੋ ਹਿੱਸੇ ਹੋ ਗਏ ਹਨ, ਜਿਵੇਂ ਉਹ ਤਰੀਕਾ ਬਣਿਆ ਹੈ ਸੁਣੋ। ੧।

***ਚੌਪਈ॥ ਬ੍ਰਿਧ ਦਲ ਕਹਿ, 'ਚੜ੍ਹੋ ਦਿੱਲੀ ਓਰ'॥*** ਬੁੱਢੇ ਦਲ ਨੇ ਕਿਹਾ ਦਿੱਲੀ ਵੱਲ ਨੂੰ ਚੜ੍ਹਾਈ ਕਰੀਏ।

***ਤਰੁਨ ਕਹੈ 'ਮੁੜੋ ਵੱਲ ਲਹੌਰ'॥*** ਤਰਨੇ ਦਲ ਵਾਲਿਆਂ ਦੇ ਘਰ ਉਧਰ ਸਨ ਮਾਝੇ ਵਿਚ, ਬੁੱਢਾ ਦਲ ਸਰਬੱਤੀ ਸੀ। ਬੁੱਢੇ ਦਲ ਵਿੱਚ ਮਾਝੇ, ਦੁਆਬੇ ਮਾਲਵੇ ਤੇ ਹੋਰ ਸਭ ਇਲਾਕਿਆਂ ਦੇ ਸਿੰਘ ਰਹਿੰਦੇ ਸਨ, ਤਰਨੇ ਦਲ ਵਾਲਿਆਂ ਨੇ ਜ਼ੋਰ ਦਿੱਤਾ ਨਹੀ ਪਹਿਲਾਂ ਲਹੌਰ ਨੂੰ ਮੁੜੀਏ।

***ਕੋਊ ਕਹੈ, 'ਚੜ੍ਹ ਲਉ ਪਹਾੜ'॥*** ਕਈਆਂ ਸਿੰਘਾਂ ਨੇ ਕਿਹਾ ਪਹਿਲਾਂ ਚੜ੍ਹ ਕੇ ਪਹਾੜ ਸੋਧੀਏ, ਪਹਾੜੀ ਰਾਜਿਆਂ ਨੇ ਸਤਿਗੁਰੂ ਜੀ ਨਾਲ ਜੰਗ ਕੀਤੇ ਸੀ। ਪਹਿਲਾਂ ਪਹਾੜੀ ਰਿਆਸਤਾਂ ਨੂੰ ਆਪਣੇ ਕਬਜ਼ੇ ਕਰ ਲਉ।

***ਕੋਊ ਕਹੈ, 'ਲਓ ਦਖਨ ਉਜੜ'॥ ੨॥*** ਕਈ ਸਿੰਘ ਨੇ ਕਿਹਾ ਦੱਖਣ ਮੁਲਕ ਸੁੰਨਾਂ ਉਜਾੜ ਹੀ ਪਿਆ ਹੈ ਸਾਰਾ, ਉਹ ਮੁਲਕ ਦੱਖਣ ਦਾ ਸਾਂਭ ਲਉ ਸਾਰਾ। ੨।

***ਜਿਤਨੇ ਮੁਖ ਤਿਤਨੇ ਸੋਊ ਬੋਲੈਂ॥*** ਸਿੰਘ ਚਾਰ-ਚੁਫੇਰੇ ਦੇ ਰਲੇ ਹੋਏ ਸਨ, ਕਿਹੜਾ ਕੋਈ ਕਿਸੇ ਦਾ ਤਨਖਾਹਦਾਰ ਸਿਪਾਹੀ ਸੀ। ਸਾਰਾ ਅਜ਼ਾਦ ਖਾਲਸਾ ਸੀ, ਸੋ ਜਿੰਨੇ ਮੂੰਹ ਓਨੀਆਂ ਗੱਲਾ ਸਭ ਆਪੋ ਆਪਣੀ ਬੋਲੀ ਬੋਲਦੇ ਸਨ।

***ਅਪਨੇ ਅਪਨੇ ਰੁਕਨ ਸੋਊ ਟੋਲੈਂ॥*** ਆਪਣੇ ਆਪਣੇ ਰੁਖ ਦੀ ਸਾਰੇ ਗੱਲ ਕਰਨ, ਕਿ ਏਧਰ ਸਾਡੇ ਪਿੰਡ ਹਨ, ਚਲ ਕੇ ਆਪਣੇ ਆਪਣੇ ਬਾਲ ਬੱਚੇ ਵਿਚ ਰਹਾਂਗੇ, ਆਪੋ ਆਪਣੀਆਂ ਜਗੀਰਾਂ ਸਾਂਭਾਂਗੇ ਚਲ ਕੇ (ਆਪੋ ਆਪਣੇ ਇਲਾਕੇ ਰੋਕਣ ਵਾਸਤੇ ਟੋਲੀਏ।

***ਬੁੱਢੋ ਦਲ ਚੜ੍ਹ ਲੰਘ ਤੁਰਯੋ ਅਗਾਹਿ॥*** ਬੁੱਢਾ ਦਲ ਚੜ੍ਹ ਕੇ ਲੰਘ ਤੁਰਿਆ ਹੈ ਅਗੇ ਦਿੱਲੀ ਵੱਲ ਨੂੰ।

***ਤਰੁਨ ਹਟਯੋ ਮੁੜ ਪਿਛਲੈ ਰਾਹਿ॥ ੩॥*** ਤਰਨਾਂ ਦਲ ਪਿਛਲੇ ਰਾਹ ਮੁੜ ਆਇਆ ਲਹੌਰ ਵੱਲ ਨੂੰ। ੩।

***ਸੋ ਹੋਇਓ ਜਾ ਗਿਰਦ ਲਹੌਰ॥*** ਉਹ (ਤਰਨੇ ਦਲ ਵਾਲੇ) ਲਹੌਰ ਦੇ ਜਾ ਉਦਾਲੇ ਹੋਏ।

***ਬ੍ਰਿਧਨ ਕਰੀ ਪਰ ਦਿੱਲੀ ਦੌਰ॥*** ਬਿਰਧਾ ਨੇ, ਬੁੱਢੇ ਦਲ ਨੇ ਦਿਲੀ ਨੂੰ ਦੌੜ ਕੀਤੀ, ਦਿਲੀ ਨੂੰ ਕੂਚ ਕੀਤਾ ।

***ਰਸਤੈ ਮਧ ਵਡ ਆਵੈ ਸ਼ਹਿਰ॥*** ਦਿੱਲੀ ਨੂੰ ਜਾਦਿਆਂ ਰਸਤੇ ਵਿਚ ਜਿਹੜੇ ਵੱਡੇ ਸ਼ਹਿਰ ਆਉਂਦੇ।

***ਮਾਰ ਲੁੱਟ ਲਏ ਖਾਲਸੋ ਲਹਿਰ॥ ੪॥*** ਜਿੱਡੇ-ਜਿੱਡੇ ਵੱਡੇ ਸ਼ਹਿਰ ਸਨ, ਉੱਤਨੇ ਹੀ ਵੱਡੇ ਧਨੀ ਸਨ ਉਥੇ, ਲਹਿਰ ਵਿਚ ਆਏ ਖਾਲਸੇ ਨੇ ਲੁੱਟ-ਮਾਰ ਕਰ ਲਏ। ੪।

***ਜਾ ਪਹੁੰਚਯੋ ਢਿਗ ਅਜ਼ੀਮਾਬਾਦ॥*** ਅਜ਼ੀਮਾਬਾਦ ਸ਼ਹਿਰ ਦੇ ਕੋਲ ਜਾ ਪਹੁੰਚਿਆ ਹੈ ਖਾਲਸਾ।

***ਹੁਤੋ ਤਿਰਾਵੜੀ ਕਿਸ ਨਾਮ ਆਦਿ॥*** ਜਿਸ ਦਾ ਪਹਿਲਾ ਨਾਮ ਤਰਾਵੜੀ ਸੀ।

***ਮਾਰ ਸ਼ਹਿਰ ਸੋ ਕਰ ਦਯੋ ਡੇਰਾ॥*** ਉਸ (ਤਰਾਵੜੀ) ਸ਼ਹਿਰ ਨੂੰ ਮਾਰ ਕੇ ਖਾਲਸੇ ਨੇ ਉਥੇ ਹੀ ਡੇਰਾ ਕਰ ਲਿਆ ਹੈ।

***ਕਰ ਦਯੋ ਕੂਚ ਭਯੋ ਅਗਲ ਸਵੇਰਾ॥ ੫॥*** ਉਸ ਤੋਂ ਅਗਲੀ ਸਵੇਰ ਖਾਲਸੇ ਨੇ ਉਥੋਂ ਕੂਚ ਕਰ ਦਿੱਤਾ। ੫।

***ਦੋਹਰਾ॥ਸ਼ਯਾਮ ਸਿੰਘ ਕੈ ਜੋ ਅਗੈ ਕ੍ਰੋੜਾ ਸਿੰਘ ਮੁਖਤਯਾਰ॥*** ਸ: ਸ਼ਯਾਮ ਸਿੰਘ ਜੀ ਤੋਂ ਅੱਗੇ ਮੁਖਤਿਆਰ ਹੋਇਆ ਹੈ, ਕ੍ਰੋੜਾ ਸਿੰਘ। ਜਿਸ ਦੇ ਨਾਮ 'ਤੇ ਮਿਸਲ ਦਾ ਨਾਮ ਪਿਆ ਹੈ'ਮਿਸਲ ਕਰੋੜੀਆਂ'।

***ਢੁਕਯੋ ਸੁ ਜਾਇ ਸਰਾਇ ਢਿਗ ਖੇਲਤ ਫਿਰਤ ਸ਼ਿਕਾਰ॥ ੬॥*** ਜ: ਕਰੋੜਾ ਸਿੰਘ ਸ਼ਿਕਾਰ ਖੇਡਦਾ-ਖੇਡਦਾ ਸਰਾਂ ਦੇ ਨੇੜੇ ਜਾ ਪਹੁੰਚਿਆ ਹੈ, ਜੋ ਤਰਾਵੜੀ ਦੇ ਨੇੜੇ ਹੈ। ੬।

***ਚੌਪਈ॥ਸਰਾਇ ਉਹਾਂ ਥੀ ਬਡ ਮਜ਼ਬੂਤ॥*** ਉਥੇ ਸਰ੍ਹਾਂ ਬੜੀ ਮਜ਼ਬੂਤ ਬਣੀ ਹੋਈ ਸੀ, ਅੱਜ ਵੀ ਖੜ੍ਹੀ ਹੈ ਉਥੇ।

***ਕਰਵਾਯੋ ਬੰਦੇ ਯੌ ਜਤਨ ਬਹੁਤ॥*** ਬੰਦਾ ਸਿੰਘ ਬਹਾਦਰ ਨੇ ਬਹੁਤ ਜਤਨ ਕਰਵਾ ਕੇ ਇਸ ਸਰਾਂ ਨੂੰ ਬਣਵਾਇਆ ਸੀ।

***ਊਹਾਂ ਬਡੀ ਥੀ ਬਹੁਤ ਸਿਪਾਹਿ॥*** ਉਥੇ ਸਰਾਂ ਦੇ ਵਿਚ ਬਹੁਤ ਵੱਡੀ (ਸਿਪਾਹਿ) ਫ਼ੌਜ ਸੀ ਤੁਰਕ ਦੀ, ਡਰਦੇ ਸਨ ਸਿੰਘਾਂ ਤੋਂ ਉਨ੍ਹਾਂ ਦੀ ਸ਼ਕਤੀ ਨਹੀਂ ਸੀ ਸਿੰਘਾਂ ਨਾਲ ਟਾਕਰਾ ਕਰਨ ਦੀ।

***ਕਿਨ ਗੋਲੀ ਦੀਨੀ ਵਿਚੋਂ ਚਲਾਇ॥ ੭॥*** ਕਿਸੇ ਮਨਚਲੇ ਸਿਪਾਹੀ ਨੇ ਗੋਲੀ ਚਲਾ ਦਿੱਤੀ ਸਰਾਂ ਵਿੱਚੋਂ ਸਿੰਘਾਂ ਉੱਤੇ। ੭।

***ਸੋ ਆਇ ਲਗੀ ਕ੍ਰੋੜਾ ਸਿੰਘ ਦੇਹਿ॥*** ਉਹ ਗੋਲੀ ਕ੍ਰੋੜਾ ਸਿੰਘ ਦੇ ਸਰੀਰ ਵਿਚ ਆ ਲੱਗੀ।

***ਸੋ ਮਰ ਗਯੋ ਢੁਕਯੋ ਉਸ ਥੇਹ॥*** ਗੋਲੀ ਲੱਗਣ ਨਾਲ ਉਹ (ਕਰੋੜਾ ਸਿੰਘ) ਚੜ੍ਹਾਈ ਕਰ ਗਿਆ ਤੇ ਉਸੇ ਥਾਂ 'ਤੇ ਉਸ ਦਾ ਸਸਕਾਰ ਕਰ ਦਿੱਤਾ।

***ਅਗਲੇ ਦਿਨ ਪੰਥ ਤੁਰਯੋ ਅਗੇਰੇ॥*** ਉਸ ਤੋਂ ਅਗਲੇ ਦਿਨ ਖਾਲਸਾ ਪੰਥ ਅੱਗੇ ਦਿੱਲੀ ਵਲ ਨੂੰ ਚੱਲਿਆ।

***ਜਾਇ ਲੁਟੇ ਦਲ ਸ਼ਹਿਰ ਘਨੇਰੇ॥ ੮॥*** ਬੁੱਢੇ ਦਲ ਨੇ ਰਾਹ ਵਿਚ ਵੱਡੇ-ਵੱਡੇ ਸ਼ਹਿਰ ਲੁੱਟੇ ਸਨ ਦਿੱਲੀ ਨੂੰ ਜਾਂਦਿਆਂ। ੮।

***ਮਲੀ ਮਾਰ ਲੁਟ ਹਾਂਸੀ ਹਿਸਾਰ॥*** ਖਾਲਸੇ ਨੇ ਰਸਤੇ ਵਿਚ ਹਾਂਸੀ ਤੇ ਹਿਸਾਰ ਨੂੰ ਜਾ ਮੱਲਿਆ ਤੇ ਲੁੱਟ ਮਾਰ ਕੀਤੀ।

***ਫਿਰ ਮੁੜ ਆਇ ਵਲ ਜੀਂਦ ਕ੍ਰਨਾਲ॥*** ਸਿੰਘ ਫਿਰ ਉਥੋਂ ਮੁੜ ਕੇ ਜੀਂਦ ਕਰਨਾਲ ਵੱਲ ਆ ਗਏ।

***ਢਿਗ ਜਮੁਨਾ ਔ ਢਿਗੈ ਪਹਾਰ॥*** ਜਮਨਾ ਨਦੀ ਕੋਲ ਅਤੇ ਪਹਾੜ ਕੋਲ ਦਾ ਸਾਰਾ ਇਲਾਕਾ ਆਪਣੇ ਅਧੀਨ ਕਰ ਲਿਆ ਖਾਲਸੇ ਨੇ।

***ਰੋਕ ਖਾਲਸੈ ਕਰੀ ਕੋਰੜੇ ਡਾਰ॥ ੯॥*** ਰੋਕ ਕੇ ਖਾਲਸੇ ਨੇ ਉਥੇ ਕੋਟ, ਗੜ੍ਹੀਆਂ ਜਾਂ ਚਾਰ ਦਿਵਾਰੀ ਕਰ ਦਿੱਤੀ ਹੈ, ਦੁਸ਼ਮਣ ਦੇ ਟਾਕਰੇ ਵਾਸਤੇ। ੯।

***ਪੰਜ ਮਿਸਲ ਥੇ ਭਏ ਮਝੈਲ॥*** ਪੰਜ ਮਿਸਲਾਂ ਤਾਂ ਮਾਝੇ ਦੇ ਸਿੰਘਾਂ ਦੀਆਂ ਹੋ ਗਈਆਂ ਸਨ।

***ਛਟਵੈਂ ਲਗ ਗਏ ਮਲਵਈ ਗੈਲ॥*** ਛੇਵੇਂ ਉਨ੍ਹਾਂ ਦੇ ਪਿੱਛੇ ਮਲਵਈ ਸਿੰਘ ਲਗ ਗਏ ਸਨ।

***ਉਨਕੋਂ ਦੀਨੋਂ ਰਯਤ ਠਹਿਰਾਇ॥*** ਖਾਲਸੇ ਪੰਥ ਨੇ ਉਨ੍ਹਾਂ ਨੂੰ ਆਪਣੀ ਰਈਅਤ ਠਹਿਰਾ ਦਿੱਤਾ। ਜੋ ਫੂਲ ਕਿਆਂ ਦੀ ਮਿਸਲ ਸੀ ਨਾਭਾ ਪਟਿਆਲਾ ਆਦਿਕ ਉਨਾਂ ਨੂੰ ਖਾਲਸੇ ਨੇ ਕਹਿ ਦਿੱਤਾ ਕਿ ਚਲੋ ਤੁਸੀਂ ਪ੍ਰਬੰਧ ਕਰੋ ਅਤੇ ਖਲਸੇ ਨੂੰ ਮਾਮਲਾ ਤਾਰ ਦਿਆ ਕਰੋ। ਇਸ ਤਰ੍ਹਾਂ ਉਨ੍ਹਾਂ ਨੂੰ ਆਪਣੀ ਰਯਤ ਬਣਾ ਲਿਆ ਹੈ ਖਾਲਸੇ ਨੇ।

***ਲਯੇ ਨਜ਼ਰਾਨੇ ਟਕੇ ਚੁਕਾਇ॥ ੧੦॥*** ਕਿਉਂਕਿ ਇਹ ਆਪਣੇ ਸਿੱਖ ਭਰਾ ਸਨ, ਇਸ ਕਰਕੇ ਇਨ੍ਹਾਂ ਨੂੰ ਲੁੱਟਿਆ ਨਹੀਂ, ਇਨ੍ਹਾਂ ਤੋਂ ਚੁਕਾਵੇਂ ਟਕੇ ਲੈ ਲਏ ਨਜ਼ਰਾਨੇ ਲੈ ਲਏ ਸਨ ਖਾਲਸੇ ਨੇ। ੧੦।

***ਦੋਹਰਾ॥ ਲਾਕ ਪਟਯਾਲੈ ਨਾਭਿਓਂ ਜੀਂਦ ਕੈਥਲ ਛਡ ਦਾਇ॥*** ਉਧਰ ਜੀਂਦ ਕੈਂਥਲ ਦਾ ਪਾਸਾ ਏਧਰ ਜੀਂਦ ਪਟਿਆਲੇ ਨਾਭੇ ਤੱਕ ਦਾ ਇਲਾਕਾ, ਇਨ੍ਹਾਂ ਮਲਵਈ ਸਰਦਾਰਾਂ ਦੇ ਕਬਜ਼ੇ ਕਰਵਾ ਦਿੱਤਾ।

***ਬਾਲੋਵਾਲ ਭਦੌੜ ਲੌ ਸਹਿਣੋਂ ਮਹਰਾਜ ਛੁਡਾਇ॥ ੧੧॥*** ਬਾਲੋਵਾਲ ਭਦੌੜ ਸਹਿਣੇ ਤੱਕ ਦਾ ਇਲਾਕਾ ਅਤੇ ਮਰ੍ਹਾਜ

ਆਦਿਕ ਪਿੰਡ ਛੁਡਾ ਲਏ ਸਿੰਘਾਂ ਨੇ ਅਤੇ ਮਲਵੀਆਂ ਨੂੰ ਸਰਦਾਰੀਆਂ ਬਖਸ਼ ਦਿਤੀਆਂ ਖਾਲਸੇ ਨੇ। ੧੧।

***ਔਰ ਬਿਰਾੜ ਜੋਊ ਦੁਇ ਧਿਰੈ ਸਾਬੋ ਔ ਬਣਵਾਲ॥*** ਹੋਰ ਜਿਹੜੀਆਂ ਦੋ ਧਿਰਾ ਸਾਬੋ ਕਿਆਂ ਵਾਲੇ ਅਤੇ ਬਣਾਂ ਵਾਲੇ ਬਰਾੜਾਂ ਦੀਆਂ ਸਨ।

***ਉਨਕੀ ਮਸਲਤ ਜੁਊ ਚਕੈ ਰਲੈ ਨ ਕੋਊ ਕਿਸ ਨਾਲ॥ ੧੨॥*** ਇਨ੍ਹਾਂ ਬਰਾੜਾਂ ਦੀ ਆਪਸ ਵਿਚ ਬਣਦੀ ਨਹੀਂ ਸੀ, ਇਸ ਕਰਕੇ ਇਹ ਕਿਸੇ ਨਾਲ ਰਲਦੇ ਨਹੀਂ ਸਨ। ਉਨ੍ਹਾਂ ਦੀ ਸਲਾਹ ਨਾਲ ਜਿਹੜਾ ਉਨ੍ਹਾਂ ਨੇ ਚੁੱਕ ਲਿਆ, ਭਾਵ ਰੋਕ ਲਿਆ, ਉਹ ਉਨ੍ਹਾਂ ਨੂੰ ਛੱਡ ਦਿੱਤਾ। ੧੨।

***ਚੌਪਈ॥ਫੂਲਾਇਣ ਔ ਭਗਤੂ ਵਾਲ॥*** ਫੂਲ ਦੀ ਵੰਸ਼ ਦੇ ਸਰਦਾਰ ਅਤੇ ਭਾਈ ਭਗਤੂ ਦੀ ਵੰਸ਼ ਵਾਲੇ ਸਾਰੇ।

***ਚੜ੍ਹਤ ਖਾਲਸੈ ਮਿਲੈ ਅੱਗਲਵਾਲ॥*** ਜਦੋਂ ਖਾਲਸੇ ਦੀ ਚੜ੍ਹਤ ਆਈ ਇਸ ਪਾਸੇ ਵਲ ਨੂੰ ਜਦੋਂ ਬੁੱਢੇ ਦਲ ਦੀ ਫ਼ੌਜ ਆਈ, ਇਹ ਸਾਰੇ ਅੱਗੋਂ ਹੋ ਕੇ ਮਿਲ ਪਏ ਸਨ ਖਾਲਸੇ ਨੂੰ।

***ਬੀੜ ਸਾਂਝੋ ਖਾਲਸੈ ਰਖਵਾਯੋ॥*** (ਬੀੜ) ਜਗਰਾਓਂ ਤੋਂ ਉਰਲੇ ਪਾਸੇ ਦਾ ਏਰੀਆ ਜੋ ਕਿ ਬਠਿੰਡੇ ਤੱਕ ਆ ਜਾਂਦਾ ਹੈ, ਉਧਰ ਮਲੇਰ ਕੋਟਲੇ ਤੋਂ ਸਰਹੰਦ ਤੱਕ ਦਾ ਏਰੀਆ, ਖਾਲਸੇ ਪੰਥ ਨੇ ਕਿਹਾ, ਇਹ ਸਾਰੇ ਬੀੜ ਦਾ ਇਲਾਕਾ ਘਾਹ ਪੱਠੇ ਵਾਸਤੇ ਇਹ ਸਾਂਝਾ ਸਭ ਦਾ ਇਸ ਨੂੰ ਸਭ ਦਾ ਸਾਂਝਾ ਰੱਖ ਲਿਆ ਹੈ।

***ਚੜ੍ਹਨ ਫਿਰਨ ਕੋ ਥਾਮ ਰਖਾਯੋ॥ ੧੩॥*** ਜਦੋਂ ਕਿਸੇ ਪਾਸੇ ਚੜ੍ਹਨਾ ਤਾਂ ਹਜ਼ਾਰਾਂ ਸਿੰਘ ਇੱਕਤਰ ਹੁੰਦੇ ਸਨ, ਉਸ ਦੇ ਵਾਸਤੇ, ਉਹੋ ਜਿਹਾ ਹੀ ਇਲਾਕਾ ਚਾਹੀਦਾ ਸੀ ਬੀੜ ਦਾ ਇਲਾਕਾ ਸਿੰਘਾਂ ਦੇ ਚੜ੍ਹਨ ਫਿਰਨ ਦਾ ਥਾਂ ਰੱਖ ਲਿਆ। ੧੩।

***ਫਿਰ ਤੁਰ ਡੇਰਾ ਸਿੰਘ ਸ੍ਰਹੰਦੈ ਲਾਵੈਂ॥*** ਐਧਰੋਂ ਉਧਰੋਂ ਸਿੰਘ ਤੁਰਦੇ-ਫਿਰਦੇ ਲੁੱਟਾਂ-ਮਾਰਾਂ ਕਰਦੇ ਸਰਹੰਦ ਵਿਚ ਆ ਡੇਰ ਲਾਉਂਦੇ ਸਨ, ਉਥੇ ਪੜਾਉ ਲਾ ਲੈਂਦਾ ਹੈ ਖਾਲਸਾ।

***ਪਟ ਮਹਿਲਨ ਗੁਰ ਬਚਨ ਕਮਾਵੈਂ॥*** ਸਰੰਹਦ ਪਹੁੰਚ ਕੇ ਮਹਿਲਾਂ ਸਰਾਵਾਂ, ਕੋਠਿਆਂ ਨੂੰ ਪੁੱਟ-ਪੁੱਟ ਕੇ ਸਿੰਘ ਗੁਰੂ ਜੀ ਦੇ ਬਚਨਾਂ ਨੂੰ ਕਮਾਉਂਦੇ ਸਨ।

***ਨੀਂਹੇ ਪੱਟਦੇਂ ਮਹਿਲ ਉਲਟਾਇਂ॥*** ਨੀਹਾਂ ਪੁੱਟ-ਪੁੱਟ ਕੇ ਸਿੰਘ ਵੱਡੇ-ਵੱਡੇ ਮਹਿਲਾਂ ਨੂੰ ਪੁੱਟ ਕੇ ਸੁੱਟਦੇ ਸਨ।

***ਕਿਛ ਗੁਰ ਬਚਨਨ ਕਿਛ ਲਾਲਚ ਮਾਂਹਿ॥ ੧੪॥*** ਕੁਛ ਤਾਂ ਗੁਰੂ ਜੀ ਦਾ ਬਚਨ ਸੀ, ਸਰਹੰਦ ਨੂੰ ਉਜਾੜਨ ਦਾ ਕੁਛ ਹੇਠਾਂ ਨੀਂਹਾਂ ਵਿੱਚੋਂ ਧਨ ਦੀਆਂ ਦੇਗਾਂ ਭਰੀਆਂ ਨਿਕਲਦੀਆਂ ਸਨ, ਉਸ ਦੇ ਲਾਲਚ ਵਿਚ ਹੇਠਾਂ ਤੋਂ ਸਰਹੰਦ ਦੀਆਂ ਇਮਾਰਤਾਂ ਨੂੰ ਨੀਹਾਂ ਤੋਂ ਪੁੱਟਦੇ ਸਨ। ੧੪।

***ਔਰ ਸਾਬੋ ਕੇ ਜੋਊ ਬਿਰਾੜ॥*** ਹੋਰ ਸਾਬੋ ਕੀ ਤਲਵੰਡੀ ਦੇ ਇਲਾਕੇ ਦੇ ਜਿਹੜੇ ਬਰਾੜ ਸਨ।

***ਭਏ ਟਕੇ ਖਾਲਸੇ ਦੇਨਦਾਰ॥*** ਇਹ ਜਦੋਂ ਸਿੰਘ ਨਹੀਂ ਸਜੇ ਤਾਂ ਖਾਲਸੇ ਦੇ ਟਕੇ ਦੇਣਦਾਰ ਹੋਏ, ਭਾਵ ਇਨ੍ਹਾਂ ਨੂੰ ਸਿੰਘਾਂ ਦੀ ਰਯਤ ਬਣ ਕੇ ਨਿਰਬਾਹ ਕਰਨਾ ਪਿਆ।

***ਬਣਾ ਵਾਲ ਤੀਜੈ ਬੈਰਾੜ॥*** ਤੀਜੇ ਜੋ ਬਣਾਂ ਵਾਲੇ ਦੇ ਇਲਾਕੇ ਦੇ ਬਰਾੜ ਸਨ।

***ਲਏ ਖਾਲਸੈ ਅਗੈ ਸੁਧਾਰ॥ ੧੫॥*** ਉਨ੍ਹਾਂ ਬਰਾੜਾਂ ਨੂੰ ਪਹਿਲਾਂ ਹੀ ਸੁਧਾਰ ਲਿਆ ਸੀ ਖਾਲਸੇ ਨੇ। ੧੫।

***ਘੋੜੇ ਦੇਹੈਂ ਔ ਨਜ਼ਰਾਨੇ ਘਲਾਵੈਂ॥*** ਘੋੜੇ ਪੇਸ਼ ਕਰਦੇ ਸਨ ਖਾਲਸੇ ਨੂੰ, ਅਤੇ ਇਲਾਕੇ ਦਾ ਮਾਮਲਾ ਇਕੱਠਾ ਕਰਕੇ ਖਾਲਸੇ (ਬੁੱਢੇ ਦਲ) ਦੀ ਨਜ਼ਰ ਭੇਟਾ ਵਜੋਂ ਭੇਜਦੇ ਸਨ।

***ਭਾਜੜ ਟਕਰ ਕੋ ਘਰ ਸੌਂਪਾਵੈਂ॥*** ਜਦੋਂ ਕਿਤੇ ਸਿੰਘਾਂ ਦਾ ਕਿਤੇ ਗਿਲਜਿਆਂ ਨਾਲ ਟਾਕਰਾ ਹੁੰਦਾ ਜਾਂ ਭਾਜੜ ਪੈਂਦੀ ਸਿੰਘਾਂ ਨੂੰ, ਉਦੋਂ ਖਾਲਸਾ ਏਧਰ ਬਰਾੜਾਂ ਦੇ ਇਲਾਕੇ ਵਿਚ ਆ ਜਾਂਦਾ, ਉਸ ਸਮੇਂ ਬਰਾੜ ਆਪਣੇ ਘਰ ਤੱਕ ਸੌਂਪ ਦਿੰਦੇ ਸਨ ਖਾਲਸੇ ਨੂੰ।

***ਏਸ ਜੁਗਤ ਸਭ ਰਲ ਮਿਲ ਬਹੇ॥*** ਏਸ ਜੁਗਤੀ ਨਾਲ ਸਰਬਤ੍ਰ ਖਾਲਸਾ ਰਲ ਮਿਲ ਕੇ ਬੈਠ ਗਿਆ, ਆਪੋ ਆਪਣਾ ਨਿਰਬਾਹ ਕਰ ਰਹੇ ਸਨ ਸਿੰਘ।

***ਕਈ ਸਾਕ ਕਈ ਸਿੰਘ ਹੀ ਭਏ॥ ੧੬॥*** ਬਹੁਤਿਆਂ ਦੀਆਂ ਰਿਸ਼ਤੇਦਾਰੀਆਂ ਹੋ ਗਈਆਂ, ਉਧਰੋਂ ਉਧਰੀ ਅਤੇ ਕਈਆਂ ਨੇ ਅੰਮ੍ਰਿਤਪਾਨ ਕਰ ਲਿਆ, ਸਿੰਘ ਸਜ ਗਏ। ੧੬।

***ਦੋਹਰਾ॥ਕਈ ਲੈ ਪਾਹੁਲ ਸਿੰਘ ਭਏ ਪਰੀ ਖਾਲਸੈ ਉਸ ਬੋਇ॥*** ਕਈ ਅੰਮ੍ਰਿਤ ਛਕ ਕੇ ਸਿੰਘ ਸਜ ਗਏ, ਉਨ੍ਹਾਂ ਵਿਚ ਖਾਲਸੇ ਦੀ ਬੋ ਪੈ ਗਈ।

***ਭਏ ਨਿਹਾਲ ਸੋਊ ਨਾਮ ਧਰ ਮਿਹਨਤ ਕਰੀ ਨ ਓਇ॥ ੧੭॥*** ਭਾਈ ਰਤਨ ਸਿੰਘ ਜੀ ਕਹਿੰਦੇ ਉਨ੍ਹਾਂ ਨਵੇਂ ਸਜੇ ਹੋਏ ਸਿਘਾਂ ਨੇ ਮਿਹਨਤ ਤਾਂ ਕੋਈ ਕੀਤੀ ਨਹੀਂ ਸੀ, ਸੇਵਾ ਸਿਮਰਨ ਦੀ ਅਤੇ ਨਾ ਹੀ ਕਿਸੇ ਜੰਗ ਜੁੱਧ ਵਿਚ ਹੀ ਹਿੱਸਾ ਪਾਇਆ ਸੀ ਪਰ ਫਿਰ ਵੀ ਸਿੰਘ ਨਾਮ ਧਰ ਕੇ, ਸਿੰਘਾਂ ਨਾਲ ਰਲ ਕੇ ਨਿਹਾਲ ਹੋ ਗਏ, ਉਨਾਂ 'ਤੇ ਕਿਰਪਾ ਹੋ ਗਈ ਹੈ। ਸਤਿਗੁਰਾਂ ਦੀ। ੧੭।

***ਚੌਪਈ॥ ਸ੍ਰੀ ਗ੍ਰੰਥ ਵਾਕ ਉਨ ਪੈ ਫੁਰਮਾਯਾ॥*** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂਵਾਕ ਉਨ੍ਹਾਂ ਨਾਮਧਰੀਕ ਸਿੰਘਾਂ 'ਤੇ ਹੀ ਫ਼ੁਰਮਾਇਆ ਹੈ।

***ਹੁਤੋ ਜੁ ਮਧ ਸੁਖਮਨੀ ਧਰਾਯਾ॥*** ਸ੍ਰੀ ਸੁਖਮਨੀ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਰਖਾਇਆ ਹੈ ਸ਼ਬਦ ਨੂੰ।

***'ਸਾਧਕੈ ਸੰਗਿ ਨਹੀ ਕਛੁ ਘਾਲ॥*** ਸਾਧੂ ਗੁਰੂ ਦੀ ਸੰਗਤ ਵਿਚ ਰਿਹਾ ਪਰ ਸੇਵਾ ਸਿਮਰਨ ਦੀ ਕਮਾਈ ਨਾ ਕੀਤੀ, ਮਿਹਨਤ ਨਾ ਕੀਤੀ।

***ਦਰਸਨੁ ਭੇਟਤ ਹੋਤ ਨਿਹਾਲ'॥ ੧੮॥*** ਉਹ ਗੁਰੂ ਸਾਧੂ ਦੇ ਦਰਸ਼ਨ ਕਰਦਿਆਂ ਅਤੇ ਗੁਰੂ ਮਿਲਾਪ ਸਦਕਾ ਹੀ ਨਿਹਾਲ ਹੋ ਗਏ ਕਿਉਂਕਿ ਉਨ੍ਹਾਂ ਨੇ ਗੁਰੂ ਦਾ ਦਰਸ਼ਨ ਕੀਤਾ ਹੈ, ਜਿਸ ਦਾ ਫਲ ਤਾਂ ਉਨ੍ਹਾਂ ਨੂੰ ਪ੍ਰਾਪਤ ਹੋਣਾ ਹੀ ਸੀ। ੧੮।

***ਮੁਸਲਮਾਨ ਕਈ ਵਿਚ ਰਹਿ ਪਏ॥*** ਕਈ ਮੁਸਲਮਾਨ ਵੀ ਖਾਲਸੇ ਦੇ ਰਾਜ ਵਿਚ ਰਹਿ ਗਏ, ਉਹ ਛੱਡ ਕੇ ਨਹੀਂ ਗਏ ਕਿ ਅਸੀਂ ਤੁਰਕਾਂ ਦੇ ਰਾਜ ਵਿਚ ਇਲਾਕੇ ਵਿਚ ਚਲੇ ਜਾਈਏ।

***ਰੱਯਤ ਭਏ ਦੇਣ ਟਕੇ ਸੁ ਠਏ॥*** ਉਹ ਮੁਸਲਮਾਨ ਖਾਲਸੇ ਦੀ ਪਰਜ਼ਾ ਬਣ ਗਏ, ਖਾਲਸੇ ਨੂੰ ਮਾਮਲਾ ਦੇਣਾ ਮਨਜ਼ੂਰ ਕਰ ਲਿਆ ਉਨ੍ਹਾਂ ਨੇ।

***ਜੌਂ ਜੋ ਜਿਸ ਜਿਸ ਹੀ ਕੌ ਮਿਲ ਪਯੋ॥*** ਖਾਲਸੇ ਦੇ ਸਰਦਾਰ ਜਿਨ੍ਹਾਂ ਦਾ ਕਬਜ਼ਾ ਸੀ ਜਿਸ ਜਿਸ ਇਲਾਕੇ 'ਤੇ, ਜਿਹੜਾ ਵੀ ਕੋਈ ਜਿਸ ਇਲਾਕੇ ਦੇ ਸਰਦਾਰ ਨੂੰ ਮਿਲ ਪਿਆ।

***ਉਪਰਾਲੇ ਉਸ ਕੋ ਉਨ ਉਨ ਕਯੋ॥ ੧੯॥*** ਉਸ ਦਾ ਉਪਰਾਲਾ, ਉਨ੍ਹਾਂ ਦੀ ਰਾਖੀ ਦਾ ਉਪਾਉ, ਉਨ੍ਹਾਂ-ਉਨ੍ਹਾਂ ਸਰਦਾਰਾਂ ਨੇ ਹੀ ਕੀਤਾ। ੧੯।

***ਜਿਹ ਲਗ ਜੈਨੇ ਹੁਤੀ ਸੂਦਾਰੀ॥*** ਜਿਥੇ ਤੱਕ ਸਰਹੰਦ ਦੇ ਸੂਬੇ ਜੈਨ ਖ਼ਾਂ ਦੀ ਸਰਦਾਰੀ ਸੀ, ਜਿਥੇ ਤੱਕ ਉਸ ਦਾ ਇਲਾਕਾ ਸੀ ਸਰਹੰਦ ਦਾ।

***ਲੁੱਟ ਮਾਰ ਸੋ ਉਗ੍ਰਾਹਿ ਲਈ ਸਾਰੀ॥*** ਖਾਲਸੇ ਨੇ ਉਹ ਇਲਾਕਾ ਲੁੱਟ-ਮਾਰ ਵੀ ਕੀਤਾ ਅਤੇ ਉਸ ਦਾ ਮੁਲਕ ਵੀ ਉਗਰਾਹ ਲਿਆ।

***ਸ਼ਹਰ ਮਲੇਰ ਪਹਿ ਪਠਾਨ ਨ ਛੇੜਯੋ॥*** ਮਲੇਰ ਕੋਟਲੇ ਦੇ ਪਾਸ ਦੇ ਕਿਸੇ ਪਠਾਣ ਨੂੰ ਨਹੀਂ ਛੇੜਿਆ ਹੈ ਖਾਲਸੇ ਨੇ।

***ਰਖਯੋ ਬਚਨ ਗੁਰ ਹੋਇ ਨ ਤੋਰਯੋ॥ ੨੦॥*** ਮਲੇਰ ਕੋਟਲੀਏ ਪਠਾਣ ਸ਼ੇਰ ਖ਼ਾਂ ਨੇ ਗੁਰੂ ਕੇ ਛੋਟੇ ਸਾਹਿਬਜ਼ਾਦਿਆਂ ਦੇ

ਹੱਕ ਵਿਚ ਹਾ-ਹਾ ਦਾ ਨਾਅਰਾ ਮਾਰਿਆ ਸੀ ਕਿ ਇਹ ਸ਼ੀਰ ਖੋਰ ਬੱਚੇ ਮਾਰ ਕੇ ਪਾਪ ਨਾ ਕਰੋ। ਕਾਜ਼ੀ ਸਾਹਿਬ! ਦੱਸੋ ਕਿਹੜੀ ਸ਼ਰ੍ਹਾ ਵਿਚ ਲਿਖਿਆ ਹੈ ਸ਼ੀਰ ਖੋਰ ਬੱਚਿਆਂ ਨੂੰ ਤਸੀਹੇ ਦੇ ਕੇ ਮਾਰਨਾ, ਤਾਂ ਸਤਿਗੁਰਾਂ ਨੇ ਕਿਹਾ ਸੀ, ਮਲੇਰ ਕੋਟਲਾ ਸਦਾ ਵਸਦਾ ਰਹੇਗਾ, ਖਾਲਸੇ ਨੇ ਸਤਿਗੁਰਾਂ ਦਾ ਕੀਤਾ ਹੋਇਆ ਬਚਨ ਰੱਖ ਲਿਆ ਤੋੜਿਆ ਨਹੀਂ। ੨੦।

***ਲੇਹਿ ਨਜ਼ਰਾਨਾ ਗਿਰਦੌ ਘੇਰ॥*** ਖਾਲਸੇ ਮਲੇਰ ਕੋਟਲੇ ਨੂੰ ਉਦਾਲਿਓਂ ਘੇਰ ਕੇ (ਨਜ਼ਰਾਨਾ) ਮਾਮਲਾ ਲੈ ਲੈਂਦੇ ਸਨ ਪਰ ਲੁੱਟ-ਮਾਰ ਨਹੀਂ ਕਰਦੇ ਸਨ।

***ਦੇਹਿ ਘਰੋਂ ਕਢ ਮੁਹੰਮਦ ਸ਼ੇਰ॥*** ਹਜ਼ਰਤ ਮੁਹੰਮਦ ਸਾਹਿਬ ਦੇ ਸ਼ੇਰ ਜੋ ਪਠਾਣ ਮਲੇਰ ਕੋਟਲੇ ਦੇ ਉਹ ਆਪਣੇ ਘਰੋਂ ਕੱਢ ਕੱਢ ਕੇ ਖਾਲਸੇ ਨੂੰ ਨਜ਼ਰਾਨਾ ਦਿੰਦੇ।

***ਪਿੰਡ ਸੈਂਕੜੇ ਇਕ ਤਿਨ ਪਹਿ ਛੋਰਾ॥*** ਇਕ ਸੌ ਪਿੰਡ ਉਨ੍ਹਾਂ ਨੂੰ ਛੱਡ ਦਿੱਤੇ ਮਲੇਰ ਕੋਟਲੀਏ ਪਠਾਣਾਂ ਨੂੰ, ਵਾ, ਮਲੇਰ ਕੋਟਲੇ ਦੀ ਰਿਆਸਤਾ ਵਿਚ ਸੈਂਕੜੇ ਪਿੰਡ ਸਨ, ਜਿਨਾਂ ਵਿਚ ਇਕ ਸੌ ਪਿੰਡ ਉਨ੍ਹਾਂ ਕੋਲ ਛੱਡ ਦਿੱਤਾ।

***ਸਿੰਘ ਸਾਲ ਲੇਵੈਂ ਚੜ੍ਹ ਇਕ ਪਿੰਡ ਘੋਰਾ॥ ੨੧॥*** ਸਿੰਘ ਮਲੇਰ ਕੋਟਲੀਆਂ ਤੋਂ ਸਾਲ ਬਾਅਦ ਪ੍ਰਤੀ ਪਿੰਡ, ਜਾਣੀ ਕਿ ਹਰੇਕ ਪਿੰਡ ਤੋਂ ਇਕ ਘੋੜਾ ਸਾਲ ਬਾਅਦ ਲੈਂਦੇ ਚੜ੍ਹਨ ਵਾਸਤੇ। ੨੧।

***ਦੋਹਰਾ॥ ਦਸ ਮਿਸਲ ਰਲ ਥੌ ਕਹਯੋ, ਇਹ ਰਹਯੋ ਸਾਂਝ ਸਭ ਥਾਂਇ॥*** ਦਸ ਮਿਸਲਾਂ ਨੇ ਰਲ ਕੇ ਇਕੱਠੀਆਂ ਹੋ ਕੇ ਕਿਹਾ ਸੀ, ਇਹ ਥਾਂ ਸਭ ਦਾ ਸਾਂਝਾ ਰਹੇਗਾ। ਇਹ ਬੀੜ ਦਾ ਇਲਾਕਾ ਸਿੰਘਾਂ ਨੇ ਕਿਹਾ ਇਹ ਸਭ ਦਾ ਸਾਂਝਾ ਹੋਣਾ ਹੈ। ਬੁੱਢਾ ਦਲ, ਤਰਨਾ ਦਲ ਜਾਂ ਹੋਰ ਕੋਈ ਮਿਸਲ ਇਹ ਬੀੜ ਦਾ ਇਲਾਕਾ ਸਰਬੱਤ ਖਾਲਸੇ ਦਾ ਸਾਂਝਾ ਹੈ। ਇਸ ਇਲਾਕੇ ਨੂੰ ਕੋਈ ਆਪ ਦੀ ਰਯਤ ਨਾ ਬਣਾਏ ਅਤੇ ਨਾ ਹੀ ਕੋਈ ਇਸ ਇਲਾਕੇ ਦੀ ਜਨਤਾ ਤੋਂ ਮਾਮਲਾ ਲਵੇ।

***ਆਵਤ ਜਾਤੀ ਫੌਜ ਕੋ ਧਰੋ ਬੀੜ ਇਸ ਨਾਇ॥ ੨੨॥*** ਸਿੰਘਾਂ ਦੀ ਫ਼ੌਜ ਦੇ ਆਉਣ ਜਾਣ ਵਾਸਤੇ, ਕਿਸੇ ਪਾਸਿਓਂ ਸਿੰਘਾਂ ਨੇ ਆਉਣਾ, ਜਾ ਕਿਸੇ ਪਾਸੇ ਨੂੰ ਚੜ੍ਹਨਾ ਹੈ, ਇਸ ਇਲਾਕੇ ਦਾ ਨਾਮ 'ਬੀੜ' ਰੱਖੋ, ਕਿ ਇਹ ਖਾਲਸੇ ਦਾ ਬੀੜ ਹੈ। ੨੨।

***ਚੌਪਈ॥ ਹੁਤੋ ਰਾਇ ਜਿਗਰਾਵਨ ਵਾਲ॥*** ਜਗਰਾਓਂ ਵਾਲਾ ਜੋ ਰਾਇ ਸਾਹਿਬ ਹੁੰਦਾ ਸੀ।

***ਆਇ ਮਿਲਯੋ ਵਹਿ ਖਾਲਸੈ ਨਾਲ॥*** ਉਹ ਖਾਲਸੇ ਨਾਲ ਆ ਮਿਲੇ ਸਨ ਹੱਥ ਜੋੜ ਕੇ।

***ਵਹਿ ਰਖਤ ਖਾਲਸੈ ਆਦੈ ਮੇਲ॥*** ਉਹ ਖਾਲਸੇ ਨਾਲ ਮੁੱਢ ਤੋਂ ਮੇਲ ਰਖਦੇ ਸਨ।

***ਰਹਤ ਬਕੀਲ ਉਸ ਖਾਲਸੈ ਗੈਲ॥ ੨੩॥*** ਉਨ੍ਹਾਂ ਜਗਰਾਵਾਂ ਵਾਲਿਆਂ ਦੇ ਵਕੀਲ ਪਹਿਲਾਂ ਤੋਂ ਖਾਲਸੇ ਪੰਥ ਦੇ ਪਿੱਛੇ ਰਹਿੰਦੇ ਸੀ। ੨੩।

***ਜੇ ਤੁਰਕਨ ਕੌ ਦੇਤੌ ਮਾਲ॥*** ਜਿਹੜਾ ਮਾਮਲਾ ਤੁਰਕਾਂ ਨੂੰ ਦਿੰਦੇ ਸਨ ਜਗਰਾਓ ਵਾਲੇ।

***ਕਰ ਲਯੋ ਚੁਕਾਵੋ ਖਾਲਸੋ ਨਾਲ॥*** ਉਹੀ ਮਾਮਲਾ ਖਾਲਸੇ ਨਾਲ ਚੁੱਕਤਾ ਕਰ ਲਿਆ।

***ਹੁਤੀ ਖਾਲਸੇ ਭੀ ਯਹੀ ਸਲਾਹਿ॥*** ਖਾਲਸੇ ਦੀ ਵੀ ਇਹੋ ਹੀ ਸਲਾਹ ਸੀ।

***ਚਹੀਯੇ ਮੁਲਕ ਯਹ ਸਾਂਝੇ ਰਖਾਹਿ॥ ੨੪॥*** ਕਿ ਇਹ ਮੁਲਕ ਸਾਂਝਾ ਰੱਖਣਾ ਚਾਹੀਦਾ ਹੈ। ੨੪।

***ਤੀਨ ਠੌਰ ਯਹ ਸਾਂਝ ਰਖਾਵੋ॥*** ਇਹ ਤਿੰਨ ਜਗ੍ਹਾ ਸਾਂਝੀਆਂ ਰਖਾਓ।

***ਘੋੜੇ ਚਰਨ ਕੋ ਥਾਉਂ ਬਨਵਾਵੋ॥*** ਘੋੜਿਆਂ ਦੇ ਚਰਨ ਵਾਸਤੇ ਬੀੜ ਬਣਾਓ ਇਸ ਜਗ੍ਹਾ ਨੂੰ।

***ਸਰਬਤ ਖਾਲਸੇ ਉਜਾੜਯੋ ਨਾਂਹਿ॥*** ਸਰਬੱਤ ਖਾਲਸਾ ਇਸ ਇਲਾਕੇ ਨੂੰ ਉਜਾੜੇਗਾ ਨਹੀਂ।

***ਅਗੈ ਚਲਨ ਕੋ ਯਹ ਰਹਿਗੁ ਰਾਹਿ॥ ੨੫॥*** ਅੱਗੇ ਨੂੰ ਚਲਣ ਵਾਸਤੇ ਇਹ ਖਾਲਸੇ ਦਾ ਰਾਹ ਰਵ੍ਹੇਗਾ। ੨੫।

***ਔਰ ਮੁਲਖ ਕਰ ਰਖਿਓ ਪਿਆਰਾ॥*** ਹੋਰ ਸਾਰਾ ਮੁਲਕ ਆਪੋ ਆਪਣਾ ਪਿਆਰਾ ਕਰਕੇ ਰੱਖ ਲਿਆ ਹੈ, ਆਪਣੀ ਮੇਹਰ ਵਿਚ।

***ਜੋ ਵੜ ਬਹਯੋ ਸਗਤੋ ਔ ਮਾੜਾ॥*** ਜਿਹੜਾ ਵੀ ਵੜ ਕੇ ਬੈਠ ਗਿਆ ਤਕੜਾ ਜਾਂ ਕਮਜ਼ੋਰ, ਸਭ ਆਪੋ ਆਪ ਦੇ ਟਿਕਾਣੇ ਬਣਾ ਕੇ ਬੈਠ ਗਏ ਸਿੰਘ।

***ਜਿਨ ਰੱਯਤ ਸਿਉਂ ਕੀਓ ਸਨੇਹੁ॥*** ਜਿਨ੍ਹਾਂ ਸਿੰਘਾਂ ਨੇ ਪਰਜ਼ਾ ਨਾਲ ਪਿਆਰ ਰੱਖਿਆ, ਉਨ੍ਹਾਂ ਦੀ ਪ੍ਰੇਮ ਨਾਲ ਮਦਦ ਕੀਤੀ।

***ਕਰਯੋ ਰੱਯਤ ਨੇ ਉਸ ਸੌ ਨੇਹੁ॥ ੨੬॥*** ਪਰਜ਼ਾ ਨੇ ਉਨ੍ਹਾਂ ਸਰਦਾਰਾਂ ਨਾਲ ਪ੍ਰੇਮ ਕੀਤਾ ਕਿਉਂਕਿ ਜੋ ਸਰਦਾਰ ਉਨ੍ਹਾਂ ਨਾਲ ਪਿਆਰ ਕਰਦੇ ਸੀ, ਇਨਸਾਫ ਦਿੰਦੇ ਸੀ, ਤਾਂ ਪਰਜ਼ਾ ਵੀ ਉਨ੍ਹਾਂ ਨਾਲ ਪਿਆਰ ਕਰਦੀ ਸੀ। ੨੬।

***ਦੋਹਰਾ॥ ਭਗਤੂ ਔ ਮਹਾਰਾਜ ਕੇ ਰੰਘੜ ਔਰ ਪਠਾਣ॥*** ਭਾਈ ਭਗਤੂ ਕੇ ਅਤੇ ਮਰ੍ਹਾਜ ਪਿੰਡ ਦੇ, ਰੰਘੜ ਅਤੇ ਪਠਾਣ ਜਿਹੜੇ ਵਸਦੇ ਸਨ।

***ਰਖਯੋ ਬੀੜ ਸਭ ਖਾਲਸੈ ਰਾਹਿ ਦਿੱਲੀ ਕੌ ਜਾਣ॥ ੨੭॥*** ਇਹ ਸਭ ਇਲਾਕਾ ਖਾਲਸੇ ਨੇ ਘੋੜਿਆਂ ਵਾਸਤੇ 'ਬੀੜ' ਰੱਖਿਆ ਇਸ ਦਾ ਨਾਮ, ਜਦੋਂ ਦਿੱਲੀ ਚੜ੍ਹਨਾਂ ਤਾਂ ਇਥੇ ਖਾਲਸਾ ਇਕੱਤ੍ਰ ਹੋਵੇ। ਗਿਣਤੀ ਕਰਕੇ ਫ਼ੌਜ ਦੀ ਫਿਰ ਦਿੱਲੀ ਨੂੰ ਚੜ੍ਹਨਾ। ਜਦੋਂ ਦਿਲੀਓਂ ਆਉਣਾ ਉਦੋਂ ਸਰਬੱਤ ਖਾਲਸੇ ਨੇ ਏਥੇ ਆ ਕੇ ਕਮਰਕਸੇ ਖੋਲ੍ਹਣੇ। ਇਹ ਦਿੱਲੀ ਨੂੰ ਜਾਣ ਦਾ ਰਸਤਾ ਰਖ ਲਿਆ। ੨੭।

***ਚੌਪਈ॥ ਏਕ ਮਿਸਲ ਇਨਕੌਂ ਜੋਊ ਖੋਹੈ॥*** ਜੇ ਕੋਈ ਖਾਲਸੇ ਦੀ ਇਕ ਮਿਸਲ ਇਨ੍ਹਾਂ ਤੋਂ ਖੋਹਾ-ਖਾਹੀ ਕਰਦੀ ਹੈ।

***ਦੂਈ ਮਿਸਲ ਚੜ੍ਹ ਇਨਵਲ ਹੋਹੈ॥*** ਦੋ ਮਿਸਲਾਂ ਹੋਰ ਚੜ੍ਹ ਕੇ ਏਸ ਇਲਾਕੇ ਦੀ ਮਦਦ ਵਾਸਤੇ ਇਨ੍ਹਾਂ ਵਲ ਹੋ ਜਾਂਦੀਆਂ ਸਨ।

***ਇਨਕੋ ਭੀ ਭੇਦ ਖਾਲਸੈ ਆਯੋ॥*** ਇਨ੍ਹਾਂ ਨੂੰ ਵੀ ਖਾਲਸੇ ਦਾ ਭੇਦ ਆ ਗਿਆ ਹੈ।

***ਦੈ ਨਜ਼ਰਾਨੈ ਰਖੈ ਖਾਲਸੈ ਪੜਵਾਯੋ॥ ੨੮॥*** ਜਿਹੜਾ ਕੋਈ ਇਨ੍ਹਾਂ ਦੀ ਮਦਦ ਕਰਦਾ ਹੈ, ਉਨ੍ਹਾਂ ਨੂੰ ਨਜ਼ਰਾਨੇ ਦੇ ਕੇ ਅਲੱਗ-ਅਲੱਗ ਰਖਦੇ। ੨੮।

***ਔ ਸੁਨ ਲੀਜੈ ਮਰੀ ਪਿਆਰੇ॥*** ਕਪਤਾਨ ਮਰੇ ਸਾਹਿਬ ਨੂੰ ਭਾਈ ਰਤਨ ਸਿੰਘ ਜੀ ਇਤਹਾਸ ਲਿਖਵਾ ਰਹੇ ਸਨ, ਹੇ ਪਿਆਰੇ ਮਰੇ ਸਾਹਿਬ! ਸੁਣ ਲਵੋ ਇਤਿਹਾਸ ਸਿੰਘਾਂ ਦਾ।

***ਸੁਨੀ ਅਸਾਂ ਜਿਮ ਕਹੀ ਉਚਾਰੇ॥*** ਅਸੀਂ ਜਿਵੇਂ ਬਜ਼ੁਰਗ ਸਿੰਘਾਂ ਤੋਂ ਇਤਹਾਸ ਸੁਣਿਆ ਹੈ, ਮੈਂ ਓਵੇਂ ਹੀ ਉਚਾਰ ਕੇ ਕਿਹਾ ਹੈ ਤੁਹਾਨੂੰ।

***ਪਿਤਾ ਹਮਾਰੋ ਰਹਤ ਪੰਥ ਸਾਥ॥*** ਮੇਰੇ ਪਿਤਾ (ਰਾਏ ਸਿੰਘ) ਜੀ ਪੰਥ ਖਾਲਸੇ ਦੇ ਨਾਲ ਰਹਿੰਦੇ ਸਨ।

***ਇਸੈ ਭਾਂਤ ਉਨ ਆਖੀ ਬਾਤ॥ ੨੯॥*** ਇਤੀ। ਜਿਵੇਂ ਮੈਂ ਤੁਹਾਨੂੰ ਲਿਖਵਾਈ ਹੈ, ਇਸੇ ਤਰੀਕੇ ਨਾਲ ਉਨ੍ਹਾਂ ਨੇ ਸਾਰੀ ਕਹਾਣੀ ਸੁਣਾਈ ਸੀ ਕਿ ਖਾਲਸਾ ਪੰਥ ਇਉਂ ਵਿਚਰਦਾ ਰਿਹਾ ਹੈ। ੨੯।

# ਸਾਖੀ ਖਾਲਸੋ ਦੋਇ ਥਾਂ ਹੋਯੋ

## (ਲਾਹੌਰ 'ਤੇ ਚੜ੍ਹਾਈ ਤੇ ਗਿਲਜਿਆਂ ਦੀ ਘਬਰਾਹਟ)

***ਦੋਹਰਾ॥ ਪੰਜ ਮਿਸਲ ਐਧਰ ਰਹੀ, ਪੰਜ ਲਖੀ ਲਹੌਰੋਂ ਪਾਰ॥*** ਖਾਲਸੇ ਦੀਆਂ ਪੰਜ ਮਿਸਲਾਂ ਤਾਂ ਏਧਰ ਮਾਲਵੇ ਦੁਆਬੇ ਤੇ ਸਰਹੰਦ ਆਦਿਕ ਥਾਵਾਂ 'ਤੇ ਰਹੀਆਂ ਅਤੇ ਪੰਜ ਮਿਸਲਾਂ ਲਹੌਰੋਂ ਪਾਰ ਹੋ ਗਈਆਂ। ਅਗਲੇ ਪਾਸ ਨਨਕਾਣੇ ਸਾਹਿਬ ਦੀ ਬਾਰ ਵਿਚ, ਸਰਗੋਧੇ ਦੀ ਬਾਰ, ਸ਼ੇਖੂਪੁਰੇ ਦੀ ਬਾਰ, ਲਾਇਲਪੁਰ ਦੀ ਬਾਰ ਉਦੋਂ ਇਹ ਜੰਗਲੀ ਇਲਾਕਾ ਹੁੰਦਾ ਸੀ।

***ਮਾਝਾ ਸਾਂਝਾ ਸਭਨ ਰਹਯੋ, ਗਿਰਦ ਅੰਮ੍ਰਿਤਸਰ ਗੁਰਦ੍ਵਾਰ॥੧॥*** ਸ੍ਰੀ ਅੰਮ੍ਰਿਤਸਰ, ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ, ਦਾ ਇਲਾਕਾ, ਮਾਝੇ ਦਾਂ ਸਰਬੱਤ ਖਾਲਸੇ ਦਾ ਸਾਂਝਾ ਰਿਹਾ। ਮਾਝਾ ਦੇਸ਼ ਸਭ ਸਿੰਘਾਂ ਦਾ ਸਾਂਝਾ ਰੱਖਿਆ। ੧।

***ਅਬ ਦਲ ਦੂਜੈ ਕੀ ਸੁਨੋ ਜੋ ਵਲ ਮੁੜਯੋ ਲਹੌਰ॥*** ਪਹਿਲਾਂ ਬੁੱਢੇ ਦਲ ਦਾ ਇਲਾਕਾ ਦੱਸਿਆ ਹੈ ਕਿ ਬੁੱਢਾ ਦਲ ਏਧਰ ਦਿੱਲੀ ਤੱਕ ਕਿਵੇਂ ਕਾਬਜ਼ ਹੋਇਆ ਹੈ। ਕੁਰਛੇਤਰ, ਥਨੇਸਰ, ਕੈਂਥਲ ਆਦਿਕ ਥਾਵਾਂ 'ਤੇ ਬੁੱਢਾ ਦਲ ਕਾਬਜ਼ ਸੀ, ਹੁਣ ਪੰਥ ਦੇ ਦੂਜੇ ਦਲ ਤਰਨੇ ਦਲ ਦੀ ਕਹਾਣੀ ਸੁਣੋ, ਜੋ ਲਹੌਰ ਵੱਲ ਨੂੰ ਮੋੜਾ ਪਾ ਗਿਆ ਸੀ।

***ਜਾਇ ਗਿਰਦੈ ਭਯੋ ਲਹੌਰ ਦੇ ਸ਼ਹਰ ਪਰਯੋ ਬਡ ਸ਼ੋਰ॥ ੨॥*** ਤਰਨੇ ਦਲ ਦੇ ਸਿੰਘ ਜਾ ਲਹੌਰ ਦੇ ਉਦਾਲੇ ਹੋਏ। ਸਾਰੇ ਸ਼ਹਿਰ ਵਿਚ ਬੜਾ ਰੌਲਾ ਪੈ ਗਿਆ ਹੈ ਕਿ ਖਾਲਸਾ ਲਹੌਰ ਦੀ ਤਰਫ ਆ ਗਿਆ। ਡਰ ਗਏ ਸਨ ਲਹੌਰ ਦੇ ਰਹਿਣ ਵਾਲੇ ਲੋਕ। ੨।

***ਚੌਪਈ॥ ਫਿਰੇ ਸਿੰਘ ਜਬ ਜੈਨੇ ਮਾਰ॥*** ਜੈਨ ਖ਼ਾਂ ਨੂੰ ਮਾਰ ਕੇ ਸਿੰਘ ਜਦੋਂ ਆਪੋ ਆਪਣੇ ਇਲਾਕੇ ਨੂੰ ਮੁੜੇ।

***ਦਿਲ ਲਹੌਰਿਅਨ ਕੰਪਰਯੋ ਭੂੰਚਾਰ॥*** ਲਹੌਰੀਆਂ ਦੇ ਦਿਲ ਵਿਚ ਭੁਚਾਲ ਆ ਗਿਆ ਹੈ। ਲਹੌਰ ਵਾਸੀਆਂ ਦੇ ਦਿਲ ਦਹਿਲ ਗਏ।

***ਅਬ ਹਮ ਪਰ ਸਭ ਖਾਲਸੋ ਆਵਗੁ॥*** ਉਨ੍ਹਾਂ ਨੂੰ ਫਿਕਰ ਹੋ ਗਿਆ ਹੈ ਕਿ ਪਹਿਲਾਂ ਸਰਹੰਦ ਨੂੰ ਮਾਰ ਲਿਆ ਹੈ। ਹੁਣ ਸਾਡੇ ਲਹੌਰੀਆਂ 'ਤੇ ਸਾਰਾ ਹੀ ਖਾਲਸਾ ਚੜ੍ਹ ਕੇ ਆਵੇਗਾ।

***ਤਬ ਨੱਠ ਜਾਨਕਾ ਬਲ ਕੌਨ ਪਾਵਗੁ॥ ੩॥*** ਲਹੌਰੀਏ ਆਪਸ ਵਿਚ ਵਿਚਾਰਾਂ ਕਰਦੇ ਹਨ, ਭੱਜ ਜਾਣ ਦੀ ਤਾਕਤ ਕੌਣ ਪਾਵੇਗਾ, ਭਾਵ ਹੁਣ ਭੱਜ ਗਏ ਤਾਂ ਭੱਜ ਗਏ, ਖਾਲਸੇ ਦੇ ਆਉਣ ਤੋਂ ਪਹਿਲਾਂ ਪਹਿਲਾਂ, ਫਿਰ ਕੌਣ ਭੱਜ ਸਕੇਗਾ, ਫੇਰ ਨਹੀਂ ਖਾਲਸੇ ਨੇ ਭੱਜਣ ਦੇਣਾ। ੩।

***ਐਸੀ ਚਿੰਤਾ ਗਿਲਜਨ ਪਰੀ॥*** ਅਹਿਮਦ ਸ਼ਾਹ ਅਬਦਾਲੀ ਦਾ ਪੁੱਤਰ ਤੈਮੂਰ ਲਹੌਰ ਵਿਚ ਗਿਲਜਿਆਂ ਦਾ ਇਕ ਤੁੰਮਨ ਬਾਰਾਂ ਹਜ਼ਾਰ ਫ਼ੌਜ ਦਾ ਲਈ ਬੈਠਾ ਸੀ। ਉਨ੍ਹਾਂ ਗਿਲਜਿਆਂ ਨੂੰ ਐਸਾ ਫ਼ਿਕਰ ਪੈ ਗਿਆ ਹੈ ਕਿ ਖਾਲਸਾ ਹੁਣ ਸਾਡੀ ਸਫ਼ਾਈ ਕਰੇਗਾ ਸਭ ਦੀ।

***ਨੱਠ ਚਲਨ ਉਨ ਚਿਤ ਮੈਂ ਧਰੀ॥*** ਉਨ੍ਹਾਂ ਨੇ ਆਪਣੇ ਮਨ ਵਿਚ ਭੱਜ ਜਾਣ ਦੀ ਵਿਚਾਰ ਕੀਤੀ।

***ਬਿਨ ਭਾਗੇ ਹਮ ਬਚਤੇ ਨਾਹੀਂ॥*** ਬਿਨਾਂ ਭੱਜਿਆਂ ਤੋਂ ਅਸੀਂ ਬਚ ਨਹੀਂ ਸਕਦੇ ਹਾਂ। ਕਿਥੇ ਹੈ ਕਾਬਲ ਕੰਧਾਰ ਕੌਣ ਜਾਣ ਦੇਵੇਗਾ ਭੱਜਿਆਂ ਨੂੰ।

***ਕਰੀ ਸਲਾਹਿ ਸਭਨ ਮਨ ਮਾਂਹੀ॥ ੪॥*** ਸਭਨਾਂ ਗਿਲਜ਼ਿਆਂ ਨੇ ਭੱਜਣ ਦੀ ਸਲਾਹ ਕਰ ਲਈ ਮਨ ਵਿਚ। ੪।

# ੴ ਸ੍ਰੀ ਵਾਹਿਗੁਰੂ ਜੀ ਕੀ ਫਤ੍ਹੇ॥

## ਤ੍ਰ ਪ੍ਰਸਾਦਿ॥ ਅਕਾਲ ਸਹਾਇ॥

## ਅਥ ਸਾਖੀ ਨਿਹੰਗ ਭੁਜੰਗੀ ਗੁਰਬਖ਼ਸ਼ ਸਿੰਘ ਸ਼ਹੀਦ ਜੀ ਕੀ ਲਿਖਯਤੇ॥

## (ਸ਼ਹੀਦੀ ਗੁਰਬਖ਼ਸ਼ ਸਿੰਘ ਸ਼ਹੀਦ ਜੀ ਦੀ)

***ਦੋਹਰਾ॥ ਗੁਰਬਖ਼ਸ਼ ਸਿੰਘ ਨਿਹੰਗ ਕੀ ਸਾਖੀ ਸੁਨੋ ਸੁਜਾਨ॥*** ਹੇ ਗੁਰੂ ਕੇ ਸ੍ਰੇਸ਼ਟ ਗੁਰ ਸਿੱਖੋ! ਬਾਬਾ ਗੁਰਬਖ਼ਸ਼ ਸਿੰਘ ਜੀ 'ਨਿਹੰਗ ਸਿੰਘ' ਜੀ ਦਾ ਪ੍ਰਸੰਗ ਸੁਣੋ।

***ਪਾਈ ਸ਼ਹੀਦੀ ਉਨ ਭਲੀ ਭਲ ਅੰਮ੍ਰਿਤਸਰ ਅਸਥਾਨ॥ ੧॥*** ਸ੍ਰੀ ਅੰਮ੍ਰਿਤਸਰ ਜੀ ਦੇ ਸ਼ੁਭ ਅਸਥਾਨ, ਭਾਵ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਰੋਕਣ ਵਾਸਤੇ ਗਿਲਜਿਆਂ ਨਾਲ ਲੜ ਕੇ ਭਲੀ ਸ਼ਹੀਦੀ ਪ੍ਰਾਪਤ ਕੀਤੀ।੧।

***ਚੌਪਈ॥ ਹੁਤੋ ਭੁਜੰਗੀ ਔ ਬਡ ਜੰਗੀ॥*** ਉਹ (ਭੁਜੰਗੀ) ਫਰਲੇ ਵਾਲਾ ਨਿਹੰਗ ਸਿੰਘ ਜੀ ਅਤੇ ਵੱਡਾ (ਜੰਗੀ) ਜੁਝਾਰੂ ਸਿੰਘ ਸੀ। ਉਨ੍ਹਾਂ ਦਾ ਪ੍ਰਸੰਗ ਦਸਦੇ ਭਾਈ ਰਤਨ ਸਿੰਘ ਜੀ ਕਿ 'ਨਿਹੰਗ ਸਿੰਘ' ਦੀ ਕ੍ਰਿਆ ਕੀ ਹੁੰਦੀ ਹੈ।

***ਨੀਲ ਬਸਤ੍ਰ ਰਖ ਰਹਿ ਰਹਤ ਚੰਗੀ॥*** ਬਾਬਾ ਗੁਰਬਖਸ਼ ਸਿੰਘ ਨੀਲੇ ਬਸਤਰ ਪਹਿਨਦੇ ਸਨ ਅਤੇ ਗੁਰੂ ਵੱਲੋਂ ਬਖ਼ਸ਼ੀ ਹੋਈ ਚੰਗੀ ਰਹਿਤ ਮਰਯਾਦਾ ਵਿਚ ਰਹਿੰਦੇ ਸਨ।

***ਪ੍ਰਾਤ ਉਠੈ ਅਰ ਸੁੱਖਾ ਪੀਵੈ॥*** (ਪ੍ਰਾਤ) ਅੰਮ੍ਰਿਤ ਵੇਲੇ ਉਠ ਕੇ ਆਪਣੀ ਕ੍ਰਿਆ ਆਦਿਕ ਸੋਧ ਕੇ, ਇਸ਼ਨਾਨ ਕਰਕੇ, ਦੁਮਾਲੇ ਆਦਿਕ ਸਜਾ ਕੇ ਗੁਰਬਾਣੀ ਦਾ ਨਿਤਨੇਮ ਕਰਕੇ, ਸੁਖ ਨਿਧਾਨ ਦੀਆਂ ਸ਼ਹੀਦੀ ਦੇਗਾਂ ਛਕਦੇ ਸਨ। ਖਾਲਸਾ ਜੀ! ਅੱਜ ਵੀ ਸ੍ਰੀ ਹਜ਼ੂਰ ਸਾਹਿਬ, ਜਦੋਂ ਦਰਬਾਰ ਸਾਹਿਬ 'ਚ ਜਾ ਕੇ ਸੇਵਾਦਾਰ ਹਾਜ਼ਰ ਹੁੰਦੇ ਹਨ। ਸਚਖੰਡ ਦੇ ਨੇੜੇ ਹੀ ਦੇਗ ਅਸਥਾਨ ਬਣਿਆ ਹੋਇਆ ਹੈ। ਉਥੇ ਡਿਊਟੀ ਲੱਗੀ ਹੋਈ ਸਿੰਘਾਂ ਦੀ, ਉਨ੍ਹਾਂ ਨੇ ਮੁਰੀਦੀ ਸੁੱਖਾ ਰਗੜਨਾ ਹੈ, ਭਾਵ ਪੰਜ ਤੁਰੇ ਪਾ ਕੇ, ਬਹੁਤਾ ਨਹੀਂ, ਜਿਵੇਂ ਲੋਕ ਕਹਿੰਦੇ ਹਨ ਵੇਖ ਕੇ ਨਿਹੰਗ ਸਿੰਘ ਨੂੰ ਡਕਿਆ ਹੀ ਹੈ, ਇਉਂ ਨਹੀਂ ਸੀ ਇਹ ਮਰਯਾਦਾ, ਨਿਹੰਗ ਸਿੰਘਾਂ ਦੀ, ਭਾਵ ਉਨ੍ਹਾਂ ਨੇ ਸੁਰਤੀ ਬਿਰਤੀ ਕਾਇਮ ਕਰਨੀ ਹੈ। ਉਨ੍ਹਾਂ ਨੇ ਪੰਜ ਤਰੇ ਦਾ ਉਸ ਵੇਲੇ ਸੁੱਖੇ ਦਾ ਰਗੜਾ ਪਾ ਕੇ ਤੇ ਮੁਰੀਦੀ ਛਾਣਾਂ ਲਾ ਕੇ, ਉਥੇ ਭੋਗ ਲਗਦਾ ਹੈ ਅੰਮ੍ਰਿਤ ਵੇਲੇ। ਜਦੋਂ ਸਚਖੰਡ ਦਰਬਾਰ ਦੇ ਕਿਵਾੜ ਖੁਲ੍ਹਦੇ ਹਨ ਇੱਕ ਵਜੇ ਰਾਤ ਦੇ। ਕਿਵਾੜ ਖੁਲ੍ਹਣ ਸਾਰ ਦੇਗੀਆ ਸਿੰਘ ਤਿਆਰ-ਬਰ-ਤਿਆਰ ਹੋ ਕੇ, ਇਸ਼ਨਾਨ ਪਾਨ ਕਰਕੇ ਉਹ ਰਗੜਾ ਲਾ ਕੇ ਪਹਿਲਾਂ ਉਥੇ ਜਾਂਦਾ ਹੈ। ਉਦੋਂ ਭੋਗ ਲਗਦਾ ਹੈ ਮੁਰੀਦੀ ਸੁੱਖੇ ਦਾ। ਨਿਹੰਗ ਸਿੰਘਾਂ ਦੀ ਰਹਿਤ ਦਸਦੇ ਹਨ ਜੋ ਪੁਰਾਤਨ ਰਹੁ-ਰੀਤ ਚਲੀ ਆਉਂਦੀ ਹੈ ਸਿੰਘਾਂ ਦੀ। ਅੰਮ੍ਰਿਤ ਵੇਲੇ ਉੱਠਕੇ, ਇਸ਼ਨਾਨ ਕਰਕੇ, ਚੂਲਾ ਆਦਿਕ ਕਰਕੇ, ਸੁਖ ਨਿਧਾਨ ਦਾ ਪੰਜ ਤਰੇ ਦਾ ਮੁਰੀਦੀ ਰਗੜਾ ਲਾ ਕੇ ਛਕਦੇ ਸਨ।

***ਹੁਇ ਰਮਣਯੋ ਮੁਖੀ ਦਾਤਨ ਕੀਵੈ॥ ੨॥*** ਫਿਰ (ਰਮਣਯੋ) ਖੇਡੇ ਮਹੱਲੇ ਜਾ ਕੇ ਪੰਜ ਸ਼ਨਾਨਾ ਤਾੜ ਕੇ, ਮੁੱਖ ਮਾਂਜਣਾ ਕਰਨਾ। ੨।

***ਸਵਾ ਪਹਿਰ ਨਿਸ ਕਰੈ ਸ਼ਨਾਨ॥*** ਸਵਾ ਪਹਿਰ ਰਾਤ ਰਹਿੰਦੀ ਦੇ ਇਸ਼ਨਾਨ ਕਰਦੇ ਸਨ।

***ਬਾਣੀ ਪੜ੍ਹੇ ਖੜ ਪੱਗ ਬਧਾਨ॥*** ਸਾਵਧਾਨ ਹੋ ਕੇ ਖੜ੍ਹ ਕੇ ਦੁਮਾਲਾ ਝੁਲਾਉਂਦੇ ਸਨ ਅਤੇ ਨਾਲ ਦੀ ਨਾਲ ਬਾਣੀ ਪੜ੍ਹੀ ਜਾਂਦੇ ਸਨ।

***ਸਰਬ ਲ਼ੋਹ ਕੀ ਪੂਜਾ ਕਰੈ॥*** ਸਰਬ ਲੋਹ ਦੀ ਪੂਜਾ ਕਰਦੇ ਸਨ, ਭਾਵ ਨਿਹੰਗਾਂ ਸਿੰਘਾਂ ਦੇ ਸਰਬ ਲੋਹ ਦੇ ਹੀ ਚੱਕ੍ਰ ਤੋੜੇ, ਕੜੇ ਕ੍ਰਿਪਾਨਾਂ ਆਦਿਕ ਹੁੰਦੇ ਸਨ, ਸਰਬ ਲੋਹ ਨੂੰ ਹੀ ਧਾਰਨ ਕਰਦੇ ਸਨ।

***ਨਮਸਕਾਰ ਕਰ ਸ਼ਸਤਰ ਫੜੈ॥ ੩॥*** ਸਰਬ ਲੋਹ ਦੇ ਹੀ ਸ਼ਸਤ੍ਰ ਹੁੰਦੇ ਸਨ ਖੰਡੇ, ਤੇਗਾਂ ਆਦਿਕ, ਨਮਸ਼ਕਾਰ ਕਰਕੇ ਸ਼ਸਤ੍ਰਾਂ ਨੂੰ ਫੜਦੇ ਸ਼ਸਤ੍ਰ ਧਾਰਨ ਕਰਦੇ ਸਨ। ੩।

***ਸਰਬ ਲੋਹ ਗਲ ਮਾਲਾ ਪਾਵੈ॥*** ਮਾਲਾ ਵੀ ਗਲ ਵਿਚ ਸਰਬ ਲੋਹ ਦੀਆਂ ਪਾਉਂਦੇ ਸਨ।

***ਕੰਗਣ ਸਿਮਰਨ ਲੋਹ ਸੁਹਾਵੈ॥*** (ਕੰਗਣ) ਕੜੇ ਅਤੇ ਸਿਮਰਨੇ ਵੀ ਸਭ ਸਰਬ ਲੋਹ ਦੇ ਧਾਰਨ ਕਰਦੇ ਸੀ।

***ਲੋਹ ਚਕ੍ਰ ਲੋਹ ਤੋੜੇ ਧਾਰੈ॥*** ਸੀਸ 'ਤੇ ਚੱਕ੍ਰ ਤੋੜੇ ਆਦਿਕ ਵੀ ਸਰਬ ਲੋਹ ਦੇ ਧਾਰਨ ਕਰਦੇ ਸਨ।

***ਸਰਬ ਲੋਹ ਕੀ ਰਖਜ ਉਚਾਰੈ॥ ੪॥ ਸਰਬ ਲੋਹ ਕੀ ਰੱਛਾ ਹਮਨੈ। ਸਰਬ ਕਾਲ ਜੀ ਕੀ ਰੱਛਾ ਹਮਨੈ। ਸ੍ਰੀ ਸਰਬ ਲੋਹ ਜੀ ਦੀ ਸਦਾ ਰੱਛਾ ਹਮਨੈ॥*** ਇਉਂ ਸ੍ਰੀ ਅਕਾਲ ਉਸਤਤ ਦੀ ਬਾਣੀ ਉਚਾਰਨ ਕਰਦੇ ਸਨ। ੪।

***ਦਸਤ ਦਸਤਾਨੈ ਲਕ ਸੋਟਨ ਸਿਉਂ ਹੇਤ॥*** (ਸਲੋਤਰ) ਡੰਡਾ, ਕਮਰਕੱਸਾ ਲਾ ਕੇ ਕਮਰਕੱਸੇ ਵਿਚ ਸਲੋਤਰ ਰਖਦੇ ਸਨ, ਜੇ ਲੋੜ ਪੈ ਜਾਏ, ਤਾਂ ਸਲੋਤਰ ਨਾਲ ਹੀ ਸੋਧਣਾ ਪੈਂਦਾ ਹੈ ਕਿਸੇ ਦੁਸ਼ਟ ਨੂੰ, ਹੋਰ ਸ਼ਸਤ੍ਰ ਤਾਂ ਨਹੀਂ ਮਾਰਿਆ ਜਾਂਦਾ, ਨਾ ਪਹਿਲਾਂ ਕਿਸੇ ਦੇ (ਲੱਕ) ਕਮਰਕੱਸੇ ਦੇ ਨਾਲ ਸਲੋਤਰਾਂ ਨਾਲ ਪ੍ਰੇਮ ਤੇ ਹੱਥਾਂ'ਤੇ ਹੱਥਾਂ ਦੀ ਸੰਜੋਅ ਲੋਹੇ ਦੀ, ਲੋਹੇ ਦੇ ਦਸਤਾਨੇ ਰਖਦੇ ਸਨ।

***ਸਵਾ ਗਜ ਕੁ ਕਛ ਪਹਿਰੈ ਸੇਤ॥*** ਸਵਾ ਗਜ ਕੱਪੜੇ ਦਾ ਨੀਵਾਂ ਕਛਹਿਰਾ ਸਫੇਦ ਰੰਗ ਦਾ ਪਹਿਨਦੇ ਸਨ। ਜਿਹੜੇ ਨਵੇਂ ਸਿੰਘ ਸਜਦੇ, ਉਹ ਰੰਗਦਾਰ ਕਛਹਿਰਾ ਪਹਿਨ ਲੈਂਦੇ, ਉਨ੍ਹਾਂ ਨੂੰ ਰੰਗਦਾਰ ਕਛਹਿਰਾ ਸੋਹਣਾ ਲੱਗਦਾ ਪਰ ਉਨ੍ਹਾਂ ਨੂੰ ਮਰਯਾਦਾ ਦਾ ਪਤਾ ਨਹੀਂ। ਕਛਹਿਰਾ ਸੁਫੈਦ ਹੀ ਰੱਖਣਾ ਹੈ ਖਾਲਸੇ ਨੇ।

***ਸੰਜੋਇ ਲੋਹ ਕੀ ਪਹਰਸੁ ਅੰਗ॥*** ਸਰੀਰਕ ਅੰਗਾਂ 'ਤੇ ਸੰਜੋ ਵੀ ਉਹ ਸਰਬਲੋਹ ਦੀ ਪਹਿਨਦੇ ਹਨ, ਜੇ ਕੋਈ ਕੋਈ ਸ਼ਸਤ੍ਰ ਵੱਜੇ ਤਾਂ ਸਰੀਰ ਦੀ ਰੱਖਿਆ ਵਾਸਤੇ।

***ਇਮ ਲਾਇ ਦਿਵਾਨ ਨਿਤ ਬਹੈ ਨਿਹੰਗ॥ ੫॥*** ਇਉਂ ਨਿਤਾਪ੍ਰਤੀ ਦੀਵਾਨ ਲਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਹਜ਼ੂਰ ਬਾਬਾ ਗੁਰਬਖ਼ਸ਼ ਸਿੰਘ ਜੀ ਨਿਹੰਗ ਸਿੰਘ ਬੈਠਦੇ ਸਨ। ੫।

***ਦੋਹਰਾ॥ ਨਿਹੰਗ ਕਹਾਵੈ ਸੋ ਪੁਰਸ਼ ਦੁਖ ਸੁਖ ਮੰਨੇ ਨ ਅੰਗ॥*** ਭਾਈ ਰਤਨ ਸਿੰਘ ਜੀ ਦਸਦੇ ਹਨ ਕਿ ਜਿਸ ਪੁਰਸ਼ ਦੇ ਸਰੀਰਕ ਅੰਗਾਂ ਨੂੰ ਦੁਖ ਸੁਖ ਮਹਿਸੂਸ ਨਾ ਹੋਵੇ। ਜਿਹੜਾ ਮਨੁੱਖ ਦੁਖ ਨੂੰ ਦੁਖ ਨਾ ਮੰਨੇ, ਅਤੇ ਸੁਖ ਨੂੰ ਨਾ ਮੰਨੇ, ਭਾਵ ਜੋ ਮਨੁੱਖ ਦੁਖ ਸੁਖ ਵਿਚ ਸਮਾਨ ਬਿਰਤੀ ਰੱਖਦਾ ਖਾਲਸਾ ਆਪ ਦੀ ਬਿਰਤੀ ਇਕ ਰਸ ਰਖਦਾ ਹੈ। ਉਹ ਵਾਹਿਗੁਰੂ ਦੇ ਰੰਗ ਵਿਚ ਇਕ ਰਸ ਰੰਗੇ ਰਹਿੰਦੇ ਹਨ। 'ਉਹ ਪੁਰਖ ਨਿਹੰਗ' ਕਹਾਉਂਦਾ ਹੈ, ਜਿਵੇਂ ਸੁਖਮਨੀ ਸਾਹਿਬ ਜੀ ਵਿਚ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਹੁਕਮ ਹੈ। ***"ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥"*** ਜਿਵੇਂ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਸੋਰਠਿ ਰਾਗੁ ਵਿਚ ਫੁਰਮਾਇਆ ਹੈ ***"ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ"॥***

***ਜਿਮ ਦੁਖ ਸੁਖ ਦੇਹੀ ਨਾ ਮੰਨੇ ਉਸ ਕਹੈਂ ਬਿਦੇਹੀ ਚੰਗ॥ ੬॥*** ਸਰੀਰ ਕਰਕੇ ਹੀ ਦੁੱਖ ਅਤੇ ਸੁਖ ਹੈ, ਜਿਵੇ ਜਿਹੜਾ ਪੁਰਸ਼ ਸਰੀਰ ਦੇ ਦੁਖ ਸੁਖ ਨੂੰ ਨਾ ਮੰਨੇ, ਨਾ ਮਹਿਸੂਸ ਕਰੇ, ਉਸ ਨੂੰ ਚੰਗਾ ਬਿਦੇਹੀ ਕਿਹਾ ਜਾਂਦਾ ਹੈ। ਜੇ ਸਰੀਰ 'ਤੇ ਸ਼ਸਤ੍ਰ ਵੱਜ ਜਾਏ ਤਾਂ ਵੀ ਕੋਈ ਪ੍ਰਵਾਹ ਨਹੀਂ, ਸਦਾ ਇਕੋ ਰੰਗ ਰਹਿਣਾ, ਕਿਸੇ ਚੀਜ਼ ਦਾ ਦੁਖ ਨਹੀਂ ਮੰਨਣਾ, ਤਕਲੀਫ ਨਹੀਂ ਮੰਨਣੀ, ਦੇਹ ਤੋਂ ਬਿਦੇਹ ਹੋ ਕੇ ਰਹਿੰਦਾ ਹੈ ਭਾਈ ਮਨੀ ਸਿੰਘ ਵਾਂਗ, ਉਸ ਨੂੰ ਨਿਹੰਗ ਸਿੰਘ ਕਹਿੰਦੇ ਹਨ, ਦੇਹ ਅਧਯਾਸ ਨਹੀਂ ਰੱਖਣਾ ਹੈ ਖਾਲਸੇ ਨੇ। ੬।

***ਹਠੀ ਜਤੀ ਔ ਜਪ ਤਪੀ, ਦਾਤਾ ਪੂਰਾ ਸੂਰ॥*** ਬਾਬਾ ਗੁਰਬਖ਼ਸ਼ ਸਿੰਘ ਜੀ ਬਹੁਤ ਹੀ ਹੱਠ ਵਾਲੇ, ਬ੍ਰਾਹਮਚਾਰੀ ਨਾਮ ਜਪਣ ਵਾਲੇ, ਤਪੱਸਵੀ ਅਤੇ ਦਾਤੇ ਸਨ, ਜੇ ਕੋਈ ਮੰਗਤਾ ਆ ਗਿਆ, ਉਹ ਜੋ ਮੰਗਦਾ ਉਸ ਨੂੰ ਦੇ ਦਿੰਦਾ, ਉਦਾਰ ਚਿਤ ਅਤੇ ਪੂਰਾ ਸੂਰਵੀਰ ਯੋਧਾ ਸੀ ਦੁਸ਼ਮਣ ਦੀਆਂ ਸਫਾਂ ਵਿਚ ਅੱਗੇ ਹੋ ਕੇ ਲੜਨ ਵਾਲਾ।

***ਆਵੈਂ ਪਾਸ ਸੁਦਾਰ ਤਿਸ, ਵਹੁ ਰਹੈ ਆਪ ਮਗ਼ਰੂਰ॥ ੭॥*** ਅੱਜ-ਕਲ੍ਹ ਦੇ ਬਾਬਿਆਂ ਵਾਂਗ ਨਹੀਂ ਕਿ ਕੋਈ ਸਰਦਾਰ ਆ ਗਿਆ ਮਾਇਆਧਾਰੀ ਤਾਂ ਕਹਿਣਗੇ, ਉਹ ਸਰਦਾਰ ਸਾਹਿਬ ਆਏ ਹਨ, ਉਠ ਕੇ ਉਨ੍ਹਾਂ ਦੇ ਨਾਲ ਤੁਰ ਪੈਂਦੇ ਹਨ, ਜੇ ਬਾਬਾ ਗੁਰਬਖ਼ਸ਼ ਸਿੰਘ ਜੀ 'ਨਿਹੰਗ ਸਿੰਘ' ਪਾਸ ਕੋਈ ਸਰਦਾਰ ਆਉਂਦਾ ਹੈ ਮਿਸਲਦਾਰ, ਤਾਂ ਉਹ ਆਪ ਨਾਮ ਦੀ ਖ਼ੁਮਾਰੀ ਵਿਚ (ਮਗ਼ਰੂਰ) ਮਸਤ ਰਹਿੰਦੇ ਸਨ। ਕੋਈ ਆਵੇ ਜਾਵੇ ਪਰ ਉਸ ਨੂੰ ਕੋਈ ਲੋਭ ਲਾਲਚ ਨਹੀਂ। ਇਹ ਲੋਭ ਲਾਲਚ ਹੀ 'ਜੀ ਆਇਆ' ਕਹਿੰਦਾ ਹੈ। ਉਹ ਲੋਕ ਨਾਮ ਧਰੀਕ ਬਾਬੇ, ਮਾਇਆਧਾਰੀਆਂ ਦੇ ਮਗਰ-ਮਗਰ ਭੱਜੇ ਫਿਰਦੇ ਹਨ ਪਰ ਜਿਹੜਾ ਆਪ ਹੀ ਨਿਹੰਗ ਹੋ ਗਿਆ ਹੈ, ਉਸ ਨੂੰ ਕਿਸੇ ਦੀ ਕੀ ਲੋੜ ਹੈ। ਪਹਿਲੀ ਕਤਾਰ ਵਿਚ ਲੜਨ ਵਾਲੇ ਅਤੇ ਲੋਭ ਲਹਿਰ ਤੋਂ ਰਹਿਤ। ਕੋਈ ਪ੍ਰਵਾਰ ਦੀ ਕ੍ਰਿਆ ਦੀ ਲੋੜ ਨਹੀਂ ਉਸ ਨੂੰ ਕਿਉਂਕਿ ਉਹ ਤਾਂ ਜਤੀ ਸਤੀ ਹੈ। ਉਹ ਤਾਂ ਨਿਸ਼ੰਗ ਹੈ, ਨਿਹੰਗ ਸਿੰਘ ਐਸਾ ਹੁੰਦਾ ਹੈ। ਉਹ ਆਪ ਮਗ਼ਰੂਰ ਰਹੇ ਕੋਈ ਸਰਦਾਰ ਆਵੇ, ਕੋਈ ਮਾਇਆਧਾਰੀ ਆਵੇ, ਜੀ ਆਇਆਂ ਨੂੰ, ਗੁਰੂ ਕੇ ਦਰਸ਼ਨ ਕਰੇ, ਉਸ ਨੂੰ ਕੀ ਲੋੜ ਹੈ ਕਿਸੇ ਨੂੰ ਸਲਾਮੀ ਦੇਣ ਦੀ, ਜਾਂ ਉਹਦੇ ਅੱਗੇ ਹੋ ਕੇ ਤੁਰਨਾ, ਜਾਂ ਜੀ ਜੀ ਕਰਨਾ ਉਸ ਦੇ ਵਾਸਤੇ। ਨਿਹੰਗ ਸਿੰਘ ਦੀ ਕਿਰਿਆ ਦਸਦੇ ਹਨ, ਨਿਹੰਗ ਸਿੰਘ ਨਾਮ ਬਾਣੀ ਵਿਚ ਮਸਤ ਰਹੇ, ਉਹ ਨੂੰ ਨਹੀਂ ਕੋਈ ਪ੍ਰਵਾਹ ਕਿਸੇ ਦੀ। ੭।

***ਚੌਪਈ॥ ਜਹਾਂ ਜੁੱਧ ਕੀ ਜਾਗ੍ਹਾ ਹੋਇ॥*** ਜਿਥੇ ਧਰਮ-ਯੁੱਧ ਦੀ ਜਗ੍ਹਾ ਹੋਵੇ, ਜੰਗ ਜੁੱਧ ਲੜਨਾ ਪਵੇ।

***ਮਰਨੈ ਕੈ ਡਰ ਟਰੈ ਨ ਸੋਇ॥*** ਉਹ ਮਰਨ ਦਾ ਡਰ ਮੰਨ ਕੇ ਟਲੇ ਨਾ, ਇਹ ਨਹੀਂ ਬਈ ਏਥੇ ਲੜਾਈ ਹੋਣੀ ਹੈ, ਆਪਾਂ ਖਿਸਕ ਚਲੋ ਏਥੋਂ, ਨਹੀਂ, ਉਥੇ ਡਟ ਜਾਏ ਉਹ ਨਿਹੰਗ ਸਿੰਘ, ਬਾਬਾ ਗੁਰਬਖ਼ਸ਼ ਜੀ ਮਰਨ ਦੇ ਡਰ ਕਰਕੇ, ਉਥੋਂ ਟਲਦੇ ਨਹੀਂ ਸਨ ਧਰਮ ਜੁੱਧ ਵਿਚੋਂ।

***ਜਹਾਂ ਪੰਥ ਪੈ ਬਡ ਪਵੈ ਭੀਰ॥*** ਜੇ ਪੰਥ ਖਾਲਸੇ 'ਤੇ ਕੋਈ ਦੁਸ਼ਟ ਚੜ੍ਹ ਕੇ ਆਉਂਦਾ ਹੈ, ਜਿਥੇ ਭੀੜ ਪੈਂਦੀ ਪੰਥ 'ਤੇ, ਘੇਰਾ ਪੈਂਦਾ ਹੈ ਆ ਕੇ।

***ਡਾਹੈ ਆਪ ਜਾਇ ਤਹਾਂ ਸਰੀਰ॥ ੮॥*** ਬਾਬਾ ਗੁਰਬਖ਼ਸ਼ ਸਿੰਘ ਨਿਹੰਗ ਸਿੰਘ ਉਥੇ ਜਾ ਕੇ ਜੰਗ ਵਿਚ ਆਪਣਾ ਸਰੀਰ ਦੁਸ਼ਮਣ ਦੇ ਅੱਗੇ ਡਾਹੁੰਦੇ ਸਨ। ਆਪਣੇ ਸਰੀਰ 'ਤੇ ਦੁਸ਼ਮਣ ਦੇ ਵਾਰ ਝੱਲਦੇ ਸਨ। ੮।

***ਜਹਾਂ ਜੁੱਧ ਕੀ ਜਾਗ੍ਹਾ ਹੋਇ॥*** ਜਿਥੇ ਧਰਮ-ਜੁੱਧ ਦੀ ਜਗ੍ਹਾ ਹੋਵੇ, ਧਰਮ ਵਾਸਤੇ ਲੜਾਈ ਹੋਣੀ ਹੋਵੇ।

***ਫੜ ਨਿਸ਼ਾਨ ਆਪ ਅੱਗੇ ਹੋਇ॥*** ਨਿਸ਼ਾਨ ਸਾਹਿਬ ਫੜ ਕੇ ਆਪ ਅੱਗੇ ਹੁੰਦੇ ਸਨ ਬਾਬਾ ਜੀ।

***ਸਾਥ ਨਗਾਰਾ ਘੁਰਦਾ ਜਾਵੈ॥*** ਨਾਲ ਨਾਲ ਨਗਾਰਾ ਵਜਦਾ ਜਾਂਦਾ।

***ਜਾਇ ਲੜਾਈ ਮੂਹਰੈ ਪਾਵੈ॥ ੯॥*** ਸਭ ਤੋਂ ਅੱਗੇ ਜਾ ਕੇ ਲੜਾਈ ਆਰੰਭ ਕਰਦੇ ਸਨ ਦੁਸ਼ਮਣ ਨਾਲ। ੯।

***ਭਏ ਜੁ ਸ਼ਹੀਦ ਮਨੀ ਸਿੰਘ ਭਾਈ॥*** ਜੋ ਭਾਈ ਮਨੀ ਸਿੰਘ ਜੀ ਸ਼ਹੀਦ ਹੋਏ, ਜਿਨ੍ਹਾਂ ਦਾ ਬੰਦ-ਬੰਦ ਕੱਟਿਆ ਗਿਆ ਸੀ।

***ਉਨ੍ਹੈਂ ਹਾਥ ਥੀ ਪਾਹੁਲ ਪਿਲਾਈ॥*** ਬਾਬਾ ਗੁਰਬਖ਼ਸ਼ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਭਾਈ ਮਨੀ ਸਿੰਘ ਜੀ ਨੇ ਆਪਣੇ ਹੱਥੀਂ ਅੰਮ੍ਰਿਤਪਾਨ ਕਰਾਇਆ ਸੀ।

***ਖੇਮਕਰਨ ਢਿਗ ਲੀਲ ਸੁ ਨਾਮ॥*** ਖੇਮਕਰਨ ਸ਼ਹਿਰ ਦੇ ਕੋਲ ਲੀਲ ਨਾਮ ਦਾ ਪਿੰਡ।

***ਹੁਤੋ ਮਾਝੈ ਮੈਂ ਤਿਸਕੋ ਗ੍ਰਾਮ॥ ੧੦॥*** ਮਾਝੇ ਦੇਸ਼ ਵਿਚ ਉਸ ਦਾ ਪਿੰਡ ਲੀਲ ਸੀ, ਬਾਬਾ ਗੁਰਬਖ਼ਸ਼ ਸਿੰਘ ਜੀ ਦਾ। ੧੦।

***ਦੋਹਰਾ॥ ਪਹਿਲੋਂ ਡੇਰਾ ਉਸ ਤੁਰੈ,ਤੋਂ ਪਾਛੈ ਔਰ ਤੁਰਾਂਹਿ॥*** ਕਿਉਂਕਿ ਬਾਬਾ ਗੁਰਬਖ਼ਸ਼ ਸਿੰਘ ਜੀ ਜੰਗੀ ਜੋਧੇ ਸਨ, ਜਦੋਂ ਖਾਲਸੇ ਪੰਥ ਦਾ ਡੇਰਾ ਤੁਰਦਾ, ਤਾਂ ਪਹਿਲਾਂ ਬਾਬਾ ਗੁਰਬਖ਼ਸ਼ ਸਿੰਘ ਜੀ ਹੋਰਾਂ ਦਾ ਡੇਰਾ ਤੁਰਦਾ।

***ਜਹਾਂ ਸੁ ਝੰਡਾ ਗਡ ਖੜੈ ਖਾਲਸੋ ਉਹਾਂ ਖੜਾਂਹਿ॥ ੧੧॥*** ਜਿਥੇ ਜਾ ਕੇ ਨਿਸ਼ਾਨ ਸਾਹਿਬ ਨੂੰ ਖੜ੍ਹਾ ਕਰ ਦਿੰਦੇ ਸਨ,

ਖਾਲਸਾ ਉਥੇ ਹੀ ਖੜ੍ਹ ਜਾਂਦਾ ਸੀ। ੧੧।

***ਚੌਪਈ॥ ਅੰਮ੍ਰਿਤਸਰ ਸਨਮੁਖ ਦਰਬਾਰ॥*** ਸ੍ਰੀ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਜੀ ਦੇ ਸਾਹਮਣੇ।

***ਅਕਾਲ ਬੁੰਗੇ ਬਹੈ ਤਖਤ ਮਝਾਰ॥*** ਅਕਾਲ ਬੁੰਗੇ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਬੈਠਦੇ ਸਨ।

***ਸਿਰੋਂ ਪਰੈ ਉਸ ਡੇਰਾ ਰਹੈ॥*** ਉਸ ਦਾ ਡੇਰਾ ਸਿਰੋਂ ਪਰੇ ਰਹਿੰਦਾ ਹੈ, ਭਾਵ ਜੰਗ ਜੁੱਧ ਵਿਚ ਆਪਣੇ ਸਿਰ ਅਤੇ ਜਾਨ ਦੀ ਪ੍ਰਵਾਹ ਨਹੀਂ ਕਰਦਾ।

***ਅਕਾਲ ਅਕਾਲ ਵਹਿ ਮੁਖ ਤੇ ਕਹੈ॥ ੧੨॥*** ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਸਿਰਫ ਨਿਹੰਗ ਸਿੰਘ ਹੀ ਗਜਾਉਂਦੇ ਸਨ, ਜੋ ਅਕਾਲ ਅਕਾਲ ਦਾ ਜੈਕਾਰਾ ਹੈ, ਇਹ ਜਾਪ ਹੈ ਅਕਾਲ ਪੁਰਖ ਦਾ। ਸਿੰਘ ਅਕਾਲ ਪੁਰਖ ਦਾ ਹੈ। ***"ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਅਕਾਲਹਿ ਮੌਜ"॥*** ਅਕਾਲ ਪੁਰਖ ਦੀ ਮੌਜ ਨਾਲ ਪ੍ਰਗਟ ਹੋਇਆ ਹੈ। ਖਾਲਸਾ ਪੰਥ। ਬਾਬਾ ਗੁਰਬਖ਼ਸ਼ ਸਿੰਘ ਜੀ ਆਪਣੇ ਮੁੱਖੋਂ ਅਕਾਲ ਅਕਾਲ ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ ਕਹਿੰਦੇ ਸਨ। ੧੨।

***ਸੁਨੋ ਉਸੈ ਜੋ ਪੌਰਖ ਕਮਾਯੋ॥*** ਭਾਈ ਰਤਨ ਸਿੰਘ ਜੀ ਕਹਿੰਦੇ ਸਨ ਖਾਲਸਾ ਜੀ! ਸੁਣੋ, ਉਸ (ਗੁਰਬਖ਼ਸ਼ ਸਿੰਘ) ਨੇ ਜੋ ਉੱਤਮ ਕਾਜ ਕੀਤਾ ਹੈ।

***ਸੀਸ ਲਾਇ ਜਿਮ ਗਿਲਯੋ ਗਲਾਯੋ॥*** ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਜਿਵੇਂ ਆਪਣਾ ਸਿਰ ਲਾ ਕੇ ਗਿਲਜਿਆਂ ਨੂੰ ਨਾਸ ਕੀਤਾ ਹੈ।

***ਗਿਲਜੋ ਆਯੋ ਜਿਮ ਉਤ ਬਾਰ॥*** ਜਿਵੇਂ ਗਿਲਜਾ ਆਇਆ ਉਸ ਵਾਰੀ, ਉਂਝ ਤਾਂ ਬਹੁਤ ਵਾਰੀ ਆਇਆ ਪਰ ਜਦੋਂ ਬਾਬਾ ਗੁਰਬਖ਼ਸ਼ ਸਿੰਘ ਨੇ ਸ਼ਹੀਦੀ ਪਾਈ ਜਦੋਂ, ਉਦੋਂ ਆਇਆ, ਅਹਿਮਦ ਸ਼ਾਹ ਅਬਦਾਲੀ ਚੜ੍ਹ ਕੇ ਕਾਬਲ ਤੋਂ।

***ਤਿਸਕੋ ਬਿਵਰੋ ਲਿਖੋਂ ਉਚਾਰ॥ ੧੩॥*** ਉਸ ਦਾ ਵੇਰਵਾ ਮੈਂ ਲਿਖਦਾ ਹਾਂ ਉਚਾਰਕੇ, ਭਾਈ ਰਤਨ ਸਿੰਘ ਜੀ ਕਹਿੰਦੇ ਹਨ। ੧੩।

***ਸੂਰਜ ਮੱਲ ਭਰਤ ਪੁਰੀਯੋ ਸੂਦਾਰ॥*** ਆਗਰੇ ਤੋਂ ਅਗਲੇ ਪਾਸੇ ਭਰਤਪੁਰ ਆਉਂਦਾ ਹੈ। ਉਥੋਂ ਦਾ ਸਰਦਾਰ ਸੂਰਜ ਮੱਲ ਜਾਟ ਸੀ।

***ਲਯੋ ਆਗਰੋ ਜਿਨ ਥੌ ਮਾਰ॥*** ਜਿਸ ਨੇ ਆਗਰਾ ਮਾਰ ਲਿਆ ਸੀ, ਆਗਰਾ ਫਤ੍ਹੇ ਕਰ ਲਿਆ ਸੀ ਸੂਰਜ ਮੱਲ ਨੇ।

***ਜੌਰਾ ਭੌਰਾ ਗਿਨ ਲਯੋ ਲੂਟ॥*** ਜੌਰਾ ਤੇ ਭੌਰਾ ਦੋ ਦਰਿਆਈ ਘੋੜੇ ਸਨ, ਜਿਸ ਨੇ ਆਗਰੇ ਦੀ ਲੁੱਟ ਮਚਾ ਕੇ ਖੋਹ ਲਏ ਸਨ ਮੁਗਲਾਂ ਤੋਂ।

***ਖ਼ਜ਼ਾਨਯੋਂ ਤਲਾਕ ਔ ਪਿਛੌਂ ਲਯੋਂ ਪੂਟ॥ ੧੪॥*** ਮੁਗਲਾਂ ਨੂੰ ਖ਼ਜ਼ਾਨੇ ਤੋਂ ਵੀ (ਤਲਾਕ) ਅੱਡ ਕਰ ਦਿੱਤਾ ਸੀ, ਭਾਵ ਸਾਰਾ ਖ਼ਜ਼ਾਨਾ ਵੀ ਲੁੱਟ ਲਿਆ ਸੀ ਆਗਰੇ ਤੋਂ ਅਤੇ ਪਿੱਛੋਂ ਧਰਤੀ ਵਿਚ ਦੱਬਿਆ ਹੋਇਆ ਖ਼ਜ਼ਾਨਾ ਵੀ ਪੁੱਟ ਲਿਆ ਸੀ। ੧੪।

***ਸੌ ਗਡੋ ਉਸ ਛਿਪਾਹਿ ਤੁਰਾਯੋ॥*** ਆਗਰੇ ਦੀ ਲੁੱਟ ਵਿੱਚੋਂ ਸੌ ਗੱਡਾ ਮੋਹਰਾਂ ਦਾ ਲੱਦਕੇ ਛੁਪਾ ਕੇ ਤੋਰਿਆ ਹੈ ਭਰਤਪੁਰ ਨੂੰ।

***ਤੌ ਭੀ ਉਸ ਕਾ ਅੰਤ ਨ ਪਾਯੋ॥*** ਕਿਉਂਕਿ ਆਗਰੇ ਵਿਚ ਮੁਗਲਾਂ ਦੀ ਬਾਦਸ਼ਾਹੀ ਸੀ, ਕਿਲ੍ਹੇ ਵਿਚ ਇਤਨਾ ਧਨ ਇਕੱਠਾ ਸੀ, ਤਾਂ ਵੀ ਉਸ ਦਾ ਕੋਈ ਅੰਤ ਨਹੀਂ ਸੀ ਆਇਆ ਧੰਨ ਦਾ।

***ਨਜੀਬੇ ਰੁਹੇਲੇ ਸਿਉਂ ਵਹੁ ਲਰਯੋ॥*** ਨਜੀਬ ਖ਼ਾਂ ਰੁਹੇਲਾ ਉਸ ਵੇਲੇ ਦਿੱਲੀ 'ਤੇ ਕਾਬਜ਼ ਸੀ, ਅਹਿਮਦ ਸ਼ਾਹ ਅਬਦਾਲੀ ਰੁਹੇਲੇ ਦੀ ਮਦਦ 'ਤੇ ਆਉਂਦਾ ਹੁੰਦਾ ਸੀ। ਉਸ ਨੇ (ਸੂਰਜ ਮਲ) ਨਜੀਬ ਖ਼ਾਂ ਰੁਹੇਲੇ ਨਾਲ ਜੁੱਧ ਕੀਤਾ।

***ਕਿਸੀ ਤੌਰ ਸੂਰਜ ਮਲ ਮਰਯੋ॥ ੧੫॥*** ਕਿਸੇ ਤਰ੍ਹਾਂ ਸੂਰਜ ਮੱਲ ਮਰ ਗਿਆ ਲੜਾਈ ਵਿਚ। ੧੫।

***ਦੋਹਰਾ॥ ਤਿਸੈ ਪੁਤ੍ਰ ਲੇਨ ਬੈਰ ਪਿਤ ਫੌਜ ਆਪ ਰਖ ਲੀਨ॥*** ਉਸ ਦੇ ਪੁੱਤਰ ਜਵਾਹਰ ਮੱਲ ਨੇ ਆਪਣੇ ਪਿਤਾ ਦਾ ਵੈਰ ਲੈਣ ਵਾਸਤੇ ਆਪ ਹੋਰ ਫ਼ੌਜ ਰੱਖ ਲਈ।

***ਮਰਹਟੈ ਫਿਰੰਗੀ ਰਜਪੂਤ ਨਿਤ ਦੀਏ ਟਕਾ ਲਖ ਤੀਨ॥ ੧੬॥*** ਜਵਾਹਰ ਮੱਲ ਨੇ ਮਰਹੱਟੇ, ਅੰਗਰੇਜ਼ਾਂ, ਰਾਜਪੂਤਾਂ ਤੇ ਜਾਟਾਂ ਨੂੰ ਆਪਣੀ ਫ਼ੌਜ ਵਿਚ ਨੌਕਰ ਰੱਖ ਲਿਆ ਹੈ। ਤਿੰਨ ਲੱਖ, ਰੁ. ਰੋਜ਼ ਦਾ ਦੇਣਾ ਕਰ ਲਿਆ ਉਨ੍ਹਾਂ ਨੂੰ, ਏਨੀ ਫ਼ੌਜ ਰੱਖ ਲਈ। ੧੬।

***ਚੌਪਈ॥ ਜੱਟ ਜਵਾਹਰ ਦਿੱਲੀ ਘੇਰੀ॥*** ਜਵਾਹਰ ਮੱਲ ਜੱਟ ਨੇ ਜਾ ਦਿੱਲੀ ਨੂੰ ਘੇਰਾ ਪਾਇਆ ਹੈ।

***ਨਜੀਬੀ ਰੁਹੇਲੇ ਥੋ ਅੰਦਰ ਕੇਰੀ॥*** ਨਜੀਬ ਖ਼ਾਂ ਰੁਹੇਲਾ ਕਿਲ੍ਹੇ ਦੇ ਅੰਦਰ ਵੱਲ ਸੀ।

***ਬਹੁਤ ਤੰਗੀ ਜਬ ਉਸਕੋ ਭਈ॥*** ਜਦੋਂ ਚਾਰ-ਚੁਫੇਰੇ ਮੋਰਚੇ ਲਾ ਲਏ ਜਵਾਹਰ ਮੱਲ ਨੇ, ਤਾਂ ਕਿਲ੍ਹੇ ਅੰਦਰ ਉਸ ਨੂੰ ਬੜੀ ਤੰਗੀ ਆ ਗਈ। ਬਾਹਰ ਨਿਕਲਣਾ ਔਖਾ ਹੋ ਗਿਆ ਕਿਲ੍ਹੇ ਤੋਂ।

***ਉਸਕੀ ਫਿਰਯਾਦ ਫਿਰ ਕਾਬਲ ਗਈ॥ ੧੭॥*** ਉਸ (ਨਜੀਬੇ ਰੁਹੇਲੇ) ਦੀ ਫ਼ਰਿਆਦ ਫਿਰ ਕਾਬਲ ਵਿਚ ਅਹਿਮਦ ਸ਼ਾਹ ਅਬਦਾਲੀ ਕੋਲ ਗਈ। ੧੭।

***ਤੀਸ ਕੋਟ ਉਸ ਟਕਾ ਲਿਖ ਦੀਓ॥*** ਉਸ ਨੇ ਤੀਹ ਕਰੋੜ ਰੁਪਿਆ ਟਕਾ ਲਿਖ ਕੇ ਭੇਜ ਦਿੱਤਾ ਕਿ ਜੇ ਤੂੰ ਮੈਨੂੰ ਜਵਾਹਰ ਮੱਲ ਜਾਟ ਤੋਂ ਛੁਡਾਵੇ, ਤਾਂ ਮੈਂ ਤੀਹ ਕਰੋੜ ਰੁਪਿਆ ਦੇਵਾਂਗਾ ਤੈਨੂੰ।

***ਅਹਮਦ ਸ਼ਾਹਿ ਤਿਸ ਮੱਦਤ ਅਹਯੋ॥*** ਅਹਿਮਦ ਸ਼ਾਹ ਅਬਦਾਲੀ ਉਸ ਦੀ ਮਦਦ 'ਤੇ ਆਇਆ ਚੜ੍ਹ ਕੇ।

***ਆਯੋ ਆਈ ਜਬ ਉਸ ਕੀ ਭਈ॥*** ਜਦੋਂ ਉਸ ਦੀ ਆਓ ਆਈ ਹੋਈ, ਜਦੋਂ ਉਸ ਦੀ ਪੰਜਾਬ ਦੇ ਵਿਚ ਸ਼ੋਹਰਤ ਹੋਈ, ਕਿ ਅਹਿਮਦ ਸ਼ਾਹ ਅਬਦਾਲੀ ਫਿਰ ਆ ਰਿਹਾ ਹੈ ਨਜੀਬ ਖ਼ਾਂ ਰੁਹੇਲੇ ਦਾ ਬੁਲਾਇਆ ਹੋਇਆ।

***ਸਿੰਘ ਟੱਬਰਨ ਭਾਜੜ ਪਈ॥ ੧੮॥*** ਜਿਹੜੇ ਸਿੰਘ ਰਾਜ ਕਰ ਰਹੇ ਸਨ, ਉਨ੍ਹਾਂ ਗ੍ਰਹਿਸਤੀ ਸਿੰਘਾਂ ਨੂੰ ਆਪਣੇ ਪ੍ਰਵਾਰਾਂ ਦੇ ਸਮੇਤ ਭਾਜੜ ਪੈ ਗਈ ਹੈ। ੧੮।

***ਜੋ ਨਠ ਤੁਰਯੋ ਪਹਾੜਨ ਵੱਲ॥*** ਜਿਹੜੇ ਭੱਜ ਕੇ ਪਹਾੜਾਂ ਦੀ ਤਰਫ ਨੂੰ ਤੁਰੇ ਹਨ ਕਿ ਪਹਾੜਾਂ ਵਿਚ ਲੁਕ ਜਾਈਏ ਜਾ ਕੇ।

***ਲੁਟੇ ਪ੍ਰਬਤੀਅਨ ਪੁਛੀ ਨ ਗੱਲ॥*** ਪਹਾੜੀਆਂ ਨੇ ਉਨ੍ਹਾਂ ਦੀ ਗੱਲ ਹੀ ਨਹੀਂ ਪੁੱਛੀ, ਆਉਂਦਿਆਂ ਨੂੰ ਹੀ ਲੁੱਟ ਲਿਆ ਉਨ੍ਹਾਂ ਨੂੰ।

***ਜੋ ਵੜ ਲੁਕੇ ਬੇਲਨ ਮੱਧ ਦਰਯਾਇ॥*** ਜਿਹੜੇ ਸਿੰਘ ਦਰਿਆਵਾਂ ਦੇ ਬੇਲਿਆਂ ਵਿਚ ਜਾ ਲੁਕੇ।

***ਚੋਰਨ ਲੁਟੇ ਸ਼ੇਰਨ ਲਏ ਖਾਇ॥ ੧੯॥*** ਪਰਵਾਰਾਂ ਵਾਲੇ ਸਿੰਘਾਂ ਨੂੰ ਚੋਰਾਂ ਨੇ ਵੀ ਲੁੱਟ ਲਿਆ ਅਤੇ ਸ਼ੇਰਾਂ ਨੇ ਵੀ ਖਾ ਲਿਆ ਉਨ੍ਹਾਂ ਦੇ ਪ੍ਰਵਾਰਾਂ ਨੂੰ। ੧੯।

***ਰਹੇ ਦੇਸ਼ ਮੈਂ ਹੀਏ ਕਰ ਜੋਇ॥*** ਜਿਹੜੇ ਸਿੰਘ (ਹੀਏ) ਹੀਆ ਕਰਕੇ, ਹੌਂਸਲਾ ਕਰਕੇ ਮਾਝੇ ਦੇਸ਼ ਵਿਚ ਰਹਿ ਗਏ ਸਨ।

***ਗਿਲਜਨ ਫੜਾਏ ਸ਼ਰੀਕਨ ਸੋਇ॥*** ਸ਼ਰੀਕਾਂ ਨੇ ਗਿਲਜਿਆਂ ਕੋਲ ਸਿੰਘਾਂ ਦੀਆਂ ਸ਼ਿਕਾਇਤਾਂ ਕਰ ਕਰ ਕੇ, ਉਨ੍ਹਾਂ ਸਿੰਘਾਂ ਨੂੰ ਗਿਲਜਿਆਂ ਹੱਥ ਫੜਾ ਦਿੱਤਾ।

***ਘਰ ਕੋ ਛਡ ਸਿੰਘ ਜਹਿਂ ਜਹਿਂ ਜਾਹਿਂ॥*** ਅੱਗੇ ਤਾਂ ਇਕੱਹਰੇ ਸਿੰਘ ਸਨ ਜੰਗਾਂ ਵਿਚ, ਜਿਧਰ ਨੂੰ ਚਾਹਿਆ ਹੱਲਾ ਕਰ ਜਾਂਦੇ ਸਨ। ਹੁਣ ਹੋ ਗਏ ਸਨ ਗ੍ਰਹਿਸਤੀ, ਪਰਵਾਰ ਹੋ ਗਏ, ਆਪਣੇ ਘਰਾਂ ਨੂੰ ਛੱਡ ਕੇ ਸਿੰਘ ਜਿਥੇ ਜਿਥੇ ਵੀ ਜਾਂਦੇ ਸਨ।

***ਤਹੀਂ ਤਹੀਂ ਦੁੱਖ ਬਹੁਤੇ ਪਾਂਹਿ॥ ੨੦॥*** ਗ੍ਰਹਿਸਤੀ ਸਿੰਘ ਆਪਣੇ ਟੱਬਰਾਂ ਨੂੰ ਲੈ ਕੇ ਜਿਥੇ ਜਿਥੇ ਵੀ ਜਾਂਦੇ, ਉਥੇ ਉਥੇ ਹੀ ਸਿੰਘ ਬਹੁਤਾ ਦੁਖ ਪਾਉਂਦੇ। ੨੦।

***ਦੋਹਰਾ॥ ਜੋ ਜੰਗਲ ਮੇਂ ਜਾਇ ਪੁਜੇ ਸੋ ਰੁਲੇ ਬਿਗਾਨੇ ਬਾਰ॥*** ਜਿਹੜੇ ਸਿੰਘ (ਜੰਗਲ) ਮਾਲਵੇ ਦੇਸ਼ ਵਿਚ ਜਾ ਪਹੁੰਚੇ ਉਹ ਬਿਗਾਨਿਆਂ ਦੇ ਘਰਾਂ ਵਿਚ ਜਾ ਕੇ ਰੁਲੇ।

***ਨਿਹੰਗ ਸਿੰਘ ਐਸੇ ਸੁਨਯੋ ਤੌ ਮਨ ਕੀਓ ਬਿਚਾਰ॥ ੨੧॥*** ਵਹੀਰ ਵੀ ਅੰਮ੍ਰਿਤਸਰ ਰਹਿੰਦਾ ਸੀ, ਨਿਹੰਗ ਸਿੰਘ ਗੁਰਬਖ਼ਸ਼ ਸਿੰਘ ਜੀ ਕੁਛ ਸਿੰਘਾਂ ਸਮੇਤ ਸ੍ਰੀ ਅੰਮ੍ਰਿਤਸਰ ਰਹਿੰਦੇ ਸਨ, ਉਨ੍ਹਾਂ ਨੇ ਜਦੋਂ ਏਸ ਤਰ੍ਹਾਂ ਸੁਣਿਆ ਤਾਂ ਮਨ ਵਿਚਾਰ ਕੀਤੀ। ੨੧।

***ਚੌਪਈ॥ ਪੜ੍ਹੈ ਰਹਰਾਸ ਲਗਯੋ ਪੰਥ ਦੀਵਾਨ॥*** ਦੀਵਾਨ ਲੱਗਿਆ ਹੋਇਆ ਸੀ, ਰਹਿਰਾਸ ਦਾ ਪਾਠ ਪੜ੍ਹਿਆ ਜਾ ਰਿਹਾ ਸੀ।

***ਅਕਾਲ ਬੁੰਗੈ ਢਿਗ ਤਕਤ ਮਕਾਨ॥*** ਸ੍ਰੀ ਅਕਾਲ ਬੁੰਗੇ, ਅਕਾਲ ਤਖ਼ਤ ਦੇ ਮਕਾਨਾਂ ਨੂੰ ਵੇਖ ਕੇ (ਬਾਬਾ ਗੁਰਬਖ਼ਸ਼ ਸਿੰਘ ਜੀ ਦਾ ਸ਼ਹੀਦੀ ਸਥਾਨ) ਅਕਾਲ ਤਖ਼ਤ ਦੇ ਨਾਲ ਹੀ ਮਗਰਲੇ ਪਾਸੇ ਹੈ ਪਹਾੜ ਵੱਲ।

***ਕਰ ਗੁਰਮਤੋ ਦੀਯੋ ਬਹੀਰ ਤੁਰਾਇ॥*** ਖਾਲਸੇ ਨੇ ਸ੍ਰੀ ਅਕਾਲ ਤਖ਼ਤ 'ਤੇ ਗੁਰਮਤਾ ਕਰਕੇ ਖਾਲਸੇ ਦੇ ਵਹੀਰ ਦਾ ਡੇਰਾ ਕੂਚ ਕਰਵਾ ਦਿੱਤਾ ਕਿ ਵਹੀਰ ਮਾਲਵੇ ਦੇਸ਼ ਨੂੰ ਨਿਕਲ ਜਾਏ।

***ਛੜੀ ਫੌਜ ਕਿਛ ਰਹੀ ਉਸ ਥਾਇ॥ ੨੨॥*** ਕੁਛ ਬਿਹੰਗਮ ਸਿੰਘਾਂ ਦੀ ਫ਼ੌਜ ਉਸ ਥਾਂ 'ਤੇ ਰਹਿ ਗਈ ਸ੍ਰੀ ਅੰਮ੍ਰਿਤਸਰ ਵਿਚ। ੨੨।

***ਤਬ ਨਿਹੰਗ ਸਿੰਘ ਬਾਤ ਉਚਾਰੀ॥*** ਬਾਕੀ ਰਹਿੰਦੀ ਫ਼ੌਜ ਨੂੰ ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਬਚਨ ਕੀਤਾ ਹੈ।

***ਹੈ ਕੋਊ ਸਿੰਘ ਇਸ ਪੰਥ ਮਝਾਰੀ॥*** ਕਿਉਂ ਖਾਲਸਾ ਜੀ! ਕੋਈ ਪੰਥ ਵਿਚ ਸਿੰਘ ਐਸਾ ਕੋਈ।

***ਲਾਇ ਸੀਸ ਕਰੈ ਦਰਗਹਿ ਪੁਕਾਰ॥*** ਜਿਹੜਾ ਸਿੰਘ ਗਿਲਜਿਆਂ ਨਾਲ ਲੜ ਕੇ ਆਪਣਾ ਸੀਸ ਲਾ ਦੇਵੇ ਅਤੇ ਦਰਗਾਹ ਵਿਚ ਕਰਤੇ ਪੁਰਖ ਅੱਗੇ ਜਾ ਕੇ ਪੁਕਾਰ ਕਰੇ।

***ਸੋ ਪੁਕਾਰ ਉਸ ਮੰਨੈ ਕਰਤਾਰ॥ ੨੩॥*** ਉਸ ਦੀ ਪੁਕਾਰ ਕਰਤਾ ਪੁਰਖ ਮੰਨ ਲਵੇ। ੨੩।

***ਹਠੀਆ, ਤਪੀਆ, ਜਪੀਆ ਜੋਇ॥*** ਜਿਹੜਾ ਬੜੇ ਹੱਠ ਵਾਲਾ, ਤਪੱਸਵੀ ਅਤੇ ਵਾਹਿਗੁਰੂ ਦਾ ਨਾਮ ਜਪਣ ਵਾਲਾ ਹੋਵੇ।

***ਰਹਤਵਾਨ ਸਚਿਆਰ ਭੀ ਹੋਇ॥*** ਗੁਰੂ ਰਹਿਤ ਰੱਖਣ ਵਾਲਾ ਅਤੇ ਸੱਚ ਦੀ ਕਮਾਈ ਕਰਨ ਵਾਲਾ ਵੀ ਸਿੰਘ ਸੱਚਾ ਸੁੱਚਾ ਹੋਵੇ।

***ਪਰਸ੍ਵਾਰਥ ਹਿਤ ਦੇਹਿ ਸੁ ਲਾਵੈ॥*** ਪਰਉਪਕਾਰ ਵਾਸਤੇ, ਸਰਬੱਤ ਖਾਲਸੇ ਦੀ ਰੱਖਿਆ ਵਾਸਤੇ ਜਿਹੜਾ ਸਿੰਘ ਆਪਣਾ ਸਰੀਰ ਲਾ ਦੇਵੇ, ਆਪਣਾ ਸਰੀਰ ਭੇਟਾ ਕਰ ਦੇਵੇ।

***ਵਾਂਗ ਤਾਰੂ ਸਿੰਘ ਤੁਰਕਨ ਗਲਾਵੈਂ॥੨੪॥*** ਭਾਈ ਤਾਰੂ ਸਿੰਘ ਜੀ ਵਾਂਗ ਤੁਰਕਾਂ ਦਾ ਨਾਸ਼ ਕਰਵਾ ਦੇਵੇ। ੨੪।

***ਸੋ ਸਿੰਘਨ ਸੁਨ ਐਸੇ ਕਹਯੋ॥*** ਉਨ੍ਹਾਂ ਸਿੰਘਾਂ ਨੇ ਬਾਬਾ ਗੁਰਬਖ਼ਸ਼ ਸਿੰਘ ਨਿਹੰਗ ਸਿੰਘ ਤੋਂ ਸੁਣ ਕੇ ਐਸਾ ਉੱਤਰ ਦਿੱਤਾ।

***ਤੁਮ ਤੈ ਸਿਖ ਭਲੋ ਕੋ ਭਯੋ?*** (ਬਾਬਾ ਗੁਰਬਖ਼ਸ਼ ਸਿੰਘ ਜੀ) ਤੁਹਾਡੇ ਨਾਲੋਂ ਵੀ ਭਲਾ ਕੋਈ ਸਿੰਘ ਹੈਗਾ? ਜਿਹੜਾ ਤੁਹਾਡੀ ਕਿਰਿਆ ਕਮਾਈ ਨਾਲੋਂ ਉੱਤੇ ਦੀ ਹੋਵੇ। ਤੁਹਾਡੇ ਜਿਹਾ ਹੋਰ ਕੋਈ ਨਹੀਂ ਹੈ ਪੰਥ ਵਿਚ।

***ਐਸੀ ਸ਼ਕਤਿ ਔਰ ਕਿਸ ਮਾਂਹਿ॥*** ਐਸੀ ਸ਼ਕਤੀ ਹੋਰ ਕਿਸ ਦੇ ਵਿਚ ਹੈ, ਜਿਹੜਾ ਆਪਣਾ ਸਰੀਰ ਲਾ ਕੇ ਦਰਗਾਹ ਵਿਚ ਪਹੁੰਚਦਾ ਹੋਵੇ।

***ਪੁਜੈ ਪੁਕਾਰ ਜਿਸ ਸਚੀ ਦਰਗਾਹਿ॥ ੨੫॥*** ਜਿਸ ਦੀ ਪੁਕਾਰ ਅਕਾਲ ਪੁਰਖ ਦੀ ਸੱਚੀ ਦਰਗਾਹ ਵਿਚ ਜਾ ਪੁੱਜੇ, ਐਸਾ ਹੋਰ ਕੌਣ ਹੈ ਗੁਰਸਿੱਖ। ੨੫।

***ਦੋਹਰਾ॥ ਸੋ ਸੁਨ ਸਿੰਘ ਜੀ ਮੰਨ ਲਈ, ਹਾਥ ਜੋਰ ਸਿਰ ਨਾਇ॥*** ਬਾਬਾ ਗੁਰਬਖ਼ਸ਼ ਸਿੰਘ ਨੇ ਉਨ੍ਹਾਂ ਸਾਥੀ ਸਿੰਘਾਂ ਦਾ ਬਚਨ ਸੁਣ ਕੇ, ਹੱਥ ਜੋੜ ਕੇ, ਸਿਰ ਨਿਵਾ ਮੰਨ ਲਿਆ।

***ਖਾਲਸੈ ਅਗੈ ਜੋੜ ਹੱਥ, ਗਾਨਾ ਲਯੋ ਬੰਧਾਇ॥ ੨੬॥*** ਖਾਲਸੇ ਅੱਗੇ ਹੱਥ ਜੋੜ ਕੇ ਸ਼ਹੀਦੀ ਪ੍ਰਾਪਤ ਕਰਨ ਦਾ, ਲਾੜੀ ਮੌਤ ਨੂੰ ਵਿਆਹੁਣ ਦਾ ਗਾਨਾ ਆਪਣੇ ਗੁੱਟ 'ਤੇ ਬੰਨ੍ਹਾਂ ਲਿਆ ਹੈ ਸਿੰਘਾਂ ਤੋਂ। ੨੬।

***ਚੌਪਈ॥ ਨਿਹੰਗ ਸਿੰਘ ਤਬ ਬਚਨ ਉਚਾਰਾ॥*** 'ਨਿਹੰਗ ਸਿੰਘ' ਇਹ ਸਾਰਾ ਇਤਹਾਸ ਹੀ ਗੁਰੂ ਖਾਲਸੇ ਪੰਥ ਦਾ ਹੈ, ਜੋ ਨਿਹੰਗ ਸਿੰਘ ਸਨ। ਭਾਵ ਨਿਹੰਗ ਸਿੰਘਾਂ ਤੋਂ ਬਗੈਰ ਹੋਰ ਕੋਈ ਗੁਰੂ ਖਾਲਸਾ ਪੰਥ ਨਹੀਂ ਹੈ। ਹੁਣ ਤਾਂ ਨਵੇਂ-ਨਵੇਂ ਰੂਪ ਵਾਲੇ ਪੰਥ ਬਣ-ਬਣ ਬਹਿੰਦੇ ਹਨ। ਕੋਈ ਚਿੱਟੀਆਂ ਪੱਗਾਂ ਬੰਨ੍ਹ ਕੇ ਕਹਿੰਦੇ ਹਨ 'ਅਸੀ ਪੰਥ ਹਾਂ। ਕੋਈ ਕਾਲੀ ਪੱਗ ਬੰਨ੍ਹ ਕੇ ਕਹਿੰਦੇ ਹਨ ਅਸੀਂ ਪੰਥ ਹਾਂ। ਨਿਹੰਗ ਸਿੰਘਾਂ ਦਾ ਸਰੂਪ ਵੱਖਰਾ ਹੈ। ਉਨ੍ਹਾਂ ਦੀ ਕ੍ਰਿਆ ਵੱਖਰੀ ਹੈ, ਵਿਰਤੀ ਵੱਖਰੀ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਪੰਥ ਦੀ ਸਾਜਨਾ ਕੀਤੀ ਸੀ, ਉਸ ਚਿਹਨ ਚੱਕ੍ਰ ਨੂੰ ਭਾਈ ਰਤਨ ਸਿੰਘ ਜੀ ਨੇ ਖੋਲ੍ਹ-ਖੋਲ੍ਹ ਕੇ, ਲਿਖਿਆ ਹੈ। ਨਿਹੰਗ ਸਿੰਘ ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਤਦ ਸਿੰਘਾਂ ਨੂੰ ਬਚਨ ਆਖਿਆ।

***ਹੈ ਗੁਰਮੁਖ ਜੋ ਸਿੰਘ ਪਿਆਰਾ॥*** ਖਾਲਸੇ ਪੰਥ ਵਿਚ ਕੋਈ ਹੋਰ ਗੁਰਮੁਖ ਸਿੰਘ ਹੋਵੇ ਜੋ ਗੁਰੂ ਕਾ ਪਿਆਰਾ ਹੋਵੇ।

***ਕਰੈ ਤਿਆਰੀ ਹਮ ਸੰਗ ਸੋਇ॥*** ਮੈਂ ਸ਼ਹੀਦੀ ਪ੍ਰਾਪਤ ਕਰਨੀ ਹੈ, ਉਹ ਮੇਰੇ ਨਾਲ ਸੱਚੀ ਦਰਗਾਹ ਨੂੰ ਚੱਲਣ ਵਾਸਤੇ ਤਿਆਰੀ ਕਰ ਲਏ।

***ਮੈਂ ਲਾੜੋ ਵਹਿ ਸ੍ਰਿਬਾਲ੍ਹੋ ਹੋਇ॥ ੨੭॥*** ਜੇ ਕਿਸੇ ਦੀ ਸ਼ਾਦੀ ਹੋਣੀ ਹੋਵੇ, ਤਾਂ ਨਾਲ ਸਰਬਾਲ੍ਹਾ ਬਣਾ ਕੇ ਬਰਾਤ ਚੜ੍ਹਨਾ ਪੈਂਦਾ ਹੈ, ਕਹਿੰਦੇ ਪੂਰਾ ਠਾਠ ਬਣਾ ਕੇ ਚਲੀਏ। ਮੈਂ ਮੌਤ ਲਾੜੀ ਨੂੰ ਵਿਆਹੁਣ ਵਾਸਤੇ ਲਾੜਾ ਬਣਿਆਂ ਹਾਂ, ਉਹ ਸਿੰਘ ਮੇਰੇ ਨਾਲ ਸੁਬਾਲ੍ਹਾ ਹੋਵੇਗਾ। ੨੭।

***ਸੁਨਤ ਬਚਨ ਸਿੰਘ ਕਈ ਖਲੋਏ॥*** ਬਾਬਾ ਗੁਰਬਖ਼ਸ਼ ਸਿੰਘ ਜੀ ਦਾ ਬਚਨ ਸੁਣਦਿਆਂ ਹੀ ਕਈ ਸਿੰਘ ਉੱਠ ਕੇ ਖਲੋ ਗਏ ਸਰਬਾਲ੍ਹਾ ਬਣਨ ਵਾਸਤੇ।

***ਕਰ ਕੁਰਨਸ਼ ਸਿੰਘ ਚਰਨ ਪ੍ਰਸੋਏ॥*** ਜਿਹੜੇ ਸਿੰਘ ਸਰਬਾਲ੍ਹਾ ਬਣਨ ਵਾਲੇ ਸਨ, ਉਨ੍ਹਾਂ ਨੇ ਬਾਬਾ ਗੁਰਬਖਸ਼ ਸਿੰਘ ਜੀ ਨੂੰ ਨਮਸ਼ਕਾਰ ਕਰਕੇ ਚਰਨਾਂ ਨੂੰ ਪਰਸਿਆ ਚਰਨੀ ਹੱਥ ਲਾਇਆ ਹੈ।

***ਉਨ ਸਿੰਘਨ ਤਬ ਐਸ ਉਚਾਰਾ॥*** ਤਦ ਉਨ੍ਹਾਂ ਸਿੰਘਾਂ ਨੇ ਏਸ ਤਰ੍ਹਾਂ ਬਚਨ ਕੀਤਾ ਹੈ।

***ਹਮ ਚਾਹਤ ਥੇ ਬਚਨ ਤੁਮਾਰਾ॥੨੮॥*** ਬਾਬਾ ਜੀ! ਅਸੀਂ ਤਾਂ ਤੁਹਾਡਾ ਬਚਨ ਹੀ ਚਾਹੁੰਦੇ ਸਾਂ, ਤੁਸੀਂ ਆਗਿਆ ਕਰੋ, ਅਸੀਂ ਸੁਬਾਲ੍ਹੇ ਬਣਨ ਵਾਸਤੇ ਤਿਆਰ ਹਾਂ। ੨੮।

***ਸਿੰਘਨ ਦੇਖ ਸਿੰਘ ਔਰ ਭਏ ਖੜੇ॥*** ਉਨ੍ਹਾਂ ਸਿੰਘਾਂ ਵੱਲ ਵੇਖ ਕੇ ਹੋਰ ਸਿੰਘ ਤਿਆਰ ਹੋ ਕੇ ਖੜ੍ਹੇ ਹੋ ਗਏ।

***'ਤੁਮ ਲਾੜੇ ਹਮ ਹੁਇ ਜੰਞ ਚੜ੍ਹੇ' ॥*** ਬਾਬਾ ਜੀ! ਤੁਸੀਂ ਲਾੜੇ ਹੋ ਅਤੇ ਅਸੀਂ ਤੁਹਾਡੇ ਬਰਾਤੀ ਹੋ ਕੇ ਬਰਾਤ ਚੜ੍ਹਾਂਗੇ, ਤੁਹਾਡੀ ਜੰਞ ਚੜ੍ਹਾਂਗੇ।

***ਤਬ ਨਿਹੰਗ ਸਿੰਘ ਐਸੇ ਕਹਯੋ॥*** ਤਦ ਨਿਹੰਗ ਸਿੰਘ ਬਾਬਾ ਗੁਰਬਖ਼ਸ਼ ਸਿੰਘ ਨੇ ਅੱਗੋਂ ਸਿੰਘਾਂ ਨੂੰ ਐਸੇ ਕਿਹਾ।

***ਯਾਕੋ ਫਲ ਜਨਮ ਆਗੈ ਲਹਯੋ॥ ੨੯॥*** ਖਾਲਸਾ ਜੀ! ਜੇ ਤੁਸੀਂ ਜਾਂਞੀ ਬਣ ਕੇ ਤਿਆਰ ਹੋ ਗਏ ਜੰਞ ਚੜ੍ਹਨ ਵਾਸਤੇ, ਸ਼ਹੀਦੀ ਮੌਤ ਨੂੰ ਜੋ ਵਿਆਹੁਣਾ ਹੈ, ਇਸ ਦਾ ਫਲ ਤੁਹਾਨੂੰ ਅਗਲੇ ਜਨਮ ਵਿਚ ਪ੍ਰਾਪਤ ਹੋਵੇਗਾ। ਇਸ ਦਾ ਫਲ ਅੱਗੇ ਮਿਲੇਗਾ ਤੁਹਾਨੂੰ। ੨੯।

***ਸੀਸ ਲਾਇ ਹਮ ਕਰੈਂ ਬਿਆਹਿ॥*** ਅਸੀਂ ਆਪਣਾ ਸਿਰ ਲਾ ਕੇ ਧਰਮ ਯੁੱਧ ਵਿਚ ਆਪਣੀ ਸ਼ਾਦੀ ਕਰਾਂਗੇ।

***ਬਹੁ ਪਤਿਸ਼ਾਹੀ ਅਸੀਂ ਲੇਹਿਂ ਪ੍ਰਣਾਇ॥*** ਬਹੁਤ ਪਾਤਸ਼ਾਹੀਆਂ ਅਸੀਂ (ਪ੍ਰਣਾਇ) ਪ੍ਰਣਾਅ ਲੈਣੀਆਂ ਹਨ, ਵਿਆਹ ਲੈਣੀਆਂ ਹਨ। ਜਦੋਂ ਅਸੀਂ ਸ਼ਹੀਦੀਆਂ ਪ੍ਰਾਪਤ ਕਰਾਂਗੇ, ਤਾਂ ਸਤਿਗੁਰੂ ਜੀ ਸਾਨੂੰ ਬਹੁਤ ਹੀ ਪਾਤਸ਼ਾਹੀਆਂ ਦੇਣਗੇ।

***ਹਮਰੈ ਸੰਗ ਜੋ ਜਾਂਞੀ ਲੋਗ॥*** ਸਾਡੇ ਨਾਲ ਜੋ ਬਰਾਤੀ ਸਿੰਘ ਹੋਣਗੇ।

***ਪਾਤਿਸ਼ਾਹੀਓਂ ਬਡੋ ਉਹ ਬੀ ਹੋਗ॥ ੩੦॥*** ਉਹ ਸਿੰਘ ਪਾਤਸ਼ਾਹੀ ਤੋਂ ਵੀ ਵੱਡੇ ਹੋਣਗੇ, ਉਨ੍ਹਾਂ ਨੂੰ ਗੁਰੂ ਮਹਾਰਾਜ ਹੋਰ

ਮਹਾਨ ਫਲ ਦੇਣਗੇ, ਉਹ ਦੁਨੀਆਂ ਦੀ ਪਾਤਸ਼ਾਹੀ ਨਾਲੋਂ ਕਿਤੇ ਵੱਡੇ ਹੋਣਗੇ। ੩੦।

**ਦੋਹਰਾ॥ ਸਮਰ ਸੀਸ ਸਨਮੁਖ ਦਏ, ਹੁਇ ਭੂਪ ਪਾਇ ਬਡ ਰਾਜ॥** ਜਿਹੜਾ ਸੂਰਬੀਰ (ਸਮਰ) ਜੰਗ ਵਿਚ ਦੁਸ਼ਮਣ ਦੇ ਸਾਹਮਣੇ ਹੋ ਕੇ ਸਿਰ ਦਿੰਦਾ ਹੈ, ਉਹ ਪਾਤਸ਼ਾਹ ਹੁੰਦੇ ਹਨ ਅਤੇ ਵੱਡਾ ਰਾਜ ਪ੍ਰਾਪਤ ਕਰਦੇ ਹਨ, ਉਨ੍ਹਾਂ ਰਾਜਿਆਂ ਤੋਂ ਵੱਡੇ ਰਾਜੇ, ਮਹਾਰਾਜੇ ਹੁੰਦੇ ਹਨ।

**ਉਸਤੋਤ੍ਰ ਚੰਡੀ ਮੈਂ ਕਹੀ, ਸ੍ਰੀ ਸਤਿਗੁਰ ਮੁਖ ਵਾਜ॥ ੩੧॥** ਚੰਡੀ ਦੇ ਅਸਤੋਤ੍ਰ, ਚੰਡੀ ਚਰਿਤ੍ਰ ਵਿਚ ਸਤਿਗੁਰੂ ਜੀ ਨੇ ਆਪ ਸ੍ਰੀ ਮੁਖਵਾਕ ਕਿਹਾ ਹੈ ਇਸ ਤਰ੍ਹਾਂ। ੩੧।

**ਚੌਪਈ॥ 'ਸਮਰ-ਸਾਮੁਹੈ ਸੀਸ ਤੋਪੈ ਚੜ੍ਹਾਵੈ॥** ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਚੰਡੀ ਚਰਿਤ੍ਰ ਵਿਚ ਉਚਾਰਨ ਕੀਤਾ ਹੈ, ਹੇ ਖੰਡਾ ਸਰੂਪ, ਤੇਗ ਸਰੂਪ, ਸ਼ਸਤ੍ਰ ਸਰੂਪ ਪ੍ਰਮੇਸ਼ਰ ਜੀ! ਜਿਹੜਾ ਸੂਰਮਾ (ਸਮਰ) ਜੰਗ ਵਿਚ ਦੁਸ਼ਮਣ ਦੇ ਸਾਹਮਣੇ ਹੋ ਕੇ, ਸਿਰ ਤੁਹਾਡੀ ਭੇਟਾ ਕਰਦਾ ਹੈ।

**ਮਹਾਂ ਭੂਪ ਹੋਇ ਅਉਤ੍ਰੈ ਰਾਜ ਪਾਵੈ॥** ਜਿਹੜਾ ਸਨਮੁਖ ਹੋ ਕੇ ਤਲਵਾਰ ਦੀ ਸੀਸ ਭੇਟਾ ਕਰਦਾ ਹੈ, ਉਹ ਮਹਾਰਾਜਾ ਹੋ ਕੇ ਜਨਮ ਲੈਂਦਾ ਹੈ ਅਤੇ ਰਾਜ ਪ੍ਰਾਪਤ ਕਰਦਾ ਹੈ।

**ਹੋਇ ਸਤਿ ਤਿਮ ਜਿਮ ਗੁਰ ਆਖਾ॥** ਜਿਵੇਂ ਸਤਿਗੁਰਾਂ ਨੇ ਫ਼ੁਰਮਾਇਆ ਹੈ, ਓਵੇਂ ਹੀ ਸੱਚ ਹੋਵੇਗਾ।

**ਯਹੀ ਬਚਨ ਗੁਰਬਖ਼ਸ਼ ਸਿੰਘ ਪਾਖਾ॥ ੩੨॥** ਏਹੀ ਬਚਨ ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਕੀਤਾ ਹੈ ਖਾਲਸੇ ਨਾਲ। ੩੨।

**ਤੌ ਲੌ ਪੁਜਯੋ ਸ਼ਾਹੁ ਆਇ ਲਹੌਰ॥** ਉਦੋਂ ਤੱਕ ਅਹਿਮਦ ਸ਼ਾਹ ਅਬਦਾਲੀ ਲਹੌਰ ਆ ਪੁੱਜਿਆ।

**ਚਲਯੋ ਚਹਤ ਥੋ ਦਿੱਲੀ ਓਰ॥** ਉਹ ਦਿੱਲੀ ਦੀ ਤਰਫ਼ ਨੂੰ ਜਾਣਾ ਚਾਹੁੰਦਾ ਸੀ।

**ਸ੍ਰੀ ਅੰਮ੍ਰਿਤਸਰ ਸਿੰਘ ਉਨ ਸੁਨੇ॥** ਉਸ ਨੇ ਸੁਣਿਆ ਕਿ ਸ੍ਰੀ ਅੰਮ੍ਰਿਤਸਰ ਵਿਚ ਬਹੁਤ ਸਾਰਾ ਖਾਲਸਾ ਇਕਤ੍ਰ ਹੋਇਆ ਬੈਠਾ ਹੈ।

**ਪਰਯੋ ਚਹਤ ਸੁ ਉੱਪਰ ਉਨ੍ਹੇ॥ ੩੩॥** ਉਸ ਨੇ ਦਲੀਲ ਕਰ ਲਈ ਕਿ ਜਾਂਦੇ-ਜਾਂਦੇ ਸਿੰਘਾਂ ਨੂੰ ਮਾਰ ਕੇ ਚਲੀਏ, ਉਨ੍ਹਾਂ ਸਿੰਘਾਂ 'ਤੇ ਉਹ ਹੱਲਾ ਬੋਲ ਕੇ ਪੈਣਾ ਚਾਹੁੰਦਾ ਸੀ। ੩੩।

**ਸੁਨ ਅਵਾਈ ਕਮ-ਦਿਲ ਨਠ ਗਏ॥** ਅਹਿਮਦ ਸ਼ਾਹ ਦੇ ਆਉਣ ਦੀ ਅਫ਼ਵਾਹ ਸੁਣ ਕੇ (ਕਮ ਦਿਲ) ਥੋੜ੍ਹ ਦਿਲ, ਬੁਜ਼ਦਿਲ ਭੱਜ ਗਏ।

**ਗੁਰਬਖ਼ਸ਼ ਸਿੰਘ ਸਗਵਾਂ ਤੋਰ ਦਏ॥** ਸਗੋਂ ਉਨ੍ਹਾਂ ਬੁਜ਼ਦਿਲਾਂ ਨੂੰ ਆਪ ਹੀ ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਤੋਰ ਦਿੱਤਾ ਕਿ ਜਾਉ ਜਿਸ ਨੇ ਜਾਣਾ ਹੈ ਫਿਰ ਨਹੀਂ ਜਾਣ ਦੇਣਾ ਤੁਹਾਨੂੰ ਭੱਜਿਆਂ ਨੂੰ।

**ਹੁਤੇ ਭੁਜੰਗੀ ਜੋ ਗੁਰ ਲਾਲ॥** ਜੋ (ਭੁਜੰਗੀ) ਜੰਗੀ ਯੋਧੇ ਫਰਲਿਆਂ ਵਾਲੇ ਨਿਹੰਗ ਸਿੰਘ ਗੁਰੂ ਕੇ ਲਾਲ ਸਨ।

**ਹੋਨ ਸ਼ਹੀਦ ਕਿਛ ਰਹੇ ਸਿੰਘ ਨਾਲ॥ ੩੪॥** ਬਾਬਾ ਗੁਰਬਖ਼ਸ਼ ਸਿੰਘ ਜੀ ਦੇ ਨਾਲ ਸ਼ਹੀਦ ਹੋਣ ਵਾਸਤੇ ਕੁਛ ਕੁ ਸਿੰਘ ਬਾਕੀ ਰਹਿ ਗਏ। ੩੪।

**ਕਿਸੈ ਪੁਸ਼ਾਕ ਥੀ ਨੀਲੀ ਸਜਾਈ॥** ਜਿਵੇਂ ਬਰਾਤੀ ਨਵੀਆਂ ਪੁਸ਼ਾਕਾਂ ਸੁਆਂਦੇ ਹਨ, ਏਸੇ ਤਰ੍ਹਾਂ ਸਭ ਸਿੰਘਾਂ ਨੇ ਨਵੀਆਂ ਪੁਸ਼ਾਕਾਂ ਸੁਆਈਆਂ। ਕਿਸੇ ਸਿੰਘ ਨੇ ਨੀਲਾ ਬਾਣਾ ਸਜਾਇਆ।

**ਕਿਨੈ ਸੇਤ ਕਿਸੈ ਕੇਸਰੀ ਰੰਗਵਾਈ॥** ਕਿਸੇ ਨੇ ਸੁਫੈਦ ਬਸਤ੍ਰ ਪਹਿਨੇ, ਕਿਸੇ ਸਿੰਘ ਨੇ ਕੇਸਰੀ ਰੰਗ ਦਾ ਬਾਣਾ ਪਾਇਆ।

**ਸ੍ਰੀ ਅਕਾਲ ਬੁੰਗੈ ਸਨਮੁਖ ਦਰਬਾਰ॥** ਜਿਸ ਨੂੰ ਅੱਜ-ਕਲ੍ਹ ਅਸੀਂ ਸ੍ਰੀ ਅਕਾਲ ਤਖ਼ਤ ਕਹਿੰਦੇ ਹਾਂ, ਇਸ ਦਾ ਆਮ ਕਰਕੇ ਨਾਮ ਅਕਾਲ ਬੁੰਗਾ ਹੈ, ਸ੍ਰੀ ਅਕਾਲ ਬੁੰਗੇ ਦੇ ਸ਼ਨਮੁਖ ਇਕਤ੍ਰ ਹੋ ਗਏ ਸਨ ਖਾਲਸੇ।

**ਪੀ ਸੁਖੇ ਸਿੰਘ ਭਏ ਤਿਆਰ॥ ੩੫॥** ਸੁਖ ਨਿਧਾਨ ਦੀਆਂ ਸ਼ਹੀਦੀ ਦੇਗਾਂ ਛਕ ਕੇ ਸਿੰਘ ਤਿਆਰ ਹੋ ਗਏ ਹਨ ਜੁੱਧ

ਵਾਸਤੇ। ੩੫।

***ਫੀਮੀਅਨ ਫੀਮ ਸੁ ਲੀਨੀ ਟਾਂਕ॥*** ਕਈ ਸਿੰਘ ਵਿਚ ਅਫੀਮ ਛਕਣ ਵਾਲੇ ਵੀ ਸਨ ਅਮਲੀ, ਉਨ੍ਹਾਂ ਨੇ ਵੀ ਆਪੋ ਆਪਣਾ ਮਾਵਾ ਛਕ ਲਿਆ।

***ਕਰੈਂ ਸੁ ਕਾਹਲੀ ਉਠ ਉਠ ਝਾਂਕ॥*** ਉਹ ਕਾਹਲੀ ਵਿਚ ਸਨ ਕਿ ਹੁਣ ਆਇਆ ਦੁਸ਼ਮਣ, ਹੁਣ ਆਇਆ, ਲੜੀਏ ਉਨ੍ਹਾਂ ਨਾਲ ਸ਼ਹੀਦੀਆਂ ਪਾਈਏ, ਸਿੰਘ ਅੱਡੀਆਂ ਚੁੱਕ-ਚੁੱਕ ਕੇ ਵੇਖਦੇ ਸਨ ਕਿ ਕਿਸ ਪਾਸਿਓਂ ਫ਼ੌਜ ਆਉਂਦੀ ਹੈ।

***ਹੋਨ ਸ਼ਹੀਦ ਸੁ ਪਰ ਹਿਤ ਕਾਜ॥*** ਉਹ ਪਰਉਪਕਾਰ ਵਾਸਤੇ ਸ਼ਹੀਦ ਹੋਣ ਲੱਗੇ ਸਨ, ਕਿ ਸਾਰੀ ਦੁਨੀਆਂ ਨੂੰ ਦੁਖਦਾਈ ਹੈ ਅਬਦਾਲੀ, ਉਸ ਦਾ ਨਾਸ ਕਰਨਾ ਹੈ। ਦਰਗਾਹ ਵਿਚ ਜਾ ਕੇ ਉਸ ਦਾ ਹਿੰਦੋਸਤਾਨ ਦੇ ਵਿੱਚੋਂ ਆਉਣਾ ਬੰਦ ਕਰਨਾ ਹੈ।

***ਪਹਿਰ ਸ਼ਸਤ੍ਰ ਇਮ ਸਾਜਯੋ ਸਾਜ॥ ੩੬॥*** ਇਉਂ ਸ਼ਸਤ੍ਰ ਪਹਿਨ ਕੇ ਇਉਂ ਜੰਗੀ ਸਾਜ ਬਣਾ ਲਿਆ। ੩੬।

***ਦੋਹਰਾ॥ ਬਸਤਰ ਸ਼ਸਤਰ ਪਹਿਰ ਸਿੰਘ ਭਏ ਤਬੈ ਸਵਧਾਨ॥*** ਸ਼ਸਤ੍ਰ ਬਸਤ੍ਰ ਪਹਿਨ ਕੇ, ਕਰਮ ਕੱਸੇ ਕਰਕੇ ਸਿੰਘ ਸਾਵਧਾਨ ਹੋ ਗਏ ਸਨ।

***ਗੁਰੂ ਗ੍ਰੰਥ ਬਾਣੀ ਪੜ੍ਹੀ ਗੁਰ ਨਾਨਕ ਪਗ ਧਰ ਧਯਾਨ॥ ੩੭॥*** ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਨਿਤਨੇਮ ਦੀਆਂ ਬਾਣੀਆਂ ਪੜ੍ਹ ਰਹੇ ਸਨ। ੩੭।

***ਚੌਪਈ॥ ਪੰਜ ਪੌੜੀ ਸਿੰਘ ਅਨੰਦ ਪੜ੍ਹਾਯੋ॥*** ਇਹ ਮਰਯਾਦਾ ਹੈ ਗੁਰੂ ਖਾਲਸੇ ਦੀ, ਕਿ ਜਦੋਂ ਕੋਈ ਵੀ ਕਾਰਜ਼ ਕਰਨਾ ਹੋਵੇ ਖਾਲਸੇ ਨੇ, ਉਦੋਂ ਅਨੰਦ ਸਾਹਿਬ ਜੀ ਦੀਆਂ ਪੰਜ ਪਉੜੀਆਂ ਪੜ੍ਹਨੀਆਂ ਹਨ, ਫਿਰ ਅਰਦਾਸ ਕਰਨੀ, ਫਿਰ ਸਿੰਘਾਂ ਨੂੰ ਕਹਿ ਕੇ ਪੰਜ ਪਉੜੀਆਂ ਦਾ ਪਾਠ ਕਰਵਾਇਆ।

***ਗੁਰ ਗਣੇਸ਼ ਜਿਮ ਗ੍ਰੰਥ ਪੁਜਾਯੋ॥*** ਜਿਵੇਂ ਹਿੰਦੂ ਮਤ ਵਿੱਚੋਂ ਜਦੋਂ ਵਿਆਹ ਆਦਿਕ ਕਰਦੇ ਹਨ, ਉਦੋਂ ਸਭ ਤੋਂ ਪਹਿਲਾਂ ਗਣੇਸ਼ ਜੀ ਨੂੰ ਮਨਾਉਂਦੇ ਹਨ। ਗਣੇਸ਼ ਦੀ ਤਰ੍ਹਾਂ, ਗੁਰੂ ਖਾਲਸੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਅਰਦਾਸ ਬੇਨਤੀ ਕਰਕੇ ਪੂਜਿਆ ਹੈ, ਮਨਾਇਆ ਹੈ ਗੁਰੂ ਗ੍ਰੰਥ ਸਾਹਿਬ ਜੀ ਨੂੰ।

***ਬਿਆਹਿ ਵਾਂਗ ਕੀਯੋ ਜੱਗ ਉਛਾਹਿ॥*** ਜਿਵੇਂ ਵਿਆਹ ਦੇ ਵਿਚ ਮਠਿਆਈਆਂ ਆਦਿਕ ਬਣਾਈਆਂ ਜਾਂਦੀਆਂ, ਵਿਆਹ ਵਾਂਗ ਸਿੰਘਾਂ ਨੇ ਵੀ ਜੱਗ ਕੀਤਾ ਹੈ ਉਤਸ਼ਾਹ ਸਹਿਤ।

***ਸਿੰਘਨ ਬਹਾਇ ਖੁਲਾਯੋ ਕੜਾਹਿ॥ ੩੮॥*** ਸਿੰਘਾਂ ਬਿਠਾ ਕੇ ਪੰਗਤ ਲਾ ਕੇ ਕੜਾਹ ਪ੍ਰਸ਼ਾਦ ਛਕਾਇਆ ਹੈ। ੩੮।

***ਅਤਰ ਅੰਬੀਰ ਸਿੰਘ ਅੰਗ ਮਲਾਵੈਂ॥*** ਅਤਰ ਛਿੜਕਦੇ ਅਤੇ ਸਰੀਰਕ ਅੰਗਾਂ 'ਤੇ (ਅੰਬੀਰ) ਗੁਲਾਬ ਸੰਦਲ ਕੇਸਰ ਅਤੇ ਕਸਤੂਰੀ ਆਦਿਕ ਮਲਦੇ।

***ਜਿਸ ਬਿਧ ਬਟਨੇ ਲਾੜੇ ਲਾਵੈਂ॥*** ਜਿਸ ਪ੍ਰਕਾਰ ਲਾੜੇ ਦਾ ਵਟਨਾ ਆਦਿਕ ਲਾਉਂਦੇ, ਉਹ ਮਰਯਾਦਾ ਨਹੀਂ ਕੀਤੀ ਦੁਨਿਆਵੀ, ਸਿੰਘਾਂ ਨੇ ਖਾਲਸੇ ਵਾਲੀ ਮਰਯਾਦਾ ਕੀਤੀ ਹੈ।

***ਸ਼ਬਦ ਪੜ੍ਹੈਂ ਸਿੰਘ ਸਾਜ ਬਜਾਵੈਂ॥*** ਸਾਜ ਵਜਾ ਕੇ ਸਿੰਘ, ਸ਼ਹੀਦ ਹੋਣ ਦੇ ਸ਼ਬਦ ਪੜ੍ਹਦੇ ਜਿਵੇਂ ***"ਅਵਰ ਵਾਸਨਾ ਨਾਹਿ ਪ੍ਰਭ ਧਰਮ ਜੁਧ ਕੈ ਚਾਇ"*** ਗੁਰਬਾਣੀ ਦਾ ਗਾਇਨ ਕਰਦੇ।

***ਵਾਂਗ ਸੁਹਾਗਨ ਘੋੜੀਅਨ ਗਾਵੈਂ॥ ੩੯॥*** ਜਿਵੇਂ ਸੁਹਾਗਣਾਂ ਘੋੜੀਆਂ ਗਾਉਂਦੀਆਂ, ਨਾਲ ਹੀ ਵੱਟਣਾ ਵੀ ਮਲਦੀਆਂ ਹਨ, ਸੁਹਾਗਣਾਂ ਵਾਂਗ ਖਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਘੋੜੀਆਂ' ਦੇ ਸਿਰਲੇਖ ਹੇਠ ਜੋ ਬਾਣੀ ਦਰਜ਼ ਹੈ, ਉਸ ਦਾ ਪਾਠ ਕਰਵਾਇਆ ਹੈ। ੩੯।

***ਉਠ ਅੰਮ੍ਰਿਤਸਰ ਸਿੰਘ ਜੀ ਨ੍ਹਾਯੋ॥*** ਜਿਵੇਂ ਲਾੜ੍ਹੇ ਦੀ ਤਿਆਰੀ ਕਰਦੇ ਅੰਮ੍ਰਿਤ ਵੇਲੇ ਉਠ ਕੇ, ਵੱਟਣਾ ਮਲ ਕੇ ਫਿਰ

ਇਸ਼ਨਾਨ ਕਰਾਉਂਦੇ, ਬਾਬਾ ਗੁਰਬਖਸ਼ ਸਿੰਘ ਜੀ ਨੇ ਅੰਮ੍ਰਿਤ ਵੇਲੇ ਉਠ ਕੇ, ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ।

***ਅਕਾਲ ਬੁੰਗੈ ਪਰ ਤਖਤ ਬਹਾਯੋ॥*** ਅਕਾਲ ਬੁੰਗੇ ਉਤੇ ਤਖ਼ਤ ਸਾਹਿਬ ਦੇ ਉਪਰ ਆ ਕੇ ਸਜੇ।

***ਨਈ ਪੁਸ਼ਾਕ ਸਿੰਘ ਪਹਿਰ ਸੁਹਾਯੋ॥*** ਬਾਬਾ ਗੁਰਬਖ਼ਸ਼ ਸਿੰਘ ਜੀ ਦੇ ਨਵੀਂ ਪੁਸ਼ਾਕ ਪਹਿਨੀ ਹੋਈ ਬੜੀ ਸੁੰਦਰ ਲੱਗ ਰਹੀ ਸੀ।

***ਜੰਘ ਕੱਛ ਗਲ ਚੋਲਾ ਪਾਯੋ॥ ੪੦॥*** (ਜੰਘ) ਲੱਤਾਂ 'ਤੇ, ਭਾਵ ਤੇੜ ਕਛਹਿਰਾ ਅਤੇ ਗਲ ਚੋਲਾ ਪਾਇਆ ਹੋਇਆ ਸੀ। ੪੦।

***ਸੀਸ ਪੱਗ ਲਈ ਖੂਬ ਛਿਕਾਇ॥*** ਸਿਰ 'ਤੇ ਚੰਗੀ ਤਰ੍ਹਾਂ ਕਸ ਕੇ ਦੁਮਾਲਾ ਝੁਲਾਇਆ ਹੈ, ਜੰਗੀ ਪੇਚ ਲਾਏ ਸਨ। ਖਾਲਸਾ ਜੀ! ਜੋ ਆਪਾਂ ਦੁਮਾਲਾ ਝੁਲਾਉਂਦੇ ਹਾਂ, ਇਹ ਸਧਾਰਨ ਹੈ, ਇਹ ਤਾਂ ਕਈ ਵਾਰ ਡਿੱਗ ਵੀ ਪੈਂਦਾ ਹੈ, ਢਿੱਲਾ ਵੀ ਹੋ ਜਾਂਦਾ, ਜਦੋਂ ਜੰਗੀ ਪੇਚ ਲਾਉਂਦੇ ਹਾਂ, ਉਦੋਂ ਦੋਹਰੇ ਪੇਚ ਲਗਦੇ ਹਨ, ਜੇ ਦੁਮਾਲੇ ਨੂੰ ਹੱਥ ਵੀ ਪੈ ਜਾਏ ਕਿਸੇ ਦਾ, ਉਹ ਤਾਂ ਵੀ ਨਹੀਂ ਹਿਲਦਾ, ਐਨਾ ਸਖ਼ਤ ਸਜਾਉਂਦੇ ਹਨ ਕਰੜਾ ਕਰਕੇ।

***ਧਰੇ ਚਕ੍ਰ ਸਿਰ ਪੇਚੇ ਦਾਇ॥*** ਸੀਸ 'ਤੇ ਚੱਕ੍ਰ ਰੱਖ ਕੇ, ਟੇਢੇ ਰੱਖ ਕੇ ਖੂਬ ਉੱਪਰ ਪੇਚੇ ਮਾਰੇ।

***ਚੱਕ੍ਰਨ ਕੇ ਮੱਧ ਕਰਦ ਗਡੋਈ॥*** ਦੁਮਾਲੇ ਵਿਚ ਚੱਕ੍ਰਾਂ ਵਿਚ ਕ੍ਰਿਪਾਨ ਗੱਡੀ ਹੋਈ ਹੈ ਉੱਚੀ ਕਰਕੇ।

***ਜਨੁ ਲਾੜੈ ਸਿਰ ਕਲਗੀ ਸੋਹੀ॥ ੪੧॥*** ਇਹੋ ਹੀ ਖਾਲਸੇ ਦੀ ਕਲਗੀ ਹੈ, ਹੋਰ ਦੁਨਿਆਵੀ ਕਲਗੀਆਂ ਨਹੀਂ ਲਾਉਂਦਾ ਖਾਲਸਾ, ਜਾਣੋਂ ਲਾੜੇ ਸਿਰ 'ਤੇ ਕਲਗੀ ਛੋਹ ਰਹੀ ਸੀ। ੪੧।

***ਦੋਹਰਾ॥ ਦਰਬਾਰੋਂ ਸਿੰਘ ਕੋ ਸੇਹਰੋ ਭੇਜਯੋ ਖੂਬ ਬਨਾਇ॥*** ਬਾਬਾ ਗੁਰਬਖ਼ਸ਼ ਸਿੰਘ ਜੀ ਵਾਸਤੇ ਸ੍ਰੀ ਦਰਬਾਰ ਸਾਹਿਬ ਵਿੱਚੋਂ ਬੜਾ ਹੀ ਸੁੰਦਰ ਸਿਹਰਾ ਭੇਜਿਆ ਗਿਆ ਹੈ।

***ਕਰ ਅਰਦਾਸ ਸਿਰ ਪਰ ਧਰਯੋ, ਤਊ ਅਸੀਸ ਬਡ ਪਾਇ॥ ੪੨॥*** ਤਾਂ ਖਾਲਸੇ ਪੰਥ ਵੱਲੋਂ ਵੱਡੀ ਅਸੀਸ ਪ੍ਰਾਪਤ ਕਰਕੇ, ਅਰਦਾਸ ਕਰਕੇ ਸੀਸ 'ਤੇ ਸੁੰਦਰ ਸਿਹਰਾ ਸਜਾਇਆ ਹੈ। ੪੨।

***ਕਰ ਕੰਗਨੋ, ਸਿਰ ਸੇਹਰੋ, ਮੋਢੇ ਧਰ ਤਲਵਾਰ॥*** ਹੱਥ ਵਿਚ ਕੰਗਣਾਂ ਬਧਾਇਆ ਜੰਗ ਦਾ, ਸੀਸ 'ਤੇ ਸੇਹਰਾ ਸਜਾਇਆ ਹੈ, ਮੋਢੇ 'ਤੇ ਤਲਵਾਰ ਰੱਖ ਕੇ ਅਰਦਾਸ ਕੀਤੀ।

***ਤਖ਼ਤੋਂ ਉਤਰ ਨਿਹੰਗ ਸਿੰਘ ਪੂਜਨ ਚਲਯੋ ਦਰਬਾਰ॥ ੪੩॥*** ਹੁਣ ਭਾਵੇਂ ਅਕਾਲੀਆਂ ਦਾ ਪਹਿਰਾ ਹੈ ਸ੍ਰੀ ਅਕਾਲ ਤਖ਼ਤ 'ਤੇ ਏਨੀ ਕੁ ਮਰਯਾਦਾ ਤਾਂ ਉਹ ਕਰਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ੍ਰੀ ਸਾਹਿਬ ਮੋਢੇ 'ਤੇ ਰੱਖ ਕੇ ਅਰਦਾਸ ਕਰਨ ਦਾ ਹੁਕਮ ਹੈ, ਉਹ ਵੀ ਏਨਾਂ ਕੁ ਤਾਂ ਕਰਦੇ ਹਨ। ਉਹ ਆਮ ਕਰਕੇ ਤਾਂ ਨਹੀਂ ਕਰਦੇ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਮਰਯਾਦਾ ਬੜੀ ਕਰੜੀ ਹੈ। ਓਥੇ ਜਿਹੜਾ ਬੈਠੇ ਉਹ ਬੀਰ ਆਸਣ ਹੋ ਕੇ ਬੈਠੇ, ਭਾਵ ਖੱਬਾ ਗੋਡਾ ਹੇਠਾਂ ਧਰਤੀ 'ਤੇ ਲਾ ਕੇ, ਸੱਜਾ ਗੋਡਾ ਖੜ੍ਹਾ ਕਰਕੇ, ਇਉਂ ਹੀ ਉੱਠ ਖੜ੍ਹਨਾ ਹੈ। ਇਸ ਤਰ੍ਹਾਂ ਉਥੇ ਬੈਠਣ ਦਾ ਹੁਕਮ ਹੈ। ਅੱਜ-ਕਲ੍ਹ ਤਾਂ ਚੌਂਕੜਾ ਮਾਰ ਕੇ ਜਿਵੇਂ ਸਧਾਰਨ ਆਪਾਂ ਬੈਠ ਜਾਂਦੇ, ਇਉਂ ਬੈਠ ਜਾਂਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਮਰਯਾਦਾ ਬੜੀ ਹੀ ਸਖ਼ਤ ਹੈ ਪਰ ਉਹ ਕਰਦਾ ਕੋਈ ਨਹੀਂ ਅੱਜ-ਕਲ੍ਹ। ਜਿਹੜੇ ਪਹਿਲੇ ਸੇਵਾਦਾਰ ਸਨ, ਉਹ ਕਰਦੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਹੇਠਾਂ ਉੱਤਰ ਕੇ, ਸ੍ਰੀ ਹਰਿਮੰਦਰ ਸਾਹਿਬ ਜੀ ਪੂਜਾ ਕਰਨ ਚਲੇ ਹਨ ਬਾਬਾ ਗੁਰਬਖ਼ਸ਼ ਸਿੰਘ ਜੀ। ੪੩।

***ਚੌਪਈ॥ ਹਰਿਮੰਦਰ ਸਿੰਘ ਤੁਰਿਓ ਓਰ॥*** ਜਿਵੇਂ ਲਾੜ੍ਹਾ ਬਰਾਤ ਚੜ੍ਹਨ ਵੇਲੇ ਆਪਣੇ ਸੇਹਰਾ ਸਜਾ ਕੇ ਘਰੋਂ ਚਲ ਕੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਜਾਂਦਾ ਹੈ। ਉਸੇ ਤਰ੍ਹਾਂ ਹੀ ਬਾਬਾ ਗੁਰਬਖ਼ਸ਼ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਦੀ ਤਰਫ਼ ਮੱਥਾ ਟੇਕਣ ਵਾਸਤੇ ਤੁਰੇ।

***ਕਰੀ ਕੁਨਸ ਸਿੰਘ ਨਿਜ ਕਰ ਜੋਰ॥*** ਦਰਸ਼ਨੀ ਦਰਵਾਜ਼ੇ ਦੇ ਅੱਗੇ ਆ ਕੇ ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕੀਤੀ।

***ਸਾਥ ਸਾਜਨ ਸਿੰਘ ਸ਼ਬਦ ਪੜ੍ਹਾਹਿं॥*** ਸਾਜ਼ਾਂ ਵਾਲੇ ਸਿੰਘ ਜੋ ਬਾਬਾ ਜੀ ਦੇ ਨਾਲ ਸਨ, ਉਨ੍ਹਾਂ ਤੋਂ ਸ਼ਬਦ ਪੜ੍ਹਾਏ।

***ਮੰਗਲ ਮੁਖੀ ਜਨੁ ਮੰਗਲ ਗਾਹਿं॥ ੪੪॥*** ਜਾਣੋ ਮੁੱਖ ਤੋਂ (ਮੰਗਲ) ਖੁਸ਼ੀਆਂ ਦੇ ਵੇਲੇ (ਮੰਗਲ) ਮੰਗਲਾਚਰਣ ਗਾਉਂਦੇ ਖੁਸ਼ੀ ਦੇ ਸ਼ਬਦ ਗਾਉਂਦੇ। ਜਿਵੇਂ ਵਿਆਹ ਸ਼ਾਦੀ ਵਿਚ ਆਮ ਕਰਕੇ ਗਾਉਂਦੇ ਸਨ। ੪੪।

***ਮੁਹਰੇ ਤੋਰਯੋ ਸਿੰਘਨ ਨਿਸ਼ਾਨ॥*** ਗੁਰੂ ਕਾ ਨਿਸ਼ਾਨ ਸਿੰਘਾਂ ਨੂੰ ਫੜਾ ਕੇ ਆਪਣੇ ਅੱਗੇ ਤੋਰਿਆ।

***ਸਾਥ ਨਿਗਾਰੇ ਘੁਰਤੇ ਜਾਨ॥*** ਨਾਲ ਨਗਾਰੇ ਵਜਦੇ ਜਾਂਦੇ।

***ਹੁਤੋ ਦਰਬ ਢਿਗ ਦਾਨ ਕਰਾਯੋ॥*** ਭਾਈ ਗੁਰਬਖ਼ਸ਼ ਸਿੰਘ ਜੀ ਦੇ ਕੋਲ ਜੋ ਧਨ ਸੀ, ਉਹ ਸਭ ਦਾਨ ਕਰ ਦਿੱਤਾ ਗਰੀਬ-ਗੁਰਬੇ ਨੂੰ।

***ਜੰਞ ਚੜ੍ਹਤੀ ਜਿਮ ਲਾਗ ਦਿਵਾਯੋ॥ ੪੫॥*** ਜਿਵੇਂ ਜੰਞ ਚੜ੍ਹਦੀ ਤੋਂ ਲਾਗੀਆਂ ਨੂੰ ਲਾਗ ਦਿੰਦੇ, ਸਿਰ ਵਾਰਨੇ ਕਰਦੇ, ਉਹ ਸਾਰਾ ਧਨ ਗੁਰੂ ਖਾਲਸੇ ਪੰਥ ਤੋਂ ਵਾਰ ਕੇ ਵਰਤਾਇਆ। ੪੫।

***ਜੰਡੀ ਜਿਮ ਸਿੰਘ ਪੂਜਯੋ ਝੰਡਾ॥*** ਜਿਵੇਂ ਆਮ ਦੁਨਿਆਵੀ ਲੋਕ ਵਿਆਹ ਤੋਂ ਪਹਿਲਾਂ ਜੰਡੀ (ਵੱਢਣ) ਦੀ ਪੂਜਾ ਕਰਨ ਦੀ ਰੀਤ ਕਰਦੇ। ਸ੍ਰੀ ਅਕਾਲ ਤਖ਼ਤ ਦੇ ਅੱਗੇ ਮੀਰੀ ਤੇ ਪੀਰੀ ਦੇ ਜੋ ਦੋ ਨਿਸ਼ਾਨ ਸਾਹਿਬ ਹਨ, ਸਿੰਘਾਂ ਨੇ (ਜੰਡੀ ਦੀ ਥਾਂ) ਉਨ੍ਹਾਂ ਨੂੰ ਪੂਜਿਆ।

***ਦਰਬ ਦਾਨ ਕਿਛ ਤਹਿं ਭੀ ਬੰਡਾ॥*** ਨਿਸ਼ਾਨ ਸਾਹਿਬਾਂ ਦੀ ਪੂਜਾ ਤੋਂ ਬਾਅਦ ਉਥੇ ਵੀ ਗਰੀਬਾਂ ਨੂੰ ਧਨ ਵੰਡਿਆ।

***ਦਰਸ਼ਨੀ ਦੁਵਾਜੇ ਜਬ ਸਿੰਘ ਗਯੋ॥*** ਭਾਈ ਗੁਰਬਖ਼ਸ਼ ਸਿੰਘ ਜੀ ਜਦੋਂ ਦਰਸ਼ਨੀ ਦਰਵਾਜ਼ੇ ਅੱਗੇ ਗਏ।

***ਕਰ ਕੁੰਨਸ ਸਿਰ ਅਵਨਿ ਟਿਕ੍ਯੋ॥ ੪੬॥*** ਨਮਸ਼ਕਾਰ ਕਰਕੇ ਸਿਰ ਧਰਤੀ 'ਤੇ ਟਿਕਾਇਆ, ਭਾਵ ਮੱਥਾ ਟੇਕਿਆ। ੪੬।

***ਆਗੇ ਤੁਰ ਢਿਗ ਪੁਜਯੋ ਦਰਬਾਰ॥*** ਉਸ ਤੋਂ ਅੱਗੇ ਤੁਰ ਕੇ ਸ੍ਰੀ ਦਰਬਾਰ ਕੋਲ ਪੁੱਜ ਗਏ।

***ਦਈ ਪ੍ਰਦੱਛਣਾ ਫਿਰ ਵਲ ਚਾਰ॥*** ਸ੍ਰੀ ਦਰਬਾਰ ਸਾਹਿਬ ਜੀ ਦੀਆਂ ਚਾਰੇ ਪਾਸਿਆਂ ਦੀ ਬਾਹਰਲੀ ਪ੍ਰਕਰਮਾ ਕੀਤੀਆਂ।

***ਹੁਤੇ ਸੁਮਨ ਸੋ ਦਏ ਬਰਸਾਇ॥*** ਸਿੰਘਾਂ ਕੋਲ ਜੋ ਫੁੱਲ ਸਨ, ਉਹਨਾਂ ਦੀ ਵਰਖਾ ਕਰਵਾ ਦਿੱਤੀ।

***ਹਰਿਮੰਦਰ ਢਿਗ ਖੜੇ ਸੁ ਆਇ॥ ੪੭॥*** ਸ੍ਰੀ ਹਰਿਮੰਦਰ ਸਾਹਿਬ ਜੀ ਕੋਲ ਆ ਕੇ ਖੜ੍ਹੇ ਹੋ ਗਏ ਖਾਲਸੇ। ੪੭।

***ਦੋਹਰਾ॥ ਹਰਿਮੰਦਰ ਦੇ ਹਜ਼ੂਰ ਇਮ ਖੜ ਕਰ ਕਰੀ ਅਰਦਾਸ॥*** ਸ੍ਰੀ ਹਰਿਮੰਦਰ ਸਾਹਿਬ ਵਿਚ ਸੱਤਿਗੁਰਾਂ ਦੀ ਹਜ਼ੂਰੀ ਵਿਚ ਖੜ੍ਹ ਕੇ ਇਉਂ ਅਰਦਾਸ ਕੀਤੀ।

***ਸਤਿਗੁਰ ਸਿੱਖੀ ਸੰਗ ਨਿਭੈ, ਸੀਸ ਕੇਸਨ ਕੇ ਸਾਸਾ॥ ੪੮॥*** ਐ ਗਰੀਬ-ਨਿਵਾਜ਼ ਸੱਚੇ ਪਾਤਸ਼ਾਹ ਜੀਓ! ਤੇਰਾ ਖਾਲਸਾ ਲਾੜ੍ਹੀ ਮੌਤ ਨੂੰ ਵਿਆਹੁਣ ਵਾਸਤੇ ਦੁਸ਼ਟਾਂ ਨਾਲ ਜੰਗ ਕਰਨ ਵਾਸਤੇ ਚੱਲਿਆ ਹੈ। ਸਤਿਗੁਰੂ ਜੀ! ਸਾਡੀ ਸਿੱਖੀ ਕੇਸਾਂ ਸੁਆਸਾਂ ਨਾਲ ਨਿਭ ਜਾਏ। ੪੮।

***ਚੌਪਈ॥ ਉਤ ਗਿਲਜਨ ਵਡ ਕਰੀ ਤਿਆਰੀ॥*** ਉਧਰ ਲਹੌਰ ਤੋਂ ਗਿਲਜਿਆਂ ਨੇ ਵੱਡੀ ਤਿਆਰੀ ਕੀਤੀ ਜੰਗ ਲੜਨ ਦੀ।

***ਸਿੰਘਨ ਫੌਜ ਸੁਨੀ ਉਨ ਭਾਰੀ॥*** ਸ੍ਰੀ ਅੰਮ੍ਰਿਤਸਰ ਵਿਚ ਉਨ੍ਹਾਂ (ਗਿਲਜਿਆਂ) ਨੇ ਬੜੀ ਭਾਰੀ ਫ਼ੌਜ ਸੁਣੀ।

***ਗਿਲਜਨ ਟੋਪ ਸੰਜੋਇ ਸਵਾਰੇ॥*** ਗਿਲਜਿਆਂ ਨੇ ਆਪਣੇ ਬਚਾਓ ਵਾਸਤੇ ਸਰੀਰਾਂ 'ਤੇ ਸੰਜੋਆਂ ਸਿਰ 'ਤੇ ਲੋਹ ਟੋਪ ਪਹਿਨੇ ਹੋਏ ਸਨ।

***ਸਿੰਘ ਰਖਯਾ ਹਿਤ ਵਸਤ੍ਰ ਨ ਧਾਰੇ॥ ੪੯॥*** ਸਿੰਘਾਂ ਨੇ ਆਪਣੇ ਸਰੀਰ ਦੀ ਰੱਖਿਆ ਵਾਸਤੇ ਵਸਤਰ ਵੀ ਸਰੀਰ 'ਤੇ ਨਹੀਂ ਪਾਏ। ਕਈ ਸਿੰਘ ਨੰਗੇ ਪਿੰਡੇ ਹੀ ਸਲੋਤਰ ਤੇ ਹੋਰ ਸ਼ਸਤਰ ਲੈ ਕੇ ਖੜ੍ਹੇ ਸਨ। ੪੯।

***ਗਿਲਜਨ ਸਾਜ ਥੋ ਮਾਰਨ ਕੀਓ॥*** ਗਿਲਜਿਆਂ ਨੇ ਲੜਾਈ ਦਾ ਐਸਾ ਢੰਗ ਬਣਾਇਆ ਕਿ ਅਸੀਂ ਸਿੰਘਾਂ ਨੂੰ ਮਾਰੀਏ, ਅਸੀਂ ਨਾ ਮਰੀਏ ਸਿੰਘਾਂ ਤੋਂ, ਆਪਣੇ ਬਚਾਓ ਦਾ ਸਾਧਨ ਬਣਾਇਆ ਹੋਇਆ ਸੀ ਤੇ ਸਿੰਘਾਂ ਨੂੰ ਮਾਰਨ ਦਾ।

***ਸਿੰਘਨ ਸਾਜ ਥੋ ਮਰਨੇ ਲੀਓ॥*** ਸਿੰਘਾਂ ਨੇ ਤਾਂ ਪਹਿਲਾਂ ਹੀ ਤਿਆਰੀ ਕੀਤੀ ਸੀ, ਸ਼ਹੀਦੀਆਂ ਪਾਉਣ ਦੀ, ਸਿੰਘਾਂ ਨੇ ਐਸਾ ਢੰਗ ਬਣਾਇਆ ਕਿ ਅਸੀਂ ਤਾਂ ਮਰਨਾ ਹੀ ਜੰਗ ਜੁੱਧ ਕਰਕੇ।

***ਗਿਲਜਨ ਲੀਨੇ ਲੰਮੇ ਹਥਯਾਰ॥*** ਗਿਲਜਿਆਂ ਨੇ ਦੂਰੋਂ ਮਾਰ ਕਰਨ ਵਾਲੇ ਲੰਮੇ ਹਥਿਆਰ ਲਏ ਹੋਏ ਸਨ ਹੱਥਾਂ ਵਿਚ।

***ਤੀਰ ਬੰਦੂਕ ਕਰਾਬੀਨ ਸੁਧਾਰ॥ ੫੦॥*** ਤੀਰ ਲੰਬੀ ਨਾਲੀ ਦੀਆਂ ਬੰਦੂਕਾਂ ਤੇ (ਕਰਾਬੀਨ) ਹੱਥ ਕੁ ਲੰਮੀਆਂ ਬੰਦੂਕਾਂ ਛੋਟੀਆਂ ਵਧੀਆ ਕਿਸਮ ਦੀਆਂ। ੫੦।

***ਸਿੰਘਨ ਨੈ ਤੌ ਫੜੇ ਹਥਿਆਰ॥*** ਜਿਹੜੇ ਸਿੰਘਾਂ ਨੇ ਹਥਿਆਰ ਫੜੇ।

***ਕਰਦ ਕਟਾਰੀ ਤੇਗ ਨਮਸਕਾਰ॥*** ਖੰਜ਼ਰ, ਕਟਾਰ ਅਤੇ ਤਲਵਾਰ ਨੂੰ ਨਮਸ਼ਕਾਰ ਕਰਕੇ ਫੜਿਆ।

***ਕਈ ਸਿੰਘਨ ਭੰਗ ਘੋਟਨ ਫੜੇ॥*** ਕਈ ਸਿੰਘਾਂ ਨੇ ਸੁੱਖਾ ਰਘੜਨ ਵਾਲੇ ਭਾਰੇ ਭਾਰੇ ਸਲੋਤਰ ਫੜ ਕੇ ਮੋਢਿਆਂ 'ਤੇ ਧਰੇ ਹੋਏ ਸਨ।

***ਸਭ ਤੇ ਮੂਹਰੇ ਸੋ ਹੁਇ ਖੜੇ॥ ੫੧॥*** ਉਹ ਸਭ ਤੋਂ ਅੱਗੇ ਹੋ ਕੇ ਖੜ੍ਹੇ ਸਨ, ਸੁੱਖਾ ਰਗੜਨ ਵਾਲੇ ਸਲੋਤਰ ਲੈ ਕੇ ਬੜੇ ਭਾਰੀ। ੫੧।

***ਕਈ ਸਿੰਘ ਚੜ੍ਹ ਘੋੜਨ ਖਲੋਏ॥*** ਕਈ ਸਿੰਘ ਘੋੜਿਆਂ 'ਤੇ ਚੜ੍ਹ ਕੇ ਖਲੋ ਗਏ।

***ਔਰਨ ਅਗੈ ਔਰ ਚਹੈਂ ਹੋਏ॥*** ਕਈ ਸਿੰਘ ਜਿਹੜੇ ਪਹਿਲਾਂ ਅੱਗੇ ਖੜ੍ਹੇ ਸਨ, ਉਹਨਾਂ ਸਿੰਘਾਂ ਤੋਂ ਹੋਰ ਅੱਗੇ ਹੋਣਾ ਚਾਹੁੰਦੇ ਸਨ ਕਿ ਪਹਿਲਾਂ ਸ਼ਹੀਦੀ ਅਸੀਂ ਪ੍ਰਾਪਤ ਕਰੀਏ।

***ਆਪ ਬਿਚ ਤੇ ਕਰੇ ਕਰਾਰ॥*** ਆਪਸ ਵਿਚ ਸਿੰਘਾਂ ਨੇ ਇਕਰਾਰ ਕਰੇ ਹੋਏ ਸਨ।

***ਤੁਹਿ ਤੇ ਅਗੈ ਮੈਂ ਹੋਗੁ ਸਿਧਾਰ॥ ੫੨॥*** ਇਕ ਕਹਿੰਦਾ ਤੇਰੇ ਤੋਂ ਪਹਿਲਾਂ ਮੈਂ ਸ਼ਹੀਦ ਹੋ ਕੇ ਜਾਵਾਂਗਾ ਪ੍ਰਲੋਕ ਨੂੰ, ਦੂਜਾ ਕਹਿੰਦਾ, ਨਹੀਂ ਮੈਂ ਪਹਿਲਾਂ ਸ਼ਹੀਦ ਹੋ ਕੇ ਪ੍ਰਲੋਕ ਗਵਨ ਕਰਾਂਗਾ। ਸ਼ਹੀਦ ਹੋਣ ਵਾਸਤੇ ਸਿੰਘ ਇਕ ਦੂਜੇ ਤੋਂ ਕਾਹਲੇ ਪੈਂਦੇ। ੫੨।

***ਦੋਹਰਾ॥ ਸ੍ਰੀ ਗੁਰਬਖਸ਼ੈ ਸਿੰਘ ਜੁ ਹੋਇ ਬਰਯੋ ਬੁੰਗੈ ਤਯਾਰ॥*** ਜਥੇਦਾਰ ਗੁਰਬਖ਼ਸ਼ ਸਿੰਘ ਜੀ ਸ੍ਰੀ ਅਕਾਲ ਬੁੰਗੇ 'ਤੇ ਤਿਆਰ-ਬਰ-ਤਿਆਰ ਹੋ ਕੇ ਬੈਠੇ ਸਨ ਖਾਲਸਾ ਫ਼ੌਜ ਸਮੇਤ, ਦੁਸ਼ਮਣ ਦੀ ਉਡੀਕ ਵਿਚ।

***ਜਨ ਲਾੜਾ ਖੁਸ਼ੀਆਂ ਚਿਤੈ ਸੁਨ ਸੁੰਦਰ ਬਹੁ ਮੁਟਿਯਾਰ॥ ੫੩॥*** ਸ਼ਹੀਦੀ ਲਾੜ੍ਹੀ ਨੂੰ ਵਰਨ ਵਾਸਤੇ ਇਉਂ ਖੁਸ਼ ਹੋਏ, ਜਿਵੇਂ ਜੰਞ ਚੜ੍ਹਨ ਵਾਲਾ ਲਾੜ੍ਹਾ ਬਹੁਤ ਹੀ ਖੁਸ਼ੀਆਂ ਕਰਦਾ ਹੈ ਚਿਤ ਵਿਚ, ਆਪਣੀ ਮੁਟਿਆਰ ਇਸਤਰੀ ਦੀ ਸੁੰਦਰਤਾ ਬਾਰੇ ਸੁਣ ਕੇ। ੫੩।

***ਚੌਪਈ॥ ਨਿਸ਼ਾਨ ਝੁਲੇ ਔ ਨਿਗਾਰੇ ਬਜਵਾਏ॥*** ਗੁਰੂ ਕੇ ਨਿਸ਼ਾਨ ਸਾਹਿਬ ਝੂੱਲ ਰਹੇ ਅਤੇ ਨਗਾਰਿਆਂ 'ਤੇ ਚੋਟਾਂ ਲਾਈਆਂ।

***ਰਬਾਬ ਜੋੜੀ ਕਰ ਸ਼ਬਦ ਸੁ ਗਾਏ॥*** ਰਬਾਬੀ, ਰਬਾਬ ਅਤੇ ਤਬਲੇ ਦੀ ਸੰਗਤ ਨਾਲ ਗੁਰਬਾਣੀ ਦੇ ਸ਼ਬਦ ਗਾਇਨ ਕਰਦੇ।

***ਗ੍ਰੰਥ ਮੱਧ ਕੀ ਘੋੜੀ ਗਵਾਇ॥*** ਰਾਗੀਆਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ 'ਘੋੜੀਆਂ' ਨਾਮ ਦੀ ਬਾਣੀ ਦਾ ਗਾਇਨ ਕਰਵਾਉਂਦੇ।

***ਕਰੈ ਫੁਰਮਾਇਸ਼ 'ਔਰ ਸੁਨਾਇ' ੫੪॥*** ਸਿੰਘ, ਰਾਗੀ ਸਿੰਘਾਂ ਨੂੰ ਸ਼ਬਦ ਭੇਟ ਮਾਇਆ ਦੇ ਕੇ, ਫੁਰਮਾਇਸ਼ ਕਰਦੇ ਹੋਰ ਸੁਣਾਓ, ਇਕ ਘੋੜੀ ਹੋਰ ਸੁਣਾਓ। ੫੪।

***ਪ੍ਰਾਤ ਭਈ ਤੌ ਗਿਲਜੇ ਆਏ॥*** ਸਾਰੀ ਰਾਤ ਉਤਸ਼ਾਹ ਵਿਚ ਲੰਘੀ ਸਿੰਘਾਂ ਦੀ, ਦਿਨ ਚੜ੍ਹੇ ਤੋਂ ਗਿਲਜੇ ਵੀ ਲਾਹੌਰ ਤੋਂ ਆ ਗਏ।

***ਸਿੰਘ ਉਡੀਕਤ ਅੱਗੈ ਥਾਏ॥*** ਸਿੰਘ ਤਾਂ ਪਹਿਲਾਂ ਹੀ ਉਨ੍ਹਾਂ ਦੀ ਉਡੀਕ ਵਿਚ ਸਨ।

***ਕਈ ਸਿੰਘ ਚੜ੍ਹ ਆਗੈ ਲੜੈਂ॥*** ਜਦੋਂ ਗਿਲਜਿਆਂ ਦੀ ਫ਼ੌਜ ਆਈ, ਤਾਂ ਕਈ ਸਿੰਘਾਂ ਨੇ ਅੱਗੇ ਹੋ ਕੇ ਯੁੱਧ ਸ਼ੁਰੂ ਕਰ ਦਿੱਤਾ।

***ਹੋਇ ਸਜਾਦੇ ਕਈ ਅਗੈ ਖੜੈਂ॥ ੫੫॥*** ਕਈ (ਸਜਾਦੇ) ਪੈਦਲ ਹੋ ਕੇ ਉਨ੍ਹਾਂ ਦੇ ਅੱਗੇ ਜਾ ਖੜ੍ਹੇ ਹੋਏ ਲੜਨ ਵਾਸਤੇ। ੫੫।

***ਜਹਿਂ ਜਹਿਂ ਅੜੈਂ ਤਹੀਂ ਤਹਿਂ ਮਰੈਂ॥*** ਜਿਥੇ-ਜਿਥੇ ਵੀ ਸਿੰਘ ਗਿਲਜਿਆਂ ਅੱਗੇ ਅੜਦੇ, ਉਥੇ-ਉਥੇ ਹੀ ਸ਼ਹੀਦ ਹੋ ਜਾਂਦੇ ਸਿੰਘ।

***ਕਿਅ ਬਹੁਤਨ ਸਿਉਂ ਥੋੜੇ ਕਰੈਂ॥*** ਬਹੁਤਿਆਂ ਨੂੰ ਥੋੜ੍ਹੇ ਕੀ ਕਰ ਸਕਦੇ ਸਨ।

***ਭਏ ਸ਼ਹੀਦ ਸੁ ਬਰੈਂ ਬਰੰਗਨ॥*** ਜਿਹੜੇ ਸਿੰਘ ਦੁਸ਼ਮਣ ਨਾਲ ਟਾਕਰਾ ਕਰਕੇ ਅੱਗੇ ਵਧ-ਵਧ ਕੇ ਸ਼ਹੀਦ ਹੁੰਦੇ, ਉਨ੍ਹਾਂ ਨੂੰ ਸਵਰਗ ਦੀ (ਬਰੰਗਨ) ਅਪਛਰਾਂ ਵਰ ਲੈਂਦੀਆਂ, ਸ਼ਾਦੀ ਕਰ ਲੈਂਦੀਆਂ।

***ਜੀਵਤ ਰਹੇ ਸੁ ਦੌੜੈਂ ਜੰਗਨ॥ ੫੬॥*** ਜਿਹੜੇ ਸਿੰਘ ਜਿਉਂਦੇ ਜੰਗ ਵਿਚ ਦੌੜਾਂ ਲਾਉਂਦੇ, ਭੱਜ-ਭੱਜ ਕੇ ਮਾਰਦੇ ਗਿਲਜਿਆਂ ਨੂੰ। ੫੬।

***ਬਗਲ ਚੁਫੇਰਯੋਂ ਗਿਲਜਨ ਲਏ॥*** ਗਿਲਜਿਆਂ ਨੇ ਸਿੰਘਾਂ ਨੂੰ ਚਾਰ-ਚੁਫੇਰਿਓਂ ਘੇਰ ਲਿਆ।

***'ਬਿ-ਜ਼ਨ ਬਿ-ਜ਼ਨ' ਕਹਿ ਸਭ ਹੀ ਧਏ॥*** 'ਹੱਲਾ ਹੱਲਾ' 'ਮਾਰ ਲਉ, ਮਾਰ ਲਉ' ਕਹਿ ਕੇ ਸਾਰੇ ਹੀ ਗਿਲਜਿਆਂ ਨੇ ਹੱਲਾ ਕਰ ਦਿੱਤਾ।

***ਨਿਹੰਗ ਸਿੰਘ ਤਬ ਕਹਯੋ ਪੁਕਾਰ॥*** ਤਦ ਨਿਹੰਗ ਸਿੰਘ ਗੁਰਬਖ਼ਸ਼ ਸਿੰਘ ਜੀ ਨੇ ਉੱਚੀ ਬੋਲ ਕੇ ਸਿੰਘਾਂ ਨੂੰ ਲਲਕਾਰਿਆ।

***'ਹੋ ਸ਼ਹੀਦ ਪਗ ਅੱਗੈ ਧਾਰ॥ ੫੭॥*** ਸਿੰਘੋ! ਪੈਰ ਅੱਗੇ ਰੱਖ ਕੇ ਸ਼ਹੀਦ ਹੋਵੋ। ੫੭।

***ਦੋਹਰਾ॥ ਪਗ ਆਗੈ ਪਤ ਊਬਰੇ ਪਗ ਪਾਛੈ ਪਤ ਜਾਇ॥*** ਸਿੰਘ ਜੀ ਕਹਿੰਦੇ ਖਾਲਸਾ ਜੀ ਜੰਗ ਵਿਚ ਜੇ ਪੈਰ ਅੱਗੇ ਰੱਖੀਏ, ਤਾਂ (ਪਤ) ਇੱਜ਼ਤ ਬਚਦੀ ਹੈ, ਜੇ ਪੈਰ ਪਿੱਛੇ ਨੂੰ ਹਟਾਈਏ, ਤਾਂ ਇੱਜ਼ਤ ਜਾਂਦੀ ਰਹਿੰਦੀ ਹੈ ਕਿ ਭੱਜਿਆ ਜਾਂਦਾ ਹੈ ਪਿਛਾਂਹ ਨੂੰ।

***ਬੈਰੀ ਖੰਡੈ ਸਿਰ ਧਰੈ ਫਿਰ ਕਯਾ ਤਕਨ ਸਹਾਇ॥ ੫੮॥*** ਜਦੋਂ ਵੈਰੀ ਖੰਡਾ ਸਿਰ 'ਤੇ ਰੱਖ ਦੇਵੇ, ਫਿਰ ਕਿਸੇ ਦੀ ਕੀ ਸਹਾਇਤਾ ਤੱਕਣੀ, ਕੀ ਕਿਸੇ ਤੋਂ ਮਦਦ ਦੀ ਆਸ ਰੱਖਣੀ ਹੈ, ਸਿੰਘੋ! ਹੁਣ ਅੱਗੇ ਹੋ ਕੇ ਆਪਣੇ ਸੀਸ ਭੇਟਾ ਕਰੋ। ੫੮।

***ਚੌਪਈ॥ ਸੁਨਤ ਸਿੰਘ ਕੁਦ ਪਏ ਚੁਫੇਰੇ॥*** ਬਾਬਾ ਗੁਰਬਖ਼ਸ਼ ਸਿੰਘ ਜੀ ਦਾ ਲਲਕਾਰਾ ਸੁਣ ਕੇ ਸਿੰਘ ਚਾਰ-ਚੁਫੇਰੇ ਨੂੰ ਕੁੱਦ ਕੇ ਪੈ ਗਏ ਤੁਰਕਾਂ ਨੂੰ।

***ਪਰੇ ਸਿੰਘ ਜਿਮ ਮਿਰਗਨ ਹੇਰੇ॥*** ਸਿੰਘ ਗਿਲਜਿਆਂ ਨੂੰ ਇਉਂ ਪੈ ਗਏ, ਜਿਵੇਂ ਹਰਨਾਂ ਦੀ ਡਾਰ ਨੂੰ ਦੇਖ ਕੇ ਸ਼ੇਰ ਪੈਂਦਾ ਹੈ।

***ਸਿੰਘਨ ਇੱਛਾ ਮਰਨੈ ਕਰੀ॥*** ਸਿੰਘਾਂ ਨੇ ਤਾਂ ਮਰਨ ਦੀ ਇੱਛਾ ਕੀਤੀ ਹੋਈ ਸੀ ਕਿ ਛੇਤੀ ਨਾਲ ਸ਼ਹੀਦੀ ਪਾਈਏ ਤੇ ਸਤਿਗੁਰਾਂ ਦੇ ਚਰਨਾਂ ਵਿਚ ਅਪੜੀਏ।

***ਜੀਵਨ ਆਸ ਦੂਰ ਕਰ ਧਰੀ॥ ੫੯॥*** ਆਪਣੇ ਜੀਵਨ ਦੀ ਆਸ ਹੀ ਦੂਰ ਰੱਖ ਦਿੱਤੀ ਖਾਲਸੇ ਨੇ। ੫੯।

***ਨਿਹੰਗ ਕਹੈਂ, 'ਪਗ ਆਗੈ ਧਾਰੋ॥*** ਬਾਬਾ ਗੁਰਬਖ਼ਸ਼ ਸਿੰਘ ਜੀ 'ਨਿਹੰਗ' ਕਹਿੰਦਾ ਪੈਰ ਅੱਗੇ ਰੱਖੋ ਖਾਲਸਾ ਜੀ! ਪੈਰ ਅੱਗੇ ਰੱਖੋ, ਵਧ-ਵਧ ਕੇ ਮਾਰੋ ਗਿਲਜਿਆਂ ਨੂੰ।

***ਹੋਵੋ ਸ਼ਹੀਦ ਤਰ ਭਵਜਲ ਪਾਰੋ॥*** ਖਾਲਸਾ ਜੀ! ਸ਼ਹੀਦ ਹੋਵੋ ਅਤੇ ਸੰਸਾਰ ਸਮੁੰਦਰ ਨੂੰ ਤਰ ਕੇ ਪਾਰ ਹੋ ਜਾਉ।

***ਜਿਸਕੋ ਇਛਾ ਸੁਰਗਹਿ ਹੋਇ॥*** ਜਿਸ ਸਿੰਘ ਦੀ ਇੱਛਾ ਸਵਰਗ ਨੂੰ ਜਾਣ ਦੀ ਹੋਵੇ।

***ਸਾਥ ਅਪਛਰਾਂ ਜਾਯੋ ਨ ਸੋਇ॥ ੬੦॥*** ਉਹ ਸਵਰਗ ਦੀਆਂ ਅੱਪਛਰਾਂ ਨਾਲ ਨਾ ਜਾਇਓ। ੬੦।

***ਜਿਨ ਮਿਲ ਖਾਲਸੈ ਕਰਨੋ ਰਾਜ॥*** ਜਿਨ੍ਹਾਂ ਸਿੰਘਾਂ ਨੇ ਖਾਲਸੇ ਨਾਲ ਮਿਲ ਕੇ ਰਾਜ ਕਰਨਾ ਹੈ।

***ਰਹਯੋ ਬਿਰੰਗਨ ਤੇ ਸੋਊ ਭਾਜ॥*** ਉਹ ਸਿੰਘ (ਬਿਰੰਗਨ) ਸਵਰਗ ਦੀ ਅੱਪਛਰਾਂ ਤੋਂ ਦੂਰ ਰਹਿਓ, ਭੱਜ ਕੇ।

***ਆਇ ਖਾਲਸੈ ਗ੍ਰਿਹ ਜਨਮ ਸੁਧਾਰਯੋ॥*** ਫਿਰ ਆ ਕੇ ਖਾਲਸੇ ਦੇ ਘਰਾਂ ਵਿਚ ਜਨਮ ਲਇਓ।

***ਕਰਯੋ ਪਤਿਸ਼ਾਹੀ ਤੁਰਕਨ ਮਾਰਯੋ॥ ੬੧॥*** ਸਿੰਘੋ ਤੁਰਕਾਂ ਨੂੰ ਮਾਰ ਕੇ ਪਾਤਸ਼ਾਹੀ ਕਰਿਓ। ੬੧।

***ਤਬ ਖਾਲਸੈ ਨੈ ਬਚਨ ਉਚਾਰਾ॥*** ਤਦ ਖਾਲਸੇ ਨੇ ਅੱਗੋਂ ਬਚਨ ਕੀਤਾ।

***ਹਮ ਹੈਂ ਜੰਞ ਤੁਹਿ, ਤੂ ਹਮ ਲਾੜਾ॥*** ਬਾਬਾ ਜੀ! ਤੁਸੀਂ ਸਾਡੇ ਲਾੜੇ ਹੋ, ਅਸੀਂ ਤੁਹਾਡੇ ਨਾਲ ਬਰਾਤੀ ਹਾਂ।

***ਤੂੰ ਜਾਹਿਂ ਸੁਰਗ ਹਮ ਭੀ ਜਾਹਿਂ॥*** ਜੇ ਤੁਸੀਂ ਸਵਰਗ ਨੂੰ ਜਾਉਗੇ, ਤਾਂ ਅਸੀਂ ਭੀ ਤੁਹਾਡੇ ਨਾਲ ਹੀ ਜਾਵਾਂਗੇ।

***ਤੂੰ ਕਰੈਂ ਪਤਿਸ਼ਾਹੀ ਸੰਗ ਅਸੀਂ ਕਰਾਹਿਂ॥ ੬੨॥*** ਜੇ ਤੁਸੀਂ ਪਾਤਸ਼ਾਹੀ ਕਰੋਂਗੇ, ਤਾਂ ਅਸੀਂ ਵੀ ਤੁਹਾਡੇ ਨਾਲ ਪਾਤਸ਼ਾਹੀ ਕਰਾਂਗੇ, ਰਾਜ ਭਾਗ ਦਾ ਸੁਖ ਮਾਣਾਂਗੇ। ੬੨।

***ਦੋਹਰਾ॥ ਹਮ ਇੱਛਾ ਸੁਰਗੈ ਨਹੀਂ, ਹਮ ਇੱਛਯਾ ਖਾਲਸੈ ਸੰਗ॥*** ਸਿੰਘਾਂ ਨੇ ਕਿਹਾ, ਸਾਨੂੰ ਕੋਈ ਸਵਰਗ ਦੀ ਇੱਛਾ ਨਹੀਂ, ਅਸੀਂ ਨਹੀਂ ਸਵਰਗ ਵਿਚ ਜਾਣਾ ਚਾਹੁੰਦੇ, ਸਾਡੀ ਇੱਛਾ ਤਾਂ ਖਾਲਸੇ ਪੰਥ ਨਾਲ ਹੈ, ਅਸੀਂ ਤਾਂ ਖਾਲਸੇ ਪੰਥ ਵਿਚ ਰਹਿਣਾ ਹੈ।

***ਲੜਨੋਂ ਮਰਨੋਂ ਨਹਿਂ ਡਰੈਂ, ਚਹੈਂ ਤੁਰਕਨ ਸੋਂ ਜੰਗ॥ ੬੩॥*** ਅਸੀਂ ਲੜਨ ਮਰਨ ਤੋਂ ਨਹੀਂ ਡਰਦੇ ਹਾਂ, ਅਸੀਂ ਤਾਂ ਤੁਰਕਾਂ ਨਾਲ ਜੁੱਧ ਕਰਨਾ ਚਾਹੁੰਦੇ ਹਾਂ। ੬੩।

***ਚੌਪਈ॥ ਤਬ ਨਿਹੰਗ ਸਿੰਘ ਬਚਨ ਉਚਾਰਾ॥*** ਤਦ ਬਾਬਾ ਗੁਰਬਖ਼ਸ਼ ਸਿੰਘ ਨਿਹੰਗ ਸਿੰਘ ਨੇ ਬਚਨ ਕੀਤਾ ਸਿੰਘਾਂ ਨੂੰ।

***ਯਹੀ ਪਰਣ ਹੈ ਨਿਜ ਮਨ ਧਾਰਾ॥*** ਸਿੰਘੋ! ਜੇ ਤੁਸੀਂ ਆਪਣੇ ਮਨ ਵਿਚ ਇਹੀ ਪ੍ਰਣ ਕੀਤਾ, ਇਹੀ ਨਿਸ਼ਚਾ ਕੀਤਾ।

***ਇਕ ਬਾਰ ਸਤਿਗੁਰ ਪਹੁੰਚ ਦਰਬਾਰ॥*** ਇਕ ਵਾਰੀ ਸਤਿਗੁਰਾਂ ਦੇ ਸੱਚੇ ਦਰਬਾਰ, ਸੱਚੀ ਦਰਗਾਹ ਵਿਚ ਪਹੁੰਚ ਕੇ।

***ਦੇਈਐ ਆਵਨ ਗਿਲਜਨ ਟਾਰ॥ ੬੪॥*** ਗਿਲਜਿਆਂ ਨੂੰ ਹਿੰਦੁਸਤਾਨ ਵਿਚ ਆਉਣਾ ਟਾਲ ਦੇਈਏ ਕਿ ਗਿਲਜੇ ਫੇਰ ਨਾ ਆਉਣ ਸਾਡੇ ਦੇਸ਼ ਵਿਚ। ੬੪।

***ਆਇ ਖਾਲਸੈ ਘਰ ਲਏ ਉਤਾਰ॥*** ਫਿਰ ਆ ਕੇ ਖਾਲਸੇ ਦੇ ਘਰ ਜਨਮ ਲਵਾਂਗੇ।

***ਜਨਮ ਪਊ ਸਿੰਘ ਬਾਰੇ ਬਾਰ॥*** ਵਾਰ-ਵਾਰ ਸਿੰਘਾਂ ਦੇ ਘਰਾਂ ਵਿਚ ਹੀ ਜਨਮ ਪਾਵੇਗਾ।

***ਫਿਰ ਸਿੰਘ ਜੀ ਯੌ ਬਾਣੀ ਕਹੀ॥*** ਫਿਰ ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਇਉਂ ਬਚਨ ਕਿਹਾ ਖਾਲਸੇ ਨੂੰ।

***'ਹੋਹੁ ਸ਼ਹੀਦ ਅਬ ਹੈ ਦੇਰ ਕਹੀ' ॥ ੬੫॥*** ਹੁਣ ਦੇਰ ਕਾਹਦੀ ਹੈ, ਸ਼ਹੀਦ ਹੋਵੋ ਅੱਗੇ ਹੋ ਕੇ, ਦੁਸ਼ਟਾਂ ਦੇ ਗਲ ਪੈ ਕੇ। ੬੫।

***ਤੌ ਲਗ ਗਿਲਜੋ ਔਰ ਆਇ ਪੜੇ॥*** ਏਨੇ ਨੂੰ ਹੋਰ ਗਿਲਜੇ ਆ ਪਏ ਹਨ ਹੱਲਾ ਬੋਲ ਕੇ।

***ਲੜ ਲੜ ਮਰੈ ਜਹੀਂ ਸਿੰਘ ਅੜੇ॥*** ਜਿਥੇ ਵੀ ਸਿੰਘ ਅੜਦੇ ਗਿਲਜਿਆਂ ਅੱਗੇ, ਲੜ-ਲੜ ਕੇ ਸ਼ਹੀਦ ਹੋਈ ਜਾਂਦੇ।

***ਨਾਂਹਿ ਪੈਰ ਕਿਨ ਪਿੱਛੈ ਮੋਰਾ॥*** ਕਿਸੇ ਵੀ ਸਿੰਘ ਨੇ ਆਪਣੇ ਪੈਰ ਪਿੱਛੇ ਨੂੰ ਨਹੀਂ ਮੋੜੇ।

***ਸਿੰਘਨ ਪੈਰ ਸੁ ਅੱਗੈ ਤੋਰਾ॥ ੬੬॥*** ਸਿੰਘਾਂ ਨੇ ਆਪਣੇ ਪੈਰ ਅੱਗੇ ਨੂੰ ਤੋਰੇ, ਸਿੰਘ ਅੱਗੇ ਨੂੰ ਵਧ-ਵਧ ਕੇ ਤੁਰਕਾਂ 'ਤੇ ਵਾਰ ਕਰ ਰਹੇ ਸਨ, ਤੁਰਕ ਅੱਗੋਂ ਭੱਜ ਨਿਕਲੇ। ੬੬।

***ਤੌ ਉਨ ਸਿੰਘ ਦੀਓ ਲਲਕਾਰਾ॥*** ਤਾਂ ਉਨ੍ਹਾਂ ਭੱਜੇ ਜਾਂਦੇ (ਗਿਲਜਿਆਂ) ਨੂੰ ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਲਲਕਾਰਿਆ। ਲਲਕਾਰਾ ਦਿੱਤਾ (ਵਾ) ਤਾਂ ਬਾਬਾ ਗੁਰਬਖ਼ਸ਼ ਸਿੰਘ ਨੇ ਉਨ੍ਹਾਂ ਸਿੰਘਾਂ ਨੂੰ ਲਲਕਾਰਾ ਦਿੱਤਾ।

***ਜਾਹਿ ਨਹੀਂ ਅਬ ਅਗਯੋਂ ਯਾਰਾ॥*** ਸਿੰਘੋ! ਹੁਣ ਜਾਣ ਨਾ ਦਿਓ, ਅੱਗੋਂ ਮੁਹੰਮਦ ਦੇ ਯਾਰਾਂ ਨੂੰ।

***ਦੀਨ ਮਜ਼ਹਬ ਕੌ ਜੁੱਧ ਖੜੇ ਕਰੌ॥*** ਧਰਮ ਯੁੱਧ ਨੂੰ ਖੜ੍ਹੇ ਹੋ ਕੇ ਕਰੋ।

***ਟਪ ਘੋੜਨ ਫੜ ਤੇਗਨ ਲੜੇ॥ ੬੭॥*** ਗਿਲਜਿਆਂ ਦੇ ਘੋੜਿਆਂ ਨੂੰ ਟੱਪ ਕੇ ਤੇਗਾਂ ਫੜ ਕੇ ਲੜੇ। ੬੭।

***ਦੋਹਰਾ॥ ਗਿਲਜਨ ਨਹਿ ਸਮਝੀ ਕਛੂ ਦਈ ਬੰਦੂਖ ਬਹੁ ਦਾਗ॥*** ਗਿਲਜਿਆਂ ਨੂੰ ਸਿੰਘਾਂ ਦੀ ਬੋਲੀ ਕੁਛ ਸਮਝ ਨ ਪਈ, ਗਿਲਜਿਆਂ ਨੂੰ ਕੀ ਪਤਾ? ਕਿ ਲਲਕਾਰਾ ਮਾਰ ਕੇ ਕੀ ਆਖਿਆ ਸਿੰਘਾਂ ਨੂੰ, ਉਨ੍ਹਾਂ ਨੇ ਜਦੋਂ ਦੂਰੋਂ ਸਿੰਘਾਂ ਨੂੰ ਹੱਲਾ ਕਰਦਿਆਂ ਵੇਖਿਆ ਕਿ ਇਹ ਤਾਂ ਆ ਗਏ ਹਨ ਸਾਡੇ ਉਤੇ, ਉਨ੍ਹਾਂ ਨੇ ਦੂਰੋਂ ਹੀ ਬੰਦੂਕਾਂ ਦਾਗ਼ ਦਿੱਤੀਆਂ ਸਿੰਘਾਂ 'ਤੇ।

***ਬਹੁਤ ਸਿੰਘ ਤਹਿਂ ਗਿਰ ਪੜੇ, ਹੁਤੇ ਜੁ ਸਿੰਘ ਜੀ ਲਾਗ॥ ੬੮॥*** ਜਿਹੜੇ ਸਿੰਘ ਬਾਬਾ ਗੁਰਬਖ਼ਸ਼ ਸਿੰਘ ਜੀ ਦੇ ਨੇੜੇ ਜੰਗ ਲੜ ਰਹੇ ਸਨ ਪੰਗਤੀਆਂ ਵਿਚ, ਉਨ੍ਹਾਂ ਵਿੱਚੋਂ ਬਹੁਤ ਸਾਰੇ ਸਿੰਘ ਡਿੱਗ ਪਏ ਉਥੇ, ਬੰਦੂਕਾਂ ਦੀ ਸ਼ਲਕ ਦੇ ਨਾਲ ਸ਼ਹੀਦ ਹੋ ਗਏ। ੬੮।

***ਚੌਪਈ॥ ਤਬ ਸਿੰਘ ਜੀ ਨੈ ਖੜਗ ਉਠਾਯਾ॥*** ਤਦ ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਭਾਰੀ ਤਲਵਾਰ ਨੂੰ ਚੁੱਕਿਆ।

***ਆਗੈ ਹੋਇ ਗਿਲਜੈ ਤਨ ਲਾਯਾ॥*** ਅੱਗੇ ਹੋ ਕੇ ਗਿਲਜਿਆਂ ਦੇ ਸਰੀਰ ਨੂੰ ਵਾਹੀ ਹੈ ਤੇਗ।

***ਕਾਟ ਸੰਜੋਇ ਔ ਉਰੂ ਉਤਾਰਯੋ॥*** ਇੰਨੀ ਜ਼ੋਰ ਨਾਲ ਤਲਵਾਰ ਦਾ ਵਾਰ ਕੀਤਾ ਕਿ ਦੁਸ਼ਮਣ ਦਾ (ਸੰਜੋਇ) ਲੋਹ-ਕੋਟ ਕੱਟ ਕੇ ਛਾਤੀ ਨੂੰ ਚੀਰ ਕੇ ਪਾਰ ਲੰਘ ਗਈ, ਛਾਤੀ ਤੋਂ ਵੱਢ ਕੇ ਸਿਰ ਉਤਾਰ ਦਿੱਤਾ।

***ਇਮ ਹੀ ਔਰਹਿ ਤਨ ਪਰ ਝਾਰਯੋ॥ ੬੯॥*** ਇਸੇ ਤਰ੍ਹਾਂ ਹੀ ਹੋਰ ਦੁਸ਼ਮਣ ਦੇ ਸਰੀਰ 'ਤੇ ਜਾ ਮਾਰੀ ਤਲਵਾਰ। ੬੯।

***ਜੁਰੀਅਤ ਕਰ ਸਿੰਘ ਆਗੇ ਧਾਯੋ॥*** ਦਲੇਰੀ ਕਰਕੇ ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਅੱਗੇ ਨੂੰ ਧਾਵਾ ਬੋਲਿਆ।

***ਗਿਲਜਨ ਨੈ ਮੁਖ ਪਿਛੈ ਹਟਾਯੋ॥*** ਗਿਲਜਿਆਂ ਨੇ ਆਪਣੇ ਮੂੰਹ ਪਿੱਛੇ ਨੂੰ ਮੋੜ ਲਏ।

***ਫਿਰ ਗਿਲਜਨ ਮਿਲ ਹੁੱਨਰ ਕੀਓ॥*** ਫਿਰ ਗਿਲਜਿਆਂ ਨੇ ਮਿਲ ਕੇ ਇਕ ਹੋਰ (ਹੁੱਨਰ) ਦਾਉ ਵਰਤਿਆ।

***ਢਾਲਨ ਉਹਲੈ ਮੁਖ ਧਰ ਲੀਓ॥ ੭੦॥*** ਗਿਲਜਿਆਂ ਨੇ ਆਪਣੇ ਮੂੰਹ ਦੇ ਅੱਗੇ ਢਾਲਾਂ ਕਰਕੇ ਮੂੰਹ ਢੱਕ ਲਏ ਕਿ ਤਲਵਾਰ ਮੂੰਹ 'ਤੇ ਨਾ ਵੱਜੇ। ੭੦।

***ਸਿੰਘ ਢਾਲ ਹੱਥੋਂ ਦਈ ਡਾਲ॥*** ਸਿੰਘਾਂ ਨੇ ਆਪਣੀਆਂ ਢਾਲਾਂ ਆਪਣੇ ਹੱਥੋਂ ਸੁੱਟ ਦਿੱਤੀਆਂ ਕਿ ਬਗੈਰ ਢਾਲ ਤੋਂ ਤੁਸੀਂ ਵੀ ਸਾਡਾ ਵਾਰ ਝੱਲੋ, ਅਸੀਂ ਵੀ ਬਿਨਾ ਢਾਲ ਤੋਂ ਤੁਹਾਡਾ ਵਾਰ ਝੱਲਦੇ ਹਾਂ।

***ਬਨੈ ਨ ਉਹਲੋ ਚਿਤ ਕੀਯੋ ਖਯਾਲ॥*** ਸਿੰਘਾਂ ਨੇ ਚਿੱਤ ਵਿਚ ਖਿਆਲ ਕੀਤਾ ਕਿ ਜਦੋਂ ਸ਼ਹੀਦੀ ਹੀ ਪਉਣੀ ਹੈ, ਫਿਰ ਢਾਲ ਦਾ ਉਹਲਾ (ਆਸਰਾ) ਲੈਣਾ ਵੀ ਬਣਦਾ ਨਹੀਂ। ਹੁਣ ਕਿਸੇ ਹੋਰ ਆਸਰੇ ਦੀ ਲੋੜ ਨਹੀਂ, ਨਿਸ਼ੰਗ ਹੋ ਕੇ ਦੁਸ਼ਮਣ ਦੇ ਗਲ ਜਾ ਪਏ।

***ਆਵੈ ਜੁ ਗਿਲਜੋ ਤੇਗ ਉਭਾਰੈ॥*** ਜਿਹੜਾ ਕੋਈ ਗਿਲਜਾ ਤਲਵਾਰ ਉਠਾ ਕੇ ਮਾਰਨ ਵਾਸਤੇ ਆਉਂਦਾ ਹੈ।

***ਹੁਇ ਸਨਮੁਖ ਸਿੰਘ ਸੀਸ ਪੈ ਧਾਰੈ॥ ੭੧॥*** ਸਾਮ੍ਹਣੇ ਹੋ ਕੇ ਸਿੰਘ ਤਲਵਾਰ ਦਾ ਵਾਰ ਆਪਣੇ ਸਿਰ 'ਤੇ ਸਹਾਰਦੇ ਹਨ। ੭੧।

***ਆਂਖ ਨ ਝਮਕੈਂ ਸੀਸ ਨ ਮੋੜੈਂ॥*** ਸਿੰਘ ਅੱਖ ਨਹੀਂ ਝਮਕਦੇ ਅਤੇ ਨਾ ਹੀ ਸਿਰ ਨੂੰ ਪਾਸੇ ਕਰਦੇ ਕਿ ਦੁਸ਼ਮਣ ਦਾ ਵਾਰ ਨਾ ਖਾਲੀ ਚਲਾ ਜਾਏ।

***ਤਕੈਂ ਨ ਪਿਛੈ ਅਗੈ ਕੋ ਦੌੜੈਂ॥*** (ਸਿੰਘ) ਪਿੱਛੇ ਨੂੰ ਨਹੀਂ ਵੇਖਦੇ, ਸਗੋਂ ਅੱਗੇ ਹੀ ਅੱਗੇ ਨੂੰ ਦੌੜ ਕੇ ਹੱਲਾ ਬੋਲਦੇ।

***ਗਿਲਜੇ ਨੱਠ ਮੁੜੇ ਉਤ ਵੇਲੇ॥*** ਜਦੋਂ ਸਿੰਘਾਂ ਨੇ ਇਸ ਤਰ੍ਹਾਂ ਜੰਗ ਮਚਾਇਆ, ਤਾਂ ਉਸੇ ਵੇਲੇ ਗਿਲਜੇ ਭੱਜ ਕੇ ਪਿੱਛੇ ਨੂੰ ਮੁੜ ਗਏ ਕਿ ਇਹ ਤਾਂ ਨਹੀਂ ਮਰਦੇ, ਇਹ ਤਾਂ ਸਾਨੂੰ ਇਤਨੇ ਕੁ ਹੀ ਮਾਰ ਦੇਣਗੇ ਸਾਰਿਆਂ ਨੂੰ।

***ਸਿੰਘ ਕੀ ਤੇਗ ਨ ਖੜ ਕੋਊ ਝੇਲੈ॥ ੭੨॥*** ਸਿੰਘਾਂ ਦੀ ਤਲਵਾਰ ਦੇ ਵਾਰਾਂ ਨੂੰ ਖੜ੍ਹ ਕੇ ਕੋਈ ਨਹੀਂ ਝੱਲ ਸਕਦਾ, ਭੱਜ ਕੇ ਦੂਰ ਜਾ ਖੜ੍ਹੇ ਹੋਏ। ੭੨।

**ਦੋਹਰਾ॥ ਗੋਲੀ ਛਾਡੈਂ ਦੂਰ ਖੜ ਔ ਧਰੀ ਤੀਰਨ ਕੀ ਮਾਰ॥** ਗਿਲਜੇ ਦੂਰੋਂ ਖੜ੍ਹੇ ਹੀ ਗੋਲੀਆਂ ਸਿੰਘਾਂ 'ਤੇ ਦਾਗ ਰਹੇ ਸਨ ਅਤੇ ਸਿੰਘਾਂ 'ਤੇ ਤੀਰਾਂ ਦੀ ਮਾਰ ਆਰੰਭ ਕੀਤੀ।

**ਸਿੰਘ ਗਏ ਚੀਰ ਸਰੀਰ ਕੋ ਪਰੈ ਨ ਜ਼ਖਮ ਸ਼ੁਮਾਰ॥ ੭੩॥** ਬਾਬਾ ਗੁਰਬਖ਼ਸ਼ ਸਿੰਘ ਜੀ ਦੇ ਸਰੀਰ ਨੂੰ ਚੀਰ ਕੇ ਤੀਰ ਤੇ ਗੋਲੀਆਂ ਪਾਰ ਹੋ ਗਈਆਂ, ਸਰੀਰ 'ਤੇ ਲੱਗੇ ਜ਼ਖ਼ਮਾਂ ਦੀ ਗਿਣਤੀ ਨਹੀਂ ਹੋ ਸਕਦੀ ਸੀ। ਐਨੇ ਤੀਰ ਗੋਲੀਆਂ ਲੱਗੀਆਂ ਸਨ। ੭੩।

**ਚੌਪਈ॥ ਕਈ ਮਾਸ ਕਈ ਹਡ ਗਈ ਚੀਰ॥** ਕਈ ਸ਼ਸਤਰ ਮਾਸ ਨੂੰ ਚੀਰ ਗਏ, ਕਈ ਹੱਡੀਆਂ ਤੋੜ ਗਏ।

**ਹਾਰਯੋ ਨ ਸਿੰਘ, ਕਿਛ ਮੰਨੀ ਨ ਪੀਰ॥** ਨਾ ਤਾਂ ਸਿੰਘ ਜੀ ਨੇ ਹਾਰ ਹੀ ਮੰਨੀ ਅਤੇ ਨਾ ਹੀ ਸ਼ਸਤਰ ਦੇ ਲੱਗਣ ਦੀ ਪੀੜ ਮੰਨੀ।

**ਸਿੰਘ ਸਰੀਰੋਂ ਯੌ ਰਤ ਪਰੈ॥** ਬਾਬਾ ਗੁਰਬਖ਼ਸ਼ ਸਿੰਘ ਦੀ ਦੇਹ ਵਿਚ ਐਨੇ ਜ਼ਿਆਦਾ ਜ਼ਖ਼ਮ ਹੋ ਗਏ, ਉਨ੍ਹਾਂ ਦੇ ਸਰੀਰ ਵਿੱਚੋਂ ਖ਼ੂਨ ਇਉਂ ਵਗ ਰਿਹਾ ਸੀ।

**ਜਿਮ ਬਹੁ ਕੋਲ੍ਹੂ ਪਨਾਰੈ ਪਰੈ॥ ੭੪॥** ਜਿਵੇਂ ਬਹੁਤੇ ਕੋਹਲੂ ਅਤੇ ਪ੍ਰਨਾਲੇ ਚਲਦੇ ਪਏ ਹੋਣ ਲਹੂ ਦੇ। ੭੪।

**ਜਨੁ ਬਡ ਮਛਕ ਸੁ ਭਏ ਸਲਾਖ॥** ਜਿਵੇਂ-ਜਿਵੇਂ ਚਮੜੇ ਦੀ ਮਸ਼ਕ ਵਿਚ ਸੁਰਾਖ, ਛੇਕ ਹੋ ਗਏ ਹੋਣ, ਜਿਨ੍ਹਾਂ ਛੇਕਾਂ ਵਿੱਚੋਂ ਪਾਣੀ ਦੀ ਥਾਂ 'ਤੇ ਲਹੂ ਦੀਆਂ ਤਤੀਰ੍ਹੀਆਂ ਵਗਦੀਆਂ ਹੋਣ।

**ਛੁਟੇ ਫੁਹਾਰੇ ਚਹੂੰ ਵਲ ਝਾਕ॥** ਸਰੀਰ ਦੇ ਸਭ ਥਾਵਾਂ 'ਤੇ ਜ਼ਖ਼ਮ। ਉਨ੍ਹਾਂ ਜ਼ਖ਼ਮਾਂ ਵਿੱਚੋਂ ਚੋਹਾਂ ਪਾਸਿਆਂ ਤੋਂ ਲਹੂ ਦੇ ਫੁਹਾਰੇ ਛੁੱਟ ਰਹੇ ਸਨ।

**ਜਿਮ ਜਿਮ ਸਿੰਘ ਅੱਗੈ ਕੋ ਧਾਵੈ॥** ਜਿਵੇਂ-ਜਿਵੇਂ ਬਾਬਾ ਗੁਰਬਖ਼ਸ਼ ਸਿੰਘ ਜੀ ਅੱਗੇ ਧਾਵਾ ਬੋਲਦੇ।

**ਜਨੁ ਪਿਚਕਾਰਨ ਖੇਡ ਦਿਖਾਵੈ॥ ੭੫॥** ਜਿਵੇਂ ਹੋਲੀ ਖੇਡਣ ਵੇਲੇ ਲਾਲ ਗੁਲਾਲ ਦੀਆਂ ਪਿਚਕਾਰੀਆਂ ਭਰ ਕੇ ਇਕ ਦੂਜੇ 'ਤੇ ਰੰਗ ਪਉਣ ਦੀ ਖੇਡ ਵਿਖਾਉਂਦੇ ਹੋਣ। ੭੫।

**ਰਕਤ ਨਿਕਸ ਸਿੰਘ ਬਿਹਬਲ ਭਯੋ॥** ਬਹੁਤਾ ਲਹੂ ਨਿਕਲਣ ਕਰਕੇ ਬਾਬਾ ਗੁਰਬਖ਼ਸ਼ ਸਿੰਘ ਜੀ ਬਿਹਬਲ ਹੋ ਗਏ।

**ਸਰੀਰ ਚਲਨ ਤੇ ਸਿੰਘ ਥਕ ਰਹਯੋ॥** ਬਾਬਾ ਜੀ ਦਾ ਸਰੀਰ ਚਲਣ ਤੁਰਨ ਤੋਂ ਰਹਿ ਗਿਆ ਸਰੀਰ ਥੱਕ ਗਿਆ ਹੈ।

**ਤੌਂ ਭੀ ਸਿੰਘ ਪਗ ਅੱਗੈ ਧਾਰੈ॥** ਫਿਰ ਵੀ ਸਿੰਘ ਜੀ ਆਪਣਾ ਪੈਰ ਪੁੱਟ ਕੇ ਅੱਗੇ ਹੀ ਧਰਦੇ, ਅੱਗੇ ਨੂੰ ਹੀ ਵਧਾਉਂਦੇ ਤੁਰਕਾਂ ਵੱਲ ਨੂੰ।

**ਲਾਜ ਲਗਨ ਤੇ ਪੈਜ ਸਵਾਰੈ॥ ੭੬॥** ਲਾਜ ਲੱਗਣ ਤੋਂ ਕਿ ਇਉਂ ਨਾ ਕੋਈ ਕਹਿ ਦੇਵੇ ਪਿੱਛੇ ਨੂੰ ਪੈਰ ਧਰਿਆ, ਸੰਵਾਰਦਾ, ਸੰਭਾਲਦਾ ਅਰਥਾਤ ਇੱਜ਼ਤ ਬਚਾਉਂਦਾ ਕਿ ਕਿਧਰੇ ਲਾਜ ਨਾ ਲਗ ਜਾਏ। ੭੬।

**ਪੈਜ ਬਿਰਦ ਕੀ ਸਤਿਗੁਰ ਰਾਖੈ॥** ਸਤਿਗੁਰੂ ਜੀ ਆਪਣੇ ਬਿਰਦ ਬਾਣੇ ਦੀ ਲਾਜ ਆਪ ਹੀ ਰੱਖਦੇ ਹਨ।

**ਲਾਜ ਨ ਲਾਗੈ ਯੌ ਸਿੰਘ ਆਖੈ॥** ਬਾਬਾ ਗੁਰਬਖ਼ਸ਼ ਜੀ ਸਿੰਘਾਂ ਨੂੰ ਕਹਿ ਰਹੇ ਸਨ, ਸਿੰਘੋ! ਗੁਰੂ ਦੇ ਬਾਣੇ ਨੂੰ ਲਾਜ ਨਾ ਲੱਗ ਜਾਏ।

**'ਹੋਇ ਸ਼ਹੀਦੀ ਮੇਰੀ ਪੂਰੀ'॥** ਮੇਰੀ ਸ਼ਹੀਦੀ ਪੂਰਨ ਹੋ ਜਾਵੇ, ਇਉਂ ਜੰਗ, ਜੁੱਧ ਕਰਦਿਆਂ-ਕਰਦਿਆਂ ਹੀ ਮੈਂ ਡਿੱਗਾਂ ਮੈਦਾਨ ਵਿਚ।

**ਬਾਰ ਬਾਰ ਸਿੰਘ ਮੰਗੈ ਜ਼ਰੂਰੀ॥ ੭੭॥** ਬਾਬਾ ਗੁਰਬਖ਼ਸ਼ ਸਿੰਘ ਵਾਰ-ਵਾਰ ਸ਼ਹੀਦੀ ਰੁਤਬੇ ਦੀ ਜ਼ਰੂਰੀ ਮੰਗ ਕਰਦੇ ਕਿ ਮੈਂ ਤੁਰਕਾਂ ਨਾਲ ਲੜਦਿਆਂ ਸ਼ਹੀਦ ਹੋਵਾਂ। ੭੭।

**ਦੋਹਰਾ॥ ਤੌ ਗਿਲਜੇ ਔਰੇ ਅਏ, ਬਡੀ ਫੌਜ ਲੈ ਸਾਥ॥** ਉਦੋਂ ਨੂੰ ਹੋਰ ਗਿਲਜੇ ਆ ਗਏ ਆਪਣੇ ਨਾਲ ਵੱਡੀ ਫ਼ੌਜ ਲੈ ਕੇ।

***ਸਿੰਘ ਪੁਰੋਇ ਸੁ ਉਨ ਲਯੋ ਬਡ ਨੇਜਨ ਕੇ ਸਾਥ॥ ੭੮॥*** ਉਨ੍ਹਾਂ (ਗਿਲਜਿਆਂ) ਨੇ ਚਾਰੋਂ ਪਾਸਿਆਂ ਤੋਂ ਘੇਰਾ ਪਾ ਕੇ ਵੱਡੇ-ਵੱਡੇ ਨੇਜ਼ਿਆਂ ਦੇ ਨਾਲ ਬਾਬਾ ਗੁਰਬਖ਼ਸ਼ ਸਿੰਘ ਜੀ ਨੂੰ ਪਰੋ ਲਿਆ। ੭੮।

***ਚੌਪਈ॥ ਤੌਂ ਫਿਰ ਸਿੰਘ ਜੀ ਪ੍ਰਾਕ੍ਰਮ ਕਏ॥*** ਤਦੋਂ ਫਿਰ ਬਾਬਾ ਗੁਰਬਖ਼ਸ਼ ਸਿੰਘ ਜੀ ਨੇ (ਪ੍ਰਾਕ੍ਰਮ) ਹਿੰਮਤ ਕੀਤੀ।

***ਸਨਮੁਖ ਨੇਜੇ ਬਹੁ ਕਟ ਦਏ॥*** ਜਿੰਨੇ ਨੇਜ਼ੇ ਸਾਹਮਣੇ ਤੋਂ ਲੰਘਾਏ ਸਨ ਤੁਰਕਾਂ ਨੇ, ਇਕੋ ਵਾਰ ਨਾਲ ਉਹ ਸਭ ਕੱਟ ਦਿੱਤੇ।

***ਤੌਂ ਸਨਮੁਖ ਸਿੰਘ ਆਯੋ ਨ ਕੋਇ॥*** ਕੋਈ ਗਿਲਜਾ ਬਾਬਾ ਗੁਰਬਖ਼ਸ਼ ਸਿੰਘ ਦੇ ਸਾਮ੍ਹਣੇ ਫਿਰ ਨ ਆਇਆ।

***ਸਿੰਘ ਤਕਾਉਨ ਨ ਪਿੱਛਾ ਤੋਇ॥ ੭੯॥*** ਬਾਬਾ ਗੁਰਬਖ਼ਸ਼ ਸਿੰਘ ਜੀ ਨੇ ਉਨ੍ਹਾਂ (ਗਿਲਜਿਆਂ) ਦਾ ਪਿੱਛਾ ਨਹੀਂ ਤਕਾਇਆ। ੭੯।

***ਦੋਹਰਾ॥ ਸਿੰਘ ਸੁ ਪਿਛਲੀ ਤਰਫ ਕੋ ਫੇਰੈਂ ਨੈਨ ਸੁ ਨਾਂਹਿ॥*** ਭਾਈ ਗੁਰਬਖ਼ਸ਼ ਸਿੰਘ ਜੀ ਨੇ ਆਪਣੇ ਨੇਤ੍ਰ ਪਿੱਛੇ ਦੀ ਤਰਫ਼ ਨੂੰ ਮੋੜ ਕੇ ਨਹੀਂ ਵੇਖਿਆ।

***ਮਤ ਕਤ ਆਖੈ ਜਗਤ ਕੋ, ਸਿੰਘ ਮੁਯੋ ਮੁਖ ਫੇਰ ਪਿਛਾਂਹਿ॥ ੮੦॥*** ਮਤਾਂ ਕੋਈ ਦੁਨੀਆਂ ਦੇ ਲੋਕ ਆਖਣ ਕਿ ਸਿੰਘ ਜੀ ਨੇ ਪਿੱਛੇ ਨੂੰ ਮੂੰਹ ਫੇਰ ਕੇ ਸ਼ਹੀਦੀ ਪਾਈ, ਇਸ ਕਰਕੇ ਨੇਤਰ ਨਹੀਂ ਫੇਰਦੇ, ਪਿਛਾਂਹ ਨੂੰ। ੮੦।

***ਚੌਪਈ। ਨੇਜਨ ਸਯੋਂ ਸਿੰਘ ਪਿਛੋਂ ਦਬਾਯੋ।*** ਗਿਲਜਿਆਂ ਨੇ ਨੇਜ਼ਿਆਂ ਦੇ ਵਾਰ ਸਿੰਘ ਜੀ ਦੀ ਪਿੱਠ 'ਤੇ ਕਰਕੇ ਪਿਛਿਓਂ ਦਬਾਇਆ।

***ਬਹੁਤ ਜੋਰ ਸਯੋਂ ਸਿੰਘ ਝੁਕਾਯੋ॥*** ਬਹੁਤ ਜ਼ੋਰ ਨਾਲ ਪਿਛਿਓਂ ਧੱਕ ਕੇ ਸਿੰਘ ਜੀ ਨੂੰ ਝੁਕਾਉਂਣਾ ਚਾਹੁੰਦੇ, ਡੇਗਣਾ ਚਾਹੁੰਦੇ ਸਨ।

***ਸਿੰਘ ਸੁ ਗਿਰਯੋ ਗੋਡਨ ਕੈ ਭਾਰ॥*** ਭਾਈ ਗੁਰਬਖ਼ਸ਼ ਸਿੰਘ ਜੀ ਗੋਡਿਆਂ ਭਾਰ ਹੋ ਕੇ ਡਿੱਗ ਪਏ।

***ਤਊ ਨ ਛੋਡੀ ਸਿੰਘ ਤਲਵਾਰ॥ ੮੧॥*** ਡਿੱਗ ਕੇ, ਫਿਰ ਵੀ ਸਿੰਘ ਜੀ ਨੇ ਤਲਵਾਰ ਨੂੰ ਨਹੀਂ ਛੱਡਿਆ, ਉਸੇ ਤਰ੍ਹਾਂ ਫੜੀ ਹੋਈ ਸੀ। ੮੧।

***ਕੁੰਡਲੀਆਂ ਛੰਦ॥ ਤਲਵਾਰ ਨ ਛੋਡੀ ਸਿੰਘ ਇਮ, ਯਹ ਚਿਤ ਸੋਚ ਬਿਚਾਰ॥*** ਸਿੰਘ ਜੀ ਨੇ ਮਨ ਵਿਚ ਇਹ ਵਿਚਾਰ ਕਰਕੇ ਤਲਵਾਰ ਨਹੀਂ ਛੱਡੀ।

***ਬਿਨ ਹਥਯਾਰਨ ਹਥ ਲਖੈ, ਮਤ ਕਹੈ ਨ ਸੀਸੈ ਵਾਰ॥*** ਮਤਾਂ ਦੁਸ਼ਮਣ ਬਿਨਾ ਹਥਿਆਰਾਂ ਤੋਂ ਵੇਖ ਕੇ ਵਾਰ ਹੀ ਨਾ ਕਰੇ।

***ਮਤ ਕਰੈ ਨ ਸੀਸੈ ਵਾਰ, ਸਿੱਖੀਓਂ ਮੈਂ ਰਹਿ ਜਾਊਂ॥*** ਬੇ-ਹਥਿਆਰਾਂ ਜਾਣ ਕੇ ਮਤਾਂ ਮੇਰੇ ਸਿਰ 'ਤੇ ਵਾਰ ਹੀ ਨਾ ਕਰਨ, ਮੈਂ ਸ਼ਹੀਦੀ ਤੋਂ ਰਹਿ ਜਾਂਦਾ ਹੋਵਾਂ। ਮੇਰੀ ਸਿੱਖੀ ਅਧੂਰੀ ਰਹਿ ਜਾਂਦੀ ਹੋਵੇ।

***ਇਹ ਛਿਨ ਜਾਵੈ ਛੱਲ ਫੇਰ ਕਤ ਵਖਤਹਿਂ ਪਾਊਂ॥*** ਜੇ ਇਹ ਸਮੇਂ ਦਾ ਛਿਨ ਮਾਤ੍ਰ ਛਲ ਜਾਵੇਗਾ ਮੈਨੂੰ, ਸ਼ਹੀਦ ਹੋਣ ਦਾ, ਫਿਰ ਕਦੋਂ ਅਜਿਹਾ ਸਮਾਂ ਪਾਵਾਂਗਾ।

***ਸਮੋ ਸੁ ਆਯੋ ਸਮਝ ਸੁਭੋ ਚਿਤ ਲੀਨੋ ਧਾਰ॥*** ਸ਼ਹੀਦੀ ਪਉਣ ਦਾ ਸ਼ੁੱਭ ਸਮਾਂ ਸਮਝ ਕੇ ਚਿੱਤ ਵਿਚ ਧਾਰ ਲਿਆ।

***'ਅਬ ਧੜ ਤੈ ਸੀਸ ਉਤਰਾਈਐ ਕੋਇ ਝਲ ਤਿੱਖੀ ਤਲਵਾਰ' ॥ ੮੨॥*** ਕੋਈ ਤਿੱਖੀ ਤਲਵਾਰ ਦਾ ਵਾਰ ਝੱਲ ਕੇ ਹੁਣ ਧੜ ਤੋਂ ਸਿਰ ਲੁਹਾਈਏ। ੮੨।

***ਚੌਪਈ॥ ਤਬ ਸਿੰਘ ਜੀ ਗਹਿ ਖੰਡੋ ਉਠਾਯੋ॥*** ਤਦ ਗੁਰਬਖ਼ਸ਼ ਸਿੰਘ ਜੀ ਨੇ ਆਪਣਾ ਖੰਡਾ ਉਤਾਂਹ ਚੁੱਕ ਕੇ।

***ਦੈ ਲਲਕਾਰੋ ਗਿਲਜਨ ਬੁਲਾਯੋ॥*** ਲਲਕਾਰਾ ਦੇ ਕੇ ਗਿਲਜਿਆਂ ਨੂੰ ਬੁਲਾਯਾ ਕਿ ਆਓ! ਮੇਰਾ ਸੀਸ ਕੱਟੋ ਕੋਈ।

***ਦਯੋ ਸੀਸ ਉਨ ਅਗੈ ਨਿਵਾਇ॥*** ਸੀਸ ਕਟਾਉਣ ਵਾਸਤੇ ਉਨ੍ਹਾਂ ਅੱਗੇ ਸੀਸ ਕਰਕੇ ਨਿਵਾ ਦਿੱਤਾ ਹੈ।

***ਜਿਮ ਤੇਗ ਬਹਾਦਰ ਗੁਰ ਕੀਓ ਦਾਇ॥ ੮੩॥*** ਜਿਵੇਂ ਗੁਰੂ ਤੇਗ ਬਹਾਦਰ ਜੀ ਨੇ ਦਾਉ ਵਰਤਿਆ ਸੀ। ੮੩।

***ਗਿਲਜ਼ਨ ਤੇਗ ਗ੍ਰੀਵ ਪੈ ਡਾਰੀ॥*** ਗਿਲਜ਼ਿਆਂ ਨੇ ਭਾਈ ਗੁਰਬਖ਼ਸ਼ ਸਿੰਘ ਜੀ ਦੀ ਗਰਦਨ 'ਤੇ ਤਿੱਖੀ ਤਲਵਾਰ ਦਾ ਵਾਰ ਕੀਤਾ।

***ਭਈ ਮੁੰਡੀ ਤਬ ਧੜ ਤੇ ਨਯਾਰੀ॥*** ਉਨ੍ਹਾਂ ਦਾ ਸੀਸ ਧੜ ਨਾਲੋਂ ਵੱਖਰਾ ਹੋ ਗਿਆ।

***ਸਿੰਘ ਕੋ ਪ੍ਰਣ ਪੂਰੋ ਪ੍ਰਭ ਕੀਓ॥*** ਪ੍ਰਭੂ ਨੇ ਭਾਈ ਗੁਰਬਖ਼ਸ਼ ਸਿੰਘ ਜੀ ਦਾ ਕੀਤਾ ਹੋਇਆ ਪ੍ਰਣ ਪੂਰਾ ਕਰ ਦਿੱਤਾ, ਜੋ ਉਨ੍ਹਾਂ ਨੇ ਮੌਤ ਲਾੜੀ ਵਿਆਹੁਣ ਵਾਸਤੇ, ਸ਼ਹੀਦੀ ਰੁਤਬਾ ਪ੍ਰਾਪਤ ਕਰਨ ਵਾਸਤੇ ਕੀਤਾ ਸੀ।

***ਧੰਨ ਮਰਨ ਉਸ ਧੰਨ ਹੈ ਜੀਓ॥ ੮੪॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਉਨ੍ਹਾਂ (ਗੁਰਬਖ਼ਸ਼ ਸਿੰਘ) ਦਾ ਜਿਉਣਾ ਵੀ ਧੰਨ ਹੈ ਅਤੇ ਉਨ੍ਹਾਂ ਦਾ ਮਰਨਾ ਵੀ ਧੰਨ ਹੈ। ੮੪।

***ਸ਼ਹੀਦਨ ਕੈ ਮਧ ਭਈ ਵਧਾਈ॥*** ਓਧਰ ਸ਼ਹੀਦਾਂ ਸਿੰਘਾਂ ਵਿਚ ਵਧਾਈਆਂ ਹੋਈਆਂ, ਉਧਰੋ ਉਧਰੀਂ ਵਧਾਈਆਂ ਦਿੱਤੀਆਂ ਗਈਆਂ।

***ਹੁਤੇ ਉਡੀਕਤ ਗੁਰਬਖ਼ਸ਼ ਸਿੰਘ ਭਾਈ॥*** ਸ਼ਹੀਦ ਸਿੰਘ ਭਾਈ ਗੁਰਬਖ਼ਸ਼ ਸਿੰਘ ਜੀ ਨੂੰ ਉਡੀਕ ਰਹੇ ਸਨ ਖੜ੍ਹੇ ਹੋ ਕੇ।

***ਅਗਯੋਂ ਲੈਨ ਨਿਹੰਗ ਕੋ ਆਏ॥*** ਸ਼ਹੀਦ ਸਿੰਘ ਅੱਗੋਂ ਭਾਈ ਗੁਰਬਖ਼ਸ਼ ਸਿੰਘ ਜੀ ਨੂੰ ਲੈਣ ਵਾਸਤੇ ਆਏ।

***ਉਡਨ ਖਟੋਲੇ ਬਹੁਤ ਸਜਾਏ॥ ੮੫॥*** ਜਿਨ੍ਹਾਂ (ਉਡਣ ਖਟੋਲੇ) ਬਿਬਾਣਾਂ ਵਿਚ ਭਾਈ ਗੁਰਬਖ਼ਸ਼ ਸਿੰਘ ਜੀ ਨੂੰ ਬਿਠਾ ਕੇ ਲਿਜਾਣਾ ਹੈ ਦਰਗਾਹ ਨੂੰ, ਉਨ੍ਹਾਂ ਨੂੰ ਬਹੁਤ ਸਜਾਇਆ ਹੋਇਆ ਸੀ। ੮੫।

***ਘੋੜੇ ਆਣੇ ਉਡਣੇ ਸਾਥ॥*** ਉਡਣੇ ਘੋੜੇ ਵੀ ਸ਼ਹੀਦੀ ਫ਼ੌਜ ਨੇ ਨਾਲ ਲਿਆਂਦੇ, ਸ੍ਵਾਰੀ ਕਰਨ ਵਾਸਤੇ।

***ਪਾਈ ਕਾਠੀ ਕੋਤਲ ਫੜੇ ਹਾਥ॥*** ਘੋੜਿਆਂ 'ਤੇ ਕਾਠੀਆਂ ਪਾ ਕੇ, ਸ਼ਹੀਦਾਂ ਨੇ ਘੋੜੇ ਆਪਣੇ ਹੱਥਾਂ ਨਾਲ ਫੜੇ ਹੋਏ ਸਨ।

***ਨਿਸ਼ਾਨ ਨਿਗਾਰੇ ਸ਼ਹੀਦਨ ਫੜੇ॥*** ਸ਼ਹੀਦਾਂ ਸਿੰਘਾਂ ਨੇ ਨਗਾਰੇ ਵੀ ਆਪਣੇ ਨਾਲ ਲਿਆਂਦੇ ਅਤੇ ਨਿਸ਼ਾਨ ਸਾਹਿਬ ਆਪਣੇ ਹੱਥਾਂ ਵਿਚ ਫੜੇ ਹੋਏ ਸਨ।

***ਨੀਲੇ ਬਾਣੇ ਪਹਿਰ ਸੁ ਖੜੇ॥ ੮੬॥*** ਉਹ ਨੀਲੇ ਬਾਣੇ ਪਹਿਨ ਕੇ ਖੜ੍ਹੇ ਸਨ। ੮੬।

***ਦੋਹਰਾ॥ ਪੜ੍ਹੈਂ ਸ਼ਬਦ ਬਡ ਠਾਠ ਕਰ ਸੁੰਦਰ ਜੋੜੀ ਮਿਲਾਇ॥*** ਰਬਾਬ (ਜੋੜੀ) ਤਬਲੇ ਨਾਲ ਆਪਣੀ ਸੁਰ ਮਿਲਾ ਕੇ ਬੜੇ ਸੁੰਦਰ ਠਾਠ ਵਿਚ ਸ਼ਬਦ ਪੜ੍ਹ ਰਹੇ ਸਨ। (ਵਾ) ਸਾਰੇ ਸ਼ਹੀਦ ਸਿੰਘ (ਜੋੜੀ) ਜੋਟੀਆਂ ਦੇ ਸ਼ਬਦ ਸੁਰਾਂ ਮਿਲਾ ਕੇ ਪੜ੍ਹਦੇ ਆ ਰਹੇ ਸਨ।

***ਤੁਰੇ ਗੁਰਬਖ਼ਸ਼ ਸਿੰਘ ਲੈਣ ਕੋ ਬਾਣੋ ਖ਼ੂਬ ਬਣਾਇ॥ ੮੭॥*** ਭਾਈ ਗੁਰਬਖ਼ਸ਼ ਸਿੰਘ ਜੀ ਨੂੰ ਲਿਜਾਣ ਵਾਸਤੇ ਤੁਰੇ ਸ਼ਹੀਦ ਸਿੰਘ, ਖ਼ੂਬ ਬਾਣਾ ਸਜਾਇਆ, ਸਭ ਸ਼ਹੀਦਾਂ ਸਿੰਘਾਂ ਨੇ। ੮੭।

***ਚੌਪਈ॥ ਮਨੀ ਸਿੰਘ ਜੀ ਆਏ ਆਪ॥*** ਸ਼ਹੀਦ ਭਾਈ ਮਨੀ ਸਿੰਘ ਜੀ ਆਪ ਭਾਈ ਗੁਰਬਖ਼ਸ਼ ਸਿੰਘ ਜੀ ਨੂੰ ਲੈਣ ਵਾਸਤੇ ਆਏ।

***ਕਰਤੇ ਗ੍ਰੰਥ ਗੁਰ ਬਾਣੀ ਜਾਪ॥*** ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਜਾਪ ਕਰਦੇ ਆਏ।

***ਤਾਰੂ ਸਿੰਘ ਜੀ ਆਏ ਇਸ ਭਾਇ॥*** ਭਾਈ ਤਾਰੂ ਸਿੰਘ ਜੀ ਵੀ ਇਸ ਪ੍ਰਕਾਰ ਆਏ ਹਨ, ਇਸ ਤਰੀਕੇ ਨਾਲ।

***ਖਾਨੂੰ ਨਰੜਯੋ ਦਾਮਨ ਪਾਇ॥ ੮੮॥*** ਭਾਈ ਤਾਰੂ ਸਿੰਘ ਜੀ ਨੇ (ਖਾਨੂੰ) ਜ਼ਕਰੀਆ ਖ਼ਾਨ ਸੂਬਾ ਲਹੌਰ ਨੂੰ ਰੱਸੀ ਪਾ ਕੇ ਨਰੜਿਆ ਹੋਇਆ ਸੀ। ੮੮।

***ਪਗੜ੍ਹਾਨਨ ਵਾਰੇ ਲਾਏ ਗੈਲ॥*** ਜੁੱਤੀਆਂ ਮਾਰਨ ਵਾਲੇ ਉਸ (ਖਾਨੂੰ) ਦੇ ਮਗਰ ਲਾਏ ਹੋਏ ਸਨ।

***ਮਾਰ ਕੂਟ ਉਸ ਲਾਹੇ ਖੈਲ॥*** ਕੁੱਟ-ਮਾਰ ਕਰ-ਕਰ ਕੇ ਸ਼ਹੀਦ ਸਿੰਘ ਉਸ ਦੀ ਖਲ ਉਤਾਰਦੇ ਸਨ।

***ਜਿਨ ਜਿਨ ਦੁਸ਼ਟਨ ਸਿੰਘ ਸਤਾਏ॥*** ਜਿਨ੍ਹਾਂ ਜਿਨ੍ਹਾਂ ਦੁਸ਼ਟਾਂ ਨੇ ਸਿੰਘਾਂ ਨੂੰ ਦੁਖੀ ਕੀਤਾ ਸੀ।

***ਤੇਤੇ ਤੁਰਕ ਹੇਠ ਪਾਲਕੀ ਲਾਏ॥ ੮੯॥*** ਕੁਹਾਰਾਂ ਵਾਂਗ ਉਨ੍ਹਾਂ ਤੁਰਕਾਂ ਨੂੰ ਪਾਲਕੀਆਂ ਹੇਠ ਜੋੜ ਕੇ ਲਾਇਆ। ਉਨ੍ਹਾਂ ਦੁਸ਼ਟ ਤੁਰਕਾਂ ਨੇ ਪਾਲਕੀਆਂ ਨੂੰ ਆਪਣੇ ਮੋਢਿਆਂ 'ਤੇ ਚੁੱਕ ਰਖਿਆ ਸੀ। ੮੯।

***ਢੁੱਕ ਸਿੰਘ ਗੁਰ ਫਤ੍ਹੇ ਬੁਲਾਈ॥*** ਜਦੋਂ ਸ਼ਹੀਦਾਂ ਸਿੰਘਾਂ ਦਾ ਜੱਥਾ ਬਾਬਾ ਗੁਰਬਖ਼ਸ਼ ਸਿੰਘ ਜੀ ਦੇ ਨੇੜੇ ਆਇਆ ਤਾਂ ਦੋਹਾ ਪਾਸਿਆਂ ਤੋਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤ੍ਹੇ' ਬੁਲਾਈ।

***ਗੋਡਨ ਛੁਹੇ ਮਿਲੇ ਜੱਫੀਆਂ ਪਾਈ॥*** ਸਿੰਘਾਂ ਨੇ ਇਕ ਦੂਜੇ ਦੇ ਗੋਡੀਂ ਹੱਥ ਲਾਇਆ ਅਤੇ ਜੱਫੀਆਂ ਪਾ ਕੇ ਮਿਲੇ।

***ਬਹੁਤ ਖੁਸ਼ੀ ਵਲ ਦੋਹਨ ਆਈ॥*** ਜਿਹੜੇ ਪਹਿਲਾਂ ਸ਼ਹੀਦ ਹੋ ਕੇ ਗਏ ਅਤੇ ਜਿਹੜੇ ਹੁਣ ਸ਼ਹੀਦ ਹੋ ਕੇ ਜਾ ਰਹੇ ਸਨ। ਦੋਹਾਂ ਪਾਸਿਆਂ ਦੇ ਸ਼ਹੀਦ ਸਿੰਘਾਂ ਨੂੰ ਬੜੀ ਖੁਸ਼ੀ ਹੋਈ।

***ਮਿਲੇ ਭਰਥ ਜਿਮ ਲਛਮਨ ਭਾਈ॥ ੯੦॥*** ਜਿਵੇਂ ਭਰਤ ਲਛਮਣ ਨੂੰ ਮਿਲਿਆ ਸੀ, ਬੜੇ ਹੀ ਚਾਉ ਨਾਲ ਗਲਵਕੜੀ ਪਾ ਕੇ, ਸ਼ਹੀਦ ਸਿੰਘ ਇਉਂ ਮਿਲੇ। ੯੦।

***ਦੋਹਰਾ॥ ਹਾਥ ਜੋੜ ਠਾਂਢੋ ਭਯੋ ਲਾਇ ਚਰਨ ਸੁ ਗੁਰ ਕੋ ਧਯਾਨ॥*** ਸੱਚੀ ਦਰਗਾਹ ਦੇ ਵਿਚ ਗੁਰੂ ਦੇ ਚਰਨਾਂ ਦਾ ਧਿਆਨ ਧਰ ਕੇ ਹੱਥ ਜੋੜ ਕੇ ਖੜ੍ਹੇ ਹੋ ਗਏ।

***ਗੁਰਬਖ਼ਸ਼ ਸਿੰਘ ਇਮ ਬਚ ਕਹਯੋ, 'ਤੂੰ ਆਪੈ ਜਾਣੀ ਜਾਣ॥ ੯੧॥*** ਭਾਈ ਗੁਰਬਖ਼ਸ਼ ਸਿੰਘ ਜੀ ਨੇ ਗੁਰੂ ਜੀ ਨੂੰ ਕਿਹਾ, ਮਹਾਰਾਜ! ਤੁਸੀਂ ਆਪ ਹੀ ਜਾਣੀ-ਜਾਣ ਹੋ, ਅੰਤਰਜਾਮੀ ਹੋ। ੯੧।

***ਚੌਪਈ॥ ਜੋ ਹਜ਼ੂਰ ਨਿਜ ਪੰਥ ਰਚਾਯਾ॥*** ਗੁਰਬਖ਼ਸ਼ ਸਿੰਘ ਬੇਨਤੀ ਕਰਦੇ ਮਹਾਰਾਜ ਜੀ, ਜੋ ਹਜ਼ੂਰ ਨੇ ਖਾਲਸੇ ਪੰਥ ਦੀ ਰਚਨਾ ਕੀਤੀ।

***ਅਬ ਤਿਸਨੈ ਹੈ ਬਹੁ ਦੁਖ ਪਾਯਾ॥*** ਹੁਣ ਉਸ (ਖਾਲਸੇ) ਨੇ ਬਹੁਤ ਦੁਖ ਪਾਇਆ ਹੈ।

***ਕਾਬਲ ਤੇ ਜੋਊ ਕੁਤੋ ਮੰਗਾਯੋ॥*** ਕਾਬਲ ਤੋਂ ਜਿਹੜਾ ਤੁਸੀਂ (ਕਾਬਲੀ ਕੁੱਤਾ) ਅਹਿਮਦ ਸ਼ਾਹ ਅਬਦਾਲੀ ਮੰਗਾਇਆ।

***ਬੰਦੈ ਜਿਮ ਉਸ ਚਹੀਅਤ ਗਲਾਯੋ॥ ੯੨॥*** ਬੰਦੇ ਬਹਾਦਰ ਦੀ ਤਰ੍ਹਾਂ ਉਸ ਦਾ ਵੀ ਨਾਸ ਕਰਨਾ ਚਾਹੀਦਾ ਹੈ। ੯੨।

***ਬਹੁ ਦੁਖ ਇਨ ਖਾਲਸੈ ਦਯੋ॥*** ਇਸ ਕੁੱਤੇ (ਅਹਿਮਦ ਸ਼ਾਹ) ਨੇ ਖਾਲਸੇ ਨੂੰ ਬੜਾ ਦੁਖ ਦਿੱਤਾ ਹੈ।

***ਅਬ ਇਸ ਚਹੀਯਤ ਫੇਰ ਨ ਅਯੋ॥*** ਮਹਾਰਾਜ ਜੀ! ਸਾਡੀ ਤਾਂ ਇਹੀ ਅਰਦਾਸ ਬੇਨਤੀ ਹੈ ਆਪ ਜੀ ਦੇ ਚਰਨਾਂ ਵਿਚ ਕਿ ਹੁਣ ਤਾਂ ਇਹ ਆਗਿਆ, ਇਸ ਤੋਂ ਬਾਅਦ ਫਿਰ ਨਹੀਂ ਆਉਣਾ ਚਾਹੀਦਾ ਸਾਡੇ ਦੇਸ਼ ਵਿਚ।

***ਤੇਰੋ ਖਾਲਸੋ ਆਪ ਲੜਵੈਯੋ॥*** ਤੇਰੇ ਖਾਲਸੇ ਨੂੰ ਤੁਸੀਂ ਆਪ ਹੀ ਲੜਾਈ ਕਰਨ ਦਾ ਬਲ ਬਖਸ਼ੋ, ਤੁਸੀਂ ਆਪ ਹੀ ਆਪਣੇ ਖਾਲਸੇ ਨੂੰ ਦੁਸ਼ਮਣ ਨਾਲ ਲੜਾਓ।

***ਇਨ ਹੀ ਤੇ ਸਭ ਦੁਸ਼ਟ ਮਰਵੈਯੋ॥ ੯੩॥*** ਜਿੰਨੇ ਦੁਸ਼ਟ ਰਹਿੰਦੇ ਨੇ ਪਿੱਛੇ ਇਨ੍ਹਾਂ (ਸਿੰਘਾਂ) ਤੋਂ ਸਾਰੇ ਦੁਸ਼ਟਾਂ ਨੂੰ ਮਰਵਾਓ। ੯੩।

***ਪੰਜਾਬ ਦੌਲਤ ਯਾਹੀ ਤੇ ਸਿੰਘ ਖਾਹਿ॥*** ਪੰਜਾਬ ਦੀ ਦੌਲਤ ਅਹਿਮਦ ਸ਼ਾਹ ਲੁੱਟ ਕੇ ਲੈ ਜਾਂਦਾ ਹੈ, ਹਰ ਸਾਲ ਚੜ੍ਹ ਕੇ ਆ ਜਾਂਦਾ। ਇਹ ਦੌਲਤ ਤੇਰਾ ਖਾਲਸਾ ਹੀ ਵਰਤੇ, ਇਹੀ ਪੰਜਾਬ ਦਾ ਸਰਮਾਇਆ ਤੇਰੇ ਸਿੰਘ ਖਾਣ-ਪੀਣ।

***ਦੱਖਣੀ ਪਛਮੀ ਕਿਮ ਲੈ ਜਾਹਿ॥*** ਦੱਖਣੀ ਭਾਵ ਮਰ੍ਹੱਟੇ ਤੇ ਪੱਛਮੀ ਤੁਰਕ ਜਰਵਾਣੇ ਇਹ ਪੰਜਾਬ ਦੀ ਦੌਲਤ ਕਿਉਂ ਲੈ ਕੇ ਜਾਣ, ਤੇਰਾ ਖਾਲਸਾ ਹੀ ਵਰਤੇ।

***ਬਚਨ ਸਿੰਘ ਸੁਨ ਗੁਰ ਖੁਸ਼ ਭਏ॥*** ਭਾਈ ਗੁਰਬਖ਼ਸ਼ ਸਿੰਘ ਜੀ ਦੇ ਬਚਨ ਸੁਣ ਕੇ ਸਤਿਗੁਰੂ ਜੀ ਪ੍ਰਸੰਨ ਹੋ ਗਏ।

***ਤਥਾ ਅਸਤੁ ਸਤਿਗੁਰ ਬਚ ਕਹੇ॥ ੯੪॥*** ਸਤਿਗੁਰ ਜੀ ਨੇ ਬਚਨ ਕਿਹਾ 'ਤਥਾ ਅਸਤੁ' 'ਇਸ ਤਰ੍ਹਾਂ ਹੋਵੇਗਾ' ਜਿਵੇਂ ਤੁਸੀਂ ਕਹਿੰਦੇ ਹੋ, ਅੱਗੇ ਨੂੰ ਇਹ ਕਾਬਲੀ ਕੁੱਤਾ ਨਹੀਂ ਆਵੇਗਾ, ਸਤਿਗੁਰਾਂ ਨੇ ਭਾਈ ਗੁਰਬਖ਼ਸ਼ ਸਿੰਘ ਜੀ ਦਾ ਬਚਨ ਮਨਜ਼ੂਰ ਕਰ ਲਿਆ। ੯੪।

**ਸ਼ਾਹੂ ਜਹੰਨਮ ਉਤ ਸਾਲੈ ਗਯੋ॥** ਅਹਿਮਦ ਸ਼ਾਹ ਅਬਦਾਲੀ ਉਸੇ ਸਾਲ (ਜਹੰਨਮ) ਨਰਕਾਂ ਨੂੰ ਗਿਆ ਮਰ ਕੇ।

**ਸਰਬਤ ਖਾਲਸੈ ਇਸ ਬਿਧ ਖੁਸ਼ੀ ਅਯੋ॥** ਇਸ ਪ੍ਰਕਾਰ ਸਰਬੱਤ ਖਾਲਸੇ ਵਿਚ ਖੁਸ਼ੀਆਂ ਹੋਈਆਂ ਦਰਗਾਹ ਵਿਚ।

**ਅਗੈ ਸੁਨੋ ਸੁ ਪਿਛਲੀ ਬਾਤ॥** ਅੱਗੇ ਹੁਣ ਪਿੱਛੇ ਦੀ ਜਿਥੇ ਗੁਰਬਖ਼ਸ਼ ਸਿੰਘ ਜੀ ਅਤੇ ਹੋਰ ਸਿੰਘਾਂ ਨੇ ਸ਼ਹੀਦੀਆਂ ਪਾਈਆਂ, ਉਹ ਵਾਰਤਾ ਸੁਣੋ।

**ਗਿਲਜੇ ਮੁੜੇ ਜਿਮ ਸਿੰਘਨ ਕਰ ਘਾਤ॥ ੯੫॥** ਸਿੰਘਾਂ ਨੂੰ (ਘਾਤ) ਸ਼ਹੀਦ ਕਰ ਜਿਵੇਂ ਗਿਲਜੇ ਵਾਪਸ ਮੁੜੇ। ੯੫।

**ਦੋਹਰਾ॥ ਗਿਲਜਨ ਡੇਰਾ ਤੌ ਕੀਓ ਕਿਲ੍ਹੈ ਭੰਗੀਓਂ ਪਾਸ॥** ਜੰਗ ਕਰਕੇ ਗਿਲਜੇ ਥੱਕ ਗਏ ਅਤੇ ਰਾਤ ਪੈਣ ਲੱਗੀ, ਗਿਲਜਿਆਂ ਨੇ ਆਪਣਾ ਡੇਰਾ ਭੰਗੀਆਂ ਦੇ ਕਿਲ੍ਹੇ ਕੋਲ ਕਰ ਲਿਆ।

**ਰਾਤ ਪਰੀ ਖਾਲਸੋ ਜਗਯੋ ਨਿਕਸ ਖਾਤਨ ਖੱਡਨ ਵਾਸ॥ ੯੬॥** ਸਿੰਘਾਂ ਦਾ ਰਾਤ ਨੂੰ ਦਿਨ ਚੜ੍ਹ ਜਾਂਦਾ, ਰਾਤ ਪਈ ਤੋਂ ਖਾਲਸਾ ਜਾਗਿਆ, ਜਿਸ ਖਾਲਸੇ ਦਾ ਵਾਸਾ (ਖਾਤਨ) ਟੋਇਆਂ ਵਿਚ ਤੇ ਖੱਡਾਂ ਵਿਚ ਸੀ, ਨਿਕਲ ਕੇ ਆਏ। ੯੬।

**ਚੌਪਈ॥ ਗਿਲਜੇ ਥਕ ਵੈ ਮੂਧੇ ਪਏ॥** ਗਿਲਜੇ ਥਕ ਕੇ ਜੰਗ ਵਿਚ ਮੂਧੇ ਮੂੰਹ ਸੁੱਤੇ ਪਏ ਸਨ।

**ਘੋੜੇ ਕਈ ਖਾਲਸੇ ਕੱਢ ਲਏ॥** ਉਨ੍ਹਾਂ ਗਿਲਜਿਆਂ ਦੇ ਕਈ ਘੋੜੇ ਸਿੰਘ ਕੱਢ ਕੇ ਲੈ ਗਏ ਰਾਤ ਨੂੰ।

**ਮਾਰ ਗਿਲਜਨ ਕਿਨ ਬਦਲੇ ਲਏ॥** ਕਿਸੇ ਸਿੰਘ ਨੇ ਗਿਲਜਿਆਂ ਨੂੰ ਮਾਰ-ਮਾਰ ਕੇ ਬਦਲਾ ਲਿਆ ਸ਼ਹੀਦ ਸਿੰਘਾਂ ਦਾ।

**ਬਹੁਤ ਅਕਾਏ ਸੌਣ ਨ ਦਏ॥ ੯੭॥** ਗਿਲਜਿਆਂ ਨੂੰ ਬਹੁਤ ਅਕਾਇਆ ਸਿੰਘਾਂ ਨੇ, ਰਾਤ ਨੂੰ ਸੌਣ ਵੀ ਨਹੀਂ ਦਿੱਤਾ, ਵੱਢੀ ਤੁਰੇ ਗਏ। ੯੭।

**ਗਿਲਜਨ ਕੀਨੋ ਕੂਚ ਪਰਾਤ॥** ਗਿਲਜਿਆਂ ਨੇ ਦਿਨ ਚੜ੍ਹਦਿਆਂ ਸਾਰ ਹੀ ਭੱਜਣ ਦੀ ਕੀਤੀ, ਕੂਚ ਕਰ ਦਿੱਤਾ ਡੇਰਾ।

**ਰਲੇ ਸ਼ਾਹਿ ਸੌਂ ਜੰਡਾਲੇ ਜਾਤ॥** ਜੰਡਿਆਲੇ ਗੁਰੂ ਵਾਲਾ ਹਰਿਭਗਤ ਨਿਰੰਜਨੀਆਂ ਅਹਿਮਦ ਸ਼ਾਹ ਦਾ ਯਾਰ ਸੀ, ਉਸਦੇ ਕੋਲ ਅਹਿਮਦ ਸ਼ਾਹ ਜੰਡਿਆਲੇ ਰੁਕਿਆ ਹੋਇਆ ਸੀ, ਗਿਲਜੇ ਜੰਡਿਆਲੇ ਜਾ ਰਲੇ ਅਹਿਮਦ ਸ਼ਾਹ ਦੇ ਨਾਲ।

**ਅਬ ਸੁਨੋ ਸ਼ਹੀਦਨ ਲੋਥਨ ਬਾਤ॥** ਹੁਣ ਸ਼ਹੀਦ ਸਿੰਘਾਂ ਦੀਆਂ ਲੋਥਾਂ ਦੀ ਗੱਲ ਸੁਣੋ।

**ਸਿੰਘਨ ਫੂਕ ਦਈ ਜਿਹ ਭਾਂਤ॥ ੯੮॥** ਸਿੰਘਾਂ ਨੇ ਜਿਸ ਪ੍ਰਕਾਰ ਉਹਨਾਂ ਸ਼ਹੀਦ ਸਿੰਘਾਂ ਦੀਆਂ ਲੋਥਾਂ ਦਾ ਸਸਕਾਰ ਕੀਤਾ। ੯੮।

**ਪਰੀ ਨਿਸਾ ਗਿਲਜੇ ਹਟਿ ਗਏ॥** ਰਾਤ ਪਈ ਤੋਂ ਗਿਲਜੇ ਉਥੋਂ ਹੱਟ ਕੇ ਦੂਰ ਚਲੇ ਗਏ।

**ਸਿੰਘ ਖਬਰਨ ਕੋ ਤੌ ਤਹਿੰ ਅਏ॥** ਰਾਤ ਨੂੰ ਸਿੰਘ ਖ਼ਬਰਾਂ ਲੈਣ ਵਾਸਤੇ ਆਏ ਕਿ ਜੰਗ ਦਾ ਕੀ ਹੋਇਆ?

**ਬਿਨ ਸੀਸਨ ਸਭ ਲੋਥਾਂ ਪਾਈ॥** ਸਿੰਘਾਂ ਤੇ ਗਿਲਜਿਆਂ ਦੀ ਲੋਥਾਂ ਬਿਨਾ ਸਿਰਾਂ ਦੇ ਪਾਈਆਂ।

**ਅਪਨ ਬਿਗਾਨਾ ਸਮਝਯੋ ਨ ਜਾਈ॥ ੯੯॥** ਰਾਤ ਦਾ ਸਮਾਂ ਸੀ ਬਿਨਾ ਸਿਰਾਂ ਤੋਂ ਧੜ ਹੋਣ ਕਰਕੇ ਆਪਣੇ ਤੇ ਬਿਗਾਨੇ ਦੀ ਪਛਾਣ ਨਹੀਂ ਆਉਂਦੀ। ੯੯।

**ਮਿਲ ਸਿੰਘਨ ਯੌਂ ਬਾਤ ਠਹਿਰਾਈ॥** ਸਿੰਘਾਂ ਨੇ ਮਿਲ ਕੇ ਇਉਂ ਗੱਲ ਪੱਕੀ ਕੀਤੀ।

**ਇਕ ਥਾਂ ਸਬਹਨ ਚਿਖਾ ਚਿਨਾਈ॥** ਇਕੋ ਥਾਂ ਸਭ ਦੀ (ਚਿਖਾ) ਅੰਗੀਠਾ ਚਿਣਵਾ ਦਿੱਤਾ, ਸਸਕਾਰ ਕਰਨ ਵਾਸਤੇ।

**ਚੱਕ ਸਿੰਘਨ ਬਹੁ ਲਕੜੀ ਆਣੀ॥** ਸਿੰਘਾਂ ਨੇ ਬਹੁਤ ਸਾਰੀਆਂ ਲੱਕੜਾਂ ਚੁੱਕ ਕੇ ਲਿਆਂਦੀਆਂ।

**ਅਕਾਲ ਬੁੰਗੈ ਕੇ ਪਿੱਛੇ ਠਾਣੀ॥ ੧੦੦॥** ਸ੍ਰੀ ਅਕਾਲ ਬੁੰਗੇ ਦੇ ਪਿੱਛੇ ਜਿਥੇ ਅੱਜ-ਕਲ੍ਹ ਭਾਈ ਗੁਰਬਖਸ਼ ਸਿੰਘ ਜੀ ਦਾ ਸ਼ਹੀਦ ਗੰਜ ਹੈ। ਉਥੇ ਲੱਕੜਾਂ ਇਕੱਠੀਆਂ ਕਰ ਕੇ ਚਿਖਾ ਬਣਾਈ ਸਭ ਦੀ। ੧੦੦।

**ਦੋਹਰਾ॥ ਇੱਕ ਚਿਖਾ ਪੈ ਸਭ ਧਰੇ ਦੀਨ ਹੁਤਾਸਨ ਲਾਇ॥** ਕਿਹੜੀ ਪਛਾਣ ਹੈ ਕਿਸੇ ਦੀ ਕੋਈ, ਇਕੋ ਚਿਖਾ 'ਤੇ ਸਭ

ਨੂੰ ਰੱਖ ਕੇ, ਲੱਕੜਾਂ ਚਿਣ ਕੇ (ਹੁਤਾਸਨ) ਅਗਨੀ ਲਾ ਦਿੱਤੀ ਹੈ ਚਿਖਾ ਨੂੰ।

***ਕਰਯੋ ਕੜਾਹ ਸੁ ਤਹਿਂ ਹੁਤੋ ਸਭ ਹੀ ਦਯੋ ਵਰਤਾਇ॥ ੧੦੧॥*** ਸਿੰਘਾਂ ਨੇ ਕੜਾਹ ਪ੍ਰਸ਼ਾਦ ਕਰ ਕੇ ਰੱਖਿਆ ਹੋਇਆ ਸੀ ਓਥੇ, ਕਿਉਂਕਿ ਵਿਆਹ ਦਾ ਕੰਮ ਸੀ, ਵਿਆਹ ਜੋ ਕੀਤਾ ਸੀ, ਸਾਰਾ ਕੜਾਹ ਪ੍ਰਸ਼ਾਦ ਵਰਤਾ ਦਿੱਤਾ। ੧੦੧।

***ਚੌਪਈ॥ ਤੱਤਨ ਮੈਂ ਸਿੰਘ ਤੱਤ ਰਲ ਗਯੋ॥*** ਪੰਜਾਂ ਤੱਤਾਂ (ਵਾਯੂ, ਅਕਾਸ਼, ਅਗਨੀ, ਖਾਕ, ਤੇ ਜਲ) ਦਾ ਸਰੀਰ ਹੈ। ਪੰਜੇ ਤੱਤ ਸਰੀਰ ਦੇ ਆਪੋ ਆਪਣੇ ਤੱਤ ਵਿਚ ਰਲ ਗਏ।

***ਸਥੂਲ ਬਪੁ ਤਜਿ ਸੂਛਮ ਲਯੋ॥*** ਪੰਜਾਂ ਤੱਤਾਂ (ਸਥੂਲ) ਵੱਡੇ ਸਰੀਰ ਨੂੰ ਛੱਡ ਕੇ ਬਹੁਤ ਸੂਖਮ ਸਰੀਰ ਧਾਰ ਲਿਆ ਹੈ ਸ਼ਹੀਦਾਂ ਸਿੰਘਾਂ ਨੇ।

***ਅਥਵਾ ਹਿਕ ਦੇਹ ਸਿੰਘ ਜੀ ਧਾਰੀ॥*** ਬਲਕਿ ਬਾਬਾ ਗੁਰਬਖ਼ਸ਼ ਸਿੰਘ ਜੀ ਅਤੇ ਹੋਰ ਸ਼ਹੀਦਾਂ ਸੂਖਮ ਸਰੀਰ ਧਾਰ ਲਿਆ ਹੈ।

***ਰਲਿਓ ਜਾਇ ਸ਼ਹੀਦਨ ਮਝਾਰੀ॥ ੧੦੨॥*** ਸਾਰੇ ਸ਼ਹੀਦ ਸਿੰਘ ਸ਼ਹੀਦੀ ਰੁਤਬਾ ਪ੍ਰਾਪਤ ਕਰਕੇ ਸ਼ਹੀਦ ਸਿੰਘਾਂ ਵਿਚ ਜਾ ਰਲੇ। ੧੦੨।

***ਧੰਨ ਧੰਨ ਪੰਥ ਸਭੋ ਉਸ ਆਖੈਂ॥*** ਸਾਰਾ ਖਾਲਸਾ ਪੰਥ (ਬਾਬਾ ਗੁਰਬਖ਼ਸ਼ ਸਿੰਘ ਜੀ) ਨੂੰ ਧੰਨ ਧੰਨ ਆਖ ਕੇ ਉਸ ਦਾ ਜਸ ਕਰ ਰਿਹਾ ਸੀ।

***ਮਾਤ ਪਿਤਾ ਸਭ ਧੰਨ ਉਸ ਭਾਖੈਂ॥*** ਉਸ ਦੇ ਮਾਤਾ ਜੀ ਅਤੇ ਪਿਤਾ ਜੀ ਨੂੰ ਵੀ ਧੰਨ-ਧੰਨ ਕਹਿੰਦੇ, ਜਿਨ੍ਹਾਂ ਨੇ ਐਸੇ ਮਹਾਂਬਲੀ ਸੂਰਵੀਰ ਨੂੰ ਜਨਮ ਦਿੱਤਾ।

***ਸ਼ਹੀਦ ਗੰਜ ਤਹਿਂ ਸਿੰਘਨ ਬਨਵਾਯੋ॥*** ਪਿੱਛੋਂ ਸਿੰਘਾਂ ਨੇ ਸ਼ਹੀਦ ਸਿੰਘਾਂ ਅਤੇ ਬਾਬਾ ਗੁਰਬਖਸ਼ ਸਿੰਘ ਜੀ ਦੇ ਸ਼ਹੀਦੀ ਅਸਥਾਨ 'ਤੇ ਗੁ. ਸ਼ਹੀਦ ਗੰਜ ਬਣਵਾਇਆ ਹੈ, ਉਨ੍ਹਾਂ ਦੀ ਯਾਦ ਵਿਚ ਅੱਜ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪਿਛਲੇ ਪਾਸੇ ਬਾਬਾ ਗੁਰਬਖ਼ਸ਼ ਸਿੰਘ ਜੀ ਦਾ ਗੁ. ਸ਼ਹੀਦ ਗੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਹਨ।

***ਸੁਖਨਾਂ ਸੁਖੈ ਤਿਸੈ ਬਰ ਆਯੋ॥ ੧੦੩॥*** ਜੇ ਕੋਈ ਉਥੇ ਸੁਖਣਾ ਸੁਖਦਾ ਹੈ, ਉਸ ਨੂੰ ਵਰ ਆਉਂਦੀ ਹੈ, ਪੂਰੀ ਹੋ ਜਾਂਦੀ ਸੁਖਣਾ। ੧੦੩।

***ਐਸੀ ਕਲਾ ਉਸ ਜਗਾ ਹੋਈ॥*** ਜਿਥੇ ਐਸਾ ਸ਼ਹੀਦੀ ਸਾਕਾ ਵਰਤਿਆ, ਉਸ ਜਗ੍ਹਾ ਦੀ ਐਸੀ ਸ਼ਕਤੀ ਹੋਈ ਗੁਰੂ ਮਹਾਰਾਜ ਜੀ ਵੱਲੋਂ।

***ਭੂਤ ਦਰਸ ਤਹਿਂ ਰਹੈ ਨ ਕੋਈ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਉਸ ਸ਼ਹੀਦ ਗੰਜ ਦੇ ਦਰਸ਼ਨ ਕਰਨ ਨਾਲ, ਕਿਸੇ ਪ੍ਰਕਾਰ ਦਾ ਕੋਈ ਭੂਤ ਪ੍ਰੇਤ ਚੰਬੜਿਆ ਹੋਵੇ, ਉਹ ਨਹੀਂ ਰਹਿੰਦਾ। ਉਦੋਂ ਹੀ ਉੱਡ ਜਾਂਦਾ ਹੈ।

***ਬਹੁਤ ਸਿੰਘ ਤਹਿਂ ਕੜਾਹੁ ਕਰਾਵੈਂ॥*** ਬਹੁਤ ਸਿੰਘ ਉਥੇ ਜਾ ਕੇ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਵੀ ਕਰਵਾਉਂਦੇ।

***ਮਨ ਇੱਛਤ ਸਭ ਹੀ ਫਲ ਪਾਵੈਂ॥ ੧੦੪॥*** ਜੋ ਮਨ ਇੱਛਾ ਕਰਦਾ ਹੈ ਕੋਈ, ਉਸ ਅਸਥਾਨ ਤੋਂ ਸਾਰੇ ਫਲ ਪ੍ਰਾਪਤ ਹੁੰਦੇ। ੧੦੪।

***ਆਗੇ ਸੁਨੋਂ ਔਰ ਪਰਸੰਗ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਅੱਗੇ ਏਸੇ ਪ੍ਰਸੰਗ ਦੀ ਹੋਰ ਗੱਲ ਸੁਣੋ, ਜੋ ਅਜੇ ਬਾਕੀ ਰਹਿੰਦਾ ਹੈ।

***ਪੜ੍ਹਤ ਸੁਣਤ ਚਿਤ ਲਾਗੈ ਰੰਗ॥*** ਇਸ ਪ੍ਰਸੰਗ ਨੂੰ ਪੜ੍ਹੇ ਸੁਣੇ ਤੋਂ ਸਿੱਖੀ ਦਾ ਰੰਗ ਲਗਦਾ ਹੈ। ਜਿਸ ਨੂੰ ਸੁਣੇ ਤੋਂ ਸਿੱਖ ਦੇ ਹਿਰਦੇ ਵਿਚ ਸਿੱਖੀ ਪ੍ਰਵੇਸ਼ ਕਰਦੀ ਹੈ।

***ਜਬ ਸਤਿਗੁਰ ਬਚ ਸਿੰਘ ਲਏ ਮੰਨ॥*** ਜਦੋਂ ਸਤਿਗੁਰਾਂ ਨੇ ਭਾਈ ਗੁਰਬਖ਼ਸ਼ ਸਿੰਘ ਜੀ ਦਾ ਬਚਨ ਪ੍ਰਵਾਣ ਕਰ ਲਿਆ।

***ਤਬ ਹੀ ਭਯੋ ਖਾਲਸਾ ਧੰਨ॥ ੧੦੫॥*** ਉਦੋਂ ਤੋਂ ਹੀ ਖਾਲਸਾ ਪੰਥ ਧੰਨਤਾ ਯੋਗ ਹੋ ਗਿਆ ਹੈ।

***ਦੋਹਰਾ॥ ਗੁਰਬਖ਼ਸ਼ ਸਿੰਘ ਮਨ ਯੌਂ ਮਿਥੀ, 'ਅਬ ਰਹੀਐ ਸ਼ਹੀਦਨ ਪਾਸ'॥*** ਭਾਈ ਗੁਰਬਖ਼ਸ਼ ਸਿੰਘ ਜੀ ਨੇ ਮਨ ਵਿਚ

ਇਉਂ ਮਿਥਿਆ ਹੈ ਕਿ ਹੁਣ ਸ਼ਹੀਦ ਸਿੰਘਾਂ ਦੇ ਹੀ ਕੋਲ ਰਹੀਏ।

***ਠਾਂਢ ਭਯੋ ਕਰ ਜੋਰ ਢਿਗ ਸਤਿਗੁਰ ਕਰੀ ਅਰਦਾਸ॥ ੧੦੬॥*** ਖੜ੍ਹੇ ਹੋ ਕੇ ਦੋਵੇਂ ਹੱਥ ਜੋੜ ਕੇ ਭਾਈ ਗੁਰਬਖ਼ਸ਼ ਸਿੰਘ ਜੀ ਨੇ ਸਤਿਗੁਰਾਂ ਦੇ ਪਾਸ ਅਰਦਾਸ ਕੀਤੀ, ਮਹਾਰਾਜ ਸਾਡੀ ਬੇਨਤੀ ਪ੍ਰਵਾਣ ਕਰੋ। ੧੦੬।

***ਚੌਪਈ॥ ਅਗੈ ਸਤਿਗੁਰ ਥੇ ਜਾਣੀ ਜਾਣ॥*** ਸਤਿਗੁਰੂ ਜੀ ਤਾਂ ਪਹਿਲਾਂ ਹੀ ਜਾਣੀ-ਜਾਣ ਸਨ, ਅੰਤਰਜਾਮੀ ਸਨ, ਸਭ ਕੁਛ ਜਾਣਦੇ ਸੀ।

***ਹੋਇ ਕ੍ਰਿਪਾਲ ਗੁਰ ਕਹਯੋ ਵਖਾਣ॥*** ਗੁਰੂ ਜੀ ਨੇ ਕ੍ਰਿਪਾਲੂ ਹੋ ਕੇ ਕਿਹਾ, ਸਿੰਘਾਂ ਨੂੰ।

***'ਖੁਸ਼ੀ ਅਸਾਡੀ ਪ੍ਰਤਿ ਸਿੰਘਨ ਯਾਹਿ॥*** ਖਾਲਸਾ ਜੀ! ਸਿੰਘਾਂ ਪ੍ਰਤੀ ਸਾਡੀ ਖੁਸ਼ੀ ਇਹ ਹੈ।

***ਜਨਮ ਧਾਰੋ ਮਧ ਪੰਥ ਨਿਜ ਜਾਇ॥ ੧੦੭॥*** ਸਿੰਘੋ! ਤੁਸੀਂ ਆਪਣੇ ਹੀ ਖਾਲਸਾ ਪੰਥ ਵਿਚ ਜਾ ਕੇ ਜਨਮ ਧਾਰੋ, ਜਨਮ ਲਵੋ। ੧੦੭।

***ਪਗ ਧਰ ਅਗੈ ਸ਼ਹੀਦੀ ਜਿਨ ਪਾਈ॥*** ਜਿਨ੍ਹਾਂ ਸਿੰਘਾਂ ਨੇ ਆਪਣੇ ਪੈਰ ਅੱਗੇ ਧਰ ਕੇ, ਅੱਗੇ ਵਧ ਕੇ ਦੁਸ਼ਮਣ ਦਾ ਟਾਕਰਾ ਕਰਕੇ ਸ਼ਹੀਦੀਆਂ ਪਾਈਆਂ।

***ਤਿਤੋ ਹਜ਼ਾਰ ਫੌਜਦਾਰ ਬਣਵਾਈ॥*** ਜਿੰਨੇ ਕਦਮ ਅੱਗੇ ਵਧ ਕੇ, ਦੁਸ਼ਮਣ ਵੱਲ ਵਧ ਕੇ ਸ਼ਹੀਦੀ ਪਾਈ ਤੇ ਹਜ਼ਾਰ ਸੈਨਾ ਦਾ ਜਰਨੈਲ ਬਣਾ ਦਿੱਤਾ ਸਤਿਗਰਾਂ ਨੇ। ਜਿਸ ਨੇ ਦਸ ਕਦਮ ਅੱਗੇ ਵਧ ਕੇ ਸ਼ਹੀਦੀ ਪਾਈ, ਉਹ ਮੇਰਾ ਦਸ ਹਜਾਰੀ, ਜਿਸ ਨੇ ਵੀਹ ਕਦਮ ਅੱਗੇ ਵਧ ਕੇ ਸ਼ਹੀਦੀ ਲਈ, ਉਹ ਮੇਰਾ ਵੀਹ ਹਜ਼ਾਰੀ ਫ਼ੌਜ ਦਾ ਜਥੇਦਾਰ ਹੋਇਆ।

***ਤੂੰ ਸਬਹਨ ਮੈਂ ਹੋਹੁ ਸਰਦਾਰ॥*** ਮਹਾਰਾਜ ਕਹਿਣ ਲੱਗੇ, ਮੇਰੀ ਖੁਸ਼ੀ ਤਾਂ ਇਹ ਹੈ ਗੁਰਬਖ਼ਸ਼ ਸਿੰਘਾ! ਜਿਹੜੇ ਸਿੰਘ ਤੇਰੇ ਨਾਲ ਸ਼ਹੀਦ ਹੋਏ, ਜਿਹੜਾ ਤੇਰਾ ਸਰਬਾਲ੍ਹਾ ਬਣਿਆ, ਜਿਹੜੀ ਤੇਰੀ ਜੰਞ ਚੜ੍ਹੀ ਸੀ, ਉਨ੍ਹਾਂ ਸਾਰੇ ਸ਼ਹੀਦ ਸਿੰਘਾਂ 'ਤੇ ਤੂੰ ਸਰਦਾਰੀ ਕਰੇਂ, ਇਨ੍ਹਾਂ 'ਤੇ ਪਾਤਸ਼ਾਹੀ ਤੇਰੀ ਹੋਵੇ ਤੇ ਇਹ ਸਿੰਘ ਵੀ ਪਾਤਸ਼ਾਹ ਹੋਣ ਸਾਰੇ।

***ਭਯੋ ਸ਼ਹੀਦ ਜੁ ਗਿਲਜਨ ਮਾਰ॥ ੧੦੮॥*** ਜਿਹੜੇ ਸਿੰਘ ਗਿਲਜਿਆਂ ਨੂੰ ਮਾਰ ਕੇ ਸ਼ਹੀਦ ਹੋਏ। ੧੦੮।

***ਤੋ ਸਰਬ ਸ਼ਹੀਦਨ ਫੁਰਮਾਇਸ਼ ਕਰੀ॥*** ਤਦ ਸਾਰਿਆਂ ਸ਼ਹੀਦਾਂ ਨੇ ਫ਼ੁਰਮਾਇਸ਼ ਕੀਤੀ, ਜਿਹੜੇ ਪਹਿਲਾਂ ਉਥੇ ਸਤਿਗੁਰਾਂ ਦੇ ਕੋਲ ਰਹਿੰਦੇ ਸਨ।

***ਹਜ਼ੂਰ ਕਹੀ ਇਨ ਸਿਰ ਪਰ ਧਰੀ॥*** ਜੋ ਹਜ਼ੂਰ ਨੇ ਬਚਨ ਕਿਹਾ, ਇਨ੍ਹਾਂ ਨੇ ਸਿਰ ਮੱਥੇ 'ਤੇ ਰੱਖ ਲਿਆ, ਮੰਨ ਲਿਆ, ਪ੍ਰਵਾਨ ਕੀਤਾ।

***ਬਰਸ ਬਾਰਾਂ ਯਹਿ ਰਹੈ ਹਜ਼ੂਰ॥*** ਪਰ ਇਕ ਬਚਨ ਹੈ ਸਾਡਾ ਖਾਲਸੇ ਦਾ, ਸ਼ਹੀਦਾਂ ਦਾ, ਪਹਿਲਾਂ ਬਾਰ੍ਹਾਂ ਸਾਲ ਹਜ਼ੂਰ ਦੇ ਚਰਨਾਂ ਵਿਚ ਰਹਿ ਕੇ ਸੇਵਾ ਕਰੀਏ।

***ਧਾਰੈ ਪੰਥ ਜਾਇ ਜਨਮ ਜ਼ਰੂਰ॥ ੧੦੯॥*** ਫਿਰ ਜ਼ਰੂਰ ਹੀ ਜਾ ਕੇ ਖਾਲਸੇ ਪੰਥ ਵਿਚ ਜਨਮ ਲੈਣਾ ਕਰਾਂਗੇ। ੧੦੯।

***ਹਜ਼ੂਰ ਪ੍ਰਿਥਮ ਜਿਨ ਕਹੀ ਪਾਤਸ਼ਾਹੀ॥*** ਹਜ਼ੂਰ ਨੇ ਜਿਨ੍ਹਾਂ ਸਿੰਘਾਂ ਨੂੰ ਪਹਿਲਾਂ ਪਾਤਸ਼ਾਹੀਆਂ ਬਖਸ਼ੀਆਂ ਨੇ, ਜਿਹੜੇ ਸਿੰਘ ਹੁਣ ਰਾਜ ਕਰ ਰਹੇ ਹਨ ਸਾਰੇ ਪੰਜਾਬ ਦੇ ਵਿਚ।

***ਉਨੈਂ ਉਮਰ ਅਬ ਭੁੰਚੀ ਨਾਹੀਂ॥*** ਉਨ੍ਹਾਂ ਨੇ ਆਪਣੀ ਉਮਰ ਅਜੇ ਭੋਗੀ ਨਹੀਂ, ਅਜੇ ਬਾਰ੍ਹਾਂ ਸਾਲ ਉਨ੍ਹਾਂ ਨੂੰ ਹੋਰ ਭੋਗ ਲੈਣ ਦਿਓ ਪਾਤਸ਼ਾਹੀ।

***ਬਰਸ ਬਾਰਾਂ ਤੇ ਬਾਦ ਯਹਿ ਜਾਇ॥*** ਬਾਰ੍ਹਾਂ ਸਾਲ ਏਥੇ ਰਹਿਣ ਤੋਂ ਬਾਅਦ ਇਹ (ਗੁਰਬਖ਼ਸ਼ ਸਿੰਘ ਤੇ ਉਸ ਦੇ ਸਾਥੀ ਸਿੰਘ) ਜਾ ਕੇ ਜਨਮ ਲੈਣ।

***ਲਵੈਂਗੇ ਵੈ ਬਚ ਭੁੰਚਾਇ॥ ੧੧੦॥*** ਉਹ ਸਿੰਘ ਬਾਕੀ ਬਚੇ ਹੋਏ ਬਾਰ੍ਹਾਂ ਸਾਲ ਰਹਿੰਦੇ, ਆਪਣੇ ਰਾਜ ਭਾਗ ਦਾ ਅਨੰਦ

ਭੋਗ ਲੈਣਗੇ। ੧੧੦।

***ਦੋਹਰਾ॥ ਸ੍ਰੀ ਸਤਿਗੁਰ ਗਲ ਮੰਨ ਲਈ, ਰਲ ਕਹੀ ਸ਼ਹੀਦਨ ਜੋਇ॥*** ਜੋ ਸ਼ਹੀਦ ਸਿੰਘਾਂ ਨੇ ਰਲ ਕੇ ਬਚਨ ਕੀਤਾ, ਸਤਿਗੁਰਾਂ ਨੇ ਉਸ ਨੂੰ ਪ੍ਰਵਾਣ ਕਰ ਲਿਆ।

***'ਨਹਿਂ ਸਿੱਖਨ ਤੇ ਗੁਰ ਜੁਦੋਂ ਗੁਰ ਤੇ ਨਹਿਂ ਸਿਖ ਜੋਇ' ॥ ੧੧੧ ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਗੁਰੂ ਆਪਣੇ ਸਿੱਖਾਂ ਤੋਂ ਵੱਖਰਾ ਨਹੀਂ ਹੈ ਤੇ ਸਿੱਖ ਗੁਰੂ ਤੋਂ ਵੱਖਰੇ ਨਹੀਂ ਹਨ, ਗੁਰੂ ਖਾਲਸਾ ਏਸੇ ਕਰਕੇ ਕਹਿੰਦੇ ਹਨ, ਗੁਰੂ ਰੂਪ ਖਾਲਸਾ ਹੈ, ਗੁਰੂ ਖਾਲਸੇ ਵਿਚ ਨਿਵਾਸ ਰੱਖਦਾ ਹੈ। ਤਾਹੀਓਂ ਤਾਂ ਬਚਨ ਕੀਤਾ ਹੈ ਮਹਾਰਾਜ ਨੇ, ਦਿਦਾਰ ਖਾਲਸੇ ਕਾ, ਪਰਚਾ ਸ਼ਬਦ ਕਾ, ਪੂਜਾ ਅਕਾਲ ਕੀ। ੧੧੧।

***ਚੌਪਈ॥ ਸਤਿਗੁਰ ਬਚਨ ਸੋਊ ਮੰਨ ਲਏ॥*** ਸ਼ਹੀਦਾਂ ਸਿੰਘਾਂ ਨੇ ਜਿਹੜਾ ਬਚਨ ਕੀਤਾ, ਸਤਿਗੁਰੂ ਜੀ ਨੇ ਉਹ ਪ੍ਰਵਾਣ ਕਰ ਲਿਆ।

***ਤੌ ਸਿੰਘਨ ਦਿਲ ਫੂਲਤ ਭਏ॥*** ਤਾਂ ਸਿੰਘਾਂ ਦੇ ਦਿਲ ਫੁੱਲ ਗਏ, ਪ੍ਰਸੰਨ ਹੋ ਗਏ ਹਨ ਸਾਰੇ ਸਿੰਘ।

***ਫੁਨ ਗੁਰਬਖ਼ਸ਼ ਸਿੰਘ ਬਚਨ ਉਚਾਰਾ॥*** ਫਿਰ ਭਾਈ ਗੁਰਬਖ਼ਸ਼ ਸਿੰਘ ਜੀ ਨੇ ਬਚਨ ਕੀਤਾ ਸਤਿਗੁਰਾਂ ਦੇ ਚਰਨਾਂ ਵਿਚ।

***'ਹਮਰੋ ਹੁਕਮ ਕਬ ਮੰਨੈਂ ਪੰਥ ਸਾਰਾ॥ ੧੧੨॥*** ਹੇ ਮਹਾਰਾਜ ਜੀ! ਤੁਸੀਂ ਮੈਨੂੰ ਪਾਤਸ਼ਾਹੀ ਦਿੰਦੇ ਹੋ, ਸਰਬੱਤ ਖਾਲਸਾ ਮੇਰਾ ਹੁਕਮ ਕਦੋਂ ਮੰਨੇਗਾ। ਖਾਲਸਾ ਤਾਂ ਹੰਨੇ-ਹੰਨੇ ਪਾਤਸ਼ਾਹ ਹੈ, ਉਹ ਕਦੋਂ ਕਿਸੇ ਦਾ ਹੁਕਮ ਮੰਨਦਾ ਹੈ। ੧੧੨।

***ਤੌ ਸਤਿਗੁਰ ਅਤਿ ਕਿਰਪਾ ਕਰੀ॥*** ਤਾਂ ਸਤਿਗੁਰੂ ਜੀ ਨੇ ਭਾਈ ਗੁਰਬਖ਼ਸ਼ ਸਿੰਘ 'ਤੇ ਅਤੀ ਕਿਰਪਾ ਕਰ ਦਿੱਤੀ ਹੈ ਅਤੇ ਮਿਹਰ ਵਿਚ ਆ ਕੇ ਇਉਂ ਬਚਨ ਉਚਾਰਿਆ ਹੈ।

***'ਤੁਮ ਮੈਂ ਕਲਾ ਨਿਜੈ ਮਮ ਧਰੀ' ॥*** ਸਾਹਿਬ ਜੀ ਕਹਿੰਦੇ ਹਨ ਤੇਰੇ ਵਿਚ ਮੈਂ ਆਪਣੀ ਕਲਾ ਰੱਖੀ ਹੈ।

***ਜੋ ਹੰਨੇ ਹੰਨੇ ਕੀਏ ਥੇ ਪਤਿਸ਼ਾਹ॥*** ਜਿਹੜੇ ਮੈਂ ਅੱਗੇ ਹੰਨੇ-ਹੰਨੇ ਪਾਤਸ਼ਾਹ, ਪਾਤਸ਼ਾਹ ਬਣਾ ਚੁੱਕਿਆ ਹਾਂ।

***ਤੂੰ ਉਨ ਸ਼ਾਹਨ ਕੇ ਸਿਰ ਸ਼ਾਹ॥ ੧੧੩ ॥*** ਤੂੰ ਸਾਰਿਆਂ ਰਾਜਿਆਂ ਦੇ ਸਿਰ ਵੱਡਾ ਰਾਜਾ, ਮਹਾਰਾਜਾ ਹੋਵੇਗਾ, ਸਹਿਨਸ਼ਾਹ ਹੋਵੇਂਗਾ।੧੧੩।

***ਤੁਹ ਅਗੈ ਸਭ ਦੀਨੇ ਡਾਰ॥*** ਉਹ ਸਾਰੇ ਮੈਂ ਤੇਰੀ ਤਾਬਿਆ ਕਰ ਦਿੱਤੇ, ਤੇਰੇ ਅਧੀਨ ਕਰ ਦਿੱਤੇ।

***ਤੁਹਿ ਸੋਂ ਲਰੈ ਸੁ ਜਾਵੈ ਹਾਰ॥ ੧੧੪ ॥*** ਜੇ ਕੋਈ ਤੇਰੇ ਨਾਲ ਆ ਕੇ ਲੜਾਈ ਕਰੇਗਾ, ਤਾਂ ਉਹ ਹਾਰ ਕੇ ਜਾਇਗਾ। ੧੧੪।

***ਦੋਹਰਾ॥ ਜਿਤ ਵਲ ਦ੍ਰਿਸ਼ਟਿ ਸੁ ਤੂੰ ਧਰੈਂ ਉਸ ਕੋ ਹੋਇ ਬਿਨਾਸ਼॥*** ਸਤਿਗੁਰੂ ਜੀ ਨੇ ਵਰ ਦਿੱਤਾ ਹੈ, ਭਾਈ ਗੁਰਬਖ਼ਸ਼ ਸਿੰਘ ਜੀ ਨੂੰ, ਗੁਰਬਖ਼ਸ਼ ਸਿੰਘ! ਜਿਧਰ ਨੂੰ ਤੂੰ ਆਪਣੀ ਨਜ਼ਰ ਕਰੇਂਗਾ, ਆਪਣੀ ਕ੍ਰੋਧ ਭਰੀ ਨਿਗਾਹ ਕਰੇਂਗਾ, ਉਸ ਦਾ ਨਾਸ ਹੋ ਜਾਇਗਾ।

***ਲੜੈ ਅੜੈ ਆਕੀ ਭਵੈ ਹਾਰ ਆਵੈ ਤੁਹਿ ਪਾਸ॥ ੧੧੫॥*** ਜਿਹੜਾ ਕੋਈ ਤੇਰੇ ਅੱਗੇ ਅੜੇਗਾ ਜਾਂ ਲੜੇਗਾ, ਕੋਈ ਆਕੀ ਹੋਵੇਗਾ ਤੇਰੇ ਤੋਂ, ਉਹ ਹਾਰ ਕੇ ਫਿਰ ਤੇਰੀ ਸਰਣ ਵਿਚ ਆ ਜਾਣਗੇ। ੧੧੫।

***ਚੌਪਈ॥ ਤੌ ਸਤਿਗੁਰ ਸਿੰਘ ਬਚਨ ਉਚਾਰਾ॥*** ਤਾਂ ਸਤਿਗੁਰਾਂ ਨੂੰ ਭਾਈ ਗੁਰਬਖ਼ਸ਼ ਸਿੰਘ ਜੀ ਨੇ ਬਚਨ ਕੀਤਾ ਹੈ।

***'ਧਰੋ ਜਨਮ ਮੈਂ ਕਿਹ ਘਰ ਬਾਰਾ' ॥*** ਹੇ ਸੱਚੇ ਪਾਤਸ਼ਾਹ! ਗਰੀਬ ਨਿਵਾਜ਼! ਮੈਂ ਕਿਹੜੇ ਸਿੰਘ ਦੇ ਘਰ ਜਨਮ ਲਵਾਂਗਾ ਜੀ, ਮੈਨੂੰ ਹੁਕਮ ਹੋਵੇ, ਮੈਂ ਉਸ ਸਿੰਘ ਦੇ ਘਰ ਜਨਮ ਲਵਾਂ ਜਾ ਕੇ।

***ਸਤਿਗੁਰ ਕਹਯੋ ਜੋ ਹੁਇ ਨਰ ਸੂਰਾ॥*** ਸਤਿਗੁਰਾਂ ਨੇ ਕਿਹਾ, ਜਿਹੜਾ ਮਨੁੱਖ ਸੂਰਵੀਰ ਹੋਵੇ, ਜਿਹੜਾ ਬਚਨਾਂ ਦਾ ਸੂਰਾ ਪੂਰਾ ਹੋਵੇ, ਜਿਸ ਦੀ ਕਿਸੇ ਅੱਗੇ ਅੱਖ ਨਾ ਝੁਕੀ ਹੋਵੇ, ਜਿਹੜਾ ਐਸਾ ਜੋਧਾ ਹੋਵੇ।

***ਲਰ ਗਿਲਜਨ ਸੋਂ ਹੋਇ ਨ ਕੂਰਾ॥ ੧੧੬ ॥*** ਜਿਹੜਾ ਸਿੰਘ ਗਿਲਜਿਆਂ ਤੋਂ ਦਬਿਆ ਨਾ ਹੋਵੇ (ਕੂਰਾ) ਭਾਵ ਉਨ੍ਹਾਂ ਤੋਂ

ਅੱਖ ਨਾ ਮੋੜੀ ਹੋਵੇ। ੧੧੬।

***ਜਿਸੈ ਸ਼ਾਹਦੀ ਪੰਥ ਸਭ ਭਰੈ॥*** ਸਾਰਾ ਪੰਥ ਖਾਲਸਾ ਜਿਸ ਦੀ ਸ਼ਾਹਦੀ ਭਰੇ। ਜਿਹੜਾ ਸਿੰਘ ਅਬਦਾਲੀ ਨਾਲ ਲੜ ਕੇ ਪੂਰਾ ਉਤਰਿਆ ਹੋਵੇ। ਜਿਸ ਦੇ ਹੱਕ ਵਿਚ ਸਾਰਾ ਪੰਥ ਖਾਲਸਾ (ਸ਼ਾਹਦੀ) ਗਵਾਹੀ ਦੇਵੇ।

***ਜੋ ਦੁਸ਼ਟਨ ਸੋਂ ਜੁਧੋਂ ਨ ਟਰੈ॥*** ਜਿਹੜਾ ਸਿੰਘ ਦੁਸ਼ਟਾਂ ਨਾਲ ਜੁੱਧ ਕਰਨ ਤੋਂ ਟਲੇ ਨਾਂਹ, ਪਾਸਾ ਨਾ ਮੋੜਿਆ ਹੋਵੇ ਜਿਸ ਨੇ।

***ਜੋ ਪੰਥੈ ਹਿਤ ਸ੍ਰੀਰ ਚਹਿ ਲਾਯਾ॥*** ਜਿਹੜਾ ਸਿੰਘ ਪੰਥ ਦੇ ਹਿਤ, ਪੰਥ ਦੇ ਪਿਆਰ, ਪੰਥ ਦੀ ਸ਼ਾਨ ਉੱਚੀ ਕਰਨ ਵਾਸਤੇ, ਆਪਣਾ ਸਰੀਰ ਭੇਟਾ ਕਰਨਾ ਚਾਹੁੰਦਾ ਹੋਵੇ।

***ਜਿਨ ਪੰਥੈ ਹਿਤ ਪਰਸ੍ਵਾਰਥ ਕਮਾਯਾ॥ ੧੧੭॥*** ਜਿਸ ਸਿੰਘ ਨੇ ਪੰਥ ਦੇ ਵਾਸਤੇ ਪਰਉਪਕਾਰ ਕੀਤਾ ਹੋਵੇ। ੧੧੭।

***ਜੌ ਸਤਿਗੁਰ ਪੁਛ ਲਏ ਮੁਰੀਦ॥*** ਜੋ (ਮੁਰੀਦ) ਮੁਸਲਮਾਨ ਸਿੱਖ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਪੁੱਛ ਲਿਆ ਹੈ।

***ਘੱਲੂਘਾਰੇ ਜੋ ਭਏ ਸ਼ਹੀਦ॥*** ਜਿਹੜੇ ਮੁਰੀਦ ਸਿੱਖ, ਸੱਚੇ ਮੁਸਲਮਾਨ ਘਲੂਘਾਰੇ ਵਿਚ ਸ਼ਹੀਦ ਹੋਏ ਸਨ।

***ਸਬਹਿਨ ਨਾਮ ਚੜ੍ਹਤ ਸਿੰਘ ਕੋ ਲਯੋ॥*** ਜਦੋਂ ਸਾਰੇ ਮੁਰੀਦਾਂ ਸਿੱਖਾਂ ਨੂੰ ਪੁੱਛਿਆ, ਸਾਰਿਆਂ ਨੇ ਸ੍ਰ. ਚੜ੍ਹਤ ਸਿੰਘ ਦਾ ਨਾਮ ਲਿਆ ਹੈ। ਉਨ੍ਹਾਂ ਨੇ ਆਖਿਆ! ਜੀ ਚੜ੍ਹਤ ਸਿੰਘ ਹੈ ਐਸਾ ਸਿੰਘ, ਜਿਸ ਨੇ ਅਬਦਾਲੀਆਂ ਤੋਂ ਨਹੀਂ ਮੱਥਾ ਮੋੜਿਆ, ਜਿਹੜਾ ਆਪ ਨਹੀਂ ਅਬਦਾਲੀ ਤੋਂ ਦੱਬਿਆ, ਸਗੋਂ ਉਨ੍ਹਾਂ ਨੂੰ ਦਬਾ ਕੇ ਹਟਿਆ ਹੈ। ਐਸਾ ਸੂਰਮਾਂ ਤਾਂ ਇੱਕੋ ਇਕ ਚੜ੍ਹਤ ਸਿੰਘ ਹੈ।

***ਸਤਿਗੁਰ ਬਚਨ ਉਸੈ ਘਰ ਦਯੋ॥ ੧੧੮॥*** ਸਤਿਗੁਰਾਂ ਨੇ ਉਸੇ (ਚੜ੍ਹਤ ਸਿੰਘ) ਦੇ ਘਰ ਦਾ ਬਚਨ ਦੇ ਦਿੱਤਾ ਹੈ। ਲੈ ਬਈ, ਜਿਸ ਦੀ ਸ਼ਾਹਦੀ ਮੁਰੀਦਾਂ ਨੇ ਭਰੀ ਹੈ, ਸ਼ਹੀਦ ਵੀ ਕਹਿੰਦੇ ਹਨ, ਤੇਰਾ ਜਨਮ ਚੜ੍ਹਤ ਸਿੰਘ ਦੇ ਘਰ ਹੋਵੇਗਾ। ੧੧੮।

***ਸਈ ਅਠਾਰਾਂ ਬਾਈਏ ਸਾਲ॥*** ਅਠਾਰ੍ਹਾਂ ਸੌ ਬਾਈ ਸਾਲ (੧੮੨੨) ਸੰਮਤ ਸੀ।

***ਬੀਤੇ ਬਿਕ੍ਰਮ ਸਾਲ ਨ੍ਰਿਪਾਲ॥*** (ਨ੍ਰਿਪਾਲ) ਰਾਜੇ ਬਿਕ੍ਰਮਜੀਤ ਦਾ ਸੰਮਤ ਬੀਤਿਆ ਸੀ।

***ਰਤਨ ਸਿੰਘ ਯੌ ਸਾਖੀ ਕਹੀ॥*** (ਮੈਂ) ਰਤਨ ਸਿੰਘ ਨੇ ਇਉਂ ਪ੍ਰਸੰਗ ਕਿਹਾ ਸੀ, ਸੁਣਾਇਆ ਕਪਤਾਨ ਮਰੇ ਸਾਹਿਬ ਨੂੰ।

***ਕਿਛ ਸੁਨਿਕੈ ਕਿਛ ਅਨੁਭਵ ਲਹੀ॥ ੧੧੯॥*** ਕੁਛ ਬਜ਼ੁਰਗ ਸਿੰਘਾਂ ਤੋਂ ਸੁਣ ਕੇ ਕੁਛ ਆਪਣੇ ਅਨੁਭਵ ਨਾਲ, ਭਾਵ ਜੋ ਮੇਰੇ ਅੰਦਰੋਂ ਅਨੁਭਵ ਹੋਇਆ, ਫੁਰਿਆ, ਉਹ ਮੈਂ ਲਿਆ ਹੈ। ੧੧੯।

***ਦੋਹਰਾ॥ ਸਿੰਮ੍ਰਿਤ ਸ਼ਾਸਤ੍ਰ ਬੇਦ ਸਭ ਏਹ ਕੰਚਨ ਕੇ ਚੇਰ॥*** ਸਤਾਈ ਸਿੰਮ੍ਰਿਤੀਆਂ, ਛੇ ਸ਼ਾਸਤਰ ਅਤੇ ਚਾਰ ਬੇਦ ਇਹ ਤਾਂ ਸਾਰੇ ਸੋਨੇ ਦੇ (ਚੇਰ) ਚੇਲੇ, ਦਾਸ, ਸੇਵਕ ਹਨ। ਸਿਮ੍ਰਿਤੀਆਂ, ਸ਼ਾਸਤਰਾਂ, ਬੇਦਾਂ, ਦਾ ਪਾਠ ਪੂਜਾ, ਕਥਾ ਵਾਰਤਾ, ਧਨ ਦੌਲਤ ਦੇ ਜ਼ੋਰ ਨਾਲ ਹੋ ਸਕਦੇ ਹਨ।

***ਅਨੁਭਵ ਪਾਰਸ ਕੀ ਕਨੀ, ਤਾਂ ਮੈਂ ਲਾਖ ਸੁਮੇਰ॥ ੧੨੦॥*** 'ਅਨੁਭਵ' ਜੋ ਹੈ, ਉਹ ਪਾਰਸ ਦੀ ਕਣੀ ਹੈ, ਉਸ ਪਾਰਸ ਦੀ ਵੱਟੀ ਨੂੰ ਜੋ ਲੋਹੇ ਦੇ ਸੁਮੇਰ ਪਰਬਤ ਨਾਲ ਛੁਹਾ ਦਿੱਤਾ ਜਾਵੇ, ਤਾਂ ਉਹ ਸਾਰਾ ਸੋਨੇ ਦਾ ਹੋ ਜਾਂਦਾ ਹੈ, ਜੇ ਉਹ ਲੱਖਾਂ ਲੋਹੇ, ਤਾਂਬੇ, ਆਦਿਕ ਧਾਤਾਂ ਦੇ ਪਹਾੜਾਂ ਨੂੰ ਛੁਹਾ ਦੇਈਏ, ਤਾਂ ਉਹ ਸਾਰੇ ਸੋਨੇ ਦੇ ਹੋ ਸਕਦੇ ਹਨ। ਸੁਮੇਰ ਪਰਬਤ=ਪੁਰਾਣਾਂ ਅਨੁਸਾਰ ਇਕ ਸੋਨੇ ਦਾ ਪਹਾੜ। ੧੨੦।

ਬੇਦਾਂ ਸ਼ਾਸਤਰਾਂ ਦੀ ਪੂਜਾ ਕਰਕੇ ਪੰਡਤ ਕਿਤਨੇ-ਕਿਤਨੇ ਅਮੀਰ ਸਨ, ਕਿੰਨੇ-ਕਿੰਨੇ ਭਾਰ ਉਹ ਪੂਜਾ ਸੋਨੇ ਦੀ ਲੈਂਦੇ ਸਨ, ਜਦੋਂ ਯੱਗ ਆਦਿਕ ਕਰਦੇ। ਲੱਖਾਂ ਗਊਆਂ ਦੇ ਸਿੰਙਾਂ 'ਤੇ ਸੋਨਾ ਚੜ੍ਹਾ-ਚੜ੍ਹਾ ਕੇ ਦਾਨ ਕਰਦੇ ਸਨ, ਉਨ੍ਹਾਂ ਨੂੰ, ਘੋੜੇ ਹਾਥੀ ਬ੍ਰਾਹਮਣਾਂ ਨੂੰ ਭੇਟਾ ਕਰਦੇ ਸੀ, ਉਹ ਤਾਂ (ਕੰਚਨ ਕੇ ਚੇਰ) ਧਨ ਦੌਲਤ ਕਮਾਉਣ ਦੀ ਵਸਤੂ ਹੈ।

## ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ॥

# ਅਗੈ ਸਾਖੀ ਅਹਿਮਦ ਸ਼ਾਹ ਕੀ ਔ ਭਰਤਪੁਰੀਏ ਜਵਾਹਰ ਮੱਲ ਕੀ ਔਰ ਨਜੀਬ ਖਾਨ ਰੁਹੇਲੇ ਕੀ ਲਿਖਯਤੇ॥

## (ਜਵਾਹਰ ਮੱਲ ਭਰਤਪੁਰੀਏ ਨੂੰ ਖਾਲਸੇ ਨੇ ਮਦਦ ਦਿੱਤੀ)

***ਦੋਹਰਾ॥ ਤੌਂ ਮਾਲੀ ਨੇ ਹਮ ਕਹਯੋ, 'ਆਗੈ ਮੋਹਿ ਸੁਨਾਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਭਾਈ ਗੁਰਬਖ਼ਸ਼ ਸਿੰਘ ਜੀ ਸ਼ਹੀਦ ਦਾ ਪ੍ਰਸੰਗ ਸੁਣ ਕੇ, ਤਾਂ ਕਪਤਾਨ ਮਰੇ ਸਾਹਿਬ ਨੇ ਮੈਨੂੰ ਕਿਹਾ ਕਿ ਇਸ ਤੋਂ ਅਗਲਾ ਪ੍ਰਸੰਗ ਮੈਨੂੰ ਸੁਣਾਓ।

***ਕਹਾਂ ਗਯੋ? ਜਾਇ ਕਯਾ ਕੀਓ? ਫਿਰਯੋ ਕਹਾਂ ਤੇ ਸ਼ਾਹਿ?॥ ੧॥*** ਜਦੋਂ ਅਹਿਮਦ ਸ਼ਾਹ ਅਬਦਾਲੀ ਆਇਆ ਹੈ ਹਿੰਦੋਸਤਾਨ 'ਤੇ ਚੜ੍ਹ ਕੇ, ਉਹ ਕਿੱਥੇ ਕੁ ਤੱਕ ਗਿਆ ਹਿੰਦੋਸਤਾਨ ਵਿਚ ਅਤੇ ਮੁੜਿਆ ਕਿਥੋਂ ਹੈ, ਏਥੇ ਆ ਕੇ ਉਸ ਨੇ ਕੀ ਕੀਤਾ, ਇਸ ਦੇ ਬਾਰੇ ਵਿਚ ਅੱਗੋਂ ਸੁਣਾਉ ਲੜੀ ਵਾਰ ਪ੍ਰਸੰਗ, ਫਿਰ ਕੀ ਹੋਇਆ ਹੈ ਉਸ ਤੋਂ ਬਾਅਦ?। ੧।

***ਚੌਪਈ॥ ਔ ਦਿੱਲੀ ਕਹੀ ਥੀ ਜੋ ਤੁਮ ਘੇਰੀ॥*** ਅਤੇ ਜੋ ਤੁਸੀਂ ਕਿਹਾ ਸੀ ਕਿ ਜਵਾਹਰ ਮੱਲ ਨੇ ਦਿੱਲੀ ਨੂੰ ਘੇਰ ਲਿਆ।

***ਤਕਸੀਰ ਰੁਹੇਲੇ ਨਜੀਬੇ ਕੇਰੀ॥*** ਨਜੀਬ ਖ਼ਾਂ ਰੁਹੇਲੇ ਨੇ ਜੋ ਗ਼ਲਤੀ ਕੀਤੀ ਸੀ।

***ਆਪ ਬਚੀ ਕਿ ਬਚਵਾਈ ਸ਼ਾਹੂ ?*** ਦਿੱਲੀ ਲੁੱਟਣ ਤੋਂ ਆਪ ਹੀ ਬਚ ਗਈ ਸੀ, ਜਾਂ ਅਹਿਮਦ ਸ਼ਾਹ ਅਬਦਾਲੀ ਨੇ ਆ ਕੇ ਬਚਾਈ ਸੀ।

***ਦੋਊ ਬਤਾਯੋ ਮੋਹ ਪ੍ਰਤਿ ਰਾਹੁ॥ ੨॥*** ਮੈਨੂੰ ਦੋਵੇਂ ਰਾਹ ਦੱਸੋ, ਅਹਿਮਦ ਸ਼ਾਹ ਅਬਦਾਲੀ ਦਾ ਵੀ ਤੇ ਦਿੱਲੀ ਦਾ ਹਾਲ ਵੀ ਖੋਲ੍ਹ ਕੇ ਸੁਣਾਉ, ਕਿ ਸ਼ਾਹ ਅਬਦਾਲੀ ਦੇ ਆਉਣ ਤੋਂ ਬਾਅਦ ਕੀ ਹੋਇਆ। ੨।

***ਜਿਮ ਉਤਰ ਹਮ ਉਸਕੋ ਦਯੋ॥*** ਭਾਈ ਰਤਨ ਸਿੰਘ ਜੀ ਕਹਿੰਦੇ, ਜਿਵੇਂ ਅਸੀਂ ਉਸ (ਮਰੇ ਸਾਹਿਬ) ਨੂੰ ਉੱਤਰ ਦਿੱਤਾ।

***ਸੋ ਉਸ ਤੌਰ ਹਮ ਕਰੈਂ ਲਿਖਯੋ॥*** ਮੈਂ ਉਸੇ ਤਰੀਕੇ ਨਾਲ ਪੰਥ ਪ੍ਰਕਾਸ਼ ਵਿਚ ਇਤਿਹਾਸ ਲਿਖਾਉਣਾ ਕੀਤਾ।

***ਆਓ ਆਈ ਜਬ ਸ਼ਾਹ ਕੀ ਭਈ॥*** ਅਹਿਮਦ ਸ਼ਾਹ ਅਬਦਾਲੀ ਦੀ (ਆਓ ਆਈ) ਹਿੰਦੋਸਤਾਨ ਵਿਚ ਆਉਣ ਦੀ ਖ਼ਬਰ ਹੋਈ। ਥਾਂ-ਥਾਂ ਇਹ ਅਫਵਾਹ ਫੈਲ ਗਈ ਕਿ ਅਹਿਮਦ ਸ਼ਾਹ ਅਬਦਾਲੀ ਫਿਰ ਆ ਰਿਹਾ।

***ਔਰ ਫੌਜ ਜੱਟ ਰੱਖਣੀ ਠਈ॥ ੩॥*** ਜਵਾਹਰ ਮੱਲ ਜੱਟ ਨੇ ਹੋਰ ਫ਼ੌਜ ਰੱਖ ਲਈ, ਅਬਦਾਲੀ ਦੇ ਟਾਕਰੇ ਵਾਸਤੇ। ੩।

***ਸਿੰਘਨ ਵਲ ਉਸ ਅਏ ਵਕੀਲ॥*** ਏਧਰ ਸਿੰਘਾਂ ਵੱਲ ਵੀ ਉਸ ਜਵਾਹਰ ਮੱਲ ਦੇ ਵਕੀਲ ਆਏ ਮਦਦ ਲੈਣ ਵਾਸਤੇ, ਖਾਲਸੇ ਨੂੰ ਸਾਥ ਲੈਣ ਵਾਸਤੇ।

***ਲੱਦ ਮਾਇਆ ਬਹੁ ਗੱਡੇ ਫੀਲ॥*** ਬਹੁਤ ਸਾਰੇ ਗੱਡੇ ਅਤੇ ਹਾਥੀ ਮਾਇਆ ਦੇ ਲੱਦ ਕੇ ਆਏ ਖਾਲਸੇ ਕੋਲ।

***ਨਾਮ ਬਿੰਦ੍ਰਾਬਨ, ਮਥਰਾ ਦਾਸ॥*** ਮਥਰਾ ਦਾਸ ਤੇ ਬਿੰਦ੍ਰਾਬਨ ਉਨ੍ਹਾਂ ਵਕੀਲਾਂ ਦੇ ਨਾਮ ਸਨ।

***ਆਇ ਕਹਯੋ ਉਨ ਖਾਲਸੈ ਪਾਸ॥ ੪॥*** ਉਨ੍ਹਾਂ ਵਕੀਲਾਂ ਨੇ ਖਾਲਸੇ ਪੰਥ ਪਾਸ ਆ ਕੇ ਕਿਹਾ। ੪।

***ਹਮ ਤੁਮ ਛੱਤ੍ਰੀ ਹਿੰਦੂ ਧਰਮ॥*** ਖਾਲਸਾ ਜੀ! ਸਾਡਾ ਤੇ ਤੁਹਾਡਾ ਛੱਤ੍ਰੀ ਧਰਮ ਅਤੇ ਹਿੰਦੂ ਹਾਂ।

***ਏਕੋ ਜਾਤ ਔ ਏਕੋ ਕਰਮ॥*** ਤੁਸੀਂ ਵੀ ਜੱਟ ਅਤੇ ਅਸੀਂ ਵੀ ਜੱਟ, ਤੁਸੀਂ ਵੀ ਖੇਤੀ-ਬਾੜੀ ਕਰਨ ਵਾਲੇ ਹੋ, ਅਸੀਂ ਵੀ ਖੇਤੀ ਕਰਨ ਵਾਲੇ ਹਾਂ, ਇਕੋ ਜਿਹਾ ਹੀ ਸਾਡਾ ਬਿਉਹਾਰ ਹੈ, ਇੱਕੋ ਜਿਹੀ ਹੀ ਸਾਡੀ ਜਾਤ-ਪਾਤ ਹੈ।

***ਸੰਤ ਰੱਛਕ ਔ ਗਊ ਰੱਛਯਾ॥*** ਰੱਬ ਦਾ ਨਾਮ ਜੱਪਣ ਵਾਲੇ ਸੰਤਾਂ ਦੀ ਰੱਖਿਆ ਕਰਨੀ ਅਤੇ ਗਊ ਗਰੀਬ ਦੀ ਰੱਖਿਆ ਕਰਨੀ, ਸਾਡਾ ਤੇ ਤੁਹਾਡਾ ਧਰਮ ਹੈ।

***ਤੁਰਕ ਦੁਸ਼ਟ ਕੋ ਚਾਹੈਂ ਭੱਛਯਾ॥ ੫॥*** ਅਸੀਂ ਅਤੇ ਤੁਸੀਂ ਦੋਵੇਂ ਹੀ ਦੁਸ਼ਟ ਤੁਰਕਾਂ ਨੂੰ ਮਾਰ ਮੁਕਾਵਣਾ ਚਾਹੁੰਦੇ ਹਾਂ। (ਭੱਛਿਯਾ) ਖਾ ਜਾਣਾ, ਮਾਰ ਮੁਕਾਉਣਾ। ੫।

***ਦੋਹਰਾ॥ ਹਿੰਦੂ ਲਾਜ ਹਮ ਤੁਮ ਇਕੈ, ਉਨ੍ਹੈਂ ਮਜ਼ੁਬ ਦੀਨਦਾਰ॥*** ਖਾਲਸਾ ਜੀ! ਇਕ ਸਾਨੂੰ ਤੇ ਤੁਹਾਨੂੰ ਹਿੰਦੂ ਧਰਮ ਦੀ ਲਾਜ਼ ਹੈ। ਨਜੀਬ ਖ਼ਾਂ ਰੁਹੇਲਾ ਅਤੇ ਅਹਿਮਦ ਸ਼ਾਹ ਅਬਦਾਲੀ ਨੂੰ ਦੀਨ ਇਸਲਾਮ ਦੀ ਲਾਜ਼ ਹੈ, ਉਹ ਦੋਵੇਂ ਤੁਰਕ ਤੁਰਕ ਦੀਨ ਮਜ਼ਬ ਦੇ ਨਾਂ 'ਤੇ ਇਕੱਠੇ ਹਨ। ਸਾਡਾ ਵੀ ਇਕੋ ਧਰਮ ਹੈ, ਸਾਨੂੰ ਇਸ ਸੰਕਟ ਦੇ ਸਮੇਂ ਇਕੱਠੇ ਹੋਣਾ ਚਾਹੀਦਾ ਹੈ।

***ਇਸ ਪਰ ਧਰੋ ਧਿਆਨ ਤੁਮ, ਆਇ ਕਰੋ ਧਰਮ ਪ੍ਰਿਤਪਾਰ॥ ੬॥*** ਇਸ ਗੱਲ ਉਤੇ ਧਿਆਨ ਧਰੋ, ਤੁਸੀਂ ਆ ਕੇ ਸਾਡੇ ਧਰਮ ਦੀ ਰੱਖਿਆ ਕਰੋ, ਪਾਲਣਾ ਕਰੋ ਸਾਡੀ। ੬।

***ਚੌਪਈ॥ ਔਰ ਸਿੱਕੋ ਔ ਦਾਰੂ ਲਈਐ॥*** ਹੋਰ ਜੰਗ, ਯੁੱਧ ਵਾਸਤੇ ਦਾਰੂ ਸਿੱਕਾ ਜਿੰਨਾਂ ਮਰਜ਼ੀ ਲਵੋ ਸਾਡੇ ਕੋਲੋਂ।

***ਕੜਾਹੁ ਖਾਤਰ ਔਰ ਦਰਬ ਭੀ ਪਈਐ॥*** ਸਾਡੇ ਕੋਲੋਂ ਕੜਾਹ ਪ੍ਰਸ਼ਾਦ ਵਾਸਤੇ ਰਸਤਾਂ-ਵਸਤਾਂ ਅਤੇ ਹੋਰ ਵੀ ਮਾਲ ਧਨ ਲਵੋ, ਸਭ ਕੁਛ ਤੁਹਾਡਾ ਹੀ ਹੈ।

***ਜੋ ਹਮ ਪੈ ਸਭ ਤੁਮਰੋ ਮਾਲ॥*** ਜੋ ਸਾਡੇ ਪਾਸ ਮਾਲ ਧਨ ਹੈ, ਉਹ ਸਭ ਤੁਹਾਡਾ ਹੀ ਹੈ, ਤੁਸੀਂ ਵਰਤੋ, ਦੁਸ਼ਮਣ ਤਾਂ ਨਾ ਲਿਜਾਵੇ ਖੋਹ ਕੇ।

***ਲਓ ਆਇ ਰਲ ਹਮਰੇ ਨਾਲ॥ ੭॥*** ਆਓ ਸਾਡੇ ਨਾਲ ਰਲ ਕੇ, ਸਾਡੀ ਸਹਾਇਤਾ ਕਰਕੇ, ਸਭ ਦੌਲਤ ਤੁਸੀਂ ਲੈ ਲਵੋ।

***ਜੋ ਹੈ ਤੁਮ ਕੋ ਹਿੰਦ ਕੀ ਲਾਜ॥*** ਖਾਲਸਾ ਜੀ! ਜੇ ਤੁਹਾਨੂੰ ਹਿੰਦੂ ਧਰਮ ਦੀ ਲਾਜ ਹੈ ਤਾਂ। ੭।

***ਆਇ ਕਰੋ ਅਬ ਹਮ ਕੋ ਕਾਜ॥*** ਆਓ ਸਾਡਾ ਕਾਰਜ਼ ਹੈ, ਸਾਡੇ 'ਤੇ ਮੁਹਿੰਮ ਚੜ੍ਹ ਕੇ ਆ ਰਹੀ, ਆ ਕੇ ਸਾਡਾ ਕਾਰਜ਼ ਸਫਲਾ ਕਰੋ।

***ਗਿਲਜੋ ਆਇਓ ਦੀਨੈ ਕਾਜ॥*** (ਗਿਲਜਾ) ਅਹਿਮਦ ਸ਼ਾਹ ਅਬਦਾਲੀ ਦੀਨ ਮਜ਼ਬ ਦੀ ਰੱਖਿਆ ਵਾਸਤੇ ਆਇਆ, ਕਾਬਲ ਤੋਂ ਚੜ੍ਹ ਕੇ।

***ਵੜਯੋ ਦੀਨ ਮੱਧ ਦਿੱਲੀ ਭਾਜ॥ ੮॥*** ਦੀਨ ਮਜ਼ਬ ਵਾਲੇ ਸਾਰੇ ਇਕੱਠੇ ਹੋ ਕੇ ਭੱਜ ਕੇ ਦਿੱਲੀ ਵਿਚ ਵੜ ਗਏ ਹਨ। ੮। ਜਿਥੇ-ਜਿਥੇ ਵੀ ਸ਼ਹਿਰਾਂ ਪਿੰਡਾਂ ਵਿਚ ਤੁਰਕ ਬਹੁ-ਗਿਣਤੀ ਵਿਚ ਸਨ, ਉਹ ਸਾਰੇ ਦਿੱਲੀ ਵਿਚ ਇਕੱਠੇ ਹੋ ਗਏ।

***ਉਸੈ ਅਰਜ਼ ਖਾਲਸੇ ਮੰਨ ਲਈ॥*** ਖਾਲਸੇ ਪੰਥ ਨੇ ਉਸ (ਜਵਾਹਰ ਮੱਲ) ਦੀ ਬੇਨਤੀ ਮਨਜ਼ੂਰ ਕਰ ਲਈ।

***ਚੜ੍ਹਯੋ ਤੁਰਤ ਕਛ ਦੇਰ ਨ ਕਈ॥*** ਖਾਲਸਾ ਤੁਰਤ ਹੀ ਚੜ੍ਹ ਪਿਆ ਅਬਦਾਲੀ ਨਾਲ ਟਾਕਰਾ ਕਰਨ ਨੂੰ ਅਤੇ ਕੁਛ ਵੀ ਦੇਰ ਨਾ ਕੀਤੀ।

***ਛਡੇ ਕਬੀਲੇ ਮਾਲਵੇ ਮਾਂਹਿ॥*** ਸਿੰਘਾਂ ਨੇ ਮਾਝੇ ਦੇ ਵਿੱਚੋਂ ਆਪਣੇ ਟੱਬਰਾਂ ਨੂੰ ਕੱਢ ਕੇ, ਮਾਲਵੇ ਵਿਚ ਸੁਰੱਖਿਅਤ ਥਾਵਾਂ 'ਤੇ ਛੱਡ ਦਿੱਤਾ।

***ਬਹੇ ਬਿਰਾੜਨ ਸਭਹਨ ਪਾਹਿ॥ ੯॥*** ਸਿੰਘਾਂ ਦੇ ਕਬੀਲੇ ਸਾਰੇ ਬਰਾੜਾਂ ਦੇ ਪਾਸ ਆ ਬੈਠੇ, ਕੁਛ ਸਮੇਂ ਲਈ ਨਿਰਬਾਹ ਕਰਨ ਵਾਸਤੇ। ੯।

***ਜਾਇ ਦਬਾਈ ਬਾਂਗਰ ਕੌਣ॥*** ਅੰਬਾਲੇ ਦੇ ਉਪਰਲਾ ਪਾਸਾ ਇਹ ਸਾਰਾ ਬਾਂਗਰ ਦਾ ਇਲਾਕਾ। ਖਾਲਸੇ ਨੇ ਬਾਂਗਰ ਦੀ ਗੁੱਠ ਨੂੰ ਜਾ ਦੱਬਿਆ।

***ਰੋਕ ਲਯੋ ਆਨ ਵੜਨੈ ਠੌਨ॥*** ਉਸ ਥਾਂ ਵੜ ਕੇ ਅੱਗਾ ਆ ਰੋਕਿਆ ਹੈ ਖਾਲਸੇ ਨੇ।

***ਬਹੁਤ ਤੰਗੀ ਤਹਿਂ ਭਈ ਅਨਾਜ॥*** ਉਥੇ (ਦਿੱਲੀ) ਵਿਚ ਅਨਾਜ਼ ਦੀ ਬੜੀ ਭਾਰੀ ਤੰਗੀ ਹੋ ਗਈ, ਸਾਰੀਆਂ ਫ਼ੌਜਾਂ ਅਤੇ ਲੋਕਾਂ ਨੂੰ।

***ਦਿੱਲੀ ਛਡ ਛਡ ਲੋਕ ਜਾਹਿਂ ਭਾਜ॥ ੧੦॥*** ਦਿੱਲੀ ਛੱਡ-ਛੱਡ ਕੇ ਸਭ ਲੋਕ ਭੱਜੇ ਜਾਂਦੇ ਸਨ। ੧੦।

***ਦੋਹਰਾ॥ ਉਤੈ ਸ਼ਾਹਿ ਯਹਿ ਸੁਣ ਖਬਰ ਬਹੁ ਸੰਸਾ ਚਿਤ ਕੀਨ॥*** ਉਧਰ ਅਹਿਮਦ ਸ਼ਾਹ ਅਬਦਾਲੀ ਨੇ ਇਹ ਖ਼ਬਰ ਸੁਣ ਕੇ ਬਹੁਤ ਫਿਕਰ ਕੀਤਾ ਕਿ ਖਾਲਸੇ ਨੇ ਅੱਗਾ ਰੋਕ ਲਿਆ ਹੈ ਮੇਰਾ ਅਤੇ ਦਿੱਲੀ ਵਿਚ ਅਨਾਜ਼ ਦੀ ਬੜੀ ਤੰਗੀ-ਤੁਰਸ਼ੀ ਹੈ।

***ਲਏ ਹਾਹੁਕੇ ਸਿਰ ਧੁਨੈ ਧੁਨ ਧੁਨ ਖੁਨੈ ਜ਼ਮੀਨ॥ ੧੧॥*** ਅਹਿਮਦ ਸ਼ਾਹ ਅਬਦਾਲੀ ਜਿਹੜਾ ਕਿਸੇ ਵੇਲੇ ਬੜੇ ਹੰਕਾਰ ਵਿਚ ਆਉਂਦਾ ਹੁੰਦਾ ਸੀ, ਉਹ ਹੁਣ ਸੋਚੀਂ ਪਿਆ ਸਿਰ ਧੁਨ ਰਿਹਾ ਹੈ, ਸਿਰ ਹਿਲਾ ਰਿਹਾ ਹੈ, ਫਿਕਰਾਂ ਵਿਚ ਡੁੱਬਾ ਹੋਇਆ, ਸਿਰ ਹਿਲਾ-ਹਿਲਾ, ਨੀਵੀਂ ਪਾਈ ਧਰਤੀ ਖੁਰਚਦਾ ਅਤੇ ਠੰਢੇ ਹਾਹੁਕੇ ਲੈ ਰਿਹਾ ਹੈ। ਪੱਛਤਾ ਰਿਹਾ ਹੈ, ਐਸੇ ਸਮੇਂ ਨੂੰ ਕਿ ਮੈਨੂੰ ਕੀ ਲੋੜ ਸੀ ਆਉਣ ਦੀ, ਐਵੇਂ ਹੀ ਤੁਰ ਆਇਆ ਹਾਂ ਬਿਨਾ ਸਲਾਹ ਤੋਂ। ੧੧।

***ਚੌਪਈ॥ ਅਗੇ ਫੌਜ ਮੈਂ ਭਾਊ ਭਾਰੀ॥*** ਅੱਗੇ ਮੈਂ ਭਾਊ ਮਰਹੱਟੇ ਦੀ ਬੜੀ ਭਾਰੀ ਫ਼ੌਜ।

***ਹੁਤੀ ਸੋਊ ਥੀ ਭਲੇ ਨਿਵਾਰੀ॥*** ਜਿਹੜੀ ਐਡੀ ਵੱਡੀ ਫ਼ੌਜ ਸੀ, ਉਸ ਨੂੰ ਚੰਗੀ ਤਰ੍ਹਾਂ ਹਾਰ ਦਿੱਤੀ ਸੀ।

***ਅਬ ਜਾਇ ਰਲੇ ਸੁ ਸਿੰਘ ਭੁਜੰਗੀ॥*** ਹੁਣ ਆਹ ਨਵਾਂ ਕੰਮ ਪੈ ਗਿਆ ਹੈ, ਜਿਹੜਾ ਹੁਣ ਜ਼ਹਿਰੀਲੇ ਸੱਪ ਵਰਗਾ ਖਾਲਸਾ ਪੰਥ ਉਨ੍ਹਾਂ ਦੇ ਨਾਲ ਜਾ ਰਲਿਆ ਹੈ।

***ਮਾਰ ਗਿਰਾਵੈਂ ਧਰ ਤੇ ਰਮਜੰਗੀ॥ ੧੨॥*** ***"ਬੰਦੂਕ ਚਤੁਰ ਸਿੰਘ ਯੌਂ ਭਈ ਜਗਤ ਮਸ਼ਹੂਰ। ਜੈਸੇ ਮਾਰੇ ਨੇੜ ਤੇ ਵੈਸੇ ਮਾਰੇ ਦੂਰ॥"*** ਹੁਣ ਤਾਂ ਰਾਮਜੰਗਿਆਂ ਦਾ ਖਿਡਾਰੀ ਖਾਲਸਾ ਜਾ ਰਲਿਆ ਹੈ ਉਨ੍ਹਾਂ ਦੇ ਨਾਲ। ਦੂਰੋਂ ਹੀ ਮਾਰ ਕੇ ਸੁੱਟ ਦਿੰਦੇ ਹਨ। ੧੨।

***ਬਡੇ ਸੂਰ ਔ ਬਡੇ ਦਲੇਰ॥*** ਬਹੁਤ ਵੱਡੇ ਸੂਰਵੀਰ ਸਿੰਘ ਅਤੇ ਬੜੇ ਦਲੇਰ ਇਹ ਕਿਸੇ ਤੋਂ ਡਰ ਭੈ ਵੀ ਨਹੀਂ ਖਾਂਦੇ।

***ਆਪ ਬਾਜ ਹਮ ਸਮਝੈਂ ਬਟੇਰ॥*** ਉਹ ਆਪਣੇ ਆਪ ਨੂੰ ਤਾਂ ਬਾਜ ਸਮਝਦੇ ਹਨ ਅਤੇ ਸਾਨੂੰ ਬਟੇਰੇ ਸਮਝਦੇ ਹਨ। ਸਾਨੂੰ ਤਾਂ ਸਿੰਘ ਬਟੇਰੇ ਦਾ ਹੀ ਦਾਲ ਫੁਲਕਾ ਸਮਝਦੇ ਹਨ।

***ਜੋ ਮੈਂ ਫਤੇ ਭਾਊ ਲੈ ਗਯੋ॥*** ਹੁਣ ਪਛਤਾਉਂਦਾ ਹੈ ਅਬਦਾਲੀ ਕਿ ਜਿਹੜੀ ਮਰਹੱਟੇ ਭਾਊ ਨੂੰ ਹਰਾ ਕੇ, ਅੱਗੇ ਫਤੇ ਲੈ ਗਿਆ ਹਾਂ ਹਿੰਦੋਸਤਾਨ ਵਿੱਚੋਂ।

***ਮਤ ਮੋ ਤੇ ਏਊ ਲੇਹਿਂ ਫਿਰਯੋ॥ ੧੩॥*** ਕਿਤੇ ਮੈਥੋਂ ਉਹ ਫਤੇ ਮੋੜ ਕੇ ਫਿਰ ਲੈਂਦੇ ਹੋਣ, ਮੇਰੀ ਉਹ ਵੀ ਫਤੇ ਖੋਹ ਲੈਣ ਜਿਹੜੀ ਮੈਂ ਅੱਗੇ ਪ੍ਰਾਪਤ ਕਰ ਕੇ ਗਿਆ। ੧੩।

***ਐਸੀ ਐਸੀ ਸੋਚੈਂ ਕਰੈਂ॥*** ਮਨ ਵਿਚ ਝੂਰਦਾ ਹੋਇਆ ਐਸੀਆਂ-ਐਸੀਆਂ ਵਿਚਾਰਾਂ ਕਰਦਾ ਹੈ।

***ਮਨ ਮੈਂ ਕੁੜ੍ਹੈ ਔ ਕੰਪੈ ਡਰੈਂ॥*** ਮਨ ਵਿਚ ਬੜਾ ਕੁੜ੍ਹਦਾ ਹੈ, ਖਾਲਸੇ ਦਾ ਨਾਮ ਸੁਣ ਕੇ ਉਸ ਨੂੰ ਕੰਬਣੀ ਛਿੜਦੀ ਹੈ ਅਤੇ ਡਰਦਾ ਹੋਇਆ ਪਛਤਾਵਾ ਕਰ ਰਿਹਾ ਹੈ।

***ਜੌ ਅਬ ਮੁੜੌਂ ਤੌ ਲਾਗੈ ਲਾਜ॥*** ਜੇ ਹੁਣ ਮੈਂ ਏਥੋਂ ਪਿਛਾਂਹ ਨੂੰ ਵਾਪਸ ਮੁੜਦਾ ਹਾਂ, ਤਾਂ ਉਂਵ ਲੱਜਿਆ ਲਗਦੀ ਹੈ, ਲੋਕ ਬੇਸ਼ਰਮੀ ਦੇਣਗੇ, ਆ ਗਿਆ ਹੈਂ ਜਿੱਤ ਪਾ ਕੇ। ਹਾਰਿਆ ਤੁਰਿਆ ਆਉਂਦਾ, ਨਾ ਲੜਾਈ ਕੀਤੀ ਨਾ ਅਗਾਂਹ ਹੋਇਆ, ਐਥੋਂ ਹੀ ਮੁੜ ਆਇਆ ਹੈ। ਇਉਂ ਸ਼ਰਮ ਖਾਂਦਾ ਹੈ ਕਿ ਜੇ ਮੈਂ ਇਥੋਂ ਮੁੜਿਆ ਤਾਂ ਸ਼ਰਮ ਆਵੇਗੀ, ਲੱਜਿਆ ਆਵੇਗੀ। ਸੁਆਣੀਆਂ ਵੀ ਗੀਤ ਬਣਾ ਬਣਾ ਕੇ ਗਾਉਣਗੀਆਂ ਮੇਰੇ।

***ਆਗੈ ਤੁਰੋ ਕੁਛ ਸਰੈ ਨ ਕਾਜ॥ ੧੪॥*** ਜੇ ਅੱਗੇ ਤੁਰਦਾ ਹਾਂ ਤਾਂ ਕਾਰਜ਼ ਕੋਈ ਨਹੀਂ ਹੈ ਸਰਨਾ, ਮੈਨੂੰ ਜਿੱਤ ਪ੍ਰਾਪਤ ਨਹੀਂ ਹੋਣੀ, ਹਾਰ ਤਾਂ ਜ਼ਰੂਰ ਕਰਨਗੇ ਮੇਰੀ। ਖਵਰੇ ਰੌਲ ਕੇ ਹੀ ਮਾਰਨ, ਮੈਨੂੰ ਉਥੋਂ ਜਾਣ ਹੀ ਨਾ ਦੇਣ ਵਾਪਸ। ੧੪।

***ਦੋਹਰਾ॥ ਹੌਲੀ ਹੌਲੀ ਕਰ ਮਜਲ ਡੇਰੇ ਘਣੇ ਰਖਾਇ॥*** ਹੁਣ ਇਹ ਹੌਲੀ-ਹੌਲੀ ਐਥੋਂ ਦੋ ਤਿੰਨ ਕੋਹ 'ਤੇ ਜਾ ਉਤਰਿਆ, ਚਾਰ ਕੋਹ 'ਤੇ ਜਾ ਉੱਤਰਿਆ। ਜਿਹੜਾ ਅੱਗੇ ਸੈਂਕੜੇ ਕੋਹਾਂ 'ਤੇ ਜਾ ਉਤਰਦਾ ਸੀ। ਹੁਣ ਇਹ ਹੌਲੀ-ਹੌਲੀ ਕਦੀ ਪਿਛਾਂਹ ਖੜ੍ਹ ਜਾਂਦਾ ਹੈ, ਕਦੀ ਅਗਾਂਹ ਪੜਾਉ ਲਾ ਲੈਂਦਾ ਹੈ, ਕਦੀ ਪਿਛਾਂਹ ਮੁੜ ਆਉਂਦਾ ਹੈ। ਸਲਾਹ ਕਰ ਕੇ ਹਟਾ ਦਿੰਦਾ ਹੈ, ਅੱਜ ਰਹਿਣ ਦਿਉ ਕੂਚ ਨੂੰ, ਕੱਲ੍ਹ ਨੂੰ ਵੇਖਾਂਗੇ। ਏਸ ਤਰ੍ਹਾਂ ਦੀਆਂ ਚਾਲਾਂ 'ਤੇ ਚੱਲ ਪਿਆ ਹੈ।

***ਲੋਕਨ ਕੋ ਐਸੇ ਕਹੈ, 'ਹਮ ਫ਼ੌਜ ਉਡੀਕਤ ਆਹਿ'॥ ੧੫॥*** ਲੋਕ ਵੇਖਦੇ ਹਨ ਲੋਕ ਪੁੱਛਦੇ ਹਨ ਕਿ ਸ਼ਾਹ ਜੀ! ਤੁਸੀਂ ਅੱਗੇ ਜਾ ਕੇ ਧਾਵਾ ਬੋਲ ਕੇ ਦਿੱਲੀ ਦੀ ਮਦਦ 'ਤੇ ਕਿਉਂ ਨਹੀਂ ਜਾਂਦੇ? ਤਾਂ ਅੱਗੋਂ ਲੋਕਾਂ ਨੂੰ ਕਹਿੰਦਾ ਹੈ, ਪਿੱਛੋਂ ਫ਼ੌਜ ਆ ਰਹੀ ਹੈ, ਅਸੀਂ ਫ਼ੌਜ ਨੂੰ ਉਡੀਕਦੇ ਹਾਂ, ਓਸ ਫ਼ੌਜ ਨੂੰ ਨਾਲ ਰਲਾ ਲਵਾਂ ਮੇਰੀ ਮਦਦ ਹੋ ਜਾਇਗੀ ਤੱਕੜੀ। ੧੫।

***ਸੋਊ ਰੁਹੇਲੈ ਲਖ ਲਯੋ, ਜੋਰ ਜੁ ਅਹਿਮਦ ਸ਼ਾਹਿ॥*** ਨਜੀਬ ਖ਼ਾਂ ਰੁਹੇਲਾ ਜੋ ਦਿੱਲੀ ਦਾ ਵਜ਼ੀਰ ਅਹਿਮਦ ਸ਼ਾਹ ਦੀ ਪੁਸ਼ਤ ਪਨਾਹ ਵਿਚ ਸੀ, ਉਸ ਨੇ ਅਹਿਮਦ ਸਾਹ ਅਬਦਾਲੀ ਦਾ ਜ਼ੋਰ ਵੇਖ ਲਿਆ ਹੈ।

***ਕੋਹ ਚਾਲੀ ਤੀਸੈ ਦੌੜ ਕਰ ਪਰਨ ਜੋਗ ਅਬ ਨਾਂਹਿ॥ ੧੬॥*** ਅੱਗੇ ਤੀਹ ਚਾਲੀ ਕੋਹ 'ਤੇ ਇਕ ਦਮ ਹੱਲਾ ਬੋਲ ਕੇ ਜਾ ਫੜਦਾ ਸੀ। ਹੁਣ ਉਸ ਸੋਚ ਲਿਆ ਜਿਹੜਾ ਹੁਣ ਤਾਈਂ ਨਹੀਂ ਆਇਆ, ਆਉਂਦਾ ਹੀ ਨਹੀਂ, ਅੰਬਾਲੇ ਬੈਠਾ ਹੈ। ਹੁਣ ਉਸ ਨੇ ਕੀ ਆਉਣਾ ਹੈ? ਉਹ ਤਾਂ ਮੇਰੇ ਕੋਲ ਨਹੀਂ ਅਪੜ ਸਕੇਗਾ। ੧੬।

***ਚੌਪਈ॥ ਸ਼ਾਹੁ ਰੁਹੇਲੈ ਯੌ ਲਿਖ ਪਠਾਵੈ॥*** ਅਹਿਮਦ ਸ਼ਾਹ ਅਬਦਾਲੀ ਨਜੀਬ ਖ਼ਾਂ ਰੁਹੇਲੇ ਨੂੰ ਇਉਂ ਲਿਖ-ਲਿਖ ਕੇ ਚਿੱਠੀਆਂ ਭੇਜਦਾ ਹੈ।

***ਫੌਜ ਮੋਹਿ ਕੋ ਰੋਗ ਸੰਤਾਵੈ॥*** ਕਹਿੰਦਾ ਮੈਂ ਆ ਜਾਣਾ ਸੀ ਤੇਰੇ ਕੋਲ, ਮੇਰੀ ਫ਼ੌਜ ਵਿਚ ਹੈਜ਼ੇ ਦਾ ਰੋਗ ਪੈ ਗਿਆ, ਜਿਸ ਕਰਕੇ ਫ਼ੌਜ ਬਹੁਤ ਦੁਖੀ ਹੈ।

***ਜਿਸ ਦਿਨ ਤੇ ਫੌਜ ਇਤ ਵਲ ਆਈ॥*** ਜਿਸ ਦਿਨ ਤੋਂ ਮੇਰੀ ਫ਼ੌਜ ਨੇ ਏਧਰ ਦਿੱਲੀ ਵੱਲ ਨੂੰ ਰੁਕ ਕੀਤਾ ਹੈ।

***ਬਹੁਤ ਮਰੀ ਸੋ ਲਿਖੀ ਨ ਜਾਈ॥ ੧੭॥*** ਬਿਮਾਰੀ ਨਾਲ ਬਹੁਤ ਫ਼ੌਜੀ ਮਰ ਗਏ, ਜਿਨ੍ਹਾਂ ਦੀ ਕੋਈ ਗਿਣਤੀ ਨਹੀਂ ਹੈ, ਫ਼ੌਜ ਦੇ ਜੁਆਨ ਬਹੁਤ ਮਾਰੇ ਗਏ ਨੇ ਰੋਗ ਨਾਲ। ੧੭।

***ਨਿਕਸ ਜਾਇ ਜਬ ਫੌਜੋਂ ਰੋਗ॥*** ਜਦੋਂ ਮੇਰੀ ਫ਼ੌਜ ਅਰੋਗ ਹੋ ਜਾਇਗੀ, ਜਦੋਂ ਮੇਰੀ ਫ਼ੌਜ ਵਿੱਚੋਂ ਰੋਗ ਨਿਕਲ ਗਿਆ।

***ਤਬ ਇਨ ਸੋਂ ਹਮ ਲਰਨੋ ਹੋਗ॥*** ਫਿਰ ਇਨ੍ਹਾਂ ਨਾਲ ਲੜਨ ਜੋਗੇ ਹੋਵਾਂਗੇ, ਜਦੋਂ ਤਾਈਂ ਰੋਗ ਨਹੀਂ ਦੂਰ ਹੁੰਦਾ, ਰੋਗ ਦੀ ਕੀ ਮੁਨਿਆਦ ਹੈ। ਕਦੋਂ ਮੇਰੇ ਸਿਪਾਹੀ ਰਾਜ਼ੀ ਹੋਣਗੇ? ਝੂਠ ਹੀ ਬੋਲੀ ਜਾਂਦਾ, ਰੋਗ ਕੋਈ ਨਹੀਂ ਬਹਾਨੇ ਲਾਉਂਦਾ ਸੀ।

***ਔਰ ਫੌਜ ਮੈਂ ਘਰ ਤੇ ਮੰਗਾਈ॥*** ਹਲਕਾਰੇ ਭੇਜ ਕੇ ਮੈਂ ਘਰ ਤੋਂ ਹੋਰ ਫ਼ੌਜ ਵੀ ਮੰਗਾਈ ਹੈ, ਜਦੋਂ ਉਹ ਫ਼ੌਜ ਆ ਗਈ ਨਾ ਕਾਬਲ ਤੋਂ।

***ਆਈ ਫੌਜ ਸੋ ਕਰੈ ਲਰਾਈ॥ ੧੮॥*** ਜਦੋਂ ਫ਼ੌਜ ਮੇਰੀ ਹੋਰ ਆ ਗਈ ਤਾਜ਼ਾ ਦਮ, ਫਿਰ ਲੜਾਈ ਕਰਾਂਗੇ ਅਸੀਂ ਅੱਗੇ ਹੋ ਕੇ। ੧੮।

***ਏਕ ਮਹੀਨੋ ਰਖ ਤਿਹਿ ਮਿਲ॥*** ਉਸ ਫ਼ੌਜ ਨੂੰ ਸਾਡੇ ਨਾਲ ਮਿਲਣ ਵਿਚ ਇਕ ਮਹੀਨੇ ਦਾ ਸਮਾਂ ਰੱਖ ਲਵੋ, ਇਕ ਮਹੀਨੇ ਤੱਕ ਪਿੱਛਿਓਂ ਸਾਡੀ ਹੋਰ ਫ਼ੌਜ ਆ ਮਿਲੇਗੀ।

***ਤੌ ਦੇਖੀਂ ਤੂੰ ਹਮਹਿ ਤਜੱਮਲ॥*** ਫਿਰ ਤੂੰ ਸਾਡਾ ਤਜਰਬਾ ਵੇਖੀਂ। ਇਕ ਮਹੀਨਾ ਜੰਗ ਨੂੰ ਅਟਕਾਈ ਰੱਖ ਲਮਕਾਈ ਰੱਖ, ਫਿਰ ਤੂੰ ਸਾਡੀ ਚੜ੍ਹਾਈ ਵੇਖੀਂ, ਕਿਵੇਂ ਜੰਗ ਕਰਦੇ ਹਾਂ ਅਸੀਂ, ਇਕ ਮਹੀਨਾ ਅਟਕਿਆ ਰਹੁ। ਤਜੱਮਲ=ਤਜਰਬਾ, ਚੜ੍ਹਾਈ।

***ਜਿਮ ਜਿਮ ਸ਼ਾਹੁ ਸੁ ਨਿਕਟੈ ਜਾਵੈ॥*** ਜਿਉਂ-ਜਿਉਂ ਅਹਿਮਦ ਸ਼ਾਹ ਅਬਦਾਲੀ ਨੇੜੇ ਜਾ ਰਿਹਾ ਹੈ।

***ਸ਼ਾਹਿ ਖ਼ੌਫ ਜਾਨ ਅਪਨੀ ਆਵੈ॥ ੧੯॥*** ਅਹਿਮਦ ਸ਼ਾਹ ਨੂੰ ਆਪਣੀ ਜਾਨ ਦਾ (ਖ਼ੌਫ) ਆਉਂਦਾ ਕਿ ਮੈਨੂੰ ਸਿੰਘ ਨਾ ਕਿਤੇ ਆ ਪੈਂਦੇ ਹੋਣ। ੧੯।

***ਪਹੁੰਚ ਅੰਬਾਲੇ ਸ਼ਾਹ ਡੇਰਾ ਲਾਯੋ॥*** ਜੰਡਿਆਲੇ ਤੋਂ ਹੌਲੀ-ਹੌਲੀ ਤੁਰ ਕੇ ਅਹਿਮਦ ਸ਼ਾਹ ਨੇ ਅੰਬਾਲੇ ਆ ਡੇਰਾ ਲਾਇਆ।

***'ਕਰੋ ਧੌੜ' ਇਮ ਧਮਕੋ ਲਾਯੋ॥*** ਇਉਂ ਧਮਕਾ ਲਾਇਆ ਹੈ, ਹੁਣ ਮੇਰੀ ਇੱਕੋ ਦੌੜ ਹੈ ਦਿੱਲੀ ਤਾਂਈਂ, ਪਹਿਲੀ ਦੌੜ ਹੀ ਮੈਂ ਉਥੇ ਪਹੁੰਚ ਜਾਵਾਂਗਾ।

***ਉਤੈ ਜੱਟ ਭੀ ਕਰੀ ਤਿਆਰੀ॥*** ਉਧਰ ਜਵਾਹਰ ਮੱਲ ਜੱਟ ਨੇ ਵੀ ਤਿਆਰੀ ਕਰ ਲਈ ਖ਼ੂਬ ਫ਼ੌਜਾਂ ਇਕੱਠੀਆਂ ਕੀਤੀਆਂ।

***'ਲਰੀਐ ਸ਼ਾਹੁ ਸੌਂ ਅੱਗਲਵਾਰੀ॥ ੨੦॥*** ਕਿ ਅੱਗੋਂ ਦੀ ਹੋ ਕੇ ਅਹਿਮਦ ਸ਼ਾਹ ਅਬਦਾਲੀ ਨਾਲ ਲੜੀਏ। ੨੦।

***ਦੋਹਰਾ ਰਾਜਪੂਤ ਮ੍ਰਹੱਟੇ ਬਿਰਾੜ ਸਦ ਦਾਦੂ ਦਾਵੇਦਾਰ॥*** ਉਸ ਨੇ ਰਾਜਪੂਤ ਮਰਹੱਟੇ ਬਰਾੜ ਅਤੇ ਦਾਦੂ ਪੰਥੀਏ ਜੋ ਦਾਵੇਦਾਰ ਸਨ, ਉਨ੍ਹਾਂ ਨੂੰ ਸੱਦ ਲਿਆ।

***ਗੁਸਾਈ ਭਈਏ ਪਰਬਤੀ, ਫਿਰੰਗੀਅਨ ਸਦ ਸਰਦਾਰ॥ ੨੧॥*** ਗੁਸਾਈਂ, ਭਈਏ, ਪਹਾੜੀਏ ਅਤੇ ਫਿਰੰਗੀਆਂ ਦੇ ਬਹੁਤ ਸਾਰੇ ਸਰਦਾਰਾਂ ਨੂੰ ਸੱਦ ਲਿਆ ਹੈ ਆਪਣੀ ਮਦਦ 'ਤੇ ਤਦ ਵੇਖ ਲਉ ਸਾਰੇ ਦੇ ਸਾਰੇ ਇਹ ਸ਼ਸਤਰਧਾਰੀ ਹੁੰਦੇ ਸੀ। ਡੇਰਿਆਂ ਵਾਲੇ ਵੀ ਉਦੋਂ ਸ਼ਸਤਰਧਾਰੀ ਹੁੰਦੇ ਸਨ, ਉਹ ਵੀ ਉਸ ਦੀ ਮਦਦ 'ਤੇ ਗਏ।੨੧

***ਚੌਪਈ॥ ਸਭ ਸਾਈਅਨ ਕੋ ਆਖ ਸੁਨਾਈ॥*** ਆਪਣੇ ਸਾਰੇ ਸਾਥੀਆਂ ਨੂੰ ਆਖ ਸੁਣਾਇਆ ਹੈ।

***'ਕਰੌਂ ਗਿਲਜੇ ਪਰ ਮੈਂ ਚੜ੍ਹ ਧਾਈ॥*** ਭਰਾਵੋ! ਮੈਂ (ਗਿਲਜੇ) ਅਹਿਮਦ ਸ਼ਾਹ ਅਬਦਾਲੀ 'ਤੇ ਚੜ੍ਹਾਈ ਕਰਕੇ ਧਾਵਾ ਬੋਲਣਾ ਹੈ।

***ਪ੍ਰਿਥਮੈਂ ਹਿੰਦੋਂ ਗਿਲਜੇ ਨਿਕਾਰੋਂ॥*** ਸਭ ਤੋਂ ਪਹਿਲਾਂ ਮੈਂ ਹਿੰਦੋਸਤਾਨ ਵਿੱਚੋਂ ਗਿਲਜਿਆਂ ਨੂੰ ਕੱਢਾਂਗਾ।

***ਫਿਰ ਆਇ ਦਿੱਲੀ ਪਾਛੈ ਮਾਰੋਂ॥ ੨੨॥*** ਫੇਰ ਆ ਕੇ ਦਿੱਲੀ ਨੂੰ ਪਿੱਛੋਂ ਮਾਰਾਂਗਾ। ਮਗਰੋਂ ਆ ਕੇ ਦਿੱਲੀ ਫਤ੍ਹੇ ਕਰਾਂਗੇ। ੨੨।

***ਸਭੀ ਸੂਦਾਰਨ ਇਮ ਹੀ ਠਟੀ॥*** ਜਿੰਨੇ ਸਰਦਾਰ ਸੀ ਫ਼ੌਜਾਂ ਦੇ, ਜੋ ਇਸ ਨੇ ਮੰਗਾਏ ਸੀ ਮਦਦਗਾਰ, ਸਭ ਨੇ ਇਉਂ ਹੀ ਨਿਸ਼ਚਾ ਕੀਤਾ।

***ਕਹੀ ਜੱਟ ਥੀ ਜਿਮ ਹੀ ਗਟੀ॥*** ਜਿਵੇਂ ਜਵਾਹਰ ਮੱਲ ਨੇ ਗਿਣੀ ਸੀ ਗੱਲ, ਸਭ ਨੇ ਪੱਕੀ ਕਰ ਲਈ ਗੱਲ ਕਿ ਠੀਕ ਹੈ, ਪਹਿਲਾਂ ਪਠਾਣਾਂ ਦੀ ਸਫਾਈ ਕਰੀਏ।

***ਸਿੰਘਨ ਕੋ ਭੀ ਦਰਬ ਘਲਾਈ॥*** ਸਿੰਘਾਂ ਨੂੰ ਵੀ ਬੜਾ ਧਨ ਭੇਜਿਆ ਹੈ।

***ਅਪਨੀ ਗਿਣਤੀ ਸਭਹੁੰ ਪੁਚਾਈ॥ ੨੩॥*** ਆਪਣੀ ਸਾਰੀ ਫ਼ੌਜ ਦੀ ਗਿਣਤੀ ਵੀ ਸਿੰਘਾਂ ਨੂੰ ਭੇਜ ਦਿੱਤੀ ਹੈ ਕਿ ਅਸੀਂ ਇਤਨੇ ਹਜ਼ਾਰ ਤਿਆਰ ਹਾਂ। ੨੩।

***ਸੁਨ ਖਾਲਸੈ ਉਸ ਦਯੋ ਸਹਾਰਾ॥*** ਸੁਣ ਕੇ ਖਾਲਸੇ ਨੇ ਉਸ ਨੂੰ ਆਸਰਾ ਦਿੱਤਾ ਫ਼ਿਕਰ ਨਾ ਕਰ 'ਐਧਰੋਂ ਤਾਂ ਅਸੀਂ ਨਹੀਂ ਲੰਘਣ ਦਿੰਦੇ।

***ਤੁਮ ਖਰਚ ਦਿਹੋ ਉਸ ਲੇਹੋ ਮਾਰਾ॥*** ਤੁਸੀਂ ਖਰਚ ਪੁੱਜਦਾ ਕਰੀ ਚਲੋ ਸਭ ਨੂੰ 'ਤੇ ਉਸ ਨੂੰ ਮਾਰ ਲਵੋ।

***ਕਹੀ ਬਾਤ ਕੰਨ ਪਰੀ ਰੁਹੇਲੇ॥*** ਇਹੀ ਗੱਲ ਨਜੀਬ ਖ਼ਾਂ ਰੁਹੇਲੇ ਦੇ ਕੰਨੀਂ ਪੈ ਗਈ ਹੈ ਕਿ ਅਬਦਾਲੀ ਨੂੰ ਤਾਂ ਖਾਲਸਾ ਰੋਕੀ

ਖੜ੍ਹਾ ਹੈ। ਖ਼ਰਚਾ ਜਵਾਹਰ ਮੱਲ ਭੇਜ ਰਿਹਾ ਹੈ ਖਾਲਸੇ ਨੂੰ।

***ਸੁਨਤ ਹੋਸ਼ ਉਸ ਭੂੱਲ ਗਈ ਚੇਲੇ॥ ੨੪॥*** ਜਿਹੜਾ ਅਹਿਮਦ ਸ਼ਾਹ ਅਬਦਾਲੀ ਦਾ ਚੇਲਾ ਬਣਿਆ ਫਿਰਦਾ ਸੀ। ਇਹ ਖ਼ਬਰ ਸੁਣਦਿਆਂ ਹੀ ਉਸ ਨੂੰ ਆਪਣੀ ਹੋਸ਼ ਭੁੱਲ ਗਈ। ਸੁਰਤ ਗੁੰਮ ਹੋ ਗਈ ਹੈ। ਹੁਣ ਮੈਨੂੰ ਕੌਣ ਛਡਾਇਗਾ ਏਥੋਂ?੨੪।

***ਮਤ ਕਤ ਸ਼ਾਹੁ ਜਾਵੈ ਅਗਯੋਂ ਭਾਜ॥*** ਹੁਣ ਉਸ ਨੂੰ ਫ਼ਿਕਰ ਪੈ ਗਿਆ ਮੱਤਾਂ ਕਿਤੇ ਅਹਿਮਦ ਸ਼ਾਹ ਅਬਦਾਲੀ ਭੱਜ ਜਾਂਦਾ ਹੋਵੇ, ਖਾਲਸੇ ਦਾ ਨਾਮ ਸੁਣ ਕੇ, ਇਹ ਗੱਲ ਨਾ ਹੋਵੇ ਕਿ ਪਿਛਾਂਹ ਹੀ ਮੁੜ ਜਾਵੇ।

***ਨਾਂਹਿ ਸ਼ਾਹਿ ਪੈ ਇਨ ਸਮ ਸਾਜ॥*** ਕਿਉਂਕਿ ਉਸ ਨੂੰ ਪਤਾ ਲੱਗ ਗਿਆ ਹੈ ਸਾਰੀ ਗਿਣਤੀ ਦਾ, ਅਬਦਾਲੀ ਤਾਂ ਇਕੱਲਾ ਹੈ, ਉਧਰ ਸਾਰਾ ਮੁਲਕ ਇਕੱਠਾ ਹੋ ਗਿਆ। ਲੜਾਈ ਦਾ ਇਤਨਾ ਸਾਜੋ-ਸਮਾਨ ਨਹੀਂ ਹੈ ਅਬਦਾਲੀ ਕੋਲ, ਇਸ ਕਰਕੇ ਉਹ ਨਹੀਂ ਟਾਕਰਾ ਕਰ ਸਕੇਗਾ। ਇਹ ਨਜੀਬ ਖ਼ਾਂ ਰੁਹੇਲੇ ਨੂੰ ਖ਼ਬਰ ਹੋ ਗਈ ਸਾਰੀ।

***ਭਾਊ ਮਰਯੋ ਥੋ ਪ੍ਰਦੇਸੀ ਵਿਚਾਰਾ॥*** ਭਾਊ ਮਰਹੱਟਾ ਤਾਂ ਪ੍ਰਦੇਸ਼ੀ ਸੀ ਵਿਚਾਰਾ, ਕਿਥੋਂ ਆਇਆ ਸੀ? ਔਹ ਦੱਖਣ ਦੇਸ਼ ਵਿੱਚੋਂ ਆਇਆ ਸੀ, ਉਹ ਪ੍ਰਦੇਸੀ ਸੀ, ਉਹ ਤਾਂ ਮਾਰਿਆ ਗਿਆ, ਏਥੇ ਉਸ ਦੀ ਮਦਦ ਕੋਈ ਨਹੀਂ ਸੀ।

***ਤੁਰਕ ਹਿੰਦੂਅਨ ਸਭ ਰਲਕੈ ਮਾਰਾ॥ ੨੫॥*** ਹਿੰਦੂਆਂ ਅਤੇ ਤੁਰਕਾਂ ਨੇ ਰਲ ਕੇ ਅਹਿਮਦ ਸ਼ਾਹ ਅਬਦਾਲੀ ਦੀ ਸਹਾਇਤਾ ਕਰਕੇ ਉਸ (ਭਾਊ ਮਰਹੱਟੇ) ਨੂੰ ਮਾਰਿਆ ਸੀ ਪਾਨੀਪਤ ਦੇ ਮੈਦਾਨ ਵਿਚ। ੨੫।

***ਸੋਰਠਾ॥ ਰਾਘੋ ਔਰ ਮਲ੍ਹਾਰ ਤੁੱਕੋ ਹੁਲਕਰ ਏਹ ਜੋਊ॥*** ਰਾਘੋ, ਮਲ੍ਹਾਰ, ਤੁਕੋ ਤੇ ਹੁਲਕਰ ਇਹ ਜਿਹੜੇ ਮਰਹੱਟੇ ਸਨ।

***ਇਸ ਪਿਤ ਲੀਨੇ ਮਾਰ ਸ਼ਾਹਿ ਫਤ੍ਹੇ ਲੇ ਘਰ ਗਯੋ॥ ੨੬॥*** ਇਸ (ਜਵਾਹਰ ਮੱਲ) ਦੇ ਪਿਤਾ ਨੂੰ ਮਾਰ ਕੇ ਅਹਿਮਦ ਸ਼ਾਹ ਅਬਦਾਲੀ ਫਤ੍ਹੇ ਲੈ ਕੇ ਜਿੱਤ ਪ੍ਰਾਪਤ ਕਰਕੇ ਆਪਣੇ ਘਰ ਚਲਿਆ ਗਿਆ ਸੀ। ੨੬।

***ਚੌਪਈ॥ ਇਨ੍ਹੈ ਜੱਟ ਨੈ ਤਖਤ ਭਿੜਾਏ॥*** ਇਸ (ਜਵਾਹਰ ਮੱਲ) ਜੱਟ ਨੇ ਤਖ਼ਤਾਂ ਦੀਆਂ ਟੱਕਰਾਂ ਲਵਾ ਦਿੱਤੀਆਂ। ਕਿਥੇ ਦਿੱਲੀ, ਕਿਥੇ ਕਾਬਲ ਉਨ੍ਹਾਂ ਦਾ ਟਾਕਰਾ ਕਰਵਾ ਦਿੱਤਾ।

***ਇਨ੍ਹੈ ਜੱਟ ਹਥ ਸ਼ਾਹਿ ਘਰ ਪਾਏ॥*** ਇਸ ਜੱਟ ਨੇ ਤਾਂ ਕਮਾਲ ਕਰ ਦਿੱਤੀ, ਜਿਸ ਨੇ ਅਹਿਮਦ ਸ਼ਾਹ ਅਬਦਾਲੀ ਦੇ ਘਰ ਜਾ ਹੱਥ ਪਾਇਆ, ਸ਼ਾਹੀਂ ਖ਼ਜ਼ਾਨਾਂ ਵੀ ਜਾ ਲੁੱਟਿਆ ਹੈ ਇਸ ਨੇ ਤਾਂ।

***ਜੌਰਾ ਭੌਰਾ ਇਨ ਕੱਢ ਲਯੋ॥*** ਜੌਰਾ ਅਤੇ ਭੌਰਾ ਦੋ ਦਰਿਆਈ ਘੋੜੇ ਦਿੱਲੀ ਦੇ ਬਾਦਸ਼ਾਹ ਕੋਲ ਹੁੰਦੇ ਸਨ। ਉਸ ਤੋਂ ਨਾਦਰ ਸ਼ਾਹ ਲੈ ਗਿਆ ਸੀ ਖੋਹ ਕੇ, ਨਾਦਰ ਸ਼ਾਹ ਤੋਂ ਇਨ੍ਹਾਂ ਨੇ ਖੋਹ ਲਏ ਜਾਟ ਨੇ, ਕਹਿੰਦਾ ਇਹ ਜਾਟ ਬੜਾ ਤਕੜਾ ਬੰਦਾ ਹੈ। ਇਹ ਲੈ ਗਿਆ ਹੈ ਖੋਹ ਕੇ ਸਾਰਿਆਂ ਨੂੰ।

***ਮਾਲ ਪਤਿਸ਼ਾਹੀ ਇਨ ਜੱਟ ਪਚਯੋ॥ ੨੭॥*** ਆਗਰਾ ਲੁੱਟ ਕੇ ਪਾਤਸ਼ਾਹੀ ਖ਼ਜ਼ਾਨਾ ਵੀ ਇਸ ਨੇ ਹਜ਼ਮ ਕਰ ਲਿਆ। ੨੭।

***ਯਹੀ ਜੱਟ ਹੈ ਬੁਰੀ ਬਲਾਇ॥*** ਇਹ ਜੱਟ ਤਾਂ ਬੜੀ ਹੀ ਬੁਰੀ ਬਲਾਉ ਹੈ।

***ਮਤ ਕਤ ਆਵੈ ਸ਼ਾਹ ਭਜਾਇ॥*** ਨਜੀਬ ਖ਼ਾਂ ਰੁਹੇਲੇ ਨੂੰ ਫਿਕਰ ਹੋ ਗਿਆ ਕਿ ਕਿਤੇ ਉਹ ਨਾ ਹੋਵੇ, ਅਹਿਮਦ ਸ਼ਾਹ ਅਬਦਾਲੀ ਨੂੰ ਪਿਛਾਂਹ ਕਾਬਲ ਨੂੰ ਭਜਾ ਕੇ ਫਿਰ ਮੇਰੇ 'ਤੇ ਆ ਪਵੇ।

***ਫਿਰ ਦਿੱਲੀ ਲਯੋਗੁ ਤੁਰਤਹਿ ਮਾਰ॥*** ਫਿਰ ਤੁਰਤ ਹੀ ਇਹ ਦਿੱਲੀ ਨੂੰ ਮਾਰ ਲਵੇਗਾ, ਉਦੋਂ ਹੀ ਦਿੱਲੀ 'ਤੇ ਫਤ੍ਹੇ ਪਾ ਲਵੇਗਾ।

***ਦੇਵੈਂ ਹਿੰਦੋ ਯਹ ਦੀਨ ਉਠਾਰ॥ ੨੮॥*** ਤੇ ਫਿਰ ਹਿੰਦੋਸਤਾਨ ਵਿਚ ਦੀਨੀ ਤਾਂ ਕੋਈ ਰਹਿੰਦਾ ਨਹੀਂ। ਇਹ ਹਿੰਦੋਸਤਾਨ 'ਚੋਂ ਸਾਡਾ ਦੀਨ ਮਜਹਬ ਹੀ ਉਠਾ ਦੇਵੇਗਾ। ਇਸ ਨੇ ਕੋਈ ਤੁਰਕ ਨਹੀਂ ਛੱਡਣਾ ਹਿੰਦੋਸਤਾਨ ਵਿਚ। ੨੮।

***ਇਹਾਂ ਅਬੈ ਕੋਊ ਮੰਤ੍ਰ ਚਲਵਯੈ॥*** ਹੁਣ ਕੋਈ ਐਸਾ ਦਾਉ-ਪੇਚ ਕਰੀਏ, ਜਿਹੜਾ ਏਥੇ ਦਿੱਲੀ ਵਿਚ ਆਵੇ ਹੀ ਨਾ

ਅਬਦਾਲੀ, ਉਸ ਨੂੰ ਰੋਕੀਏ ਕਿਵੇਂ ਰੁਕਦਾ ਹੈ।

***ਸਾਮ ਦਾਮ ਦੰਡ ਭੇਦ ਜੁ ਹੈਯੈ॥*** ਸਾਮ ਦਾਮ, ਦੰਡ, ਭੇਦ, ਇਹ ਰਾਜਨੀਤੀ ਦੇ ਚਾਰ ਅੰਗ ਹਨ-

(੧) **ਸਾਮ**:- ਸਰਨ ਵਿਚ ਚਲੇ ਜਾਣਾ।

(੨) **ਦਾਮ**:- ਪੈਸਾ ਦੇ ਕੇ ਸੁਲਹ ਕਰ ਲੈਣੀ।

(੩) **ਦੰਡ**:- ਸ਼ਸਤ੍ਰ ਤੇ ਬਲ ਨਾਲ ਦੁਸ਼ਮਣ ਨੂੰ ਸਜ਼ਾ ਦੇਣੀ। ਉਸ ਨੂੰ ਦੰਡ ਦੇਣਾ।

(੪) **ਭੇਦ**:-ਦੁਸ਼ਮਣ ਦੀਆਂ ਫ਼ੌਜਾਂ ਵਿਚ ਫੁੱਟ ਪਾ ਕੇ ਆਪਣੇ ਵਲ ਕਰ ਲੈਣਾ। ਇਹ ਜੋ ਦਾਉ ਨੀਤੀ ਦੇ, ਇਨ੍ਹਾਂ ਵਿੱਚੋਂ ਕੋਈ ਦਾਉ ਚਲਾਈਏ, ਜਿਸ ਕਰਕੇ ਅਸੀਂ ਬਚ ਸਕੀਏ।

***ਹੁਤੋ ਮ੍ਰਹੱਟੋ ਗਯੋ ਮਲ੍ਹਾਰ॥*** ਮਲ੍ਹਾਰ ਨਾਮ ਦਾ ਮ੍ਰਹੱਟਾ ਵੀ ਜਵਾਹਰ ਮੱਲ ਦੀ ਮਦਦ 'ਤੇ ਗਿਆ ਹੋਇਆ ਸੀ।

***ਜਿਨ ਸੰਗ ਘੋੜੀ ਸੱਠ ਹਜ਼ਾਰ॥ ੨੯॥*** ਜਿਸ ਦੇ ਨਾਲ ਫ਼ੌਜ ਦੀ ਸੱਠ ਹਜ਼ਾਰ ਘੋੜੀ ਸੀ, ਸੱਠ ਹਜ਼ਾਰ ਫ਼ੌਜ ਜੋ ਘੋੜੀਆਂ 'ਤੇ ਸਵਾਰ ਸੀ, ਲੈ ਕੇ ਜਵਾਹਰ ਮੱਲ ਦੀ ਮਦਦ 'ਤੇ ਗਿਆ ਸੀ ਮਲ੍ਹਾਰ ਮਰਹੱਟਾ। ੨੯।

***ਰੁਹੇਲੈ ਕੋ ਉਨ ਕਹਯੋ ਥੋ ਭਾਈ॥*** ਨਜੀਬ ਖ਼ਾਂ ਰੁਹੇਲੇ ਨੂੰ ਉਸ ਨੇ ਕਿਸੇ ਸਮੇਂ ਭਾਈ ਆਖਿਆ ਸੀ।

***ਵਖਤ ਭਾਊ ਬੀ ਪਗ ਬਦਲਾਈ॥*** ਜਿਵੇਂ ਪਿੱਛੇ ਦੱਸਿਆ ਹੈ ਕਿ ਹਿੰਦੂਆਂ, ਮਰਹੱਟਿਆਂ ਰਲ ਕੇ ਮਰਹੱਟਿਆਂ ਨੂੰ ਮਾਰਿਆ ਹੈ। ਮਲ੍ਹਾਰ ਮਰਹੱਟਾ, ਭਾਊ ਦੀ ਮਦਦ 'ਤੇ ਆਇਆ ਸੀ। ਪਿੱਛੋਂ ਉਸ ਦੀ ਮਦਦ ਛੱਡ ਕੇ ਕਾਬਲੀਆਂ ਨਾਲ ਰਲ ਗਿਆ ਸੀ। ਜਿਸ ਕਰਕੇ ਮਰਹੱਟੇ ਭਾਊ ਦੀ ਹਾਰ ਹੋਈ ਸੀ। ਇਹ ਲੋਕ ਭਾਂਜ ਪਾ ਕੇ ਆਪ ਨੱਠ ਗਏ ਸੀ ਜੰਗ ਵਿੱਚੋਂ। ਜਿਸ ਕਰਕੇ ਸਾਰਿਆਂ ਨੂੰ ਭੱਜਣਾ ਪਿਆ ਸੀ। ਮਲ੍ਹਾਰ ਨੇ ਔਖੇ ਸਮੇਂ ਮਰਹੱਟੇ ਭਾਊ ਨਾਲ ਵੀ ਆਪਸ ਵਿਚ ਪੱਗ ਬਦਲ ਕੇ ਦੋਸਤੀ ਕੀਤੀ ਸੀ।

***ਸੋ ਉਸ ਪੈ ਉਨ ਘੱਲੇ ਵਕੀਲ॥*** ਉਹ (ਮਲ੍ਹਾਰ ਮਰਹੱਟਾ) ਉਸ (ਜਵਾਹਰ ਮੱਲ) ਕੋਲ ਵਕੀਲ ਭੇਜ ਦਿੱਤਾ, ਉਸ (ਨਜੀਬੇ ਰੁਹੇਲੇ) ਨੇ।

***ਵਧਯੋ ਜੱਟ ਹੋਗ ਤੋਹ ਬਖੀਲ॥ ੩੦॥*** ਉਹ (ਨਜੀਬ ਖਾਂ) ਕਹਿਣ ਲੱਗਾ ਤੁਸੀਂ (ਜਵਾਰ ਮੱਲ) ਜੱਟ ਦੀ ਮਦਦ 'ਤੇ ਆਏ ਹੋ, ਜੇ ਜੱਟ ਵਧ ਗਿਆ, ਭਾਵ ਜੇ ਇਸ ਨੇ ਮੇਰੇ ਉਤੇ ਫੜ੍ਹੇ ਪਾ ਕੇ ਦਿੱਲੀ ਨੂੰ ਜਿੱਤ ਲਿਆ, ਤਾਂ ਜੱਟ ਤੁਹਾਡੇ 'ਤੇ ਭਾਰੂ ਹੋ ਕੇ ਤੁਹਾਨੂੰ ਦੁਖਦਾਈ ਹੋਵੇਗਾ। ੩੦।

***ਦੋਹਰਾ॥ ਇਨੈਂ ਸ਼ਾਹ ਜੌ ਕੱਢ ਦਯੋ ਹਮ ਤੁਮ ਕਬ ਰਹਿਣ ਦੇਹਿ॥*** ਜੇ ਇਸ ਨੇ ਹਿੰਦੋਸਤਾਨ 'ਚੋਂ ਅਹਿਮਦ ਸ਼ਾਹ ਅਬਦਾਲੀ ਨੂੰ ਕੱਢ ਦਿੱਤਾ, ਤਾਂ ਸਾਨੂੰ ਤੇ ਤੁਹਾਨੂੰ ਕਦੋਂ ਰਹਿਣ ਦੇਵੇਗਾ।

***ਲਯੋ ਬੁਲਾਇ ਜਿਨ ਖਾਲਸੇ, ਬਡੇ ਬਹਾਦੁਰ ਜੋਇ॥ ੩੧॥*** ਖਾਲਸਾ ਪੰਥ ਜਿਹੜਾ ਬੜਾ ਹੀ ਬਹਾਦਰ ਹੈ ਜਿਸ (ਜੱਟ) ਨੇ ਉਸ ਨੂੰ ਵੀ ਬੁਲਾ ਲਿਆ ਹੈ, ਜਿਸ ਦੇ ਬੁਲਾਵੇ 'ਤੇ ਖਾਲਸਾ ਪੰਥ ਵੀ ਆਇ ਗਿਆ। ੩੧।

***ਚੌਪਈ॥ ਤੋਰ ਮੋਰ ਯਹੀ ਭਾਈ ਚਾਰੋ॥*** ਤੇਰਾ ਤੇ ਮੇਰਾ ਇਹੀ ਭਾਈਚਾਰਾ ਹੈ। ਹੋਰ ਤਾਂ ਕੋਈ ਗੱਲ ਨਹੀਂ, ਭਰਾ ਬਣੇ ਸੀ ਆਪਾਂ ਪੱਗ ਵਟਾ ਕੇ।

***ਰੱਖ ਅਬ ਮੋਹੁ ਮੈਂ ਪਰਯੋ ਹਾਰੋ॥*** ਹੁਣ ਰੱਖ ਲੈ ਤੂੰ ਮੈਨੂੰ, ਮੈਂ ਹਾਰ ਗਿਆ ਹਾਂ, ਮੇਰੀ ਰੱਖਿਆ ਹੁਣ ਤੂੰ ਹੀ ਕਰ ਸਕਦਾ ਹੈਂ, ਮੇਰੀ ਮਦਦ ਕਰ ਤੇ ਮੈਨੂੰ ਬਚਾ ਲੈ।

***ਗੁਪਤ ਟਕੇ ਬਹੁ ਦੀਨੇ ਆਖ॥*** ਬਹੁਤ ਸਾਰੀ ਗੁਪਤ ਮਾਇਆ ਦੇਣ ਨੂੰ ਵੀ ਆਖ ਦਿੱਤਾ ਕਿ ਜਿੰਨੀ ਮਰਜ਼ੀ ਮਾਇਆ ਲੈ ਲਵੀਂ ਉਨੀਂ ਹੀ ਦੇ ਦਿਆਂਗਾ ਤੈਨੂੰ।

***'ਸ਼ਰਨ ਪਰੈ ਕੁ ਅਬ ਲੈ ਰਾਖ' ॥ ੩੨॥*** ਸ਼ਰਨ ਪਏ ਨੂੰ ਹੁਣ ਰੱਖ ਲੈ ਮੈਨੂੰ? ਮੈਂ ਤੇਰੀ ਸ਼ਰਨ ਆਇਆ ਹਾਂ। ੩੨।

***ਤਊ ਦਿਲਾਸਾ ਮ੍ਰਹੱਟਨ ਦਯੋ॥*** ਤਦ ਮਰਹੱਟਿਆਂ ਨੇ ਨਜੀਬ ਖ਼ਾਂ ਨੂੰ ਹੌਂਸਲਾ ਦੇ ਦਿੱਤਾ, ਦਿਲਾਸਾ ਦਿੱਤਾ ਕਿ ਅਸੀਂ ਕਰਦੇ ਹਾਂ ਕੋਈ ਦਾਉ-ਪੇਚ ਫ਼ਿਕਰ ਨਾ ਕਰ ਅਸੀਂ ਤੇਰੀ ਮਦਦ ਕਰਾਂਗੇ।

***ਤੌ ਭੀ ਕਾਂਪੋ ਉਸ ਦਿਲੌਂ ਨ ਗਯੋ॥*** ਤਾਂ ਵੀ ਉਸ ਦੇ ਦਿਲ ਦਾ ਕਾਂਬਾ ਨਹੀਂ ਲੱਥਾ, ਅਜੇ ਵੀ ਉਵੇਂ ਹੀ ਕੰਬੀ ਜਾਂਦਾ ਹੈ ਕਿਉਂਕਿ ਡਰ ਹੈ, ਅੱਗੇ ਤਾਕਤ ਬੜੀ ਇਕੱਠੀ ਹੋ ਚੁੱਕੀ ਹੈ।

***ਦੋਊ ਵੱਲ ਡੇ ਦੱਖਣੀ ਖਾਹਿ॥*** ਦੱਖਣੀਏ ਮਰਹੱਟੇ ਦੋਹਾਂ ਤਰਫਾਂ ਤੋਂ ਖਾਂਦੇ ਸਨ। ਨਾਲੇ ਤਾਂ ਜਵਾਹਰ ਮਲ ਤੋਂ ਲੈ ਕੇ ਖਾਂਦੇ, ਉਧਰੋਂ ਨਜੀਬ ਖ਼ਾਂ ਰੁਹੇਲੇ ਪਠਾਣ ਨਾਲ ਵੀ ਰਲ ਗਏ ਸਨ। ਏਧਰੋਂ ਮਾਇਆ ਗੁਪਤ ਲਈ ਜਾਂਦੇ ਸਨ।

***ਦੋਊ ਵਲ ਲੀਯੋ ਕੰਮ ਬਣਵਾਹਿ॥ ੩੩॥*** ਦੋਹੀਂ ਪਾਸੀਂ ਕੰਮ ਬਣਾ ਲਿਆ, ਹੁਣ ਇਨ੍ਹਾਂ ਨੂੰ ਕੀ ਫਿਕਰ ਹੈ ਕਿ ਸਾਨੂੰ ਕਿਸਨੇ ਮਾਰਨਾ ਹੈ। ਉਹ ਸਮਝਣਗੇ ਸਾਡੀ ਮਦਦ 'ਤੇ ਉਹ ਸਮਝਣਗੇ ਸਾਡੀ ਮਦਦ 'ਤੇ ਆਏ ਹਨ, ਸਾਡੇ 'ਤੇ ਤਾਂ ਕਿਸੇ ਨੇ ਹੱਲਾ ਹੀ ਨਹੀਂ ਬੋਲਣਾ, ਸਾਡੀ ਬਚਤ ਹੋ ਗਈ। ੩੩।

***ਲਗਯੋ ਸਮਝਾਵਨ ਜੱਟੈ ਸੋਇ॥*** ਮਲ੍ਹਾਰ ਮਰਹੱਟਾ ਜਾ ਕੇ ਜੁਵਾਹਰ ਮੱਲ ਨੂੰ ਲੱਗਾ ਹੈ ਸਮਝਾਉਣ ਤਰੀਕੇ ਦੇ ਨਾਲ।

***ਹਮ ਤੁਮ ਭਈ ਪਤ ਇਕੱਠੀ ਹੋਇ॥*** ਤੁਸੀਂ ਵੀ ਹਿੰਦੂ ਅਸੀਂ ਵੀ ਹਿੰਦੂ ਤੁਹਾਡੀ ਸਾਡੀ ਇੱਜ਼ਤ ਕੋਈ ਵੱਖਰੀ ਤਾਂ ਹੈ ਨਹੀਂ, ਜੇ ਤੇਰੀ ਪਤ ਲਹਿ ਗਈ, ਤਾਂ ਸਮਝੋ ਸਾਡੀ ਹੀ ਲੱਥੀ। ਸਾਡੀ ਲਹਿ ਗਈ ਤਾਂ ਤੇਰੀ ਲੱਥੀ, ਇਕੱਠੇ ਹੋਣ ਕਰਕੇ ਸਾਡੀ ਤੇ ਤੁਹਾਡੀ ਇੱਜ਼ਤ ਬਣ ਗਈ ਹੈ।

***ਉਠ ਤੇ ਆਵਤ ਅਹਿਮਦ ਸ਼ਾਹਿ॥*** ਉਧਰੋਂ ਅਹਿਮਦ ਸ਼ਾਹ ਅਬਦਾਲੀ ਆ ਰਿਹਾ ਹੈ।

***ਮਤ ਕਤ ਜਾਵੈ ਪਤ ਗਵਾਹਿ॥ ੩੪॥*** ਮਤਾਂ ਕਿਤੇ ਉਹ ਨਾ ਹੋਵੇ ਕਿ ਸਾਡੀ ਪਤ ਗਵਾ ਜਾਵੇ। ਫਿਰ ਕੀ ਬਣੇਗਾ? ।੩੪।

***ਤਾਂ ਤੇ ਸਲਾਹਿ ਹਮਰੀ ਮੰਨ ਲੇਹਿ॥*** ਇਸ ਕਰਕੇ ਮੇਰੀ ਸਲਾਹ ਮੰਨ ਲੈ, ਜਿਵੇਂ ਮੈਂ ਤੈਨੂੰ ਸਮਝਾਉਂਦਾ ਹਾਂ, ਉਸ ਤਰ੍ਹਾਂ ਕਰ ਲੈ।

***ਡੇਰੈ ਸੱਦ ਉਸ ਲੇਹੁ ਮਿਲੇਹੁ॥*** ਉਸ ਨੂੰ ਆਪਣੇ ਡੇਰੇ ਵਿਚ ਮਿਲਾ ਲਵੋ।

***ਦੇਵੈ ਆਇ ਤੁਵਪਿਅ ਕੀ ਕਾਨ॥*** ਜੇ ਤੂੰ ਉਸ ਦੇ ਸਿਰ ਜ਼ੁਲਮ ਲਾਉਂਦਾ ਹੈਂ ਕਿ ਮੇਰੇ ਪਿਉ ਦਾ ਕਾਤਲ ਹੈ, ਉਹ ਤੇਰੇ ਪਿਉ ਦੀ ਮੁਕਾਣ ਦੇਣ ਆ ਜਾਇਗਾ, ਮੁਕਾਣ ਦੇਣ ਸੱਜਣ ਹੀ ਆਉਂਦੇ ਹਨ, ਦੁਸ਼ਮਣ ਤਾਂ ਆਉਂਦੇ ਨਹੀਂ।

***ਹੋਵਗੁ ਜਸੁ ਬਡ ਤੁਹ ਜਗ ਮਾਣ॥ ੩੫॥*** ਜਵਾਹਰ ਮੱਲ! ਤੇਰਾ ਬੜਾ ਭਾਰੀ ਜਸ ਹੋਵੇਗਾ, ਕਿ ਬੜਾ ਤਕੜਾ ਜਾਟ ਨਿਕਲਿਆ, ਇਸ ਨੇ ਕੰਮਜ਼ੋਰ ਕਰ ਲਿਆ ਉਸ ਨੂੰ ਅਤੇ ਸੰਸਾਰ ਵਿਚ ਤੇਰਾ ਬੜਾ ਸਤਿਕਾਰ ਹੋਵੇਗਾ। ੩੫।

***ਗਲੈ ਕੁਹਾੜੋ ਮੁਖ ਲੈ ਘਾਸ॥*** ਗਲ ਵਿਚ ਉਸ ਦੇ ਕੁਹਾੜਾ ਪਾ ਕੇ ਅਤੇ ਮੂੰਹ ਵਿਚ ਘਾਹ ਲੈ ਕੇ।

***ਲਯਾਇ ਬਹਾਵੋਂ ਮੈਂ ਤੁਮ ਪਾਸ॥*** ਮੈਂ ਫੜ ਕੇ ਲਿਆ ਕੇ ਤੇਰੇ ਕੋਲ ਬਿਠਾ ਦਿਆਂਗਾ।

***ਜੱਟ ਕਹਯੋ, 'ਮੋਹਿ ਬੇਟੀ ਦੇਵੈ॥*** ਨਜੀਬ ਖ਼ਾਂ ਰੁਹੇਲਾ, ਸੂਰਜ ਮੱਲ ਦੀ ਪੁੱਤਰੀ ਲੈ ਗਿਆ ਸੀ ਜ਼ਬਰਦਸਤੀ ਚੁੱਕ ਕੇ, ਜੋ ਕਿ ਜਵਾਹਰ ਮੱਲ ਦੀ ਭੈਣ ਲਗਦੀ ਸੀ। ਉਹ (ਜਵਾਹਰ ਮੱਲ) ਜੱਟ ਕਹਿਣ ਲੱਗਾ, ਮੈਨੂੰ ਆਪ ਦੀ ਕੁੜੀ ਦੇਵੇ ਉਸ ਦੇ ਬਦਲੇ ਵਿਚ। ਜਦੋਂ ਉਹ ਮੇਰੀ ਭੈਣ ਨੂੰ ਲੈ ਗਿਆ ਸੀ, ਉਸ ਦੇ ਬਦਲੇ ਉਹ ਮੇਰਾ ਸਹੁਰਾ ਬਣੇ ਮੈਂ ਇਸ ਦਾ ਜੁਆਈ ਬਣਾਂ।

***ਸਾਥ ਹਮਾਰੇ ਫੇਰੇ ਕਰੇਵੈ' ॥ ੩੬॥*** ਮੇਰੇ ਨਾਲ ਆਪ ਦੀ ਲੜਕੀ ਦੇ ਫੇਰੇ ਕਰਾਵੇ, ਭਾਵ ਮੇਰੇ ਨਾਲ ਵਿਆਹੇ ਆਪ ਦੀ ਲੜਕੀ। ੩੬।

***ਦੋਹਰਾ॥ ਮਲ੍ਹਾਰ ਕਹਯੋ 'ਉਸ ਧੀ ਨਹੀਂ' ਯਹੀ ਬਨੀ ਲਾਚਾਰ॥*** ਮਲ੍ਹਾਰ ਮਰਹੱਟਾ ਕਹਿਣ ਲੱਗਾ ਕਿ ਵੱਡੀ ਲਚਾਰੀ ਵਾਲੀ ਗੱਲ ਤਾਂ ਏਹੀ ਬਣੀ ਹੈ ਕਿ ਉਸ (ਨਜੀਬ ਖ਼ਾਂ) ਦੇ ਘਰ ਕੋਈ ਧੀ ਨਹੀਂ ਹੈ, ਇਸ ਦਾ ਦੱਸ ਕੀ ਇਲਾਜ਼ ਕਰੀਏ?

**ਕ੍ਰੋੜ ਰੁਪੱਯੇ ਧੀ ਬਦਲ ਉਸ ਤੈ ਦਯੋਂ ਲਿਖਾਰ॥ ੩੭॥** ਮੈਂ ਤੁਹਾਨੂੰ ਧੀ ਦੇ ਬਦਲੇ ਵਿਚ ਕ੍ਰੋੜ ਰੁਪਿਆ ਉਸ ਤੋਂ ਲਿਖਾ ਦਿਆਂਗਾ, ਕ੍ਰੋੜ ਰੁਪਿਆ ਤੂੰ ਭਰਾ ਲੈ ਉਸ ਤੋਂ, ਤੂੰ ਇਹ ਸਮਝ ਲੈ ਕਿ ਉਸ ਦੀ ਧੀ ਦਾ ਸਾਕ ਲੈ ਲਿਆ ਹੈ ਮੈਂ। ੩੭।

**ਚੌਪਈ॥ ਤਬੈ ਜਵਾਹਰ ਐਸ ਨ ਮਾਨੀ॥** ਤਦ ਜਵਾਹਰ ਮੱਲ ਨੇ ਕਿਹਾ ਇਹ ਨਹੀਂ ਗੱਲ ਮੇਰੇ ਪਸੰਦ ਦੀ, ਮੈਂ ਨਹੀਂ ਮੰਨਦਾ।

**ਪਿਤੋ ਨ ਬੇਚੋਂ ਪਦਮ ਨਿਸ਼ਾਨੀ॥** (ਨਜੀਬ ਖ਼ਾਂ) ਜੇ ਪਦਮ ਰੁਪਿਆ ਵੀ ਦੇ ਦੇਵੇ, ਤਾਂ ਵੀ ਮੈਂ ਆਪਣੇ ਪਿਤਾ ਨੂੰ ਨਹੀਂ ਵੇਚਦਾ।

**ਕਈ ਕ੍ਰੋੜ ਖਰਚ ਆਯੋ ਮੇਰਾ॥** ਆਹ ਵੇਖ ਮੈਂ ਏਨੀ ਮੁਹਿੰਮ ਇਕੱਠੀ ਕੀਤੀ, ਏਨੀਆਂ ਫ਼ੌਜਾਂ ਲਿਆਇਆ ਹਾਂ, ਕਈ ਕਰੋੜ ਰੁਪਿਆ ਤਾਂ ਮੇਰਾ ਏਹੀ ਖ਼ਰਚ ਹੋ ਗਿਆ।

**ਔਰ ਕਰੂੰ ਮੈਂ ਖਰਚ ਘਨੇਰਾ॥ ੩੮॥** ਮੈਨੂੰ ਕੋਈ ਪ੍ਰਵਾਹ ਨਹੀਂ ਹੈ ਹੋਰ ਮੈਂ ਅਜੇ ਹੋਰ ਵੀ ਬਥੇਰਾ ਖ਼ਰਚ ਕਰਾਂਗਾ, ਭਾਵੇਂ ਕਰੋੜਾਂ ਰੁਪਿਆ ਹੋਰ ਖ਼ਰਚ ਹੋ ਜਾਏ। ੩੮।

**ਯਹ ਸੁਨ ਬਾਤ ਕਹੇ ਜਗ ਲੋਈ॥** ਇਹ ਸੁਣ ਕੇ ਕਿ ਇਸ ਨੇ ਰੁਪਿਆ ਲੈ ਲਿਆ ਹੈ ਨਜੀਬ ਖ਼ਾਂ ਰੁਹੇਲੇ ਤੋਂ, ਦੁਨੀਆਂ ਦੇ ਲੋਕ ਕਹਿਣਗੇ।

**ਪਿਤਾ ਖੂਨ ਦਯੋ ਟਕਿਅਨ ਤੋਈ॥** ਪਿਤਾ ਦਾ ਖ਼ੂਨ ਟਕਿਆਂ ਵੱਟੇ ਵੇਚ ਦਿੱਤਾ ਹੈ, ਪੈਸੇ ਲੈ ਲਏ ਹਨ ਅਤੇ ਪਿਤਾ ਦਾ ਖ਼ੂਨ ਮੁਆਫ ਕਰ ਦਿੱਤਾ ਹੈ ਉਸ ਨੇ।

**ਤਬ ਮਲ੍ਹਾਰ ਰਾਇ ਬਾਤ ਬਿਚਾਰੀ॥** ਤਦ ਮਲ੍ਹਾਰ ਰਾਓ ਮਰਹੱਟੇ ਗੱਲ ਨੂੰ ਵਿਚਾਰਿਆ ਹੈ।

**ਅਗਲਨ ਪੁਰਸ਼ਨ ਜੈਸੇ ਸੁਵਾਰੀ॥ ੩੯॥** ਕਹਿਣ ਲੱਗਾ, ਜਿਵੇਂ ਅਗਲੇ ਪੁਰਸ਼ ਸਵਾਰਦੇ ਆਏ, ਸੁਲਹ ਤਾਂ ਮੁੱਢ ਤੋਂ ਲੈ ਕੇ ਕਰਦੇ ਆਏ ਹਨ, ਜਿਵੇਂ ਉਹ ਕਰਦੇ ਆਏ ਹਨ, ਆਪਾਂ ਓਵੇਂ ਕਰ ਲੈਂਦੇ ਹਾਂ ਤਰੀਕਾ। ੩੯।

**ਆਦਿ ਅੰਤ ਜਿਮ ਹੋਤੀ ਆਈ॥** ਜਿਵੇਂ ਮੁੱਢ ਤੋਂ ਅਖੀਰ ਤੱਕ ਹੁੰਦੀ ਆਈ ਹੈ।

**ਸੋਊ ਬਾਤ ਤੁਮ ਲੇਹੁ ਕਰਵਾਈ॥** ਉਹ ਗੱਲ ਤੂੰ ਕਰਵਾ ਲੈ ਭਾਈ। ਜਿਸ ਤਰੀਕੇ ਨਾਲ ਦੁਨੀਆਂ ਕਰਦੀ ਆਈ ਹੈ ਸੁਲਹ, ਓਸੇ ਢੰਗ ਨਾਲ ਆਪਾਂ ਸੁਲਹ ਕਰ ਲਈਏ।

**ਡੋਲਾ ਘਲਾਵੈਂ ਪ੍ਰਿਥਮ ਤੁਮ ਪਾਹਿ॥** ਪਹਿਲਾਂ ਤੇਰੇ ਕੋਲ ਉਹ ਲੜਕੀ ਦਾ ਡੋਲਾ ਭੇਜ ਦੇਵੇਗਾ। ਤੈਨੂੰ ਲੜਕੀ ਚਾਹੀਦੀ ਹੈ, ਉਹ ਕਿਸੇ ਹੋਰ ਅਮੀਰ ਵਜ਼ੀਰ ਦੀ ਲੜਕੀ ਖਰੀਦ ਕੇ ਆਪਣੀ ਲੜਕੀ ਬਣਾ ਕੇ ਉਸ ਦਾ ਡੋਲਾ ਤੈਨੂੰ ਪੇਸ਼ ਕਰ ਦਿੰਦੇ ਹਾਂ।

**ਕਾਰਜ ਬੇਟੀ ਉਸੇ ਬਣਵਾਇ॥ ੪੦॥** ਏਸ ਕਾਰਜ਼ ਵਾਸਤੇ ਨਜੀਬ ਖ਼ਾਂ ਉਸ ਨੂੰ ਆਪਣੀ ਬੇਟੀ ਬਣਾ ਲਵੇਗਾ। ੪੦।

**ਜੇਵਰ ਸਹਿਤ ਔ ਖਿਜਮਤਦਾਰ॥** ਸਮੇਤ ਜ਼ੇਵਰਾਂ ਦੇ ਅਤੇ ਨਾਲ ਉਸ ਦੇ ਟਹਿਲਣਾਂ ਗੋਲੀਆਂ, ਸਭ ਉਸੇ ਤਰ੍ਹਾਂ ਸ਼ਾਹੀ ਠਾਠ ਦੇ ਨਾਲ।

**ਹੋਤ ਆਦਿ ਜਿਮ ਜਗ ਬਿਵਹਾਰ॥** ਜਿਵੇਂ ਜਗਤ ਦਾ ਬਿਵਹਾਰ ਚਲਿਆ ਆਉਂਦਾ ਹੈ, ਪਿੱਛੇ ਤੋਂ ਤਰੀਕਾ ਚਲਿਆ ਆਉਂਦਾ ਹੈ, ਉਸੇ ਤਰ੍ਹਾਂ ਹੀ ਕਰ ਲੈਂਦੇ ਹਾਂ।

**ਯਹੀ ਬਾਤ ਮੰਨ ਜਵਾਹਰ ਮੰਨ ਲਈ॥** ਇਹ ਗੱਲ ਜਵਾਹਰ ਮੱਲ ਨੇ ਮੰਨ ਲਈ ਹੈ। ਜਦੋਂ ਐਸੀਆਂ ਗੱਲਾਂ ਸਮਝਾਈਆਂ ਤਾਂ ਜਵਾਹਰ ਮੱਲ ਮੰਨ ਗਿਆ ਕਿ ਠੀਕ ਹੈ। ਜੇ ਇਹ ਵਿਹਾਰ ਹੈਗਾ ਦੁਨੀਆਂ ਦਾ ਚਲਦਾ ਅੱਗੇ, ਕਿ ਆਪਣੀ ਉਸ ਦੀ ਲੜਕੀ ਨਹੀਂ ਹੈ, ਕਿਸੇ ਦੀ ਲੜਕੀ ਆਪਣੀ ਧੀ ਬਣਾ ਕੇ ਵਿਆਹ ਦਿਊ। ਕਰਦੇ ਹਨ ਲੋਕ, ਉਸੇ

ਤਰ੍ਹਾਂ ਅਸੀਂ ਕਰ ਲਈਏ।

**ਥੀਂ ਗੱਲ ਰੁਹੇਲੇ ਜਿੰਦ ਲੌਂ ਅਈ॥ ੪੧॥** ਕਿਉਂਕਿ ਨਜੀਬ ਖ਼ਾਂ ਰੁਹੇਲੇ ਦੀ ਤਾਂ ਹੁਣ ਜਾਨ ਤੱਕ ਗੱਲ ਆ ਗਈ ਸੀ। ਅਹਿਮਦ ਸ਼ਾਹ ਉਸ ਦੀ ਮਦਦ 'ਤੇ ਆ ਨਹੀਂ ਸਕਦਾ ਅੱਗੇ। ਇਸ ਦੇ 'ਤੇ ਕੋਈ ਹੱਲਾ ਹੋਇਆ, ਤਾਂ ਇਸ ਦਾ ਕੋਈ ਬਚਾਉ ਨਹੀਂ ਹੋਣਾ, ਹੁਣ ਨਜੀਬ ਖ਼ਾਂ ਦੀ ਮੌਤ ਤੱਕ ਗੱਲ ਆ ਗਈ ਸੀ, ਜਿਸ ਕਰਕੇ ਮੰਨ ਗਿਆ। ੪੧।

**ਦੋਹਰਾ॥ ਪ੍ਰਿਥਮੇ ਡੋਲਾ ਘੱਲ ਦਯੋ, ਸਾਥ ਗੋਲੀ ਗੋਲੈ ਲਵਾਇ॥** ਸਭ ਤੋਂ ਪਹਿਲਾਂ ਨਜੀਬ ਖ਼ਾਂ ਨੇ ਵਜ਼ੀਰ ਦੀ ਲੜਕੀ ਲੈ ਕੇ, ਉਸ ਨੂੰ ਆਪਣੀ ਧੀ ਬਣਾ ਕੇ, ਨਾਲ ਉਸ ਦੇ ਗੋਲੀਆਂ ਗੋਲੇ ਦੇ ਕੇ ਉਸ ਦਾ ਡੋਲ੍ਹਾ ਜਵਾਹਰ ਮੱਲ ਦੇ ਘਰ ਘੱਲ ਦਿੱਤਾ।

**ਜੁਆਹਰ ਦੌਲਤ ਬਹੁ ਦਈ, ਪਰ ਡੋਲੈ ਸੋਊ ਗਿਰਾਇ॥ ੪੨॥** ਨਜੀਬ ਖ਼ਾਂ ਨੇ ਬਹੁਤ ਸਾਰੇ ਜ਼ਵਾਹਾਰਾਤ ਅਤੇ ਧਨ ਦੌਲਤ ਦਿੱਤੀ ਹੈ,ਡੋਲੇ ਦੇ ਨਾਲ ਅਤੇ ਡੋਲੇ ਤੋਂ ਬਹੁਤ ਸਾਰੀ ਮਾਇਆ ਵਾਰ ਕੇ ਸੁੱਟੀ ਹੈ। ੪੨।

**ਚੌਪਈ॥ ਬਹੁਤ ਖਰਚ ਉਨ ਗੋਲਨ ਦਯੋ॥** ਗੋਲੇ ਗੋਲੀਆਂ ਨੂੰ ਬਹੁਤ ਧਨ ਦਿੱਤਾ ਹੈ ਉਸ ਨੇ।

**ਆਯੋ ਸੋਊ ਖ਼ੁਸ਼ ਹੁਇ ਗਯੋ॥** ਉਹ ਗੋਲੇ ਗੋਲੀਆਂ ਆਏ ਹਨ ਬਣ ਕੇ, ਉਥੇ ਥੋੜ੍ਹੇ ਰਹਿਣਾ ਸੀ ਉਨ੍ਹਾਂ ਨੇ, ਉਹ ਪ੍ਰਸੰਨ ਹੋ ਕੇ ਗਏ ਹਨ।

**ਲਾਗੀਅਨ ਜਿਮ ਉਨ ਦਈ ਵਧਾਈ॥** ਜਿਵੇਂ ਲਾਗੀ ਵਧਾਈਆਂ ਦਿੰਦੇ ਹਨ, ਉਸੇ ਤਰ੍ਹਾਂ ਹੀ ਉਨ੍ਹਾਂ ਲਾਗੀਆਂ ਨੂੰ ਵਧਾਈਆਂ ਦਿੱਤੀਆਂ।

**ਆਪਨ ਭੀ ਘਰ ਕਰੀ ਵਧਾਈ॥ ੪੩॥** ਨਜੀਬ ਖ਼ਾਂ ਰੁਹੇਲੇ ਨੇ ਆਪਣੀ ਧੀ ਬਣਾਈ ਸੀ, ਇਸ ਕਰਕੇ ਆਪਣੇ ਘਰ ਵੀ ਬਹੁਤ ਖ਼ੁਸ਼ੀਆਂ ਕੀਤੀਆਂ। ੪੩।

**ਬਜਵਾਇ ਸ਼ਦਿਆਨੋ ਛਲਕੈਂ ਛੋਰੀ॥** ਜਵਾਹਰ ਮੱਲ ਨੇ ਵੀ ਖ਼ੁਸ਼ੀ ਵਿਚ (ਸ਼ਦਆਨੋ) ਵਾਜੇ ਵਜਾਏ ਅਤੇ ਤੋਪਾਂ ਦੇ ਗੋਲਿਆਂ ਦੀਆਂ ਸ਼ਲਕਾਂ ਕੀਤੀਆਂ।

**ਬਡੀ ਤੋਪ ਸੋਊ ਘਰ ਕੋ ਮੋੜੀ॥** ਕਿਉਂਕਿ ਹੁਣ ਸੁਲਹ ਹੋ ਗਈ, ਉਸ ਨੇ ਵੱਡੀਆਂ ਤੋਪਾਂ ਵਾਪਸ ਆਪ ਦੇ ਘਰ ਨੂੰ ਮੋੜ ਦਿੱਤੀਆਂ।

**ਦਏ ਨਿਸ਼ਾਨ ਗਡਵਾਇ ਪਿਛਾਹਿ॥** ਜਿਹੜੇ ਜੰਗੀ ਨਿਸ਼ਾਨ ਅੱਗੇ ਸੀ ਜਵਾਹਰ ਮੱਲ ਨੇ ਉਹ ਪਿੱਛੇ ਕਰ ਲਏ।

**ਮਲ੍ਹਾਰ ਰਾਇ ਕੀ ਲਗਯੋ ਸਲਾਹਿ॥ ੪੪॥** ਜਵਾਹਰ ਮੱਲ, ਮਲ੍ਹਾਰ ਰਾਉ ਦੀ ਸਲਾਹ ਮਗਰ ਲੱਗ ਗਿਆ ਹੈ। ੪੪।

**ਨਿਬਾਬ ਡੇਰੈ ਫਿਰ ਮਿਲਿਓ ਆਇ॥** ਨਵਾਬ ਨਜੀਬ ਖ਼ਾਂ ਫਿਰ ਜਵਾਹਰ ਮੱਲ ਦੇ ਡੇਰੇ ਵਿਚ ਆ ਕੇ ਮਿਲਿਆ।

**ਉਜ਼ਰ ਖਾਹੀ ਗਯੋ ਸਿਰੋਂ ਹਟਾਇ॥** ਜੋ ਸਿਰ 'ਤੇ ਮੁਸੀਬਤ ਆਈ ਸੀ, ਮੌਤ ਆਈ.ਸੀ, ਉਸ ਨੂੰ ਪਤਾ ਸੀ ਕਿ ਮੈਂ ਇਸ ਦਾ ਪਿਉ ਮਾਰਿਆ ਸੀ, ਇਹਨਾਂ ਨੇ ਛੱਡਣਾ ਨਹੀਂ ਮੈਨੂੰ,ਮਾਰ ਕੇ ਛੱਡਣਗੇ, ਉਸ ਬਲਾਉ ਨੂੰ ਸਿਰੋਂ ਟਾਲ ਗਿਆ ਹੈ।

**ਹਾਥੀ ਘੋੜਾ ਪੱਗ ਦੁਸ਼ਾਲਾ॥** ਹਾਥੀ, ਘੋੜਾ, ਪੱਗ ਤੇ ਦੁਸ਼ਾਲੇ ਜੋ ਸ਼ਾਹੀ ਚੀਜ਼ਾਂ ਹੁੰਦੀਆਂ।

**ਉਜ਼ਰ ਖਾਹੀ ਕੋ ਵਰਤਯੋ ਚਾਲਾ॥ ੪੫॥** ਜਿਵੇਂ ਕਿਸੇ ਦੀ ਸ਼ਰਨ ਆ ਕੇ ਮੁਆਫ਼ੀ ਮੰਗੀ ਦੀ ਹੈ, ਜਿਵੇਂ ਛਿਆਨੀ ਭਰੀ ਦੀ ਹੈ, ਏਸ ਤਰ੍ਹਾਂ ਹੀ ਜਵਾਹਰ ਮੱਲ ਨੂੰ ਚੰਗਾ ਕੀਮਤੀ ਘੋੜਾ, ਚੰਗੇ ਸੋਹਣੇ ਹਾਥੀ, ਦੁਸ਼ਾਲੇ ਅਤੇ ਹੀਰੇ, ਜਵਾਹਰ ਸੋਨੇ ਦੇ ਗਹਿਣੇ ਹੋਰ ਬਹੁਤ ਸਾਰਾ ਧਨ, ਹੋਰ ਤੋਹਫੇ ਤਫ਼ਾਇਤ ਨਜ਼ਰਾਨਾ ਭੇਟ ਕਰਨ ਦੀ ਚਾਲ ਵਰਤੀ। ੪੫।

**ਜੈ ਜੈ ਕਾਰ ਜਗਤ ਮੈਂ ਭਯੋ॥** ਐਸਾ ਚਾਲਾ ਵੇਖ ਕੇ ਦੁਨੀਆਂ ਨੇ, ਸਾਰੇ ਜਗਤ ਵਿਚ ਜੈ ਜੈਕਾਰ ਹੋ ਗਈ।

**ਪਿਤਾ ਬੈਰ ਖਾਸੋ ਵੈ ਲਯੋ॥** ਲੋਕਾਈ ਕਹਿੰਦੀ ਹੈ ਜਵਾਹਰ ਮੱਲ ਮਰਦ ਨਿਕਲਿਆ। ਇਸ ਨੇ ਆਪਣੇ ਪਿਉ ਦਾ ਪੂਰਾ ਬਦਲਾ ਲੈ ਲਿਆ ਹੈ। ਆਪ ਦੀ ਭੈਣ ਦੇ ਬਦਲੇ ਉਸ ਦੀ ਧੀ ਲਈ, ਇਉਂ ਸਾਰੇ ਜਗਤ ਵਿਚ ਜਸ ਦਾ ਡੰਕਾ

ਵੱਜ ਗਿਆ।

***ਕੂਚ ਕਰਾਇ ਨਬਾਬ ਘਰ ਕੋ ਗਯੋ॥*** ਨਵਾਬ ਨਜੀਬ ਖ਼ਾਂ ਰੁਹੇਲਾ ਰਾਜ਼ੀਨਾਮਾ ਕਰਕੇ ਜਵਾਹਰ ਮੱਲ ਨਾਲ, ਆਪ ਦਿੱਲੀ ਨੂੰ ਚਲਿਆ ਗਿਆ।

***ਛਡਵਾਇ ਪ੍ਰਾਣ ਸਭੀ ਖੁਸ਼ ਭਯੋ॥ ੪੬॥*** ਜਦੋਂ ਪ੍ਰਾਣ ਛੁਟ ਗਏ ਭਾਵ ਜਾਨ ਬਚ ਗਈ ਸਭ ਖੁਸ਼ ਹੋ ਗਏ। ੪੬।

***ਦੋਹਰਾ॥ ਦੀਨੋ ਫੌਜ ਤੁਰਾਇ ਦਯੋ ਦਰਮਾਹੋ ਹਿਸਾਬ ਕਰ॥*** ਜਵਾਹਰ ਮੱਲ ਦੀ ਜਿੰਨੀ ਫੌਜ਼ ਸੀ ਉਸ ਦਾ ਸਾਰਾ ਖ਼ਰਚਾ, ਨਜੀਬ ਖ਼ਾਂ ਰੁਹੇਲੇ ਦੇ ਸਿਰ ਪਿਆ, ਫਰੰਗੀ ਰਾਜਪੂਤ, ਭਈਏ, ਮਰਹੱਟੇ, ਗੁਸਾਈਂ ਆਦਿ ਜਿਹੜੇ ਨੌਕਰ ਰੱਖੇ ਸੀ, ਸਭ ਨੂੰ ਨਜ਼ਰਾਨੇ ਦੇ ਕੇ, (ਦਰਆਹੋ) ਪ੍ਰਤੀ ਮਹੀਨਾ ਹਿਸਾਬ ਕਰਕੇ, ਸਭ ਤਰ੍ਹਾਂ ਰਾਜ਼ੀ ਕਰਕੇ ਤੋਰਿਆ ਹੈ ਫ਼ੌਜ ਨੂੰ।

***ਰਹਯੋ ਜੱਸ ਜਗ ਛਾਇ ਸਪੂਤ ਜਵਾਹਰ ਮੱਲ ਭਯੋ॥ ੪੭॥*** ਸਾਰੇ ਸੰਸਾਰ ਵਿਚ ਜਵਾਹਰ ਮੱਲ ਸਪੁੱਤਰ ਦਾ ਜਸ ਛਾ ਗਿਆ ਹੈ, ਜੈ ਜੈਕਾਰ ਹੋ ਰਹੀ ਹੈ ਜਵਾਹਰ ਮੱਲ ਦੀ, ਜਿਸ ਨੇ ਆਪਣੇ ਪਿਤਾ ਦਾ ਬਦਲਾ ਲਿਆ ਹੈ। ੪੭।

## ੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥

# ਅਥ ਔਰ ਪ੍ਰਸੰਗ ਅਹਿਮਦ ਸ਼ਾਹ ਕੋ ਲਿਖਯਤੇ॥

### (ਅਹਿਮਦ ਸ਼ਾਹ ਦਾ ਆਖਰੀ ਹਮਲਾ, ਸਿੰਘਾਂ ਦੇ ਛਾਪੇ ਤੇ ਅਹਿਮਦ ਸ਼ਾਹ ਦਾ ਮਰਨਾ)

***ਦੋਹਰਾ॥ ਅਗੈ ਸੁਨੋ ਗੱਲ ਸ਼ਾਹਿ ਕੀ ਤਿਸ ਮਿਲਯੋ ਰੁਹੇਲੋ ਆਇ॥*** ਅੱਗੇ ਅਹਿਮਦ ਸ਼ਾਹ ਅਬਦਾਲੀ ਦੀ ਗੱਲ ਸੁਣੋ, ਉਸ ਨੂੰ ਨਜੀਬ ਖ਼ਾਂ ਰੁਹੇਲਾ ਦਿੱਲੀ ਤੋਂ ਆ ਕੇ ਮਿਲਿਆ ਹੈ।

***'ਤੁਹਿ ਇਕਬਾਲੋਂ ਮੈਂ ਬਚਯੋ', ਇਮ ਤਿਨ ਕਹਯੋ ਬਨਾਇ॥ ੧॥*** ਤੇਰੇ (ਇਕਬਾਲੋਂ) ਪ੍ਰਤਾਪ ਸਦਕਾ, ਮੈਂ ਬਚ ਗਿਆ ਹਾਂ, ਨਹੀਂ ਤਾਂ ਬੁਰਾ ਫਸਿਆ ਸਾਂ। ਇਸ ਤਰ੍ਹਾਂ ਉਸ ਨੇ ਬਣਾ ਕੇ ਆਖਿਆ ਹੈ। ੧।

***ਚੌਪਈ॥ ਪੇਸ਼ਕਸ਼ੀ ਸ਼ਾਹਿ ਆਗੈ ਦਈ॥*** ਅਹਿਮਦ ਸ਼ਾਹ ਅਬਦਾਲੀ ਨੂੰ ਜੋ ਦੇਣ ਦਾ ਇਕਰਾਰ ਕੀਤਾ ਸੀ, ਅੱਗੇ ਹੋ ਕੇ ਪੇਸ਼ਕਸ਼ੀ ਸਵਾਗਤ ਕੀਤਾ ਅਤੇ ਨਜ਼ਰਾਨੇ ਭੇਟ ਕੀਤੇ।

***ਸ਼ਾਹ ਕਹਯੋ 'ਮੈਂ ਤੁਝਹਿ ਸੌਂਪਈ'॥*** ਅਹਿਮਦ ਸ਼ਾਹ ਨੇ ਕਿਹਾ ਮੈਂ ਸਾਰੀ ਦਿੱਲੀ ਦੀ ਸਲਤਨਤ ਤੈਨੂੰ ਸੌਂਪੀ ਹੈ, ਤੂੰ ਹੀ ਸਾਂਭ।

***ਅਪਨੋ ਨੈਬ ਕਰ ਦਯੋ ਬਹਾਈ॥ ੨॥*** ਨਜੀਬ ਖ਼ਾਂ ਰੁਹੇਲੇ ਨੂੰ ਅਪਣਾ (ਨੈਬ) ਕਾਰਮੁਖਤਾਰ ਕਰ ਕੇ ਬੈਠਾ ਦਿੱਤਾ ਹੈ, ਦਿੱਲੀ ਵਿਚ। ੨।

***ਕਹਯੋ ਰੁਹੇਲੇ ਹਿੰਦ ਬੰਦਬਸਤ ਕਰੋ॥*** ਰੁਹੇਲਾ ਉਲਟਾ ਉਸ ਨੂੰ ਦਬਾਉ ਦਿੰਦਾ ਹੈ। ਕਹਿੰਦਾ ਨਾ ਨਾ ਇਹ ਨਾਂ ਕਰੋ ਤੁਸੀਂ, ਹਿੰਦੋਸਤਾਨ ਦਾ ਬੰਦੋਬਸਤ ਕਰੋ ਆ ਕੇ।

***ਸੂਬੇ ਬਾਈਨ ਕੀ ਸ਼ਾਹੀ ਕਰੋ॥*** ਹਿੰਦੋਸਤਾਨ ਦੇ ਬਾਈ ਸੂਬਿਆਂ 'ਤੇ ਬਾਦਸ਼ਾਹੀ ਕਰੋ ਆ ਕੇ।

***ਤਮੂਰ ਸ਼ਾਹਿ ਕੋ ਲਾਹੌਰ ਬਹਾਵੋ॥*** ਤੈਮੂਰ ਸ਼ਾਹਿ ਅਬਦਾਲੀ ਦਾ ਪੁੱਤਰ, ਤੈਮੂਰ ਸ਼ਾਹ ਨੂੰ ਪੰਜਾਬ ਦੀ ਰਾਜਧਾਨੀ ਲਹੌਰ ਦਾ ਸੂਬੇਦਾਰ ਬਣਾ ਕੇ ਬੈਠਾਉ।

***ਸ੍ਰਿਹੰਦ ਫੌਜ ਹਮ ਕੁਮਕੁ ਰਖਾਵੋ॥ ੩॥*** ਸਾਡੀ ਮਦਦ ਵਾਸਤੇ ਸਰਹੰਦ ਵਿਚ ਕੁਛ ਫ਼ੌਜ ਰਖਾਓ, ਜਦੋਂ ਸਾਨੂੰ ਲੋੜ ਪਵੇ, ਉਹ ਸਾਡੀ ਮਦਦ 'ਤੇ ਆਇਆ ਕਰੇ। ਕੁਮਕੁ=ਸਹਾਇਕ ਫ਼ੌਜ। ੩।

***ਸ਼ਾਹਿ ਆਪਨੋ ਜ਼ੋਰ ਨਿਹਾਰਯੋ॥*** ਅਹਿਮਦ ਸ਼ਾਹ ਅਬਦਾਲੀ ਨੇ ਆਪਣੀ ਫ਼ੌਜੀ ਸ਼ਕਤੀ ਵੇਖੀ ਹੈ, ਆਪਣੀ ਫ਼ੌਜ ਦਾ ਬਲ ਪਰਖ ਕੇ ਵੇਖਿਆ ਹੈ ਕਿ ਕਿੰਨਾ ਕੁ ਹੈ।

***ਸਿੰਘਨ ਕੋ ਭੀ ਜ਼ੋਰ ਬਿਚਾਰਯੋ॥*** ਉਸ ਨੇ ਸਿੰਘਾਂ ਦੇ ਜ਼ੋਰ ਦੀ ਵੀ ਵਿਚਾਰ ਕੀਤੀ ਹੈ ਕਿ ਕਿਥੇ ਤਾਂ ਸਿੰਘ ਜੰਗਲਾਂ ਵਿਚ ਲੁਕੇ ਫਿਰਦੇ ਸੀ ਤੇ ਹੁਣ ਸ਼ੇਰਾਂ ਵਾਂਗ ਅੱਗਾ ਰੋਕੀ ਗਰਜ਼ਦੇ ਹਨ। ਹੁਣ ਇਨ੍ਹਾਂ ਨਾਲ ਕੌਣ ਟਾਕਰਾ ਕਰੇਗਾ? ਉਸ ਨੇ ਆਪਣੀ ਤੇ ਸਿੰਘਾਂ ਦੀ ਸਾਰੀ ਤਾਕਤ ਜੋਹ ਕੇ ਵੇਖੀ।

***ਸ਼ਾਹਿ ਕਹਯੋ, 'ਹਮ ਸ਼ਾਹੀ ਨਹਿਂ ਲੋੜ॥*** 'ਜਾਨ ਬਚੀ ਲਾਖੋ ਪਾਏ' ਵਾਲੀ ਕਹਾਵਤ ਅਨੁਸਾਰ, ਅਹਿਮਦ ਸ਼ਾਹ ਅਬਦਾਲੀ ਕਹਿਣ ਲੱਗਾ, "ਮੈਨੂੰ ਤਾਂ ਹਿੰਦੋਸਤਾਨ ਦੀ ਬਾਦਸ਼ਾਹੀ ਦੀ ਲੋੜ ਨਹੀਂ ਹੈ, ਮੈਂ ਕੀ ਕਰਨੀ ਹੈ ਬਾਦਸ਼ਾਹੀ"?

***ਮੈਂ ਮੁੜ ਜਾਵੋਂ ਕਾਬਲ ਓੜ' ॥ ੪ ॥*** ਮੈਂ ਨਹੀਂ ਏਥੇ ਅਟਕ ਸਕਦਾ, ਮੈਂ ਤਾਂ ਕਾਬਲ ਦੀ ਤਰਫ ਨੂੰ ਮੁੜ ਜਾਵਾਂਗਾ। ੪।

***ਪੁਜਯੋ ਨ ਦਿੱਲੀ ਫਿਰ ਪਯੋ ਪਿਛਾਂਹਿ॥*** ਅਹਿਮਦ ਸ਼ਾਹ ਫਿਰ ਦਿੱਲੀ ਨਹੀਂ ਪੁੱਜਿਆ, ਉਥੋਂ ਪਿਛਾਂਹ ਨੂੰ ਹੀ ਮੁੜ ਗਿਆ ਹੈ।

***ਸ੍ਰਿਹੰਦ ਕੀਓ ਉਨ ਡੇਰਾ ਆਇ॥*** ਉਸ ਨੇ ਅੰਬਾਲੇ ਤੋਂ ਵਾਪਸ ਆ ਕੇ ਸਰਹੰਦ ਡੇਰਾ ਲਾ ਲਿਆ।

***ਸਦੇ ਮਲੇਰੀਏ ਸਭ ਪਠਾਣ॥*** ਮਲੇਰ ਕੋਟਲੇ ਦੇ ਸਾਰੇ ਪਠਾਣਾਂ ਨੂੰ ਸੱਦਿਆ ਹੈ, ਅਹਿਮਦ ਸ਼ਾਹ ਨੇ।

***'ਤੁਮ ਲਿਹੋ ਸ੍ਰਿਹੰਦ ਮੋਹਿ ਤੇ ਆਣ' ॥ ੫ ॥*** ਕਿਥੇ ਉਦੋਂ ਧੱਕੇ ਨਾਲ ਬੰਦੋਬਸਤ ਕਰਦਾ ਸੀ, ਕਿਥੇ ਹੁਣ ਤਰਲੇ ਲੈਂਦਾ ਹੈ, ਤੁਸੀਂ ਸਾਂਭ ਲਵੋ, ਮੇਰੇ ਵੱਲੋਂ ਤੁਸੀਂ ਰਹੋ, ਉਤੋਂ ਉਤੋਂ ਕਹਿ ਰਿਹਾ ਹੈ, ਮੈਂ ਤੁਹਾਡੀ ਪੂਰੀ ਮਦਦ ਕਰਾਂਗਾ, ਤੁਸੀਂ ਆ ਕੇ ਮੈਥੋਂ ਸਰਹੰਦ ਲੈ ਲਵੋ। ੫।

***ਦੋਹਰਾ॥ ਪ੍ਰਿਥਮ ਨਜ਼ਰਾਨੇ ਲੈ ਮਿਲੇ, ਸ੍ਰਿਹੰਦ ਬਾਵਨੀ ਲਿਹੋ ਲਿਖਾਇ॥*** ਪਹਿਲਾਂ ਤੁਸੀਂ ਨਜ਼ਰਾਨੇ ਲੈ ਕੇ ਮੈਨੂੰ ਮਿਲੋ, ਬਵੰਜਾ ਲੱਖ ਦੀ ਸਲਾਨਾ ਆਮਦਨੀ ਵਾਲੀ ਸਰਹੰਦ ਮੈਥੋਂ ਲਿਖਵਾ ਲਵੋ।

***ਸੂਬੇਦਾਰੀ ਤੁਮ ਕਰੋ ਮਾਮਲੇ ਲਿਹੋ ਚੁਕਾਇ॥ ੬॥*** ਤੁਸੀਂ ਮੈਨੂੰ ਮਾਮਲਾ ਚੁਕਾ ਲਵੋ ਤੇ ਸਰਹੰਦ ਦੀ ਸੂਬੇਦਾਰੀ ਆ ਕੇ ਕਰੋ। ੬।

***ਚੌਪਈ ਜਵਾਬ ਪਠਾਨਨ ਦਯੋ ਸੁਨਾਇ॥*** ਮਲੇਰ ਕੋਟਲੀਏ ਪਠਾਣਾਂ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਅੱਗੋਂ ਜੁਆਬ ਸੁਣਾ ਦਿੱਤਾ।

***ਤੂੰ ਬਹੈਂ ਲਹੌਰ ਹਮ ਮਿਲੈਂ ਤੁਮ ਆਇ॥*** ਤੁਸੀਂ ਲਹੌਰ ਚੱਲ ਕੇ ਬੈਠੋ, ਅਸੀਂ ਉਥੇ ਆ ਕੇ ਤੁਹਾਨੂੰ ਮਿਲ ਕੇ ਸਰਹੰਦ ਦੀ ਗੱਲ ਕਰਾਂਗੇ।

***ਸਿੰਘਨ ਕੋ ਤੂੰ ਦੇਹਿ ਹਟਾਇ॥*** ਪਹਿਲਾਂ ਸਿੰਘਾਂ ਨੂੰ ਲਹੌਰ ਦੇ ਇਲਾਕੇ ਵਿੱਚੋਂ ਪਿੱਛੇ ਹਟਾ ਦਿਉ, ਬਾਹਰ ਕੱਢ ਦਿਉ, ਫਿਰ ਆਵਾਂਗੇ ਅਸੀਂ।

***ਤੌ ਤੁਹਿ ਹੋਵਗੁ ਟਕੋ ਉਗਰਾਹਿ॥ ੭॥*** ਫਿਰ ਹੀ ਤੁਹਾਡੇ ਕੋਲੋਂ ਮਾਮਲਾ ਉਗਰਾਹ ਹੋਵੇਗਾ, ਫਿਰ ਹੀ ਕੋਈ ਪੈਸਾ ਟਕਾ ਮਾਮਲੇ ਦਾ ਦੇਵੇਗਾ ਤੁਹਾਨੂੰ ਜੇ ਤੂੰ ਸਿੰਘਾਂ ਨੂੰ ਦੂਰ ਹਟਾ ਦੇਵੇਂਗਾ। ੭।

***ਤੌ ਉਸ ਫਿਰ ਅਮਰ ਸਿੰਘ ਬੁਲਾਯੋ॥*** ਜਦੋਂ ਪਠਾਣਾਂ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਜੁਆਬ ਦੇ ਦਿੱਤਾ, ਤਾਂ ਉਸ ਨੂੰ ਪਤਾ ਲੱਗ ਗਿਆ ਕਿ ਸਿੰਘਾਂ ਤੋਂ ਡਰਦਾ ਮਾਰਿਆ ਕੋਈ ਨਹੀਂ ਸੂਬੇਦਾਰੀ ਸਾਂਭਦਾ, ਸਿੰਘਾਂ ਦਾ ਰਾਜ ਹੈ ਪੰਜਾਬ ਵਿਚ, ਤਾਂ ਉਸ ਨੇ ਫਿਰ ਪਟਿਆਲੇ ਵਾਲੇ ਅਮਰ ਸਿੰਘ ਨੂੰ ਬੁਲਾਇਆ ਹੈ ਆਪਣੇ ਕੋਲ।

***ਉਸੈ ਚਾਹਤ ਮਧ ਸ੍ਰਿਹੰਦ ਫਸਾਯੋ॥*** ਉਸ ਨੂੰ ਸਰਹੰਦ ਵਿਚ ਫਸਾਉਣਾ ਚਾਹਿਆ ਹੈ, ਮੇਰੇ ਵੱਲੋਂ ਇਹ ਸਰਹੰਦ ਦਾ ਸੂਬੇਦਾਰ ਬਣ ਕੇ ਬੈਠ ਜਾਏ।

***ਅਮਰ ਸਿੰਘ ਲਯੋ ਪਾਸ ਬੁਲਾਇ॥*** ਅਮਰ ਸਿੰਘ ਨੂੰ ਆਪਣੇ ਕੋਲ ਬੁਲਾਇਆ ਹੈ, ਅਹਿਮਦ ਸ਼ਾਹ ਅਬਦਾਲੀ ਨੇ।

***ਉਸ ਕੋ ਦੀਨ ਰਾਜੋ ਅਖਵਾਇ॥ ੮॥*** ਉਸ ਨੂੰ 'ਰਾਜਾ' ਅਖਵਾ ਦਿੱਤਾ ਹੈ, ਉਸ ਨੂੰ ਆਪਣੇ ਵੱਲੋਂ ਰਾਜੇ ਦਾ ਖਿਤਾਬ

ਦੇ ਦਿੱਤਾ ਹੈ, ਕਹਿਣ ਲੱਗਾ ਤੂੰ ਰਾਜਾ ਹੋਇਆ ਮੇਰੇ ਵੱਲੋਂ ਪੰਜਾਬ ਦੇਸ਼ ਦਾ। ੮।

***ਅਮਰ ਸਿੰਘ ਕਰੀ ਸ਼ਾਹ ਸੌਂ ਬਾਤ॥*** ਅਮਰ ਸਿੰਘ ਨੇ ਅਹਿਮਦਸ਼ਾਹ ਨਾਲ ਗੱਲਬਾਤ ਕੀਤੀ।

***ਆਹਿ ਖਾਲਸੇ ਹਮ ਮਧ ਹਾਥ॥*** ਅਮਰ ਸਿੰਘ ਕਹਿਣ ਲੱਗਾ 'ਖਾਲਸਾ ਪੰਥ ਮੇਰੇ ਹੱਥ ਵਿਚ ਹੈ, ਬੱਚਾ ਸੀ, ਨਾ ਸੋਚੀ ਨਾ ਗੱਲ, ਕਿ ਖਾਲਸੇ ਦੀ ਗੱਲ ਕਿਥੇ ਅਪੜੀ ਹੋਈ ਹੈ? ''ਖਾਲਸੇ ਦੀ ਵਾਗਡੋਰ ਹੀ ਮੇਰੇ ਹੱਥ ਵਿਚ ਹੈ''। ਜਿਵੇਂ ਮੈਂ ਕਹਾਂਗਾ, ਓਵੇਂ ਖਾਲਸਾ ਕਰੇਗਾ, ਇਉਂ ਉਥੇ ਸ਼ੇਖੀ ਮਾਰ ਬੈਠਾ ਹੈ।

***ਪਾੜ ਖਾਲਸੌ ਤੁਮੈਂ ਮਿਲਾਊਂ॥*** ਮੈਂ ਖਾਲਸੇ ਵਿਚ ਫੁਟ ਪਾ ਕੇ, ਖਾਲਸੇ ਦੇ ਦੋ ਹਿੱਸੇ ਕਰਕੇ, ਇਕ ਤੈਨੂੰ ਲਿਆ ਕੇ ਮਿਲਾ ਦਿਆਂਗਾ।

***ਤੁਮ ਚਲੋ ਲਹੌਰ ਮੈਂ ਤੁਮ ਪੈ ਲਯਾਊਂ॥ ੯॥*** ਤੁਸੀਂ ਲਹੌਰ ਚਲੋ, ਮੈਂ ਉਥੇ ਲਿਆਵਾਂਗਾ ਸਿੰਘਾਂ ਨੂੰ ਪਾੜ ਕੇ। ੯।

***ਉਨ ਖਾਲਸੇ ਕੀ ਕਲਾ ਨਾ ਜਾਨੀ॥*** ਉਸ ਨੇ ਖਾਲਸੇ ਪੰਥ ਦੀ ਕਲਾ ਨੂੰ ਨਾ ਜਾਣਿਆ ਕਿ ਖਾਲਸੇ ਪੰਥ ਦੀ ਕਲਾ ਹੁਣ ਕਿਥੋਂ ਤੱਕ ਅੱਪੜੀ ਹੋਈ ਹੈ।

***ਉਨੈ ਬਡਯਾਈ ਅਪਨੀ ਠਾਨੀ॥*** ਉਸ ਨੇ ਆਪਣੀ ਹੀ ਵਡਿਆਈ ਕੀਤੀ ਹੈ ਕਿ ਮੇਰੇ ਹੀ ਹੱਥ ਵਿਚ ਹੈ ਸਭ ਕੁਛ, ਜਿਵੇਂ ਮੈਂ ਕਹਾਂਗਾ, ਖਾਲਸਾ ਪੰਥ ਉਵੇਂ ਜਿਵੇਂ ਕਰ ਲਵੇਗਾ।

***ਹਾਥੀ ਪਗ ਮਧ ਸਭ ਕੋ ਪੈਰ॥*** ਭਾਈ ਸਾਹਿਬ ਜੀ ਕਹਿੰਦੇ ਹਨ, ਹਾਥੀ ਦੀ ਪੈੜ ਵਿਚ ਸਭ ਪੈੜਾਂ ਆ ਜਾਂਦੀਆਂ ਹਨ।

***ਕਹੀ ਨ ਉਨ ਕਿਛ ਖਾਲਸ ਖੈਰ॥ ੧੦॥*** ਉਸ ਨੇ ਖਾਲਸੇ ਪੰਥ ਦੀ ਕੁਛ ਵੀ (ਖੈਰ) ਸਮਰਥਾ ਨਹੀਂ ਕਹੀ ਹੈ, ਐਵੇਂ ਸ਼ੇਖੀ ਮਾਰ ਬੈਠਾ ਕਿ ਮੈਂ ਖਾਲਸੇ ਨੂੰ ਤੈਨੂੰ ਮਿਲਾ ਦਿੰਦਾ ਹਾਂ ਲਿਆ ਕੇ। ੧੦।

***ਦੋਹਰਾ॥ ਅਗੈ ਸੁਣੌ ਗੱਲ ਖਾਲਸੇ ਜਿਮ ਗਿਲਜੇ ਸਿਉਂ ਕੀਨ॥*** ਹੁਣ ਅੱਗੇ ਖਾਲਸੇ ਦੀ ਗੱਲ ਸੁਣੋ, ਜਿਵੇਂ ਖਾਲਸੇ ਨੇ ਅਹਿਮਦ ਸ਼ਾਹ ਨਾਲ ਕੀਤਾ ਹੈ।

***ਲਖ ਸਰਹੰਦੇ ਜਬ ਤੁਰਯੋ ਰਾਹੁ ਲਹੌਰ ਕੋ ਲੀਨ॥ ੧੧॥*** ਅਹਿਮਦ ਸ਼ਾਹ ਸਰਹੰਦ ਲੰਘ ਕੇ ਜਦੋਂ ਤੁਰਿਆ ਹੈ ਅਤੇ ਲਹੌਰ ਦਾ ਰਸਤਾ ਲਿਆ ਹੈ, ਸਰਹੰਦ ਤੋਂ ਲਹੌਰ ਨੂੰ ਤੁਰਿਆ ਹੈ। ੧੧।

***ਚੌਪਈ॥ ਸਿੰਘਨ ਸਭ ਮਿਲ ਲਾਯੋ ਦਿਵਾਨ॥*** ਸਭੇ ਸਿੰਘਾਂ ਨੇ ਮਿਲ ਕੇ ਦੀਵਾਨ ਲਗਾਇਆ ਹੈ।

***ਇਕ ਥਾਂ ਬਹਿ ਲੀਓ ਗੁਰਮਤਾ ਠਾਨ॥*** ਇਕ ਜਗ੍ਹਾ ਉੱਥੇ ਬੈਠ ਕੇ ਖਾਲਸੇ ਨੇ ਗੁਰਮਤਾ ਸੋਧ ਲਿਆ ਹੈ।

***ਅਬ ਖੜ ਲੜੌ ਸ਼ਾਹੁ ਕੇ ਸਾਥ॥*** ਗੁਰਮਤਾ ਪਾਸ ਹੋ ਗਿਆ ਹੈ ਕਿ ਹੁਣ ਮੈਦਾਨ ਵਿਚ ਖੜ੍ਹ ਕੇ ਅਹਿਮਦ ਸ਼ਾਹ ਅਬਦਾਲੀ ਨਾਲ ਜੰਗ ਕਰੀਏ, ਸਾਹਮਣੇ ਖੜ੍ਹ ਕੇ ਟਾਕਰਾ ਕਰੀਏ।

***ਦੇਖ ਦਿਖਾਵੋ ਤਿਸ ਕੋ ਹਾਥ॥ ੧੨॥*** ਆਪਾਂ ਵੇਖੀਏ ਉਸ ਦੇ ਹੱਥ ਅਤੇ ਉਸ ਨੂੰ ਆਪਣੇ ਹੱਥ ਦਿਖਾਈਏ, ਉਸ ਦੀ ਤਾਕਤ ਵੇਖੀਏ, ਹੁਣ ਕਿੰਨੀ ਕੁ ਬਾਕੀ ਰਹਿ ਗਈ ਹੈ। ੧੨।

***ਨਿਤਪ੍ਰਤਿ ਆਨ ਦੇਤ ਹਮ ਦੁੱਖ॥*** ਨਿਤਾਪ੍ਰਤੀ ਹਰ ਸਾਲ ਹੀ ਸਾਨੂੰ ਦੁੱਖ ਦਿੰਦਾ ਹੈ ਆ ਕੇ। ਹਰ ਸਾਲ ਹੀ ਆਉਂਦਾ ਹੈ, ਸਾਨੂੰ ਸਾਡੇ ਦੇਸ਼ ਵਿਚ ਲੁੱਟਮਾਰ ਕਰਦਾ ਹੈ।

***ਬਿਨਾ ਲੜੇ ਕਬ ਪਾਈਐ ਸੁੱਖ॥*** ਇਉਂ ਨਹੀਂ ਗੱਲ ਬਣਨੀ, ਬਿਨਾਂ ਲੜੇ ਤੋਂ ਅਸੀਂ ਕਦੋਂ ਸੁਖ ਪਾਵਾਂਗੇ? ਬਿਨਾਂ ਲੜੇ ਤੋਂ ਅਸੀਂ ਸੁਖ ਨਹੀਂ ਪਾਵਾਂਗੇ।

***ਜੋ ਬਚ ਰਹੂਗੁ ਸੋ ਦੁਖ ਨਾ ਪਾਊਗੁ॥*** ਖਾਲਸੇ ਨੇ ਗੁਰਮਤਾ ਕਰ ਲਿਆ ਹੈ ਕਿ ਜੇ ਆਪਾਂ ਸ਼ਹੀਦੀਆਂ ਪਾ ਜਾਵਾਂਗੇ, ਤਾਂ ਕੀ ਹੈ, ਜਿਹੜੇ ਬਚਣਗੇ, ਉਹ ਤਾਂ ਸੁਖ ਲੈਣਗੇ ਨਾ, ਉਹਨਾਂ ਨੂੰ ਤਾਂ ਦੁਖ ਨਾ ਹੋਵੇਗਾ ਕੋਈ।

***ਜੋ ਜੋ ਮਰੂਗੁ ਸੁਰਗ ਸਿਧਾਊਗੁ॥ ੧੩॥*** ਜਿਹੜੇ ਜਿਹੜੇ ਸਿੰਘ ਸ਼ਹੀਦ ਹੋ ਜਾਣਗੇ, ਉਹ ਸਵਰਗ ਨੂੰ ਜਾਣਗੇ, ਉਹ

ਸਵਰਗ ਦੇ ਵਾਸੀ ਹੋ ਜਾਣਗੇ। ੧੩।

***ਯਹੀ ਬਾਤ ਲਈ ਪੰਥੈ ਠੱਟ॥*** ਇਹੀ ਗੱਲ ਖਾਲਸੇ ਪੰਥ ਨੇ ਨਿਸਚੇ ਕਰ ਲਈ।

***ਸੁਖ ਸੌਂ ਗੱਲ ਜਾਇ ਨ ਹੱਟ॥*** ਇੰਝ ਸੁਖੀ-ਸਾਂਦੀ ਇਹ ਗੱਲ ਨਹੀਂ ਟਲਣੀ।

***ਸਿੰਘ ਭੁਜੰਗਨ ਇਮ ਉਦਮ ਕੀਓ॥*** (ਭੁਜੰਗਨ) ਭੁਜੰਗਾਂ ਨੇ, ਜੋ ਫਰਲਿਆਂ ਵਾਲੇ ਜੰਗੀ ਸਿੰਘ ਸਨ, ਉਨ੍ਹਾਂ ਨੇ ਇਉਂ ਉੱਦਮ ਕਰ ਲਿਆ ਹੈ।

***'ਜੈ ਜੈ ਕਾਰ ਪੰਥ' ਉੱਚਰੀਓ॥ ੧੪॥*** ਖਾਲਸੇ ਪੰਥ ਨੇ ਖੁਸ਼ੀਆਂ ਦੇ ਜੈ ਜੈਕਾਰ ਦੇ ਜੈਕਾਰੇ ਗਜਾਏ ਹਨ। ੧੪।

***ਕੀਓ ਕੂਚ ਸਨਮੁਖੈ ਲਹੌਰ॥*** ਅਹਿਮਦ ਸ਼ਾਹ ਨੇ ਜਦੋਂ ਲਹੌਰ ਨੂੰ ਸਾਮ੍ਹਣੇ ਰੱਖ ਕੇ ਕੂਚ ਕੀਤਾ, ਸਨਮੁਖੈ=ਸਿੱਧਾ, ਵੱਲ ਲਹੌਰ ਵੱਲ ਨੂੰ।

***ਆਇ ਬਹੇ ਸਿੰਘ ਤਲਬਨ ਫਿਲੌਰ॥*** ਤਲਵਨ ਅਤੇ ਫਿਲੌਰ ਇਹ ਦੋ ਰਸਤੇ ਲਹੌਰ ਨੂੰ ਜਾਣ ਵਾਲੇ ਸਨ, ਸਿੰਘਾਂ ਨੇ ਫਿਲੌਰ ਤੇ ਤਲਵਨ ਦੇ ਦੋਵੇਂ ਘਾਟ ਰੋਕ ਲਏ ਹਨ, ਖਾਲਸੇ ਨੇ, ਦੋਵੇਂ ਰਾਹਾਂ 'ਤੇ ਆਪਣੀਆਂ ਫ਼ੌਜਾਂ ਖੜ੍ਹਾ ਦਿੱਤੀਆ ਹਨ।

***ਯਹੀ ਸ਼ਾਹਿ ਪੈ ਖਬਰੌ ਗਈ॥*** ਇਹੀ ਖ਼ਬਰ ਅਹਿਮਦ ਸ਼ਾਹ ਅਬਦਾਲੀ ਨੂੰ ਪਹੁੰਚ ਗਈ ਕਿ ਮੇਰਾ ਤਾਂ ਦੰਗਈਆਂ ਨੇ ਅੱਗਾ ਰੋਕ ਲਿਆ ਹੈ, ਹੁਣ ਮੈਂ ਕਿਹੜੇ ਰਾਹ ਲੰਘਾਵਾਂ।'

***ਸੁਨਤ ਗਿਲਜੇ ਬਡ ਚਿੰਤਾ ਭਈ॥ ੧੫॥*** ਇਹ ਖ਼ਬਰ ਸੁਣ ਕੇ ਅਬਦਾਲੀ ਨੂੰ ਬੜਾ ਭਾਰੀ ਫ਼ਿਕਰ ਹੋ ਗਿਆ ਹੈ। ੧੫।

***ਗਯੋ ਨ ਸਨਮੁਖ ਰੋਪੜ ਲੰਘ ਗਯੋ॥*** ਅਬਦਾਲੀ ਖਾਲਸੇ ਦੇ ਸਾਹਮਣੇ ਨਹੀਂ ਗਿਆ, ਝੱਟ ਰਾਹ ਬਦਲ ਕੇ ਰੋਪੜ ਵਾਲਾ ਘਾਟ ਲੰਘ ਗਿਆ ਦਰਿਆ ਤੋਂ, ਨਾਲ ਨਾਲ ਪਹਾੜੀ ਦਾ ਆਸਰਾ ਲਿਆ ਹੈ।

***ਪਰਬਤ ਤਕ ਉਨ ਆਸਰੋ ਲਯੋ॥*** ਪਹਾੜ ਵੇਖ ਕੇ ਉਸ ਨੇ ਆਸਰਾ ਲਿਆ, ਪਹਾੜਾਂ ਦੇ ਨਾਲ-ਨਾਲ ਮੈਂ ਸਰਕਦਾ ਤੁਰਿਆ ਜਾਵਾਂਗਾ।

***ਤੌ ਖਾਲਸੇ ਉਸ ਲਇਓ ਤਾਨ॥*** ਤਾਂ ਖਾਲਸੇ ਨੇ ਉਸ ਦਾ ਜ਼ੋਰ ਵੇਖ ਲਿਆ।

***ਆਇ ਲੜੇ ਸਿੰਘ ਉਸੀ ਮਦਾਨ॥ ੧੬॥*** ਸਿੰਘਾਂ ਨੇ ਕਿਹਾ ਹੁਣ ਨਹੀਂ ਇਸ ਦੇ ਵਿਚ ਲੜਨ ਦੀ ਤਾਕਤ, ਝੱਟ ਦੋਵੇਂ ਰਾਹ ਛੱਡ ਕੇ ਰੋਪੜ ਦਾ ਰਾਹ ਰੋਕ ਕੇ ਉਸੇ ਮੈਦਾਨ ਵਿਚ ਆ ਜੰਗ ਸ਼ੁਰੂ ਕੀਤਾ ਹੈ ਖਾਲਸੇ ਨੇ। ੧੬।

***ਦੋਹਰਾ॥ ਜੋ ਉਸ ਗਿਲਜੈ ਮੁੜ ਖੜੇ ਕਰੈ ਕਰੋਲੀ ਨਿੱਤ॥*** ਜੋ ਉਸ ਦੇ ਗਿਲਜੇ ਨਿੱਤ ਹੀ ਜੰਗ ਕਰਦੇ ਸਨ, ਉਹ ਖਾਲਸੇ ਦੇ ਹੱਥ ਵੇਖ ਕੇ ਮੁੜ ਕੇ ਖੜ੍ਹ ਗਏ।

***ਦੂਰ ਸੁ ਖਾਲਸੈ ਭੌ ਭਯੋ ਕਹੈਂ, 'ਗਿਲਜੋ ਲਯੋ ਜਿੱਤ'॥ ੧੭॥*** ਖਾਲਸੇ ਦਾ ਡਰ ਦੂਰ ਹੋ ਗਿਆ, ਉਨ੍ਹਾਂ 'ਤੇ ਦਾਬਾ ਪੈ ਗਿਆ ਹੈ ਖਾਲਸੇ ਦਾ, ਸਿੰਘ ਕਹਿੰਦੇ ਹਨ ਕਿ ਹੁਣ ਤਾਂ (ਗਿਲਜੋ) ਅਬਦਾਲੀ ਨੂੰ ਜਿੱਤ ਲਿਆ ਸਮਝੋ। ੧੭।

***ਚੌਪਈ॥ ਰਾਤ ਦਿਵਸ ਸਿੰਘ ਰਹੈ ਚੁਫੇਰੇਂ॥*** ਖਾਲਸਾ ਪੰਥ ਅਹਿਮਦ ਸ਼ਾਹ ਅਬਦਾਲੀ ਦੇ ਚਾਰ-ਚੁਫੇਰੇ ਹੋ ਗਿਆ, ਚਾਰੋਂ ਪਾਸਿਓਂ ਘੇਰਾ ਪਾ ਕੇ ਅਬਦਾਲੀ ਨੂੰ ਵਿਚਕਾਰ ਲੈ ਲਿਆ।

***ਜਿਮ ਸ਼ੇਰਨ ਨੇ ਛੇਲੇ ਘੇਰੈਂ॥*** ਜਿਵੇਂ ਸ਼ੇਰਾਂ ਨੇ ਲੇਲਿਆਂ ਨੂੰ ਘੇਰਿਆ ਹੋਵੇ, ਖਾਲਸੇ ਨੇ ਇਉਂ ਘੇਰ ਲਿਆ ਹੈ ਗਿਲਜਿਆਂ ਨੂੰ।

***ਰਾਤ ਤੁਰੈਂ ਦਿਨ ਡੇਰਾ ਲਾਵੈਂ॥*** ਗਿਲਜੇ ਦਿਨੇ ਤਾਂ ਟਿਕੇ ਰਹਿੰਦੇ, ਰਾਤ ਸਰਕਦੇ ਥੋੜ੍ਹਾ-ਥੋੜ੍ਹਾ ਕਿ ਹੁਣ ਰਾਤ ਨੂੰ ਨਿਕਲ ਚਲੀਏ ਚੁੱਪ-ਚਾਪ।

***ਤਿਵੈਂ ਖਾਲਸੇ ਉਸ ਰਾਤ ਅਕਾਵੈਂ॥ ੧੮॥*** ਓਵੇਂ ਹੀ ਉਸ ਨੂੰ ਰਾਤ ਨੂੰ ਸਤਾਉਂਦਾ ਖਾਲਸਾ। ੧੮।

***ਤੌ ਉਨ ਰਾਤ ਤੁਰਨ ਛਡ ਦਯੋ॥*** ਤਾਂ ਉਨ੍ਹਾਂ ਨੇ ਰਾਤ ਨੂੰ ਤੁਰਨਾ ਛੱਡ ਦਿੱਤਾ ਹੈ।

***ਵਗਲਵਾੜ ਵਿਚ ਡੇਰਾ ਠਯੋ॥*** ਜਿਵੇ ਫ਼ੌਜ ਆਪਣੇ ਚਾਰ-ਚੁਫੇਰੇ ਤਾਰ ਲਾ ਲੈਂਦੀ ਹੈ। ਤਾਰ ਦੇ ਨਾਲ ਡੱਬੇ ਬੰਨ੍ਹ ਦਿੰਦੇ

ਹਨ, ਜੇ ਤਾਰ ਹਿੱਲੇ, ਤਾਂ ਡੱਬਿਆਂ ਦੇ ਖੜਕੇ ਨਾਲ ਫ਼ੌਜ ਨੂੰ ਪਤਾ ਲੱਗ ਜਾਂਦਾ ਹੈ ਕਿ ਕੋਈ ਦੁਸ਼ਮਣ ਆ ਗਿਆ ਹੈ। ਚਾਰੇ ਪਾਸੇ ਵਾੜ ਦੀ ਵਲਗਣ ਕਰਕੇ ਵਿਚ ਡੇਰਾ ਲਾਉਂਦੇ।

***ਦਿਨੇ ਤੁਰੈ ਕਿਛ ਥੋੜੀ ਵਾਟ॥*** ਦਿਨੇ ਤੁਰਦੇ ਤਾਂ ਹਨ ਬਿਲਕੁਲ ਹੀ ਥੋੜ੍ਹੀ ਜਿਹੀ ਵਾਟ ਤੁਰਦੇ ਹਨ।

***ਪਿਛਲੀ ਪੱਟ ਮੇਖ ਅਗੈ ਗਡ਼ਾਤ॥ ੧੯॥*** ਫ਼ੌਜ ਜਿੰਨਾਂ ਕੁ ਤੁਰਦੀ ਪਿਛਲੇ ਪਾਸਿਓਂ (ਮੇਖਾਂ) ਖੁੱਦ ਕਿੱਲੇ ਪੁੱਟ ਕੇ ਉਨ੍ਹਾਂ ਕੁ ਅਗਲੇ ਪਾਸੇ ਜਾ ਕਿੱਲੇ ਗਡਦੇ ਹਨ। ੧੯।

***ਦੋਹੂੰ ਓਰ ਖੜ ਤੁੰਮਨ ਰਹਾਹਿਂ॥*** ਵਹੀਰ ਦੇ ਦੋਹੀਂ ਪਾਸੀਂ ਤਿਆਰ-ਬਰ-ਤਿਆਰ ਫ਼ੌਜ ਦੇ (ਤੁਮਨ) ਜਥੇ ਤਿਆਰ ਖੜ੍ਹੇ ਰਹਿੰਦੇ।

***ਤੌ ਬਹੀਰ ਕੁਛ ਤੁਰੈ ਅਗਾਹਿ॥*** ਅਹਿਮਦ ਸ਼ਾਹ ਦਾ ਵਹੀਰ ਤਾਂ ਕੁਛ ਅਗਾਂਹ ਨੂੰ ਤੁਰਦਾ।

***ਕਹੀ ਨਾ ਨਿਕਸਨ ਉਸਥੀ ਪਾਵੈ॥*** ਉਸ ਦੀ ਰਸਤ-ਬਸਤ ਲਿਆਉਣ ਵਾਲੀ ਫ਼ੌਜ ਨੂੰ ਸਿੰਘ ਬਾਹਰ ਨਹੀਂ ਨਿਕਲਨ ਦਿੰਦੇ, ਲੁੱਟ ਲੈਂਦੇ ਹਨ ਉਸ ਨੂੰ ਮਾਰ ਦਿੰਦੇ ਹਨ, ਉਸ ਨੂੰ ਸੌਦਾ ਵੀ ਨਹੀਂ ਖ਼ਰੀਦਣ ਦਿੰਦੇ ਬਾਹਰੋਂ ਕਿੱਤੋਂ।

***ਜੋ ਪਾਵੈ ਤੌ ਦੂਾਰ ਨਹੀਂ ਜਾਵੈ॥ ੨੦॥*** ਜੋ 'ਕਹੀ' ਨਿਕਲ ਵੀ ਪੈਂਦੀ ਹੈ, ਤਾਂ ਬਹੁਤੀ ਦੂਰ ਨਹੀਂ ਜਾਂਦੀ, ਕਿਸੇ ਕਸਬੇ ਦੇ ਨੇੜੇ ਡੇਰਾ ਲਾ ਕੇ ਉਥੋਂ ਭਲਾ ਕੋਈ ਰਸਤ-ਬਸਤ ਖ਼ਰੀਦ ਲੈਣ। ੨੦।

***ਰਾਤ ਸਬ ਖ਼ੂਨੀ ਖਾਲਸੋ ਕਰੈ॥*** ਰਾਤ ਨੂੰ ਜਿਹੜਾ ਖਾਲਸੇ ਦੀ ਮਾਰ ਹੇਠ ਆ ਜਾਂਦਾ, ਸਭ ਦਾ ਖ਼ੂਨ ਕਰ ਦਿੰਦਾ ਹੈ।

***ਬਾਲ ਮਹਿਤਾਬੀ ਗਿਲੌਂ ਲਰੈ॥*** ਸਿੰਘਾਂ ਨੂੰ ਤਾਂ ਰਾਤ ਪਈ ਤੋਂ ਦਿਨ ਚੜ੍ਹਦਾ ਦਿੱਸਦਾ ਹੈ ਸਭ ਕੁਛ ਪਰ ਗਿਲਜਿਆਂ ਨੂੰ ਦਿਸਦਾ ਕੁਝ ਨਹੀਂ ਹੈ, ਰਾਤ ਨੂੰ ਉਹ ਮਤਾਬੀਆਂ ਜਗਾ ਕੇ ਚਾਣਨ ਕਰਕੇ ਲੜਦੇ।

***ਗਿਰਯੋ ਪਰਯੋ ਜੋ ਗਿਲਜੋ ਪਾਵੈ॥*** ਸਿੰਘ ਫਿਰ ਵੀ ਦਿਆਲੂ ਜਦੋਂ ਉਹ ਚਾਨਣ ਕਰਦੇ ਤਾਂ ਸਿੰਘ ਦੂਰੋਂ ਹੀ ਉਨ੍ਹਾਂ 'ਤੇ ਰਾਮਜੰਗਿਆਂ ਦੇ ਨਿਸ਼ਾਨੇ ਫੁੰਡਦੇ ਹਨ ਪਰ ਜੇ ਕੋਈ ਜ਼ਖ਼ਮੀ ਹੋਇਆ ਗਿਲਜਾ ਡਿੱਗਿਆ ਪਿਆ ਹੋਵੇ, ਤਾਂ ਸਿੰਘ ਉਸ 'ਤੇ ਵਾਰ ਨਹੀਂ ਕਰਦੇ, ਛੱਡ ਦਿੰਦੇ। ਕਹਿੰਦੇ ਛੱਡੋ ਪਰ੍ਹਾਂ, ਮਰੇ ਦਾ ਕੀ ਮਾਰਨਾ ਹੈ।

***ਨਹਿ ਖਾਲਸੋ ਉਸ ਮਾਰ ਗਵਾਵੈਂ॥ ੨੧॥*** ਖਾਲਸਾ ਉਸ ਨੂੰ ਮਾਰ ਕੇ ਗਵਾਉਂਦਾ ਨਹੀਂ। ਖਾਲਸੇ ਨੇ ਮਨ ਵਿਚ ਇਹ ਨਹੀਂ ਰੱਖਿਆ ਕਿ ਇਸ ਨੂੰ ਮਾਰ ਕੇ ਬਦਲਾ ਲਈਏ, ਸਾਡੇ ਦੁਸ਼ਮਣ ਹਨ, ਐਸੀ ਭਾਵਨਾ ਖਾਲਸਾ ਨਹੀਂ ਰੱਖਦਾ। ੨੧।

***ਦੋਹਰਾ॥ ਹਿਰਾਨ ਕਰੈਂ ਉਨ ਖਾਲਸੋ ਮਾਰ ਰਮਜੰਗਨ ਸਾਥ॥*** ਬੰਦੂਕਾਂ ਦੇ ਰਾਬੇ ਦੇ ਦੇ ਕੇ, ਉਨ੍ਹਾਂ ਨੂੰ ਮਾਰ ਕੇ ਹੈਰਾਨ ਕਰ ਰਿਹਾ ਹੈ ਖਾਲਸਾ।

***ਅਹਿਮਦ ਸ਼ਾਹਿ ਔਖਾ ਕੀਓ ਲਾਇ ਖਾਲਸੇ ਬਡ ਹਾਥ॥ ੨੨॥*** ਖਾਲਸੇ ਨੇ ਆਪਣੇ ਕਰੜੇ ਹੱਥ ਲਾ ਕੇ, ਅਹਿਮਦ ਸ਼ਾਹ ਅਬਦਾਲੀ ਨੂੰ ਬੜਾ ਔਖਾ ਕਰ ਦਿੱਤਾ। ਬੜੀ ਮੁਸ਼ਕਲ ਨੂੰ ਫੜਿਆ ਗਿਆ। ੨੨।

***ਚੌਪਈ॥ ਕੋਊ ਮਿਸਲ ਉਠ ਪਰੈ ਸਵੇਰੋ॥*** ਸਿੰਘਾਂ ਦੀਆਂ ਮਿਸਲਾਂ ਵਿੱਚੋਂ ਕੋਈ ਮਿਸਲ ਤਾਂ ਸਵੇਰੇ ਦਿਨ ਚੜ੍ਹਦੇ ਤੋਂ ਪਹਿਲਾਂ ਹੀ ਆ ਪੈਂਦੀ ਗਿਲਜਿਆਂ ਨੂੰ ਉਜੂ ਵੁਜੂ ਕਰਦਿਆਂ ਨੂੰ।

***ਕੋਊ ਮਿਸਲ ਕਰੈ ਦੁਪਹਿਰੋ ਫੇਰੋ॥*** ਅਜੇ ਉਹ ਮੁਰਦੇ ਸਾਂਭੇ ਨਹੀਂ ਜਾਂਦੇ ਤੇ ਦੁਪਹਿਰ ਨੂੰ ਕੋਈ ਜਥਾ ਫਿਰ ਆ ਹੱਲਾ ਕਰਦਾ।

***ਇਕ ਲੜ ਮੁੜੈ ਤਾਂ ਦੂਜੀ ਦੌੜੈ॥*** ਖਾਲਸੇ ਦੀ ਇਕ ਮਿਸਲ ਅਜੇ ਲੜ ਕੇ ਮੁੜਦੀ ਹੈ, ਜਦ ਨੂੰ ਦੂਜੀ ਮਿਸਲ ਦੌੜ ਕੇ ਹੱਲਾ ਕਰ ਦਿੰਦੀ ਗਿਲਜਿਆਂ 'ਤੇ।

***ਦੂਜੀ ਮੁੜੈ ਤਾਂ ਤੀਜੀ ਧੌੜੈ॥ ੨੩॥*** ਦੂਜੀ ਮਿਸਲ ਮੁੜਦੀ ਜੰਗ ਕਰਕੇ, ਤਾਂ ਖਾਲਸੇ ਦੀ ਤੀਜੀ ਮਿਸਲ ਹੱਲਾ ਕਰ ਦਿੰਦੀ ਆ ਕੇ। ੨੩।

***ਸਿੰਘ ਅਕਾਲੀ ਛਡੈਂ ਨ ਖਯਾਲ॥*** ਖਾਲਸਾ ਅਕਾਲ ਪੁਰਖ ਕੀ ਫ਼ੌਜ ਹੈ। ਅਕਾਲੀ ਸਿੰਘ ਨਿਹੰਗ ਸਿੰਘ, ਗਿਲਜਿਆਂ ਦਾ ਪਿੱਛਾ ਨਹੀਂ ਛੱਡਦੇ, ਅਬਦਾਲੀ ਦੇ ਭਾ ਦੀ ਬਣਾ ਦਿੱਤੀ।

***ਕੋਈ ਜਿ ਮਰੈ ਕਹਿਂ 'ਭਯੋ ਨਿਹਾਲ'॥*** ਜੇ ਕੋਈ ਸਿੰਘ ਸ਼ਹੀਦ ਹੋ ਜਾਂਦਾ ਹੈ, ਤਾਂ ਕਹਿੰਦੇ ਹਨ ਨਿਹਾਲ ਹੋ ਗਿਆ। ਚੜ੍ਹਦੀ ਕਲਾ ਵਿਚ ਗਿਆ ਹੈ।

***ਜਬ ਪਰੈ ਜੋਰ ਤੌ ਨਠ ਭੀ ਜਾਹਿਂ॥*** ਜੇ ਗਿਲਜੇ ਹੂਟ ਦੇ ਕੇ ਪੈਂਦੇ ਹੱਲਾ ਕਰਕੇ ਜਦੋਂ ਗਿਲਜਿਆਂ ਦਾ ਜ਼ੋਰ ਪੈਂਦਾ ਦਿਸਦਾ, ਤਾਂ ਸਿੰਘ ਹਰਨ ਹੋ ਜਾਂਦੇ।

***ਜਬ ਵਹ ਫਿਰੈ ਤੌ ਮਗਰ ਦਿਖਾਹਿਂ॥ ੨੪॥*** ਜਦੋਂ ਉਹ ਹੱਲਾ ਕਰਕੇ ਸਿੰਘਾਂ ਨੂੰ ਭਜਾ ਕੇ ਆ ਕੇ ਫਿਰ ਪਿਛਾਂਹ ਨੂੰ ਦੇਖਦੇ, ਤਾਂ ਫਿਰ ਸਿੰਘ ਮਗਰ ਆਉਂਦੇ ਦਿਸਦੇ, ਫਿਰ ਮੌਰਾਂ 'ਤੇ ਚੜ੍ਹੇ ਆਉਂਦੇ ਹਨ ਉਸੇ ਤਰ੍ਹਾਂ ਹੀ। ੨੪।

***ਬਹੁਤ ਜਤਨ ਉਤ ਗਿਲਜੋ ਕਰੈ॥*** ਖਾਲਸੇ ਤੋਂ ਆਪਣਾ ਖਹਿੜਾ ਛਡਾਉਣ ਵਾਸਤੇ ਗਿਲਜੇ ਬੜੇ ਜਤਨ ਕਰਦੇ।

***ਕਰ ਤੁੰਮਨ ਸੋ ਆਗੈ ਖੜੈ॥*** ਉਹ ਬਾਰ੍ਹਾਂ-ਬਾਰ੍ਹਾਂ ਹਜ਼ਾਰ ਫ਼ੌਜ ਦੇ ਦਸਤੇ ਅੱਗੇ ਖੜ੍ਹੇ ਕਰਦੇ।

***ਸੰਜੋਇ ਨਰਨ ਔ ਪਾਖਰ ਤੁਰੰਗਨ॥*** ਮਰਦਾਂ ਨੇ ਆਪਣੇ ਸਰੀਰ 'ਤੇ (ਸੰਜੋਇ) ਲੋਹ ਕੋਟ ਪਾਇਆ ਹੋਇਆ ਹੈ ਅਤੇ ਘੋੜਿਆਂ ਦੇ ਵੀ (ਪਾਖਰ) ਲੋਹੇ ਦੀਆਂ ਸੰਜੋਆਂ ਪਾਈਆਂ ਹੋਈਆਂ ਹਨ।

***ਫੜ ਸ਼ਮਸ਼ੇਰ ਕਰੈ ਟੂਕ ਜੰਗਨ॥ ੨੫॥*** ਜੇ ਉਨ੍ਹਾਂ ਤਲਵਾਰਾਂ ਨਾਲ ਕੋਈ ਲੜਾਈ ਕਰੇ ਤਾਂ ਬੜੇ ਬਲੀ ਨੇ ਉਹ, ਜੰਗਾਂ ਵਿਚ ਟੁਕੜੇ-ਟੁਕੜੇ ਕਰ ਦਿੰਦੇ ਦੁਸ਼ਮਣ ਦੇ। ੨੫।

***ਮਾਰ ਰਾਮਜੰਗੇ ਜਿਨ ਸਿੰਘ ਦੇ ਗੇਰ॥*** ਜਿਨ੍ਹਾਂ (ਗਿਲਜਿਆਂ) ਨੂੰ (ਰਾਮਜੰਗੇ) ਬੰਦੂਕਾਂ ਦੇ ਫਾਇਰ ਕਰ ਕਰ ਮਾਰ ਕੇ ਸੁੱਟ ਦਿੰਦੇ ਸਿੰਘ।

***ਸੋ ਨਹਿਂ ਮੰਗੈਂ ਪਾਨੀ ਫੇਰ॥*** ਜਿਸ ਦੇ ਬੰਦੂਕ ਦਾ ਫਾਇਰ ਵੱਜ ਗਿਆ, ਉਹ ਫਿਰ ਪਾਣੀ ਵੀ ਨਹੀਂ ਮੰਗਦਾ ਹੈ ਗਿਲਜਾ।

***ਇਹੀ ਭਾਂਤ ਸੋਂ ਸ਼ਾਹੁ ਅਕਾਯੋ॥*** ਇਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਨੂੰ ਬੜਾ ਅਕਾਇਆ ਖਾਲਸੇ ਨੇ, ਉਸ ਦੇ ਭਾ ਦੀ ਬਣਾ ਛੱਡੀ।

***ਕਾਬਲ ਪਹੁੰਚਨ ਉਸ ਮੁਸ਼ਕਲ ਭਾਯੋ॥ ੨੬॥*** ਉਸ ਨੂੰ ਕਾਬਲ ਪਹੁੰਚਣਾ ਬੜਾ ਮੁਸ਼ਕਲ ਹੋ ਗਿਆ, ਫ਼ਿਕਰ ਹੋ ਗਿਆ, ਜਿਹੜੇ ਰੋਪੜ ਹੀ ਰੋਕੀ ਖੜ੍ਹੇ ਨੇ, ਅਗਾਂਹ ਤੁਰਨ ਹੀ ਨਹੀਂ ਦਿੰਦੇ, ਕਾਬਲ ਤਾਂ ਬੜੀ ਦੂਰ ਹੈ, ਅਜੇ ਕਈ ਦਰਿਆ ਟੱਪਣੇ ਨੇ ਸਤਿਲੁਜ ਬਿਆਸ, ਰਾਵੀ, ਝਨਾਅ, ਜਿਹਲਮ ਦਰਿਆ ਟੱਪ ਕੇ ਫਿਰ ਕਿਤੇ ਜਾ ਕੇ ਅਟਕ ਦਰਿਆ 'ਤੇ ਪਹੁੰਚਣਾ ਹੈ। ੨੬।

***ਦੋਹਰਾ॥ ਹੁਤੋ ਜੁ ਉਸ ਕੈ ਘਰ ਬਿਖੈ ਜਹਾਨ ਖਾਨ ਫੁਜਦਾਰ॥*** ਜੋ ਜਹਾਨ ਖ਼ਾਂ ਫ਼ੌਜਦਾਰ ਹੈ, ਜਿਸ ਨੂੰ ਅਬਦਾਲੀ ਆਪਣੇ ਘਰ ਦੀ ਮੁਖਤਯਾਰੀ ਦੇ ਕੇ ਆਇਆ ਸੀ, ਭਾਵ ਆਪਣਾ ਮੁਲਕ ਸੰਭਾਲ ਕੇ ਅਇਆ ਸੀ ਕਿ ਤੂੰ ਮੁਲਖ ਦੀ ਸੰਭਾਲ ਕਰਨੀ, ਮੈਂ ਸਿੰਘਾਂ ਦੇ ਖ਼ਾਤਮੇ ਵਾਸਤੇ ਜਾ ਰਿਹਾ ਹਾਂ।

***ਆਪਨੀ ਜਾਗ੍ਹਾ ਥੋ ਛਡਯੋ ਤੌ ਤਿਨ ਘਲਯੋ ਬੁਲਾਰ॥ ੨੭॥*** ਉਸ ਨੂੰ ਅਬਦਾਲੀ ਨੇ ਆਪਣੀ ਜਗ੍ਹਾ 'ਤੇ ਛੱਡਿਆ ਸੀ, ਤਦ ਉਸ (ਜਹਾਨ ਖ਼ਾਂ) ਨੂੰ ਬੁਲਾਵਾ ਭੇਜਿਆ ਹੈ। ੨੭।

***ਚੌਪਈ॥ ਹਕੀਕਤ ਸਭ ਲਿਖ ਉਸੈ ਘਲਾਈ॥*** ਉਸ ਨੂੰ ਸਾਰੀ ਹਕੀਕਤ ਲਿਖ ਕੇ ਭੇਜੀ ਹੈ।

***ਜੋ ਮੁਹਿ ਚਾਹੋ ਤੌ ਪਹੁੰਚੋ ਆਈ॥*** ਜੇ ਤੂੰ ਮੈਨੂੰ ਚਾਹੁੰਦਾ ਹੈਂ ਕਿ ਮੇਰਾ ਬਾਦਸ਼ਾਹ ਸਹੀ ਸਲਾਮਤ ਹਿੰਦੋਸਤਾਨ ਵਿੱਚੋਂ ਵਾਪਸ ਆ ਜਾਵੇ।

***ਜੋ ਜਿਸ ਸਮਝਤ ਹਮ ਕਿਛ ਨਾਂਹਿ॥*** ਜੋ ਖ਼ਾਲਸਾ ਪੰਥ ਹੈ, ਜਿਸ ਨੂੰ ਅਸੀਂ ਕੁਛ ਵੀ ਨਹੀਂ ਸਮਝਦੇ, ਸਾਡੇ ਸਾਹਮਣੇ ਕੀ

ਹਨ ਇਹ

***ਉਸੀ ਖਾਲਸੈ ਲਯੋ ਥਕਾਇ॥ ੨੮॥*** ਉਸੇ ਖਾਲਸੇ ਨੇ ਮੈਨੂੰ ਥਕਾ ਲਿਆ ਹੈ। ਜਦੋਂ ਥੱਕ ਜਾਂਦਾ, ਤਦ ਉਸ ਦੇ ਮਨ ਦੀ ਹਾਲਤ ਦਾ ਪਤਾ ਲਗਦਾ। ੨੮।

***ਕਯਾ ਜਾਨੋ ਗੁਰ ਜਗਾ ਗਿਰਾਈ॥*** ਇਹ ਨਹੀਂ ਮੈਨੂੰ ਪਤਾ, ਕੀ ਹੋਇਆ ਹੈ? ਮੈਥੋਂ ਕੀ ਅਵੱਗਿਆ ਹੋਈ? ਜੋ ਗੁਰੂਆਂ ਦੀ ਜਗ੍ਹਾ ਢਾਹ ਗਿਆ ਸੀ ਮੈਂ, ਉਸ ਦਾ ਮੈਨੂੰ ਸਰਾਪ ਪਿਆ ਹੈ, ਗੁਰੂ ਦੀ ਜੋ ਜਗ੍ਹਾ ਹਰਿਮੰਦਰ ਸਾਹਿਬ ਜੋ ਮੈਂ ਗਿਰਾਇਆ।

***ਜਾਂ ਤੇ ਮੈਂ ਪੈ ਸਖਤੀ ਆਈ॥*** ਜਿਸ ਕਰਕੇ ਮੇਰੇ 'ਤੇ ਸਖ਼ਤੀ ਆਈ ਮੇਰੇ 'ਤੇ ਮੁਸੀਬਤ ਟੁੱਟੀ ਆ ਕੇ, ਮੈਂ ਥੱਕ ਗਿਆ ਹਾਂ, ਹੰਭ ਗਿਆ ਹਾਂ।

***ਕਯਾ ਜਾਨੋ ਸਚੀ ਸਦੀ ਬਾਰਾਂ ਢੁਕੀ॥*** ਮੁਸਲਮਾਨ ਦਸਦੇ ਹਨ ਕਿ ਬਾਰ੍ਹਵੀਂ ਸਦੀ ਵਿਚ ਕਿਆਮਤ ਆਵੇਗੀ। ਬਾਰ੍ਹਵੀਂ ਸਦੀ ਵਿਚ ਸਾਰੇ ਮੁਸਲਮਾਨ ਖ਼ਤਮ ਹੋ ਜਾਣਗੇ। ਇਹ ਨਹੀਂ ਪਤਾ ਬਾਰ੍ਹਵੀਂ ਸਦੀ ਨੇੜੇ ਆ ਗਈ ਜਾਂ ਗੁਰੂ ਜੀ ਦੀ ਜਗ੍ਹਾ ਗਿਰਾਉਣ ਕਰਕੇ ਮੈਥੋਂ ਅਪਰਾਧ ਹੋਇਆ, ਪਾਪ ਹੋਇਆ ਹੈ। ਜਿਸ ਕਰਕੇ ਮੇਰਾ ਕੋਈ ਆਸਰਾ ਨਹੀਂ ਰਿਹਾ।

***ਤੁਰਕਨ ਜੜ੍ਹ ਅਬ ਉਖੜਨ ਢੁੱਕੀ॥ ੨੯॥*** ਮੈਨੂੰ ਤਾਂ ਇਉਂ ਲਗਦਾ ਹੈ ਤੁਰਕਾਂ ਦੀ ਜੜ੍ਹ ਹੀ ਉਖੜਨ ਵਾਲੀ ਹੈ, ਉਹ ਸਮਾਂ ਨੇੜੇ ਆ ਗਿਆ, ਜਦੋਂ ਸਾਡਾ ਤੁਰਕਾਂ ਦਾ ਨਾਸ ਹੋਣਾ ਹੈ। ੨੯।

***ਸੁਨਤ ਖਬਰ ਉਠ ਜਹਾਨਾ ਧਾਯੋ॥*** ਇਹ ਖ਼ਬਰ ਸੁਣਦਿਆਂ ਸਾਰ ਹੀ ਕਾਬਲ ਵਿੱਚੋਂ ਜਹਾਨ ਖ਼ਾਂ ਪੰਜਾਬ ਨੂੰ ਭੱਜਿਆ।

***ਅਟਕ ਲੰਘ ਮਧ ਪੰਜਾਬੈ ਆਯੋ॥*** ਲੰਮੀਆਂ ਮੰਜ਼ਲਾਂ ਤਹਿ ਕਰਦਾ ਹੋਇਆ ਜਹਾਨ ਖ਼ਾਂ ਅਟਕ ਦਰਿਆ ਲੰਘ ਕੇ ਪੰਜਾਬ ਵਿਚ ਆ ਗਿਆ ਹੈ।

***ਅਹਿਮਦ ਸ਼ਾਹੁ ਤਬ ਡੇਰੋ ਤੁਰਾਯੋ॥*** ਜਹਾਨ ਖ਼ਾਂ ਦੇ ਆਏ ਤੋਂ ਬਾਅਦ ਤਦ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਡੇਰੇ ਦਾ ਕੂਚ ਕੀਤਾ।

***ਵਲ ਲਹੌਰ ਡੇਰਾ ਸਿੰਘਨ ਪਾਯੋ॥ ੩੦॥*** ਉਧਰ ਲਹੌਰ ਵੱਲ ਸਿੰਘਾਂ ਨੇ ਆਪਣਾ ਡੇਰਾ ਪਾਇਆ। ੩੦।

***ਲਹੌਰ ਵੜਯੋ ਤਬ ਚਾਹਤ ਸ਼ਾਹਿ॥*** ਅਹਿਮਦ ਸ਼ਾਹ ਤਦੋਂ ਲਹੌਰ ਵਿਚ ਵੜਨਾ ਚਾਹੁੰਦਾ ਹੈ।

***ਨਹੀਂ ਸਿੰਘ ਉਸ ਦੇਵੈਂ ਰਾਹਿ॥*** ਸਿੰਘ ਅੱਗੋਂ ਰਾਹ ਨਹੀਂ ਦਿੰਦੇ ਅਹਿਮਦ ਸ਼ਾਹ ਨੂੰ, ਸਿੰਘਾਂ ਨੇ ਲਹੌਰ ਦਾ ਰਾਹ ਰੋਕਿਆ ਹੋਇਆ ਟਾਕਰੇ ਲਈ।

***ਰਾਤ ਅਕਾਵੈਂ ਦਿਨੈ ਅਕਾਹਿ॥*** ਸਿੰਘ ਰਾਤ ਨੂੰ ਵੀ ਨਹੀਂ ਸੌਣ ਦਿੰਦੇ ਅਬਦਾਲੀ ਨੂੰ, ਦਿਨੇ ਤਾਂ ਕੀ ਸੌਣ ਦੇਣਾ ਸੀ। ਸਿੰਘ ਦਿਨੇ ਵੀ ਅਕਾਉਂਦੇ ਹਨ ਅਤੇ ਰਾਤ ਨੂੰ ਵੀ ਅਕਾਉਂਦੇ ਅਬਦਾਲੀ ਨੂੰ।

***ਥੋੜੈ ਬਹੁਤੇ ਡਰੈਂ ਸੁ ਨਾਹਿ॥ ੩੧॥*** ਸਿੰਘ ਐਸੇ ਦਲੇਰ ਹੋ ਗਏ ਨੇ ਹੁਣ ਥੋੜ੍ਹੇ ਨਾ ਬਹੁਤੇ ਡਰਦੇ ਹੀ ਨਹੀਂ। ਇਕ ਦਮ ਗਲ ਪੈ ਜਾਂਦੇ ਹਨ। ਸਿੰਘਾਂ ਦਾ ਜੱਥਾ ਭਾਵੇਂ ਛੋਟਾ ਹੋਵੇ ਭਾਵੇਂ ਵੱਡਾ ਹੋਵੇ। ੩੧।

***ਦੋਹਰਾ॥ ਆਇ ਜਹਾਨੋ ਸ਼ਾਹ ਰਲਯੋ ਬਯਾਸੈ ਰਾਵੀ ਮਾਂਹਿ॥*** ਬਿਆਸ ਤੇ ਰਾਵੀ ਵਿਚਕਾਰ, ਭਾਵ ਦੁਆਬੇ ਵਿਚ ਹੀ ਅਬਦਾਲੀ ਨੂੰ ਘੇਰੀ ਬੈਠੇ ਹਨ ਸਿੰਘ, ਰਾਵੀ ਤੇ ਬਿਆਸ ਦੇ ਵਿਚਕਾਰ ਦੁਆਬੇ ਵਿਚ, ਜਹਾਨ ਖ਼ਾਂ ਅਹਿਮਦ ਸ਼ਾਹ ਅਬਦਾਲੀ ਨਾਲ ਆ ਕੇ ਮਿਲਿਆ ਹੈ।

***ਮਿਲੇ ਪਿਆਸੇ ਨੀਰ ਸਮ, ਜੇਠ ਹਾੜ ਰੁਤ ਮਾਂਹਿ॥ ੩੨॥*** ਜੇਠ ਹਾੜ ਦੀ ਰੁੱਤ ਵਿਚ ਜਿਵੇਂ ਪਿਆਸੇ ਬੰਦੇ ਨੂੰ ਪਾਣੀ ਦੀ ਤਰ੍ਹਾਂ ਮਿਲੇ ਹਨ ਅਬਦਾਲੀ ਤੇ ਜਹਾਨ ਖ਼ਾਂ। ੩੨।

**ਚੌਪਈ॥ ਤੌ ਉਨ ਸਿੰਘਨ ਕੂਚ ਬਿਦਈ॥** ਤਦੋਂ ਤਾਂ ਸਿੰਘਾਂ ਨੇ ਉਨ੍ਹਾਂ ਗਿਲਜਿਆਂ ਦੀ ਕੂਚ ਦੀ ਤਿਆਰੀ ਵੇਖੀ ਹੈ।

**ਪਾਸ ਬਟਾਲੇ ਲੜਾਈ ਭਈ॥** ਬਟਾਲੇ ਦੇ ਕੋਲ ਸਿੰਘਾਂ ਤੇ ਗਿਲਜਿਆਂ ਦੀ ਲੜਾਈ ਹੋ ਗਈ ਹੈ।

**ਤੌ ਭੀ ਸਿੰਘਨ ਛਡਯੋ ਨ ਖਯਾਲ॥** ਤਾਂ ਵੀ ਸਿੰਘਾਂ ਨੇ ਅਹਿਮਦ ਸ਼ਾਹ ਅਬਦਾਲੀ ਦਾ ਖਿਆਲ ਨਹੀਂ ਛੱਡਿਆ।

**ਉਸੀ ਤੌਰ ਲੜ ਰਹੇ ਸ਼ਾਹਿ ਨਾਲ॥ ੩੩॥** ਉਸੇ ਤਰੀਕੇ ਨਾਲ ਸਿੰਘ ਅਹਿਮਦ ਸ਼ਾਹ ਨਾਲ ਲੜ ਰਹੇ ਸਨ। ਕਦੀ ਵੀ ਨਹੀਂ ਬਿਸ਼੍ਰਾਮ ਕਰਦੇ ਅਤੇ ਨਾ ਹੀ ਕਰਨ ਦਿੰਦੇ। ੩੩।

**ਕੋਈ ਕਹੈ, ਸ਼ਾਹੁ ਅਧੋ ਲੰਘਾਏਂ॥** ਕੋਈ ਸਿੰਘ ਵਿਚ ਕਹਿੰਦੇ ਕਿ ਅਹਿਮਦ ਸ਼ਾਹ ਅਬਦਾਲੀ ਨੂੰ ਆਪਣੀ ਅੱਧੀ ਫ਼ੌਜ ਦਰਿਆ ਤੋਂ ਪਾਰ ਲੰਘਾ ਲੈਣ ਦਿਓ।

**ਤਹਿ ਲੁਟੈ ਹਮ ਅਗੈ ਉਸ ਜਾਏਂ॥** ਸਿੰਘਾਂ ਨੇ ਸਕੀਮ ਬਣਾਈ ਕਿ ਅਸੀਂ ਕੁਛ ਮਿਸਲਾਂ ਦਰਿਆ ਦੇ ਪਾਰ ਲੰਘ ਜਾਂਦੇ ਹਾਂ। ਜਦੋਂ ਅਬਦਾਲੀ ਦੀ ਅੱਧੀ ਫ਼ੌਜ ਦਰਿਆਓਂ ਪਾਰ ਹੋ ਗਈ, ਦਰਿਅਓਂ ਪਾਰ ਦੀ ਫ਼ੌਜ ਨੂੰ ਓਥੇ ਅਸੀਂ ਜਾ ਕੇ ਲੁਟਾਂਗੇ, ਜੋ ਦਰਿਆ ਤੋਂ ਪਿੱਛੇ ਰਹਿ ਜਾਇ ਉਸ ਨੂੰ ਤੁਸੀਂ ਲੁੱਟ ਲੈਣਾ।

**ਚੜ੍ਹ ਸਿੰਘ ਕਹਿ, ਸ਼ਾਹਿ ਜਿਤ ਵਲ ਹੋਇ॥** ਚੜ੍ਹਤ ਸਿੰਘ (ਰਣਜੀਤ ਸਿੰਘ ਦਾ ਬਾਬਾ) ਕਹਿਣ ਲੱਗਾ, ਜਿਸ ਪਾਸੇ ਅਹਿਮਦ ਸ਼ਾਹ ਅਬਦਾਲੀ ਆਪ ਹੋਵੇ।

**ਉਸੀ ਵੱਲ ਤੁਮ ਮੁਹਿ ਦਯੋ ਢੋਇ॥ ੩੪॥** ਤੁਸੀਂ ਉਸ (ਅਹਿਮਦ ਸ਼ਾਹ) ਵਾਲੇ ਪਾਸੇ ਮੈਨੂੰ ਢੋਅ ਦਿਉ, ਉਸ ਦੇ ਨਾਲ ਮੈਂ ਦੋ ਹੱਥ ਕਰਾਂਗਾ। ੩੪।

**ਔਗਿਓਂ ਹੁਇਕੈ ਮੈਂ ਉਤ ਰਹੌਂ॥** ਅਹਿਮਦ ਸ਼ਾਹ ਅਬਦਾਲੀ ਦੇ ਅੱਗਿਓਂ ਹੋ ਕੇ ਮੈਂ ਉਧਰ ਮਰਾਂਗਾ, ਮੈਂ ਰੋਕਾਂਗਾ ਉਸਨੂੰ।

**ਮੈਂ ਤੌ ਸਲਾਹ ਯਹੀ ਤੁਮ ਕਹੌਂ॥** ਮੈਂ ਤਾਂ ਇਹੀ ਸਲਾਹ ਦਿੰਦਾ ਹਾਂ ਤੁਹਾਨੂੰ ਖਾਲਸਾ ਜੀ।

**ਔਰ ਸ੍ਰਦਾਰ ਜੀ ਬੀ ਤਹਿਂ ਆਇ॥** ਹੋਰ ਜਿਹੜੇ ਸਰਦਾਰ ਆਏ ਸੀ ਮਿਸਲਾਂ ਦੇ।

**'ਕਰੋ ਨ ਕਾਹਲ ਫਤੇ ਲਈ ਪਾਇ॥ ੩੫॥** ਖਾਲਸਾ ਜੀ! ਹੁਣ ਜਿੱਤ ਤਾਂ ਪ੍ਰਾਪਤ ਕਰ ਹੀ ਲਈ ਹੈ, ਤੁਸੀਂ ਕਾਹਲ ਨਾ ਕਰੋ। ੩੫।

**ਫਤੇ ਖਾਲਸੈ ਸਭ ਬਿਧ ਭਈ॥** ਸਭ ਤਰ੍ਹਾਂ ਕਰਕੇ ਖਾਲਸੇ ਦੀ ਜਿੱਤ ਹੋ ਗਈ, ਅਬਦਾਲੀ ਹਾਰ ਗਿਆ ਸਿੰਘਾਂ ਤੋਂ।

**ਮਾਰ ਕੁੱਟ ਕਿਤ ਕਢਯੋ ਸੁ ਦਈ॥** ਅਬਦਾਲੀ ਨੂੰ ਹੁਣ ਮਾਰ-ਕੁੱਟ ਕੇ ਕਿਸੇ ਪਾਸੇ ਨੂੰ ਕੱਢ ਦਿਓ।

**ਕਾਹਲ ਅਬ ਹਮ ਚਹੀਅਤ ਨਾਂਹਿ॥** ਹੁਣ ਸਾਨੂੰ ਕਾਹਲ ਨਹੀਂ ਕਰਨੀ ਚਾਹੀਦੀ, ਧੀਰਜ ਕਰੋ, ਧੀਰਜ ਨਾਲ ਹੰਭਾ ਲੈਣਾ ਹੈ।

**ਕਹਯੋ ਸਿਆਨਨ ਅਸ ਨੀਤ ਮਾਂਹਿ॥੩੬॥** ਸਿਆਣਿਆਂ ਪੁਰਸ਼ਾਂ ਨੇ ਕਿਹਾ, "ਖਾਲਸਾ ਜੀ! ਨੀਤੀ ਵਰਤੋ। ੩੬।

**ਦੋਹਰਾ॥ ਰਾਵੀ ਲੰਘਤ ਸ਼ਾਹਿ ਕੀ ਸ੍ਰਦਾਰ ਪਰੇ ਗੈਲ ਨਾਂਹਿ॥** ਜਦੋਂ ਅਹਿਮਦ ਸ਼ਾਹ ਅਬਦਾਲੀ ਰਾਵੀ ਦਰਿਆ ਟੱਪ ਗਿਆ, ਜਿਹੜੇ ਮਿਸਲਾਂ ਦੇ ਜੰਗੀ ਸਰਦਾਰ ਸੀ, ਉਹ ਉਸ ਦੇ ਪਿੱਛੇ ਨਹੀਂ ਪਏ।

**ਨਿਹੰਗ ਭੁਜੰਗੀ ਨਹਿ ਟਲੇ, ਆਏ ਦੰਦ ਤੁੜਾਇ॥ ੩੭॥** ਚਾਰੋਂ-ਪਾਸਿਓਂ ਸਿੰਘਾਂ ਦਾ ਘੇਰਾ ਵੇਖ ਕੇ ਅਬਦਾਲੀ ਨੇ ਪੂਰਾ ਪ੍ਰਬੰਧ ਕੀਤਾ ਹੋਇਆ ਸੀ ਲੜਾਈ ਦਾ, ਜਿਹੜੇ ਨਿਹੰਗ ਸਿੰਘ (ਭੁਜੰਗੀ) ਸੱਪਾਂ ਵਰਗੇ ਜ਼ਹਰੀਲੇ ਜੰਗੀ ਜੋਧੇ ਸਨ, ਉਹ ਦਰਿਆ ਟੱਪ ਕੇ ਜੰਗ ਕਰਨ ਤੋਂ ਟਲੇ ਨਾ, ਰਾਵੀ ਪਾਰ ਹੋ ਕੇ ਅਹਿਮਦ ਸ਼ਾਹ ਅਬਦਾਲੀ ਦੇ ਜਾ ਗਲ ਪਏ। ਜਿਨ੍ਹਾਂ ਨੇ ਕਾਹਲ ਕੀਤੀ, ਉਹ ਮਾਰ ਖਾ ਕੇ ਆਇ। ੩੭।

**ਚੌਪਈ॥ ਸ਼ਾਹਿ ਅਗੇ ਥੇ ਜਤਨ ਬਨਵਾਯੋ॥** ਅਹਿਮਦ ਸ਼ਾਹ ਨੇ ਸਿੰਘਾਂ ਤੋਂ ਆਪਣੇ ਬਚਾਉ ਵਾਸਤੇ ਲੜਾਈ ਕਰਨ ਦਾ ਯਤਨ ਕੀਤਾ ਹੋਇਆ ਸੀ।

***ਪਰਹੈ ਜ਼ਰੂਰ ਸਿੰਘ ਮੋ ਪਰ ਆਯੋ॥*** ਉਸ ਨੂੰ ਪਤਾ ਸੀ ਸਿੰਘ ਜਰੂਰ ਮੇਰੇ 'ਤੇ ਆ ਕੇ ਪੈਣਗੇ, ਹੱਲਾ ਕਰਨਗੇ।

***ਜੰਬੂਰ ਖਾਨੋਂ ਔ ਸ਼ੁਤਰਗਹਿ ਖਾਨੋ॥*** (ਜੰਬੂਰ ਖਾਨੋ) ਛੋਟਾ ਤੋਪਖਾਨਾ ਅਤੇ ਊਠਾਂ ਉੱਪਰ ਰੱਖ ਕੇ ਚਲਾਉਣ ਵਾਲੀਆਂ ਛੋਟੀਆਂ ਤੋਪਾਂ, ਜਿਨ੍ਹਾਂ ਨੂੰ ਸ਼ੁਤਰਨਾਲੀ ਕਹਿੰਦੇ ਸਨ।

***ਸੋਈ ਪ੍ਰਿਥਮ ਉਨ ਪਾਰ ਲੰਘਾਨੋ॥ ੩੮॥*** ਸਭ ਤੋਂ ਪਹਿਲਾਂ ਉਨ੍ਹਾਂ ਤੋਪਾਂ ਤੇ ਜੰਬੂਰਿਆਂ ਨੂੰ ਦਰਿਆ ਤੋਂ ਪਾਰ ਲੰਘਾਇਆ ਕਿ ਇਹ ਅੱਗੇ ਜਾ ਕੇ ਇੰਤਜਾਮ ਕਰਨਗੇ, ਜਿਹੜੇ ਮੈਨੂੰ ਰੋਕਣ ਆਉਣਗੇ, ਇਹ ਫਾਇਰ ਕਰਨ ਤੇ ਮੈਂ ਸੌਖਾ ਹੀ ਘਾਟ ਤੋਂ ਲੰਘ ਜਾਵਾਂਗਾ। ੩੮।

***ਪਾਛੈ ਉਸ ਕੇ ਤੋਰਯੋ ਬਹੀਰ॥*** ਜਦੋਂ ਅੱਗੇ ਜਾ ਕੇ ਉਨ੍ਹਾਂ ਨੇ ਤੋਪਖਾਨਾ ਬੀੜ ਲਿਆ, ਆਏ ਦੁਸ਼ਮਣ ਦੇ ਹੱਲੇ ਨੂੰ ਰੋਕਣ ਵਾਸਤੇ। ਤਾਂ ਫਿਰ (ਬਹੀਰ) ਪੈਦਲ ਫ਼ੌਜ ਜਿਸ ਦੇ ਵਿਚ ਰਾਜ-ਸਾਜ ਸੀ, ਲੁੱਟ ਦਾ ਮਾਲ ਸੀ, ਫਿਰ ਉਸ ਨੂੰ ਪਾਰ ਕੀਤਾ (ਤੋਰਿਆ)।

***ਕਰ ਮਜਬੂਤ ਉਨ ਸੰਗ ਤਤਬੀਰ॥*** ਉਸ ਨੇ ਚੰਗੀ ਤਰ੍ਹਾਂ ਢੰਗ ਤਰੀਕੇ ਨਾਲ ਮਜਬੂਤ ਕਰਕੇ ਬਹੀਰ ਨੂੰ ਤੋਰਿਆ।

***ਪਾਛੈ ਕੀਨੀ ਖਾਸੀ ਫੌਜ॥*** ਬਹੀਰ ਤਾਂ ਕਹਿੰਦੇ ਹਨ, ਰਾਜ-ਸਾਜ ਜਿਸ ਦੇ ਵਿਚ ਸਮਾਨ ਹੋਵੇ, ਜਿਸ ਦੇ ਬੱਚੇ, ਬੁੱਢੇ ਅਤੇ ਔਰਤਾਂ ਵੀ ਹੁੰਦੀਆਂ ਸਨ, ਜਿਨ੍ਹਾਂ ਨੂੰ ਗੁਲਾਮ ਬਣਾ ਕੇ ਲਿਜਾਂਦਾ ਸੀ। ਉਸ ਦੀ ਰਾਖੀ ਵਾਸਤੇ ਪਿੱਛੋਂ ਅੱਵਲ ਫ਼ੌਜ ਲੜਾਕੂ ਕੀਤੀ ਹੈ, ਇਹ ਸਮਾਨ ਨਾ ਲੁਟਿਆ ਜਾਏ।

***ਜੈਸ ਚੜ੍ਹਯੋ ਨਦ ਦੇਵੈ ਮੌਜ॥ ੩੯॥*** ਅਹਿਮਦ ਸ਼ਾਹ ਅਬਦਾਲੀ ਫ਼ੌਜ ਲੈ ਕੇ ਇਉਂ ਚੜ੍ਹਿਆ, ਜਿਵੇਂ ਦਰਿਆ ਆਪਣੀ ਮੌਜ ਵਿਚ ਚੜ੍ਹਦਾ ਹੈ। ੩੯।

***ਹੁਤੋ ਉਡੀਕਤ ਸਿੰਘਨ ਤਾਈਂ॥*** ਅਹਿਮਦ ਸ਼ਾਹ ਅਬਦਾਲੀ ਨੂੰ ਪਤਾ ਸੀ ਕਿ ਸਿੰਘ ਜ਼ਰੂਰ ਹੀ ਮੇਰੇ 'ਤੇ ਹੱਲਾ ਕਰਨਗੇ, ਇਸ ਕਰਕੇ ਉਹ ਪਹਿਲਾਂ ਹੀ ਸਿੰਘਾਂ ਨੂੰ ਉਡੀਕ ਰਿਹਾ ਸੀ, ਇੰਤਜਾਮ ਜੋ ਸਾਰਾ ਕੀਤਾ ਹੋਇਆ ਸੀ।

***ਆਇ ਪੜੇ ਕਰ ਸੋ ਬਡ ਧਾਈ॥*** ਜਿਹੜੇ ਨਿਹੰਗ ਭੁਜੰਗ ਸਨ, ਉਹ ਵੱਡਾ ਹੱਲਾ ਕਰਕੇ ਆ ਪਏ ਅਬਦਾਲੀ 'ਤੇ।

***ਦੋਊ ਵੱਲ ਤੇ ਛੁਟੇ ਹਥਯਾਰ॥*** ਦੋਹਾਂ ਪਾਸਿਆਂ ਤੋਂ, ਸਿੰਘਾਂ ਤੇ ਗਿਲਜਿਆਂ ਵੱਲੋਂ ਹਥਿਆਰ ਚੱਲੇ ਬੰਦੂਕਾਂ, ਰਾਈਫਲਾਂ ਅਤੇ ਹੋਰ ਦੂਰੋਂ ਚਲਾਉਣ ਵਾਲੇ ਅਸਤਰ।

***ਬਹੁਤ ਦੁਵੱਲੋਂ ਤਹਿੰ ਭਏ ਮਾਰ॥ ੪੦॥*** ਦੋਹਾਂ ਪਾਸਿਆਂ ਤੋਂ, ਏਧਰ ਸਿੰਘਾਂ ਨੇ ਵੱਡੇ ਰਾਮਜੰਗੇ ਫੜੇ ਹੋਏ ਸਨ, ਉਧਰ ਤੋਪਾਂ, ਜੰਬੂਰੇ, ਰਹਿਕਲੇ ਤੇ ਸ਼ੁਤਰਨਾਲਾਂ ਅਤੇ ਬੰਦੂਕਾਂ ਸਨ। ਦੋਹਾਂ ਪਾਸਿਆਂ ਤੋਂ ਜਦੋਂ ਹਥਿਆਰ ਛੁਟੇ ਇਕਦਮ ਢੇਰ ਹੋ ਗਏ ਦੋਹਾਂ ਪਾਸਿਆਂ ਤੋਂ। ੪੦।

***ਸੂਦਾਰਨ ਨਹਿੰ ਥੋ ਹੱਲੋ ਕਰਯੋ॥*** ਖਾਲਸੇ ਦੀਆਂ ਮਿਸਲਾਂ ਨੇ ਪਹਿਲਾਂ ਹੀ ਗੁਰਮਤਾ ਕੀਤਾ ਹੋਇਆ ਸੀ, ਖਾਲਸਾ ਜੀ। ਇਸ 'ਤੇ ਹੱਲਾ ਨਹੀਂ ਕਰਨਾ ਹੈ, ਕਿਉਂਕਿ ਜਦੋਂ ਫ਼ੌਜ ਭੱਜੀ ਜਾਂਦੀ ਹੋਵੇ, ਉਦੋਂ ਉਹ ਆਪਣੀ ਜਾਨ 'ਤੇ ਖੇਡ ਜਾਂਦੀ ਹੈ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਜੇ ਰੋਕ ਲਿਆ ਸਾਨੂੰ, ਤਾਂ ਸਾਥੋਂ ਨਹੀਂ ਭੱਜਿਆ ਜਾਣਾ। ਖਾਲਸੇ ਦੀਆਂ ਮਿਸਲਾਂ ਦੇ ਸਰਦਾਰਾਂ ਨੇ ਹੱਲਾ ਨਹੀਂ ਸੀ ਕੀਤਾ।

***ਮੋੜ ਖਾਲਸੋ ਉਨ ਮੁਹਰੇ ਧਰਯੋ॥*** ਜਿਹੜੇ ਸਿੰਘ ਗਿਲਜਿਆਂ 'ਤੇ ਹਮਲਾਵਰ ਹੋਏ ਸਨ, ਗਿਲਜਿਆਂ ਨੇ ਉਨ੍ਹਾਂ ਸਿੰਘਾਂ ਨੂੰ ਲੜਾਈ ਵਿਚ ਆਪਣੇ (ਮੁਹਰੇ) ਅੱਗੇ ਲਾ ਲਿਆ, ਉਨ੍ਹਾਂ ਸਿੰਘਾਂ ਨੂੰ ਦੌੜਨਾ ਪਿਆ ਹੈ, ਆਪਣਾ ਨੁਕਸਾਨ ਕਰਵਾ ਕੇ।

***ਤਬੈ ਪੰਥ ਕੋ ਨਦਰ ਇਮ ਪਰੈ॥*** ਜਦੋਂ ਪੰਥ ਖਾਲਸੇ ਨੂੰ ਇਉਂ ਨਜ਼ਰੀਂ ਪਿਆ, ਭਾਵ ਜਦੋਂ ਪੰਥ ਨੇ ਉਨ੍ਹਾਂ ਸਿੰਘਾਂ ਦੀ ਐਸੀ ਦਸ਼ਾ ਵੇਖੀ।

***ਕਰ ਉਪਰਾਲੈ ਸਿੰਘ ਅਗੈ ਆਇ ਅੜੈ॥ ੪੧॥*** ਹੋਰ ਸਿੰਘ (ਉਪਰਾਲਾ) ਉੱਦਮ ਕਰਕੇ ਅਬਦਾਲੀ ਦੀਆਂ ਫ਼ੌਜਾਂ ਅੱਗੇ ਆ ਅੜੇ, ਉਨ੍ਹਾਂ ਸਿੰਘਾਂ ਨੇ ਅਬਦਾਲੀ ਦਾ ਹੱਲਾ ਆ ਰੋਕਿਆ। ੪੧।

***ਦੋਹਰਾ॥ ਮੁੜ ਗਿਲਜੇ ਭਏ ਪਾਰ ਅਪਨੌ ਖਯਾਲ ਛੁਡਾਇ॥*** ਗਿਲਜੇ ਆਪਣਾ ਖਹਿੜਾ ਛੁਡਾ ਕੇ ਰਾਵੀ ਦਰਿਆ ਤੋਂ ਪਾਰ ਹੋ ਗਏ।

***ਲਹੌਰੇ ਲਾਂਭੇ ਛਾਂਭ ਛੱਡ ਗਯੋ ਮੁਲਤਾਨੈ ਦਾਇ॥ ੪੨॥*** ਅਬਦਾਲੀ ਨੂੰ ਸਿੰਘਾਂ ਨੇ ਸਿੱਧਾ ਕਾਬਲ ਵੱਲ ਨਹੀਂ ਜਾਣ ਦਿੱਤਾ, ਰਾਵੀ ਦਰਿਆ ਪਾਰ ਕਰਕੇ ਲਹੌਰ ਨੂੰ ਲਾਂਭੇ-ਲਾਂਭੇ ਛੱਡ ਕੇ ਰਾਵੀ ਦੇ ਨਾਲ ਨਾਲ ਦੀ ਮੁਲਤਾਨ ਦੀ ਤਰਫ ਚਲਿਆ ਗਿਆ। ਨਾ ਲਹੌਰ ਵੜਨ ਦਿੱਤਾ ਖਾਲਸੇ ਨੇ ਅਤੇ ਨਾ ਹੀ ਕਾਬਲ ਦੇ ਰਾਹ ਪੈਣ ਦਿੱਤਾ। ੪੨।

***ਚੌਪਈ॥ ਸ਼ਾਹਿ ਮੁੜਯੋ ਬਡ ਨਮੋਸ਼ੀ ਪਾਇ॥*** ਅਹਿਮਦ ਸ਼ਾਹ ਅਬਦਾਲੀ ਵੱਡਾ ਸ਼ਰਮਿੰਦਾ ਹੋ ਕੇ ਮੁੜਿਆ ਵਾਪਸ ਕਾਬਲ ਨੂੰ, ਉਸ ਦੇ ਪੱਲੇ ਸਿਰਫ ਨਮੋਸ਼ੀ ਹੀ ਪਈ, ਜਿੱਤ ਆਇਆ ਹੈ ਪੰਜਾਬ? ਦੇਖੇ ਸਿੰਘਾਂ ਦੇ ਹੱਥ? ਕਿਉਂ ਕਿਥੇ ਹੈ ਲੁੱਟ ਦਾ ਮਾਲ? ਭਾਵ ਜਦੋਂ ਹਾਰ ਜਾਵੇ ਨਾ ਫ਼ੌਜਦਾਰ, ਉਦੋਂ ਫਿਰ ਸੁਆਣੀਆਂ ਵੀ ਮਖੌਲ ਕਰਦੀਆਂ ਨੇ।

***ਇਸ ਆਵਨ ਕੋ ਬਹੁ ਪਛੁਤਾਇ॥*** ਏਸ ਵਾਰ ਹਿੰਦੋਸਤਾਨ ਵਿਚ ਆਉਣ 'ਤੇ ਅਹਿਮਦ ਸ਼ਾਹ ਅਬਦਾਲੀ ਬੜਾ ਪਛਤਾਉਂਦਾ ਹੈ ਕਿ ਐਤਕੀਂ ਮੈਨੂੰ ਨਹੀਂ ਸੀ ਆਉਣਾ ਚਾਹੀਦਾ, ਕਿਉਂ ਆਇਆ ਮੈਂ? ਜੇ ਮੈਂ ਆਇਆ ਤਾਂ ਮੇਰੀ ਇਹ ਹਾਲਤ ਬਣੀ ਜੇ ਮੈਂ ਨਾ ਆਉਂਦਾ ਤਾਂ ਚੰਗਾ ਰਹਿੰਦਾ।

***ਕਹਿ ਚਿੜੀਅਨ ਹਮ ਬਾਜ ਦਏ ਗਾਰ॥*** ਜਿਨ੍ਹਾਂ ਸਿੰਘਾਂ ਨੂੰ ਅਸੀਂ ਚਿੜੀਆਂ ਕਹਿੰਦੇ ਸਾਂ, ਉਨ੍ਹਾਂ ਚਿੜੀਆਂ ਨੇ ਸਾਨੂੰ ਬਾਜ਼ਾਂ ਨੂੰ ਗਾਲ ਦਿੱਤਾ। ਬਾਜ਼ਾਂ ਨੂੰ ਐਸੀ ਨਮੋਸ਼ੀ ਦਿੱਤੀ ਕਿ ਅਸੀ ਬੋਲਣ ਜੋਗੇ ਨਹੀਂ ਰਹੇ।

***ਕਰੇ ਛੇਲੂਅਨ ਹਮ ਸ਼ੇਰ ਖ੍ਵਾਰ॥ ੪੩॥*** ਇਨ੍ਹਾਂ (ਛੇਲੂਅਨ) ਲੇਲਿਆਂ ਨੇ ਸਾਨੂੰ ਸ਼ੇਰਾਂ ਨੂੰ ਖੁਆਰ ਕਰ ਦਿੱਤਾ ਹੈ, ਅਸੀਂ ਸ਼ੇਰ ਕਹਾਉਂਦੇ ਸਾਂ, ਸਾਡੀ ਜ਼ੁਰਅਤ ਨਹੀਂ ਰਹੀ ਕਿ ਅਸੀਂ ਇਨ੍ਹਾਂ ਨੂੰ ਰੋਕ ਸਕੀਏ। ੪੩।

***ਇਨਕੀ ਮਦਦ ਆਪ ਖੁਦਾਇ॥*** ਉਹ ਖੁਦਾਵੰਦ ਜੋ ਰਹੀਮ ਹੈ ਰਹਿਮ ਕਰਨ ਵਾਲਾ, ਉਹ ਆਪ ਇਨ੍ਹਾਂ ਦੀ ਮਦਦ 'ਤੇ ਹੈ, ਇਸ ਕਰਕੇ ਸਾਥੋਂ ਕਦੋਂ ਹਾਰੇ ਇਹ, ਇਹ ਜੇਤੂ ਨਿਕਲੇ।

***ਪੁਜਯੋ ਨ ਬਲ ਹਮ ਇਨ ਪਰ ਕਾਇ॥*** ਇਨ੍ਹਾਂ ਸਿੰਘ 'ਤੇ ਸਾਡਾ ਕੋਈ ਜ਼ੋਰ ਨਹੀਂ ਚਲਿਆ ਹੈ, ਜਿਹੜੇ ਅਬਦਾਲੀ ਨੇ ਐਨੇ ਹੱਲੇ ਕੀਤੇ ਹਿੰਦੋਸਤਾਨ ਉੱਤੇ, ਉਹ ਹਾਰਿਆ ਨਹੀਂ ਹੈ ਕਿਸੇ ਤੋਂ, ਆਪ ਦੀ ਮੌਜ ਨਾਲ ਜਾਂਦਾ ਰਿਹਾ ਕਾਬਲ ਨੂੰ। ਮੌਜ ਨਾਲ ਹੀ ਆਉਂਦਾ ਸੀ, ਕੋਈ ਉਸ ਦਾ ਰਾਹ ਨਹੀਂ ਸੀ ਰੋਕ ਸਕਦਾ ਪਰ ਹੁਣ ਕਾਬਲ ਕਿਵੇਂ ਅਪੜੇਗਾ? ਖਾਲਸੇ ਨੇ ਐਸੀ ਮਾਰ ਮਾਰੀ ਹੈ, ਐਡੀ ਨਿਮੋਸ਼ੀ ਦਿੱਤੀ ਹੈ, ਹੁਣ ਸ਼ਰਮਿੰਦਾ ਹੋਇਆ ਮੂੰਹ ਨਹੀਂ ਵਿਖਾਉਂਦਾ ਕਿਸੇ ਨੂੰ।

***ਇਨ ਮੈਂ ਸ਼ਕਤ ਕਿਛ ਆਹਿ ਕਰੀਮ॥*** (ਕਰੀਮ) ਕਰਮ, ਬਖ਼ਸ਼ਸ ਕਰਨ ਵਾਲੇ ਅੱਲਾ ਤਾਲਾ ਦੀ ਇਨ੍ਹਾਂ ਵਿਚ ਸ਼ਕਤੀ ਹੈ, ਜਿਨ੍ਹਾਂ ਨੇ ਸਾਡੇ ਵਰਗੇ ਜੇਤੂਆਂ ਨੂੰ ਹਰਾ ਦਿੱਤਾ ਹੈ।

***ਕਰ ਦੇਖਯੋ ਹਮ ਬਹੁਤ ਫਹੀਮ॥ ੪੪॥*** ਅਸੀਂ ਚੰਗੀ ਤਰ੍ਹਾਂ ਵਿਚਾਰ ਕਰ ਕਰ ਕੇ ਵੇਖਿਆ ਬਹੁਤ ਹੀ ਤਜ਼ਰਬੇ ਕਰ-ਕਰ ਕੇ ਵੇਖਿਆ। ੪੪।

***ਅਬ ਜੋ ਮੇਰੋ ਇਤ ਦੇਸ਼ ਆਊਗ॥*** ਮੇਰਾ ਪੁੱਤ੍ਰ ਪੋਤਰਾ ਜਾਂ ਹੋਰ ਕੋਈ ਮੇਰੀ ਬੰਸ ਦਾ ਏਸ ਦੇਸ਼ ਵਿਚ ਹੱਲਾ ਕਰਕੇ ਆਇਗਾ।

***ਜੋ ਆਉਗ ਸੋ ਪੱਛੋਤਾਉਗ॥*** ਜੋ ਆਵੇਗਾ ਉਹ ਪਛਤਾਵੇਗਾ, ਉਹ ਪਛਤਾ ਕੇ ਏਥੋਂ ਜਾਇਗਾ, ਏਥੋਂ ਕਦੇ ਜੇਤੂ ਹੋ ਕੇ ਨਹੀਂ ਨਿਕਲ ਸਕਦਾ।

***ਇਸੀ ਅਫਸੋਸ ਸੋ ਮਰ ਗਯੋ॥*** ਇਸੇ ਅਫਸੋਸ ਵਿਚ ਉਹ (ਅਹਿਮਦ ਸ਼ਾਹ ਅਬਦਾਲੀ) ਮਰ ਗਿਆ, ਉਸ ਦੇ ਪ੍ਰਾਣ ਹੀ

ਨਿਕਲ ਗਏ।

***ਪੁਜਯੋ ਨ ਕਾਬਲ ਰਾਹਿ ਸੁ ਮੁਯੋ॥ ੪੫॥*** ਅਹਿਮਦ ਸ਼ਾਹ ਕਾਬਲ ਨਹੀਂ ਪਹੁੰਚ ਸਕਿਆ, ਉਹ ਰਾਹ ਵਿਚ ਮਰ ਗਿਆ ਐਨਾ ਪਛਤਾਇਆ ਕਿ ਰਸਤੇ ਵਿਚ ਹੀ ਉਸ ਦੀ ਮੌਤ ਹੋ ਗਈ। ੪੫।

***ਤੁਮ ਸੌ ਕਹੀ ਹਮ ਮਰੀ ਪਿਆਰੇ?॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਪਿਆਰੇ ਕਪਤਾਨ ਮਰੇ ਸਾਹਿਬ! "ਮੈਂ ਤੁਹਾਨੂੰ ਜੋ ਖਾਲਸੇ ਦੀ ਹਿਸਟਰੀ ਕਹੀ ਹੈ"।

***ਇਮ ਕਰ ਮੁਯੋ ਸ਼ਾਹ ਪੰਥੋਂ ਹਾਰੇ॥*** ਤੂੰ ਜੋ ਇਹ ਕਹਿੰਦਾ ਹੈਂ, ਉਹ ਮਰ ਗਿਆ ਰਾਹ ਵਿਚ ਜਾਂ ਕਾਬਲ ਪਹੁੰਚ ਗਿਆ। ਫਿਰ ਕੀ ਹੋਇਆ? ਇਸ ਤਰ੍ਹਾਂ ਕਰਕੇ ਅਹਿਮਦ ਸ਼ਾਹ ਅਬਦਾਲੀ ਖਾਲਸੇ ਪੰਥ ਤੋਂ ਹਾਰ ਕੇ, ਰਾਹ ਵਿਚ ਹੀ ਰਹਿ ਗਿਆ।

***ਜਿਨੈਂ ਸ਼ਾਹਿ ਥੋ ਨਾਦਰ ਮਾਰਯੋ॥*** ਕਾਬਲ 'ਤੇ ਨਾਦਰ ਸ਼ਾਹ ਦਾ ਰਾਜ ਸੀ, ਉਸ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਮਾਰਿਆ ਸੀ। ਜਿਸ ਨਾਦਰ ਸ਼ਾਹ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਮਾਰਿਆ ਸੀ।

***ਜੋ ਨਾਦਰ ਥੋ ਨਹਿ ਕਿਤ ਹਾਰਯੋ॥ ੪੬॥*** ਨਾਦਰ ਸ਼ਾਹ ਐਸਾ ਬਹਾਦਰ ਸੀ, ਜਿਹੜਾ ਕਿਸੇ ਤੋਂ ਨਹੀਂ ਸੀ ਹਾਰਿਆ, ਜਿਸ ਜੰਗ ਵਿਚ ਉਹ ਜਾ ਕੇ ਲੜਿਆ, ਜਿਸ ਕਿਸੇ 'ਤੇ ਵੀ ਉਹ ਹਮਲਾਵਰ ਹੋਇਆ, ਉਸ ਨੂੰ ਜਿੱਤ ਕੇ ਮੁੜਿਆ ਸੀ। ੪੬।

***ਦੋਹਰਾ॥ ਜੌ ਨਾਦਰ ਕੀ ਕਥਾ ਕਥੈਂ ਤੌਂ ਗ੍ਰੰਥ ਅਧਿਕ ਹੁਇ ਆਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਸਰੋਤਿਓ! 'ਜੇ ਮੈਂ ਨਾਦਰ ਸ਼ਾਹ ਦੀ ਸਾਰੀ ਕਥਾ ਕਹਿੰਦਾ ਹਾਂ, ਤਾਂ ਗ੍ਰੰਥ ਦਾ ਬਹੁਤ ਵਿਸਤਾਰ ਹੋ ਜਾਇਗਾ'।

***ਵਾਂਗ ਸਿਕੰਦਰ ਸਭ ਜਿੱਤੀ ਪਰਯੋ ਜਹੀਂ ਜਹਿ ਜਾਇ॥ ੪੭॥*** ਇਕ ਸ਼ਾਹ ਸਿਕੰਦਰ ਹੋਇਆ ਹੈ, ਜਿਹੜਾ ਕਿਸੇ ਤੋਂ ਹਾਰਿਆ ਨਹੀਂ। ਜਿਥੇ ਆਬਯਾਹਾਤ, ਦਾ ਸੋਮਾ ਹੈ, ਓਥੋਂ ਤੱਕ ਗਿਆ ਉਹ, ਉੱਥੋਂ ਵਾਪਸ ਮੁੜਿਆ ਸੀ। ਸਿਕੰਦਰ ਵਾਂਗ ਹੀ ਨਾਦਰ ਸ਼ਾਹ ਜਿਥੇ ਜਿਥੇ ਵੀ ਜਾ ਕੇ ਹੱਲਾ ਕਰਕੇ ਗਿਆ, ਸਭ ਨੂੰ ਜ੍ਹਿੱਤ ਕੇ ਮੁੜਿਆ। ੪੭।

***ਦਿੱਲੀ ਮਾਰੀ ਥੀ ਉਨੈਂ ਕਰ ਕਤਲੇ ਸੱਤ੍ਰ ਹਜ਼ਾਰ॥*** ਜਦੋਂ ਉਸ ਨੇ ਦਿੱਲੀ ਨੂੰ ਮਾਰਿਆ, ਫਤ੍ਹੇ ਕੀਤੀ ਹੈ, ਉਦੋਂ ਸੱਤਰ ਹਜ਼ਾਰ (੭੦੦੦੦) ਹਿੰਦੂ ਕਤਲ ਕੀਤਾ ਸੀ ਉਸ ਨੇ।

***ਜਿਸੈ ਪੁਰਸ਼ ਸੋਊ ਮਾਰਿਓ ਅਬ ਸਿੰਘਨ ਤੇ ਮੁਯੋ ਹਾਰ॥ ੪੮॥*** ਉਸ ਜੇਤੂ ਨਾਦਰ ਸ਼ਾਹ ਨੂੰ ਜਿਹੜੇ ਪੁਰਸ਼ ਅਹਿਮਦ ਸ਼ਾਹ ਅਬਦਾਲੀ ਨੇ ਮਾਰਿਆ ਸੀ, ਉਹ ਅਬਦਾਲੀ ਹੁਣ ਸਿੰਘਾਂ ਤੋਂ ਹਾਰ ਕੇ, ਕਾਬਲ ਦੇ ਰਸਤੇ ਵਿਚ ਮਰ ਗਿਆ। ੪੮।

***ਦਿੱਲੀ ਰਿਪੁ ਨਾਦਰ ਕਹੈਂ, ਰਿਪੁ ਨਾਦਰ ਅਹਿਮਦ ਸ਼ਾਹ॥*** (ਰਿਪ) ਦੁਸ਼ਮਣ, ਦਿੱਲੀ ਦਾ ਦੁਸ਼ਮਣ, ਨਾਦਰ ਸ਼ਾਹ ਨੂੰ ਕਹਿੰਦੇ ਹਨ ਅਤੇ ਨਾਦਰ ਸ਼ਾਹ ਦਾ ਦੁਸ਼ਮਣ ਅਹਿਮਦ ਸ਼ਾਹ ਅਬਦਾਲੀ।

***ਰਿਪੁ ਅਹਿਮਦ ਸ਼ਾਹਿ ਖਾਲਸੋ, ਜਿਨ ਸੋ ਦਯੋ ਭਜਾਇ॥ ੪੯॥*** ਅਹਿਮਦ ਸ਼ਾਹ ਅਬਦਾਲੀ ਦਾ ਦੁਸ਼ਮਣ ਖਾਲਸਾ ਪੰਥ, ਜਿਸ ਨੇ ਉਸ ਨੂੰ ਆਪਣੇ ਦੇਸ਼ ਵਿੱਚੋਂ ਭਜਾ ਦਿੱਤਾ, ਭੱਜ ਕੇ ਰਾਹ ਜਾਂਦਿਆਂ ਮਰਿਆ ਅਬਦਾਲੀ, ਖਾਲਸੇ ਤੋਂ ਹਾਰ ਕੇ। ੪੯।

***ਗ੍ਰੰਥ ਬਹੁਤ ਬਧ ਜਾਤ ਜੋ ਸਭ ਲਿਖੀਐ ਉਸੇ ਹਵਾਲ॥*** ਭਾਈ ਰਤਨ ਸਿੰਘ ਕਹਿੰਦੇ ਹਨ, ਜੇ ਮੈਂ ਉਸ ਦਾ ਸਾਰਾ ਹਵਾਲਾ ਲਿਖਾਂ, ਤਾਂ ਗ੍ਰੰਥ ਬਹੁਤ ਵਧ ਜਾਇਗਾ ਕਿ ਅਹਿਮਦ ਸ਼ਾਹ ਕਿਵੇਂ ਹਾਰਿਆ? ਕਿਵੇਂ ਕਾਬਲ ਪਹੁੰਚਿਆ? ਕੀ ਮੁਸੀਬਤਾਂ ਉਸ 'ਤੇ ਟੁੱਟੀਆਂ? ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਇਸ ਕਰਕੇ ਮੈਂ ਸੰਖੇਪ ਇਤਿਹਾਸ ਹੀ ਲਿਖਿਆ ਹੈ।

***ਸੈਅ ਅਠਾਰਾਂ ਸੌ ਮੁਯੋ ਊਪਰ ਤੇਈਏ ਸਾਲ॥ ੫੦॥*** ਅਠਾਰ੍ਹਾਂ ਸੌ ਤੇ ਤੇਈ ਸਾਲ ਉਤੇ (੧੮੨੩) ਸੰਮਤ ਬਿਕ੍ਰਮੀ ਵਿਚ ਅਹਿਮਦ ਸ਼ਾਹ ਅਬਦਾਲੀ ਮਰਿਆ। ੫੦।

***ਸੋਊ ਖਾਲਸੈ ਮੁੜ ਮਲਯੋ ਹੁਤੋ ਜੁ ਪਹਿਲੋ ਦੇਸ਼॥*** ਅਬਦਾਲੀ ਦੇ ਪੰਜਾਬ ਵਿੱਚੋਂ ਚਲੇ ਜਾਣ ਤੋਂ ਬਾਅਦ, ਖਾਲਸੇ ਪੰਥ ਨੇ ਜੋ ਪਹਿਲਾਂ ਦੇਸ਼ ਮੱਲਿਆ ਸੀ, ਉਸ ਨੂੰ ਦੋਬਾਰਾ ਫਿਰ ਮੱਲ ਲਿਆ ਹੈ।

***ਕਿਛ ਕਿਸ ਹਲਚਲ ਭੀ ਭਯੋ ਕਰ ਰੱਯਤ ਉਪਦੇਸ਼॥ ੫੧॥*** ਉਸ ਸਮੇਂ ਕਿਸੇ ਥਾਂ 'ਤੇ ਕੁਛ ਹਲਚਲ ਵੀ ਹੋਈ, ਜਿਹੜੇ ਸਰਦਾਰ ਚੰਗੇ ਤਕੜੇ ਸਨ, ਉਨ੍ਹਾਂ ਨੇ ਰਯਤ ਨੂੰ ਕਿਹਾ, ਤੁਸੀਂ ਕਮਾਂਡ ਹੇਠਾਂ ਰਹੋ। ਪੁੱਛੋ ਇਨ੍ਹਾਂ ਨੂੰ ਸਾਰੇ ਸੁਖੀ ਹਨ, ਅਸੀਂ ਕਿਸੇ ਨੂੰ ਦੁੱਖ ਤਾਂ ਨਹੀਂ ਦਿੱਤਾ। ਸਾਡੀ ਕਮਾਂਡ ਹੇਠ ਆ ਕੇ ਮੌਜਾਂ ਕਰੋਗੇ। ਜਦੋਂ ਦੇਸ਼ ਵਿਚ ਹਲਚਲ ਹੋਈ, ਉਸ ਵੇਲੇ ਕਈ ਸਰਦਾਰਾਂ ਨੇ ਉਪਦੇਸ਼ ਦੇ ਕੇ ਆਪਣੇ ਨਾਲ ਰਲਾ ਲਿਆ। ਉਨ੍ਹਾਂ ਲੋਕਾਂ ਨੂੰ ਅਪਣੀ ਰਯਤ ਬਣਾ ਲਿਆ। ੫੧।

## ੧ਓ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ॥

## ਅਥ ਔਰ ਪ੍ਰਸੰਗ ਲਿਖਯਤੇ॥

# (ਸਿੱਖਾਂ ਪਰ ਜ਼ੁਲਮਾਂ ਦੀ ਵੀਚਾਰ ਮਰੀ ਸਾਹਿਬ ਨਾਲ)

***ਚੌਪਈ॥ ਕਹੀ ਰਤਨ ਸਿੰਘ ਮਰੀ ਕਪਤਾਨ॥*** ਅਖਟਰ ਲੋਨੀ ਦਾ ਜੋ ਅੰਗਰੇਜ਼ ਕਪਤਾਨ 'ਮਰੀ ਸਾਹਿਬ' ਹੈ, ਉਸ ਨੂੰ ਭਾਈ ਰਤਨ ਸਿੰਘ ਨੇ ਕਿਹਾ।

***ਕਰ ਉਤਪੱਤੀ ਸਿੰਘਨ ਧਯਾਨ॥*** ਹੇ ਮਰੇ ਸਾਹਿਬ! ਸੁਣੋ ਤੁਸੀਂ ਕਿਹਾ ਸੀ ਨਾ, ਇਹ ਸਿੰਘ ਕਿਵੇਂ ਪੈਦਾ ਹੋਏ ਨੇ, ਤੂੰ ਮੈਨੂੰ ਸਾਰਾ ਇਤਿਹਾਸ ਲਿਖਾ, ਤੂੰ ਹੁਣ ਧਿਆਨ ਕਰਕੇ ਵੇਖ ਲੈ, ਇਸ ਤਰ੍ਹਾਂ ਖਾਲਸੇ ਦੀ ਉਤਪਤੀ ਹੋਈ। ਗੁਰੂ ਨਾਨਕ ਸਾਹਿਬ ਜੀ ਨੇ ਪੰਥ ਨੂੰ ਸਾਜ਼ਿਆ ਹੈ, ਉਨ੍ਹਾਂ ਤੋਂ ਅੱਗੇ ਦਸ ਗੁਰੂ ਸਾਹਿਬਾਨ ਹੋਏ ਨੇ, ਉਨ੍ਹਾਂ ਨੇ ਖਾਲਸੇ ਪੰਥ ਦੀ ਸਾਜਨਾ ਕੀਤੀ।

***ਨਾਦਰ ਅਹਮਦ ਕਯਾ ਪਹਿਲੋ ਥਾਇ॥*** ਤੁਰਕਾਂ ਨੇ ਲਿਖਾਇਆ ਸੀ ਖਾਲਸਾ ਰਯਤ ਹੈ ਕਿ ਰਯਤ ਆਕੀ ਹੋ ਗਈ ਹੈ। ਹੁਣ ਤੂੰ ਦੱਸ ਕਿਹੜਾ ਸੀ ਪਹਿਲੋਂ? ਕੀ ਅਹਿਮਦ ਸ਼ਾਹ ਅਬਦਾਲੀ ਸਿੰਘਾਂ ਦੀ ਉਤਪਤੀ ਤੋਂ ਪਹਿਲਾਂ ਹੋਏ ਸੀ? ਤਾਂ ਲੁਟੇਰੇ ਸਨ ਲੁੱਟਣ ਆਉਂਦੇ ਸੀ ਸਾਡੇ ਦੇਸ਼ ਨੂੰ, ਏਥੋਂ ਹਾਰ-ਹਾਰ ਕੇ ਭੱਜੇ ਹਨ, ਖਾਲਸਾ ਪੰਥ ਏਥੋਂ ਦਾ ਮਾਲਕ ਹੈ। ਗੁਰੂ ਸਾਹਿਬ ਜੀ ਨੇ ਖਾਲਸੇ ਨੂੰ ਪਾਤਸ਼ਾਹੀ ਦਿੱਤੀ ਹੈ।

***ਸਿੰਘ ਭਏ ਕਯਾ ਪਿੱਛੈ ਆਇ॥ ੧॥*** ਕੀ ਸਿੰਘ ਪਿੱਛੋਂ ਆ ਕੇ ਹੋਏ ਹਨ ਜਾਂ ਪਹਿਲਾਂ ਦੇ ਹਨ। ੧।

***ਕਹੀ ਮੁਗਲ ਜੋ ਦਿੱਲੀਵਾਲ॥*** ਜੋ ਦਿੱਲੀ ਵਾਲੇ ਮੁਗਲ ਬਾਦਸ਼ਾਹ ਨੇ ਕਹੀ ਸੀ ਕਿ ਸਿੰਘ ਤਾਂ ਰਯਤ ਹੀ ਸਨ, ਜੋ ਅਹਿਮਦ ਸ਼ਾਹ ਅਬਦਾਲੀ ਦੇ ਆਉਣ ਕਰਕੇ ਆਕੀ ਹੋ ਗਏ।

***ਵਹੀ ਭਈ ਕੈ ਔਰ ਭਈ ਚਾਲ॥*** ਜੋ ਮੈਂ ਤੁਹਾਨੂੰ ਲਿਖਾਇਆ ਹੈ, ਉਹੀ ਗੱਲ ਹੋਈ ਹੈ ਜਾਂ ਕੋਈ ਹੋਰ ਚਾਲ ਹੋਈ ਹੈ।

***ਕਯਾ ਗੁਰ ਅਰਜਨ ਦਰਯਾਇ ਨ ਬੋਰਯੋ॥*** ਭਾਈ ਰਤਨ ਸਿੰਘ ਜੀ ਮੁਗਲਾਂ ਦੇ ਜ਼ੁਲਮ ਦਸਦੇ ਹੋਏ ਕਹਿੰਦੇ ਹਨ। ਕੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਮੁਗਲਾਂ ਨੇ ਰਾਵੀ ਦਰਿਆ ਵਿਚ ਨਹੀਂ ਸੀ ਡੋਬਿਆ? ਕੀ ਗੁਰੂ ਸਾਹਿਬ ਜੀ ਨੂੰ ਤੱਤੀ ਲੋਹ 'ਤੇ ਬਿਠਾ ਕੇ ਉਨ੍ਹਾਂ ਸੀਸ ਵਿਚ ਤੱਤੀ ਰੇਤ ਨਹੀਂ ਸੀ ਪਾਈ? ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ ਨੂੰ ਰਾਵੀ ਦਰਿਆ ਵਿਚ ਡੋਬ ਕੇ ਸ਼ਹੀਦ ਕੀਤਾ ਹੈ।

***ਕਯਾ ਤੇਗ ਬਹਾਦਰ ਸੀਸ ਨ ਤੋਰਯੋ॥ ੨॥*** ਕੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ 'ਤੇ ਤਲਵਾਰ ਨਹੀਂ ਲਾਈ ਮੁਗਲਾਂ ਨੇ? ਕਿਉਂ ਮੁਗਲਾਂ ਗੁਰੂ ਸਾਹਿਬ ਜੀ ਨੂੰ ਸ਼ਹੀਦ ਕੀਤਾ? । ੨।

**ਕਯਾ ਸਾਹਿਬਜ਼ਾਦੇ ਨ ਖੁਹਾਏ ਚਾਰੇ॥** ਕੀ ਗੁਰੂ ਸਾਹਿਬ ਜੀ ਦੇ ਚਾਰੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਨਹੀਂ ਕੀਤਾ ਮੁਗਲਾਂ ਨੇ। ਦੋ ਵੱਡੇ ਸਾਹਿਬਜ਼ਾਦਿਆਂ ਨੂੰ ਚਮਕੌਰ ਵਿਚ ਸ਼ਹੀਦ ਕੀਤਾ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਵਿਚ ਸ਼ਹੀਦ ਕੀਤਾ ਦੀਵਾਰਾਂ ਵਿਚ ਚਿਣ ਕੇ, ਮੁਗਲਾਂ ਨੇ ਕਿੱਡਾ ਵੱਡਾ ਜ਼ੁਲਮ ਕੀਤਾ। ਇਸ ਜ਼ੁਲਮ ਦਾ ਕੌਣ ਜਿੰਮੇਵਾਰ ਹੈ। ਭਾਈ ਰਤਨ ਸਿੰਘ ਜੀ ਦੇ ਦੱਸਣ ਦਾ ਭਾਵ ਹੈ ਕਿ ਮੁਗਲ ਆਪਣੇ ਜ਼ੁਲਮਾਂ ਦੇ ਕਰਕੇ ਨਾਸ਼ ਹੋਏ, ਸਾਹਿਬਜ਼ਾਦਿਆਂ ਦਾ ਕੀ ਕਸੂਰ ਸੀ।

**ਬਿਦੋਸ਼ੇ ਬਾਲਕ ਕਯਾ ਸ਼ੀਰ ਖੋਰੇ ਨ ਮਾਰੇ॥** ਕੀ ਮੁਗਲਾਂ ਨੇ ਬਿਨਾਂ ਦੋਸ਼ ਤੋਂ ਦੁੱਧ ਪੀਂਦੇ ਬੱਚਿਆਂ ਨੂੰ ਨਹੀਂ ਮਾਰਿਆ ਸੀ। ਕੀ ਉਨ੍ਹਾਂ ਸਾਹਿਬਜ਼ਾਦਿਆਂ ਨੇ ਮੁਗਲਾਂ ਦਾ ਕੋਈ ਦੇਸ਼ ਮੱਲਿਆ ਸੀ? ਕੀ ਉਨ੍ਹਾਂ ਨੇ ਕੋਈ ਪਾਪ ਕੀਤਾ ਸੀ? ਸਾਹਿਬਜ਼ਾਦੇ ਕਿਉਂ ਸ਼ਹੀਦ ਕੀਤੇ ਇਨ੍ਹਾਂ ਨੇ?

**ਕਯਾ ਤੁਰਕ ਪਰੇ ਨ ਮੁਕਤਸਰ ਜਾਇ॥** ਗੁਰੂ ਸਾਹਿਬ ਜੀ ਦੇ ਨਾਲ ਕਸਮਾਂ ਖਾ ਕੇ, ਇਕ ਵਾਰੀ ਕਿਲ੍ਹਾ ਛੱਡ ਦਿਉ, ਤੁਹਾਡੇ ਮਗਰ ਕੋਈ ਨਹੀਂ ਆਵੇਗਾ। ਤੁਸੀਂ ਇਕ ਵਾਰੀ ਕਿਲ੍ਹਾ ਛੱਡ ਕੇ ਚਲੇ ਜਾਓ, ਫਿਰ ਆ ਜਾਇਓ। ਔਰੰਗਜ਼ੇਬ ਅਤੇ ਪਹਾੜੀ ਰਾਜਿਆਂ ਨੇ ਕਸਮਾਂ ਖਾਧੀਆਂ ਸਨ। ਸਤਿਗੁਰੂ ਜੀ ਕਿਲ੍ਹਾ ਛੱਡ ਕੇ ਸਰਬੰਸ ਵਾਰ ਕੇ, ਜੰਗਲ ਦੇਸ਼ ਨੂੰ ਆ ਗਏ ਸਨ। ਕੀ ਤੁਰਕਾਂ ਨੇ ਸਤਿਗੁਰੂ ਜੀ ਦਾ ਪਿੱਛਾ ਕਰਕੇ, ਮੁਕਤਸਰ ਜਾ ਕੇ ਨਹੀਂ ਸਤਿਗੁਰੂ ਜੀ 'ਤੇ ਹੱਲਾ ਕਰਕੇ ਪਏ ਸਨ?

**ਨਹਿਂ ਉਨ ਕੋ ਕੁਛ ਰੋਕਯੋ ਥਾਇ॥ ੩॥** ਗੁਰੂ ਸਾਹਿਬ ਜੀ ਨੇ ਉਨ੍ਹਾਂ ਦਾ ਕੋਈ ਥਾਂ ਤਾਂ ਰੋਕਿਆ ਨਹੀਂ ਸੀ, ਨਾ ਹੀ ਕੋਈ ਕਿਲ੍ਹਾ ਜਾਂ ਕੋਈ ਸ਼ਹਿਰ ਦੱਬਿਆ ਸੀ। ੩।

**ਐਸੇ ਐਸੇ ਬਹੁ ਉਨ ਜ਼ੁਲਮ ਕਰੇ॥** ਮਰੇ ਸਾਹਿਬ! ਐਸੇ ਐਸੇ ਹੋਰ ਬਹੁਤ ਜ਼ੁਲਮ ਕੀਤੇ ਉਨ੍ਹਾਂ ਮੁਗਲਾਂ ਨੇ, ਜੋ ਮੈਂ ਤੁਹਾਨੂੰ ਦੱਸ ਰਿਹਾ ਹਾਂ।

**ਕਹਾਂ ਕਹੌਂ ਕਿਛ ਗਿਣਤ ਨ ਪਰੇ॥** ਮੈਂ ਕਿਥੋਂ ਤਕ ਕਹਾਂ, ਜੋ ਇਨ੍ਹਾਂ ਨੇ ਜ਼ੁਲਮ ਕੀਤੇ ਹਨ ਗੁਰੂ ਸਾਹਿਬ ਜੀ ਨਾਲ।

**ਤੌ ਸਤਿਗੁਰ ਥੌ ਬੰਦਾ ਨ ਘਲਾਯਾ॥** ਦੱਸੋ ਇਨ੍ਹਾਂ ਜ਼ਾਲਮਾਂ ਦੇ ਨਾਸ ਕਰਨ ਵਾਸਤੇ, ਸਤਿਗੁਰੂ ਜੀ ਨੇ ਦੱਖਣ ਦੇਸ਼ ਤੋਂ ਕੀ ਬੰਦਾ ਬਹਾਦਰ ਖਾਲਸੇ ਨਾਲ ਨਹੀਂ ਸੀ ਭੇਜਿਆ।

**ਜਿਸੈ ਬਜੀਰਾ ਆਨ ਸੜਾਯਾ॥ ੪॥** ਜਿਸ (ਬੰਦੇ ਬਹਾਦਰ) ਨੇ ਆ ਕੇ ਵਜ਼ੀਰ ਖ਼ਾਂ ਸੂਬਾ ਸਰਹੰਦ ਅਤੇ ਉਸ ਦੇ ਸਾਥੀਆਂ ਨੂੰ ਜਿਉਂਦਿਆਂ ਅੱਗ ਲਾ ਕੇ (ਸੜਾਯਾ) ਫੂਕਿਆ ਸੀ। ੪।

**ਦੋਹਰਾ॥ ਕਯਾ ਮੁਗਲਨ ਥੇ ਸਿੰਘ ਨਹੀਂ ਮਾਰੇ ਚਰਖ ਚੜ੍ਹਾਏ॥** ਕੀ ਮੁਗਲਾਂ ਨੇ ਸਿੰਘਾਂ ਨੂੰ ਚਰਖੜੀਆਂ 'ਤੇ ਚੜ੍ਹਾ ਕੇ ਸ਼ਹੀਦ ਨਹੀਂ ਸੀ ਕੀਤਾ?

**ਖੈਂਚ ਘਸੀਟ ਊਚੇ ਨੀਚੋ ਕਰ ਦਯੋ ਨ ਇਨੈ ਗਿਰਾਇ॥ ੫॥** ਇਹਨਾਂ ਮੁਗਲਾਂ ਨੇ ਸਿੰਘਾਂ ਨੂੰ ਘੋੜਿਆਂ ਦੀਆਂ ਕਾਠੀਆਂ ਦੇ ਮਗਰ ਬੰਨ੍ਹ ਕੇ ਖਿੱਚ ਕੇ ਉਚੇ-ਨੀਵੇਂ ਥਾਵਾਂ 'ਤੇ ਘਸੀਟ ਕੇ, ਸਿੰਘਾਂ ਨੂੰ ਸ਼ਹੀਦ ਕਰਕੇ ਨਹੀਂ ਸੀ ਸੁੱਟ ਦਿੱਤਾ। ੫।

**ਚੌਪਈ॥ ਕਯਾ ਉਨ ਸੀਸ ਨ ਮੋਗਰੀਅਨ ਫੋੜੇ॥** ਕੀ ਉਨ੍ਹਾਂ ਮੁਗਲਾਂ ਨੇ ਮੂੰਗਲੀਆਂ ਮਾਰ-ਮਾਰ ਕੇ ਸਿੰਘਾਂ ਦੇ ਸਿਰਾਂ ਨੂੰ ਨਹੀਂ ਸੀ ਭੰਨਿਆਂ? ਮੂੰਗਲੀਆਂ ਮਾਰ-ਮਾਰ ਕੇ ਸਿਰਾਂ ਵਿਚ, ਸਿੰਘਾਂ ਨੂੰ ਸ਼ਹੀਦ ਕੀਤਾ ਸੀ।

**ਕਯਾ ਮੁਗਲਨ ਗੁਰਦ੍ਵਾਰੇ ਨ ਤੋੜੇ॥** ਕੀ ਮੁਗਲਾਂ ਨੇ ਗੁਰਦੁਆਰੇ ਨਹੀਂ ਤੋੜੇ? ਹਰਿਮੰਦਰ ਸਾਹਿਬ ਉਡਾਇਆ, ਹੋਰ ਬੇਅੰਤ ਗੁਰਦੁਆਰੇ ਢਾਹੇ ਮੁਗਲਾਂ ਨੇ ਕਿਹੜਾ ਜ਼ੁਲਮ ਨਹੀਂ ਇਨ੍ਹਾਂ ਨੇ ਕੀਤਾ।

**ਕਯਾ ਬੰਦ ਬੰਦ ਕਟਯੋ ਨ ਮਨੀ ਸਿੰਘ ਭਾਈ॥** ਦੱਸੋ ਭਾਈ ਮਨੀ ਸਿੰਘ ਜੀ ਦਾ ਕੀ ਕਸੂਰ ਸੀ? ਕੀ ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਨਹੀਂ ਸੀ ਕੱਟਿਆ? ਭਾਈ ਮਨੀ ਸਿੰਘ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਸੀ ਮੁਗਲਾਂ ਨੇ।

***ਕਯਾ ਤਾਰੂ ਸਿੰਘ ਖੋਪ੍ਰੀ ਨ ਪੁਟਾਈ॥ ੬॥*** ਭਾਈ ਤਾਰੂ ਸਿੰਘ ਦਾ ਕੀ ਕਸੂਰ ਸੀ? ਕੀ ਭਾਈ ਤਾਰੂ ਸਿੰਘ ਜੀ ਖੋਪਰੀ ਨਹੀਂ ਪੁਟਾਈ ਸੀ। ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰ ਦਿੱਤੀ ਸੀ, ਬਿਨਾ ਕਸੂਰ ਤੋਂ। ੬।

***ਐਸੇ ਐਸੇ ਬਹੁ ਜ਼ੁਲਮ ਕਰੇ॥*** ਭਾਈ ਰਤਨ ਸਿੰਘ ਜੀ ਮਰੇ ਸਾਹਿਬ ਨੂੰ ਦਸ ਰਹੇ ਕਿ ਮਰੇ ਸਾਹਿਬ! ਮੈਂ ਤਾਂ ਇਕ ਦੋ ਸਿੰਘ ਦਾ ਹੀ ਜ਼ਿਕਰ ਕੀਤਾ ਤੁਹਾਡੇ ਪਾਸ, ਐਸੇ-ਐਸੇ ਹੋਰ ਬਹੁਤ ਜ਼ੁਲਮ ਕੀਤੇ ਤੁਰਕਾਂ ਨੇ।

***ਪ੍ਰਿਥਮੇਂ ਮੁਗਲਨ ਤੇ ਨਹਿ ਸਰੇ?*** ਐਸੇ-ਐਸੇ ਜ਼ੁਲਮ ਪਹਿਲਾਂ ਮੁਗਲਾਂ ਤੋਂ ਨਹੀਂ ਸਰੇ ਸਨ? ਐਸੇ ਜ਼ੁਲਮ ਪਹਿਲਾਂ ਮੁਗਲਾਂ ਨੇ ਨਹੀਂ ਕੀਤੇ ਸਨ?

***ਤੌ ਮੁਗਲਨ ਪਰ ਆਫਤ ਆਈ॥*** ਤਾਂ ਹੀ ਮੁਗਲਾਂ 'ਤੇ ਬਿਪਤਾ ਆਈ ਸੀ, ਅਬਦਾਲੀ ਆਇਆ ਸੀ।

***ਆਇ ਕੰਧਾਰੀਅਨ ਦਿੱਲੀ ਗਲਾਈ॥ ੭॥*** ਕੰਧਾਰੀਆਂ ਨੇ ਆ ਕੇ ਦਿੱਲੀ ਨੂੰ ਗਾਲਿਆ, ਨਾਸ ਕੀਤਾ। ਨਾਦਰ ਨੇ ਦਿੱਲੀ ਆ ਕੇ ਸੱਤ੍ਰ ਹਜ਼ਾਰ ਲੋਕਾਂ ਨੂੰ ਕਤਲ ਕੀਤਾ। ੭।

***ਨਾਦਰ ਅਹਿਮਦ ਸ਼ਾਹਿ ਅਕੱਲ॥*** ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਇਕੱਲੇ।

***ਕਹੀ ਸੁ ਮੁਗਲ ਆਇ ਝੂਠੀ ਗੱਲ॥*** ਮੁਗਲਾਂ ਨੇ ਝੂਠੀ ਗੱਲ ਕਹੀ ਅੰਗਰੇਜ਼ਾਂ ਦੇ ਪੁੱਛਣ 'ਤੇ ਦਿੱਲੀ ਦੇ ਮੁਗਲ ਬਾਦਸ਼ਾਹ ਨੂੰ ਕਿਹਾ ਸੀ ਕਿ ਖਾਲਸਾ ਪਹਿਲਾਂ ਸਾਡੀ ਰਯਤ ਹੀ ਸੀ, ਨਾਦਰ 'ਤੇ ਅਹਿਮਦ ਸ਼ਾਹ ਅਬਦਾਲੀ ਦੇ ਆਉਣ 'ਤੇ ਪਰਜ਼ਾ ਸਾਥੋਂ ਆਕੀ ਹੋ ਗਈ। ਦਸੋਂ ਮੁਗਲਾਂ ਦੀ ਗੱਲ ਸੱਚੀ ਸੀ ਇਹ? ਝੂਠੀ ਲਿਖਾਉਂਦੇ ਸੀ ਨਾ ਤੈਨੂੰ?

***ਵਖਤ ਨੁਰੰਗੇ ਖਾਲਸੋ ਭਯੋ॥*** ਖਾਲਸਾ ਪੰਥ ਤਾਂ ਔਰੰਗਜ਼ੇਬ ਦੇ ਸਮੇਂ ਵਿਚ ਹੀ ਸਾਜਿਆ ਗਿਆ ਸੀ।

***ਮੁਗਲ ਚਹਤ ਤਿਸ ਆਜ ਲੁਕਯੋ॥ ੮॥*** ਅੱਜ ਮੁਗਲ ਉਸ ਨੂੰ ਲੁਕਾਉਣਾ ਚਾਹੁੰਦੇ ਹਨ ਖਾਲਸਾ ਪੰਥ ਨੂੰ। ੮।

***ਖਾਲਸੋ ਪ੍ਰਗਟ ਭਯੋ ਸੂਰਜ ਸਮਾਨ॥*** ਸੂਰਜ ਜਦੋਂ ਚੜ੍ਹ ਜਾਂਦਾ ਹੈ, ਉਹ ਕਿਤੇ ਲੁਕਿਆ ਰਿਹਾ ਹੈ ਕਿਸੇ ਤੋਂ, ਖਾਲਸਾ ਤਾਂ ਸੂਰਜ ਦੇ ਸਮਾਨ ਪ੍ਰਗਟ ਹੋਇਆ ਹੈ ਦੁਨੀਆਂ 'ਤੇ।

***ਤਿਸ ਕਯਾ ਲੁਕੋਏ ਬੱਦਲ ਆਨ॥*** ਦੱਸੋ ਸੂਰਜ ਨੂੰ ਕਿਤੇ ਬੱਦਲ ਆ ਕੇ ਲੁਕੋ ਸਕਦੇ ਹਨ? ਭਾਵੇਂ ਕਿਤਨੇ ਬਦਲ ਚੜ੍ਹ ਜਾਣ ਫਿਰ ਵੀ ਦਿਨ ਹੀ ਰਹਿੰਦਾ ਹੈ, ਸੂਰਜ ਚੜ੍ਹੇ ਤੋਂ। ਖਾਲਸਾ ਪੰਥ ਰੂਪੀ ਸੂਰਜ ਨੂੰ ਮੁਗਲ ਰੂਪੀ ਬੱਦਲ ਲੁਕੋ ਨਹੀਂ ਸਕਦੇ।

***ਹਨੇਰ ਜੁ ਖੋਵੈ ਤਿਨੈ ਤਲੋਇ॥*** ਸੂਰਜ ਜੋ ਹਨੇਰੇ ਨੂੰ ਦੂਰ ਕਰਦਾ ਹੈ, ਬੱਦਲ ਉਸ ਤੋਂ ਹੇਠਾਂ ਹਨ।

***ਕੌਨ ਸਕੇ ਚੜ੍ਹ ਸੂਰਜ ਲੁਕੋਇ॥ ੯॥*** ਅਕਾਸ ਵਿਚ ਚੜ੍ਹੇ ਹੋਏ ਸੂਰਜ ਨੂੰ ਕੌਣ ਲੁਕੋ ਸਕਦਾ ਹੈ। ਸੂਰਜ ਦੇ ਤੇਜ ਪ੍ਰਤਾਪ ਨੂੰ ਕੌਣ ਢੱਕ ਸਕੇ। ੯।

***ਦੋਹਰਾ॥ ਸੂਬੇ ਪੰਜ ਜੋਊ ਦਿੱਲੀਓਂ ਲੈ ਨਾਦਰ ਗਯੋ ਕਟਾਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਦਿੱਲੀ ਦੀ ਪਾਤਸ਼ਾਹੀ ਨਾਲੋਂ ਪੰਜ ਸੂਬੇ-ਸਰਹੰਦ, ਜਲੰਧਰ, ਲਹੌਰ, ਮੁਲਤਾਨ ਤੇ ਰੋਹਤਾਸ ਨੂੰ ਕਟਾ ਲਿਆ ਸੀ। ਦਿੱਲੀ ਤੋਂ ਕਟਾ ਕੇ ਕਾਬਲ ਨਾਲ ਜੋੜ ਦਿੱਤੇ ਸਨ।

***ਆਣ ਅਹਮਦ ਲੀਨੇ ਥੇ ਸੋਊ ਔ ਸਿੰਘਨ ਲਏ ਛੁਡਾਇ॥ ੧੦॥*** ਉਹੀ ਪੰਜ ਸੂਬੇ ਫਿਰ ਮੁਗਲਾਂ ਤੋਂ ਅਹਿਮਦ ਸ਼ਾਹ ਅਬਦਾਲੀ ਨੇ ਆ ਕੇ ਲਏ ਸਨ ਅਤੇ ਅਹਿਮਦ ਸ਼ਾਹ ਅਬਦਾਲੀ ਤੋਂ ਖਾਲਸੇ ਨੇ ਉਹ ਪੰਜੇ ਸੂਬੇ ਛੁਡਾ ਲਏ ਸਨ। ਖਾਲਸੇ ਨੇ ਆਪਣੀ ਸ਼ਕਤੀ ਨਾਲ ਖੋਹ ਕੇ ਆਪਣੇ ਬਣਾ ਲਏ। ੧੦।

***ਚੌਪਈ॥ ਸਗਵਾਂ ਦਾਵਾ ਹਮਰੋ ਰਿਹਾ॥*** ਸਗੋਂ ਸਾਰਾ ਸਮੁੱਚਾ ਦਾਹਵਾ ਤਾਂ ਸਾਡਾ ਸਿੰਘਾਂ ਦਾ ਬਣਦਾ ਹੈ, ਅਸੀਂ ਲੈਣਦਾਰ ਹਾਂ।

***ਗੁਰ ਸਿਰ ਲਾਗੇ ਸੋ ਸਿਖ ਚਹੈਂ ਲਿਆ॥*** ਜਿਥੇ ਸਾਡੇ ਗੁਰੂਆਂ ਦੇ ਸਿਰ ਲੱਗੇ, ਇਸ ਕਰਕੇ ਉਹ ਜਗ੍ਹਾ ਸਿੱਖ ਲੈਣੀ ਚਾਹੁੰਦੇ

ਹਨ। ਦਿੱਲੀ ਸਾਡੇ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋਏ ਹਨ, ਅਸੀਂ ਉਹ ਵੀ ਲੈਣੀ ਹੈ। ਲਹੌਰ ਗੁਰੂ ਅਰਜਨ ਦੇਵ ਜੀ ਸ਼ਹੀਦ ਹੋਏ ਹਨ, ਉਥੇ ਸਾਡਾ ਹੱਕ ਬਣਦਾ ਹੈ। ਸਰਹੰਦ ਵਿਚ ਸਾਹਿਬਜ਼ਾਦੇ ਸ਼ਹੀਦ ਹੋਏ ਹਨ, ਉਥੇ ਸਾਡਾ ਸਿੱਖਾਂ ਦਾ ਹੱਕ ਬਣ ਗਿਆ ਹੈ। ਹੁਣ ਸਾਡੀਆਂ ਜ਼ਗੀਰਾਂ ਹੋ ਗਈਆਂ ਹਨ। ਇਸ ਤਰ੍ਹਾਂ ਕਰਕੇ ਅਸੀਂ ਸਿੱਖ ਦਾਅਵੇਦਾਰ ਹਾਂ।

***ਜਿਸੈ ਸਿੱਖ ਬਿਚ ਬਰਕਤ ਪਾਊਗੁ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿਸ ਸਿੱਖ ਵਿਚ ਸਤਿਗੁਰੂ ਜੀ ਬਰਕਤ ਪਾਉਣਗੇ।

***ਉਸੈ ਸਿੱਖ ਕੌ ਤਖਤ ਬਹਾਊਗੁ॥ ੧੧॥*** ਉਸ ਸਿੱਖ ਨੂੰ ਜਿਸ ਨੂੰ ਬਲ ਬਖਸ਼ੇਗਾ ਸਤਿਗੁਰੂ, ਉਸ ਸਿੱਖ ਨੂੰ ਤਖ਼ਤ 'ਤੇ ਬਿਠਾਉਣਗੇ। ਉਹ ਪਾਤਸ਼ਾਹੀ ਦਾ ਮਾਲਕ ਬਣਾਇਗਾ ਸਤਿਗੁਰੂ। ੧੧।

***ਸੁਨਤ ਬਚਨ ਮਾਲੀ ਹੱਸ ਪਰਾ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, 'ਮੇਰਾ ਇਹ ਬਚਨ ਸੁਣ ਕੇ ਕਪਤਾਨ ਮਰੇ ਸਾਹਿਬ ਖਿੜ ਖੜਾਕੇ ਹੱਸ ਪਿਆ ਹੈ।

***'ਦਾਵਾ ਹੈ ਤੁਮ ਗੁਰ ਕੌ ਖਰਾ॥*** ਠੀਕ ਹੈ ਰਤਨ ਸਿੰਘ ਜੀ! ਤੁਹਾਡਾ ਦਾਹੁਵਾ ਖਰਾ ਹੈ, ਭਾਵ ਦੂਸਰੇ ਮੁਲਕ ਵੀ ਹਾਮੀ ਭਰਦੇ ਹਨ ਕਿ ਠੀਕ ਹੈ, ਗੁਰੂਆਂ ਨੇ ਸੀਸ ਦੇ ਕੇ ਵਾਪਸ ਲਿਆ ਹੈ ਰਾਜ। ਪਹਿਲਾਂ ਮੁਗਲਾਂ ਨੂੰ ਬਖਸ਼ਿਆ ਸੀ ਰਾਜ, ਹੁਣ ਸੀਸ ਭੇਟਾ ਦੇ ਕੇ ਵਾਪਸ ਲੈ ਲਿਆ ਹੈ। ਉਹ ਖਾਲਸੇ ਦਾ ਹੋਇਆ ਫਿਰ।

***ਜੌ ਕੁਛ ਕਰਤੇ ਕੇ ਦਿਲ ਆਉਗੁ॥*** ਜੋ ਕੁਛ ਕਰਤੇ ਪੁਰਖ ਦੇ ਦਿਲ ਵਿਚ ਆਇਗਾ।

***ਸੋਊ ਕਰਤਾ ਬਾਤ ਬਨਾਉਗੁ॥ ੧੨॥*** ਕਰਤਾ ਪੁਰਖੁ ਆਪ ਹੀ ਉਹ ਗੱਲ ਬਣਾ ਲਏਗਾ, ਆਪ ਹੀ ਕੰਮ ਰਾਸ ਕਰ ਦਏਗਾ। ੧੨।

***ਦੋਹਰਾ॥ ਤੌ ਮਾਲੀ ਨੇ ਫਿਰ ਕਹਯੋ, ਕਹੀ ਸੱਚ ਤੁਮ ਬਾਤ॥*** ਤਾਂ ਕਪਤਾਨ ਮਰੇ ਸਾਹਿਬ ਜੀ ਨੇ ਫਿਰ ਕਿਹਾ, 'ਭਾਈ ਰਤਨ ਸਿੰਘ ਤੂੰ ਸੱਚੀ-ਸੱਚੀ ਗੱਲ ਕਹੀ ਹੈ, ਇਸ ਦੇ ਵਿਚ ਬਿਲਕੁਲ ਹੀ ਕੋਈ ਝੂਠ ਨਹੀਂ ਹੈ'।

***ਦਿੱਲੀ ਵਾਲਨ ਥੀ ਕਹੀ, ਬੈਰ ਬਾਦ ਦੀ ਬਾਤ॥ ੧੩॥*** ਜੋ ਮੈਂ ਦਿੱਲੀ ਵਾਲਿਆਂ ਤੋਂ ਲਿਖਵਾ ਰਿਹਾ ਸੀ ਇਤਿਹਾਸ, ਉਹਨਾਂ ਨੇ ਵੈਰ ਵਿਰੋਧ ਦੀ ਗੱਲ ਕਹੀ ਸੀ। ਸੱਚ ਨਹੀਂ ਸੀ ਕਿਹਾ। ੧੩।

***ਚੌਪਈ॥ ਭਲੀ ਭਈ ਹਮ ਲਿਖ ਨ ਪਠਾਈ॥*** ਚੰਗਾ ਹੋਇਆ ਹੈ, ਜੋ ਮੈਂ ਉਨ੍ਹਾਂ ਵੱਲੋਂ ਲਿਖਵਾਇਆ ਹੋਇਆ ਇਤਿਹਾਸ ਲੰਡਨ ਨਹੀਂ ਭੇਜਿਆ ਹੈ।

***ਬਾਤ ਹੋਤ ਹਮ ਲੰਦਨ ਝੂਠਾਈ॥*** ਲੰਡਨ ਵਿਚ ਉਥੇ ਮੇਰੀ ਬਾਤ ਝੂਠੀ ਹੋ ਜਾਣੀ ਸੀ, ਜਿਵੇਂ ਮੈਨੂੰ ਕਾਜ਼ੀਆਂ ਨੇ ਕਿਹਾ ਸੀ, ਜੇ ਮੈਂ ਉਸੇ ਤਰ੍ਹਾਂ ਲਿਖ ਭੇਜ ਦਿੰਦਾ, ਤਾਂ ਮੈਂ ਝੂਠਾ ਹੋ ਜਾਣਾ ਸੀ।

***ਹਮ ਸਭ ਖੂਬ ਖੋਜ ਲਖਿ ਲੀਆ॥*** ਮੈਂ ਸਭ ਕੁਛ ਚੰਗੀ ਤਰ੍ਹਾਂ ਸਿੱਖਾਂ ਵਾਰੇ ਖੋਜ਼ ਵੇਖ ਲਿਆ ਹੈ।

***ਔਰ ਲੋਕਨ ਤੇ ਭੀ ਸੁਨ ਥੀਆ॥ ੧੪॥*** ਹੋਰ ਲੋਕਾਂ ਤੋਂ ਭੀ ਚੰਗੀ ਤਰ੍ਹਾਂ ਸੁਣ ਲਿਆ ਹੈ। ਉਨ੍ਹਾਂ ਤੋਂ ਵੀ ਪੁੱਛਿਆ ਹੈ ਚੰਗੀ ਤਰ੍ਹਾਂ। ੧੪।

***ਮੁਸਲਮਾਣ ਅਰ ਹਿੰਦੂ ਪੁਰਾਣੇ॥*** ਹੋਰ ਜਿਹੜੇ ਪੁਰਾਤਨ ਹਿੰਦੂ ਅਤੇ ਮੁਸਲਮਾਨ ਲੋਕ ਹਨ।

***ਖੂਬ ਤਰ੍ਹਾਂ ਹਮ ਪੂਛ ਪਛਾਣੇ॥*** ਮੈਂ ਚੰਗੀ ਤਰ੍ਹਾਂ ਪੁੱਛ ਕੇ ਪਛਾਣ ਲਿਆ ਹੈ।

***ਜਿਸੀ ਤੌਰ ਤੁਮ ਤੇ ਹਮ ਸੁਨੀ॥*** ਜਿਸ ਤਰੀਕੇ ਨਾਲ ਤੁਹਾਡੇ ਕੋਲੋਂ ਮੈਂ ਇਤਿਹਾਸ ਸੁਣਿਆ ਹੈ।

***ਉਹੀ ਤੌਰ ਕਹਿੰ ਪੁਰਾਣੇ ਗੁਨੀ॥ ੧੫॥*** ਪੁਰਾਣੇ ਗੁਣੀ ਵਿਦਵਾਨ ਪੁਰਸ਼ ਵੀ ਉਸੇ ਤਰ੍ਹਾਂ ਕਹਿੰਦੇ ਹਨ, ਜਿਵੇਂ ਤੁਸੀਂ ਕਿਹਾ ਹੈ। ੧੫।

***ਧੰਨ ਗੁਰੂ ਤੁਮ ਧੰਨ ਤੁਮ ਬੁੱਧਿ॥*** ਤੁਹਾਡੇ ਗੁਰੂ ਸਾਹਿਬ ਜੀ ਧੰਨ ਹੈ ਅਤੇ ਭਾਈ ਰਤਨ ਸਿੰਘ ਜੀ ਤੁਹਾਡੀ ਬੁੱਧੀ ਵੀ ਧੰਨਤਾ ਯੋਗ ਹੈ। ਤੂੰ ਵੀ ਧੰਨ ਹੈਂ।

***ਕਹੀ ਬਾਤ ਤੁਮ ਨੈ ਸਭਿ ਸੁੱਧ॥*** ਤੁਸੀਂ ਝੂਠ ਨਹੀਂ ਬੋਲਿਆ ਹੈ, ਸ਼ੁੱਧ ਬਾਤ ਕਹੀ ਹੈ, ਸੱਚੀ ਬਾਤ ਕਹੀ ਹੈ।

***ਪੰਥ ਡਾਢੇ ਕੋ ਹੈ ਯਹ ਸਾਚ॥*** (ਡਾਢੇ) ਸਮਰੱਥ ਅਕਾਲ ਪੁਰਖ ਦਾ ਇਹ ਸੱਚਾ ਪੰਥ ਹੈ। ਕਹਿਣ ਲੱਗਾ, ਤੁਹਾਡੇ ਸਤਿਗੁਰੂ ਵੀ ਸੱਚੇ ਹਨ, ਤੁਸੀਂ ਵੀ ਸੱਚੇ ਹੋ ਅਤੇ ਸੱਚੀ ਹੀ ਵਾਰਤਾ ਤੁਸੀਂ ਲਿਖਾਈ ਹੈ।

***ਕੀਓ ਗੁਰਨ ਪਰ ਜ਼ੁਲਮ ਬਡ ਤਾਚ॥ ੧੬॥*** (ਤਾਚ) ਤਿਨ੍ਹਾਂ ਮੁਗਲਾਂ ਨੇ ਗੁਰੂਆਂ 'ਤੇ ਵੱਡੇ ਭਾਰੀ ਜ਼ੁਲਮ ਕੀਤੇ ਹਨ। ੧੬।

***ਸਾਹਿਬਜ਼ਾਦੇ ਦੁਇ ਗੈਲ ਚੜ੍ਹ ਮਾਰੇ॥*** ਗੁਰੂ ਸਾਹਿਬ ਜੀ, ਔਰੰਗਜ਼ੇਬ ਅਤੇ ਹਿੰਦੂ ਪਹਾੜੀ ਰਾਜਿਆਂ ਦੀ ਕਸਮਾਂ 'ਤੇ ਵਿਸ਼ਵਾਸ ਕਰਕੇ ਜਦੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਕੇ ਚਲੇ ਗਏ। ਤਾਂ ਤੁਰਕਾਂ ਅਤੇ ਹਿੰਦੂਆਂ ਨੇ ਆਪਣੀਆਂ ਕਸਮਾਂ ਤੋੜ ਕੇ, ਗੁਰੂ ਸਾਹਿਬ ਜੀ ਦੇ ਪਿੱਛੇ ਚੜ੍ਹਾਈ ਕਰਕੇ ਦੋਨੋਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ।

***ਉਨਕੋ ਨਹਿੰ ਕਛੁ ਕੀਓ ਬਿਆੜੇ॥*** ਉਨ੍ਹਾਂ ਨੇ ਕਿਸੇ ਦਾ ਕੁਛ ਵੀ ਨਹੀਂ ਸੀ ਵਿਗਾੜਿਆ।

***ਫੇਰ ਗੁਰੂ ਵਿਚ ਘੇਰੈ ਲੀਓ॥*** ਫਿਰ ਚਮਕੌਰ ਸਾਹਿਬ ਵਿਚ ਗੁਰੂ ਸਾਹਿਬ ਜੀ ! ਘੇਰ ਲਿਆ ਹੈ, ਚਾਰੋਂ ਪਾਸਿਆਂ ਤੋਂ।

***ਸਿੰਘ ਗੁਰੂ ਸਮ ਲਖ ਕਟ ਦੀਓ॥ ੧੭॥*** ਗੁਰੂ ਸਾਹਿਬ ਆਪਣੇ ਪਿੱਛੇ ਚਮਕੌਰ ਦੀ ਗੜ੍ਹੀ ਭਾਈ ਸੰਗਤ ਸਿੰਘ ਨੂੰ ਛੱਡ ਕੇ, ਖਾਲਸੇ ਦਾ ਹੁਕਮ ਮੰਨ ਕੇ ਆਪ ਚਲੇ ਗਏ ਸਨ ਗੜ੍ਹੀ ਛੱਡ ਕੇ। ਪਿੱਛੋਂ ਸਤਿਗੁਰਾਂ ਦੀ ਥਾਂ ਉਸ ਸਿੱਖ ਭਾਈ ਸੰਗਤ ਸਿੰਘ ਨੂੰ ਕਤਲ ਕਰ ਦਿੱਤਾ ਤੁਰਕਾਂ ਨੇ। ੧੭।

***ਦੋਹਰਾ॥ ਨਹਿੰ ਸਤਿਗੁਰ ਉਸ ਮਾਂ ਮਰੀ, ਨਹਿੰ ਉਸ ਮਾਰਯੋ ਬਾਪ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਮਰੀ ਸਾਹਿਬ ਨੂੰ, 'ਸਤਿਗੁਰ ਜੀ ਨੇ ਨਾ ਤਾਂ ਔਰੰਗਜ਼ੇਬ ਦੀ ਮਾਂ ਮਾਰੀ ਸੀ ਅਤੇ ਨਾ ਹੀ ਉਸ ਦੇ ਬਾਪ ਨੂੰ ਮਾਰਿਆ ਸੀ।

***ਵਲ ਤੋਰੇ ਰੋਹੀ ਆਪ ਕਹਿ ਗੈਲ ਘੜੀ ਫੌਜ ਕਰਨ ਪਾਪ॥ ੧੮॥*** ਔਰੰਗਜ਼ੇਬ ਵੱਲੋਂ ਆਪ ਕਹਿ ਕੇ ਕਿ ਗੁਰੂ ਜੀ ਖੁਦਾ ਦੀ ਕਸਮ ਹੈ, ਖੁਦਾ ਦੀ ਕਸਮ ਤੋਂ ਉਪਰ ਹੋਰ ਕੋਈ ਕਸਮ ਨਹੀਂ ਹੁੰਦੀ, ਪਰਮੇਸ਼ਰ ਦਾ ਵਾਸਤਾ, ਖੁਦਾ ਦਾ ਵਾਸਤਾ ਇਕ ਵਾਰੀ ਕਿਲ੍ਹਾ ਤੁਸੀਂ ਛੱਡ ਜਾਓ, ਫਿਰ ਬੇਸ਼ੱਕ ਤੁਸੀਂ ਆ ਜਾਇਓ, ਅਸੀਂ ਕੁਛ ਨਹੀਂ ਕਹਿੰਦੇ, ਤੁਸੀਂ ਜੰਗਲ ਦੇਸ਼ ਨੂੰ ਚਲੇ ਜਾਉ। ਇਹ ਆਪ ਕਹਿ ਕੇ ਸਾਹਿਬਾਂ ਨੂੰ ਰੋਹੀ ਵੱਲ ਤੋਰਿਆ ਸੀ ਅਤੇ ਫਿਰ ਪਾਪ ਕਰਨ ਵਾਸਤੇ ਫ਼ੌਜ ਮਗਰ ਚੜ੍ਹਾ ਦਿੱਤੀ। ੧੮।

***ਚੌਪਈ॥ ਸਭੀ ਭਾਂਤ ਤਿਨ ਮੁਗਲ ਝੁਠਾਇ॥*** ਸਭ ਤਰ੍ਹਾਂ ਕਰਕੇ ਉਨ੍ਹਾਂ ਨੇ ਮੁਗਲਾਂ ਨੂੰ ਝੂਠੇ ਕੀਤਾ ਹੈ।

***ਦੁਹੀਂ ਜਹਾਨੀਂ ਨਹਿੰ ਰਹਯੋ ਥਾਇ॥*** ਹੁਣ ਦੋਹਾਂ ਹੀ ਜਹਾਨਾਂ ਵਿਚ ਇਨ੍ਹਾਂ ਮੁਗਲਾਂ ਨੂੰ ਕੋਈ ਥਾਂ ਨਹੀਂ ਰਿਹਾ, ਦੋਹਾਂ ਜਹਾਨਾਂ ਵਿਚ ਝੂਠੇ ਹੋ ਗਏ।

***ਜੋਊ ਦੁਬਾਰੋਂ ਝੂਠੋ ਹੁਇ ਜਾਵੈ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਦੇਖੋ, ਮਰੇ ਸਾਹਿਬ! 'ਜੋ ਅਕਾਲ ਪੁਰਖ ਦੇ ਸੱਚੇ ਦਰਬਾਰ ਵਿੱਚੋਂ ਝੂਠੇ ਹੋ ਜਾਣਾ'।

***ਕਹਾਂ ਹੋਤ ਉਸ ਝੂਠ ਬੁਲਾਵੈ॥ ੧੯॥*** ਉਸ ਦੇ ਝੂਠ ਬੋਲੇ ਦਾ ਕੀ ਹੁੰਦਾ ਹੈ, ਕੁਛ ਨਹੀਂ ਹੁੰਦਾ ''ਝੂਠ ਨ ਪੁੱਜੇ ਸੱਚ ਨੂੰ, ਸੌ ਘਾੜਤ ਘੜੀਐ''। ੧੯।

***ਦੋਹਰਾ॥ ਤੈਂ ਮਾਲੀ ਹਮ ਸੌਂ ਕਹਯੋ, ਹਮਨ ਭਯੋ ਪਤਿਆਹਿ॥*** ਤਾਂ ਕਪਤਾਨ ਮਰੇ ਸਾਹਿਬ! ਭਾਈ ਰਤਨ ਸਿੰਘ ਜੀ ਨੂੰ ਕਹਿਣ ਲੱਗਾ, 'ਮੇਰਾ ਮਨ ਪਤੀਜ ਗਿਆ ਹੈ, ਮੈਨੂੰ ਤਸੱਲੀ ਹੋ ਗਈ ਹੈ, ਮੈਨੂੰ ਸੱਚ ਪ੍ਰਤੀਤ ਹੋ ਗਿਆ ਹੈ, ਤੁਸੀਂ ਸੱਚੇ ਹੋਂ, ਤੁਰਕ ਝੂਠੇ ਹਨ'।

***ਸੋਊ ਲਿਖ ਹਮ ਭੇਜ ਹੈਂ, ਲੰਦਨ ਕੇ ਪਾਤਿਸ਼ਾਹ॥ ੨੦॥*** ਜੋ ਤੁਸੀਂ ਲਿਖਾਇਆ ਹੈ ਹੁਣ, ਮੈਂ ਉਹੀ ਇਤਿਹਾਸ ਲਿਖ ਕੇ ਲੰਡਨ ਦੇ ਬਾਦਸ਼ਾਹ ਨੂੰ ਭੇਜਾਂਗਾ, ਕਿ ਸੱਚੀ ਗੱਲ ਤਾਂ ਇਹ ਹੈ। ੨੦।

***ਚੌਪਈ॥ ਲੰਦਨ ਤੇ ਜਾਊਗੁ ਔਰ ਦੇਸ॥*** ਮਰੇ ਸਾਹਿਬ ਕਹਿੰਦੇ ਹਨ, ਲੰਡਨ ਤੋਂ ਹੋਰ ਦੇਸ਼ਾਂ ਨੂੰ ਜਾਇਗਾ ਤੁਹਾਡਾ ਇਤਹਾਸ। ਜਿੰਨੇ ਦੇਸ਼ਾਂ 'ਤੇ ਅੰਗਰੇਜ਼ ਦਾ ਰਾਜ ਹੈ,ਉਤਨੇ ਦੇਸ਼ਾਂ ਦੀ ਭਾਸ਼ਾ ਵਿਚ ਲਿਖ ਕੇ ਇਹ ਇਤਿਹਾਸ ਉਨ੍ਹਾਂ ਦੇਸ਼ਾਂ ਵਿਚ ਭੇਜਾਂਗੇ।

***ਜਹਿਂ ਜਹਿਂ ਹਮਰੋ ਫਿਰਤ ਹੈ ਭੇਸ॥*** ਜਿਥੇ-ਜਿਥੇ ਵੀ ਸਾਡਾ ਅੰਗਰੇਜਾਂ ਦਾ ਲਿਬਾਸ ਤੁਰਿਆ ਫਿਰਦਾ ਹੈ, ਭਾਵ ਜਿਥੇ-ਜਿਥੇ ਵੀ ਸਾਡਾ ਰਾਜ ਹੈ, ਉਥੇ ਤੱਕ ਇਹ ਇਤਿਹਾਸ ਜਾਇਗਾ।

***ਪੰਥ ਖਾਲਸੇ ਕੀ ਮਹਿਮਾ ਊਚ॥*** ਖਾਲਸੇ ਪੰਥ ਦੀ ਵਡਿਆਈ ਬੜੀ ਉੱਚੀ ਹੈ, ਇਸ ਨੂੰ ਕੋਈ ਝੁਠਲਾ ਨਹੀਂ ਸਕਦਾ।

***ਲਿਖੀ ਗਈ ਕਰ ਸਭ ਹੀ ਸੂਚ॥ ੨੧॥*** ਖਾਲਸੇ ਦੀ ਸਾਰੀ ਕਹਾਣੀ (ਸੂਚ) ਸੂਚੀ ਮਾਤ੍ਰ, ਸੰਕੋਚ ਕਰ ਕੇ ਭਾਵ ਸੰਖੇਪ ਰੂਪ ਵਿਚ ਲਿਖੀ ਗਈ ਹੈ। ੨੧।

***ਰੂਮ ਸਯਾਮ ਔ ਚੀਨ ਮਚੀਨ॥*** ਰੂਮ, ਸ਼ਾਮ ਮੁਲਕ ਅਤੇ ਚੀਨ, ਮਾਚੀਨ, (ਮਹਾ-ਚੀਨ) ਆਦਿਕ ਦੇਸ਼ਾਂ ਵਿਚ।

***ਜਾਇ ਖਿੰਡੇਗੀ ਲੰਘ ਮੁਹੰਮਦੋ ਦੀਨ॥*** ਹਜ਼ਰਤ ਮੁਹੰਮਦ ਸਾਹਿਬ ਦੇ ਦੀਨ ਤੋਂ ਅੱਗੇ ਲੰਘ ਕੇ ਸਾਰੇ ਦੇਸ਼ਾਂ ਵਿਚ ਜਾ ਕੇ ਖਾਲਸੇ ਦਾ ਇਤਿਹਾਸ ਖਿੰਡੇਗਾ, ਭਾਵ ਉਥੇ ਤੱਕ ਖਾਲਸੇ ਦਾ ਪ੍ਰਚਾਰ ਹੋਇਗਾ।

***ਰੂਮੀ ਔਰ ਹਫਸ਼ੀਅਨ ਕੇ ਪਾਰ॥*** ਰੂਮ ਦੇਸ਼ ਅਤੇ ਹਬਸ਼ੀਆਂ ਦੇ ਦੇਸ਼ ਅਫਰੀਕਾ ਆਦਿਕ ਵਿਚ।

***ਜਾਉਗੁ ਲੰਘ ਕਈ ਟਾਪੂ ਪਹਾੜ॥ ੨੨॥*** ਕਈ ਟਾਪੂ ਅਤੇ ਪਹਾੜ ਲੰਘ ਜਾਇਗਾ। ਖਾਲਸੇ ਦਾ ਇਤਿਹਾਸ। ੨੨।

***ਦੋਹਰਾ॥ ਰਤਨ ਸਿੰਘ ਤੇ ਜੋ ਸਰੀ ਸੋ ਤੈਂ ਦਈ ਸੁਨਾਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਮੈਥੋਂ ਜੋ ਸਰਿਆ ਹੈ ਭਾਵ ਆਪਣੇ ਬਲ ਅਨੁਸਾਰ ਮੈਂ ਕੋਈ ਕਸਰ ਨਹੀਂ ਛੱਡੀ, ਖਾਲਸੇ ਪੰਥ ਦਾ ਜੋ ਇਤਿਹਾਸ ਸੀ, ਉਹ ਮੈਂ ਸੱਚੋ ਸੱਚ ਲਿਖਾ ਦਿੱਤਾ ਹੈ।

***ਜੋ ਕੁਛ ਆਗੈ ਸਰੇਗੀ, ਸੁਨੀਓਂ ਗੁਰ ਸਿਖ ਭਰਾਇ॥ ੨੩॥*** ਜੋ ਕੁਛ ਮੈਥੋਂ ਅੱਗੇ ਸਰੇਗੀ, ਅੱਗੇ ਮੈਥੋਂ ਜੋ ਕੁਛ ਹੋਰ ਪੁੱਛੇਗਾ, ਮੈਂ ਉਹ ਵੀ ਵਾਰਤਾ ਦੱਸਾਂਗਾ, ਸੱਚੀ-ਸੱਚੀ ਸਾਰੀ ਵਾਰਤਾ ਲਿਖਾ ਦਿਆਂਗਾ। ਉਹ ਵਾਰਤਾ ਵੀ ਅੱਗੋਂ ਸੁਣੋ। ੨੩।

## ੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥

## ਅਥ ਸ੍ਰੀ ਪੰਥ ਪ੍ਰਕਾਸ਼ ਗ੍ਰੰਥੇ॥ ਕੋ ਪ੍ਰਸੰਗ ਲਿਖਯਤੇ॥

## (ਸ਼ਾਮ ਸਿੰਘ ਦੀ ਮਿਸਲ, ਅਮਰ ਸਿੰਘ ਪਟਲੇਸ੍ਵਰ ਨਾਲ ਬਘੇਲ ਸਿੰਘ ਦਾ ਯੁੱਧ ਤੇ ਫਿਰ ਮਿਤ੍ਰਤਾ)

***ਦੋਹਰਾ॥ ਸਾਖੀ ਸਿੰਘ ਸੁ ਸਯਾਮ ਕੀ ਜੋ ਸਰਦਾਰਨ ਭਯੋ ਸਰਦਾਰ॥*** ਜਥੇਦਾਰ ਸਯਾਮ ਸਿੰਘ ਜੀ ਜੋ ਸਰਦਾਰਾਂ ਦਾ ਵੀ ਸਰਦਾਰ ਹੋਇਆ ਹੈ, ਹੁਣ ਸ਼ਾਮ ਸਿੰਘ ਦੀ ਸਾਖੀ ਸੁਣੋ।

***ਸਤਿਗੁਰ ਉਨ ਦਰਸ਼ਨ ਕੀਓ, ਹੁਤ ਬਾਲਕ ਪਿਤ ਕੈ ਨਾਰ॥ ੧॥*** ਉਸ ਵਕਤ ਸ਼ਾਮ ਸਿੰਘ ਮਾਤਾ ਪਿਤਾ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਏ, ਸ਼ਾਮ ਸਿੰਘ ਜੋ ਉਸ ਵਕਤ ਬਾਲਕ ਸਨ, ਉਨ੍ਹਾਂ ਨੇ ਵੀ ਆਪਣੇ ਪਿਤਾ ਦੇ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨ ਕੀਤੇ ਸਨ। ੧।

***ਚੌਪਈ॥ ਸਯਾਮ ਸਿੰਘ ਕੀ ਸੁਨੌ ਕਹਾਨੀ॥*** ਗੁਰਿਸੱਖੋ ! ਜਥੇਦਾਰ ਸ਼ਾਮ ਸਿੰਘ ਜੀ ਬੁੱਢੇ ਦਲ ਵਾਲਿਆਂ ਦੀ ਕਹਾਣੀ ਸੁਣੋਂ।

***ਜਿਮ ਕਰ ਹਮਰੀ ਮਾਤ ਬਖਾਨੀ॥*** ਭਾਈ ਰਤਨ ਸਿੰਘ ਦੀ ਮਾਤਾ ਜਥੇਦਾਰ ਸ਼ਾਮ ਸਿੰਘ ਜੀ ਦੀ ਸਪੁੱਤ੍ਰੀ ਸੀ। ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿਵੇਂ ਮੇਰੀ ਮਾਤਾ ਨੇ ਜਥੇਦਾਰ ਸ਼ਾਮ ਸਿੰਘ ਜੀ ਦੀ ਕਹਾਣੀ ਮੈਨੂੰ ਦੱਸੀ ਹੈ।

***ਉਨ ਕੀ ਬੇਟੀ ਥੀ ਹਮਰੀ ਮਾਤਾ॥*** ਮੇਰੀ ਮਾਤਾ, ਜਥੇਦਾਰ ਸ਼ਾਮ ਸਿੰਘ ਦੀ ਪੁੱਤ੍ਰੀ ਸੀ।

***ਇਮ ਹਮ ਖੋਜੁ ਸੁ ਤਿਸ ਕੋ ਜਾਤਾ॥੨॥*** ਮੈਂ ਇਉਂ ਇਸ ਤਰ੍ਹਾਂ ਖੋਜ ਕਰਕੇ ਉਸ (ਸ਼ਾਮ ਸਿੰਘ) ਨੂੰ ਮੈਂ ਜਾਣਿਆ ਹੈ।੨।

***ਸੰਧੂ ਮਾਲੀ ਜਟ ਨਾਰਲੇ ਮਾਂਹਿ॥*** ਮਾਲੀ ਨਾਮ ਦਾ ਸੰਧੂ ਗੋਤ ਦਾ ਜੱਟ ਨਾਰਲੇ ਵਾ 'ਨਾਰਲੀ' ਪਿੰਡ ਵਿਚ, ਜੋ ਗੁਰਦਾਸਪੁਰ ਕੋਲ ਹੈ।

***ਸਯਾਮੂ ਮਿਹਰੋ ਭਯੋ ਸੁਤ ਤਾਂਹਿ॥*** ਉਸ ਦੇ ਸਯਾਮ ਸਿੰਘ ਤੇ ਮਿਹਰ ਸਿੰਘ (ਸਯਾਮ ਤੇ ਮਿਹਰੂ) ਦੋ ਪੁੱਤ੍ਰ ਹੋਏ।

***ਤਬ ਹੁਤੇ ਸੁਲਤਾਨੀ ਜੱਗ ਬਹੁ ਲੋਕ॥*** ਉਦੋਂ ਦੁਨੀਆਂ ਵਿਚ ਬਹੁਤੇ ਲੋਕ ਸੁਲਤਨੀਏ ਹੁੰਦੇ ਸਨ, ਸਖੀ ਸਰਵਰ ਦੇ ਚੇਲੇ ਹੁੰਦੇ ਸਨ।

***ਜੰਮਯੋ ਸ਼ਾਮੂ ਥੋ ਕਿਤ ਸੁਭ ਜੋਗ॥ ੩॥*** ਜਥੇਦਾਰ ਸ਼ਾਮ ਸਿੰਘ ਜੀ ਜਿਨ੍ਹਾਂ ਨੂੰ ਬਚਪਨ ਵਿਚ ਮਾਤਾ ਪਿਤਾ ਸ਼ਾਮ ਕਹਿ ਕੇ ਬੁਲਾਉਂਦੇ ਸਨ, ਉਹ ਕਿਸੇ ਸ਼ੁੱਭ ਸਮੇਂ ਜਨਮੇ ਸਨ। ੩।

***ਬਾਲਕ ਕੋ ਚਿਤ ਆਯੋ ਚਾਉ॥*** ਬੱਚੇ (ਸ਼ਾਮ) ਸਯਾਮ ਸਿੰਘ ਦੇ ਚਿੱਤ ਵਿਚ ਚਾਉ ਆਇਆ ਹੈ।

***ਸੋ ਨੱਠ ਚਲਯੋ ਖਾਲਸੈ ਦਾਉ॥*** ਉਹ ਘਰੋਂ ਭੱਜ ਕੇ ਖਾਲਸੇ ਪੰਥ ਦੀ ਤਰਫ ਚਲਿਆ ਗਿਆ।

***ਮਸਤਾਨ ਸਿੰਘ ਕੈ ਡੇਰੈ ਗਯੋ॥*** ਇਕ ਬੜੇ ਹੀ ਪ੍ਰਤਾਪ ਵਾਲੇ ਭਾਈ ਮਸਤਾਨ ਸਿੰਘ ਜੀ ਹੋਏ ਹਨ, ਸ਼ਾਮ ਸਿੰਘ ਉਨ੍ਹਾਂ ਦੇ ਡੇਰੇ ਚਲਿਆ ਗਿਆ।

***ਆਦਰ ਕਰਯੋ ਉਸ ਨੈ ਰਖ ਲਯੋ॥ ੪॥*** ਭੁਜੰਗੀ ਸ਼ਾਮ ਸਿੰਘ ਨੂੰ ਸਤਿਕਾਰ ਕਰਕੇ ਆਪਣੇ ਡੇਰੇ ਵਿਚ ਰੱਖ ਲਿਆ ਹੈ, ਪ੍ਰੇਮ ਨਾਲ। ੪।

***ਮਸਤਾਨ ਸਿੰਘ ਉਸ ਪਾਹੁਲ ਦਈ॥*** ਭਾਈ ਮਸਤਾਨ ਸਿੰਘ ਜੀ ਨੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਉਸ ਨੂੰ ਅੰਮ੍ਰਿਤਪਾਨ ਕਰਾਇਆ।

***ਹੁਤ ਪੰਜ ਭੁਜੰਗਨ ਤੇ ਜਿਨ ਲਈ॥*** ਜਿਸ ਭਾਈ ਮਸਤਾਨ ਸਿੰਘ ਨੇ ਪੰਜਾਂ ਪਿਆਰਿਆਂ ਤੋਂ ਖੰਡੇ-ਬਾਟੇ ਦੀ ਪਾਹੁਲ ਲਈ ਸੀ, ਅੰਮ੍ਰਿਤ ਛਕਿਆ ਸੀ।

***ਪੰਜਨ ਥੀਂ ਜਿਨ ਸਤਿਗੁਰ ਦਈ॥*** ਜਿਨ੍ਹਾਂ ਪੰਜਾਂ ਪਿਆਰਿਆਂ ਨੂੰ ਸਤਿਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦਾ ਪਾਹੁਲ, ਆਪਣੇ ਹੱਥੀਂ ਦਿੱਤਾ ਸੀ, ਭਾਵ ਜਿਨ੍ਹਾਂ ਨੂੰ ਆਪਣੇ ਹੱਥੀਂ ਅੰਮ੍ਰਿਤ ਛਕਾਇਆ ਸੀ, (ਵਾ) ਜਿਨ੍ਹਾਂ ਪਿਆਰਿਆਂ ਨੇ ਗੁਰੂ ਗੋਬਿੰਦ ਸਿੰਘ ਨੂੰ ਅੰਮ੍ਰਿਤਪਾਨ ਕਰਾਇਆ ਸੀ, ਉਨ੍ਹਾਂ ਪੰਜਾਂ ਪਿਆਰਿਆਂ ਤੋਂ ਭਾਈ ਮਸਤਾਨ ਸਿੰਘ ਜੀ ਨੇ ਅੰਮ੍ਰਿਤ ਛੱਕਿਆ ਸੀ।

***ਉਨ ਕੀ ਸ਼ਕਤਿ ਹੁਤ ਉਨ ਅਈ॥੫॥*** ਉਨ੍ਹਾਂ ਪੰਜਾਂ ਪਿਆਰਿਆਂ ਦੀ ਸ਼ਕਤੀ ਉਹਨਾਂ (ਭਾਈ ਮਸਤਾਨ ਸਿੰਘ) ਵਿਚ ਆਈ ਹੈ। ੫।

***ਦੋਹਰਾ॥ ਮਸਤਾਨ ਸਿੰਘ ਨਿਜ ਰਹਤ ਥੋ ਸ੍ਰੀ ਸਤਿਗੁਰੂ ਹਜ਼ੂਰ॥*** ਆਪ ਭਾਈ ਮਸਤਾਨ ਸਿੰਘ ਜੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦੇ (ਹਜ਼ੂਰ) ਚਰਨਾਂ ਵਿਚ ਰਹਿੰਦੇ ਹੁੰਦੇ ਸਨ।

***ਸੋ ਬੰਦੈ ਸੰਗ ਕਰ ਦੀਯੈ ਯੋ ਹੋਇਓ ਜਗ ਮਸ਼ਹੂਰ॥ ੬॥*** ਗੁਰੂ ਸਾਹਿਬ ਜੀ ਨੇ ਭਾਈ ਬਿਨੋਦ ਸਿੰਘ, ਭਾਈ ਕਾਨ੍ਹ ਸਿੰਘ ਅਤੇ ਹੋਰ ਸਿੰਘ, ਜੋ ਬੰਦੇ ਬਹਾਦਰ ਨਾਲ ਭੇਜੇ ਸਨ, ਉਨ੍ਹਾਂ ਨਾਲ ਭਾਈ ਮਸਤਾਨ ਸਿੰਘ ਨੂੰ ਕਰ ਦਿੱਤਾ, ਭਾਵ ਨਾਲ ਭੇਜਿਆ ਸੀ। ਇਉਂ ਭਾਈ ਮਸਤਾਨ ਸਿੰਘ ਜੀ ਜੱਗ ਵਿਚ ਪ੍ਰਸਿੱਧ ਹੋ ਗਏ ਸਨ। ੬।

***ਚੌਪਈ॥ ਤਿਸਕੋ ਬੰਦੈ ਕੀਓ ਫੁਜਦਾਰ॥*** ਬੰਦਾ ਸਿੰਘ ਬਹਾਦਰ ਨੇ ਉਸ ਨੂੰ ਆਪਣੀ ਫ਼ੌਜ ਦਾ ਫ਼ੌਜਦਾਰ ਕਰ ਦਿੱਤਾ।

***ਲੜ ਸ਼ਹੀਦ ਭਯੋ ਤੁਰਕਨ ਨਾਲ॥*** ਤੁਰਕਾਂ ਨਾਲ ਲੜਦੇ ਹੋਏ ਭਾਈ ਮਸਤਾਨ ਸਿੰਘ ਜੀ ਸ਼ਹੀਦ ਹੋ ਗਏ।

***ਸ਼ਯਾਮ ਸਿੰਘ ਥੋ ਡੇਰਾ ਸੰਭਾਰਾ॥*** ਭਾਈ ਮਸਤਾਨ ਸਿੰਘ ਜੀ ਦੇ ਸ਼ਹੀਦ ਹੋਣ ਤੋਂ ਬਾਅਦ ਉਨ੍ਹਾਂ ਦੇ ਡੇਰੇ ਦੀ ਸੇਵਾ ਸੰਭਾਲ ਸ਼ਾਮ ਸਿੰਘ ਜੀ ਨੇ ਕੀਤੀ।

***ਹੁਤੋ ਸਾਕ ਔ ਸਿੰਘ ਪਿਆਰਾ॥ ੭॥*** ਉਨ੍ਹਾਂ ਦੀ ਰਿਸ਼ਤੇਦਾਰੀ ਵੀ ਸੀ (ਵਾ) ਗੁਰਸਿੱਖੀ ਦਾ ਰਿਸ਼ਤਾ ਅਤੇ ਗੁਰੂ ਦਾ ਪਿਆਰਾ ਸਿੰਘ ਭਰਾ ਵੀ ਲਗਦਾ ਸੀ। ੭।

***ਸ਼ਯਾਮ ਸਿੰਘ ਬਡ ਲਾਇਕ ਭਯੋ॥*** ਜ. ਸ਼ਾਮ ਸਿੰਘ ਜੀ ਬੜੇ ਹੀ ਲਾਇਕ ਸਿੰਘ ਹੋਏ, ਸਭ ਤਰ੍ਹਾਂ ਕਰਕੇ ਜੋਗ ਸਨ।

***ਬਹੁਤ ਜੰਗ ਸੰਗ ਤੁਰਕਨ ਕਯੋ॥*** ਉਨ੍ਹਾਂ ਨੇ ਤੁਰਕਾਂ ਨਾਲ ਬੜੇ-ਬੜੇ ਭਾਰੀ ਜੁੱਧ ਕੀਤੇ।

***ਯਹੀ ਲਾਇਕੀ ਖਾਲਸੈ ਮਾਂਹਿ॥*** ਇਹੀ (ਲਾਇਕੀ) ਸ਼ੁੱਭ ਗੁਣ ਖਾਲਸੇ ਵਿਚ ਸੀ।

***ਲੜਨ ਮਰਨ ਮੈਂ ਰਹੇ ਅਗਾਹਿੰ॥ ੮॥*** ਜੋ ਲੜਨ ਮਰਨ ਵਿਚ ਅਗਾਂਹ ਹੋ ਕੇ ਰਹਿੰਦਾ ਸੀ। ੮।

***ਔਰ ਪ੍ਰਸ਼ਾਦੇ ਵੰਡ ਕੈ ਖਾਹਿ॥*** ਅਤੇ ਜੋ ਦੇਗ ਲੰਗਰ ਵੰਡ ਕੇ ਛਕਦਾ-ਛਕਾਉਂਦਾ ਸੀ।

***ਮਿੱਠਾ ਬੋਲੈ ਸਿੱਖੀ ਕਮਾਹਿ॥*** ਮਿੱਠਾ ਬੋਲਦੇ ਅਤੇ ਸਿੱਖੀ ਦੀ ਕਮਾਈ ਕਰਦੇ ਸਨ, ਭਾਵ ਗੁਰਮਤਿ ਦੇ ਧਾਰਣੀ ਸਨ।

***ਗੁਰਬਾਨੀ ਸਯੋਂ ਲਾਵੈ ਹੇਤ॥*** ਗੁਰਬਾਣੀ ਨਾਲ ਪ੍ਰੇਮ ਕਰਦੇ ਸਨ, ਪ੍ਰੇਮ ਨਾਲ ਗੁਰਬਾਣੀ ਦਾ ਜਾਪ ਕਰਦੇ ਸਨ।

***ਦਿਵਸ ਰੈਨ ਬਹੁ ਰਹੈ ਸੁਚੇਤ॥ ੯॥*** ਰਾਤ ਦਿਨ ਬੜਾ ਹੀ ਸੁਚੇਤ ਰਹੇ, ਤਿਆਰ-ਬਰ-ਤਿਆਰ ਰਹੇ। ੯।

***ਕਿਸੀ ਦੇਸ ਤੇ ਕੋ ਚਲਿ ਆਵੈ॥*** ਕਿਸੇ ਵੀ ਦੇਸ਼ ਤੋਂ ਕੋਈ ਚਲ ਕੇ ਆ ਜਾਵੇ, ਭਾਈ ਮਸਤਾਨ ਸਿੰਘ ਜੀ ਦੇ ਪਾਸ।

***ਦੇ ਪਾਹੁਲ ਤਿਸ ਸਿੰਘ ਬਨਾਵੈ॥*** ਉਸ ਨੂੰ ਖੰਡੇ ਦੀ ਪਾਹੁਲ ਦੇ ਕੇ, ਅੰਮ੍ਰਿਤ ਛਕਾ ਕੇ ਸਿੰਘ ਸਜਾਉਂਦੇ ਸਨ।

***ਹਿੰਦੂ ਹੁਇ ਤਿਸ ਖੁਲਾਵੈ ਨਾਲ॥*** ਜਿਹੜਾ ਹਿੰਦੂ ਹੋਵੇ, ਸ਼ੁੱਧ ਜਾਤ ਦਾ ਹੋਵੇ, ਉਸ ਦਾ ਬਾਟਾ ਸਾਂਝਾ ਹੋ ਸਕਦਾ ਹੈ। ਪੰਥ ਵਿਚ ਅੱਜ ਵੀ ਰੀਤ ਉਹੀ ਹੈ।

***ਨੀਚ ਹੋਇ ਤਿਸ ਕਰੈ ਪ੍ਰਿਤਪਾਲ॥ ੧੦॥*** ਜਿਹੜਾ ਨੀਚ ਜਾਤੀ ਦਾ ਹੋਵੇ, ਉਸ ਦਾ ਸੁਭਾਉ ਅਤੇ ਕਰਮ ਵੀ ਨੀਚ ਹੁੰਦੇ ਹਨ। ਨੀਚਾਂ ਦੀ ਮਦਦ ਕਰਦਾ ਹੈ। ਉਸ ਦੀ ਪਾਲਣਾ ਕਰਦਾ ਹੈ, ਉਸ ਨੂੰ ਦੁਰਕਾਰਦਾ ਨਹੀਂ ਹੈ, ਉਸ ਨੂੰ ਸਤਿਕਾਰ ਦਿੰਦਾ ਹੈ। ਜਿਹੜਾ ਨੀਚ ਹੋਵੇ, ਉਹ ਬਾਟੇ ਦਾ ਸਾਂਝੀ ਨਹੀਂ ਹੋ ਸਕਦਾ। ਦੇਖ ਲਉ, ਇਤਿਹਾਸ ਵਿਚ ਇਹ ਪੰਥ ਦੀ ਮਰਯਾਦਾ ਲਿਖੀ ਹੋਈ ਹੈ। ੧੦।

***ਦੋਹਰਾ॥ ਜੋ ਸਿੰਘ ਮਾਝੈ ਤੇ ਤੁਰੈ ਸੋ ਆਵੈ ਸ਼ਯਾਮ ਸਿੰਘ ਪਾਸ॥*** ਮਾਝੇ ਤੋਂ ਜਿਹੜਾ ਵੀ ਸਿੰਘ ਤੁਰਦਾ ਹੈ, ਉਹ ਸਿੱਧਾ ਸ਼ਾਮ ਸਿੰਘ ਕੋਲ ਆਉਂਦਾ ਹੈ।

***ਜੀਉ ਸਦਕੇ ਤਿਸ ਕੋ ਕਹੈ, ਕਰੈ ਨ ਲੈਣ ਪਰ ਆਸ॥ ੧੧॥*** ਆਉ ਜੀ, ਜੀਓ ਸਦਕੇ ਆਇਆਂ ਨੂੰ, ਆਉ ਗੁਰਮੁਖੋ! ਆਉ ਪਿਆਰਿਓ! ਉਨ੍ਹਾਂ ਨੂੰ ਕਹਿੰਦੇ ਹਨ। ਉਨ੍ਹਾਂ ਸਿੰਘਾਂ ਤੋਂ ਕੁਛ ਲੈਣ ਦੀ ਇੱਛਾ ਨਹੀਂ ਰੱਖਦੇ, ਸਗੋਂ ਉਸ ਨੂੰ ਸਤਿਕਾਰ ਦਿੰਦੇ। ੧੧।

***ਚੌਪਈ॥ ਪਾਸ਼ ਹੋਤਿ ਤੌ ਦੇਤ ਖੁਲਾਇ॥*** ਜਿਹੜੀ ਚੀਜ਼ ਕੋਲ ਹੋਵੇ, ਉਸ ਦੇ ਵਾਸਤੇ ਖ਼ਜ਼ਾਨਾ ਖੁਲ੍ਹਾ ਸੀ, ਛਕਣ ਵਾਸਤੇ ਲੰਗਰ ਖੁਲ੍ਹਾ ਸੀ। ਜਿਹੜਾ ਸਿੰਘ ਨਵਾਂ ਭਰਤੀ ਹੋਇਆ ਹੋਵੇ, ਉਸ ਨੂੰ ਪੁਸ਼ਾਕ, ਖ਼ੁਰਾਕ ਸਤਿਕਾਰ ਨਾਲ ਦਿੰਦੇ।

***ਹੋਇ ਨਹੀਂ ਤਾਂ ਇਕਲੋ ਨ ਖਾਇ॥*** ਜੇ ਕੋਲ ਕੁਛ ਨਹੀਂ ਹੈ , ਤਾਂ ਇਹ ਖਾਲਸੇ ਪੰਥ ਵਿਚ ਰੀਤ ਨਹੀਂ ਹੈ ਕਿ ਜਿਹੜਾ ਆਗੂ ਹੋਵੇ, ਆਪ ਛਕ ਲਵੇ ਤੇ ਦੂਜੇ ਸਿੰਘਾਂ ਵਾਸਤੇ ਕੋਈ ਪ੍ਰਬੰਧ ਨਾ ਹੋਵੇ, ਦੂਜਿਆਂ ਨੂੰ ਕੋਈ ਵਸਤੂ ਨਾ ਦੇਵੇ। ਜਿਹੜੀ ਹਾਜ਼ਰ ਹੈ, ਉਹ ਵੰਡ ਕੇ ਖਾਉ, ਇਹ ਪ੍ਰੰਪਰਾ ਹੈ ਖਾਲਸੇ ਦੀ। ਜੇ ਕੁਛ ਨਹੀਂ ਹੁੰਦਾ ਕੋਲ, ਤਾਂ ਜਥੇਦਾਰ

ਸ਼ਾਮ ਸਿੰਘ ਜੀ ਇਕੱਲੇ ਨਹੀਂ ਖਾਂਦੇ।

***ਹੁਤੀ ਪਹਿਲੋਂ ਖਾਲਸੋਂ ਯਹਿ ਰੀਤ॥*** ਖਾਲਸੇ ਪੰਥ ਦੀ ਪਹਿਲਾਂ ਤੋਂ ਹੀ ਇਹ ਰੀਤ ਹੈ।

***ਇਕਲੋ ਨ ਖਾਵੈ ਲੁਕ ਕਰ ਕੀਤ॥ ੧੨॥*** ਆਗੂ ਜਥੇਦਾਰ ਵਿਚ ਏਹੀ ਸਿਫ਼ਤ ਹੋਣੀ ਚਾਹੀਦੀ ਹੈ ਕਿ ਉਹ ਆਪ ਇਕੱਲਾ ਲੁਕ ਕੇ ਨਾ ਖਾਵੇ। ੧੨।

***ਇਕ ਪੈ ਹੋਇ ਤੌ ਸਭ ਮਿਲ ਖਾਹਿਂ॥*** ਜਥੇ ਵਿਚ ਜੇ ਇਕ ਕੋਲ ਵਸਤੂ ਹੈ, ਤਾਂ ਸਾਰੇ ਵੰਡ ਕੇ ਖਾਣ, ਸਾਰਿਆਂ ਨੂੰ ਇਕੋ ਜਿਹਾ ਵਰਤਾਰਾ ਹੋਵੇ।

***ਨਹਿਂ ਹੁਇ ਤੌ, 'ਲੰਗਰ ਮਸਤ' ਅਖਾਹਿਂ॥*** ਜੇ ਨਹੀਂ ਹਾਜ਼ਰ, ਤਾਂ ਲੰਗਰ ਮਸਤ ਹੈ, ਕਹਿੰਦੇ ਹਨ।

***ਔਰ ਖੁਲਾਇ ਆਪ ਪਿਛੌਂ ਖਾਵੈ॥*** ਹੋਰਨਾਂ ਨੂੰ ਛਕਾ ਕੇ ਵਰਤਾ ਕੇ ਪਿੱਛੋਂ ਆਪ ਛਕੇ, ਇਹ ਖਾਲਸੇ ਪੰਥ ਦੀ ਰਹੁ-ਰੀਤ ਹੈ।

***ਬਹੁਤ ਪਯਾਰ ਕਰ ਸਿੰਘਨ ਸਦਾਵੈ॥ ੧੩॥*** ਜਥੇਦਾਰ ਸ਼ਾਮ ਸਿੰਘ ਜੀ ਸਿੰਘਾਂ ਨੂੰ ਬੜਾ ਪਿਆਰ ਕਰਦੇ, ਸਿੰਘਾਂ ਨੂੰ ਬੜੇ ਪਿਆਰ ਨਾਲ ਅਵਾਜ਼ ਦੇ ਕੇ ਆਪਣੇ ਕੋਲ ਬੁਲਾਉਂਦੇ ਹਨ। ੧੩।

***ਦੋਹਰਾ॥ ਬੰਦਾ ਬਿਗਰਯੋ ਜਿਹਂ ਸਮੈ ਤੱਤ ਖਾਲਸੇ ਨਾਲ॥*** ਜਿਸ ਸਮੇਂ ਬੰਦਾ ਸਿੰਘ ਬਹਾਦਰ ਤੱਤ ਖਾਲਸੇ ਨਾਲ ਵਿਗੜ ਗਿਆ ਸੀ।

***ਸ੍ਰੀ ਅੰਮ੍ਰਿਤਸਰ ਆਇ ਬਹੇ ਲੁਟ ਖੈਹੈਂ ਤੁਰਕਨ ਮਾਲ॥ ੧੪॥*** ਤੱਤ ਖਾਲਸਾ ਬੰਦੇ ਬਹਾਦਰ ਨੂੰ ਤਿਆਗ ਕੇ ਸ੍ਰੀ ਅੰਮ੍ਰਿਤਸਰ ਜੀ ਆ ਬੈਠਾ ਹੈ ਅਤੇ ਤੁਰਕਾਂ ਦਾ ਮਾਲ ਧਨ ਲੁੱਟ ਕੇ ਖਾਂਦੇ। ੧੪।

***ਚੌਪਈ॥ ਕਪੂਰ ਸਿੰਘ ਜਬ ਨ੍ਵਾਬੀ ਪਾਈ॥*** ਜਦੋਂ ਜਥੇਦਾਰ ਕਪੂਰ ਸਿੰਘ ਜੀ ਨੂੰ ਨਵਾਬੀ ਪ੍ਰਾਪਤ ਹੋਈ।

***ਸ਼ਯਾਮ ਸਿੰਘ ਲੀਯੋ ਸੁਨਹਿਰੀਓ ਬਨਾਈ॥*** ਉਨ੍ਹਾਂ ਨੇ ਸ੍ਰ. ਸ਼ਾਮ ਸਿੰਘ ਨੂੰ ਆਪਣਾ ਸੁਨਹਿਰੀਆ ਬਣਾ ਲਿਆ ਹੈ।

***ਸ਼ਯਾਮ ਸਿੰਘ ਸੰਗ ਸਿੰਘ ਜੋਊ ਰਲੇ॥*** ਜ. ਸ਼ਾਮ ਸਿੰਘ ਨਾਲ ਜਿਹੜਾ ਵੀ ਆ ਕੇ ਸਿੰਘ ਰਲਦਾ ਹੈ।

***ਸਭੀ ਸੂਦਾਰ ਭਏ ਅਤਿ ਭਲੇ॥ ੧੫॥*** ਉਹ ਸਾਰੇ ਸਿੰਘ ਬਹੁਤ ਚੰਗੇ ਸਰਦਾਰ ਹੋਏ। ੧੫।

***ਨਾਮ ਗਾਮ ਸਭਿ ਜੇਊ ਲਿਖੈਯੇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜੇ ਉਨ੍ਹਾਂ ਸਾਰੇ ਸਿੰਘਾਂ ਸਰਦਾਰਾਂ ਦੇ ਨਾਮ ਅਤੇ ਪਿੰਡ ਏਥੇ ਇਤਿਹਾਸ ਵਿਚ ਲਿਖੀਏ।

***ਅਧਿਕ ਹਜ਼ਾਰੋਂ ਸੂਦਾਰ ਹੀ ਪੈਯੇ॥*** ਫਿਰ ਤਾਂ ਬਹੁਤ ਜ਼ਿਆਦਾ ਹਜ਼ਾਰਾਂ ਦੀ ਗਿਣਤੀ ਵਿਚ ਸਰਦਾਰ ਹੀ ਸਰਦਾਰ ਹੋਣਗੇ।

***ਬਾਰਹਿ ਹਜ਼ਾਰ ਥੋ ਘੋੜੇ ਗੈਲੇ॥*** ਸ੍ਰ. ਸ਼ਾਮ ਦੇ ਮਗਰ ਬਾਰ੍ਹਾਂ ਹਜ਼ਾਰ ਘੋੜ ਸਵਾਰ ਸਨ।

***ਲਏ ਰਲਾਇ ਮਿਸਲਨ ਕਰ ਜੈਲੇ॥ ੧੬॥*** ਹੋਰ ਸਿੰਘਾਂ ਦੀਆਂ ਮਿਸਲਾਂ ਵਿੱਚੋਂ ਜਿਹੜੇ ਸਿੰਘ ਨਰਾਜ਼ ਹੋ ਕੇ, ਗੁੱਸੇ ਗਿੱਲੇ ਹੋ ਕੇ ਆਉਂਦੇ ਸਨ, ਸ੍ਰ. ਸ਼ਾਮ ਸਿੰਘ ਜੀ ਉਨ੍ਹਾਂ ਸਿੰਘਾਂ ਨੂੰ ਬੜੇ ਅਦਬ ਸਤਿਕਾਰ ਨਾਲ ਆਪਣੇ ਜਥੇ ਵਿਚ ਰਲਾ ਲੈਂਦੇ ਸਨ। ੧੬।

***ਪ੍ਰਿਥਮ ਸੁੱਖਾ ਸਿੰਘ ਮਾੜੀਵਾਰਾ॥*** ਜ. ਸ਼ਾਮ ਸਿੰਘ ਜੀ ਆਪ ਤਾਂ ਬੁੱਢੇ ਦਲ ਵਿਚ ਹੀ ਰਹਿੰਦੇ ਸਨ, ਆਪਣੀ ਮਿਸਲ ਦੀ ਜਥੇਦਾਰੀ ਕਿਸੇ ਹੋਰ ਸਿੰਘ ਨੂੰ ਸੌਂਪ ਦਿੰਦੇ ਸਨ। ਹੁਣ ਸਭ ਤੋਂ ਪਹਿਲਾਂ ਸੁੱਖਾ ਸਿੰਘ ਮਾੜੀ ਕੰਬੋ ਕੀ ਵਾਲੇ ਨੂੰ ਆਪਣਾ ਗੜਵਈ ਬਣਾਇਆ ਹੈ, ਉਸ ਨੂੰ ਆਪਣੀ ਮਿਸਲ ਦੀ ਜਥੇਦਾਰੀ ਸੌਂਪੀ ਹੈ।

***ਹੁਤੋ ਸ਼ਯਾਮ ਸਿੰਘ ਕੀਓ ਮੁਖਤਯਾਰਾ॥*** ਜ. ਸ਼ਾਮ ਸਿੰਘ ਜੀ ਨੇ ਸੁੱਖਾ ਸਿੰਘ ਨੂੰ ਆਪਣੀ ਸ਼ਾਖ ਦਾ ਮੁਖਤਿਆਰ-ਏ-ਆਮ ਬਣਾਇਆ ਹੈ।

***ਸੌ ਲੜ ਮਰਯੋ ਅਹਿਮਦ ਸ਼ਾਹ ਨਾਲ॥*** ਉਹ (ਸੁੱਖਾ ਸਿੰਘ ) ਲਹੌਰ ਦੇ ਨੇੜੇ ਰਾਵੀ ਤੋਂ ਪਾਰ ਅਹਿਮਦ ਸ਼ਾਹ ਅਬਦਾਲੀ ਨਾਲ ਲੜ ਕੇ ਸ਼ਹੀਦ ਹੋ ਗਿਆ।

***ਲਿਖਯੋ ਸਾਖੀ ਮੱਧ ਉਸੈ ਹਵਾਲ॥ ੧੭॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਭਾਈ ਸੁੱਖਾ ਸਿੰਘ ਦੀ ਸ਼ਹੀਦੀ ਦਾ ਸਾਰਾ ਹਵਾਲਾ ਅਸੀਂ ਪਿੱਛੇ ਸਾਖੀ ਵਿਚ ਲਿਖ ਆਏ ਹਾਂ। ੧੭।

***ਤਿਸਤੇ ਮਗਰ ਕਰਮ ਸਿੰਘ ਪੈਜ ਗੜ੍ਹੀਓ॥*** ਭਾਈ ਰਤਨ ਸਿੰਘ ਜੀ ਤਾਂ ਸ਼ਾਮ ਸਿੰਘ ਜੀ ਦੀ ਮਿਸਲ ਦੇ ਸਰਦਾਰਾਂ ਬਾਰੇ ਇਸ ਕਰਕੇ ਦਸ ਰਹੇ ਹਨ, ਕਿਉਂਕਿ ਉਨ੍ਹਾਂ ਦੇ ਆਪਣੇ ਪ੍ਰਵਾਰ ਦਾ ਸਬੰਧ ਹੈ ਇਸ ਮਿਸਲ ਨਾਲ, ਕਿਉਂਕਿ ਜ. ਸ਼ਾਮ ਸਿੰਘ ਜੀ, ਭਾਈ ਰਤਨ ਸਿੰਘ ਜੀ ਦੇ ਨਾਨਾ ਜੀ ਸਨ। ਉਸ ਤੋਂ (ਭਾਈ ਸੁੱਖਾ ਸਿੰਘ) ਪਿੱਛੋਂ ਜ. ਕਰਮ ਸਿੰਘ ਜੀ ਪੈਜਗੜ੍ਹ ਵਾਲੇ ਏਸ ਮਿਸਲ ਦੇ ਜਥੇਦਾਰ ਹੋਏ ਹਨ, ਜੋ ਬੜੇ ਹੀ ਸੂਰਵੀਰ ਯੋਧੇ ਹੋਏ ਹਨ। ਮਾਝੇ ਵਿਚ ਪੈਂਜਗੜ੍ਹ ਪਿੰਡ ਹੈ।

***ਸਿੰਘ ਖੱਤ੍ਰੀ ਉਨ ਜਾਤ ਸੁਰੜੀਯੋ॥*** ਕਰਮ ਸਿੰਘ ਸੁਰੜੀਯੋ ਜਾਤ ਦਾ ਖੱਤ੍ਰੀ ਸਿੰਘ ਸੀ

***ਸ਼ਾਹਿ ਪੀਰ ਫੜ ਚਿੱਟੀ ਵਾਲੇ॥*** ਕਰਮ ਸਿੰਘ ਐਸਾ ਬਹਾਦਰ ਹੋਇਆ ਹੈ, ਇਹ ਚਿੱਟੀ ਵਾਲੇ ਸ਼ਾਹੀ ਪੀਰ ਨੂੰ ਜਿਉਂਦਿਆਂ ਫੜ ਕੇ ਲੈ ਆਇਆ ਸੀ।

***ਖੈਰੇ ਸ਼ਾਹਿ ਕੌ ਲੈ ਮੁਯੋ ਨਾਲੇ॥ ੧੮॥*** ਜਲੰਧਰ ਦੀ ਲੜਾਈ ਵਿਚ ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਦੇ ਹਰਿਆਵਲ ਦਸਤੇ ਦਾ ਮੂਹਰਲਾ ਸਰਦਾਰ ਸੀ ਖੈਰੇ ਸ਼ਾਹ। ਉਹ ਬੜਾ ਬਹਾਦਰ ਸੂਰਮਾ ਸੀ। ਜ. ਕਰਮ ਸਿੰਘ ਪੈਂਜਗੜ੍ਹੀਆ ਖੈਰੇ ਸ਼ਾਹ ਨੂੰ ਮਾਰ ਕੇ ਸ਼ਹੀਦ ਹੋਇਆ ਹੈ। ੧੮।

***ਦੋਹਰਾ॥ ਤਿਸਕੈ ਮਗਰੋਂ ਸ਼ਯਾਮ ਸਿੰਘ ਕੀਓ ਕੋੜਾ ਸਿੰਘ ਮੁਖਤਯਾਰ॥*** ਉਸ (ਕਰਮ ਸਿੰਘ) ਦੇ ਸ਼ਹੀਦ ਹੋਣ ਪਿੱਛੋਂ ਜ. ਸ਼ਾਮ ਸਿੰਘ ਨੇ ਕਰੋੜਾ ਸਿੰਘ ਨੂੰ ਆਪਣੀ ਫ਼ੌਜ ਦਾ ਮੁਖਤਿਆਰ ਕੀਤਾ ਹੈ।

***ਜਾਤ ਜੱਟ ਸੰਧੂ ਹੁਤੋ ਬਾਸੀ, ਮਾਝੈ ਮਝਾਰ॥ ੧੯॥*** ਕਰੋੜਾ ਸਿੰਘ ਮਾਝੇ ਵਿਚ ਵੱਸਣ ਵਾਲਾ ਸੰਧੂ ਗੋਤ, ਜਾਤ ਦਾ ਜੱਟ ਸੀ। ੧੯।

***ਚੌਪਈ॥ ਉਸੈ ਪ੍ਰਤਾਪ ਬਹੁ ਦਲ ਮੱਧ ਵਧੋ॥*** ਉਸ (ਕਰੋੜਾ ਸਿੰਘ) ਦੇ ਤੇਜ ਪ੍ਰਤਾਪ ਨਾਲ ਸ਼ਾਮ ਸਿੰਘ ਦੀ ਮਿਸਲ ਵਿਚ ਬੜਾ ਵਾਧਾ ਹੋਇਆ।

***ਮੁਹਰੈਲ ਮਿਸਲ ਦਲ ਮੱਧ ਸੋਊ ਭਯੋ॥*** ਬੁੱਢੇ ਦਲ ਦੀਆਂ ਮਿਸਲਾਂ ਵਿੱਚੋਂ ਉਹ (ਕਰੋੜਾ ਸਿੰਘ) ਸਭ ਤੋਂ ਮੋਹਰੀ ਹੋਇਆ ਹੈ, ਸਭ ਤੋਂ ਅੱਗੇ ਹੋ ਕੇ ਨਿਸ਼ਾਨ ਲੈ ਕੇ ਚੱਲਣ ਵਾਲਾ ਸੀ।

***ਜੌ ਕੋ ਦੇਵੈ ਕਿਸੇ ਸਿੰਘ ਨਿਕਾਰ॥*** ਕਿਸੇ ਹੋਰ ਮਿਸਲ ਦੇ ਸਿੰਘ ਤੋਂ ਜੇ ਗ਼ਲਤੀ ਹੋ ਜਾਂਦੀ ਸੀ, ਤਾਂ ਉਸ ਸਿੰਘ ਨੂੰ ਉਹ ਆਪਣੀ ਮਿਸਲ ਵਿੱਚੋਂ ਕੱਢ ਦਿੰਦੇ ਸਨ ਕਿ 'ਜਾਹ ਅਸੀਂ ਨਹੀਂ ਤੈਨੂੰ ਰੱਖਣਾ'।

***ਵਹਿ ਮਿਲਵਾਇ ਲਏ ਅਪਨੇ ਨਾਰ॥ ੨੦॥*** ਉਸ ਸਿੰਘ ਨੂੰ ਉਹ ਆਪਣੀ ਮਿਸਲ ਵਿਚ ਮਿਲਾ ਲੈਂਦਾ ਸੀ, ਆਪਣੇ ਨਾਲ। ੨੦।

***ਭੰਗੀ ਕਲਸੀਏ ਥੇ ਮਝੈਲਨ ਨਿਕਾਲੇ॥*** ਭੰਗੀ ਸਰਦਾਰ ਤੇ ਕਲਸੀਆਂ ਵਾਲੇ ਸਰਦਾਰ ਮਝੈਲਾਂ ਨੇ ਕੱਢ ਦਿੱਤੇ ਸਨ।

***ਬੂੜੀਓ ਛਛਰੌਲੀ ਜੈ ਕਰ ਲਏ ਨਾਲੇ॥*** ਜਿਹੜੇ ਬੂੜੀਏ ਵਾਲੇ ਅਤੇ ਛਛਰੌਲੀ ਵਾਲੇ ਸਰਦਾਰਾਂ ਨੂੰ ਕੱਢ ਦਿੱਤਾ ਸੀ, ਉਨ੍ਹਾਂ ਨੂੰ ਵੀ ਆਪਣੇ ਨਾਲ ਕਰ ਲਿਆ ਕਰੋੜਾ ਸਿੰਘ ਨੇ।

***ਸਾਲ ਬਾਹੀਏ ਤੁਰੇ ਦਿੱਲੀ ਵੱਲ॥*** ਅਠਾਰ੍ਹਾਂ ਸੌ ਬਾਈ ਸੰਮਤ ਬਿਕ੍ਰਮੀ ਨੂੰ, ਜਦੋਂ ਖਾਲਸਾ ਪੰਥ ਦਿੱਲੀ ਵੱਲ ਨੂੰ ਤੁਰਿਆ।

***ਮੁਯੋ ਤ੍ਰਾਵੜੀਓ ਵਹੁ ਗੋਲੀ ਚੱਲ॥ ੨੧॥*** ਤਰਾਵੜੀ ਕੋਲ ਜਾ ਕਰੋੜਾ ਸਿੰਘ ਸ਼ਿਕਾਰ ਖੇਡਣ ਵਾਸਤੇ ਨਿਕਲਿਆ। ਤਰਵੜੀ ਸ਼ਹਿਰ ਦੇ ਬਾਹਰ ਤੁਰਕਾਂ ਦੀ ਸਰਾਂ ਬਣਾਈ ਹੋਈ ਸੀ। ਜਦੋਂ ਕਰੋੜਾ ਸਿੰਘ ਉਸ ਸਰਾਂ ਦੇ ਕੋਲ ਦੀ ਲੰਘਣ ਲੱਗਿਆ, ਤਾਂ ਸਰਾਂ ਦੇ ਅੰਦਰੋਂ ਕਿਸੇ ਮਨਚਲੇ ਤੁਰਕ ਸਿਪਾਹੀ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਕਰੋੜਾ ਸਿੰਘ

ਸ਼ਹੀਦ ਹੋ ਗਿਆ। ੨੧।

***ਉਸ ਚੇਲੋ ਥੋ ਬਘੇਲ ਸਿੰਘ ਧਾਲੀਵਾਲ॥*** ਉਸ ਦਾ ਚੇਲਾ, ਭਾਵ ਗੜ੍ਹਵਈ ਧਾਲੀਵਾਲ ਗੋਤ ਦਾ ਭਾਈ ਬਘੇਲ ਸਿੰਘ ਸੀ।

***ਮੱਧ ਮਾਝੇ ਉਸ ਗਾਮ ਝੁਬਾਲ॥*** ਜਦੋਂ ਸ੍ਰੀ ਅੰਮ੍ਰਿਤਸਰ ਤੋਂ ਸੁਰਸਿੰਘ ਨੂੰ ਜਾਈਦਾ ਹੈ, ਤਾਂ ਰਸਤੇ ਵਿਚ ਝਬਾਲ ਨਗਰ ਆਉਂਦਾ ਹੈ। ਮਾਝੇ ਵਿਚ ਝਬਾਲ ਪਿੰਡ ਸੀ ਉਸ ਦਾ।

***ਅਤਿ ਸੂਰੋ ਅਤਿ ਬਡੋ ਦਨਾਉ॥*** ਬਘੇਲ ਸਿੰਘ ਬੜਾ ਹੀ ਸੂਰਵੀਰ ਯੋਧਾ ਅਤੇ ਬੜਾ ਹੀ ਚਤੁਰ ਸਿਆਣਾ ਸੀ।

***ਫਤੇਦਾਰ ਅਤਿ ਭਲੋ ਸੁਭਾਉ॥ ੨੨॥*** ਬਹੁਤ ਹੀ ਭਲੇ ਸੁਭਾਉ ਦਾ ਅਤੇ (ਫਤੇਦਾਰ) ਜਿਹੜੇ ਵੀ ਜੰਗ ਵਿਚ ਗਿਆ ਹੈ, ਉਥੋਂ ਫਤ੍ਹੇ ਲੈ ਕੇ ਵਾਪਸ ਮੁੜਿਆ, ਹਾਰਿਆ ਨਹੀਂ ਕਿਸੇ ਵੀ ਜੰਗ ਵਿਚ। ੨੨।

***ਨਿਗਾਰੋ ਨਿਸ਼ਾਨ ਉਨ ਦਯੋ ਸੰਭਾਰ॥*** ਮਿਸਲ ਕਰੋੜੀਆਂ ਦਾ ਨਿਸ਼ਾਨ ਸਾਹਿਬ ਤੇ ਨਗਾਰਾ ਉਸ ਨੂੰ ਸੰਭਾਲ ਦਿੱਤਾ, ਮਿਸਲ ਦੀ ਜ਼ਿੰਮੇਵਾਰੀ ਜਥੇਦਾਰ ਬਘੇਲ ਸਿੰਘ ਨੂੰ ਦੇ ਦਿੱਤੀ।

***ਸ਼ਯਾਮ ਸਿੰਘ ਭਯੋ ਥੰਨੇਦਾਰ॥*** ਜ. ਸ਼ਾਮ ਸਿੰਘ ਜੀ ਬਾਰ੍ਹਾਂ ਹਜ਼ਾਰ ਘੋੜਸਵਾਰ ਜਥੇ ਦੇ (ਥੰਨੇਦਾਰ) ਮੁੱਖੀ ਜਥੇਦਾਰ ਹੋਏ।

***ਉਸ ਕਰ ਦੀਨੋ ਮੁਹਰੇ ਵਾਰ॥*** ਉਸ (ਸ਼ਾਮ ਸਿੰਘ) ਨੂੰ ਮੁਖੀਆ, ਅੱਗੇ ਲਗਣ ਵਾਲਾ ਸਰਦਾਰ ਕਿ ਤੁਸੀਂ ਖਾਲਸੇ ਦੇ ਥੰਨੇਦਾਰ ਹੋ, ਭਾਵ ਅੱਵਲ ਫ਼ੌਜ ਨੂੰ ਸੰਭਾਲ ਕੇ ਲੈ ਜਾਣ ਵਾਲਾ, ਵਹੀਰ ਨੂੰ ਸੰਭਾਲ ਕੇ ਲੈ ਜਾਣ ਵਾਲਾ ਕਰ ਦਿੱਤਾ।

***ਯੌ ਭਯੋ ਸ੍ਰਦਾਰਨ ਸਿਰ ਬਡੋ ਸ੍ਰਦਾਰ॥ ੨੩॥*** ਇਉਂ ਜ. ਸ਼ਾਮ ਸਿੰਘ ਜੀ ਸਰਦਾਰਾਂ ਦੇ ਸਿਰ 'ਤੇ ਵੱਡਾ ਸਰਦਾਰ ਹੋਇਆ ਹੈ। ੨੩।

***ਦੋਹਰਾ॥ ਮਿਸਲ ਮਾਝੇ ਮਧ ਹੁਤੋ ਘਨੀ ਔ ਦੁਾਬੇ ਚੁਥਾਈ ਦੇਸ਼॥*** ਕਰੋੜੀਆਂ ਮਿਸਲ ਮਾਝੇ ਵਿਚ ਤਾਂ ਬਹੁਤੀ ਸੀ ਅਤੇ ਦੁਆਬੇ ਦੇਸ਼ ਦੇ ਤਿੰਨ ਹਿੱਸੇ ਬੁੱਢੇ ਦਲ ਕੋਲ ਸਨ। ਚੌਥਾ ਹਿੱਸਾ ਦੁਆਬੇ ਦਾ ਮਿਸਲ ਕਰੋੜੀਆਂ ਦੇ ਹਿੱਸੇ ਵਿਚ ਸੀ।

***ਨੀਹਲ ਪਰਬਤ ਲਗ ਗੰਗੇ ਉਸ ਉਗ੍ਰਾਹੀ ਬਿਨ ਕਲੇਸ਼॥ ੨੪॥*** ਹੁਸ਼ਿਆਰਪੁਰ ਤੋਂ ਲੈ ਕੇ (ਨੀਹਲ) ਪਹਾੜਾਂ ਤੱਕ ਦਾ ਹੇਠਲਾ ਤਰਾਈ ਦਾ ਇਲਾਕਾ ਗੰਗਾ ਨਦੀ ਤੱਕ ਉਸ ਦੀ ਉਗਰਾਹੀ ਬਿਨਾਂ ਰੋਕ ਟੋਕ ਦੇ ਹੁੰਦੀ ਸੀ, ਕਿਉਂਕਿ ਇਸ ਮਿਸਾਲ ਨੇ ਲੋਕਾਂ ਨਾਲ ਬੜੀ ਮੁਹੱਬਤ ਬਣਾ ਕੇ ਰੱਖੀ ਹੋਈ ਸੀ। ਲੋਕਾਂ ਨੂੰ ਸੁਖ ਦਿੱਤਾ ਸੀ। ਉਨ੍ਹਾਂ ਦੇ ਰਾਜ ਵਿਚ ਕੋਈ ਤੰਗੀ ਨਹੀਂ ਸੀ ਕਿਸੇ ਨੂੰ। ਬਿਨਾਂ ਕਲੇਸ਼ ਤੋਂ ਚਾਉ ਨਾਲ ਉਗਰਾਹੀ ਦਿੰਦੇ ਸਨ ਲੋਕ। ੨੪।

***ਚੌਪਈ॥ ਜੋ ਉਸ ਕੀ ਕੋਊ ਮਿਸਲ ਅਕਾਵੈ॥*** ਜੇ ਕੋਈ ਉਸ ਦੀ ਮਿਸਲ ਦੇ ਸਿੰਘਾਂ ਨੂੰ ਤੰਗ ਕਰੇ।

***ਕਰ ਉਪ੍ਰਾਲੋ ਉਸ ਦੂਰੋਂ ਪਾਵੈ॥*** ਜੇ ਉਸ ਦੀ ਮਿਸਲ ਦੇ ਪਿੰਡ ਕੋਈ ਦੱਬਣ ਦੀ ਕੋਸ਼ਿਸ਼ ਕਰੇ, ਬਘੇਲ ਸਿੰਘ ਦੂਰੋਂ ਹੱਲਾ ਕਰਕੇ ਉਸ ਦਾ ਉਪਰਾਲਾ ਕਰਦਾ ਅਤੇ ਦਬਾ ਲੈਂਦਾ ਉਸ ਨੂੰ।

***ਮਿਸਲ ਸਭੀ ਜੁ ਹੁਤੀ ਪੰਥ ਮਾਂਹਿ॥*** ਪੰਥ ਖਾਲਸੇ ਵਿਚ ਜਿੰਨੀਆਂ ਵੀ ਮਿਸਲਾਂ ਸਨ।

***ਇਕ ਇਕ ਬਾਰ ਲਰ ਗਈ ਨ ਠਾਹਿ॥ ੨੫॥*** ਮਿਸਲ ਕਰੋੜੀਆਂ ਨਾਲ ਇਕ ਵਾਰੀ ਲੜ ਕੇ ਸਭ ਭੱਜ ਗਈਆਂ। ੨੫।

***ਏਕ ਬਾਰ ਮਲਵਈ ਸ਼ੂਕ ਗਏ॥*** ਇਕ ਵਾਰੀ ਮਲਵਈ ਪਟਿਆਲੇ ਵਾਲੇ ਵੀ ਇਸ ਮਿਸਲ ਤੋਂ ਹੰਕਾਰ ਕੇ ਗਏ ਸਨ, ਕਿਉਂਕਿ ਮਿਸਲ ਕਰੋੜੀਆਂ ਦੇ ਇਲਾਕੇ ਦੀ ਅਤੇ ਪਟਿਆਲੇ ਦੀ ਆਪਸ ਵਿਚ ਹੱਦ ਲਗਦੀ ਸੀ। ਜਦੋਂ ਅਨੰਦਪੁਰ ਸਾਹਿਬ ਨੂੰ ਜਾਈਏ ਰਾਹ ਵਿਚ ਜਿਥੇ ਮੋੜ ਆਉਂਦਾ ਹੈ। ਪਹਾੜ ਦੇ ਨਾਲ-ਨਾਲ ਰੋਪੜ ਤੋਂ ਤੁਰ ਕੇ ਕਾਠਗੜ੍ਹ ਦੇ ਨਾਲ-ਨਾਲ ਘਨੋਰੀ ਆਦਿਕ ਦਾ ਸਾਰਾ ਇਲਾਕਾ ਮਿਸਲ ਕਰੋੜੀਆਂ ਕੋਲ ਸੀ।

***ਹੁਤੈ ਮਝੈਲਨ ਬਹੁ ਸਾਕ ਕਏ॥*** ਪਟਿਆਲਾ ਰਿਆਸਤ ਦੀਆਂ ਮਝੈਲ ਸਿੰਘਾਂ ਨਾਲ ਬਹੁਤ ਰਿਸ਼ਤੇਦਾਰੀਆਂ ਹੋ ਗਈਆਂ ਸਨ।

***ਇਤ ਆਵਨ ਤੇ ਰਹੇ ਹਟਵਾਇ॥*** ਕਰੋੜਾ ਸਿੰਘੀਏ ਪਟਿਆਲੇ ਵਾਲਿਆਂ ਨੂੰ ਆਪਣੇ ਇਲਾਕੇ ਵਿਚ ਆਉਣੋਂ ਰੋਕਦੇ ਸਨ।

**ਟਕੈ ਨਜ਼ਰਾਨੇ ਚਹੈਂ ਇਨ ਪਾਇ॥ ੨੬॥** ਪਟਿਆਲੇ ਵਾਲੇ ਇਨ੍ਹਾਂ ਤੋਂ ਨਜ਼ਰਾਨੇ ਟਕੇ ਵਸੂਲਣਾ ਚਾਹੁੰਦੇ ਸਨ। ੨੬।

**ਇਨ ਮਿਸਲ ਬਘੇਲ ਸਿੰਘ ਕੀ ਹਥ ਪਾਯੋ॥** ਇਸ ਪਟਿਆਲੇ ਵਾਲੇ ਨੇ ਸ੍ਰ. ਬਘੇਲ ਸਿੰਘ ਕਰੋੜ ਸਿੰਘੀਆਂ ਦੀ ਮਿਸਲ ਨੂੰ ਹੱਥ ਪਾ ਲਿਆ, ਮਿਸਲ ਨੂੰ ਛੇੜ ਬੈਠੇ।

**ਮਨੈ ਮਾਜਰੀਓ ਉਨ ਆਨ ਦਬਾਯੋ॥** ਚੰਡੀਗੜ੍ਹ ਦੇ ਕੋਲ ਜੋ ਮਨੀਮਾਜਰਾ ਪਿੰਡ ਇਹ ਮਿਸਲ ਕਰੋੜੀਆਂ ਕੋਲ ਸੀ, ਪਟਿਆਲੇ ਵਾਲੇ ਰਾਜੇ ਨੇ ਮਨੀਮਾਜਰੇ ਨੂੰ ਆ ਦਬਾਇਆ, ਮਨੀਮਾਜਰੇ 'ਤੇ ਕਬਜ਼ਾ ਕਰ ਲਿਆ।

**ਰਹਯੋ ਬਘੇਲ ਸਿੰਘ ਉਨ੍ਹੈ ਸਮਝਾਇ॥** ਸ੍ਰ. ਬਘੇਲ ਸਿੰਘ ਉਸ (ਪਟਿਆਲੇ ਵਾਲੇ ਰਾਜੇ) ਨੂੰ ਸਮਝਾਉਂਦਾ ਰਿਹਾ ਕਿ ਇਉਂ ਨਹੀਂ ਕਰੀਦਾ ਹੁੰਦਾ। ਆਪਣਾ ਸਬੰਧ ਹੈ ਆਪਸ ਵਿਚ, ਤੁਸੀਂ ਵੀ ਬੁੱਢੇ ਦਲ ਵਿਚ ਜਾਂਦੇ ਰਹਿੰਦੇ ਹੋ, ਤੁਹਾਡੀ ਵੀ ਮਦਦ ਕਰਦਾ ਆਇਆ ਹੈ ਬੁੱਢਾ ਦਲ। ਤੁਸੀਂ ਇਉਂ ਕਿਉਂ ਕਰਦੇ ਹੋ? ਇਹ ਸਾਡਾ ਇਲਾਕਾ ਹੈ, ਸਾਡੇ ਇਲਾਕੇ 'ਤੇ ਹੱਥ ਨਾ ਮਾਰੋ, ਤੁਸੀਂ ਪਰ੍ਹੇ ਰਹੋ ਸਾਡੇ ਇਲਾਕੇ ਤੋਂ। ਬਘੇਲ ਸਿੰਘ ਨੇ ਬਥੇਰਾ ਸਮਝਾਇਆ ਪਰ ਉਸ ਨੂੰ ਸਮਝ ਨਹੀਂ ਆਈ।

**ਸਗੋਂ ਬਿਲਲਪੁਰ ਬਿਹੂਨੀ ਲਈ ਚੁਕਾਇ॥ ੨੭॥** ਸਗੋਂ ਬਿਲਲਪੁਰ ਨੂੰ ਸੱਖਣੀ ਤਕਾ ਕੇ ਉਸ ਨੂੰ ਵੀ ਚੁਕਾ ਲਿਆ ਇਸ ਨੇ, ਉਥੋਂ ਦਾ ਵੀ ਮਾਮਲਾ ਪਟਿਆਲੇ ਵਾਲੇ ਨੇ ਉਗਰਾਹ ਲਿਆ। ੨੭।

**ਤਉ ਚੜ੍ਹਯੋ ਬਘੇਲ ਸਿੰਘ ਬਜਵਾਇ ਨਗਾਰੋ॥** ਜਦੋਂ ਸਮਝਾਏ ਤੋਂ ਹੋਰ ਅੱਗੇ ਵੱਧ ਗਿਆ, ਸਮਝਾਇ ਤੋਂ ਚਾਹੀਦਾ ਤਾਂ ਪਿੱਛੇ ਹਟਣਾ ਸੀ, ਸਗੋਂ ਦੂਜੇ ਪਿੰਡ ਵੀ ਉਗਰਾਹ ਲਏ। ਜਦੋਂ ਬਘੇਲ ਸਿੰਘ ਦੇ ਹੋਰ ਪਿੰਡ ਵੀ ਉਗਰਾਹ ਲਏ, ਤਾਂ ਸ੍ਰ. ਬਘੇਲ ਸਿੰਘ ਨਗਾਰਾ ਬਜਵਾ ਕੇ ਪਟਿਆਲੇ 'ਤੇ ਚੜ੍ਹ ਪਿਆ ਹੈ ਕਿ ਜੇ ਇਹ ਸਮਝਾਇ ਤੋਂ ਨਹੀਂ ਸਮਝਿਆ, ਤਾਂ ਚਲੋ ਫਿਰ ਦੂਜੀ ਤਰ੍ਹਾਂ ਸਮਝਾਈਏ।

**ਜਾ ਸਿਧਨੌ ਆਇ ਜਾਸਲੌ ਮਾਰੌ॥** ਸਿਧਨਾ ਆਦਿਕ ਪਿੰਡ ਹਨ, ਉਥੇ ਬਘੇਲ ਸਿੰਘ ਨੇ ਆ ਮਾਰਿਆ।

**ਔਰ ਗਿਰਦ ਘਨੋ ਗਲਿਓ ਲੂਟ॥** ਹੋਰ ਗਿਰਦ ਤੋਂ ਲੁੱਟ-ਮਾਰ ਕਰਨ ਵਾਲੇ ਬਹੁਤੇ ਨਾਲ ਰਲ ਗਏ ਬਘੇਲ ਸਿੰਘ ਦੇ ।

**ਲਾਇ ਮੋਰਚੇ ਗੜ੍ਹ ਬਹਯੋ ਜੂਟ॥ ੨੮॥** ਪਟਿਆਲੇ ਵਾਲੇ ਦੇ ਕਿਲ੍ਹੇ ਦੇ ਦੁਆਲੇ ਮੋਰਚਾ ਲਾ ਕੇ ਘੇਰ ਕੇ ਬੈਠ ਗਿਆ ਹੈ ਬਘੇਲ ਸਿੰਘ। ੨੮।

**ਦੋਹਰਾ॥ ਅਮਰ ਸਿੰਘ ਖਬਰੋ ਭਈ, ਕਛੁ ਚਿੱਤ ਨ ਚਿੰਤਾ ਕੀਨ॥** ਪਟਿਆਲੇ ਵਾਲੇ ਰਾਜੇ ਅਮਰ ਸਿੰਘ ਨੂੰ ਬਘੇਲ ਸਿੰਘ ਦੀ ਚੜ੍ਹਾਈ ਦੀ ਖ਼ਬਰ ਹੋਈ ਕਿ ਬਘੇਲ ਸਿੰਘ ਨੇ ਤੇਰੇ ਫਲਾਨੇ-ਫਲਾਨੇ ਪਿੰਡ ਆਪਣੇ ਕਬਜ਼ੇ ਕਰ ਲਏ ਹਨ। ਰਾਜੇ ਅਮਰ ਸਿੰਘ ਨੇ ਇਹ ਸੁਣ ਕੇ ਕੋਈ ਫਿਕਰ ਨਹੀਂ ਕੀਤਾ। ਹੰਕਾਰ ਵਿਚ ਹੋ ਕੇ।

**'ਮੈਂ ਚੜੂੰ ਜਬੈ ਬਹੁ ਫੌਜ ਕਰ ਉਸ ਲਈਗੁ ਮੁਲਕ ਸਭ ਛੀਨ'॥ ੨੯॥** ਸਗੋਂ ਅਮਰ ਸਿੰਘ ਹੰਕਾਰ ਵਿਚ ਆ ਕੇ ਕਹਿਣ ਲੱਗਾ, ਜਦੋਂ ਬਹੁਤੀ ਫ਼ੌਜ ਇਕੱਠੀ ਕਰ ਕੇ ਮੈਂ ਚੜ੍ਹਾਂਗਾ, ਤਾਂ ਬਘੇਲ ਸਿੰਘ ਦਾ ਸਾਰਾ ਹੀ ਮੁਲਕ ਖੋਹ ਲਵਾਂਗਾ। ੨੯।

**ਬਹੁ ਫੌਜਨ ਉੱਦਮ ਰਚਯੋ ਹਲਕਾਰੇ ਦਏ ਦੁੜਾਇ॥** ਬਹੁਤੀ ਫ਼ੌਜ ਇਕੱਠੀ ਕਰਨ ਦਾ ਉੱਦਮ ਕੀਤਾ ਹੈ, ਆਪਣੀ ਮਦਦ ਵਾਸਤੇ ਵੱਖ-ਵੱਖ ਥਾਵਾਂ 'ਤੇ ਹਲਕਾਰੇ ਭਜਾ ਦਿੱਤੇ।

**ਸਾਕ ਸਯਾਣ ਸਾਂਝ ਵਰਤਨ ਕਹਯੋ, 'ਪਹੁੰਚੋ ਮੋ ਪੈ ਆਇ'॥ ੩੦॥** ਸਾਕ-ਸਬੰਧੀਆਂ, ਜਾਣ-ਪਛਾਣ ਵਾਲਿਆਂ ਨੂੰ, ਜਿਨ੍ਹਾਂ ਨਾਲ ਸਾਂਝ ਸੀ ਅਤੇ ਵਰਤੋਂ-ਵਿਹਾਰ ਸੀ, ਉਨ੍ਹਾਂ ਸਭ ਨੂੰ ਕਿਹਾ, 'ਆਉ ਮੇਰੇ ਕੋਲ ਪਹੁੰਚ ਕੇ ਮੇਰੀ ਮਦਦ ਕਰੋ'। ੩੦।

**ਫੁਲਵਾਇਣ ਸਭ ਆ ਪੁਜਯੋ ਪੁਜੇ ਭਾਈ ਕੇ ਆਇ॥** ਫੂਲਕਿਆਂ ਦਾ ਜਿਨ੍ਹਾਂ ਬਾਹੀਆ ਸੀ, ਫੂਲ ਮਰ੍ਹਾਝ ਆਦਿਕ ਪਿੰਡਾਂ ਦੇ ਸਭ ਆ ਪੁੱਜੇ ਅਤੇ ਭਾਈ ਦੇ ਚੱਕ ਵਾਲੇ ਵੀ ਪਟਿਆਲੇ ਦੇ ਰਾਜੇ ਅਮਰ ਸਿੰਘ ਦੀ ਮਦਦ 'ਤੇ ਆ ਪੁੱਜੇ।

***ਰਾਇ ਜਿਗਰਾ ਮੀਯੋਂ ਭੀ ਪੁਜਯੋ ਸੰਗ ਮਲੇਰੀਅਨ ਗੱਡ ਬਣਾਇ॥ ੩੧॥*** ਜਗਰਾਉਂ ਵਾਲਾ ਰਾਇ ਵੀ ਮਲੇਰ ਕੋਟਲੀਆਂ ਨਾਲ ਗਠਜੋੜ ਕਰਕੇ ਆ ਪੁੱਜਿਆ, ਪਟਿਆਲੇ ਦੀ ਮਦਦ ਵਾਸਤੇ। ੩੧।

***ਚੌਪਈ॥ ਪਾਖਰ ਸਿੰਘ ਸੰਗ ਮਾਨਸ਼ਾਹੀ ਲਯਾਯੋ॥*** ਛੋਟੀ ਮਾਨਸਾ ਦਾ ਪਾਖਰ ਸਿੰਘ ਮਾਨਸ਼ਾਹੀਆ ਵੀ ਆਪਣੀ ਫ਼ੌਜ ਨਾਲ ਲੈ ਕੇ ਆਇਆ।

***ਮਹਾਂ ਸਿੰਘ ਚੜ੍ਹ ਮੁਕਦੀਓਂ ਧਾਯੋ॥*** ਮਹਾਂ ਸਿੰਘ ਮੁਦਕੀ ਵਾਲਾ ਉਹ ਮੁਦਕੀਂ ਤੋਂ ਆਇਆ ਚੜ੍ਹ ਕੇ।

***ਹੁਤੇ ਰਾਜੇ ਕੇ ਸਾਲੇ ਸੋਊ॥*** ਉਹ ਪਟਿਆਲੇ ਵਾਲੇ ਰਾਜੇ ਦੇ ਸਾਲੇ ਸਨ, ਮਾਨਸ਼ਾਹੀਏ ਤੇ ਮੁਦਕੀ ਵਾਲੇ।

***ਕੀਏ ਮੁਹਰੈਲ ਬਹੁ ਫੌਜੈ ਸੋਊ॥ ੩੨॥*** ਰਿਸ਼ਤੇਦਾਰ ਕਰਕੇ ਨੇੜੇ ਦੇ ਸਬੰਧ ਕਰਕੇ ਉਹਨਾਂ ਨੂੰ ਬਹੁਤੀ ਫ਼ੌਜ ਦੇ ਆਗੂ ਕਰ ਦਿੱਤਾ। ੩੨।

***ਫੌਜ ਨਾਹਣੀਓਂ ਬਹੁ ਰਾਜੋ ਲਯਾਯੋ॥*** ਨਾਹਣ ਦਾ ਰਾਜਾ ਵੀ ਇਨ੍ਹਾਂ ਦਾ ਰਿਸ਼ਤੇਦਾਰ ਸੀ, ਉਹ ਵੀ ਆਪਣੀ ਬਹੁਤ ਸਾਰੀ ਫ਼ੌਜ ਲੈ ਕੇ ਆਇਆ।

***ਪੱਗ ਬਦਲ ਭਾਈ ਰਾਜੈ ਬਣਾਯੋ॥*** ਰਾਜੇ ਅਮਰ ਸਿੰਘ ਨੇ ਨਾਹਣ ਦੇ ਰਾਜੇ ਨਾਲ ਪੱਗ ਵਟਾ ਕੇ ਉਸ ਨੂੰ ਆਪਣਾ 'ਪਗ ਵਟ' ਭਾਈ ਬਣਾਇਆ ਸੀ।

***ਮਹਾਰਾਜੀਏ ਔ ਸਾਬੋ ਕੇ ਵਾਲ॥*** ਮਰ੍ਹਾਝ ਵਾਲੇ ਅਤੇ ਸਾਬੋ ਕੀ ਤਲਵੰਡੀ ਵਾਲੇ ਵੀ ਆਪੋ ਆਪਣੀ ਫ਼ੌਜ ਲੈ ਕੇ ਆ ਗਏ।

***ਕਾਲੇਕੇ ਗਿਲ ਮੌੜ ਸੁ ਦਾਰ॥ ੩੩॥*** ਕਾਲੇ ਕੇ, ਗਿਲ ਤੇ ਮੌੜ ਵੀ ਫ਼ੌਜ ਲੈ ਕੇ ਪਹੁੰਚੇ। ੩੩।

***ਸਿੰਘਪੁਰੀਏ ਝਬ ਸੱਦੇ ਆਏ॥*** ਜਦੋਂ ਅਨੰਦਪੁਰ ਸਾਹਿਬ ਨੂੰ ਜਾਈਦਾ ਹੈ, ਤਾਂ ਰਸਤੇ ਵਿਚ ਇਕ ਕਿਲ੍ਹਾ ਆਉਂਦਾ ਹੈ। ਉਹ ਸਿੰਘਪੁਰੀਆਂ ਦੀ ਮਿਸਲ, ਭਾਵ ਨਵਾਬ ਕਪੂਰ ਸਿੰਘ ਦੀ ਅੰਸ-ਬੰਸ ਹਨ। ਅਜੇ ਵੀ ਇਨ੍ਹਾਂ ਕੋਲ ਜਾਇਦਾਦ ਹੈ, ਬੜੀ ਦੂਰ ਪਹਾੜਾਂ ਤੱਕ। ਸਿੰਘਪੁਰੀਏ ਮਿਸਲ ਵਾਲੇ, ਪਟਿਆਲੇ ਵਾਲੇ ਦੇ ਸੱਦੇ ਤੋਂ ਬੜੀ ਜਲਦੀ ਆਏ ਮਦਦ 'ਤੇ ਹਾਲਾਂ ਕਿ ਸਿੰਘਪੁਰੀਆਂ ਦਾ ਸਬੰਧ ਚਲਦੇ ਵਹੀਰ ਬੁੱਢੇ ਦਲ ਨਾਲ ਸੀ।

***ਹੁਤੇ ਤਊ ਥੇ ਨੇਮ ਬੰਧਾਏ॥*** ਉਨ੍ਹਾਂ ਨੇ ਤਦੋਂ ਨਿਯਮ ਬੰਨ੍ਹੇ ਹੋਏ ਸਨ, ਆਪਸ ਵਿਚੀਂ ਸ਼ਰਤਾਂ ਕੀਤੀਆਂ ਹੋਈਆਂ ਸਨ।

***ਔਰ ਗਿਰਦੈ ਕੈ ਛੋਟ ਸ੍ਰਦਾਰ॥*** ਹੋਰ ਗਿਰਦੇ ਦੇ ਜਿਹੜੇ ਛੋਟੇ-ਛੋਟੇ ਸਰਦਾਰ ਸਨ।

***ਰਹਿ ਨਹਿੰ ਸਕਯੋ ਜੁ ਹੁਤੋ ਅਵਾਰ॥ ੩੪॥*** ਹੋਰ ਵੀ ਜਿਹੜਾ ਕੋਈ ਅੰਵਾਰਾ ਸੀ, ਉਹ ਆਉਣ ਤੋਂ ਰਹਿ ਨਾ ਸਕਿਆ। ੩੪।

***ਕਈ ਕੁਸ਼ਾਮਦੀ ਕਈ ਸਾਕ ਸੁ ਦਾਰ॥*** ਕਈ ਖੁਸ਼ਾਮਦ ਕਰਨ ਵਾਲੇ ਕਈ ਉਧਰੋਂ-ਉਧਰੀ ਰਿਸ਼ਤੇਦਾਰ, ਕਈ ਨਵੇਂ ਰਿਸ਼ਤੇ, ਕਈ ਪੁਰਾਣੇ ਰਿਸ਼ਤੇ, ਇਉਂ ਲਾਓ ਲਸ਼ਕਰ ਜੁੜਿਆ।

***ਸਭ ਚੱਲ ਆਏ ਕਿਨ ਕਰੀ ਨ ਟਾਰ॥*** ਕਿਸੇ ਨੇ ਟਾਲਾ ਨਹੀਂ ਕੀਤਾ, ਰਾਜੇ ਅਮਰ ਸਿੰਘ ਦੇ ਸੱਦੇ 'ਤੇ ਸਭ ਚਲ ਕੇ ਆ ਗਏ।

***ਬਿਨ ਸੱਦੇ ਆਏ ਖਾਣੇਵਾਰ॥*** ਖਾਣ ਵਾਲੇ ਜਿਹੜੇ ਕਹਿੰਦੇ ਚੱਲੋ ਚਾਰ ਦਿਨ ਸੌਖੇ ਛਕ ਛਕਾਵਾਂਗੇ। ਐਹੋ ਜਿਹੇ ਜਦੋਂ ਮੋਰਚੇ ਲਗਦੇ ਨੇ, ਤਾਂ ਖਾਣ-ਪੀਣ 'ਤੇ ਯਾਰ ਵੀ ਨਾਲ ਹੀ ਆ ਜਾਂਦੇ ਹਨ ਕਿ ਚੱਲੋਂ ਉਥੇ ਮੌਜ਼ਾਂ ਕਰਾਂਗੇ ਚਾਰ ਦਿਨ, ਮੋਰਚਾ ਲੱਗਾ ਚੰਗਾ ਖਾਣਾ ਦੇਣਗੇ ਜੁਆਨਾਂ ਨੂੰ, ਇਉਂ ਕਈ ਖਾਣ ਵਾਲੇ ਆ ਪਹੁੰਚੇ ਹਨ, ਬਿਨਾਂ ਹੀ ਸੱਦੇ ਤੋਂ।

***ਘਿਉ ਖੰਡ ਕੈ ਚਲਾ ਦਏ ਖਾਰ॥ ੩੫॥*** ਰਾਜੇ ਅਮਰ ਸਿੰਘ ਨੇ ਵੀ ਕੋਈ ਕਸਰ ਬਾਕੀ ਨਹੀਂ ਛੱਡੀ, ਘਿਉ ਖੰਡ ਦੇ ਖਾਲ ਵਗਾ ਦਿੱਤੇ ਹਨ ਕਿ ਜਿੰਨਾਂ ਮਰਜ਼ੀ ਘਿਉ ਖੰਡ ਖਾਓ। ੩੫।

***ਦੋਹਰਾ॥ ਰਾਜੇ ਨਦਰੋ ਜੋ ਲਈ ਫੌਜ ਉਪਰ ਘੋੜਨ ਚੜ੍ਹਾਇ॥*** ਰਾਜਾ ਅਮਰ ਸਿੰਘ ਨੇ ਆਪਣੀ ਸਾਰੀ ਫ਼ੌਜ ਘੋੜਿਆਂ 'ਤੇ ਸਵਾਰ ਕਰਕੇ ਆਪਣੀ ਨਜ਼ਰ ਮਾਰੀ।

***ਆਯੋ ਗਰਰੋ ਦੇਖ ਬਡ ਫੌਜ ਰਹੀ ਭੂਮ ਛਾਇ॥ ੩੬॥*** ਬਹੁਤ ਵੱਡੀ ਘੋੜ ਸਵਾਰਾਂ ਦੀ ਫ਼ੌਜ ਜੋ ਧਰਤੀ 'ਤੇ ਛਾ ਰਹੀ,

ਚਾਰੇ ਪਾਸੀਂ ਫ਼ੌਜ ਹੀ ਫ਼ੌਜ ਵੇਖ ਕੇ ਨਜ਼ਰ ਫੁੱਲ ਗਈ ਅਤੇ ਹੰਕਾਰ ਆ ਗਿਆ। ੩੬।

**ਚੌਪਈ॥ ਬਹੁ ਬਜੈਂ ਨਗਾਰੇ ਬਡ ਘਮਘੋਰ ਪਾਈ॥** ਬਹੁਤ ਸਾਰੇ ਨਗਾਰੇ ਵੱਜ ਰਹੇ, ਘਮਘੋਰਾਂ ਪੈ ਰਹੀਆਂ ਕੰਨ ਵਿਚ, ਪਈ ਅਵਾਜ਼ ਨਹੀਂ ਸੁਣਦੀ।

**ਦਲ ਤੈ ਚੌਗੁਨ ਕਹੈ ਲੁਕਾਈ॥** ਜਿਹੜੇ ਆਮ ਲੋਕ ਕਹਿੰਦੇ ਹਨ ਕਿ ਬਘੇਲ ਸਿੰਘ ਦੇ ਦਲ ਤੋਂ ਚਾਰ ਗੁਣਾਂ ਜ਼ਿਆਦਾ ਫ਼ੌਜ ਹੈ।

**ਫਿਰ ਦੇਖਯੋ ਖਾਨੋਂ ਜੰਬੂਰ॥** ਫਿਰ (ਜੰਬੂਰ) ਛੋਟੀਆਂ ਤੋਪਾਂ ਦਾ ਤੋਪਖਾਨਾ ਵੇਖਿਆ ਰਾਜੇ ਅਮਰ ਸਿੰਘ ਨੇ।

**ਛਲਕ ਕਰੀ ਤੌ ਰਹਯੋ ਕਾਸ ਪੂਰ॥ ੩੭॥** ਜਦੋਂ ਜੰਬੂਰਿਆਂ ਦੀ ਛਲਕ ਕੀਤੀ, ਤਾਂ ਧੂੰਏਂ ਨਾਲ ਅਕਾਸ਼ ਭਰ ਗਿਆ। ੩੭।

**ਫਿਰ ਦੇਖਨ ਪੈਦਲ ਮੰਗਾਯੋ॥** ਫਿਰ ਪੈਦਲ ਫ਼ੌਜ ਦੇਖਣ ਵਾਸਤੇ ਮੰਗਾਈ।

**ਦੇਖ ਉਨੈ ਬਹੁ ਦਿਲ ਹੁਲਸਾਯੋ॥** ਉਨ੍ਹਾਂ ਨੂੰ ਦੇਖ ਕੇ ਰਾਜੇ ਦਾ ਦਿਲ ਬੜਾ ਖੁਸ਼ ਹੋਇਆ।

**ਤੋਪ ਖਾਨਨ ਕੀ ਛਲਕ ਕਰਵਾਈ॥** ਤੋਪਖਾਨੇ ਦੀ ਛਲਕ ਕਰਾਈ, ਭਾਵ ਸਾਰੀਆਂ ਤੋਪਾਂ ਤੋਂ ਇਕੱਠੇ ਗੋਲੇ ਦਾਗੇ ਗਏ।

**ਡੇਰੋ ਦੀਨੋ ਬਾਹਰ ਲਵਾਈ॥ ੩੮॥** ਪਹਿਲਾਂ ਫ਼ੌਜ ਦਾ ਡੇਰਾ ਕਿਲ੍ਹੇ ਵਿਚ ਸੀ, ਤੋਪਾਂ ਦੀ ਛਲਕ ਕਰਕੇ, ਫ਼ੌਜ ਦਾ ਡੇਰਾ ਕਿਲ੍ਹੇ ਵਿੱਚੋਂ ਬਾਹਰ ਪਾ ਦਿੱਤਾ, ਹੋਰ ਸਾਰੇ ਜੰਗੀ ਹਥਿਆਰ ਕੱਢ ਬਾਹਰ ਡੇਰਾ ਪਾ ਦਿੱਤਾ ਫ਼ੌਜ ਦਾ। ੩੮।

**ਦੋਹਰਾ॥ ਦੇਖ ਫੌਜ ਨ੍ਰਿਪ ਖੁਸ਼ ਭਯੋ, ਕਰ ਬੋਲਯੋ ਮੁਖੋਂ ਹੰਕਾਰ॥** ਰਾਜਾ ਅਮਰ ਸਿੰਘ ਆਪਣੀ ਫ਼ੌਜ ਵੇਖ ਕੇ ਖੁਸ਼ ਹੋ ਗਿਆ ਅਤੇ ਹੰਕਾਰ ਕਰਕੇ ਬੋਲਿਆ ਹੈ।

**ਕਯਾ ਵਸਤੂ ਬਘੇਲ ਸਿੰਘ ਏਕਲੋ, ਸਭ ਪੰਥ ਲੜੈ ਜਾਇ ਹਾਰ॥ ੩੯॥** ਕਹਿੰਦਾ ਇਕੱਲਾ ਬਘੇਲ ਸਿੰਘ ਕੀ ਚੀਜ਼ ਹੈ, ਜਿਹੜਾ ਮੇਰੇ ਨਾਲ ਲੜਨ ਆ ਗਿਆ ਹੈ, ਜੇ ਸਾਰਾ ਪੰਥ ਵੀ ਆ ਕੇ ਲੜੇ ਮੇਰੇ ਨਾਲ, ਤਾਂ ਹਾਰ ਕੇ ਜਾਇਗਾ। ੩੯।

**ਹਮਰੀ ਗੱਲ ਮੁਖ ਇਕ ਬਿਖੈ ਖਾਲਸੈ ਮੁੱਖ ਹਜ਼ਾਰ॥** ਮੇਰਾ ਹੁਕਮ ਤਾਂ ਮੈਂ ਇੱਕਲਿਆਂ ਹੀ ਦੇਣਾ ਹੈ, ਖਾਲਸੇ ਨੂੰ ਹੁਕਮ ਦੇਣ ਵਾਲੇ ਹਜ਼ਾਰਾਂ ਜਥੇਦਾਰ ਸਨ।

**ਸੁਨ ਕਹੈਂ ਖੁਸ਼ਾਮਦੀ ਲੋਕ ਤਹਿਂ 'ਜਹਿ ਨ ਆਇ ਘਰ ਹਾਰ'॥ ੪੦॥** ਖੁਸ਼ਾਮਦੀ ਲੋਕ ਉਥੇ ਰਾਜੇ ਅਮਰ ਸਿੰਘ ਨੂੰ ਕਹਿੰਦੇ, ਜੇ ਰਾਜਾ ਲੜਨ ਲਈ ਨਿਕਲੇ, ਤਾਂ ਕਦੀ ਵੀ ਹਾਰ ਕੇ ਘਰ ਨਹੀਂ ਆਉਂਦਾ, ਅਰਥਾਤ ਜਿੱਤ ਕੇ ਹੀ ਪਰਤਦਾ ਹੈ। ੪੦।

**ਚੌਪਈ॥ ਜੋ ਘੱਲੇ ਰਾਜੇ ਥੇ ਗੋਪ ਹਲਕਾਰੇ॥** ਰਾਜੇ ਨੇ ਜੋ ਗੁਪਤ ਰੂਪ ਵਿਚ ਹਲਕਾਰੇ ਘੱਲੇ ਸਨ, ਇਹ ਪਤਾ ਕਰਨ ਵਾਸਤੇ ਕਿ ਬਘੇਲ ਸਿੰਘ ਦੇ ਕੋਲ ਫ਼ੌਜ ਦੀ ਗਿਣਤੀ ਕਿੰਨੀ ਕੁ ਹੈ, ਸਾਡੇ ਤਕੜੇ ਹਨ ਕਿ ਕਮਜ਼ੋਰ ਹਨ।

**ਸੋ ਆਏ ਕਰ ਸਿੰਘਨ ਸ਼ੁਮਾਰੇ॥** ਉਹ ਹਲਕਾਰੇ ਸਿੰਘਾਂ ਦੀ ਗਿਣਤੀ ਕਰਕੇ ਆ ਗਏ ਵਾਪਸ। ਸ਼ੁਮਾਰੇ=ਸ਼ੁਮਾਰ=ਗਿਣਤੀ।

**ਹਜ਼ਾਰ ਚਾਰ ਉਨ ਬੰਦੂਕ ਬਤਾਈ॥** ਉਨ੍ਹਾਂ ਹਲਕਾਰਿਆਂ ਨੇ ਬਘੇਲ ਸਿੰਘ ਦੀ ਫ਼ੌਜ ਵਿਚ ਚਾਰ ਹਜ਼ਾਰ ਬੰਦੂਕਾਂ ਦੀ ਗਿਣਤੀ ਦੱਸੀ ਰਾਜੇ ਅਮਰ ਸਿੰਘ ਨੂੰ।

**ਖੁਦ ਮਿਸਲ ਸੁਧੀ ਬਘੇਲ ਸਿੰਘ ਲਿਖਾਈ॥ ੪੧॥** ਖੁਦ ਸ੍ਰ. ਬਘੇਲ ਸਿੰਘ ਨੇ ਆਪਣੀ ਮਿਸਲ ਦੀ ਖ਼ਬਰ ਲਿਖਾਈ। ੪੧।

**ਇਕ ਹਜ਼ਾਰ ਆਈ ਮਿਸਲੋਂ ਪਰਾਈ॥** ਇਕ ਹਜ਼ਾਰ ਪਰਾਈਆਂ ਮਿਸਲਾਂ ਤੋਂ ਭਾਵ ਜਿਹੜੇ ਮਦਦ 'ਤੇ ਆਏ ਦੂਸਰੀਆਂ ਮਿਸਲਾਂ ਵਾਲੇ, ਇਕ ਹਜ਼ਾਰ ਬੰਦੂਕਚੀ ਉਨ੍ਹਾਂ ਦੇ ਆਏ।

**ਪੰਜ ਹਜ਼ਾਰ ਉਨ ਸਭ ਸੁਨਾਈ॥** ਰਾਜੇ ਨੂੰ ਉਨ੍ਹਾਂ ਹਲਕਾਰਿਆਂ ਨੇ ਬਘੇਲ ਸਿੰਘ ਦੀ ਸਾਰੀ ਫ਼ੌਜ ਦੀ ਗਿਣਤੀ ਪੰਜ ਹਜ਼ਾਰ ਸੁਣਾਈ।

***ਔਰ ਨਾਗੜਬੂਦੀ ਦੀ ਕਥਾ ਕਹੌਂ ਗੱਲ॥*** ਹੋਰ ਜੋ (ਨਾਗੜ-ਬੂਦੀ) ਹੋਰ ਜਿਹੜੇ ਲੁਟੇਰੇ ਆਦਿਕ ਫਾਲਤੂ ਲੋਕ ਰੋਟੀਆਂ ਭੰਨ ਆਏ, ਉਨ੍ਹਾਂ ਦੀ ਗੱਲ ਕੀ ਕਹੀਏ।

***ਜੋ ਅਏ ਲੁਟੇਰੇ ਹੁਤ ਬਹੁ ਚੱਲ॥ ੪੨॥*** ਜੋ ਲੁਟੇਰੇ ਲੋਕ ਬਹੁਤ ਚੱਲ ਕੇ ਆਏ ਸੀ, ਲੁਟੇਰੇ ਉਹ ਹੁੰਦੇ ਹਨ, ਜਦੋਂ ਭਾਜੜ ਪੈ ਜਾਏ, ਉਦੋਂ ਲੁੱਟਣ ਵਿਚ ਸਭ ਤੋਂ ਅੱਗੇ। ਜਦੋਂ ਅੱਗੋਂ ਹੱਲਾ ਹੋਵੇ, ਤਾਂ ਭੱਜਣ ਵਿਚ ਸਭ ਤੋਂ ਮੂਹਰੇ। ਇਹ ਲੁਟੇਰਿਆਂ ਦਾ ਕੰਮ ਹੁੰਦਾ ਹੈ, ਉਨ੍ਹਾਂ ਦਾ ਲੜਨ ਨਾਲ ਕੋਈ ਸਬੰਧ ਨਹੀਂ ਹੁੰਦਾ। ੪੨।

***ਦੋਹਰਾ॥ ਯਹ ਸੁਨ ਰਾਜਾ ਖੁਸ਼ ਭਯੋ ਫੌਜ ਕਾਬੂ ਕੀ ਹਮ ਆਹਿ॥*** ਇਹ ਸੁਣ ਕੇ ਰਾਜਾ ਅਮਰ ਸਿੰਘ ਬੜਾ ਖੁਸ਼ ਹੋਇਆ, ਕਹਿੰਦਾ, ਮੇਰੇ ਕੋਲ ਤਾਂ ਕਾਬੂ ਦੀ ਫ਼ੌਜ ਹੈ। ਮੈਂ ਤਾਂ ਹੁਕਮ ਦਿਆਂ ਉਦੋਂ ਲੜਨਗੇ ਤੇ ਹੁਕਮ ਦਿਆਂ, ਤਾਂ ਹਟ ਜਾਣਗੇ, ਮੇਰੀ ਫ਼ੌਜ ਤਾਂ ਸਾਰੀ ਮੇਰੇ ਹੁਕਮ ਅੰਦਰ ਹੈ।

***ਉਨ ਤੇ ਚੌਗੁਨ ਹਮ ਢਿਗੈ ਹਮ ਲੱਯਗੁ ਉਸੈ ਫੜਵਾਇ॥ ੪੩॥*** ਉਨ੍ਹਾਂ (ਬਘੇਲ ਸਿੰਘ ਹੋਰਾਂ) ਤੋਂ ਚਾਰ ਗੁਣਾਂ ਜ਼ਿਆਦਾ ਸਾਡੇ ਕੋਲ ਫ਼ੌਜ ਹੈ, ਅਸੀਂ (ਉਸੈ) ਉਸ ਬਘੇਲ ਸਿੰਘ ਨੂੰ ਫੜ ਕੇ ਕਾਬੂ ਕਰ ਲਵਾਂਗੇ। ੪੩।

***ਚੌਪਈ॥ ਕਹਿ ਬਘੇਲ ਸਿੰਘ ਕਿਤ ਨਠ ਜਾਊਗੁ॥*** ਰਾਜਾ ਅਮਰ ਸਿੰਘ ਕਹਿੰਦਾ, 'ਬਘੇਲ ਸਿੰਘ ਭੱਜ ਕੇ ਕਿਥੇ ਜਾਇਗਾ'?

***ਦਿੱਲੀ ਮਾਝੇ ਮੱਧ ਲੁਕਨ ਨ ਪਾਊਗੁ॥*** ਦਿੱਲੀ ਅਤੇ ਮਾਝੇ ਵਿਚ ਕਿਤੇ ਲੁਕਣਾ ਨਾ ਪਾਵੇਗਾ ਬਘੇਲ ਸਿੰਘ। ਦਿੱਲੀ ਵਿਚ ਅੰਗਰੇਜ਼ ਸਾਡੀ ਮਦਦ 'ਤੇ ਹੈ ਅਤੇ ਮਾਝੇ ਵਿਚ ਵੀ ਮੇਰਾ ਜ਼ੋਰ ਹੈ।

***ਪੰਜ ਹਜ਼ਾਰ ਕੁੱਲ ਉਸ ਸੰਗ ਘੋੜਾ॥*** ਉਸ ਦੇ ਕੋਲ ਪੰਜ ਹਜ਼ਾਰ ਘੋੜ ਸਵਾਰ ਹਨ ਸਾਰੇ ਮਿਲਾ ਕੇ।

***ਹਮਰੇ ਸੰਗ ਹਜ਼ਾਰ ਬਾਰਹ ਜੋੜਾ॥ ੪੪॥*** ਸਾਡੇ ਕੋਲ ਬਾਰ੍ਹਾਂ ਹਜ਼ਾਰ ਘੋੜ ਸਵਾਰ ਇਕੱਠਾ ਕੀਤਾ ਹੋਇਆ ਹੈ (ਵਾ) ਸਾਡੇ ਕੋਲ ਬਾਰ੍ਹਾਂ ਹਜ਼ਾਰ ਜੋੜਾ, ਭਾਵ ਚੌਵੀ ਹਜ਼ਾਰ-ਘੋੜਾ ਹੈ, ਮੇਰਾ ਕੀ ਮੁਕਾਬਲਾ ਕਰ ਸਕਦਾ ਹੈ ਉਹ। ੪੪।

***ਤੋਪ ਜੰਬੂਰੋ ਉਸ ਸੰਗ ਨ ਕੋਈ॥*** ਬਘੇਲ ਸਿੰਘ ਕੋਲ ਤਾਂ ਰਵਾਇਤੀ ਸ਼ਸਤ੍ਰ ਤਲਵਾਰਾਂ ਬਰਛੇ ਸਨ ਜਾਂ ਬੰਦੂਕਾਂ ਸਨ। ਉਸ ਦੇ ਕੋਲ ਕੋਈ ਤੋਪ ਜੰਬੂਰਾ ਨਹੀਂ ਹੈ। ਕੋਈ ਹੋਰ ਬਰੂਦੀ ਸ਼ਸਤ੍ਰ ਨਹੀਂ ਹੈ। ਉਸ ਦੇ ਕੋਲ।

***ਅਪਣੇ ਸੰਗ ਹਮ ਬਹੁਤੀ ਜੋਈ॥*** ਆਪਣੇ ਨਾਲ ਤਾਂ ਮੈਂ (ਜੋਈ) ਅੱਖੀ ਵੇਖ ਲਿਆ ਹੈ, ਆਪਣੇ ਨਾਲ ਅਣਗਿਣਤ ਫ਼ੌਜ ਹੈ। ਜੰਬੂਰਿਆਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਹਨ।

***ਹਮ ਦੀਨੇ ਬਹੁ ਖਜ਼ਾਨੇ ਖੁਲ੍ਵਾਇ॥*** ਮੇਰੇ ਕੋਲ ਮਾਇਆ ਦੀ ਕੋਈ ਕਮੀ ਨਹੀਂ, ਅਸੀਂ ਤਾਂ ਬਹੁਤੇ ਖ਼ਜ਼ਾਨੇ ਖੁਲਵਾ ਦਿੱਤੇ ਹਨ ਖ਼ਰਚ ਪਾਣੀ ਵਾਸਤੇ।

***ਸਿੰਘਨ ਦਲ ਕਿਛ ਲੁਟੈ ਤੌ ਖਾਹਿ॥ ੪੫॥*** ਸਿੰਘਾਂ ਕੋਲ ਕੀ ਹੈ, ਸਿੰਘਾਂ ਕੋਲ ਤਾਂ ਇਕ ਵੇਲੇ ਦੀ ਰਸਦ ਵੀ ਨਹੀਂ ਹੈ, ਉਹ ਤਾਂ ਜੇ ਲੁਟਣਗੇ, ਤਾਂ ਖਾ ਲੈਣਗੇ, ਕਿੰਨਾਂ ਕੁ ਚਿਰ ਲੜਨਗੇ ਭੁੱਖੇ। ੪੫।

***ਦੁਲਚਾ ਸਿੰਘ ਸੁਨ ਚਿੰਤਾ ਭਾਰੀ॥*** ਸ੍ਰ. ਦੁਲਚਾ ਸਿੰਘ ਜੋ ਬਘੇਲ ਸਿੰਘ ਦੇ ਨਾਲ ਹੈ, ਵੱਖੋ-ਵੱਖ ਥਾਵਾਂ ਦੇ ਜੋ ਸਰਦਾਰ ਆਏ ਹਨ, ਬਘੇਲ ਸਿੰਘ ਨਾਲ, ਦੁਲਚਾ ਸਿੰਘ ਨੂੰ ਸੁਣ ਕੇ ਬੜਾ ਫਿਕਰ ਹੋਇਆ ਹੈ।

***ਮਤ ਕਤ ਸਿੰਘਨ ਲੜਾਇ ਜਾਇ ਮਾਰੀ॥*** ਮਤਾਂ ਕਿਤੇ ਲੜਾਈ ਵਿਚ ਸਿੰਘਾਂ ਦੀ ਫ਼ੌਜ ਮਾਰੀ ਜਾਏ।

***ਇਤੈ ਕਰਤ ਬਹੁ ਫੌਜ ਭਈ ਆਇ॥*** ਪਟਿਆਲੇ ਵਿਚ ਬਹੁਤੀ ਫ਼ੌਜ ਆ ਇਕੱਠੀ ਹੋਈ ਹੈ।

***ਮਤ ਦੇਵੈ ਹਮ ਫੌਜ ਵਿਚ ਲਾਇ॥ ੪੬॥*** ਮਤਾਂ ਕਿਤੇ ਸਾਡੀ ਫ਼ੌਜ ਨੂੰ (ਵਿਚਲਾਇ) ਖਿੰਡਾ ਹੀ ਨਾ ਦੇਣ, ਐਨੀ ਫ਼ੌਜ ਹਮਲਾ ਕਰਕੇ। ੪੬।

***ਦੋਹਰਾ॥ ਮੁਲਕ ਮੇਰੋ ਹੈ ਨਿਕਟ ਇਨ ਤੇ ਇਹ ਲੇਹਿ ਛੁਡਾਇ॥*** ਦੁਲਚਾ ਸਿੰਘ ਦਾ ਮੁਲਕ ਪਟਿਆਲੇ ਦੇ ਨਜ਼ਦੀਕ ਸੀ, ਦੁਲਚਾ ਸਿੰਘ ਕਹਿੰਦਾ ਮੇਰਾ ਮੁਲਕ ਇਨ੍ਹਾਂ ਦੇ ਨੇੜੇ ਹੈ, ਕਿਤੇ ਉਹੀ ਨਾ ਹੋਵੇ ਅਮਰ ਸਿੰਘ ਮੇਰਾ ਮੁਲਕ ਖੋਹ

ਲੈਂਦਾ ਹੋਵੇ।

**ਬਿਨਾ ਲੜੇ ਮਲਵੱਈਅਨ ਕਿਮ ਲੀਜੈ ਮੁਲਕ ਛੁਡਾਇ॥ ੪੭॥** ਮਲਵਈਆਂ ਨਾਲ ਲੜੇ ਤੋਂ ਬਗੈਰ ਕਿਵੇਂ ਮੈਂ ਆਪਣਾ ਮੁਲਕ ਛੁਡਾਵਾਂਗਾ। ਮੇਰੇ ਕੋਲ ਕਿੰਨੀ ਕੁ ਤਾਕਤ ਹੈ? ਮੇਰੇ ਕੋਲ ਤਾਂ ਐਨੀ ਫ਼ੌਜ ਵੀ ਨਹੀਂ ਕਿ ਜਿਹੜਾ ਮੈਂ ਇਨ੍ਹਾਂ ਤੋਂ ਲੜ ਕੇ ਮੁਲਕ ਛੁਡਾ ਲਵਾਂਗਾ। ੪੭।

**ਚੌਪਈ॥ ਬਘੇਲ ਸਿੰਘ ਉਸ ਹੱਸ ਕਰ ਕਹਯੋ॥** ਬਘੇਲ ਸਿੰਘ ਨੇ ਉਸ ਨੂੰ ਹੱਸ ਕੇ ਕਿਹਾ ਹੈ।

**ਮੁਲਕ ਲੜੇ ਬਿਨ ਕਿਨ ਛਡ ਦਯੋ॥** ਦੁਲਚਾ ਸਿੰਘ ਬਿਨਾਂ ਲੜੇ ਤੋਂ ਕਿਸ ਨੇ ਮੁਲਕ ਛੱਡ ਕੇ ਦਿੱਤਾ ਹੈ। ਜਿਹੜਾ ਤੈਨੂੰ ਫ਼ਿਕਰ ਪਿਆ ਹੈ, ਏਥੇ ਤਾਂ ਲੜਨਾ ਹੀ ਪਏਗਾ ਮੁਲਕ ਛੁਡਾਉਣ ਵਾਸਤੇ।

**ਤੁਮ ਡਰ ਰਖਤ ਮਤ ਜਾਯੋ ਹਾਰ॥** ਤੂੰ ਡਰ ਰੱਖਦਾ ਹੈਂ ਕਿ ਮਤਾਂ ਕਿਤੇ ਹਾਰ ਜਾਈਏ ਇਨ੍ਹਾਂ ਤੋਂ, ਐਵੇਂ ਨਾ ਦਿਲ ਹਾਰ ਆਪਾਂ ਜਿੱਤ ਕੇ ਜਾਵਾਂਗੇ।

**ਮੈਂ ਆਣ ਭਿੜਾਊਂ ਦੱਖਣ ਕੰਧਾਰ॥ ੪੮॥** ਮੈਂ ਤੇਰੇ ਨਾਲ ਹਾਂ, ਮੈਂ ਦੱਖਣ ਤੇ ਕੰਧਾਰ ਦੀ ਟੱਕਰ ਕਰਵਾ ਦਿਆਂਗਾ, ਤੂੰ ਦੇਖ ਤਾਂ ਸਹੀਂ ਕਿਵੇਂ ਜੰਗ ਹੁੰਦਾ ਹੈ। ੪੮।

**ਵੱਲ ਪਟਯਾਲੇ ਦਯੋ ਡੇਰੋ ਤੁਰਤ ਤੁਰਵਾਇ॥** ਬਘੇਲ ਸਿੰਘ ਨੇ ਹੁਕਮ ਕਰਕੇ ਤੁਰਤ ਹੀ ਪਟਿਆਲੇ ਵੱਲ ਨੂੰ ਆਪਣੀ ਫ਼ੌਜ ਦਾ ਡੇਰਾ ਤੋਰ ਦਿੱਤਾ ਹੈ।

**ਸੁਨ ਰਾਜੈ ਦਿਲ ਕ੍ਰੋਧ ਭਯੋ ਆਇ॥** ਪਟਿਆਲੇ ਨੂੰ ਬਘੇਲ ਸਿੰਘ ਦੀ ਫ਼ੌਜ ਆਉਣਾ ਸੁਣ ਕੇ ਰਾਜੇ ਅਮਰ ਸਿੰਘ ਦੇ ਦਿਲ ਵਿਚ ਬੜਾ ਕ੍ਰੋਧ ਆਇਆ ਹੈ। ਇਹ ਤਾਂ ਸਿੱਧਾ ਹੀ ਪਟਿਆਲੇ ਨੂੰ, ਇਹਨਾਂ ਦੇ ਐਡੇ ਦਿਲ ਵਧੇ ਹੋਏ ਹਨ, ਇਨ੍ਹਾਂ ਨੇ ਮੇਰਾ ਕੋਈ ਭੈ ਨਹੀਂ ਖਾਧਾ ਹੈ।

**ਸੱਦ ਸੁਕਾਰੀਅਨ ਹੁਕਮ ਕਰ ਦਯੋ॥** ਪਟਿਆਲੇ ਦੀ ਸਰਕਾਰੀ ਫ਼ੌਜ ਨੂੰ ਸੱਦ ਕੇ ਰਾਜੇ ਅਮਰ ਸਿੰਘ ਨੇ ਹੁਕਮ ਕਰ ਦਿੱਤਾ।

**'ਮਾਰ ਸਿੰਘ ਘੋੜੇ ਲੈ ਅਯੋ' ॥ ੪੯॥** ਉਨ੍ਹਾਂ ਨੂੰ ਕਹਿੰਦਾ ਕਰੋ ਹਮਲਾ ਤੁਸੀਂ, ਜਾਉਂ ਦੂਰ ਹੀ ਸਿੰਘਾਂ ਨੂੰ ਮਾਰ ਕੇ ਉਨ੍ਹਾਂ ਦੇ ਘੋੜੇ ਲੈ ਆਉ ਖੋਹ ਕੇ, ਇਉਂ ਹੁਕਮ ਕਰ ਦਿੱਤਾ ਹੈ, ਜਿਵੇਂ ਸ਼ਿਕਾਰੀ ਚੜ੍ਹੇ ਹੁੰਦੇ ਹਨ ਸ਼ਿਕਾਰ ਨੂੰ। ੪੯।

**ਵਕੀਲ ਰਾਜੈ ਹੁਤ ਚੈਨ ਸਿੰਘ ਜੋਊ॥** ਰਾਜੇ ਅਮਰ ਸਿੰਘ ਦਾ ਜਿਹੜਾ ਵਕੀਲ ਸੀ ਚੈਨ ਸਿੰਘ।

**ਪਾਸ ਬਘੇਲ ਸਿੰਘ ਰਹਿਤ ਥੋ ਸੋਊ॥** ਉਹ ਬਘੇਲ ਸਿੰਘ ਦੇ ਕੋਲ ਰਹਿੰਦਾ ਸੀ, ਕਿਉਂਕਿ ਵਕੀਲ ਰਹਿੰਦੇ ਹਨ, ਉਧਰੋਂ ਉਧਰੀ ਖ਼ਬਰਾਂ ਦੇਣ ਵਾਸਤੇ, ਜਿਨ੍ਹਾਂ ਦਾ ਇਲਾਕਾ ਸਾਂਝਾ ਹੁੰਦਾ ਹੈ।

**ਉਨ ਸੁਨ ਭੇਜੀ ਹਲਕਾਰਨ ਜੋੜੀ॥** ਉਸ ਨੇ ਸੁਣ ਕੇ ਕਿ ਰਾਜੇ ਨੇ ਫ਼ੌਜ ਨੂੰ ਹੁਕਮ ਦੇ ਦਿੱਤਾ ਹੈ ਕਿ ਸਿੰਘਾਂ ਨੂੰ ਮਾਰ ਕੇ ਘੋੜੇ ਖੋਹ ਲਿਆਉ, ਉਸ ਨੇ ਜੋੜੀ ਹਲਕਾਰਿਆਂ ਦੀ ਭੇਜੀ ਹੈ ਰਾਜੇ ਨੂੰ ਖ਼ਬਰ ਦੇਣ ਵਾਸਤੇ।

**'ਲੜਯੋ ਨ ਸਿੰਘਨ ਲਖ ਫੌਜ ਥੋਰੀ' ॥ ੫੦॥** ਕਿਤੇ ਸਿੰਘਾਂ ਦੀ ਥੋੜ੍ਹੀ ਫ਼ੌਜ ਦੇਖ ਕੇ ਨਾ ਲੜ ਪਾਇਓ, ਸਿੰਘਾਂ ਨਾਲ ਲੜਾਈ ਨਹੀਂ ਪੁਗਣੀ ਹੈ, ਚੈਨ ਸਿੰਘ ਨੇ ਇਉਂ ਸਲਾਹ ਦਿੱਤੀ ਹੈ। ੫੦।

**ਰਾਜੇ ਕਹੀ 'ਤੂੰ ਵਕਤ ਖੁੰਝਾਵੈਂ॥** ਰਾਜੇ ਨੇ ਅੱਗੋਂ ਚੈਨ ਸਿੰਘ ਨੂੰ ਕਿਹਾ, 'ਤੂੰ ਸਮਾਂ ਖੁੰਝਾ ਰਿਹਾ ਹੈਂ, ਅਸੀਂ ਹਮਲਾ ਕਰਕੇ ਹੁਣ ਖੋਹ ਲੈਂਦੇ ਹਾਂ, ਤੂੰ ਅੱਗੋਂ ਸਮਾਂ ਟਾਲ ਰਿਹਾ ਹੈਂ।

**ਫਿਰ ਯਹਿ ਵੇਲੋ ਹਮ ਕਬ ਪਾਵੈਂ॥** ਫਿਰ ਇਹੋ ਜਿਹਾ ਵੇਲਾ ਕਦੋਂ ਸਾਨੂੰ ਮਿਲੇਗਾ, ਹੁਣ ਸਾਨੂੰ ਇਨ੍ਹਾਂ ਨਾਲੋਂ ਕਿੰਨੀ ਵੱਧ ਫ਼ੌਜ ਮਿਲੀ ਹੈ! ਕਿੰਨੇ ਹਥਿਆਰ ਇਨ੍ਹਾਂ ਨਾਲੋਂ ਵੱਧ ਹਨ ਸਾਡੇ ਕੋਲ! ਸਾਡਾ ਤਾਂ ਮੌਕਾ ਹੁਣ ਬਣਿਆ ਹੈ ਆ ਕੇ।

**ਸਦ ਛਿੜਵਾਲ ਔ ਫੁਲਵੈਣ ਸੁਦਾਰ॥** ਰਾਜੇ ਨੇ ਫੂਲਕਿਆਂ ਸਰਦਾਰਾਂ ਅਤੇ ਹੋਰ ਛੇੜਾਂ ਛੇੜਨ ਵਾਲਿਆਂ ਨੂੰ ਸੱਦਿਆ ਹੈ।

**ਪੁਛੀ ਸਲਾਹ ਸਦ ਭਾਈਚਾਰ॥ ੫੧॥** ਭਾਈਚਾਰਾ ਜਾਣ ਕੇ, ਉਨ੍ਹਾਂ ਨੂੰ ਸੱਦ ਕੇ ਉਹ ਸਲਾਹ ਪੁੱਛੀ ਹੈ। ਵਕੀਲ ਕਹਿੰਦਾ

ਹੈ, ਸਿੰਘਾਂ ਨੂੰ ਥੋੜ੍ਹੇ ਵੇਖ ਕਿਤੇ ਜੰਗ ਨਾ ਕਰ ਬੈਠਿਓ, ਹੁਣ ਤੁਸੀਂ ਦੱਸੋ ਕਿਵੇਂ ਕਰੀਏ? ਜੰਗ ਕਰੀਏ ਕਿ ਨਾ ਕਰੀਏ। ੫੧।

***ਦੋਹਰਾ॥ ਜੋ ਜੋ ਅਏ ਦਨਾਉ ਤਹਿਂ ਸਭ ਕਹਿਤ ਆਏ ਮਾਰ ਮਾਰ॥*** ਜਿਹੜੇ ਸਿਆਣੇ ਸਮਝੇ ਸੀ ਰਾਜੇ ਨੇ ਕਿ ਸਿਆਣੇ ਨੇ, ਸਿਆਣੀ ਸਲਾਹ ਦੇਣਗੇ, ਜਿਹੜੇ ਜਿਹੜੇ ਸਿਆਣੇ ਉਥੇ ਆਏ ਸੀ, ਰਾਜੇ ਨੂੰ ਸਲਾਹ ਦੇਣ ਵਾਲੇ, ਉਹ ਸਭ ਕਹਿੰਦੇ ਹਨ ਮਾਰ ਮਾਰ ਲਉ, ਕੀ ਬਘੇਲ ਸਿੰਘ ਹੈ? ਕੀ ਖੜੇਗਾ ਸਾਡੇ ਸਾਮ੍ਹਣੇ ਉਹ। ਇਉਂ ਉਨ੍ਹਾਂ ਸਿਆਣੀ ਰਾਏ ਕੋਈ ਨਾ ਦਿੱਤੀ, ਸਗੋਂ ਲੜਾਈ ਕਹਿੰਦੇ ਛੇੜ ਦਿਉ, ਛੇੜ ਦਿਉ, ਪੈ ਜਾਓ, ਪੈ ਜਾਓ ਇਨ੍ਹਾਂ ਨੂੰ, ਇਨ੍ਹਾਂ ਤੋਂ ਘੋੜੇ ਖੋਹ ਲਵੋ।

***ਵਕੀਲ ਰਲਯੋ ਸਾਥ ਸਿੰਘਨ ਕੈ ਵ੍ਹਿ ਚਹਿਤ ਤੁਹਾਰੀ ਹਾਰ॥ ੫੨॥*** ਰਾਜੇ ਅਮਰ ਸਿੰਘ ਨੂੰ ਉਸ ਦੇ ਭਾਈਚਾਰੇ ਨੇ ਕਿਹਾ, 'ਵਕੀਲ ਤੁਹਾਡਾ ਸਿੰਘਾਂ ਨਾਲ ਰਲ ਗਿਆ ਹੈ, ਉਹ ਤੁਹਾਡੀ ਦਿਲੋਂ ਹਾਰ ਚਾਹੁੰਦਾ ਹੈ ਕਿ ਰਾਜਾ ਹਾਰ ਜਾਵੇ'। ੫੨।

***ਚੌਪਈ॥ ਤੁਮ ਲੜਨੋ ਹਮ ਹੀ ਕੋ ਕਹੋ॥*** ਤੁਸੀਂ ਸਾਨੂੰ ਭਾਈਚਾਰੇ ਨੂੰ ਜੰਗ ਕਰਨ ਵਾਸਤੇ ਕਹੋ, ਅਸੀਂ ਕਿਵੇਂ ਮੂੰਹ ਮੋੜਦੇ ਹਾਂ ਉਨ੍ਹਾਂ ਦਾ।

***ਆਪ ਬੈਠ ਤੁਮ ਪਟਯਾਲੇ ਰਹੋ॥*** ਤੁਸੀਂ ਆਪ ਪਟਿਆਲੇ ਬੈਠੇ ਰਹੋ, ਤੁਹਾਨੂੰ ਕੋਈ ਲੋੜ ਨਹੀਂ ਹੈ। ਲੜਾਈ ਵਿਚ ਜਾਣ ਦੀ।

***ਹਮ ਫੜ ਲਯਾਵੈਂ ਸਿੰਘ ਬਘੇਲੋ॥*** ਅਸੀਂ ਫੜ ਲਿਆਉਂਦੇ ਹਾਂ ਬਘੇਲ ਸਿੰਘ ਨੂੰ ਜਾ ਕੇ।

***ਵਕੀਲ ਕਹੇ ਕਿਮ ਚੁਕਤ ਹੈ ਵੇਲੋ॥ ੫੩॥*** ਵਕੀਲ ਤਾਂ ਕਹਿੰਦਾ ਹੈ, ਕਿਵੇਂ ਨਾ ਕਿਵੇਂ ਵੇਲਾ ਟੱਪ ਜਾਏ ਲੜਾਈ ਦਾ। ੫੩।

***ਉਨ ਲੈਣ ਕੀਨੋ ਕੁਛ ਸਿੰਘਨ ਕੋਲੈ॥*** ਉਸ (ਚੈਨ ਸਿੰਘ) ਨੇ ਸਿੰਘਾਂ ਕੋਲੋਂ ਕੁਛ ਲੈਣਾ ਕਰ ਲਿਆ ਹੈ, ਉਹ ਤਾਂ ਵੇਲਾ ਖੁੰਝਾ ਰਿਹਾ ਹੈ।

***ਛਿੜਵਾਲ ਫੁਜਦਾਰ ਇਮ ਕਹਿ ਬੋਲੈ॥*** (ਛਿੜਵਾਲ) ਜਿਹੜੀਆਂ ਛੇੜਾਂ ਸਨ, ਐਵੇਂ ਮਾਂਗਵੀਆਂ ਧਾੜਾਂ, ਉਨ੍ਹਾਂ ਦੇ ਮੋਹਰੀ ਇਉਂ ਕਹਿ ਕੇ ਬੋਲਦੇ ਸਨ ਕਿ ਤੂੰ ਸਾਨੂੰ ਕਹਿ ਅਸੀਂ ਹੱਲਾ ਕਰੀਏ।

***ਬੁਰੇ ਦਿਵਸ ਉਨ ਲੋਕਨ ਆਏ॥*** ਹੋਰ ਗੱਲ ਕੋਈ ਨਹੀਂ ਹੈ, ਜਿਹੜੇ ਲੋਕ ਪੁੱਠੀ ਸਲਾਹ ਦਿੰਦੇ ਸਨ, ਉਨ੍ਹਾਂ ਦੇ ਬੁਰੇ ਦਿਨ ਆਏ।

***ਅਪਨੀ ਮੌਤ ਉਨ ਆਪ ਸਦਾਏ॥ ੫੪॥*** ਉਨ੍ਹਾਂ ਲੋਕਾਂ ਨੇ ਆਪਣੀ ਮੌਤ ਨੂੰ ਆਪ ਹੀ ਸਦਾਇਆ ਹੈ, ਆਪ ਹੀ ਸੱਦਾ ਦੇ ਰਹੇ ਸਨ। ੫੪।

***ਯਹਿ ਸੁਨ ਵਕੀਲੈ ਫਿਰ ਲਿਖ ਦਯੋ॥*** ਜਦੋਂ ਰਾਜੇ ਦੇ ਵਕੀਲ ਨੇ ਇਹ ਗੱਲ ਸੁਣੀ ਕਿ ਰਾਜੇ ਦਾ ਭਾਈਚਾਰਾ ਲੜਾਈ ਕਰਨ ਦੀ ਪੱਕੀ ਧਾਰੀ ਬੈਠਾ ਕਿ ਲੜਾਈ ਜ਼ਰੂਰ ਹੀ ਕਰਨੀ ਹੈ। ਇਹ ਸੁਣ ਕੇ ਰਾਜੇ ਦੇ ਵਕੀਲ ਚੈਨ ਸਿੰਘ ਨੇ ਫਿਰ ਲਿਖ ਕੇ ਭੇਜ ਦਿੱਤਾ।

***'ਜੌ ਮਿਟੋ ਨਹੀਂ ਤੌ ਦੂਰ ਨ ਅਯੋ' ॥*** ਜੇ ਤੁਸੀਂ ਹਮਲਾ ਕਰਨ ਤੋਂ ਨਹੀਂ ਹਟਦੇ, ਤਾਂ ਪਟਿਆਲੇ ਤੋਂ ਦੂਰ ਨਾ ਆਇਓ। ਪਟਿਆਲੇ ਦੇ ਨੇੜੇ-ਨੇੜੇ ਹੀ ਹੱਲਾ ਕਰਿਓ।

***ਤੌ ਲੋਕਨ ਇਮ ਹਾਸੀ ਉਚਾਰੀ॥*** ਤਾਂ ਮਾਂਗਵੀਆਂ ਧਾੜਾਂ ਨੇ ਇਉਂ ਖਿੱਲੀ ਉਡਾਈ ਹੈ ਰਾਜੇ ਅਮਰ ਸਿੰਘ ਦੀ।

***'ਵਕੀਲ ਕੀਆ ਰਾਜੈ ਕਯਾ ਭਾਰੀ' ॥ ੫੫॥*** ਕਿਆ ਭਾਰੀ ਵਕੀਲ ਕੀਤਾ ਹੈ ਰਾਜੇ ਨੇ, ਬੜਾ ਦਲੇਰ ਹੈ, ਬੜੀ ਜਿੱਤ ਚਾਹੁੰਦਾ ਹੈ ਰਾਜੇ ਦੀ। ੫੫।

***ਤੌ ਛਿੜਵਾਲ ਇਮ ਕਰੀ ਸਲਾਹੋ॥*** ਤਾਂ ਲੁੱਟ-ਮਾਰ ਵਾਲੀਆਂ ਛੇੜਾਂ ਨੇ ਇਉਂ ਸਲਾਹ ਕੀਤੀ ਹੈ।

***'ਬਿਨ ਪੂਛੇ ਰਾਜੇ ਲੂਟ ਸਿੰਘ ਖਾਹੋ'॥*** ਕੀ ਪੁੱਛਣ ਦੀ ਲੋੜ ਹੈ ਰਾਜੇ ਨੂੰ, ਇਸ ਤੋਂ ਕੀ ਹੁਕਮ ਲੈਣਾ ਹੈ, ਆਪਾਂ ਰਾਜੇ ਨੂੰ ਪੁੱਛੇ ਤੋਂ ਬਿਨਾਂ ਹੀ ਸਿੰਘਾਂ ਨੂੰ ਲੁੱਟ ਕੇ ਖੂਬ ਖਾਈਏ ਪੀਏ। ਸਿੰਘਾਂ ਦੇ ਘੋੜੇ ਆਦਿਕ ਅਤੇ ਹੋਰ ਰਾਜ-ਸਾਜ ਖੋਹ ਲਈਏ।

***ਜਿਨ ਹੁਤੀ ਨ ਦੇਖੀ ਸਿੰਘਨ ਲੜਾਈ॥*** ਜਿਨ੍ਹਾਂ ਲੋਕਾਂ ਨੇ ਸਿੰਘਾਂ ਦੀ ਲੜਾਈ ਅੱਜ ਤੱਕ ਨਹੀਂ ਵੇਖੀ ਸੀ ਕਿ ਸਿੰਘ ਕਿਵੇਂ ਲੜਦੇ ਹੁੰਦੇ ਹਨ, ਕਿਸ ਤਰ੍ਹਾਂ ਦ੍ਰਿੜ੍ਹਤਾ ਨਾਲ ਲੜਾਈ ਕਰਨੀ ਹੈ ਸਿੰਘਾਂ ਨੇ।

***ਪੋਚ ਪੋਚ ਬਰਛੀ ਤੇ ਕਹੈਂ ਚਮਕਾਈ॥ ੫੬॥*** ਕੱਪੜੇ ਨਾਲ ਬਰਛੀ ਨੂੰ ਪੂੰਝ-ਪੂੰਝ ਕੇ ਤੇ ਚਮਕਾ ਕੇ ਕਹਿੰਦੇ ਹਨ। ੫੬।

***ਦੋਹਰਾ॥ ਜਿੱਕਾਂ ਮਝੈਲੇ ਬੇਟੜੇ ਅਸਾਂ ਅਜ ਅੱਛੇ ਆਹਿ॥*** ਜਿਵੇਂ ਮਝੈਲਾਂ ਦੇ ਮੁੰਡੇ ਅੱਜ ਸਾਡੇ ਅੜਿੱਕੇ ਆਏ ਹਨ, ਇਹ ਫਿਰ ਨਹੀਂ ਆਉਣੇ ਏਸ ਤਰ੍ਹਾਂ, ਇਹ ਆਪਣੇ ਆਪ ਹੀ ਆ ਗਏ ਹਨ ਏਥੇ।

***ਘੈਘੋੜੀ ਉਨ ਟੋਡ ਬਹੁ ਬਰਛੀ ਮੱਧ ਪਿਠੇ ਗਡਾਹਿੰ॥ ੫੭॥*** ਮਲਵਈ ਕਹਿੰਦੇ ਜਦੋਂ ਮਝੈਲ ਭੱਜਣ ਲੱਗੇ ਨਾ, ਉਦੋਂ ਪਿੱਛੋਂ ਦੀ ਬਰਛੀ ਉਨ੍ਹਾਂ ਦੀ ਪਿਠ 'ਤੇ ਮਾਰ ਕੇ (ਘੈ) ਜ਼ਖ਼ਮੀ ਕਰਕੇ ਉਨ੍ਹਾਂ ਦੀਆਂ ਘੋੜੀਆਂ ਤੇ (ਟੋਡ) ਊਠ ਆਦਿਕ। ੫੭।

***ਚੌਪਈ॥ ਕੋਊ ਕਹੈ, ਹਮ ਘੋੜੀ ਲਯਾਵੈਂ॥*** ਆਪਸ ਵਿਚ ਕੋਈ ਕਹਿੰਦਾ, 'ਮੈਂ ਤਾਂ ਚੰਗੀ ਜਿਹੀ ਘੋੜੀ ਵੇਖ ਕੇ ਖੋਹ ਕੇ ਲਿਆਵਾਂਗਾ'।

***ਕਿੱਲੇ ਵੱਧਰ ਹਮ ਘਰ ਜਾਇ ਪਾਵੈਂ॥*** ਏਥੇ ਨਹੀਂ ਬੰਨਣਾ ਉਸ ਨੂੰ, ਮੈਂ ਤਾਂ ਉਥੋਂ ਹੀ ਘਰ ਨੂੰ ਤੁਰ ਜਾਣਾ ਹੈ, ਘੋੜੀ ਨੂੰ ਬੰਨ੍ਹਣ ਵਾਸਤੇ ਕਿੱਲੇ ਨਾਲ ਮੈਂ ਤਾਂ ਘਰੇ ਜਾ ਕੇ ਹੀ (ਵੱਧ) ਬੱਧਰ, ਚਮੜੇ ਦਾ ਰੱਸਾ ਪਾਵਾਂਗਾ, ਘੋੜੀ ਦੇ।

***ਕੋਊ ਕਹੈ, 'ਮੈਂ ਭਲ ਸੌਣ ਆਯੋ॥*** ਕੋਈ ਕਹਿੰਦਾ ਹੈ, ਸ਼ੁੱਭ ਸਮੇਂ ਘਰ ਤੋਂ ਆਇਆ ਹਾਂ। ਲੜਾਈ ਤੋਂ ਅਣਜਾਣ ਲੋਕ ਇਹੋ ਜਿਹੀਆਂ ਗੱਲਾਂ ਕਰਦੇ ਸਨ।

***ਆਵੌਂ ਮਾਲ ਜੁ ਮਨ ਮਹਿਂ ਭਾਯੋ॥ ੫੮॥*** ਮੇਰੇ ਤਾਂ ਮਨ ਜਿਹੜਾ (ਮਾਲ) ਪਸ਼ੂ, ਘੋੜੀ ਊਠ ਆਦਿਕ ਜੋ ਚੰਗਾ ਲੱਗਿਆ ਉਹ ਲੈ ਕੇ ਆਵਾਂਗਾ ਖੋਹ ਕੇ। ੫੮।

***ਕੋਊ ਕਹੈ, 'ਮੋਹਿ ਮਿਲਯੋ ਬਘਯਾੜੋ॥*** ਕੋਈ ਕਹਿੰਦਾ, 'ਮੈਨੂੰ ਤਾਂ ਘਰੋਂ ਆਉਂਦਿਆਂ ਰਸਤੇ ਵਿਚ ਬਘਿਆੜ ਮਿਲਿਆ ਸੀ।

***ਕੋਊ ਕਹੈ ਮੋਹਿ ਮਿਲਯੋ ਸਪਕਾਰੋ'॥*** ਕੋਈ ਕਹਿੰਦਾ, 'ਮੈਨੂੰ ਤਾਂ ਕਾਲਾ ਸੱਪ ਮਿਲਿਆ ਸੀ। ਸੱਪ ਤੇ ਬਘਿਆੜ ਵੀ ਕਾਲ ਦੀ ਨਿਸ਼ਾਨੀ ਹੈ। ਇਹ ਕੁਸ਼ਗਨ ਹਨ ਪਰ ਉਹ ਇਸ ਨੂੰ ਚੰਗਾ ਸ਼ਗਨ ਸਮਝ ਰਹੇ ਸਨ।

***ਥੀ ਦੇਖੀ ਜਿਨ ਸਿੰਘਨ ਲੜਾਈ॥*** ਜਿਨ੍ਹਾਂ ਲੋਕਾਂ ਨੇ ਸਿੰਘਾਂ ਦੀ ਲੜਾਈ ਹੁੰਦੀ ਵੇਖੀ ਸੀ ਦੁਸ਼ਮਣ ਨਾਲ।

***ਕਹਿੰ ਮਲਵੱਈਅਨ 'ਮਿਲ ਅਏ ਹੋ ਮਾਈ'॥ ੫੯॥*** ਉਨ੍ਹਾਂ ਨੇ ਮਲਵਈਆਂ ਨੂੰ ਕਿਹਾ, 'ਜਦੋਂ ਘਰੋਂ ਤੁਰੇ ਸੀ, ਉਦੋਂ ਆਪਣੀ ਮਾਂ ਨੂੰ ਮਿਲ ਆਏ ਸੀ ਕਿ ਨਹੀਂ ਮਿਲੇ ਸੀ। ੫੯।

***ਜੇ ਨਹਿੰ ਮਿਲੇ ਤਾਂ ਅਬ ਮਿਲ ਆਵੋ॥*** ਜੇ ਤੁਸੀਂ ਆਪਣੀ ਮਾਂ ਨੂੰ ਨਹੀਂ ਮਿਲ ਕੇ ਆਏ, ਤਾਂ ਹੁਣ ਜਾ ਕੇ ਮਿਲ ਆਉ।

***'ਸਿੰਘਨ ਲੜ ਫਿਰ ਮਿਲਨ ਨ ਪਾਵੋਂ'॥*** ਜਦੋਂ ਸਿੰਘਾਂ ਨਾਲ ਲੜੇ, ਫਿਰ ਨਹੀਂ ਮਾਂ ਮਿਲਣੀ, ਹੁਣੇ ਹੀ ਮਿਲ ਆਓ, ਜੇ ਮਿਲਣਾ ਹੈ ਤਾਂ।

***ਐਸੀ ਐਸੀ ਕਹਿ ਬਾਤ ਹੰਸਾਹਿੰ॥*** ਐਸੀਆਂ-ਐਸੀਆਂ ਗੱਲਾਂ ਕਹਿ ਕੇ ਹਸਾਉਂਦੇ ਹਨ, ਸਿਆਣੇ ਲੋਕ ਤਾਂ ਇਉਂ ਸਿਆਣੀ ਗੱਲ ਹੀ ਕਹਿੰਦੇ ਹਨ।

***ਕਰੈਂ ਖਿਲੀ ਸੁ ਮਝੈਲਨ ਸੁਨਾਹਿੰ॥ ੬੦॥*** ਮਝੈਲਾਂ ਨੂੰ ਸੁਣਾ-ਸੁਣਾ ਕੇ ਮਜ਼ਾਕ ਉਡਾਉਂਦੇ ਹਨ ਉਨ੍ਹਾਂ ਦਾ। ੬੦।

***ਅਬ ਆਗੈ ਸੁਨੋ ਸਿੰਘਨ ਕੀ ਬਾਤ॥*** ਹੁਣ ਅੱਗੇ ਸਿੰਘਾਂ ਦੀ ਗੱਲ ਸੁਣੋ ਜਿਵੇਂ ਹੋਈ ਹੈ।

***ਉਨ ਸੁਨਯੋ ਆਏ ਮਲਵਈ ਬਹੁ ਧਾਤ॥*** ਉਨ੍ਹਾਂ ਨੇ ਸੁਣਿਆਂ ਕਿ ਬਹੁਤ ਸਾਰੇ ਮਲਵਈ ਸਾਡੇ 'ਤੇ ਹੱਲਾ ਕਰਕੇ ਆ ਰਹੇ ਹਨ।

***ਭਈ ਬਹੀਰੀਅਨ ਮਨ ਸੰਕਾਇ॥*** ਉਧਰ ਵਹੀਰੀਆਂ ਦੇ ਮਨ ਵਿਚ ਵੀ ਸ਼ੰਕਾ ਆ ਗਈ।

***ਕਈਅਨ ਦੀਨੀ ਦੀਜੈ ਮੁੜਵਾਇ॥ ੬੧॥*** ਜਿਹੜੇ ਪਿੱਛੋਂ ਦਲ ਵਿੱਚੋਂ ਆਏ ਸਨ, ਕਈਆਂ ਨੇ ਆਪਣੀਆਂ ਚੀਜ਼ਾਂ ਭਾਰ ਬਰਦਾਰੀ ਆਦਿ ਪਿੱਛੇ ਨੂੰ ਮੋੜ ਦਿੱਤੀਆਂ ਹਨ ਕਿ ਫਿਰ ਪਿੱਛੋਂ ਕਿਥੇ ਨੱਠਿਆ ਜਾਣਾ ਹੈ। ੬੧।

***ਦੋਹਰਾ॥ ਕਹਿਂ ਥੋੜੇ ਸਿੰਘ ਹਮ ਆਇ ਫਸੇ ਦੇਸ਼ ਉਨੈਂ ਕੈ ਮਾਂਹਿ॥*** ਸਿੰਘਾਂ ਨੂੰ ਚਿੰਤਾ ਹੋ ਗਈ ਹੈ, ਕਹਿਣ ਲੱਗੇ ਅਸੀਂ ਥੋੜ੍ਹੇ ਜਿਹੇ ਸਿੰਘ ਉਨ੍ਹਾਂ ਦੇ ਦੇਸ਼ ਵਿਚ ਆ ਫਸੇ ਹਾਂ।

***ਜੋ ਆਇ ਸੂਕਾਰੈ ਘੇਰ ਹੈ ਹਮ ਫੇਰ ਨ ਨਿਕਸਨ ਪਾਂਹਿ॥ ੬੨॥*** ਜੇ ਸਰਕਾਰੀ ਫ਼ੌਜ ਨੇ ਆ ਕੇ ਸਾਨੂੰ ਘੇਰ ਲਿਆ, ਤਾਂ ਫਿਰ ਇਥੋਂ ਨਿਕਲਣਾ ਨਹੀਂ ਪਾਵਾਂਗੇ। ਘੇਰੇ ਵਿੱਚੋਂ ਨਿਕਲ ਨਹੀਂ ਸਕਾਂਗੇ। ੬੨।

***ਚੌਪਈ॥ ਐਸੀ ਸੋਚ ਇਤ ਦਲ ਮਧ ਭਈ॥*** ਇਧਰ ਬਘੇਲ ਸਿੰਘ ਦੇ ਦਲ ਵਿਚ ਐਸੀ (ਸੋਚ) ਚਿੰਤਾ ਹੋ ਗਈ ਕਿ ਕਿਤੇ ਉਹੀ ਨਾ ਹੋਵੇ, ਉਹ ਜਿੱਤ ਜਾਣ ਤੇ ਅਸੀਂ ਹਾਰ ਜਾਈਏ।

***ਨਹਿਂ ਢਿਗ ਬਘੇਲ ਸਿੰਘ ਡਰ ਕਿਨ ਕਹੀ॥*** ਕਿਸੇ ਨੇ ਡਰਦੇ ਨੇ ਬਘੇਲ ਸਿੰਘ ਨੂੰ ਆਪਣੇ ਮਨ ਦੀ ਗੱਲ ਆਖੀ ਨਹੀਂ, ਜਿਵੇਂ ਬਘੇਲ ਸਿੰਘ ਹੁਕਮ ਕਰਦਾ ਹੈ, ਉਵੇਂ ਹੀ ਉਸ ਦੇ ਹੁਕਮ ਦੀ ਪਾਲਣਾ ਕਰੀ ਜਾਂਦੇ ਸਨ।

***ਇਕ ਦੁਲਚੈ ਇਮ ਆਨ ਉਚਾਰੀ॥*** ਇਕ ਸ੍ਰ. ਦੁਲਚਾ ਸਿੰਘ ਨੇ ਇਉਂ ਆ ਕੇ ਕਿਹਾ ਬਘੇਲ ਸਿੰਘ ਨੂੰ।

***'ਬਹੁ ਅਏ ਮਲਵਈ ਅਕਬਰ ਫੌਜ ਭਾਰੀ' ॥ ੬੩॥*** ਮਾਲਵਾ ਸਾਰਾ ਹੀ ਇਕੱਠਾ ਹੋ ਕੇ ਆਇਆ ਹੈ, (ਅਕਬਰ ਦੀ ਫ਼ੌਜ ਵਾਂਗ) ਹੁਣ ਬੜੀ ਭਾਰੀ ਫ਼ੌਜ ਕਰਕੇ ਬਹੁਤ ਮਲਵਈ ਆਏ ਹਨ। ੬੩।

***ਤੁਸੀਂ ਮਿਸਲ ਕੋਈ ਸਾਥ ਨ ਲਈ॥*** ਤੁਸੀਂ ਕੋਈ ਮਿਸਲ ਵੀ ਆਪਣੇ ਨਾਲ ਨਹੀਂ ਲਈ ਹੈ।

***ਤੁਮ ਹਮ ਪੁਛੈ ਬਿਨ ਕਾਹਲ ਕਈ॥*** ਸਾਡੀ ਸਲਾਹ ਪੁੱਛੇ ਤੋਂ ਬਿਨਾਂ ਹੀ ਤੁਸੀਂ ਕਾਹਲੀ ਕੀਤੀ।

***ਅਬ ਦਸ ਪੰਜ ਦਿਨ ਧੀਰ ਧਰਾਵੋ॥*** ਹੁਣ ਅਸੀਂ ਪੰਜ ਦਸ ਦਿਨ ਅਜੇ ਨਾ ਲੜੀਏ, ਧੀਰਜ ਰੱਖੋ, ਮਦਦ ਮੰਗਾ ਲਈਏ ਆਪ ਦੀ।

***ਮੁੜ ਡੇਰਾ ਦੇਸ਼ ਅਪਨੇ ਲਾਵੋ॥ ੬੪॥*** ਇਹਨਾਂ ਦਾ ਇਲਾਕਾ ਛੱਡ ਕੇ, ਮੁੜ ਕੇ ਡੇਰਾ ਆਪਣੇ ਦੇਸ਼ ਵਿਚ ਲਾ ਲਈਏ, ਆਪ ਦੇ ਇਲਾਕੇ ਵਿਚ ਚਲ ਉਤਰੀਏ ਦੁਲਚਾ ਸਿੰਘ ਨੇ ਕਿਹਾ। ੬੪।

***ਤੌ ਹਸ ਬਘੇਲ ਸਿੰਘ ਐਸ ਉਚਾਰੀ॥*** ਤਾਂ ਅੱਗੋਂ ਹੱਸ ਕੇ ਬਘੇਲ ਸਿੰਘ ਨੇ ਐਸੇ ਕਿਹਾ, ਦੁਲਚਾ ਸਿੰਘ ਨੂੰ।

***'ਅਬ ਮੁੜ ਚਲ ਕਯਾ ਰਹੂਗੁ ਤੁਮਾਰੀ॥*** ਜੇ ਹੁਣ ਆਪ ਦੇ ਇਲਾਕੇ ਮੁੜ ਚਲੀਏ, ਤਾਂ ਕੀ ਰਹੇਗਾ ਤੁਹਾਡੇ ਕੋਲ, ਕੀ ਆਖਣਗੇ ਲੋਕ?

***ਮਗਰੇ ਡੇਰਾ ਮਲਵਈ ਚਲਾਵੈ॥*** ਉਹ ਛੱਡਣਗੇ ਹੁਣ, ਸਾਡੇ ਮਗਰ ਹੀ ਮਲਵਈ ਆਪਣਾ ਡੇਰਾ ਤੋਰ ਲੈਣਗੇ। ਚਲ ਤੂੰ ਆਪਦੇ ਇਲਾਕੇ ਵਿਚ ਜਾ ਕੇ ਵੇਖ ਲੈ, ਉਥੇ ਵੀ ਲੜਾਈ ਹੋਵੇਗੀ, ਏਥੀ ਵੀ ਲੜਾਈ ਹੋਵੇਗੀ, ਲੜਾਈ ਤਾਂ ਕਰਨੀ ਪੈਣੀ ਹੈ, ਹੁਣ ਇਹ ਲੜਾਈ ਨਹੀਂ ਟਲਣੀ।

***ਯਹ ਪੰਥ ਮਧ ਕਯਾ ਹਾਸੀ ਕਰਾਵੈਂ॥ ੬੫॥*** ਇਹ ਪੰਥ ਵਿਚ ਕੀ ਹਾਸੀ ਕਰਾਉਂਗੇ, ਪੰਥ ਵਿਚ ਮਖੌਲ ਕਰਨਗੇ ਕਿ ਆਹ ਪਟਿਆਲਾ ਜਿੱਤ ਕੇ ਆਏ ਹਨ ਸਰਦਾਰ ਹੋਰੀਂ। ੬੫।

***ਤਉ ਕਹੀ ਸਿੰਘ, 'ਬਜਾਓ ਨਗਾਰੇ॥*** ਤਾਂ ਸ੍ਰ ਬਘੇਲ ਸਿੰਘ ਨੇ ਕਿਹਾ ਨਗਾਰੇ 'ਤੇ ਚੋਟਾਂ ਲਾਓ, ਲੜਾਈ ਅਰੰਭ ਕਰੀਏ।

***ਕਰੂਗੁ ਗੁਰੂ ਜੋ ਉਸੈ ਭਾਵੈ ਕਾਰੇ' ॥*** ਗੁਰੂ ਕਰੇਗਾ ਜੋ ਉਸ ਨੂੰ ਕੰਮ ਭਾਏਗਾ, ਆਪਾਂ ਨੂੰ ਫਿਕਰ ਕਰਨ ਦੀ ਲੋੜ ਨਹੀਂ।

***ਸੱਦ ਸੂਦਾਰਨ ਦੀਵਾਨ ਲਗਾਯੋ॥*** ਸਾਰੇ ਜੱਥੇਦਾਰਾਂ ਨੂੰ ਸੱਦ ਕੇ ਦੀਵਾਨ ਲਗਾਇਆ ਹੈ ਇਕ ਥਾਂ 'ਤੇ।

***ਜੰਗ ਕਰਨ ਕੋ ਮਤੋ ਮਤਾਯੋ॥ ੬੬॥*** ਜੰਗ ਕਰਨ ਵਾਸਤੇ ਗੁਰਮਤਾ ਕਰ ਲਿਆ ਹੈ ਕਿ ਬਿਨਾਂ ਲੜਾਈ ਕੀਤੇ ਤੋਂ, ਏਥੋਂ ਵਾਪਸ ਨਹੀਂ ਮੁੜਨਾ। ੬੬।

***ਦੋਹਰਾ॥ ਖਾਲਸੇ ਸੋਊ ਮੰਨ ਲਈ ਕਹੀ ਜੁ ਸਿੰਘ ਬਘੇਲ॥*** ਜੋ ਸ੍ਰ. ਬਘੇਲ ਸਿੰਘ ਨੇ ਕਿਹਾ ਹੈ, ਖਾਲਸੇ ਨੇ ਉਸ ਨੂੰ ਮੰਨ ਲਿਆ; ਜਿਵੇਂ ਤੁਸੀਂ ਕਹਿੰਦੇ ਹੋ, ਅਸੀਂ ਓਵੇਂ ਕਰਾਂਗੇ।

***'ਹਮ ਲਰਨੌ ਮਰਨੌ ਕਿਮ ਸੰਗੈਂ ਯਹ ਹੈ ਹਮਰੀ ਨਿਤ ਖੇਲ' ॥ ੬੭॥*** ਅਸੀਂ ਲੜਨ ਮਰਨ ਤੋਂ ਕਿਉਂ ਸੰਗਾਂਗੇ, ਇਹ ਲੜਾਈ ਤਾਂ ਸਾਡੀ ਨਿੱਤ ਦੀ ਖੇਡ ਹੈ। ਅੱਜ ਲੜੇ ਹਾਂ, ਉਸ ਤੋਂ ਅਗਲੇ ਦਿਨ ਫਿਰ ਲੜਨਾ ਹੈ, ਸਾਡਾ ਤਾਂ ਕੰਮ ਹੀ ਨਿੱਤ ਲੜਾਈ ਦਾ ਹੈ। ੬੭।

***ਚੌਪਈ॥ ਤੌ ਦੁਲਚੈ ਸਿੰਘ ਕੋ ਥੰਨੌ ਸੌਂਪਾਯੋ॥*** ਤਾਂ ਦੂਲਚਾ ਸਿੰਘ ਨੂੰ (ਥੰਨਾ) ਲੜਾਕੂ ਫ਼ੌਜ ਦਾ ਮੋਰਚਾ ਸੌਂਪਿਆ।

***ਸੁੱਖੂ ਸਿੰਘ ਸੱਦ ਮੁਹਰੈ ਲਾਯੋ॥*** ਸੁੱਖੂ ਸਿੰਘ ਨੂੰ ਸੱਦ ਕੇ ਸਭ ਤੋਂ ਅੱਗੇ ਲਾਇਆ।

***ਸ਼ਯਾਮ ਸਿੰਘ ਸਲੀਨੀਏ ਮਨੀਮਾਜਰੀਏ॥*** ਸ਼ਾਮ ਸਿੰਘ ਸਲੀਨੇ ਵਾਲੇ ਅਤੇ ਮਨੀ ਮਾਜਰੇ ਵਾਲੇ।

***ਰਸੂਲਪੁਰੀਏ, ਚੌਲੀਏ, ਚੁਭਾਲੀਏ॥ ੬੮॥*** ਰਸੂਲਪੁਰ, ਚੋਲ੍ਹਾ ਸਾਹਿਬ ਅਤੇ ਚੁਭਾਲ ਵਾਲੇ, ਇਹ ਮਾਝੇ ਦੇ ਪਿੰਡ ਹਨ।

***ਏ ਸਭ ਲਏ ਸੱਜੀ ਓਰ॥*** ਇਹ ਸਾਰੇ ਸੱਜੇ ਪਾਸੇ ਲਾਏ, ਇਹ ਲੜਾਈ ਦਾ ਤਰੀਕਾ ਹੈ, ਜਿਹੜੇ ਚੋਣਵੇਂ ਬੰਦੇ ਹੁੰਦੇ, ਉਨ੍ਹਾਂ ਨੂੰ ਸੱਜੇ ਖੱਬੇ ਲਾਉਂਦੇ ਹਨ ਲੜਾਈ ਵਾਸਤੇ।

***ਕਲਸੀਏ ਦਏ ਖੱਬੀ ਵੱਲ ਤੋਰ॥*** ਕਲਸੀਆਂ ਵਾਲੇ ਸਰਦਾਰਾਂ ਨੂੰ ਖੱਬੇ ਪਾਸੇ ਵੱਲ ਲਾਇਆ ਹੈ, ਏਧਰੋਂ ਹੱਲਾ ਹੋਵੇ, ਤਾਂ ਤੁਸੀਂ ਰੋਕਣਾ ਹੈ।

***ਬਘੇਲ ਸਿੰਘ ਕਹੀ ਉਨ੍ਹੈਂ ਸੂਦਾਰਨ॥*** ਸ੍ਰ. ਬਘੇਲ ਸਿੰਘ ਨੇ ਉਨ੍ਹਾਂ ਸਰਦਾਰਾਂ ਨੂੰ ਆਖਿਆ।

***ਹੈ ਤੁਮ ਹੀ ਕੋ ਲਜਾ ਜਿੱਤਨ ਹਾਰਨ॥ ੬੯॥*** ਖਾਲਸਾ ਜੀ! ਤੁਹਾਨੂੰ ਹੀ ਲੱਜਾ ਹੈ, ਹੁਣ ਜਿੱਤਣ ਹਾਰਨ ਦੀ, ਜੇ ਜਿੱਤ ਹੋਵੇਗੀ, ਤਾਂ ਤੁਹਾਡੀ ਸ਼ੋਭਾ ਹੋਵੇਗੀ, ਜੇ ਹਾਰ ਗਏ, ਤਾਂ ਬਦਨਾਮੀ ਹੋਵੇਗੀ। ਹੁਣ ਤੁਹਾਨੂੰ ਹੀ ਲੱਜਿਆ ਹੈ, ਆਪਣੀ ਇੱਜ਼ਤ ਨੂੰ ਤੁਸੀਂ ਆਪ ਸੰਭਲਾਣਾ ਹੈ, ਤਕੜੇ ਹੋ ਕੇ ਲੜਨਾ ਹੈ। ੬੯।

***ਔਰ ਮਿਸਲ ਭੀ ਰਲੀ ਕਛੁ ਆਇ॥*** ਹੋਰ ਮਿਸਲਦਾਰਾਂ ਨੇ ਵੀ ਮਦਦ ਭੇਜੀ ਹੈ ਬਘੇਲ ਸਿੰਘ ਨੂੰ, ਏਨੇ ਚਿਰ ਨੂੰ ਕੁਛ ਹੋਰ ਮਿਸਲਾਂ ਵੀ ਆ ਰਲੀਆਂ ਹਨ ਬਘੇਲ ਸਿੰਘ ਨਾਲ ਮਦਦ 'ਤੇ।

***ਕਹਯੋ ਉਨ੍ਹੈਂ 'ਰਹਯੋ ਬਹੀਰੇ ਦਾਇ'॥*** ਉਨ੍ਹਾਂ ਨੂੰ ਕਿਹਾ 'ਤੁਸੀਂ ਵਹੀਰ ਵਾਲੇ ਪਾਸੇ ਰਹਿਓ। ਭਾਵ ਜਿਧਰ ਰਾਜ ਸਾਜ ਹੈ ਫ਼ੌਜ ਦਾ, ਉਸ ਪਾਸੇ ਤੁਸੀਂ ਰਹਿਣਾ ਹੈ, ਓਧਰ ਨਾ ਨੁਕਸਾਨ ਹੋਵੇ ਕੋਈ।

***ਰਹੋ ਸੁਚੇਤ ਕਰੋ ਤਕੜਾਈ॥*** ਜੰਗ ਵਾਸਤੇ ਤਕੜਾਈ ਕਰਕੇ ਸੁਚੇਤ ਹੋ ਕੇ ਰਹੋ।

***ਸ਼ਸਤਰ ਪਕੜੋ ਕਰੋ ਲੜਾਈ॥ ੭੦॥*** ਸ਼ਸਤ੍ਰ ਪਕੜ ਕੇ ਲੜਾਈ ਆਰੰਭ ਕਰ ਦਿਉ। ੭੦।

***ਦੋਹਰਾ॥ ਔਰ ਦੁਆਬੀਏ ਜੋ ਹੁਤੇ ਤੇ ਰਾਖੇ ਨਿਜ ਸਾਥ॥*** ਹੋਰ ਜਿਹੜੇ ਦੁਆਬੇ ਦੇ ਸਿੰਘ ਸਨ, ਉਨ੍ਹਾਂ ਨੂੰ ਬਘੇਲ ਸਿੰਘ ਨੇ ਆਪਣੇ ਨਾਲ ਰੱਖਿਆ।

***ਦੇ ਦੇ ਦਿਲਾਸੇ ਸਭਨ ਕੋ ਕਹਯੋ, 'ਅਬ ਕਰੋ ਇਨ ਸੋਂ ਹਾਥ' ॥ ੭੧॥*** ਸਭ ਨੂੰ ਦਿਲਾਸੇ ਦੇ ਦੇ ਕੇ ਕਿਹਾ, ਹੁਣ ਇਨ੍ਹਾਂ ਨਾਲ ਦੋ-ਦੋ ਹੱਥ ਕਰੋ, ਜਿਹੜੇ ਆਏ ਹਨ ਫ਼ੌਜ ਵਾਲੇ। ੭੧।

***ਚੌਪਈ॥ ਇਕ ਔਰ ਬਚ ਸੂਦਾਰਨ ਕਰਯੋ॥*** ਸਰਦਾਰਾਂ ਨੂੰ ਇਕ ਹੋਰ ਬਚਨ ਕੀਤਾ।

***ਜਿਨ ਛਕਯੋ ਨ ਪ੍ਰਸ਼ਾਦ ਸੋਊ ਛਕ ਤੁਰਯੋ॥*** ਗੁਰਮੁਖੋ! ਜਿਨ੍ਹਾਂ ਪ੍ਰਸ਼ਾਦਾ ਨਹੀਂ ਛਕਿਆ, ਉਹ ਪ੍ਰਸ਼ਾਦਾ ਛਕ ਕੇ ਤੁਰਿਓ,

ਲੜਾਈ ਨੂੰ।

***ਚਾਰ ਪਹਿਰ ਕੀ ਹੋਗੁ ਲਰਾਈ॥*** ਚਾਰ ਪਹਿਰਾਂ ਦੀ ਲੜਾਈ ਹੋਣੀ ਹੈ, ਚਾਰ ਪਹਿਰਾਂ ਵਿਚ ਅਸੀਂ ਮੋਰਚਾ ਫਤ੍ਹੇ ਕਰ ਦੇਣਾ ਹੈ।

***ਹੋਨ ਮਿਲੁਗੁ ਨ ਡੇਰੋ ਬਿਨ ਫਤੈ ਪਾਈ॥ ੭੨॥*** ਬਿਨਾਂ ਫਤ੍ਹੇ ਪਾਈ ਤੋਂ ਡੇਰਾ ਨਹੀਂ ਕਰਨਾ ਮਿਲੇਗਾ, ਉਤਨਾ ਚਿਰ ਡੇਰਾ ਖੜ੍ਹਨਾ ਨਹੀਂ ਹੈ, ਚਲਦਾ ਹੀ ਰਹੇਗਾ। ੭੨।

***ਸੋਊ ਸੂਦਾਰਨ ਮੰਨ ਲਈ ਸੱਭ॥*** ਉਸ ਨੂੰ ਸਭ ਸਰਦਾਰਾਂ ਨੇ ਮੰਨ ਲਿਆ। ਕਹਿੰਦੇ ਠੀਕ ਹੈ ਜੀ, ਜਿਵੇਂ ਕਹਿੰਦੇ ਹੋ, ਉਵੇਂ ਹੀ ਕਰਾਂਗੇ।

***ਲਰਨ ਪਹਿਰ ਚਾਰ ਕਰ ਲਯੋ ਢੱਬ॥*** ਚਾਰ ਪਹਿਰ ਲੜਾਈ ਕਰਨ ਦਾ (ਢੱਬ) ਢੰਗ, ਤਰੀਕਾ ਕਰ ਲਿਆ।

***ਤੁਰੇ ਘਨੌਰੋਂ ਮੋਰਚੇ ਉਠਾਇ॥*** ਅਨੰਦਪੁਰ ਸਾਹਿਬ ਦੇ ਕੋਲ ਘਨੌਰ ਤੋਂ ਮੋਰਚਾ ਉਠਾ ਲਿਆ ਹੈ।

***ਚੜ੍ਹ ਤੁਰੇ ਨਿਸ਼ਾਨਚੀ ਪਟਯਾਲੇ ਦਾਇ॥ ੭੩॥*** (ਨਿਸ਼ਾਨਚੀ) ਨਿਸ਼ਾਨਾਂ ਵਾਲੇ ਸਿੰਘ ਸਾਰੀ ਫ਼ੌਜ ਤੋਂ ਅੱਗੇ ਹੁੰਦੇ ਹਨ, ਨਿਸ਼ਾਨਾਂ ਵਾਲੇ ਸਿੰਘ ਪਟਿਆਲੇ ਦੀ ਤਰਫ਼ ਘੋੜਿਆਂ 'ਤੇ ਚੜ੍ਹ ਕੇ ਤੁਰ ਪਏ। ੭੩।

***ਬਜੇ ਨਗਾਰੇ ਪਈ ਘਮਘੋਰ॥*** ਨਗਾਰਿਆਂ 'ਤੇ ਚੋਟਾਂ ਲੱਗੀਆਂ, ਤਾਂ ਘਮਘੋਰਾਂ ਪੈ ਗਈਆਂ ਹਨ।

***ਗਿਰਦ ਪਟਯਾਲੇ ਬਹੁ ਪੜ ਗਯੋ ਸ਼ੋਰ॥*** ਪਟਿਆਲੇ ਦੇ ਆਲੇ-ਦੁਆਲੇ ਬੜਾ ਰੌਲਾ ਪੈ ਗਿਆ ਹੈ।

***ਚਾਰ ਤਰਫ ਭਈ ਆਓ ਆਈ॥*** ਚਾਰੇ ਪਾਸੇ ਆਉ ਆਈ ਹੋ ਗਈ, ਆ ਗਈ ਫ਼ੌਜ, ਆ ਗਈ ਫ਼ੌਜ, ਹੋ ਗਈ। ਲਾਲਾ ਲਾਲਾ, ਲਾਲਾ ਲਾਲਾ ਹੋ ਗਈ ਹੈ, ਚਾਰੇ ਪਾਸੇ।

***ਭਯੋ ਗਰਦ ਮੈਂ ਸੂਰਜ ਛਾਈ॥ ੭੪॥*** ਫ਼ੌਜ ਦੀ ਉੱਡੀ ਧੂੜ ਵਿਚ ਸੂਰਜ ਛੁਪ ਗਿਆ ਹੈ। ੭੪।

***ਦੋਹਰਾ॥ ਰਾਜੇ ਦੇਖੀ ਗਰਦ ਦਲ ਉੱਪਰ ਬੈਠ ਮਹੱਲ॥*** ਜਦੋਂ ਬਘੇਲ ਸਿੰਘ ਦੀ ਫ਼ੌਜ ਚੜ੍ਹੀ ਹੈ, ਰਾਜੇ ਅਮਰ ਸਿੰਘ ਨੇ ਆਪਣੇ ਮਹੱਲ ਦੇ ਉੱਪਰ ਬੈਠ ਕੇ ਫ਼ੌਜ ਦੀ ਧੂੜ ਉੱਡਦੀ ਵੇਖੀ।

***ਦੈ ਬਾਰੂਦ ਸਿੱਕੋ ਸਭਨ ਕਹੀ, ਲੜੋ ਅਬ ਚੱਲ'॥ ੭੫॥*** ਸਭ ਨੂੰ ਬਰੂਦ ਸਿੱਕਾ ਦੇ ਕੇ ਕਿਹਾ, ਲੜੋ ਹੁਣ ਚੱਲ ਕੇ। ੭੫।

***ਚੌਪਈ॥ਰਾਜੇ ਸੂਕਾਰੀਅਨ ਦਯੋ ਫੁਰਮਾਈ॥*** ਰਾਜੇ ਨੇ ਆਪਣੀ ਸਰਕਾਰੀ ਫ਼ੌਜ ਨੂੰ ਹੁਕਮ ਦਿੱਤਾ।

***ਮਾਰੋ ਸਿੰਘਨ ਦਿਹੋ ਘੋੜੇ ਲਯਾਈ॥*** ਜਾਓ, ਸਿੰਘਾਂ ਨੂੰ ਮਾਰ ਕੇ ਮੈਨੂੰ ਘੋੜੇ ਲਿਆ ਕੇ ਦਿਓ।

***ਲਿਹੋ ਦੁਸ਼ਾਲੇ ਕੰਗਣ ਪਾਇ॥*** ਮੈਥੋਂ ਕੜੇ ਲਇਓ ਸੋਨੇ ਦੇ ਅਤੇ ਕੀਮਤੀ ਦੁਸ਼ਾਲਿਆਂ ਦੇ ਸਰੋਪੇ ਦਿਆਂਗੇ।

***ਯੋਂ ਕਹਿ ਭੇਜੇ ਤਿਨ ਦਿਲ ਵਧਾਇ॥ ੭੬॥*** ਇਹ ਕਹਿ ਕੇ ਫ਼ੌਜ ਦਾ ਦਿਲ ਵਧਾ ਕੇ ਭੇਜਿਆ ਲੜਾਈ ਦੇ ਮੈਦਾਨ ਵਿਚ। ੭੬।

***ਦੋਹਰਾ॥ ਦਲ ਤੇ ਚੌਗੁਨ ਘੋਰ ਕਰ ਅਸਬੀ ਸ਼ੁਤਰੀ ਬਜਵਾਇ॥*** ਬਘੇਲ ਸਿੰਘ ਦੇ ਦਲ ਤੋਂ ਚਾਰ ਗੁਣਾਂ ਜ਼ਿਆਦਾ ਘਮ ਘੋਰ ਕੀਤਾ, ਘੋੜਿਆਂ ਅਤੇ ਊਠਾਂ 'ਤੇ ਜੋ ਨਗਾਰੇ ਸਨ, ਉਨ੍ਹਾਂ ਨੂੰ ਵਜਾ-ਵਜਾ ਕੇ।

***ਉਡੀ ਧੂਰ ਰਵ ਗੁੰਮ ਗਯੋ, ਨਹਿ ਆਪਨ ਸੂਝੈ ਪਰਾਇ॥ ੭੭॥*** ਫ਼ੌਜ ਚੜ੍ਹੀ ਤੋਂ ਜਦੋਂ ਧੂੜ ਉੱਡੀ, ਤਾਂ ਅਸਮਾਨ ਵਿਚ ਸੂਰਜ ਗੁੰਮ ਹੋ ਗਿਆ ਧੂੜ ਵਿਚ। ੭੭।

***ਚੌਪਈ॥ ਦੇਖ ਫੌਜ ਰਾਜੋ ਖੁਸ਼ ਭਯੋ॥*** ਆਪਣੀ ਫ਼ੌਜ ਦੀ ਚੜ੍ਹਾਈ ਵੇਖ ਰਾਜਾ ਅਮਰ ਸਿੰਘ ਬੜਾ ਖੁਸ਼ ਹੋਇਆ।

***'ਬਕੀਲ ਝੂਠ ਹੁਤ ਹਮ ਸੋਂ ਕਹਯੋ॥*** ਚੈਨ ਸਿੰਘ ਵਕੀਲ ਨੇ ਸਾਨੂੰ ਝੂਠ ਹੀ ਕਹਿ ਦਿੱਤਾ ਕਿ ਬਘੇਲ ਸਿੰਘ ਦੇ ਦਲ ਨਾਲ ਨਾ ਲੜਿਓ।

***ਹਮਰੀ ਫੌਜ ਆਹਿ ਅਤਿ ਭਾਰੀ॥*** ਸਾਡੀ ਫ਼ੌਜ ਬੜੀ ਭਾਰੀ ਹੈ।

***ਅਬ ਲਿਓਗੁ ਦਲ ਸਿੰਘਨ ਕੈ ਮਾਰੀ'॥ ੭੮॥*** ਹੁਣੇ ਹੀ ਸਿੰਘਾਂ ਦੇ ਦਲ ਨੂੰ ਮਾਰ ਲੈਣਗੇ ਜਾ ਕੇ। ੭੮।

**ਸੂਕਾਰ ਖਾਸ ਦਈ ਪ੍ਰਿਥਮ ਚੜ੍ਹਾਇ॥** ਪਹਿਲਾਂ ਖਾਸ ਸਰਕਾਰੀ ਫ਼ੌਜ ਨੂੰ ਚੜ੍ਹਾਇਆ ਲੜਾਈ ਕਰਨ ਵਾਸਤੇ।

**ਛੇੜ ਰੱਖੀ ਢਿਗ ਰਾਜੈ ਵਾਇ॥** ਆਮ ਪਿੰਡਾਂ ਦੀ ਧਾੜਾਂ ਨੂੰ ਰਾਜਾ ਅਮਰ ਸਿੰਘ ਨੇ ਆਪਣੇ ਕੋਲ ਰੱਖਿਆ।

**ਉਨ ਜਾਇ ਸਿੰਘਨ ਕੋ ਮੁਹਰੇ ਲਿਯੋ॥** ਉਨ੍ਹਾਂ ਸਰਕਾਰੀ ਫ਼ੌਜਾਂ ਨੇ ਸਿੰਘਾਂ ਦਾ ਜਾ ਮੁਹਰਾ ਲਿਆ, ਅੱਗੋਂ ਜਾ ਰੋਕਿਆ ਹੈ ਸਿੰਘਾਂ ਨੂੰ।

**ਇਕ ਬਾਰ ਪਰ ਲੜਖੜ ਦਲ ਕਰਯੋ॥ ੭੯॥** ਇਕ ਵਾਰੀ ਲੜਾਈ ਹੋਈ ਤੋਂ ਉਧਰੋਂ-ਉਧਰੀ ਦਲ ਖੜ੍ਹ ਗਿਆ, ਬਘੇਲ ਸਿੰਘ ਦਾ ਦਲ ਹੱਲਾ ਬੋਲ ਕੇ ਤੁਰਿਆ ਆਉਂਦਾ ਸੀ, ਇਕ ਵਾਰੀ ਤਾਂ ਬਘੇਲ ਦੇ ਦਲ ਨੂੰ ਠੱਲ੍ਹ ਲਿਆ। ੭੯।

**ਦੋਊ ਵਲ ਡਰ ਸ਼ਸਤ੍ਰ ਚਲਾਵੈ॥** ਦੋਹਾਂ ਪਾਸਿਆਂ ਦੇ ਸੂਰਮੇ ਡਰ ਕੇ ਸ਼ਸਤ੍ਰ ਚਲਾਉਂਦੇ, ਖੁੱਲ੍ਹ ਕੇ ਨਹੀਂ ਲੜਾਈ ਹੋਈ, ਅਜੇ ਵੀ ਡਰ ਰੱਖਦੇ ਹਨ, ਉਧਰੋਂ-ਉਧਰੀ ਭਾਵ ਉਧਰ ਵੀ ਸਿੰਘ ਨੇ ਏਧਰ ਵੀ ਸਿੰਘ ਹਨ।

**ਗਿਰੈਂ ਖੜੈਂ ਮੁੜ ਹਿਲ ਚਲ ਧਾਵੈਂ॥** ਸ਼ਸਤ੍ਰ ਲੱਗੇ ਤੋਂ ਡਿੱਗ ਪੈਂਦੇ ਹਨ, ਫਿਰ ਖੜ੍ਹੇ ਹੋ ਜਾਂਦੇ ਹਨ, ਮੁੜ ਕੇ ਹਿਲ ਕੇ ਚੱਲ ਕੇ ਹੱਲਾ ਕਰਦੇ।

**ਢੁਕ ਬਰਛੀ ਮਲਵਈ ਚਲਾਹਿਂ॥** ਮਲਵਈ ਨੇੜੇ ਢੁੱਕ ਕੇ ਸਿੰਘਾਂ 'ਤੇ ਦੂਰੋਂ ਬਰਛੀ ਚਲਾਉਂਦੇ, ਬਰਛੀ ਵਗਾਹ ਕੇ ਸਿੰਘਾਂ ਵੱਲ ਮਾਰਦੇ।

**ਓਇ ਢਿਗ ਬੰਦੂਕੀਅਨ ਢੁਕਨ ਨ ਪਾਂਹਿ॥ ੮੦॥** ਉਹਨਾਂ ਦੀ ਬਰਛੀ ਬੰਦੂਕਾਂ ਵਾਲਿਆਂ ਦੇ ਨੇੜੇ ਵੀ ਨਹੀਂ ਪਾਹੁੰਚਦੀ। ੮੦।

**ਕੁਵਾਇਤ ਸੋਂ ਸਿੰਘ ਬਰਛੀ ਬਚਾਵੈਂ॥** ਬਰਛੀ ਤੋਂ ਬਚਾ ਲਈ ਸਿੰਘਾਂ ਬਚਾਉ ਦੇ (ਕੁਵਾਇਤ) ਦਾਉ-ਪੇਚ ਸਿੱਖੇ ਹੋਏ ਸਨ। ਸਿੰਘ ਅੱਗੇ ਪਿੱਛੇ ਹੋ ਕੇ ਬਰਛੀ ਤੋਂ ਆਪਣੇ ਆਪ ਨੂੰ ਬਚਾ ਲੈਂਦੇ।

**ਮਾਰ ਗੋਲੀ ਉਨ੍ਹੈਂ ਦੂਰੋਂ ਗਿਰਾਵੈਂ॥** ਸਿੰਘ ਬਰਛੀਆਂ ਚਲਾਉਣ ਵਾਲੇ ਨੂੰ ਦੂਰੋਂ ਗੋਲੀ ਮਾਰ ਕੇ ਡੇਗ ਦਿੰਦੇ।

**ਖੈਂਚ ਤੇਗ ਸੋਊ ਮਾਰਨ ਆਵੈਂ॥** ਜਿਹੜਾ ਕੋਈ ਤਲਵਾਰ ਖਿੱਚ ਕੇ ਸਿੰਘਾਂ ਦੇ ਮਾਰਨ ਲਈ ਆਉਂਦਾ ਹੈ।

**ਮਾਰ ਗੋਲੀ ਉਨ੍ਹੈ ਦੂਰੋਂ ਗਿਰਾਵੈਂ॥ ੮੧॥** ਤਲਵਾਰ ਤਾਂ ਨੇੜੇ ਹੋ ਕੇ ਵੱਜਣੀ ਹੈ, ਬੰਦੂਕਾਂ ਵਾਲੇ ਗੋਲੀ ਮਾਰ ਕੇ ਦੂਰੋਂ ਹੀ ਡੇਗ ਦਿੰਦੇ ਹਨ ਉਹਨਾਂ ਨੂੰ। ੮੧।

**ਦੋਹਰਾ॥ ਘੋੜ ਚੜ੍ਹੇ ਉਨ ਮੱਧ ਭਲੇ ਬਹੁ ਲਾਏ ਸਿੰਘਨ ਭੀ ਹਾਥ॥** ਉਨ੍ਹਾਂ ਵਿਚ ਜਿਹੜੇ ਚੰਗੇ ਘੋੜ ਸਵਾਰ ਸਨ, ਉਨ੍ਹਾਂ ਨੂੰ ਵੀ ਸਿੰਘਾਂ ਨੇ ਤਕੜੇ ਹੱਥ ਲਾਏ।

**ਟਰੇਂ ਨ ਸ਼ਸਤਰ ਫੇਟਿਓਂ ਮਰ ਗਿਰੇ ਗੋਲੀਅਨ ਸਾਥ॥ ੮੨॥** ਉਹ ਸ਼ਸਤ੍ਰਾਂ ਨੂੰ ਚਲਾਉਣੋਂ ਟਲਦੇ ਨਹੀਂ, ਅਖੀਰ ਉਹ ਵੀ ਗੋਲੀਆਂ ਨਾਲ ਮਰ ਕੇ ਡਿੱਗ ਪਏ। ੮੨।

**ਚੌਪਈ॥ ਸੁਧਰਾਇ ਪਠਾਣੀ ਫੌਜੈ ਪਾਹਿ॥** ਮਲੇਰ ਕੋਟਲੇ ਅਤੇ ਰਾਇ ਕੋਟ ਦੇ ਸੁਧ ਰਾਇ ਪਾਸ ਜੋ ਪਠਾਣੀ ਫ਼ੌਜ ਸੀ।

**ਕਹਯੋ ਉਨ੍ਹੈ 'ਮਾਰੋ ਤੁਸੀਂ ਪਾਛੈ ਜਾਇ'॥** ਰਾਜੇ ਨੇ ਉਨ੍ਹਾਂ ਨੂੰ ਕਿਹਾ, ਤੁਸੀਂ ਪਿੱਛੋਂ ਦੀ ਜਾ ਕੇ ਮਾਰੋ ਸਿੰਘਾਂ ਨੂੰ।

**ਸੋਊ ਫੌਜ ਪਰ ਬਹੀਰੈ ਪੜੀ॥** ਉਹ ਪਠਾਣਾਂ ਦੀ ਫ਼ੌਜ ਪਿੱਛਿਓਂ ਵਹੀਰ ਦੇ ਉੱਤੇ ਜਾ ਪਈ।

**ਉਸ ਅਗਯੋਂ ਫੌਜ ਦੂਲਚੈ ਸਿੰਘ ਅੜੀ॥੮੩॥** ਉਸ ਪਠਾਣਾਂ ਦੀ ਫ਼ੌਜ ਅੱਗੇ ਦੂਲਚਾ ਸਿੰਘ ਆਪਣੀ ਫ਼ੌਜ ਲੈ ਕੇ ਜਾ ਅੜਿਆ। ੮੩।

**ਉਸ ਉਪਰ ਪਯੋ ਦੇਖਯੋ ਜੋਰ॥** ਜਦੋਂ ਉਸ ਦੇ ਉਪਰ ਪਠਾਣਾਂ ਦਾ ਜ਼ੋਰ ਪੈਂਦਾ ਵੇਖਿਆ।

**ਭੇਜਯੋ ਬਘੇਲ ਸਿੰਘ ਤੁਮਣੋ ਹੋਰ॥** ਦੂਲਚਾ ਸਿੰਘ ਦੀ ਮਦਦ ਉਤੇ ਸਿੰਘਾਂ ਦਾ ਇਕ ਜੱਥਾ ਹੋਰ ਭੇਜਿਆ , ਬਘੇਲ ਸਿੰਘ ਨੇ।

**ਕਿਛ ਸੁੱਖੂ ਸਿੰਘ ਵਲ ਘੱਲੇ ਸ੍ਰਦਾਰ॥** ਕੁਛ ਸਰਦਾਰ ਸੁੱਖੂ ਸਿੰਘ ਦੀ ਮਦਦ 'ਤੇ ਭੇਜੇ ਸਭ ਤੋਂ ਮੂਹਰੇ।

***ਜਿਤਨ ਕੁ ਦੇਖਿਆ ਉਨ ਵਲ ਭਾਰ॥ ੮੪॥*** ਜਿੰਨਾਂ ਕੁ ਉਨ੍ਹਾਂ ਵਲ ਦੁਸ਼ਮਣ ਦਾ ਜ਼ੋਰ ਵਧਦਾ ਵੇਖਿਆ, ਉਤਨੀ-ਉਤਨੀ ਫ਼ੌਜ ਭੇਜੀ। ੮੪।

***ਦੋਹਰਾ॥ ਦੋਊ ਵਲ ਫੌਜੈਂ ਲਰੈਂ ਕਰ ਕਰ ਮਨ ਵਡ ਚਾਉ॥*** ਆਪਣੇ ਮਨ ਵਿਚ ਬੜਾ ਚਾਉ ਕਰ-ਕਰ ਕੇ ਦੋਹਾਂ ਪਾਸਿਆਂ ਤੋਂ ਫ਼ੌਜਾਂ ਲੜ ਰਹੀਆਂ ਸਨ।

***'ਜਾਂਕੋ ਪਗ ਪਾਛੈ ਮੁੜੈ ਰਹੂਗੁ ਨ ਤਿਸੈ ਹਿਯਾਉ॥ ੮੫॥*** ਜਿਸ ਦਾ ਪੈਰ ਪਿੱਛੇ ਮੁੜੇਗਾ, ਉਸ ਨੂੰ ਸ਼ਰਮ ਨਹੀਂ ਰਹਿਣੀ, ਉਸ ਨੂੰ ਬੇਸ਼ਰਮ ਹੋਣਾ ਪਵੇਗਾ, ਪੰਥ ਦੇ ਵਿਚ ਉਸਨੂੰ ਟਿਚਰਾਂ ਕਰਨਗੇ। ੮੫।

***ਚੌਪਈ॥ ਘੜੀ ਦੋਇਕ ਤਹਿਂ ਐਸੇ ਲੜੇ॥*** ਦੋ ਕੁ ਘੜੀਆਂ ਤਾਂ ਉਥੇ ਉਧਰੋਂ-ਉਧਰੀ ਜੁੱਟ ਕੇ ਲੜੇ।

***ਪਿਛੈ ਪਾਉਂ ਨ ਕਿਸ ਕੇ ਪੜੇ॥*** ਕਿਸੇ ਦੇ ਵੀ ਪਿੱਛੇ ਪੈਰ ਨਹੀਂ ਹੋਏ, ਸਭ ਅੱਗੇ ਹੋ-ਹੋ ਕੇ ਲੜੇ।

***ਜਿਮ ਜਿਮ ਸ਼ਸਤਰ ਤਨ ਗਏ ਚੀਰ॥*** ਜਿਵੇਂ-ਜਿਵੇਂ ਸ਼ਸਤਰ ਸਰੀਰਾਂ ਨੂੰ ਚੀਰ ਗਏ।

***ਤਿਮ ਤਿਮ ਬਿਹਬਲ ਭਏ ਸਰੀਰ॥ ੮੬॥*** ਤਿਉਂ-ਤਿਉਂ ਸਰੀਰ ਬਿਹਬਲ ਹੋ ਗਏ ਜ਼ਖ਼ਮਾਂ ਵਿੱਚੋਂ ਲਹੂ ਵਗ-ਵਗ ਕੇ। ੮੬।

***ਸਿੰਘ ਫਟੇ ਤਹਿਂ ਹੀ ਥਾਂ ਬਹੇ॥*** ਸਿੰਘਾਂ ਦੀ ਲੜਾਈ ਐਸੀ ਹੈ, ਜੇ ਇਕ ਸਿੰਘ ਜ਼ਖ਼ਮੀ ਹੋ ਜਾਂਦਾ ਹੈ, ਤਾਂ ਉਹ ਉਥੇ ਹੀ ਬੈਠ ਜਾਂਦਾ ਹੈ। ਬੈਠਾ ਹੀ ਬੰਦੂਕ ਆਦਿਕ ਸ਼ਸਤ੍ਰ ਚਲਾਉਂਦਾ ਹੈ, ਕਿਉਂਕਿ ਤੁਰਿਆ ਤਾਂ ਜਾਂਦਾ ਨਹੀਂ।

***ਮਲਵਈ ਫਟੇ ਵਲ ਪਿੱਛੇ ਧਏ॥*** ਜਦੋਂ ਮਲਵਈਆਂ ਦੀ ਫ਼ੌਜ ਵਿੱਚੋਂ ਕੋਈ ਫੱਟੜ ਹੁੰਦਾ ਹੈ, ਤਾਂ ਉਹ ਪਿੱਛੇ ਨੂੰ ਦੌੜਦੇ।

***ਇਕ ਨੂੰ ਚੱਕ ਦੁਇ ਚਾਰ ਮੁੜਾਹਿਂ॥*** ਇਕ ਜ਼ਖ਼ਮੀ ਸਿਪਾਹੀ ਚੁੱਕ ਕੇ ਦੋ ਜਾਂ ਚਾਰ ਫ਼ੌਜੀ ਪਿੱਛੇ ਨੂੰ ਮੁੜ ਜਾਂਦੇ। ਇਕ ਦੀ ਥਾਂ 'ਤੇ ਪੰਜ ਚਲੇ ਗਏ।

***'ਗਏ ਗਏ' ਸਿੰਘ ਉਨੈਂ ਅਖਾਹਿਂ॥ ੮੭॥*** ਪਿੱਛੋਂ ਸਿੰਘ ਉਨ੍ਹਾਂ ਨੂੰ 'ਭੱਜ ਗਏ, ਭੱਜ ਗਏ' ਕਹਿੰਦੇ, ਜਿਸ ਨਾਲ ਉਨ੍ਹਾਂ ਦਾ ਹੌਂਸਲਾ ਟੁੱਟ ਜਾਂਦਾ। ੮੭।

***ਉਹਾਂ ਕਲਾ ਕਿਛ ਐਸੀ ਭਈ॥*** ਉਥੇ ਵਾਹਿਗੁਰੂ ਵੱਲੋਂ ਕੁਛ ਕਲਾ ਵਰਤੀ।

***ਮਲਵੱਯਨ ਫੌਜ ਵਲ ਦੋਊ ਹਿਲ ਗਈ॥*** ਮਲਵਈਆਂ ਦੀ ਫ਼ੌਜ ਦੋਹਾਂ ਪਾਸਿਆਂ ਵੱਲੋਂ ਹਿੱਲ ਗਈ, ਰਾਜੇ ਅਮਰ ਸਿੰਘ ਪਟਿਆਲੇ ਦੀ ਫ਼ੌਜ ਦੇ ਪੈਰ ਹਿੱਲ ਗਏ।

***ਸੁਖੂ ਸਿੰਘ ਤਹਿਂ ਗੈਲ ਦਬਾਈ॥*** ਸੁੱਖੂ ਸਿੰਘ ਜਿਹੜਾ ਮੂਹਰਲੀ ਕਤਾਰ ਵਿਚ ਲੜ ਰਿਹਾ ਸੀ, ਉਹ ਪਿੱਛਿਓਂ ਰਾਜੇ ਦੀ ਫ਼ੌਜ ਨੂੰ ਦਬਾ ਕੇ ਦੂਰ ਤੱਕ ਲੈ ਗਿਆ।

***ਦੁਲਚੈ ਸਿੰਘ ਦਯੋ ਬਹੀਰ ਧਕਾਈ॥ ੮੮॥*** ਸ੍ਰ. ਦੁਲਚਾ ਸਿੰਘ ਨੇ ਪਿੱਛੋਂ ਵਹੀਰ ਨੂੰ ਧਕੇਲ ਦਿੱਤਾ, ਦੁਲਚਾ ਸਿੰਘ ਪਿੱਛੋਂ ਬਹੀਰ ਨੂੰ ਲੈ ਕੇ ਧੱਕੀ ਆਉਂਦਾ। ੮੮।

***ਬਘੇਲ ਸਿੰਘ ਤਹਿਂ ਸੁਤਰੀ ਬਜਾਇ॥*** ਜਦੋਂ ਰਾਜੇ ਅਮਰ ਸਿੰਘ ਫ਼ੌਜ ਦੇ ਦੋਹਾਂ ਪਾਸਿਆਂ ਤੋਂ ਪੈਰ ਹਿੱਲ ਗਏ, ਰੋਕਿਆ ਨਹੀਂ ਗਿਆ ਵਹੀਰ ਨੂੰ, ਤਾਂ ਜ. ਬਘੇਲ ਸਿੰਘ ਨੇ ਊਠ 'ਤੇ ਰੱਖੇ ਹੋਏ ਨਗਾਰੇ ਵਜਾ ਦਿੱਤੇ।

***ਹੌਲੀ ਹੌਲੀ ਦਯੋ ਧੱਕੋ ਲਗਾਇ॥*** ਬਘੇਲ ਸਿੰਘ ਨੇ ਆਪਣੀ ਫ਼ੌਜ ਨੂੰ ਹੌਲੀ-ਹੌਲੀ ਪਿੱਛੋਂ ਧੱਕਾ ਲਗਾਇਆ।

***ਰਾਜੇ ਦੇਖੀ ਫਿਰੀ ਲੜਾਈ॥*** ਰਾਜਾ ਅਮਰ ਸਿੰਘ ਮਹੱਲ 'ਤੇ ਬੈਠਾ ਲੜਾਈ ਵੇਖ ਰਿਹਾ ਸੀ, ਰਾਜੇ ਨੇ ਵੇਖਿਆ ਲੜਾਈ ਦਾ ਰੁੱਖ ਬਦਲ ਗਿਆ, ਮੇਰੀ ਫ਼ੌਜ ਤਾਂ ਭੱਜ ਕੇ ਪਿੱਛੇ ਨੂੰ ਮੁੜੀ ਆਉਂਦੀ ਹੈ।

***ਰੁਹੇਲ ਪਯਾਦ ਦਏ ਪ੍ਰਬਤੀ ਤੁਰਾਈ॥ ੮੯॥*** ਪੈਦਲ ਰੁਹੇਲੇ ਅਤੇ ਪਹਾੜੀ ਨਾਹਨ ਦੇ ਰਾਜੇ ਦੀ ਫ਼ੌਜ ਨੂੰ, ਬਘੇਲ ਸਿੰਘ ਦੀ ਫ਼ੌਜ ਦਾ ਅੱਗਾ ਰੋਕਣ ਵਾਸਤੇ ਤੋਰਿਆ। ੮੯।

**ਦੋਹਰਾ॥ ਨੱਠ ਭੱਜ ਕਿਛ ਜਾ ਪੁਜੇ ਦਈ ਇਕ ਇਕ ਬੰਦੂਖ ਚਲਾਇ॥** ਉਨ੍ਹਾਂ ਵਿੱਚੋਂ ਜਿਹੜੇ ਜ਼ਿਆਦਾ ਦੌੜਾਕ ਸਨ, ਉਹ ਭੱਜ ਕੇ ਨੱਠ ਕੇ ਜਾ ਪੁੱਜੇ, ਉਨ੍ਹਾਂ ਨੇ ਬੰਦੂਕਾਂ ਦਾ ਇਕ ਇਕ ਫਾਇਰ ਕੀਤਾ।

**ਦੇਖ ਅਗੇ ਨਠ ਆਵਤੇ ਉਨ ਤਹਿਂ ਲਗੇ ਨ ਪਾਇ॥ ੯੦॥** ਜਦੋਂ ਉਨ੍ਹਾਂ ਵੇਖਿਆ ਕਿ ਜਿਨ੍ਹਾਂ ਦੀ ਮਦਦ 'ਤੇ ਚੱਲੇ ਹਾਂ, ਉਹ ਤਾਂ ਅੱਗੋਂ ਭੱਜੇ ਆ ਰਹੇ ਹਨ, ਉਨ੍ਹਾਂ ਦੇ ਵੀ ਉਥੇ ਪੈਰ ਨਾ ਲੱਗੇ ਧਰਤੀ 'ਤੇ, ਉਨ੍ਹਾਂ ਨੂੰ ਵੇਖ ਕੇ ਉਹ ਉਨ੍ਹਾਂ ਤੋਂ ਵੀ ਅੱਗੇ ਭੱਜ ਲਏ, ਆਪਣੀ ਜਾਨ ਬਚਾਉਣ ਵਾਸਤੇ। ੯੦।

**ਚੌਪਈ॥ ਫੌਜ ਅਸਵਾਰੀ ਤਹਿਂ ਤੁਰ ਗਈ॥** ਘੋੜ ਸਵਾਰ ਫ਼ੌਜ ਤਾਂ ਉਥੋਂ ਹਿੱਲ ਗਈ, ਭੱਜ ਗਈ ਉਥੋਂ।

**ਬਹੁਤ ਮਾਰ ਪੈਦਲ ਪਰ ਭਈ॥** ਘੋੜਿਆਂ ਵਾਲੇ ਤਾਂ ਘੋੜਿਆਂ 'ਤੇ ਚੜ੍ਹ ਕੇ ਭੱਜ ਗਏ, ਜਦੋਂ ਬੰਦੂਕਾਂ ਵਾਲੇ ਪਏ ਮਗਰ, ਪੈਦਲ ਫ਼ੌਜ ਕਿੱਧਰ ਭੱਜੇ, ਪੈਦਲ ਫ਼ੌਜ ਦੇ ਬੜੀ ਮਾਰ ਪਈ।

**ਜਿਨ ਕੈ ਪੈਰ ਕਾਜ ਕਰ ਗਏ॥** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿਨ੍ਹਾਂ ਦੇ ਪੈਰਾਂ ਨੇ ਕੰਮ ਕੀਤਾ, ਭਾਜ ਵਿਚ, ਹਰੇਕ ਥੋੜ੍ਹਾ ਭੱਜ ਸਕਦਾ ਹੈ। ਇਹ ਪੂਰਾ ਦਾਉ ਹੈ ਲੜਾਈ ਦਾ, 'ਵਾਰਸ਼ ਸ਼ਾਹ ਲੜਾਈ ਫੱਟ ਢਾਈ ਕਿ ਮਾਰਨਾ ਮਰਨ ਤੇ ਭੱਜ ਜਾਣਾ'। ਭੱਜ ਜਾਣਾ ਪੂਰਾ ਫੱਟ ਹੈ। ਮਰਨਾ ਮਾਰਨਾ ਤਾਂ ਗੱਲ ਹੀ ਕੋਈ ਨਹੀਂ ਉਹ ਤਾਂ ਅੱਧਾ ਫੱਟ ਹੈ। ਇਸ ਕਰਕੇ ਕਹਿੰਦੇ, ਜਿਨ੍ਹਾਂ ਦੇ ਪੈਰਾਂ ਨੇ ਕੰਮ ਦਿੱਤਾ, ਭਾਵ ਦੌੜ ਗਏ, ਇਕ ਦਮ ਜਿਹੜੇ ਭੱਜ ਕੇ ਨਿਕਲ ਗਏ ਸੁ ਨਿਕਲ ਗਏ। ਤੁਹਾਨੂੰ ਪਤਾ ਹੀ ਹੈ, ਜਿਹੜਾ ਡਰਿਆ ਹੋਇਆ ਬੰਦਾ ਹੁੰਦਾ ਹੈ, ਉਹ ਡਰਦਾ ਧੜੰਮ ਕਰਕੇ ਡਿੱਗ ਪੈਂਦਾ ਹੈ, ਉਸ ਤੋਂ ਭੱਜਿਆ ਵੀ ਨਹੀਂ ਜਾਂਦਾ।

**ਬਚੇ ਸੋਊ ਔਰ ਮਾਰ ਖੋਸ ਲਏ॥ ੯੧॥** ਜਿਹੜੇ ਭੱਜ ਗਏ, ਉਹ ਤਾਂ ਬਚ ਗਏ, ਹੋਰ ਦੂਸਰੇ ਸਿੰਘਾਂ ਨੇ ਮਾਰ-ਕੁੱਟ ਸ਼ਸਤ੍ਰ ਖੋਹ ਲਏ।ਭਾਈਚਾਰਾ ਜਿਉਂ ਸੀਗਾ, ਉਹ ਵੀ ਸਿੰਘ ਸਨ, ਏਸ ਕਰਕੇ ਸਿੰਘ ਮਾਰਦੇ ਘੱਟ ਸਨ। ਏਸ ਕਰਕੇ ਉਨ੍ਹਾਂ ਨੂੰ ਦਬਕਾ ਕੇ ਉਨ੍ਹਾਂ ਤੋ ਸ਼ਸਤ੍ਰ ਘੋੜੀਆਂ ਆਦਿਕ ਖੋਹ ਲਏ। ੯੧।

**ਇਸੀ ਤੌਰ ਭਜ ਵੜੇ ਪਟਯਾਲੇ॥** ਅੱਜ-ਕਲ੍ਹ ਨਹੀਂ ਪਤਾ ਲਗਦਾ, ਉਦੋਂ ਲਹਿਲ ਪਿੰਡ ਪਟਿਆਲੇ ਤੋਂ ਦੋ ਤਿੰਨ ਮੀਲ ਸੀ, ਇਸੇ ਤਰ੍ਹਾਂ ਲਹਿਲ ਤੋਂ ਭੱਜ ਕੇ ਪਟਿਆਲੇ ਜਾ ਵੜੇ।

**ਲਏ ਅੜਾਇ ਪਟ ਪਟਣ ਵਾਲੇ॥** ਪਟਿਆਲੇ ਵਾਲੇ ਨੇ ਦਰਵਾਜ਼ੇ ਬੰਦ ਕਰ ਲਏ ਕਿ ਫ਼ੌਜ ਅੰਦਰ ਨਾ ਵੜ ਜਾਏ।

**ਕੋਊ ਖੰਦਕ ਕੋਊ ਖਾਈਅਨ ਮਾਂਹਿ॥** ਕੋਈ ਖੰਦਕਾਂ ਵਿਚ, ਭਾਵ ਕੰਧਾਂ ਉਹਲੇ ਅਤੇ ਕੋਈ (ਖਾਈਅਨ) ਕਿਲ੍ਹੇ ਦੇ ਦੁਆਲੇ ਪਾਣੀ ਦੀਆਂ ਭਰੀਆਂ ਹੋਈਆਂ ਖਾਈਆਂ ਵਿਚ। ਦਰਵਾਜ਼ੇ ਤਾਂ ਉਨ੍ਹਾਂ ਨੇ ਅੜਾ ਲਏ, ਹੁਣ ਹੋਰ ਕਿਧਰ ਭੱਜਣ।

**ਗਿਰੇ ਪਰੇ ਤਹਿਂ ਜਾਨ ਬਚਾਹਿਂ॥ ੯੨॥** ਉਥੇ ਖਾਈਆਂ ਵਿਚ ਡਿੱਗੇ ਪਏ ਜਾਨ ਬਚਾਉਂਦੇ ਕਿ ਅਗਲੇ ਸਮਝਣ ਕਿ ਇਹ ਤਾਂ ਮਰੇ ਪਏ ਹਨ। ੯੨।

**ਦੋਹਰਾ॥ ਤਬੈ ਰਾਜੈ ਅਗਯੋਂ ਕਹਯੋ, 'ਕਰੋ ਤੋਪਨ ਕੀ ਮਾਰ'॥** ਤਾਂ ਰਾਜੇ ਨੇ ਅੱਗੋਂ ਤੋਪਚੀਆਂ ਨੂੰ ਕਿਹਾ, 'ਹੁਣ ਤੋਪਾਂ ਦੀ ਮਾਰ ਕਰੋ' ਹੁਣ ਤੋਪਾਂ ਨਾਲ ਰੋਕੋ, ਨਹੀਂ ਤਾਂ ਅੰਦਰ ਨਾ ਆ ਵੜਨ ਕਿਤੇ ਕਿਲ੍ਹੇ ਦੇ।

**ਧੂੰਓਂ ਧਾਰ ਬਹੁ ਮਚਿ ਗਯੋ, ਨਹਿਂ ਆਪਨ ਪ੍ਰਾਏ ਸਾਰ॥ ੯੩॥** ਜਦੋਂ ਤੋਪਾਂ ਦੇ ਗੋਲੇ ਵਰਸਾਉਣੇ ਸ਼ੁਰੂ ਕੀਤੇ, ਤਾਂ ਧੂੰਆਂ-ਧਾਰ ਹੋ ਗਿਆ ਉਥੇ, ਆਪਣੇ ਪਰਾਏ ਦਾ ਨਹੀਂ ਪਤਾ ਲਗਦਾ, ਆਪਣਿਆਂ ਦਾ ਨੁਕਸਾਨ ਹੋ ਰਿਹਾ ਹੈ ਜਾਂ ਦੁਸ਼ਮਣ ਦਾ। ਅੰਨ੍ਹੇਵਾਹ ਤੋਪਾਂ ਚਲਾਈ ਜਾਂਦੇ ਸਨ, ਕੁਛ ਦਿਸਦਾ ਨਹੀਂ ਹੈ ਅੱਗੇ। ੯੩।

**ਚੌਪਈ॥ ਮਹਾਂ ਸਿੰਘ ਕੋ ਤਹਿਂ ਸੁਤ ਮੁਯੋ॥** ਮਹਾਂ ਸਿੰਘ ਜੋ ਰਾਜੇ ਦਾ ਸਾਲਾ ਸੀ ਮੁਦਕੀ ਤੋਂ, ਉਥੇ ਮਹਾਂ ਸਿੰਘ ਦਾ ਪੁੱਤਰ ਮਰ ਗਿਆ।

**ਪਾਖਰ ਸਿੰਘ ਭੀ ਜ਼ਖਮੀ ਹੁਯੋ॥** ਪਾਖਰ ਸਿੰਘ ਮਾਨਸ਼ੀਆ ਮਾਨਸਾ ਖੁਰਦ ਦਾ ਵੀ ਉਸ ਲੜਾਈ ਵਿਚ ਫੱਟੜ ਹੋ ਗਿਆ।

**ਔਰ ਲੋਕਨ ਕੀ ਕਹਾਂ ਸੁਨਾਈਐ॥** ਹੋਰ ਲੋਕਾਂ ਦੀ ਕੀ ਕਹਾਣੀ ਸੁਣਾਈਏ।

**ਗ੍ਰੰਥ ਬਢੈ ਜੌ ਨਾਮ ਲਿਖਾਈਐ॥ ੯੪॥** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜੇ ਮੈਂ ਉਨ੍ਹਾਂ ਸਾਰੇ ਲੋਕਾਂ ਦੀ ਕਹਾਣੀ ਲਿਖਣ ਲੱਗਾਂ, ਤਾਂ ਗ੍ਰੰਥ ਬਹੁਤ ਵਧ ਜਾਇਗਾ। ੯੪।

**ਲਾਹਲ ਬਡੂੰਗਰ ਢਿਗ ਗ੍ਰਾਮ ਜੋਊ॥** ਪਟਿਆਲੇ ਦੇ ਕੋਲ ਲਹਿਲ ਤੇ ਬਡੂੰਗਰ ਨਾਮ ਦੇ ਜਿਹੜੇ ਪਿੰਡ ਸਨ।

**ਲਏ ਬਹੀਰੀਅਨ ਤਹਿੰ ਲੁਟ ਦੋਊ॥** ਉਨ੍ਹਾਂ ਦੋਹਾਂ ਪਿੰਡਾਂ ਨੂੰ ਵਹੀਰੀਆਂ ਨੇ ਲੁੱਟ ਲਿਆ, ਵਹੀਰੀਏ ਬੁੱਢੇ ਦਲੀਏ ਸਨ, ਬੁੱਢੇ ਦਲ ਵਿੱਚੋਂ ਆਏ ਸਨ ਸਿੰਘ, ਬਘੇਲ ਸਿੰਘ ਦੇ ਨਾਲ।

**ਤਹਿ ਬਘੇਲ ਸਿੰਘ ਪੈ ਚੈਨ ਸਿੰਘ ਆਯੋ॥** ਅਮਰ ਸਿੰਘ ਰਾਜੇ ਦਾ ਵਕੀਲ ਚੈਨ ਸਿੰਘ, ਉਥੇ ਬਘੇਲ ਸਿੰਘ ਕੋਲ ਆਇਆ।

**ਟਪ ਘੋੜਯੋਂ ਹਥ ਸਿੰਘ ਵਾਗ ਪਾਯੋ॥ ੯੫॥** ਉਸ ਨੇ ਘੋੜੇ ਤੋਂ ਉੱਤਰ ਕੇ ਬਘੇਲ ਸਿੰਘ ਦੇ ਘੋੜੇ ਦੀ ਵਾਗ ਨੂੰ ਹੱਥ ਪਾ ਲਿਆ, ਘੋੜੇ ਦੀ ਜਾ ਵਾਗ ਫੜੀ। ੯੫।

**'ਬਸ ਕਰ ਅਬ ਸਿੰਘ ਜੀ ਬਹੁ ਭਈ॥** ਚੈਨ ਸਿੰਘ ਕਹਿਣ ਲੱਗਾ ਬਘੇਲ ਸਿੰਘ ਨੂੰ, 'ਸਿੰਘ ਜੀ ਬੱਸ ਕਰੋ, ਹੁਣ ਬਹੁਤ ਹੋ ਗਈ ਹੈ'।

**ਤੈ ਹਮ ਤੈ ਦਸ ਗੁਣ ਕਰ ਲਈ'॥** ਤੁਸੀਂ ਸਾਡੇ ਨਾਲੋਂ ਦਸ ਗੁਣਾਂ ਜ਼ਿਆਦਾ ਕਰ ਲਈ, ਸਾਡੇ ਨਾਲ ਬਹੁਤ ਹੋ ਚੁੱਕੀ, ਤੁਸੀਂ ਹੁਣ ਬਸ ਕਰੋਂ, ਹੁਣ ਬਹੁਤ ਹੋ ਗਈ ਹੈ।

**ਦੁਲਚੈ ਸਿੰਘ ਭੀ ਆ ਸਮਝਾਯੋ॥** ਦੁਲਚਾ ਸਿੰਘ ਨੇ ਵੀ ਆ ਕੇ ਬਘੇਲ ਸਿੰਘ ਨੂੰ ਸਮਝਾਇਆ ਕਿ ਜਾਣ ਦਿਓ, ਹੁਣ ਬਹੁਤ ਹੋ ਗਈ ਹੈ, ਫਿਰ ਵੀ ਆਪਣੇ ਹਨ।

**'ਫਤੇ ਲਈ ਅਬ ਜੋਖੋਂ ਮਤ ਖਾਯੋ' ॥ ੯੬॥** ਆਪਾਂ ਫਤੇ ਪ੍ਰਾਪਤ ਕਰ ਲਈ ਤੇ ਹੁਣ ਕਿਤੇ ਖ਼ਤਰਾ ਨਾ ਖਾਇਓ। ਆਪਣੇ ਕਿਸੇ ਨਾਮੀ ਗ੍ਰਾਮੀ ਸਿੰਘ ਦਾ ਨੁਕਸਾਨ ਨਾ ਕਰਾ ਬੈਠਿਓ। ੯੬।

**ਮੁੜਯੋ ਸਿੰਘ ਜੀ ਡੇਰੋ ਕਰਾਯੋ॥** ਉਨ੍ਹਾਂ ਦੇ ਕਹੇ ਤੋਂ ਜਥੇਦਾਰ ਬਘੇਲ ਸਿੰਘ ਜੀ ਮੁੜ ਪਿਆ ਅਤੇ ਆਪਣੀ ਫ਼ੌਜ ਨੂੰ ਲੁੱਟ ਮਾਰ ਤੋਂ ਰੋਕ ਕੇ ਡੇਰਾ ਕਰਾ ਦਿੱਤਾ।

**ਮੱਧ ਪਿੰਡਨ ਦੋਊ ਝੰਡੋ ਗਡਾਯੋ॥** ਬਡੂੰਗਰ ਤੇ ਲਹਿਲ ਦੋਵਾਂ ਪਿੰਡਾਂ ਦੇ ਵਿਚਕਾਰ ਜਿੱਤ ਦਾ ਝੰਡਾ ਗੱਡ ਦਿੱਤਾ।

**ਘਲਯੋ ਚੈਨ ਸਿੰਘ ਉਤ ਸਮਝਾਇ॥** ਚੈਨ ਸਿੰਘ ਨੂੰ ਸਮਝਾ ਕੇ ਭੇਜਿਆ ਹੈ, ਉਧਰ ਰਾਜੇ ਅਮਰ ਸਿੰਘ ਕੋਲ।

**'ਤੋਪ ਚਲਨੀ ਜਾਇ ਹਟਵਾਇ' ॥ ੯੭॥** ਜਾਹ, ਜਾ ਕੇ ਤੋਪਾਂ ਚਲਣੀਆਂ ਬੰਦ ਕਰਵਾ ਕੇ ਆ, ਉਹਨਾਂ ਨੂੰ ਕਹੋ ਹੁਣ ਤੋਪਾਂ ਕਿਉਂ ਚਲਾਉਂਦੇ ਹੋ ਫ਼ਾਲਤੂ। ੯੭।

**ਦੋਹਰਾ॥ ਤੌ ਰਾਜੈ ਸੋਂ ਚੈਨ ਸਿੰਘ ਕਹੀ, ਜਾਇ ਹਥ ਜੋੜ॥** ਤਦ ਰਾਜੇ ਅਮਰ ਸਿੰਘ ਨੂੰ ਚੈਨ ਸਿੰਘ ਨੇ ਜਾ ਕੇ ਹੱਥ ਜੋੜ ਕੇ ਕਿਹਾ।

**'ਮੈਂ ਲਿਖ ਭੇਜਯੋ ਹੁਤ ਪ੍ਰਿਥਮ ਮਤ ਲੜੋ ਪੰਥ ਲਖ ਥੋੜ॥ ੯੮॥** ਮੈਂ ਤੁਹਾਨੂੰ ਪਹਿਲਾਂ ਲਿਖ ਕੇ ਭੇਜਿਆ ਸੀ ਕਿ ਪੰਥ ਦੀ ਥੋੜੀ ਗਿਣਤੀ ਵੇਖ ਕੇ ਮਤ ਲੜਿਓ ਪੰਥ ਨਾਲ ਪਰ ਤੁਸੀਂ ਮੇਰੀ ਮੰਨੀ ਨਹੀਂ। ੯੮।

**ਚੌਪਈ॥ ਪੰਥ ਮੱਧ ਹੈ ਗੁਰ ਕੀ ਸ਼ਕਤਿ॥** ਗੁਰੂ ਪੰਥ ਵਿਚ ਸਤਿਗੁਰੂ ਜੀ ਦੀ ਸ਼ਕਤੀ ਹੈ, ਸਤਿਗੁਰੂ ਜੀ ਪੰਥ ਵਿਚ ਹਾਜ਼ਰ ਨਾਜ਼ਰ ਰਹਿੰਦੇ ਹਨ।

**ਪੰਥ ਮੱਧ ਜਪਿ ਤਪੀਏ ਭਗਤ॥** ਗੁਰੂ ਖਾਲਸੇ ਪੰਥ ਵਿਚ ਨਾਮ ਜਪਣ ਵਾਲੇ, ਤਪੱਸਵੀ ਅਤੇ ਵਾਹਿਗੁਰੂ ਦੇ ਭਗਤ ਰਹਿੰਦੇ ਹਨ।

**ਆਦ ਪੰਥ ਕੈ ਨਿਗਾਰੇ ਨਿਸ਼ਾਨ॥** ਇਹ ਅੱਜ ਦੇ ਥੋੜ੍ਹੇ ਇਹ ਤਾਂ ਆਦਿ ਪੁਰਖ ਦੇ ਨਗਾਰੇ ਅਤੇ ਨਿਸ਼ਾਨ, ਸਤਿਗੁਰਾਂ ਨੇ

ਪੰਥ ਨੂੰ ਜਦੋਂ ਹਜ਼ੂਰ ਸਾਹਿਬ ਤੋਂ ਭੇਜਿਆ, ਜ਼ਾਲਮਾਂ ਦੀ ਸੋਧ ਕਰਨ ਵਾਸਤੇ, ਇਹ ਨਗਾਰੇ ਤੇ ਨਿਸ਼ਾਨ ਸਾਹਿਬ ਤਾਂ ਉਦੋਂ ਦੇ ਹਨ, ਦੇਖ ਲਵੋ ਪੰਥ ਪ੍ਰਕਾਸ਼ ਇਹ ਗਵਾਹੀ ਦੇ ਰਿਹਾ ਹੈ ਕਿ ਬੁੱਢੇ ਦਲ ਕੋਲ ਨਗਾਰੇ ਤੇ ਨਿਸ਼ਾਨ ਹਨ,ਇਹ ਆਦਿ ਤੋਂ ਸਤਿਗੁਰਾਂ ਦੇ ਬਖ਼ਸ਼ੇ ਹੋਏ ਹਨ। ਉਥੋਂ ਜਦੋਂ ਬੰਦਾ ਬਹਾਦਰ ਪੰਥ ਦੇ ਨਾਲ ਆਇਆ, ਤਾਂ ਭਾਈ ਮਸਤਾਨ ਸਿੰਘ ਦਾ ਡੇਰਾ ਨਾਲ ਆਇਆ ਹੈ, ਜਿਸ ਦੇ ਵਿਚ ਪਤਾ ਨਹੀਂ ਕਿੰਨੇ ਕੁ ਹਜ਼ਾਰ ਸਿੰਘ ਰਹਿੰਦੇ ਸਨ। ਉਨ੍ਹਾਂ ਦੀ ਤਾਬਿਆਂ ਤਾਂ ਸ਼ਹੀਦ ਸਿੰਘ ਰਹਿੰਦੇ ਸਨ, ਉਨ੍ਹਾਂ ਦੀ ਹਾਰ ਕਿਵੇਂ ਹੋ ਸਕਦੀ ਹੈ?

***ਤੁਮ ਬਡੇ ਮਨਤ ਥੇ ਤਿਨ ਕੀ ਆਨ॥ ੯੯॥*** ਰਾਜਾ ਅਮਰ ਸਿੰਘ! ਤੁਹਾਡੇ ਵੱਡੇ ਸ੍ਰ. ਆਲਾ ਸਿੰਘ ਵਰਗੇ ਪੰਥ ਦੀ ਆਨ ਮੰਨਦੇ ਸਨ। ਆਪਣੇ ਘਰ ਲਿਜਾ ਕੇ ਠੀਕਰੀ ਵਾਲੇ, ਗੁਰੂ ਖਾਲਸੇ ਪੰਥ ਦੀ ਸੇਵਾ ਕੀਤੀ ਸੀ, ਪੰਥ ਤੋਂ ਹੀ ਅੰਮ੍ਰਿਤ ਛਕਿਆ ਸੀ ਆਲਾ ਸਿੰਘ ਨੇ। ੯੯।

***ਰਾਜੇ ਕਹੀ 'ਔਰ ਰਖੋ ਸਿਪਾਹਿ॥*** ਰਾਜਾ ਅਮਰ ਸਿੰਘ ਨੇ ਕਿਹਾ। ਹੋਰ ਫ਼ੌਜ ਰੱਖੋ, ਹੋਰ ਫ਼ੌਜ ਭਰਤੀ ਕਰ ਲਵੋ।

***ਲੇਹੁ ਬਠਿੰਡੇ ਤੇ ਖਜਾਨੇ ਮੰਗਵਾਇ॥*** ਆਪਣੇ ਕੋਲ ਮਾਇਆ ਦੀ ਕੋਈ ਕਮੀ ਨਹੀਂ ਹੈ, ਮੈਥੋਂ ਬਠਿੰਡੇ ਤੋਂ ਖ਼ਜ਼ਾਨਾ ਮੰਗਵਾ ਕੇ ਹੋਰ ਫ਼ੌਜ ਰੱਖ ਲਵੋ।

***ਰੁਪੱਯਾ ਕਾਫੀ ਦੇਹੁ ਲਗਾਇ॥*** ਕਾਫੀ ਰੁਪੱਈਆ ਲਗਾ ਦਿਉ।

***ਉਨ ਹੀ ਕੀ ਫੌਜ ਲਿਹੁ ਤੁੜਵਾਇ' ॥ ੧੦੦॥*** ਉਨ੍ਹਾਂ ਦੀ ਫ਼ੌਜ ਪੈਸੇ ਦੇ ਕੇ ਤੁੜਵਾ ਲਵੋ, ਭਾਵ ਸਿੰਘਾਂ ਨੂੰ ਲਾਲਚ ਦੇ ਕੇ ਆਪਣੇ ਨਾਲ ਰਲਾ ਲਈਏ ਤੋੜ ਕੇ। ੧੦੦।

***ਇਹ ਤੌ ਬਾਤ ਅਚਾਨਕ ਭਈ॥*** ਇਹ ਤਾਂ ਅਚਾਨਕ ਹਾਰ ਹੋ ਗਈ, ਸਾਨੂੰ ਸਮਝ ਨਹੀਂ ਲੱਗੀ।

***ਮੈਂ ਬਿਨ ਫੌਜ ਇਕੱਲੀ ਨਠ ਆਈ॥*** ਮੈਂ ਆਪ ਹਾਜ਼ਰ ਨਹੀਂ ਸਾਂ ਫ਼ੌਜ ਵਿਚ, ਇਕੱਲੀ ਫ਼ੌਜ ਗਈ ਸੀ, ਇਸ ਕਰਕੇ ਉਹ ਭੱਜ ਆਈ ਹੈ, ਹਾਰੇ ਥੋੜ੍ਹੇ ਹਾਂ ਅਸੀਂ।

***ਔਰ ਮਿਸਲ ਦੋ ਚਾਰ ਮੰਗਈਏ॥*** ਆਪਾਂ ਪੈਸੇ ਖ਼ਰਚ ਕਰਕੇ ਹੋਰ ਮਿਸਲਾਂ ਮੰਗਾ ਲਵੋ, ਹੋਰ ਦੋ ਚਾਰ ਮਿਸਲਾਂ ਮੰਗਾ ਲਈਏ।

***ਜੇ ਹੁਤੀ ਬਘੇਲ ਸਿੰਘ ਤੇਊ ਸੁਵਈਏ॥ ੧੦੧॥*** ਜਿਹੜੇ ਬਘੇਲ ਸਿੰਘ ਦੀ ਫ਼ੌਜ ਨਾਲੋਂ ਜ਼ਿਆਦਾ ਹਨ ਗਿਣਤੀ ਵਿਚ, ਆਪਾਂ ਉਨ੍ਹਾਂ ਨੂੰ ਮੰਗਾ ਲਈਏ। ੧੦੧।

***ਚੈਨ ਸਿੰਘ ਤਊ ਕਹੀ ਬਿਚਾਰੇ॥*** ਸ੍ਰ. ਚੈਨ ਸਿੰਘ ਸਿਆਣਾ ਸੀ, ਉਸਨੇ ਵਿਚਾਰ ਕੇ ਗੱਲ ਕਹੀ ਹੈ।

***'ਹਮ ਦੋਵਲ ਘਰ ਕਿਮ ਕਰੈਂ ਖੁਵਾਰੇ' ॥*** ਕਹਿੰਦਾ ਓਹੋ, ਹੈ ਏਧਰ ਵੀ ਘਰ ਗੁਰੂ ਕਾ ਹੈ, ਓਧਰ ਵੀ ਘਰ ਗੁਰੂ ਕਾ ਹੈ, ਅਸੀਂ ਦੋਹੀਂ ਪਾਸੀਂ ਕਿਉਂ ਖੁਆਰੀ ਕਰੀਏ ਗੁਰੂ ਘਰ ਦੀ, ਇਹ ਗੱਲ ਠੀਕ ਨਹੀਂ ਹੈ। ਮੈਂ ਕਿਵੇਂ ਉਨ੍ਹਾਂ ਮਿਸਲਾਂ ਨੂੰ ਪੰਥ ਨਾਲੋਂ ਤੋੜ ਕੇ ਲਿਆਵਾਂ, ਮੈਂ ਹੀ ਉਨ੍ਹਾਂ ਨੂੰ ਪੰਥ ਨਾਲ ਲੜਾਵਾਂ, ਇਹ ਨਹੀਂ ਹੋ ਸਕਦੀ, ਇਹ ਤਾਂ ਗੱਲ ਨਜ਼ਾਇਜ ਹੈ। ਚੈਨ ਸਿੰਘ ਨੇ ਜੁਆਬ ਦਿੱਤਾ।

***ਮਝੈਲ ਮਲਵਈ ਸਭ ਇਕੋ ਭਾਈ॥*** ਮਝੈਲ ਅਤੇ ਮਲਵਈ ਸਭ ਦੋ ਨਹੀਂ ਹਨ, ਸਭ ਇਕੋ ਹੀ ਹਨ, ਗੁਰਭਾਈ ਹਨ, ਇੱਕੋ ਗੁਰੂ ਦੇ ਸਿੱਖ ਹਨ, ਇਕੋ ਗੁਰੂ ਪੰਥ ਵਿਚ ਰਹਿਣ ਵਾਲੇ ਹਾਂ, ਕਿਉਂਕਿ ਇਹ ਗੁਰੂ ਕੀਆਂ ਮਿਸਲਾਂ ਹਨ।

***ਅੰਦਰੋਂ ਬਾਹਰੋਂ ਰਲ ਹਮ ਲੁਟ ਖਾਈ॥ ੧੦੨॥*** ਪੰਜਾਬ ਦੇ ਅੰਦਰੋਂ ਅਤੇ ਬਾਹਰੋਂ ਅਸੀਂ ਦੋਵੇਂ ਧਿਰਾਂ ਰਲ ਕੇ ਲੁੱਟ ਕੇ ਖਾਂਦੇ ਹਾਂ। ੧੦੨।

***ਲੜਨ ਭਿੜਨ ਮੈਂ ਰਹਿਂ ਦੋਊ ਰੱਲ॥*** ਦੇਖੋ ਲੜਨ ਭਿੜਨ ਵਿਚ ਵੀ ਦੋਵੇਂ ਧਿਰਾਂ ਮਝੈਲ ਤੇ ਮਲਵਈ ਇਕੱਠੇ ਰਲ ਕੇ ਰਹੇ ਹਾਂ। ਸਾਰੀਆਂ ਲੜਾਈਆਂ ਇਕੱਠਿਆਂ ਰਲ ਕੇ ਲੜੀਆਂ ਹਨ ਅਤੇ ਫੜ੍ਹੇ ਵੀ ਪ੍ਰਾਪਤ ਕਰਦੇ ਰਹੇ ਹਾਂ।

***ਕੋਊ ਖੜੈ, ਕਊ ਜਾਇ ਸੁ ਚੱਲ॥*** ਇਹ ਤਾਂ ਕੁਦਰਤ ਦਾ ਨਿਯਮ ਹੈ, ਕੋਈ ਤਾਂ ਲੜਾਈ 'ਚ ਖੜ੍ਹਾ ਰਹਿ ਜਾਂਦਾ ਹੈ, ਕੋਈ

ਚਲਾਏਮਾਨ ਹੋ ਜਾਂਦਾ ਹੈ, ਭੱਜ ਜਾਂਦਾ ਹੈ। ਭਰਾਵਾਂ ਤੋਂ ਭੱਜੇ ਹਾਂ, ਦੁਸ਼ਮਣ ਤੋਂ ਨਹੀਂ ਭੱਜੇ ਹਾਂ। ਚੈਨ ਸਿੰਘ ਗੱਲ ਨੂੰ ਠੰਢਾ ਕਰਨ ਵਾਸਤੇ ਅੱਗ 'ਤੇ ਪਾਣੀ ਪਾ ਰਿਹਾ ਹੈ।

***ਕਈ ਬਾਰ ਹਮ ਉਨ੍ਹੈਂ ਭਜਾਵੈਂ॥*** ਕਿਉਂਕਿ ਲੜਾਈਆਂ ਤਾਂ ਸਾਡੀਆਂ ਹੁੰਦੀਆਂ ਰਹਿੰਦੀਆਂ ਹਨ ਹੱਦਾਂ 'ਤੇ, ਕਈ ਵਾਰੀ ਅਸੀਂ ਉਹਨਾਂ ਨੂੰ ਭਜਾ ਦਿੰਦੇ ਹਾਂ।

***ਕਈ ਬਾਰ ਹਮ ਉਨ ਤੇ ਨਠ ਆਵੈਂ॥ ੧੦੩॥*** ਕਈ ਵਾਰ ਉਹ ਤਕੜੇ ਹੋ ਕੇ ਸਾਡੇ ਪਿੱਛੇ ਪੈ ਜਾਂਦੇ ਹਨ ਤੇ ਅਸੀਂ ਭੱਜ ਆਉਂਦੇ ਹਾਂ। ੧੦੩।

***ਦੋਹਰਾ॥ ਸਾਮ ਦਾਮ ਦੰਡ ਭੇਦ ਜੋ ਕਹੈਂ ਉਪਾਇ ਜੁ ਚਾਰ॥*** ਰਾਜਨੀਤੀ ਦੇ ਜਿਹੜੇ ਭੇਦ ਕਹੇ ਹਨ ਚਾਰ-ਸਾਮ, ਦਾਮ, ਦੰਡ, ਭੇਦ। (੧) ਸਾਮ=ਕਿਸੇ ਦੀ ਸ਼ਰਨ ਲੈ ਲੈਣੀ। ੨. ਦਾਮ=ਪੈਸੇ ਦੇ ਕੇ ਆਪਣਾ ਮਤਲਬ ਸਿਧ ਕਰ ਲੈਣਾ। ੩. ਦੰਡ=ਸਜ਼ਾ ਦੇ ਕੇ ਸੋਧਣਾ ਅਤੇ ੪. ਭੇਦ=ਦੁਸ਼ਮਣ ਵਿਚ ਫੁੱਟ ਪਾ ਦੇਣੀ। ਇਹ ਜਿਹੜੇ ਦਾਅ ਪੇਚ ਹਨ, ਰਾਜਨੀਤੀ ਦੇ ਹਨ।

***ਤਾਂਕੀ ਵਰਤਨ ਵਰਤ ਕੈ ਦਏ ਦੇਸੋਂ ਗ਼ਨੀਮ ਨਿਕਾਰ॥ ੧੦੪॥*** ਨੀਤੀ ਤਾਂ ਇਹ ਕਹਿੰਦੀ ਹੈ, ਇਨ੍ਹਾਂ ਰਾਜਨੀਤੀ ਚਾਰੇ ਦਾਅ-ਪੇਚਾਂ ਵਿੱਚੋਂ ਜਿਹੜਾ ਵੀ ਵਰਤੋਂ 'ਚ ਆਵੇ, ਉਸ ਨੂੰ ਵਰਤ ਕੇ (ਗਨੀਮ) ਦੁਸ਼ਮਣ ਨੂੰ ਆਪਣੇ ਦੇਸ਼ 'ਚੋਂ ਕੱਢ ਦਿਓ। ੧੦੪।

***ਚੌਪਈ॥ ਕਹੀ ਰਾਜੇ 'ਤੂੰ ਸਯਾਨੋ ਆਹੀ॥*** ਰਾਜੇ ਅਮਰ ਸਿੰਘ ਨੇ ਚੈਨ ਸਿੰਘ ਤੂੰ ਸਿਆਣਾ ਹੈਂ, ਅਕਲਮੰਦ ਹੈਂ, ਜਿਵੇਂ ਤੈਨੂੰ ਠੀਕ ਲਗਦਾ ਹੈ। ਉਸੇ ਤਰ੍ਹਾਂ ਕਰ ਲੈ।

***ਤੁਮਰੀ ਬਾਤ ਹਮ ਮੋੜੈਂ ਨਾਹੀ'॥*** ਤੈਨੂੰ ਸਿਆਣਾ ਕਰ ਕੇ ਹੀ ਤਾਂ ਵਕੀਲ ਬਣਾਇਆ ਹੈ ਆਪਣਾ, ਤੇਰੀ ਗੱਲ ਮੈਂ ਨਹੀਂ ਮੋੜਦਾ, ਜਿਵੇਂ ਤੇਰੀ ਸਲਾਹ ਹੈ ਕਰ ਲੈ।

***ਮੁੜ ਅਯੋ ਚੈਨ ਸਿੰਘ, ਸਿੰਘ ਜੀ ਪਾਸ॥*** ਰਾਜੇ ਅਮਰ ਸਿੰਘ ਨੂੰ ਮਨਾ ਕੇ, ਚੈਨ ਸਿੰਘ ਵਕੀਲ, ਸ੍ਰ. ਬਘੇਲ ਸਿੰਘ ਦੇ ਕੋਲ ਆ ਗਿਆ ਹੈ।

***ਮੁਲਕ ਮੋੜ ਉਸ ਦੀਨੋ ਖਾਸ॥ ੧੦੫॥*** ਜਿਹੜਾ ਬਘੇਲ ਸਿੰਘ ਦਾ ਮੁਲਕ ਦੱਬਿਆ ਸੀ, ਉਹ ਉਸ ਨੂੰ ਵਾਪਸ ਮੋੜ ਦਿੱਤਾ ਹੈ। ੧੦੫।

***ਨਜ਼ਰ ਨਜ਼ਰਾਨੋ ਔ ਮਾਮਲੋ ਆਹਿ॥*** (ਨਜ਼ਰ ਨਜ਼ਰਾਨੋ) ਸਰੋਪੇ ਅਤੇ ਮਾਮਲਾ ਜੋ ਹੈ, ਜੰਗ ਦਾ ਖ਼ਰਚਾ, ਲੰਗਰ ਪਾਣੀ ਦਾ ਖ਼ਰਚਾ ਆਦਿਕ।

***ਸੋ ਸਭ ਦੀਨੋ ਉਹਾਂ ਪੁਚਾਇ॥*** ਜਿਥੇ ਬਘੇਲ ਸਿੰਘ ਦਾ ਡੇਰਾ ਪਾਇਆ ਹੋਇਆ ਸੀ, ਉਹ ਓਥੇ ਪਹੁੰਚਦਾ ਕਰ ਦਿੱਤਾ ਹੈ।

***ਔਰ ਜੁ ਮਿਸਲ ਸੰਗ ਸਿੰਘ ਜੀ ਆਈ॥*** ਹੋਰ ਜਿਹੜੀਆਂ ਸਿੰਘਾਂ ਦੀਆਂ ਮਿਸਲਾਂ ਬਘੇਲ ਦੀ ਮਦਦ 'ਤੇ ਆਈਆਂ ਸਨ।

***ਸਭਨ ਲੀਨੋ ਮਾਮਲੋ ਭਵਾਈ॥ ੧੦੬॥*** ਰਾਜਾ ਅਮਰ ਸਿੰਘ ਤੋਂ ਜੰਗ ਦਾ ਸਾਰਾ ਖ਼ਰਚਾ ਪੂਰਾ ਕੀਤਾ।

***ਦੋਹਰਾ॥ ਤਿਸ ਹੀ ਦਿਨ ਬਘੇਲ ਸਿੰਘ ਮਿਸਲਨ ਕੰਮ ਸਰਵਾਇ॥*** ਉਸੇ ਹੀ ਦਿਨ ਸ੍ਰ. ਬਘੇਲ ਸਿੰਘ ਸਾਰੀਆਂ ਮਿਸਲਾਂ ਦੇ ਕੰਮ ਸਵਾਰ ਕੇ। ੧੦੬।

***ਨਜ਼ਰ ਨਜ਼ਰਾਨੋ ਦਿਵਾਇ ਕੈ ਚੜ੍ਹਯੋ ਡੰਕ ਬਜਵਾਇ॥ ੧੦੭॥*** ਜਿਹੜੇ ਨਾਲ ਦੀਆਂ ਮਿਸਲਾਂ ਦੇ ਸਾਥੀ ਆਏ ਸਨ, ਜਿਨ੍ਹਾਂ ਦੇ ਪਿੰਡ ਦੱਬੇ ਸਨ ਬਘੇਲ ਸਿੰਘ ਨੇ, ਉਹ ਸਾਰੇ ਵਾਪਸ ਕਰਾ ਕੇ ਨਜ਼ਰ-ਨਜ਼ਰਾਨਾ ਜੋ ਬਣਦਾ ਸੀ, ਉਹ ਦਿਵਾ ਕੇ ਫਤੇ ਦੇ ਡੰਕੇ ਵਜਾ ਕੇ ਪਿਛਾਂਹ ਨੂੰ ਕੂਚ ਕਰ ਦਿੱਤਾ। ੧੦੭।

***ਚੌਪਈ॥ ਤਊ ਚੈਨ ਸਿੰਘ ਬਾਤ ਬਿਚਾਰੀ॥*** ਤਦ ਚੈਨ ਸਿੰਘ ਨੇ ਮਨ ਵਿਚ ਗੱਲ ਨੂੰ ਵਿਚਾਰਿਆ ਹੈ।

***'ਗਰਬਤ ਸਿੰਘ ਸੌਂ ਨਹਿੰ ਖੁਲ੍ਹੀ ਹਮਾਰੀ॥*** ਬਘੇਲ ਸਿੰਘ ਨਾਲ ਗੱਲ-ਬਾਤ ਤਾਂ ਸਾਡੀ ਖੁਲ੍ਹੀ ਕੋਈ ਨਹੀਂ ਹੈ, ਭਾਵ ਜਿਨਾਂ ਚਿਰ ਮੇਲ ਮਿਲਾਪ ਨਾ ਹੋਵੇ, ਗੱਲਬਾਤ ਸੁਲਹ ਦੀ ਨਾ ਹੋਵੇ। ਸੁਲਹ ਤਾਂ ਹੋ ਗਈ ਹੈ, ਜਦੋਂ ਉਧਰੋਂ-ਉਧਰੀ ਮਾਮਲੇ ਆਦਿਕ ਮੋੜ ਦਿੱਤੇ। ਲੇਕਿਨ ਮਨ ਤਾਂ ਨਹੀਂ ਮਿਲੇ ਦੋਵਾਂ ਦੇ, ਕੋਈ ਮੁਲਾਕਾਤ ਨਹੀਂ ਹੋਈ ਦੋਹਾਂ ਦੀ। ਚੈਨ ਸਿੰਘ ਨੇ ਵਿਚਾਰ ਕੀਤੀ ਕਿ ਗੱਲ ਤਾਂ ਉਥੇ ਦੀ ਉਥੇ ਹੀ ਰਹਿ ਗਈ। ਫਿਰ ਲੜਾਈ ਹੋ ਸਕਦੀ ਹੈ। ਉਹ ਫਿਰ ਤਕੜੇ ਹੋ ਕੇ ਆ ਜਾਣਗੇ, ਸੁਲਹ ਹੋਣੀ ਚਾਹੀਦੀ ਸੀ।

***ਹੈ ਬਘੇਲ ਸਿੰਘ ਬਡੋ ਉਪਾਈ॥*** ਕਿਉਂਕਿ ਡਰ ਸੀ ਉਨ੍ਹਾਂ ਨੂੰ, ਬਘੇਲ ਸਿੰਘ ਵੱਡਾ (ਉਪਾਈ) ਜੁਗਤੀ ਹੈ, ਕੋਈ ਹੋਰ ਜੁਗਤ ਬਣਾ ਕੇ ਆ ਜਾਇਗਾ ਚੜ੍ਹ ਕੇ ਸਾਡੇ 'ਤੇ।

***ਮਤ ਹਮ ਦਏ ਕੋਈ ਖਰਾਬੀ ਪਾਈ॥ ੧੦੮॥*** ਮਤਾਂ ਕੋਈ ਹੋਰ ਬਹਾਨਾ ਬਣਾ ਕੇ ਸਾਡੇ ਤੇ ਕੋਈ ਖਰਾਬੀ ਕਰ ਦੇਵੇ, ਕਿਤੇ ਸਾਡੇ ਪਿੰਡ ਨਾ ਖੋਹ ਲਵੇ ਕਿ ਹੁਣ ਦੱਸੋ ਤੁਸੀਂ ਸਾਡੇ ਪਿੰਡ ਖੋਹੇ ਸੀ ਕਿ ਨਹੀਂ, ਅਸੀਂ ਤੁਹਾਡਾ ਇਲਾਕਾ ਮਲਦੇ ਹਾਂ, ਆਉ ਜੇ ਵੇਖਣੇ ਹੱਥ ਤਾਂ, ਇਹ ਤਾਂ ਕੰਮ ਖਰਾਬ ਹੋਏਗਾ, ਲੜਾਈ ਤਾਂ ਸਗੋਂ ਉਦੂੰ ਵਧੇਗੀ ਘਟਣੀ ਨਹੀਂ। ੧੦੮।

***ਅਮਰ ਸਿੰਘ ਹਮ ਮਿਲਿਓ ਨਾਂਹੀਂ॥*** ਰਾਜਾ ਅਮਰ ਸਿੰਘ ਸਾਨੂੰ ਮਿਲਿਆ ਨਹੀਂ।

***ਚੜ੍ਹਤ ਹੋਤ ਇਮ ਗਯੋ ਸੁਣਾਈ'॥*** ਜਦੋਂ ਵਾਪਸੀ ਵਾਸਤੇ ਘੋੜੇ 'ਤੇ ਚੜ੍ਹਨ ਲੱਗਾ, ਉਦੋਂ ਏਨੀ ਗੱਲ ਕਹਿ ਗਿਆ ਬਘੇਲ ਸਿੰਘ।

***ਰਾਜੇ ਕਹਯੋ, 'ਉਸ ਖੜਾਯੋ ਤੂੰ ਮੋੜ॥*** ਰਾਜੇ ਅਮਰ ਸਿੰਘ ਨੇ ਚੈਨ ਸਿੰਘ ਨੂੰ ਕਿਹਾ, ਜਾ ਉਨ੍ਹਾਂ ਨੂੰ ਮੋੜ ਕੇ ਖੜ੍ਹਾ ਕੇ ਆ।

***ਹਮ ਸੌਂ ਉਸ ਕੋ ਕਰਾ ਦਿਹੁ ਜੋੜ'॥ ੧੦੯॥*** ਸਾਡੇ ਨਾਲ ਉਸਦਾ ਮਿਲਾਪ ਕਰਾ ਦਿਓ। ੧੦੯।

***ਜਾ ਚੈਨ ਸਿੰਘ, ਸਿੰਘ ਜੂ ਸੌਂ ਕਹਯੋ॥*** ਚੈਨ ਸਿੰਘ ਨੇ ਜਾ ਕੇ ਬਘੇਲ ਸਿੰਘ ਨੂੰ ਆਖਿਆ।

***'ਤੁਮ ਚੜ੍ਹ ਤੁਰੇ ਮਿਲਨ ਰਾਜੇ ਥੋ ਆਯੋ'॥*** ਬਘੇਲ ਸਿੰਘ ਜੀ! 'ਰਾਜਾ ਅਮਰ ਸਿੰਘ ਤੁਹਾਨੂੰ ਮਿਲਣ ਆ ਰਿਹਾ ਸੀ, ਤੁਸੀਂ ਚੜ੍ਹ ਕੇ ਤੁਰ ਪਏ ਹੋ ਇਕ ਦਮ, ਤੁਸੀਂ ਇਕ ਦਮ ਕੂਚ ਦਾ ਹੁਕਮ ਦੇ ਦਿੱਤਾ'।

***ਕਿਛਕੁ ਅਗਯੋਂ ਸਿੰਘ ਗੁੱਸੇ ਹੋਯੋ॥*** ਪਤਾ ਤਾਂ ਹੈ ਸੀ ਬਘੇਲ ਸਿੰਘ ਨੂੰ ਕਿ ਰਾਜਾ ਸਾਨੂੰ ਮਿਲਣ ਨਹੀਂ ਆਇਆ, ਏਡਾ ਆਕੜ-ਖੋਰ ਹੈ, ਚਲ ਫਿਰ ਸਈ। ਇਸ ਤਰ੍ਹਾਂ ਬਘੇਲ ਸਿੰਘ ਵੀ ਕਹਿ ਗਿਆ ਸੀ, ਕੋਈ ਨਹੀਂ ਫਿਰ ਦੂਜੀ ਵੇਰਾਂ ਸਈ, ਜੇ ਨਹੀਂ ਆਇਆ ਤਾਂ। ਅੱਗੋਂ ਕੁਛ ਕੁ ਗੁੱਸਾ ਕੀਤਾ ਹੈ ਬਘੇਲ ਸਿੰਘ ਨੇ।

***ਟਪ ਘੋੜਯੋਂ ਫੜ ਚੈਨ ਸਿੰਘ ਖਲੋਯੋ॥ ੧੧੦॥*** ਚੈਨ ਸਿੰਘ ਆਪਣੇ ਘੋੜੇ ਤੋਂ ਟੱਪ ਕੇ, ਭਾਵ ਆਪਣੇ ਘੋੜੇ ਨੂੰ ਛੱਡ ਕੇ, ਬਘੇਲ ਸਿੰਘ ਦੇ ਘੋੜੇ ਦੀ ਵਾਗ ਫੜ ਕੇ ਖਲੋ ਗਿਆ। ਸਿੰਘ ਜੀ! 'ਇਉਂ ਨਾ ਕਰੋ, ਤੁਸੀਂ ਇਉਂ ਨਾ ਕਰੋ, ਆਖੇ ਲੱਗੋ, ਪੜਾਉ ਕਰੋ, ਰਾਜੇ ਨੂੰ ਮਿਲ ਕੇ ਜਾਇਓ'। ੧੧੦।

***ਸੋ ਮੋੜ ਲੈ ਗਯੋ ਰਾਜੈ ਚੜਵਾਇ॥*** ਉਹ (ਚੈਨ ਸਿੰਘ) ਬਘੇਲ ਸਿੰਘ ਨੂੰ ਮੋੜ ਕੇ, ਉਨ੍ਹਾਂ ਦਾ ਪੜਾਉ ਕਰਾ ਕੇ ਫਿਰ ਰਾਜੇ ਅਮਰ ਸਿੰਘ ਨੂੰ ਚੜ੍ਹਾ ਕੇ ਲਿਆਇਆ। ਚਲੋ ਜੀ ਤੁਹਾਡੀ ਮੁਲਾਕਾਤ ਕਰਾਈਏ।

***ਨਜ਼ਰ ਨਜ਼ਰਾਨੋ ਬਹੁ ਫਿਰ ਦਯੋ ਵਾਇ॥*** ਉਸ ਨੇ ਫਿਰ ਬਹੁਤ ਸਾਰੇ ਤੋਹਫੇ, ਸੁਗਾਤਾਂ ਅਤੇ ਧਨ, ਦੌਲਤ ਬਘੇਲ ਸਿੰਘ ਨੂੰ ਦਿੱਤੇ।

***ਸਾਥ ਬੇਟੋ ਥੋ ਰਾਜੈ ਲੈ ਗਯੋ॥*** ਰਾਜਾ ਆਪਣੇ ਪੁੱਤਰ ਸਾਹਿਬ ਸਿੰਘ ਨੂੰ ਵੀ ਨਾਲ ਲੈ ਗਿਆ ਸੀ।

***ਸੋਊ ਬਘੇਲ ਸਿੰਘ ਕੁਛੜ ਪਾ ਦਯੋ॥ ੧੧੧॥*** ਰਾਜੇ ਅਮਰ ਸਿੰਘ ਨੇ ਉਸ (ਸਾਹਿਬ ਸਿੰਘ) ਨੂੰ ਸ੍ਰ. ਬਘੇਲ ਸਿੰਘ ਦੀ ਗੋਦੀ ਪਾ ਦਿੱਤਾ, ਲਉ ਬਘੇਲ ਸਿੰਘ ਜੀ ਇਹ ਮੇਰਾ ਪੁੱਤਰ ਹੈ, ਇਹ ਤੁਹਾਡਾ ਵੀ ਪੁੱਤਰ ਹੈ ਅੱਜ ਤੋਂ। ੧੧੧।

**ਦੋਹਰਾ॥ ਦੇ ਪਾਹੁਲ ਤਿਸ ਸਿੰਘ ਕੀਓ ਭਯੋ ਅਤੀ ਤਬ ਗੱਠ॥** ਉਸ (ਸਾਹਿਬ ਸਿੰਘ) ਨੂੰ ਖੰਡੇ ਦਾ (ਪਾਹੁਲ) ਅੰਮ੍ਰਿਤਪਾਨ ਕਰਾਕੇ ਸਿੰਘ ਸਜਾ ਲਿਆ ਹੈ। ਜਦੋਂ ਉਹ ਸਿੰਘ ਸਜ ਗਿਆ ਸਾਰੇ ਰੌਲੇ ਮੁਕ ਗਏ। ਇਹ ਸਿੰਘਾਂ ਦੀ ਰੀਤ ਹੈ, ਜਿਹੜਾ ਕੱਚਾ ਪਿੱਲਾ ਸਿੰਘ ਸਜ ਜਾਏ, ਉਸ ਦੇ ਨਾਲ ਸਾਡੀ ਸੁਲਹ ਹੈ। ਹੁਣ ਗੁਰੂ ਅੱਗੇ ਸਹੁੰ ਚੁੱਕੀ ਹੈ, ਸੀਸ ਦਿੱਤਾ ਹੈ ਗੁਰੂ ਨੂੰ, ਹੁਣ ਕਿੱਧਰ ਜਾ ਸਕਦਾ ਹੈ ਉਹ। ਫਿਰ ਬਘੇਲ ਸਿੰਘ ਅਤੇ ਰਾਜੇ ਅਮਰ ਸਿੰਘ ਦਾ ਤਕੜਾ ਗੱਠਜੋੜ ਹੋ ਗਿਆ।

**ਬਹੁਤ ਕਾਮ ਉਨ ਭਲ ਕੀਓ, ਕਰ ਕਰ ਸਿੰਘ ਜੀ ਨੱਠ॥ ੧੧੨॥** ਉਸ ਤੋਂ ਬਾਅਦ ਜ. ਬਘੇਲ ਸਿੰਘ ਜੀ ਨੇ ਦੌੜ ਦੌੜ ਕੇ ਉਨ੍ਹਾਂ ਦੇ ਬਹੁਤ ਹੀ ਚੰਗੇ ਕੰਮ ਕੀਤੇ, ਜੋ ਬਘੇਲ ਸਿੰਘ ਤੋਂ ਬਗੈਰ ਹੋਰ ਨਹੀਂ ਸੀ ਕੋਈ ਕਰ ਸਕਦਾ। ੧੧੨।

**ਚੌਪਈ॥ ਮੋਰ ਮਿਸਲ ਜੋ ਕਰੈ ਦੁਸ਼ਟਾਈ॥** ਰਾਜੇ ਅਮਰ ਸਿੰਘ ਨੇ ਕਿਹਾ ਕਿ ਜੇ ਕੋਈ ਹੋਰ ਆ ਕੇ ਮੇਰੀ ਮਿਸਲ ਨਾਲ ਦੁਸ਼ਟਤਾਈ ਕਰੇ।

**ਆਇ ਬਘੇਲ ਸਿੰਘ ਉਨ ਕਰੈ ਸਹਾਈ॥** ਤਾਂ ਬਘੇਲ ਸਿੰਘ ਆ ਕੇ ਉਨ੍ਹਾਂ ਦੀ ਸਹਾਇਤਾ ਕਰੇਗਾ, ਅਮਰ ਸਿੰਘ ਨੇ ਬਘੇਲ ਸਿੰਘ ਤੋਂ ਇਸ ਤਰ੍ਹਾਂ ਕਹਾ ਲਿਆ।

**ਨਿਜ ਘਰ ਤੈ ਉਨ ਭਲ ਘਰ ਜਾਣੈ॥** ਬਘੇਲ ਸਿੰਘ ਆਪਣੇ ਘਰ ਤੋਂ ਉਨ੍ਹਾਂ ਦਾ ਘਰ ਭਲਾ ਜਾਣਦਾ ਹੈ।

**ਓਇ ਰਾਖੈ ਉਸ ਪਰ ਬਡ ਮਾਣੈ॥ ੧੧੩॥** ਉਹ ਵੀ ਉਸ ਦੇ ਉਤੇ ਵੱਡਾ ਮਾਣ ਰਖਦਾ ਸੀ। ੧੧੩।

**ਅਮਰ ਸਿੰਘ ਜਬ ਹੀ ਮਰ ਗਯੋ॥** ਜਦੋਂ ਰਾਜਾ ਅਮਰ ਸਿੰਘ ਪ੍ਰਲੋਕ ਗਮਨ ਕਰ ਗਿਆ।

**ਉਨ ਮਿਸਲਨ ਤਿਸ ਰਾਜ ਮਲ ਲਯੋ॥** ਉਨ੍ਹਾਂ ਦੂਜੀਆਂ ਮਿਸਲਾਂ ਨੇ ਆ ਕੇ ਉਸ ਦਾ ਰਾਜ ਮੱਲ ਲਿਆ।

**ਸਿੰਘ ਪੁਰੀਅਨ ਲਈ ਬਨੂੜ ਸਭ ਮੱਲ॥** ਸਿੰਘ ਪੁਰੀਆ ਮਿਸਲ ਨੇ ਬਨੂੜ ਨਾਮ ਦਾ ਕਸਬਾ ਮਲ ਲਿਆ ਹੈ।

**ਸੰਗਤ ਸਿੰਘਨ ਲਯੋ ਮੂਲੇਪੁਰ ਰੱਲ॥ ੧੧੪॥** ਮਿਸਲ ਸੰਗਤ ਸਿੰਘਣੀਆਂ ਨੇ ਮੂਲੇ ਪੁਰ ਪਿੰਡ ਮੱਲ ਲਿਆ। ੧੧੪।

**ਭਏ ਪਟਯਾਲੇ ਦਰ ਦਰਬੰਦ॥** ਏਸ ਤਰ੍ਹਾਂ ਪਟਿਆਲੇ ਦਾ ਹਰੇਕ ਦਰਵਾਜ਼ਾ ਬੰਦ ਹੋ ਗਿਆ, ਭਾਵ ਪਟਿਆਲੇ ਦੇ ਚਾਰ ਚੁਫੇਰਿਉਂ ਹੋਰ ਮਿਸਲਾਂ ਨੇ ਇਲਾਕਾ ਮੱਲ ਲਿਆ।

**ਭਯੋ ਸਾਹਿਬ ਸਿੰਘ ਕੰਮ ਬਹੁ ਮੰਦ॥** ਰਾਜਾ ਅਮਰ ਸਿੰਘ ਤੋਂ ਬਾਅਦ ਪਟਿਆਲੇ ਦਾ ਰਾਜਾ ਸਾਹਿਬ ਸਿੰਘ ਹੋਇਆ। ਰਾਜੇ ਸਾਹਿਬ ਸਿੰਘ ਦਾ ਕੰਮ ਬਹੁਤ ਮੰਦਾ ਹੋ ਗਿਆ, ਭਾਵ ਹੋਰਨਾਂ ਮਿਸਲਾਂ ਨਾਲ ਲੜਨ ਜੋਗਾ ਨਾ ਰਿਹਾ।

**ਲਯਾਇ ਮਰਹਟੇ ਦਯੋ ਮੁਲਕ ਛੁਡਾਇ॥** ਲੋਕਾਂ ਨੇ ਪਟਿਆਲੇ ਵਾਲੇ ਰਾਜੇ ਨਾਲ ਏਥੋਂ ਤੱਕ ਵਧੀਕੀ ਕੀਤੀ ਕਿ ਮਰਹੱਟਿਆਂ ਨੂੰ ਪਟਿਆਲੇ ਦੇ ਇਲਾਕੇ ਅੰਬਾਲੇ ਆਦਿਕ ਵਿਚ ਲੈ ਆਂਦਾ, ਰਾਜੇ ਸਾਹਿਬ ਸਿੰਘ ਨੇ ਬਘੇਲ ਸਿੰਘ ਨੂੰ ਲੈ ਆਂਦਾ ਹੈ। ਬਘੇਲ ਸਿੰਘ ਨੇ ਮਰਹੱਟਿਆ ਤੋਂ ਪਟਿਆਲੇ ਦਾ ਜਿਤਨਾ ਮੁਲਕ ਸੀ, ਛੁਡਾ ਕੇ ਦਿੱਤਾ।

**ਕਰ ਲੜਾਈ ਦਈ ਮਿਸਲ ਕਢਾਇ॥੧੧੫॥** ਬਘੇਲ ਸਿੰਘ ਨੇ ਲੜਾਈ ਕਰਕੇ ਹੋਰ ਮਿਸਲਾਂ ਨੂੰ ਪਟਿਆਲੇ ਦੇ ਮੁਲਕ ਵਿੱਚੋਂ ਕੱਢ ਦਿੱਤਾ। ੧੧੫।

**ਫੇਰ ਨਾਨ ਦੀਵਾਨ ਦੀਵਾਨ ਆਕੀ ਭਯੋ॥** ਨਾਨੂ ਮੱਲ ਬਾਣੀਆਂ ਜੋ ਕਿ ਰਾਜਾ ਸਾਹਿਬ ਸਿੰਘ ਪਟਿਆਲਾ ਦਾ ਦੀਵਾਨ ਸੀ, ਉਹ ਆਕੀ ਹੋ ਗਿਆ, ਕਹਿੰਦਾ, ਮੈਂ ਹੀ ਤਾਂ ਰਾਜਾ ਹੋਰ ਕੋਈ ਨਹੀਂ ਹੈ। ਸਾਹਿਬ ਸਿੰਘ ਇਕ ਕਮਜ਼ੋਰ ਰਾਜਾ ਸੀ।

**ਜਪਤ ਖਪਤ ਕਰ ਤਿਸ ਦਰ ਕਯੋ॥** ਬਘੇਲ ਸਿੰਘ ਨੇ ਉਸ ਨੂੰ ਨਾਸ ਕਰਕੇ ਉਸ ਦਾ ਸਭ ਘਰ-ਬਾਰ ਜਪਤ ਕਰ ਲਿਆ।

**ਫੇਰ ਭਈਅਨ ਦਯੋ ਮੁਲਕ ਉਜਾੜ॥** ਫਿਰ ਯੂ. ਪੀ. ਦੇ ਭਈਆਂ ਨੇ ਜਮਨਾ ਟੱਪ ਕੇ ਪਟਿਆਲੇ ਦਾ ਮੁਲਕ ਉਜਾੜ ਦਿੱਤਾ।

**ਜਾਇ ਬਘੇਲ ਸਿੰਘ ਸੋ ਦਏ ਮਾਰ॥ ੧੧੬॥** ਸ੍ਰ. ਬਘੇਲ ਸਿੰਘ ਨੇ ਉਨ੍ਹਾਂ ਨੂੰ ਜਾ ਕੇ ਮਾਰਿਆ ਤੇ ਇਲਾਕੇ ਵਿੱਚੋਂ

ਭਜਾਇਆ। ੧੧੬।

***ਬੂਹੇ ਰਾਇ ਬੁਲਾਡੋ ਦਏ ਦੋਊ ਰੁਕਾਇ॥*** ਬੋਹਾ ਤੇ ਬੁਲਾਢਾ ਦੋਵੇਂ ਰਾਇ ਕੋਟ ਵਾਲੇ ਰਾਇ ਕਿਆਂ ਨੇ ਰੁਕਵਾ ਦਿੱਤੇ। ਇਹ ਸਾਰਾ ਇਲਾਕਾ ਬੁੱਢੇ ਦਲ ਨੇ ਮੱਲ ਕੇ ਦਿੱਤਾ ਸੀ ਆਲਾ ਸਿੰਘ ਨੂੰ, ਇਹ ਸਭ ਇਲਾਕਾ ਤੁਰਕਾਂ ਕੋਲ ਸੀ। ਉਥੋਂ ਵੀ ਬਘੇਲ ਸਿੰਘ ਨੇ ਉਨ੍ਹਾਂ ਨੂੰ ਭਜਾਇਆ ਜਿਤਨਾ ਇਲਾਕਾ ਮੱਲਿਆ ਸੀ ਆ ਕੇ।

***ਸਰਸਯੋਂ ਰਾਣੀਓਂ ਦਏ ਭੱਟੀ ਕਢਾਇ॥*** ਸਰਸੇ ਅਤੇ ਰਾਣੀਆਂ ਦਾ ਇਲਾਕਾ ਭੱਟੀਆਂ ਨੇ ਕਬਜ਼ੇ ਕਰ ਲਿਆ ਸੀ। ਸਰਸੇ ਤੇ ਰਾਣੀਆਂ ਤੋਂ ਬਘੇਲ ਸਿੰਘ ਨੇ ਭੱਟੀ ਗੋਤ ਦੇ ਮੁਸਲਮਾਨਾਂ ਨੂੰ ਕੱਢਾ ਦਿੱਤਾ ਸੀ। ਜੰਗ ਕਰਕੇ ਇਸ ਇਲਾਕੇ ਨੂੰ ਵੀ ਖਾਲੀ ਕਰਵਾਇਆ।

***ਹਾਂਸੀ ਹਿਸਾਰ ਅਠ ਖੇੜਨ ਤਾਈਂ॥*** ਹਾਂਸੀ, ਹਿਸਾਰ ਅਤੇ ਅੱਠ ਖੇੜਿਆਂ ਤੱਕ, ਮਲੋਟ, ਅਬੋਹਰ ਵਲ ਅੱਠ ਪਿੰਡ ਹਨ, ਜਿਨ੍ਹਾਂ ਦੇ ਨਾਮ ਦੇ ਪਿੱਛੇ 'ਖੇੜਾ' ਲਫਜ਼ ਲਗਦਾ ਹੈ, ਜਿਵੇਂ, ਦਲਬੀਰ ਖੇੜਾ।

***ਸੰਗ ਦਈ ਫੌਜ ਕਰਵਾਈ ਉਗ੍ਰਾਹੀ॥ ੧੧੭॥*** ਬਘੇਲ ਸਿੰਘ ਨੇ ਆਪਣੀ ਫ਼ੌਜ ਨਾਲ ਉਥੋਂ ਤੱਕ ਰੁਕੇ ਹੋਏ ਮਾਮਲੇ ਦੀ ਉਗਰਾਹੀ ਕਰਵਾ ਦਿੱਤੀ। ੧੧੭।

***ਦੋਹਰਾ॥ ਔਰ ਬਾਤ ਬਹੁ ਕਥਾ ਲਿਖੋਂ ਨਿਭ ਗਈ ਉਨ ਸੰਗ ਦੇਹ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ,'ਬਘੇਲ ਸਿੰਘ ਦੀ ਹੋਰ ਕਹਾਣੀ ਕੀ ਲਿਖਾਂ, ਉਨ੍ਹਾਂ ਦੇ ਸਰੀਰ ਨਾਲ ਨਿਭ ਗਈ।' ਕਿਉਂਕਿ ਰਾਜੇ ਅਮਰ ਸਿੰਘ ਨੇ ਆਪਣੇ ਪੁੱਤਰ ਸਾਹਿਬ ਸਿੰਘ ਦੀ ਬਾਂਹ ਸ੍ਰ. ਬਘੇਲ ਸਿੰਘ ਨੂੰ ਫੜਾਈ ਸੀ ਕਿ ਅੱਜ ਤੋਂ ਇਹ ਤੁਹਾਡਾ ਪੁੱਤਰ ਹੋਇਆ, ਇਸ ਦਾ ਖਿਆਲ ਰੱਖਣਾ।

***ਬਚਨਨ ਕੇ ਪੂਰੇ ਪੁਰਸ਼ ਪਾਲਤ ਤੇਊ ਸਨੇਹ॥ ੧੧੮॥*** ਇਤੀ ਪ੍ਰਸੰਗ ਪੂਰਣੰ, ਜਿਹੜੇ ਪੁਰਸ਼ ਪੂਰੇ ਹੁੰਦੇ ਹਨ, ਉਹ ਬਚਨਾਂ ਦੇ ਸੂਰੇ ਹੁੰਦੇ ਹਨ। ਉਹ ਆਪਣੇ ਬਚਨ ਨੂੰ ਪਾਲਦੇ ਹਨ, ਭਾਵੇਂ ਸਰੀਰ ਚਲਿਆ ਜਾਵੇ, ਉਹ ਆਪਣੇ ਪਿਆਰ 'ਤੇ ਪਹਿਰਾ ਦਿੰਦੇ ਹੋਏ ਆਪਣੇ ਸ਼ਰੀਰ ਤੱਕ ਨੂੰ ਕੁਰਬਾਨ ਕਰ ਦਿੰਦੇ ਹਨ। ੧੧੮।

### ਪੰਥ ਕੀ ਔਰ ਸਾਖੀ

## ਲੁਹਾਰੀ ਦੇ ਹਾਕਮ ਪਾਸੋਂ ਦਿਜ ਸੁਤਾ ਛੁਡਾਈ

## ਸ੍ਰ. ਬਘੇਲ ਸਿੰਘ ਨੇ ਦਿੱਲੀ ਦੇਹੁਰੇ ਬਣਾਏ

***ਦੋਹਰਾ॥ ਸੁਨੋ ਸਾਖੀ ਔਰ ਸਿੰਘਨ ਕੀ ਜਿਮ ਕੀਨੋ ਬਿਪ ਉਪਕਾਰੁ॥*** ਗੁਰਸਿੱਖੋ! ਸਿੰਘਾਂ ਦੀ ਹੋਰ ਸਾਖੀ ਸੁਣੋ, ਜਿਵੇਂ ਸਿੰਘਾਂ ਨੇ ਬ੍ਰਾਹਮਣ ਦੇ ਉੱਤੇ ਉਪਕਾਰ ਕੀਤਾ।

***ਦਿੱਲੀ ਢਿਗ ਜ਼ੁਲਮੀ ਹੁਤੀ ਜਾਇ ਸੱਯਦ ਦੀਨੋ ਮਾਰ॥ ੧॥*** ਦਿੱਲੀ ਦੇ ਕੋਲ ਜਲਾਲਾਬਾਦ ਲੁਹਾਰੀ ਕਸਬਾ ਸੀ, ਉਥੇ ਬੜਾ ਜ਼ੁਲਮ ਹੁੰਦਾ ਸੀ, ਖਾਲਸੇ ਨੇ ਜਾ ਕੇ ਉਸ ਜ਼ੁਲਮ ਕਰਨ ਵਾਲੇ ਸੱਯਦ ਨੂੰ ਮਾਰ ਦਿੱਤਾ। ੧।

***ਚੌਪਈ॥ ਸ਼ਹਰ ਲੁਹਾਰੀ ਜਲਾਲੈਬਾਦ॥*** ਜਲਾਲਾਬਾਦ ਲੁਹਾਰੀ ਸ਼ਹਿਰ ਹੈ ਇਕ ਦਿੱਲੀ ਦੇ ਕੋਲ।

***ਸੱਯਦ ਹੁਤੋ ਮਸਤ ਬਹੁ ਆਦ॥*** ਇਕ ਸੱਯਦ ਮੁੱਢ ਤੋਂ ਹੀ ਬੜਾ ਵਿਸ਼ਈ ਸੀ ਅਤੇ ਹੰਕਾਰ ਵਿਚ ਮਸਤ ਰਹਿੰਦਾ ਸੀ।

***ਉਨੈ ਬਾਮਨ ਬੇਟੀ ਫੜ ਲਈ॥*** ਉਸ ਸੱਯਦ ਨੇ ਇਕ ਬ੍ਰਾਹਮਣ ਦੀ ਬੇਟੀ ਆਪਣੇ ਘਰ ਪਾ ਲਈ।

***ਉਸੈ ਅਦਾਲਤ ਨ ਕਿਨਹੂੰ ਦਈ॥ ੨॥*** ਉਸ ਬ੍ਰਾਹਮਣ ਨੂੰ ਕਿਸੇ ਨੇ ਵੀ (ਅਦਾਲਤ) ਇਨਸਾਫ਼ ਨਾ ਦਿੱਤਾ। ੨।

***ਪੂਰਬ ਦੱਖਨ ਵੁਹ ਫਿਰ ਥੱਕਾ॥*** ਪੂਰਬ ਅਤੇ ਦੱਖਣ ਦੇ ਹਾਕਮਾਂ ਦੇ ਕੋਲ ਉਹ ਇਨਸਾਫ਼ ਦੀ ਭਾਲ 'ਚ ਫਿਰ ਤੁਰ ਕੇ ਥੱਕ ਗਿਆ ਸੀ ਪਰ ਕਿਸੇ ਨੇ ਵੀ ਉਸ ਦੀ ਬਾਂਹ ਨਾ ਫੜੀ।

***ਉਨੈਂ ਆਇ ਫਿਰ ਗੁਰ ਪੰਥ ਤੱਕਾ॥*** ਜਦੋਂ ਕਿਸੇ ਨੇ ਵੀ ਉਸ ਦੀ ਮਦਦ ਨਾ ਕੀਤੀ, ਫਿਰ ਉਸ ਨੇ ਆ ਕੇ ਗੁਰੂ ਪੰਥ ਦਾ ਆਸਰਾ ਤੱਕਿਆ, ਕਿ ਗੁਰੂ ਪੰਥ ਅੱਗੇ ਫਰਿਆਦੀ ਹੋਈਏ, ਜੇ ਇਹ ਮੇਰੀ ਮਦਦ ਕਰਨ।

***ਹੁਤੋ ਪੰਥ ਥੋ ਮਾਝੇ ਮਾਂਹਿ॥*** ਉਦੋਂ ਪੰਥ ਖਾਲਸਾ ਮਾਝੇ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ 'ਤੇ ਬਿਰਾਜਮਾਨ ਸੀ।

***ਉਸੈ ਫਰਯਾਦ ਕਰੀ ਆਇ ਤਾਂਹਿ॥ ੩॥*** ਉਸਨੇ ਉਥੇ ਆ ਕੇ ਖਾਲਸੇ ਪੰਥ ਅੱਗੇ ਅਰਦਾਸ ਕੀਤੀ। ੩।

***ਸਭੋ ਹਕੀਕਤ ਪੰਥ ਸੁਨਾਈ॥*** ਸਾਰੀ (ਹਕੀਕਤ) ਸੱਚੋ ਸੱਚ ਕਹਾਣੀ ਆ ਕੇ ਖਾਲਸਾ ਪੰਥ ਨੂੰ ਸੁਣਾਈ। ਖਾਲਸਾ ਜੀ! 'ਇਹ ਕੋਈ ਬਹੁਤੇ ਚਿਰ ਦੀ ਗੱਲ ਨਹੀਂ, ਮਸਾਂ ਡੇਢ ਕੁ ਸੌ ਸਾਲ ਦੀ ਗੱਲ ਹੈ। ਜਿਹੜਾ ਸਮਾਂ ਦੱਸ ਰਹੇ ਹਨ, ਭਾਈ ਰਤਨ ਸਿੰਘ ਜੀ । ਡੇਢ ਕੁ ਸੋ ਸਾਲ ਦਾ ਸਮਾਂ ਕਿੰਨਾਂ ਕੁ ਹੁੰਦਾ ਹੈ। ਉਦੋਂ ਪੰਥ ਬੁੱਢਾ ਦਲ ਸੀ, ਅੱਜ ਉਹੀ ਬੁੱਢਾ ਦਲ ਹੈ, ਜੋ ਸਿੱਖ ਪੰਥ ਨੇ ਅੱਖੋਂ ਪਰੋਖੇ ਕਰ ਛੱਡਿਆ ਹੈ। ਕੋਈ ਸਿਆਣਦਾ ਨਹੀਂ ਹੈ, ਕਿਹੜਾ ਪੰਥ ਹੁੰਦਾ ਹੈ, ਸਭ ਆਪੋਧਾਪ ਪਈ ਹੈ। ਜਦੋਂ ਆ ਕੇ ਕੁਦਰਤ ਦਾ ਤਮਾਸ਼ਾ ਹੋਇਆ, ਡਉਰੂ ਵੱਜਿਆ ਮੌਤ ਦਾ, ਉਦੋਂ ਇਹਨਾਂ ਨੂੰ ਹੋਸ਼ ਆਵੇਗੀ। ਉਹੋ, ਹੋ! ਪੰਥ ਕਿੱਧਰ ਗਿਆ ਪੰਥ ਕੌਣ ਹੈ? ਕਿਤੇ ਬੁੱਢੇ ਦਲ ਤੋਂ ਬਗੈਰ ਕੋਈ ਦਿਸਦੀ ਹੈ ਜਥੇਬੰਦੀ। ਕੋਈ ਕਿਸੇ ਦੀ ਬਾਂਹ ਫੜਦਾ? ਕੋਈ ਕਿਸੇ ਦੀ ਫਰਿਆਦ ਸੁਣਦਾ ਹੈ। ਜੇ ਸੁਣਦਾ ਹੈ ਮਾੜੀ ਮੋਟੀ ਤਾਂ ਬੁੱਢਾ ਦਲ ਸੁਣਦਾ ਹੈ। ਸੋ ਇਸ ਕਰਕੇ ਇਹ ਪੰਥ ਦੀ ਗੱਲ ਹੈ। ਪੰਥ ਕੌਣ ਹੈ? ਪੰਥ ਦੇ ਪ੍ਰਚਾਰ ਵਾਸਤੇ ਪੰਥ ਕੋਲ ਲਿਖਤ ਹੈ। ਏਸੇ ਕਰਕੇ ਇਹ ਪਰਉਪਕਾਰ ਕੀਤਾ ਹੈ, ਭਾਈ ਰਤਨ ਸਿੰਘ ਜੀ ਨੇ। ਜੋ ਪੰਥ ਦੀ ਲਿਖਤ, ਪੰਥ ਦੇ ਪ੍ਰਸੰਗ ਲਿਖ ਕੇ, ਪੰਥ ਪ੍ਰਕਾਸ਼ ਬਣਾ ਦਿੱਤਾ ਹੈ ਉਨ੍ਹਾਂ ਨੇ।

***'ਕਰੋ ਉਪਰਾਲਾ ਨਹੀਂ ਮਰ ਰਹੋਂ ਯਾਹੀ॥*** ਬ੍ਰਾਹਮਣ ਕਹਿਣ ਲੱਗਾ ਮੇਰਾ ਕੋਈ ਉਪਰਾਲਾ ਕਰੋ, ਮੇਰੀ ਲੜਕੀ ਦਿਵਾਓ, ਨਹੀਂ ਤਾਂ ਮੈਂ ਏਥੇ ਹੀ ਮਰਦਾ ਹਾਂ। ਮੈਂ ਏਥੇ ਤੁਹਾਡੇ ਸਾਮ੍ਹਣੇ ਹੀ ਕਤਲ ਕਰ ਲਵਾਂਗਾ ਆਪਣੇ ਆਪ ਨੂੰ।

***ਤੁਮ ਪਰਸ੍ਵਾਰਥੀ ਹੋ ਜਗ ਮਾਂਹੀ॥*** ਖਾਲਸਾ ਜੀ! ਤੁਸੀਂ ਪਰਉਪਕਾਰੀ ਹੋ ਸੰਸਾਰ ਵਿਚ, ਜਗਤ ਵਿਚ ਤੁਸੀਂ ਹੀ ਪਰਉਪਕਾਰ ਕਰਦੇ ਹੋ, ਹੋਰ ਕੋਈ ਨਹੀਂ ਪਰਉਪਕਾਰ ਕਰਦਾ ਕਿਸੇ 'ਤੇ।

***ਤੁਮ ਬਿਨ ਕੋ ਛੱਤ੍ਰੀ ਜਗ ਨਾਂਹੀ॥ ੪॥*** ਮੈਂ ਵਿਚਾਰ ਕੇ ਵੇਖਿਆ ਹੈ, ਤੁਹਾਡੇ ਬਿਨਾਂ ਛੱਤ੍ਰੀ ਹੀ ਕੋਈ ਨਹੀਂ ਹੈ ਜਗਤ ਵਿਚ। ਛੱਤ੍ਰੀ ਹੀ ਧਰਮ ਦੀ ਰਾਖੀ ਕਰਦੇ ਹੁੰਦੇ ਸਨ ਪਹਿਲੇ ਜੁਗਾਂ ਵਿਚ। ੪।

***ਹੁਤੀ ਪੱਗ ਥੀ ਉਸ ਸਿਰ ਨਾਂਹਿ॥*** ਉਸ ਬ੍ਰਾਹਮਣ ਦੇ ਸਿਰ 'ਤੇ ਪੱਗ ਨਹੀਂ ਸੀ। ਜਦੋਂ ਪੱਤ ਨਹੀਂ ਰਹੀ ਉਸ ਦੇ ਕੋਲ, ਤਾਂ ਪੱਗ ਉਸ ਦੀ ਕਿਥੇ ਰਹੀ। ਇਸ ਕਰਕੇ ਘਰੋਂ ਨੰਗੇ ਸਿਰ ਹੀ ਚੱਲਿਆ ਸੀ।

***ਸਿਰ ਡੁਲਯੋ ਫਿਰੈ ਸੁ ਪੰਥੈ ਪਾਂਹਿ॥*** ਸਿਰ ਦੇ ਵਾਲ ਖਿੰਡਰੇ ਹੋਏ, ਖੁੱਲ੍ਹੇ ਸਿਰ, ਨੰਗੇ ਸਿਰ ਫਿਰਦਾ ਹੈ ਪੰਥ ਕੋਲ।

***ਕੋਊ ਕਹੈ, 'ਵਹਿ ਜਾਗ੍ਹਾ ਦੂਰ'॥*** ਜਦੋਂ ਉਸ ਬ੍ਰਾਹਮਣ ਨੇ ਫ਼ਰਿਆਦ ਕੀਤੀ ਕਿ ਮੇਰੀ ਲੜਕੀ ਜਲਾਲਾਬਾਦ ਲੁਹਾਰੀ ਦੇ ਹਾਕਮ ਨੇ ਜ਼ਬਰਦਸਤੀ ਖੋਹ ਲਈ, ਤਾਂ ਕਈ ਕਹਿਣ ਲੱਗੇ, ਉਹ ਤਾਂ ਜਗ੍ਹਾ ਬੜੀ ਦੂਰ ਹੈ, ਦਿੱਲੀ ਦੇ ਕੋਲ ਐਨੀ ਦੂਰ ਕੌਣ ਜਾਇਗਾ ਉਸ ਨੂੰ ਛੁਡਾਉਣ।

***ਕੋਊ ਕਹੈ 'ਵਹਿ ਦਿੱਲੀ ਹਜ਼ੂਰ'॥ ੫॥*** ਕੋਈ ਸਿੰਘ ਕਹਿੰਦਾ, ਉਹ ਤਾਂ ਦਿੱਲੀ ਦੀ ਤਾਬਿਆ ਵਿਚ ਹੈ, ਦਿੱਲੀ ਉਥੋਂ ਬਿਲਕੁਲ ਹੀ ਨੇੜੇ, ਉਹ ਉਥੇ ਦਿੱਲੀ ਵਾਲਿਆਂ ਨੂੰ ਖ਼ਬਰ ਕਰਨਗੇ ਜਾ ਕੇ। ੫।

***ਦੋਹਰਾ॥ ਊਹਾਂ ਲੜਾਈ ਬਹੁਤ ਹੈ, ਹੈ ਉਤ ਬਡੀ ਸਿਪਾਹਿ॥*** ਉਥੇ ਤਾਂ ਲੜਾਈ ਹੀ ਬਹੁਤ ਵੱਡੀ ਹੈ ਅਤੇ ਉਥੇ ਬੜੀ ਭਾਰੀ ਫ਼ੌਜ ਹੈ, ਬਾਦਸ਼ਾਹੀ ਫ਼ੌਜ ਨਾਲ ਕੌਣ ਲੜੇਗਾ?

***ਊਹਾਂ ਜਾਵੈ ਪੁਰਸ਼ ਸੋ ਜਿਨ ਮਿਲਨ ਨ ਹੋਵੈ ਮਾਇ॥ ੬॥*** ਕਹਿਦੇ ਉਥੇ ਤਾਂ ਉਹ ਪੁਰਸ਼ ਜਾਵੇ, ਜਿਸ ਨੇ ਆਪਣੀ ਮਾਂ ਨੂੰ ਨਾ ਮਿਲਣਾ ਹੋਵੇ ਆ ਕੇ। ਕੌਣ ਦੇਵੇਗਾ ਮਾਂ ਨੂੰ ਮਿਲਣ, ਉਥੋਂ ਕਿਵੇਂ ਆਵਾਂਗੇ ਭੱਜ ਕੇ। ੬।

***ਸ਼ਹੀਦ ਨਿਹੰਗ ਭੁਜੰਗੀਅਨ ਕਹਿ ਨਗਾਰੇ ਦਏ ਬਜਾਇ॥*** ਸ਼ਹੀਦ ਸਿੰਘ ਜਿਹੜੇ ਸਨ, ਜੈਸੇ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ, ਇਹ ਸ਼ਹੀਦ ਸਿੰਘ,ਵਜਦੇ ਸਨ। ਇਹ ਮਿਸਲ ਸ਼ਹੀਦਾਂ ਦੇ ਆਗੂ ਸਨ, ਬਾਬਾ ਦੀਪ ਸਿੰਘ ਜੀ ਅਤੇ ਨਿਹੰਗ ਸਿੰਘ ਜੋ ਸਿਰੋਂ ਪਰ੍ਹੇ ਸਨ, ਗ੍ਰਹਿਸਤੀ ਨਹੀਂ ਸਨ, ਬਿਹੰਗਮ ਸਨ (ਭੁਜੰਗੀਅਨ) ਜੰਗਜੂ ਸਿੰਘਾਂ ਨੇ ਕਹਿ ਕੇ ਨਗਾਰੇ 'ਤੇ ਚੋਟਾਂ ਲਵਾ ਦਿੱਤੀਆਂ, ਕੂਚ ਦੀਆਂ।

***'ਹਮ ਤੌ ਜ਼ਰੂਰਹਿ ਜਾਇਗੇ ਔਰ ਕੋਈ ਜਾਇ ਨ ਜਾਇ' ॥ ੭॥*** ਸ਼ਹੀਦਾਂ ਸਿੰਘਾਂ ਨੇ, ਨਿਹੰਗ ਸਿੰਘਾਂ ਨੇ, ਇਹ ਗੱਲ ਕਹੀ ਕਿ ਅਸੀਂ ਤਾਂ ਜਰੂਰ ਹੀ ਜਾਵਾਂਗੇ, ਹੋਰ ਕੋਈ ਜਾਵੇ ਨਾ ਜਾਵੇ। ਤੁਹਾਨੂੰ ਭਾਈ ਫ਼ੌਜ ਬਹੁਤੀ ਦਿਸਦੀ ਹੈ, ਤਾਂ ਨਾ ਆਇਓ, ਅਸੀਂ ਤਾਂ ਜਾਵਾਂਗੇ ਜ਼ਰੂਰ। ੭।

***ਚੌਪਈ॥ ਔਰ ਪੰਥ ਭੀ ਨਗਾਰੇ ਬਜਾਏ॥*** ਜਦੋਂ ਨਿਹੰਗ ਸਿੰਘ ਤਿਆਰ ਹੋ ਗਏ, ਤਾਂ ਪੰਥ ਦੀਆਂ ਹੋਰ ਮਿਸਲਾਂ ਵੀ ਤਿਆਰ ਹੋ ਗਈਆਂ, ਜਿਹੜੇ ਗ੍ਰਹਿਸਤੀ ਸਨ, ਟੱਬਰਦਾਰ ਸਨ, ਡੇਰੇਦਾਰ ਸਨ, ਉਨ੍ਹਾਂ ਨੇ ਆਖਿਆ ਅਸੀਂ ਵੀ ਚਲਾਂਗੇ, ਜੇ ਤੁਸੀਂ ਨਾਲ ਚਲੋਂਗੇ ਹੋਰ ਪੰਥ ਨੇ ਵੀ ਨਿਹੰਗ ਸਿੰਘਾਂ ਦੇ ਨਾਲ ਹੀ ਕੂਚ ਦੇ ਨਗਾਰੇ ਵਜਾ ਦਿੱਤੇ।

***ਸੁਨ ਪਰਸ੍ਵਾਰਥ ਹਟਯੋ ਨ ਕਾਏ॥*** ਪਰਉਪਕਾਰ ਦੀ ਗੱਲ ਸੁਣ ਕੇ ਕਿ ਬ੍ਰਾਹਮਣ ਦੀ ਪੁੱਤਰੀ ਛੁਡਾ ਕੇ ਦੇਣੀ ਹੈ, ਕੋਈ ਵੀ ਸਿੰਘ ਪਿੱਛੇ ਨਹੀਂ ਹੱਟਿਆ, ਸਭ ਤਿਆਰ ਹੋ ਗਿਆ ਹੈ ਖਾਲਸਾ ਪੰਥ।

***ਯੌ ਕਹਿ ਲੰਘੇ ਸਤਦਰ ਦਰਯਾਇ॥*** ਇਉਂ ਕਹਿ ਕੇ ਸਤਲੁਜ ਦਰਿਆ ਲੰਘ ਗਏ ਪਾਰ ਹੋ ਗਏ ਹਨ।

***ਜਾਇ ਉਤਰੇ ਢਿਗ ਜਮਨਾ ਵਾਇ॥ ੮॥*** ਜਮਨਾ ਦਰਿਆ ਦੇ ਕੋਲ ਚਲੇ ਗਏ, ਜਮਨਾ ਤੋਂ ਪਾਰ ਦਾ ਇਲਾਕਾ ਜਲਾਲਾਬਾਦ ਲੁਹਾਰੀ ਦਾ ਹੀ ਹੈ। ਉਥੇ ਜਾ ਕੇ ਸਿੰਘਾਂ ਨੇ ਡੇਰੇ ਕਰ ਲਏ। ੮।

***ਉਤ ਵਲ ਖਬਰ ਤੁਰਕਨ ਭਈ॥*** ਉਧਰ ਜਲਾਲਾਬਾਦ ਲੁਹਾਰੀ ਵਾਲੇ ਤੁਰਕਾਂ ਨੂੰ ਵੀ ਖ਼ਬਰ ਹੋ ਗਈ ਕਿ ਖਾਲਸਾ ਪੰਥ ਸਾਡੇ 'ਤੇ ਚੜ੍ਹ ਕੇ ਆ ਰਿਹਾ ਹੈ।

***ਉਨੈਂ ਤਕੜਾਈ ਆਪਨ ਕਈ॥*** ਉਨ੍ਹਾਂ ਨੇ ਵੀ ਆਪਣੀ ਤਕੜਾਈ ਕਰ ਲਈ, ਕਿਲ੍ਹੇ ਕੋਟ ਕਾਇਮ ਕੀਤੇ, ਫ਼ੌਜਾਂ ਇਕੱਠੀਆਂ ਕੀਤੀਆਂ ਲੜਾਈ ਵਾਸਤੇ।

***ਕੂਚ ਬੰਦੀ ਗਿਰਦੇ ਸ਼ਹਿਰੇ ਕਈ॥*** ਉਨ੍ਹਾਂ ਨੇ ਜਲਾਲਾਬਾਦ ਸ਼ਹਿਰ ਦੁਆਲੇ ਕੂਚਾ-ਬੰਦੀ ਕਰ ਲਈ, ਮਹੱਲਿਆਂ ਦੇ ਜਿਹੜੇ ਖੁਲ੍ਹੇ ਰਸਤੇ ਸੀ, ਉਹ ਬੰਦ ਕਰ ਦਿੱਤੇ। ਚੌੜੇ ਰਸਤੇ ਤੰਗ ਕੀਤੇ ਅਤੇ ਅੰਦਰੋਂ ਫ਼ੌਜ ਕਿਲ੍ਹਿਆਂ ਕੋਠਿਆਂ 'ਤੇ ਚੜ੍ਹਾ ਕੇ ਸਾਰਾ ਇੰਤਜ਼ਾਮ ਕਰ ਲਿਆ।

***ਨਈ ਪੁਰਾਣੀ ਫੌਜ ਰਖ ਲਈ॥ ੯॥*** ਕੁਛ ਨਵੀਂ ਫ਼ੌਜ ਹੋਰ ਰੱਖ ਲਈ, ਕੁਛ ਪੁਰਾਣੀ ਫ਼ੌਜ ਇਕੱਠੀ ਕਰ ਲਈ। ੯।

***ਲੰਘੇ ਜਮਨਾ ਕਰੀ ਪੰਥੈ ਦੌੜ॥*** ਜਮਨਾ ਨਦੀ ਪਾਰ ਕਰਕੇ ਖਾਲਸੇ ਪੰਥ ਨੇ ਦੌੜ ਕਰ ਦਿੱਤੀ, ਹੱਲਾ ਕਰ ਦਿੱਤਾ ਜਲਾਲਾਬਾਦ ਉੱਤੇ।

***ਭਯੋ ਬ੍ਰਾਹਮਣ ਭੀ ਮੂਹਰੇ ਧੌੜ॥*** ਉਹ ਬ੍ਰਾਹਮਣ ਵੀ ਖਾਲਸੇ ਦੇ ਮੂਹਰੇ ਹੋ ਗਿਆ ਹੱਲੇ ਵਿਚ।

***ਆਇ ਤੁਰਕ ਤਬ ਦੂਰਹੁੰ ਲੜੇ॥*** ਤਦ ਤੁਰਕਾਂ ਨੇ ਆਪਣੇ ਸ਼ਹਿਰ ਤੋਂ ਬਾਹਰ ਆ ਕੇ ਮੋਰਚੇ ਲਾਏ, ਸ਼ਹਿਰ ਤੋਂ ਦੂਰ ਆ ਕੇ ਲੜੇ ਕਿ ਸਿੰਘਾਂ ਨੂੰ ਸ਼ਹਿਰੋਂ ਬਾਹਰ ਹੀ ਰੋਕੀਏ।

***ਕੁਛਕੁ ਸਿੰਘ ਤਹਿਂ ਹੋ ਰਹੇ ਖੜੇ॥ ੧੦॥*** ਜਿਹੜੇ ਸਿੰਘ ਹੱਲਾ ਕਰੀ ਜਾਂਦੇ ਸਨ, ਉਹ ਕੁਛ ਕੁ ਸਿੰਘ ਉਥੇ ਖੜ੍ਹੇ ਹੋ ਗਏ, ਜਿਥੇ ਉਨ੍ਹਾਂ ਦੀ ਮੋਰਚਾਬੰਦੀ ਕੀਤੀ ਹੋਈ ਸੀ, ਸ਼ਹਿਰੋਂ ਬਾਹਰ। ੧੦।

***ਤੌ ਲੌ ਆਇਕੈ ਪੁਜਯੋ ਬਹੀਰ॥*** ਜਦੋਂ ਉਹ ਸਿੰਘ ਖੜ੍ਹੇ ਹੋ ਗਏ ਕਿ ਇਕੱਠੇ ਹੱਲਾ ਬੋਲਾਂਗੇ, ਉਦੋਂ ਨੂੰ ਪਿਛਿਓਂ ਵਹੀਰ ਵੀ ਆ ਪੁੱਜਿਆ ਹੈ, ਖਾਲਸੇ ਦਾ ਭਾਵ ਘੋੜ ਸਵਾਰ ਅਤੇ ਪੈਦਲ ਸਿੰਘ ਵੀ ਆ ਗਏ, ਸਾਰੀ ਫ਼ੌਜ ਇਕੱਤਰ ਹੋ ਗਈ ਖਾਲਸੇ ਦੀ।

***ਤੌ ਠਟੀ ਖਾਲਸੇ ਕਰਨ ਜੁਧ ਤਤਬੀਰ॥*** ਤਾਂ ਖਾਲਸੇ ਨੇ ਜੰਗ ਕਰਨ ਦਾ (ਤਤਬੀਰ) ਢੰਗ ਤਰੀਕਾ ਵਰਤਿਆ।

***ਝੰਡੇ ਬੈਰਕ ਦਈ ਖੁਲ੍ਹਾਇ॥*** ਜਿਹੜੇ ਵੱਡੇ (ਬੈਰਕੀ) ਜੰਗੀ ਨਿਸ਼ਾਨ ਸਨ, ਪਹਿਲਾਂ ਉਹ ਲਪੇਟੇ ਹੋਏ ਸਨ, ਉਨ੍ਹਾਂ ਨੂੰ ਖੁਲ੍ਹਵਾ ਦਿੱਤਾ, ਝੰਡੇ ਖੋਲ੍ਹ ਕੇ ਖੜ੍ਹ ਗਏ ਹਨ ਮੈਦਾਨ ਵਿਚ।

***ਦਏ ਨਗਾਰਨ ਡੰਕੇ ਲਾਇ॥ ੧੧॥*** ਨਗਾਰਿਆਂ 'ਤੇ ਜੰਗੀ ਚੋਟਾਂ ਲਾ ਦਿੱਤੀਆਂ। ੧੧।

***ਦੋਹਰਾ॥ ਕਰ ਹੱਲਾ ਫਿਰ ਸਿੰਘੋਂ ਨੇ ਦੀਓ ਐਸੇ ਕਰ ਅਰਦਾਸ॥*** ਖਾਲਸੇ ਪੰਥ ਨੇ ਇਸ ਤਰ੍ਹਾਂ ਅਰਦਾਸ ਕਰਕੇ ਫਿਰ ਹੱਲਾ ਕਰ ਦਿੱਤਾ।

***'ਪਰਸ੍ਵਾਰਥ ਕੇ ਕਾਰਨੈ, ਲਹੋ ਸ਼ਹੀਦੀ ਖਾਸ'॥ ੧੨॥*** ਖਾਲਸਾ ਜੀ! ਪਰਉਪਕਾਰ ਦੇ ਵਾਸਤੇ ਸ਼ਹੀਦੀ ਲਵੋ, ਸ਼ਹੀਦੀ ਜਾਮ ਪੀਉ। ੧੨।

***ਚੌਪਈ॥ ਦਈ ਨਗਾਰਨ ਘਮਘੋਰ ਪਾਇ॥*** ਨਗਾਰਿਆਂ ਨੂੰ ਵਜਾ-ਵਜਾ ਕੇ ਘਮਘੋਰ ਪਾ ਦਿੱਤੀ।

***ਤੁਰਕਨ ਹੋਏ ਪੈਰ ਹਿਲਾਇ॥*** ਸਿੰਘਾਂ ਦਾ ਹੱਲਾ ਹੁੰਦਾ ਵੇਖ ਕੇ ਹੀ ਤੁਰਕਾਂ ਦੇ ਪੈਰ ਹਿਲ ਗਏ ਹਨ।

***ਅਗੈ ਤੁਰਕ ਤੇ ਪਿਛੈ ਸਿੰਘੌੜ॥*** ਤੁਰਕ ਸਿੰਘਾਂ ਦੇ ਅੱਗੇ-ਅੱਗੇ ਭੱਜ ਤੁਰੇ ਅਤੇ ਉਨ੍ਹਾਂ ਦੇ ਪਿੱਛੇ-ਪਿੱਛੇ ਸਿੰਘ ਹੱਲਾ ਕਰੀ ਤੁਰੇ ਜਾਂਦੇ।

***ਜਿਮ ਮਿਰਗਨ ਮੈਂ ਸਿੰਘ ਪੜੇ ਦੌੜ॥ ੧੩॥*** ਜਿਵੇਂ ਹਿਰਨਾਂ ਦੀ ਡਾਰ ਵਿਚ ਸ਼ੇਰ ਪੈ ਜਾਂਦਾ ਹੈ ਦੌੜ ਕੇ, ਹਰਨਾਂ ਕੋਲ ਕੀ ਹੁੰਦਾ ਹੈ ਉਥੇ ਭੱਜਣ ਤੋਂ ਸਿਵਾਏ। ਸਿੰਘ ਸ਼ੇਰਾਂ ਵਾਂਗ ਤੁਰਕਾਂ ਰੂਪੀ ਹਿਰਨਾਂ ਵਿਚ ਇਉਂ ਵੜ ਗਏ। ੧੩।

***ਜਿਉਂ ਜਿਉਂ ਤੁਰਕ ਸ਼ਸਤ੍ਰ ਅਗਯੋਂ ਚਲਾਇਂ॥*** ਜਿਵੇਂ-ਜਿਵੇਂ ਤੁਰਕ ਅੱਗੋਂ ਸਿੰਘਾਂ ਤੇ ਸ਼ਸਤ੍ਰ ਚਲਾਉਂਦੇ।

***ਤਿਉਂ ਤਿਉਂ ਸਿੰਘ ਕਛੂ ਨ ਸੰਕਾਇਂ॥*** ਸਗੋਂ ਤਿਵੇਂ-ਤਿਵੇਂ ਸਿੰਘ ਅੱਗੋਂ ਸ਼ੰਕਾਂ ਨਹੀਂ ਕਰਦੇ ਕਿਸੇ ਕਿਸਮ ਦੀ, ਭਾਵ ਡਰਦੇ ਨਹੀਂ ਸਨ ਸਿੰਘ, ਸਗੋਂ ਅੱਗੋਂ ਦੂਣੇ ਹੋ-ਹੋ ਕੇ ਪੈਂਦੇ ਰੋਹ ਦੇ ਵਿਚ, ਤੁਰਕਾਂ 'ਤੇ।

***ਖੋਲ੍ਹ ਦਰਵਾਜੇ ਤੁਰਕ ਅੰਦਰ ਵੜ ਗਏ॥*** ਤੁਰਕਾਂ ਦਾ ਜਦੋਂ ਹੋਰ ਕੋਈ ਚਾਰਾ ਨਾ ਚਲਿਆ, ਤਾਂ ਕਿਲ੍ਹੇ, ਕੋਟਾਂ ਅਤੇ ਘਰਾਂ ਦੇ ਦਰਵਾਜ਼ੇ ਖੋਲ੍ਹ ਕੇ ਆਪੋ ਆਪਣੇ ਅੰਦਰ ਵੜ ਗਏ, ਸਿੰਘ ਪਿੱਛੋਂ ਮਾਰ-ਕੁਟਾਈ ਕਰਦੇ ਹੋਏ ਤੁਰਕਾਂ ਦੇ ਮੋਰਾਂ 'ਤੇ ਚੜ੍ਹੇ ਆ ਰਹੇ ਸਨ।

***ਨਹਿਂ ਸਿੰਘਨ ਫਿਰ ਭੇੜਨ ਦਏ॥ ੧੪॥*** ਸਿੰਘਾਂ ਨੇ ਫਿਰ ਦਰਵਾਜ਼ੇ ਬੰਦ ਨਹੀਂ ਕਰਨ ਦਿੱਤੇ, ਪਿੱਛੋਂ ਸਿੰਘਾਂ ਨੇ ਬੰਦੂਕਾਂ ਦੇ ਰਾਬੇ ਦਿੱਤੇ, ਜਿਹੜੇ ਤੁਰਕ ਅੰਦਰ ਵੜ ਰਹੇ ਸਨ, ਉਹ ਉਥੇ ਹੀ ਢੇਰ ਹੋ ਗਏ। ੧੪।

***ਸਾਥ ਲੋਥਨ ਦਰਵਾਜੇ ਭਰ ਗਏ॥*** ਤੁਰਕਾਂ ਦੀਆਂ ਲੋਥਾਂ ਨਾਲ ਦਰਵਾਜ਼ੇ ਭਰ ਗਏ, ਜਿਸ ਕਰਕੇ ਦਰਵਾਜ਼ੇ ਬੰਦ ਨਹੀਂ ਹੁੰਦੇ।

***ਇਮ ਕਰ ਬਾਰ ਅੜਨ ਤੇ ਰਹੇ॥*** ਇਉਂ ਕਰਕੇ (ਬਾਰ) ਬੂਹੇ ਬੰਦ ਹੋਣ ਤੋਂ ਰਹਿ ਗਏ।

***ਬਹੁ ਬੰਦੂਕਨ ਛਲਕ ਸਿੰਘ ਮਾਰੈਂ॥*** ਸਿੰਘ ਬਹੁਤੀਆਂ ਬੰਦੂਕਾਂ ਦੀ ਇਕੱਠੀ ਵਾਛੜ ਕਰਕੇ ਤੁਰਕਾਂ ਨੂੰ ਮਾਰਦੇ।

***ਫਟੇ ਚਟੇ ਤੁਰਕ ਨਠੈਂ ਅਗਾਰੈ॥ ੧੫॥*** ਫੱਟੜ ਤੇ ਘਾਇਲ ਤੁਰਕ ਅੱਗੇ ਭੱਜੇ ਜਾਂਦੇ ਹਨ ਖਾਲਸੇ ਦੇ। ੧੫।

***ਅਗੇ ਖਾਲਸੈ ਕੋਊ ਸਕੇ ਨ ਅੜਨ॥*** ਖਾਲਸੇ ਦੇ ਅੱਗੇ ਕੋਈ ਅੜ ਨਹੀਂ ਸਕਦਾ। ਹੱਲਾ ਇਨਕਾ ਕਹਿਰ ਖੁਦਾਇ।

ਯਾ ਅੱਲਾ॥ ਹੱਲਾ ਇਨਕਾ ਰੋਕਿਆ ਨਾ ਜਾਏ। ਸਿੰਘਾਂ ਦਾ ਅਕਾਲੀ ਹੱਲਾ ਜਦੋਂ ਹੋ ਗਿਆ ਫਿਰ ਕੌਣ ਰੋਕੇ? ਕੌਣ ਠੱਲ੍ਹੇ ਸਿੰਘਾਂ ਦੇ ਹੱਲੇ ਨੂੰ।

**ਕਿਤੇ ਦਰਵਾਜੈ ਕਿਤ ਕੰਧ ਟਪ ਵੜਨ॥** ਕਿਤੇ ਤਾਂ ਸਿੰਘ ਦਰਵਾਜ਼ਿਆਂ ਰਾਹੀਂ ਅਤੇ ਕਿਤੇ ਕੰਧਾਂ ਟੱਪ ਕੇ ਅੰਦਰ ਵੜ ਗਏ।

**ਸਿੰਘਨ ਕੈ ਮਨ ਵਧਯੋ ਉਤਸ਼ਾਹ॥** ਸਿੰਘਾਂ ਦੇ ਮਨ ਵਿਚ ਬੜਾ ਉਤਸ਼ਾਹ ਵਧ ਗਿਆ ਲੜਾਈ ਕਰਨ ਦਾ, ਕਿਉਂਕਿ ਪਰਉਪਕਾਰ ਦਾ ਕੰਮ ਹੈ, ਬ੍ਰਾਹਮਣ ਦੀ ਲੜਕੀ ਛੁਡਾ ਕੇ ਦੇਣੀ ਹੈ।

**ਸਿੰਘਨ ਜਾਪੇ ਤਰਫ ਚਾਰ ਰਾਹ॥ ੧੬॥** ਸਿੰਘਾਂ ਨੂੰ ਤਾਂ ਚਾਰੇ ਪਾਸੇ ਰਾਹ ਖੁਲ੍ਹਾ ਹੀ ਦਿਸਦਾ, ਉੱਚੇ ਕਿਲ੍ਹੇ ਵੀ ਨੀਵੇਂ ਹੀ ਦਿਸਦੇ। ੧੬।

**ਦੋਹਰਾ॥ ਊਪਰ ਹੇਠੈ ਹੋਇ ਉਨ ਵੜਯੋ ਪੰਥ ਤਹਿੰ ਨਾਲ॥** ਤੁਰਕਾਂ ਨਾਲ ਹੇਠ ਉੱਤੇ ਹੁੰਦੇ ਹੋਏ ਲੜਦੇ ਭਿੜਦੇ। ਸਿੰਘ ਖਾਲਸਾ ਪੰਥ ਤੁਰਕਾਂ ਨਾਲ ਹੀ ਜਾ ਵੜਿਆ ਕਿਲ੍ਹਿਆਂ ਵਿਚ।

**ਘੜੀ ਚਾਰ ਕੇ ਭੀਤਰੇ ਹੋ ਗਯੋ ਹੋਲੀ ਸੋਂ ਖਯਾਲ॥ ੧੭॥** ਚਾਰ ਘੜੀਆਂ ਦੇ ਵਿਚ ਹੀ ਉਧਰੋਂ-ਉਧਰੀ ਸ਼ਾਸਤ੍ਰ ਲੱਗ ਕੇ, ਹੋਲੀ ਖੇਡਣ ਵਾਲਿਆਂ ਵਾਂਗ ਲਹੂ ਨਾਲ ਭਿੱਜ ਕੇ ਕੱਪੜੇ ਆਦਿਕ ਲਾਲੋ-ਲਾਲ ਹੋ ਗਏ। ੧੭।

**ਚੌਪਈ॥ ਪ੍ਰਿਥਮ ਸਿੰਘਨ ਕਰ ਲਈ ਅਰਦਾਸ॥** ਸਿੰਘਾਂ ਨੇ ਪਹਿਲਾਂ ਹੀ ਅਰਦਾਸ ਕਰ ਲਈ ਸੀ।

**ਬਿਨ ਮਾਰੇ ਤੁਰਕ ਲੁਟਨ ਖਾਸ॥** ਤੁਰਕਾਂ ਨੂੰ ਮਾਰੇ ਤੋਂ ਬਿਨਾਂ ਕਿਸੇ ਨੇ ਲੁੱਟ ਨੂੰ ਹੱਥ ਨਹੀਂ ਪਾਉਣਾ ਹੈ। ਲੁੱਟਣ ਦਾ ਖਿਆਲ ਨਾ ਕਰੋ, ਪਹਿਲਾਂ ਜ਼ਾਲਮਾਂ ਦੀ ਸਫਾਈ ਕਰੋ।

**ਤੌ ਸਿੰਘਨ ਫੜ ਲਈ ਤਲਵਾਰ॥** ਤਾਂ ਸਿੰਘਾਂ ਨੇ ਆਪੋ ਆਪਣੀਆਂ ਤਲਵਾਰਾਂ ਹੱਥੀਂ ਫੜ ਲਈਆਂ।

**ਸ਼ਸਤਰ ਵਾਰਨ ਫੜ ਦਏ ਮਾਰ॥ ੧੮॥** ਜਿਨ੍ਹਾਂ ਤੁਰਕਾਂ ਕੋਲ ਸ਼ਸਤ੍ਰ ਸਨ, ਸਿੰਘ ਫੜ-ਫੜ ਕੇ ਉਨ੍ਹਾਂ ਨੂੰ ਮਾਰਨ ਲੱਗੇ। ੧੮।

**ਬਿਨ ਬੋਦੀ ਸਿਰ ਜਿਸ ਦਿਸ ਆਇ॥** ਹਿੰਦੂਆਂ ਦੀ ਬੋਦੀ ਪਛਾਣ ਹੁੰਦੀ ਹੈ, ਬੋਦੀ ਵੇਖ ਕੇ ਛੱਡ ਦਿੰਦੇ ਸਿੰਘ, ਬਿਨਾਂ ਬੋਦੀ ਤੋਂ ਜਿਸ ਦਾ ਵੀ ਸਿਰ ਦਿਸਣ ਵਿਚ ਆਉਂਦਾ।

**ਮਾਰ ਟੌਲ ਤਿਸ ਦੇਹਿੰ ਗਿਰਾਇ॥** ਬੋਦੀ ਨੂੰ (ਟੋਲ) ਭਾਲ ਕੇ ਕਿ ਦੇਖੋ ਬੋਦੀ ਹੈ ਕਿ ਨਹੀਂ ਹੈ, ਤਾਂ ਸਿੰਘ ਉਸ ਨੂੰ ਮਾਰ ਕੇ ਸੁੱਟ ਦਿੰਦੇ ਹਨ।

**ਲਗੇ ਤੁਰਕਨ ਕੀ ਲੋਥਨ ਢੇਰ॥** ਤੁਰਕਾਂ ਦੀਆਂ ਲੋਥਾਂ ਦੇ ਢੇਰ ਲੱਗ ਗਏ।

**ਬਹੁ ਨਠ ਗਏ ਔਰ ਦਰਵਾਜਨ ਕੇਰ॥ ੧੯॥** ਬਹੁਤ ਤੁਰਕ ਹੋਰ ਦਰਵਾਜ਼ਿਆਂ ਰਾਹੀਂ ਨਿਕਲ ਕੇ ਭੱਜ ਗਏ, ਜਿਨ੍ਹਾਂ ਦਰਵਾਜ਼ਿਆਂ ਦਾ ਸਿੰਘਾਂ ਨੂੰ ਭੇਤ ਨਹੀਂ ਸੀ। ੧੯।

**ਕਈ ਬਚੇ ਲੈ ਮੁਖ ਮਧ ਘਾਹਿ॥** ਕਈ ਆਪਣੇ ਮੂੰਹ ਵਿਚ ਘਾਹ ਲੈ ਕੇ, ਗਲ ਵਿਚ ਪੱਲੇ ਪਾ ਕੇ, ਖਾਲਸੇ ਤੋਂ ਬਚ ਗਏ ਮਿੰਨਤ ਤਰਲਾ ਕਰਕੇ।

**ਹੁਤੋ ਦਯਾਵੰਤ ਸਿੰਘਨ ਸੁਭਾਇ॥** ਸਿੰਘਾਂ ਦਾ ਦਇਆ ਵਾਲਾ ਸੁਭਾਉ ਸੀ, ਜੇ ਕੋਈ ਗਰੀਬੀ ਧਾਰਨ ਕਰਕੇ ਮਿੰਨਤ ਤਰਲਾ ਕਰੇ, ਤਾਂ ਸਿੰਘ ਛੱਡ ਦਿੰਦੇ ਸੀ।

**ਬੋਦੀ ਵਾਰਨ ਰਛਯਾ ਦੇਵਤ॥** ਬੋਦੀ ਵਾਲਿਆਂ ਨੂੰ ਸੁਰੱਖਿਆ ਦਿੰਦਾ ਸੀ ਖਾਲਸਾ, ਸਿੰਘ ਉਨ੍ਹਾਂ ਦੀ ਮਦਦ ਕਰਦੇ ਸਨ।

**ਨਠੇ ਭਜੇ ਕੋ ਪੀਛਾ ਨ ਲੇਵਤ॥ ੨੦॥** ਜੇ ਕੋਈ ਦੁਸ਼ਮਣ ਡਰ ਕੇ ਭੱਜ ਜਾਂਦਾ ਸੀ, ਤਾਂ ਉਸ ਦਾ ਪਿੱਛਾ ਕਰਕੇ ਸਿੰਘ ਉਸ ਨੂੰ ਮਾਰਦੇ ਨਹੀਂ ਸਨ। ਕਹਿੰਦੇ ਭੱਜ ਜਾਣ ਦਿਉ, ਉਂਝ ਦਬਕਾ ਮਾਰ ਦਿੰਦੇ ਸਨ, ਫੜ ਲਉ ਜਾਇ ਨਾ, ਜਿਹੜਾ ਭੱਜ ਗਿਆ, ਸੋ ਭੱਜ ਗਿਆ। ੨੦।

**ਦੋਹਰਾ॥ ਸੋ ਸੱਯਦ ਵੜ ਭੋਹਰੇ ਬੈਠੋ ਮੱਧ ਲੁਕਾਇ॥** ਉਹ ਸੱਯਦ ਜਿਸ ਨੇ ਬ੍ਰਾਹਮਣ ਦੀ ਲੜਕੀ ਨੂੰ ਜ਼ਬਰਦਸਤੀ

ਚੁੱਕ ਕੇ ਆਪਣੇ ਘਰ ਪਾ ਲਿਆ ਸੀ, ਉਹ ਲੜਕੀ ਨੂੰ ਲੈ ਕੇ ਭੋਰੇ ਵਿਚ ਲੁਕ ਕੇ ਬੈਠ ਗਿਆ।

***ਢੂੰਡ ਰਹੇ ਸਿੰਘ ਬਹੁ ਉਸੈ ਵਹਿ ਕਿਤ ਨਦਰ ਨਾਇ॥ ੨੧॥*** ਸਿੰਘਾਂ ਨੇ ਉਸ ਨੂੰ ਬੜਾ ਹੀ ਭਾਲਿਆ ਹੈ, ਉਹ ਕਿਤੇ ਵੀ ਨਜ਼ਰ ਨਾ ਆਇਆ ਸਿੰਘਾਂ ਨੂੰ। ੨੧।

***ਚੌਪਈ॥ ਤੌ ਦਿਜ ਨੈ ਜਾਇ ਧੀਅ ਬੁਲਾਈ॥*** ਤਾਂ ਬ੍ਰਾਹਮਣ ਨੇ ਅਵਾਜ ਦੇ ਕੇ ਆਪਣੀ ਬੇਟੀ ਨੂੰ ਸੱਦਿਆ ਹੈ।

***'ਕਹੁ ਪਾਪਨ ਵਹਿ ਜੁਲਮੀ ਜਿਹ ਥਾਈ॥*** ਹੇ ਬੇਟੀ! ਜਿਸ ਥਾਂ ਉਹ ਜ਼ੁਲਮ ਕਰਨ ਵਾਲਾ ਪਾਪੀ ਸੱਯਦ ਅਤੇ ਉਸ ਦੇ ਗੁੰਡੇ ਹਨ, ਉਹ ਥਾਂ ਦੱਸ।

***ਤੌ ਉਨ ਭੋਹਰੋ ਦਯੋ ਬਤਾਇ॥*** ਤਾਂ ਉਸ ਨੇ ਉਹ ਭੋਰਾ ਦੱਸ ਦਿੱਤਾ ਜਿਸ ਵਿਚ ਉਹ ਵੜ ਕੇ ਬੈਠਾ ਸੀ।

***ਦੌੜ ਸਿੰਘਨ ਫੜ ਕੱਢਯੋ ਵਾਇ॥ ੨੨॥*** ਸਿੰਘਾਂ ਨੇ ਦੌੜ ਕੇ ਉਸ ਨੂੰ ਫੜ ਕੇ (ਭੋਰੇ ਵਿੱਚੋਂ ਬਾਹਰ ਕੱਢ ਲਿਆਂਦਾ। ੨੨।

***ਗੇਰ ਮੰਜੇ ਸੋ ਉਪਰ ਨਰੜਾ॥*** ਉਸ ਨੂੰ ਮੰਜੇ ਤੋਂ ਸੁੱਟ ਕੇ (ਨਰੜਾ) ਨਰੜ ਲਿਆ ਹੈ, ਬੰਨ ਲਿਆ ਮੰਜੇ ਦੇ ਨਾਲ ਹੀ।

***ਬਾਂਧ ਜੇਵੜਨ ਸੋਂ ਕੀਨੋ ਕਰੜਾ॥*** (ਜੇਵੜਨ) ਰੱਸਿਆਂ ਦੇ ਨਾਲ ਕਰੜਾ ਕਰਕੇ ਚੰਗੀ ਤਰ੍ਹਾਂ ਕਸ ਕੇ ਨਰੜ ਲਿਆ।

***ਤਹਿਂ ਛਪਰ ਲਯੋ ਫੂਸ ਨਿਕਾਰ॥*** ਉਥੋਂ ਇਕ ਛੱਪਰ ਦਾ ਘਾਹ ਫੂਸ ਕੱਢ ਕੇ।

***ਦਈ ਅਗਨ ਤਿਸ ਹੇਠੈ ਜਾਰ॥ ੨੩॥*** ਸਿੰਘਾਂ ਨੇ ਉਸ ਦੇ ਮੰਜੇ ਹੇਠਾਂ ਅੱਗ ਬਾਲ ਕੇ ਉਸ ਨੂੰ ਜਿਉਂਦਿਆਂ ਫੂਕ ਦਿੱਤਾ। ੨੩।

***ਫਿਰ ਬ੍ਰਾਹਮਨ ਇਮ ਪੰਥੈ ਕਹਯੋ॥*** ਫਿਰ ਬ੍ਰਾਹਮਣ ਨੇ ਪੰਥ ਖਾਲਸੇ ਨੂੰ ਇਉਂ ਬੇਨਤੀ ਕੀਤੀ।

***ਏਕ ਕਲਾਲ ਇਸ ਅਗੈ ਅਹਯੋ॥*** ਕਲਾਲ (ਸ਼ਰਾਬ ਵੇਚਣ ਵਾਲਾ ਠੇਕੇਦਾਰ) ਬ੍ਰਾਹਮਣ ਕਹਿਣ ਲੱਗਾ, ਇਸ ਸੱਯਦ ਨੇ ਅੱਗੇ ਇਕ ਕਲਾਲ ਹੈ ਰੱਖਿਆ ਹੋਇਆ।

***ਧੀ ਪਰਾਈ ਵਹੁ ਇਸੈ ਬਤਾਵੈ॥*** ਉਹ ਪਰਾਈਆਂ ਧੀਆਂ ਬਾਰੇ ਇਸ ਨੂੰ ਦਸਦਾ ਹੈ, ਫਲਾਨੇ ਦੀ ਲੜਕੀ ਬੜੀ ਚੰਗੀ ਹੈ, ਫਲਾਨੇ ਦੀ ਲੜਕੀ ਬੜੀ ਸੁੰਦਰ ਹੈ।

***ਤੌ ਯਹ ਫੜ ਕਰ ਪਿਛੌਂ ਮੰਗਾਵੈ॥ ੨੪॥*** ਪਹਿਲਾਂ ਉਹ ਦੱਸ ਪਾਉਂਦਾ, ਤਾਂ ਫੇਰ ਪਿੱਛੋਂ ਇਹ ਸਿਪਾਹੀ ਭੇਜ ਕੇ ਫੜ ਕੇ ਲੜਕੀ ਨੂੰ ਮੰਗਵਾ ਲੈਂਦਾ ਹੈ ਆਪਣੇ ਕੋਲ। ੨੪।

***ਸੋ ਬੀ ਸਿੰਘਨ ਫੜ ਤੁਰਤ ਮੰਗਾਯਾ॥*** ਉਸ ਨੂੰ ਵੀ ਸਿੰਘਾਂ ਨੇ ਤੁਰੰਤ ਹੀ ਫੜ ਕੇ ਮੰਗਾ ਲਿਆ ਹੈ।

***ਪਾਇ ਰੱਸਾ ਉਸ ਫਾਹੈ ਟੰਗਾਯਾ॥*** ਸਿੰਘ ਨੇ ਉਸ ਦੇ ਗਲ ਵਿਚ ਰੱਸਾ ਪਾ ਕੇ ਸਾਰਿਆਂ ਦੇ ਸਾਮ੍ਹਣੇ ਫਾਂਸੀ ਲਟਕਾ ਦਿੱਤਾ।

***ਜੈ ਜੈਕਾਰ ਤਹਿਂ ਪੰਥੇ ਭਏ॥*** ਗੁਰੂ ਖਾਲਸਾ ਪੰਥ ਦੀ ਉਥੇ ਜੈ-ਜੈਕਾਰ ਹੋ ਗਈ, ਸਿੰਘਾਂ ਦਾ ਇਨਸਾਫ਼ ਵੇਖ ਕੇ।

***ਬਹੁ ਤੁਰਕਨ ਘਰ ਸਯਾਪੇ ਪਏ॥ ੨੫॥*** ਜਿਨ੍ਹਾਂ ਤੁਰਕਾਂ ਨੂੰ ਸਿੰਘਾਂ ਨੇ ਮਾਰਿਆ, ਉਨ੍ਹਾਂ ਦੇ ਘਰੀਂ ਬਹੁਤੇ ਸਿਆਪੇ ਹੋਣ ਲਗ ਪਏ। ੨੫।

***ਦੋਹਰਾ॥ ਸੁਨੋ ਕਹਾਨੀ ਬਾਮਨੀ ਬੇਟੀ ਬ੍ਰਾਹਮਨ ਜੋਇ॥*** ਜਿਹੜੀ ਬ੍ਰਾਹਮਣ ਦੀ ਬੇਟੀ ਸੀ, ਉਸ ਬਾਹਮਣੀ ਦੀ ਕਹਾਣੀ ਸੁਣੋ।

***ਪੰਥ ਸੱਦ ਪੁਛ ਉਸ ਕਰੀ, ਕਹੌਂ ਹਕੀਕਤ ਸੋਇ॥ ੨੬॥*** ਖਾਲਸੇ ਪੰਥ ਨੇ ਸੱਦ ਕੇ ਉਸ ਲੜਕੀ ਨੂੰ ਪੁੱਛ ਪੜਤਾਲ ਕੀਤੀ, ਉਹ ਸਾਰੀ (ਹਕੀਕਤ) ਸੱਚੀ-ਸੱਚੀ ਕਹਾਣੀ ਮੈਂ (ਰਤਨ ਸਿੰਘ) ਕਹਿੰਦਾ ਹਾਂ। ੨੬।

***ਚੌਪਈ॥ ਪੁੱਛੀ ਪੰਥ ਸੱਦ ਬ੍ਰਾਹਮਨ ਧੀਅ॥*** ਖਾਲਸੇ ਪੰਥ ਨੇ ਬ੍ਰਾਹਮਣ ਦੀ ਪੁੱਤ੍ਰੀ ਨੂੰ ਸੱਦ ਕੇ ਪੁੱਛਿਆ।

***'ਕਹੁ ਅਬ ਤੇਰੇ ਕਯਾ ਮੱਧ ਜੀਅ?*** ਹੇ ਪੁੱਤਰੀ! 'ਦੱਸ ਹੁਣ ਤੇਰੇ ਮਨ ਵਿਚ ਕੀ ਹੈ? ਤੁਰਕਾਂ ਦੇ ਰਹਿਣਾ ਹੈ ਜਾਂ ਬ੍ਰਾਹਮਣਾਂ ਦੇ ਜਾਣਾ ਹੈ, ਕਿਵੇਂ ਤੇਰੀ ਸਲਾਹ ਹੈ?' ਦੱਸ।

***ਉਨੈ ਕਹਯੋ ਮੈਂ ਵੱਸ ਪਰਾਇ॥*** ਉਹ ਲੜਕੀ ਕਹਿੱਣ ਲੱਗੀ, ਖਾਲਸਾ ਜੀ! 'ਮੈਂ ਤਾਂ ਪਰਾਏ ਵਸ ਹਾਂ, ਮੇਰੇ ਨਾਲ ਤਾਂ ਧੱਕਾ ਕੀਤਾ ਹੈ, ਤੁਰਕਾਂ ਨੇ'।

***ਮੈਂ ਕਰ ਸੱਕੀ ਨ ਪ੍ਰਾਨ ਉਡਾਇ॥ ੨੭॥*** ਮੇਰਾ ਤਾਂ ਇਹੀ ਕਸੂਰ ਹੈ ਕਿ ਮੈਂ ਆਪਣੇ ਪ੍ਰਾਣ ਨਹੀਂ ਉਡਾ ਸਕੀ, ਮੈਂ ਮਰ ਨਹੀਂ ਸਕਦੀ। ੨੭।

***ਬਦੋ ਬਦੀ ਉਨ ਮੈਂ ਸੰਗ ਕਯੋ॥*** ਉਨ੍ਹਾਂ ਨੇ ਬਦੋਬਦੀ ਮੇਰੇ ਨਾਲ ਸੰਗ ਕੀਤਾ, ਮੇਰੀ ਕੋਈ ਇੱਛਾ ਨਹੀਂ ਸੀ। ਮੈਂ ਆਪਣੇ ਆਪ ਨਹੀਂ ਆਈ ਸ਼ੀ, ਇਹਨਾਂ ਤੁਰਕਾਂ ਕੋਲ।

***ਸੋਊ ਨਤੀਜਾ ਪੰਥ ਉਸ ਦਯੋ॥*** ਉਸ ਬਦੀ ਦਾ, ਜਿਹੜਾ ਧੱਕਾ ਇਹਨਾਂ ਨੇ ਕੀਤਾ ਹੈ ਮੇਰੇ ਨਾਲ, ਉਸ ਦਾ ਨਤੀਜ਼ਾ ਪੰਥ ਖਾਲਸੇ ਨੇ ਭੁਗਤਾ ਦਿੱਤਾ ਹੈ ਉਸ ਨੂੰ।

***ਕਹਯੋ ਪੰਥ, 'ਤੂੰ ਬੇਟੀ ਹਮਾਰੀ॥*** ਪੰਥ ਖਾਲਸੇ ਨੇ ਉਸ ਲੜਕੀ ਨੂੰ ਕਿਹਾ, 'ਅੱਜ ਤੋਂ ਤੂੰ ਖਾਲਸੇ ਪੰਥ ਦੀ ਪੁੱਤਰੀ ਹੈਂ। ਅਸੀਂ ਤੇਰੇ ਰਾਖੇ ਹਾਂ, ਤੇਰੇ ਮਾਂ ਬਾਪ ਹਾਂ।

***ਦਯੁਗੁ ਮਿਲਾਇ ਅਬ ਦੋ ਕੁਲ ਥਾਰੀ' ॥ ੨੮॥*** ਤੇਰੀਆਂ ਦੋਹਾਂ ਕੁਲਾਂ, ਸਹੁਰਿਆਂ ਅਤੇ ਪੇਕਿਆਂ ਦੀਆਂ ਨੂੰ ਮਿਲਾ ਕੇ ਜਾਵਾਂਗੇ ਤੈਨੂੰ। ੨੮।

***ਸੱਦ ਪੰਥ ਉਸ ਪਿਤਾ ਪੁਛਾਯਾ॥*** ਖਾਲਸੇ ਪੰਥ ਨੇ ਲੜਕੀ ਦੇ ਪਿਤਾ ਨੂੰ ਸੱਦ ਕੇ ਪੁੱਛਿਆ।

***ਉਨ ਉਸ ਪਿੰਡ ਸੁਸਰਾ ਬਤਾਯਾ॥*** ਉਸ ਦੇ ਪਿਤਾ ਨੇ ਉਸ ਲੜਕੀ ਦਾ ਸਹੁਰਾ ਪਿੰਡ ਦੱਸਿਆ।

***ਸੁਨਤ ਪੰਥ ਦਏ ਹਲਕਾਰੇ ਤੋਰ॥*** ਸੁਣ ਕੇ ਪੰਥ ਨੇ ਹਲਕਾਰੇ ਘੱਲੇ ਹਨ, ਉਸ ਪਿੰਡ ਜਿਥੇ ਲੜਕੀ ਵਿਆਹੀ ਹੋਈ ਸੀ।

***ਕਹੀ ਪੰਥ ਹਮ ਆਵੈ ਤੁਮ ਕੋਰ॥ ੨੯॥*** ਉਨ੍ਹਾਂ ਹਲਕਾਰਿਆਂ ਨੇ ਜਾ ਕੇ ਕਿਹਾ ਪੰਥ ਖਾਲਸਾ ਤੁਹਾਡੇ ਕੋਲ ਆ ਰਿਹਾ ਹੈ। ੨੯।

***ਇਕੈ ਤੁ ਹਮ ਸੰਗ ਕਰੋ ਲਰਾਈ॥*** ਉਨ੍ਹਾਂ ਨੂੰ ਸੁਨੇਹਾ ਭੇਜਿਆ ਹੈ ਕਿ ਜਾਂ ਤਾਂ ਸਾਡੇ ਨਾਲ ਲੜਾਈ ਕਰਨ ਵਾਸਤੇ ਤਿਆਰ ਹੋ ਜਾਉ, ਜੇ ਜੰਗ ਕਰਨਾ ਹੈ ਤਾਂ ਦੇਖ ਲੋ।

***ਇਕੈ ਤੁ ਬੇਟੀ ਲਿਹੋ ਪੰਥ ਰਲਾਈ॥*** ਜਾਂ ਫਿਰ ਪੰਥ ਦੀ ਬੇਟੀ ਆਪਣੇ 'ਚ ਰਲਾ ਲਵੋ, ਭਾਵ, ਇਹ ਨਾ ਹੋਵੇ ਕਿ ਤੁਰਕਾਂ ਤੋਂ ਛੁਡਾਈ ਹੋਈ ਨੂੰ ਤੁਸੀਂ ਤਿਆਗ ਦੇਵੋ। ਇਸ ਵਿਚਾਰੀ ਦਾ ਕੋਈ ਵਾਲੀ ਵਾਰਸ ਹੀ ਨਾ ਬਣੇ।

***ਇਹ ਬੇਟੀ ਅਬ ਪੰਥਹ ਭਈ॥*** ਇਹ ਹੁਣ ਫਲਾਣੇ ਬ੍ਰਾਹਮਣ ਦੀ ਪੁੱਤਰੀ ਨਹੀਂ, ਇਹ ਹੁਣ ਪੰਥ ਖਾਲਸੇ ਦੀ ਪੁੱਤਰੀ ਹੈ।

***ਅਬ ਤੁਮ ਲੇਹੋ ਇਸੈ ਰਲਈ॥ ੩੦॥*** ਤੁਹਾਡਾ ਭਲਾ ਏਸੇ ਵਿਚ ਹੈ, ਹੁਣ ਤੁਸੀਂ ਇਸ ਨੂੰ ਆਪਣੇ ਨਾਲ ਰਲਾ ਲਵੋ। ਆਪਣੀ ਬਰਾਦਰੀ ਵਿਚ ਮਿਲਾ ਲਵੋ। ੩੦।

***ਦੋਹਰਾ॥ ਯੌ ਕਹਿ ਕੈ ਤਹਿੰ ਪੰਥ ਭੀ ਡੰਕੇ ਦੀਏ ਲਗਾਏ॥*** ਇਉਂ ਸੁਨੇਹਾ ਦੇ ਕੇ ਪੰਥ ਨੇ ਵੀ ਤਿਆਰੀਆਂ ਕਰ ਲਈਆਂ। ਇਉਂ ਕ਼ਹਿ ਕੇ ਪੰਥ ਨੇ ਵੀ ਉਥੋਂ ਧੌਂਸਿਆਂ 'ਤੇ ਚੋਬਾਂ ਲਾ ਦਿੱਤੀਆਂ।

***ਦੌੜ ਦੌੜ ਕਰ ਤਬੀ ਪਹੁੰਚਯੋ ਤਿਸ ਪਿੰਡ ਜਾਇ॥ ੩੧॥*** ਤਦ ਦੌੜ ਕੇ ਮਾਰੋ-ਮਾਰ ਕਰਦੇ ਹੋਏ ਸਿੰਘ ਉਸ ਪਿੰਡ ਜਾ ਪਹੁੰਚੇ। ੩੧।

***ਚੌਪਈ॥ ਉਸੀ ਪਿੰਡ ਕੇ ਪੈਂਚ ਬੁਲਾਏ॥*** ਉਸ ਪਿੰਡ ਦੇ ਪੰਚ, ਸਰਪੰਚ ਸੱਦ ਲਏ।

***ਦੀਨੀ ਉਨ ਸਭ ਗਲ ਸਮਝਾਏ॥*** ਉਨ੍ਹਾਂ ਨੂੰ ਸਾਰੀ ਗੱਲ ਸਮਝਾ ਦਿੱਤੀ, ਕਿਉਂ ਇਹ ਬੇਵੱਸ ਸੀ, ਪਰਾਏ ਬਸ ਸੀ, ਇਸ ਦਾ ਕੀ ਕਸੂਰ ਹੈ? ਇਸ ਦੇ ਨਾਲ ਜ਼ੁਲਮ ਹੋਇਆ। ਤੁਹਾਡਾ ਫਰਜ਼ ਬਣਦਾ ਹੈ ਕਿ ਇਸ ਨੂੰ ਆਪਣੀ ਜ਼ਾਤ ਬਰਾਦਰੀ ਵਿਚ ਮਿਲਾ ਲਵੋ।

***ਸੋਊ ਬਾਤ ਪੰਚਨ ਮੰਨ ਲਈ॥*** ਉਹੀ ਗੱਲ ਪੰਚਾਂ ਨੇ ਮਨ ਲਈ, ਸਾਨੂੰ ਪ੍ਰਵਾਣ ਹੈ ਜੀ, ਜੋ ਤੁਹਾਡਾ ਹੁਕਮ ਹੈ।

***ਚਹੁ ਬਰਨੀ ਪੰਚਾਇਤ ਬਿਪ ਸੰਗ ਅਈ॥ ੩੨॥*** ਚਹੁੰ-ਬਰਨਾਂ (ਖੱਤ੍ਰੀ, ਬ੍ਰਾਹਮਣ, ਸੂਦ, ਵੈਸ਼) ਦੀ ਪੰਚਾਇਤ ਲੜਕੀ ਦੇ ਸਹੁਰੇ ਬ੍ਰਾਹਮਣ ਨਾਲ ਆਈ ਹੈ ਪੰਥ ਖਾਲਸੇ ਕੋਲ। ੩੨।

***ਚਹੁੰ ਬਰਨਨ ਇਮ ਲਈ ਠਹਿਰਾਏ॥*** ਚਾਰੇ ਬਰਨਾਂ ਨੇ ਇਹ ਗੱਲ ਤਹਿ ਕਰ ਲਈ ਹੈ ਆਪਸ ਵਿਚ।

***ਵਹਿ ਕਰੈ ਰਸੋਈ ਹਮ ਲੇਹਿਂ ਖਾਏ॥*** ਖਾਲਸਾ ਜੀ! ਸਾਨੂੰ ਕੋਈ ਇਤਰਾਜ਼ ਨਹੀਂ, ਇਹ ਲੜਕੀ ਰਸੋਈ ਕਰੇ, ਲੰਗਰ ਬਣਾਏ, ਅਸੀਂ ਇਸ ਦੇ ਹੱਥੋਂ ਸਾਰੇ ਖਾਵਾਂਗੇ, ਸਾਨੂੰ ਪ੍ਰਵਾਣ ਹੈ ਇਹ।

***ਸਸੁਰਾਰ ਪੇਈਏ ਦੁਇ ਟੱਬਰ ਜੋਰ॥*** ਉਸ ਲੜਕੀ ਦੇ ਸਹੁਰਿਆਂ ਅਤੇ ਪੇਕਿਆਂ ਦੇ ਦੋਵੇਂ ਪ੍ਰਵਾਰ ਜੋੜ ਕੇ ਮਿਲਾ ਕੇ।

***ਖੁਲਾਇ ਰਸੋਈ ਘਰ ਦਏ ਤੋਰ॥ ੩੩॥*** ਲੜਕੀ ਵੱਲੋਂ ਤਿਆਰ ਕੀਤਾ ਲੰਗਰ ਉਸ ਨੂੰ ਖੁਆ ਕੇ ਘਰਾਂ ਨੂੰ ਤੋਰ ਦਿੱਤਾ। ੩੩।

***ਸਦ ਭਰਤੇ ਉਸ ਬਾਂਹ ਫੜਵਾਈ॥*** ਲੜਕੀ ਦੇ ਪਤੀ ਨੂੰ ਸੱਦ ਕੇ ਉਸ ਦੀ ਬਾਂਹ ਪਕੜਾਈ।

***ਔਰ ਬਾਤ ਤਊ ਪੰਥ ਜੀਅ ਆਈ॥*** ਪੰਥ ਦੇ ਮਨ ਵਿਚ ਇਕ ਹੋਰ ਗੱਲ ਆਈ।

***ਕਹਯੋ ਉਨੈਂ ਦਯੋ ਕੰਬਲੀ ਇਕ ਡਾਲ॥*** ਲੜਕੀ ਦੇ ਪਤੀ ਨੂੰ ਖਾਲਸੇ ਨੇ ਕਿਹਾ, 'ਇਕ (ਕੰਬਲੀ) ਚਾਦਰ ਵਿਛਾ ਕੇ ਧਰਤੀ 'ਤੇ।

***ਕੰਨਯਾ ਦਾਨ ਤਹਿਂ ਪੰਥ ਦੈ ਘਾਲ॥ ੩੪॥*** ਉਸ ਚਾਦਰ ਵਿਚ ਪੰਥ ਆਪਣੀ ਤਰਫੋਂ ਕੰਨਯਾਂ ਦਾਨ ਪਾ ਦੇਵੇਗਾ, ਪੰਥ ਦਾ ਇਹ ਫੁਰਨਾਂ ਹੈ ਕਿ ਇਸ ਲੜਕੀ ਨੂੰ ਕੰਨਿਆਂ ਦਾਨ ਦਿੱਤਾ ਜਾਵੇ। ੩੪।

***ਇਸੈ ਪੰਥ ਨਿਜ ਬੇਟੀ ਕਹਯੋ॥*** ਇਸ ਲੜਕੀ ਨੂੰ ਖਾਲਸੇ ਪੰਥ ਨੇ ਆਪ ਦੀ ਪੁੱਤਰੀ ਆਖਿਆ ਹੈ।

***ਇਸ ਕੋ ਚਹੀਅਤ ਦਾਜ ਭੀ ਦਯੋ॥*** ਤਾਂ ਫਿਰ ਪੰਥ ਵੱਲੋਂ ਇਸ ਆਪਣੀ ਪੁੱਤਰੀ ਨੂੰ ਦਾਜ ਵੀ ਦੇਣਾ ਚਾਹੀਦਾ ਹੈ।

***ਜਬ ਉਸ ਨੇ ਦਯੋ ਕਪੜੋ ਡਾਲ॥*** ਜਦੋਂ ਉਸ ਦੇ ਪਤੀ ਨੇ ਕੱਪੜਾ ਵਿਛਾ ਦਿੱਤਾ ਖਾਲਸੇ ਪੰਥ ਅੱਗੇ।

***ਲਗੇ ਚੁਤਰਫੋਂ ਪੜਨੈਂ ਮਾਲ॥ ੩੫॥*** ਖਾਲਸੇ ਪੰਥ ਵਲੋਂ ਚਾਰੇ ਪਾਸਿਆਂ ਤੋਂ ਉਸ ਚਾਦਰ ਵਿਚ( ਮਾਲ) ਧਨ-ਦੌਲਤ ਪੈਣਾ ਸ਼ੁਰੂ ਹੋ ਗਿਆ। ੩੫।

***ਦੋਹਰਾ॥ ਕਿਨੈ ਰੁਪੱਯੋ ਕਿਨ ਮੋਹਰੈਂ ਪੈਸੋ ਕੌਡੀ ਅਪਾਰ॥*** ਕਿਸੇ ਸਿੰਘ ਨੇ ਰੁਪੱਈਆ, ਕਿਸੇ ਨੇ ਮੋਹਰਾਂ, ਕਿਸੇ ਨੇ ਪੈਸੇ ਅਤੇ ਕੌਡੀਆਂ ਆਦਿਕ, ਕਿਸੇ ਨੇ ਜ਼ੇਵਰ ਆਦਿਕ ਬਹੁਤੇ ਉਸ ਚਾਦਰ ਵਿਚ ਪਾਏ ਹਨ।

***ਬਹੁਤ ਦਰਬ ਇਕਠੀ ਭਈ ਵਹਿ ਬਿੱਪਰ ਭਯੋ ਨਿਹਾਲ॥ ੩੬॥*** ਹਜ਼ਾਰਾਂ ਸਿੰਘਾਂ ਦੀ ਤਾਦਾਦ ਵਿਚ ਪੰਥ ਖਾਲਸਾ ਸੀ, ਸਿੰਘ ਜਦੋਂ ਮੁੱਠੀਆਂ ਭਰ ਸੁੱਟਣ ਲੱਗੇ, ਤਾਂ ਬਹੁਤ ਧਨ ਇਕੱਠਾ ਹੋ ਗਿਆ ਅਤੇ ਬ੍ਰਹਮਣ ਨਿਹਾਲ ਹੋ ਗਿਆ। ਉਹ ਬ੍ਰਹਮਣ ਸ਼ਾਹੂਕਾਰ ਹੋ ਗਿਆ। ੩੬।

***ਮਾਰਯੋ ਸੱਯਦ ਜਬ ਖਾਲਸੇ ਤੌ ਭਇਓ ਤੁਰਕਨ ਥਰਥੱਲ॥*** ਖਾਲਸੇ ਨੇ ਜਦੋਂ ਜਲਾਲਾਬਾਦ, ਲੋਹਾਰੀ ਦੇ ਦੁਰਾਚਾਰੀ ਸੱਯਦ ਨੂੰ ਮਾਰਿਆ, ਤਾਂ ਤੁਰਕਾਂ ਵਿਚ ਤਰਥੱਲ ਪੈ ਗਿਆ ਕਿ ਜਿਸ ਨੂੰ ਅੱਗ ਵਿਚ ਪਾ ਕੇ ਸਾੜਿਆ ਜਾਏ, ਉਹ ਮਕਰੂਹ ਹੋ ਜਾਂਦਾ ਹੈ।

***ਪੂਰਬ ਦੱਖਨ ਲਗ ਮਰੇ ਗਈ ਗੱਲ ਯਹ ਚੱਲ॥ ੩੭॥*** ਉਸ ਦੇ ਮਾਰੇ ਜਾਣ ਦੀ ਖ਼ਬਰ ਪੂਰਬ, ਦੱਖਣ ਤੱਕ ਚਲੀ ਗਈ ਕਿ ਖਾਲਸੇ ਪੰਥ ਨੇ ਐਸਾ ਨਿਆਂ ਕੀਤਾ। ੩੭।

***ਚੌਪਈ: ਹਿੰਦੂ ਕਹੈਂ, 'ਪੰਥ ਨਿਹਕਲੰਕ ਕੋ ਆਯੋ॥*** ਹਿੰਦੂ ਲੋਕ ਕਹਿੰਦੇ ਹਨ, ਇਹ ਤਾਂ ਨਿਹਕਲੰਕ ਦਾ ਪੰਥ ਆਇਆ, ਭਾਵ ਜੋ ਕਲੰਕ ਰਹਿਤ ਸ੍ਰੀ ਅਕਾਲ ਪੁਰਖ ਹੈ, ਉਸ ਦਾ ਪੰਥ ਆਇਆ। *ਨਿਹਕਲੰਕ ਬਜ਼ੂ ਡੰਕ ਚੜ੍ਹੂ ਦਲ ਰਵਿੰਦ ਜੀਓ॥* ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਫੁਰਮਾਇਆ ਹੋਇਆ ਹੈ। ਜਿਸ ਨੂੰ ਆਪਾਂ ਕਲਕੀ ਅਵਤਾਰ ਕਹਿੰਦੇ

ਹਾਂ, ਉਸ ਨੇ ਆ ਕੇ ਨਿਆਂ ਕਰਨੇ ਹਨ, ਜਿਵੇਂ, ਖਾਲਸੇ ਪੰਥ ਨੇ ਕੀਤਾ।

***'ਇਸ ਪੰਥ ਹੋਵਗੁ ਪ੍ਰਗਟਾਯੋ' ॥*** ਏਸੇ ਪੰਥ ਨੇ ਪ੍ਰਗਟ ਹੋਣਾ ਹੈ ਉਸ ਵੇਲੇ, ਇਹ ਪਤਾ ਹੈ ਲੋਕਾਂ ਨੂੰ, ਆਮ ਲੋਕਾਂ ਵਿਚ ਚਰਚਾ ਹੈ। ਹੁਣ ਵੀ ਕਿਸੇ ਵੱਡੇ ਪੰਡਤਾਂ ਨੂੰ ਪੁੱਛੋ, ਜਿਹੜੇ ਵੇਦ ਸ਼ਾਸਤਰਾਂ ਦੇ ਗਿਆਤੇ ਹਨ। ਉਹ ਦੱਸਣਗੇ ਇਸ ਪੰਥ ਵਿਚ ਪ੍ਰਗਟ ਹੋਣਾ ਹੈ ਉਸ ਨੇ, ਇਸ ਤਰ੍ਹਾਂ ਦੇ ਨੀਲਾ ਨਿਸ਼ਾਨ ਹੋਵੇਗਾ ਉਨ੍ਹਾਂ ਦਾ, ਏਸੇ ਤਰ੍ਹਾਂ ਦੇ ਨੀਲੇ ਬਸਤ੍ਰ ਹੋਣਗੇ।

***ਤੁਰਕ ਕਹੈਂ, 'ਖਰਜੰਦਾਲ ਪੰਥ ਹੈ ਏਊ॥*** ਤੁਰਕ ਆਪਣੀ ਭਾਸ਼ਾ ਵਿਚ ਕਹਿੰਦੇ ਹਨ, ਏਹੀ ਨਿਹਕਲੰਕ ਦਾ ਪੰਥ ਹੈ। ਖਰਜੰਕਾਲ=ਜ਼ਾਲਮ, ਜ਼ਲਾਦ। ਭਾਵ ਯੋਧਿਆਂ ਦਾ ਪੰਥ ਹੈ।

***ਐਸੋ ਚਰਿਤ੍ਰ ਜਗ ਭਯੋ ਤੇਊ॥ ੩੮॥*** ਐਸਾ ਕੌਤਕ ਜਗਤ ਵਿਚ ਹੋਇਆ, ਸਾਰਾ ਸੰਸਾਰ ਅਨੁਭਵ ਕਰਨ ਲੱਗ ਪਿਆ ਕਿ ਏਹੀ ਨਿਹਕਲੰਕ ਦਾ ਕਲੰਕ ਰਹਿਤ ਪੰਥ ਹੈ। ੩੮।

***ਦੋਹਰਾ॥ ਸੱਯਦ ਫੂਕਯੋ ਪੰਥ ਜਬ ਫਿਰ ਭਏ ਦਿੱਲੀ ਗਿਰਦ ਖਾਸ॥*** ਜਦੋਂ ਖਾਲਸਾ ਪੰਥ ਦੁਰਾਚਾਰੀ ਸੱਯਦ ਨੂੰ ਫੂਕ ਕੇ ਫਿਰ ਦਿੱਲੀ ਦੇ ਦੁਆਲੇ ਜਾ ਹੋਇਆ।

***ਮੱਧ ਦਿੱਲੀ ਚਿੰਤਾ ਪਰੀ, ਘਰ ਘਰ ਬੀਤਯੋਂ ਤ੍ਰਾਸ॥ ੩੯॥*** ਸਾਰੀ ਦਿੱਲੀ ਵਿਚ ਫ਼ਿਕਰ ਪੈ ਗਿਆ, ਸਾਰੇ ਮੁਸਲਮਾਨ ਆਪੋ ਆਪਣੇ ਘਰ ਡਰ ਕੇ ਸਮਾਂ ਬਿਤਾ ਰਹੇ ਸਨ ਕਿ ਖਾਲਸਾ ਪੰਥ ਆਇਆ ਹੈ, ਪਤਾ ਨਹੀਂ ਕੀ ਨਿਬੜੇਗੀ, ਕੀ ਬਣੇਗਾ ਸਾਡੇ ਨਾਲ। ੩੯।

***ਚੌਪਈ॥ਤੁਰਕਨ ਮੱਧ ਥਰਥੱਲਾ ਪਰਾ॥*** ਤੁਰਕਾਂ ਦੇ ਵਿਚ ਹਲਚਲੀ ਪੈ ਗਈ, ਇਕਦਮ ਸਾਰੀ ਦਿੱਲੀ ਡਰ ਗਈ।

***ਜਿਹ ਕਿਨ ਸੁਨੀ ਤਹੀਂ ਤੁਰਕ ਡਰਾ॥*** ਜਿਥੇ ਕਿਤੇ ਵੀ ਕਿਸੇ ਨੇ ਗੱਲ ਸੁਣੀ ਕਿ ਫਲਾਨੇ ਥਾਂ ਇਉਂ ਹੋਈ, ਉਥੇ ਹੀ ਉਹ ਤੁਰਕ ਡਰ ਗਿਆ, ਭਾਵੇਂ ਨਵਾਬ ਹੈ ਜਾਂ ਕੋਈ ਫ਼ੌਜਦਾਰ ਸਭ ਤ੍ਰਾਸ-ਤ੍ਰਾਸ ਕਰਦੇ ਸਨ।

***ਕਹੈਂ, ਤੁਰਕ, 'ਯਹ ਖਰਜੰਦਾਲ ਪੰਥ॥*** ਤੁਰਕ ਆਪਣੀ ਭਾਸ਼ਾ ਵਿਚ 'ਖਰਜੰਦਾਲ' ਕਲਕੀ ਅਵਤਾਰ ਨੂੰ ਕਹਿੰਦੇ ਹਨ, ਤੁਰਕ ਕਹਿੰਦੇ ਹਨ, ਇਹ ਉਹੀ ਨਿਹਕਲੰਕ ਪੰਥ ਹੈ, ਜਿਹੜਾ ਆਇਆ ਹੈ।

***ਹਮ ਜਾਪਤ ਹੈ ਯਹੀ ਮਤੰਤ॥ ੪੦॥*** ਸਾਨੂੰ ਤਾਂ ਏਹੀ ਗੱਲ ਜਾਪਦੀ ਹੈ। ੪੦।

***ਪਾਤਸ਼ਾਹ ਦਿੱਲੀ ਪਤ ਖੌਫ ਖਾਯੋ॥*** ਦਿੱਲੀ ਦੇ ਬਾਦਸ਼ਾਹ ਨੇ ਵੀ ਖਾਲਸੇ ਦਾ ਖੌਫ਼ ਖਾਧਾ, ਉਹ ਵੀ ਆਪਣੇ ਅੰਦਰੋਂ ਡਰ ਗਿਆ।

***ਉਨ ਅਪਨੋਂ ਸਭ ਦੀਨ ਬੁਲਾਯੋ॥*** ਉਸ ਨੇ ਆਪਣੇ ਸਭ ਦੀਨੀਂ ਮੁਸਲਮਾਨ ਭਰਾਵਾਂ ਨੂੰ ਬੁਲਾਇਆ ਹੈ।

***'ਹਮ ਕੋ ਛੋਡੇ ਯੇਹ ਪੰਥ ਨਾਹੀਂ॥*** ਉਸ ਨੇ ਸਭ ਡਰਾ ਦਿੱਤੇ, ਇਹ ਖਾਲਸਾ ਪੰਥ ਸਾਨੂੰ ਛੱਡੇਗਾ ਨਹੀਂ, ਸਾਡਾ ਖ਼ਾਤਮਾ ਕਰਕੇ ਜਾਇਗਾ।

***ਗਿਰਦ ਦਿੱਲੀ ਸਭ ਇਨ ਲੁਟ ਖਾਈ' ॥ ੪੧॥*** ਦਿੱਲੀ ਦਾ ਸਾਰਾ ਚੌਗਿਰਦਾ ਇਨ੍ਹਾਂ ਸਿੰਘਾਂ ਨੇ ਲੁੱਟ ਕੇ ਖਾ ਲਿਆ। ਸਭ ਕਸਬਿਆਂ ਵਿਚ ਜਿੰਨੇ ਅਮੀਰ ਮੁਗਲ, ਪਠਾਣ ਬੈਠੇ ਸਨ, ਸਭ ਦੇ ਖ਼ਜ਼ਾਨੇ ਆਪਣੇ ਕਬਜ਼ੇ ਵਿਚ ਕਰ ਲਏ ਖਾਲਸੇ ਨੇ। ੪੧।

***ਅਬ ਨੌਬਤ ਹੈ ਹਮ ਪਰ ਆਈ॥*** ਉਹ ਤਾਂ ਸਾਰੇ ਲੁੱਟੇ-ਪੁੱਟੇ ਗਏ, ਹੁਣ ਮੇਰੇ ਉਤੇ ਮੁਸੀਬਤ ਆ ਗਈ, ਮੇਰੀ ਵਾਰੀ ਆ ਗਈ।

***ਲੜਨ ਜੋਗ ਫੌਜ ਹਮ ਪੈ ਨਾਹੀ॥*** ਇਹਨਾਂ ਦੇ ਮੁਕਾਬਲੇ, ਲੜਨ ਵਾਲੀ ਮੇਰੇ ਕੋਲ ਕੋਈ ਫ਼ੌਜ ਨਹੀਂ ਹੈ, ਜਿਹੜੀ ਇਨ੍ਹਾਂ ਨਾਲ ਲੜ ਸਕੇ।

***ਬਿਨਾਂ ਫੌਜ ਹਮ ਨਾਹਿਂ ਬਚਾਈਂ॥*** ਬਿਨਾਂ ਫ਼ੌਜ ਤੋਂ ਸਾਡਾ ਬਚਾ ਨਹੀਂ, ਨਹੀਂ ਬਚ ਸਕਾਂਗੇ ਇਹਨਾਂ ਤੋਂ।

***ਅਬ ਇਨ ਕੇ ਹਮ ਆਏ ਦਾਈ॥ ੪੨॥*** ਅਸੀਂ ਹੁਣ ਇਨ੍ਹਾਂ ਦੇ ਦਾਉ ਹੇਠਾਂ ਆਏ ਹਾਂ, ਹੁਣ ਨਹੀਂ ਇਹ ਛੱਡਦੇ ਸਾਨੂੰ। ੪੨।

***ਹਮ ਬਡਿਅਨ ਇਨ ਗੁਰਸੁਤ ਮਾਰੇ॥*** ਤੁਰਕ ਹੁਣ ਪਛਤਾਉਂਦੇ ਹਨ, ਕਹਿੰਦੇ ਸਾਡੇ ਬਜ਼ੁਰਗਾਂ ਨੇ, ਇਨ੍ਹਾਂ ਦੇ ਗੁਰੂ ਸਾਹਿਬਾਂ ਦੇ ਸਾਹਿਬਜ਼ਾਦੇ ਬਿਨਾਂ ਕਸੂਰ ਤੋਂ ਸ਼ਹੀਦ ਕਰ ਦਿੱਤੇ ਸਨ।

***ਹਮ ਬਡਿਅਨ ਇਨ ਹਿਸਾਨ ਬਿਸਾਰੇ॥*** ਇਹ ਸਾਡੇ ਬਜ਼ੁਰਗਾਂ ਦੀ ਗਲਤੀ ਹੈ, ਸਾਡੇ ਬਜ਼ੁਰਗਾਂ ਨੇ ਇਨ੍ਹਾਂ ਦੇ ਗੁਰੂਆਂ ਦੇ ਅਹਿਸ਼ਾਨ ਭੁਲਾ ਦਿੱਤੇ। ਇਨ੍ਹਾਂ ਦੇ ਗੁਰੂਆਂ ਨੇ ਸਾਡੇ ਵੱਡਿਆਂ ਨੂੰ ਰਾਜ ਭਾਗ ਬਖ਼ਸ਼ਿਆ ਸੀ, ਪਰ ਸਾਡੇ ਵੱਡੇ ਵਡੇਰੇ ਅਹਿਸਾਨ ਫਰਾਮੋਸ਼ ਨਿਕਲੇ।

***ਜਿਮ ਜਿਮ ਇਨਕੋ ਹਮ ਦੁਖ ਦਯੋ॥*** ਜਿਵੇਂ-ਜਿਵੇਂ ਅਸੀਂ ਇਨ੍ਹਾਂ ਨੂੰ ਦੁੱਖ ਦਿੱਤਾ। ਜਿਵੇਂ-ਜਿਵੇਂ ਅਸੀਂ ਇਨ੍ਹਾਂ ਨੂੰ ਦੁੱਖੀ ਕੀਤਾ।

***ਤਿਮ ਤਿਮ ਚਹੈਂ ਏ ਬਦਲੋ ਲਯੋ॥ ੪੩॥*** ਤਿਵੇਂ-ਤਿਵੇਂ ਹੀ ਇਹ ਸਾਥੋਂ ਬਦਲਾ ਲੈਣਾ ਚਾਹੁੰਦੇ ਹਨ। ੪੩।

***ਦੋਹਰਾ॥ ਇਕੈ ਤਾਂ ਦਿੱਲੀ ਛਡ ਤੁਰੋ ਇਕੈ ਤਾਂ ਕਰੋ ਉਪਾਇ॥*** ਬਾਦਸ਼ਾਹ ਨੇ ਸਾਰੇ ਤੁਰਕਾਂ ਨੂੰ ਕਿਹਾ ਜਾਂ ਤਾਂ ਦਿੱਲੀ ਛੱਡ ਕੇ ਭੱਜ ਤੁਰੀਏ ਏਥੋਂ, ਜਾਂ ਕੋਈ ਉਪਾਉ ਕਰੋ, ਜਿਸ ਤਰ੍ਹਾਂ ਇਹਨਾਂ ਤੋਂ ਬਚਾਉ ਹੋਵੇ ਕਿਸੇ ਤਰ੍ਹਾਂ।

***ਜਿਮ ਸਸੋ ਅੰਧੇਰੀ ਮੱਧ ਮਰੈ ਮਤ ਇਮ ਹੀ ਮਰ ਜਾਇਂ॥ ੪੪॥*** ਜਿਵੇਂ (ਸਹਾ) ਖਰਗੋਸ਼, ਚੰਦ ਛੁਪੇ ਤੋਂ ਹਨ੍ਹੇਰੇ ਵਿਚ ਹੀ ਮਰ ਜਾਂਦਾ ਹੈ। (ਵਾ) ਹਨ੍ਹੇਰੀ ਆਈ ਤੋਂ ਅੱਖਾਂ ਵਿਚ ਮਿੱਟੀ ਪੈਣ ਕਰਕੇ ਖਰਗੋਸ਼ ਨੂੰ ਦਿਸਣੋਂ ਹਟ ਜਾਂਦਾ ਹੈ ਅਤੇ ਉਹ ਮਰ ਜਾਂਦਾ ਹੈ, ਜਿਵੇਂ ਸਹਿਆ ਚਾਨਣ ਨੂੰ ਵੇਖ ਕੇ ਸਹਿਕ ਜਾਂਦਾ ਹੈ, ਕਿਤੇ ਸਹੇ ਵਾਂਗ ਫੜ ਕੇ ਸ਼ਿਕਾਰ ਨਾ ਕਰ ਦੇਣ ਸਾਡਾ। ੪੪।

***ਚੌਪਈ॥ ਤੌ ਦਾਨਾ ਉਨ ਕਰੀ ਸਲਾਹਿ॥*** ਤਾਂ ਸਾਰੇ ਸਿਆਣਿਆਂ ਨੇ ਮਿਲ ਕੇ ਸਲਾਹ ਕੀਤੀ।

***ਦਿੱਲੀ ਛਡ ਅਬ ਬਚਤੇ ਨਾਂਹਿ॥*** ਹੇ ਬਦਾਸ਼ਾਹ! ਜੇ ਅਸੀਂ ਦਿੱਲੀ ਛੱਡ ਕੇ ਏਥੋਂ ਭੱਜ ਤੁਰੀਏ, ਤਾਂ ਅਸੀਂ ਬਚਦੇ ਫਿਰ ਵੀ ਨਹੀਂ ਹਾਂ, ਇਨ੍ਹਾਂ ਨੇ ਕਿਤੇ ਸਾਨੂੰ ਛੱਡਣਾ ਹੈ, ਇਹ ਸਾਡੇ ਪਿੱਛੇ ਪੈ ਕੇ ਸਾਨੂੰ ਫੜ ਲੈਣਗੇ।

***ਹੇ ਬੇਗਮ ਸਿਮਰੂ ਕੀ ਆਹਿ॥*** ਸਮਰੂ ਕੀ ਬੇਗਮ:-ਸਮਰੂ ਦਾ ਅਸਲ ਨਾਮ ਵਾਲਟਰ ਰੀਨਹਾਰਡ ਸੋਮਰ ਸੀ, ਜੋ ਸ੍ਰਮਰੂ ਕਰਕੇ ਮਸ਼ਹੂਰ ਸੀ। ਇਹ ਫਰਾਂਸੀਸੀ ਤੇ ਜਰਮਨ ਮਾਂ ਪਿਉ ਦੇ ਮੇਲ ਤੋਂ ਪੈਦਾ ਹੋਇਆ ਸੀ। ਜੋ ਪਹਿਲਾਂ ਫਰਾਂਸੀਸੀ ਜਹਾਜ਼ੀ ਫ਼ੌਜ ਵਿਚ ਤੇ ਪਿੱਛੋਂ ਅੰਗਰੇਜ਼ੀ ਫ਼ੌਜ ਵਿਚ ਭਰਤੀ ਹੋਇਆ ਸੀ। ਫਿਰ ਇਹ ਬੰਗਾਲ ਦੇ ਨਵਾਬ ਮੀਰ ਕਾਸਿਮ ਪਾਸ ਨੌਕਰ ਹੋ ਗਿਆ ਅਤੇ ੧੭੬੩ ਈ: ਵਿਚ ਪਟਨੇ ਦੇ ਰੈਜੀਡੈਂਟ ਤੇ ਹੋਰ ਕਈ ਅੰਗਰੇਜ਼ਾਂ ਦੀ ਜਾਨ ਲਈ। ਮੇਰਠ ਦੇ ਨੇੜੇ ਸਰਧਨੇ ਵਿਖੇ ਇਸ ਨੇ ਆਪਣੀ ਰਿਆਸਤ ਕਾਇਮ ਕਰ ਲਈ। ਇਸ ਦਾ ਦੇਹਾਂਤ ਆਗਰੇ ਵਿਖੇ ੧੭੭੮ ਈ: ਵਿਚ ਹੋਇਆ।

ਬੇਗਮ ਸਮਰੂ ਲੁਤਫ ਮਾਲੀ ਖ਼ਾਨ ਦੀ ਪੁੱਤਰੀ ਸੀ ਤੇ ਉਸ ਦਾ ਅਸਲ ਨਾਮ ਜ਼ੇਬੁਨਿਜਾ ਸੀ। ਇਸ ਦੀ ਸ਼ਾਦੀ ਸਮਰੂ ਨਾਲ ੧੭੬੫ ਈ: ਵਿਚ ਹੋਈ। ਪਤੀ ਦੀ ਮੌਤ ਪਿੱਛੋਂ ਇਸ ਨੇ ਰਿਆਸਤ ਦਾ ਕੰਮ ਚੰਗੀ ਤਰ੍ਹਾਂ ਸੰਭਾਲ ਰੱਖਿਆ। ੧੮੦੫ ਈ: ਵਿਚ ਅੰਗਰੇਜ਼ਾਂ ਦੇ ਅਧੀਨ ਹੋ ਕੇ ਰਾਜ ਕਰਨ ਲੱਗੀ। ਇਸ ਨੇ ਸ: ਬਘੇਲ ਸਿੰਘ ਨੂੰ ਆਪਣਾ ਭਰਾ ਬਣਾ ਰਖਿਆ ਸੀ। ਸਮਰੂ ਦੀ ਬੇਗਮ ਦਾ ਦੇਹਾਂਤ ੧੮੩੬ ਈ: ਵਿਚ ਹੋਇਆ।

ਸਮਰੂ ਦੀ ਬੇਗਮ ਜੋ ਦਿੱਲੀ ਵਿਚ ਹੀ ਆਪਣੇ ਕੋਲ ਹੀ ਰਹਿੰਦੀ ਸੀ।

***ਅਬ ਉਸ ਕੀ ਪੁਛ ਲੇਹੁ ਸਲਾਹਿ॥ ੪੫॥*** ਉਸ ਨੂੰ ਸੱਦ ਕੇ ਉਸ ਦੀ ਸਲਾਹ ਪੁਛ ਲਈਏ। ੪੫।

***ਸੋਊ ਤੁਰਤ ਲਈ ਸ਼ਾਹਿ ਬੁਲਾਇ॥*** ਬਾਦਸ਼ਾਹ ਨੇ ਉਸ (ਸਿਮਰੂ ਦੀ ਬੇਗਮ) ਨੂੰ ਸਲਾਹ-ਮਸ਼ਵਰਾ ਕਰਨ ਵਾਸਤੇ ਤੁਰੰਤ

ਹੀ ਬੁਲਾ ਲਿਆ ਹੈ।

***ਸਭ ਦੀਨੀ ਉਸ ਬਾਤ ਸੁਨਾਇ॥*** ਬਾਦਸ਼ਾਹ ਨੇ ਉਸ ਨੂੰ ਆਪਣੀ ਸਾਰੀ ਸਮੱਸਿਆ ਸੁਣਾਈ ਹੈ।

***ਸੁਨ ਕਰ ਬੇਗਮ ਸੀਸ ਹਿਲਾਯਾ॥*** ਬਾਦਸ਼ਾਹ ਦੀ ਇਹ ਗੱਲ ਸੁਣ ਕੇ ਸਮਰੂ ਦੀ ਬੇਗਮ ਨੇ ਸਿਰ ਹਿਲਾਇਆ। ਜਿਸ ਦਾ ਭਾਵ ਸੀ ਕਿ ਬੜੀ ਮੁਸ਼ਕਲ ਬਣੀ ਕਿ ਸਿੰਘਾਂ ਨੂੰ ਕੌਣ ਸਮਝਾਇਗਾ ਤੇ ਕਿਵੇਂ ਸਿੰਘਾਂ ਨਾਲ ਕੋਈ ਗੱਲ ਕਰੇਗਾ।

***'ਬੁਰਾਵਖਤ' ਕਹਿ ਬੇਗਮ ਸੁਨਾਯਾ॥ ੪੬॥*** ਬੇਗਮ ਨੇ ਕਹਿ ਸੁਣਾਇਆ ਬਾਦਸ਼ਾਹ ਨੂੰ ਕਿ ਤੁਹਾਡੇ 'ਤੇ ਬੁਰਾ ਵਕਤ ਆ ਗਿਆ, ਤੁਹਾਡਾ ਕੋਈ ਬਚਾ ਨਹੀਂ ਦਿਸਦਾ। ੪੬।

***ਦੋਹਰਾ॥ ਤੌ ਬੇਗਮ ਐਸੇ ਕਹੀ ਛੋਡੀਏ ਨਾਂਹਿ ਉਪਾਇ॥*** ਤਦ ਸਮਰੂ ਦੀ ਬੇਗਮ ਨੇ ਏਸ ਤਰ੍ਹਾਂ ਕਿਹਾ ਕਿ ਠੀਕ ਹੈ ਤੁਹਾਡੇ 'ਤੇ ਬੁਰਾ ਵਖਤ ਆਇਆ, ਫਿਰ ਵੀ ਉਪਾਉ ਨਾ ਛੱਡੋ। ਕੋਈ ਨਾ ਕੋਈ ਉਪਾਉ ਕਰੋ, ਸੋਚੋ ਕੁਛ।

***ਸਾਮ ਦਾਮ ਦੰਡ ਭੇਦ ਕੈ, ਬਨੈ ਸੁ ਲਿਉ ਬਨਾਇ॥ ੪੭॥*** ਰਾਜਨੀਤੀ ਦੇ ਚਾਰ ਅੰਗ ਹਨ, ਸਾਮ, ਦਾਮ, ਦੰਡ, ਭੇਦ, ਇਨ੍ਹਾਂ ਵਿੱਚੋਂ ਜਿਹੜਾ ਦਾਉ ਲਗਦਾ ਹੈ, ਉਹ ਲੱਗਾ ਕੇ, ਜੇ ਸਿੰਘਾਂ ਨਾਲ ਗੱਲ ਬਣਦੀ ਹੈ ਤਾਂ ਬਣਾ ਲਵੋ। ੪੭।

***ਚੌਪਈ॥ ਹੈਂ ਸਿੰਘਨ ਮੱਧ ਬਹੁ ਸਰਦਾਰ।*** ਸਿੰਘਾਂ ਵਿਚ ਬਹੁਤ ਸਿਆਣੇ-ਸਿਆਣੇ ਸਰਦਾਰ ਜਥੇਦਾਰ ਹਨ।

***ਲੇਹੁ ਕਿਸੀ ਸੋ ਬਾਤ ਬਿਚਾਰ॥*** ਬੇਗਮ ਨੇ ਸਲਾਹ ਦਿੱਤੀ ਕਿ ਪੰਥ ਦੇ ਕਿਸੇ ਜਥੇਦਾਰ ਨਾਲ ਗੱਲਬਾਤ ਦੀ ਵਿਚਾਰ ਕਰ ਲਵੋ।

***ਸ਼ਾਹ ਕਹੀ, 'ਹਮ ਪਤਯਾਵੈਂ ਨਾਹੀਂ॥*** ਬਾਦਸ਼ਾਹ ਕਹਿਣ ਲੱਗਾ, 'ਮੈਨੂੰ ਤਾਂ ਸਿੰਘਾਂ 'ਤੇ ਕੋਈ ਯਕੀਨ ਨਹੀਂ ਹੈ, ਅਸੀਂ ਸਿੰਘਾਂ ਨਾਲ ਗੱਲਬਾਤ ਕਰਨ ਗਏ, ਜੇ ਸਾਨੂੰ ਉਥੇ ਹੀ ਫੜ ਲਿਆ ਤਾਂ। ਤੁਰਕ ਆਪਣੇ ਵਾਂਗ ਸਮਝਦੇ ਸਨ ਸਿੰਘਾਂ ਨੂੰ, ਵਿਸਾਹ ਤਾਂ ਤੁਰਕਾਂ ਦਾ ਕੋਈ ਨਹੀਂ ਲੇਕਿਨ ਖਾਲਸਾ ਤਾਂ ਇਸ ਤਰ੍ਹਾਂ ਕਦੇ ਕਿਸੇ ਨਾਲ ਨਹੀਂ ਕਰਦਾ। ਮੈਂ ਤਾਂ ਕਿਸੇ ਨਾਲ ਕੋਈ ਗੱਲਬਾਤ ਨਹੀਂ ਕਰ ਸਕਦਾ।

***ਮਤ ਮਾਰੈ ਹਮ ਦਗੋ ਕਮਾਹੀ' ॥ ੪੮॥*** ਕਿਤੇ ਮੈਨੂੰ (ਦਗੋ) ਧੋਖਾ ਕਰਕੇ ਉਥੇ ਫੜ ਕੇ ਮਾਰ ਦੇਣ, ਫੇਰ ਕੀ ਬਣੇਗਾ? ੪੮।

***ਕਹਿ ਬੇਗਮ 'ਸਭ ਇਕਸਰ ਨਾਹੀਂ' ॥*** ਸਮਰੂ ਦੀ ਬੇਗਮ ਕਹਿਣ ਲੱਗੀ ਬਾਦਸ਼ਾਹ! 'ਸਾਰੇ ਸਿੰਘ ਇਕੋ ਜਿਹੇ ਨਹੀਂ ਹੁੰਦੇ, ਕਿ ਇਕੋ ਜਿਹੇ ਸਾਰੇ ਜਾਹਲ ਥੋੜ੍ਹੇ ਨੇ, ਸਿਆਣੇ ਨੇ ਵਿਚ, ਕਿਸੇ ਨਾਲ ਗੱਲਬਾਤ ਤਾਂ ਕਰਕੇ ਵੇਖੋ।'

***ਹਮ ਦੇਖੇ ਸਭ ਹੀ ਪਤਿਆਈ॥*** ਮੈਂ ਸਾਰੇ ਸਿੰਘਾਂ ਨੂੰ ਪਰਤਿਆ ਕੇ ਵੇਖਿਆ ਹੈ, ਪੰਥ ਵਿਚ ਬੜੇ ਸਿਆਣੇ ਸਿੰਘ ਹਨ, ਕਿਸੇ ਨਾਲ ਗੱਲਬਾਤ ਕਰਕੇ ਵੇਖੋ।

***ਬਘੇਲ ਸਿੰਘ ਮੈਂ ਬਨਾਓ ਭਾਈ॥*** ਮੈਂ ਸ੍ਰ. ਬਘੇਲ ਸਿੰਘ ਮਿਸਲ ਕਰੋੜੀਆ ਨੂੰ ਆਪਣਾ ਭਾਈ ਬਣਾਇਆ। ਮੇਰਾ ਉਹ ਭਰਾ ਹੈ ਮੈਂ ਉਸ ਦੇ ਨਾਲ ਗੱਲਬਾਤ ਕਰਾ ਸਕਦੀ ਹਾਂ।

***ਤੁਮਰੀ ਬਾਂਹ ਦਯੋਂ ਤਿਸੈ ਫੜਾਈ॥ ੪੯॥*** ਮੈਂ ਬਘੇਲ ਸਿੰਘ ਦੇ ਹੱਥ ਤੁਹਾਡੀ ਬਾਂਹ ਫੜਾ ਦਿਆਂਗੀ, ਕੋਈ ਖ਼ਤਰਾ ਨਹੀਂ, ਕੋਈ ਵੀ ਸਿੰਘ ਸਰਦਾਰ ਤੁਹਾਨੂੰ ਕੁਛ ਨਹੀਂ ਕਹੇਗਾ। ੪੯।

***ਸ਼ਾਹ ਕਹੀ 'ਅਬ ਦੇਰ ਮਤ ਕਰੋ॥*** ਬਾਦਸ਼ਾਹ ਕਹਿਣ ਲੱਗਾ, ਬੇਗਮ ਸਾਹਿਬਾ! ਹੁਣ ਦੇਰੀ ਨਾ ਕਰੋ, ਮਿਲਾਓ ਮੈਨੂੰ ਬਘੇਲ ਸਿੰਘ ਨਾਲ।

***ਹਮਰੀ ਬਾਂਹਿ ਅਬ ਉਸ ਹਥ ਧਰੋ' ॥*** ਮੇਰੀ ਬਾਂਹ ਹੁਣ ਉਸ ਦੇ ਹੱਥ ਫੜਾ ਦਿਉ, ਫਿਰ ਖ਼ਤਰਾ ਟਲ ਜਾਇਗਾ, ਜਿਵੇਂ ਤੁਸੀਂ ਕਹੋਗੇ ਸਾਰੀ ਗੱਲਬਾਤ ਕਰ ਲਵਾਂਗੇ।

***ਤੌ ਬੇਗਮ ਤੁਰੰਤ ਘੱਲੇ ਵਕੀਲ॥*** ਤਾਂ ਬੇਗ਼ਮ ਨੇ ਤੁਰੰਤ ਹੀ ਬੜੀ ਜਲਦੀ ਆਪਣੇ ਵਕੀਲ ਭੇਜੇ ਬਘੇਲ ਸਿੰਘ ਕੋਲ।

***ਲੈ ਲੈ ਪਾਲਕਣ ਔ ਬਡ ਫੀਲ॥ ੫੦॥*** ਸੋਨੇ ਦੀਆਂ ਪਾਲਕੀਆਂ ਅਤੇ ਵੱਡੇ-ਵੱਡੇ ਹਾਥੀ ਲੈ-ਲੈ ਕੇ ਗਏ ਬਘੇਲ ਸਿੰਘ

ਪਾਸ। ੫੦।

***ਜਾਇ ਬਘੇਲ ਸਿੰਘ ਜੀ ਲਯਾਇ॥*** ਵਕੀਲਾਂ ਨੇ ਬਾਦਸ਼ਾਹ ਅਤੇ ਸਮਰੂ ਦੀ ਬੇਗ਼ਮ ਵੱਲੋਂ ਬੜੀ ਨਿਮਰਤਾ ਸਹਿਤ ਸ੍ਰ. ਬਘੇਲ ਸਿੰਘ ਨੂੰ ਦਿੱਲੀ ਆਉਣ ਦਾ ਸੱਦਾ ਦਿੱਤਾ, ਜੋ ਉਸ ਨੇ ਪ੍ਰਵਾਣ ਕਰ ਲਿਆ, ਸ੍ਰ. ਬਘੇਲ ਸਿੰਘ ਨੂੰ ਬੜੇ ਅਦਬ ਸਤਿਕਾਰ ਨਾਲ ਵਕੀਲ ਦਿੱਲੀ ਲੈ ਕੇ ਆਏ।

***ਢਿਗ ਦਿੱਲੀ ਦਏ ਡੇਰੇ ਕਰਵਾਏ॥*** ਦਿੱਲੀ ਦੇ ਕੋਲ ਸਬਜ਼ੀ ਮੰਡੀ ਹੈ, ਉਥੇ ਡੇਰੇ ਕਰਵਾ ਦਿੱਤੇ।

***ਤੌ ਬੇਗਮ ਸਿੰਘ ਜੀ ਪਹਿ ਆਏ॥*** ਤਾਂ ਸਮਰੂ ਦੀ ਬੇਗਮ ਆਪਣੇ ਧਰਮ ਭਾਈ ਜ. ਬਘੇਲ ਸਿੰਘ ਜੀ ਦੇ ਕੋਲ ਆ ਕੇ।

***ਦਈ ਛਯਾਨੀ ਪਾਤਿਸ਼ਾਹ ਲਿਖਾਏ॥ ੫੧॥*** ਬੇਗਮ ਨੇ ਬਾਦਸ਼ਾਹ ਵੱਲੋਂ ਛਿਆਨੀ ਲਿਖਵਾ ਦਿੱਤੀ ਸ੍ਰ. ਬਘੇਲ ਸਿੰਘ ਨੂੰ ਕਿ ਸਰਕਾਰੀ ਆਮਦਨੀ ਵਿੱਚੋਂ ਛੇ ਆਨੇ ਤੁਹਾਡੇ ਹੋਣਗੇ ਅਤੇ ਦਸ ਆਨੇ ਦਿੱਲੀ ਸਰਕਾਰ ਦੇ ਹੋਣਗੇ। ੫੧।

***ਦੋਹਰਾ॥ ਕਸਮ ਨੇਮ ਦੋਊ ਓਰ ਤੇ ਬੇਗਮ ਦਏ ਕਰਾਇ॥*** ਸਮਰੂ ਦੀ ਬੇਗਮ ਨੇ ਦੋਹਾਂ ਤਰਫਾਂ ਤੋਂ ਆਪੋ ਆਪਣੇ ਧਰਮ ਦੀ ਸਹੁੰ ਚੁਕਾ ਦਿੱਤੀ।

***'ਡੇਹਰੇ ਸੱਤ ਚੜ੍ਹਾਵਣੇ' ਸਿੰਘ ਜੀ ਲਏ ਲਿਖਾਇ॥ ੫੨॥*** ਬਘੇਲ ਸਿੰਘ ਜੀ ਬੜੇ ਹੀ ਦੂਰ-ਅੰਦੇਸ਼ ਸਨ, ਕਿ ਹੁਣ ਦਿੱਲੀ ਆਏ ਹਾਂ ਅਤੇ ਬਾਦਸ਼ਾਹ ਪੰਥ ਦੀ ਸ਼ਰਨ ਆਇਆ ਹੈ, ਇਸ ਤੋਂ ਇਹ ਗੱਲ ਮਨਵਾਈਏ, ਪਹਿਲਾਂ ਗੁਰੂਆਂ ਦੇ ਸੱਤ ਅਸਥਾਨ ਜਿਥੇ-ਜਿਥੇ ਸਤਿਗੁਰੂ ਜੀ ਨੇ ਚਰਨ ਪਾਏ, ਭਾਵ ਸੱਤ ਗੁਰ ਅਸਥਾਨ ਤੇ ਸੱਤ ਝੰਡੇ, ਨਿਸ਼ਾਨ ਸਾਹਿਬ ਉਥੇ ਝੁਲਾਉਣੇ ਹਨ। ਸ਼ਰਤਾਂ ਲਿਖਵਾ ਲਈਆਂ ਬਾਦਸ਼ਾਹ ਤੋਂ। ੫੨।

***ਸਿੰਘ ਜੀ ਕੌ ਪਾਤਿਸ਼ਾਹਿ ਨੇ ਘੱਲਿਓ ਅਸ ਅਖਵਾਇ॥*** ਸਰਦਾਰ ਬਘੇਲ ਸਿੰਘ ਨੂੰ ਬਾਦਸ਼ਾਹ ਨੇ ਇਸ ਤਰ੍ਹਾਂ ਅਖਵਾ ਕੇ ਘੱਲਿਆ।

***ਮੋੜੋ ਪਾਛੈ ਦਲ ਕਿਮੈਂ ਹੁਇ ਨਿਜ ਦੇਸ਼ ਬਚਾਇ॥ ੫੩॥*** ਕਿਉਂਕਿ ਬੁੱਢਾ ਦਲ ਦਿੱਲੀ ਦੇ ਨਜ਼ਦੀਕ ਹੀ ਲੁਟ-ਮਾਰ ਕਰਦਾ ਫਿਰ ਰਿਹਾ ਸੀ ਚਾਰ-ਚੁਫੇਰੇ, ਬਾਦਸ਼ਾਹ ਨੇ ਕਿਹਾ, ਕਿਸੇ ਤਰ੍ਹਾਂ ਬੁੱਢੇ ਦਲ ਨੂੰ ਪਿੱਛੇ ਮੋੜੋ, ਜਿਸ ਕਰਕੇ ਆਪਣਾ ਦੇਸ਼ ਬਚ ਜਾਵੇ। ੫੩।

***ਚੌਪਈ॥ ਬਘੇਲ ਸਿੰਘ ਤੌ ਬੇਗਮ ਫੁਰਮਾਯੋ॥*** ਜ. ਬਘੇਲ ਸਿੰਘ ਨੇ ਸਮਰੂ ਦੀ ਬੇਗਮ ਨੂੰ ਫ਼ੁਰਮਾਇਆ ਹੈ।

***ਕਹਿ ਪਾਤਿਸ਼ਾਹਿ ਡੇਰਾ ਬਾਹਰ ਕਰਾਯੋ॥*** ਬਾਦਸ਼ਾਹ ਨੂੰ ਕਹਿ ਕੇ ਫ਼ੌਜ ਦਾ ਡੇਰਾ ਦਿੱਲੀ ਸ਼ਹਿਰ ਤੋਂ ਬਾਹਰ ਕਰਵਾਓ।

***ਮਾੜ ਮੋਟ ਜੋ ਤੁਮਰੇ ਪਾਹਿ॥*** ਮਾੜੀ ਮੋਟੀ ਜਿੰਨੀ ਕੁ ਤੁਹਾਡੇ ਕੋਲ ਫ਼ੌਜ ਹੈ ਦਿੱਲੀ ਦੀ ਰੱਖਿਆ ਵਾਸਤੇ।

***ਦਿਓ ਬਾਹਰ ਤੂੰ ਝੰਡੋ ਗਡਵਾਇ॥ ੫੪॥*** ਦਿੱਲੀ ਤੋਂ ਬਾਹਰ ਆਪਣੀ ਫ਼ੌਜ ਇਕੱਠੀ ਕਰਕੇ ਉਥੇ ਝੰਡੇ ਗਡਵਾ ਦਿਉ। ੫੪।

***ਸੋਊ ਬਾਤ ਪਾਤਿਸ਼ਾਹ ਮੰਨ ਲਈ॥*** ਉਹੀ ਗੱਲ ਪਾਤਸ਼ਾਹ ਨੇ ਮਨਜ਼ੂਰ ਕਰ ਲਈ, ਠੀਕ ਹੈ ਜੀ, ਜਿਵੇਂ ਤੁਸੀਂ ਹੁਕਮ ਕਰਦੇ ਹੋ।

***ਦੀਨੇ ਝੰਡੇ ਬਾਹਰ ਗਡਈ॥*** ਦਿੱਲੀ ਦੇ ਬਾਦਸ਼ਾਹ ਨੇ ਆਪਣੀਆਂ ਫ਼ੌਜਾਂ ਦੇ ਝੰਡੇ ਦਿੱਲੀ ਤੋਂ ਬਾਹਰ ਖੁੱਲ੍ਹੇ ਮੈਦਾਨ ਵਿਚ ਗੱਡ ਦਿੱਤੇ।

***ਤੌ ਸਿੰਘ ਜੀ ਹਲਕਾਰੇ ਵਲ ਪੰਥ ਘੱਲੇ॥*** ਤਾਂ ਸ੍ਰ. ਬਘੇਲ ਸਿੰਘ ਨੇ ਖਾਲਸੇ ਪੰਥ ਵੱਲ ਹਲਕਾਰੇ ਘੱਲ ਕੇ ਸੁਨੇਹਾ ਭੇਜਿਆ।

***ਜਾ ਕਹਯੋ 'ਪੰਥ ਬਿਖਬਰ ਕਹਾਂ ਤੁਮ ਚੱਲੇ?' ॥ ੫੫॥*** ਉਨ੍ਹਾਂ ਹਲਕਾਰਿਆਂ ਨੇ ਖਾਲਸੇ ਪੰਥ ਵਿਚ ਜਾ ਕੇ ਸਿੰਘਾਂ ਨੂੰ ਕਿਹਾ, 'ਤੁਸੀਂ ਬੇ-ਖਬਰ ਹੋ ਕੇ ਕਿੱਧਰ ਨੂੰ ਚੱਲੇ ਹੋ?। ੫੫।

***ਪਾਤਸ਼ਾਹ ਡੇਰਾ ਬਾਹਰ ਪਾਯੋ॥*** ਸਿੰਘੋ! ਦਿੱਲੀ ਦੇ ਬਾਦਸ਼ਾਹ ਨੇ ਸਿੰਘਾਂ ਦੇ ਟਾਕਰੇ ਵਾਸਤੇ ਆਪਣੀ ਫ਼ੌਜ ਦਾ ਡੇਰਾ ਦਿੱਲੀ ਤੋਂ ਖੁਲ੍ਹੇ ਮੈਦਾਨ ਵਿਚ ਪਾ ਦਿੱਤਾ ਹੈ।

***ਬਹੁਤ ਦਖਣ ਤੇ ਮਰਹਟੌ ਮੰਗਾਯੌ॥*** ਦੱਖਣ ਦੇਸ਼ ਤੋਂ ਬਹੁਤ ਭਾਰੀ ਗਿਣਤੀ ਵਿਚ ਮਰਹੱਟਾ ਫ਼ੌਜ ਨੂੰ ਮੰਗਵਾ ਲਿਆ ਹੈ।

***ਚੌਰ-ਘੋੜੀ ਉਨ ਮੂਹਰੇ ਤੋਰੀ॥*** ਤੁਹਾਡਾ ਪਤਾ ਲੈਣ ਵਾਸਤੇ ਕਿ ਤੁਸੀਂ ਕਿਥੇ ਕੁ ਹੋ, ਕਿਤਨੀ ਗਿਣਤੀ ਵਿਚ ਹੋ, ਉਸ ਨੇ ਮੂਹਰੇ ਚੋਰ ਘੋੜੀਆਂ ਤੋਰੀਆਂ ਹਨ, ਤੁਹਾਡੀ ਟੋਹ ਲੈਣ ਵਾਸਤੇ।

***ਤੁਮ ਮੁੜ ਜਾਵੋ ਤੁਮ ਪਹਿ ਫੌਜ ਥੋਰੀ॥ ੫੬॥*** ਸਿੰਘੋ! ਅਜੇ ਤੁਸੀਂ ਵਾਪਸ ਪੰਜਾਬ ਨੂੰ ਮੁੜ ਜਾਉ, ਤੁਹਾਡੇ ਕੋਲ ਫ਼ੌਜ ਬਹੁਤ ਘੱਟ ਹੈ। ਜਦੋਂ ਮੈਂ ਤੁਹਾਨੂੰ ਸੁਨੇਹਾ ਭੇਜਾਂਗਾ, ਫਿਰ ਹੱਲਾ ਕਰਕੇ ਆਉਣਾ। ੫੬।

***ਸੁਨਤ ਸਿੰਘ ਮੁੜ ਹਟੇ ਪਿਛਾਹਿੰ॥*** ਹਲਕਾਰਿਆਂ ਤੋਂ ਬਘੇਲ ਸਿੰਘ ਦਾ ਸੰਦੇਸ਼ ਸੁਣਦਿਆਂ ਹੀ ਸਿੰਘਾਂ ਨੇ ਆਪਣਾ ਡੇਰਾ ਪਿਛਾਂਹ ਨੂੰ ਪੰਜਾਬ ਵੱਲ ਨੂੰ ਮੋੜ ਲਿਆ।

***ਸੁਨੀ ਖਬਰ ਤੁਰਤ ਯਿਹ ਪਤਿਸ਼ਾਹਿ॥*** ਸਿੰਘਾਂ ਦੇ ਪਿੱਛੇ ਮੁੜਨ ਦੀ ਇਹ ਖ਼ਬਰ ਤੁਰੰਤ ਹੀ ਪਾਤਿਸ਼ਾਹ ਨੇ ਸੁਣੀ ਹੈ।

***ਕਹਯੋ, 'ਸਿੰਘ ਯਹ ਬਡੌ ਦਨਾਯੌ॥*** ਬਾਦਸ਼ਾਹ ਕਹਿਣ ਲੱਗਾ, ਇਹ ਬਘੇਲ ਸਿੰਘ ਬੜਾ ਸਿਆਣਾ ਹੈ।

***ਰਖੀ ਦਿੱਲੀ ਔ ਮੁਲਕ ਬਚਾਯੌ॥ ੫੭॥*** ਜਿਸ ਨੇ ਦਿੱਲੀ ਵੀ ਰੱਖ ਲਈ ਅਤੇ ਸਾਰਾ ਮੁਲਕ ਵੀ ਬਚਾ ਲਿਆ, ਸਿੰਘ ਦੀ ਕਰੋਪੀ ਤੋਂ। ੫੭।

***ਦੋਹਰਾ॥ ਸਬਜ਼ੀ ਮੰਡੀ ਡੇਰਾ ਲਾਇਓ ਔ ਚਬੂਤਰਯੋਂ ਛਯਾਨੀ ਆਇ॥*** ਜ. ਬਘੇਲ ਸਿੰਘ ਨੇ ਅਪਣੀ ਫ਼ੌਜ ਦਾ ਡੇਰਾ ਸਬਜ਼ੀ ਮੰਡੀ (ਦਿੱਲੀ) ਲਾਇਆ ਹੋਇਆ ਹੈ ਅਤੇ (ਚਬੂਤਰਯੋਂ) ਸ਼ਾਹੀ ਖ਼ਜ਼ਾਨੇ ਦੀ ਸਾਰੀ ਆਮਦਨ ਵਿੱਚੋਂ ਰੁਪਏ 'ਚੋਂ ਛੇ ਆਨੇ ਸ੍ਰ. ਬਘੇਲ ਸਿੰਘ ਕੋਲ ਆਉਂਦੀ।

***ਹੁਕਮ ਦਿੱਲੀ ਮੱਧ ਸਿੰਘ ਤੁਰੇ ਮਿਲੇ ਸੂਬੇ ਬਹੁ ਆਇ॥ ੫੮॥*** ਬਘੇਲ ਸਿੰਘ ਨੇ ਦਿੱਲੀ ਦਾ ਰਾਜ ਆਪਣੇ ਹੱਥ ਵਿਚ ਲੈ ਲਿਆ ਹੈ, ਸਾਰੀ ਦਿੱਲੀ ਅਤੇ ਦੂਜੇ ਸੂਬੇ, ਬਘੇਲ ਸਿੰਘ ਦੇ ਹੁਕਮ ਵਿਚ ਤੁਰ ਪਏ ਹਨ। ਬਘੇਲ ਸਿੰਘ ਦੀ ਸਿਆਣਪ ਨੂੰ ਸਾਰੇ ਮੰਨ ਗਏ ਹਨ, ਪਾਤਸ਼ਾਹ ਵੀ ਮੰਨਦਾ ਹੈ ਕਿ ਹਾਂ ਬਘੇਲ ਸਿੰਘ ਬੜਾ ਹੀ ਲਾਇਕ ਸਿੰਘ ਹੈ, ਜਿਸ ਨੇ ਸਾਰੇ ਹੀ ਕਾਰਜ ਸ਼ੁੱਧ ਕਰ ਲਏ ਹਨ ਕਿ ਜੋ ਦਿੱਲੀ ਦੇ ਅਧੀਨ ਸੂਬੇ ਹਨ, ਉਹ ਵੀ ਸ੍ਰ. ਬਘੇਲ ਸਿੰਘ ਨੂੰ ਆ ਆ ਕੇ ਮਿਲਦੇ ਹਨ। ੫੮।

***ਚੌਪਈ॥ ਤੌ ਸਿੰਘ ਜੀ ਕੰਮ ਡੇਹਰਨ ਤੋਰਾ॥*** ਤਾਂ ਸ੍ਰ. ਬਘੇਲ ਸਿੰਘ ਜੀ ਨੇ ਬਾਦਸ਼ਾਹ ਤੋਂ ਜੋ ਸ਼ਰਤ ਲਿਖਵਾਈ ਸੀ, ਡੇਹਰੇ ਉਸਾਰਨ ਵਾਸਤੇ ਕਿ ਸੱਤ ਗੁਰਦੁਆਰੇ ਬਨਾਉਣੇ ਹਨ। ਉਨ੍ਹਾਂ ਦਾ ਕੰਮ ਤੋਰ ਲਿਆ ਹੈ ਛੇਤੀ ਤੋਂ ਛੇਤੀ।

***ਪ੍ਰਿਥਮ ਕੀਓ ਜੁ ਹੁਤੋ ਕੰਮ ਥੋੜਾ॥*** ਪਹਿਲਾਂ ਤਾਂ ਜਿਹੜਾ ਥੋੜ੍ਹਾ ਕੰਮ ਸੀ ਗੁਰਦੁਆਰੇ ਬਣਾਉਣ ਦਾ ਉਹ ਕੀਤਾ।

***ਜਹਾਂ ਮਾਤ ਥੀ ਦੋਊ ਰਹੀ॥*** ਸਤਿਗੁਰੂ ਸਾਹਿਬ ਜੀ ਨੇ ਦੋਵੇਂ ਮਾਤਾਵਾਂ ਨੂੰ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਭੇਜ ਦਿੱਤਾ ਸੀ। ਉਥੇ ਇਕ ਛੋਟਾ ਜਿਹਾ ਮਕਾਨ ਸੀ, ਜਿਥੇ ਦੋਵੇਂ ਮਾਤਾਵਾਂ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਰਹੀਆਂ ਸਨ।

***ਜਗਾ ਪੀਹੜੇ ਕੀ ਤਹਿੰ ਬਨਵਈ॥ ੫੯॥*** ਓਥੇ ਪੀੜ੍ਹੇ ਦੀ ਜਗ੍ਹਾ ਭਾਵ ਮੰਜੀ ਸਾਹਿਬ ਬਣਵਾਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕਰਨ ਵਾਸਤੇ। ੫੯।

***ਹੁਤੀ ਸਾਹਿਬ ਦਈ ਔ ਸੁੰਦ੍ਰੀ ਮਾਤ॥*** ਮਾਤਾ ਸਾਹਿਬ ਦੇਵਾਂ ਜੀ ਅਤੇ ਮਾਤਾ ਸੁੰਦਰੀ ਜੀ ਜੋ ਹੁੰਦੇ ਸਨ।

***ਗੁਰ ਪਤਨੀ ਸਭ ਜਗ ਬਿਖਯਾਤ॥*** ਗੁਰੂ ਕੇ ਮਹਿਲ ਜੋ ਸਾਰੀ ਦੁਨੀਆਂ ਵਿਚ ਪ੍ਰਗਟ ਹਨ, ਉਹ ਉਥੇ ਰਹਿੰਦੇ ਸਨ।

***ਸ੍ਰੀ ਹਰਿ ਕ੍ਰਿਸ਼ਨ ਸਮਾਧ ਆਦਿ ਜਹੀਂ॥*** ਜਿਹੜੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਪਹਿਲੀ ਸਮਾਧ ਸੀ, ਜਿਥੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪਾਵਨ ਸਰੀਰ ਦਾ ਅੰਤਮ ਸੰਸਕਾਰ ਕੀਤਾ ਸੀ।

***ਜਮਨਾ ਢਿਗ ਗੱਡੇ ਝੰਡੇ ਤ੍ਰੈ ਤਹੀਂ॥ ੬੦॥*** ਜਮਨਾ ਦੇ ਕੋਲ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਯਾਦ ਵਿਚ, ਤੀਜਾ

ਝੰਡਾ ਉਥੇ ਗੱਡਿਆ ਹੈ। ੬੦।

***ਪੰਜਵੋਂ ਝੰਡੋਂ ਹਰਿ ਕ੍ਰਿਸ਼ਨ ਜੀ ਜਹਿਂ ਬਹੇ॥*** ਪੰਜਵਾਂ ਝੰਡਾ ਉਥੇ ਗੱਡਿਆ, ਜਿਥੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਸੰਗਤ ਵਿਚ ਸੁਸ਼ੋਭਤ ਹੁੰਦੇ ਸਨ।

***ਜੈ ਸਿੰਘ ਪੁਰੇ ਮੱਧ ਬੰਗਲੋ ਅਹੇ॥*** ਰਾਜੇ ਜੈ ਸਿੰਘ ਸਵਾਈ ਦੇ ਨਾਮ 'ਤੇ ਜੈ ਸਿੰਘ ਪੁਰੇ ਮਹੱਲੇ ਵਿਚ ਬੰਗਲਾ ਸਾਹਿਬ ਹੈ, ਗੁਰਦੁਆਰਾ ਬਣਾਇਆ ਹੈ, ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਯਾਦ ਵਿਚ।

***ਸੁਗਮ ਭਾਂਤ ਪੰਜ ਡੇਹਰੇ ਭਏ॥*** ਪੰਜ ਗੁਰਦੁਆਰੇ ਤਾਂ ਸੌਖੇ ਹੀ ਬਣ ਗਏ, ਤੁਰਕਾਂ ਨਾਲ ਕੋਈ ਲੜਾਈ ਝਗੜਾ ਨਹੀਂ ਹੋਇਆ ਹੈ।

***ਗੱਡ ਝੰਡੇ ਪੰਜ ਕੜਾਹ ਕਰ ਦਏ॥ ੬੧॥*** ਪੰਜ ਨਿਸ਼ਾਨ ਸਾਹਿਬ ਵੱਖ-ਵੱਖ ਥਾਵਾਂ 'ਤੇ ਝੁਲਾ ਕੇ ਫਿਰ ਕੜਾਹ ਪ੍ਰਸ਼ਾਦ ਕਰਕੇ ਵਰਤਾਇਆ ਗਿਆ। ੬੧।

***ਹੁਤੀ ਤੇਗ ਬਹਾਦਰ ਜਾਗ੍ਹਾ ਦੋਊ॥*** ਜਿਹੜੀਆਂ ਦੋ ਜਗ੍ਹਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਨ।

***ਉੱਪਰ ਮਸੀਤ ਚਿਣ ਰਖੀ ਥੀ ਸੋਊ॥*** ਉਨ੍ਹਾਂ ਥਾਵਾਂ ਦੇ ਉੱਤੇ ਤੁਰਕਾਂ ਨੇ ਮਸਜ਼ਿਦਾਂ ਉਸਾਰ ਰੱਖੀਆਂ ਸਨ।

***ਸਿੰਘ ਜੀ ਕਹਯੋ, 'ਮਸੀਤ ਹੋਵੈ ਗੇਰ॥*** ਸ੍ਰ. ਬਘੇਲ ਸਿੰਘ ਨੇ ਕਿਹਾ, ਪਹਿਲਾਂ ਇਹ ਮਸਜ਼ਿਦਾਂ ਡੇਗਣੀਆਂ ਹੋਣਗੀਆਂ।

***ਤੌ ਡੇਹਰੋ ਬਨਾਵੈਂਗੇ ਫੇਰ' ॥ ੬੨॥*** ਮਸੀਤਾਂ ਢਾਹ ਕੇ ਫਿਰ ਏਥੇ ਗੁਰਦੁਆਰਾ ਸਾਹਿਬ ਬਣਾਵਾਂਗੇ, ਹੋਰ ਤਾਂ ਏਥੇ ਜਗ੍ਹਾ ਕੋਈ ਨਹੀਂ ਹੈ। ੬੨।

***ਦੋਹਰਾ॥ ਸੁਨ ਤੁਰਕਨ ਤਹਿਂ ਅਗ ਲਗੀ, ਗਿਰਨ ਮਸੀਤਨ ਨਾਇ॥*** ਮਸਜ਼ਿਦਾਂ ਡਿੱਗਣ ਦਾ ਨਾਮ ਸੁਣ ਕੇ ਉਥੇ ਤੁਰਕਾਂ ਨੂੰ ਅੱਗ ਲੱਗ ਗਈ।

***ਗੇਰ ਮਸੀਤੈਂ ਕਿਮ ਜੀਏਂ ਜਹਿਂ ਬੈਮ ਨਿਮਾਜ਼ ਪੜ੍ਹਾਇਂ॥ ੬੩॥*** ਇਹ ਮਸੀਤਾਂ ਗਿਰਾ ਕੇ, ਅਸੀਂ ਜੀਵਾਂਗੇ ਕਿਵੇਂ, ਜਿਥੇ ਬੈਠ ਕੇ ਅਸੀਂ ਰੋਜਾਨਾ ਨਮਾਜ਼ ਪੜ੍ਹਦੇ ਹਾਂ। ੬੩।

***ਚੌਪਈ॥ ਮਿਲ ਸਭ ਤੁਰਕ ਗਏ ਸ਼ਾਹਿ ਬੋਲ॥*** ਸਾਰੇ ਤੁਰਕ ਮਿਲ ਕੇ ਬਾਦਸ਼ਾਹ ਦੇ ਕੋਲ ਗਏ।

***ਸਭੀ ਮੁਲਾਣੇ ਸਦ ਲਏ ਕੋਲ॥*** ਸਾਰੇ ਮੁਲਾਣਿਆਂ ਨੂੰ ਜਿਨ੍ਹਾਂ ਇਤਰਾਜ਼ ਕਰਨਾ ਸੀ, ਆਪਣੇ ਪਾਸ ਬੁਲਾ ਲਿਆ ਹੈ ਪਾਤਸ਼ਾਹ ਨੇ।

***ਭਯੋ ਕਾਫਰਾ' ਕਹਿਂ ਅਬ ਪਤਸ਼ਾਹਿ॥*** ਉਹ ਕਾਜ਼ੀ ਮੁੱਲਾਂ ਬਾਦਸ਼ਾਹ ਦੇ ਕੋਲ ਆਉਣ ਸਾਰ ਹੀ ਬਾਦਸ਼ਾਹ ਨੂੰ 'ਕਾਫਰ ਕਾਫਰਾ' ਕਹਿਣ ਲੱਗ ਪਏ ਹਨ। ਕਾਫਰ-ਹਿੰਦੂ ਹੋ ਜਾਣਾ, ਤੂੰ ਹਿੰਦੂਆਂ ਦਾ ਹੋ ਗਿਆ ਹੈਂ, ਹੁਣ ਤੂੰ ਮੁਸਲਮਾਨ ਨਹੀਂ ਰਹਿ ਗਿਆ। ਏਸ ਤਰ੍ਹਾਂ ਉਹ ਆਪੋ ਧਾਪ ਬੋਲਣ ਲੱਗੇ ਹਨ।

***ਆਖੇ ਮਸੀਤ ਦੁਇ ਦਿਹੋ ਗਿਰਾਇ॥ ੬੪॥*** ਤੂੰ ਮੁਸਲਮਾਨ ਹੋ ਕੇ ਕਹਿ ਰਿਹਾ ਹੈਂ ਕਿ ਦੋਵੇਂ ਮਸੀਤਾਂ ਗਿਰਾ ਦਿਓ, ਇਹ ਕਿਵੇਂ ਹੋ ਸਕਦਾ ਹੈ? ਤੂੰ ਤਾਂ ਹਿੰਦੂ ਹੋ ਗਿਆ ਹੈਂ, ਸਾਨੂੰ ਪਤਾ ਲੱਗ ਗਿਆ ਹੈ। ੬੪।

***ਹਮ ਜੀਵਤ ਕਿਮ ਮਸੀਤ ਗਿਰਨ ਦੇਹਿਂ॥*** ਪਰ ਅਸੀਂ ਤਾਂ ਮੁਸਲਮਾਨ ਹਾਂ, ਅਸੀਂ ਤਾਂ ਕਾਫਰ ਨਹੀਂ, ਸਾਡੇ ਜਿਉਂਦਿਆਂ ਅਸੀਂ ਕਿਵੇਂ ਮਸੀਤ ਗੇਰਨ ਦਿਆਂਗੇ ਤੈਨੂੰ।

***ਬਿਨਾਂ ਦਿਲੀ ਕਰਵਾਏ ਥੇਹ॥*** ਦਿੱਲੀ ਨੂੰ ਥੇਹ ਕਰਵਾਏ ਤੋਂ ਬਗੈਰ, ਅਸੀਂ ਮਸੀਤਾਂ ਨਹੀਂ ਡੇਗਣ ਦਿਆਂਗੇ।

***ਸ਼ਾਹ ਕਹੀ 'ਤੁਮ ਅਗੈ ਨ ਕਹੀ॥*** ਬਾਦਸ਼ਾਹ ਕਹਿੰਦਾ ਤੁਹਾਨੂੰ ਅਗੇ ਕੀ ਹੋਇਆ ਸੀ? ਤੁਹਾਨੂੰ ਨਹੀਂ ਸੀ ਪਤਾ ਲੱਗਿਆ ਕਿ ਕੀ ਹੋ ਰਿਹਾ ਹੈ? ਕਿਵੇਂ ਤੁਸੀਂ ਬਚ ਰਹੇ ਹੋ? ਅਸੀਂ ਸ਼ਰਤਾਂ ਜਦੋਂ ਲਿਖਾਈਆਂ ਸੀ, ਉਦੋਂ ਬੋਲਣਾ ਸੀ। ਉਦੋਂ ਕਿਉਂ ਨਹੀਂ ਬੋਲੇ ਤੁਸੀਂ? ਕਿ ਮਸੀਤ ਨਹੀਂ ਅਸੀਂ ਗੇਰਨ ਦੇਣੀ।

***ਹਮ ਦਈ ਲਿਖਾਇ ਅਬ ਔਖੀ ਭਈ॥ ੬੫॥*** ਅਸੀਂ ਤਾਂ ਸ਼ਰਤ ਲਿਖਾ ਬੈਠੇ ਹਾਂ, ਮੈਂ ਹੁਣ ਕਿਵੇਂ ਮੁਕਰਾਂ? ਹੁਣ ਤਾਂ ਔਖੀ ਗਲ ਬਣ ਗਈ ਹੈ। ੬੫।

***ਜੌ ਹਮ ਲਿਖਤ ਚਹੈਂ ਅਬ ਮੋੜੀ॥*** ਜੇ ਅਸੀਂ ਹੁਣ ਲਿਖਤ ਮੋੜਨੀ ਚਾਹੁੰਦੇ ਹਾਂ ਕਿ ਸਾਨੂੰ ਮਨਜ਼ੂਰ ਨਹੀਂ ਹੈ, ਇਹ ਗੱਲ ਕਹਿੰਦੇ ਹਾਂ ਆਪਣੇ ਮੂੰਹ ਤੋਂ।

***ਬਘੇਲ ਸਿੰਘ ਸੋਂ ਹੋ ਜਾਇ ਤੋੜ ਵਿਛੋੜੀ॥*** ਤਾਂ ਫਿਰ ਬਘੇਲ ਸਿੰਘ ਨਾਲ ਹੋਇਆ ਸਮਝੌਤਾ ਤਾਂ ਗਿਆ ਫਿਰ, ਫਿਰ ਉਹ ਆਪਣੀ ਮਨ ਆਈ ਕਰਨਗੇ, ਬਘੇਲ ਸਿੰਘ ਨਾਲੋਂ ਟੁੱਟ ਜਾਵਾਂਗੇ ਅਤੇ ਵਿਛੋੜਾ ਪੈ ਜਾਇਗਾ, ਭਾਵ ਫਿਰ ਨਹੀਂ ਦੋਬਾਰਾ ਮਿਲ ਸਕਾਂਗੇ ਬਘੇਲ ਸਿੰਘ ਨਾਲ।

***ਡੇਰਾ ਪਾਉਗੁ ਚਕ ਹਮ ਦੇਸ਼ ਮਾਂਹਿ॥*** ਫਿਰ ਉਸ ਨੂੰ ਸਬਜ਼ੀ ਮੰਡੀ ਡੇਰਾ ਪਾਉਣ ਦੀ ਲੋੜ ਨਹੀਂ ਰਹੇਗੀ, ਉਹ ਆਪਣਾ ਡੇਰਾ ਚੁੱਕ ਕੇ ਸਾਡੇ ਦੇਸ਼ ਵਿਚ ਪਾ ਦੇਵੇਗਾ, ਲੁੱਟ-ਮਾਰ ਮਚਾ ਦੇਵੇਗਾ ਅਤੇ ਤੁਹਾਡੇ ਸਭ ਸੂਬਿਆਂ ਦਾ ਸਤਿਆਨਾਸ਼ ਕਰੇਗਾ।

***ਹਮ ਕੌਲ ਕਸਮ ਤੇ ਝੂਠੇ ਪਾਹਿਂ॥ ੬੬॥*** ਅਸੀਂ ਜਿਹੜੇ (ਕੌਲ) ਇਕਰਾਰ ਕਰਕੇ, ਕਸਮਾਂ ਖਾਧੀਆਂ ਹਨ, ਉਨ੍ਹਾਂ ਤੋਂ ਅਸੀਂ ਝੂਠੇ ਪੈ ਜਾਵਾਂਗੇ, ਸਾਡਾ ਕੋਈ ਇਤਬਾਰ ਨਹੀਂ ਰਹਿਣਾ, ਅਸੀਂ ਬੋਲ ਨਹੀਂ ਸਕਾਂਗੇ ਉਨ੍ਹਾਂ ਅੱਗੇ। ੬੬।

***ਵਹਿ ਤੁਰਤ ਦੇਵੈ ਮੁਲਖ ਉਜਾੜ॥*** ਜਦੋਂ ਉਸ ਨੂੰ ਪਤਾ ਲੱਗ ਗਿਆ ਕਿ ਤੁਰਕ ਬੇਈਮਾਨ ਹੋ ਗਏ ਹਨ, ਉਹ ਤਾਂ ਤੁਰਤ ਹੀ ਸਾਰਾ ਮੁਲਕ ਉਜਾੜ ਦੇਵੇਗਾ, ਲੁੱਟ-ਮਾਰ ਕਰਕੇ।

***ਕਯਾ ਜਾਣੈਂ ਲੇ ਦਿੱਲੀ ਹੀ ਮਾਰ॥*** ਇਹ ਕੀ ਪਤਾ ਉਸ ਦੇ ਮਨ ਵਿਚ ਕੀ ਆਉਣਾ ਹੈ? ਕੀ ਪਤਾ ਉਹ ਦਿੱਲੀ ਹੀ ਮਾਰ ਲਵੇ, ਦਿੱਲੀ ਫਤ੍ਹੇ ਕਰ ਲਵੇ।

***ਹਮਕੋ ਤੁਮ ਖਰਾਬ ਕਰਵਾਵੋ॥*** ਤੁਸੀਂ ਮੈਨੂੰ ਖ਼ਰਾਬ ਕਰਾਉਗੇ ਜਾਂ ਤਾਂ ਮੈਨੂੰ ਪਹਿਲਾਂ ਦਸਦੇ ਕਿ ਅਸੀਂ ਇਸ ਤਰ੍ਹਾਂ ਨਹੀਂ ਕਰਨ ਦੇਣਾ।

***ਦੁਊ ਜਹਾਨੋਂ ਹਮੈਂ ਗੁਵਾਵੋ॥ ੬੭॥*** ਤੁਸੀਂ ਮੈਨੂੰ ਦੋਹਾਂ ਜਹਾਨਾਂ ਤੋਂ ਗਵਾਉਗੇ, ਏਥੇ ਵੀ ਮੈਂ ਝੂਠਾ ਹੋ ਜਾਵਾਂਗਾ ਅਤੇ ਦਰਗਾਹ ਵਿਚ ਵੀ ਖੁਦਾ ਦੇ ਸਨਮੁਖ ਵੀ ਝੂਠਾ ਹੋ ਜਾਵਾਂਗਾ। ੬੭।

***ਦੋਹਰਾ॥ ਸਿੰਘ ਜੀ ਸਮਝਯੋ ਤੌਰ ਤਬ, ਤੁਰਕ ਭਏ ਸੁੰ ਦਗੇਦਾਰ॥*** ਸ੍ਰ. ਬਘੇਲ ਸਿੰਘ ਜੀ ਬੜੇ ਚਤੁਰ ਸਨ, ਉਨ੍ਹਾਂ ਨੇ ਤੁਰਕਾਂ ਦਾ ਤੌਰ ਬਦਲਿਆ ਹੋਇਆ ਵੇਖ ਲਿਆ ਕਿ ਤੁਰਕ ਤਾਂ ਦੰਗੇ ਕਰਨ 'ਤੇ ਉੱਤਰ ਆਏ ਹਨ।

***ਅਬ ਕਿਛ ਮਸ਼ਟ ਸੁ ਮਾਰੀਏ, ਫਿਰ ਲੈਯਨਗੇ ਸਵਾਰ॥ ੬੮॥*** ਬਘੇਲ ਸਿੰਘ ਨੇ ਸੋਚਿਆ ਕਿ ਹੁਣ ਚੁੱਪ ਕਰ ਜਾਈਏ, ਫਿਰ ਸਵਾਰ ਲਵਾਂਗੇ, ਜਿਵੇਂ ਹੋਵੇਗੀ ਵੇਖੀ ਜਾਇਗੀ। ੬੮।

***ਚੌਪਈ॥ ਤੌ ਸਿੰਘ ਜੀ ਸਭ ਪੰਥ ਬੁਲਾਯੋ॥*** ਤਾਂ ਬਘੇਲ ਸਿੰਘ ਨੇ ਸੰਦੇਸ਼ ਭੇਜ ਕੇ ਸਾਰੇ ਪੰਥ ਨੂੰ ਬੁਲਾ ਲਿਆ।

***ਦਿੱਲੀ ਗਿਰਦੈ ਤੁਰੰਤ ਝਾਕੋ ਲਵਾਯੋ॥*** ਦਿੱਲੀ ਦੇ ਚਾਰ-ਚੁਫੇਰਿਓਂ, ਜਿਵੇਂ ਉਨ੍ਹਾਂ ਸਿੰਘਾਂ ਨੂੰ ਮੋੜਿਆ ਸੀ, ਕਹਿੰਦੇ ਓਵੇਂ ਹੀ ਓਥੇ ਆ ਜਾਓ, ਜਿਹੜੇ ਨਵਾਬ ਕਹਿੰਦੇ ਸੀ, ਅਸੀਂ ਨਹੀਂ ਮਸੀਤ ਢਹਿਣ ਦੇਣੀ, ਉਨ੍ਹਾਂ ਨਾਲ ਸਿੰਘਾਂ ਦੇ ਨੇੜ੍ਹ ਮਿਲਾਏ, ਜ਼ਰਾ ਕੁ ਝਾਕਾ ਲਵਾਇਆ ਖਾਲਸੇ ਨੇ।

***ਜਿਨ ਜਿਨ ਥੀ ਬਹੁ ਹੁੱਜਤ ਕਰੀ॥*** ਜਿਨ੍ਹਾਂ-ਜਿਨ੍ਹਾਂ ਨੇ ਬਾਦਸ਼ਾਹ ਨਾਲ (ਹੁਜਤਾ) ਅੜੀ ਕੀਤੀ ਸੀ ਕਿ ਅਸੀਂ ਨਹੀਂ ਗਿਰਨ ਦੇਣੀ ਮਸੀਤ, ਨਹੀਂ ਅਸੀਂ ਗੁਰਦੁਆਰੇ ਬਣਨ ਦੇਣੇ, ਨਹੀਂ ਨਿਸ਼ਾਨ ਸਾਹਿਬ ਲੱਗਣ ਦੇਣੇ। ਬਾਦਸ਼ਾਹ ਤੋਂ ਉਨ੍ਹਾਂ ਦੇ ਨਾਮ ਪੁੱਛ ਲਏ ਕਿ ਕਿਹੜੇ ਕਿਹੜੇ ਹਨ ਜਿਹੜੇ ਬਹੁਤੇ ਆਕੜਦੇ ਸਨ, ਉਨ੍ਹਾਂ ਨੇ ਇਸ਼ਾਰਾ ਕਰ ਦਿੱਤਾ ਖਾਲਸੇ ਪੰਥ ਨੂੰ।

**ਮੁਲਕ ਉਨ੍ਹੈਂ ਲੁੱਟਯੋ ਤਿਸ ਘਰੀ॥ ੬੯॥** ਖਾਲਸੇ ਪੰਥ ਨੇ ਉਸੇ ਘੜੀ ਆ ਕੇ ਉਨ੍ਹਾਂ ਦਾ ਮੁਲਕ ਲੁੱਟ ਲਿਆ ਘੇਰਾ ਪਾ ਕੇ ਸਭ ਨੂੰ ਫੜ ਲਿਆ। ੬੯।

**ਜੇ ਉਹ ਆਇ ਹੁਏ ਮਿੰਨਤਦਾਰ॥** ਜਿਹੜੇ ਉਨ੍ਹਾਂ ਵਿੱਚੋਂ ਆ ਕੇ ਖਾਲਸੇ ਅੱਗੇ ਮਿੰਨਤਾਂ ਤਰਲੇ ਕਰਨ ਲੱਗੇ, 'ਨਹੀਂ ਜੀ ਅਸੀਂ ਤਾਂ ਉਨ੍ਹਾਂ ਦੇ ਨਾਲ ਨਹੀਂ ਸੀ। ਸਾਡੀ ਤਾਂ ਸਲਾਹ ਤੁਹਾਡੇ ਨਾਲ ਹੈ, ਜਿਵੇਂ ਤੁਸੀਂ ਆਖੋਂ ਉਵੇਂ ਸਾਨੂੰ ਮਨਜ਼ੂਰ ਹੈ'।

**ਉਸ ਮੁਲਕੋਂ ਦਏ ਸਿੰਘ ਨਿਕਾਰ॥** ਉਸ ਨਵਾਬ ਦੇ ਮੁਲਕ ਵਿੱਚੋਂ ਸਿੰਘਾਂ ਨੂੰ ਕਢਾ ਦਿੱਤਾ, ਜਿਹੜਾ ਕੋਈ ਹੋਰ ਨਵਾਬ ਵਿਗੜਿਆ ਹੋਇਆ ਸੀ, ਉਸ ਦੇ ਮੁਲਕ ਵਿਚ ਸਿੰਘਾਂ ਨੂੰ ਵਾੜ ਦਿੱਤਾ।

**ਇਸੀ ਭਾਂਤ ਸਭ ਅਰਥੀ ਭਏ॥** ਇਸ ਤਰ੍ਹਾਂ ਉਹ ਸਾਰੇ ਹੀ (ਅਰਥੀ) ਅਰਜ਼ਦਾਰ ਹੋ ਗਏ, ਮਿੰਨਤਦਾਰ ਹੋ ਗਏ, ਜੀ ਸਾਨੂੰ ਬਚਾਓ, ਜੋ ਮਰਜ਼ੀ ਹੈ ਸਾਥੋਂ ਲਿਖਾ ਲਵੋ।

**ਲਿਖਾਇ ਸਭਨ ਤੇ ਕਾਗਜ਼ ਲਏ॥ ੭੦॥** ਉਨ੍ਹਾਂ ਸਭਨਾਂ ਤੋਂ ਕਾਗਜ਼ 'ਤੇ ਲਿਖਾ ਕੇ ਲੈ ਲਿਆ ਹੈ, ਸਭ ਤੋਂ ਲਿਖਾ ਕੇ ਲੈ ਲਿਆ ਕਿ 'ਸਾਨੂੰ ਕੋਈ ਇਤਰਾਜ਼ ਨਹੀਂ ਹੈ। ਸਭ ਤੋਂ ਲਿਖਾ ਕੇ ਆਪੋ ਆਪਣੀ ਮੋਹਰ ਲਵਾ ਕੇ ਕਾਗਜ਼ ਲੈ ਲਏ ਹਨ। ੭੦।

**ਜਿਨ ਕੋ ਹੁਤੋ ਨ ਮੁਲਖ ਜਗੀਰ॥** ਜਿਨ੍ਹਾਂ ਦੇ ਕੋਲ ਕੋਈ ਮੁਲਕ ਜਾਂ ਜਗੀਰ ਨਹੀਂ ਸੀ, ਭਾਵ ਉਂਝ ਹੀ ਰਹਿੰਦੇ ਸਨ ਅਮੀਰ ਲੋਕ।

**ਉਨ ਦੈ ਦਰਬ ਕੀਏ ਤਾਬੈਗੀਰ॥** ਉਨ੍ਹਾਂ ਨੇ ਖਾਲਸੇ ਨੂੰ ਧਨ ਦੇ ਦਿੱਤਾ ਆਪੋ ਆਪਣੀ ਸਮਰੱਥਾ ਅਨੁਸਾਰ, ਉਨ੍ਹਾਂ ਤੋਂ ਧਨ ਲੈ ਕੇ ਆਪਣੀ ਤਾਬੇਦਾਰ ਕਰ ਲਿਆ।

**ਕਿਸੈ ਲੜਾਈ ਕਿਸ ਵਿਚੇ ਭਿੜਾਇ॥** ਕਿਉਂਕਿ ਸ੍ਰ. ਬਘੇਲ ਸਿੰਘ ਚਤੁੱਰ ਪੁਰਸ਼ ਸੀ, ਕਿਸੇ ਨੂੰ ਲੜਾਈ ਕਰਕੇ ਉਸ ਤੋਂ ਲਿਖਵਾ ਲਿਆ ਹੈ, ਕਿਸੇ ਨੂੰ ਆਪਸ ਵਿਚੀਂ ਭਿੜਾ ਕੇ ਤੂੰ ਕੀ ਲੈਣਾ ਹੈ? ਤੇਰਾ ਮੁਲਕ ਬਚ ਜਾਇਗਾ। ਤੂੰ ਏਨ੍ਹਾਂ ਨਾਲ ਕਿਉਂ ਰਲਦਾ ਹੈਂ? ਇਉਂ ਸਭ ਅੱਡੋ-ਅੱਡ ਕਰ ਦਿੱਤੇ।

**ਕਿਸੈ ਬੰਧ ਕਿਸ ਦੇਹ ਛੁਡਾਇ॥ ੭੧॥** ਕਿਸੇ ਨੂੰ ਗ੍ਰਿਫ਼ਤਾਰ ਕਰ ਲੈਂਦੇ ਹਨ, ਇਹਨੂੰ ਫੜ ਲਉ, ਖਾਲਸਾ ਜੀ! ਬਹੁਤ ਆਕੜ ਖਾਂ ਹੈ ਇਹ, ਉਸ ਨੂੰ ਜੁੱਤੀਆਂ ਲਵਾ ਦਿੱਤੀਆਂ ਹਨ, ਜਿਹੜਾ ਕੋਈ ਆ ਕੇ ਮਿੰਨਤਦਾਰ ਹੋ ਗਿਆ, ਉਸ ਨੂੰ ਛੁੱਡਾ ਦਿੱਤਾ, ਇਉਂ ਅਦਾਲਤ ਕਰਨ ਲੱਗ ਪਿਆ ਹੈ ਬਘੇਲ ਸਿੰਘ। ੭੧।

**ਪਾੜ ਝੀੜ ਲੀਰਾਂ ਕਰ ਦਏ॥** ਬਘੇਲ ਸਿੰਘ ਨੇ ਤੁਰਕਾਂ ਦੀ ਇਕਤ੍ਰਤਾ ਨਹੀਂ ਹੋਣ ਦਿੱਤੀ, ਪਾੜ ਕੇ ਚੀਰ ਕੇ ਉਨ੍ਹਾਂ ਦੀਆਂ ਲੀਰਾਂ ਕਰ ਦਿੱਤੀਆਂ।

**ਹੱਥ ਸਭਨ ਕੇ ਲਿਖਾਇ ਕਟ ਲਏ॥** ਸਭ ਤੋਂ ਲਿਖਵਾ ਲਿਆ ਕਿ ਢਹਿ ਜਾਣ ਦਿਉ ਮਸੀਤਾਂ, ਸਾਨੂੰ ਕੋਈ ਇਤਰਾਜ਼ ਨਹੀਂ ਹੈ। ਬਣਾਉ ਗੁਰਦੁਆਰੇ ਬੜੀ ਖੁਸ਼ੀ ਨਾਲ, ਸਾਨੂੰ ਕੋਈ ਇਤਰਾਜ਼ ਨਹੀਂ ਹੈ। ਸਭ ਤੋਂ ਲਿਖਾ ਕੇ ਉਨ੍ਹਾਂ ਦੇ ਹੱਥ ਕਟਵਾ ਲਏ।

**ਕਿਸੈ ਖੁਹਾਇ ਕਿਸ ਦਿਵਾਵੈ, ਜਗੀਰ॥** ਜਿਹੜਾ ਆਕੜਦਾ ਹੈ, ਉਸ ਦੀ ਲੁੱਟ-ਮਾਰ ਕਰਵਾ ਦਿੰਦਾ ਹੈ, ਜਿਹੜਾ ਲਿਖ ਕੇ ਦਿੰਦਾ ਹੈ, ਉਸ ਨੂੰ ਜਗੀਰ ਦੁਆ ਦਿੰਦਾ ਹੈ।

**ਲਿਖਤ ਲਿਖਾਈ ਇਸ ਤਤਬੀਰ॥ ੭੨॥** ਇਸ ਤਰੀਕੇ ਨਾਲ ਲਿਖਤਾਂ ਲਿਖਵਾ ਕੇ ਸਭ ਨੇ ਮਨਜ਼ੂਰੀ ਦੇ ਦਿੱਤੀ। ਸਾਨੂੰ ਮਨਜ਼ੂਰ ਹੈ ਜੀ, ਬੜੀ ਖੁਸ਼ੀ ਨਾਲ ਬਣਾਉ ਗੁਰਦੁਆਰੇ। ੭੨।

**ਦੋਹਰਾ॥ ਜੋ ਉਨ ਲਿਖਤੈਂ ਥੀ ਲਿਖੀ ਸਿੰਘ ਸਭ ਇਕ ਥਾਂ ਕੀਨ॥** ਉਨ੍ਹਾਂ ਨਵਾਬਾਂ, ਕਾਜ਼ੀਆਂ, ਮੁਲਾਣਿਆਂ ਨੇ ਜੋ ਲਿਖਤਾਂ

ਲਿਖੀਆਂ ਸਨ, ਉਨ੍ਹਾਂ ਸਭ ਲਿਖਤਾਂ ਨੂੰ ਇਕ ਥਾਂ ਇਕੱਠਾ ਕਰ ਲਿਆ ਹੈ ਬਘੇਲ ਸਿੰਘ ਨੇ।

***ਰਾਮ ਦਿਆਲ ਦਿਵਾਨ ਹੱਕ ਸ਼ਾਹ ਅੱਗੈ ਧਰ ਦੀਨ॥ ੭੩॥*** ਬਘੇਲ ਸਿੰਘ ਨੇ ਰਾਮ ਦਿਆਲ ਵਜ਼ੀਰ ਦੇ ਹੱਥੀਂ ਬਾਦਸ਼ਾਹ ਦੇ ਅੱਗੇ ਉਹ ਲਿਖਤਾਂ ਰੱਖ ਦਿੱਤੀਆਂ। ੭੩।

***ਚੌਪਈ॥ ਦੇਖ ਸ਼ਾਹ ਬਹੁ ਖੁਸ਼ੀਆਂ ਭਯੋ॥*** ਉਹ ਲਿਖਤਾਂ ਵੇਖ ਕੇ ਬਾਦਸ਼ਾਹ ਬਹੁਤ ਖੁਸ਼ ਹੋਇਆ।

***ਹਮੈਂ ਕਾਫਰ ਸਿੰਘ ਇਕਲੋ ਨ ਕੀਓ॥*** ਬਘੇਲ ਸਿੰਘ ਨੇ ਮੈਨੂੰ ਇਕੱਲੇ ਨੂੰ ਕਾਫਰ ਨਹੀਂ ਕੀਤਾ।

***ਹਮਰੇ ਸੰਗ ਤੁਮ ਬਹੁ ਮਿਲਵਾਏ॥*** ਰਾਮ ਦਿਆਲ ਵਕੀਲ ਨੂੰ ਬਾਦਸ਼ਾਹ ਕਹਿਣ ਲੱਗਾ, 'ਮੇਰੇ ਨਾਲ ਤੁਸੀਂ ਹੋਰ ਬਹੁਤ ਮਿਲਾ ਦਿੱਤੇ ਹਨ, ਇਸ ਕੰਮ ਵਿਚ ਮੇਰੇ ਹੋਰ ਬਹੁਤ ਸਾਰੇ ਸਾਥੀ ਬਣਾ ਦਿੱਤੇ ਹਨ'।

***ਅਬ ਤੁਰਤ ਦੇਵੋ ਜਾਇ ਗਿਰਾਏ॥ ੭੪॥*** ਬਾਦਸ਼ਾਹ ਕਹਿਣ ਲੱਗਾ, 'ਹੁਣ ਤੁਰੰਤ ਹੀ ਜਾ ਕੇ ਡੇਗ ਦਿਉ ਮਸੀਤਾਂ ਨੂੰ'। ੭੪।

***ਯੌ ਲਿਖਵਾਇ ਦਿਵਾਨ ਲਿਆਯੋ॥*** ਬਾਦਸ਼ਾਹ ਤੋਂ ਇਉਂ ਲਿਖਵਾ ਕੇ ਲੈ ਆਇਆ ਹੈ ਰਾਮ ਦਿਆਲ ਵਜ਼ੀਰ।

***ਲਿਖ ਸਭ ਦਲ ਕੋ ਸਿੰਘ ਹੁਕਮ ਦਿਵਾਯੋ॥*** ਜਦੋਂ ਬਾਦਸ਼ਾਹ ਨੇ ਮਨਜ਼ੂਰੀ ਦੇ ਦਿੱਤੀ ਕਿ ਬੇਸ਼ੱਕ ਮਸੀਤਾਂ ਗਿਰਾ ਦਿਉ, ਸਾਨੂੰ ਕੋਈ ਇਤਰਾਜ਼ ਨਹੀਂ। ਬਘੇਲ ਸਿੰਘ ਨੇ ਸਾਰੀ ਫ਼ੌਜ ਨੂੰ ਹੁਕਮ ਦਿਵਾਇਆ।

***ਦਿਉ ਮਸੀਤ ਅਬ ਬਡੀ ਗਿਰਾਇ॥*** ਖਾਲਸਾ ਜੀ! ਪਹਿਲਾਂ ਹੁਣ ਵੱਡੀ ਮਸੀਤ ਗਿਰਾ ਦਿਓ।

***ਰਕਾਬ ਗੰਜ ਕੇ ਹੈ ਜੋ ਮਾਂਹਿ॥ ੭੫॥*** ਅੱਜ-ਕਲ੍ਹ ਜਿਥੇ ਗੁਰਦੁਆਰਾ ਰਕਾਬ-ਗੰਜ ਹੈ, ਏਥੇ ਪਹਿਲਾਂ ਵੱਡੀ ਮਸਜ਼ਿਦ ਸੀ। ਇਹ ਸਾਰਾ ਇਲਾਕਾ ਵੇਹਲਾ ਹੀ ਪਿਆ ਸੀ, ਰਕਾਬ ਗੰਜ ਵਿਚ ਜੋ ਵੱਡੀ ਮਸੀਤ ਹੈ। ੭੫।

***ਸੁਨ ਯਹ ਬਾਤ ਹਲਕਾਰੇ ਧਾਇ॥*** ਇਹ ਬਚਨ ਸੁਣ ਕੇ ਜੋ ਖ਼ਬਰ ਦੇਣ ਵਾਲੇ ਹਲਕਾਰੇ ਸਨ, ਉਹ ਹੱਲਾ ਕਰ ਕੇ ਗਏ ਹਨ।

***ਮੁੰਗਲੀ ਮੇਖ ਔ ਕੁਹਾੜੇ ਫੜ ਆਇ॥*** ਮੁੰਗਲੀਆਂ, ਸੱਬਲਾਂ ਅਤੇ ਕੁਹਾੜੇ ਲੈ ਕੇ ਆਏ ਹਨ ਮਸੀਤ ਗੇਰਨ ਵਾਸਤੇ।

***ਕਹੀ ਕੁਦਾਲ ਬਹੁ ਹਥੌੜੇ ਮੰਗਵਾਇ॥*** ਕਹੀਆਂ, ਗੈਂਤੀਆਂ ਅਤੇ ਬਹੁਤੇ ਹਥੌੜੇ ਮੰਗਵਾ ਲਏ। ਕੁਦਾਲ=ਗੈਂਤੀਆਂ।

***ਭੰਨਨ ਪੱਟਨ ਸਭ ਲਾਗੇ ਜਾਇ॥ ੭੬॥*** ਸਾਰੇ ਸਿੰਘ ਜਾ ਕੇ ਉਸ ਚੂਨੇ ਗਚ ਮਸੀਤ ਤੋੜਨ ਅਤੇ ਪੁੱਟਣ ਲੱਗ ਪਏ ਹਨ, ਹਥੌੜਿਆਂ ਅਤੇ ਗੰਦਾਲਿਆਂ ਨਾਲ। ੭੬।

***ਹੁਤੋ ਪਥਰਨ ਬਹੁ ਚੂਨੇ ਧਾਰੀ॥*** ਚੂਨੇ ਨਾਲ ਗੱਚ ਕੀਤੀ ਹੋਈ ਪੱਥਰਾਂ ਦੀ ਬਣੀ ਹੋਈ ਸੀ ਉਹ ਮਸੀਤ, ਬੜੀ ਮੁਨਿਆਦ ਵਾਲੀ।

***ਕਿਤੇ ਪੱਥਰ ਕਿਤੇ ਇੱਟ ਦਈ ਡਾਰੀ॥*** ਢਾਹ ਕੇ ਪੱਥਰ ਕਿਤੇ ਸੁੱਟ ਦਿੱਤੇ ਹਨ ਅਤੇ ਇੱਟਾਂ ਕਿਤੇ ਸੁੱਟ ਦਿੱਤੀਆਂ ਹਨ।

***ਪਹਿਰ ਦੋਇਕ ਮੈਂ ਸੋ ਦਈ ਢਾਇ॥*** ਦੋ ਕੁ ਪਹਿਰਾਂ ਵਿਚ ਉਹ ਮਸੀਤ ਢਾਹ ਦਿੱਤੀ।

***ਐਸੀ ਭਈ ਸਤਿਗੁਰੂ ਰਜ਼ਾਇ॥ ੭੭॥*** ਸਤਿਗੁਰਾਂ ਦੀ ਰਜ਼ਾ ਵਿਚ ਏਸ ਤਰ੍ਹਾਂ ਹੋਈ ਹੈ ਕਿ ਮਸੀਤ ਢਾਹ ਕੇ ਪੱਧਰ ਕਰ ਦਿੱਤਾ। ੭੭।

***ਦੋਹਰਾ॥ ਸ੍ਰੀ ਤੇਗ਼ ਬਹਾਦਰ ਦੇਹ ਜਹਿਂ ਹੁਤੀ ਥੀ ਦਾਧੀ ਠੌਰ॥*** ਜਿਸ ਜਗ੍ਹਾ 'ਤੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਦੇ ਧੜ ਦਾ ਸਸਕਾਰ ਕੀਤਾ ਸੀ। ਸ੍ਰੀ ਰਕਾਬ-ਗੰਜ ਵਿਖੇ।

***ਡਿਹਰੋ ਛੇਵੋਂ ਤਹਿਂ ਰਚਯੋ ਝੰਡੋ ਗਡਯੋ ਕਰ ਧੌੜ॥ ੭੮॥*** ਖਾਲਸੇ ਨੇ ਹੱਲ ਕਰਕੇ ਉਥੇ ਨਿਸ਼ਾਨ ਸਾਹਿਬ ਝੁਲਾ ਦਿੱਤਾ ਅਤੇ ਛੇਵਾਂ (ਡਿਹਰੋ) ਗੁਰਦੁਆਰਾ ਸ੍ਰੀ ਰਕਾਬ-ਗੰਜ ਸਾਹਿਬ ਪਾ. ੯ਵੀਂ ਬਣਾਇਆ ਹੈ। ੭੮।

***ਕਰ ਕੜਾਹ ਤਹਿਂ ਸਿੰਘਨ ਬਹੁ ਲਯਾਇ ਕਰ ਦੀਓ ਵਰਤਾਇ॥*** ਬਹੁਤ ਸਾਰਾ ਕੜਾਹ ਪ੍ਰਸ਼ਾਦ ਕਰਕੇ ਸਿੰਘਾਂ ਨੇ ਲਿਆ ਕੇ ਉਥੇ ਵਰਤਾ ਦਿੱਤਾ ਹੈ।

***ਤੁਰਕਨ ਘਰ ਸੋਗੋ ਭਯੋ ਔ ਸਿੰਘਨ ਮਨ ਸੁਖ ਪਾਇ॥ ੭੯॥*** ਸਿੰਘਾਂ ਦੇ ਮਨ ਵਿਚ ਬੜਾ ਸੁਖ ਆਨੰਦ ਹੋਇਆ ਹੈ, ਗੁਰ ਅਸਥਾਨ ਬਣਾ ਕੇ ਅਤੇ ਤੁਰਕਾਂ ਦੇ ਘਰਾਂ ਵਿਚ ਸੋਗ ਪੈ ਗਿਆ ਹੈ ਕਿ ਸਾਡੀਆਂ ਮਸੀਤਾਂ ਗਿਰਾਈਆਂ ਗਈਆਂ ਹਨ। ੭੯।

***ਚੌਪਈ॥ ਰਹਯੋ ਸੱਤਵੋਂ ਸੀਸ ਜੁ ਗੰਜ॥*** ਸੱਤਵਾਂ ਗੁਰਦੁਆਰਾ ਜਿਹੜਾ ਸੀਸ ਗੰਜ ਹੈ, ਉਹ ਰਹਿ ਗਿਆ ਹੈ।

***ਹੁਤੀ ਠੌਰ ਥੀ ਤਹਿਂ ਅਤਿਰੰਜ॥*** ਉਥੇ ਜਗ੍ਹਾ ਬੜੀ (ਰੰਜ) ਤੰਗ ਜਿਹੀ ਸੀ, ਕਿਉਂਕਿ ਸ਼ਹਿਰ ਦਾ ਵਿਚਕਾਰਲਾ ਇਲਾਕਾ ਸੀ ਉਹ। ਉਥੇ ਜਗ੍ਹਾ ਬਹੁਤ ਤੰਗ ਸੀ।

***ਇਕ ਵਲ ਖੂਹੀ ਇਕ ਵਲ ਮਸੀਤ॥*** ਇਕ ਪਾਸੇ ਤਾਂ ਖੂਹੀ ਸੀ, ਜਿਹੜੀ ਅੱਜ ਵੀ ਹੈ ਉਥੇ ਅਤੇ ਇਕ ਪਾਸੇ ਮਸਜ਼ਿਦ ਸੀ।

***ਨਹਿਂ ਜਾਪੈ ਗੁਰ ਜਗ੍ਹਾ ਥੀ ਕੀਤ॥ ੮੦॥*** ਉਥੇ ਪਤਾ ਨਹੀਂ ਸੀ ਲਗਦਾ ਕਿ ਸਤਿਗੁਰੂ ਜੀ ਦਾ ਸ਼ਹੀਦੀ ਅਸਥਾਨ ਕਿਥੇ ਸੀ। ਕਿਥੇ ਬੈਠ ਕੇ ਉਨ੍ਹਾਂ ਨੇ ਸ਼ਹੀਦੀ ਪਾਈ ਸੀ, ਉਸ ਥਾਂ ਦਾ ਪਤਾ ਨਹੀਂ ਸੀ ਲੱਗ ਰਿਹਾ। ੮੦।

***ਤੌ ਇਕ ਊਹਾਂ ਥੀ ਮਾਸ਼ਕਨ ਪੁਰਾਨੀ॥*** ਮਾਸ਼ਕੀ ਜਿਹੜੇ ਚੰਮ ਦੀ ਮਸ਼ਕ ਭਰ ਕੇ ਪਾਣੀ ਦਾ ਛਿੜਕਾਉ ਕਰਦੇ ਹੁੰਦੇ ਹਨ, ਘੜੇ ਆਦਿਕ ਪਾਣੀ ਦੇ ਭਰਦੇ ਹੁੰਦੇ ਸਨ। ਉਥੇ ਪੁਰਾਣੀ ਮਾਸ਼ਕਨ ਸੀ ਇਕ ਬਿਰਧ ਮਾਈ ਸੀ।

***ਸੋ ਸਿੰਘ ਜੀ ਸੱਦ ਪੁੱਛੀ ਸਿਆਨੀ॥*** ਉਹ ਮਾਈ ਸਿਆਣੀ ਸੀ, ਵੱਡੀ ਉਮਰ ਦੀ ਸੀ, ਉਸ ਨੂੰ ਸੱਦ ਕੇ ਪੁੱਛਿਆ ਹੈ, ਸ੍ਰ. ਬਘੇਲ ਸਿੰਘ ਜੀ ਨੇ ਗੁਰੂ ਸਾਹਿਬ ਜੀ ਦੀ ਜਗ੍ਹਾ ਵਾਸਤੇ, ਜਿਥੇ ਬੈਠ ਕੇ ਉਨ੍ਹਾਂ ਨੇ ਸ਼ਹੀਦੀ ਪਾਈ ਸੀ।

***ਉਨੈ ਕਹੀ 'ਹਮ ਪਤਾ ਬਤਾਈਂ॥*** ਉਸ ਮਾਸ਼ਕਨ ਨੇ ਕਿਹਾ, 'ਉਸ ਜਗ੍ਹਾ ਦਾ ਪਤਾ ਮੈਂ ਦਸਦੀ ਹਾਂ, ਮੇਨੂੰ ਪਤਾ ਹੈ ਉਸ ਜਗ੍ਹਾ ਦਾ'।

***ਹਿੰਦੂ ਪੀਰ ਈਹਾਂ ਚੌਂਕੀ ਡਸਾਈ॥ ੮੧॥*** ਹਿੰਦੂ ਪੀਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚੌਂਕੀ ਏਥੇ ਡਹਾਈ ਸੀ, ਏਸ ਜਗ੍ਹਾ ਸਤਿਗੁਰੂ ਜੀ ਚੌਂਕੀ ਉਪਰ ਬੈਠੇ ਸਨ ਸ਼ਹੀਦੀ ਪਾਉਣ ਵੇਲੇ। ੮੧।

***ਮਸੀਤ ਕੰਧ ਤਹਿਂ ਉਪਰ ਚੌਥਾਈ॥*** ਇਸ ਮਸੀਤ ਦੀ ਕੰਧ ਦਾ ਚੌਥਾ ਕੁ ਹਿੱਸਾ ਉਸ ਜਗ੍ਹਾ ਦੇ ਉੱਪਰ ਹੈ, ਐਥੇ ਕੁ ਜਗ੍ਹਾ ਹੈ, ਕੰਧ ਦੇ ਹੇਠਾਂ ਆਈ ਹੋਈ।

***ਤਹਿਂ ਸਤਿਗੁਰ ਸਿਰ ਤੇਗ ਲਗਵਾਈ॥*** ਐਥੇ ਸਤਿਗੁਰੂ ਜੀ ਨੇ ਆਪਣੇ ਸੀਸ 'ਤੇ ਤੇਗ ਦਾ ਵਾਰ ਝੱਲਿਆ ਸੀ।

***ਪੂਰਬ ਵਲ ਥੇ ਮੁਖ ਕਰ ਬਹੇ॥*** ਸਤਿਗੁਰੂ ਆਪਣਾ ਸੀਸ ਕੁਰਬਾਨ ਕਰਨ ਸਮੇਂ ਏਥੇ ਪੂਰਬ ਵੱਲ ਨੂੰ ਮੁਖ ਕਰਕੇ ਬੈਠੇ ਸਨ।

***ਲਗੀ ਤੇਗ ਸਿਰ ਅਗੈ ਗਿਰ ਅਏ॥ ੮੨॥*** ਗਰਦਨ 'ਤੇ ਤੇਗ ਲੱਗਣ ਨਾਲ ਗੁਰੂ ਜੀ ਦਾ ਸੀਸ ਅੱਗੇ ਨੂੰ ਹੋ ਕੇ ਡਿੱਗਿਆ ਹੈ ਧਰਤੀ 'ਤੇ। ੮੨।

***ਔਰ ਲੋਕ ਦੇਖਨ ਬਹੁ ਆਏ॥*** ਹੋਰ ਬਹੁਤ ਲੋਕ ਗੁਰੂ ਜੀ ਦਾ ਸ਼ਹੀਦੀ ਸਾਕਾ ਵੇਖਣ ਵਾਸਤੇ ਆਏ ਸਨ।

***ਹਮ ਪਿਤ ਹੁਤ ਤਹਿਂ ਮਸ਼ਕ ਭ੍ਰਵਾਏ॥*** ਮੇਰਾ ਪਿਤਾ ਇਥੇ ਖੂਹੀਂ ਤੋਂ ਮਸ਼ਕਾਂ ਭਰਦਾ ਸੀ, ਪਾਣੀ ਦੀਆਂ, ਮਾਸ਼ਕਨ ਨੇ ਕਿਹਾ।

***ਸੁਨ ਭੁਜੰਗੀ ਤੁਰਤ ਚਲੋ ਢਾਹਾਵਨ॥*** ਮਾਈ ਤੋਂ ਇਹ ਗੱਲ ਸੁਣ ਕੇ ਕਿ ਇਹ ਜਗ੍ਹਾ ਹੈ, ਸਿੰਘਾਂ ਨੇ ਤੁਰੰਤ ਹੀ ਮਸੀਤ ਨੂੰ ਢਹਾਉਣ ਵਾਸਤੇ ਹੱਲਾ ਬੋਲ ਦਿੱਤਾ।

***ਸੁਨ ਦੰਗੋ ਭਯੋ ਵਜ਼ੀਰ ਕੋ ਆਵਨ॥ ੮੩॥*** ਵਜ਼ੀਰ ਰਾਮ ਦਿਆਲ ਦਾ ਆਉਣਾ ਸੁਣ ਕੇ ਤੁਰਕਾਂ ਵੱਲੋਂ ਦੰਗਾ ਹੋ ਗਿਆ ਹੈ ਕਿ ਸਾਡੀ ਮਸੀਤ ਕਿਉਂ ਢਾਹੁੰਦੇ ਹੋ?। ੮੩।

***ਦੋਹਰਾ॥ ਵਜ਼ੀਰ ਕਹੀ, 'ਤੁਮ ਅਬ ਥੰਮ੍ਹੋ ਹਮ ਆਵੈਂ ਕਲ ਸਿੰਘ ਕੋਲ'॥*** ਵਜ਼ੀਰ ਕਹਿਣ ਲੱਗਾ, 'ਸਿੰਘੋ! ਹੁਣ ਤੁਸੀਂ ਠਹਿਰ ਜਾਓ, ਅਜੇ ਥੋੜ੍ਹਾ ਜਿਹਾ ਸਮਾਂ, ਮੈਂ ਕਲ੍ਹ ਨੂੰ ਆਵਾਂਗਾ ਬਘੇਲ ਸਿੰਘ ਦੇ ਕੋਲ'।

***ਜਿਮ ਸਿੰਘ ਜੀ ਆਖੈਂ ਤਿਮ ਕਰੈਂ ਕਿਮ ਕਹੈਂ ਬ੍ਰਿਥੋ ਅਬ ਬੋਲ॥ ੮੪॥*** ਜਿਵੇਂ ਸ੍ਰ. ਬਘੇਲ ਸਿੰਘ ਕਹਿਣਗੇ, ਆਪਾਂ ਓਵੇਂ ਕਰਾਂਗੇ, ਕਿਉਂ ਹੁਣ ਐਵੇਂ ਇਕ ਦੂਜੇ ਨੂੰ ਬੋਲ-ਕਬੋਲ ਬੋਲਦੇ ਹੋ। ੮੪।

***ਚੌਪਈ॥ ਪ੍ਰਾਤ ਭਈ ਤੌ ਅਯੋ ਵਜ਼ੀਰ॥*** ਦੂਜੇ ਦਿਨ ਅੰਮ੍ਰਿਤ ਵੇਲੇ ਵਜ਼ੀਰ ਆਇਆ।

***ਆਇ ਸਿੰਘ ਪੈ ਕਰ ਤਤਬੀਰ॥*** ਉਸ ਨੇ ਬਘੇਲ ਸਿੰਘ ਦੇ ਪਾਸ ਆ ਕੇ ਵਿਉਂਤ-ਬੰਦੀ ਕੀਤੀ। ਸ਼ਹੀਦੀ ਅਸਥਾਨ ਬਣਾਉਣ ਦੀ।

***ਕਿਛਕੁ ਮਸੀਤ ਕੀ ਪਿਛਵਾੜੀ ਤੁੜਾਈ॥*** ਕੁਛ ਕੁ ਮਸੀਤ ਦਾ ਪਿਛਲਾ ਹਿੱਸਾ ਤੁੜਵਾਇਆ।

***ਕਿਛਕ ਅਗਯੋਂ ਭੀ ਰਖੀ ਬਨਾਈ॥ ੮੫॥*** ਕੁਛ ਕੁ ਅੱਗਿਓਂ ਵੀ ਰਹਿਣ ਦਿੱਤੀ ਹੈ ਬਣੀ ਬਣਾਈ। ਹੁਣ ਤਾਂ ਬਹੁਤ ਪਿੱਛੇ ਹਟੀ ਹੈ, ਕਿਉਂਕਿ ਦੋ ਤਿੰਨ ਵੇਰਾਂ ਮਸੀਤ ਨੂੰ ਡੇਗਿਆ ਹੈ ਖਾਲਸੇ ਨੇ। ਜਦੋਂ ਪਟਿਆਲੇ ਦੇ ਰਾਜੇ ਕੋਲ ਅੰਗਰੇਜ਼ ਆਏ ਨੇ, ਉਦੋਂ ਦਿੱਲੀ ਪੂਰਬੀਆਂ ਨੇ ਮੱਲ ਲਈ ਆ ਕੇ। ਅੰਗਰੇਜ਼ਾਂ ਨੇ ਪੂਰਬੀਆਂ ਨੂੰ ਕੱਢਣ ਵਾਸਤੇ ਪਟਿਆਲੇ ਦੇ ਰਾਜੇ ਤੋਂ ਮਦਦ ਮੰਗੀ, ਉਸ ਵੇਲੇ ਰਜਿੰਦਰ ਸਿੰਘ ਪਟਿਆਲੇ ਦਾ ਰਾਜਾ ਸੀ। ਮਹਾਰਾਜਾ ਰਜਿੰਦਰ ਸਿੰਘ ਪਟਿਆਲਾ ਨੇ ਅੰਗਰੇਜ਼ ਨੂੰ ਕਿਹਾ, ਪਾਖਰ ਸਿੰਘ ਮਾਨਸ਼ਾਹੀਆ ਮੇਰਾ ਭਾਈ ਹੈ, ਇਸ ਨੂੰ ਲੈ ਜਾਓ ਤੁਸੀਂ ਕਿਉਂਕਿ ਮੇਰਾ ਸਰੀਕ.ਭਾਰਾ ਹੈ, ਇਸ ਕਰਕੇ ਮੈਂ ਜਰਨੈਲੀ ਨਹੀਂ ਕਰ ਸਕਦਾ। ਪਾਖਰ ਸਿੰਘ ਮਾਨਸ਼ਾਹੀਆ ਬੜਾ ਸਿਆਣਾ ਸੀ, ਅੰਗਰੇਜ਼ ਇਸ ਨੂੰ ਦਿੱਲੀ ਲੈ ਗਏ ਸਨ। ਪਾਖਰ ਸਿੰਘ ਨੇ ਦਿੱਲੀ ਵਿਚ ਅੰਗਰੇਜ਼ਾਂ ਦੀ ਮਦਦ ਕੀਤੀ ਜਾ ਕੇ। ਦਿੱਲੀ ਫਤ੍ਹੇ ਕਰਨ ਤੋਂ ਬਾਅਦ ਪਾਖਰ ਸਿੰਘ ਨੇ ਤੋਪਾਂ ਦੇ ਗੋਲਿਆਂ ਨਾਲ ਮਸੀਤ ਦੀਆਂ ਕੰਧਾਂ ਢਾਹ ਕੇ, ਇਸ ਅਸਥਾਨ ਦੀ ਸੇਵਾ ਕਰਵਾਈ ਸੀ। ਫਿਰ ਇਹ ਮਸੀਤ ਢਾਹ ਕੇ ਪਿੱਛੇ ਹਟਾ ਕੇ ਬਣਾਈ ਸੀ, ਇਉਂ ਜਿਨ੍ਹਾਂ-ਜਿਨ੍ਹਾਂ ਸਿੰਘਾਂ ਨੂੰ ਇਸ ਅਸਥਾਨ ਦੀ ਸੇਵਾ ਮਿਲੀ ਹੈ, ਸਤਿਗੁਰੂ ਜੀ ਵੱਲੋਂ, ਉਨ੍ਹਾਂ-ਉਨ੍ਹਾਂ ਸਿੰਘਾਂ ਨੇ ਸੇਵਾ ਕੀਤੀ ਹੈ। ਜਦੋਂ ਮਸਲਮਾਨਾਂ ਦਾ ਰਾਜ ਸੀ, ਓਨ੍ਹਾਂ ਨੇ ਮਸੀਤਾਂ ਉਸਾਰ ਲਈਆਂ ਸਨ। ਉਦੋਂ ਕੁਛ ਕੁ ਮਸੀਤ ਅੱਗਿਓਂ ਵੀ ਗਿਰਾ ਕੇ, ਮੰਜੀ ਸਾਹਿਬ ਬਣਾ ਦਿੱਤਾ ਸੀ। ੮੫।

***ਮੱਧ ਦਿੱਲੀ ਲਯੋ ਦੇਹਰੋ ਚਿਨਾਇ॥*** ਇਹ ਗੁਰਦੁਆਰਾ ਸੀਸ ਗੰਜ ਪਾਤਸ਼ਾਹੀ ਨੌਵੀਂ ਦਾ ਦੇਹੁਰਾ ਐਨ ਦਿੱਲੀ ਦੇ ਵਿਚਕਾਰ ਚਾਂਦਨੀ ਚੌਕ ਵਿਚ ਲਾਲ ਕਿਲ੍ਹੇ ਦੇ ਅੱਗੇ ਚਿਣਿਆਂ ਹੈ।

***ਸਤਮੋਂ ਝੰਡੋ ਇਮ ਦੀਓ ਝੁਲਾਇ॥*** ਇਓਂ ਸੱਤਵਾਂ ਨਿਸ਼ਾਨ ਸਾਹਿਬ ਉਥੇ ਝੁਲਾ ਦਿੱਤਾ ਹੈ ਖਾਲਸੇ ਨੇ।

***ਬਜਾਇ ਨਗਾਰੇ ਕੁੜਾਹੁ ਕਰਾਏ॥*** ਖਾਲਸੇ ਨੇ ਨਗਾਰੇ ਵਜਾਏ ਹਨ, ਕੜਾਹ ਪ੍ਰਸ਼ਾਦ ਕਰਕੇ ਅਰਦਾਸਾ ਸੋਧ ਕੇ ਵਰਤਾ ਦਿੱਤਾ ਹੈ।

***ਸਿੱਖ ਪਰਸੰਨ ਚੁਤਰਫੋਂ ਆਏ॥ ੮੬॥*** ਸਿੱਖ ਬੜੇ ਪ੍ਰਸੰਨ ਹੋਏ ਹਨ, ਸਿੱਖ ਚਾਰੋਂ-ਪਾਸਿਓਂ ਸਾਹਿਬ ਜੀ ਦੇ ਅਸਥਾਨ ਦਾ ਦਰਸ਼ਨ ਕਰਨ ਵਾਸਤੇ ਆਏ ਹਨ। ੮੬।

***ਸ੍ਰਦਾਰ ਬਘੇਲ ਸਿੰਘ ਇਮ ਗਢ ਮਾਰਾ॥*** ਇਉਂ ਸਰਦਾਰ ਬਘੇਲ ਸਿੰਘ ਜੀ ਨੇ ਵੱਡਾ ਕਿਲ੍ਹਾ ਫਤ੍ਹੇ ਕੀਤਾ ਹੈ, ਵੱਡਾ ਮੋਰਚਾ ਤਹਿ ਕੀਤਾ।

***ਰਹੂਗੁ ਪ੍ਰਿਥੀ ਉਸ ਨਾਮ ਉਜਾਗਾ॥*** ਉਸ ਦਾ ਨਾਮ ਸਦਾ ਵਾਸਤੇ ਪ੍ਰਿਥਵੀ 'ਤੇ ਉਜਾਗਰ ਰਹੇਗਾ।

***ਐਸੀ ਕਰੀ ਉਨ ਗੁਰ ਕੀ ਕਾਰ॥*** ਐਸੀ ਕੀਤੀ ਹੈ ਉਸ ਬਘੇਲ ਸਿੰਘ ਨੇ ਗੁਰੂ ਕੇ ਅਸਥਾਨਾਂ ਦੀ ਸੇਵਾ, ਗੁਰੂ ਕੀ ਕਾਰ। ਕਾਰ=ਕੰਮ, ਸੇਵਾ।

***ਪਾਊ ਜਗ੍ਹਾ ਵਹਿ ਗੁਰ ਕ ਦ੍ਵਾਰ॥ ੮੭॥*** ਇਤ ਸ੍ਰੀ ਗੁਰ ਪੰਥ ਪ੍ਰਕਾਸ਼ ਗ੍ਰੰਥੇ ਸਾਖੀ ਬਘੇਲ ਸਿੰਘ ਜੀ ਕੀ ਜਿਮ ਦਿੱਲੀ ਮਧ ਛਿਆਨੀ ਲਾਈ ਗੁਰਦੁਆਰੇ ਪ੍ਰਗਟ ਕੀਏ ਪੂਰਣੰ। ਉਹ ਸਤਿਗੁਰੂ ਦੇ ਦਰਬਾਰ ਵਿਚ ਜਦੋਂ ਸੱਚਖੰਡ ਨੂੰ ਜਾਣਗੇ, ਉਥੇ ਉਨ੍ਹਾਂ ਨੂੰ ਜਗ੍ਹਾ ਮਿਲੇਗੀ, ਉਥੇ ਆਦਰ ਸਤਿਕਾਰ ਪ੍ਰਾਪਤ ਹੋਵੇਗਾ ਉਹਨਾਂ ਨੂੰ। ੮੭।

# ਸ੍ਰ. ਬਘੇਲ ਸਿੰਘ ਦੀ ਹੋਰ ਸਾਖੀ

## (ਪਾਤਸ਼ਾਹ ਨਾਲ ਬਘੇਲ ਸਿੰਘ ਦੀ ਮੁਲਾਕਾਤ, ਲੁੱਟ ਦਾ ਨਮੂਨਾ ਦਿਖਾਇਆ)

***ਦੋਹਰਾ॥ ਸਾਖੀ ਸਿੰਘ ਬਘੇਲ ਕੀ ਔਰ ਭੀ ਦਿਊਂ ਸੁਨਾਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਭਾਈ ਬਘੇਲ ਸਿੰਘ ਜੀ ਦੀਆਂ ਹੋਰ ਵੀ ਸਾਖੀਆਂ ਬਹੁਤ ਹਨ, ਉਸ ਨੇ ਵੱਡੇ ਭਾਰੀ ਕਾਰਨਾਮੇ ਕੀਤੇ। ਮੈਂ ਇਕ ਹੋਰ ਵੀ ਸਾਖੀ ਸੁਣਾਉਂਦਾ ਹਾਂ।

***ਸੁ ਜੈਸੁ ਪਤਿਸ਼ਾਹੈ ਸੋ ਮਿਲਯੋ ਔ ਕਰ ਲੁਟਦਈ ਦਿਖਾਇ॥ ੧॥*** ਅਜੇ ਤੱਕ ਸ੍ਰ. ਬਘੇਲ ਸਿੰਘ ਦੀ ਮੁਲਾਕਾਤ ਨਹੀਂ ਹੋਈ ਪਾਤਸ਼ਾਹ ਨਾਲ, ਅਜੇ ਤਾਂ ਵਜ਼ੀਰ ਵਿਚੋਲੇ ਹੀ ਕੰਮ ਕਰ ਰਹੇ ਸਨ। ਉਹ ਜਿਵੇਂ ਬਾਦਸ਼ਾਹ ਨੂੰ ਮਿਲਿਆ, ਜੋ ਅਸੂਲ ਖਾਲਸੇ ਦੇ ਮਿਲਣ ਦਾ ਉਹ ਦੱਸਣਗੇ ਅਤੇ ਖਾਲਸਾ ਲੁੱਟ-ਮਾਰ ਕਿਵੇਂ ਕਰਦਾ ਹੈ? ਉਸ ਦਾ ਨਮੂਨਾ ਦਿਖਾਉਣਗੇ। ੧।

***ਜਬ ਪੰਥ ਆਵੈ ਵਲ ਦਿੱਲੀ ਸਿੰਘ ਜੀ ਦਏ ਮੁੜਾਇ॥*** ਸ੍ਰ. ਬਘੇਲ ਸਿੰਘ ਜੀ ਦਿੱਲੀ ਦੀ ਹਕੂਮਤ ਸੰਭਾਲੀ ਬੈਠੇ। ਜਦੋਂ ਪੰਥ ਖਾਲਸਾ ਜੀ ਦਿੱਲੀ ਦੀ ਹਕੂਮਤ ਸੰਭਾਲੀ ਬੈਠੇ, ਜਦੋਂ ਪੰਥ ਖਾਲਸਾ ਦਿੱਲੀ ਵੱਲ ਨੂੰ ਆਉਂਦਾ ਚੜ੍ਹ ਕੇ, ਸ੍ਰ. ਬਘੇਲ ਸਿੰਘ ਜੀ ਕੋਈ ਢੰਗ, ਤਰੀਕਾ ਵਰਤ ਕੇ ਉਥੋਂ ਹੀ ਵਾਪਸ ਮੋੜ ਦਿੰਦੇ ਸਨ।

***ਤੋਫੋ ਤੁਫਾਇਤ ਵਜ਼ੀਰ ਮਹਿ ਪਤਿਸ਼ਾਹਿ ਤੋਂ ਦਏ ਘਲਵਾਇ॥ ੨॥*** ਪੰਥ ਨੂੰ ਪਾਤਸ਼ਾਹ ਤੋਂ ਤੋਹਫੇ ਸ਼ੌਗਾਤਾਂ ਨਜ਼ਰਾਨੇ ਆਦਿਕ ਵਜ਼ੀਰ ਕੋਲ ਪਹਿਲਾਂ ਭਿਜਵਾ ਦਿੰਦਾ। ੨।

***ਚੌਪਈ॥ ਤੌ ਸ਼ਾਹਿ ਕੇ ਦਿਲ ਇਕ ਦਿਨ ਅਈ॥*** ਤਾਂ ਬਾਦਸ਼ਾਹ ਦੇ ਦਿਲ ਵਿਚ ਇਕ ਦਿਨ ਇਹ ਗੱਲ ਆਈ।

***ਮੁਲਾਕਾਤ ਨ ਸਿੰਘ ਕਬ ਭਈ॥*** ਕਿ ਸ੍ਰ. ਬਘੇਲ ਸਿੰਘ ਨੂੰ ਕਾਫੀ ਸਮਾਂ ਦਿੱਲੀ ਰਹਿੰਦੇ ਨੂੰ ਹੋ ਗਿਆ, ਪਰ ਅੱਜ ਤੱਕ ਕਦੇ ਮੇਲ-ਮਿਲਾਪ ਨਹੀਂ ਹੋਇਆ।

***ਜੋ ਮੋਹਿ ਅੰਬੀਰ ਸਿੰਘ ਪਹਿ ਜਾਵੈਂ॥*** ਜਿਹੜੇ ਮੇਰੇ ਅਮੀਰ ਵਜ਼ੀਰ ਸ੍ਰ. ਬਘੇਲ ਸਿੰਘ ਕੋਲ ਜਾਂਦੇ।

***ਬਹੁਤ ਖੂਬੀ ਉਸ ਮੋਹਿ ਸੁਨਾਵੈਂ॥ ੩॥*** ਉਸ ਦੀਆਂ ਬੜੀਆਂ (ਖੂਬੀ) ਖੂਬੀਆਂ ਸਿਆਣਪ, ਬਹਾਦਰੀ ਦੀਆਂ ਗੱਲਾਂ ਅਤੇ ਉਸ ਦੇ ਸ਼ੁੱਭ ਗੁਣ ਮੈਨੂੰ ਆ ਕੇ ਸੁਣਾਉਂਦੇ ਹਨ। ੩।

***ਵਜ਼ੀਰ ਘੱਲਯੋ ਮੁਲਾਕਾਤ ਠਹਿਰਾਵਣ॥*** ਬਾਦਸ਼ਾਹ ਨੇ ਆਪਣਾ ਵਜ਼ੀਰ ਬਘੇਲ ਸਿੰਘ ਕੋਲ ਮੁਲਾਕਾਤ ਦਾ ਸਮਾਂ ਨਿਸ਼ਚਤ ਕਰਨ ਵਾਸਤੇ ਘੱਲਿਆ।

***'ਜਿਮ ਆਵੈ ਤਿਮ ਕਰੋ ਲਿਆਵਣਾ'॥*** ਜਿਵੇਂ ਵੀ ਉਹ ਆਉਂਦੇ, ਜਿਸ ਢੰਗ ਤਰੀਕੇ ਨਾਲ ਆਉਂਦੇ, ਓਵੇਂ ਹੀ ਕਰੋ ਉਨ੍ਹਾਂ ਨੂੰ ਲਿਆਉਣ ਵਾਸਤੇ।

***ਆਇ ਵਜ਼ੀਰ ਕਹੀ ਤਿਮ ਬਾਤ॥*** ਵਜ਼ੀਰ ਨੇ ਆ ਕੇ ਉਸੇ ਤਰ੍ਹਾਂ ਬਾਦਸ਼ਾਹ ਦਾ ਸੁਨੇਹਾ ਦਿੱਤਾ।

***'ਸੱਦਯੋ ਸ਼ਾਹ ਤੁਸਾਂ ਕਰਨ ਮੁਲਾਕਾਤ'॥ ੪॥*** ਤੁਹਾਨੂੰ ਬਾਦਸ਼ਾਹ ਨੇ ਆਪਣੇ ਨਾਲ ਮੁਲਾਕਾਤ ਕਰਨ ਵਾਸਤੇ ਸੱਦਿਆ। ੪।

***ਤੌ ਸਿੰਘ ਜੀ ਦਯੋ ਵਜੀਰੈ ਸੁਨਾਇ॥*** ਤਾਂ ਸਰਦਾਰ ਬਘੇਲ ਸਿੰਘ ਜੀ ਨੇ ਵਜ਼ੀਰ ਨੂੰ ਸੁਣਾ ਦਿੱਤਾ।

***ਹਮ ਕਠਨ ਕਰਨ ਮੁਲਾਕਾਤ ਹੈ ਸ਼ਾਹਿ॥*** ਬਾਦਸ਼ਾਹ ਨੂੰ ਸੁਨੇਹਾ ਦੇ ਦਿਓ ਕਿ ਸਾਡੀ ਤੁਹਾਡੀ ਮੁਲਾਕਾਤ ਕਰਨ ਦੀ ਗੱਲ ਬੜੀ ਕਠਿਨ ਹੈ, ਇਉਂ ਸੌਖੀ ਗੱਲ ਨਹੀਂ ਸਾਡੀ ਤੇਰੀ ਮੁਲਾਕਾਤ। ਇਹ ਸਾਧੂ ਥੋੜ੍ਹੇ ਕਿ ਹੱਥ ਮਿਲਾ ਲਏ ਤੇ ਕੁਰਸੀਆਂ 'ਤੇ ਬੈਠ ਜਾਣਗੇ। ਇਹ ਖਾਲਸਾ ਪੰਥ ਹੈ। ਖਾਲਸੇ ਪੰਥ ਦੀ ਰਹੁ-ਰੀਤ ਕੀ ਹੈ ਮੁਲਾਕਾਤ ਕਰਨ ਦਾ ਉਹ ਤਰੀਕਾ ਦੱਸਣਗੇ।

***ਸ਼ਾਹਿ ਮਿਲਤ ਹੈਂ ਹਥ ਬੰਧ ਦੋਇ॥*** ਸ੍ਰ. ਬਘੇਲ ਸਿੰਘ ਜੀ ਕਹਿੰਦੇ ਹਨ, ਜਦੋਂ ਕੋਈ ਅਮੀਰ ਵਜ਼ੀਰ ਬਾਦਸ਼ਾਹ ਨੂੰ ਮਿਲਣ ਜਾਂਦਾ ਹੈ, ਤਾਂ ਦੋਵੇਂ ਹੱਥ ਜੋੜ ਕੇ ਸਲਾਮਾਂ ਕਰਦੇ ਹਨ ਬਾਦਸ਼ਾਹ ਨੂੰ।

***ਕਰ ਹੈਂ ਕੁਨਸੋ ਝੁਕ ਝੁਕ ਸੋਇ॥ ੫॥*** ਉਹ ਬਾਦਸ਼ਾਹ ਨੂੰ ਝੁਕ-ਝੁਕ ਕੇ ਸਲਾਮ ਕਰਦੇ ਹਨ। ੫।

***ਨਹਿ ਸ਼ਸਤਰ ਕੋਊ ਸਾਥ ਲਿਜਾਵੈ॥*** ਅਤੇ ਨਾਲ ਜਿਹੜੇ ਮੁਲਾਕਾਤ ਕਰਨ ਵਾਲੇ ਹਨ, ਉਨ੍ਹਾਂ ਕੋਲ ਕੋਈ ਸ਼ਸਤ੍ਰ ਨਹੀਂ ਹੁੰਦਾ, ਉਹ ਆਪਣੇ ਨਾਲ ਕੋਈ ਹਥਿਆਰ ਨਹੀਂ ਲਿਜਾ ਸਕਦੇ।

***ਹਮ ਬਿਨ ਸ਼ਸਤ੍ਰ ਨ ਪੈਰ ਉਠਾਵੈਂ॥*** ਅਸੀਂ ਤਾਂ ਬਿਨਾਂ ਸ਼ਸਤ੍ਰ ਤੋਂ ਇਕ ਪੈਰ ਵੀ ਨਹੀਂ ਤੁਰਦੇ ਉਧਰ ਨੂੰ, ਅਸੀਂ ਤਾਂ ਸ਼ਸਤ੍ਰਾਂ ਨਾਲ ਸਨੱਧ-ਬੱਧ ਹੋ ਕੇ ਜਾਵਾਂਗੇ।

***ਹਮਰੈ ਪੰਥ ਮੱਧ ਹੈ ਯਹਿ ਆਣ॥*** ਸਾਡੇ ਖਾਲਸੇ ਪੰਥ ਵਿਚ ਤਾਂ ਇਹ ਆਣ ਭਾਵ (ਆਣ) ਸਹੁੰ ਹੈ ਇਸ ਗੱਲ ਦੀ।

***ਨਹਿ ਸਿਰ ਧਰਨੋ ਹਥ ਤੁਰਕਨ ਜਾਣ॥ ੬॥*** ਤੁਰਕ ਨੂੰ ਤੁਰਕ ਜਾਣ ਕੇ ਉਸ ਦੇ ਸਿਰ 'ਤੇ ਹੱਥ ਨਹੀਂ ਰੱਖਣਾ। ਬਾਦਸ਼ਾਹ ਨਾਲ ਮੁਲਾਕਾਤ ਸਮੇਂ ਉਸ ਨੂੰ ਮੱਥਾ ਟੇਕਦੇ ਜਾਈਏ, ਸਾਨੂੰ ਤਾਂ ਆਣ ਹੈ ਇਸ ਗੱਲ ਦੀ, ਸਾਡੇ ਪੰਥ ਵਿਚ ਨਹੀਂ ਇਹ ਗੱਲ ਚਲਦੀ, ਅਸੀਂ ਜਾਵਾਂਗੇ ਗੱਜਦੇ ਵੱਜਦੇ। ੬।

***ਦੋਹਰਾ॥ ਔ ਏਕਲ ਹਮ ਕਯਾ ਦੇਖਣੋ ਹਮ ਦਖਣ ਖੂਬ ਸਿਪਾਹਿ॥*** ਅਤੇ ਮੇਰੀ ਇਕੱਲੇ ਹੀ ਕਾਹਦੀ ਮੁਲਾਕਾਤ ਹੈ? ਮੇਰੇ ਇਕੱਲੇ ਦਾ ਕੀ ਦੇਖਣਾ ਹੈ? ਮੇਰੀ ਤਾਂ ਇਹ ਬੇੜੀ ਖੂਬ ਸਿਪਾਹਿ ਹੈਂ, ਜੇ ਮੁਲਾਕਾਤ ਕਰ ਕੇ ਵੇਖਣੀ ਹੈ ਤਾਂ।

***ਇਮ ਕਰ ਹਮਰੀ ਨਹਿ ਬਨੈ ਮੁਲਾਕਾਤ ਪਤਿਸ਼ਾਹਿ॥ ੭॥*** ਇਸ ਕਰਕੇ ਸਾਡੀ ਮੁਲਾਕਾਤ ਕਰਨੀ ਨਹੀਂ ਬਣਦੀ ਹੈ, ਪਾਤਸ਼ਾਹ ਨਾਲ ਮੇਲ ਨਹੀਂ ਹੋ ਸਕਦਾ, ਕਿਉਂਕਿ ਸਾਡੀਆਂ ਸ਼ਰਤਾਂ ਉਸ ਨੇ ਨਹੀਂ ਮੰਨਣੀਆਂ। ੭।

***ਚੌਪਈ॥ ਔ ਫੌਜ ਹਮਾਰੀ ਹੈ ਹਠਵਾਰੀ॥*** ਅਤੇ ਨਾਲ ਹੀ ਸਾਡੀ ਫ਼ੌਜ ਬੜੀ ਹੱਠ ਵਾਲੀ ਹੈ, ਉਹ ਕਿਹੜਾ ਕਿਸੇ ਦੇ ਹੁਕਮ ਵਿਚ ਹੈ।

***ਮਤ ਕਰ ਜਾਵੈ ਸੋਊ ਖਵਾਰੀ॥*** ਮਤਾਂ ਉਹ ਕੋਈ ਖੁਆਰੀ ਕਰ ਜਾਣ, ਕੋਈ ਦੰਗਾ ਕਰ ਜਾਣ, ਫ਼ੌਜ ਹੈ, ਫ਼ੌਜ ਨੂੰ ਕਿਵੇਂ ਹਟਾਵਾਂਗੇ

***ਇਤੀ ਬਾਤ ਜੌ ਹੁਇ ਮਨਜੂਰ॥*** ਉਸ ਨੂੰ ਪੁੱਛ ਲੌ ਜੇ ਇਹ ਗੱਲਾਂ ਮਨਜ਼ੂਰ ਉਸ ਨੂੰ।

***ਮੁਲਾਕਾਤ ਹੋ ਜਾਵਗੁ ਜ਼ਰੂਰ॥ ੮॥*** ਫਿਰ ਤਾਂ ਜ਼ਰੂਰ ਮੁਲਾਕਾਤ ਹੋ ਜਾਇਗੀ ਸਾਡੀ। ੮।

***ਜਾਇ ਵਜ਼ੀਰ ਸਭ ਸ਼ਾਹਿ ਸੁਨਾਈ॥*** ਵਜ਼ੀਰ ਨੇ ਬਘੇਲ ਸਿੰਘ ਵੱਲੋਂ ਕਹੀਆਂ ਸਾਰੀਆਂ ਗੱਲਾਂ ਬਾਦਸ਼ਾਹ ਨੂੰ ਜਾ ਸੁਣਾਈਆਂ।

***ਘੜੀ ਕੁ ਸੋਚ ਦਿਲ ਸ਼ਾਹ ਭੀ ਆਈ॥*** ਵਜ਼ੀਰ ਦੀਆਂ ਗੱਲਾਂ ਸੁੱਣ ਕੇ ਘੜੀ ਕੁ ਸੋਚ ਕੇ ਬਾਦਸ਼ਾਹ ਦੇ ਦਿਲ ਵਿਚ ਵੀ ਵਿਚਾਰ ਆਈ।

***ਫੇਰ ਸ਼ਾਹ ਮੁਖ ਦੀਓ ਫੁਰਮਾਈ॥*** ਫਿਰ ਬਾਦਸ਼ਾਹ ਨੇ ਆਪਣੇ ਮੁੱਖੋਂ ਕਹਿ ਦਿੱਤਾ।

***'ਜਿਮ ਆਖੈ ਤਿਮ ਲੇਹੁ ਬਣਾਈ' ॥ ੯॥*** ਜਿਵੇਂ ਉਹ ਕਹਿੰਦੇ ਹਨ, ਉਵੇਂ ਹੀ ਗੱਲ ਬਣਾ ਲਉ ਮੁਲਾਕਾਤ ਦੀ, ਕੋਈ ਨਹੀਂ, ਕੀ ਹੋ ਗਿਆ? ਜੇ ਉਹ ਕੋਈ ਨੁਕਸਾਨ ਕਰ ਜਾਣਗੇ। ੯।

***ਹਮ ਦੇਂ ਨਗਾਰੇ ਉਸ ਸੁਤਰੀ ਅਸਪੀ॥*** ਉਨ੍ਹਾਂ ਨੂੰ ਅਸੀਂ ਊਠਾਂ ਅਤੇ ਘੋੜਿਆਂ 'ਤੇ ਲੱਦੇ ਜਾਣ ਵਾਲੇ ਨਗਾਰੇ ਦਿਆਂਗੇ ਭੇਟਾ ਵਜੋਂ।

***ਦੈਂ ਮਹੀ ਮਰਾਤਬ ਸੰਗ ਸਭ ਵਸਬੀ॥*** ਅਸੀਂ ਉਸ ਨੂੰ (ਮਹੀ ਮਰਾਤਬ) 'ਧਰਤੀ ਦਾ ਬਾਦਸ਼ਾਹ' ਦਾ ਰੁਤਬਾ ਦਿਆਂਗੇ ਅਤੇ ਉਸ ਦੇ ਸਾਥੀਆਂ ਨੂੰ ਵੀ ਮਾਣ ਵਡਿਆਈਆਂ ਵਾਲੇ ਸਨਮਾਨਯੋਗ ਰੁਤਬੇ ਦਿਆਂਗੇ ਕਿਉਂਕਿ ਉਹ ਸਾਡੇ

ਬਾਦਸ਼ਾਹਾਂ ਦੇ ਉਤੇ ਬਾਦਸ਼ਾਹ ਹੈ। ਉਸ ਨੂੰ ਸ਼ਹਿਨਸ਼ਾਹ ਦਾ ਖਿਤਾਬ ਦਿਆਂਗੇ।

***ਸਾਥ ਲਿਆਵੋ ਉਸ ਫੌਜ ਬਿਚਾਰੀ॥*** ਇਹ ਵਿਚਾਰ ਕੇ ਜਿਹੜੀ ਉਨ੍ਹਾਂ ਦੀ ਖਾਸ ਫ਼ੌਜ ਹੈ, ਉਨ੍ਹਾਂ ਦੀ ਹੁਕਮ ਮੰਨਣ ਵਾਲੀ ਫ਼ੌਜ ਨਾਲ ਲਿਆਇਓ।

***ਗਲੀ ਕੂਚੈ ਕਿਸ ਕਰੈਂ ਨ ਖ੍ਵਾਰੀ॥ ੧੦॥*** ਕਿਸੇ ਗਲੀ ਮਹੱਲੇ ਵਿਚ ਕਿਸੇ ਨਾਲ ਖੁਆਰੀ ਨਾ ਕਰੇ, ਉਹ ਫ਼ੌਜ ਲਿਆਇਓ ਵਿਚਾਰ ਕੇ। ੧੦।

***ਰਾਮ ਦਯਾਲ ਸਦ ਸ਼ਾਹ ਸਮਝਾਯੋ॥*** ਬਾਦਸ਼ਾਹ ਨੇ ਰਾਮ ਦਿਆਲ ਵਜ਼ੀਰ ਨੂੰ ਸੱਦ ਕੇ ਸਮਝਾਇਆ।

***ਮੁਲਾਕਾਤ ਕੋ ਦਿਨ ਟਿਕਵਾਯੋ॥*** ਮੁਲਾਕਾਤ ਦਾ ਦਿਨ ਨਿਕਲਿਆ ਹੈ ਕਿ ਅਮਕੇ ਦਿਨ ਮੁਲਕਾਤ ਹੋਵੇਗੀ ਸਾਡੀ।

***ਔਰ ਬਾਤ ਵਹੁ ਆਯੋ ਸੁਨਾਇ॥*** ਉਹ ਵਜ਼ੀਰ ਹੋਰ ਗੱਲ ਵੀ ਸੁਣ ਕੇ ਆਇਆ ਬਘੇਲ ਸਿੰਘ ਤੋਂ

***ਉਸ ਦਿਨ ਨਜ਼ਰ ਕੋਊ ਕਸਾਈ ਨ ਪਾਇ॥ ੧੧॥*** ਉਸ ਦਿਨ ਕੋਈ ਕਸਾਈ ਗਊ-ਘਾਤ ਕਰਨ ਵਾਲਾ ਸਿੰਘਾਂ ਦੀ ਨਜ਼ਰ ਨਾ ਆਏ। ੧੧।

***ਦੋਹਰਾ॥ ਦੇਖ ਸਿੰਘ ਉਸ ਮਾਰ ਹੈਂ ਮਤ ਦੰਗੋ ਹੋ ਜਾਇ॥*** ਕਸਾਈ ਨੂੰ ਦੇਖਦੇ ਸਾਰ ਹੀ ਸਿੰਘਾਂ ਨੇ ਮਾਰ ਦੇਣਾ ਹੈ, ਫਿਰ ਕਿਤੇ ਕੋਈ ਦੰਗਾ-ਫਸਾਦ ਨਾ ਹੋ ਜਾਵੇ।

***ਦਿਨ ਨਹਿੰ ਆਵੇਂ ਬਜਾਰ ਮੱਧ, ਸ਼ਾਹਿ ਹੋਕੋ ਦਯੋ ਫਿਰਾਇ॥ ੧੨॥*** ਬਾਦਸ਼ਾਹ ਨੇ ਸਾਰੇ ਦਿੱਲੀ ਸ਼ਹਿਰ ਹੋਕਾ ਫਿਰਾ ਦਿੱਤਾ ਕਿ ਜਿਸ ਦਿਨ ਸ੍ਰ. ਬਘੇਲ ਸਿੰਘ ਅਤੇ ਬਾਦਸ਼ਾਹ ਦੀ ਮੁਲਾਕਾਤ ਹੋਣੀ ਹੈ, ਉਸ ਦਿਨ ਕੋਈ ਬੁੱਚੜ ਬਜ਼ਾਰ ਵਿਚ ਨਜ਼ਰ ਨਾ ਆਵੇ। ੧੨।

***ਚੌਪਈ॥ ਆਇ ਰਾਮ ਦਯਾਲ ਸਭ ਸਿੰਘ ਜੀ ਸੁਨਾਯੋ॥*** ਰਾਮ ਦਿਆਲ ਵਜ਼ੀਰ ਨੇ ਸਰਦਾਰ ਬਘੇਲ ਸਿੰਘ ਨੂੰ ਬਾਦਸ਼ਾਹ ਨਾਲ ਮੁਲਾਕਾਤ ਦੀ ਸਭ ਤਰ੍ਹਾਂ ਕਰਕੇ ਤਿਆਰੀ ਦਾ ਹਾਲ ਸੁਣਾਇਆ।

***ਲੈਨ ਵਜੀਰ ਹੋਤ ਪ੍ਰਾਤੇ ਆਯੋ॥*** ਸਵੇਰ ਹੁੰਦੇ ਸਾਰ ਹੀ ਬਾਦਸ਼ਾਹ ਵੱਲੋਂ ਵਜ਼ੀਰ ਸ੍ਰ. ਬਘੇਲ ਸਿੰਘ ਜੀ ਨੂੰ ਲੈਣ ਵਾਸਤੇ ਆਇਆ।

***ਕਹੀ ਵਜੀਰ ਤਬ ਸਿੰਘ ਜੀ ਪਾਸੋਂ ਆਇ॥*** ਸ੍ਰ. ਬਘੇਲ ਸਿੰਘ ਜੀ ਪਾਸ ਆ ਕੇ ਵਜ਼ੀਰ ਨੇ ਕਿਹਾ।

***ਜਿਮ ਮਨ ਮਾਨੈ ਤਿਮ ਚੜ੍ਹਿਓ ਧਾਇ॥ ੧੩॥*** ਜਿਵੇਂ ਤੁਹਾਡਾ ਮਨ ਮੰਨੇ, ਉਸੇ ਤਰ੍ਹਾਂ ਬੜੀ ਸ਼ਾਨੋ-ਸ਼ੋਕਤ ਨਾਲ ਚੜ੍ਹਿਉ, ਜਿਵੇਂ ਅੱਗੇ ਚੜ੍ਹਦਾ ਹੈ ਖਾਲਸਾ, ਪਾਤਸ਼ਾਹ ਵੱਲੋਂ ਸਾਰੀਆਂ ਖੁਲ੍ਹਾਂ ਹਨ। ੧੩।

***ਤੌ ਸਿੰਘ ਜੀ ਫੌਜ ਥੋੜੀਓ ਚੜ੍ਹਾਈ॥*** ਤਾਂ ਸਰਦਾਰ ਬਘੇਲ ਸਿੰਘ ਆਪਣੀ ਥੋੜ੍ਹੀ ਜਿਹੀ ਫ਼ੌਜ ਹੀ ਆਪਣੇ ਨਾਲ ਚੜ੍ਹਾਈ, ਸਾਰੀ ਫ਼ੌਜ ਨੂੰ ਹੁਕਮ ਨਹੀਂ ਦਿੱਤਾ ਚੜ੍ਹਨ ਦਾ।

***ਸੱਦ ਸ੍ਰਦਾਰ ਸਭ ਲਏ ਸਮਝਾਈ॥*** ਮਿਸਲ ਦੇ ਸਾਰੇ ਆਗੂ ਸਰਦਾਰਾਂ ਨੂੰ ਸੱਦ ਕੇ ਸਮਝਾ ਦਿੱਤਾ ਹੈ ਬਘੇਲ ਸਿੰਘ ਨੇ ਕਿ ਅਸੀਂ ਬਾਦਸ਼ਾਹ ਨਾਲ ਮੁਲਾਕਾਤ ਕਰਨੀ ਹੈ ਬੜੇ ਪ੍ਰੇਮ ਨਾਲ, ਸਿੰਘ ਚੰਗੇ-ਚੰਗੇ ਦਰਸ਼ਨੀ ਜੋ ਤੁਹਾਡੀ ਆਗਿਆ ਅਨੁਸਾਰ ਚੱਲਣ, ਉਨ੍ਹਾਂ ਨੂੰ ਆਪਣੇ ਨਾਲ ਲਇਓ, ਦੰਗਈ ਸਿੰਘਾਂ ਨੂੰ ਨਾ ਆਪਣੇ ਨਾਲ ਲਇਉ, ਜਿਹੜੇ ਬਿਨਾਂ ਪੁੱਛੇ ਹੀ ਫਸਾਦ ਕਰ ਦੇਣ।

***ਤੌ ਸਿੰਘ ਜੀ ਫੌਜ ਦਈ ਤੁਰਾਈ॥*** ਤਾਂ ਸ੍ਰ. ਬਘੇਲ ਸਿੰਘ ਨੇ ਆਪਣੀ ਫ਼ੌਜ ਤੋਰੀ ਸਭ ਤੋਂ ਅੱਗੇ।

***ਮੁਹਰੇ ਨਕੀਬ ਥੋ ਬੋਲਤੋ ਜਾਈ॥ ੧੪॥*** ਬਾਦਸ਼ਾਹ ਸਲਾਮਤ ਆ ਰਹੇ ਹੈ, ਕਹਿਣ ਵਾਲਾ (ਨਕੀਬ) ਜਿਹੜਾ ਅੱਗੇ ਖੜ੍ਹੇ, ਬੈਠੇ ਲੋਕਾਂ ਨੂੰ ਸਾਵਧਾਨ ਕਰਦਾ ਹੈ ਕਿ ਸਵਾਰੀ ਆ ਰਹੀ ਹੈ, ਸਾਵਧਾਨ ਹੋ ਜਾਉ। ਸ੍ਰ. ਬਘੇਲ ਸਿੰਘ ਜੀ ਦੇ ਅੱਗੇ ਨਕੀਬ ਬੋਲਦੇ ਜਾ ਰਹੇ ਸਨ ਉੱਚੀ ਅਵਾਜ਼ ਵਿਚ। ਸ੍ਰ: ਬਘੇਲ ਸਿੰਘ ਦੀ ਸਵਾਰੀ ਆ ਰਹੀ ਹੈ, ਸਾਵਧਾਨ

ਹੋ ਜਾਓ। ੧੪।

***ਔਰ ਹਲਕਾਰੇ ਚੋਬਦਾਰ ਘਨੇ॥*** ਹੋਰ ਤੁਰੰਤ ਖ਼ਬਰ ਦੇਣ ਵਾਲੇ ਹਲਕਾਰੇ ਅਤੇ ਸੋਨੇ, ਚਾਂਦੀ ਦੀਆਂ ਚੋਬਾਂ ਵਾਲੇ ਬਹੁਤੇ ਚੋਬਦਾਰ।

***ਅਗੈ ਅਗੈ ਸਿੰਘ ਸੋਊ ਜਾਇ ਭਨੇ॥*** ਉਹ ਚੋਬਾਂ ਵਾਲੇ ਸਿੰਘ ਅੱਗੇ-ਅੱਗੇ ਕਹਿੰਦੇ ਜਾਂਦੇ।

***ਅਤ੍ਰ ਪਤ੍ਰ ਥਿਰ ਸਿੰਘ ਜੀ ਛਾਜੈ॥*** (ਅਤ੍ਰ ਪਤ੍ਰ) ਜ. ਬਘੇਲ ਸਿੰਘ ਅਤੇ ਸਾਥੀ ਸਿੰਘਾਂ ਨੇ ਆਪਣੇ ਸੀਸ 'ਤੇ ਜਿਗਾ ਕਲਗੀ ਅਤੇ ਚੰਦ ਤੋੜੇ ਸਜਾਏ ਹੋਏ ਸਨ, ਜੋ ਬੜੇ ਹੀ ਫਬ ਰਹੇ ਸਨ, ਸਿੰਘ ਜੀ 'ਤੇ ਛੱਤ੍ਰ ਝੁਲ ਰਿਹਾ ਹੈ, ਜੋ ਬਾਦਸ਼ਾਹੀ ਦੀ ਨਿਸ਼ਾਨੀ ਹੈ।

***ਚੰਦ ਸੂਰਜ ਕੀ ਰਿਸ਼ਮ ਬਿਰਾਜੈ॥ ੧੫॥*** ਕਲਗੀਆਂ ਵਿਚ ਹੀਰੇ, ਮੋਤੀ ਜੜੇ ਹੋਏ ਅਤੇ ਗਲਾਂ ਵਿਚ ਸੋਨੇ ਦੀਆਂ ਮਾਲਾ ਪਾਈਆਂ ਹੋਈਆਂ, ਸੁੱਚੇ ਮੋਤੀਆਂ ਦੀਆਂ, ਦਾ ਲਿਸ਼ਕਾਰਾ ਇਉਂ ਪੈ ਰਿਹਾ, ਜਿਵੇਂ ਸੂਰਜ ਤੇ ਚੰਦ੍ਰਮਾ ਦੀਆਂ ਕਿਰਨਾਂ ਦਾ ਪੈਂਦਾ। ੧੫।

***ਅਗੈ ਭੱਟ ਬਿਰਦਾਵਲ ਪੜ੍ਹਤੇ ਜਾਹਿਂ॥*** ਭੱਟ ਕਵੀ ਉਨ੍ਹਾਂ ਦੇ ਅੱਗੇ-ਅੱਗੇ ਉਨ੍ਹਾਂ ਦੀ ਵਡਿਆਈ ਦੀਆਂ ਕਵਿਤਾਵਾਂ ਪੜ੍ਹਦੇ ਜਾਂਦੇ ਸਨ। ਬਿਰਦਾਵਲ ਕੀਰਤੀ, ਜਸ ਦਾ ਵਰਣਨ, ਰਾਜਿਆਂ, ਬਾਦਸ਼ਾਹਾਂ ਦੇ ਦਰਵਾਜ਼ੇ ਪਰ ਅਥਵਾ ਸਵਾਰੀ ਉਨ੍ਹਾਂ ਦੇ ਅੱਗੇ-ਅੱਗੇ ਕਵੀ ਜਨ, ਚੋਬਦਾਰ ਆਦਿਕ ਉਨ੍ਹਾਂ ਦੀ ਬਹਾਦਰੀ ਦੀ ਮਹਿਮਾਂ ਦਾ ਵਰਣਨ ਕਰਦੇ ਜਾਂਦੇ।

***ਗੁਰੂ ਗ੍ਰੰਥ ਕੀ ਮਹਿਮਾ ਮਾਂਹਿ॥*** ਭੱਟ ਤੇ ਨਕੀਬ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾਂ ਦੇ ਸ਼ਬਦ ਪੜ੍ਹਦੇ ਜਾਂਦੇ। ਜੋ ਖਾਲਸੇ ਦੀ ਮਹਿਮਾ ਹੈ ਗੁਰਬਾਣੀ ਵਿਚ ਜਿਵੇਂ *''ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹਉਂ ਕਰਉਂ ਨਿਵਾਸ''॥* ਅਤੇ, *''ਜੁੱਧ ਜਿਤੇ ਇਨਹੀ ਕੇ ਪ੍ਰਸਾਦਿ''* ਆਦਿਕ ਸ਼ਬਦ ਪੜ੍ਹਦੇ ਜਾਂਦੇ।

***ਤੁਰਯੋ ਸਿੰਘ ਚੜ੍ਹ ਫੀਲ ਅੰਬਾਰੀ॥*** ਹਾਥੀ ਉੱਤੇ ਅੰਬਾਰੀ ਨੂੰ ਖੂਬ ਸਜਾ ਕੇ, ਉਸ 'ਤੇ ਬੈਠ ਕੇ ਚੱਲੇ ਬਾਦਸ਼ਾਹ ਨਾਲ ਮੁਲਾਕਾਤ ਕਰਨ ਵਾਸਤੇ।

***ਹਿਲੈ ਚੌਰ ਗੋਲ ਝਿਲਮਲਕਾਰੀ॥ ੧੬॥*** ਜਦੋਂ ਸੁੰਦਰ ਗੋਲ ਚੌਰ ਉਪਰ ਝੁੱਲਦਾ ਹੈ, ਤਾਂ ਝਿਲਮਿਲ-ਝਿਲਮਿਲ ਕਰਦਾ ਹੈ, ਭਾਵ ਚਮਕਦਾ ਲਿਸ਼ਕਦਾ ਹੈ। ੧੬।

***ਘੋੜੇ ਕੋਤਲ ਅਗੈ ਤੁਰਾਏ॥*** ਘੋੜੇ ਤੇ (ਕੋਤਲ) ਤੇਜ ਘੋੜੇ ਅੱਗੇ-ਅੱਗੇ ਤੋਰੇ ਖਾਲਸੇ ਨੂੰ ਹੰਨੇ-ਹੰਨੇ ਪਾਤਸ਼ਾਹੀ ਦਿੱਤੀ ਹੈ, ਮਹਾਰਾਜ ਨੇ। ਘੋੜਿਆਂ ਨੂੰ ਸ਼ਿੰਗਾਰ ਕੇ ਸੁਨਹਿਰੀ ਕਾਠੀਆਂ ਪਾ ਕੇ, ਗਹਿਣੇ ਪਾ ਕੇ, ਉਹ ਅੱਗੇ-ਅੱਗੇ ਤੁਰੇ ਜਾਂਦੇ।

***ਜਿਸੀ ਤੌਰ ਸਿੰਘ ਦਲੈ ਰਖਾਏ॥*** ਜਿਸ ਤਰ੍ਹਾਂ ਸਿੰਘ ਦਲਾਂ ਵਿਚ ਘੋੜੇ ਰੱਖਦੇ, ਜਿਹੜੇ ਖਾਸ ਘੋੜੇ ਜਥੇਦਾਰ ਦੀ ਸਵਾਰੀ ਦੇ ਹੁੰਦੇ, ਉਨ੍ਹਾਂ ਨੂੰ ਸ਼ਿੰਗਾਰ ਕੇ, ਉੱਪਰ ਕਾਠੀ ਆਦਿਕ ਕੱਸ ਕੇ ਸਿੰਘਾਂ ਦੇ ਹੱਥਾਂ ਵਿਚ ਫੜੇ ਹੁੰਦੇ ਹਨ। ਇਹ ਖਾਲਸੇ ਪੰਥ ਦੀ ਰਵਾਇਤ ਹੈ। ਉਸ ਤਰੀਕੇ ਨਾਲ ਖਾਲਸਾ ਪੰਥ (ਬੁੱਢਾ ਦਲ) ਅੱਜ ਵੀ ਤੁਰਦਾ ਹੈ ਅਤੇ ਸਦਾ ਤੁਰਦਾ ਰਹੇਗਾ।

***ਦੋਹਰਾ॥ ਇਸੀ ਤੌਰ ਜਾਇ ਪਹੁੰਚਿਓ ਬਡੇ ਕਿਲ੍ਹੇ ਕੇ ਪਾਸ॥*** ਇਸੇ ਤਰੀਕੇ ਨਾਲ ਸਜ-ਧਜ ਕੇ ਵੱਡਾ ਕਿਲ੍ਹਾ ਜੋ ਲਾਲ ਕਿਲ੍ਹਾ ਹੈ ਦਿੱਲੀ ਦਾ, ਉਸ ਦੇ ਦਰਵਾਜੇ ਅੱਗੇ ਪਹੁੰਚ ਗਏ।

***ਬਜੀਰ ਸੁ ਅਗਯੋਂ ਸ਼ਾਹ ਘਲਯੋ, ਇਸਤਕਬਾਲ ਕਰਨ ਖਾਸ॥ ੧੭॥*** ਬਾਦਸ਼ਾਹ ਨੇ ਅੱਗੋਂ ਆਪਣਾ ਵਜ਼ੀਰ, ਸ੍ਰ. ਬਘੇਲ ਸਿੰਘ ਦਾ (ਇਸਤਕਬਾਲ) ਖਾਸ ਸ਼ਾਨਦਾਰ ਸਵਾਗਤ ਕਰਨ ਵਾਸਤੇ ਭੇਜਿਆ। ੧੭।

***ਚੌਪਈ॥ ਤਹਿਂ ਸਿੰਘ ਜੀ ਦਯੋ ਹਸਤੀ ਛੋਰੇ॥*** ਸ੍ਰ. ਬਘੇਲ ਸਿੰਘ ਜੀ ਨੇ ਉਥੇ ਆਪਣਾ ਹਾਥੀ ਛੱਡ ਦਿੱਤਾ, ਭਾਵ ਹਾਥੀ ਤੋਂ ਉੱਤਰ ਗਏ ਹਨ, ਕਿਉਂਕਿ ਕਿਲ੍ਹੇ ਦੇ ਅੰਦਰ ਜਾਣਾ ਹੈ।

***ਤੌ ਚੜ੍ਹ ਤੁਰਯੋ ਨਿਜ ਖਾਸ ਘੋਰੇ॥*** ਤਦ ਜਿਹੜਾ ਆਪਣਾ ਖਾਸ ਘੋੜਾ ਸੀ ਸਵਾਰੀ ਦਾ, ਉਸ 'ਤੇ ਚੜ੍ਹ ਕੇ ਫ਼ਿਰ ਅੱਗੇ ਘੋੜ ਸਵਾਰਾਂ ਦੀ ਫ਼ੌਜ ਲੈ ਕੇ, ਸਰਦਾਰਾਂ ਦਾ ਜੱਥਾ ਨਾਲ ਲੈ ਕੇ ਅੱਗੇ ਚੱਲੇ।

***ਚੜ੍ਹੇ ਚੜ੍ਹਾਇ ਵੜੇ ਮੱਧ ਕਿਲ੍ਹੇ॥*** ਘੋੜਿਆਂ 'ਤੇ ਚੜ੍ਹੇ ਚੜ੍ਹਾਏ ਕਿਲ੍ਹੇ ਵਿਚ ਜਾ ਦਾਖ਼ਲ ਹੋਏ।

***ਹੁਤੇ ਜਨਕ ਥੇ ਅਗੇ ਰਲ ਮਿਲੇ॥ ੧੮॥*** ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਅੱਗੇ ਰੋਜ਼ ਹੀ ਮੁਲਾਕਾਤ ਹੁੰਦੀ ਹੈ, ਅੱਗੇ ਦੇ ਹੀ ਰਲੇ ਮਿਲੇ ਨੇ, ਕਿਉਂਕਿ ਉਹ ਵੀ ਅੱਗੋਂ ਲੈਣ ਆਏ ਨੇ ਬੜਾ ਸਤਿਕਾਰ ਕਰਕੇ। ਇਧਰੋਂ ਖਾਲਸਾ ਵੀ ਬਿਨਾਂ ਕਿਸੇ ਡਰ, ਭੈ ਤੋਂ ਗਜਦਾ ਵਜਦਾ ਗਿਆ। ੧੮।

***ਢੁਇ ਨੇਰੈ ਲਏ ਵਜੀਰ ਖੜਾਇ॥*** (ਨੇੜੇ) ਨਜ਼ਦੀਕ ਪਹੁੰਚ ਕੇ ਵਜ਼ੀਰ ਨੇ ਘੋੜੇ ਖੜ੍ਹੇ ਕਰ ਲਏ।

***ਭਲੀ ਠੌਰ ਲੀਓ ਸਿੰਘ ਉਤਰਾਇ॥*** ਚੰਗੀ ਸੋਹਣੀ ਜਗ੍ਹਾ ਵੇਖ ਕੇ ਸ੍ਰ. ਬਘੇਲ ਸਿੰਘ ਨੂੰ ਘੋੜੇ ਤੋਂ ਉਤਾਰ ਲਿਆ।

***ਸਿੰਘ ਜੀ ਸਾਥ ਸ੍ਰਦਾਰ ਲਏ ਕਈ॥*** ਸ੍ਰ. ਬਘੇਲ ਸਿੰਘ ਨੇ ਘੋੜੇ ਤੋਂ ਉੱਤਰ ਕੇ ਕਈ ਸਿੰਘਾਂ ਸਰਦਾਰਾਂ ਨੂੰ ਆਪਣੇ ਸਾਥ ਲਿਆ।

***ਦੁਲਚਾ ਸਿੰਘ, ਸੱਦਾ ਸਿੰਘ ਜੁਈ॥ ੧੯॥*** ਜੋ ਦੁਲਚਾ ਸਿੰਘ, ਸੱਦਾ ਸਿੰਘ, ਇਹ ਸਰਦਾਰ ਬਘੇਲ ਸਿੰਘ ਦੇ ਖਾਸ ਸਾਥੀ ਸਨ। ਇਹ ਜੰਗਾਂ, ਜੁੱਧਾਂ ਵਿੱਚ ਵੀ ਬਘੇਲ ਸਿੰਘ ਦੇ ਸਾਥ ਰਹਿੰਦੇ ਸਨ, ਇਸ ਕਰਕੇ ਇਨ੍ਹਾਂ ਬਹਾਦਰਾਂ ਨੂੰ ਆਪਣੇ ਨਾਲ ਲਿਆ। ੧੯।

***ਔਰ ਫੌਜ ਰਖਿ ਚੜ੍ਹੀ ਚੜ੍ਹਾਈ॥*** ਹੋਰ ਬਾਕੀ ਫ਼ੌਜ ਨੂੰ ਹੁਕਮ ਦਿੱਤਾ ਹੈ ਕਿ ਤੁਸੀਂ ਘੋੜਿਆਂ 'ਤੇ ਸਵਾਰ ਹੀ ਰਹਿਣਾ ਹੈ, ਕਿਸੇ ਨੇ ਵੀ ਘੋੜੇ ਤੋਂ ਉੱਤਰ ਕੇ ਪੈਦਲ ਨਹੀਂ ਹੋਣਾ।

***ਪੰਜ ਸਤ ਸ੍ਰਦਾਰ ਲਏ ਉਤਰਾਈ॥*** ਪੰਜ ਸੱਤ ਸਿੰਘ ਸਰਦਾਰਾਂ ਨੂੰ ਜਿਹੜੇ ਖਾਸ ਮੁਖੀਏ ਸਿੰਘ ਸਨ, ਉਨ੍ਹਾਂ ਨੂੰ ਵੀ ਘੋੜਿਆਂ ਤੋਂ ਉਤਰਾ ਲਿਆ।

***ਸ਼ਸਤ੍ਰ ਬਸਤ੍ਰ ਤਹਿੰ ਕਸੇ ਕਸਏ॥*** ਸਿੰਘਾਂ ਦੇ ਸ਼ਸਤ੍ਰ-ਬਸਤ੍ਰ ਉਸੇ ਤਰ੍ਹਾਂ ਹੀ ਕਸੇ ਕਸਾਏ ਸਨ, ਭਾਵ ਸ਼ਸਤ੍ਰਾਂ ਨਾਲ ਲੈਸ ਸਨ ਸਿੰਘ ਸਰਦਾਰ।

***ਬੇਸ਼ਕ ਸ਼ਾਹਿ ਵਲ ਤੁਰਦੇ ਗਏ॥ ੨੦॥*** ਬਿਨਾਂ ਕਿਸੇ ਸ਼ੱਕ ਤੋਂ, ਬਿਨਾਂ ਕਿਸੇ ਰੋਕ-ਟੋਕ ਤੋਂ ਸ੍ਰ. ਬਘੇਲ ਸਿੰਘ ਤੇ ਸਾਥੀ ਬਾਦਸ਼ਾਹ ਦੀ ਤਰਫ ਚਲਦੇ ਗਏ। ੨੦।

***ਅੱਗੈ ਸ਼ਾਹ ਖ਼ੂਬ ਲਾਈ ਕਚਹਿਰੀ॥*** ਅੱਗੇ ਬਾਦਸ਼ਾਹ ਖ਼ੂਬ ਕਚਹਿਰੀ ਲਾ ਕੇ ਬੈਠਾ ਸੀ, ਆਪਣੇ ਅਮੀਰਾਂ ਵਜ਼ੀਰਾਂ ਸਮੇਤ ਸਰਦਾਰ ਬਘੇਲ ਸਿੰਘ ਦੀ ਉਡੀਕ ਵਿਚ।

***ਹਿੰਦੂ ਤੁਰਕ ਬੈਠੇ ਨਿਜ ਨਿਜ ਠਹਿਰੀ॥*** ਹਿੰਦੂ ਅਤੇ ਤੁਰਕ ਵਜ਼ੀਰ ਆਦਿਕ ਆਪੋ ਆਪਣੀ ਯੋਗ ਥਾਂ ਬੈਠੇ।

***ਤਹਿੰ ਹਿੰਦੂਅਨ ਸ਼ਾਹਿ ਇਮ ਫੁਰਮਾਯੋ॥*** ਬਾਦਸ਼ਾਹ ਨੇ ਉਥੇ ਹਾਜ਼ਰ ਹੋਏ ਹਿੰਦੂ ਅਮੀਰਾਂ ਵਜ਼ੀਰਾਂ ਨੂੰ ਇਉਂ ਹੁਕਮ ਕੀਤਾ।

***'ਅੱਗੈ ਸਿੰਘਨ ਤੁਮ ਫੜ੍ਹੇ ਬੁਲਾਯੋ' ॥ ੨੧॥*** ਜਦੋਂ ਸਿੰਘ ਆਉਣ, ਤੁਸੀਂ ਅੱਗੋਂ ਉਨ੍ਹਾਂ ਨੂੰ ਪਹਿਲਾਂ ਫੜ੍ਹੇ ਬੁਲਾਉਣੀ. ਇਉਂ ਉਹਨਾਂ ਦਾ ਸਤਕਾਰ ਕਰਨਾ। ੨੧।

***ਦੋਹਰਾ॥ ਤੌ ਦੁਲਚੈ ਸਿੰਘ ਆਖਿਓ ਰਾਮ ਦਯਾਲ ਸਮੁਝਾਇ॥*** ਤਦ ਸ੍ਰ. ਦੂਲਚਾ ਸਿੰਘ ਨੇ ਰਾਮ ਦਿਆਲ ਵਜ਼ੀਰ ਨੂੰ ਸਮਝਾ ਕੇ ਆਖਿਆ।

***'ਤੂੰ ਤੌ ਆਪਨ ਵੱਲ ਤੇ ਕੁੰਨਸੋ ਕਰਤੌ ਜਾਇ' ॥ ੨੨॥*** ਤੂੰ ਤਾਂ ਆਪਣੇ ਵੱਲੋਂ, ਜਿਵੇਂ ਤੁਸੀਂ ਅੱਗੇ ਮਿਲਦੇ ਹੋਂ ਪਾਤਸ਼ਾਹ ਨੂੰ, ਤੁਸੀਂ ਅੱਗੇ-ਅੱਗੇ ਆਪਣੀ ਤਰਫੋਂ ਪਾਤਸ਼ਾਹ ਨੂੰ (ਕੁੰਨਸੋ) ਕੁਰਨਸ਼, ਨਮਸਕਾਰ ਕਰਦੇ ਜਾਉ। ੨੨।

***ਚੌਪਈ॥ ਹੱਥ ਕਮਾਨ ਸਿਰਦਾਰਨ ਲਈ॥*** ਸ਼ਰਦਾਰਾਂ ਨੇ ਆਪਣੇ ਹੱਥ ਵਿਚ ਕਮਾਣਾਂ ਲਈਆਂ ਹੋਈਆਂ ਸਨ।

***ਚਲੇ ਸਨਮੁਖ ਹੁਇ ਪਤਿਸ਼ਾਹੈ ਪਈ॥*** ਛੇ ਸੱਤ ਸਰਦਾਰਾਂ ਨੂੰ ਨਾਲ ਲੈ ਕੇ ਸ੍ਰ. ਬਘੇਲ ਸਿੰਘ ਜੀ, ਪਾਤਸ਼ਾਹ ਦੇ ਸਨਮੁਖ ਹੋ ਪਏ।

***ਇਕ ਵਲ ਰਾਮ ਦਯਾਲ ਦੂਈ ਵਲ ਵਜੀਰ॥*** ਸ੍ਰ. ਬਘੇਲ ਸਿੰਘ ਦੇ ਇਕ ਪਾਸੇ ਰਾਮ ਦਿਆਲ ਵਜ਼ੀਰ ਹੈ ਅਤੇ ਦੂਜੇ ਪਾਸੇ ਹੋਰ ਵਜ਼ੀਰ ਲੱਗੇ।

***ਕਰਤ ਕੁੰਨਸ ਤੁਰੇ ਅਪਨ ਤਤਬੀਰ॥ ੨੩॥*** ਉਹ ਵਜ਼ੀਰ ਆਪਣੇ ਤਰੀਕੇ ਨਾਲ ਬਾਦਸ਼ਾਹ ਨੂੰ ਝੁਕ ਕੇ ਨਮਸ਼ਕਾਰ ਕਰਦੇ ਤੁਰੇ ਜਾ ਰਹੇ ਸਨ, ਜਿਵੇਂ ਬਾਦਸ਼ਾਹ ਨੂੰ ਪਹਿਲਾਂ ਕਰਦੇ ਸਨ। ੨੩।

***ਉਤ ਵਲ ਹਿੰਦੂ ਗੁਰ ਫਤ੍ਹੇ ਬੁਲਾਵੈ॥*** ਉਧਰੋਂ ਬਾਦਸ਼ਾਹ ਵੱਲੋਂ ਹਿੰਦੂ ਵਜ਼ੀਰ ਸਿੰਘਾਂ ਨੂੰ ਗੁਰ ਫਤ੍ਹੇ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਗਜਾਉਂਦੇ।

***ਊਚੈ ਸੁਨ ਸੁਨ ਸਿੰਘ ਅਗਯੋਂ ਮਨਾਵੈਂ॥*** ਗੁਰ ਫਤ੍ਹੇ ਸੁਣ-ਸੁਣ ਅੱਗੋਂ ਸਿੰਘ ਵੀ ਫਤ੍ਹੇ ਦਾ ਜੁਆਬ ਫਤ੍ਹੇ ਵਿਚ ਦਿੰਦੇ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ।

***ਰਾਮ ਦਯਾਲ ਕੁੰਨਸ ਜਾਇ ਕਰੀ॥*** ਰਾਮ ਦਿਆਲ ਵਜ਼ੀਰ ਨੇ ਜਾ ਕੇ ਬਾਦਸ਼ਾਹ ਨੂੰ ਨਮਸ਼ਕਾਰ ਕੀਤੀ।

***ਸਿੰਘ ਜੀ ਮੁਖੋਂ ਗੁਰ ਫਤ੍ਹੇ ਉਚਰੀ॥ ੨੪॥*** ਸ੍ਰ. ਬਘੇਲ ਸਿੰਘ ਜੀ ਨੇ ਜਾ ਕੇ ਅੱਗੋਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ਬੁਲਾਈ ਹੈ। ੨੪।

***ਦੋਹਰਾ॥ ਦੇਖ ਸ਼ਾਹੁ ਬਹੁ ਖੁਸ਼ ਭਯੋ ਸੱਦ ਵਜ਼ੀਰ ਕਹੀ ਸਮਝਾਇ॥*** ਸਿੰਘਾਂ ਦੇ ਦਰਸ਼ਨ ਕਰਕੇ ਬਾਦਸ਼ਾਹ ਬੜਾ ਖੁਸ਼ ਹੋਇਆ, ਵਜ਼ੀਰ ਨੂੰ ਸੱਦ ਕੇ ਸਮਝਾਇਆ ਹੈ ਬਾਦਸ਼ਾਹ ਨੇ।

***'ਸਿੰਘ ਕੋ ਕੁਰਸੀ ਤੁਮ ਦਯੋ, ਔਰ ਅਮੀਰੈ ਤੇ ਦਿਵਾਇ' ॥ ੨੫॥*** ਕੁਰਸੀ ਸ੍ਰ. ਬਘੇਲ ਸਿੰਘ ਨੂੰ ਤੁਸੀਂ ਦੇਣੀ ਹੈ, ਭਾਵ ਏਥੇ ਬਿਠਾਇਓ ਮੇਰੇ ਕੋਲ ਅਤੇ ਹੋਰ ਸਿੰਘਾਂ ਨੂੰ ਮੰਨੇ-ਪ੍ਰਮੰਨੇ ਅਮੀਰਾਂ ਤੋਂ ਕੁਰਸੀ ਦਿਵਾ ਦਿਓ। ੨੫।

***ਚੌਪਈ॥ ਸਿੰਘ ਜੀ ਸ਼ਾਹੇ ਕਮਾਨ ਦਿਵਾਈ॥*** ਸ੍ਰ. ਬਘੇਲ ਸਿੰਘ ਜੀ ਨੂੰ ਕਮਾਨ (ਗਾਰਡ ਆਫ ਆਨਰ) ਦਿਵਾਈ, ਸਲਾਮੀ ਦਿਵਾਈ, ਬਾਦਸ਼ਾਹ ਨੇ ਆਪਣੀ ਫ਼ੌਜ ਕੋਲੋਂ।

***ਲਈ ਸ਼ਾਹਿ ਦੁਇ ਹੱਥ ਉਠਾਈ॥*** ਬਾਦਸ਼ਾਹ ਨੇ ਵੀ ਦੋਵੇਂ ਹੱਥ ਉਤਾਂਹ ਚੁੱਕ ਕੇ ਫ਼ੌਜ ਤੋਂ ਸਲਾਮੀ ਲਈ।

***ਸ਼ਾਹਿ ਹੱਥ ਕੁਰਸੀ ਵਲ ਕਰਯੋ॥*** ਬਾਦਸ਼ਾਹ ਨੇ ਕੁਰਸੀ ਵੱਲ ਹੱਥ ਦਾ ਇਸ਼ਾਰਾ ਕਰਕੇ, ਸ੍ਰ. ਬਘੇਲ ਸਿੰਘ ਨੂੰ ਕੁਰਸੀ 'ਤੇ ਬੈਠਣ ਵਾਸਤੇ ਕਿਹਾ, 'ਆਉ ਜੀ, ਜੀ ਆਇਆਂ ਨੂੰ, ਆਉ ਬੈਠੋ ਜੀ!

***ਪਰ ਸਨਮੁਖ ਸਿੰਘ ਅਗੈ ਬਹਿ ਰਹਯੋ॥ ੨੬॥*** ਸ੍ਰ. ਬਘੇਲ ਸਿੰਘ ਬਾਦਸ਼ਾਹ ਦੇ ਸਨਮੁਖ ਹੋ ਕੇ ਕੁਰਸੀ 'ਤੇ ਬੈਠੇ ਰਹੇ। ੨੬।

***ਖੈਰ ਖਰੀਅਤ ਬਹੁ ਪੁਛੀ ਪਤਿਸ਼ਾਹਿ॥*** ਬਾਦਸ਼ਾਹ ਨੇ ਬਹੁਤ ਵਾਰੀ ਭਾਵ ਵਾਰ-ਵਾਰ ਸਿੰਘਾਂ ਦੀ ਰਾਜ਼ੀ ਖ਼ੁਸ਼ੀ ਪੁੱਛੀ ਕਿ ਹੋਰ ਦੱਸੋ, ਸਭ ਰਾਜੀ ਖੁਸ਼ੀ ਹੋ ਸਾਰੇ।

***ਕਰੀ ਗੱਲੈਂ ਜੋਊ ਦੋਸਤੀ ਰਾਹਿ॥*** ਬਾਦਸ਼ਾਹ ਨੇ ਜਿਹੜੀਆਂ ਦੋਸਤੀ ਦੇ ਰਾਹ ਵਾਲੀਆਂ ਗੱਲਾਂ ਉਹ ਕੀਤੀਆਂ, ਪ੍ਰੇਮ ਦੀਆਂ ਗੱਲਾਂ ਕੀਤੀਆਂ ਸਿੰਘਾਂ ਸਰਦਾਰਾਂ ਨਾਲ।

***ਔਰ ਸੂਦਾਰਨ ਕੋ ਦਿਵਾਈ ਕਮਾਨ॥*** ਜਿਹੜੇ ਫ਼ੌਜ ਦੀ ਕਮਾਨ ਕਰਦੇ ਹਨ, ਉਨ੍ਹਾਂ ਦੇ ਹੱਥ ਵਿਚ ਕਮਾਨ ਹੀ ਹੁੰਦੀ ਸੀ ਤੀਰ ਚਲਾਉਣ ਵਾਲੀ, ਉਹ ਸ਼ਸਤ੍ਰ ਭੇਟਾ ਕਰਦੇ ਹਨ। ਸ੍ਰ. ਬਘੇਲ ਸਿੰਘ ਦੇ ਨਾਲ ਹੋਰ ਜਿੰਨੇ ਸਿੰਘ ਸਰਦਾਰ ਸਨ ਇੰਤਜਾਮੀਏ, ਉਨ੍ਹਾਂ ਨੂੰ ਵੀ ਬਾਦਸ਼ਾਹ ਨੇ ਕਮਾਨਾਂ ਦਿਵਾਈਆਂ।

***ਦਿਵਾਇ ਕੁਰਸੀ ਦੀਯੋ ਬਹੁ ਮਾਨ॥ ੨੭॥*** ਬਾਦਸ਼ਾਹ ਨੇ ਉਨ੍ਹਾਂ ਨੂੰ ਵੀ ਕੁਰਸੀਆਂ ਦਿਵਾ ਕੇ ਬੜਾ ਮਾਣ ਕੀਤਾ, ਉਨ੍ਹਾਂ ਸਿੰਘਾਂ ਦਾ। ੨੭।

***ਦੋਹਰਾ॥ ਔਰ ਬਾਤ ਸਭ ਹੀ ਲਿਖੀ ਗ੍ਰੰਥ ਬਹੁਤ ਬਢ ਜਾਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਹੋਰ ਜਿਹੜੀਆਂ ਗੱਲਾਂ ਹੋਈਆਂ ਬਾਦਸ਼ਾਹ ਅਤੇ ਬਘੇਲ ਸਿੰਘ ਦੀਆਂ ਆਪਸ ਵਿਚ, ਜੇ ਉਹ ਸਾਰੀਆਂ ਲਿਖੀਏ, ਤਾਂ ਗ੍ਰੰਥ ਬਹੁਤ ਜ਼ਿਆਦਾ ਵਧ ਜਾਇਗਾ, ਇਸ ਕਰਕੇ ਮੈਂ ਸੰਖੇਪ ਮਾਤ੍ਰ ਹੀ ਲਿਖ ਰਿਹਾ ਹਾਂ।

***ਸ਼ਾਹੀ ਮਰਾਤਬ ਬਹੁ ਬਡੋ ਸੋ ਸਿੰਘ ਜੀ ਦਯੋ ਪਤਿਸ਼ਾਹਿ॥ ੨੮॥*** ਸ੍ਰ. ਬਘੇਲ ਸਿੰਘ ਨੂੰ ਬਾਦਸ਼ਾਹ ਨੇ ਆਪਣੀ ਤਰਫੋਂ ਉਸ ਸਮੇਂ ਦਾ ਸਭ ਤੋਂ ਵੱਡਾ ਸ਼ਾਹੀ ਰੁੱਤਬਾ ਦਿੱਤਾ। ੨੮।

***ਚੌਪਈ॥ ਦਯੋ ਹਾਥੀ ਬਡ ਅੰਬਾਰੀ ਪਾਇ॥*** ਇਕ ਵੱਡੇ ਹਾਥੀ 'ਤੇ ਵਧੀਆ ਸੁੰਦਰ ਅੰਬਾਰੀ ਪਾ ਕੇ ਦਿੱਤੀ।

***ਸ਼ੁਤਰੀ ਅਸਬੀ ਦਈ ਇਹਾਂ ਬਜਾਇ॥*** (ਸ਼ੁਤੁਰੀ) ਊਠਾਂ ਵਾਲੇ ਨਗਾਰੇ (ਅਸਬੀ) ਘੋੜਿਆਂ 'ਤੇ ਕੱਸਣ ਵਾਲੇ ਨਗਾਰੇ, ਇਥੇ ਲਾਲ ਕਿਲ੍ਹੇ ਵਿਚ ਹੀ ਵਜਾ ਕੇ ਦਿੱਤੇ, ਸ੍ਰ. ਬਘੇਲ ਸਿੰਘ ਨੂੰ।

***ਔਰ ਤੌਫੇ ਤੁਫਾਇਤ ਔ ਸਿਰੋਪਾਇ॥*** ਹੋਰ ਸੌਗਾਤਾਂ, ਭੇਟਾਵਾਂ ਅਤੇ ਸਿਰੋਪੇ ਦੁਸ਼ਾਲੇ ਆਦਿਕ ਭੇਟਾ ਕੀਤੇ ਸਿੰਘਾਂ ਨੂੰ ।

***ਸਾਥ ਸ੍ਰਦਾਰਨ ਖੂਬ ਲਈ ਪਾਇ॥ ੨੯॥*** ਬਘੇਲ ਸਿੰਘ ਦੇ ਨਾਲ ਦੇ ਸਰਦਾਰਾਂ ਨੇ ਵੀ ਖੂਬ ਸੁੰਦਰ ਤੋਹਫੇ ਪਾ ਲਏ। ੨੯।

***ਮੋਤੀ ਮਾਲ ਬਡ ਜਾਹਰਨ ਵਾਲੀ॥*** ਹੀਰੇ ਜਵਾਹਰਾਂ ਅਤੇ ਬੜੇ ਸੁੰਦਰ ਸੁੱਚੇ ਮੋਤੀਆਂ ਦੀਆਂ ਮਾਲਾ।

***ਔਰ ਦਏ ਸਭ ਬਡ ਮਨਸਬਦਾਰੀ॥*** ਹੋਰ ਜਿਹੜੇ ਵੱਡੇ ਸ਼ਾਹੀ ਖਿਤਾਬ ਸਨ, ਉਹ ਦਿੱਤੇ ਹਨ ਸਿੰਘਾਂ ਨੂੰ ਬਾਦਸ਼ਾਹ ਨੇ।

***ਔਰ ਸਭ ਚੀਜ਼ ਕੋ ਸਕੈ ਗਿਨਾਇ॥*** ਭਾਈ ਰਤਨ ਸਿੰਘ ਜੀ ਕਹਿੰਦੇ, ਉਧਰ ਬਾਦਸ਼ਾਹੀ ਘਰ ਸੀ, ਏਧਰ ਸੱਚੇ ਪਾਤਸ਼ਾਹ ਦਾ ਖਾਲਸਾ ਜੀ, ਜਿਹੜੇ ਜਿਹੜੇ ਤੋਹਫੇ ਉਨ੍ਹਾਂ ਨੇ ਭੇਟਾ ਕੀਤੇ ਉਨ੍ਹਾਂ ਨੂੰ ਕੌਣ ਗਿਣਾ ਸਕਦਾ ਹੈ। ਉਹ ਸਾਰੇ ਨਹੀਂ ਲਿਖੇ ਜਾ ਸਕਦੇ।

***ਇਤ ਬਘੇਲ ਸਿੰਘ ਉਤ ਘਰ ਪਾਤਿਸ਼ਾਹਿ॥ ੩੦॥*** ਏਧਰ ਬਘੇਲ ਸਿੰਘ, ਸਿੰਘਾਂ ਵਿਚ ਬੜਾ ਦਾਨਾ ਸਿੰਘ, ਉਧਰ ਬਾਦਸ਼ਾਹੀ ਘਰ ਹੈ, ਕਿਹੜੀ ਕਮੀ ਹੈ ਕਿਸੇ ਚੀਜ਼ ਦੀ। ੩੦।

***ਦੋਹਰਾ॥ ਕਰਤ ਵਿਦਾ ਸ਼ਾਹਿ ਇਮ ਕਹੀ, ਇਮ ਹਮ ਹਵਸ਼ ਰਹਾਇ॥*** ਸ੍ਰ. ਬਘੇਲ ਸਿੰਘ ਨੂੰ ਵਿਦਾ ਕਰਦਿਆਂ ਬਾਦਸ਼ਾਹ ਨੇ ਕਿਹਾ, 'ਇਉਂ ਮੇਰੀ ਇਕ (ਹਵਸ਼) ਖਾਹਿਸ਼ ਰਹਿੰਦੀ ਹੈ'।

***ਸਿੰਘ ਲੁਟੇਰੇ ਜਗ ਕਹੈਂ, ਹਮ ਲੁਟਤੇ ਦੇਖੇ ਨਾਹਿ॥ ੩੧॥*** ਸਾਰਾ ਜਗਤ ਕਹਿੰਦਾ ਹੈ ਕਿ ਸਿੰਘ ਬੜੇ ਲੁਟੇਰੇ ਹਨ, ਇਨ੍ਹਾਂ ਨੂੰ ਲੁੱਟ ਕਰਨ ਦੀ ਬੜੀ ਜਾਚ ਹੈ, ਪਰ ਮੈਂ ਨਹੀਂ ਕਦੇ ਸਿੰਘਾਂ ਨੂੰ ਲੁਟਦੇ ਵੇਖਿਆ, ਜੇ ਕਿਤੇ ਵਿਖਾਓ ਤਾਂ ਫਿਰ ਨਜ਼ਾਰਾ ਆਵੇ। ੩੧।

***ਚੌਪਈ॥ ਸਿੰਘ ਜੀ ਹਸ ਕਹੀ ਅਗਯੋਂ ਬਾਤ॥*** ਸ੍ਰ. ਬਘੇਲ ਸਿੰਘ ਜੀ ਨੇ ਅੱਗੋਂ ਹੱਸ ਕੇ ਬਚਨ ਕਿਹਾ।

***ਅਸੀਂ ਦਿਖਾਵੈਂ ਤੁਮਹਿ ਪ੍ਰਭਾਤ॥*** ਕਹਿਣ ਲੱਗੇ, ਕੋਈ ਗੱਲ ਨਹੀਂ, ਜੇ ਤੁਸੀਂ ਖਾਲਸੇ ਦੀ ਲੁੱਟ-ਮਾਰ ਵੇਖਣਾ ਚਾਹੁੰਦੇ ਹੋ, ਤਾਂ ਅਸੀਂ ਤੁਹਾਨੂੰ ਕੱਲ੍ਹ ਸਵੇਰ ਨੂੰ ਹੀ ਵਿਖਾਵਾਂਗੇ।

***ਯਹ ਜੋ ਖੇਤ ਪੋਨਨ ਕੋ ਪਾਰ॥*** ਲਾਲ ਕਿਲ੍ਹੇ ਵਿਚ ਉਤੇ ਬਾਰਾਂਦਰੀ ਵਿਚ ਬੈਠਿਆਂ ਨੂੰ ਬਾਹਰ ਪੋਨੇ ਦਾ ਹਰਿਆ ਭਰਿਆ ਖੇਤ ਦਿਸ ਰਿਹਾ ਸੀ। ਔਹ ਜਿਹੜਾ ਜਮਨਾ ਤੋ ਪਾਰ ਪੋਨੇ ਗੰਨੇ ਦਾ ਖੇਤ ਹੈ।

***ਇਨਕੀ ਲੂਟ ਕੂਟ ਕਰਹਿੰ ਦਿਖਾਰ॥ ੩੨॥*** ਇਨ੍ਹਾਂ ਖੇਤਾਂ ਦੀ ਲੁੱਟ-ਕੁੱਟ ਕਰਕੇ ਤੁਹਾਨੂੰ ਵਿਖਾਵਾਂਗੇ। ੩੨।

***ਦਾਮ ਇਨਕੈ ਕਿਸਾਨਨ ਦੀਏ ਜਾਹਿੰ॥*** ਜਿਨ੍ਹਾਂ ਕਿਸਾਨਾਂ ਦੇ ਇਹ ਖੇਤ ਕਮਾਦ ਦੇ, ਉਨ੍ਹਾਂ ਨੂੰ ਪੈਸੇ ਦਿੱਤੇ ਜਾਣ, ਇਸ ਫਸਲ ਦਾ ਮੁਆਵਜ਼ਾ ਦਿੱਤਾ ਜਾਵੇ, ਨੁਕਸਾਨ ਦਾ।

***ਹੋਗ ਬਡੋ ਤਮਾਸ਼ੋ ਜਮਨਾ ਮਾਂਹਿ॥*** ਜਮਨਾ ਦੇ ਵਗਦੇ ਪਾਣੀ ਵਿਚ ਬੜਾ ਭਾਰੀ ਤਮਾਸ਼ਾ ਹੋਵੇਗਾ। ਕਿਵੇਂ ਸਿੰਘ ਲੁੱਟ ਕਰਦੇ ਹਨ, ਆਪਸ ਵਿਚ ਕਿਵੇਂ ਲੁੱਟਦੇ ਹਨ ਅਤੇ ਦੂਜਿਆਂ ਨੂੰ ਕਿਵੇਂ ਲੁੱਟਦੇ ਹਨ?

***ਜਬ ਚਾਹੋ ਤਬ ਲਿਓ ਬੁਲਾਇ॥*** ਜਦੋਂ ਤੁਸੀਂ ਲੁੱਟ ਦਾ ਨਜ਼ਾਰਾ ਦੇਖਣਾ ਚਾਹੋਂ, ਉਦੋਂ ਸਾਨੂੰ ਸੁਨੇਹਾ ਭੇਜ ਦਿਓ।

***ਸਿੰਘ ਹੋਲੀ ਸੀ ਕਰ ਦੇਹਿਂ ਦਿਖਾਇ॥ ੩੩॥*** ਜਿਵੇਂ ਹੋਲੀ ਖੇਡਦੇ ਹਨ, ਇਉਂ ਲੁੱਟ ਕਰਕੇ ਨਜ਼ਾਰਾ ਵਿਖਾ ਦੇਣਗੇ। ੩੩।

***ਸੋਊ ਪ੍ਰਾਤ ਸਿੰਘ ਘਲੇ ਬੁਲਾਇ॥*** ਕਿਉਂਕਿ ਬਾਦਸ਼ਾਹ ਨੂੰ ਬੜਾ ਚਾਉ ਸੀ, ਖਾਲਸੇ ਦੀ ਲੁੱਟ ਵੇਖਣ ਦਾ ਇਸ ਕਰਕੇ ਸਵੇਰੇ ਅੰਮ੍ਰਿਤ ਵੇਲੇ ਹੀ ਸਿੰਘਾਂ ਨੂੰ ਸੁਨੇਹਾ ਭੇਜ ਦਿੱਤਾ, ਆਉਣ ਦਾ ਸੱਦਾ ਭੇਜ ਦਿੱਤਾ।

***'ਢਲੇ ਦਿਵਸ' ਕਹਯੋ ਸਿੰਘ ਚੜ੍ਹ ਆਇਂ॥*** ਬਾਦਸ਼ਾਹ ਨੇ ਸਿੰਘ ਜੀ ਨੂੰ ਕਿਹਾ ਕਿ ਉਹ ਦਿਨ ਢਲੇ ਤੋਂ ਚੜ੍ਹ ਕੇ ਆ ਜਾਣ।

***ਸਿੰਘ ਜੀ ਕਹੀ 'ਹਮ ਜਾਵੈ' ਜ਼ਰੂਰ।*** ਸ੍ਰ. ਬਘੇਲ ਸਿੰਘ ਜੀ ਕਹਿਣ ਲੱਗੇ, ਅਸੀਂ ਜ਼ਰੂਰ ਆਵਾਂਗੇ।

***ਢਿਗ ਆਇ ਬੈਠਯੋ ਜਗ੍ਹਾ ਉਚੂਰ॥ ੩੪॥*** ਉਹ (ਬਾਦਸ਼ਾਹ) ਕੋਲ ਆ ਕੇ ਕਿਲ੍ਹੇ 'ਤੇ ਉੱਚੀ ਜਗ੍ਹਾ 'ਤੇ ਬੈਠ ਜਾਣ, ਦੇਖਣ ਵਾਸਤੇ। ੩੪।

***ਸੁਨਤ ਸਿੰਘਨ ਦਿਲਸ਼ਾਦੀ ਹੋਈ॥*** ਪੋਨੇ ਗੰਨੇ ਦੇ ਖੇਤ ਲੁੱਟਣ ਦੀ ਗੱਲ ਸੁਣ ਕੇ ਸਿੰਘਾਂ ਦੇ ਦਿਲ ਵਿਚ ਬੜੀ ਖ਼ੁਸ਼ੀ ਹੋਈ ਕਿ ਪੋਨੇ ਚੂਪਾਂਗੇ ਸ਼ਾਮ ਨੂੰ।

***ਉਇ ਉਸ ਆਗੈ ਵੈ ਉਸ ਅੱਗੇ ਚਹੈ ਹੋਈ॥*** ਸਿੰਘਾਂ ਨੇ ਲੁੱਟ ਕਰਨ ਵਾਸਤੇ ਵੱਖ-ਵੱਖ ਜਥੇ ਬਣਾ ਲਏ, ਉਹ ਉਸ ਤੋਂ ਅੱਗੇ ਉਹ ਉਸ ਤੋਂ ਅੱਗੇ ਹੋਣਾ ਚਾਹੁੰਦੇ ਸਨ ਲੁੱਟ ਕਰਨ ਵਾਸਤੇ।

***ਢਲੇ ਦਿਵਸ ਸਿੰਘ ਕੀਓ ਨਗਾਰੋ॥*** ਦਿਨ ਢਲੇ ਤੋਂ ਬਾਅਦ ਸਿੰਘ ਜੀ ਨੇ ਨਗਾਰੇ 'ਤੇ ਚੋਬਾਂ ਲੁਆ ਦਿੱਤੀਆਂ।

***ਤੁਰਯੋ ਡੇਰੋ ਸਭ ਲੁੱਟਣਵਾਰੋ॥ ੩੫॥*** ਲੁੱਟਣ ਵਾਲੇ ਸਿੰਘਾਂ ਦਾ ਡੇਰਾ ਤੁਰ ਪਿਆ। ਆਪੋ ਆਪਣੀਆਂ ਕੁਹਾੜੀਆਂ, ਦਾਤਰੀਆਂ ਲੈ ਕੇ, ਕਿਉਂਕਿ ਗੰਨੇ ਹੀ ਲੁੱਟਣੇ ਸਨ। ੩੫।

***ਕਿਸ ਹਥ ਦਾਤੀ ਕਿਸ ਛੁਰੀ ਕਟਾਰੀ॥*** ਕਿਸੇ ਸਿੰਘ ਦੇ ਹੱਥ ਦਾਤੀ ਹੈ ਅਤੇ ਕਿਸੇ ਦੇ ਹੱਥ ਛੁਰੀਆਂ ਕਟਾਰੀਆਂ।

***ਕਿਸੈ ਕਰਦ ਕਿਨ ਤਲਵਾਰਹਿ ਧਾਰੀ॥*** ਕਿਸੇ ਨੇ ਕਰਦਾਂ ਕਿਸੇ ਨੇ ਤਲਵਾਰਾਂ ਧਾਰਨ ਕੀਤੀਆਂ ਹੋਈਆਂ ਹਨ।

***ਕਰਤ ਲੁੱਟ ਥੇ ਜਿਮ ਦਲ ਨਿੱਤ॥*** ਜਿਵੇਂ ਅੱਗੇ ਸਿੰਘਾਂ ਦੀ ਨਿਤਾਪ੍ਰਤੀ ਹੀ ਲੁੱਟ-ਮਾਰ ਹੁੰਦੀ ਸੀ, ਆਪਸ ਵਿਚੀਂ ਸਿੰਘ ਲੁੱਟ ਕਰਦੇ ਸਨ।

***ਰਲ ਮਿਲ ਲੁੱਟਨ ਆਇਂ ਹੁਏ ਮਿੱਤ॥ ੩੬॥*** ਸਿੰਘ ਰਲ ਮਿਲ ਕੇ ਆਏ ਹਨ ਲੁੱਟਣ ਵਾਸਤੇ, ਮਿਤ੍ਰ ਬਣ ਕੇ, ਕਿਉਂਕਿ ਵੈਰੀ ਤਾਂ ਕੋਈ ਹੈ ਨਹੀਂ, ਜਿਸ ਦੀ ਲੁੱਟ-ਮਾਰ ਕਰਦੇ। ਤਰੀਕਾ ਤਾਂ ਉਹੀ ਬਣਾਉਣਾ ਸੀ, ਜਿਵੇਂ ਹੱਲਾ ਕਰਦੇ ਹਨ ਸਿੰਘ। ੩੬।

***ਦੋਹਰਾ॥ ਰਾਮ ਦਯਾਲ ਜਾਇ ਸ਼ਾਹ ਪੈ ਕਹਿ ਊਚੈ ਦਯੋ ਬਹਾਇ॥*** ਸਿੰਘਾਂ ਦੀ ਲੁੱਟ ਦਾ ਨਜ਼ਾਰਾ ਵੇਖਣ ਵਾਸਤੇ, ਰਾਮ ਦਿਆਲ ਵਜ਼ੀਰ ਨੇ ਬਾਦਸ਼ਾਹ ਨੂੰ ਕਿਲ੍ਹੇ ਉੱਪਰ ਉੱਚੀ ਜਗ੍ਹਾ ਬਿਠਾ ਦਿੱਤਾ।

***ਤੌ ਲੌ ਲੁੱਟਣਵਾਰ ਲੈ ਖੜਯੋ ਸੁੱਖੂ ਸਿੰਘ ਜਾਇ॥ ੩੭॥*** ਉਦੋਂ ਨੂੰ ਲੁੱਟਣ ਵਾਲੇ ਸਿੰਘਾਂ ਨੂੰ ਨਾਲ ਲੈ ਕੇ ਸੁੱਖੂ ਸਿੰਘ ਜਮਨਾ ਦੇ ਕਿਨਾਰੇ ਜਾ ਖੜ੍ਹਾ ਹੋਇਆ। ੩੭।

***ਚੌਪਈ॥ ਸ਼ਾਹਿ ਕਹੀ, 'ਅਬ ਹੱਲਾ ਕਰਾਯੋ॥*** ਬਾਦਸ਼ਾਹ ਨੇ ਕਿਹਾ, 'ਹੁਣ ਲੁੱਟ ਦਾ ਹੱਲਾ ਕਰਾ ਦਿਓ' ਵੇਖੀਏ ਲੁੱਟ ਦਾ ਨਜ਼ਾਰਾ ਸਿੰਘ ਕਿਵੇਂ ਲੁੱਟਦੇ ਹਨ।

***ਅਪਨ ਵਜ਼ਾਸੋਂ ਲੁੱਟ ਦਿਖਾਯੋ'॥*** ਆਪਣੇ ਤਰੀਕੇ ਨਾਲ ਜਿਵੇਂ ਤੁਸੀਂ ਅੱਗੇ ਲੁੱਟਦੇ ਹੋ, ਉਵੇਂ ਲੁੱਟ ਕੇ ਵਿਖਾਇਓ।

***ਤੌ ਮਗਰੋਂ ਸਿੰਘ ਜੀ ਚੜ੍ਹ ਆਏ॥*** ਪਹਿਲਾ ਜਥਾ ਸੁੱਖੂ ਸਿੰਘ ਲੈ ਕੇ ਆ ਗਿਆ ਹੈ। ਉਸ ਤੋਂ ਮਗਰੋਂ ਸ੍ਰ. ਬਘੇਲ ਸਿੰਘ ਜੀ ਸਿੰਘਾਂ ਦਾ ਜਥਾ ਲੈ ਕੇ ਚੜ੍ਹ ਆਏ।

***ਚੰਗੇ ਮੰਦੇ ਕੋ ਵੈ ਬਹੁ ਲਯਾਏ॥ ੩੮॥*** ਉਹ ਆਪਣੇ ਨਾਲ ਬਹੁਤ ਸਾਰੇ ਤਕੜੇ ਅਤੇ ਕਮਜ਼ੋਰ ਸਿੰਘਾਂ ਨੂੰ ਲਿਆਏ। ੩੮।

***ਕੁੱਦ ਵੜੇ ਵੈ ਮੱਧ ਦਰਿਆਇ॥*** ਉਹ ਸਿੰਘ ਜਮਨਾ ਦਰਿਆ ਵਿਚ ਕੁੱਦ ਕੇ ਜਾ ਵੜੇ।

***ਕੋਈ ਤਰੈ ਕੋਈ ਗੋਤੇ ਖਾਇ॥*** ਕਈ ਸਿੰਘ ਤਾਂ ਜਮਨਾ ਦਰਿਆ ਵਿਚ ਤਰਦੇ ਜਾਂਦੇ ਹਨ ਅਤੇ ਕਈਆਂ ਦੀਆਂ ਚੁੱਭੀਆਂ ਲੱਗ ਗਈਆਂ ਉਹ ਪਾਣੀ ਦੇ ਵਿਚ ਹੀ ਗੋਤੇ ਖਾ ਗਏ।

***ਕਈ ਮੁੜ ਖੜੇ ਕੋਈ ਰੁੜ੍ਹਤੇ ਜਾਇੰ॥*** ਕਈ ਤਾਂ ਮੁੜ ਕੇ ਕਿਨਾਰੇ 'ਤੇ ਆ ਖੜ੍ਹੇ ਕਿ ਆਪਾਂ ਤਾਂ ਇੱਥੇ ਹੀ ਲੁੱਟਾਂਗੇ। ਕਈ ਦਰਿਆ ਵਿਚ ਰੁੜ੍ਹੇ ਜਾਂਦੇ ਸਨ।

***ਕਿਸ ਸਿਰ ਪੱਗ ਰਹੀ ਔ ਰੁੜ੍ਹੀ ਬਹੀ ਜਾਇੰ॥ ੩੯॥*** ਜਦੋਂ ਸਿੰਘਾਂ ਦਾ ਹੱਲਾ ਹੋ ਗਿਆ ਇਕ ਦੂਸਰੇ ਦੇ ਉੱਤੇ, ਫਿਰ ਕਿਸੇ ਸਿੰਘ ਦਾ ਦੁਮਾਲਾ ਵੱਧ ਗਿਆ ਹੈ ਅਤੇ ਜਮਨਾ ਦੇ ਪਾਣੀ ਬਹਿ ਕੇ ਰੁੜ੍ਹਿਆ ਜਾ ਰਿਹਾ। ੩੯।

***ਕਈ ਪਹੁੰਚੇ ਜਾਇ ਪਰਲੇ ਪਾਰ॥*** ਕਈ ਸਿੰਘ ਦਰਿਆ ਤਰ ਕੇ ਪਰਲੇ ਕਿਨਾਰੇ ਤੋਂ ਪਾਰ ਪਹੁੰਚ ਗਏ।

***ਕਈ ਖੜ੍ਹੇ, ਕਈ ਮੱਧ ਪਏ ਖੁਆਰ॥*** ਕਈ ਤਾਂ ਉਰੇ ਹੀ ਖੜ੍ਹ ਗਏ ਹਨ, ਜਿਨ੍ਹਾਂ ਤੋਂ ਤਰ ਨਹੀਂ ਹੋਇਆ, ਕਈ ਦਰਿਆ ਵਿਚਕਾਰ ਜਾ ਕੇ ਖੁਆਰ ਹੋਏ, ਉਹ ਨਾ ਉਰਾਰ ਨਾ ਪਾਰ ਹੋਏ।

***ਕਈ ਪੋਨੋਂ ਲੈ ਮੁੜ ਭੀ ਆਏ॥*** ਜਿਹੜੇ ਹੁਸ਼ਿਆਰ ਸਨ, ਉਹ ਤਾਂ ਪੋਨਾਂ ਲੈ ਕੇ ਮੁੜ ਵੀ ਆਏ।

***ਉਨ ਕੋ ਖੋਸ ਕਈ ਰਸਤਯੋਂ ਲੈ ਧਾਏ॥ ੪੦॥*** ਜਿਹੜੇ ਦਰਿਆ ਦੇ ਉਰਲੇ ਪਾਸੇ ਖੜ੍ਹੇ ਸਨ, ਉਹ ਤਾਂ ਤਾਜਾ ਦਮ ਹੀ ਸਨ, ਉਨ੍ਹਾਂ ਨੂੰ ਅਜੇ ਪਾਰ ਵੀ ਨਹੀਂ ਸੀ ਲੱਗਣ ਦਿੱਤਾ ਕਿ ਪੋਨੇ ਉਹ ਲੈ ਗਏ ਲੁੱਟ ਕੇ ਉਨ੍ਹਾਂ ਦੇ, ਕਈ ਰਸਤੇ ਵਿੱਚੋਂ ਖੋਹ ਕੇ, ਉਨ੍ਹਾਂ 'ਤੇ ਹੱਲਾ ਕਰ ਗਏ। ੪੦।

***ਵਹਿ ਉਸਕੋ ਵਹਿ ਉਸੈ ਧਕਾਵੈ॥*** ਉਹ ਸਿੰਘ ਧੱਕੋ-ਧੱਕੀ ਹੋ ਗਏ ਹਨ ਇਕ ਦੂਜੇ ਨਾਲ, ਉਹ ਅੱਗੋਂ ਲੁੱਟ ਕੇ ਲਿਆਏ, ਉਹ ਉਨ੍ਹਾਂ ਨੂੰ ਹੀ ਲੁੱਟੀ ਜਾਂਦੇ, ਉਹ ਉਸ ਤੋਂ ਖੋਂਹਦਾ ਹੈ ਅਤੇ ਅੱਗੋਂ ਉਹ ਉਸ ਨੂੰ ਧੱਕਾ ਮਾਰ ਕੇ ਪੋਨੇ ਤੋਂ ਪਰ੍ਹੇ ਕਰ ਦਿੰਦਾ ਹੈ।

***ਵਹਿ ਉਸ ਦਾੜ੍ਹਹਿ, ਵਹਿ ਪੱਗ ਹਥ ਪਾਵੈ॥*** ਕਈ ਉਥੇ ਘੁਲ ਪਏ ਓਧਰੋਂ-ਉਧਰੀ, ਮੈਂ ਨਹੀਂ ਤੈਨੂੰ ਚੁੱਕਣ ਦੇਣਾ। ਉਹ ਉਸ ਦੇ ਦਾੜ੍ਹੇ ਨੂੰ ਹੱਥ ਪਾ ਲੈਂਦਾ ਅਤੇ ਉਹ ਉਸ ਦੀ ਪੱਗ ਨੂੰ ਹੱਥ ਪਾਉਂਦਾ।

***ਦੇਖ ਪਾਤਸ਼ਾਹ ਬਡ ਖੁਸ਼ੀਆਂ ਕਰੈ॥*** ਜਦੋਂ ਇਹ ਤਰੀਕਾ ਵੇਖਿਆ ਕਿ ਚੰਗੀ ਗੱਲ ਹੈ, ਲੁਟੇਰਿਆਂ ਤੋਂ ਅਗਾਂਹ ਹੋਰ ਲੁੱਟੀ ਜਾਂਦੇ ਹਨ, ਉਨ੍ਹਾਂ ਨੂੰ ਲੁੱਟਣ ਦਾ ਕੋਈ ਥਾਂ ਹੀ ਨਹੀਂ ਛੱਡਿਆ ਇਨ੍ਹਾਂ ਨੇ, ਇਉਂ ਵੇਖ ਕੇ ਪਾਤਸ਼ਾਹ ਬੜਾ ਖੁਸ਼ ਹੁੰਦਾ ਹੈ ਕਿ ਕਮਾਲ ਹੈ ਇਹਨਾਂ ਦੀ ਲੁੱਟ, ਇਹਨਾਂ ਦੀ ਤਾਂ ਆਪਸ ਵਿਚੀਂ ਕੋਈ ਲਿਹਾਜ ਨਹੀਂ ਅਤੇ ਦੂਸਰੇ ਨੂੰ ਕਿਵੇਂ ਛੱਡਦੇ ਹੋਣਗੇ।

***ਹੱਸ ਹੱਸ ਬਹੈ ਔ ਲਿਟ ਲਿਟ ਪਰੈ॥ ੪੧॥*** ਬਾਦਸ਼ਾਹ ਹੱਸ-ਹੱਸ ਕੇ ਬੈਠ ਜਾਂਦਾ ਹੈ ਅਤੇ ਲਿਟ-ਲਿਟ ਪੈਂਦਾ ਖੁਸ਼ੀ ਨਾਲ, ਸਿੰਘਾਂ ਦੀ ਲੁੱਟ ਦਾ ਨਜ਼ਾਰਾ ਵੇਖ ਕੇ। ੪੧।

***ਦੋਹਰਾ॥ ਹਸਤੀ ਘੋੜੇ ਊਠ ਬਡ ਜੋ ਉਤ ਤੇ ਲਦ ਲਯਾਹਿੰ॥*** ਜਿਹੜੇ ਜਥੇ ਬੰਨ੍ਹ ਕੇ ਗਏ ਸਨ, ਕੋਈ ਉਧਰੋਂ ਹਾਥੀ ਲੱਦ ਲਿਆਇਆ ਹੈ। ਕੋਈ ਊਠ ਅਤੇ ਘੋੜੇ ਲੱਦੀ ਤੁਰੇ ਆਉਂਦੇ।

***ਰਸਤੇ ਹੀ ਤੇ ਉਨ੍ਹੋਂ ਕੌ ਲੁਟੈਂ ਔਰ ਸੁ ਖਾਹਿੰ॥ ੪੨॥*** ਜਿਹੜੇ ਲੁਟੇਰੇ ਨਦੀ ਤਾਂ ਪਾਰ ਜਾਣ ਜੋਗੇ ਹੈ ਨਹੀਂ ਸਨ, ਰਸਤੇ ਵਿਚ ਹੀ ਖੜ੍ਹੇ ਸਨ, ਉਹ ਉਨ੍ਹਾਂ ਨੂੰ ਪੈ ਗਏ ਟੁੱਟ ਕੇ, ਉਹ ਰਸਤੇ ਵਿੱਚੋਂ ਉਨ੍ਹਾਂ ਲੁੱਟੀ ਜਾਂਦੇ ਹਨ ਅਤੇ ਗੰਨੇ ਚੂਪੀ ਜਾਂਦੇ। ੪੨।

***ਚੌਪਈ॥ ਕਈ ਨਠੇ ਜਾਹਿੰ ਪਗਨ ਲੁਹਾਇ॥*** ਕਈ ਆਪਣੇ ਦੁਮਾਲੇ ਲੁਹਾ ਕੇ ਦੁਮਾਲੇ ਨੂੰ ਸਾਂਭਦੇ ਹੋਏ ਭੱਜੇ ਜਾਂਦੇ।

**ਕਈ ਨਠੇ ਜਾਹਿ ਗੁੜ ਬੁਤੈ ਖਾਇ॥** ਕਈ ਭੱਜੇ ਜਾਂਦੇ ਹੀ ਘਸੁੰਨ-ਮੁੱਕੀ ਹੋਈ ਤੁਰੇ ਜਾਂਦੇ। ਕਈ ਭੱਜੇ ਜਾਂਦੇ ਹੀ ਲੋਟ ਪੋਟਣੀਆਂ ਖਾਈ ਜਾਂਦੇ।

**ਇਕਲੈ ਨੱਠੈ ਮੁੜ ਪਿਛਾ ਨ ਤਕਾਵੈਂ॥** ਕੋਈ ਇਕੱਲਾ ਹੀ ਭੱਜਿਆ ਜਾਂਦਾ ਮੁੜ ਕੇ ਪਿੱਛਾ ਨਹੀਂ ਦੇਖਦਾ, ਇਕ ਦੂਜੇ ਦੀ ਸਹਾਇਤਾ ਕੋਈ ਨਹੀਂ ਕਰਦਾ, ਜਿਵੇਂ ਕੋਈ ਘੋੜੇ ਤੋਂ ਡਿੱਗ ਪਿਆ, ਤਾਂ ਭੱਜ ਕੇ ਪਰ੍ਹੇ ਹੋ ਜਾਂਦਾ ਕਿ ਕਿਤੇ ਕੋਈ ਦੂਜਾ ਘੋੜਾ ਨਾ ਉਤੋਂ ਦੀ ਲੰਘਾ ਦੇਵੇ।

**ਇਕ ਰਲ ਮਿਲ ਘੁਲ ਤਿਹ ਠੇਕੇ ਲਗਾਵੈਂ॥ ੪੩॥** ਇਕ ਰਲ ਮਿਲ ਕੇ ਉਧਰੋ-ਉਧਰੀ ਘਸੁੰਨ ਮੁੱਕੀ ਹੋਈ ਜਾਂਦੇ, ਜਿਵੇਂ ਖਿਡਾਰੀ ਖੇਡਦੇ ਨੇ ਮੈਦਾਨ ਵਿਚ। ੪੩।

**ਸੋਰਠਾ॥ ਗੌਹਰ ਅਲੀ ਪਤਿਸ਼ਾਹ ਭਯੋ ਪ੍ਰਸੰਨ ਦਿਖ ਪੰਥ ਲੁਟ॥** ਦਿੱਲੀ ਦਾ ਪਾਤਸ਼ਾਹ ਗੌਹਰ ਆਲੀ ਖਾਲਸੇ ਪੰਥ ਦੀ ਲੁੱਟ ਹੁੰਦੀ ਵੇਖ ਕੇ ਬੜਾ ਪ੍ਰਸੰਨ ਹੋਇਆ ਕਿ ਗੁੱਸਾ ਵੀ ਨਹੀਂ ਕੋਈ ਕਿਸੇ ਦਾ ਕਰਦਾ ਹੈ ਕਿ ਜਿਹੜੇ ਹੱਥ ਆਉਂਦਾ ਉਹੀ ਲੁੱਟ ਕੇ ਲੈ ਜਾਂਦਾ, ਕਮਾਲ ਦੀ ਗੱਲ ਹੈ।

**ਜਿਮ ਬਵਰੋ ਸਾਂਗ ਕਰਾਇ ਆਪ ਫੂਕ ਆਪੇ ਹਸੇ॥ ੪੪॥** ਕਹਿੰਦੇ ਜਿਵੇਂ (ਬਉਰੇ) ਪਾਗਲ ਦਾ ਸਾਂਗ ਕਰਾਉਂਦੇ ਹੋਏ ਆਪੇ ਹੀ ਫੂਕ ਕੇ ਆਪੇ ਹੀ ਹਸਦੇ ਹਨ, ਇਉਂ ਹੋ ਗਿਆ, ਸਾਰੇ ਤਮਾਸ਼ੇ ਨੂੰ ਵੇਖ-ਵੇਖ ਕੇ ਹੱਸਦੇ ਹਨ ਕਿ ਸਿੰਘਾਂ ਨੇ ਤਾਂ ਕਮਾਲ ਕਰ ਦਿੱਤੀ। ੪੪।

**ਦੋਹਰਾ॥ ਐਸੀ ਐਸੀ ਜੁਗਤ ਸੋਂ ਸਿੰਘ ਰਹਯੋ ਸੁ ਕਿਤਨਕ ਸਾਲ॥** ਐਸੇ-ਐਸੇ ਢੰਗ ਤਰੀਕੇ ਨਾਲ ਸ੍ਰ. ਬਘੇਲ ਸਿੰਘ ਜੀ ਕਈ ਸਾਲ ਦਿੱਲੀ ਰਹੇ, ਭਾਵ ਬਾਦਸ਼ਾਹ 'ਤੇ ਕਾਠੀ ਪਾ ਲਈ ਅਤੇ ਖੂਬ ਨਜ਼ਰਾਨੇ ਲੈਂਦੇ, ਛਿਆਨੀ ਲੈਂਦੇ। ਦਿੱਲੀ ਦੇ ਬਾਹਰਲੇ ਨਵਾਬਾਂ ਤੋਂ ਵੀ ਨਜ਼ਰਾਨੇ ਲੈਂਦੇ, ਇਉਂ ਖਾਲਸਾ ਮਾਲੋ-ਮਾਲ ਹੋ ਗਿਆ।

**ਲਏ ਪੈਸੇ ਔਰ ਦੇਸ ਤੇ ਰਲਵਾਇ ਮਰਹਟੇ ਨਾਲ॥ ੪੫॥** ਸ੍ਰ. ਬਘੇਲ ਸਿੰਘ ਬੜਾ ਹੀ ਨੀਤੀਵੇਤਾ ਸੀ, ਇਸ ਨੇ ਮਰਹੱਟਿਆਂ ਨੂੰ ਆਪਣੇ ਨਾਲ ਰਲਾ ਕੇ ਦੇਸ਼ ਦੇ ਹੋਰ ਭਾਗਾਂ ਤੋਂ ਵੀ ਉਗਰਾਹੀ ਕਰ ਲਈ, ਜਿਹੜੇ ਬਾਦਸ਼ਾਹ ਤੋਂ ਆਕੀ ਸਨ, ਨਹੀਂ ਸਨ ਆਉਂਦੇ ਉਸ ਦੀ ਜ਼ੇਰ ਹੇਠਾਂ, ਉਨ੍ਹਾਂ ਨੂੰ ਬਘੇਲ ਸਿੰਘ ਨੇ ਉਗਰਾਹ ਲਿਆ, ਲੁੱਟ ਲਿਆ। ੪੫।

**ਠਾਣਾਂ ਦਿਲੀ ਬਹਾਹਿ ਫਿਰ ਪਤਿਸ਼ਾਹੋਂ ਛਯਾਨੀ ਲਿਖਾਇ॥** ਪਾਤਸ਼ਾਹ ਦੇ ਸਿਰ 'ਤੇ ਦਿੱਲੀ ਆਪਣਾ ਠਾਣਾ ਬਿਠਾ ਕੇ, ਫਿਰ ਪਾਤਸ਼ਾਹ ਤੋਂ ਛਿਆਨੀ ਲਿਖਾ ਕੇ ਕਿ ਬਾਦਸ਼ਾਹੀ ਮਾਮਲੇ ਦੀ ਉਗਰਾਹੀ ਰੁਪਏ ਵਿੱਚੋਂ ਛੇ ਆਨੇ ਸ੍ਰ. ਬਘੇਲ ਸਿੰਘ ਦੇ ਹੋਣਗੇ।

**ਸ੍ਰੀ ਅੰਮ੍ਰਿਤਸਰ ਚਿਤ ਇਸ਼ਨਾਨ ਧਰ, ਮੁੜ ਪੜਿਓ ਤਿਸ ਹੀ ਰਾਹਿ॥ ੪੬॥** ਇਸ਼ਨਾਨ ਦਾ ਸਮਾਂ ਭਾਵ ਦੀਪ ਮਾਲਾ ਦਾ ਮੇਲਾ ਆ ਗਿਆ, ਖਾਲਸਾ ਪੰਥ ਦਿੱਲੀ ਦੇ ਸਾਰੇ ਇਲਾਕੇ ਦੀ ਲੁੱਟ-ਮਾਰ ਕਰਕੇ, ਸ੍ਰ. ਬਘੇਲ ਸਿੰਘ ਨੇ ਨਾਲੇ ਖਾਲਸੇ ਪੰਥ ਨੂੰ ਰਜਾਇਆ ਅਤੇ ਨਾਲੇ ਆਪ ਨਾਲ ਹੀ ਨਵਾਬਾਂ ਤੋਂ ਨਜ਼ਰਾਨੇ ਅਤੇ ਪਟੇ ਲਿਖਵਾ ਲਏ ਕਿ ਅੱਗੋਂ ਵਾਸਤੇ ਵੀ ਅਸੀਂ ਦਿੰਦੇ ਰਹਾਂਗੇ, ਇਉਂ ਸ੍ਰ. ਬਘੇਲ ਸਿੰਘ ਦੀ ਸਿਆਣਪ ਦਸਦੇ।

ਸ੍ਰ. ਬਘੇਲ ਸਿੰਘ ਜੀ ਸ੍ਰੀ ਅੰਮ੍ਰਿਤਸਰ ਜੀ ਦੇ ਪਵਿਤ੍ਰ ਸਰੋਵਰ ਵਿਚ ਇਸ਼ਨਾਨ ਦੀ ਇੱਛਾ ਰੱਖ ਕੇ, ਜਿਹੜੇ ਰਾਹ ਗਿਆ ਸੀ ਦਿੱਲੀ ਨੂੰ, ਉਸੇ ਰਾਹ ਹੀ ਵਾਪਸ ਮੁੜ ਪਿਆ, ਸ੍ਰੀ ਅੰਮ੍ਰਿਤਸਰ ਨੂੰ। ੪੬।

**ਇਤ ਸ੍ਰੀ ਗੁਰ ਪੰਥ ਪ੍ਰਕਾਸ਼ ਗ੍ਰੰਥੇ॥**

**ਸਾਖੀ ਸਰਦਾਰ ਬਘੇਲ ਸਿੰਘ ਜੀ ਦੀ ਔ ਦਿਲੀ ਕੇ ਪਾਤਸਾਹਿ ਅਲੀ ਗੌਹਰ ਕੀ ਪੂਰਣੰ॥**

## ਸ੍ਰੀ ਵਾਹਿਗੁਰੂ ਜੀ ਕੀ ਫਤੇ॥

# ਅਥ ਸਾਖੀ ਡੀਗ ਘੁਮੇਰ ਔ ਭਰਤਪੁਰੇ ਕੀ ਲਿਖਯਤੇ॥

### (ਭਰਤਪੁਰੀਏ ਸੂਰਜ ਮੱਲ ਨਾਲ ਮੇਲ ਤੇ ਪੰਜ ਲੱਖ ਟਕਾ ਮਾਮਲਾ ਲੈ ਕੇ ਮਿਸਲਾਂ ਵਿਚ ਵੰਡਿਆ)

***ਦੋਹਰਾ॥ ਜਬ ਖਾਲਸੋ ਦੱਖਣ ਚਲਯੋ, ਮਿਸਲੈਂ ਦਸੇ ਬਣਾਇ॥*** ਡੀਗ, ਰਿਆਸਤ ਭਰਤਪੁਰ ਦਾ ਇਕ ਪੁਰਾਣਾ ਨਗਰ ਹੈ। ਇਹ ਮਥਰਾ ਤੇ ਭਰਤਪੁਰ ਦੇ ਐਨ ਵਿਚਕਾਰ ਸਥਿਤ ਹੈ। ਇਸ ਨਗਰ ਨੂੰ ਡੀਗ ਘੁਮੇਰ ਜਾਂ ਘੁਮੇਰ ਕਹਿੰਦੇ ਹਨ। ਜਦੋਂ ਖਾਲਸਾ ਆਪਣੀਆਂ ਦਸ ਮਿਸਲਾਂ ਬਣਾ ਕੇ ਦੱਖਣ ਦੇਸ਼ ਨੂੰ ਚਲਿਆ।

***ਜਾਇ ਸੂਰਜ ਮਲ ਘੇਰਿਓ, ਡੀਕ ਕੁਮੇਰਹਿ ਮਾਹਿ॥ ੧॥*** (ਡੀਰ ਕੁਮੇਰ) ਜੋ ਅਲੀਗੜ੍ਹ ਦਾ ਕਿਲ੍ਹਾ ਹੈ, ਉਸ ਵਿਚ ਸੂਰਜ ਮੱਲ ਨੂੰ ਜਾ ਘੇਰਿਆ ਹੈ ਖਾਲਸੇ ਨੇ। ੧।

***ਸੱਤ ਲੱਖ ਟਕੇ ਉਨ ਲਿਖ ਘਲੇ ਤੌਂ ਮਿਲਣ ਆਯੋ ਆਪ॥*** ਖਾਲਸੇ ਨੂੰ ਉਸ ਨੇ ਸੱਤ ਲੱਖ ਟਕਾ ਨਜ਼ਰਾਨੇ ਦਾ ਲਿਖ ਕੇ ਭੇਜਿਆ ਕਿ ਮੈਂ ਸੱਤ ਲੱਖ ਟਕਾ ਦੇਵਾਂਗਾ ਖਾਲਸੇ ਨੂੰ ਅਤੇ ਖਾਲਸੇ ਨੂੰ ਮਿਲਣ ਵਾਸਤੇ ਆਪ ਆਇਆ ਹੈ ਸੂਰਜ ਮੱਲ। ਇਹ ਵੀ ਗੁਰੂ ਮਹਾਰਾਜ ਦਾ ਸਿੱਖ ਸੀ।

***ਸੁਨੋਂ ਅਬੈ ਸਯਾਮ ਸਿੰਘ ਸੋਂ ਜਿਮ ਉਸ ਭਯੋ ਮਿਲਾਪ॥ ੨॥*** ਜਿਵੇਂ ਉਸ ਦਾ ਜ. ਸ਼ਾਮ ਸਿੰਘ ਜੀ ਨਾਲ ਮਿਲਾਪ ਹੋਇਆ ਹੈ, ਉਹ ਸਾਰੀ ਵਾਰਤਾ ਸੁਣੋ। ੨।

***ਚੌਪਈ॥ ਸੁਨੋ ਮਿਲਾਪ ਉਸੈ ਕੀ ਬਾਤ॥*** ਉਸ ਸੂਰਜ ਮੱਲ ਦੇ ਖਾਲਸੇ ਪੰਥ ਨਾਲ ਮਿਲਾਪ ਦੀ ਗੱਲ ਸੁਣੋ।

***ਸੋ ਮਿਲਿਓ ਜੱਸਾ ਸਿੰਘ ਕਲਾਲ ਜਾਤ॥*** ਕਲਾਲ ਜਾਤ ਦੇ ਬਾਬਾ ਜੱਸਾ ਸਿੰਘ ਜੀ ਜ. ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨੂੰ ਮਿਲਿਆ ਹੈ ਉਹ, (ਸੂਰਜ ਮੱਲ) (ਸ੍ਰ. ਜੱਸਾ ਸਿੰਘ ਜੀ ਆਹਲੂਵਾਲੀਏ ਚੋਥੇ ਜਥੇਦਾਰ ਸਨ, ਬੁੱਢੇ ਦਲ ਦੇ)

***ਸੋ ਕਹੈ, 'ਸਯਾਮ ਸਿੰਘ ਕੇ ਮੈਂ ਮਿਲਹੋਂ ਗਲੇ॥*** ਕਿਉਂਕਿ ਬੁੱਢੇ ਦਲ ਦੇ ਜਥੇਦਾਰ ਨੂੰ ਆਗਿਆ ਨਹੀਂ ਹੈ ਕਿ ਉਹ ਕਿਸੇ ਨਾਲ ਹੱਥ ਮਿਲਾਏ ਜਾਂ ਕਿਸੇ ਨੂੰ ਗੱਲਵਕੜੀ ਪਾ ਕੇ ਮਿਲੇ, ਇਉਂ ਮਰਯਾਦਾ ਦਸਦੇ ਹਨ। ਉਸ ਭਰਤਪੁਰੀਏ ਰਾਜੇ ਸੂਰਜ ਮੱਲ ਨੇ ਕਿ ਮੈਂ ਤੁਹਾਡਾ ਗੁਰ ਭਾਈ ਹਾਂ। ਗੁਰੂ ਮਹਾਰਾਜ ਮੇਰੇ ਕੋਲ ਆਏ ਸਨ, ਮੈਂ ਵੀ ਉਨ੍ਹਾਂ ਦਾ ਸਿੱਖ ਹਾਂ, ਇਸ ਵਾਸਤੇ ਮੇਰੀ ਤੁਹਾਡੀ ਮੁਲਾਕਾਤ ਹੋਣੀ ਚਾਹੀਦੀ ਹੈ। ਖਾਲਸਾ ਕਹਿੰਦਾ ਠੀਕ ਹੈ, ਕਰ ਲੈ ਤੂੰ ਮੁਲਾਕਾਤ, ਪਰ ਜਥੇਦਾਰ ਨਾਲ ਨਹੀਂ ਤੂੰ ਮਿਲ ਸਕਦਾ। ਉਨ੍ਹਾਂ ਸਿੰਘਾਂ ਨੇ ਕਿਹਾ, ਜ. ਸ਼ਾਮ ਸਿੰਘ ਜੀ ਜੋ ਜ. ਬਾਬਾ ਜੱਸਾ ਸਿੰਘ ਜੀ ਬੁੱਢੇ ਦਲ ਵਾਲਿਆਂ ਦੇ ਸੁਨਹਿਰੀਏ ਹਨ, ਉਨ੍ਹਾਂ ਨਾਲ ਤੂੰ ਮਿਲ ਸਕਦਾ ਹੈਂ। ਸ. ਬਘੇਲ ਸਿੰਘ ਜੀ, ਜ. ਸ਼ਾਮ ਸਿੰਘ ਜੀ ਦੇ ਗੜਵਈ ਸਨ, ਬਘੇਲ ਸਿੰਘ ਉਨ੍ਹਾਂ ਦਾ ਚੇਲਾ ਹੈ। ਆਪਣੀ ਮਿਸਲ ਉਸ ਨੇ ਜ. ਬਘੇਲ ਸਿੰਘ ਨੂੰ ਸੰਭਾਲੀ ਹੋਈ ਹੈ। ਜ. ਸ਼ਾਮ ਸਿੰਘ ਜੀ ਬਾਰ੍ਹਾਂ ਹਜ਼ਾਰ ਸਿੰਘਾਂ ਦਾ ਜੱਥਾ ਲੈ ਕੇ ਪੰਥ ਬੁੱਢਾ ਦਲ ਵਿਚ ਸੇਵਾ ਕਰਦੇ ਸਨ ਅਤੇ ਬਘੇਲ ਸਿੰਘ ਮਿਸਲਾਂ ਦੇ ਸਾਰੇ ਕਾਰਜ਼ ਸਵਾਰਦਾ। ਆਪਸ ਵਿਚੀਂ ਝਗੜੇ ਹੁੰਦੇ ਰਹਿੰਦੇ, ਤਾਂ ਬਘੇਲ ਸਿੰਘ ਇਨਸਾਫ਼ ਕਰਾਉਂਦਾ, ਤਕੜੇ ਨੂੰ ਘੂਰ-ਘੱਪ ਕੇ ਉਸ ਨੂੰ ਡਰਾ ਕੇ ਹਟਾ ਦਿੰਦਾ ਅਤੇ ਦਿੱਲੀ ਤਕ ਮਾਮਲਾ ਉਗਰਾਹਿਆ ਹੈ ਸਾਰਾ, ਜਿਵੇਂ ਦਿੱਲੀ ਦੇ ਬਾਦਸ਼ਾਹ ਨਾਲ ਮੁਲਾਕਾਤ ਹੋਈ, ਇਸ ਤਰ੍ਹਾਂ ਹੀ ਇਹ ਮਿਥਿਆ ਗਿਆ ਹੈ ਕਿ ਸੂਰਜ ਮੱਲ ਨੂੰ ਜ. ਸ਼ਾਮ ਸਿੰਘ ਜੀ ਮਿਲਾਵਾਂਗੇ ਅਸੀਂ ਤਾਂ, ਬਾਬਾ ਜੱਸਾ ਸਿੰਘ ਜੀ ਨੇ ਆਪ ਨਹੀਂ ਮਿਲਣਾ ਹੈ, ਉਹ ਸੂਰਜ ਮੱਲ ਕਹਿਣ ਲੱਗਾ, ਮੈਂ ਜ. ਸ਼ਾਮ ਸਿੰਘ ਦੇ ਗਲੇ ਮਿਲਾਂਗਾ ਗਲਵਕੜੀ ਪਾ ਕੇ।

***ਨਾਹੀਂ ਤੌ ਜਾਊਂ ਘਰ ਮੁੜ ਚਲੇ' ॥ ੩ ॥*** ਖਾਲਸਾ ਜੀ! ਜੇ ਤੁਸੀਂ ਇਸ ਤਰ੍ਹਾਂ ਜੱਫੀ ਪਾ ਕੇ ਮੇਰੇ ਨਾਲ ਨਹੀਂ ਮਿਲੋਗੇ, ਤਾਂ ਮੈਂ ਬਿਨਾਂ ਮਿਲੇ ਹੀ ਆਪਣੇ ਘਰ ਨੂੰ ਮੁੜ ਕੇ ਚਲਿਆ ਜਾਵਾਂਗਾ। ੩।

***ਸਯਾਮ ਸਿੰਘ ਕਹੈ, 'ਮੈ ਮੋਨੋਂ ਮਿਲੌਂ ਨਾਹੀਂ' ॥*** ਜ. ਸ਼ਾਮ ਸਿੰਘ ਜੀ ਕਹਿਣ ਲੱਗੇ, ਉਹ ਤਾਂ ਮੋਨਾ ਹੈ। ਉਸ ਦੇ ਕੇਸ ਕੱਟੇ ਹੋਏ ਹਨ, ਇਸ ਕਰਕੇ ਮੈਂ ਮੋਨੇ ਨਾਲ ਨਹੀਂ ਮਿਲ ਸਕਦਾ। ਮੈਂ ਨਾ ਹੀ ਉਸ ਨਾਲ ਹੱਥ ਮਿਲਾਉਣਾ ਹੈ ਅਤੇ ਨਾ ਹੀ ਗਲੇ ਮਿਲਣਾ ਹੈ।

***ਵਲ ਦੋਊ ਇਮ ਜਿਦੇ ਕਰਾਹੀਂ॥*** ਇਉਂ ਦੋਵੇਂ ਪਾਸਿਆਂ ਤੋਂ ਹੀ ਜ਼ਿਦਾਂ ਕਰਦੇ ਹਨ। ਸੂਰਜ ਮੱਲ ਕਹਿੰਦਾ, ਮੈਂ ਗਲੇ ਮਿਲਣਾ ਹੈ ਅਤੇ ਜ. ਸ਼ਾਮ ਸਿੰਘ ਕਹਿੰਦਾ ਹੈ ਮੈਂ ਮਿਲਣਾ ਨਹੀਂ ਹੈ।

***ਤਊ ਪੰਥ ਨੇ ਅਸ ਠਹਿਰਾਈ॥*** ਤਦ ਪੰਥ ਖਾਲਸੇ ਨੇ ਇਸ ਤਰ੍ਹਾਂ ਬਚਨ ਤਹਿ ਕਰ ਲਿਆ ਹੈ ਆਪਸ ਵਿਚੀਂ।

***'ਲਵਾਇ ਤਨਖਾਹਿ ਲਯੋ ਪੰਥ ਬਖ਼ਸ਼ਾਈ' ॥ ੪ ॥*** ਜ. ਸ਼ਾਮ ਸਿੰਘ ਨੂੰ ਸਿੰਘਾਂ ਨੇ ਕਿਹਾ, 'ਜਥੇਦਾਰ ਜੀ! ਤੁਸੀਂ ਸੂਰਜ ਮੱਲ ਨਾਲ ਮਿਲ ਕੇ, ਪਿੱਛੋਂ ਬਿਬੇਕ ਲੁਆ ਲਓ। ਤਨਖ਼ਾਹ ਲਵਾ ਕੇ ਪੰਥ ਤੋਂ ਬਖ਼ਸ਼ਾ ਲਉ। ਆਪਣੇ ਆਪ ਨੂੰ ਅਰਦਾਸ ਕਰਵਾ ਲਉ। ਪੰਥ ਦੇ ਜਥੇਦਾਰ ਨੂੰ ਹੁਕਮ ਨਹੀਂ ਹੈ, ਕਿਸੇ ਦੇ ਨਾਲ ਹੱਥ ਮਿਲਾ ਕੇ ਜਾਂ ਗਲੇ ਮਿਲਣ ਦਾ। ਇਹ ਮਰਯਾਦਾ ਹੈ ਗੁਰੂ ਪੰਥ ਦੀ। ਜ. ਸ਼ਾਮ ਸਿੰਘ ਜੀ ਜ. ਬਾਬਾ ਜੱਸਾ ਸਿੰਘ ਜੀ ਬੁੱਢੇ ਦਲ ਦੇ ਸੁਨਹਿਰੀਏ ਸਨ, ਉਹ ਕਹਿੰਦੇ ਅਸੀਂ ਨਹੀਂ ਮਿਲਣਾ ਹੈ। ੪।

***ਕਹੀ ਪੰਥ ਸਯਾਮ ਸਿੰਘ ਮੰਨ ਲਈ॥*** ਜਿਵੇਂ ਖਾਲਸੇ ਪੰਥ (ਬੁੱਢੇ ਦਲ) ਨੇ ਹੁਕਮ ਕੀਤਾ, ਜ. ਸ਼ਾਮ ਸਿੰਘ ਨੇ ਮਨਜ਼ੂਰ ਕਰ ਲਿਆ ਹੈ।

***ਸੂਰਜ.ਮਲ ਬਹੁ ਖੁਸ਼ੀ ਮਨ ਭਈ॥*** ਸੂਰਜ ਮੱਲ ਦੇ ਮਨ ਵਿਚ ਬੜੀ ਖੁਸ਼ੀ ਹੋਈ ਹੈ ਕਿਉਂਕਿ ਅਗਾਂਹ ਫੈਸਲਾ ਹੀ ਮੁੱਕ ਗਿਆ ਹੈ ਕਿ ਜਿਸ ਨੂੰ ਭਰਾ ਬਣਾ ਲਿਆ, ਫਿਰ ਅੱਗੇ ਨੂੰ ਕਿਉਂ ਘੇਰੇਗਾ ਖਾਲਸਾ, ਜਿਸ ਦੇ ਗਲ ਲਗ ਕੇ ਮਿਲ ਗਏ, ਜੇ ਮੇਰੇ 'ਤੇ ਕੋਈ ਚੜ੍ਹ ਕੇ ਆਵੇਗਾ, ਤਾਂ ਖਾਲਸਾ ਪੰਥ ਮੇਰੀ ਮਦਦ 'ਤੇ ਹੋਵੇਗਾ, ਜਿਸ ਨੂੰ ਭਰਾ ਬਣਾ ਲਈਏ, ਫੇਰ ਉਸ ਦੀ ਖ਼ਾਤਰ ਸਭ ਕੁਛ ਕਰਨਾ ਪੈਂਦਾ ਹੈ।

***'ਅਬ ਮੈਂ ਮਿਲੇ ਪੰਥ ਵਡ ਭਯੋ' ॥*** ਸੂਰਜ ਮੱਲ ਕਹਿਣ ਲੱਗਾ, ਹੁਣ ਮੈਂ ਪੰਥ ਨੂੰ ਮਿਲ ਕੇ ਵੱਡਾ ਹੋ ਗਿਆ ਹਾਂ।

***ਸੱਤ ਲੱਖ ਮੋਰੇ ਕੰਮ ਅਯੋ' ॥ ੫ ॥*** ਇਹ ਸੱਤ ਲੱਖ ਟਕਾ ਜੋ ਮੈਂ ਖਾਲਸੇ ਪੰਥ ਨੂੰ ਨਜ਼ਰਾਨਾ ਦਿੱਤਾ, ਮੇਰੇ ਕੰਮ ਆਇਆ ਤੁਸੀਂ ਮੇਰੇ ਰਾਖੇ ਬਣ ਗਏ ਹੋ, ਸਾਰੇ ਮੇਰੀ ਮਦਦ 'ਤੇ ਹੋ ਗਏ ਹੋ। ੫।

***ਦੋਹਰਾ॥ ਆਗੇ ਖਾਲਸੋ ਪੰਥ ਬਹਿ ਸਰਬਤ ਲਾਇ ਦਿਵਾਨ॥*** ਅੱਗੇ ਖਾਲਸੇ ਪੰਥ ਨੇ ਦੀਵਾਨ ਸਜਾਇਆ ਹੈ, ਸਰਬੱਤ ਖਾਲਸਾ ਦੀਵਾਨ ਵਿਚ ਆ ਕੇ ਸਜਿਆ।

***ਸੌ ਜੋੜੀ ਘੋੜੇ ਲੈ ਅਯੋ ਸੁਨਹਿਰੀ ਸਾਜ ਲਵਾਨ॥ ੬॥*** ਸੌ ਜੋੜੀਆਂ ਘੋੜਿਆਂ ਦੀਆਂ ਜਿਨ੍ਹਾਂ ਉੱਤੇ ਸੁਨਹਿਰੀ ਕੰਮ ਕੀਤੇ ਵਾਲੀਆਂ ਕਾਠੀਆਂ, ਉਹ ਲਿਆ ਕੇ ਹਾਜ਼ਰ ਕੀਤੇ ਸੂਰਜ ਮੱਲ ਨੇ। ੬।

***ਚੌਪਈ॥ ਇਤੇ ਸਯਾਮ ਸਿੰਘ ਉੱਠ ਖਲੋਯੋ॥*** ਜਦੋਂ ਰਾਜਾ ਸੂਰਜ ਮੱਲ ਪੰਥ ਵਿਚ ਆਇਆ ਤਾਂ ਉਸ ਨੂੰ ਮਿਲਣ ਵਾਸਤੇ ਜ. ਸ਼ਾਮ ਸਿੰਘ ਜੀ ਉੱਠ ਕੇ ਖਲੋ ਗਏ।

***ਮਿਲੇ ਗਨੇ ਇਮ ਕੁਸ਼ਲ ਪੁਛਯੋ॥*** ਰਾਜਾ ਸੂਰਜ ਮੱਲ ਭਰਤਪੁਰੀਆ 'ਤੇ ਜ. ਸ਼ਾਮ ਸਿੰਘ ਜੀ ਆਪਸ ਵਿਚ ਗਲੇ ਮਿਲੇ ਅਤੇ ਇਕ ਦੂਜੇ ਨੂੰ ਇਉਂ ਰਾਜੀ ਖੁਸ਼ੀ ਪੁੱਛੀ।

***ਫਿਰ ਰਾਜਾ ਕਹਿ ਪਾਸ ਬਹਾਯੋ॥*** ਫਿਰ ਰਾਜੇ ਨੂੰ ਆਪਣੇ ਕੋਲ ਬਿਠਾ ਲਿਆ, ਸ੍ਰ. ਸ਼ਾਮ ਸਿੰਘ ਜੀ ਨੇ।

***ਕਰ ਰੱਯਤ ਸਿਰ ਮਾਮਲੋ ਠਹਿਰਾਯੋ॥ ੭॥*** ਸੂਰਜ ਮੱਲ ਨੂੰ ਆਪਣੀ ਰੱਯਤ ਕਰ ਕੇ ਉਸ ਦੇ ਸਿਰ 'ਤੇ ਮਾਮਲਾ

ਠਹਿਰਾਇਆ, ਉਸ ਦੇ ਨਾਲ ਮਾਮਲਾ ਤਹਿ ਕੀਤਾ ਹੈ ਕਿ ਇਤਨਾ ਮਾਮਲਾ ਲਵਾਂਗੇ ਤੇਰੇ ਕੋਲੋਂ। ੭।

***ਲਾਖ ਰੁਪੱਯੋ ਤਿਸ ਛੱਡ ਦਯੋ॥*** ਉਸ ਨੂੰ ਇਕ ਲੱਖ ਰੁਪਈਆ ਮੁਆਫ਼ ਕਰ ਦਿੱਤਾ।

***ਸਿਰੋਪਾਉ ਦੈ ਵਿਦਾ ਸੁ ਕਯੋ॥*** ਉਸ ਨੂੰ ਸਿਰੋਪਾ ਦੇ ਕੇ ਵਿਦਿਆ ਕਰ ਦਿੱਤਾ ਘਰ ਨੂੰ।

***ਦਯੋ ਛਡਾਯੋ ਰਾਣੀ ਕਹਿ ਨਾਇ॥*** ਜਦੋਂ ਸੂਰਜ ਮੱਲ ਨੇ ਖਾਲਸੇ ਨੂੰ ਆਪਣਾ ਭਰਾ ਬਣਾ ਲਿਆ ਕਿ ਤੁਸੀਂ ਮੇਰੇ ਹੋ, ਤਾਂ ਰਾਜੇ ਦੀ ਰਾਣੀ ਭਰਜਾਈ ਲੱਗੀ, ਜਿਵੇਂ ਭਰਜਾਈ ਨੂੰ ਘੁੰਢ ਚੁਕਾਈ ਦੇ ਪੈਸੇ ਦੇਈਦੇ ਹਨ, ਉਹ ਮਰਯਾਦਾ ਕਰਕੇ, ਰਾਣੀ ਦੇ ਨਾਂ ਦਾ ਇਕ ਲੱਖ ਰੁਪੱਈਆ ਛੱਡ ਦਿੱਤਾ ਹੈ, ਰਾਜੇ ਸੂਰਜ ਮੱਲ ਨੂੰ ਖਾਲਸੇ ਨੇ।

***ਕਹੈ ਨ ਪੰਥ ਹਮ ਬਿਰਥੀ ਛਡਾਇ॥ ੮॥*** ਕਿ ਪੰਥ ਇਉਂ ਨਾ ਆਖੇ, ਇਸ ਨੂੰ ਲੱਖ ਰੁਪਿਆ ਬਿਰਥਾ ਹੀ ਛੱਡ ਦਿੱਤਾ ਹੈ। ਰਾਜੇ ਨੇ ਸਾਨੂੰ ਭਰਾ ਬਣਾਇਆ ਹੈ, ਇਸ ਕਰਕੇ ਅਸੀਂ ਭਰਜਾਈ ਨੂੰ ਲੱਖ ਰੁਪਈਆ ਛੱਡਦੇ ਹਾਂ। ੮।

***ਤੀਨ ਲੱਖ ਰਾਜੇ ਤੁਰਤ ਦਏ॥*** ਤਿੰਨ ਲੱਖ ਰੁਪਿਆ ਮਾਮਲਾ ਰਾਜੇ ਨੇ ਤੁਰੰਤ ਹੀ ਹਾਜ਼ਰ ਕੀਤਾ ਹੈ।

***ਦੋਇ ਲੱਖ ਹੁਤੀ ਕਿਛ ਮੁੱਦਤ ਕਏ॥*** ਬਾਕੀ ਦੋ ਲੱਖ ਰੁਪਿਆ ਦੇਣ ਦਾ ਕੁਛ ( ਮੁਦਤ) ਸਮਾਂ ਨੀਅਤ ਕਰ ਲਿਆ ਕਿ ਫਲਾਨੇ ਸਮੇਂ ਮੈਂ ਦੇਵਾਂਗਾ।

***ਤਊ ਰੁੱਪਯੋ ਤਿੰਨ ਲਖ ਆਯਾ॥*** ਤਦ ਤਿੰਨ ਲੱਖ ਰੁਪਿਆ ਖਾਲਸੇ ਦੇ ਹੱਥ ਆਇਆ।

***ਡੇਰੇ ਸਯਾਮ ਸਿੰਘ ਮਲ ਸੂਰਜ ਘਲਾਯਾ॥ ੯॥*** ਰਾਜੇ ਸੂਰਜ ਮੱਲ ਨੇ ਜ. ਸ਼ਾਮ ਸਿੰਘ ਦੇ ਡੇਰੇ ਤਿੰਨ ਲੱਖ ਰੁਪਿਆ ਘਲਾ ਦਿੱਤਾ। ੯।

***ਤਿਸਕੀ ਬਾਂਟ ਕਰਨ ਪੰਥ ਡਹਯੋ॥*** ਉਸ ਰੁਪਏ ਦੀ ਪੰਥ ਆਪਸ ਵਿਚ ਵੰਡ ਕਰਨ ਲੱਗਾ ਝਗੜ ਪਿਆ।

***ਕਰਤ ਝਗਰੋ ਉਤ ਦੁਇ ਲਖ ਗਹਯੋ॥*** ਸਿੰਘਾਂ ਨੇ ਝਗੜਾ ਕਰਦਿਆਂ-ਕਰਦਿਆਂ ਰਾਜੇ ਤੋਂ ਉਧਰੋਂ ਦੋ ਲੱਖ ਰੁਪਿਆ ਫੜ ਲਿਆ ਹੈ, ਰੱਖ ਲਿਆ ਹੈ।

***ਫੇਰ ਸੁਨੋ ਜਿਮ ਵਹਿ ਝਗਰੋ ਮੁਕਯੋ॥*** ਕਿਉਂਕਿ ਮਾਇਆ ਮੋਹਣੀ ਹੁੰਦੀ ਹੈ। ਸਾਰੇ ਲਾਲਚ ਕਰਦੇ ਸਾਨੂੰ ਜ਼ਿਆਦਾ ਰੁਪਿਆ ਮਿਲੇ, ਫਿਰ ਜਿਵੇਂ ਉਹ ਝਗੜਾ ਮੁੱਕਿਆ ਉਹ ਸੁਣੋ।

***ਸਭੀ ਬਾਤ ਮੈਂ ਅਬ ਲਿਖ ਦਯੋਂ॥ ੧੦॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਹੁਣ ਮੈਂ ਉਹ ਸਾਰੀ ਵਾਰਤਾ ਲਿਖ ਦਿੰਦਾ ਹਾਂ, ਕਿਵੇਂ ਫੈਸਲਾ ਹੋਇਆ ਹੈ ਪੰਥ ਵਿਚ। ੧੦।

***ਦੋਹਰਾ॥ ਕੋਊ ਕਹੈ, 'ਮਿਸਲੋ ਬੰਡੋ', ਕੋਊ ਕਹੈ, 'ਬੰਡੋ ਫੌਜ ਦੇਖ'॥*** ਕੋਈ ਕਹਿੰਦਾ ਹੈ ਕਿ ਮਿਸਲਾਂ ਦੇ ਹਿਸਾਬ ਵੰਡ ਦਿਉ, ਕੋਈ ਕਹਿੰਦਾ ਇਹ ਨਹੀਂ ਹੋਣਾ, ਜਿਸ ਦੇ ਕੋਲ ਫ਼ੌਜ ਜ਼ਿਆਦਾ ਹੈ, ਉਸ ਨੂੰ ਫ਼ੌਜ ਦੇ ਹਿਸਾਬ ਨਾਲ ਜ਼ਿਆਦਾ ਦਿਉ। ਜਿਸ ਦੇ ਕੋਲ ਥੋੜ੍ਹੀ ਫ਼ੌਜ ਹੈ, ਉਸ ਨੂੰ ਥੋੜ੍ਹੀ ਰਕਮ ਮਿਲੇ।

***ਆਪੋ ਆਪਣੇ ਮਤਲਬੀ ਬੋਲ ਮਚਾਵੈਂ ਖੇਖ॥ ੧੧॥*** ਆਪੋ ਆਪਣੇ ਮਤਲਬ ਵਾਸਤੇ ਐਵੇਂ (ਖੇਖ) ਵਾਧੂ ਦਾ ਸ਼ੋਰ ਮਚਾਉਂਦੇ। ੧੧।

***ਦੁਇ ਲੱਖ ਖੋਇ ਜਿਮ ਫਿਰ ਬੰਡੇ ਸੋ ਬਿਧ ਦਿਓਂ ਸੁਨਾਇ॥*** ਦੋ ਲੱਖ ਰੁਪਿਆ ਗਵਾ ਕੇ ਜਿਵੇਂ ਫੇਰ ਵੰਡਿਆ ਹੈ, ਉਹ ਤਰੀਕਾ ਮੈਂ ਸੁਣਾ ਦਿੰਦਾ ਹਾਂ।

***ਮਿਸਲੋਂ ਦਸ ਜਿਮ ਕਰ ਵੰਡੇ ਬਡ ਛੋਟੀ ਕਰ ਸਮਝਾਇ॥ ੧੨॥*** ਛੋਟੀਆਂ ਵੱਡੀਆਂ ਦਸ ਮਿਸਲਾਂ ਵਿਚ ਜਿਵੇਂ ਵੰਡਿਆ ਹੈ ਸਮਝਾ ਕੇ। ੧੨।

***ਚੌਪਈ॥ ਪ੍ਰਿਥਮ ਪੰਝੀ ਹਜ਼ਾਰ ਰਖ ਦਸਵੰਧ ਲਯੋ॥*** ਸਭ ਤੋਂ ਪਹਿਲਾਂ ਉਸ ਤਿੰਨ ਲੱਖ ਵਿੱਚੋਂ ਪੰਝੀ ਹਜ਼ਾਰ ਰੁਪਿਆ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਸਤੇ ਦਸਵੰਧ ਦਾ ਰੱਖ ਲਿਆ।

***ਸ੍ਰੀ ਅੰਮ੍ਰਿਤਸਰ ਟਹਿਲ ਹਿਤ ਕਢੇ॥*** ਸ੍ਰੀ ਅੰਮ੍ਰਿਤਸਰ ਦੀ ਸੇਵਾ ਵਾਸਤੇ ਕਰਨ ਵਾਸਤੇ ਕੱਢ ਲਿਆ।

***ਜੋ ਅਹਿਮਦ ਗਿਲਜੋ ਗਯੋ ਢਾਹਿ॥*** ਜੋ ਅਹਿਮਦ ਸ਼ਾਹ ਅਬਦਾਲੀ ਢਾਹ ਗਿਆ ਸੀ ਦਰਬਾਰ ਸਾਹਿਬ।

***ਅਕਾਲ ਬੁੰਗੋ ਲੀਓ ਦ੍ਰਬਾਰ ਸਜਾਇ॥ ੧੩॥*** ਸ੍ਰੀ ਆਕਲ ਬੁੰਗੇ ਦਰਬਾਰ ਸਜਾ ਲਿਆ ਖਾਲਸੇ ਨੇ। ੧੩।

***ਔ ਗਿਰਦ ਪੌੜੀ ਔ ਗੁਰ ਠੌਰ॥*** ਅਤੇ ਸਰੋਵਰ ਦੇ ਦੁਆਲੇ ਦੀ ਪੌੜੀਆਂ ਅਤੇ ਗੁਰੂ ਦੀ ਥਾਂ ਸ੍ਰੀ ਮੰਜੀ ਸਾਹਿਬ।

***ਸੌਂਪ ਮਸੰਦਨ ਗੁਰ ਠੌਰ ਕਰੀ ਗੌਰ॥*** ਖਾਲਸੇ ਨੇ ਗੁਰ ਅਸਥਾਨ ਦੀ ਸੇਵਾ ਪੁਜਾਰੀਆਂ ਨੂੰ ਸੌਂਪ ਕੇ ਬੜੀ ਗੌਰ ਕੀਤੀ।

***ਪੁਨ ਅੱਧੇ ਟਕੇ ਦਲ ਬ੍ਰਿਧ ਰਖ ਲਏ॥*** ਬਾਕੀ ਰੁਪਿਆਂ ਵਿੱਚੋਂ ਅੱਧੇ ਰੁਪਏ ਬੁੱਢੇ ਦਲ ਨੇ ਰੱਖ ਲਏ।

***ਅੱਧੇ ਮਝੈਲ ਤਰਨ ਦਲ ਦਏ॥ ੧੪॥*** ਅੱਧੇ ਰੁਪਏ ਜੋ ਮਝੈਲਾਂ ਦੀਆਂ ਮਿਸਲਾਂ ਸਨ ਤਰਨੇ ਦਲ, ਉਨ੍ਹਾਂ ਨੂੰ ਵੰਡ ਦਿੱਤੇ। ੧੪।

***ਤਿਨ ਮੱਧ ਤੀਨ ਮਿਸਲ ਸਮ ਭਈ॥*** ਉਨ੍ਹਾਂ ਵਿਚ ਤਿੰਨ ਮਿਸਲਾਂ ਇਕ ਬਰਾਬਰ ਹੋਈਆਂ।

***ਸੁਕ੍ਰਚਕਏ, ਰਾਮਗੜ੍ਹੀਏ, ਕਨ੍ਹਈ॥*** ਸ਼ੁਕਰਚੱਕੀਏ, ਰਾਮਗੜ੍ਹੀਏ ਤੇ ਕਨ੍ਹਈਏ, ਇਹ ਤਿੰਨੇ ਮਿਸ਼ਲਾਂ ਗਿਣਤੀ ਵਿਚ ਇਕ ਬਰਾਬਰ ਸਨ।

***ਚੌਥੇ ਭੰਗੀ ਸਵਾਏ ਠਏ॥*** ਚੌਥੀ ਮਿਸਲ ਭੰਗੀਆਂ ਦੀ ਗਿਣਤੀ ਉਸ ਤੋਂ ਘੱਟ ਹੋਈ।

***ਪੰਜਮ ਪੌਣੇ ਨਕਈ ਠਹਿਰਏ॥ ੧੫॥*** ਪੰਜਵੀ ਨਕਈਆਂ ਦੀ ਮਿਸਲ ਸੀ, ਉਹ ਗਿਣਤੀ ਹਿਸਾਬ ਨਾਲ ਪੌਣੇ ਠਹਿਰਾਏ। ੧੫।

***ਤਿਮ ਸਯਾਮ ਸਿੰਘ ਭਈ ਫੌਜ ਸਵਾਈ॥*** ਉਵੇਂ ਸ੍ਰ. ਸ਼ਾਮ ਸਿੰਘ ਦੀ ਫ਼ੌਜ ਵੀ ਜ਼ਿਆਦਾ ਸੀ।

***ਬਾਰੈ ਹਜ਼ਾਰ ਗਿਣਤੀ ਤਿਸ ਆਈ॥*** ਉਸ ਦੀ ਫ਼ੌਜ ਬਾਰ੍ਹਾਂ ਹਜ਼ਾਰ ਦੀ ਗਿਣਤੀ ਵਿਚ ਆਈ ਸੀ ਉਥੇ।

***ਤਿੰਨ ਲਖ ਪੌਣੀ ਸੰਗਤ ਸਿੰਘੀਅਨ ਮਿਲਵਾਈ॥ ੧੬॥*** ਤਿੰਨ ਲੱਖ 'ਚੋਂ ਪੌਣੇ ਹਿੱਸੇ ਦੀ ਰਕਮ ਸੰਗਤ ਸਿੰਘੀਆਂ ਦੇ ਵਰਤਾਰੇ ਆਈ ਹੈ। ੧੬।

***ਦੋਹਰਾ॥ ਤੀਜੇ ਮਿਸਲ ਡਲੇਵਾਲ ਬਡ ਬਧੀ ਦੇਸ਼ ਦੁਵਾਬੇ ਮਾਂਹਿ॥*** ਤੀਜੀ ਵੱਡੀ ਮਿਸਲ ਡੱਲਵਾਲੀਆਂ ਦੀ ਸੀ, ਜਿਹੜੀ ਦੁਆਬੇ ਵਿਚ ਵਧੀ ਹੋਈ ਸੀ, ਦੂਰ ਤੱਕ ਉਨ੍ਹਾਂ ਦਾ ਰਾਜ ਸੀ।

***ਜਿਸ ਮਾਝੈ ਮਧ ਨਹਿਂ ਬਡ ਜਗ੍ਹਾ ਇਕ ਢਾਬਾਂਵਾਲ ਸੁ ਜਾਹਿ॥ ੧੭॥*** ਜਿਸ ਦੀ ਮਾਝੇ ਵਿਚ ਕੋਈ ਵੱਡੀ ਜਗ੍ਹਾ ਨਹੀਂ ਸੀ, ਇਕ ਢਾਬਾਂਵਾਲਾ ਪਿੰਡ ਸੀ, ਉਹ ਇਕ ਇਨ੍ਹਾਂ ਦੇ ਰਕਬੇ ਵਿਚ ਸੀ। ੧੭।

***ਚੌਪਈ॥ ਚੌਥੀ ਮਿਸਲ ਸਿੰਘਪੁਰੀਏ ਆਹਿ॥*** ਚੌਥਾ ਨਾਮ ਸਿੰਘ ਪੁਰੀਆਂ ਦੀ ਮਿਸਲ ਦਾ ਆਇਆ ਹੈ।

***ਆਹਲੂਵਾਲੀਏ ਹੈਂ ਜਿਸ ਮਾਂਹਿ॥*** ਜਿਸ ਦੇ ਵਿਚ ਆਹਲੂਵਾਲੀਏ ਸਰਦਾਰ ਵੀ ਨਾਲ ਹੀ ਸਨ, ਆਹਲਵਾਲੀਆ ਮਿਸਲ ਵਿਚ ਜ. ਬਾਬਾ ਜੱਸਾ ਸਿੰਘ ਜੀ ਆਉਂਦੇ ਹਨ। ਸਿੰਘ ਪੁਰੀਆ ਮਿਸਲ ਨਵਾਬ ਕਪੂਰ ਸਿੰਘ ਦੀ ਹੈ। ਜਦੋਂ ਅਨੰਦਪੁਰ ਸਾਹਿਬ ਨੂੰ ਜਾਈਦਾ ਹੈ, ਤਾਂ ਰਸਤੇ ਵਿਚ ਭਰਤਗੜ੍ਹ ਦਾ ਕਿਲ੍ਹਾ ਆਉਂਦਾ ਹੈ, ਉਹ ਸਾਰਾ ਇਲਾਕਾ ਸਿੰਘ ਪੁਰੀਆਂ ਕੋਲ ਸੀ।

***ਪੰਚਸ ਚੁਗ ਗਿਣ ਮਿਸਲ ਬਨਾਈ ਸੋਇ॥*** ਪੰਜਵੀਂ ਮਿਸਲ ਗਿਣ ਕੇ ਚੁਣ-ਚੁਣ ਕੇ ਮਿਸਲ ਬਣਾਈ ਹੈ ਖਾਲਸੇ ਨੇ।

***ਅੰਮ੍ਰਿਤਸਰੀਏ ਸਿੰਘ ਕਹਾਵਤ ਥੋਇ॥ ੧੮॥*** ਉਹ ਅੰਮ੍ਰਿਤਸਰੀਏ ਕਹਾਉਂਦੇ ਸਨ, ਅੰਮ੍ਰਿਤਸਰੀ ਜਥੇ ਵਿਚ ਪੜ੍ਹਨ ਪੜ੍ਹਾਉਣ ਵਾਲੇ ਸਿੰਘ ਰਹਿੰਦੇ ਸਨ। ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਕੁੱਪ-ਰਹੀੜੇ ਕੁਤਬੇ ਬਾਮ੍ਹਣੀ ਵਾਲਾ ਵੱਡਾ ਘੱਲੂਘਾਰਾ ਕੀਤਾ, ਉਦੋਂ ਇਹ ਬੇ-ਹਥਿਆਰ ਸਨ। ਉਸ ਤੋਂ ਬ਼ਾਅਦ ਅੰਮ੍ਰਿਤਸਰੀਆ ਜਥਾ ਵੀ ਹਥਿਆਰਬੰਦ ਹੋ ਗਿਆ ਸੀ, ਅੱਜ-ਕਲ੍ਹ ਵੀ ਸ੍ਰੀ ਅੰਮ੍ਰਿਤਸਰ ਵਿਚ ਗੁਰਮਤਿ ਦੀ ਪੜ੍ਹਾਈ ਵਾਲਾ ਜੱਥਾ ਸਤੋ ਵਾਲੀ ਗਲੀ ਵਿਚ ਨਿਵਾਸ ਰੱਖਦਾ ਹੈ। ੧੮।

***ਔਰ ਨਿਹੰਗ ਭੁਜੰਗ ਸ਼ਹੀਦ ਭਟ ਥੋਇ॥*** ਹੋਰ ਜਿਹੜੇ ਨਿਹੰਗ ਭੁਜੰਗ ਸ਼ਹੀਦ ਸਿੰਘ ਜਿਨ੍ਹਾਂ ਨੂੰ ਕਹਿੰਦੇ ਹਨ, (ਭੱਟ) ਸੂਰਮੇ, ਇਨ੍ਹਾਂ ਦੀ ਮਿਸਲ ਸ਼ਹੀਦਾਂ ਵਾਲੀ ਜਿਸ ਕਹਿੰਦੇ ਸਨ, ਜਿਸ ਦੇ ਮੁਖੀ ਬਾਬਾ ਦੀਪ ਸਿੰਘ ਜੀ , ਕਰਮ ਸਿੰਘ ਜੀ ਆਦਿਕ ਹੋਏ ਹਨ। ਜਿਹੜੇ ਐਸੇ ਸੂਰਬੀਰ ਸਿਰੋਂ ਪਰ੍ਹੇ ਡੇਰੇ ਰੱਖਣ ਵਾਲੇ, ਸਿਰ ਤਲੀਆਂ 'ਤੇ ਰੱਖਣ ਵਾਲੇ, ਜਿਨ੍ਹਾਂ ਦੇ ਧੜ ਬਿਨਾਂ ਸਿਰ ਤੋਂ ਲੜਦੇ ਸਨ। ਇਹ ਹਰ ਗੱਲ ਤੋਂ ਅਜ਼ਾਦ ਸਨ, ਇਹ ਕਿਸੇ ਸਰਦਾਰ ਦੀ ਸਰਦਾਰੀ ਹੇਠਾਂ ਨਹੀਂ ਸਨ, ਕਿਉਂਕਿ ਇਨ੍ਹਾਂ ਨੇ ਕਿਹੜਾ ਕੋਈ ਤਨਖ਼ਾਹ ਲੈਣੀ ਸੀ ਜਾਂ ਕੋਈ ਲਾਲਚ ਸੀ, ਬਿਹੰਗਮ ਹੀ ਸਨ ਸਾਰੇ। ਸਾਰੇ ਸਿੰਘ ਗੁਰੂ ਗੁਰੂ ਹੀ ਜਪਣ ਵਾਲੇ ਸਨ, ਜੋ ਜਤੀ, ਸਤੀ ਬਿਹੰਗਮ ਸਿੰਘ ਜਿਹੜੇ ਬਿਨਾਂ ਕਿਸੇ ਲਾਲਸਾ ਤੋਂ ਸੇਵਾ ਕਰਨ ਵਾਲੇ ਸਨ, ਨਿਸ਼ਕਾਮ ਸੇਵਾ ਸੀ ਇਨ੍ਹਾਂ ਸਿੰਘਾਂ ਦੀ। ਇਹ ਸਾਰੇ ਸਿੰਘ ਬ੍ਰਹਮ-ਗਿਆਨੀ ਸਨ, ਬਿਨਾਂ ਸਿੰਘਾਂ ਤੋਂ ਲੜਨ ਵਾਲੇ ਸਨ।

***ਸੋਢੀ, ਬੇਦੀ ਤੇਹਣ, ਭੱਲੇ ਸੋਇ॥*** ਉਹ ਸਾਰੀਆਂ ਗੁਰੂ ਕੀ ਕੁਲਾਂ ਸੋਢੀਆਂ, ਬੇਦੀਆਂ, ਤੇਹਣਾਂ, ਅਤੇ ਭੱਲਿਆਂ ਵਿੱਚੋਂ ਸਨ।

***ਇਮ ਦਸ ਮਿਸਲਨ ਟਕੇ ਬ੍ਰਤਾਏ॥*** ਇਉਂ ਦਸ ਮਿਸਲਾਂ ਨੂੰ ਸਭ ਟਕੇ ਵਰਤਾ ਦਿੱਤੇ ਹਨ ਖਾਲਸੇ ਨੇ।

***ਦਸ ਮਿਸਲੋ ਜਿਮ ਜਾਦਵ ਕ੍ਰਿਸ਼ਨ ਬਨਾਏ॥ ੧੯॥*** ਜਿਵੇਂ ਭਗਵਾਨ ਸ੍ਰੀ ਕ੍ਰਿਸ਼ਨ ਨੇ ਆਪਣੀ ਜਾਦਵਾਂ ਦੀ ਕੁਲ ਦੇ ਦਸ ਹਿੱਸੇ ਬਣਾਏ ਸਨ ਫ਼ੌਜ ਦੇ, ਭਾਵ ਦਸ ਜਥੇ ਬਣਾ ਕੇ ਲੜੇ ਸਨ ਉਹ। ੧੯।

***ਜਿਮ ਕਾਲ ਜਮਨੇ ਜਾਦਵ ਨਠਾਹਿ॥*** ਕਾਲ ਜਮਨ ਇਕ ਰਾਜਾ ਹੋਇਆ ਹੈ ਕਾਬਲ ਦਾ। ਉਹ ਮਲੇਛ ਰਾਜਾ ਹੋਇਆ ਹੈ, ਪਠਾਣ ਸੀ ਉਹ। ਕਾਲ ਜਮਨ ਦੇ ਕੋਲ ਇਤਨੀ ਫ਼ੌਜ ਸੀ, ਜਿਥੋਂ ਉਹ ਜਾ ਕੇ ਰਾਤ ਕੱਟਦਾ ਸੀ, ਉਸ ਦੀ ਫ਼ੌਜ ਦੇ ਘੋੜਿਆਂ ਦੇ ਪਿਸ਼ਾਬ ਨਾਲ ਇਕ ਨਦੀ ਬਹਿ ਤੁਰਦੀ ਸੀ। ਭਾਵ ਕਰੋੜਾਂ ਦੇ ਹਿਸਾਬ ਨਾਲ ਇਸ ਦੇ ਨਾਲ ਦਲ ਆਇਆ ਸੀ ਚੜ੍ਹ ਕੇ। ਜਿਸਨੂੰ ਕ੍ਰਿਸ਼ਨ ਭਗਵਾਨ ਤੇ ਬਲਰਾਮ ਦੋਹਾਂ ਭਰਾਵਾਂ ਨੇ ਰਲ ਕੇ ਨਾਸ ਕੀਤਾ ਸੀ। ਲੜਕੇ, ਯੁੱਧ ਕਰਕੇ, ਜਿਵੇਂ ਕਾਲ ਜਮਨ ਨੇ ਯਾਦਵਾਂ ਨੂੰ ਕਈ ਵਾਰੀ ਭਜਾਇਆ ਸੀ, ਰਣ ਮੈਦਾਨ ਵਿੱਚੋਂ।

***ਤਿਮ ਗਿਲਜੇ ਤੇ ਸਿੰਘ ਨਠ ਜਾਹਿ॥*** ਓਵੇਂ ਹੀ ਖਾਲਸੇ ਦਾ ਕਾਲ ਜਮਨ ਅਹਿਮਦ ਸ਼ਾਹ ਅਬਦਾਲੀ ਹੈ, ਜਿਹੜਾ ਕਾਬਲ ਤੋਂ ਲੱਖਾਂ ਦੀ ਗਿਣਤੀ ਵਿਚ ਫ਼ੌਜ ਲੈ ਕੇ ਆਉਂਦਾ ਹੈ। ਜਦੋਂ ਕਾਲ ਜਮਨ ਆਉਂਦਾ ਸੀ ਕ੍ਰਿਸ਼ਨ ਭਗਵਾਨ ਹੋਰੀਂ ਉਦੋਂ ਹੀ ਨੱਠ ਜਾਂਦੇ ਸਨ, ਮਥਰਾ ਛੱਡ ਕੇ ਪਹਾੜਾਂ ਜੰਗਲਾਂ ਵਿਚ ਚਲੇ ਜਾਂਦੇ ਸੀ, ਨਿਕਲ ਜਾਂਦੇ ਸਨ। ਉਸੇ ਤਰ੍ਹਾਂ ਜਦੋਂ ਅਬਦਾਲੀ ਆਉਂਦਾ ਹੈ, ਖਾਲਸਾ ਪੰਥ ਮਾਲਵੇ ਨੂੰ ਨੱਠ ਜਾਂਦਾ ਹੈ। ਮਾਲਵੇ ਵਿਚ ਆਪੋ ਆਪਣੇ ਪ੍ਰਵਾਰਾਂ ਨੂੰ ਛੱਡ ਕੇ ਖਾਲਸਾ ਪੰਥ ਅਬਦਾਲੀ ਦੇ ਜਾ ਦੁਆਲੇ ਹੁੰਦਾ ਸੀ, ਉਸ ਦਾ ਟਾਕਰਾ ਕਰਦਾ ਸੀ।

***ਜਿਤਨਕ ਵਾਰ ਜਮਨਕਾਲ ਆਯਾ॥*** ਜਿੰਨੇ ਵਾਰੀ ਅਹਿਮਦ ਸ਼ਾਹ ਅਬਦਾਲੀ ਰੂਪ ਕਾਲ ਜਮਨ ਹਿੰਦੋਸਤਾਨ ਵਿਚ ਆਇਆ ਹੈ।

***ਤਿਤਨਕ ਵਾਰ ਉਨ ਪੰਥ ਨਿਕਲਾਯਾ॥ ੨੦॥*** ਜਿਵੇਂ ਕਾਲ ਜਮਨ ਸ੍ਰੀ ਕ੍ਰਿਸ਼ਨ ਜੀ ਨੂੰ ਮਥਰਾ ਵਿੱਚੋਂ ਨਿਕਾਲ ਦਿੰਦਾ ਸੀ, ਉਤਨੀ ਵਾਰੀ ਹੀ ਅਹਿਮਦ ਸ਼ਾਹ ਨੇ ਮਾਝੇ ਵਿੱਚੋਂ ਸਿੰਘਾਂ ਨੂੰ ਕੱਢਿਆ ਅਤੇ ਖਾਲਸਾ ਪੰਥ ਮਾਝੇ ਵਿੱਚੋਂ ਨਿਕਲ ਕੇ ਜੰਗਲ ਦੇਸ਼ ਨੂੰ ਆ ਜਾਂਦਾ ਸੀ। ੨੦।

***ਅਤ ਸਮੇਂ ਸੋ ਹਰ ਜੀ ਮਰਵਾਯੋ॥*** ਅੰਤ ਸਮੇਂ ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਮਰਵਾਇਆ ਮੁਚਕੰਦ ਤੋਂ।

***ਤਿਮੈ ਪੰਥ ਗੁਰ ਗਿਲਜੋ ਗਲਵਾਯੋ॥*** ਉਵੇਂ ਖਾਲਸੇ ਪੰਥ ਨੇ, ਗੁਰੂ ਦੇ ਪੰਥ ਨੇ ਗਿਲਜਿਆਂ ਨੂੰ ਗਾਲਿਆ, ਉਨ੍ਹਾਂ ਦਾ ਨਾਸ ਕੀਤਾ ਹੈ ਖਾਲਸੇ ਨੇ।

***ਮਾਰ ਤੁਰਕ ਸਭ ਦੀਏ ਖਪਾਇ॥*** ਸਭ ਤੁਰਕਾਂ ਪਠਾਣਾਂ ਨੂੰ ਮਾਰ ਕੇ ਖਾਲਸੇ ਨੇ ਖ਼ਤਮ ਕਰ ਦਿੱਤਾ ਹੈ।

***ਗੁਰੂ ਫਤੇ ਖਾਲਸੇ ਦਈ ਬੁਲਾਇ॥ ੨੧॥*** ਗੁਰੂ ਸੱਚੇ ਪਾਤਸ਼ਾਹ ਜੀ ਨੇ ਬੁਲਾ ਕੇ ਖਾਲਸੇ ਨੂੰ ਫਤੇ ਬਖ਼ਸ਼ੀ।

## ੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ॥

# ਅਥ ਸ੍ਰੀ ਪੰਥ ਪ੍ਰਕਾਸ਼ ਗ੍ਰੰਥੇ॥

# ਸਾਖੀ ਮਾਲਵੇ ਕੀ ਲਿਖਯਤੇ

### (ਮਹਾਰਾਜ ਦੀਆਂ ਤੇ ਫੂਲਕਿਆਂ ਦੀ ਆਦਿ ਕਥਾ। ਰਾਜਾ ਚਤਰਸ਼ਾਲ।)

***ਦੋਹਰਾ॥ ਤੌਂ ਮਾਲੀ ਨੇ ਫਿਰ ਕਰਯੋ, 'ਯਹ ਭੀ ਹਮੈ ਲਿਖਵਾਇ॥*** ਤਾਂ ਕਪਤਾਨ ਮਰੇ ਸਾਹਿਬ ਫਿਰ ਮੈਨੂੰ (ਰਤਨ ਸਿੰਘ) ਨੂੰ ਕਿਹਾ, ਭਾਈ ਸਾਹਿਬ ਜੀ! ਇਹ ਵੀ ਇਤਿਹਾਸ ਲਿਖਵਾਉ ਮੈਨੂੰ।

***ਜਿਮ ਕਰ ਜੰਗਲ ਮਧ ਵਧੇ ਮਹਿਰਾਜੀ ਔ ਫੂਲਵਾਇ॥ ੧॥*** ਫੂਲ ਵਾਲੇ ਅਤੇ ਮਹਿਰਾਜ ਵਾਲੇ ਜਿਸ ਕਰਕੇ ਜੰਗਲ ਦੇਸ਼ ਵਿਚ ਵਧ ਗਏ, ਭਾਵ ਜਿਵੇਂ ਉਨ੍ਹਾਂ ਨੂੰ ਰਾਜ ਭਾਗ ਪ੍ਰਾਪਤ ਹੋਇਆ, ਇਹ ਵੀ ਲਿਖਵਾਉ ਮੈਨੂੰ। ੧।

***ਚੌਪਈ॥ ਜੌਊ ਤੌਰ ਉਨਕੀ ਹੁਤ ਸੁਨੀ॥*** ਜਿਸ ਤਰੀਕੇ ਨਾਲ ਮੈਂ ਉਨ੍ਹਾਂ ਦੀ ਹਿਸਟਰੀ ਸੁਣੀ ਹੋਈ ਸੀ।

***ਪਾਸ ਪੁਰਾਤਨ ਔ ਬਹੁ ਗੁਨੀ॥*** (ਪੁਰਾਤਨ) ਬਜ਼ੁਰਗ ਸਿੰਘਾਂ ਤੋਂ ਅਤੇ ਬਹੁਤ ਸਾਰੇ (ਗੁਨੀ) ਵਿਦਵਾਨ ਪੁਰਸ਼ਾਂ ਪਾਸੋਂ ਸੁਣਿਆ ਸੀ।

***ਉਸੀ ਤੌਰ ਮੈਂ ਮਰੀ ਸੁਨਾਈ॥*** ਉਸੇ ਤਰੀਕੇ ਨਾਲ ਜਿਵੇਂ ਮੈਂ ਸੁਣਿਆ ਸੀ, ਸਿੱਧੂ ਬਰਾੜਾਂ ਦਾ ਕਿੱਸਾ, ਕਿ ਇਹ ਕਿਵੇਂ ਆ ਵਸੇ ਜੰਗਲ ਦੇਸ਼ ਵਿਚ, ਕਪਤਾਨ ਮਰੇ ਸਾਹਿਬ ਨੂੰ ਸੁਣਾਇਆ।

***ਉਸੀ ਤੌਰ ਮੈਂ ਦਿਓਂ ਲਿਖਾਈ॥ ੨॥*** ਕਪਤਾਨ ਮਰੇ ਸਾਹਿਬ ਨੂੰ ਭਾਈ ਰਤਨ ਸਿੰਘ ਜੀ ਕਹਿੰਦੇ, ਉਸੇ ਤਰੀਕੇ ਨਾਲ ਮੈਂ ਲਿਖਾ ਦਿੱਤਾ। ੨।

***ਸੁਨੋ ਭਾਈ ਮਿਤ੍ਰ ਸੁਹਿਰਦ ਚਿੱਤ॥*** ਹੇ ਮੇਰੇ ਭਾਈਓ, ਸੁਹਿਰਦ ਮਿੱਤਰੋ! ਚਿੱਤ ਲਾ ਕੇ ਸੁਣੋ।

***ਭੂਲ ਜਾਊਂ ਤਉ ਲਿਖ ਦਯੋ ਤਿੱਤ॥*** ਜੇ ਕਿਤੇ ਮੈਂ ਸੁਣਾਉਂਦਾ-ਸੁਣਾਉਂਦਾ ਭੁੱਲ ਜਾਵਾਂ, ਤਾਂ ਤੁਸੀਂ ਉਸ ਨੂੰ ਸ਼ੁੱਧ ਕਰਕੇ ਲਿਖ ਦਿਉ, ਜੇ ਕਿਸੇ ਨੂੰ ਉਹ ਵਾਰਤਾ ਯਾਦ ਹੋਵੇ, ਤਾਂ ਉਹ ਪੂਰੀ ਕਰ ਦਿਉ ਤੁਸੀਂ।

***ਜੰਗਲ ਦੇਸ ਭਲੋ ਅਖਵਾਇ॥*** ਜੰਗਲ ਦੇਸ਼ (ਭਲਾ) ਚੰਗਾ ਦੇਸ਼ ਕਹਾਉਂਦਾ। ਜੰਗਲ ਦੇਸ਼ ਚੰਗਾ ਖੁੱਲ੍ਹਾ ਵੱਡਾ ਦੇਸ਼। ਏਥੋਂ ਦੇ ਰਹਿਣ ਵਾਲੇ ਸਧਾਰਨ ਬਿਰਤੀ ਦੇ ਭਾਵ ਭੋਲੇ-ਭਾਲੇ ਵਿਅਕਤੀ ਅਤੇ ਸਿਆਣੇ।

***ਹਿੰਸਾਰ ਬਾਵਨੀ ਸੰਗ ਲਗਵਾਇ॥ ੩॥*** ਹਾਂਸੀ, ਹਿਸਾਰ ਦੇ ਇਲਾਕੇ ਦੇ ਬਵੰਜਾ ਪਿੰਡ ਇਸ ਦੇ ਨਾਲ ਲਗਦੇ ਸਨ, ਉਹ ਵੀ ਜੰਗਲ ਦੇਸ਼ ਦੇ ਮਾਤਹਿਤ ਸਨ। ੩।

***ਹੁਤ ਰਾਜ ਰਜਪੂਤਨਿ ਤੂਰਨ ਦਿੱਲੀ॥*** ਉਸ ਸਮੇਂ ਦਿੱਲੀ ਦਾ ਰਾਜ (ਤੂਰਨ)ਤੂਰ ਜਾਤ ਦੇ ਰਾਜਪੂਤਾਂ ਨੇ ਮੱਲਿਆ ਸੀ।

***ਹਿੰਸਾਰ ਬਾਵਨੀ ਥੀ ਚੁਹਾਣੋ ਮੱਲੀ॥*** ਹਿਸਾਰ ਦੇ ਬਵੰਜਾ ਪਿੰਡਾਂ ਦਾ ਇਲਾਕਾ ਚੌਹਾਨ ਰਾਜਪੂਤਾਂ ਨੇ ਮੱਲਿਆ ਸੀ।

***ਰਯਤ ਜੱਟ ਜੰਗਲ ਮੱਧ ਰਹੇ॥*** ਜੰਗਲ ਦੇ ਵਿਚ ਜੱਟ ਜਾਤ ਦੇ ਲੋਕ ਰੱਯਤ ਬਣ ਕੇ ਰਹਿੰਦੇ ਸਨ, ਭਾਵ ਸਰਕਾਰ ਦਾ ਮਾਮਲਾ ਭਰਦੇ ਸਨ ਤੇ ਚੌਧਰਾਂ ਲਈਆਂ ਹੋਈਆਂ ਸਨ ਉਨ੍ਹਾਂ ਨੇ,ਸਰਕਾਰ ਨਾਲ ਸਬੰਧ ਸੀ ਉਨ੍ਹਾਂ ਦਾ, ਮਾਮਲਾ ਤਾਰਦੇ ਸਨ।

***ਬਹੁਤੋ ਗੋਤ ਗਿਨਤੀ ਕਿਤ ਲਹੇ॥ ੪॥*** ਜੰਗਲ ਦੇ ਵਿਚ ਬਹੁਤ ਗੋਤਾਂ ਦੇ ਲੋਕ ਰਹਿੰਦੇ, ਜਿਨ੍ਹਾਂ ਦੀ ਗਿਣਤੀ ਕਿਵੇਂ ਕਰੀਏ,

ਭਾਵ ਗਿਣਤੀ ਨਹੀਂ ਹੋ ਸਕਦੀ। ੪।

***ਤਿਨ ਮਧ ਸਿੰਧੂ ਬਹੁ ਵਧ ਭਏ॥*** ਉਨ੍ਹਾਂ ਵਿੱਚੋਂ ਸੰਧੂ ਗੋਤ ਦੇ ਬਹੁਤੇ ਵੱਧ ਹੋਏ ਹਨ।

***ਭਲੇ ਕਰਮ ਕਿਨ ਉਨ ਬਡ ਕਏ।*** ਉਨ੍ਹਾਂ ਦੇ ਵਿੱਚੋਂ ਕਿਸੇ ਨੇ ਵੱਡੇ ਭਲੇ ਕੰਮ ਕੀਤੇ ਹੋਏ ਅੱਗੇ ਆਏ।

***ਟੀਡੋ ਕਾਉ ਕੋਊ ਪਹਿਲੋਂ ਅਯੋ॥*** ਟੀਡੋਂ ਕਾਉਂਕੇ ਸਭ ਤੋਂ ਪਹਿਲਾਂ ਆਏ ਸਨ, ਇਸ ਉਜਾੜ ਦੇਸ਼ ਵਿਚ।

***ਉਨੇ ਘਨੋ ਘੇਰੋ ਤਬ ਭੂਮਹਿ ਠਯੋ॥ ੫॥*** ਤਦ ਉਸ ਨੇ ਬਹੁਤ ਧਰਤੀ ਨੂੰ ਘੇਰ ਲਿਆ, ਭਾਵ ਬਹੁਤ ਸਾਰੀ ਧਰਤੀ ਨੂੰ ਵਲਗ ਕੇ ਆਪਣੀ ਬਣਾ ਲਿਆ। ੫।

***ਦੋਹਰਾ॥ ਪਹਿਲੋਂ ਬੈਠੇ ਰੋਕ ਭੂਮ ਸੋ ਤੌ ਬਾਰਸ ਅਖਵਾਇ॥*** ਜਿਹੜੇ ਹੋਰ ਲੋਕਾਂ ਤੋਂ ਪਹਿਲਾਂ ਆ ਕੇ ਧਰਤੀ ਰੋਕ ਕੇ ਬੈਠ ਗਏ, ਉਹ ਜ਼ਮੀਨ ਦੇ ਵਾਰਸ ਅਖਵਾਇ, ਧਰਤੀ ਦੇ ਮਾਲਕ ਕਹਾਉਂਦੇ।

***ਮਹਿਰਾਜੀ ਫਿਰਤੇ ਰਚ ਚੱਕ ਰੱਯਤ ਉਤ ਗੁਜਰ ਕਰਾਇ॥ ੬॥*** ਮਹਿਰਾਜ ਵਾਲੇ ਚੱਕ ਕੇ ਸਿਰਕੀਵਾਸਾਂ ਵਾਂਗ ਤੁਰੇ ਫਿਰਦੇ ਸਨ, ਪਿੰਡ-ਪਿੰਡ ਫਿਰ ਕੇ ਪਰਜ਼ਾ ਦੇ ਸਿਰ 'ਤੇ ਗੁਜ਼ਾਰਾ ਕਰਦੇ ਸਨ। ਇਨ੍ਹਾਂ ਦਾ ਗੁਜ਼ਾਰਾ ਮਸਾਂ ਹੀ ਹੁੰਦਾ ਸੀ। ੬।

***ਚੌਪਈ॥ ਤੂਰਨ ਤੇ ਲਈ ਦਿੱਲੀ ਚੁਹਾਣ॥*** ਤੂਰ ਰਾਜਪੂਤਾਂ ਤੋਂ ਦਿੱਲੀ ਚੌਹਾਣ ਰਾਜਪੂਤਾਂ ਨੇ ਲੈ ਲਈ ਹੈ।

***ਰਾਇ ਪਥੌਰੇ ਹੁਇ ਬੇਈਮਾਨ॥*** ਰਾਇ ਪਥੌਰੇ ਨੇ ਬੇਈਮਾਨ ਹੋ ਕੇ।

***ਉਨ ਪੱਝੀ ਲੱਖ ਰਾਜਪੂਤ ਗਲਵਾਯਾ॥*** ਜੋ ਬੀਕਾਨੇਰ ਦਾ ਏਰੀਆ ਹੈ, ਇਸ ਏਰੀਏ 'ਤੇ ਇਹ ਰਾਇ ਪਥੌਰਾ ਆਇਆ ਹੈ। ਇਸ ਨੇ ਆਪਣੇ ਸਾਰੇ ਭਾਈਚਾਰੇ ਨੂੰ ਕਿਹਾ, ਮੈਂ ਇਕ ਯੱਗ ਕਰਨਾ ਹੈ, ਤੁਸੀਂ ਸਾਰੇ ਉਸ ਯੱਗ ਵਿਚ ਸ਼ਾਮਿਲ ਹੋਵੋ। ਲੰਗਰ ਦੇ ਚਾਰ-ਚੁਫੇਰੇ ਯੱਗ ਅਸਥਾਨ 'ਤੇ ਜਿਥੇ ਰਾਜਪੂਤ ਬੈਠ ਕੇ ਲੰਗਰ ਛਕ ਰਹੇ ਸਨ, ਉਥੇ ਉਨ੍ਹਾਂ ਦੇ ਅਉਣ ਤੋਂ ਪਹਿਲਾਂ ਬਰੂਦੀ ਸੁਰੰਗਾਂ ਗੁਪਤ ਰੂਪ ਵਿਛਾ ਦਿੱਤੀਆਂ। ਜਦੋਂ ਇਕੱਠੇ ਪੰਝੀ ਲੱਖ ਰਾਜਪੂਤ ਬੈਠੇ ਲੰਗਰ ਛੱਕ ਰਹੇ ਸਨ, ਉਦੋਂ ਬਰੂਦ ਨੂੰ ਅੱਗ ਦੇ ਦਿੱਤੀ। ਬਰੂਦ ਦੇ ਕੁੱਪੇ ਉਡਣ ਨਾਲ ਪੰਝੀ ਲੱਖ ਰਾਜਪੂਤ ਮਾਰਿਆ ਗਿਆ ਉਥੇ। ਫੇਰ ਉਸ ਨੇ ਬੀਕਾਨੇਰ ਸ਼ਹਿਰ ਬੰਨਿਆ ਹੈ। ਉਸ ਬੇਈਮਾਨ ਨੇ ਆਪਣੇ ਸਾਰੇ ਪੰਝੀ ਲੱਖ ਭਰਾਵਾਂ ਦਾ ਨਾਸ ਕਰ ਦਿੱਤਾ।

***ਸੋ ਬਿਨਾਂ ਫੌਜ ਗੋਰੀਏ ਲਖ ਘਾਯਾ॥ ੭॥*** ਉਸ (ਰਾਇ ਪਥੌਰੇ) ਨੂੰ ਬਿਨਾਂ ਫ਼ੌਜ ਤੋਂ ਵੇਖ ਕੇ ਮੁਹੰਮਦ ਗੌਰੀ ਨੇ ਮਾਰ ਮੁਕਾਇਆ। ੭।

***ਸ਼ਾਹਿ ਗੌਰੀਓ ਦਯੋ ਕੱਢ ਪਠਾਣੈ॥*** ਮੁਹੰਮਦ ਸ਼ਾਹ ਗੋਰੀ ਨੂੰ ਪਠਾਣਾਂ ਨੇ ਕੱਢ ਦਿੱਤਾ।

***ਪਠਾਣਨ ਪਰ ਗੁਰ ਮੁਗਲ ਲਿਆਣੇ॥*** ਪਠਾਣਾਂ ਨੇ ਜਦੋਂ ਬੜਾ ਭਾਰੀ ਜ਼ੁਲਮ ਕੀਤਾ ਪਰਜ਼ਾ ਤੇ, ਭਜਨ ਬੰਦਗੀ ਕਰਨ ਵਾਲੇ ਸਾਧਾਂ ਸੰਤਾਂ ਨੂੰ ਫੜ ਕੇ ਜੇਲ੍ਹ ਵਿਚ ਡੱਕ ਕੇ, ਉਨ੍ਹਾਂ ਤੋਂ ਹੱਥ-ਚੱਕੀਆਂ ਪੀਸਣਾਂ ਪਿਸਾਇਆ, ਤਾਂ ਪਠਾਣਾਂ ਉਤੇ ਗੁਰੂ ਨਾਨਕ ਸਾਹਿਬ ਜੀ ਨੇ ਮੁਗ਼ਲ ਲਿਆਂਦੇ ਹਨ।

***ਮੁਗਲ ਮੱਧ ਕੀ ਕਹੋਂ ਕਹਾਨੀ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਮੁਗ਼ਲਾਂ ਦੇ ਰਾਜ ਸਮੇਂ ਦੀ ਕਹਾਣੀ ਕਹਿੰਦਾ ਹਾਂ, ਮੈਂ।

***ਮਹਾਰਾਜੀਅਨ ਪਰ ਜਿਨ ਭਲੀ ਬਿਹਾਨੀ॥ ੮॥*** ਮਹਿਰਾਜਿ 'ਤੇ ਜਿਨ੍ਹਾਂ ਨੇ ਭਲੀ ਬਿਤਾਈ, ਭਾਵ ਸੱਚੇ ਪਾਤਸ਼ਾਹ ਨੇ ਬਖ਼ਸ਼ਿਸ਼ ਕੀਤੀ। ੮।

***ਪ੍ਰਿਥਮ ਸੁਨਾਊਂ ਭਾਈਅਨ ਗੱਲ॥*** ਪਹਿਲਾਂ 'ਭਾਈਆਂ' ਦੀ ਗੱਲ ਸੁਣਾਵਾਂਗਾ, ਜਿਨ੍ਹਾਂ ਨੂੰ ਗੁਰੂ ਘਰੋਂ ਭਾਈ ਦਾ ਖਿਤਾਬ ਮਿਲਿਆ ਹੈ, ਜੋ ਭਾਈ ਕੇ ਅਖਵਾਏ।

***ਮਹਾਰਾਜੀਅਨ ਪਰ ਜਿਮ ਆਵੈਂ ਚੱਲ॥*** ਮਹਿਰਾਜੀਆਂ 'ਤੇ ਜਿਵੇਂ ਚਲ ਕੇ ਆਵੇਗੀ ਗੱਲ।

***ਪ੍ਰਿਥਮ ਭਾਈ ਬਹਿਲੋ ਸਿਖ ਭਯੋ॥*** ਇਨ੍ਹਾਂ ਵਿੱਚੋਂ ਸਭ ਤੋਂ ਪਹਿਲਾਂ ਭਾਈ ਬਹਿਲੋ ਸਿੱਖ ਹੋਇਆ ਹੈ ਗੁਰੂ ਦਾ।

***ਟਹਿਲ ਨਮਿਤ ਪਹਿ ਗੁਰ ਕੇ ਗਯੋ॥ ੯॥*** ਭਾਈ ਬਹਿਲੋ ਸੇਵਾ ਕਰਨ ਵਾਸਤੇ ਗੁਰੂ ਅਰਜਨ ਦੇਵ ਜੀ ਦੇ ਪਾਸ ਗਿਆ ਸੀ। ਭਾਈ ਬਹਿਲੋ, ਮਾਲਵੇ ਦੇ ਫਫੜੇ (ਭਾਈ ਕੇ) ਪਿੰਡ ਦਾ ਵਾਸੀ, ਸੰਧੂ ਜੱਟ ਸੀ। ਜੋ ਪਹਿਲਾਂ ਸਖੀ ਸਰਵਰ (ਸੁਲਤਾਨ) ਦਾ ਭਗਤ ਸੀ। ਸੰਮਤ ੧੬੪੦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਬਣਿਆ। ਇਸ ਨੇ ਅੰਮ੍ਰਿਤ ਸਰੋਵਰ ਤੇ ਹਰਿਮੰਦਰ ਸਾਹਿਬ ਦੀ ਭਾਰੀ ਸੇਵਾ ਕੀਤੀ। ਬਹਿਲੋ ਦੀ ਵੰਸ਼ ਦੇ ਸਾਰੇ ਲੋਕ ਭਾਈ ਕੇ ਕਹਾਉਂਦੇ ਹਨ। ੯।

***ਸ੍ਰੀ ਅਰਜਨ ਗੁਰ ਆਵੇ ਚੜ੍ਹਵਾਵਤ॥*** ਗੁਰੂ ਅਰਜਨ ਦੇਵ ਜੀ ਨੇ ਤਰਨ ਤਾਰਨ ਦੀ ਸੇਵਾ ਕਰਾਉਣ ਵਾਸਤੇ, ਇੱਟਾਂ ਪਕਾਉਣ ਵਾਸਤੇ ਆਵੇ ਚੜ੍ਹਵਾਏ ਹੋਏ ਸਨ।

***ਤਰਨ ਤਾਰਨ ਚਹੈਂ ਪੌੜੀ ਚਿਣਵਾਵਤ॥*** ਤਰਨ ਤਾਰਨ ਸਾਹਿਬ ਜੀ ਦੇ ਸਰੋਵਰ ਦੀਆਂ ਪਉੜੀਆਂ ਚਿਣਵਾਉਣਾ ਚਾਹੁੰਦੇ ਸਨ।

***ਤਹਿਂ ਆਵੇ ਅੱਗ ਬਾਹਰ ਹੁਇ ਗਈ॥*** ਦੇਵ ਨੇਤ ਨਾਲ ਇੱਟਾਂ ਦੇ ਆਵੇ ਦੀ ਅੱਗ ਬਾਹਰ ਹੋ ਗਈ, ਭਾਵ ਲਟ-ਲਟ ਕਰਕੇ ਮੱਚ ਪਈ ਹੈ। ਉਹ ਤਾਂ ਅੱਗ ਵਿਚ ਇੱਟਾਂ ਦੇ ਵਿਚੇ ਵਿਚ ਧੁਖਣੀ ਚਾਹੀਦੀ ਸੀ। ਹਵਾ ਚਲ ਕੇ ਅੱਗ ਭੜਕ ਉੱਠੀ।

***ਬਹਿਲੋ ਲਯਾਯੋ ਪੰਡ ਕੂੜੇ ਠਈ॥ ੧੦॥*** ਇੱਟਾਂ ਦੇ ਆਵੇ ਦੀ ਅੱਗ 'ਤੇ ਪਾਣੀ ਤਾਂ ਪਾਇਆ ਨਹੀਂ ਜਾਂਦਾ, ਅੱਗ ਬੁਝਾਉਣ ਵਾਸਤੇ ਉਸ ਨੂੰ ਕੂੜੇ ਨਾਲ ਹੀ ਦਬਾਇਆ ਜਾਂਦਾ ਹੈ। ਉਦੋਂ ਨੂੰ ਭਾਈ ਬਹਿਲੋ ਕੂੜੇ ਦੀ ਪੰਡ ਇਕੱਠੀ ਕਰ ਕੇ ਲਿਆਇਆ ਹੈ। ੧੦।

***ਦੋਹਰਾ॥ ਸਹਤ ਸੀਸ ਤਿਹ ਪੰਡ ਦਬੀ ਗੁਰ ਅਰਜਨ ਪਹੁੰਚਯੋ ਆਇ॥*** ਪੰਡ ਕੂੜੇ ਦੀ ਭਾਰੀ ਸੀ, ਭਾਈ ਬਹਿਲੋ ਜਦੋਂ ਪੰਡ ਸੁੱਟਣ ਲੱਗੇ, ਪੰਡ ਨੇ ਨਾਲ ਹੀ ਭਾਈ ਬਹਿਲੋ ਨੂੰ ਦੱਬ ਲਿਆ। ਭਾਈ ਬਹਿਲੋ ਜੀ ਆਪਣੇ ਸਿਰ 'ਤੇ ਪੰਡ ਸਮੇਤ ਆਵੇ ਵਿਚ ਜਾ ਪਏ।

***ਧੰਨ ਧੰਨ ਸਿੱਖੀ ਗੁਰ ਕਹੀ, ਭਾਈ ਬਹਿਲੋ ਲਯੋ ਉਠਾਇ॥ ੧੧॥*** ਉਸੇ ਸਮੇਂ ਗੁਰੂ ਅਰਜਨ ਦੇਵ ਜੀ ਆ ਗਏ, ਉਨ੍ਹਾਂ ਨੇ ਭਾਈ ਬਹਿਲੋ ਨੂੰ ਆਵੇ 'ਚੋਂ ਕੱਢ ਕੇ ਉਠਾ ਲਿਆ ਅਤੇ ਧੰਨ ਸਿੱਖੀ ਧੰਨ ਸਿੱਖੀ ਕਹਿ ਕੇ ਨਿਵਾਜ਼ਿਆ ਹੈ ਭਾਈ ਬਹਿਲੋ ਨੂੰ। ੧੧।

***ਚੌਪਈ॥ ਸਤਿਗੁਰ ਖੁਸ਼ੀ ਬਹਿਲੋ ਪਰ ਕਈ॥*** ਸਤਿਗੁਰਾਂ ਨੇ ਭਾਈ ਬਹਿਲੋ 'ਤੇ ਬੜੀ ਖੁਸ਼ੀ ਕੀਤੀ ਅਤੇ 'ਭਾਈ ਬਹਿਲੋ ਸਭ ਤੋਂ ਪਹਿਲੋਂ' ਕਹਿ ਕੇ ਨਿਵਾਜ਼ਿਆ।

***ਸੰਗਤ ਭੂਤਨ ਲਾਇ ਸੁ ਦਈ॥*** ਭੂਤਾਂ-ਪ੍ਰੇਤਾਂ ਦੀ ਸੰਗਤ ਭਾਈ ਬਹਿਲੋ ਦੇ ਪਿੱਛੇ ਲਾ ਦਿੱਤੀ।

***ਯਹੀ ਬਾਤ ਭਗਤੂ ਸੁਨ ਪਾਈ॥*** ਭਾਈ ਭਗਤੂ, ਭਾਈ ਉੱਦਮ (ਆਦਮ)' ਬਰਾੜ ਜੱਟ ਦੇ ਘਰ ਗੁਰੂ ਰਾਮਦਾਸ ਜੀ ਦੇ ਅਸ਼ੀਰਵਾਦ ਨਾਲ ਭਾਈ ਭਗਤੂ ਦਾ ਜਨਮ ਹੋਇਆ। ਇਹ ਗੁਰੂ ਅਰਜਨ ਦੇਵ ਜੀ ਦਾ ਪ੍ਰਮੁੱਖ ਸਿੱਖ ਸੀ। ਜਿਸ ਨੇ ਅੰਮ੍ਰਿਤਸਰ ਦੀ ਉਸਾਰੀ ਵਿਚ ਭਾਰੀ ਸੇਵਾ ਕੀਤੀ। ਇਸ ਦੀ ਕੁਲ ਵਿਚ ਭਾਈ ਗੁਰਬਖ਼ਸ਼ ਸਿੰਘ ਦੇ ਸਪੁੱਤਰ ਭਾਈ ਦੇਸੂ ਸਿੰਘ ਨੇ ਕੈਂਥਲ ਰਿਆਸਤ ਕਾਇਮ ਕੀਤੀ। ਇਸ ਵੰਸ ਦੇ ਬਹੁਤ ਸਾਰੇ ਲੋਕ ਭੁੱਚੋ, ਚੱਕ ਭਾਈ ਕੇ, ਖੇੜੀ ਫਕਰਸਰ ਆਦਿ ਵਿਚ ਅਬਾਦ ਹਨ। ਏਹੀ ਗੱਲ ਭਾਈ ਬਹਿਲੋ ਉੱਤੇ ਬਖ਼ਸ਼ਿਸ਼ ਵਾਲੀ, ਕਿ ਭਾਈ ਬਹਿਲੋ ਦੇ ਮਗਰ ਭੂਤਾਂ-ਪ੍ਰੇਤਾਂ ਦੀ ਸੰਗਤ ਲਗਾ ਦਿੱਤੀ ਹੈ, ਭਾਈ ਭਗਤੂ ਨੇ ਸੁਣੀ ਹੈ।

***ਸਾਥ ਬਹਿਲੋ ਭਯੋ ਗੁਰ ਢਿਗ ਜਾਈ॥ ੧੨॥*** ਭਾਈ ਬਹਿਲੋ ਦੇ ਸਾਥ ਹੋ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕੋਲ ਜਾ ਕੇ।

**ਉਸੈ ਪ੍ਰਸੰਗ ਪਗ ਭਗਤੂ ਜਾਇ ਛੁਹੇ॥** ਉਸੇ ਢੰਗ ਨਾਲ ਭਾਈ ਭਗਤੂ ਨੇ ਜਾ ਕੇ ਚਰਨ ਕਵਲਾਂ (ਛੋਹੇ) ਨੂੰ, ਸਪਰਸ਼ ਕੀਤਾ, ਭਾਵ ਗੁਰੂ ਸਾਹਿਬ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ।

**ਮਸੰਦ ਜੰਗਲ ਸਭ ਕਰ ਦਯੋ ਵਹੈ॥** ਉਸ (ਭਗਤ) ਨੂੰ ਸਾਰੇ ਜੰਗਲ ਦੇਸ਼ ਦਾ ਮਸੰਦ ਕਰ ਦਿੱਤਾ। ਭਾਵ ਜੰਗਲ ਦੇਸ਼ ਦੇ ਸਿੱਖਾਂ ਦੀ ਕਾਰ ਭੇਟਾ ਤੁਸੀਂ ਲਿਆ ਕੇ ਦੇਣੀ ਹੈ, ਗੁਰੂ ਘਰ ਦੇ ਵਿਚ। ਭਾਈ ਭਗਤ ਨੂੰ ਇਹ ਸੇਵਾ ਦੇ ਦਿੱਤੀ ਸਾਹਿਬ ਸੱਚੇ ਪਾਤਸ਼ਾਹ ਨੇ।

**ਭਗਤੂ ਸੰਗ ਹਰੀਓ ਬਾਲੋ ਤਰਯੋ॥** ਭਾਈ ਭਗਤੂ ਦੇ ਨਾਲ 'ਹਰੀਓ ਬਾਲੋ ਨਾਮ ਦਾ ਸਿੱਖ ਵੀ ਗਿਆ ਸੀ, ਗੁਰੂ ਸਾਹਿਬ ਜੀ ਦੇ ਦਰਸ਼ਨਾਂ ਨੂੰ, ਭਾਈ ਭਗਤੂ ਦੇ ਨਾਲ 'ਹਰੀਓ ਬਾਲੋ' ਸਿੱਖ ਵੀ ਤਰ ਗਿਆ, ਉਸ ਨੂੰ ਵੀ ਸਿੱਖੀ ਪ੍ਰਾਪਤ ਹੋ ਗਈ।

**ਸਭ ਜੰਗਲ ਇਮ ਭਾਗੇ ਭਰਯੋ॥ ੧੩॥** ਸਾਰਾ ਜੰਗਲ ਦੇਸ਼ ਇਸ ਤਰ੍ਹਾਂ ਭਾਗਾਂ ਭਰਿਆ ਹੋ ਗਿਆ, ਵੱਡੇ ਭਾਗਾਂ ਵਾਲਾ ਹੋ ਗਿਆ, ਸਤਿਗੁਰਾਂ ਦੇ ਚਰਨੀਂ ਲਗਣ ਕਰਕੇ। ੧੩।

**ਅਬ ਮਹਰਾਜੀਅਨ ਗੱਲ ਸੁਨਾਊਂ॥** ਕਪਤਾਨ ਮਰੇ ਸਾਹਿਬ ਨੇ ਭਾਈ ਰਤਨ ਸਿੰਘ ਨੂੰ ਪ੍ਰਸ਼ਨ ਕੀਤਾ ਸੀ ਕਿ ਜੰਗਲ ਦੇਸ਼ ਵਿਚ ਮਹਿਰਾਜ ਤੇ ਫੂਲ ਕੇ ਕਿਵੇਂ ਵਧੇ ਤੇ ਕਿਵੇਂ ਉਨ੍ਹਾਂ ਨੇ ਰਾਜ ਪ੍ਰਾਪਤ ਕੀਤਾ। ਭਾਈ ਰਤਨ ਸਿੰਘ ਜੀ ਨੇ ਪਹਿਲਾਂ 'ਭਾਈ ਕਿਆਂ' ਦਾ ਪ੍ਰਸੰਗ ਸੰਖੇਪ ਰੂਪ ਵਿਚ ਸੁਣਾਇਆ। ਹੁਣ ਮਹਿਰਾਜ ਵਾਲਿਆਂ ਦਾ ਪ੍ਰਸੰਗ ਸੁਣਾ ਰਿਹਾ ਹਾਂ। (ਕੈਪਟਨ ਮਰੇ ਸਾਹਿਬ ਨੂੰ) ਕਿ ਇਹ ਕਿਵੇਂ ਅੱਜ-ਕਲ੍ਹ ਰਾਜ ਕਰਦੇ ਹਨ।

**ਸੁਨੀ ਬ੍ਰਿਧਨ ਤੇ ਤਿਮੈਂ ਸੁਨਾਊਂ॥** ਭਾਈ ਰਤਨ ਸਿੰਘ ਕਹਿੰਦੇ ਜਿਵੇਂ ਬਿਰਧ ਸਿੰਘਾਂ ਤੋਂ ਮੈਂ ਸੁਣੀ ਸੀ, ਉਵੇਂ ਮੈਂ ਸੁਣਾਉਂਦਾ ਹਾਂ।

**ਸਭ ਤੇ ਪਿਛੈ ਮਹਾਰਾਜੀਏ ਆਵੈਂ॥** ਮਹਿਰਾਜ ਵਾਲੇ ਜੰਗਲ ਦੇਸ਼ ਵਿਚ ਸਭ ਕੌਮਾਂ ਤੋਂ ਪਿੱਛੋਂ ਆਏ ਜੰਗਲ ਦੇਸ਼ ਵਿਚ।

**ਨਹਿ ਉਨ ਜੋਗ ਜਿਮੀ ਹਥ ਆਵੈਂ॥ ੧੪॥** ਵਾਹੀ ਯੋਗ ਜ਼ਮੀਨ ਉਨ੍ਹਾਂ ਦੇ ਹੱਥ ਨਹੀਂ ਆਉਂਦੀ। ਜਿਥੇ ਉਹ ਜਾ ਕੇ ਬੈਠਦੇ ਹਨ, ਦੂਜੇ ਲੋਕ ਕਹਿੰਦੇ ਸਾਡਾ ਇਲਾਕਾ, ਭਾਵੇਂ ਉਹ ਲੋਕ ਜ਼ਮੀਨ ਵਾਹੁਣ ਜੋਗੇ ਨਹੀਂ ਸਨ, ਹੋਰ ਬਹੁਤ ਇਲਾਕਾ ਵੇਹਲਾ ਪਿਆ ਸੀ ਪਰ ਉਨ੍ਹਾਂ ਲੋਕਾਂ ਦੀਆਂ ਅੱਡੋ-ਅੱਡੀ ਮੇਰਾਂ ਮਾਰੀਆਂ ਹੋਈਆਂ ਸਨ ਧਰਤੀ 'ਤੇ, ਮੇਰਾ ਘੋੜਾ ਫਿਰਿਆ ਏਥੋਂ ਤਾਈਂ। ਏਥੇ ਤਾਂ ਮੇਰਾ ਰਾਜ ਹੈ, ਤੁਹਾਡਾ ਨਹੀਂ ਏਥੋਂ ਅਗਾਂਹ ਚਲੋ। ਇਹ ਸਾਰੇ ਪਿੰਡ ਸਿਰਕੀਵਾਸਾਂ ਵਾਂਗ ਤੁਰੇ ਫਿਰਦੇ ਸਨ। ੧੪।

**ਜਿਸਕੇ ਬਹੈਂ ਘਰੇ ਮਧ ਤੇਊ॥** ਉਹ ਜਿਸ ਦੇ ਵੀ ਘਰ ਵਿਚ ਜਾ ਕੇ ਬੈਠਦੇ।

**ਉਇ ਇਨ ਰਖੈ ਰਯਤ ਕਰ ਏਊ॥** ਉਹ ਲੋਕ ਇਨ੍ਹਾਂ ਨੂੰ ਆਪਣੀ ਰੱਯਤ ਕਰ ਕੇ ਰੱਖਦੇ। ਭਾਵ ਇਨ੍ਹਾਂ ਤੋਂ ਮਾਮਲਾ ਭਰਾਉਂਦੇ।

**ਨਿਜ ਦਬ ਇਨ ਕਛ ਲਗੈ ਨ ਘਾਤ॥** ਆਪਣੇ ਢੰਗ ਨਾਲ ਇਨ੍ਹਾਂ ਦਾ ਕੋਈ ਦਾਉ ਨਹੀਂ ਲਗਦਾ ਕਿ ਕੋਈ ਜ਼ਮੀਨ ਦਾ ਟੁਕੜਾ ਦਬਾ ਲਈਏ ਬੈਠਣ ਵਾਸਤੇ।

**ਅਗੈ ਭਈ ਮਹਾਰਾਜੀਅਨ ਬਾਤ॥ ੧੫॥** ਅੱਗੋਂ ਮਹਿਰਾਜ ਵਾਲਿਆਂ ਨਾਲ ਗੱਲ ਹੋਈ ਕਿ ਇਹ ਦੇਸ਼ ਦੇ ਮਾਲਕ ਕਿਵੇਂ ਬਣੇ। ੧੫।

**ਦੋਹਰਾ॥ ਬਹੁ ਥੇ ਉਨ ਸੰਗ ਚੂਹੜੇ, ਭਿੰਨ ਭੇਤ ਕਮੀ ਰਖਾਹਿ॥** ਭਾਈ ਰਤਨ ਸਿੰਘ ਜੀ ਕਹਿੰਦੇ, ਏਥੋਂ ਦੇ ਜਿਹੜੇ ਬਸ਼ਿੰਦੇ ਸਨ ਰਹਿਣ ਵਾਲੇ ਜੰਗਲ ਦੇਸ਼ ਦੇ, ਉਨ੍ਹਾਂ ਦੀ ਤੇ ਉਨ੍ਹਾਂ ਮਹਿਰਾਜ ਵਾਲਿਆਂ ਦੀ ਕਿਵੇਂ ਵਿਗੜੀ ਆਪਸ ਵਿਚ। ਉਨ੍ਹਾਂ ਮਹਿਰਾਜ ਵਾਲਿਆਂ ਦੇ ਨਾਲ ਬਹੁਤੇ (ਚੂਹੜੇ) ਚੌਥੇ ਪਉੜੇ ਵਾਲੇ, ਮਜ਼ਬੀ ਲੋਕ ਸਨ, ਇਹ ਉਨ੍ਹਾਂ ਨਾਲ

ਕਿਸੇ ਪ੍ਰਕਾਰ ਦਾ ਭਿੰਨ-ਭੇਦ ਘਟ ਹੀ ਰੱਖਦੇ ਸਨ, ਉਨ੍ਹਾਂ ਨਾਲ ਵਰਤ-ਵਰਤਾ ਲੈਂਦੇ ਸਨ।

***ਯੌ ਕਰੈਂ ਬਖੀਲੀ ਲੋਕ ਇਨ ਹੁਤੇ ਜੁ ਜੰਗਲ ਮਾਂਹਿ॥ ੧੬॥*** ਜੰਗਲ ਦੇਸ਼ ਵਿਚ ਜਿਹੜੇ ਪਹਿਲਾਂ ਦੇ ਬਸ਼ਿੰਦੇ, ਮਾਲਕ ਸਨ, ਉਹ ਉਹਨਾਂ ਨਾਲ (ਬਖੀਲੀ) ਨਫ਼ਰਤ ਕਰਦੇ ਸਨ। ਇਹ ਇਨ੍ਹਾਂ ਦੀ ਮਰਯਾਦਾ ਚੰਗੀ ਨਹੀਂ। ਜਦੋਂ ਦੁਨੀਆਂ ਨਹੀਂ ਵਰਤਦੀ ਇਨ੍ਹਾਂ ਨਾਲ, ਇਹ ਕਿਉਂ ਵਰਤਦੇ ਨੇ, ਇਹ ਝਗੜਾ ਸੀ ਇਨ੍ਹਾਂ ਦਾ। ੧੬।

***ਚੌਪਈ॥ ਕਰੈਂ ਚੱਕ੍ਰ ਇਨ ਚੂਹੜਨ ਕੇਰੋ॥*** ਚੱਕ੍ਰ=ਲੋਹੇ ਦਾ ਤਵਾ ਅੱਗ ਵਿਚ ਤਪਾ ਕੇ ਲਾਲ ਕਰ ਲੈਂਦੇ। ਇਕੱਠੇ ਹੋ ਕੇ ਢੋਲ ਵਜਾਉਣਾ। ਚੂਹੜੇ ਦਾ ਤਲਵਾਰ ਨਾਲ ਸਿਰ ਲਾਹ ਕੇ; ਉਸ ਦੇ ਧੜ ਵਿਚ ਸ਼ਾਹ ਵਗਦਿਆਂ ਤੋਂ ਹੀ ਉਹ ਗਰਮ ਲਾਲ ਹੋਇਆ ਤਵਾ ਉਸ ਦੇ ਕੱਟੇ ਹੋਏ ਗਲੇ 'ਤੇ ਰੱਖ ਦਿੰਦੇ, ਫਿਰ ਉਹ ਧੜ ਨਚਦਾ-ਟਪਦਾ ਸੀ, ਉਹ ਲੋਕ ਢੋਲ ਵਜਾ ਖੁਸ਼ੀ ਮਨਾਉਂਦੇ ਸਨ। ਚੂਹੜੇ ਉਪਰੋਂ ਬਰਾੜਾਂ ਦੇ ਨਾਲ ਆਏ ਸਨ, ਸਿੱਧੂ ਬਰਾੜ ਜਿਹੜੇ ਆਪ ਤੁਰ ਫਿਰ ਕੇ ਗੁਜ਼ਾਰਾ ਕਰਦੇ, ਉਹ ਕਿਵੇਂ ਰੱਖਿਆ ਕਰਨ ਉਨ੍ਹਾਂ ਦੀ। ਚੂਹੜਿਆਂ ਦਾ ਚੱਕ੍ਰ ਕਰ ਦਿੰਦੇ ਸਨ, ਭਾਵ ਮਾਰ ਦਿੰਦੇ ਸਨ।

***ਇਮ ਕਰ ਇਨ ਸੋਂ ਰਖੈਂ ਬਖੇਰੋ॥*** ਇਉਂ ਕਰਕੇ ਇਨ੍ਹਾਂ ਸਿੱਧੂ ਬਰਾੜਾਂ ਦੇ ਨਾਲ ਝਗੜਾ ਰੱਖਦੇ ਸਨ। ਇਸ ਕਰਕੇ ਉਨ੍ਹਾਂ ਨੂੰ ਰੋਸ ਹੋ ਗਿਆ ਕਿ ਕਿਉਂ ਇਨ੍ਹਾਂ ਨੂੰ ਨਾਲ ਮਿਲਾਉਂਦੇ ਹਨ ਤੇ ਉਨ੍ਹਾਂ ਦਾ ਰੋਸ ਸੀ ਕਿ ਸਾਡੇ ਸਾਥੀ ਹਨ, ਕਿਉਂ ਇਨ੍ਹਾਂ ਨੂੰ ਮਾਰਦੇ ਹਨ।

***ਮਨ ਮਧ ਸਮਝੈਂ ਇਨ ਬਡਧਾਰੀ॥*** ਇਥੋਂ ਦੇ ਵਾਸੀ ਲੋਕ ਮਨ ਵਿਚ ਇਨ੍ਹਾਂ ਨੂੰ ਤਾਕਤਵਰ ਸਮਝਦੇ।

***ਮਤ ਮੱਲ ਬਹੈਂ ਯਿਹ ਭੂਮ ਹਮਾਰੀ॥ ੧੭॥*** ਉਹ ਨਾ ਹੋਵੇ ਕਿਤੇ ਸਾਡੀ ਧਰਤੀ ਮੱਲ ਕੇ ਬੈਠ ਜਾਣ। ੧੭।

***ਇਮ ਕਰ ਇਨ ਭੂਮ ਬਹਿਣ ਨ ਦੇਇਂ॥*** ਇਸ ਕਰਕੇ ਇਥੋਂ ਜੰਗਲ ਦੇਸ਼ ਦੇ ਰਹਿਣ ਵਾਲੇ ਲੋਕ, ਇਨ੍ਹਾਂ ਸਿੱਧੂ ਬਰਾੜਾਂ ਨੂੰ ਆਪਣੀ ਧਰਤੀ 'ਤੇ ਬਹਿਣ ਨਹੀਂ ਸਨ ਦਿੰਦੇ।

***ਰਹੈਂ ਭੂਮ ਤੌਂ ਜਗਾਤ ਭਰ ਲੇਹਿਂ॥*** ਜੇ ਉਹ ਉਹਨਾਂ ਦੀ ਧਰਤੀ 'ਤੇ ਰਹਿੰਦੇ ਹਨ, ਤਾਂ ਉਹ (ਜਗਾਤ) ਮਾਮਲਾ ਭਰਾ ਲੈਂਦੇ ਹਨ ਉਨ੍ਹਾਂ ਤੋਂ।

***ਫਿਰ ਤੁਰ ਕੇ ਯੌ ਕਰੈਂ ਗੁਜਾਰਾ॥*** ਇਉਂ ਫਿਰ ਤੁਰ ਕੇ ਹੀ ਗੁਜ਼ਾਰਾ ਕਰਦੇ ਸਨ ਉਹ, ਹੋਰ ਤਾਂ ਕੋਈ ਗੁਜ਼ਾਰਾ ਨਹੀਂ ਸੀ ਉਨ੍ਹਾਂ ਦਾ।

***ਭਯੋ ਚੱਕ੍ਰ ਇਮ ਇਨ ਕੋ ਭਾਰਾ॥ ੧੮॥*** ਇਸ ਤਰ੍ਹਾਂ ਇਨ੍ਹਾਂ ਨੂੰ ਚੱਕਰ ਪਿਆ ਹੋਇਆ ਸੀ ਬੜਾ ਭਾਰਾ। ਲੋਕ ਕਿਤੇ ਟਿਕਣ ਨਹੀਂ ਸੀ ਦਿੰਦੇ ਇਨ੍ਹਾਂ ਨੂੰ, ਉਦੋਂ ਹੀ ਆ ਜਾਂਦੇ ਲੋਕ, ਲਿਆ ਮਾਮਲਾ, ਕਿਥੋਂ ਦੇਣ ਮਾਮਲਾ, ਕਿਹੜਾ ਉਦੋਂ ਸੁਦਾਗਰੀਆਂ ਕਰਦੇ ਸਨ ਇਹ। ੧੮।

***ਇਮ ਕਰ ਦੇਵਹਿਂ ਇਨ੍ਹੈਂ ਨਿਕਾਰ॥*** ਜਦੋਂ ਇਨ੍ਹਾਂ ਤੋਂ ਮਾਮਲਾ ਦਿੱਤਾ ਨਹੀਂ ਜਾਂਦਾ, ਕਹਿੰਦੇ ਚਲੋ ਏਥੋਂ ਡੰਡਾ-ਡੇਰਾ ਚੁੱਕ ਲਵੋ, ਇਉਂ ਕਰਕੇ ਇਨ੍ਹਾਂ ਨੂੰ ਆਪਣੀ ਧਰਤੀ ਤੋਂ ਕੱਢ ਦਿੱਤਾ ਜਾਂਦਾ ਸੀ।

***ਰਲ ਮੁਲ ਖੱਯੇ ਔ ਤਪੇਦਾਰ।*** (ਮੁਲਖੱਯੇ) ਜੋ ਮੁਲਖ ਵਿਚ ਲੋਕ ਵਸਦੇ ਸਨ ਅਤੇ (ਤਪੇਦਾਰ) ਜੋ ਧਰਤੀ ਦੇ ਮਾਲਕ ਸਨ, ਉਹ ਇਨ੍ਹਾਂ ਸਿੱਧੂਆਂ ਨੂੰ ਠਹਿਰਨ ਨਹੀਂ ਸਨ ਦਿੰਦੇ ਕਿਸੇ ਇਕ ਥਾਂ 'ਤੇ।

***ਤਉ ਮਹਰਾਜੀਅਨ ਮਤੋ ਮਤੋਯੋ॥*** ਤਾਂ ਮਹਿਰਾਜ ਵਾਲਿਆਂ ਨੇ ਇਕ ਮਤਾ ਪਾਸ ਕੀਤਾ ਹੈ ਆਪਸ ਵਿਚ।

***'ਹਮ ਚਹੀਅਤ ਕੋਊ ਦੇਸ਼ ਰੁਕੋਯੋ' ॥ ੧੯॥*** ਸਾਨੂੰ ਚਾਹੀਦਾ ਹੈ ਕਿ ਅਸੀਂ ਵੀ ਕੋਈ ਦੇਸ਼ ਰੋਕ ਕੇ ਬੈਠੀਏ, ਜਿਥੇ ਸਾਡੀ ਆਪ ਦੀ ਮਾਲਕੀ ਹੋਵੇ, ਸਾਡੀ ਆਪਣੀ ਧਰਤੀ ਹੋਵੇ, ਆਪਾਂ ਵੀ ਕੋਈ ਕਰੀਏ ਉਪਰਾਲਾ। ੧੯।

***ਦੇਸ਼ ਪਰਾਯੋ ਇਮ ਰੁਕਯੋ ਕਬ ਆਈ॥*** ਪਰਾਏ ਦੇਸ਼ ਵਿਚ ਅਸੀਂ ਗੁਜ਼ਾਰਾ ਕਰਦੇ ਤੁਰੇ ਫਿਰਦੇ ਹਾਂ, ਇਉਂ ਆ ਕੇ ਪਰਾਇਆ

ਦੇਸ਼ ਅਸੀਂ ਕਿਵੇਂ ਰੋਕ ਸਕਦੇ ਹਾਂ, ਇਹ ਕਦੋਂ ਰੋਕਣ ਦਿੰਦੇ ਹਨ ਸਾਨੂੰ।

***ਬਿਨਾ ਕੀਦੇ ਕੋਊ ਬਡੋ ਸਹਾਈ॥*** ਕਿਸੇ ਵੱਡੇ ਦੀ ਸਹਾਇਤਾ ਕੀਤੇ ਤੋਂ ਬਿਨਾਂ, ਜਿੰਨਾਂ ਚਿਰ ਸਾਡੀ ਮਦਦ 'ਤੇ ਨਾ ਹੋਵੇ ਕੋਈ, ਉਨ੍ਹਾਂ ਚਿਰ ਨਹੀਂ ਸਾਨੂੰ ਬਹਿਣ ਦੇਣਾ ਕਿਸੇ ਨੇ।

***ਭਲੋ ਵਖਤ ਉਨਕਾ ਤਬ ਆਯੋ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਤਦ ਉਨ੍ਹਾਂ ਦਾ ਕੋਈ ਭਲਾ ਸਮਾਂ ਆ ਗਿਆ।

***ਉਨ ਸਤਿਗੁਰ ਕੋ ਉਹਲੋ ਤਕਾਯੋ॥ ੨੦॥*** ਉਨ੍ਹਾਂ (ਸਿੱਧੂਆਂ) ਨੇ ਸਤਿਗੁਰੂ ਜੀ ਦਾ (ਓਹਲੋ) ਆਸਰਾ ਤਕਾਇਆ ਕਿ ਆਪਾਂ ਸਤਿਗੁਰੂ ਜੀ ਦਾ ਆਸਰਾ ਲਈਏ, ਫਿਰ ਕੋਈ ਗੱਲ ਬਣ ਸਕੇਗੀ। ੨੦।

***ਸੋਰਠਾ॥ ਸੋ ਭਗਤੂ ਢਿਗ ਜਾਇ ਹਾਥ ਜੋੜ ਚਰਨੀ ਲਗੇ॥*** ਉਹ ਸਾਰੇ ਜਾ ਕੇ ਗੁਰੂ ਕੇ ਸਿੱਖ ਭਾਈ ਭਗਤੂ ਜੀ ਕੋਲ ਜਾ ਕੇ, ਹੱਥ ਜੋੜ ਕੇ ਉਨ੍ਹਾਂ ਦੇ ਚਰਨੀਂ ਲੱਗੇ।

***ਸਭ ਬਿਧ ਕਹੀ ਸੁਨਾਇ ਹਮਹਿ ਗੁਰੂ ਪਗ ਲਾਇਓ॥ ੨੧॥*** ਉਨ੍ਹਾਂ ਨੇ ਆਪਣੀ ਸਾਰੀ ਬਿਰਥਾ ਭਗਤੂ ਜੀ ਨੂੰ ਸੁਣਾਈ, ਕਿਉਂਕਿ ਅਸੀਂ ਗੁਜ਼ਾਰਾ ਕਰਦੇ ਹਾਂ, ਸਾਡਾ ਨਿਰਬਾਹ ਹੋਣਾ ਔਖਾ ਹੈ। ਤੁਸੀਂ ਕਿਰਪਾ ਕਰਕੇ ਸਾਨੂੰ ਗੁਰੂ ਜੀ ਦੇ ਚਰਨੀਂ ਲਾ ਦਿਓ ਚਲ ਕੇ। ੨੧।

***ਦੋਹਰਾ॥ ਮੇਲੋ ਬਸਾਖੀ ਆਇ ਪੁਨ ਲਯੋ ਮੋਹਣ ਭਗਤੂ ਸਾਥ॥*** ਫਿਰ ਉਦੋਂ ਨੂੰ ਵੈਸਾਖੀ ਦਾ ਮੇਲਾ ਆ ਗਿਆ, ਸਿੱਧੂਆਂ ਦੇ ਵੱਡੇ-ਵਡੇਰੇ ਮੋਹਣ ਨੂੰ ਭਾਈ ਭਗਤੂ ਨੇ ਆਪਣੇ ਸਾਥ ਲਿਆ।

***ਪ੍ਰਿਥਮ ਮਿਲਾਯੋ ਸਭਨ ਤੇ, ਢਿਗ ਸਤਿਗੁਰ ਜੋੜ ਸੁ ਹਾਥ॥ ੨੨॥*** ਭਾਈ ਭਗਤੂ ਜੀ ਨੇ ਭਾਈ ਮੋਹਣ ਨੂੰ ਸਭ ਤੋਂ ਪਹਿਲਾਂ ਸਤਿਗੁਰੂ ਜੀ ਦੇ ਦਰਸ਼ਨ ਕਰਵਾਏ, ਹੱਥ ਜੋੜ ਕੇ, ਮਹਾਰਾਜ ਜੀ! 'ਇਹ ਤੁਹਾਡੇ ਸਿੱਖ ਬਣਨ ਆਏ ਹਨ, ਕਿਰਪਾ ਕਰੋ ਇਹਨਾਂ 'ਤੇ ਸਿੱਖੀ ਬਖ਼ਸ਼ੋ ਇਨ੍ਹਾਂ ਨੂੰ'। ੨੨।

***ਚੌਪਈ॥ ਸ੍ਰੀ ਸਤਿਗੁਰ ਦ੍ਰਿਸ਼ਟ ਖੁਸ਼ੀ ਕੀ ਕਰੀ॥*** ਅੰਮ੍ਰਿਤ ਵੇਲਾ ਸੀ, ਸਤਿਗੁਰੂ ਜੀ ਖੁਸ਼ ਹੋ ਕੇ, ਮੋਹਣ 'ਤੇ, ਮਿਹਰ ਦੀ ਦ੍ਰਿਸ਼ਟੀ ਕੀਤੀ, ਮਿਹਰ ਦੀ ਨਿਗਾਹ ਨਾਲ ਤੱਕਿਆ ਹੈ, ਮੋਹਣ ਵੱਲ।

***ਭਏ ਨਿਹਾਲ ਵੈ ਤਿਸ ਹੀ ਘਰੀ॥*** ਮੋਹਣ ਤੇ ਉਸ ਦੇ ਸਾਥੀ, ਉਸੇ ਹੀ ਘੜੀ ਨਿਹਾਲ-ਨਿਹਾਲ ਹੋ ਗਏ, ਅਨੰਦੋ-ਅਨੰਦ ਹੋ ਗਏ।

***ਮਹਾਰਾਜ ਪੋਤ੍ਰੋ ਮੋਹਨ ਥੋ ਆਯੋ॥*** ਮਹਿਰਾਜ ਦਾ ਪੋਤਰਾ ਮੋਹਨ, ਭਾਈ ਭਗਤੂ ਦੇ ਨਾਲ ਆਇਆ ਸੀ।

***ਸਾਥ ਪੁਤ੍ਰ ਸੋ ਕਾਲੋ ਲਯਾਯੋ॥ ੨੩॥*** ਉਹ ਆਪਣੇ ਪੁੱਤਰ ਕਾਲੇ ਨੂੰ ਵੀ ਨਾਲ ਲਿਆਇਆ ਸੀ। ੨੩।

***ਸ੍ਰੀ ਸਤਿਗੁਰ ਅੱਗੈ ਦਯੋ ਚੜ੍ਹਵਾਇ॥*** ਮੋਹਣ ਨੇ ਆਪਣੇ ਪੁੱਤ੍ਰ ਕਾਲੇ ਨੂੰ ਸਤਿਗੁਰਾਂ ਦੇ ਅੱਗੇ ਭੇਟਾ ਚੜ੍ਹਾ ਦਿੱਤਾ, ਭਾਵ ਗੁਰੂ ਘਰ ਅਰਦਾਸ ਕਰਵਾ ਦਿੱਤਾ, ਸਤਿਗੁਰੂ ਜੀ ਦੇ ਚਰਨੀਂ ਲਾ ਦਿੱਤਾ।

***ਔਰ ਦਰਬ ਦਈ ਢੇਰੀ ਲਾਇ॥*** ਅਤੇ ਹੋਰ ਜੋ ਧਨ ਆਦਿਕ ਆਪਣੇ ਨਾਲ ਲਿਆਂਇਆ ਸੀ, ਉਸ ਦੀ ਵੀ ਢੇਰੀ ਲਾ ਦਿੱਤੀ, ਸਤਿਗੁਰੂ ਜੀ ਦੇ ਚਰਨਾਂ ਵਿਚ।

***ਕਾਲੇ ਟਹਿਲ ਗੁਰ ਲੰਗਰ ਲਾਈ॥*** ਗੁਰੂ ਜੀ ਨੇ ਕਾਲੇ ਨੂੰ ਗੁਰੂ ਕੇ ਲੰਗਰ ਦੀ ਸੇਵਾ ਵਿਚ ਲਾ ਦਿੱਤਾ ਹੈ।

***ਲੋਕਨ ਕਹਿ ਬਾਤ ਦਈ ਮਿਟਾਈ॥ ੨੪॥*** ਗੁਰੂ ਜੀ ਨੇ ਨਾਲ ਆਏ ਲੋਕਾਂ ਨੂੰ ਕਹਿ ਕੇ ਉਨ੍ਹਾਂ ਦੇ ਝਗੜੇ ਦੀ ਗੱਲ ਮੁਕਾ ਦਿੱਤੀ। ੨੪।

***ਤੋ ਮੋਹਨ ਗੁਰ ਪੈ ਜੀ ਕੀ ਕਹੀ॥*** ਤਾਂ ਮੋਹਣ ਨੇ ਗੁਰੂ ਜੀ ਪਾਸ ਆਪਣੇ ਮਨ ਦੀ ਗੱਲ ਕਹੀ।

***'ਦੱਯੋ ਜ਼ਿਮੀਂ ਹਮ ਵੱਸਨ ਤਈਂ'॥*** ਸੱਚੇ ਪਾਤਸ਼ਾਹ ਜੀ! ਸਾਨੂੰ ਵਸਣ ਵਾਸਤੇ ਜ਼ਮੀਨ ਦਿਉ, ਜਿਸ 'ਤੇ ਸਾਡੀ ਮਾਲਕੀ ਹੋਵੇ। ਸਾਨੂੰ ਇਉਂ ਨਾ ਕੋਈ ਆਖੇ, ਅਗਾਂਹ ਤੁਰੋ ਤੁਸੀਂ, ਇਥੇ ਤੁਹਾਡਾ ਕੋਈ ਹੱਕ ਨਹੀਂ।

**ਹਸ ਸਤਿਗੁਰ ਯੌ ਮੋਹਨ ਕਹਯੋ॥** ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਹੱਸ ਕੇ ਮੋਹਣ ਨੂੰ ਇਉਂ ਕਿਹਾ।

**ਹਮ ਚਾਹੈਂ ਤੁਮ ਦੇਣੈ ਜੋਗ ਕਯੋ॥ ੨੫॥** ਤੂ ਆਪ ਜ਼ਮੀਨ ਮੰਗਦਾ ਹੈਂ? ਪਰ ਅਸੀਂ ਤਾਂ ਚਾਹੁੰਦੇ ਹਾਂ, ਤੁਸੀਂ ਹੋਰ ਲੋਕਾਂ ਨੂੰ ਧਰਤੀ ਦੇਣ ਜੋਗੇ ਹੋਵੋ। ਤੈਨੂੰ ਐਨੀ ਧਰਤੀ ਦੇਈਏ ਕਿ ਤੂੰ ਲੋਕਾਂ ਨੂੰ ਆਪ ਧਰਤੀ ਵੰਡਿਆ ਕਰ। ੨੫।

**ਲੇਹਿਂ ਭੂਮ ਤੁਮ ਤੇ ਲੋਗ ਮੰਗ॥** ਲੋਕ ਆ ਕੇ ਤੇਰੇ ਦਰ 'ਤੇ ਮੰਗਤੇ ਬਣਨ, ਤੇਰੇ ਕੋਲੋਂ ਲੋਕ ਮੰਗ ਕੇ ਧਰਤੀ ਲਿਆ ਕਰਨਗੇ।

**ਜਾਹਿ ਅਬੈ ਤੂ ਭਗਤੂ ਸੰਗ॥** ਹੁਣ ਤੂੰ ਭਾਈ ਭਗਤੂ ਜੀ ਦੇ ਨਾਲ ਵਾਪਸ ਚਲਿਆ ਜਾਹ।

**ਹਮ ਆਵਹਿਂਗੇ ਜੰਗਲ ਮਾਹਿ॥** ਸਾਹਿਬ ਸੱਚੇ ਪਾਤਸ਼ਾਹ ਜੀ ਨੇ ਕਿਹਾ, ਅਸੀਂ ਮਾਲਵੇ ਵਿਚ ਆਵਾਂਗੇ, ਜੰਗਲ ਦੇਸ਼ ਵਿਚ ਅਸੀਂ ਛੇਤੀ ਹੀ ਆਵਾਂਗੇ।

**ਤੁਮਰੇ ਕੰਮ ਬਣਾਵਤ ਤਾਂਹਿ॥ ੨੬॥** ਉਥੇ ਤੁਹਾਡੇ ਸਾਰੇ ਕੰਮ ਬਣਾ ਕੇ ਆਵਾਂਗੇ, ਤੁਹਾਡੇ ਸਾਰੇ ਕਾਰਜ਼ ਸਵਾਰ ਕੇ ਆਵਾਂਗੇ। ੨੬।

**ਦੋਹਰਾ॥ ਤੌ ਮੋਹਣ ਗੁਰ ਸੌਂ ਕਹੀ, 'ਹਮ ਇਚਰਕ ਬਹਿਣ ਮੁਹਾਲ'॥** ਤਾਂ ਮੋਹਣ ਨੇ ਮੀਰੀ ਪੀਰੀ ਦੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅੱਗੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ਜੀ! 'ਕਦੋਂ ਤੁਸੀਂ ਆਏ? ਏਨਾਂ ਸਮਾਂ ਤਾਂ ਸਾਨੂੰ ਬੈਠਣ ਵਾਸਤੇ ਬੜਾ (ਮੁਹਾਲ) ਮੁਸ਼ਕਲ, ਔਖਾ ਹੈ। ਸਾਨੂੰ ਤਾਂ ਅਗਲੇ ਆਪ ਦੇ ਪਿੰਡ ਵਿਚ ਰਾਤ ਨਹੀਂ ਕੱਟਣ ਦਿੰਦੇ'।

**ਸਤਿਗੁਰ ਆਖਯੋ 'ਨਹਿਂ ਡਰੋ ਕਰੂ ਕਰਤਾ ਤੁਮ ਪ੍ਰਤਿਪਾਲ'॥ ੨੭॥** ਸਤਿਗੁਰੂ ਜੀ ਨੇ ਆਖਿਆ ਸਿੱਖੋ! 'ਤੁਸੀਂ ਡਰੋ ਨਾ, ਕਰਤਾ ਪੁਰਖ ਤੁਹਾਡੀ ਪਾਲਣਾ ਕਰੇਗਾ'। ੨੭।

**ਚੌਪਈ॥ ਸੋ ਭਗਤੂ ਆਨ ਪਾਸ ਬਹਾਏ॥** ਉਨ੍ਹਾਂ ਨੂੰ ਭਾਈ ਭਗਤੂ ਜੀ ਨੇ ਆਪਣੇ ਕੋਲ ਲਿਆ ਬਿਠਾਇਆ, ਉਥੇ ਉਨ੍ਹਾਂ ਦਾ ਡੇਰਾ ਕਰਾ ਲਿਆ।

**ਚੱਕਣ ਧੌਰੈ ਸੋਊ ਬਸਾਏ॥** ਜਿਹੜੇ ਵਿਚਾਰੇ (ਚੱਕਣ ਧੌਰੈ) ਚੁੱਕਣ ਧਰਨ ਵਿਚ ਹੀ ਰਹਿੰਦੇ ਸਨ, ਆਪਣਾ ਸਾਜ ਸਮਾਨ, ਅਗਲੇ ਪਿੰਡ ਉਸ ਤੋਂ ਅਗਲੇ ਪਿੰਡ, ਉਨ੍ਹਾਂ ਨੂੰ ਆਪਣੇ ਕੋਲ ਵਸਾ ਲਿਆ ਭਾਈ ਸਾਹਿਬ ਨੇ।

**ਤੌ ਤਪੇਦਾਰ ਬਖੀਲੀ ਕਰੈਂ॥** ਜਿਹੜੇ ਇਲਾਕੇ ਦੇ ਤਅਲਕੇਦਾਰ ਉਹ ਉਨ੍ਹਾਂ ਨਾਲ ਛੇੜਖਾਨੀ ਕਰਦੇ ਕਿ ਇਹ ਕੌਣ ਹੁੰਦੇ ਹਨ, ਇਥੇ ਬਿਠਾਇਆ ਹੈ ਇਨ੍ਹਾਂ ਨੂੰ।

**ਟਾਰੈਂ ਭਗਤੂ ਨਹਿਂ ਵੀ ਟਰੈਂ॥ ੨੮॥** ਭਾਈ ਭਗਤੂ ਜੀ ਟਾਲਦੇ ਹਨ ਉਨ੍ਹਾਂ ਨੂੰ, ਜਾਣ ਦਿਉ ਭੋਲਿਓ ਲੋਕੋ! ਇਹ ਸਤਿਗੁਰਾਂ ਦੇ ਸਿੱਖ ਬਣੇ ਹਨ ਪਰ ਉਹ ਨਹੀਂ ਟਲਦੇ ਟਾਲੇ ਹੋਏ। ੨੮।

**ਤੌ ਸਤਿਗੁਰ ਇਮ ਕਲ ਵਰਤਾਈ॥** ਜਦੋਂ ਉਹ ਲੋਕ ਭਾਈ ਭਗਤੂ ਦੇ ਵੀ ਆਖੇ ਨਾ ਲੱਗੇ, ਤਾਂ ਸਤਿਗੁਰਾਂ ਨੇ ਇਸ ਤਰ੍ਹਾਂ ਦਾ ਭਾਣਾ ਵਰਤਾਇਆ।

**ਇਕ ਰਾਜੈ ਇਨ ਗਲ ਬਣਵਾਈ॥** ਇਕ ਰਾਜੇ ਨੇ ਇਨ੍ਹਾਂ ਦੀ ਗੱਲ ਬਣਵਾ ਦਿੱਤੀ।

**ਉਸ ਰਾਜੈ ਕੀ ਕਹੌਂ ਕਹਾਨੀ॥** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਮੈਂ ਉਸ ਰਾਜੇ ਦੀ ਕਹਾਣੀ ਕਹਿੰਦਾ ਹਾਂ।

**ਜਿਮ ਲੋਕਨ ਬਹੁ ਸਯਾਨਨ ਬਖਾਨੀ॥ ੨੯॥** ਜਿਵੇਂ ਬਹੁਤ ਸਾਰੇ ਸਿਆਣੇ ਲੋਕਾਂ ਨੇ ਕਿਹਾ। ੨੯।

**ਇਕ ਚਤਰਸ਼ਾਲ ਨ੍ਰਿਪ ਦਖਣੀ ਕਹੈਂ॥** ਕਹਿੰਦੇ ਹਨ ਇਕ ਚਤਰਸ਼ਾਲ ਨਾਮ ਦਾ ਰਾਜਾ ਸੀ ਦੱਖਣ ਦੇਸ਼ ਦਾ।

**ਅਹਿਨਿਸ ਬਹੁਤ ਸ਼ਰਾਬੀ ਰਹੈ॥** ਉਹ ਰਾਤ ਦਿਨ ਬਹੁਤ ਹੀ ਸ਼ਰਾਬੀ ਰਹਿੰਦਾ ਸੀ, ਬਹੁਤੀ ਸ਼ਰਾਬ ਪੀ ਕੇ।

**ਬਹੁਤ ਦੁੱਖ ਉਸ ਰੱਯਤ ਪਾਵੈ॥** ਜਿਹੜਾ ਰਾਜਾ ਸ਼ਰਾਬੀ ਹੋਵੇ, ਉਹ ਰੱਯਤ ਦੀ ਕੀ ਸਾਰ ਲਵੇਗਾ ਕਿ ਇਹਨਾਂ ਨੂੰ ਦੁਖ ਹੈ ਜਾਂ ਸੁਖ ਹੈ, ਉਹਨੂੰ ਤਾਂ ਸ਼ਰਾਬ ਨਾਲ ਮਤਲਬ ਹੈ। ਉਸ ਦੀ ਪਰਜ਼ਾ ਇਸ ਤੋਂ ਬੜੀ ਹੀ ਦੁਖੀ ਹੋ ਗਈ ਹੈ।

***ਸੋ ਰਹੈ ਸ਼ਰਾਬੀ ਦੁੱਖ ਮਿਟਾਵੈ॥ ੩੦॥*** ਉਹ ਆਪ ਸ਼ਰਾਬੀ ਹੋ ਕੇ ਆਪਣਾ ਦੁਖ ਮਿਟਾ ਲੈਂਦਾ ਹੈ, ਕਿਸੇ ਨਾਲ ਕੀ ਹੈ ਉਸ ਨੂੰ। ੩੦।

***ਦੋਹਰਾ॥ ਦੁਸ਼ਮਨ ਔਰ ਜੁ ਢਿਗ ਹੁਤੇ ਤਿਨ ਲਯੋ ਮੁਲਕ ਦਬਾਇ॥*** ਉਸ ਚਤਰਸ਼ਾਲ ਰਾਜੇ ਦੇ ਜਿਹੜੇ ਹੋਰ ਦੁਸ਼ਮਣ ਸਨ ਨੇੜੇ ਦੇ, ਉਨ੍ਹਾਂ ਨੇ ਉਸ਼ ਦੇ ਮੁਲਕ ਦਾ ਕਾਫੀ ਹਿੱਸਾ ਦਬਾ ਲਿਆ।

***ਦਿਵਾਨ ਮੁਸੱਦੀ ਬਹੁ ਉਸੇ ਕਹਿ ਥਕ ਬਹੇ ਸਲਾਹਿ॥ ੩੧॥*** ਉਸ ਦੇ ਵਜ਼ੀਰ ਅਤੇ ਮੁਣਸ਼ੀ ਉਸ ਨੂੰ ਕਹਿ ਕਹਿ ਕੇ, ਸਲਾਹਾਂ ਦੇ-ਦੇ ਕੇ ਥੱਕ ਕੇ ਬੈਠ ਗਏ। ਵਜ਼ੀਰ ਤੇ ਮੁਣਸ਼ੀ ਕਹਿ ਰਹੇ, ਰਾਜਾ ਸਾਹਿਬ! ਹੋਸ਼ ਕਰੋ, ਕੀ ਕਰਦੇ ਹੋ, ਤੁਸੀਂ ਰਾਤ ਨੂੰ ਤਾਂ ਪੀ ਲਈ, ਦਿਨੇ ਵੀ? ਉਹ ਤੁਹਾਡਾ ਰਾਜ-ਸਾਜ ਇਲਾਕਾ ਦੱਬੀ ਤੁਰੇ ਆਉਂਦੇ ਹਨ, ਕੋਈ ਫ਼ੌਜ ਨੂੰ ਹੁਕਮ ਦਿਉ। ਕੋਈ ਇੰਤਜ਼ਾਮ ਕਰੋ ਤੁਹਾਡਾ ਇਲਾਕਾ ਖੁਸਦਾ ਜਾਂਦਾ ਹੈ। ੩੧।

***ਚੌਪਈ॥ ਮਾਤ, ਭ੍ਰਾਤ, ਉਸ ਘਰ ਕੀ ਜੋਇ॥*** ਉਸ ਰਾਜੇ ਦੀ ਮਾਤਾ, ਉਸ ਦੇ ਭਰਾ ਅਤੇ ਉਸ ਦੇ ਘਰ ਦੀ ਇਸਤ੍ਰੀ। ਜੋਇ=ਇਸਤ੍ਰੀ।

***ਰਹੇ ਸਮਝਾਇ ਵਹੁ ਮੰਨੈਂ ਨ ਕੋਇ॥*** ਉਹ ਉਸ ਨੂੰ ਬੜਾ ਹੀ ਸਮਝਾ ਰਹੇ ਪਰ ਉਸ ਨੇ ਕਿਸੇ ਦੀ ਇਕ ਨਾ ਮੰਨੀ।

***ਰਾਤ ਦਿਵਸ ਵੈ ਰਹਿ ਸਰਸ਼ਾਰ॥*** ਉਹ ਰਾਤ ਦਿਨ ਸ਼ਰਾਬ ਦੇ ਨਸ਼ੇ ਵਿਚ (ਸਰਸ਼ਾਰ) ਮਸਤ ਰਹਿੰਦਾ ਹੈ।

***ਸਭ ਕੰਮ ਉਸਕੋ ਭਯੋ ਖੁਆਰ॥ ੩੨॥*** ਉਸ ਦਾ ਸਾਰਾ ਕੰਮ ਖ਼ਰਾਬ ਹੋ ਗਿਆ; ਉਸ ਦਾ ਰਾਜ-ਸਾਜ ਢਿੱਲਾ ਪੈ ਗਿਆ। ੩੨।

***ਯਹੀ ਖਬਰ ਪਤਿਸ਼ਾਹ ਪਹਿ ਗਈ॥*** ਇਹ ਖ਼ਬਰ ਉਸ ਦੀ ਜਹਾਂਗੀਰ ਬਾਦਸ਼ਾਹ ਕੋਲ ਪਹੁੰਚ ਗਈ ਕਿ ਜੋ ਫਲਾਨਾ ਜੋ ਰਾਜਾ ਹੈ, ਉਹ ਕੋਈ ਰਾਜ ਭਾਗ ਨਹੀਂ ਸੰਭਾਲਦਾ ਹੈ। ਉਸ ਦਾ ਇਲਾਕਾ ਖ਼ਰਾਬ ਹੋ ਰਿਹਾ ਹੈ। ਸਭ ਥਾਵਾਂ 'ਤੇ ਉਸ ਦੇ ਰਾਜ ਵਿਚ ਬਗ਼ਾਵਤ ਹੋ ਰਹੀ ਹੈ ਅਤੇ ਉਹ ਕਿਸੇ ਦਾ ਕਿਹਾ ਵੀ ਨਹੀਂ ਮੰਨਦਾ।

***ਰਾਜ ਨਾਮ ਲਿਖ ਦਯੋ ਲਘੁ ਭਈ॥*** ਜਹਾਂਗੀਰ ਪਾਤਸ਼ਾਹ ਨੇ ਉਸ ਰਾਜੇ ਦੇ (ਲਘ) ਛੋਟੇ ਭਾਈ ਦੇ ਨਾਮ ਉਸ ਦੇ ਰਾਜ ਦੀ ਸੰਨਦ ਲਿਖ ਦਿੱਤੀ ਕਿ ਇਸ ਨੂੰ ਲਾਹ ਦਿਉ ਗੱਦੀ ਤੋਂ ਤੇ ਇਸ ਦੇ ਛੋਟੇ ਭਰਾ ਨੂੰ ਰਾਜ ਗੱਦੀ 'ਤੇ ਬਿਠਾ ਦਿਉ। ਇਹ ਉਸ ਨੂੰ ਹੁਕਮਨਾਮਾ ਭੇਜ ਦਿੱਤਾ।

***ਚਤਰਸਾਲ ਕਹਯੋ ਕੈਦ ਬਹਾਵਨ॥*** ਚਤਰਸ਼ਾਲ ਨੂੰ ਹੱਥਕੜੀਆਂ ਲਾ ਕੇ ਪੈਰਾਂ ਵਿਚ ਬੇੜੀਆਂ ਪਾ ਕੇ ਜੇਲ੍ਹ ਵਿਚ ਸੁੱਟੋ। ਇਸ ਨੂੰ ਕੈਦ ਵਿਚ ਬਿਠਾ ਦਿਉ।

***ਦੁਇ ਬੋਤਲ ਕਹਿ ਸ੍ਰਾਬ ਪਿਲਾਵਨ॥ ੩੩॥*** ਉਸ ਦਾ ਦੋ ਬੋਤਲਾਂ ਦਾ ਕੋਟਾ ਲਾ ਦਿੱਤਾ ਰੋਜ਼ ਦਾ। ਦੋ ਬੋਤਲਾਂ ਸ਼ਰਾਬ ਪਿਆਉਣ ਵਾਸਤੇ ਕਹਿ ਦਿੱਤਾ। ਸ਼ਰਾਬ ਹੀ ਪੀਣੀ ਹੈ, ਉਥੇ ਬੈਠਾ ਪੀਵੀ ਜਾਵੇ ਜੇਲ੍ਹ ਵਿਚ। ੩੩।

***ਦੋਹਰਾ॥ ਯਹੀ ਬਾਤ ਦਿਵਾਨਨ ਮੰਨੀ, ਮਹੂਰਤ ਲਯੋ ਕਢਵਾਇ॥*** ਬਾਦਸ਼ਾਹ ਦਾ ਹੁਕਮਨਾਮਾ ਪਹੁੰਚਣ ਦੀ ਦੇਰ ਹੀ ਸੀ, ਉਸ ਦੇ ਵਜ਼ੀਰਾਂ ਨੇ ਉਦੋਂ ਉਸ ਹੁਕਮ ਨੂੰ ਮੰਨਦਿਆਂ, ਪੰਡਤਾਂ ਨੂੰ ਸੱਦ ਕੇ ਨਵੇਂ ਰਾਜੇ ਨੂੰ ਰਾਜ ਤਿਲਕ ਦੇਣ ਵਾਸਤੇ ਸ਼ੁੱਭ ਮਹੂਰਤ ਕਢਵਾ ਲਿਆ।

***ਸਵਾ ਪਹਿਰ ਦਿਨ ਜਬ ਚੜ੍ਹੇ ਕਰ ਦੱਯਗੁ ਟਿੱਕੋ ਵਾਇ॥ ੩੪॥*** ਪੰਡਤਾਂ ਨੇ ਮਹੂਰਤ ਕੱਢਿਆ ਕਿ ਜਦੋਂ ਸਵਾ ਪਹਿਰ ਦਿਨ ਚੜ੍ਹ ਜਾਵੇ, ਉਦੋਂ ਉਸ ਨੂੰ ਰਾਜ ਤਿਲਕ ਦੇ ਦਿਉ, ਉਦੋਂ ਰਾਜ ਗੱਦੀ 'ਤੇ ਬਿਠਾ ਦਿਉ। ੩੪।

***ਚੌਪਈ॥ ਯਹੀ ਬਾਤ ਉਸ ਤਿਯ ਸੁਨ ਪਾਈ॥*** ਉਸ (ਚਤਰਸ਼ਾਲ) ਰਾਜੇ ਦੀ ਇਸਤ੍ਰੀ ਨੇ ਇਹ ਗੱਲ ਸੁਣ ਲਈ ਕਿ ਸਵਾ ਪਹਿਰ ਦਿਨ ਚੜ੍ਹੇ ਤੋਂ ਬਾਅਦ ਮੇਰੇ ਪਤੀ ਦਾ ਰਾਜ ਨਹੀਂ ਰਹਿਣਾ। ਉਸ ਤੋਂ ਬਾਅਦ ਮੇਰੇ ਦਿਉਰ ਦਾ ਰਾਜ ਹੋ ਜਾਣਾ ਹੈ।

***ਕਹਾਂ ਕਰੈ ਬਹੁ ਰਹੀ ਸਮਝਾਈ॥*** ਪਰ ਉਹ ਵਿਚਾਰੀ ਕੀ ਕਰੇ, ਉਹ ਉਸ ਨੂੰ ਬਥੇਰਾ ਸਮਝਾ ਰਹੀ ਸੀ, ਉਹ ਮੰਨਦਾ ਹੀ

ਨਹੀਂ ਸੀ।

***ਟੂਟਯੋ ਨਸ਼ਾ ਉਨ ਰਾਣੀ ਜਗਾਈ॥*** ਰਾਤ ਨੂੰ ਜਦੋਂ ਰਾਜੇ ਦਾ ਨਸ਼ਾ (ਟੂਟਿਯੋ) ਟੁੱਟਿਆ, ਉਤਰਿਆ, ਤਾਂ ਉਸ ਨੇ ਰਾਣੀ ਨੂੰ ਸੁੱਤੀ ਪਈ ਨੂੰ ਜਗਾਇਆ।

***ਲਯਾਓ ਪਯਾਲਾ ਉਨ ਮੰਗ ਸੁਨਾਈ॥ ੩੫॥*** ਮੈਨੂੰ ਸ਼ਰਾਬ ਦਾ ਪਿਆਲਾ ਭਰ ਕੇ ਲਿਆ ਦੇ, ਉਸ ਰਾਜੇ ਨੇ ਆਪਣੀ ਰਾਣੀ ਨੂੰ ਆਪਣੀ ਮੰਗ ਸੁਣਾਈ। ੩੫।

***ਰਾਣੀ ਕਹਯੋ 'ਆਇ ਦੇਗੁ ਤ੍ਰਹਿ ਭਾਈ॥*** ਰਾਣੀ ਨੇ ਰਾਜੇ ਨੂੰ ਤਾਅਨਾ ਦਿੰਦੇ ਹੋਏ ਕਿਹਾ, ਤੇਰਾ ਭਰਾ ਆ ਕੇ ਦੇਵੇਗਾ, ਤੈਨੂੰ ਸ਼ਰਾਬ ਦਾ ਪਿਆਲਾ।

***ਸਵਾ ਪਹਿਰ ਦਿਨ ਚੜ੍ਹੇ ਤੈਂ ਆਈ' ॥*** ਉਹ ਸਵਾ ਪਹਿਰ ਦਿਨ ਚੜ੍ਹੇ ਤੋਂ ਆਵੇਗਾ, ਤੇਰੇ ਲਈ ਸ਼ਰਾਬ ਦਾ ਪਿਆਲਾ ਲੈ ਕੇ।

***ਹੁਇ ਕਰੜੋ ਉਨ ਬਹੁਰ ਉਚਾਰਯੋ॥*** ਉਸ ਨੇ ਕਰੜਾ ਹੋ ਕੇ ਸਖ਼ਤ ਲਹਿਜੇ ਵਿਚ ਫਿਰ ਕਿਹਾ, ਸ਼ਰਾਬ ਲਿਆਉਣ ਵਾਸਤੇ।

***ਰਾਣੀ ਤਿਸਤੈ ਬਹੁਤ ਕਰੜੋ ਪੁਕਾਰਯੋ॥ ੩੬॥*** ਅੱਗੋਂ ਰਾਣੀ ਨੇ ਹੋਰ ਕ੍ਰੋਧਵਾਨ ਹੋ ਕੇ, ਉਸਤੋਂ ਸਖਤ ਲਹਿਜੇ ਵਿਚ ਕੜਕ ਕੇ ਬੋਲੀ ਉਸ ਨੂੰ। ੩੬।

***'ਆਉਗੁ ਤੁਮ ਪੈ ਤੁਮ ਲਘੁ ਭਾਈ॥*** ਕੋਈ ਨਹੀਂ, ਤੇਰਾ ਛੋਟਾ ਭਰਾ ਤੇਰੇ ਪਾਸ ਆਵੇਗਾ, ਆਉਣ ਵਾਲਾ ਹੀ ਹੈ ਥੋੜ੍ਹਾ ਜਿਹਾ ਹੋਰ ਉਡੀਕ ਲੈ।

***ਪਾਤਿਸ਼ਾਹੀ ਪ੍ਰਵਾਨੋ ਦੇਗੁ ਫੜਾਈ॥'*** ਪਾਤਸ਼ਾਹੀ ਪ੍ਰਵਾਨਾ ਤੇਰੇ ਹੱਥ ਵਿਚ ਫੜਾ ਦੇਵੇਗਾ।

***ਪਾਇ ਬੇੜੀ ਤੁਮ ਪਿਆਗੁ ਪਿਆਲਾ॥*** ਪਹਿਲਾਂ ਉਹ ਤੇਰੇ ਪੈਰਾਂ ਵਿਚ ਬੇੜੀਆਂ ਪਾ ਕੇ ਜੇਲ੍ਹ ਸੁੱਟੇਗਾ, ਫਿਰ ਤੈਨੂੰ ਸ਼ਰਾਬ ਦਾ ਪਿਆਲਾ ਪਿਆਏਗਾ। ਬਾਦਸ਼ਾਹ ਵੱਲੋਂ ਇਹ ਹੁਕਮਨਾਮਾ ਆਇਆ ਹੈ।

***ਸਵਾ ਪਹਿਰ ਦਿਨ ਚੜ੍ਹੇ ਜਿਸ ਕਾਲਾ॥ ੩੭॥*** ਜਿਸ ਸਮੇਂ ਸਵਾ ਪਹਿਰ ਦਿਨ ਚੜ੍ਹੇਗਾ। ੩੭।

***ਇਤਨੀ ਸੁਨ ਉਸ ਕਛੁ ਬੁਧ ਆਈ॥*** ਰਾਣੀ ਦੀ ਇਤਨੀ ਗੱਲ ਸੁਣ ਕੇ ਉਸ ਨੂੰ ਕੁਛ ਕੁ ਅਕਲ ਆਈ। ਨਸ਼ਾ ਉਸ ਦਾ ਟੁਟਿਆ ਹੋਇਆ ਸੀ, ਜਦੋਂ ਸੁਰਤ ਆਈ ਉਸ ਨੂੰ।

***ਕਹਯੋ ਨਾਰਿ, 'ਕਿਛੁ ਦੱਸੋ ਉਪਾਈ'॥*** ਆਪਣੀ ਇਸਤ੍ਰੀ ਅੱਗੇ ਹੁਣ ਹੱਥ ਜੋੜਦਾ ਹੈ, ਕੋਈ ਉਪਾਉ ਦੱਸੋ, ਹੁਣ ਮੈਂ ਕੀ ਕਰਾਂ, ਰਾਜ ਤਾਂ ਗਿਆ ਹੁਣ ਮੈਂ ਕੀ ਚਾਰਾ ਕਰਾਂ।

***ਰਾਨੀ ਕਹੀ, 'ਨਠ ਅਬ ਤੂੰ ਜਾਹਿ॥*** ਰਾਣੀ ਨੇ ਕਿਹਾ ਤੂੰ ਹੁਣੇ ਭੱਜ ਕੇ ਚਲਿਆ ਜਾਹ ਏਥੋਂ।

***ਜਹਾਂਗੀਰ ਕੈ ਜਾ ਪਉ ਪਾਇ' ॥ ੩੮॥*** ਦਿੱਲੀ ਜਾ ਕੇ ਜਹਾਂਗੀਰ ਬਾਦਸ਼ਾਹ ਦੇ ਪੈਰੀਂ ਜਾ ਪਉ, ਹੋਰ ਕੋਈ ਉਪਰਾਲਾ ਨਹੀਂ ਹੈ ਤੇਰਾ। ੩੮।

***ਦੋਹਰਾ॥ ਯਹੀ ਬਾਤ ਉਸ ਕੰਨ ਪਰੀ ਭਯੋ ਸੁਾਰ ਤਤਕਾਲ॥*** ਜਦੋਂ ਇਹ ਗੱਲ ਉਸ ਦੇ ਕੰਨ ਵਿਚ ਪਈ ਕਿ ਬਾਦਸ਼ਾਹ ਨੇ ਮੈਨੂੰ ਰਾਜ ਗੱਦੀ ਤੋਂ ਉਤਾਰ ਦਿੱਤਾ ਹੈ। ਉਸੇ ਸਮੇਂ ਬਾਦਸ਼ਾਹ ਕੋਲ ਦਿੱਲੀ ਜਾਣ ਲਈ ਘੋੜੇ 'ਤੇ ਸਵਾਰ ਹੋ ਗਿਆ।

***ਦੌੜ ਧਾਪ ਕਰ ਜਾ ਪੁਜਯੋ ਨਿਜ ਕਹਯੋ ਸਭੀ ਅਹਵਾਲ॥ ੩੯॥*** ਦੌੜ ਧੁਪ ਕਰਕੇ ਦਿੱਲੀ ਜਾ ਪਹੁੰਚਿਆ, ਜਹਾਂਗੀਰ ਬਾਦਸ਼ਾਹ ਕੋਲ, ਜਾ ਕੇ ਆਪਣਾ ਸਾਰਾ ਹਾਲ ਸੁਣਾਇਆ। ੩੯।

***ਚੌਪਈ॥ ਜਹਾਂਗੀਰ ਉਸ ਦਯੋ ਜੁਵਾਬ॥*** ਅੱਗੋਂ ਜਹਾਂਗੀਰ ਬਾਦਸ਼ਾਹ ਨੇ ਉਸ ਨੂੰ ਜਵਾਬ ਦੇ ਦਿੱਤਾ।

***ਅਬ ਤੁਮ ਕੋ ਨਹੀਂ ਮਿਲੈ ਸਵਾਬ॥*** ਹੁਣ ਨਹੀਂ ਤੈਨੂੰ ਰਾਜ ਦਾ (ਸਵਾਬ)' ਅਨੰਦ ਮਿਲ ਸਕਦਾ। ਤੈਨੂੰ ਬਹੁਤ ਵਾਰੀ ਸਮਝਾਇਆ, ਮੈਂ ਵੀ ਤੈਨੂੰ ਕਈ ਵੇਰਾਂ ਹੁਕਮਨਾਮੇ ਭੇਜੇ, ਤੂੰ ਕਿਸੇ 'ਤੇ ਅਮਲ ਹੀ ਨਹੀਂ ਕੀਤਾ। ਹੁਣ ਤਾਂ ਪ੍ਰਵਾਨਾਂ

ਲਿਖਿਆ ਗਿਆ, ਤੇਰਾ ਰਾਜ ਹੁਣ ਖ਼ਤਮ ਹੈ।

***ਹਮ ਤੁਮਕੋ ਬਹੁ ਬਾਰ ਲਿਖ ਰਹੇ॥*** ਅਸੀਂ ਤੁਹਾਨੂੰ ਬਹੁਤ ਵਾਰੀ ਲਿਖ ਲਿਖ ਕੇ ਭੇਜਿਆ ਕਿ ਤੂੰ ਸ਼ਰਾਬ ਛੱਡ ਦੇ।

***ਤੈਂ ਛਡਯੋ ਨ ਨਸ਼ੇ ਹਮਾਰੇ ਕਹੇ॥ ੪੦॥*** ਤੂੰ ਸਾਡੇ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਨਸ਼ਾ ਪੀਣਾ ਨਹੀਂ ਛੱਡਿਆ। ੪੦।

***ਯਹ ਸੁਨ ਚਤਰਸਾਲ ਹਥ ਜੋੜੇ॥*** ਜਹਾਂਗੀਰ ਤੋਂ ਇਹ ਜੁਆਬ ਸੁਣ ਕੇ ਚਤਰਸ਼ਾਲ ਰਾਜੇ ਨੇ ਹੱਥ ਜੋੜ ਕੇ ਬੇਨਤੀ ਕੀਤੀ।

***'ਦਿਹੁ ਰੋਟੀ ਮੁਹਿ ਵਲ ਕਿਤ ਓਰੇ'॥*** ਹੇ ਮਹਾਰਾਜ! ਤੁਸੀਂ ਪਾਤਸ਼ਾਹ ਹੋ! ਮੈਨੂੰ ਕਿਸੇ ਹੋਰ ਪਾਸੇ ਵੱਲ ਰੋਟੀ ਦੇ ਦਿਉ।

***ਤੌ ਪਾਤਿਸ਼ਾਹ ਤਜਵੀਜ਼ ਕਰਾਈ॥*** ਤਾਂ ਪਾਤਸ਼ਾਹ ਨੇ (ਤਜਵੀਜ਼) ਸਕੀਮ ਕਰਾ ਕੇ ਸਿਆਣਿਆਂ ਤੋਂ।

***ਮੁਲਕ ਉਜਾੜ ਦਯੋ ਜੰਗਲ ਲਿਖਾਈ॥ ੪੧॥*** ਜਹਾਂਗੀਰ ਨੇ ਉਸ ਨੂੰ ਜੰਗਲ ਦਾ ਉਜਾੜ ਮੁਲਕ ਲਿਖਵਾ ਕੇ ਦਿੱਤਾ। ੪੧।

***ਆਇ ਬਠਿੰਡੇ ਉਨ ਡੇਰਾ ਲਾਯਾ॥*** ਜਹਾਂਗੀਰ ਤੋਂ ਹੁਕਮਨਾਮਾ ਲੈ ਕੇ, ਉਸ ਨੇ ਬਠਿੰਡੇ ਆ ਕੇ ਆਪਣਾ ਡੇਰਾ ਲਾ ਲਿਆ।

***ਖਾਣੈ ਕੋ ਤਿਸ ਹੱਥ ਨਾ ਆਯਾ॥*** ਖਾਣ ਨੂੰ ਕੋਈ ਚੀਜ਼ ਵਸਤੂ ਕਿਥੋਂ ਲਿਆਵੇ? ਜੰਗਲ ਦੇਸ਼ ਹੈ, ਖਾਣ ਨੂੰ ਕੁਝ ਹੁੰਦਾ ਨਹੀਂ ਏਥੇ, ਖਾਣ ਵਾਸਤੇ ਕੋਈ ਵਸਤੂ ਉਸ ਦੇ ਹੱਥ ਨਾ ਆਈ ਏਥੇ ਆ ਕੇ।

***ਸੱਦੇ ਉਨ ਤਹਿਂ ਤੱਪੇਦਾਰ॥*** ਉਸ ਨੇ ਇਸ ਇਲਾਕੇ ਦੇ (ਤਪੇਦਾਰ) ਮਾਲਕ ਸੱਦੇ, ਜਿਨ੍ਹਾਂ-ਜਿੰਨ੍ਹਾਂ ਨੇ ਇਹ ਇਲਾਕਾ ਮੱਲਿਆ ਹੋਇਆ ਸੀ।

***ਉਨ੍ਹੈ ਦੇਖਿਓ ਮੁਲਖ ਉਜਾੜ॥ ੪੨॥*** ਉਸ ਨੇ ਦੇਖਿਆ ਕਿ ਮੁਲਕ ਤਾਂ ਸਾਰਾ ਉਜਾੜ ਪਿਆ ਹੈ, ਏਥੇ ਤਾਂ ਕੋਈ ਚੀਜ਼ ਵੀ ਨਹੀਂ ਹੁੰਦੀ। ੪੨।

***ਉਸ ਗੁਜਰ ਕਰਨ ਦੀ ਪੁਛੀ ਸਲਾਹਿ॥*** ਉਸ ਨੇ ਗੁਜ਼ਾਰਾ ਕਰਨ ਦੀ ਸਲਾਹ ਪੁੱਛੀ ਤਪੇਦਾਰਾਂ ਨੂੰ ਕਿ ਤੁਹਾਡਾ ਗੁਜ਼ਾਰਾ ਕਿਵੇਂ ਹੁੰਦਾ ਹੈ ਮੈਂ ਕਿਵੇਂ ਗੁਜ਼ਾਰਾ ਕਰਾਂਗਾ ਏਥੇ।

***ਕਹਯੋ ਉਨ੍ਹੈਂ, 'ਤੂੰ ਲੂਟ ਮਾਰ ਖਾਹਿ'॥*** ਉਹ ਕਹਿੰਦੇ ਬੱਸ ਏਸੇ ਤਰ੍ਹਾਂ ਹੀ ਹੈ, ਮਾੜੇ ਨੂੰ ਤਕੜਾ ਲੁੱਟ ਲੈਂਦਾ ਹੈ, ਤੂੰ ਵੀ ਲੁੱਟ ਮਾਰ ਕਰਕੇ ਖਾ ਸਕਦਾ ਹੈ।

***ਰਾਜੈ ਕਹਯੋ, 'ਤੁਮ ਅਗੈ ਹੁਇ ਬਤਾਇ॥*** ਰਾਜੇ ਨੇ ਤਅਲਕੰਦਾਰਾਂ ਨੂੰ ਕਿਹਾ, 'ਤੁਸੀਂ ਮੈਨੂੰ ਅੱਗੇ ਹੋ ਕੇ ਦੱਸੋ। ਕਿਹੜਾ ਕਿਹੜਾ ਇਲਾਕਾ ਹੈ ਜਿਹੜਾ ਮੈਂ ਲੁੱਟ ਲਵਾਂ'।

***ਹੋਇ ਆਕੀ ਸੋ ਲਯੋ ਮਰਵਾਇ'॥ ੪੩॥*** ਰਾਜੇ ਦੇ ਨਾਲ ਫ਼ੌਜ ਸੀ, ਉਸ ਨੇ ਕਿਹਾ, 'ਜਿਹੜਾ ਤੁਹਾਡੇ ਕੋਲੋਂ ਆਕੀ ਹੈ, ਤੁਸੀਂ ਉਸ ਨੂੰ ਮਰਵਾ ਲਵੋ ਮੇਰੇ ਕੋਲੋਂ, ਜਾਂ ਸਰ ਕਰਵਾ ਲਵੋ'। ੪੩।

***ਦੋਹਰਾ॥ ਉਨ ਹੁਤੇ ਮਹਿਰਾਜੀ ਅੱਖ ਤਿਣੈ ਸੋ ਉਨ ਦਏ ਬਤਾਇ॥*** ਇਹ ਮਹਿਰਾਜੀਏ ਉਨ੍ਹਾਂ ਤਪੇਦਾਰਾਂ ਦੀ ਅੱਖਾਂ ਦੇ ਵਿਚ ਤ੍ਰਿਣਾਂ ਵਾਂਗ ਰੜਕਦੇ ਸਨ ਕਿ ਇਹ ਕਿਥੇ ਆ ਗਏ ਨੇ, ਇਨ੍ਹਾਂ ਨੂੰ ਗੁਰੂ ਸਾਹਿਬ ਨੇ ਕਿਉਂ ਏਥੇ ਸਾਡੇ ਦੇਸ਼ ਵਿਚ ਘੱਲ ਦਿੱਤਾ ਹੈ। ਉਨ੍ਹਾਂ ਨੇ ਕਿਹਾ ਆਹ ਲੋਕ ਨੇ, ਮਹਿਰਾਜੀਆਂ ਵੱਲ ਉਂਗਲ ਕਰ ਦਿੱਤੀ ਹੈ।

***ਸੋਊ ਖਬਰ ਤਿਨ ਕੋ ਭਈ, ਪਰੀ ਚਿੰਤਾ ਤਿਨ ਆਇ॥ ੪੪॥*** ਉਹ ਖ਼ਬਰ ਉਨ੍ਹਾਂ ਨੂੰ ਹੋ ਗਈ, ਮਹਿਰਾਜ ਵਾਲਿਆਂ ਨੂੰ ਪਤਾ ਲੱਗ ਗਿਆ ਕਿ ਸਾਡੇ 'ਤੇ ਧਾੜ ਆ ਰਹੀ ਹੈ। ਉਹ ਫ਼ਿਕਰਮੰਦ ਹੋ ਗਏ ਕਿ ਹੁਣ ਕੀ ਕਰਾਂਗੇ? ਉਧਰ ਰਾਜੇ ਦੀ ਫ਼ੌਜ ਹੈ, ਫ਼ੌਜ ਨਾਲ ਕਿਵੇਂ ਟਾਕਰਾ ਕਰਾਂਗੇ। ੪੪।

***ਚੌਪਈ॥ ਮਹਰਾਜੀ ਸੁਨ ਭਗਤੂ ਢਿਗ ਅਏ॥*** ਮਹਿਰਾਜ ਵਾਲੇ ਇਹ ਖ਼ਬਰ ਸੁਣ ਕੇ, 'ਭਾਈ ਭਗਤੇ' ਪਿੰਡ ਆਏ ਹਨ ਭਾਈ ਭਗਤੂ ਕੋਲ।

***ਹਕੀਕਤ ਸਭੀ ਬਤਾਵਤ ਭਏ॥*** ਭਾਈ ਭਗਤੂ ਨੂੰ ਉਨ੍ਹਾਂ ਨੇ ਸਾਰੀ ਵਾਰਤਾ ਦੱਸੀ ਕਿ ਇਉਂ ਇਕ ਰਾਜਾ ਆਇਆ ਹੈ, ਉਹ ਸਾਨੂੰ ਲੁੱਟਣਾ ਚਾਹੁੰਦਾ ਹੈ।

***ਭਗਤੂ ਕਹੀ, 'ਓਟ ਨਹੀਂ ਔਰੈ॥*** ਭਾਈ ਭਗਤੂ ਕਹਿਣ ਲੱਗਾ, ਗੁਰੂ ਤੋਂ ਬਗੈਰ ਹੋਰ ਕੋਈ ਆਸਰਾ ਨਹੀਂ ਹੈ ਹੁਣ।

***ਸ੍ਰੀ ਗੁਰੂ ਵਲ ਚਹੀਏ ਹਥ ਜੋੜੇ' ॥ ੪੫ ॥*** ਸਾਨੂੰ ਸਤਿਗੁਰੂ ਜੀ ਵੱਲ ਧਿਆਨ ਕਰਨਾ ਚਾਹੀਦਾ ਹੈ, ਦੋਵੇਂ ਹੱਥ ਜੋੜ ਕੇ, ਉਹੀ ਤੁਹਾਡੀ ਸਹਾਇਤਾ ਕਰ ਸਕਦੇ ਹਨ। ੪੫।

***ਕਰੀ ਅਰਦਾਸ ਸ੍ਰੀ ਸਤਿਗੁਰ ਧਯਾਇ॥*** ਭਾਈ ਭਗਤੂ ਜੀ ਨੇ ਸਤਿਗੁਰੂ ਜੀ ਨੂੰ ਧਿਆ ਕੇ ਅਰਦਾਸ ਕੀਤੀ, ਮਹਾਰਾਜ ਸੱਚੇ ਪਾਤਸ਼ਾਹ! ਇਨ੍ਹਾਂ ਗਰੀਬ ਸਿੱਖਾਂ ਦੀ ਸਹਾਇਤਾ ਕਰੋ।

***'ਇਸ ਆਫਤੋਂ ਗੁਰ ਲਈਂ ਰਖਾਇ' ॥*** ਹੇ ਸੱਚੇ ਪਾਤਸ਼ਾਹ! ਇਸ ਆਫਤ ਤੋਂ ਬਚਾ ਲਈਂ, ਰੱਖ ਲਈ, ਕਿਰਪਾ ਕਰੋ ਇਨ੍ਹਾਂ ਗਰੀਬ ਸਿੱਖਾਂ ਉਤੇ।

***ਐਸੀ ਭਈ ਸਤਿਗੁਰ ਕੀ ਕਲਾ॥*** ਸਤਿਗੁਰੂ ਜੀ ਵੱਲੋਂ ਐਸੀ ਕਲਾ ਹੋਈ ਹੈ, ਐਸਾ ਭਾਣਾ ਵਰਤਿਆ।

***ਆਇ ਉਤਰਯੋ ਢਿਗ ਚੱਕ ਔਰ ਭਲਾ॥ ੪੬॥*** ਇਨ੍ਹਾਂ ਮਹਿਰਾਜ ਵਾਲਿਆਂ ਦੇ ਕੋਲ ਹੀ, ਇਨ੍ਹਾਂ ਵਰਗਾ ਹੋਰ (ਚੱਕ) ਟਪਰੀਵਾਸਾਂ ਦਾ ਢੰਗ ਜਥਾ ਆ ਉਤਰਿਆ। ੪੬।

***ਇਨ ਉਨ ਲੀਨੀ ਗਿਣ ਸਲਾਹਿ॥*** ਇਨ੍ਹਾਂ ਮਹਿਰਾਜ ਵਾਲਿਆਂ ਤੇ ਉਨ੍ਹਾਂ ਚੱਕ ਵਾਲਿਆਂ ਨੇ ਆਪਸ ਵਿਚ ਸਲਾਹ ਕਰ ਲਈ।

***'ਹਮ ਭਜੇ ਬਚੈਂ ਨਹੀਂ ਕਿਤ ਹਮ ਜਾਹਿਂ ?'*** ਇਹਨਾਂ ਨੇ ਸਲਾਹ ਕੀਤੀ ਕਿ ਅਸੀਂ ਭੱਜ ਕੇ ਕਿਤੇ ਚਲੇ ਜਾਈਏ, ਭੱਜ ਕੇ ਅਸੀਂ ਬਚਾਂਗੇ ਨਹੀਂ, ਇਹ ਸਾਡੇ ਮਗਰ ਪੈ ਕੇ ਫੜ ਕੇ ਸਾਨੂੰ ਮਾਰ ਦੇਣਗੇ।

***ਹਮ ਤੁਮ ਰਲੈ ਤੌਂ ਬਚੈਂ ਇਕ ਥਾਇ॥*** ਅਸੀਂ ਤੇ ਤੁਸੀਂ ਤਾਂ ਬਚ ਸਕਦੇ ਹਾਂ, ਜੇ ਅਸੀਂ ਸਾਰੇ ਇਕ ਥਾਂ ਇਕੱਠੇ ਹੋ ਜਾਈਏ, ਰਾਜੇ ਦਾ ਮੁਕਬਲਾ ਕਰਨ ਵਾਸਤੇ।

***ਤੌ ਲੌਂ ਰਾਜਾ ਪਰਯੋ ਉਨ ਧਾਇ॥ ੪੭॥*** ਉਦੋਂ ਨੂੰ ਰਾਜਾ ਚਤਰਸ਼ਾਲ ਉਨ੍ਹਾਂ ਉਤੇ ਹੱਲਾ ਬੋਲ ਕੇ ਆ ਪਿਆ। ੪੭।

***ਲਏ ਲੂਟ ਤਿਨ ਜਟ ਬਿਚਲਾਇ॥*** ਰਾਜੇ ਦੀ ਫ਼ੌਜ ਨੇ, ਨਾਲ ਦੇ ਚੱਕ ਵਾਲਿਆਂ ਜੱਟਾਂ ਨੂੰ ਉਥੋਂ ਉਖਾੜ ਕੇ ਲੁੱਟ ਲਿਆ ਹੈ।

***ਕਰੀ ਖਬਰ ਉਨ ਮਹਿਰਾਜਨ ਆਇ॥*** ਉਨ੍ਹਾਂ ਨਜ਼ਦੀਕੀ ਚੱਕ ਵਾਲਿਆਂ ਨੇ ਮਹਿਰਾਜ ਵਾਲਿਆਂ ਨੂੰ ਆ ਕੇ ਖ਼ਬਰ ਕੀਤੀ ਕਿ ਸਾਨੂੰ ਤਾਂ ਲੁੱਟ ਲਿਆ ਰਾਜੇ ਦੀ ਫ਼ੌਜ ਨੇ ਆ ਕੇ।

***ਕੀਓ ਉਪਰਾਲੋ ਮਹਿਰਾਜਨ ਧਾਇ॥*** ਮਹਿਰਾਜ ਵਾਲਿਆਂ ਨੇ ਰਾਜੇ ਉੱਤੇ ਲੜਾਈ ਕਰਨ ਦਾ ਉਪਰਾਲਾ ਕੀਤਾ।

***ਪੜੇ ਉਨੈਂ ਪਰ ਢੋਲ ਬਜਵਾਇ॥ ੪੮॥*** ਮਹਿਰਾਜ ਵਾਲੇ ਢੋਲ ਬਜਾ ਕੇ ਉਨ੍ਹਾਂ ਦੇ ਉਤੇ ਜਾ ਪਏ ਸਨ। ੪੮।

***ਦੋਹਰਾ॥ ਲੁੱਟ ਫੌਜ ਬਹੁ ਰਜ ਪਰੀ, ਲੀਨੀ ਪੰਡਨ ਚੁਕਵਾਇ॥*** ਹੋਰ ਲੋਕਾਂ ਦੀ ਚੰਗੀ ਲੁੱਟ ਕੀਤੀ ਚਤਰਸ਼ਾਲ ਦੀ ਫ਼ੌਜ ਨੇ, ਅੰਨ ਅਨਾਜ਼ ਅਤੇ ਹੋਰ ਰਾਜ-ਸਾਜ ਦੀਆਂ ਪੰਡਾਂ ਚੁਕਵਾ ਲਈਆਂ।

***ਰਾਜਾ ਰਹਯੋ ਅਕੇਲੜੋ ਫੌਜ ਪੜੀ, ਨਿਜੈ ਨਿਜ ਰਾਹਿ॥ ੪੯॥*** ਜੰਗਲ ਦੇਸ਼ ਸੀ, ਫ਼ੌਜ ਖੁਲ੍ਹੀ, ਆਈ ਸੀ, ਰਾਜਾ ਇਕੱਲਾ ਹੀ ਖੜ੍ਹਾ ਰਹਿ ਗਿਆ। ਫ਼ੌਜ ਲੁੱਟ ਕੇ ਆਪੋ ਆਪਣੇ ਰਾਹ ਪੈ ਗਈ। ੪੯।

***ਚੌਪਈ॥ ਰਾਜਾ ਅਕੇਲੋ ਤਹਿਂ ਰਹਯੋ ਖੜੋ॥*** ਰਾਜਾ ਉਥੇ ਇਕੱਲਾ ਹੀ ਖੜ੍ਹਾ ਰਹਿ ਗਿਆ।

***ਮਹਰਾਜ ਤੁਮਨਨੁ ਸਯੋਂ ਸੋਊ ਨ ਅੜੋ॥*** ਮਹਿਰਾਜ ਵਾਲਿਆਂ ਦੇ ਜਥਿਆਂ ਨਾਲ ਉਹ ਅੜ ਨਾ ਸਕਿਆ, ਇਕੱਲਾ ਰਾਜਾ ਉਨ੍ਹਾਂ ਨਾਲ ਦਸਤ ਪੰਜਾ ਨਾ ਲੈ ਸਕਿਆ।

***ਊਹਾਂ ਲਯੋ ਉਨ ਰਾਜੋ ਮਾਰ॥*** ਮਹਰਾਜੀਆਂ ਦੇ ਤੁੰਮਨ ਨੇ ਰਾਜੇ ਨੂੰ ਇਕੱਲਾ ਵੇਖ ਕੇ ਉਥੇ ਉਨ੍ਹਾਂ ਨੇ ਰਾਜੇ ਨੂੰ ਮਾਰ ਦਿੱਤਾ।

***ਸਤਿਗੁਰ ਸ੍ਵਾਰੀ ਉਨ ਕੀ ਕਾਰ॥ ੫੦॥*** ਸਤਿਗੁਰਾਂ ਨੇ ਉਨ੍ਹਾਂ ਮਹਿਰਾਜ ਵਾਲਿਆਂ ਦਾ ਕਾਰਜ਼ ਸਵਾਰ ਦਿੱਤਾ। ਰਾਜੇ ਚਤਰਸ਼ਾਲ ਨੂੰ ਮਹਿਰਾਜ ਕਿਆਂ ਨੇ ਮੈਦਾਨ ਵਿਚ ਹੀ ਮਾਰ ਲਿਆ। ੫੦।

***ਬਹੁਰ ਗੈਲ ਸਭ ਫੌਜਹਿ ਭਏ॥*** ਰਾਜੇ ਨੂੰ ਮਾਰ ਕੇ, ਫਿਰ ਫ਼ੌਜ ਮਗਰ ਹੋ ਪਏ ਹਨ ਸਾਰੇ, ਮਹਿਰਾਜੀਏ।

***ਲੋਕ ਰਾਜੇ ਕੇ ਤਿਨ੍ਹ ਲੁਟ ਲਏ॥*** ਰਾਜਾਚਤਰਸ਼ਾਲ ਦੇ ਲੋਕਾਂ ਨੂੰ ਫ਼ੌਜੀ ਸਿਪਾਹੀਆਂ ਨੂੰ ਮਹਿਰਾਜ ਕਿਆਂ ਨੇ ਲੁੱਟ ਲਿਆ। ਉਹ ਲੁੱਟ ਦਾ ਸਾਰਾ ਰਾਜ-ਸਾਜ ਲੁੱਟ ਕੇ ਵਾਪਸ ਲਿਆਏ।

***ਐਸੀ ਕਲਾ ਤਹਿੰ ਗੁਰ ਵਰਤਾਈ॥*** ਸਤਿਗੁਰਾਂ ਨੇ ਉਥੇ ਐਸੀ ਕਲਾ ਵਰਤਾਈ।

***ਭੂਪ ਬਿਨਾਂ ਕੋ ਕਰੈ ਲਰਾਈ॥ ੫੧॥*** ਇਤੀ ਚਤਰਸ਼ਾਲ ਰਾਜਾ ਬਧਹਿ ਸਿਪਾਹੀ ਨੂੰ ਤਾਂ ਸਭ ਨੂੰ ਆਪੋ ਆਪਣੇ ਪੈ ਗਈ, ਰਾਜੇ ਤੋਂ ਬਿਨਾਂ ਕੌਣ ਲੜਾਈ ਕਰੇ। ੫੧।

### ਇਸ ਤੋਂ ਅਗਲਾ ਪ੍ਰਸੰਗ

## (ਮੋਹਣ ਨੂੰ ਪਟਾ ਜ਼ਮੀਨ ਦਾ ਮਿਲਿਆ)

***ਦੋਹਰਾ॥ ਮਾਰ ਲੁੱਟ ਰਾਜੇ ਮੁੜੇ ਪਰੀ ਸੋਚ ਚਿਤ ਆਨ॥*** ਮਹਿਰਾਜ ਵਾਲੇ ਜਦੋਂ ਰਾਜੇ ਚਤਰਸ਼ਾਲ ਨੂੰ ਮਾਰ ਕੇ ਤੇ ਉਸ ਦੀ ਫ਼ੌਜ ਨੂੰ ਲੁੱਟ ਕੇ ਵਾਪਸ ਆਪਣੇ ਡੇਰੇ ਮੁੜ ਆਏ, ਤਾਂ ਉਨ੍ਹਾਂ ਦੇ ਮਨ ਨੂੰ ਚਿੰਤਾ ਆ ਪਈ। ਸੋਚ=ਚਿੰਤਾ।

***ਥੋ ਰਾਜੋ ਸਾਕ ਪਾਤਿਸ਼ਾਹ ਕੋ, ਮਤ ਪਾਵੈ ਹਮ ਪਰ ਪਰ ਤਾਣ॥ ੧॥*** ਸਾਕ=ਸੰਬੰਧ ਫ਼ਿਕਰ ਉਨ੍ਹਾਂ ਨੂੰ ਇਹ ਲੱਗਿਆ ਕਿ ਰਾਜਾ ਤਾਂ ਜਹਾਂਗੀਰ ਪਾਤਸ਼ਾਹ ਦਾ ਸਾਕ ਸੀ, ਭਾਵ ਉਸ ਦਾ ਸਨਬੰਧੀ ਸੀ, ਭਾਵੇਂ ਉਸ ਦੀ ਰੱਯਤ ਸੀ। ਕਿਵੇਂ ਵੀ ਸੀ, ਜੇ ਪਾਤਸ਼ਾਹ ਸਾਡੇ 'ਤੇ ਜ਼ੋਰ ਪਾਵੇ ਕਿ ਕਿਉਂ ਮਾਰਿਆ ਰਾਜੇ ਨੂੰ ਤੁਸੀਂ ਫਿਰ ਕੀ ਜੁਆਬ ਦਿਆਂਗੇ? ਹੁਣ ਇਹ ਸੋਚ ਪੈ ਗਈ ਹੈ ਇਹਨਾਂ ਨੂੰ। ੧।

***ਚੌਪਈ॥ ਯਹੀ ਬਾਤ ਸੁਨ ਸਯਾਨਨ ਬਿਚਾਰੀ॥*** ਸਿਆਣੇ ਲੋਕਾਂ ਨੇ ਇਹ ਗੱਲ ਸੁਣ ਕੇ, ਵਿਚਾਰ ਕੀਤੀ।

***ਭਈ ਸੋਚ ਉਨ ਮਨ ਮਧ ਭਾਰੀ॥*** ਉਨ੍ਹਾਂ ਦੇ ਮਨ ਵਿਚ ਬੜੀ ਭਾਰੀ ਚਿੰਤਾ ਹੋ ਗਈ ਕਿ ਕੀ ਜਾਣੀਏ ਰਾਜੇ ਦਾ ਪਾਤਸ਼ਾਹ ਨਾਲ ਕੀ ਸੰਬੰਧ ਹੈ? ਜਿਸ ਨੇ ਐਨਾ ਮੁਲਕ ਜਗੀਰ ਵਜੋਂ ਦੇ ਦਿੱਤਾ।

***ਨਠੇ ਭਜੇ ਭੀ ਬਚਤੇ ਨਾਹੀਂ॥*** ਜੇ ਅਸੀਂ ਭੱਜ-ਨੱਠ ਕੇ ਕਿਸੇ ਹੋਰ ਮੁਲਕ ਵਿਚ ਵੀ ਚਲੇ ਜਾਈਏ, ਬਚਣਾ ਤਾਂ ਅਸੀਂ ਫਿਰ ਵੀ ਨਹੀਂ। ਸਭ ਥਾਵਾਂ 'ਤੇ ਦਿੱਲੀ ਦੇ ਪਾਤਸ਼ਾਹ ਦਾ ਰਾਜ ਹੈ।

***ਹੈ ਚਾਰ ਕੂੰਟ ਪਤਿਸ਼ਾਹਨ ਪਾਹੀ॥ ੨॥*** ਚਾਰੇ ਕੂੰਟਾਂ ਹੀ ਪਾਤਸ਼ਾਹ ਦੇ ਪਾਸ ਹਨ, ਅਸੀਂ ਜਿੱਥੇ ਜਾਵਾਂਗੇ? ਉਥੇ ਹੀ ਪਾਤਸ਼ਾਹੀ ਫ਼ੌਜ ਆ ਜਾਏਗੀ। ੨।

***ਕਹੀ ਮੋਹਨ, 'ਹਮ ਦਿੱਲੀ ਜਾਵੈ॥*** ਮੋਹਣ ਜੀ ਜੋ ਮਹਿਰਾਜਕਿਆਂ ਦਾ ਵੱਡਾ ਸੀ, ਉਸ ਨੇ ਕਿਹਾ ਕਿ ਅਸੀਂ ਦਿੱਲੀ ਚੱਲੀਏ, ਉਥੇ ਚੱਲ ਕੇ ਕੋਈ ਗੱਲ ਬਣਾਈਏ।

***ਜੱਟ ਪੇਚ ਕੋਈ ਉਹਾਂ ਚਲਾਵੈਂ'॥*** ਕੋਈ ਜਟਕਾ ਪੇਚ ਚਲਾਈਏ ਉਥੇ ਜਾ ਕੇ, ਹੋਰ ਤਾਂ ਕੋਈ ਵਾਹ ਨਹੀਂ ਹੈ ਹੁਣ, ਜੇ ਉਹ ਚਲ ਗਿਆ, ਤਾਂ ਫਿਰ ਕੰਮ ਰਾਸ ਹੋ ਜਾਇਗਾ।

***ਸਵਾ ਸੈ ਰੁਪਏ ਕੀ ਸੁਖਨੋ ਠਹਿਰਾਈ॥*** ਉਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਵਿਚ ਸਵਾ ਸੌ ਰੁਪਏ ਦੀ ਸੁੱਖਣਾ ਸੁਖ ਲਈ ਕਿ ਸਵਾ ਸੌ ਰੁਪਏ ਦੀ ਦੇਗ ਕਰਾਵਾਂਗੇ, ਮਹਾਰਾਜ ਜੀ! ਸਾਡਾ ਕੰਮ ਰਾਸ ਹੋ ਜਾਵੇ।

***ਜੋੜ ਹੱਥ ਅਰਦਾਸ ਕਰਾਈ॥ ੩॥*** ਮਹਿਰਾਜੀਆਂ ਨੇ ਦੋਵੇਂ ਹੱਥ ਜੋੜ ਕੇ ਭਾਈ ਭਗਤੂ ਜੀ ਤੋਂ ਅਰਦਾਸ ਕਰਾਈ। ੩।

***ਇਕ ਘੋੜੇ ਲਯੋ ਦੇਨ ਨਜ਼ਰਾਨੈ॥*** ਬਾਦਸ਼ਾਹ ਕੋਲ ਦਿੱਲੀ ਨੂੰ ਚੱਲੇ ਹਨ, ਮਹਿਰਾਜਿਆਂ ਨੇ ਬਾਦਸ਼ਾਹ ਨੂੰ ਨਜ਼ਰਾਨਾ ਦੇਣ ਵਾਸਤੇ ਇਕ ਘੋੜਾ ਲਿਆ।

***ਯਹੀ ਜੁਗਤ ਲਈ ਮਧ ਚਿਤ ਠਾਨੈ॥*** ਚਿਤ ਵਿਚ ਇਹ ਜੁਗਤ ਬਣਾ ਲਈ ਕਿ ਕੋਈ ਨਜ਼ਰ ਭੇਟ ਵੀ ਲੈ ਚਲੀਏ ਬਾਦਸ਼ਾਹ ਦੀ।

***ਤਊ ਸਿੱਖ ਤੁਰ ਆਇ ਤਬ ਬੋਲਾ॥*** ਉਨ੍ਹਾਂ ਦੇ ਤੁਰਨ ਲੱਗਿਆਂ ਤੋਂ ਤਦ ਇਕ ਗੁਰ ਸਿੱਖ ਆ ਗਿਆ, ਉਹ ਬੋਲਿਆ।

***ਸੋ ਇਕ ਰਾਜੇ ਕੰਨ ਤੈ ਲਯੋ ਲੋਲਾ॥ ੪॥*** ਉਸ ਰਾਜੇ ਨੇ ਆਪਣੇ ਕੰਨਾਂ ਵਿਚ (ਲੋਲਾ) ਕੁੰਡਲ ਪਾਏ ਹੋਏ ਸਨ, ਜਿਹੜੇ ਬੜੇ ਕੀਮਤੀ ਪੱਥਰ ਦੇ ਸਨ। ਜੰਗ ਲੜਦਿਆਂ ਰਾਜੇ ਦੇ ਕੰਨ ਸਮੇਤ ਉਹ ਕੁੰਡਲ ਲਹਿ ਕੇ ਡਿੱਗ ਪਿਆ, ਉਹ ਮਹਿਰਾਜਿਆਂ ਨੇ ਚੁੱਕ ਲਿਆ ਸੀ। ੪।

***ਸੋਊ ਪਾਤਿਸ਼ਾਹਿ ਪਹਿ ਲੇ ਜਾਉ ਸੁਗਾਤ॥*** ਉਹ ਸਿੱਖ ਕਹਿਣ ਲੱਗਾ, 'ਉਸ ਲੋਲਕ ਨੂੰ ਪਾਤਸ਼ਾਹ ਦੇ ਕੋਲ ਸੁਗਾਤ ਵਜੋਂ ਲੈ ਜਾਉ।

***ਜੌ ਹਮ ਹੋਇ ਭਲੀ ਕਛੁ ਬਾਤ॥*** ਜੇ ਸਾਡੀ ਉਥੇ ਕੋਈ ਚੰਗੀ ਗੱਲ ਬਣ ਜਾਏ ਤਾਂ, ਜੇ ਬਾਦਸ਼ਾਹ ਸਾਡੀ ਫ਼ਰਿਆਦ ਸੁਣ ਲਵੇ।

***ਕਰ ਅਰਦਾਸ ਸੁ ਪਰ ਗਯੋ ਰਾਹਿ॥*** ਉਹ (ਮੋਹਣ) ਅਰਦਾਸ ਕਰਕੇ ਦਿੱਲੀ ਦੇ ਰਾਹ ਪੈ ਗਿਆ।

***ਦਯੋ ਨਜ਼ਰਾਨੋਂ ਦਿੱਲੀ ਜਾਇ॥ ੫॥*** ਬਾਦਸ਼ਾਹ ਨੂੰ ਨਜ਼ਰਾਨਾ ਦਿੱਤਾ ਦਿੱਲੀ ਜਾ ਕੇ। ੫।

***ਦੋਹਰਾ॥ ਜਾਇ ਫਰਯਾਦ ਪਹਿਲੋਂ ਕਰੀ ਔ ਨਜ਼ਰਾਨੋ ਦਯੋ ਘਲਾਇ॥*** ਮੋਹਣ ਹੋਰਾਂ ਨੇ, ਰਾਜੇ ਦੇ ਲੋਕਾਂ ਦੇ ਜਾਣ ਤੋਂ ਪਹਿਲਾਂ ਹੀ, ਜਹਾਂਗੀਰ ਅੱਗੇ ਜਾ ਫ਼ਰਿਆਦ ਕੀਤੀ। ਨਜ਼ਰਾਨਾ ਘਲਾ ਦਿੱਤਾ ਪਾਤਸ਼ਾਹ ਨੂੰ ਅਤੇ ਲੋਲਕ ਕੰਨਾਂ ਦਾ ਭੇਟਾ ਕੀਤਾ।

***ਗ੍ਰੀਬਨ ਕੋ ਮਾਰਨ ਗਯੋ ਆਪ ਮੁਯੋ ਤਿਸ ਥਾਇ॥ ੬॥*** ਸਾਨੂੰ ਤਾਂ ਪਤਾ ਨਹੀਂ ਜੀ ਗਰੀਬ ਲੋਕ ਹਾਂ, ਗੁਜ਼ਾਰਾ ਕਰਦੇ ਹਾਂ ਫਿਰ ਤੁਰ ਕੇ, ਸਾਨੂੰ ਉਹ ਮਾਰਨ ਗਿਆ ਸੀ ਤੇ ਆਪ ਹੀ ਉਥੇ ਲੜ ਕੇ ਮਰ ਗਿਆ। ੬।

***ਚੌਪਈ॥ ਲੋਲਕ ਦੇਖਯੋ ਜਬ ਪਤਿਸ਼ਾਹੀ॥*** ਬਾਦਸ਼ਾਹ ਨੇ ਜਦੋਂ ਉਹ ਪਾਤਸ਼ਾਹੀ (ਲੋਲਕ) ਕੰਨ ਦਾ ਗਹਿਣਾ ਦੇਖਿਆ।

***ਦੀਨੋਂ ਬੇਗਮ ਖੁਸ਼ੀ ਹੁਇ ਵਾਹੀ॥*** ਬਾਦਸ਼ਾਹ ਨੇ ਖੁਸ਼ ਹੋ ਕੇ ਉਹ ਲੋਲਕ ਆਪਣੀ ਬੇਗਮ ਨੂੰ ਦੇ ਦਿੱਤਾ।

***ਬੇਗਮ ਕਹਯੋ, 'ਮੈਂ ਇਕ ਕਯਾ ਕਰੋਂ॥*** ਬੇਗਮ ਨੇ ਇਕ ਹੋਰ ਨਵਾਂ ਕਜ਼ੀਆ ਖੜ੍ਹਾ ਕਰ ਦਿੱਤਾ, ਕਹਿੰਦੀ ਇਸ ਨੂੰ ਇਕ ਨੂੰ ਮੈਂ ਕੀ ਕਰਾਂ? ਇਹ ਦੋਵਾਂ ਕੰਨਾਂ ਵਿਚ ਪਾਉਣ ਵਾਲੇ ਹੁੰਦੇ ਹਨ, ਇਹ ਤਾਂ ਇਕੋ ਹੀ ਹੈ ਦੂਸਰਾ ਮੈਂ ਕਿਥੋਂ ਲਵਾਂ।

***ਦੋਊ ਹੁਇ ਤਾਂ ਮੈਂ ਕੰਨ ਧਰੋਂ॥ ੭॥*** ਜੇ ਦੋਵੇਂ ਹੋਣ ਤਾਂ ਮੈਂ ਕੰਨਾਂ ਵਿਚ ਪਾ ਲਵਾਂ। ੭।

***ਸੱਦ ਮੋਹਨ ਕੋ ਤਕੀਦ ਬਹੁ ਕਰੀ॥*** ਜਹਾਂਗੀਰ ਬਾਦਸ਼ਾਹ ਨੇ ਮੋਹਣ ਨੂੰ ਸੱਦ ਕੇ ਬੜੀ ਤਾਕੀਦ ਕੀਤੀ, ਤਾੜਨਾਂ ਕੀਤੀ।

***ਲਯਾਓ ਦੂਸਰੋ ਜਿੰਦ ਚਹਿ ਜੇਊਵਰੀ॥*** ਜੇ ਤੂੰ ਆਪਣੀ ਜਾਨ ਬਖ਼ਸ਼ੀ ਕਰਾਉਣਾ ਚਾਹੁੰਦਾ ਹੈਂ, ਤਾਂ ਦੂਸਰਾ ਲੋਲਕ ਲਿਆਓ ਕਿਥੇ ਹੈ? ਉਸ ਦੇ ਦੋਸ਼ ਲੱਗ ਗਿਆ ਕਿ ਦੂਸਰਾ ਤੂੰ ਲੁਕੋ ਲਿਆ ਹੈ ਤੇ ਇਕ ਲਿਆ ਕੇ ਹਾਜ਼ਰ ਕਰਦਾ ਹੈਂ। ਜੇ ਤੂੰ ਬਚਣਾ ਚਾਹੁੰਦਾ ਹੈਂ ਤਾਂ ਦੂਜਾ ਵੀ ਲਿਆ, ਨਹੀਂ ਤਾਂ ਤੂੰ ਬਚੇਂਗਾ ਨਹੀਂ।

***ਸੋ ਲਯਾਵੈਂ ਬਹੁ ਮਿਲੈ ਇਨਾਮ॥*** ਜੇ ਉਹ ਦੂਜਾ ਲੋਲਕ ਵੀ ਲਿਆਵੇਂਗਾ, ਤਾਂ ਤੈਨੂੰ ਬਹੁਤ ਸਾਰਾ ਇਨਾਮ ਵੀ ਮਿਲੇਗਾ।

***ਨਹਿ ਲਯਾਵੈ ਤੌ ਮਾਰੀਯਗੁ ਥਾਮ॥ ੮॥*** ਜੇ ਤੂੰ ਨਾ ਲਿਆਇਆ ਦੂਜਾ ਲੋਲਕ, ਥਾਂ 'ਤੇ ਹੀ ਮਾਰਾਂਗੇ ਤੈਨੂੰ, ਏਥੇ ਹੀ ਮਾਰਾਂਗੇ ਤੈਨੂੰ ਜਾਣ ਨਹੀਂ ਦੇਣਾ। ੮।

***ਯਹਿ ਸੁਨ ਮੋਹਨ ਬਹੁ ਸੋਚ ਪਰੀ॥*** ਇਹ ਸੁਣ ਕੇ ਮੋਹਣ ਨੂੰ ਬਹੁਤ (ਸੋਚ) ਚਿੰਤਾ ਪੈ ਗਈ।

***'ਲਭੈ ਨਹੀਂ ਤੌ ਸਾਰਿਅਨ ਮਰੀ'॥*** ਜੇ ਲੋਲਕ ਨਾ ਲੱਭਿਆ ਤਾਂ ਸਾਰੇ ਮਾਰੇ ਜਾਵਾਂਗੇ।

***ਮੋਹਨ ਸੁਖਣਾ ਫਿਰ ਗੁਰ ਧਾਰੀ॥*** ਮੋਹਣ ਨੇ ਫਿਰ ਸਤਿਗੁਰਾਂ ਦੀ ਸੁੱਖਣਾ ਸੁੱਖੀ ਹੈ, ਹੇ ਸੱਚੇ ਪਾਤਸ਼ਾਹ! 'ਬਚਾਓ ਇਸ

ਆਫ਼ਤ ਤੋਂ'।

*'ਪੰਜ ਸੈ ਰੁਪੱਯੋ ਧਰੋਂ ਪੂਰ ਬਾਰੀ' ॥ ੯ ॥* (ਪੂਰ) ਪੂਰ ਕੇ ਮਹਾਰਾਜ! 'ਮੈਂ ਪੰਜ ਰੁਪਈਏ ਦੀ ਬਾਲੀ ਪੂਰ ਕੇ ਤੁਹਾਡੀ ਭੇਟਾ ਰੱਖਾਂਗਾ'। ਬਾਰੀ=ਤੁਹਾਡੀ (ਪੂਰ) ਪੂਰੇ ਪੰਜ ਸੈ ਰੁਪਏ (ਬਾਰੀ) ਤੁਹਾਡੀ ਭੇਟਾ ਰੱਖਾਂਗਾ। ੯।

*ਹੁਤੋ ਮੋਹਨ ਸੰਗ ਇਕ ਗਯੋ ਤਾਤ ॥* ਤਾਤ=ਪੁੱਤਰ। ਮੋਹਣ ਦੇ ਨਾਲ ਉਸ ਦਾ ਇਕ (ਤਾਤ) ਪੁੱਤਰ ਵੀ ਗਿਆ ਸੀ।

*ਸਭ ਸਮਝਾਈ ਉਸ ਉਨ ਬਾਤ ॥* ਉਸ ਨੰ (ਮੋਹਣ) ਨੇ ਉਸ ਆਪਣੇ ਪੁੱਤਰ ਨੂੰ ਸਾਰੀ ਗੱਲ ਸਮਝਾਈ ਹੈ।

*'ਜਹਿਂ ਰਾਜਾ ਥੋ ਮਰ ਗਿਰ ਗਯੋ ॥* ਜਿਥੇ ਰਾਜਾ ਮਰ ਕੇ ਡਿਗਿਆ ਹੈ ਲੜਾਈ ਵਿਚ।

*ਹੋਗ ਉਸੈ ਥਾਂ ਸੋ ਗਿਰ ਗਯੋ ॥ ੧੦ ॥* ਉਸੇ ਥਾਂ 'ਤੇ ਹੀ ਉਹ ਲੋਲਕ ਡਿਗ ਪਿਆ ਹੋਣਾ ਕਿਤੇ। ੧੦।

*ਦੋਹਰਾ ॥ ਭਲੇ ਭਾਗ ਹਮ ਗੁਰ ਕਰੇ ਤੌ ਹਮ ਆਵਗੁ ਲੱਭ ॥* ਮੋਹਣ ਦਾ ਪਿਤਾ ਕਹਿੰਦਾ, ਜੇ ਸਤਿਗੁਰੂ ਜੀ ਨੇ ਸਾਡੇ ਭਾਗ ਭਲੇ ਕਰਨੇ ਹੋਏ, ਤਾਂ ਸਤਿਗੁਰੂ ਜੀ ਦੀ ਕਿਰਪਾ ਨਾਲ ਸਾਨੂੰ ਲੱਭ ਆਵੇਗਾ ਉਹ ਲੋਲਕ।

*ਲਭੈ ਨ ਆਵਗੁ ਜੌ ਹਮੈ ਤੌ ਮਾਰੀਯਗੁ ਔਲਾਦ ਹਮ ਸੱਭ ॥ ੧੧ ॥* ਜੇ ਉਹ ਦੂਸਰਾ ਲੋਲਕ ਸਾਨੂੰ ਨਾ ਲੱਭਿਆ ਤਾਂ ਅਸੀਂ ਆਪਣੀ ਸਾਰੀ ਉਲਾਦ ਸਮੇਤ ਮਾਰੇ ਜਾਵਾਂਗੇ। ੧੧।

*ਚੌਪਈ ॥ ਔਰ ਕਹੀ, 'ਸਭ ਪੁੱਛ ਲਯੋ ਲੋਗ ॥* ਬਾਕੀ ਇਹ ਕਿਹਾ ਕਿ ਹੋਰ ਲੋਕਾਂ ਨੂੰ ਵੀ ਪੁੱਛ ਲਿਓ, ਜੇ ਕਿਸੇ ਨੂੰ ਲੱਭਿਆ ਹੋਵੇ ਤਾਂ।

*ਗਿਰਯੋ ਪਰਯਾ ਕਿਸ ਲੱਭਯਾ ਹੋਗ' ॥* ਜੇ ਡਿੱਗਿਆ ਪਿਆ ਕਿਸੇ ਨੂੰ ਲੱਭ ਗਿਆ ਹੋਵੇ, ਇਉਂ ਸਾਰਿਆਂ ਨੂੰ ਪੁੱਛ-ਪੁਛਾ ਲਿਓ।

*ਮੋਹਨ ਸੌਂ ਸ਼ਾਹ ਬੰਧਯੋ ਕਰਾਰ ॥* ਮੋਹਣ ਨਾਲ ਇਕਰਾਰ ਬੰਨ ਲਿਆ ਹੈ ਬਾਦਸ਼ਾਹ ਨੇ।

*ਲਯਾਵੈ ਸੁਤ ਨਿਜ ਕਰ ਕਿਤ ਭਾਲ ॥ ੧੨ ॥* ਕਿ ਉਸ ਦਾ ਪੁੱਤਰ ਆਪ ਭਾਲ ਕੇ ਲਿਆਵੇਗਾ ਕਿਤੋਂ। ੧੨।

*ਜਾਇ ਉਨੈਂ ਬਹੁ ਤਲਾਇਸ਼ ਕਰੀ ॥* ਜਿਥੇ ਜੰਗੇ ਮੈਦਾਨ ਵਿਚ ਰਾਜਾ ਡਿੱਗਿਆ ਸੀ, ਉਥੇ ਜਾ ਕੇ ਉਸ ਨੇ ਬੜੀ ਭਾਲ ਕੀਤੀ ਹੈ ਲੋਲਕ ਦੀ।

*ਉਨ ਪਰ ਆਈ ਬਹੁ ਸੁਭ ਘਰੀ ॥* ਉਹਨਾਂ ਉਤੇ ਬਹੁਤ ਹੀ ਸ਼ੁੱਭ ਘੜੀ ਆ ਗਈ ਗੁਰੂ ਦੀ ਕਿਰਪਾ ਨਾਲ।

*ਨਜ਼ਰ ਪਰਯੋ ਉਨ ਲਯੋ ਉਠਾਇ ॥* ਲੋਲਕ ਉਸ ਦੀ ਨਜ਼ਰ ਪੈ ਗਿਆ, ਉਸ ਨੇ ਝੱਟ ਹੀ ਉਸ ਨੂੰ ਧਰਤੀ ਤੋਂ ਚੁੱਕ ਲਿਆ।

*ਜੀਐ ਤੇ ਪਯਾਰੋ ਪੁੱਜਯੋ ਧਾਇ ॥ ੧੩ ॥* ਉਸ ਨੂੰ ਜਿੰਦ ਤੋਂ ਪਿਆਰਾ ਸਮਝ ਕੇ, ਧਾ ਕੇ ਦਿੱਲੀ ਜਾ ਪਹੁੰਚਿਆ। ੧੩।

*ਦਯੋ ਪਤਿਸ਼ਾਹੋ ਤੁਰਤ ਸੁ ਜਾਹਿ ॥* ਤੁਰਤ-ਫੁਰਤ ਹੀ ਦੂਸਰਾ ਲੋਲਕ ਪਾਤਸ਼ਾਹ ਨੂੰ ਜਾ ਦਿੱਤਾ ਹੈ।

*ਦੇਖ ਮਿਹਰਵਾਨ ਭਯੋ ਪਤਿਸ਼ਾਹਿ ॥* ਬੇਕੀਮਤੀ ਚੀਜ਼ ਲੋਲਕ ਨੂੰ ਵੇਖ ਜਹਾਂਗੀਰ ਬਾਦਸ਼ਾਹ ਮਿਹਰਵਾਨ ਹੋ ਗਿਆ, ਦਿਆਲੂ ਹੋ ਗਿਆ।

*'ਮੋਹਨ ਮੰਗ ਲੈ ਸ਼ਾਹੋਂ ਜ਼ਮੀਨ ॥* ਮੋਹਣ! 'ਬਾਦਸ਼ਾਹ ਤੋਂ ਧਰਤੀ ਮੰਗ ਲੈ' ਜਿੰਨ੍ਹੀ ਚਾਹੀਦੀ ਹੈ ਤੈਨੂੰ।

*ਘੁਮਾਇ ਲਾਖ ਦੀਓ ਪਟਾ ਸੁ ਕੀਨ ॥* ਬਾਦਸ਼ਾਹ ਨੇ ਖੁਸ਼ੀ ਵਿਚ ਆ ਕੇ ਇਕ ਲੱਖ ਘੁਮਾ ਦਾ ਪਟਾ, ਮੋਹਣ ਦੇ ਨਾਮ ਕਰਕੇ ਦੇ ਦਿੱਤਾ। ਇਕ ਲੱਖ ਘੁਮਾ ਦਾ ਮਾਲਕ ਬਣਾ ਕੇ ਮੋਹਣ ਨੂੰ ਵਾਪਸ ਭੇਜ ਦਿੱਤਾ।

*ਸਤਿਗੁਰ ਕ੍ਰਿਪਾ ਤੇ ਬਨ ਆਈ ਬਾਤ ॥* ਸਤਿਗੁਰੂ ਨੇ ਇਨ੍ਹਾਂ ਦੀ ਅਰਦਾਸ ਨੇੜੇ ਹੋ ਕੇ ਸੁਣ ਲਈ, ਸਤਿਗੁਰੂ ਜੀ ਦੀ ਕ੍ਰਿਪਾ ਨਾਲ ਇਨ੍ਹਾਂ ਦੀ ਗੱਲ ਬਣ ਗਈ।

*ਭਏ ਪ੍ਰਸੰਨ ਇਮ ਮੋਹਣ ਤਾਤ ॥ ੧੪ ॥* ਮੋਹਣ ਤੇ ਉਸ ਦਾ ਪੁੱਤਰ ਪ੍ਰਸੰਨ ਹੋ ਗਏ। ੧੪।

## ਫੂਲਕਿਆਂ ਦਾ ਪ੍ਰਸੰਗ

## (ਫੂਲ ਤੇ ਕਾਲੇ ਦੇ ਪੁੱਤ੍ਰ ਨੂੰ ਗੁਰੂ ਕਾ ਵਰ)

***ਦੋਹਰਾ॥ ਸੁਨੌਂ ਬਾਤ ਅਬ ਫੂਲ ਕੀ ਜਿਮ ਕਰ ਵਧਿਓ ਜੋਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਹੁਣ ਫੂਲ ਦੀ ਗੱਲ ਸੁਣੋਂ ਜਿਸ ਤਰ੍ਹਾਂ ਕਰਕੇ ਉਹ ਦੇਸ਼ ਵਿਚ ਵਧਿਆ ਹੈ। ਮਹਿਰਾਜ ਤੇ ਫੂਲ ਇਹ ਦੋ ਹਨ ਅਤੇ ਦੋਹਾਂ ਦੀ ਅੰਸ-ਵੰਸ਼ ਅੱਜ ਤੱਕ ਵਸਦੀ ਹੈ। (ਫੂਲ ਤੇ ਮਹਿਰਾਜ ਦੋ ਪਿੰਡ ਹਨ ਉਨ੍ਹਾਂ ਦੇ ਨਾਮ ਤੇ, ਜੰਗਲ ਦੇਸ਼ ਵਿਚ)।

***ਪੇਟ ਵਜਾਯੋ ਗੁਰ ਢਿਗੈ ਹਰਿ ਗੋਬਿੰਦ ਅਗੈ ਖਲੋਇ॥ ੧॥*** ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਪਾਸ ਜਾ ਕੇ, ਗੁਰੂ ਜੀ ਦੇ ਅੱਗੇ ਖਲੋ ਕੇ ਆਪਣੇ (ਪੇਟ) ਢਿੱਡ 'ਤੇ ਹੱਥ ਮਾਰ-ਮਾਰ ਕੇ, ਵਜਾਇਆ। ੧।

***ਚੌਪਈ॥ ਏਕ ਬਾਰ ਗੁਰ ਮਹਿਰਾਜੈ ਆਯੋ॥*** ਇਕ ਵਾਰ ਗੁਰੂ ਹਰਿ ਗੋਬਿੰਦ ਸਾਹਿਬ ਜੀ ਮਹਿਰਾਜ ਨਗਰ ਵਿਚ ਆਏ, ਜੰਗਲ ਦੇਸ਼।

***ਭਾਈ ਭਗਤੂ ਸੰਗ ਕਾਲੋ ਲਯਾਯੋ॥*** ਭਾਈ ਭਗਤੂ ਜੀ ਆਪਣੇ ਨਾਲ ਕਾਲੇ ਨੂੰ ਲੈ ਕੇ ਆਏ।

***'ਜੋ ਮੁਖ ਮਾਂਗੈ ਸੋ ਗੁਰ ਦੇਹਿਂ॥*** ਇਸ ਇਲਾਕੇ ਦੇ ਸਿੱਖ ਜੋ ਵੀ ਆਪਣੇ ਮੂੰਹੋਂ ਮੰਗਦੇ, ਗੁਰੂ ਜੀ ਉਹੀ ਦਾਤ ਦੀ ਬਖ਼ਸ਼ਸ਼ ਕਰਦੇ।

***ਦੁੱਧ ਪੁੱਤ ਧਨ ਖੁਸ਼ੀਆਂ ਲੇਹਿਂ॥ ੨॥*** ਮਹਾਰਾਜ ਦੀਆਂ ਖੁਸ਼ੀਆਂ ਲੈ ਕੇ ਦੁੱਧ, ਪੁੱਤ੍ਰ ਅਤੇ ਧਨ-ਦੌਲਤ ਪ੍ਰਾਪਤ ਕਰਦੇ। ੨।

***ਔਰ ਸਿਖ ਬਹੁ ਆਨ ਮਿਲਾਏ॥*** ਹੋਰ ਬਹੁਤ ਸਾਰੇ ਗੁਰਸਿੱਖਾਂ ਨੂੰ ਲਿਆ ਕੇ ਭਾਈ ਭਗਤੂ ਨੇ ਗੁਰੂ ਜੀ ਦੇ ਚਰਨੀਂ ਲਾਇਆ।

***ਫੂਲ ਬਾਲਕ ਹੁਤ ਪਸ਼ੂ ਚਰਾਏ॥*** ਬਾਲਕ ਫੂਲ ਉਸ ਸਮੇ ਪਸ਼ੂਆਂ ਨੂੰ ਚਾਰਦੇ ਸਨ।

***ਤਿਨ ਸੁਨ ਲਯੋ ਸੰਗਤ ਮਿਲ ਗਈ॥*** ਉਸ (ਫੂਲ) ਨੇ ਸੁਣ ਲਿਆ ਕਿ ਸੰਗਤ ਮਿਲ ਕੇ ਸਤਿਗੁਰਾਂ ਦੇ ਦਰਸ਼ਨਾਂ ਨੂੰ ਗਈ ਹੈ।

***ਰੂਠ ਸੋਝ ਉਨ ਰੋਟੀ ਨ ਖਈ॥ ੩॥*** ਫੂਲ ਨੇ ਸੋਚ ਕੇ, ਰੁੱਸ ਕੇ ਰੋਟੀ ਨਾ ਖਾਧੀ, ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਾਉਣ ਵਾਸਤੇ, ਸੰਗਤ ਦੇ ਨਾਲ ਮੈਨੂੰ ਕਿਉਂ ਨਹੀਂ ਲੈ ਕੇ ਗਏ?

***'ਮਾਤਾ ਪਿਤਾ ਮੁਹ ਜੀਵਤ ਨਾਹੀਂ॥*** ਮੇਰੇ ਮਾਤਾ ਪਿਤਾ ਜਿਉਂਦੇ ਨਹੀਂ ਕਰਕੇ, ਮੈਨੂੰ ਗੁਰੂ ਜੀ ਦੇ ਦਰਸ਼ਨ ਨਹੀਂ ਕਰਾਏ, ਜੇ ਮੇਰੇ ਮਾਤਾ ਪਿਤਾ ਜਿਉਂਦੇ ਹੁੰਦੇ, ਤਾਂ ਮੈਨੂੰ ਵੀ ਦਰਸ਼ਨ ਕਰਨ ਵਾਸਤੇ ਨਾਲ ਲੈ ਕੇ ਜਾਂਦੇ। ਸਾਨੂੰ ਤਾਂ ਏਧਰ ਮਾਲ-ਡੰਗਰਾਂ ਮਗਰ ਲਾ ਛੱਡਿਆ। ੩।

***ਕੌਨ ਮਿਲਾਵੈ ਮੁਹਿ ਗੁਰ ਪਾਹੀ'॥*** ਮਾਤਾ ਪਿਤਾ ਤੋਂ ਬਗੈਰ, ਸਾਨੂੰ ਸਤਿਗੁਰਾਂ ਦੇ ਪਾਸ ਲਿਜਾ ਕੇ ਕੌਣ ਮਿਲਾਏ, ਕੌਣ ਦਰਸ਼ਨ ਕਰਾਏ ਸਤਿਗੁਰਾਂ ਦੇ।

***ਇਮ ਕਹਿ ਕੈ ਵਹੁ ਪਰਿਓ ਰੋਇ॥*** ਇਸ ਤਰ੍ਹਾਂ ਕਹਿ ਕੇ ਬਾਲਕ ਫੂਲ ਰੋ ਪਿਆ।

***ਖਬਰ ਭਈ ਕਾਲੇ ਚਾਚੇ ਸੋਇ॥ ੪॥*** ਇਹ ਖ਼ਬਰ ਫੂਲ ਦੇ ਚਾਚੇ ਕਾਲੇ ਨੂੰ ਹੋਈ ਹੈ ਕਿ 'ਫੂਲ' ਰੋ ਰਿਹਾ ਹੈ। ੪।

***ਪ੍ਰਾਤ ਫੂਲ ਸੰਗ ਕਾਲੇ ਉਠਯੋ॥*** ਅੰਮ੍ਰਿਤ ਵੇਲੇ ਫੂਲ ਕਾਲੇ ਦੇ ਨਾਲ ਹੀ ਉੱਠ ਪਿਆ, ਜਾਗ ਪਿਆ।

***ਦਹੀਂਡੀ ਦੈ ਸੰਗ ਅੱਗੈ ਕੀਯੋ॥*** (ਦਹੀਂਡੀ=ਦਹੀਂ ਦੀ ਮਟਕੀ) ਕਾਲੇ ਨੇ ਫੂਲ ਨੂੰ ਦਹੀਂ ਦੀ ਮਟਕੀ ਦੇ ਕੇ ਆਪਣੇ ਨਾਲ ਅੱਗੇ ਕਰਕੇ ਤੋਰ ਲਿਆ ਸਤਿਗੁਰੂ ਜੀ ਦੇ ਦਿਦਾਰ ਕਰਾਉਣ ਵਾਸਤੇ।

***ਆਇ ਸਤਿਗੁਰ ਢਿਗ ਠਾਂਢੋ ਭਯੋ॥*** ਸਤਿਗੁਰਾਂ ਦੇ ਹਜ਼ੂਰ ਆ ਕੇ ਦਹੀਂ ਦੀ ਮਟਕੀ ਰੱਖ ਕੇ ਫੂਲ ਖੜ੍ਹਾ ਹੋ ਗਿਆ।

***ਤੌ ਸਤਿਗੁਰ ਧਯਾਨ ਵਲ ਫੂਲੈ ਅਯੋ॥ ੫॥*** ਤਾਂ ਸਤਿਗੁਰੂ ਜੀ ਦਾ ਧਿਆਨ ਫੂਲ ਵਲ ਆਇਆ। ੫।

***ਦੋਹਰਾ॥ ਅਗੇ ਦਹਿੰਡੀ ਫੂਲ ਧਰ ਮੱਥੋ ਭੂਮ ਟਿਕਾਇ॥*** ਫੂਲ ਨੇ ਦਹੀਂ ਦੀ ਮਟਕੀ ਸਤਿਗੁਰੂ ਜੀ ਅੱਗੇ ਰੱਖ ਕੇ ਸਤਿਗੁਰੂ ਜੀ ਨੂੰ ਧਰਤੀ 'ਤੇ ਨਮਸਕਾਰ ਕੀਤੀ।

***ਹੋਇ ਖੜੇ ਢਿਡ ਠੋਕਿਆ ਜਿਮ ਕਾਲੈ ਹੁਤ ਸਮਝਾਇ॥ ੬॥*** ਮੱਥਾ ਟੇਕ ਕੇ ਉਠ ਕੇ ਫੂਲ ਆਪਣੇ ਢਿੱਡ 'ਤੇ ਹੱਥ ਮਾਰ ਕੇ ਵਜਾਉਣ ਲੱਗ ਪਿਆ, ਜਿਵੇਂ ਉਸ ਦੇ ਚਾਚੇ ਨੇ ਉਸ ਨੂੰ ਸਮਝਾ ਕੇ ਲਿਆਂਦਾ ਸੀ ਘਰੋਂ। ੬।

***ਚੌਪਈ॥ ਤਬ ਗੁਰ ਦੇਖ ਤਿਸ ਭਏ ਪ੍ਰਸੰਨ॥*** ਤਦ ਸਤਿਗੁਰੂ ਜੀ, ਉਸ ਭੁਜੰਗੀ (ਫੂਲ) ਨੂੰ ਢਿੱਡ ਵਜਾਉਂਦਾ ਵੇਖ ਕੇ ਬੜੇ ਪ੍ਰਸੰਨ ਹੋਏ ਹਨ।

***ਖਿੜ ਖਿੜ ਹੱਸੇ ਭਾਗ ਉਨ ਧੰਨ॥*** ਜਦੋਂ ਸਤਿਗੁਰੂ ਜੀ ਉਸ ਨੂੰ ਵੇਖ ਕੇ ਖਿੜ-ਖਿੜਾ ਕੇ ਹੱਸੇ, ਤਾਂ ਉਨ੍ਹਾਂ ਦੇ ਭਾਗ ਧੰਨਦਾ ਯੋਗ ਹੋ ਗਏ।

***ਕਿਤ ਤੁਰਯੋ ਸਗਨ ਭਲ ਔ ਭਲ ਘੜੀ॥*** ਕਿਤੇ ਨੇਕ ਸ਼ਗਨ ਅਤੇ ਨੇਕ ਘੜੀ ਹੋਵੇਗੀ, ਜਦੋਂ ਆਪਣੇ ਘਰੋਂ ਸਤਿਗੁਰਾਂ ਦੇ ਦੀਦਾਰ ਕਰਨ ਤੁਰਿਆ ਸੀ ਉਹ।

***ਭਲੀ ਦ੍ਰਿਸ਼ਟ ਤਿਸ ਗੁਰ ਵਲ ਅੜੀ॥ ੭॥*** ਉਸ (ਫੂਲ) ਦੀ ਨਜ਼ਰ ਨਾਲ ਸਤਿਗੁਰੂ ਜੀ ਦੀ ਮਿਹਰ ਦੀ ਦ੍ਰਿਸ਼ਟੀ ਮਿਲੀ, ਉਸ ਸਮੇਂ ਸਤਿਗੁਰੂ ਮਿਹਰ ਦੇ ਘਰ ਵਿਚ ਆਏ ਹੋਏ ਸਨ। ੭।

***ਦੋਹਰਾ॥ ਸਤਿਗੁਰ ਪੂਛੇ ਕਾਲਿਆ ਯਹ ਬਾਲਕ ਹੈ ਕੋਇ?*** ਸਤਿਗੁਰੂ ਜੀ ਪੁੱਛਿਆ ਕਾਲਿਆ! ਇਹ ਬਾਲਕ ਕੌਣ ਹੈ? ਭਾਈ। ਜਿਨ੍ਹਾਂ ਨੂੰ ਤੂੰ ਅੱਜ ਲੈ ਕੇ ਆਇਆ ਹੈਂ।

***ਅਬ ਢਿੱਡ ਵਜਾਯੋ ਕਿਮ ਇਨੈਂ, ਮੁਹਿ ਬਾਤ ਸਮਝਾਓ ਸੋਇ॥ ੮॥*** ਮੈਨੂੰ ਉਹ ਗੱਲ ਸਮਝਾਓ ਕਿ ਇਨ੍ਹਾਂ ਨੇ ਹੁਣ ਢਿੱਡ ਕਿਉ ਵਜਾਇਆ, ਕੀ ਕਾਰਨ ਹੈ?। ੮।

***ਚੌਪਈ॥ ਹਾਥ ਜੋੜ ਉਨ ਬਚਨ ਉਚਾਰੇ॥*** ਉਸ ਨੇ ਹੱਥ ਜੋੜ ਕੇ ਬਚਨ ਕੀਤੇ।

***ਹੁਇ ਸਨਮੁਖ ਗੁਰ ਸਚ ਦਰਬਾਰੇ॥*** ਗੁਰੂ ਜੀ ਦੇ ਸੱਚੇ ਦਰਬਾਰ ਵਿਚ ਗੁਰੂ ਜੀ ਦੇ ਸਨਮੁਖ ਹੋ ਕੇ ਬਚਨ ਕਰਦਾ।

***ਹੋਹੁ ਸਤਿਗੁਰ ਤੁਮ ਜਾਣੀ ਜਾਣ॥*** ਸਤਿਗੁਰੂ ਜੀ ਤੁਸੀਂ ਤਾਂ ਅੰਤਰਜ਼ਾਮੀ ਹੋ, ਸਭ ਦੇ ਹਿਰਦੇ ਕੀ ਜਾਣਦੇ ਹੋ।

***ਇਸਕਾ ਬਾਪ ਮੁਯੋ ਵਿਚ ਘਾਣ॥ ੯॥*** ਇਸ ਬੱਚੇ ਦਾ ਬਾਪ ਮਰ ਗਿਆ ਸੀ (ਘਾਣ) ਲੜਾਈ ਵਿਚ। ੯।

***ਚਤਰਸਾਲ ਹਮ ਪਰ ਜਬ ਪਯੋ॥*** ਰਾਜਾ ਚਤਰਸ਼ਾਲ ਜਦੋਂ ਸਾਡੇ 'ਤੇ ਹਮਲਾਵਰ ਹੋਇਆ ਸੀ।

***ਇਸ ਕਾ ਬਾਪ ਉਨੈਂ ਮਾਰ ਦਯੋ॥*** ਇਸ ਬੱਚੇ ਦਾ ਬਾਪ ਉਸ ਨੇ ਮਾਰ ਦਿੱਤਾ ਸੀ।

***ਹਮਰੋ ਥੋ ਸੋ ਬਡੋ ਭਰਾਇ॥*** ਮਹਾਰਾਜ ਉਹ ਮੇਰਾ ਵੱਡਾ ਭਰਾ ਲੱਗਦਾ ਸੀ।

***ਫੂਲ ਭਤੀਜੋ ਮੇਰੋ ਆਹਿ॥ ੧੦॥*** ਇਹ ਫੂਲ ਮੇਰਾ ਸਕਾ ਭਤੀਜਾ ਹੈ। ੧੦।

***ਇਸ ਕੋ ਘਾਟੋ ਰਿਜਕਹਿ ਰਹਯੋ॥*** ਮਹਾਰਾਜ! ਬਾਪ ਇਸ ਦੇ ਸਿਰ 'ਤੇ ਨਹੀਂ, ਇਸ 'ਤੇ ਗਰੀਬੀ ਆ ਗਈ। ਬਾਪ ਤੋਂ ਬਿਨਾਂ ਹੋਰ ਕੌਣ ਕਮਾਵੇ? ਇਹ ਅਜੇ ਬੱਚਾ ਹੈ, ਬਾਪ ਤੋਂ ਬਿਨਾਂ ਅਤੇ ਧਨ ਦਾ ਘਾਟਾ ਹੈ, ਇਸ ਦੇ ਕੋਲ ਰਿਜ਼ਕ ਦਾ ਘਾਟਾ ਰਿਹਾ ਹੈ। ਗਰੀਬ ਹੈ ਵਿਚਾਰਾ।

***ਇਸ ਤੁਮ ਅੱਗੈ ਪੇਟ ਬਜਯੋ॥*** ਇਸ ਵਾਸਤੇ ਤੁਹਾਡੇ ਅੱਗੇ ਪੇਟ ਵਜਾਇਆ ਹੈ ਇਸ ਨੇ ਕਿ ਕੁਛ ਖਾਣ ਨੂੰ ਦਿਓ, ਮਹਾਰਾਜ! ਭੁੱਖੇ ਹਾਂ।

***ਨਿਮਾਇ ਬਾਪਨ ਕੇ ਗੁਰ ਮਾਈ ਬਾਪ॥*** ਜਿਸ ਦਾ ਮਾਂ ਬਾਪ ਨਾ ਹੋਵੇ, ਗੁਰੂ ਜੀ ਉਸ ਦੇ ਮਾਈ ਬਾਪ ਤੁਸੀਂ ਹੋ।

***ਯਹ ਸੁਨ ਢਿੱਡ ਬਜਾਯੋ ਆਪ॥ ੧੧॥*** ਜਿਵੇਂ ਮਾਂ ਬਾਪ ਅੱਗੇ ਢਿੱਡ ਵਜਾਉਂਦਾ ਹੈ ਬੱਚਾ, ਭੁੱਖ ਲੱਗੀ ਤੋਂ, ਇਹ ਸੁਣ

ਕੇ ਕਿ ਗੁਰੂ ਜੀ ਸਭ ਦੇ ਮਾਈ ਬਾਪ ਹਨ, ਤਾਂ ਢਿੱਡ ਵਜਾਇਆ ਇਸ ਨੇ, ਇਹ ਢਿੱਡ ਵਿਚ ਕੁਛ ਪਉਣ ਵਾਸਤੇ ਮੰਗਦੇ ਨੇ। ੧੧।

**ਦੋਹਰਾ॥ ਰਿਜਕ ਅਨਾਇਤ ਕਿਛ ਕਰੋ ਧਰੋ ਇਸੀ ਸਿਰ ਹਾਥ॥** ਮਹਾਰਾਜ! ਇਸ ਬੱਚੇ ਦੇ ਸਿਰ 'ਤੇ ਹੱਥ ਰੱਖੋ ਤੇ ਰਿਜ਼ਕ ਦੀ (ਅਨਾਇਤ) ਬਖਸ਼ਸ਼ ਕਰੋ।

**ਯਹ ਸ਼ਰਨ ਤੁਮਾਰੀ ਆ ਪਰਯੋ ਸੁਤ ਹਮਰੇ ਹੈ ਬਡ ਭ੍ਰਾਤ॥ ੧੨॥** ਮਹਾਰਾਜ! ਇਹ ਮੇਰੇ ਵੱਡੇ ਭਰਾ ਦੇ ਪੁੱਤ੍ਰ ਅਤੇ ਤੁਹਾਡੀ ਸ਼ਰਨ ਆ ਪਏ ਹਨ, ਕਿਰਪਾ ਕਰਕੇ ਇਨ੍ਹਾਂ ਨੂੰ ਕੁਛ ਨਾ ਕੁਛ ਜਰੂਰ ਬਖਸ਼ੋ। ੧੨।

**ਚੌਪਈ॥ ਸਤਿਗੁਰ ਸੱਦ ਪਾਸ ਫੂਲ ਮੰਗਾਯਾ॥** ਫੂਲ ਨੂੰ ਸਤਿਗੁਰਾਂ ਨੇ ਸੱਦ ਕੇ ਆਪਣੇ ਕੋਲ ਬੁਲਾਇਆ।

**ਆਇ ਸੀਸ ਉਨ ਚਰਨ ਛੁਹਾਯਾ॥** ਉਨ੍ਹਾਂ ਬੱਚਿਆਂ ਨੇ ਆ ਕੇ ਆਪਣਾ ਸੀਸ ਸਤਿਗੁਰਾਂ ਦੇ ਚਰਨਾਂ 'ਤੇ ਆ ਰੱਖਿਆ।

**ਤਬ ਗੁਰ ਹੋਏ ਬਹੁਤ ਪ੍ਰਸੰਨ॥** ਤਦ ਸਤਿਗੁਰੂ ਜੀ ਉਨ੍ਹਾਂ 'ਤੇ ਬਹੁਤ ਪ੍ਰਸੰਨ ਹੋਏ।

**ਦਈ ਫੂਲ ਲੜ ਤੌ ਗਠ ਬੰਨ੍॥ ੧੩॥** ਸਤਿਗੁਰਾਂ ਨੇ ਫੂਲ ਦੇ ਲੜ ਗੱਠ ਬੰਨ੍ਹ ਦਿੱਤੀ, ਉਸ ਦੇ ਕੁੜਤੇ ਦੀ ਗੱਠ ਬੰਨ੍ਹ ਦਿੱਤੀ, ਸਤਿਗੁਰੂ ਜੀ ਕਹਿੰਦੇ ਤੂੰ ਹੁਣ ਤਕੜਾ ਹੋਜਾ, ਲੈ ਤੈਨੂੰ ਅਸੀਂ ਰਿਜ਼ਕ ਦਿੱਤਾ। ੧੩।

**ਕਹਯੋ ਇਸੈ ਹਮ ਦੀਨੋਂ ਰਾਜ॥** ਸਤਿਗੁਰੂ ਜੀ ਨੇ ਹੁਕਮ ਕੀਤਾ, ਇਸ ਨੂੰ ਅਸੀਂ ਰਾਜ ਦੇ ਦਿੱਤਾ। ਆਹ ਜੋ ਨਾਭਾ ਪਟਿਆਲਾ ਹੈ, ਇਹ ਰਾਜ ਉਨ੍ਹਾਂ ਸਤਿਗੁਰਾਂ ਦੇ ਵਰਦਾਨ ਨੇ। ਸਤਿਗੁਰੂ ਜੀ ਨੇ ਫੂਲਕਿਆਂ ਨੂੰ ਰਾਜ ਦੀ ਬਖਸ਼ਸ਼ ਕਰਕੇ ਰਾਜੇ ਬਣਾ ਦਿੱਤਾ ਹੈ।

**ਪੂਰਨ ਕੀਨੋ ਇਸ ਹਮ ਕਾਜ॥** ਇਹਨਾਂ ਦਾ ਕਾਰਜ਼ ਅਸੀਂ ਪੂਰਾ ਕਰ ਦਿੱਤਾ, ਕਿਸੇ ਵਸਤੂ ਦੀ ਇਨ੍ਹਾਂ ਨੂੰ ਪ੍ਰਵਾਹ ਨਹੀਂ ਰਹੇਗੀ, ਇਨ੍ਹਾਂ ਨੂੰ ਸਭ ਕੁਛ ਮਿਲੇਗਾ।

**ਹਾਥੀ ਘੋੜੇ ਤੋਪ ਜੰਬੂਰੇ॥** ਹਾਥੀ ਘੋੜੇ, ਤੋਪਾਂ ਤੇ ਜੰਬੂਰੇ।

**ਪਾਲਕੀਅਨ ਸਯੋ ਰਹਿੰ ਘਰ ਪੂਰੇ॥ ੧੪॥** ਪਾਲਕੀਆਂ ਨਾਲ ਇਹਨਾਂ ਦੇ ਘਰ ਭਰੇ ਰਹਿਣਗੇ, ਕਿਸੇ ਕਿਸਮ ਦਾ ਘਾਟਾ ਨਹੀਂ ਰਹੇਗਾ ਇਨ੍ਹਾਂ ਨੂੰ। ੧੪।

**ਜੋ ਔਰਨ ਕੌ ਭੀ ਬਖਸ਼ੀਸ਼ ਕਰਾਈ॥** ਇਹਨਾਂ ਨੂੰ ਰਿਜ਼ਕ ਦਿੱਤਾ, ਰਾਜ ਭਾਗ ਦਿੱਤਾ, ਜੋ ਹੋਰਨਾਂ ਨੂੰ ਵੀ ਬਖ਼ਸ਼ਸ਼ ਕਰਿਆ ਕਰਨਗੇ, ਜੋ ਇਨ੍ਹਾਂ ਤੋਂ ਧਰਤੀ ਦੀ ਮੰਗ ਕਰੇਗਾ, ਉਨ੍ਹਾਂ ਨੂੰ ਇਹ ਧਰਤੀ ਦੀ ਬਖਸ਼ਸ਼ ਕਰਨਗੇ।

**ਰਹੀਗੁ ਅਖੁੱਟ ਨਿਖੁੱਟਗੁ ਨਾਹੀਂ॥** ਇਨ੍ਹਾਂ ਨੂੰ ਅਸੀਂ ਇਤਨਾ ਰਿਜ਼ਕ ਦੇ ਦਿੱਤਾ ਜੋ ਸਦਾ ਅਮੁੱਕ ਰਹੇਗਾ, ਮੁਕੇਗਾ ਨਹੀਂ।

**ਦਯੋ ਰਾਜ ਤੁਹਿ ਦੁਇ ਦਰਯਾਇ ਮਾਂਹਿ॥** ਤੈਨੂੰ ਦੋਹ ਦਰਿਆਵਾਂ ਸਤਿਲੁਜ ਤੇ ਜਮਨਾ ਦੇ ਵਿਚਕਾਰ ਰਾਜ ਦੇ ਦਿੱਤਾ।

**ਸ੍ਰੀ ਮੁਖਵਾਕ ਕਹਯੋ ਅਸ ਤਾਂਹਿ॥ ੧੫॥** ਸਤਿਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਉਸ ਨੂੰ ਐਸਾ ਵਰਦਾਨ ਦਿੱਤਾ। ੧੫।

**ਦੋਹਰਾ॥ ਔਰ ਬਹੁਤ ਖੁਸ਼ੀਆਂ ਕਰੀ, ਲੈ ਗਯੋ ਫੂਲ ਘਰ ਧਾਇ॥** ਫੂਲ ਦੇ ਉਤੇ ਸਤਿਗੁਰੂ ਜੀ ਨੇ ਹੋਰ ਬਹੁਤ ਖ਼ੁਸ਼ੀਆਂ ਕੀਤੀਆਂ, ਕਾਲਾ ਆਪਣੇ ਭਤੀਜੇ ਫੂਲ ਨੂੰ ਧਾ ਕੇ ਆਪਣੇ ਘਰ ਲੈ ਗਿਆ।

**ਸੁਨ ਕਾਲੇ ਤ੍ਰੀਮਤ ਅਗ ਲਗੀ, ਕਿਮ ਪੁਤ ਆਯੋ ਪ੍ਰਾਏ ਦਿਰਾਇ॥ ੧੬॥** ਇਹ ਸੁਣ ਕੇ ਕਾਲੇ ਦੀ ਤੀਵੀਂ ਨੂੰ ਅੱਗ ਲੱਗ ਗਈ ਕਿ ਸ਼ਰੀਕਾਂ ਨੂੰ ਰਾਜ ਪਾਟ ਦਿਵਾ ਲਿਆਇਆ ਹੈਂ। ਤੇਰੇ ਆਪਣੇ ਪੁੱਤਰ ਨਹੀਂ ਸੀ ਦਿਸਦੇ ਤੈਨੂੰ, ਤੂੰ ਪਰਾਏ ਪੁੱਤਰਾਂ ਨੂੰ ਕਿਵੇਂ ਰਾਜ ਦਿਵਾ ਆਇਆ ਹੈਂ? ੧੬।

**ਚੌਪਈ॥ ਕਾਲੇ ਕੌ ਬਡ ਤ੍ਰਿਯਾ ਸਤਾਯਾ॥** ਕਾਲੇ ਨੂੰ ਉਸ ਦੀ ਇਸਤ੍ਰੀ ਨੇ ਬੜਾ ਤੰਗ ਕੀਤਾ ਕਲੇਸ਼ ਕਰਕੇ।

**ਕਿਮ ਕਾਲੇ ਦਿਨ ਦਸਵਾਂ ਆਯਾ॥** ਕਾਲੇ ਹੋਰੀਂ ਦਸਵੇਂ ਦਿਨ ਦਰਸ਼ਨਾਂ ਨੂੰ ਜਾਂਦੇ ਸਨ, ਦਸੇ ਦਿਨ ਕਾਲੇ ਦੇ ਘਰ ਵਾਲੀ ਘਰੇ ਕਲੇਸ ਕਰਦੀ ਰਹੀ, ਕਿਵੇਂ ਕਾਲੇ ਨੂੰ ਦਸਵਾਂ ਦਿਨ ਆਇਆ।

***ਉਸੀ ਤੌਰ ਫਿਰ ਲਈ ਦਹਿੰਡੀ॥*** ਕਾਲੇ ਨੇ ਉਸੇ ਤਰ੍ਹਾਂ ਫਿਰ ਦਹੀਂ ਦੀ ਮਟਕੀ ਲਈ।

***ਨਿਜ ਸੁਤ ਕੈ ਸਿਰ ਪਰ ਧਰ ਦੀਂਡੀ॥ ੧੭॥*** ਦਹੀਂ ਦੀ ਮਟਕੀ ਆਪਣੇ ਪੁੱਤਰ ਦੇ ਸਿਰ 'ਤੇ ਰੱਖ ਦਿੱਤੀ, ਫੂਲ ਦੇ ਵਾਂਗ। ੧੭।

***ਫਿਰ ਸਤਿਗੁਰ ਜਬ ਝਾਤੀ ਪਾਈ॥*** ਜਦੋਂ ਸਤਿਗੁਰਾਂ ਦੇ ਹਜ਼ੂਰ ਗਏ, ਤਾਂ ਸਤਿਗੁਰਾਂ ਨੇ ਫਿਰ ਕਿਰਪਾ ਕਰਕੇ ਦੇਖਿਆ।

***ਦੇਖਯੋ ਬਾਲਕ ਅਗੈ ਖੜਵਾਈ॥*** ਹੋਰ ਬਾਲਕ ਅੱਗੇ ਖੜੇ ਫਿਰ ਦੇਖੇ ਹਨ ਸਤਿਗੁਰਾਂ ਨੇ।

***ਉਸੀ ਤੌਰ ਢਿੱਡ ਲੜਕੇ ਠਨੌਰਾ॥*** ਜਿਵੇਂ ਪਹਿਲਾਂ ਕਾਲੇ ਦੇ ਭਤੀਜੇ ਨੇ ਢਿੱਡ ਵਜਾਇਆ ਸੀ, ਉਸੇ ਤਰ੍ਹਾਂ ਇਨ੍ਹਾਂ ਲੜਕਿਆਂ ਨੇ ਵੀ ਆਪਣਾ ਢਿੱਡ ਵਜਾਇਆ।

***ਸ੍ਰੀ ਸਤਿਗੁਰ ਮੁਖ ਉਸ ਵਲ ਜੋਰਾ॥ ੧੮॥*** ਸਤਿਗੁਰੂ ਜੀ ਨੇ ਆਪਣਾ ਮੁਖਾਰਬਿੰਦ ਉਸ ਵੱਲ ਜੋੜਿਆ, ਧਿਆਨ ਉਪਰ ਕੀਤਾ। ੧੮।

***ਦੋਹਰਾ॥ ਤੌ ਸਤਿਗੁਰ ਉਸ ਹਸ ਕਹਯੋ ਅਬ ਲੜਕੋ ਆਣਯੋ ਔਰ॥*** ਸਤਿਗੁਰੂ ਜੀ ਨੇ ਉਸ ਨੂੰ ਹੱਸ ਕੇ ਕਿਹਾ, ਕਾਲਿਆ! ਹੁਣ ਹੋਰ ਲੜਕੇ ਲਿਆਇਆ ਹੈਂ, ਉਸ ਦਿਨ ਤਾਂ ਹੋਰ ਸਨ।

***ਹਮ ਤੌ ਉਸ ਇਤਨੌ ਦਯੌ, ਵੁਹ ਕਰੂ ਤੁਹਾਰੀ ਗੌਰ॥ ੧੯॥*** ਅਸੀਂ ਤਾਂ ਉਸ ਨੂੰ ਇਤਨੀ ਬਖ਼ਸ਼ਸ਼ ਕਰ ਦਿੱਤੀ, ਉਹ ਤੁਹਾਡੀ ਸਾਰਿਆਂ ਦੀ ਸੰਭਾਲ ਕਰੇਗਾ। ਉਸ ਦੇ ਪਾਸੋਂ ਕਦੇ ਮੁਕੇਗਾ ਨਹੀਂ, ਇਤਨੀ ਉਸ ਨੂੰ ਬਖ਼ਸ਼ਸ਼ ਕੀਤੀ ਰਾਜ ਭਾਗ ਦੀ। ੧੯।

***ਦੋਹਰਾ॥ ਭਗਤੂ ਭਾਈ ਤਹਿਂ ਖੜੌ ਕਹ ਤਿਨ ਯੌ ਕਰਾਈ ਅਰਦਾਸ॥*** ਭਾਈ ਭਗਤੂ ਜੀ ਉਥੇ ਹੀ ਖੜ੍ਹੇ ਸਨ, ਸਤਿਗੁਰਾਂ ਦੇ ਹਜ਼ੂਰ, ਉਨ੍ਹਾਂ ਨੇ ਕਹਿ ਕੇ ਇਉਂ ਅਰਦਾਸ ਕਰਵਾ ਦਿੱਤੀ।

***'ਅਪਨੌ ਬੀਜਯੋ ਹੁਇ ਜੋਊ ਰਹੈ ਮੋਹਨ ਕਿਆਂ ਪਾਸ' ॥ ੨੦॥*** ਸਤਿਗੁਰੂ ਜੀ ਕਹਿਣ ਲੱਗੇ, ਆਪਣਾਂ ਬੀਜਿਆ ਹੋਇਆ ਇਨ੍ਹਾਂ ਮੋਹਣ ਕਿਆਂ ਦਾ, ਇਹਨਾਂ ਦੇ ਪਾਸ ਹੀ ਰਹੇਗਾ, ਭਾਵ ਇਨ੍ਹਾਂ ਨੂੰ ਕਿਸੇ ਦਾ ਹਾਲਾ ਨਹੀਂ ਭਰਨਾ ਪਵੇਗਾ। ਆਹ ਜਿਹੜਾ ਬਾਹੀਆ ਵਸਦਾ ਹੈ, ਉਹ ਉਸ ਦੀ ਉਲਾਦ ਹੈ, ਮੋਹਣ ਕਿਆਂ ਦੀ। ਭਾਈ ਭਗਤੂ ਦੇ ਬੇਨਤੀ ਕਰਨ 'ਤੇ ਸਤਿਗੁਰਾਂ ਨੇ ਕਹਿ ਦਿੱਤਾ ਚੰਗਾ ਭਾਈ! ਇਹ ਆਪਣਾ ਬੀਜਿਆ ਆਪੇ ਹੀ ਖਾਣਗੇ, ਕਿਸੇ ਦਾ ਹਾਲਾ ਨਹੀਂ ਭਰਨਗੇ, ਅਜ਼ਾਦ ਰਹਿਣਗੇ। ੨੦।

***ਚੌਪਈ॥ ਭਾਈ ਸਫਾਰਸ਼ ਗੁਰ ਮੰਨ ਲਈ॥*** ਭਾਈ ਭਗਤੂ ਦੀ ਸਿਫਾਰਸ਼ ਸਤਿਗੁਰਾਂ ਨੇ ਮੰਨ ਲਈ। ਅੱਜ ਤੱਕ, ਜਦੋਂ ਤੱਕ ਨਾਭੇ, ਪਟਿਆਲੇ ਦਾ ਰਾਜ ਰਿਹਾ ਹੈ, ਉਨ੍ਹਾਂ ਚਿਰ ਇਹਨਾਂ ਨੇ ਹਾਲਾ ਨਹੀਂ ਭਰਿਆ ਸਰਕਾਰ ਦਾ। ਇਹ ਆਪ ਹੀ ਬੀਜਦੇ ਸਨ, ਆਪ ਹੀ ਖਾਂਦੇ ਸਨ, ਇਹਨਾਂ ਨੂੰ ਹਾਲੇ ਦੀ ਮੁਆਫੀ ਰਹੀ।

***ਇਸ ਬਿਧ ਥਾਪੀ ਸਭਹਨ ਦਈ॥*** ਇਸ ਪ੍ਰਕਾਰ ਸਤਿਗੁਰਾਂ ਨੇ ਸਭਨਾਂ ਨੂੰ ਥਾਪੜਾ ਦੇ ਦਿੱਤਾ, ਸਾਰਿਆਂ ਨੂੰ ਬਖ਼ਸ਼ਸ਼ਾਂ ਕੀਤੀਆਂ।

***ਇਕ ਕਾਲੇ ਕੀ ਭਈ ਕਮਾਈ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਦੇਖੋ ਇਕ ਕਾਲੇ ਸਿੱਖ ਦੀ ਕਮਾਈ। ਗੁਰੂ ਰਾਮਦਾਸ ਜੀ ਦੇ ਲੰਗਰ ਵਿਚ ਇਹਨੇ ਬੜੇ ਚੁਲ੍ਹੇ ਤਪਾਏ ਸਨ।

***ਸਭੀ ਮੋਹਣ ਸੁਤਨ ਕੌ ਗਯੋ ਰਜਾਈ॥ ੨੧॥*** ਉਹ ਮੋਹਣ ਦੇ ਸਾਰੇ ਪੁੱਤਰਾਂ ਨੂੰ ਰਜਾ ਗਿਆ। ਕਮਾਈ ਸਾਰੀ ਕਾਲੇ ਦੀ ਹੈ, ਜਿਸ ਨੂੰ ਸਤਿਗੁਰਾਂ ਨੇ ਮੋੜਿਆ ਨਹੀਂ। ਜੋ ਮੰਗਿਆ ਹੈ, ਸੋ ਦੇ ਦਿੱਤਾ। ਸਭ ਨੂੰ ਅਨੰਦ ਕਰ ਗਿਆ। ੨੧।

***ਐਸੀ ਖੁਸ਼ੀ ਪਰ ਕਾਲੇ ਅਈ॥*** ਕਾਲੇ ਉੱਤੇ ਐਸੀ ਖੁਸ਼ੀ ਆਈ ਸਤਿਗੁਰਾਂ ਦੀ।

***ਅਪਨੌ ਬਲ ਗੁਰ ਤਹਿਂ ਮਧ ਦਯੌ ਪਈ॥*** ਸਤਿਗੁਰਾਂ ਨੇ ਆਪਣਾ ਬਲ ਉਸ (ਕਾਲੇ) ਦੇ ਵਿਚ ਪਾ ਦਿੱਤਾ।

***ਜੈਦ ਪੁਰੀ ਆਨ ਤੌ ਉਨਮਾਰਾ॥*** (ਜੈਦ ਪਰਾਣਾ=ਜੈਦ ਪਰਾਣਾ) ਮਾਲਵੇ ਵਿਚ ਭੋਖੜੀ ਦਾ ਇਕ ਸਰਦਾਰ, ਜੋ ਲਾਲਾ

ਭੁੱਲਰ ਨਾਲ ਮਿਲ ਕੇ ਫੂਲ ਦੇ ਵਡੇਰੇ ਮੋਹਣ, ਕਾਲੇ ਆਦਿਕ ਨੂੰ ਤੰਗ ਕਰਦਾ ਸੀ। ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਹਿਣ, ਪੁਰ ਵੀ ਕਾਲੇਕਿਆਂ ਨੂੰ ਜ਼ਮੀਨ ਨਹੀਂ ਦਿੱਤੀ ਸੀ। ਕਾਲੇ ਨੇ ਉਸ ਨੂੰ ਜੰਗ ਵਿਚ ਮਾਰ ਕੇ ਮਹਿਰਾਜ ਵਸਾਇਆ ਸੀ। ਸਤਿਗੁਰੂ ਜੀ ਨੇ ਜੈਦ ਪੁਰਾਣੇ ਦੇ ਮੁਕਾਬਲੇ 'ਤੇ ਕਾਲੇ ਨੂੰ ਆਪਣਾ ਬਲ ਦਿੱਤਾ ਸੀ। ਜੈਦ ਪੁਰਾਣੇ ਨੇ ਕਾਲੇ ਦੇ ਸਾਂਗ ਮਾਰੀ ਸੀ, ਸਤਿਗੁਰਾਂ ਨੇ ਅਹਿਰਣ ਅੱਗੇ ਕਰ ਦਿੱਤੀ ਸੀ ਗੁਪਤ ਰੂਪ ਵਿਚ, ਉਸ ਦੀ ਸਾਂਗ ਅਹਿਰਣ ਦੇ ਵਿਚ ਦੀ ਟੱਪ ਕੇ ਕਾਲੇ ਦੇ ਦੰਦ ਤੋੜ ਗਈ ਸੀ। ਕਾਲੇ ਨੇ ਜੈਦ ਪੁਰਾਣੇ ਨੂੰ ਤੇਗ ਮਾਰ ਕੇ ਦੋ ਧੜ ਕਰ ਦਿੱਤਾ ਸੀ, ਜਨੇਊ ਵਾਰ ਮਾਰ ਕੇ ਉਸ ਦਾ ਮੋਢਾ 'ਤੇ ਸਿਰ ਨਾਲ ਹੀ ਲਾਹ ਦਿੱਤਾ ਸੀ। ਕਾਲਾ ਜੈਦ ਪਰਾਣੇ ਨੂੰ ਮਾਰ ਕੇ ਬੜਾ ਫੁੱਲਿਆ ਸੀ, ਕਿ ਐਡਾ ਮਹਾਂਬਲੀ ਯੋਧਾ, ਜਿਹੜਾ ਕਦੇ ਕਿਸੇ ਤੋਂ ਹਾਰਿਆ ਨਹੀਂ ਸੀ, ਸਾਰੇ ਉਸ ਤੋਂ ਸੰਗਦੇ ਸਨ, ਮੇਰੇ ਇੱਕੋ ਵਾਰ ਨਾਲ ਪਾਰ ਹੋ ਗਿਆ। ਉਦੋਂ ਸਤਿਗੁਰਾਂ ਨੇ ਕਿਹਾ ਸੀ, ਕਾਲਿਆ! ਐਵੇਂ ਨਾ ਹੰਕਾਰ ਵਿਚ ਫੁੱਲਿਆ ਫਿਰ, ਆਹ ਵੇਖ ਜੈਦ ਪੁਰਾਣੇ ਦੀ ਸਾਂਗ ਅਹਰਣ ਦੇ ਵਿਚ ਦੀ ਲੰਘ ਕੇ, ਸਾਡੇ ਹੱਥ ਦੀ ਤਲੀ ਵਿਚ ਦੀ, ਲੰਘ ਕੇ ਫੇਰ ਤੇਰੇ ਦੰਦ ਭੰਨ ਗਈ ਹੈ, ਜੇ ਵਜਦੀ ਸਿੱਧੀ, ਤਾਂ ਕਿੱਥੇ ਜਾ ਕੇ ਡਿੱਗਦਾ ਤੂੰ। ਇਸ ਤਰ੍ਹਾਂ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਸਤਿਗੁਰੂ ਜੀ ਨੇ ਕਾਲੇ 'ਤੇ ਐਨੀ ਕਿਰਪਾ ਕੀਤੀ, ਕਾਲੇ ਵਿਚ ਆਪਣਾ ਬਲ ਪਾ ਕੇ, ਏਥੋਂ ਦੇ ਭੂਮੀਏ ਜੈਦ ਪੁਰਾਣੇ ਨੂੰ ਕਾਲੇ ਹੱਥੋਂ ਮਰਵਾਇਆ ਸੀ , ਤਾਂ ਕਿਤੇ ਜਾ ਕੇ ਇਨ੍ਹਾਂ ਦਾ ਏਥੇ ਵਸੇਬਾ ਹੋਇਆ, ਨਹੀਂ ਤਾਂ ਕੌਣ ਏਥੇ ਇਨ੍ਹਾਂ ਨੂੰ ਵੱਸਣ ਦਿੰਦਾ ਸੀ।

***ਕਹੈਂ ਲੋਕ ਉਸ ਅਤਿ ਬਲਵਾਰਾ॥ ੨੨॥*** ਉਸ (ਜੈਦ ਪੁਰਾਣੇ) ਨੂੰ ਲੋਕੀਂ ਕਹਿੰਦੇ ਸੀ ਬੜਾ ਬਲਵਾਨ ਹੈ, ਇਸ ਦਾ ਸਾਮ੍ਹਣਾ ਨਹੀਂ ਕੋਈ ਕਰ ਸਕਦਾ। ੨੨।

## ਫੂਲਕਿਆਂ ਦਾ ਔਰ ਪ੍ਰਸੰਗ

### (ਫੂਲਕਿਆਂ ਮਲੂਕ ਮੱਲਣਾ)

***ਦੋਹਰਾ॥ ਸੁਨੋ ਬਾਤ ਅਬ ਫੂਲ ਕੀ ਜਿਮ ਫੁਰੇ ਬਚਨ ਗੁਰ ਸੋਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਹੁਣ ਫੂਲ ਦੀ ਗੱਲ ਸੁਣੋ, ਜਿਵੇਂ ਸਤਿਗੁਰੂ ਜੀ ਨੇ ਕਿਹਾ ਸੀ ਫੂਲ ਨੂੰ ਰਾਜ ਦਿੱਤਾ, ਨਾਭੇ, ਪਟਿਆਲੇ ਦਾ, ਰਾਜੇ ਬਣਾਏ, ਜਿਵੇਂ ਸਤਿਗੁਰੂ ਜੀ ਦਾ ਉਹ ਬਚਨ ਫੁਰਿਆ ਹੈ।

***ਭਯੋ ਰਿਜ਼ਕ ਉਸ ਘਰ ਘਣੋ ਔ ਭਏ ਪੁੱਤ੍ਰ ਉਸ ਦੋਇ॥ ੧॥*** ਉਸ (ਫੂਲ) ਦੇ ਘਰ ਵਿਚ ਬਹੁਤ ਜ਼ਿਆਦਾ (ਰਿਜ਼ਕ) ਅੰਨ-ਧਨ ਹੋਇਆ ਕਿ ਵੇਪਰਵਾਹੀਆਂ ਹੋ ਗਈਆਂ ਅਤੇ ਅੱਗੇ ਉਸ ਦੇ ਦੋ ਪੁੱਤ੍ਰ ਹੋਏ। ੧।

***ਚੌਪਈ॥ ਤਿਲੋਕਾ ਰਾਮਾ ਤਿਨਕੇ ਨਾਮ॥*** ਤਲੋਕ ਸਿੰਘ ਤੇ ਰਾਮ ਸਿੰਘ ਨਾਮ ਸਨ, ਫੂਲ ਦੇ ਪੁਤ੍ਰਾਂ ਦੇ।

***ਫੂਲ ਬੰਧਯੋ ਜਾਇ ਫੂਲ ਗਿਰਾਮ॥*** ਪਹਿਲਾਂ ਤਾਂ ਇਹ ਮਹਿਰਾਜੀਏ ਹੀ ਸਨ, ਫੂਲ ਨੇ ਮਹਿਰਾਜ ਤੋਂ ਉੱਠ ਕੇ ਆਪਣੇ ਨਾਮ ਤੇ ਫੂਲ ਨਾਮ ਦਾ ਪਿੰਡ ਬੰਨ੍ਹਿਆ।

***ਤੌ ਲੌ ਪਤਿਸ਼ਾਹੀ ਦਸਮੀ ਆਏ॥*** ਉਦੋਂ ਤੱਕ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਨੂੰ ਸਦਾ ਵਾਸਤੇ ਛੱਡ ਕੇ, ਜੰਗਲ ਦੇਸ਼ ਨੂੰ ਆਏ।

***ਦੈ ਪਾਹੁਲ ਤੇ ਸਿੰਘ ਬਨਾਏ॥ ੨॥*** ਸਤਿਗੁਰਾਂ ਨੇ ਰਾਮੇ ਤੇ ਤਲੋਕੇ ਨੂੰ ਖੰਡੇ ਦੀ ਪਾਹੁਲ ਦੇ ਕੇ ਭਾਵ ਅੰਮ੍ਰਿਤਪਾਨ ਕਰਵਾ ਕੇ, ਸਿੰਘ ਸਜਾਇਆ। ਰਾਮ ਸਿੰਘ ਤੇ ਤਲੋਕ ਸਿੰਘ ਨਾਮ ਹੋਏ ਉਨ੍ਹਾਂ ਦੇ ਅੰਮ੍ਰਿਤ ਛਕਣ ਕਰਕੇ। ੨।

***ਔ ਰਾਮੇ ਕੇ ਭਏ ਪਾਂਚ ਸਪੂਤ॥*** ਅਤੇ ਰਾਮ ਸਿੰਘ ਦੇ ਅੱਗੇ ਪੰਜ ਸਪੁੱਤਰ ਹੋਏ ਹਨ।

***ਆਲੋ ਸਿੰਘ, ਭੂਮੀਓ ਔਧੂਤ॥*** ਆਲਾ ਸਿੰਘ, ਅਵਧੂਤ ਭੂਮੀਆਂ।

***ਦੂਨੋ, ਸੂਰਤੀਓ ਪੰਜਵੋਂ ਰਘੁ ਪਛਾਨੋ॥*** ਦੂਨਾ, ਸੂਰਤੀਆਂ ਅਤੇ ਪੰਜਵਾਂ ਪੁੱਤਰ ਰਘੂ ਹੋਇਆ, ਰਾਮ ਸਿੰਘ ਦਾ, ਪਛਾਣ ਲਵੋ।

ਇਨ੍ਹਾਂ ਦੇ ਨਾਮ 'ਤੇ ਪਿੰਡ ਵੀ ਬੱਝੇ ਹੋਏ ਹਨ, ਰਾਮ ਸਿੰਘ ਦੇ ਨਾਮ 'ਤੇ ਰਾਮ ਪੁਰਾ ਸੂਰਤੀਆ ਦੇ ਨਾਮ 'ਤੇ ਸੂਰਤੀਆ ਪਿੰਡ ਬੱਝਿਆ। ਰਘੂ ਦੇ ਨਾਮ 'ਤੇ ਬੰਗੀ ਰਘੂ ਵਾਲੀ ਅਤੇ ਦੂਨੇ ਦੇ ਨਾਮ ਤੇ ਦੂੱਨੇ ਵਾਲਾ ਆਦਿਕ।

***ਹਮੀਰਾ ਗਜਪਤ ਸੁ ਤਿਲੋਕੇ ਜਾਨੋ॥ ੩॥*** ਹਮੀਰਾ ਤੇ ਗਜਪਤ ਇਹ ਦੋ ਪੁੱਤਰ ਤਿਲੋਕ ਸਿੰਘ ਦੇ ਜਾਨੋ। ਗਜਪਤ ਸਿੰਘ ਜੀਂਦ ਦਾ ਰਾਜਾ ਹੋਇਆ ਹੈ। ਰਾਜੇ ਗਜਪਤ ਸਿੰਘ ਜੀ ਸਪੁੱਤ੍ਰੀ ਬੀਬੀ ਰਾਜ ਕੌਰ ਦੀ ਸ਼ਾਦੀ ਸ. ਚੜ੍ਹਤ ਸਿੰਘ ਸੁਕਰਚੱਕੀਏ ਦੇ ਸਪੁੱਤਰ ਸ੍ਰ. ਮਹਾਂ ਸਿੰਘ ਨਾਲ ਹੋਈ। ਬੀਬੀ ਰਾਜ ਕੌਰ ਦੇ ਉਦਰ ਤ੍ਰੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਜਨਮ ਹੋਇਆ। ੩।

***ਜਿਤ ਵਲ ਦੌੜ ਸੁ ਧੌੜ ਕਰਾਹਿਂ॥*** ਉਹ ਜਿਸ ਪਾਸੇ ਨੂੰ ਵੀ ਦੌੜ ਕੇ ਹੱਲਾ ਬੋਲਦੇ ਸਨ।

***ਹੋਇ ਫਤ੍ਹੇ ਸੋਊ ਹਾਰੇ ਨਾਂਹਿਂ॥*** ਉਨ੍ਹਾਂ ਦੀ ਹਰ ਪਾਸੇ ਫਤ੍ਹੇ ਹੀ ਹੁੰਦੀ, ਕਦੇ ਕਿਸੇ ਜੰਗ ਵਿਚ ਹਾਰੇ ਨਹੀਂ।

***ਆਏ ਬੰਦੇ ਸੌਂ ਰਲ ਮਿਲੇ॥*** ਜਦੋਂ ਬੰਦਾ ਬਹਾਦਰ ਨੰਦੇੜ ਤੋਂ ਪੰਜਾਬ ਆਇਆ, ਤਾਂ ਇਹ ਸਤਿਗੁਰੂ ਜੀ ਦੇ ਹੁਕਮਨਾਮੇ ਨੂੰ ਮੰਨਦੇ ਹੋਏ, ਬੰਦੇ ਬਹਾਦਰ ਨੂੰ ਜਾ ਮਿਲੇ ਸਨ।

***ਮੁਵਾਹਿ ਦੁਸ਼ਟ ਕੰਮ ਕਰਾ ਲਏ ਭਲੇ॥ ੪॥*** ਦੁਸ਼ਟਾਂ ਨੂੰ ਮਰਵਾ ਕੇ ਚੰਗੇ ਕੰਮ ਕਰ ਲਏ ਸਨ ਅਤੇ ਆਪਣਾ ਰਾਜ ਵੱਡਾ ਕਰ ਲਿਆ। ੪।

***ਦੋਹਰਾ॥ ਸੁਨਾਮ ਮੂਣਕ ਤੁਰਕ ਕੋ ਨਿਕਲ ਨ ਬਾਹਰ ਪਾਇ॥*** ਜਿਥੇ ਮਿੱਠਾ ਪਾਣੀ ਹੁੰਦਾ ਸੀ, ਉਸ ਧਰਤੀ 'ਤੇ ਤੁਰਕ ਕਬਜ਼ਾ ਕਰ ਲੈਂਦੇ ਸਨ। ਸੁਨਾਮ ਅਤੇ ਮੂਣਕ ਆਦਿਕ ਸ਼ਹਿਰਾਂ ਵਿੱਚੋਂ ਕੋਈ ਵੀ ਤੁਰਕ ਇਹਨਾਂ ਤੋਂ ਡਰਦਾ ਹੋਇਆ ਬਾਹਰ ਨਹੀਂ ਨਿਕਲਦਾ।

***ਜੋ ਨਿਕਲੈ ਦੱਸ ਬੰਦਯਨ ਲੇਵੈ ਉਨੈ ਮੁਵਾਇ॥ ੫॥*** ਜੇ ਕੋਈ ਤੁਰਕ ਸ਼ਹਿਰੋਂ ਬਾਹਰ ਨਿਕਲਦਾ, ਤਾਂ ਬੰਦੇ ਬਹਾਦਰ ਦੀ ਫ਼ੌਜ ਨੂੰ ਦੱਸ ਕੇ ਉਨ੍ਹਾਂ ਨੂੰ ਮਰਵਾ ਲੈਂਦੇ। ੫।

***ਚੌਪਈ॥ ਫੂਲ ਮਹਿਰਾਜੀ ਇਕੱਤ੍ਰ ਸਭ ਭਏ॥*** ਫੂਲ ਤੇ ਮਹਿਰਾਜ ਵਾਲੇ ਸਾਰੇ ਇਕੱਤਰ ਹੋ ਗਏ।

***ਇਮ ਕਰ ਕੰਮ ਸਭਨ ਗੱਠ ਲਏ॥*** ਇਸ ਤਰ੍ਹਾਂ ਕਰਕੇ ਜੋ-ਜੋ ਇਨ੍ਹਾਂ ਤੋਂ ਆਕੀ ਸਨ, ਉਹ ਸਾਰੇ ਕੰਮ ਖਾਲਸੇ ਪੰਥ ਨਾਲ ਮਿਲ ਕੇ ਠੀਕ ਕਰ ਲਏ, ਖਾਲਸੇ ਪੰਥ ਨੇ ਇਹਨਾਂ ਦੇ ਸਾਰੇ ਦੁਸ਼ਮਣ ਫੜ੍ਹੇ ਕਰਕੇ, ਇਨ੍ਹਾਂ ਦੇ ਸਪੁਰਦ ਕਰ ਦਿੱਤੇ।

***ਔਰ ਸਭੀ ਕਥ ਆਖੀ ਜਾਇ॥*** ਭਾਈ ਰਤਨ ਸਿੰਘ ਜੀ ਕਹਿੰਦੇ ਕਿ ਇਨ੍ਹਾਂ ਦੀ ਸਾਖੀ ਬੜੀ ਲੰਬੀ ਹੈ। ਹੋਰ ਸਾਰੀ ਕਹਾਣੀ ਜਿਵੇਂ-ਜਿਵੇਂ ਇਨ੍ਹਾਂ ਦੇ ਘਰਾਣੇ ਵਿਚ ਵਾਪਰੀ ਹੈ, ਕਿਵੇਂ ਕਹੀ ਜਾ ਸਕਦੀ ਹੈ, ਇਨ੍ਹਾਂ ਦੀ ਸਾਰੀ ਵਾਰਤਾ ਨਹੀਂ ਕਹੀ ਜਾ ਸਕਦੀ।

***ਸੂਚ ਸੂਚ ਕਿਛ ਦਯੋਂ ਸੁਨਾਇ॥ ੬॥*** ਸੰਕੋਚ ਕਰਕੇ, ਸੰਖੇਪ ਰੂਪ ਵਿਚ ਕੁਛ ਕੁ ਸੁਣਾ ਦਿੰਦਾ ਹਾਂ। ੬।

***ਰਾਮੇ ਤਿਲੋਕੇ ਸੁਤ ਭਏ ਜੁਵਾਨ॥*** ਰਾਮ ਸਿੰਘ ਅਤੇ ਤਲੋਕ ਸਿੰਘ ਦੇ ਪੁੱਤਰ ਜਦੋਂ ਜਵਾਨ ਹੋ ਗਏ।

***ਔਰ ਵਾਧੋ ਭਯੋ ਉਨ ਮਧ ਆਨ॥*** ਅਗੇ ਹੋਰ ਵਾਧਾ ਹੋਇਆ ਉਹਨਾਂ ਵਿਚ ਆ ਕੇ।

***ਉਲਾਦ ਉਨ੍ਹੈਂ ਘਰ ਔਰੇ ਭਈ॥*** ਅੱਗੇ ਉਨ੍ਹਾਂ ਦੇ ਘਰਾਂ ਵਿਚ ਹੋਰ ਉਲਾਦ ਹੋ ਗਈ।

***ਭੂਮ ਚਹੈਂ ਵਹਿ ਔਰ ਦਬਈ॥ ੭॥*** ਹੁਣ ਉਹ ਹੋਰ ਧਰਤੀ ਦਬਾਉਣੀ ਚਾਹੁੰਦੇ ਕਿ ਕਿਸੇ ਹੋਰ ਧਰਤੀ 'ਤੇ ਕਬਜ਼ਾ ਕਰੀਏ। ੭।

***ਝੂਲਨਾ॥ ਸਤਾਰਾਂ ਸੈ ਸਤਾਸੀਏ ਮੈਂ, ਜੰਗਲ ਪੜੇ ਤ੍ਰਿਣ ਕਾਲ॥*** ਸੰਮਤ ਸਤਾਰਾਂ ਸੌ ਸਤਾਸੀ (੧੭੮੭) ਵਿਚ ਜੰਗਲ ਦੇਸ਼ ਵਿਚ ਕਾਲ ਪੈ ਗਿਆ, ਮੀਂਹ ਨਾ ਪਿਆ, ਘਾਹ ਪੱਠਾ ਨਾ ਹੋਇਆ ਅਤੇ ਨਾ ਹੀ ਕੋਈ ਅੰਨ-ਅਨਾਜ਼ ਹੋਇਆ।

***ਰਲ ਫੂਲ ਪੋਤ੍ਰਨ ਗਲ ਕਰੀ, ਕੋਊ ਮੁਲਖ ਬਸਾਈਏ ਪਾਨੀਵਾਲਾ॥*** ਫੂਲ ਦੇ ਪੋਤਰਿਆਂ ਨੇ ਰਲ ਕੇ ਇਕੱਠ ਕਰਕੇ ਗੱਲ ਕੀਤੀ ਕਿ ਆਪਾਂ ਕੋਈ ਮਿੱਠੇ ਪਾਣੀ ਵਾਲਾ ਮੁਲਖ ਦੇਖ ਕੇ ਵਸਾਈਏ। ਜੰਗਲ ਦੇਸ਼ ਵਿਚ ਤਾਂ ਪਾਣੀ ਖਾਰਾ ਸੀ, ਅੱਜ ਵੀ ਖਾਰਾ ਹੀ ਹੈ, ਏਥੇ ਤਾਂ ਪਾਣੀ ਦਾ ਸਾਧਨ ਕੋਈ ਨਹੀਂ ਸੀ। ਹੁਣ ਏਧਰ ਨਹਿਰਾਂ ਸੂਏ ਆਏ ਹਨ, ਤਾਂ ਪਾਣੀ ਮਿਲਿਆ ਹੈ ਲੋਕਾਂ ਨੂੰ। ਨਹੀਂ ਤਾਂ ਖਾਰਾ ਪਾਣੀ ਪੀ ਕੇ ਹੀ ਗੁਜ਼ਾਰਾ ਕਰਦੇ ਸਨ।

**ਬਾਲਯੋਵਾਲ, ਧਨੌਲਾ, ਭਦੌੜ, ਸ਼ਹਨੌ ਆਇ ਬੰਨ੍ਯੋ ਅਢਿਆਯੋ ਬਨਾਲਾ॥** ਬਾਲਿਆਂ ਵਾਲੀ, ਧਨੌਲਾ, ਭਦੌੜ, ਸਹਿਣਾ, ਹੰਡਿਆਇਆ, ਅਤੇ ਬਰਨਾਲਾ, ਇਹ ਸਾਰਾ ਇਨ੍ਹਾਂ ਫੂਲਕਿਆਂ ਵਿੱਚੋਂ ਹੀ ਵਧੰਤ ਹੋਇਆ ਹੈ। ਇਹ ਜਿਹੜੇ ਵੱਡੇ-ਵੱਡੇ ਕਸਬੇ ਹਨ, ਇਹਨਾਂ ਥਾਵਾਂ 'ਤੇ ਚੰਗਾ ਮਿੱਠਾ ਪਾਣੀ ਹੈ।

**ਛਿਆਂ ਭਾਈਆਂ ਛੇ ਪਿੰਡ ਬਧੇ, ਖਾਲਸਾ ਆਇ; ਦਯੋ ਮੁਲਕ ਮੱਲ ਬਹਾਲਾ॥ ੮॥** ਇਹ ਛੇ ਭਰਾ ਸਨ, ਛੇ ਭਰਾਵਾਂ ਨੇ ਇਹ ਛੇ ਪਿੰਡ ਬੱਧੇ, ਜਦੋਂ ਖਾਲਸਾ ਪੰਥ ਆਇਆ ਜੰਗਲ ਦੇਸ਼ ਵਿਚ, ਏਥੇ ਠੀਕਰੀਵਾਲ ਆਇਆ ਖਾਲਸਾ। ਏਧਰੋਂ ਬਰਾੜਾਂ ਦੇ ਇਲਾਕੇ ਵਿੱਚੋਂ ਜਦੋਂ ਸਿੰਘ ਨਿਕਲੇ ਸਨ, ਉਦੋਂ ਖਾਲਸੇ ਨੇ ਇਨ੍ਹਾਂ ਨੂੰ ਸਾਰਾ ਇਲਾਕਾ ਮੱਲ ਕੇ, ਸਭ ਨੂੰ ਮਾਰ-ਕੁੱਟ ਕੇ ਸਿੱਧਾ ਕਰਕੇ, ਸਾਰਾ ਮੁਲਕ ਇਨ੍ਹਾਂ ਫੂਲਕਿਆਂ ਦੇ ਸਪੁਰਦ ਕਰ ਦਿੱਤਾ। ੮।

## ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ॥

## ਔਰ ਸਾਖੀ ਮਾਲਵੇ ਕੀ ਤੁਰੀ

## (ਮਲੇਰੀਏ ਪਠਾਣਾਂ ਤੋਂ ਆਲਾ ਸਿੰਘ ਦੀ ਰੱਖਿਆ) (ਬੀਰ ਸਿੰਘ ਰੰਘਰੇਟਾ)

**ਦੋਹਰਾ॥ ਸਾਖੀ ਸੁਨੋ ਫਿਰ ਮਲਵਈਅਨ, ਜਿਮ ਪੰਥ ਉਪਰਾਲੋ ਕੀਨ॥** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਅੱਗੇ ਮਲਵਈਆਂ ਦੀ ਹੋਰ ਸਾਖੀ ਸੁਣੋਂ, ਜਿਵੇਂ ਖਾਲਸੇ ਪੰਥ ਨੇ ਉਪਰਾਲਾ ਕੀਤਾ। ਭਾਈ ਭਗਤੂ ਤੇ ਭਾਈ ਬਹਿਲੋ ਰਾਹੀਂ, ਇਹ ਮਾਲਵੇ ਦੇ ਲੋਕ ਗੁਰੂ ਦੇ ਸਿੱਖ ਬਣੇ ਸਨ।

**ਫੂਲਾਇਣ ਬਾਧੋ ਭਯੋ ਕਰ ਦੌਰ ਮੁਲਕ ਮਲ ਲੀਨ॥ ੧॥** ਫੂਲਕਿਆਂ ਦਾ ਵਾਧਾ ਹੋਇਆ ਅਤੇ ਪੰਥ ਦੀ ਮਦਦ ਨਾਲ ਦੂਰ ਤੱਕ ਦੌੜ ਕਰਕੇ ਹੋਰ ਮੁਲਕ ਮੱਲ ਲਿਆ ਹੈ। ੧।

**ਚੌਪਈ॥ ਪੰਥ ਨਿਕਲ ਜਬ ਮਾਲਵਯੋਂ ਜਾਵੈ॥** ਖਾਲਸਾ ਪੰਥ ਜਦੋਂ ਮਾਲਵੇ ਵਿੱਚੋਂ ਨਿਕਲ ਕੇ ਹੋਰ ਇਲਾਕੇ ਵਿਚ ਚਲਿਆ ਜਾਂਦਾ।

**ਤੁਰਕ ਮਾਲਵੇ ਪਰ ਚੜ੍ਹ ਧਾਵੈਂ॥** ਮਲੇਰ ਕੋਟਲਏ ਅਤੇ ਰਾਏ ਕੋਟੀਏ ਤੁਰਕ, ਮਾਲਵੇ 'ਤੇ ਚੜ੍ਹਾਈ ਕਰਕੇ, ਹੱਲਾ ਕਰ ਦਿੰਦੇ।

**ਜਾਵੈਂ ਕੂਟ ਲੂਟ ਟਕੇ ਮੰਗਾਹਿਂ॥** ਮਲਵਈਆਂ ਨੂੰ ਕੁੱਟ ਕੇ ਲੈਂਦੇ ਅਤੇ ਨਾਲ ਹੀ ਹਾਲੇ ਦੇ ਟਕੇ ਮੰਗਦੇ ਕਿ ਸਾਡਾ ਹਾਲਾ ਭਰੋ, ਸਾਨੂੰ ਪੈਸੇ ਦਿਉ।

**ਜੇਤਿਕ ਉਨ ਤੇ ਦਏ ਨ ਜਾਹਿਂ॥ ੨॥** ਟਕੇ ਵੀ ਉਤਨੇ ਮੰਗਦੇ ਸਨ, ਜਿਤਨੇ ਉਹ ਦੇ ਹੀ ਨਾ ਸਕਣ, ਜਿਤਨੀ ਆਮਦਨ ਹੀ ਨਾ ਹੋਵੇ, ਉਨ੍ਹਾਂ ਨੂੰ। ੨।

**ਮੁਹਰੇ ਹੁਇ ਤੁਰੇ ਮਲੇਰੀ ਪਠਾਨ॥** ਮਲੇਰ ਕੋਟਲੇ ਦੇ ਪਠਾਣ ਉਨ੍ਹਾਂ ਨੂੰ ਲੁੱਟਣ ਵਾਸਤੇ ਸਭ ਤੋਂ ਮੂਹਰੇ ਹੋ ਕੇ ਤੁਰੇ।

**ਉਇ ਚਾਹੈਂ ਦਯੈ ਕਢਵਾਯੋ ਹਿੰਦੁਵਾਨ॥** ਉਹ ਚਾਹੁੰਦੇ ਸਨ ਕਿ ਇਸ ਇਲਾਕੇ ਵਿੱਚੋਂ ਹਿੰਦੂਆਂ ਨੂੰ ਕੱਢ ਦੇਈਏ। ਉਸ ਸਮੇਂ ਏਥੋਂ ਦੇ ਲੋਕ ਅੰਮ੍ਰਿਤਧਾਰੀ ਖਾਲਸੇ ਨਹੀਂ ਬਣੇ ਸਨ। ਇਸ ਇਲਾਕੇ ਦੇ ਬਸ਼ਿੰਦੇ ਤਾਂ ਸਾਰੇ ਜੱਟ ਹੀ ਸਨ। ਉਹ ਚਾਹੁੰਦੇ ਸਨ ਕਿ ਹਿੰਦੂ ਜਾਤੀ ਦੇ ਜਿੰਨੇ ਲੋਕ ਨੇ ਸਾਰਿਆਂ ਨੂੰ ਏਥੋਂ ਕੱਢ ਕੇ, ਮਾਲਵਾ ਵਿਹਲਾ ਕਰਵਾ ਲਈਏ।

**ਮਲਵੱਯਨ ਇਮ ਮਿਥੀ ਸਲਾਹਿ॥** ਸਾਰੇ ਮਲਵਈ ਸਿੰਘਾਂ ਨੇ ਰਲ ਕੇ ਸਲਾਹ ਕਰਕੇ ਇਉਂ ਮਿਥ ਲਿਆ।

**ਲਯਾਇ ਖਾਲਸੇ ਲਯੋ ਮਲੇਰੀ ਮੁਵਾਇ॥ ੩॥** ਇਹ ਜੋ ਮਲੇਰੀਆ ਹੈ, ਇਹੀ ਬਹੁਤਾ ਭੂਤਰਿਆ ਹੋਇਆ, ਅਸੀਂ ਖਾਲਸੇ ਪੰਥ ਨੂੰ ਲਿਆ ਕੇ ਇਨ੍ਹਾਂ ਮਲੇਰੀਆਂ ਨੂੰ ਮਰਵਾ ਲਈਏ ਤੇ ਇਹਨਾਂ ਦਾ ਇਲਾਕਾ ਕਬਜ਼ਾ ਕਰਕੇ ਲੁੱਟ ਲਈਏ। ੩।

**ਇਮ ਮਿਥ ਤੁਰਯੋ ਆਲੋ ਸਿੰਘ ਆਪ॥** ਇਉਂ ਮਿਥ ਕੇ ਆਲਾ ਸਿੰਘ ਆਪ ਤੁਰ ਪਿਆ, ਖਾਲਸੇ ਦੀ ਮਦਦ ਲੈਣ ਵਾਸਤੇ।

**ਸਾਥ ਬੁੱਢਾ ਸਿੰਘ ਗੁਰਬਖ਼ਸ਼ ਸਿੰਘ ਥਾਪ॥** ਆਪਣੇ ਨਾਲ ਸ੍ਰ. ਬੁੱਢਾ ਸਿੰਘ ਅਤੇ ਗੁਰਬਖ਼ਸ਼ ਸਿੰਘ ਨੂੰ ਥਾਪ ਕੇ।

***ਪੰਥ ਅੰਮ੍ਰਿਤਸਰ ਹੁਤੋ ਡੇਰੇ॥*** ਉਸ ਸਮੇਂ ਪੰਥ ਦੇ ਡੇਰੇ ਸ੍ਰੀ ਅੰਮ੍ਰਿਤਸਰ ਜੀ ਸਨ।

***ਤੌ ਦਏ ਨਜ਼ਰਾਨੇ ਸਭ ਪੰਥ ਕੇਰੇ॥ ੪॥*** ਤਦ ਸਾਰੇ ਪੰਥ ਦੇ ਨਜ਼ਰਾਨੇ ਦਿੱਤੇ, ਸਭ ਸਿੰਘਾਂ ਨੂੰ ਤੋਹਫੇ ਦਿੱਤੇ ਆਲਾ ਸਿੰਘ ਨੇ। ੪।

***ਹੁਤੋ ਪੰਥ ਅਕਾਲ ਬੁੰਗੇ ਲਗਯੋ ਦਿਵਾਨ॥*** (ਅਕਾਲ ਬੁੰਗੇ) ਸ੍ਰੀ ਅਕਾਲ ਤਖ਼ਤ ਸਾਹਿਬ ਦੀਵਾਨ ਲੱਗਿਆ ਹੋਇਆ ਸੀ, ਖਾਲਸੇ ਪੰਥ ਦਾ।

***ਸੁਨੈ ਰਹਿਰਾਸ ਪੰਥ ਨਿਤ ਆਨ॥*** ਸ੍ਰੀ ਅੰਮ੍ਰਿਤਸਰ ਤੋਂ ਬਾਹਰ ਕਿਲ੍ਹੇ ਕੋਟ ਬਣਾਏ ਹੋਏ ਸਨ ਛੋਟੇ-ਛੋਟੇ, ਬੁੰਗੇ ਉਸਾਰੇ ਹੋਏ ਸਨ, ਉਨ੍ਹਾਂ ਵਿਚ ਰਹਿੰਦੇ ਸਨ, ਜਿੰਨੇ ਵੀ ਜੰਗੀ ਸਨ। ਸੰਧਿਆ ਦੇ ਦੀਵਾਨ ਸਮੇਂ ਸਾਰਾ ਹੀ ਖਾਲਸਾ ਪੰਥ ਨਿੱਤ ਆ ਕੇ ਸ੍ਰੀ ਰਹਰਾਸਿ ਸਾਹਿਬ ਜੀ ਦਾ ਪਾਠ ਸੁਣਦਾ। ਆਪੋ ਆਪਣੇ ਜਥੇ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ 'ਤੇ ਹਾਜ਼ਰ ਹੁੰਦੇ ਸਨ।

***ਆਲੈ ਸਿੰਘ ਲਏ ਭਾਈ ਸਾਥ॥*** ਸ੍ਰ: ਆਲਾ ਸਿੰਘ ਨੇ 'ਭਾਈ ਕਿਆਂ' ਨੂੰ ਆਪਣੇ ਨਾਲ ਲਿਆ। ਘੁੱਦੇ ਵਾਲੇ, ਭਾਈ ਦੇ ਚੱਕ ਵਾਲੇ, ਬਠਿੰਡੇ ਵਾਲੇ, ਆਲਾ ਸਿੰਘ ਨੇ ਆਪਣੇ ਚਾਰੇ ਭਾਈ ਅਤੇ ਮਾਲਵੇ ਦੇ ਮੁਖੀ ਸਿੱਖਾਂ ਨੂੰ ਨਾਲ ਲਿਆ।

***ਜੋੜ ਖੜਯੋ ਖਾਲਸੈ ਢਿਗ ਹਾਥ॥ ੫॥*** ਰਹਰਾਸਿ ਦਾ ਦੀਵਾਨ ਸਜਿਆ ਹੋਇਆ ਸੀ, ਆਲਾ ਸਿੰਘ ਤੀਸਰੇ ਪਹਿਰ ਹੱਥ ਜੋੜ ਕੇ ਖਾਲਸੇ ਕੋਲ ਜਾ ਖੜ੍ਹਾ ਹੋਇਆ। ੫।

***ਦੋਹਰਾ॥ ਕਹੀ ਹਕੀਕਤ ਖੜ੍ਹ ਉਨੈ ਸੁਨੀ ਪੰਥ ਦੈ ਕਾਨ॥*** ਉਸ (ਆਲਾ ਸਿੰਘ) ਨੇ ਪੰਥ ਅੱਗੇ ਖੜ੍ਹ ਕੇ ਆਪਣੀ ਸਾਰੀ (ਹਕੀਕਤ) ਸੱਚੀ ਵਾਰਤਾ ਦੱਸੀ; ਜੋ ਉਨ੍ਹਾਂ ਨਾਲ ਵਾਪਰਦੀ ਸੀ, ਖਾਲਸੇ ਪੰਥ ਨੇ ਆਪਣਾ ਕੰਨ ਦੇ ਕੇ ਧਿਆਨ ਨਾਲ ਉਸ ਨੂੰ ਸੁਣਿਆ।

***ਉਨ ਕਹੀ, 'ਸਤਾਵੈਂ ਤੁਰਕ ਹਮ ਮਲੇਰੋ ਉੱਠ ਪਠਾਣ॥ ੬॥*** ਉਸ ਨੇ ਕਿਹਾ, ਮਲੇਰ ਕੋਟਲੇ ਤੇ ਪਠਾਣ ਤੁਰਕ ਉੱਠ ਕੇ ਸਾਨੂੰ ਬੜਾ ਤੰਗ ਕਰਦੇ। ੬।

***ਚੌਪਈ॥ ਹਮ ਕੋ ਆਇ ਮਲੇਰੀ ਸਤਾਵੈਂ॥*** ਮਲੇਰ ਕੋਟਲੀਏ ਪਠਾਣ ਆ ਕੇ ਸਾਨੂੰ ਬਹੁਤ ਸਤਾਉਂਦੇ।

***ਮੁਲਕ ਹਮਾਰੋ ਲੁੱਟ ਲਿਜਾਵੈਂ॥*** ਸਾਡੇ ਮੁਲਖ ਨੂੰ ਲੁੱਟ ਕੇ ਲੈ ਜਾਂਦੇ।

***ਸੁਨ ਕਰ ਉੱਤ੍ਰ ਪੰਥ ਉਚਾਰਯੋ॥*** ਇਹ ਸੁਣ ਕੇ ਪੰਥ ਨੇ ਆਲਾ ਸਿੰਘ ਨੂੰ ਉੱਤਰ ਦਿੱਤਾ।

***ਅਸੀਂ ਕਰੈਂਗੇ ਉਨ ਚੜ੍ਹ ਮਾਰਯੋ॥ ੭॥*** ਫ਼ਿਕਰ ਨਾ ਕਰੋ ਆਲਾ ਸਿੰਘ ਜੀ! ਖਾਲਸਾ ਪੰਥ ਚੜ੍ਹ ਕੇ ਮਾਰੇਗਾ, ਉਨ੍ਹਾਂ ਨੂੰ ਸਜ਼ਾ ਦੇਵੇਗਾ। ੭।

***ਕਿਮ ਕਰ ਉਨ ਕੋ ਕਾਬੂ ਕਰਵਾਯੋ॥*** ਕਿਸੇ ਤਰ੍ਹਾਂ ਕਰਕੇ ਉਨ੍ਹਾਂ ਨੂੰ ਕਾਬੂ ਕਰਵਾਉ, ਤੁਸੀਂ ਪਹਿਲਾਂ ਇੰਤਜ਼ਾਮ ਕਰੋ। ਅਸੀਂ ਉਨ੍ਹਾਂ ਨੂੰ ਸੋਧ ਦੇਵਾਂਗੇ।

***ਗੜ੍ਹ ਕੋਟਨ ਕਿਤੈ ਦੂਰ ਲਿਯਾਯੋ॥*** ਮਲੇਰ ਕੋਟਲੀਆਂ ਨੇ (ਗੜ੍ਹ) ਕਿਲ੍ਹੇ ਕੋਟ ਬਣਾਏ ਹੋਏ ਸਨ, ਉਨ੍ਹਾਂ ਦੀ ਮੋਰਚਾਬੰਦੀ ਸੀ, ਉਥੋਂ ਕੱਢ ਕੇ ਕਿਤੇ ਬਾਹਰ ਦੂਰ ਲੈ ਕੇ ਆਉ, ਉਨ੍ਹਾਂ ਨੂੰ ਰੜੇ ਮੈਦਾਨ ਵਿਚ, ਫਿਰ ਅਸੀਂ ਕਰਾਂਗੇ ਉਨ੍ਹਾਂ ਦਾ ਸ਼ਿਕਾਰ।

***ਉਸ ਕਰ ਸਿੰਘ ਉਨ ਮਾਰ ਗਵਾਹਿਂ॥*** ਉਸ ਕਰਕੇ ਸਿੰਘ ਉਨ੍ਹਾਂ ਨੂੰ ਮਾਰ ਗਵਾਉਣਗੇ, ਉਨ੍ਹਾਂ ਦਾ ਨਾਸ਼ ਕਰ ਦੇਣਗੇ।

***ਜਿਮ ਕਰ ਪੰਥੈ ਦਾਯ ਸੁ ਮਾਹਿਂ॥ ੮॥*** ਜਿਸ ਕਰਕੇ ਉਹ ਪੰਥ ਦੇ ਦਾਉ ਵਿਚ ਆ ਜਾਣ, ਉਥੇ ਤਾਂ ਪੰਥ ਦਾ ਦਾਉ ਨਹੀਂ ਲੱਗਣਾ, ਕਿਲ੍ਹੇ ਕੋਟ ਸਨ ਉਨ੍ਹਾਂ ਕੋਲ। ੮।

***ਆਲੈ ਸਿੰਘ ਤਿਮ ਲੀਨੀ ਮਾਨ॥*** ਆਲਾ ਸਿੰਘ ਨੇ ਉਵੇਂ ਹੀ ਮੰਨ ਲਈ, ਜਿਵੇਂ ਪੰਥ ਨੇ ਉਸ ਨੂੰ ਕਿਹਾ।

***'ਮੈਂ ਯਹੀ ਕਰੂੰਗੁ ਜਾ ਊਹਾਂ ਠਾਨ'॥*** ਮੈਂ ਇਹ ਸਾਰਾ ਕਰਤੱਵ ਕਰਾਂਗਾ ਉਥੇ ਜਾ ਕੇ।

***ਕਹੀ ਪੰਥ 'ਆਵੈਂ ਤੁਮ ਪਾਸ'॥*** ਆਲਾ ਸਿੰਘ ਨੂੰ ਪੰਥ ਨੇ ਕਿਹਾ, 'ਖਾਲਸਾ ਪੰਥ ਤੇਰੇ ਪਾਸ ਆਵੇਗਾ, ਜੇ ਤੂੰ ਉਨ੍ਹਾਂ ਨੂੰ ਬਾਹਰ ਕੱਢ ਲਿਆਵੇਂ'।

***ਅਕਾਲ ਬੁੰਗੈ ਖੜ ਕਰੀ ਅਰਦਾਸ॥ ੯॥*** ਆਲਾ ਸਿੰਘ ਨੂੰ ਭਰੋਸਾ ਦਿਵਾਉਣ ਵਾਸਤੇ ਖਾਲਸੇ ਪੰਥ ਨੇ ਸ੍ਰੀ ਅਕਾਲ ਤਖ਼ਤ ਅੱਗੇ ਖੜ੍ਹ ਕੇ ਅਰਦਾਸ ਕਰ ਦਿੱਤੀ, ਭਾਵੇਂ ਦਿਨ ਹੋਵੇ ਜਾਂ ਰਾਤ ਹੋਵੇ, ਖਾਲਸਾ ਨਹੀਂ ਅਟਕੇਗਾ, ਜ਼ਰੂਰ ਹੀ ਉਥੇ ਪਹੁੰਚੇਗਾ, ਕਿਉਂਕਿ ਖਾਲਸਾ ਬਚਨ ਦਾ ਸੂਰਾ ਹੁੰਦਾ ਸੀ, ਫਿਰ ਪ੍ਰਤੀਤ ਹੋ ਜਾਂਦੀ ਸੀ ਕਿ ਜੋ ਖਾਲਸੇ ਨੇ ਬਚਨ ਕਰ ਦਿੱਤਾ ਉਸ ਨੂੰ ਹੁਣ ਜ਼ਰੂਰ ਹੀ ਪੂਰਾ ਕਰਨਗੇ। ੯।

***ਦੀਪ ਮਾਲ ਕੋ ਮੇਲੋ ਲਾਇ॥*** ਸ੍ਰੀ ਅੰਮ੍ਰਿਤਸਰ ਦੀਪ ਮਾਲਾ ਦਾ ਜੋੜ ਮੇਲਾ ਕਰਕੇ।

***ਚੜ੍ਹਗੁ ਪੰਥ ਤੌ ਤੁਮਰੇ ਦਾਇ॥*** ਫਿਰ ਖਾਲਸਾ ਪੰਥ ਉਧਰ ਤੇਰੇ ਵੱਲ ਨੂੰ ਚੜ੍ਹ ਪਵੇਗਾ, ਤੇਰੇ ਵੱਲ ਨੂੰ ਅਸੀਂ ਆਵਾਂਗੇ।

***ਭਾਈ ਦੂਜ ਦੋ ਦਿਨ ਮਿਥ ਲਯੋ॥*** ਦਿਵਾਲੀ ਤੋਂ ਬਾਅਦ ਟਿੱਕਾ ਭਾਈ ਦੂਜ ਦਾ ਤਿਉਹਾਰ ਹੁੰਦਾ ਹੈ, ਦੂਜ ਦੇ ਚੰਦ੍ਰਮਾ ਨੂੰ, ਭੈਣਾਂ ਆਪਣੇ ਭਰਾਵਾਂ ਦੇ ਮੱਥੇ 'ਤੇ ਟਿੱਕਾ ਲਾਉਂਦੀਆਂ, ਉਹ ਦਿਨ ਮਿਥ ਲਿਆ ਹੈ।

***ਮੂਹਰੈ ਲਗਨ ਬੁਢੈ ਸਿੰਘ ਕਹਯੋ॥ ੧੦॥*** ਬੁੱਢਾ ਸਿੰਘ ਨਾਮ ਦੇ ਸਿੰਘ ਤਾਂ ਹੋਰ ਵੀ ਕਈ ਹੋਣਗੇ, ਪਰ ਮਸ਼ਹੂਰ ਇਕ ਹੀ ਬੁੱਢਾ ਸਿੰਘ ਘੁੱਦੇ ਵਾਲੀਆ ਹੋਇਆ। ਇਸ ਦਾ ਹੀ ਨਾਮ ਆਉਂਦਾ ਹੈ ਪੰਥ ਵਿਚ, ਜਦੋਂ ਜੈਨ ਖ਼ਾਂ ਸਰਹੰਦੀ ਨੂੰ ਮਾਰਿਆ, ਉਥੇ ਵੀ ਇਸਦਾ ਹੀ ਨਾਮ ਆਉਂਦਾ ਹੈ। ਬੁੱਢਾ ਸਿੰਘ ਨੇ ਕਿਹਾ, ''ਮੈਂ ਮੂਹਰੇ ਹੋ ਕੇ, ਅੱਗੇ ਲੱਗ ਕੇ ਲੈ ਕੇ ਜਾਵਾਂਗਾ ਪੰਥ ਨੂੰ'। ੧੦।

***ਦੋਹਰਾ॥ ਤੁਰਤੈ ਆਗੈ ਹੋਇ ਸਿੰਘ ਜੋੜ ਹੱਥ ਕਹੀ ਫੇਰ॥*** ਆਲਾ ਸਿੰਘ ਨੇ ਤੁਰੰਤ ਹੀ ਅੱਗੇ ਹੋ ਕੇ ਹੱਥ ਜੋੜ ਕੇ ਪੰਥ ਅੱਗੇ ਫਿਰ ਬੇਨਤੀ ਕੀਤੀ।

***'ਜੇ ਪੰਥ ਖਬਰ ਨਾਂ ਹਮ ਲਈ, ਤੌ ਮਾਰੈਂ ਤੁਰਕ ਮੁਹਿ ਘੇਰ'॥ ੧੧॥*** ਖਾਲਸਾ ਜੀ! ਇਹ ਖਿਆਲ ਰੱਖਿਉ, ਜੇ ਪੰਥ ਨੇ ਮੇਰੀ ਖ਼ਬਰ ਨਾ ਲਈ ਮੌਕੇ 'ਤੇ ਆ ਕੇ ਤਾਂ ਤੁਰਕ ਘੇਰ ਕੇ ਮੈਨੂੰ ਮਾਰ ਦੇਣਗੇ। ੧੧।

***ਚੌਪਈ॥ ਤੌ ਖਾਲਸੈ ਬਹੁ ਧੀਰ ਧਰਾਯੋ॥*** ਤਾਂ ਖਾਲਸੇ ਪੰਥ ਨੇ ਧੀਰਜ਼ ਧਰਾਈ, ਕਹਿਣ ਲੱਗੇ, ਫ਼ਿਕਰ ਨਾ ਕਰ ਆਲਾ ਸਿੰਘਾਂ ਤੇਰੇ ਨਾਲ ਬਚਨ ਹੋ ਗਿਆ।

***'ਜ਼ਰੂਰ ਪੰਥ ਚਹੂਗੁ ਤੁਮ ਪਹਿ ਆਯੋ'॥*** ਤੇਰੇ ਪਾਸ ਜ਼ਰੂਰ ਹੀ ਆਉਣਾ ਚਾਹੁੰਦਾ ਹੈ ਖਾਲਸਾ ਪੰਥ, ਤੇਰੇ ਕੋਲ ਜ਼ਰੂਰ ਹੀ ਆਵਾਂਗੇ।

***ਜਾਇ ਆਲੇ ਸਿੰਘ ਤਿਮ ਹੀ ਕਰੀ॥*** ਸ੍ਰੀ ਅੰਮ੍ਰਿਤਸਰੋਂ ਵਾਪਸ ਜਾ ਕੇ ਆਲਾ ਸਿੰਘ ਨੇ ਉਵੇਂ ਹੀ ਕੀਤੀ, ਜਿਵੇਂ ਪੰਥ ਨੇ ਕਿਹਾ ਸੀ,

***ਪਿੰਡ ਮਲੇਰੀਅਨ ਰਚੀ ਕਠਨ ਗੜ੍ਹੀ॥ ੧੨॥*** ਮਲੇਰੀਆਂ ਦੇ ਪਿੰਡ ਵਿਚ ਬੜੀ (ਕਠਿਨ) ਮਜਬੂਤ ਗੜ੍ਹੀ ਰਚੀ ਆਲਾ ਸਿੰਘ ਨੇ । ੧੨।

***ਢਿਗੈ ਬਨਾਲੇ ਸੰਘੇੜੋ ਗ੍ਰਾਮ॥*** ਬਰਨਾਲੇ ਦੇ ਕੋਲ ਸੰਘੇੜਾ ਪਿੰਡ, ਰਾਏ ਕੋਟ ਵਾਲੀ ਸੜਕ ਦੇ ਉਤੇ। ਉਹ ਪਿੰਡ ਅੱਜ ਵੀ ਮੌਜੂਦ ਹੈ ਪਰ ਗੜ੍ਹੀ ਦਾ ਅਜ ਉਥੇ ਨਾਮੋ-ਨਿਸ਼ਾਨ ਤੱਕ ਨਹੀਂ।

***ਕਿਛ ਸੀਸ ਛਪਾਵਨ ਕਰ ਲਯੋ ਥਾਮ॥*** ਕਾਹਲੀ-ਕਾਹਲੀ ਵਿਚ ਕੁਛ ਸਿਰ ਲੁਕਾਉਣ ਵਾਸਤੇ ਥਾਂ ਕਰ ਲਿਆ, ਗੋਲੇ, ਬੰਦੂਕ ਤੋਂ ਬਚਣ ਵਾਸਤੇ ਸੰਘੇੜੇ ਪਿੰਡ ਵਿਚ ਗੜ੍ਹੀ ਬਣਾ ਲਈ।

***ਤੌ ਸੁਨ ਮਲੇਰੀਏ ਚੜ੍ਹੇ ਪਠਾਨ॥*** ਤਾਂ ਮਲੇਰੀਆਂ ਨੂੰ ਪਤਾ ਲੱਗਾ ਕਿ ਸਾਡੇ ਇਲਾਕੇ ਵਿਚ ਆਲਾ ਸਿੰਘ ਕਿਲ੍ਹਾ ਉਸਾਰ

ਕੇ ਬੈਠ ਗਿਆ। ਇਹ ਸੁਣ ਕੇ ਆਲਾ ਸਿੰਘ ਤੇ ਮਲੇਰ ਕੋਟਲੇ ਦੇ ਪਠਾਣ ਚੜ੍ਹੇ ਹਨ।

***ਸਾਥ ਲਿਆਏ ਰਾਇ ਲੁਟਵਾਨ॥ ੧੩॥*** ਰਾਏ ਕੋਟੀਆਂ ਨੂੰ ਵੀ ਨਾਲ ਲਿਆਏ, ਆਲਾ ਸਿੰਘ ਦਾ ਇਲਾਕਾ ਲੁੱਟਣ ਵਾਸਤੇ। ੧੩।

***ਤੋਪ ਜੰਬੂਰੇ ਸਾਥ ਲਿਆਏ॥*** ਆਪਣੀਆਂ ਵੱਡੀਆਂ ਛੋਟੀਆਂ ਤੋਪਾਂ ਸਭ ਇਕੱਠੀਆਂ ਕਰ ਕੇ ਲਿਆਏ।

***ਆਲੈ ਸਿੰਘ ਲਯੋ ਮਧ ਘਿਰਵਾਏ॥*** ਸੰਘੇੜੇ ਦੀ ਗੜ੍ਹੀ ਵਿਚ ਆਲਾ ਸਿੰਘ ਨੂੰ ਘੇਰ ਲਿਆ ਉਹਨਾਂ ਨੇ।

***ਢੁਕ ਉਨ ਲੀਨੇ ਮੋਰਚੇ ਲਾਇ॥*** ਉਨ੍ਹਾਂ ਨੇ ਗੜ੍ਹੀ ਦੇ ਨੇੜੇ ਢੁੱਕ ਕੇ, ਮੋਰਚੇ ਲਾ ਦਿੱਤੇ ਅਤੇ ਤੋਪਾਂ ਜੰਬੂਰੇ ਬੀੜ ਦਿੱਤੇ।

***ਆਲੈ ਸਿੰਘ ਵਲ ਸਿੰਘਨ ਤਕਾਇ॥ ੧੪॥*** ਉਧਰ ਆਲਾ ਸਿੰਘ, ਸਿੰਘਾਂ ਵਲ ਤੱਕ ਰਿਹਾ ਸੀ, ਅੰਮ੍ਰਿਤਸਰ ਵੱਲ ਨੂੰ ਵੇਖ ਰਿਹਾ ਕਿ ਏਧਰੋਂ ਖਾਲਸੇ ਦਾ ਦਲ ਆਉਣਾ ਹੈ, ਫ਼ੌਜ ਆਵੇਗੀ ਸਿੰਘਾਂ ਦੀ। ੧੪।

***ਉਤੈ ਪੰਥ ਨੇ ਕਰੀ ਚੜ੍ਹਾਈ॥*** ਉਧਰੋਂ ਖਾਲਸੇ ਪੰਥ ਨੇ ਅੰਮ੍ਰਿਤਸਰੋਂ ਕੂਚ ਕਰ ਦਿੱਤਾ।

***ਦਏ ਨਗਾਰਨ ਡੰਕੇ ਲਾਈ॥*** ਖਾਲਸੇ ਨੇ ਨਗਾਰਿਆਂ 'ਤੇ ਚੋਬਾਂ ਲਗਾ ਦਿੱਤੀਆਂ, ਕੂਚ ਦੀਆਂ।

***ਭਾਈ ਬੁਢੋ ਸਿੰਘ ਆਗੈ ਹੋਯੋ॥*** ਭਾਈ ਬੁੱਢਾ ਸਿੰਘ ਮਾਲਵੇ ਦੇ ਸਨ ਤੇ ਸਾਰੇ ਇਲਾਕੇ ਦੇ ਵਾਕਫ ਸਨ, ਉਸ ਨੂੰ ਅੱਗੇ ਲਾਇਆ।

***ਰਾਤ ਦਿਵਸ ਪਾਰ ਦਰਯਾਇ ਹੋਯੋ॥ ੧੫॥*** ਰਾਤ ਦਿਨ ਇਕ ਕਰਕੇ ਖਾਲਸੇ ਦਰਿਆ ਤੋਂ ਪਾਰ ਹੋਏ। ੧੫।

***ਦੋਹਰ॥ ਭੂਖ ਲਗੈ ਜਹਿਂ ਖਾਲਸੇ ਤਹਿਂ ਲੁਟ ਖਹਿ ਗਿਰਾਮ॥*** ਰਸਤੇ ਵਿਚ ਜਿਥੇ ਭੁੱਖ ਲਗਦੀ ਖਾਲਸੇ ਨੂੰ, ਉਥੇ ਤੁਰਕਾਂ ਦੇ ਪਿੰਡ ਲੁੱਟ ਕੇ ਛਕ-ਛਕਾ ਲੈਂਦੇ।

***ਵਾਜ ਤੋਪ ਜੰਬੂਰਨ ਕੰਨ ਪਰੀ, ਤਹਿ ਢੁਕ ਕੀਓ ਮੁਕਾਮ॥ ੧੬॥*** ਤਲਵਨ ਦਾ ਪੱਤਣ ਲੰਘ ਕੇ ਗੋਇੰਦਵਾਲ ਵਿਚ ਦੀ ਖਾਲਸਾ ਸਿੱਧਾ ਹੀ ਆ ਰਿਹਾ ਸੀ,ਜਦੋਂ ਤੋਪਾਂ ਤੇ ਜੰਬੂਰਿਆਂ ਦੀ ਅਵਾਜ਼ ਕੰਨੀ ਪਈ, ਉਥੇ ਨੇੜੇ ਢੁੱਕ ਕੇ ਖਾਲਸੇ ਨੇ ਪੜਾਉ ਕਰਕੇ, ਦਮ ਲਿਆ। ੧੬।

***ਯੌ ਪੰਥ ਬੁਢੈ ਸਿੰਘ ਕਹੀ, ਮਤ ਡੇਰੋ ਇਹਾਂ ਕਰਵਾਇ॥*** ਮੱਤ ਡੇਰਾ ਏਥੇ ਹੀ ਲਾ ਬੈਠੋ, ਏਥੇ ਨਹੀਂ ਡੇਰਾ ਕਰਨ ਦੀ ਲੋੜ, ਹੁਣ ਆਪਾਂ ਡੇਰਾ ਨਹੀਂ ਕਰਨਾ ਕਿਤੇ, ਸਿੱਧਾ ਹੀ ਉਥੇ ਜਾ ਕੇ ਹੱਲਾ ਬੋਲਣਾ ਹੈ, ਪੰਥ ਨੂੰ ਇਉਂ ਕਿਹਾ ਬੁੱਢਾ ਸਿੰਘ ਨੇ।

***ਖਬਰ ਪੜੈ ਉਨ ਪੰਥ ਕੀ ਮਤ ਕਤ ਲੁਕ ਭਜ ਜਾਹਿਂ॥ ੧੭॥*** ਉਨ੍ਹਾਂ ਦੇ ਕੰਨੀਂ ਪੰਥ ਆਉਣ ਦੀ ਖ਼ਬਰ ਪੈ ਜਾਵੇ, ਤਾਂ ਮਤਾਂ ਕਿਤੇ ਭੱਜ ਕੇ ਲੁਕ ਜਾਣ, ਫਿਰ ਆਪਣੇ ਕਿਲ੍ਹੇ ਕੋਟ ਵਿਚ ਚਲੇ ਜਾਣਗੇ। ੧੭।

***ਚੌਪਈ:- ਰਾਤ ਰਾਤ ਤਿਤ ਤੇ ਤੁਰ ਪਏ॥*** ਖਾਲਸੇ ਨੇ ਉਥੇ ਥੋੜ੍ਹਾ ਜਿਹਾ ਵਿਸ਼ਰਾਮ ਕੀਤਾ ਅਤੇ ਰਾਤੋ-ਰਾਤ ਫ਼ਿਰ ਤੁਰ ਪਏ ਉਥੋਂ।

***ਬੁੱਢੈ ਸਿੰਘ ਢਿਗ ਆਨ ਖੜਵਏ॥*** ਬੁੱਢਾ ਸਿੰਘ ਨੇ ਸਿੰਘਾਂ ਨੂੰ ਲਿਆ ਕੇ ਨੇੜੇ ਖੜ੍ਹਾ ਕਰ ਦਿੱਤਾ ਕਿ ਏਥੋਂ ਹੁਣ ਇਕੋ ਦੌੜ ਨਾਲ ਹੀ ਚਲੇ ਜਾਵਾਂਗੇ।

***ਫੀਮ ਭੰਗ ਖੜ ਤਹਿਂ ਲਈ ਖਾਇ॥*** ਸਿੰਘਾਂ ਵਿਚ ਜਿਹੜੇ ਕੋਈ ਅਮਲੀ ਸਨ, ਸੁੱਖਾ ਜਾਂ ਛੱਤ੍ਰਧਾਰਾ (ਅਫੀਮ) ਛੱਕਣ ਵਾਲੇ, ਉਨ੍ਹਾਂ ਨੂੰ ਕਿਹਾ, ਹੁਣ 'ਬਤੀਏ' ਹੀ ਲਾ ਲਵੋ, ਕਾਹਲ ਦਾ ਕੰਮ ਹੈ, ਉਨ੍ਹਾਂ ਨੇ ਉਥੇ ਖੜ੍ਹ ਕੇ ਸੁੱਖਾ ਪਾਣੀ ਤੇ ਛਤ੍ਰਧਾਰਾ ਛੱਕ ਲਿਆ।

***ਲੀਨੇ ਤੰਗ ਘੋੜਨ ਖਿਚਵਾਇ॥ ੧੮॥*** ਸਫਰ ਲੰਬਾ ਕੀਤਾ ਖਾਲਸੇ ਨੇ, ਜਿਸ ਕਰਕੇ ਘੋੜਿਆਂ ਦੇ ਤੰਗ ਢਿਲੇ ਪੈ ਗਏ ਸਨ। ਉਥੇ ਘੋੜੇ ਖੜ੍ਹੇ ਕਰ ਕੇ, ਚੰਗੀ ਤਰ੍ਹਾਂ ਤੰਗ ਕਸੇ ਹਨ ਘੋੜਿਆਂ ਦੇ। ੧੮।

***ਅਬ ਫਿਰ ਸੁਨੋਂ ਆਲਾ ਸਿੰਘ ਬਾਤ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਹੁਣ ਫਿਰ ਆਲਾ ਸਿੰਘ ਦੀ ਗੱਲ ਸੁਣੋ, ਜੋ ਕਿਲ੍ਹੇ ਵਿਚ ਬੈਠਾ ਖਾਲਸੇ ਨੂੰ ਉਡੀਕ ਰਿਹਾ ਸੀ।

***ਉਸ ਸੋਚਤ ਬੀਤੇ ਦਿਨ ਰਾਤ॥*** ਉਸ ਨੂੰ ਸੋਚਦਿਆਂ ਦਿਨ ਤੇ ਰਾਤ ਬੀਤ ਗਏ ਕਿ ਖਾਲਸਾ ਆ ਗਿਆ ਕਿ ਨਹੀਂ ਆਇਆ। ਸਵੇਰੇ ਦੂਜ ਦਿਨ, ਅਜੇ ਖਾਲਸੇ ਦੀ ਨੇੜੇ ਵਾਈ ਧਾਈ ਨਹੀਂ ਸੁਣੀਂਦੀ, ਉਸ ਨੂੰ ਫ਼ਿਕਰ ਹੋ ਗਿਆ ਕਿ ਖਾਲਸਾ ਕਿਤੇ ਦੇਰੀ ਨਾ ਕਰ ਦੇਵੇ।

***ਹੁਤੀ ਆਲੈ ਸਿੰਘ ਔਖੀ ਬਨੀ॥*** ਆਲਾ ਸਿੰਘ ਨੂੰ ਪਠਾਣਾਂ ਨੇ ਘੇਰਾ ਪਾਇਆ, ਉਸ ਨੂੰ ਬੜੀ ਮੁਸ਼ਕਲ ਆ ਬਣੀ।

***ਕੰਧ ਚਿਣੀ ਥੀ ਤਹਿਂ ਅਣ ਚਿਣੀ॥ ੧੯॥*** ਕਾਹਲੀ-ਕਾਹਲੀ ਵਿਚ ਕੱਚੀਆਂ ਇੱਟਾਂ ਦੀ ਅਣਚਿਣੀ ਜਿਹੀ ਕੰਧ ਚਿਣੀ ਹੈ ਉਥੇ। ੧੯।

***ਢੁਇ ਮੋਰਚੇ ਉਨ ਨੇੜੇ ਦਏ॥*** ਤੁਰਕਾਂ ਨੇ ਮੋਰਚੇ ਜੋ ਪਿੱਛੇ ਦੂਰ ਲਾਏ ਹੋਏ ਸਨ, ਉਹ ਨੇੜੇ ਕਰ ਦਿੱਤੇ।

***ਅੰਦਰੋਂ ਬਹੁਤ ਹੁਤੇ ਸੋਸਏ॥*** ਗੜ੍ਹੀ ਦੇ ਅੰਦਰੋਂ ਬੜੇ ਸੰਸੇ ਵਿਚ ਹੋ ਗਏ ਹਨ ਲੋਕ ਕਿ ਬਾਹਰੋਂ ਤੁਰਕਾਂ ਨੇ ਮੋਰਚੇ ਵੀ ਨੇੜੇ ਕਰ ਲਏ। ਖਾਲਸਾ ਵੀ ਕਿਸੇ ਪਾਸਿਓਂ ਆਉਂਦਾ ਦਿਸਦਾ ਨਹੀਂ।

***'ਲਾਇ ਕਿਤ ਆਵੈ ਖਾਲਸੋ ਦੇਰ॥*** ਖਾਲਸਾ ਕਿਤੇ ਦੇਰ ਨਾ ਲਾ ਆਵੇ, ਰਾਹ ਵਿਚ ਹੀ ਨਾ ਅਟਕ ਜਾਣ ਕਿਤੇ।

***ਹਮਕੋ ਤੁਰਕ ਛਡੈ ਨਹੀਂ ਫੇਰ'॥ ੨੦॥*** ਤੁਰਕਾਂ ਕੋਲ ਤੋਪਾਂ ਜੰਬੂਰੇ ਸਨ, ਫਿਰ ਤੁਰਕਾਂ ਨੇ ਨਹੀਂ ਛੱਡਣਾ ਸਾਨੂੰ? ਇਹ ਸਾਨੂੰ ਜ਼ਰੂਰ ਮਾਰਨਗੇ। ੨੦।

***ਚਕ ਚਕ ਗਰਦਨ ਦੇਖੈਂ ਉਤਾਹਿਂ॥*** ਗੜ੍ਹੀ ਅੰਦਰੋਂ ਗਰਦਨ ਉਤਾਂਹ ਨੂੰ ਚੁੱਕ-ਚੁੱਕ ਕੇ ਵੇਖਦੇ ਸਨ ਖਾਲਸੇ ਵੱਲ।

***ਉਨ ਕੀ ਗਰਦ ਦਿਸੈ ਕਿਤ ਨਾਹਿਂ॥*** ਸਿੰਘਾਂ ਦੇ ਘੋੜਿਆਂ ਦੀ ਧੂੜ ਉਡਦੀ ਨਹੀਂ ਦਿਸਦੀ ਕਿਸੇ ਪਾਸੇ, ਉਹ ਅੱਡੀਆਂ ਚੁੱਕ-ਚੁੱਕ ਕੇ ਵੇਖਦੇ।

***ਕਹੈਂ ਮਝੈਲਨ 'ਹਮ ਕਯਾ ਪੀਰ॥*** ਮਾਵਲੇ ਦੇ ਸਿੰਘ ਆਪਸ ਵਿਚ ਕਹਿੰਦੇ 'ਮਝੈਲਾਂ ਨੂੰ ਸਾਡੀ ਕਾਹਦੀ ਪੀੜ। ਉਨ੍ਹਾਂ ਨੂੰ ਕੀ ਪਤਾ ਸਾਡੇ ਵਾਰੇ ਕਿ ਇਸ ਵੇਲੇ ਉਹ ਕਿੰਨੀ ਮੁਸੀਬਤ ਵਿਚ ਸਨ।

***ਖਰਚ ਥੁੜਯੋ ਯੌ ਬਹੁ ਭਈ ਭੀਰ' ॥ ੨੧॥*** ਗੜ੍ਹੀ ਵਿਚ ਖ਼ਰਚ ਮੁਕ ਗਿਆ ਇਉਂ ਬੜੀ (ਭੀਰ) ਭੀੜ, ਬਿਪਤਾ ਹੋ ਗਈ। ੨੧।

***ਦੋਹਰਾ॥ ਹੁਤ ਆਲੋ ਸਿੰਘ ਧੀਰਜੀ ਸੋ ਲੋਕਨ ਧੀਰ ਧਰਾਇ॥*** ਆਲਾ ਸਿੰਘ ਬੜਾ ਹੀ (ਧੀਰਜ਼) ਧੀਰਜ਼ ਵਾਲਾ, ਹੌਸਲੇ ਵਾਲਾ ਯੋਧਾ ਸੂਰਮਾ ਸੀ, ਉਹ ਦੂਜੇ ਲੋਕਾਂ ਨੂੰ ਧੀਰਜ਼ ਧਰਾਉਂਦਾ। ਧੀਰਜ਼ ਧਰੋ! ਉਨ੍ਹਾਂ ਨੂੰ ਸਾਡਾ ਦਰਦ ਹੈ, ਇਹ ਨਾ ਸਮਝੋ ਕਿ ਉਨ੍ਹਾਂ ਨੂੰ ਸਾਡਾ ਕੀ ਦਰਦ ਹੈ? ਉਹਨਾਂ ਨੂੰ ਸਾਡਾ ਫ਼ਿਕਰ ਹੈ, ਉਹ ਜ਼ਰੂਰ ਆਉਣਗੇ।

***ਕਹੈ, 'ਰਹੋ ਤਕੜੇ ਤੁਸੀਂ ਪੁਜੈ ਪਲਕ ਘੜੀ ਪੰਥ ਆਇ' ॥ ੨੨॥*** ' ਕਹਿੰਦਾ 'ਤਕੜੇ ਹੋ ਕੇ ਗੱਜੋ ਹੁਣ ਤੁਸੀਂ' ਬਸ ਘੜੀ ਪਲ ਦੀ ਸਾਰੀ ਗੱਲ ਹੈ, ਹੁਣੇ ਆ ਪੁੱਜਣਾ ਪੰਥ ਨੇ। ੨੨।

***ਚੌਪਈ॥ ਪੰਥ ਖੜਯੋ ਥੋ ਢੁਕ ਕਛੁ ਨੇਰੋ॥*** ਪੰਥ ਖਾਲਸਾ ਨੇੜੇ ਆ ਢੁਕਿਆ ਸੀ, ਹੁਣ ਤਾਂ ਸਿਰਫ਼ ਹੱਲਾ ਹੀ ਕਰਨਾ ਸੀ ਖਾਲਸੇ ਨੇ।

***ਦਿਸਯੋ ਸੂਰ ਤਬ ਭਯੋ ਸਵੇਰੋ॥*** ਤਦ ਸਵੇਰ ਹੋ ਗਈ ਅਤੇ ਸੂਰਜ ਚੜ੍ਹ ਪਿਆ।

***ਚੜ੍ਹਯੋ ਖਾਲਸੋ ਕਰ ਅਰਦਾਸ॥*** ਅਰਦਾਸਾ ਸੋਧ ਕੇ ਪੰਥ ਖਾਲਸਾ ਚੜ੍ਹ ਪਿਆ ਦੁਸ਼ਮਣ 'ਤੇ ਹੱਲਾ ਬੋਲਣ ਵਾਸਤੇ।

***'ਮਾਰ ਦੁਸ਼ਟ ਕੰਮ ਪੰਥ ਹੁਹਿ ਰਾਸ' ॥ ੨੩॥*** ਮਿਹਰ ਕਰੋ ਸੱਚੇ ਪਾਤਸ਼ਾਹ! ਇਨ੍ਹਾਂ ਦੁਸ਼ਟਾਂ ਨੂੰ ਮਾਰ ਕੇ, ਪੰਥ ਦੇ ਸਾਰੇ ਕੰਮ ਰਾਸ ਹੋ ਜਾਣ। ੨੩।

***ਛੋਡੇ ਫਰਰੇ ਨਿਸ਼ਾਨਨ ਕੇਰੇ॥*** ਨਿਸ਼ਾਨਾਂ ਦੇ ਫਰਰੇ ਵੀ ਲਪੇਟੇ ਹੋਏ ਸਨ, ਮਤਾਂ ਦੂਰੋਂ ਨਿਸ਼ਾਨਾਂ ਦੇ ਫਰਰੇ ਝੂਲਦੇ ਹੋਏ ਦਿਸ

ਪੈਣ, ਖਾਲਸੇ ਨੇ ਨਿਸ਼ਾਨਚੀਆਂ ਨੂੰ ਹੁਕਮ ਦੇ ਕੇ ਨਿਸ਼ਾਨ ਸਾਹਿਬਾਂ ਦੇ ਫਰਲੇ ਖੁਲ੍ਹੇ ਛੱਡ ਦਿੱਤੇ।

***ਲਾਏ ਧੌਂਸਨ ਡਗੇ ਘਨੇਰੇ॥*** ਨਗਾਰਿਆਂ ਉਤੇ ਬਹੁਤੀਆਂ ਚੋਬਾਂ ਲਾ ਦਿੱਤੀਆਂ, ਖਾਲਸਾ ਪੰਥ ਬੜਾ ਭਾਰੀ ਜਥੇਬੰਦ ਹੋ ਕੇ ਚੜ੍ਹਿਆ।

***ਫੜ ਘੋੜਨ ਕੀ ਵਾਗਹਿ ਲਈ॥*** ਸਿੰਘਾਂ ਨੇ ਸਵਾਰ ਹੋ ਕੇ ਘੋੜਿਆਂ 'ਤੇ ਵਾਗਾਂ ਫੜ ਲਈਆਂ ਹਨ।

***ਮਾਰ ਮਾਰ ਕਹਿ ਪੰਥ ਧੌੜ ਕਈ॥ ੨੪॥*** 'ਮਾਰ ਲਉ, ਮਾਰ ਲਉ' ਕਹਿ ਕੇ ਪੰਥ ਖਾਲਸੇ ਨੇ ਹੱਲਾ ਕੀਤਾ, ਮਲੇਰੀਏ ਪਠਾਣਾਂ 'ਤੇ। ੨੪।

***ਬਜੇ ਨਗਾਰੇ ਔ ਫੌਜ ਧਾਈ॥*** ਨਗਾਰਿਆਂ 'ਤੇ ਚੋਬਾ ਲੱਗੀਆਂ ਅਤੇ ਫ਼ੌਜ ਨੇ ਧਾਵਾ ਬੋਲਿਆ।

***ਤੁਰਕਨ ਨਦਰ ਘਟਾ ਸੀ ਆਈ॥*** ਤੁਰਕਾਂ ਨੂੰ ਇਉਂ ਨਜ਼ਰ ਪਿਆ, ਜਿਵੇਂ ਬੱਦਲ ਦੀ ਘਟਾ ਜਿਹੀ ਚੜ੍ਹ ਕੇ ਆ ਰਹੀ ਹੈ।

***ਘੁਰੇ ਨਗਾਰੇ ਜਨੁ ਬਾਦਲ ਗਰਜੈਂ॥*** ਜਦੋਂ ਨਗਾਰੇ ਘੁਰਦੇ, ਜਾਣੋਂ ਬੱਦਲ ਗਰਜ ਰਹੇ ਸਨ।

***ਨਿਸ਼ਾਨ ਕੇਸਰੀ ਜਿਮ ਬਿੱਜਲ ਤਰਜੈਂ॥ ੨੫॥*** ਕੇਸਰੀ ਨਿਸ਼ਾਨ ਸਾਹਿਬ ਬਿਜਲੀ ਵਾਂਗ ਲਿਸ਼ਕਾਰੇ ਮਾਰਦੇ। ੨੫।

***ਢੁਕ ਸਿੰਘਨ ਛਲਕ ਬੰਦੂਕਨ ਕਰੀ॥*** ਸਿੰਘਾਂ ਨੇ ਉਨ੍ਹਾਂ ਦੇ ਨੇੜੇ ਢੁੱਕ ਕੇ ਬੰਦੂਕਾਂ ਛਲਕਾਂ ਕਰ ਕੇ, ਖ਼ਬਰ ਕੀਤੀ, ਉਨ੍ਹਾਂ ਨੂੰ ਕਿ ਅਸੀਂ ਆ ਗਏ ਹਾਂ ਤਕੜੇ ਹੋ ਜਾਉ।

***ਜਿਮ ਗੋਲੀ ਬਡ ਗੜਿਅਨ ਪਰੀ॥*** ਉਥੇ ਵੱਡੇ ਗੜਿਆਂ ਵਰਗੀਆਂ ਗੋਲੀਆਂ ਵਰ੍ਹੀਆਂ ਪਠਾਣਾਂ ਉਤੇ।

***ਲਗੇ ਤੁਰਕ ਤਨ ਸੋ ਗਿਰ ਪਾਹਿ।*** ਜਿਨ੍ਹਾਂ ਤੁਰਕਾਂ ਦੇ ਸਰੀਰਾਂ 'ਤੇ ਗੋਲੀਆਂ ਵੱਜੀਆਂ ਉਹ ਧਰਤੀ 'ਤੇ ਡਿੱਗ ਪਏ।

***ਵਾਂਗ ਫੁਲਵਾੜੀ ਗਿਰ ਭਏ ਫਨਾਹਿ॥ ੨੬॥*** ਜਦੋਂ ਗੜਿਆਂ ਵਰਗੀਆਂ ਗੋਲੀਆਂ ਤੁਰਕਾਂ ਦੇ ਲੱਗੀਆਂ, ਜਿਵੇਂ ਫੁਲਵਾੜੀ ਡਿੱਗ ਕੇ ਨਾਸ ਹੋ ਜਾਂਦੀ ਹੈ ਗੜੇ ਪੈਣ ਕਰਕੇ, ਇਉਂ ਤੁਰਕ ਡਿੱਗ ਕੇ (ਫਨਾਹ) ਨਾਸ ਹੋ ਗਏ। ੨੬।

***ਦੋਹਰਾ॥ ਸਿੰਘ ਅਚਾਨਕ ਇਮ ਪਰੇ ਜਿਮ ਪਰੇ ਅਕਾਸ਼ੋਂ ਇੱਲ॥*** ਤੁਰਕਾਂ 'ਤੇ ਅਚਾਨਕ ਹੀ ਸਿੰਘ ਇਉਂ ਹੱਲਾ ਕਰਕੇ ਪਏ ਹਨ, ਜਿਵੇਂ ਸ਼ਿਕਾਰ ਨੂੰ ਵੇਖ ਕੇ ਅਕਾਸ਼ ਵਿੱਚੋਂ ਅਚਾਨਕ ਹੀ ਇੱਲ ਪੈਂਦੀ ਹੈ।

***ਚਿਰੀਅਨ ਜਿਮ ਤੁਰਕ ਲੁਕ ਨਠੇ ਰਹੀ ਨ ਉਨ ਮਧ ਗਿੱਲ॥ ੨੭॥*** ਜਿਵੇਂ ਬਾਜ਼ ਨੂੰ ਵੇਖ ਕੇ ਚਿੜੀਆਂ ਲੁਕਦੀਆਂ ਫਿਰਦੀਆਂ ਹਨ, ਚਿੜੀਆਂ ਰੂਪੀ ਤੁਰਕ ਸਿੰਘਾਂ ਰੂਪ ਬਾਜ਼ਾਂ ਨੂੰ ਵੇਖ ਕੇ, ਭੱਜ-ਭੱਜ ਕੇ ਲੁਕਦੇ ਸਨ, ਉਨ੍ਹਾਂ ਵਿਚ (ਗਿੱਲ) ਸ਼ਕਤੀ ਨਹੀਂ ਰਹੀ ਹੈ ਲੜਨ ਦੀ। ੨੭।

***ਚੌਪਈ॥ ਫਿਰ ਖਾਲਸੋ ਖੈਂਚ ਦੌੜਯੋ ਤਲਵਾਰ॥*** ਫਿਰ ਖਾਲਸਾ ਤਲਵਾਰਾਂ ਖਿੱਚ ਕੇ ਦੌੜ ਕੇ ਦੁਸ਼ਮਣ ਦੇ ਗਲ ਜਾ ਪਿਆ।

***ਇਕ ਤੈ ਦਏ ਦੁਇ ਦੁਇ ਕਰ ਡਾਰ॥*** ਤਲਵਾਰਾਂ ਨਾਲ ਇਕ ਤੋਂ ਦੋ-ਦੋ ਟੋਟੇ ਕਰਕੇ ਸੁੱਟ ਦਿੱਤੇ, ਝਟਕਾ-ਝਟਕਾ ਕੇ।

***ਅਗੈ ਕੋਇ ਨ ਲੜਿਓ ਖੜ ਕਰ॥*** ਉਨ੍ਹਾਂ ਦੀ ਸੁਰਤ ਹੀ ਗੁੰਮ ਹੋ ਗਈ ਕਿ ਅਚਾਨਕ ਹੀ ਖਾਲਸਾ ਕਿਥੋਂ ਆ ਪਿਆ, ਕੋਈ ਵੀ ਖਾਲਸੇ ਦੇ ਅੱਗੇ ਹੋ ਕੇ ਖੜ੍ਹ ਕੇ ਨਾ ਲੜ ਸਕਿਆ ਪਠਾਣ।

***ਸਭ ਹੀ ਨੱਠੇ ਮਰਨੋਂ ਡਰ ਕਰ॥ ੨੮॥*** ਮੌਤ ਤੋਂ ਡਰ ਕੇ, ਸਭ ਨੇ ਭੱਜਣ ਦੀ ਕੀਤੀ, ਕੋਈ ਸੰਭਾਲ ਨਹੀਂ ਕਰਦਾ ਕਿਸੇ ਦੀ। ੨੮।

***ਜਿਨ ਹਥ ਦੇਖ ਫੜੇ ਹਥਿਆਰ॥*** ਖਾਲਸੇ ਨੇ, ਜਿਨ੍ਹਾਂ ਪਠਾਣਾਂ ਦੇ ਹੱਥਾਂ ਵਿਚ ਹਥਿਆਰ ਫੜੇ ਦੇਖੇ।

***ਸੋ ਤੋ ਦੀਨੋ ਜ਼ਰੂਰੇ ਮਾਰ॥*** ਉਸ ਨੂੰ ਤਾਂ ਛੱਡਿਆ ਹੀ ਨਹੀਂ ਖਾਲਸੇ ਨੇ, ਉਹ ਤਾਂ ਜ਼ਰੂਰ ਹੀ ਮਾਰ ਦਿੱਤਾ।

***ਡਾਰ ਸ਼ਸਤ੍ਰ ਤਿਨ ਦੰਤ ਘਾਹਿ ਲਯੋ॥*** ਉਨ੍ਹਾਂ ਨੇ ਆਪਣੇ ਹਥਿਆਰ ਸੁੱਟ ਕੇ ਆਪਣੇ ਦੰਦਾਂ ਵਿਚ ਘਾਹ ਲੈ ਲਿਆ।

***ਕਰੀ ਦਯਾ ਪੰਥਹਿ ਛਡ ਦਯੋ॥ ੨੯॥*** ਉਹਨਾਂ 'ਤੇ ਦਇਆ ਕਰਕੇ ਪੰਥ ਨੇ ਛੱਡ ਦਿੱਤਾ, ਉਹਨਾਂ ਨੂੰ ਜਿਨ੍ਹਾਂ ਨੇ ਦੰਦਾਂ

ਵਿਚ ਘਾਹ ਲਿਆ, ਅਸੀਂ ਖਾਲਸੇ ਦੀਆਂ ਗਊਆਂ ਹਾਂ। ੨੯।

***ਉਹ ਤੇ ਨਿਕਸ ਆਲੋ ਸਿੰਘ ਡਹਯੋ॥*** ਉਧਰੋ ਗੜ੍ਹੀ ਵਿੱਚੋਂ ਆਲਾ ਸਿੰਘ ਨਿਕਲ ਕੇ ਹੱਲਾ ਕਰਕੇ ਪੈ ਗਿਆ ਹੈ ਤੁਰਕਾਂ 'ਤੇ।

***ਉਸ ਦਬ ਆਯੋ ਉਨ ਮਾਰ ਦਯੋ॥*** ਜਿਹੜਾ ਉਸ ਦੇ (ਦਬ) ਦਾਉ ਹੇਠਾਂ ਆ ਗਿਆ, ਉਸ ਨੇ ਮਾਰ ਦਿੱਤਾ।

***ਤੋਪ ਰਹਿਕਲੇ ਉਨ ਲਦੇ ਸਾਂਭ॥*** ਭਾਰੀਆਂ ਅਤੇ ਹਲਕੀਆਂ ਤੋਪਾਂ ਆਲਾ ਸਿੰਘ ਨੇ ਸਾਂਭ ਲਈਆਂ।

***ਢੋਏ ਹੁਤੇ ਮੋਰਚਨ ਲਾਂਭ॥ ੩੦॥*** ਜਿਹੜੀਆਂ ਤੋਪਾਂ ਮੋਰਚਿਆਂ ਦੇ (ਲਾਂਭ) ਇਕ ਪਾਸੇ ਬੀੜੀਆਂ ਹੋਈਆਂ ਸਨ। ੩੦।

***ਆਲੋ ਸਿਘ ਬਹੁ ਭਯੋ ਪ੍ਰਸੰਨ॥*** ਆਲਾ ਸਿੰਘ ਬੜਾ ਪ੍ਰਸੰਨ ਹੋਇਆ, ਜਦੋਂ ਮੋਰਚੇ ਫਤ੍ਹੇ ਕਰ ਲਏ, ਤੋਪਖਾਨਾ ਕਬਜ਼ੇ ਕਰ ਲਿਆ, ਕੋਈ ਲੜਨ ਵਾਲਾ ਨਹੀਂ ਠਹਿਰਿਆ ਅੱਗੇ ਆਲਾ ਸਿੰਘ ਨੂੰ ਬੜੀਆਂ ਖੁਸ਼ੀਆਂ ਹੋਈਆਂ।

***ਭਈ ਸੋਊ ਜੋ ਉਨ ਚਹੀ ਮੰਨ॥*** ਜਿਹੜੀ ਉਸ ਨੇ ਮਨ ਵਿਚ ਚਾਹੀ ਸੀ ਕਿ ਅਸੀਂ ਤੁਰਕਾਂ ਨੂੰ ਹੈਰਾਨ ਕਰਕੇ ਭਜਾਈਏ, ਤਾਂ ਕਿ ਪਰਤ ਕੇ ਨਾ ਆਉਣ ਇਧਰ। ਉਸ ਦੇ ਮਨ ਦੀ ਗੱਲ ਹੋ ਗਈ। ਨਾਲੇ ਤਾਂ ਦੁਸ਼ਮਣ ਮਾਰੇ ਗਏ ਹਨ ਅਤੇ ਨਾਲੇ ਤੋਪਖਾਨਾ ਅਨ, ਧਨ ਦੇ ਗਏ। ਜਿਹੜੇ ਕਿ ਆਲਾ ਸਿੰਘ ਨੂੰ ਜ਼ਰੂਰ ਹੀ ਚਾਹੀਦੇ ਸੀ।

***ਤਹਿ ਕੀਏ ਮਲੇਰੀ ਪਠਾਣ ਬਹੁ ਘਾਤ॥*** ਉਥੇ ਮਲੇਰੀਏ ਪਠਾਣਾਂ ਦਾ ਬੜਾ ਕਤਲਾਮ ਕੀਤਾ।

***ਉਨੈਂ ਸੀਸ ਬਿਹਾਣੀ ਬਿੱਧਨ ਰਾਤ॥ ੩੧॥*** ਉਨ੍ਹਾਂ ਦੇ ਸਿਰ 'ਤੇ (ਬਿੱਧਨ) ਵਿਧਣ, ਮੌਤ ਦੀ ਰਾਤ ਬੀਤੀ, ਉਨ੍ਹਾਂ ਪਠਾਣਾਂ ਨੂੰ ਘੇਰ-ਘੇਰ ਕੇ ਭੇਡਾਂ ਬੱਕਰੀਆਂ ਵਾਂਗ ਮਾਰਿਆ ਜਾ ਰਿਹਾ ਹੈ, ਜਿਹਨਾਂ ਨੂੰ ਦੁਖ ਸੀ ਰੋਜ਼ ਦਾ, ਉਹ ਕਦੋਂ ਟਲਦੇ ਸਨ, ਉਨ੍ਹਾਂ ਨੇ ਚੰਗਾ ਪਿੱਛਾ ਕੀਤਾ ਹੈ,ਉਨ੍ਹਾਂ ਦਾ ਬਰਨਾਲੇ ਤੋਂ ਲੈ ਕੇ। ੩੧।

***ਦੋਹਰਾ॥ ਲੂਟੇ ਕੂਟੇ ਘਨੇ ਬਹੁ, ਖਾਲਸੋ ਰਹਯੋ ਅਘਾਇ॥*** ਉਨ੍ਹਾਂ ਨੂੰ ਬਹੁਤ ਹੀ ਕੁੱਟ ਕੇ ਲੁੱਟਿਆ, ਖਾਲਸਾ ਬੜਾ ਅਨੰਦ ਹੋ ਗਿਆ, ਰੱਜ ਗਿਆ ਉਨ੍ਹਾਂ ਨੂੰ ਲੁੱਟ-ਲੁੱਟ ਕੇ।

***ਬਜਵਾਇ ਨਗਾਰੇ ਜੀਤ ਕੇ ਲਯੋ ਡੇਰੋ ਪੰਥ ਲਗਾਇ॥ ੩੨॥*** ਪੰਥ ਖਾਲਸੇ ਨੇ ਜਿੱਤ ਦੇ ਨਗਾਰੇ ਵਜਾ ਕੇ ਡੇਰਾ ਲਗਾ ਦਿੱਤਾ। ੩੨।

***ਚੌਪਈ॥ ਔਰ ਸੁਨੌਂ ਆਲੈ ਸਿੰਘ ਗੱਲ॥*** ਆਲਾ ਸਿੰਘ ਦੀ ਹੋਰ ਵਾਰਤਾ ਸੁਣੋ।

***ਮਿਲਯੋ ਪੰਥ ਕੋ ਜਿਮ ਝਬ ਚੱਲ॥*** ਜਿਵੇਂ ਝੱਟ-ਪੱਟ ਹੀ ਖਾਲਸੇ ਪੰਥ ਨੂੰ ਮਿਲਿਆ ਚੱਲ ਕੇ ਆਲਾ ਸਿੰਘ।

***ਲਗੈ ਪੰਥ ਕੇ ਦਿਸਨ ਨਿਸ਼ਾਨ॥*** ਖਾਲਸਾ ਪੰਥ ਦੇ ਝੂਲਦੇ ਨਿਸ਼ਾਨ ਸਾਹਿਬ ਦਿਸਣ ਲੱਗੇ।

***ਸੁਨਯੋ ਪੰਥ ਕੋ ਲਗਯੋ ਦਿਵਾਨ॥ ੩੩॥*** ਖਾਲਸੇ ਪੰਥ ਦਾ ਦੀਵਾਨ ਲੱਗਿਆ ਸੁਣਿਆ ਆਲਾ ਸਿੰਘ ਨੇ। ੩੩।

***ਹਾਥ ਜੋੜ ਕੇ ਸੀਸ ਝੁਕਾਯੋ॥*** ਹੱਥ ਜੋੜ ਕੇ ਸਿਰ ਝੁਕਾਇਆ ਹੈ ਆਲਾ ਸਿੰਘ ਨੇ।

***ਛੱਡ ਘੋੜੇ ਕੋ ਚਰਨੀ ਧਾਯੋ॥*** ਘੋੜੇ ਨੂੰ ਛੱਡ ਕੇ, ਭਾਵ ਉਤਰ ਕੇ ਪੈਰੀਂ ਤੁਰ ਕੇ ਖਾਲਸੇ ਨੂੰ ਮਿਲਣ ਚੱਲਿਆ।

***ਨਿਵ ਨਿਵ ਕੁੰਨਸੋ ਲਗੋ ਕਰਨ॥*** ਨਿਵ-ਨਿਵ ਕੇ ਧਰਤੀ 'ਤੇ ਨਮਸ਼ਕਾਰਾਂ ਕਰਦਾ ਜਾਂਦਾ ਹੈ ਖਾਲਸੇ ਨੂੰ, ਧੰਨ ਖਾਲਸਾ, ਧੰਨ ਖਾਲਸਾ, ਕਰਦਾ ਤੁਰਿਆ ਜਾ ਰਿਹਾ ਸੀ।

***ਮਿਲੈ ਨਿਹੰਗ ਤਿਸ ਛੋਹੈ ਗੋਡੇ ਚਰਨ॥ ੩੪॥*** ਜਿਹੜੇ ਕੋਈ ਅੱਗੋਂ ਫਰਲਿਆਂ ਵਾਲੇ ਨਿਹੰਗ ਸਿੰਘ ਮਿਲਦੇ, ਉਨ੍ਹਾਂ ਦੇ ਗੋਡਿਆਂ, ਚਰਨਾਂ ਨੂੰ ਆਪਣੇ ਹੱਥ ਲਾਉਂਦਾ, ਨਮਸ਼ਕਾਰ ਕਰਦਾ। ੩੪।

***ਭਰ ਮੁੱਠੀ ਉਸ ਰੁਪੱਯਨ ਦੇਹਿ॥*** ਉਸ ਨੂੰ ਰੁਪਇਆਂ ਦੀ ਮੁੱਠੀ ਭਰ ਕੇ ਦਿੰਦਾ।

***ਕਰਵਾਇ ਅਰਦਾਸ ਔਰ ਖੁਸ਼ੀਆਂ ਲੇਹਿ॥*** ਉਨ੍ਹਾਂ ਤੋਂ ਨਾਲ ਦੀ ਨਾਲ ਅਰਦਾਸ ਕਰਵਾਈ ਜਾਂਦਾ, ਸਿੰਘਾਂ ਤੋਂ ਵਰਦਾਨ ਪ੍ਰਾਪਤ ਕਰਕੇ ਸਿੰਘਾਂ ਦੀਆਂ ਹੋਰ ਖੁਸ਼ੀਆਂ ਲੈਂਦਾ।

**ਘੋੜੋ ਮੁਯੋ ਜੋ ਨਿਹੰਗ ਜੁਧਾਇ॥** ਜਿਹੜੇ ਨਿਹੰਗ ਭੁਜੰਗੀ ਦਾ ਘੋੜਾ ਜੰਗ ਵਿਚ ਮਰ ਗਿਆ।

**ਤੁਰਤ ਦੇਹਿ ਤਿਹਿ ਘੋੜੇ ਫੜਵਾਇ॥ ੩੫॥** ਮਾਲਵਾ ਦੇਸ਼ ਘੋੜਿਆਂ ਦੀ ਖਾਣ ਸੀ, ਉਸ ਨੂੰ ਤੁਰੰਤ ਹੀ ਹੋਰ ਨਵਾਂ ਘੋੜਾ ਫੜਾ ਦਿੰਦੇ। ਜਿੰਨੇ ਵੀ ਮਾਨ ਸ਼ਾਹੀਏ ਸਰਦਾਰ ਸਨ, ਉਹ ਹੁਣ ਤਕ ਘੋੜੇ ਘੋੜੀਆਂ ਪਾਲਦੇ ਆਏ। ਉਹ ਘੋੜਿਆਂ ਦੇ ਸੌਦਾਗਰ ਸਨ ਅਤੇ ਘੋੜਿਆਂ ਦਾ ਵਪਾਰ ਕਰਦੇ ਸਨ। ੩੫।

**ਕਿਸੈ ਟੌਬੂ ਕਿਸੈ ਅਰਦਾਸ ਕਰਾਵੈ॥** ਕਿਸੇ ਨੂੰ (ਟੌਬੂ) ਹੁੰਡੀ ਲਿਖ ਕੇ ਦੇ ਦਿੰਦਾ , ਜਿਵੇਂ ਅੱਜ-ਕਲ੍ਹ ਬੈਂਕ ਦਾ ਚੈਕ ਲਿਖ ਕੇ ਦੇ ਦੇਈਦਾ ਹੈ, ਕਿਸੇ ਨੂੰ ਨਗਦ ਅਰਦਾਸ ਕਰਾਉਂਦਾ।

**ਰਸਤੇ ਮਿਲੈ ਸੁ ਇਮ ਪਰਚਾਵੈ॥** ਰਾਜੇ ਆਲੇ ਸਿੰਘ ਨੂੰ ਜਿਹੜੇ ਸਿੰਘ ਰਸਤੇ ਵਿਚ ਤੁਰੇ ਜਾਂਦਿਆਂ ਮਿਲਦੇ, ਉਨ੍ਹਾਂ ਨੂੰ ਇਉਂ ਪਰਚਾ ਦਿੰਦਾ ਹੈ।

**ਅਗੈ ਆਯੋ ਦੀਵਾਨ ਸੁ ਨੇਰੇ॥** ਉਹ ਖਾਲਸੇ ਦੇ ਦੀਵਾਨ ਦੇ ਨੇੜੇ ਆ ਗਿਆ।

**ਪਗ ਤੇ ਲਾਹਿ ਜੋੜੋ ਤਹਿਂ ਗੇਰੇ॥ ੩੬॥** ਉਥੋਂ ਪੈਰਾਂ ਤੋਂ ਜੋੜੇ ਲਾਹ ਕੇ ਸੁੱਟ ਦਿੱਤੇ ਤੇ ਨੰਗੇ ਪੈਰੀਂ ਹੋ ਗਿਆ। ੩੬।

**ਦੋਹਰਾ॥ ਢੁਕ ਢੁਕ ਕੁੰਨਸੋ ਬਹੁ ਕਰੈ ਸੋ ਪਹੁੰਚਯੋ ਪੰਥ ਹਜ਼ੂਰ॥** ਨੇੜੇ ਹੋ ਕੇ ਸਿੰਘਾਂ ਨੂੰ ਨਮਸ਼ਕਾਰਾਂ ਕਰਦਾ ਧਰਤੀ 'ਤੇ, ਉਹ ਪੰਥ ਦੇ ਦਿਵਾਨ ਦੇ (ਹਜ਼ੂਰ) ਨੇੜੇ ਆ ਗਿਆ।

**ਹਾਥ ਜੋੜ ਸਿਰ ਪਗ ਧਰੇ ਗੁਰ ਫਤ੍ਹੇ ਬੋਲਯੋ ਮੁਖ ਪੂਰ॥ ੩੭॥** ਆਪਣੇ ਦੋਵੇਂ ਹੱਥ ਜੋੜ ਕੇ ਆਪਣੀ ਸਿਰ ਦੀ ਪੱਗ 'ਤੇ ਹੱਥ ਰੱਖਕੇ, ਆਪਣੇ ਮੂਖੋਂ ਗੁਰੂ ਦੀ ਫਤ੍ਹੇ,'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ,' ਮੂੰਹ ਭਰ ਕੇ ਗੱਜ ਕੇ ਫਤ੍ਹੇ ਗਜਾਈ ਖਾਲਸੇ ਪੰਥ ਨੂੰ। ੩੭।

**ਚੌਪਈ॥ ਸ੍ਰੀ ਵਾਹਿਗੁਰੂ ਕਹਿ ਫਤ੍ਹੇ ਬੁਲਾਈ॥** ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ, ਬੁਲਾ ਕੇ।

**ਅਗਯੋਂ ਪੰਥ ਸਭ ਬੋਲ ਸੁਨਾਈ॥** ਅੱਗੋ ਸਾਰੇ ਖਾਲਸੇ ਪੰਥ ਨੇ ਗੁਰ ਫਤ੍ਹੇ ਦਾ ਜ਼ੁਆਬ, ਗੁਰ ਫਤ੍ਹੇ ਗਜਾ ਕੇ ਦਿੱਤਾ।

**ਘੜੀ ਕੁ ਆਲੋ ਸਿੰਘ ਰਖਯੋ ਖੜਵਾਇ॥** ਇਹ ਖਾਲਸੇ ਦੀ ਮਰਯਾਦਾ ਹੈ ਕਿ ਜਦੋਂ ਕੋਈ ਸਿੰਘ ਬਾਹਰੋਂ ਖਾਲਸੇ ਦੇ ਦਿਵਾਨ ਵਿਚ ਜਾਵੇ, ਗੁਰ ਫਤ੍ਹੇ ਗਜਾ ਕੇ ਘੜੀ ਪਲ ਖਾਲਸੇ ਦੇ ਦਿਵਾਨ ਵਿਚ ਖੜ੍ਹਦਾ, ਦਸ ਕਰਮਾਂ ਪਿੱਛੇ ਹੀ ਖੜ੍ਹ ਕੇ, ਫਿਰ ਖਾਲਸੇ ਦੇ ਦੀਵਾਨ ਵਿਚ ਹਾਜ਼ਰ ਹੋਣ ਦਾ ਹੁਕਮ ਹੈ। ਜਿਹੜੇ ਸਿੰਘ ਵਹੀਰ'ਚੋਂ ਛੁੱਟੀ ਲੈ ਕੇ ਜਾਂਦੇ ਸੀ, ਇਉਂ ਅਰਦਾਸ ਕਰਵਾਉਂਦੇ ਸੀ, ਸਿੰਘ, ਫਿਰ ਉਹ ਖਾਲਸੇ ਵਿਚ ਆ ਕੇ ਮਿਲਦੇ ਸੀ। ਖਾਲਸਈ ਮਰਯਾਦਾ ਅਨੁਸਾਰ ਆਲਾ ਸਿੰਘ ਨੂੰ ਵੀ ਇਉਂ ਖੜ੍ਹਾਇਆ।

**ਹੁਤੀ ਰੀਤ ਜਿਮ ਥੀ ਪੰਥੇ ਮਾਂਹਿ॥ ੩੮॥** ਜਿਵੇਂ ਪੰਥ ਵਿਚ ਰੀਤ, ਮਰਯਾਦਾ ਚਲੀ ਆਉਂਦੀ ਸੀ ਉਸੇ ਤਰੀਕੇ ਨਾਲ। ੩੮।

**ਹੁਤੀ ਮੋਹਰ ਪੰਥ ਆਲੈ ਸਿੰਘ ਪਾਸ॥** ਪੰਥ ਖਾਲਸੇ ਨੇ ਆਲਾ ਸਿੰਘ ਨੂੰ ਮੋਹਰ ਦਿੱਤੀ ਹੋਈ ਸੀ, ਖਾਲਸੇ ਪੰਥ ਦੀ ਮੋਹਰ ਆਲਾ ਸਿੰਘ ਦੇ ਕੋਲ ਸੀ।

**ਸ਼ਹੀਦ ਦੀਪ ਸਿੰਘ ਕਰ ਲਈ ਅਰਦਾਸ॥** ਬਾਬਾ ਦੀਪ ਸਿੰਘ ਜੀ ਸ਼ਹੀਦ ਇਹ ਪੰਥ ਦੇ ਦੇਗੀਏ ਸਨ ਉਸ ਮੌਕੇ, ਉਹ ਮੋਹਰ ਆਲਾ ਸਿੰਘ ਨੇ ਸ਼ਹੀਦ ਬਾਬਾ ਦੀਪ ਸਿੰਘ ਨੂੰ ਅਰਦਾਸ ਕਰਾ ਦਿੱਤੀ, ਲਉ ਜੀ ਇਸ ਨੂੰ ਸਾਂਭ ਲਉ ਤੁਸੀਂ, ਕਿਉਂਕਿ ਬਾਬਾ ਜੀ ਖਾਲਸੇ ਪੰਥ ਵਿਚ ਲਿਖਾਰੀ ਸਨ, ਮਹਾਰਾਜ ਸੱਚੇ ਪਾਤਸ਼ਾਹ ਜੀ ਨੇ ਬਾਬਾ ਦੀਪ ਸਿੰਘ ਤੋਂ ਬੀੜਾਂ ਲਿਖਾਉਣ ਦੀ ਸੇਵਾ ਲਈ ਸੀ। ਗੁਰੂ ਕਾਂਸ਼ੀ ਸ੍ਰੀ ਦਮਦਮਾ ਸਾਹਿਬ ਜੀ ਦੀ ਸੇਵਾ ਸੰਭਾਲ, ਗੁਰੂ ਕਲਗੀਧਰ ਪਾਤਸ਼ਾਹ, ਬਾਬਾ ਦੀਪ ਸਿੰਘ ਨੂੰ ਸੰਭਾਲ ਗਏ ਸਨ। ਇਹ ਸੁਰੱਖਿਅਤ ਇਲਾਕਾ ਸੀ, ਉਸ ਨੂੰ ਤਾਂ ਹੀ ਸੰਭਾਲੀ ਸੀ ਖਾਲਸੇ ਪੰਥ ਨੇ ਕਿ ਇਹ ਜੰਗ, ਜੁੱਧ ਵਿਚ ਕਿਤੇ ਵਿਸਰ ਨਾ ਜਾਵੇ। ਆਲਾ ਸਿੰਘ ਆਪਣੇ ਘਰ ਵਿਚ ਰਹਿੰਦੇ ਰਾਜ ਕਰਦੇ, ਉਹ ਇਸ ਦੀ ਸੰਭਾਲ ਕਰਨਗੇ। ਉਸ ਨੇ ਖਾਲਸੇ ਪੰਥ ਨੂੰ ਅਰਦਾਸ ਕਰਾ ਦਿੱਤੀ, ਵਾਪਸ ਮੋੜ ਦਿੱਤੀ।

***ਬਹੁਤ ਆਲੈ ਸਿੰਘ ਦੇਗੇ ਪਰਵਾਏ॥*** ਫਿਰ ਆਲਾ ਸਿੰਘ ਨੇ ਖਾਲਸੇ ਦੇ ਲੰਗਰ ਵਾਸਤੇ ਦੇਗੇ ਚੜ੍ਹਵਾਏ, ਦਾਲੇ ਪ੍ਰਸ਼ਾਦ ਦੇ।

***ਇਕੋਤ੍ਰ ਸੌ ਹੁਤ ਕੜਾਹੁ ਭਰਵਾਏ॥ ੩੯॥*** ਇਕੋਤ੍ਰ ਸੈ ਕੜਾਹ ਪ੍ਰਸ਼ਾਦ ਕੜਾਹੇ ਭਰਵਾਏ। ੩੯।

***ਨਿਹੰਗ ਗੁਰਬਖ਼ਸ਼ ਸਿੰਘ ਦਏ ਸੌਂਪਾਇ॥*** ਬਾਬਾ ਗੁਰਬਖ਼ਸ਼ ਸਿੰਘ ਜੀ ਨਿਹੰਗ ਸਿੰਘ, ਜਿਨ੍ਹਾਂ ਦਾ ਸ਼ਹੀਦ ਬੁੰਗਾ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿੱਛੇ ਬਿਲਕੁਲ ਨਜ਼ਦੀਕ ਹੈ, ਕੜਾਹ ਪ੍ਰਸ਼ਾਦ ਦੇ ਕੜਾਹੇ ਉਨ੍ਹਾਂ ਦੇ ਸਪੁਰਦ ਕਰ ਦਿੱਤੇ ਹਨ, ਵਰਤਾਣ ਵਾਸਤੇ।

***ਵਹਿ ਦੇਉਗ ਡੇਰਨ ਆਪੇ ਘਲਾਇ॥*** ਉਹ ਆਪ ਹੀ ਖਾਲਸੇ ਦੇ ਡੇਰਿਆਂ ਵਿਚ, ਜਿਥੇ ਜਿਥੇ ਸਿੰਘਾਂ ਨੇ ਪੜਾਉ ਲਾਏ ਸਨ, ਉਥੇ ਪਹੁੰਚਾ ਦੇਣਗੇ।

***ਬਹੁਤ ਘੋੜੇ ਤਹਿਂ ਦਏ ਖੜਾਇ॥*** ਆਲਾ ਸਿੰਘ ਨੇ ਆਪਣੇ ਤਬੇਲੇ ਵਿੱਚੋਂ ਬਹੁਤ ਘੋੜੇ ਲਿਆ ਕੇ ਉਥੇ ਖੜ੍ਹੇ ਕਰ ਦਿੱਤੇ। ਨਵੇਂ ਕੋਤਲ ਕਿ ਜਿਨ੍ਹਾਂ ਸਿੰਘਾਂ ਕੋਲ ਘੋੜਾ ਨਹੀਂ ਸੀ, ਉਹ ਨਵਾਂ ਘੋੜਾ ਲਵੇ, ਜਿਨ੍ਹਾਂ ਦਾ ਘੋੜਾ ਸ਼ਹੀਦ ਹੋ ਗਿਆ, ਉਹ ਜਿਹੜਾ ਮਰਜ਼ੀ ਘੋੜਾ ਪਸੰਦ ਕਰ ਕੇ ਲਵੇ।

***ਝੰਡੇ ਦਏ ਜਸਾ ਸਿੰਘ ਲਾਇ॥ ੪੦॥*** ਜ: ਜੱਸਾ ਸਿੰਘ ਆਹਲੂਵਾਲੀਆਂ ਉਦੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰ ਸਨ, ਉਨ੍ਹਾਂ ਨੇ ਉਥੇ ਸ੍ਰੀ ਨਿਸ਼ਾਨ ਸਾਹਿਬ ਗੱਡ ਦਿੱਤੇ। ੪੦।

***ਔਰ ਸੋਢੀ ਬੇਦੀ ਜੋਊ ਭੁਜੰਗੇ॥*** ਹੋਰ ਜਿਹੜੇ ਸੋਢੀ, ਬੇਦੀ ਅੰਸ਼ ਵਿੱਚੋਂ ਭੁਜੰਗ ਖਾਲਸੇ ਸਨ।

***ਦਏ ਘੋੜੇ ਉਨ ਮੰਗਾਇ ਸੁ ਚੰਗੇ॥*** ਉਨ੍ਹਾਂ ਦਾ ਗੁਰੂ ਕੀ ਅੰਸ਼ ਸਮਝ ਕੇ ਖਾਲਸੇ ਪੰਥ ਨੇ ਅਦਬ ਕੀਤਾ, ਉਨ੍ਹਾਂ ਤਬੇਲੇ ਵਿੱਚੋਂ ਵਧੀਆ ਘੋੜੇ ਮੰਗਾ ਕੇ ਹਾਜ਼ਰ ਕੀਤੇ।

***ਚੈਨ ਸਿੰਘ ਜੀ ਹੁਤੋ ਭੁਜੰਗੀ॥*** ਇਹ ਚੈਨ ਸਿੰਘ ਜੀ ਭੁਜੰਗੀ ਉਹੀ ਸਨ, ਜਿਨ੍ਹਾਂ ਨੇ ਰਾਜੇ ਅਮਰ ਸਿੰਘ ਪਟਿਆਲੀਏ ਦੀ ਸ: ਬਘੇਲ ਸਿੰਘ ਮਿਸਲ ਕਰੋੜੀਆਂ ਨਾਲ ਸੁਲਹ ਕਰਵਾਈ ਸੀ। ਇਹ ਵੀ ਸਿੰਘ ਸਨ, ਅੱਜ ਵੀ ਉਨ੍ਹਾਂ ਦੇ ਘਰਾਣੇ ਦਾ ਪੰਥ ਨਾਲ ਮਿਲਾਪ ਹੈ। ਇਹ ਬੜੇ ਹੀ ਵਿਦਵਾਨ ਹਨ, ਪੰਜਾਬੀ ਯੂਨੀਵਰਸਿਟੀ ਵਿਚ ਕੰਮ ਕਰਦੇ ਹਨ ਸਾਰੇ ਅਤੇ ਉਹ ਆਪਣੇ ਪਿਛੋਕੜ ਤੋਂ ਵੀ ਜਾਣੂ ਹਨ।

***ਦਈ ਉਸੈ ਘੋੜੀ ਚੁਨ ਚੰਗੀ॥ ੪੧॥*** ਉਸ ਨੂੰ ਵਧੀਆ ਸੁੰਦਰ ਘੋੜੀ ਚੁਣ ਕੇ ਦਿੱਤੀ ਹੈ, ਬਹੁਤ ਹੀ ਕੀਮਤੀ। ੪੧।

***ਦੋਹਰਾ॥ ਹੁਤੋ ਰੰਘਰੇਟੋ ਚੂਹੜੋ ਕਹਿਂ ਬੀਰੂ ਸਿੰਘ ਜਵਾਨ॥*** ਰੰਘਰੇਟੇ ਸਿੰਘ, ਚੌਥੇ ਪਉੜੇ ਵਾਲੇ ਦੋ ਸਿੰਘ ਸਨ, ਬੀਰੂ ਸਿੰਘ ਤੇ ਅਮਰ ਸਿੰਘ। ਇਹ ਪੰਥ ਵਿਚ ਰੰਘਰੇਟਾ ਤਰਨਾਂ ਦਲ ਦੇ ਜੱਥੇਦਾਰ ਸਨ। ਪੰਥ ਖਾਲਸਾ ਇਨ੍ਹਾਂ ਨਾਲ ਬੜਾ ਪਿਆਰ ਰੱਖਦਾ ਸੀ।

***ਸੰਗ ਤੇਰਾਂ ਸੈ ਘੋੜਾ ਚੜ੍ਹੈ ਹੁਤ ਨਗਾਰੋ ਜੁਦੋ ਨਿਸ਼ਾਨ॥ ੪੨॥*** ਨਾਲ ਉਨ੍ਹਾਂ ਦੇ ਤੇਰ੍ਹਾਂ ਸੌ ਘੋੜ ਸਵਾਰ ਸੀ, ਨਿਸ਼ਾਨ ਸਾਹਿਬ ਤੇ ਨਗਾਰਾ ਇਨ੍ਹਾਂ ਦੀ ਮਿਸਲ ਦਾ ਵੱਖਰਾ ਸੀ। ਪੰਥ ਵਿਚ ਅੱਜ ਵੀ ਉਸੇ ਤਰ੍ਹਾਂ ਮਰਯਾਦਾ ਤੁਰੀ ਆਉਂਦੀ ਹੈ। ਦੋਖੋ ਬਾਟਾ ਇਨ੍ਹਾਂ ਦਾ ਅਲਹਿਦਾ ਹੈ। ਇਨ੍ਹਾਂ ਦਾ ਸਾਰਾ ਕਾਰਜ਼ ਅਲਹਿਦਾ ਸੀ ਖਾਲਸੇ ਨਾਲੋਂ। ਉਂਞ ਇਹ ਸਭ ਖਾਲਸੇ ਤੋਂ ਹੀ ਨਿਵਾਜ਼ੇ ਸਨ, ਪਰ (ਵਹੀਰ) ਜੱਥਾ ਇਨ੍ਹਾਂ ਦਾ ਵੱਖਰਾ ਸੀ। ਇਨ੍ਹਾਂ ਤੇਰ੍ਹਾਂ ਸੌ ਸਵਾਰਾਂ ਨੂੰ ਰਸਤ-ਵਸਤ ਹਰ ਇਕ ਚੀਜ਼ ਪਹਿਲਾਂ ਦਿੰਦੇ ਸਨ। ਘੋੜੇ ਆਦਿਕ ਜੋ ਵੀ ਪੰਥ ਵਿਚ ਨਜ਼ਰਾਨਾ ਆਦਿਕ ਆਉਂਦਾ ਸੀ, ਉਸ ਵਿੱਚੋਂ ਹਿੱਸੇ ਆਉਂਦਾ, ਵੰਡ ਕੇ ਦਿੰਦੇ ਸਨ। ਇਹ ਬੀਰੂ ਸਿੰਘ ਬੜਾ ਯੋਧਾ ਸਿੰਘ ਸੀ ਅਤੇ ਆਪਣੀ ਮਿਸਲ ਦਾ ਜਥੇਦਾਰ ਸੀ। ੪੨।

***ਚੌਪਈ॥ ਪਹਿਲੋਂ ਘੋੜੇ ਉਸੈ ਫੜਵਾਯੋ॥*** ਜਦੋਂ ਆਲਾ ਸਿੰਘ ਘੋੜੇ ਵਰਤਾਉਣ ਵਾਸਤੇ ਲਿਆਇਆ, ਤਾਂ ਪਹਿਲੋਂ ਘੋੜੇ ਉਨ੍ਹਾਂ ਨੂੰ ਦਿੱਤੇ ਗਏ।

**ਪਾਛੈ ਔਰ ਸੁ ਪੰਥ ਬਰਤਾਯੋ॥** ਪਿੱਛੋਂ ਬਾਕੀ ਘੋੜੇ ਹੋਰ ਪੰਥ ਨੂੰ ਵਰਤਾਏ ਕਿਉਂਕਿ ਮਲੇਰ ਕੋਟਲੀਆਂ ਦੇ ਜਿੰਨੇ-ਜਿੰਨੇ ਘੋੜੇ ਸਨ, ਉਹ ਸਭ ਆਲਾ ਸਿੰਘ ਦੇ ਕਾਬੂ ਆ ਗਏ ਸਨ, ਉਸ ਦੇ ਆਪ ਦੇ ਵੀ ਘੋੜਿਆਂ ਦੇ ਤਬੇਲੇ ਸਨ, ਸੋ ਖਾਲਸੇ ਪੰਥ ਨੂੰ ਵਰਤਾਉਣ ਵਾਸਤੇ ਹਾਜ਼ਰ ਕੀਤੇ।

**ਸੋ ਜੰਗ ਦੌੜ ਮਧ ਮੁਹਰੇ ਰਹੇ॥** ਰੰਘਰੇਟੇ ਸਿੰਘਾਂ ਦੀ ਇਹ ਖੂਬੀ ਸੀ ਕਿ ਜਦੋਂ ਜੰਗ ਦਾ ਕੋਈ ਸਮਾਂ ਬਣਦਾ, ਤਾਂ ਇਹ ਮੂਹਰੇ ਲਗਦੇ ਸਨ। ਅੱਗੇ ਜਾ ਕੇ ਪਹਿਲਾਂ ਇਨ੍ਹਾਂ ਨੇ ਹੱਲਾ ਬੋਲਣਾ, ਮਗਰੋਂ ਪੰਥ ਨੇ ਜਾ ਕੇ ਹੱਲਾ ਕਰਨਾ, ਤਾਂ ਮੋਰਚਾ ਫਤੇ ਹੋ ਜਾਂਦਾ ਸੀ, ਇਹ ਤੇਰਾ ਸੌ ਸਿੰਘ ਬੜੇ ਲੜਾਕੂ ਯੋਧੇ ਸਨ।

**ਉਸ ਯਾਦ ਪੰਥ ਕਰ ਪਹਿਲੌਂ ਦਏ॥ ੪੩॥** ਉਸ ਨੂੰ ਯਾਦ ਕਰਕੇ ਪੰਥ ਰੰਘਰੇਟੇ ਸਿੰਘਾਂ ਨੂੰ ਪਹਿਲਾਂ ਵਰਤਾਰਾ ਦਿੰਦੀ ਸੀ। ੪੩।

**ਦੋਹਰਾ॥ ਏਕ ਸਮੇਂ ਬੀਰੂ ਸਿੰਘ ਭੀ ਜਾਇ ਰਲਯੋ ਤੁਰਕਨ ਕੇ ਨਾਲ॥** ਇਕ ਸਮਾਂ ਐਸਾ ਆਇਆ, ਜਦੋਂ ਬੀਰੂ ਸਿੰਘ ਵੀ ਤੁਰਕਾਂ ਨਾਲ ਜਾ ਰਲਿਆ, ਪੰਥ ਖਾਲਸੇ ਨੂੰ ਛੱਡ ਕੇ।

**ਤੇਰਾਂ ਸੈ ਘੋੜੇ ਉਨ੍ਹੈਂ ਰਖਯੋ ਚਾਕਰ ਤਤਕਾਲ॥ ੪੪॥** ਜਿਹੜਾ ਉਨ੍ਹਾਂ ਨਾਲ ਤੇਰ੍ਹਾਂ ਸੌ ਘੋੜ ਸਵਾਰ ਸੀ, ਉਨ੍ਹਾਂ ਨੂੰ ਝੱਟ ਪੱਟ ਹੀ ਉਸੇ ਵੇਲੇ ਨੌਕਰ ਰੱਖ ਲਿਆ ਖ਼ਾਨ ਬਹਾਦਰ ਜ਼ਕਰੀਆ ਖ਼ਾਂ ਨੇ। ੪੪।

**ਚੌਪਈ॥ ਤੌ ਤੁਰਕਨ ਯੌ ਲਿਖ ਪਠਾਯੋ॥** ਤਾਂ ਖਾਲਸੇ ਪੰਥ ਨੂੰ ਇਉਂ ਚਿੱਠਾ ਲਿਖ ਕੇ ਭੇਜਿਆ ਤੁਰਕਾਂ ਨੇ।

**ਤੁਮ ਬਡੋ ਸਿਪਾਹੀ ਸੋ ਹਮ ਬੈਲ ਚਰਾਯੋ॥** ਖਾਲਸੇ ਪੰਥ ਨੇ ਬੀਰੂ ਸਿੰਘ ਦੀ ਸਿਫ਼ਤ ਕਰਦਿਆਂ ਕਹਿਣਾ, ਤੁਰਕ ਸਾਡੇ ਅੱਗੇ ਕੀ ਚੀਜ਼ ਸਨ, ਉਨ੍ਹਾਂ ਨੂੰ ਤਾਂ ਸਾਡਾ ਯੋਧਾ ਬੀਰੂ ਸਿੰਘ ਹੀ ਮਾਰ ਲਵੇਗਾ। ਸਿੰਘ ਉਸ ਨੂੰ ਵੱਡਾ ਯੋਧਾ ਬਹਾਦਰ ਮੰਨਦੇ ਸਨ। ਤੁਰਕਾਂ ਨੇ ਲਿਖਿਆ ਕਿ ਤੁਹਾਡਾ ਵੱਡਾ ਯੋਧਾ ਬੀਰੂ ਸਿੰਘ, ਜਿਸ ਨੂੰ ਕਹਿੰਦੇ ਹੁੰਦੇ ਸੀ ਕਿ ਇਹ ਹੀ ਨਹੀਂ ਤੁਰਕਾਂ ਨੂੰ ਛੱਡਦਾ, ਉਹ ਸਾਡੇ ਬੈਲ ਚਾਰਦਾ, ਸਾਡੇ ਕੋਲ ਨੌਕਰ ਹਨ ਉਹ।

**ਤੁਮ ਰਖਤ ਹੁਤੇ ਇਸ ਪਰ ਬਡ ਜੋਰ॥** ਤੁਸੀਂ ਇਸ ਦੇ ਉਪਰ ਬੜਾ ਭਾਰੀ ਜ਼ੋਰ ਰੱਖਦੇ ਹੁੰਦੇ ਸੀ।

**ਤੁਰਕ ਲੜਾਈ ਮਾਰੈਂ ਹਮ ਹਲਾਲ ਖੋਰ॥ ੪੫॥** ਆਪਾਂ ਤਾਂ ਚੂਹੜਿਆਂ ਨੂੰ ਚੌਥੇ ਪਉੜੇ ਵਾਲੇ ਜਾ ਮਜ਼ਬੀ ਸਿੰਘ ਕਹਿੰਦੇ ਹਾਂ। ਤੁਰਕ ਇਨ੍ਹਾਂ ਨੂੰ ਹਲਾਲਖੋਰ ਕਹਿੰਦੇ ਸਨ। ਉਹ ਵੀ ਇਨ੍ਹਾਂ ਨਾਲ ਵਰਤਦੇ ਨਹੀਂ। ਤੁਸੀਂ ਕਹਿੰਦੇ ਹੁੰਦੇ ਸੀ ਕਿ ਸਾਡੇ ਇਹ ਹਲਾਲਖੋਰ ਹੀ ਜੰਗ ਵਿਚ ਤੁਰਕਾਂ ਨੂੰ ਮਾਰ ਦੇਣਗੇ। ੪੫।

**ਸੋ ਹਲਾਲ ਖੋਰ ਹਮਰੋ ਗਾਇ ਖਾਨੌ ਚਰਾਵਤ॥** ਉਹ ਰੰਘਰੇਟੇ ਜਿਹੜੇ ਤੁਹਾਡੇ ਵੱਡੇ ਸਿਪਾਹੀ ਸਨ, ਉਹ ਮੇਰਾ ਗਊਆਂ ਦਾ ਵੱਗ ਚਾਰਦੇ ਹਨ ਇਸ ਵਕਤ।

**ਤੁਮ ਸੌਂ ਲੜਨੋ ਵਹੀ ਤਕਾਵਤ॥** ਉਹ ਤੁਹਾਡੇ ਨਾਲ ਲੜਨਾਂ ਤਕਾਉਂਦੇ ਹਨ, ਤੁਹਾਡੇ ਨਾਲ ਮੁਕਾਬਲਾ ਕਰਨਾ ਚਾਹੁੰਦੇ ਹਨ।

**ਸੋ ਸੁਨ ਪੰਥ ਉਸ ਲਿਖੀ ਅਰਦਾਸ॥** ਖ਼ਾਨ ਬਹਾਦਰ ਦੀ ਉਹ ਚਿੱਠੀ ਸੁਣ ਕੇ ਪੰਥ ਖਾਲਸੇ ਨੇ ਬੀਰ ਸਿੰਘ ਨੂੰ ਬੇਨਤੀ ਪੱਤ੍ਰ ਲਿਖਿਆ ਹੈ।

**'ਧ੍ਰਿਗ ਧ੍ਰਿਗ' ਉਸ ਕਹਿ ਘਲ ਦਈ ਪਾਸ॥ ੪੬॥** ਤੈਨੂੰ ਧ੍ਰਿਗ ਹੈ, ਧ੍ਰਿਗ ਹੈ, ਤੂੰ ਤੁਰਕਾਂ ਦੀ ਨੌਕਰੀ ਕਰ ਲਈ, ਉਸ ਨੂੰ ਕਹਿ ਕੇ ਚਿੱਠੀ ਉਸ ਪਾਸ ਭੇਜ ਦਿੱਤੀ। ੪੬।

**ਦੋਹਰਾ॥ ਜੋਊ ਲਿਖਤ ਤੁਰਕਨ ਘਲੀ, ਜਹਿੰ ਲਿਖਯੋ ਹਲਾਲ ਖੋਰ ਮਾਂਹਿ॥** ਤੁਰਕਾਂ ਨੇ ਜਿਹੜੀ ਸਾਨੂੰ ਲਿਖਤ ਭੇਜੀ, ਜਿਸ ਵਿਚ ਤੈਨੂੰ ਉਨ੍ਹਾਂ ਨੇ ਹਲਾਲਖੋਰ ਲਿਖਿਆ।

**'ਹਲਾਲ ਖੋਰ ਹੈਂ ਤੌ ਉਤ ਰਹੋ, ਸਿੰਘ ਤੌ ਆਉ ਹਮ ਪਾਹਿ' ॥ ੪੭॥** ਜੇ ਤੁਸੀਂ ਹਲਾਲਖੋਰ ਹੀ ਰਹਿਣਾ ਹੈ, ਤਾਂ ਉਧਰ

ਤੁਰਕਾਂ ਵਿਚ ਹੀ ਰਹੋ। ਜੇ ਤੁਸੀਂ ਸਿੰਘ ਹੋ, ਤਾਂ ਸਾਡੇ ਪਾਸ ਆ ਜਾਉ। ਆਉ ਪੰਥ ਖਾਲਸੇ ਵਿਚ। ੪੭।

***ਚੌਪਈ॥ ਜੌ ਆਵੈਂ ਅਬ ਪੰਥ ਨ ਪਾਹਿ॥*** ਜੇ ਚਿੱਠੀ ਸੁਣ ਕੇ ਵੀ ਤੁਸੀਂ ਹੁਣ ਪੰਥ ਖਾਲਸੇ ਵਿਚ ਨਾ ਆਏ।

***ਫਿਰ ਦੁਹੀਂ ਜਹਾਨੀ ਮਿਲਨ ਨ ਪਾਹਿ॥*** ਫਿਰ ਦੋਹੀਂ ਜਹਾਨੀਂ ਏਥੇ ਉਥੇ, ਲੋਕ-ਪ੍ਰਲੋਕ ਵਿੱਚੋਂ, ਸੱਚੀ ਦਰਗਾਹ ਤੱਕ ਵੀ ਪੰਥ ਨਾਲ ਮਿਲਣਾ ਨਹੀਂ ਪਾਉਗੇ। ਫਿਰ ਤੁਸੀਂ ਵਿਛੁੜ ਜਾਉਗੇ, ਪੰਥ ਖਾਲਸੇ ਤੋਂ ਦੂਰ ਹੋ ਜਾਉਗੇ।

***ਸੁਨ ਅਰਦਾਸ ਯੌ ਆਯੋ ਧਾਇ॥*** ਇਉਂ ਖਾਲਸੇ ਦਾ ਬੇਨਤੀ ਪੱਤਰ ਸੁਣ ਪਾ ਕੇ ਆਇਆ ਬੀਰੂ ਸਿੰਘ, ਪੰਥ ਖਾਲਸੇ ਕੋਲ।

***ਇਮ ਖਾਲਸੋ ਉਸ ਹੇਤ ਰਖਾਇ॥ ੪੮॥*** ਇਉਂ ਖਾਲਸੇ ਨਾਲ ਉਸ ਨੇ ਪਿਆਰ ਰੱਖਿਆ। ੪੮।

***ਨਕਦ ਨਜ਼ਰਾਨੋ ਜੋ ਥੌ ਲਯਾਯੋ॥*** ਜਿਹੜਾ ਉਨ੍ਹਾਂ ਤੋਂ ਨਕਦ ਰੂਪ ਵਿਚ ਨਜ਼ਰਾਨਾ ਲੈ ਕੇ ਆਇਆ।

***ਸੋ ਭੀ ਪੰਥ ਕੈ ਆਗੈ ਲਾਯੋ॥*** ਉਹ ਵੀ ਪੰਥ ਅੱਗੇ ਲਿਆ ਕੇ ਢੇਰੀ ਲਾ ਦਿੱਤੀ, ਅਸੀਂ ਤਾਂ ਗੁਰੂ ਦੇ ਸਿੰਘ ਹਾਂ, ਅਸੀਂ ਕਦੋਂ ਹਲਾਲਖੋਰ ਹਾਂ, ਅਸੀਂ ਕਿਉਂ ਹਲਾਲਖੋਰ ਬਣੀਏ, ਅਸੀਂ ਤਾਂ ਤੁਹਾਡੇ ਹਾਂ।

***ਔਰ ਬਿਰਾਦਰੀ ਆਨ ਮਿਲਾਈ॥*** ਆਪਣੀ ਹੋਰ ਬਿਰਾਦਰੀ ਨੂੰ, ਭਾਈਚਾਰੇ ਨੂੰ ਲਿਆ ਕੇ ਪੰਥ ਖਾਲਸੇ ਨਾਲ ਮਿਲਾਇਆ।

***ਉਨ ਤੇ ਮਾਮਲੋ ਤੌ ਦੇਖ ਦਿਵਾਈ॥ ੪੯॥*** ਤਾਂ ਉਨ੍ਹਾਂ ਤੋਂ ਵੀ ਮਾਮਲਾ ਦੇਖ ਪੰਥ ਖਾਲਸੇ ਨੂੰ ਹਾਜ਼ਰ ਕਰਵਾਇਆ।

***ਔਰ ਹੁਤੋ ਜੋ ਆਕੀ ਠੌਰ॥*** ਹੋਰ ਜੇ ਕੋਈ ਇਹਨਾਂ ਵਿੱਚੋਂ ਆਕੀ ਸੀ ਆਪਣੀ ਥਾਂ 'ਤੇ। ੪੯।

***ਉਨ ਪਰ ਪੰਥ ਕਰਾ ਦਈ ਦੌਰ॥*** ਉਨ੍ਹਾਂ 'ਤੇ ਪੰਥ ਨੇ ਹੱਲਾ ਕਰਵਾ ਦਿੱਤਾ, ਲੁੱਟੋ-ਮਾਰੋ ਇਨ੍ਹਾਂ ਨੂੰ, ਇਹ ਜੋ ਇਨ੍ਹਾਂ ਵਿੱਚੋਂ ਆਕੜਖੋਰ ਸਨ।

***ਕਈ ਮਰਵਾਇ ਕਈ ਲਏ ਬਚਾਇ॥*** ਜਿਹੜੇ ਖਾਲਸੇ ਦੀ ਸ਼ਰਨ ਆ ਪਏ ਉਹ ਬਚਾ ਲਏ ਖਾਲਸੇ ਨੇ, ਜਿਹੜੇ ਆਕੜਖੋਰ ਸਨ ਉਨ੍ਹਾਂ ਮਰਵਾ ਦਿੱਤਾ।

***ਲੀਨੇ ਰੱਯਤ ਘਣੇ ਬਣਾਇ॥ ੫੦॥*** ਬਹੁਤਿਆਂ ਨੂੰ ਆਪਣੀ ਰੱਯਤ ਬਣਾ ਲਿਆ ਖਾਲਸੇ ਨੇ, ਉਨ੍ਹਾਂ ਨੂੰ ਆਪਣੀ ਤਾਬਿਆ ਵਿਚ ਕਰ ਲਿਆ ਹੈ ਖਾਲਸ ਨੇ। ੫੦।

### ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥

### ਅਥ ਸ੍ਰੀ ਗੁਰੂ ਪੰਥ ਪ੍ਰਕਾਸ਼ ਗ੍ਰੰਥੇ॥

## ਔ ਬੁੰਗੇ ਕੇ ਪ੍ਰਸੰਗ ਲਿਖਯਤੇ ਪੰਥ ਨੇ ਬੁੰਗੇ ਬਨਾਉਣੇ ਤੇ ਗ੍ਰੰਥ ਸਮਾਪਤੀ।

***ਦੋਹਰਾ॥ ਪੱਛਮ ਦਿਸ਼ ਬੁੰਗੇ ਅਹੈਂ ਸ੍ਰੀ ਸਤਿਗੁਰ ਦਰਬਾਰ॥*** ਸਤਿਗੁਰੂ ਦੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਪੱਛਮ ਦਿਸ਼ਾ, ਜੋ ਖਾਲਸੇ ਦੇ ਬੁੰਗੇ ਹਨ।

***ਤਹਿੰ ਬਹੈ ਸਰਦਾਰ ਸ਼ਾਮ ਸਿੰਘ ਜੀ ਜਿਸ ਕਹੈਂ ਬੁੱਢੇ ਦਲਵਾਰ॥ ੧॥*** ਸ: ਸ਼ਾਮ ਸਿੰਘ ਜੀ ਜਿਸ ਨੂੰ ਬੁੱਢੇ ਦਲ ਵਾਲਾ ਕਹਿੰਦੇ ਹਨ, ਉਥੇ ਨਿਵਾਸ ਰੱਖਦੇ ਸਨ। ੧।

***ਚੌਪਈ॥ ਵਹੁ ਥੋ ਸਿਰ ਸੂਦਾਰਨ ਸਰਦਾਰ॥*** ਉਹ ਸਰਦਾਰਾਂ ਵਿੱਚੋਂ ਸ਼੍ਰੋਮਣੀ ਸਰਦਾਰ ਸਨ, ਬੜੇ ਹੀ ਮਹਾਂਬਲੀ ਯੋਧੇ।

***ਥੋ ਕਪੂਰ ਸਿੰਘ ਕੋ ਸੁਨਹਿਰੋਦਾਰ॥*** ਉਹ ਨਵਾਬ ਕਪੂਰ ਸਿੰਘ ਜੀ ਦੇ ਸੁਨਹਿਰੀਏ ਸਨ, ਭਾਵ ਇਕੋ ਬਾਟੇ ਵਿਚ ਛੱਕਣ ਵਾਲੇ ਸਨ।

***ਜੱਸਾ ਸਿੰਘ ਤੇ ਪਹਿਲੇ ਹੋਊ॥*** ਸ: ਸ਼ਾਮ ਸਿੰਘ ਜੀ ਜੱਸਾ ਸਿੰਘ ਆਹਲੂਵਾਲੀਆ ਜ: ਬੁੱਢਾ ਦਲ ਤੋਂ ਪਹਿਲਾਂ ਹੋਏ।

***ਕਹਾਵਤ ਸੰਧੂ ਨਾਰਲੇ ਕੋ ਸੋਊ॥ ੨॥*** ਨਾਰਲੇ ਪਿੰਡ ਦੇ ਸੰਧੂ ਜੱਟ ਕਹਾਉਂਦੇ ਸਨ ਉਹ। ੨।

***ਪ੍ਰਿਥਮ ਕਠਾਣੀਏਂ ਉਨ ਗੜ੍ਹ ਪਾਯੋ॥*** ਸਭ ਤੋਂ ਪਹਿਲਾਂ ਉਨ੍ਹਾਂ ਨੇ ਕਠਾਣੀਏ ਪਿੰਡ ਵਿਚ ਕਿਲ੍ਹਾ ਉਸਾਰਿਆ, ਜੋ ਅੰਮ੍ਰਿਤਸਰ ਤੋਂ ਪਰਲੇ ਪਾਸੇ ਬਾਰਡਰ ਦੇ ਕੋਲ ਹੈ।

***ਢਿਗ ਲਹੌਰ ਸੋਊ ਆਕੀ ਸਦਾਯੋ॥*** ਲਹੌਰ ਦੇ ਕੋਲ ਉਹ ਆਕੀ ਕਹਾਇਆ ਤੁਰਕ ਹਕੂਮਤ ਤੋਂ, ਉਸ ਦੇ ਵੱਲ ਦੇਖਣ ਦੀ ਕਿਸੇ ਦੀ ਜੁਰਅਤ ਨਹੀਂ ਸੀ ਪੈਂਦੀ।

***ਸ਼ਾਹ ਗਿਲਜੈ ਸਾਥ ਲੜਾਈ ਖਾਈ॥*** ਅਹਿਮਦ ਸ਼ਾਹ ਅਬਦਾਲੀ ਗਿਲਜੇ ਨਾਲ ਵੀ ਉਸ ਨੇ ਲੜਾਈ ਕੀਤੀ ਸੀ, ਵੱਡੇ ਘੱਲੂਘਾਰੇ ਵਿਚ।

***ਸੋਊ ਗਯੋ ਨਿਕਲ ਗੜ੍ਹ ਬਯਾਹ ਕਰਾਈ॥ ੩॥*** ਉਹ ਗਿਲਜਾ ਜਦੋਂ ਪੰਜਾਬ 'ਚੋਂ ਨਿਕਲ ਗਿਆ, ਤਾਂ ਸ਼ਾਮ ਸਿੰਘ ਨੇ ਵਿਆਹ ਕਰਵਾ ਲਿਆ। ੩।

***ਉਨ ਜਿਸ ਸਿੰਘ ਰਾਜ ਗੜ੍ਹੋ ਪਿੰਡ ਦਯੋ॥*** ਉਸ ਨੇ ਜਿਸ ਸਿੰਘ ਨੂੰ ਰਾਜ, ਕਿਲ੍ਹਾ ਜਾਂ ਪਿੰਡ ਦੇ ਦਿੱਤਾ।

***ਫਿਰ ਸਿੰਘ ਕੋਲੋਂ ਮੁੜ ਨ ਮੰਗਯੋ॥*** ਉਸ ਸਿੰਘ ਕੋਲੋਂ ਮੁੜ ਕੇ ਵਾਪਸ ਨਾ ਮੰਗਿਆ, ਜੋ ਕੁਛ ਕਿਸੇ ਨੂੰ ਦੇ ਦਿੱਤਾ, ਉਸ ਦਾ ਹੀ ਹੋ ਗਿਆ।

***ਹੈ ਅਜ ਲੌਂ ਮੁਲਖ ਉਨ੍ਹ ਨਫਰਨ ਪਾਹੀ॥*** ਉਹ ਮੁਲਕ ਅੱਜ ਤੱਕ ਉਸ ਦੇ ਸੇਵਕਾ (ਨੌਕਰਾਂ) ਦੇ ਕੋਲ, ਰੋਪੜ ਦੇ ਕੋਲ ਕਾਠਗੜ੍ਹ ਤੋਂ ਲੈ ਕੇ ਹਰਿਦੁਆਰ ਤੱਕ ਦਾ ਇਲਾਕਾ, ਛਛਰੌਲੀ ਧੂੜੀਆ ਆਦਿਕ ਉਹ ਸਭ ਸ਼ਾਮ ਸਿੰਘ ਜੀ ਦੀ ਮਿਸਲ ਦੇ ਸਰਦਾਰ ਸਨ, ਜਿਥੇ-ਜਿਥੇ ਵੀ ਉਨ੍ਹਾਂ ਦਾ ਖ਼ਾਨਦਾਨ ਦੇ ਸਰਦਾਰ ਬੈਠੇ, ਉਹ ਰਾਜ ਕਰਦੇ ਸਨ।

***ਸੋ ਹੁਇ ਕਰ ਭੂਪ ਬਹੁ ਠੌਰ ਅਬ ਖਾਹੀ॥ ੪॥*** ਸ: ਬਘੇਲ ਸਿੰਘ ਜੀ ਹੋਰੀ ਅਤੇ ਛਛਰੌਲੀ, ਬੂੜੀਏ, ਕਲਸੀਆਂ ਵਾਲੇ ਹੁਣ ਤੱਕ ਸਰਦਾਰ ਕਹਾਉਂਦੇ ਹਨ। ਭਾਈ ਰਤਨ ਸਿੰਘ ਜੀ ਆਪਣੇ ਸਮੇਂ ਦੀ ਗੱਲ ਕਰਦੇ ਹਨ ਕਿ ਉਹ ਹੁਣ ਤੱਕ ਰਾਜੇ ਹੋ ਕੇ ਬਹੁਤ ਥਾਵਾਂ ਜਗੀਰਾਂ ਖਾ ਰਹੇ ਹਨ। ੪।

***ਦਸ ਪਿੰਡ ਉਨੈ ਨਿਜ ਬੇਟੀ ਦਏ॥*** ਸ: ਸ਼ਾਮ ਸਿੰਘ ਨੇ ਦਸ ਪਿੰਡ ਆਪਣੀ ਸਪੁਤ੍ਰੀ ਨੂੰ ਦਿੱਤੇ, ਜੋ ਇਸ ਗ੍ਰੰਥ ਦੇ ਕਰਤਾ ਸ: ਰਤਨ ਸਿੰਘ ਭੰਗੂ ਦੇ ਮਾਤਾ ਜੀ ਸਨ ਅਤੇ ਸ: ਰਾਏ ਸਿੰਘ ਭੰਗੂ ਮੀਰਾਂ ਕੋਟੀਏ ਦੀ ਸੁਪਤਨੀ ਸਨ।

***ਕਿਛ ਮੀਰਾਂ ਕੋਟ ਸੰਗ ਕਿਛ ਪਾਰ ਸਤੁੱਦ੍ਰਏ॥*** ਕੁਛ ਪਿੰਡ ਤਾਂ ਮੀਰਾਂ ਕੋਟ ਦੇ ਇਲਾਕੇ ਵਿਚ ਅਤੇ ਕੁਛ ਸਤਿਲੁਜ ਦੇ ਪਾਰ ਸਮਰਾਲੇ ਕੋਲ ਚੜੀ, ਭੜੀ ਆਦਿਕ ਪਿੰਡ ਆਪਣੀ ਲੜਕੀ ਨੂੰ ਦਿੱਤੇ ਉਨ੍ਹਾਂ ਨੇ।

***ਥੇ ਅੰਮ੍ਰਿਤਸਰ ਬੁੰਗੇ ਉਸ ਤੀਨੈ॥*** ਉਸ ਸ਼ਾਮ ਸਿੰਘ ਦੇ ਸ੍ਰੀ ਅੰਮ੍ਰਿਤਸਰ ਵਿਚ ਤਿੰਨ ਬੁੰਗੇ ਸਨ।

***ਨਿਜ ਮਧ ਰਾਖੁ ਦੁਇ ਘੋੜ ਚੜ੍ਹਿਅਨ ਦੀਨੇ॥ ੫॥*** ਵਿਚਕਾਰਲੇ ਇਕ ਵਿਚ ਆਪ ਆਸਣ ਰੱਖਦੇ ਸਨ ਅਤੇ ਦੋ ਬੁੰਗੇ ਘੋੜ ਚੜ੍ਹਿਆਂ ਸਰਦਾਰਾਂ ਨੂੰ ਦਿੱਤੇ ਹੋਏ ਸਨ। ੫।

***ਦੋਹਰਾ॥ ਬਾਏਂ ਬਿਹਾਰੋ ਸਿੰਘ ਕੋ ਸਿੰਧੂ ਛਿਦਨੀ ਵਾਲ॥*** ਖੱਬੇ ਹੱਥ ਵਾਲਾ ਬੁੰਗਾ ਛਿਦਨੀਵਾਲ ਪਿੰਡ ਦੇ ਸੰਧੂ ਗੋਤ ਦੇ ਬਿਹਾਰਾ ਸਿੰਘ ਨੂੰ ਦੇ ਦਿੱਤਾ ਹੈ।

***ਬਘੇਲ ਸਿੰਘ ਦਾਹਣੇ ਦਯੋ ਚੁਭਾਲੋ ਧਾਲੀਵਾਲ॥ ੬॥*** ਸ੍ਰ: ਬਘੇਲ ਸਿੰਘ ਧਾਲੀਵਾਲ ਗੋਤ ਦੇ ਅਤੇ ਚੁਭਾਲ ਪਿੰਡ ਦੇ ਸਨ, ਉਨ੍ਹਾਂ ਸੱਜੇ ਹੱਥ ਵਾਲਾ ਬੁੰਗਾ ਦਿੱਤਾ। ੬।

***ਦੋਹਰਾ॥ ਗਿਰਯੋ ਪੁਰਾਣੋ ਹੁਇ ਬੁੰਗੋ ਸ਼ਯਾਮ ਸਿੰਘੇ ਜੋ ਵਾਰ॥*** ਜਿਹੜਾ ਸ: ਸ਼ਾਮ ਸਿੰਘ ਵਾਲਾ ਬੁੰਗਾ ਉਹ ਪੁਰਾਣਾ ਹੋ ਕੇ ਭਾਵ ਖ਼ਸਤਾ ਹਾਲਤ ਵਿਚ ਹੋ ਕੇ ਡਿੱਗ ਪਿਆ, ਢਹਿ ਗਿਆ।

***ਤਹਿ ਗੁਰ ਪੰਥ ਪ੍ਰਕਾਸ਼ ਗ੍ਰੰਥ ਲਿਖ ਦੋਊ ਕੀਏ ਸੁਧਾਰ॥ ੭॥*** ਉਸ ਸ਼ਾਮ ਸਿੰਘ ਜੀ ਦੇ ਬੁੰਗੇ ਵਿਚ ਸ੍ਰੀ ਗੁਰ ਪੰਥ ਪ੍ਰਕਾਸ਼ ਨਾਮ ਦਾ ਗ੍ਰੰਥ ਲਿਖ ਕੇ, ਅੰਗਰੇਜ਼ਾਂ ਨੂੰ ਵਾਰਤਾ ਲਿਖਾ ਕੇ, ਉਸ ਦਾ ਖਰੜਾ ਫਿਰ ਕਾਵਿ ਰਚਨਾ ਵਿਚ ਰਚਿਆ। ਦੋ ਖਰੜੇ ਤਿਆਰ ਕੀਤੇ ਲਿਖਤ ਦੇ, ਜੋੜੀ ਪ੍ਰਕਾਸ਼ ਦੀ ਲਿਖ ਕੇ, ਫਿਰ ਉਨ੍ਹਾਂ ਦੀ ਸੋਧ ਕੀਤੀ। ੭।

***ਚੌਪਈ॥ ਜੋ ਕੋਈ ਯਾਂਕੋ ਸੁਨੈ ਸੁਨਾਵੈ॥*** ਜਿਹੜਾ ਵੀ ਕੋਈ ਗੁਰੂ ਦਾ ਲਾਲ ਇਸ ਗ੍ਰੰਥ ਪੰਥ ਪ੍ਰਕਾਸ਼ ਨੂੰ ਪ੍ਰੇਮ ਨਾਲ ਸੁਣੇਗਾ ਅਤੇ ਪ੍ਰੇਮ ਨਾਲ ਸੰਗਤਾਂ ਨੂੰ ਸੁਣਾਇਗਾ।

***ਤਾਕੇ ਮਨ ਮੈਂ ਦ੍ਰਿੜ੍ਹਤਾ ਆਵੈ॥*** (ਦ੍ਰਿੜ੍ਹਤਾ ਪ੍ਰਪੱਕਤਾ) ਉਸ ਦੇ ਮਨ ਵਿਚ ਪ੍ਰਪੱਕਤਾ ਆਵੇਗੀ। ਉਹ ਸਿੱਖੀ ਵਿਚ ਪ੍ਰਪੱਕ ਹੋ ਜਾਇਗਾ।

***ਜੋ ਮੈਂ ਸੁਨੀ ਬਡਨ ਨੈ ਆਖੀ॥*** ਮੇਰੇ ਪਿਉ ਦਾਦੇ ਨੇ, ਮੇਰੇ ਵੱਡਿਆਂ ਬਜ਼ੁਰਗ ਸਿੰਘਾਂ ਨੇ ਜੋ ਆਪਣੇ ਮੁਖੋਂ ਗੁਰੂ ਅਤੇ ਸਿੰਘਾਂ ਦੇ ਪ੍ਰਸੰਗ ਕਹੇ ਅਤੇ ਜੋ ਮੈਂ ਉਨ੍ਹਾਂ ਤੋਂ ਸੁਣਿਆ।

***ਸੋ ਲਿਖ ਦੀਨੀ ਯਾ ਮੈਂ ਸਾਖੀ॥ ੮॥*** ਉਹ ਪ੍ਰਸੰਗ ਮੈਂ ਇਸ ਸ੍ਰੀ ਗੁਰ ਪੰਥ ਪ੍ਰਕਾਸ਼ ਗ੍ਰੰਥ ਵਿਚ ਲਿਖ ਦਿੱਤੇ। ੮।

***ਦੋਹਰਾ॥ ਜੋ ਕੋਈ ਯਾਕੋ ਪੜ੍ਹੈਗੋ ਅਰ ਪੁਨ ਸੁਨੈ ਜੁ ਕੋਇ॥*** ਜੋ ਕੋਈ ਗੁਰਸਿੱਖ ਇਸ ਪੰਥ ਪ੍ਰਕਾਸ ਨਾਮੇ ਗ੍ਰੰਥ ਨੂੰ ਪੜ੍ਹੇਗਾ ਅਤੇ ਸੁਣੇਗਾ, ਸੁਣਾਵੇਗਾ ਜੇ ਕੋਈ।

***ਸ੍ਰੀ ਸਤਿਗੁਰ ਕੀ ਕ੍ਰਿਪਾ ਤੇ ਸਿਖੀ ਪ੍ਰਾਪਤ ਹੋਇ॥ ੯॥*** ਉਸ ਗੁਰੂ ਕੇ ਲਾਲ ਨੂੰ ਸਤਿਗੁਰੂ ਦੀ ਕਿਰਪਾ ਦੁਆਰਾ ਗੁਰਸਿੱਖੀ ਪ੍ਰਾਪਤ ਹੋਵੇਗੀ। ਜੋ ਸੂਰਵੀਰ ਸਿੰਘ ਸੂਰਮਿਆਂ ਦੀ ਵਾਰਤਾਲਾਪ ਸੁਣਦਾ ਪੜ੍ਹਦਾ, ਲਿਖਦਾ, ਉਸ ਦੇ ਮਨ ਵਿਚ ਚਾਉ ਪੈਦਾ ਹੋ ਜਾਂਦਾ ਕਿ ਅੰਮ੍ਰਿਤਪਾਨ ਕਰਕੇ ਸਿੰਘ ਸਜ ਕੇ, ਸਿੱਖੀ ਧਾਰਨ ਕਰਾਂ ਕਿ ਮੈਂ ਵੀ ਉਨ੍ਹਾਂ ਸਿੰਘਾਂ ਵਾਂਗ ਕਮਾਈ ਕਰਾਂ, ਹਠ, ਤਪ ਕਰਾਂ। ੯।

***ਸਵੈਯਾ॥ ਗੁਰ ਪੰਥ ਪ੍ਰਕਾਸ਼ ਭਯੋ ਯੇਹ ਪੂਰਣ, ਜਿਸ ਪੰਥ ਭਯੋ ਤਿਮ ਹੀ ਲਿਖ ਦੀਨਾ॥*** ਇਹ 'ਸ੍ਰੀ ਗੁਰ ਪੰਥ ਪ੍ਰਕਾਸ਼' ਗ੍ਰੰਥ ਸੰਪੂਰਨ ਹੋ ਗਿਆ ਹੈ, ਜਿਵੇਂ ਖਾਲਸਾ ਪੰਥ ਹੋਇਆ, ਮੈਂ ਉਸੇ ਤਰ੍ਹਾਂ ਹੀ ਲਿਖ ਦਿੱਤਾ।

***ਜੋ ਯਾ ਸੁਨਕੈ ਰਣ ਮੈਂ ਲੜ ਹੈ, ਨਹੀਂ ਭਾਜ ਸਕੈ ਵਹੁ ਬੁੱਧਿ ਪ੍ਰਬੀਨਾ॥*** ਜੋ ਗੁਰ ਸਿੱਖ ਇਸ ਪੰਥ ਪ੍ਰਕਾਸ਼ ਨੂੰ ਸੁਣ ਕੇ ਧਰਮ ਯੁੱਧ ਵਿਚ ਲੜੇਗਾ, ਉਹ (ਪ੍ਰਬੀਨਾ) ਚਤੁੱਰ ਬੁੱਧੀ ਵਾਲਾ ਜੰਗ ਵਿੱਚੋਂ ਕਾਇਰ ਹੋ ਕੇ ਭੱਜ ਨਹੀਂ ਸਕੇਗਾ, ਉਹ ਮੈਦਾਨ ਵਿਚ ਡਟ ਕੇ ਸ਼ਹੀਦ ਹੋ ਜਾਇਗਾ, ਭਾਜ ਨਹੀਂ ਖਾਇਗਾ ਦੁਸ਼ਮਣ ਤੋਂ।

***ਅੰਤ ਕੀ ਬੇਰ ਜੁ ਪ੍ਰਾਨ ਤਜੈ ਤਉ ਜਾਇ ਮਿਲੈ ਸੁ ਸ਼ਹੀਦਨ ਜੀਨਾ॥*** ਸਰੀਰ ਦੇ ਅੰਤ ਸਮੇਂ ਜਦੋਂ ਉਹ ਆਪਣੇ ਪ੍ਰਾਣ ਤਿਆਗੇਗਾ, ਤਾਂ ਉਹ ਜਾ ਕੇ ਸ਼ਹੀਦ ਸਿੰਘਾਂ ਵਿਚ ਨਿਵਾਸ ਕਰੇਗਾ, ਸ਼ਹੀਦਾਂ ਸਿੰਘ ਵਿਚ ਮਿਲ ਜਾਇਗਾ, ਭਰਤੀ ਹੋ ਜਾਇਗਾ ਜਾ ਕੇ।

***ਸ਼ਹੀਦਨ ਮੈਂ ਵਹੁ ਇਉਂ ਮਿਲਹੈ ਜੈਸੇ ਅੰਭ ਮੈਂ ਜਾਇਕੈ ਅੰਭ ਮਿਲੀਨਾ॥ ੧੦॥*** ਉਸ ਦੀ ਆਤਮਾਂ ਸ਼ਹੀਦ ਸਿੰਘਾਂ ਵਿਚ ਇਉਂ ਮਿਲ ਜਾਇਗੀ, ਜਿਵੇਂ (ਅੰਭ) ਪਾਣੀ ਵਿਚ ਪਾਣੀ ਮਿਲ ਜਾਂਦਾ ਹੈ, ਜਿਵੇਂ ਸ੍ਰੀ ਸੁਖਮਨੀ ਸਾਹਿਬ ਜੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੁਖਵਾਕ ਹੈ *"ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ। ਮਿਟਿ ਗਏ ਗਵਨ ਪਾਏ ਬਿਸ੍ਰਾਮ। ਨਾਨਕ ਪ੍ਰਭ ਕੈ ਸਦ ਕੁਰਬਾਨ॥"੧੦।*

***ਚੌਪਈ॥ ਜੋ ਰੁਚ ਸੋ ਯਿਹ ਪੜ੍ਹੈ ਪੜ੍ਹਾਵੈ॥*** ਜੋ ਰੁਚੀ ਨਾਲ, ਪ੍ਰੇਮ ਸਹਿਤ ਇਸ ਪੰਥ ਪ੍ਰਕਾਸ਼ ਨੂੰ ਪੜ੍ਹੇਗਾ ਅਤੇ ਹੋਰਨਾਂ ਸਿੱਖਾਂ ਨੂੰ ਪੜ੍ਹਾਇਗਾ।

***ਮਨਸਾ ਬਾਚਾ ਸਕਲ ਫਲ ਪਾਵੈ॥*** ਉਸ ਦੇ (ਮਨਸਾ) ਮਨ ਦੇ ਫੁਰਨੇ ਜੈਸੇ ਵੀ ਹੋਣਗੇ (ਬਾਚਾ) ਬਾਂਛਾ, ਇੱਛਾ, (ਬਾਚਾ) ਬਾਣੀ ਕਰਕੇ, ਉਹ ਮਨ ਬਾਣੀ ਕਰਕੇ ਸਰਬ ਫਲ ਪ੍ਰਾਪਤ ਕਰੇਗਾ।

***ਸ੍ਰੀ ਗੁਰ ਭਗਤ ਅਧਿਕ ਦ੍ਰਿੜ ਹੋਈ॥*** ਉਸ ਨੂੰ ਸ੍ਰੀ ਗੁਰੂ ਜੀ ਦੀ ਭਗਤੀ (ਅਧਿਕ) ਬਹੁਤ ਜ਼ਿਆਦਾ ਪ੍ਰਪੱਕ ਹੋਵੇਗੀ, ਉਹ ਨਾਮ ਸਿਮਰਨ ਵਿਚ ਪ੍ਰਪੱਕ ਹੋ ਜਾਇਗਾ।

***ਦਾਰਿਦ ਦੂਖ ਰਹੈ ਨਾ ਕੋਈ॥ ੧੧॥*** ਕੋਈ ਦੁਖ ਜਾਂ (ਦਾਰਿਦ) ਦਲਿੱਦਰ, ਗਰੀਬੀ ਉਸ ਦੇ ਨੇੜੇ ਨਹੀਂ ਰਹੇਗੀ, ਸਦਾ ਹੀ ਨਿਹਾਲ ਹੀ ਨਿਹਾਲ ਰਹੇਗਾ। ੧੧।

***ਦੋਹਰਾ॥ ਸ੍ਰੀ ਰਾਮਦਾਸ ਦਰਬਾਰ ਢਿਗ ਮਨ ਤਨ ਧਨ ਚਿਤ ਲਾਇ॥*** ਸ੍ਰੀ ਅੰਮ੍ਰਿਤਸਰ ਵਿਚ, ਸਾਹਿਬ ਸ੍ਰੀ ਗੁਰੂ ਰਾਮਦਾਸ ਦੇ ਦਰਬਾਰ ਭਾਵ ਸ੍ਰੀ ਹਰਿਮੰਦਰ ਸਾਹਿਬ, ਦਰਬਾਰ ਸਾਹਿਬ ਦੇ ਕੋਲ, ਮਨ ਸਰੀਰ, ਧਨ ਦੌਲਤ ਕਰਕੇ ਅਤੇ ਚਿੱਤ ਲਾ ਕੇ।

***ਟਹਿਲ ਰਤਨ ਸਿੰਘ ਨੈ ਕਰੀ, ਗੁਰ ਇਤ ਉਤ ਰਖੈ ਸਹਾਇ॥ ੧੨॥*** ਗੁਰੂ ਖਾਲਸਾ ਪੰਥ ਦੇ ਸੇਵਕ (ਮੈਂ) ਰਤਨ ਸਿੰਘ ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' ਗ੍ਰੰਥ ਲਿਖਣ ਦੀ ਸੇਵਾ ਕੀਤੀ, ਗੁਰੂ ਖਾਲਸੇ ਦੀ ਸੇਵਾ ਸਮਝ ਕੇ ਮੈਂ ਲਿਖਿਆ, ਗੁਰੂ ਸਾਹਿਬ ਜੀ ਮੇਰੀ (ਇਤ ਉਤ) ਏਥੇ ਉਥੇ, ਲੋਕ ਪ੍ਰਲੋਕ ਵਿਚ ਸਹਾਇਤਾ ਰੱਖਣ, ਮੇਰੇ ਸਹਾਇਕ ਹੋਣ। ੧੨।

***ਦੋਹਰਾ॥ ਬਿਕ੍ਰਮ ਬਸੁ ਗ੍ਰਹਿ ਅਹਿ ਸਸੀ ਬੀਤਤ ਭਏ ਸੁ ਸਾਲ॥*** ਸੰਮਤ ਬਿਕ੍ਰਮੀ=ਬਸੁ=੮, ਗ੍ਰਹਿ=੯, ਅਹਿ=੮, ਸ਼ਸੀ=੧, ਇਸ ਨੂੰ ਉਲਟਾ ਲਵੋ ੧੮੯੮ ਸੰਮਤ ਬ੍ਰਿਕਮੀ ਦੇ ਸਾਲ ਬਤੀਤ ਹੋ ਗਏ ਸਨ, ਉਸ ਸਮੇਂ, ਜਦੋਂ ਸ੍ਰੀ ਗੁਰ ਪੰਥ ਪ੍ਰਕਾਸ਼ (ਪ੍ਰਾਚੀਨ ਪੰਥ ਪ੍ਰਕਾਸ਼) ਲਿਖਿਆ ਹੈ। ਸੰਮਤ ਬਿਕ੍ਰਮੀ ੧੮੯੮ ਮੁਤਾਬਕ ੧੮੪੧ ਈ: ਵਿਚ ਲਿਖਿਆ ਗਿਆ ਹੈ।

***ਪਾਠਕ ਸ੍ਰੋਤੇ ਨਿਤ ਰਹੈਂ, ਨਿਹਾਲ, ਨਿਹਾਲ, ਨਿਹਾਲ॥ ੧੩॥*** ਸ੍ਰੀ ਗੁਰ ਪੰਥ ਪ੍ਰਕਾਸ਼ ਨੂੰ ਪੜ੍ਹਨ ਵਾਲੇ, ਸੁਣਨ ਵਾਲੇ, ਹਰ ਰੋਜ਼ ਨਿਤਾਪ੍ਰਤੀ, ਨਿਹਾਲ, ਨਿਹਾਲ, ਨਿਹਾਲ, ਭਾਵ ਅਨੰਦ ਤੋਂ ਅਨੰਦ ਪਰਮ-ਅਨੰਦ ਰਹਿਣਗੇ। ੧੩।

***ਦੋਹਰਾ॥ ਸ਼ਯਾਮ ਸਿੰਘ ਕੋ ਦੋਹਤ੍ਰੋ ਰਤਨ ਸਿੰਘ ਜਿਸ ਨਾਮ॥*** ਸ: ਸ਼ਾਮ ਸਿੰਘ 'ਬੁੱਢੇ ਦਲੀਏ' ਦਾ ਜਿਸ ਦੀ ਮਿਸਲ ਦਾ ਅੱਗੇ ਜਾ ਕੇ ਕਰੋੜੀਆਂ ਨਾਮ ਹੋਇਆ, ਉਸ ਦਾ ਮੈਂ ਦੋਹਤ੍ਰਾ ਹਾਂ, ਭਾਈ ਰਤਨ ਸਿੰਘ ਭੰਗੂ ਜਿਸ ਦਾ ਨਾਮ ਹੈ।

***ਸ੍ਰੀ ਸੁਧਾਸਰ ਢਿਗ ਜਿਸੈ ਮੀਰਾਂਕੋਟ ਗਿਰਾਮ॥ ੧੪॥*** ਸ੍ਰੀ (ਸੁਧਾਸਰ) ਅੰਮ੍ਰਿਤਸਰ ਦੇ ਨਜ਼ਦੀਕ ਜਿਸ ਦਾ ਮੀਰਾਂ ਕੋਟ ਪਿੰਡ ਹੈ। ੧੪।

(ਭਾਈ ਰਤਨ ਸਿੰਘ ਜੀ ਸ੍ਰ. ਰਾਇ ਸਿੰਘ ਜੀ ਦੇ ਸਪੁੱਤਰ, ਭਾਈ ਮਤਾਬ ਸਿੰਘ ਮੀਰਾਂਕੋਟੀਏ ਦੇ ਪੋਤਰੇ, ਅਤੇ ਸ: ਸ਼ਾਮ ਸਿੰਘ ਜੀ ਬੁੱਢੇ ਦਲੀਏ (ਕਰੋੜੀਏ ਮਿਸਲ) ਦੇ ਦੋਹਤ੍ਰੇ ਸਨ। ਜਿਨ੍ਹਾਂ ਦਾ ਸ਼ਹੀਦਾਂ ਦੇ ਪ੍ਰਵਾਰ ਨਾਲ ਸੰਬੰਧ ਹੈ।)